ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ

ਪੋਥੀ ਅੱਠਵੀਂ

ਟੀਕਾਕਾਰ
ਡਾ: ਸਾਹਿਬ ਸਿੰਘ
ਡੀ. ਲਿਟ.

ਰਾਜ ਪਬਲਿਸ਼ਰਜ਼ ਜਲੰਧਰ

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ

{ ਜਿਸ ਵਿਚ ਗੁਰਬਾਣੀ ਵਿਆਕਰਣ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਦ-ਅਰਥ ਅਤੇ ਲੋੜੀਂਦੀ ਟੀਕਾ-ਟਿਪਣੀ ਸਮੇਤ ਅਰਥ ਦਿੱਤੇ ਗਏ ਹਨ। }

ਅੱਠਵੀਂ ਪੋਥੀ

[ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੧੦੯੬ ਤੋਂ ੧੨੩੨ ਤਕ]

ਰਾਗੁ ਮਾਰੂ, ਰਾਗੁ ਤੁਖਾਰੀ, ਰਾਗੁ ਕੇਦਾਰਾ
ਰਾਗੁ ਭੈਰਉ, ਰਾਗੁ ਬਸੰਤੁ, ਰਾਗੁ ਸਾਰੰਗ

ਟੀਕਾਕਾਰ
ਪ੍ਰੋਫ਼ੈੱਸਰ ਸਾਹਿਬ ਸਿੰਘ
ਸਾਬਕ ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ
ਸਾਬਕ ਪ੍ਰੋਫੈਸਰ ਖ਼ਾਲਸਾ ਕਾਲਜ, ਅੰਮ੍ਰਿਤਸਰ

ਰਾਜ ਪਬਲਿਸ਼ਰਜ਼ ਰਜਿ:

ਚੌਥੀ ਵਾਰ | ਜਲੰਧਰ | ਕੀਮਤ ੩੦ ਰੁਪਏ

ਨੰ: 1980

੧ ਓ ਸਤਿਗੁਰ ਪ੍ਰਸਾਦਿ ॥

ਧੰਨਵਾਦ

'ਦਰਪਣ' ਦੀ ਇਹ ਅੱਠਵੀਂ ਪੋਥੀ ਪਾਠਕਾਂ ਦੇ ਹੱਥ ਵਿਚ ਪਹੁੰਚ ਰਹੀ ਹੈ। ਇਹ ਸਾਰੀ ਹੀ ਮਿਹਰ ਮੇਰੇ ਗੁਰੂ ਪਾਤਿਸ਼ਾਹ ਦੀ ਹੈ। ਪਰ ਹੁਣ ਇਉਂ ਭਾਸ ਰਿਹਾ ਹੈ ਕਿ ਰਜ਼ਾ ਅਨੁਸਾਰ ਰੁਕਾਵਟਾਂ ਪੈ ਰਹੀਆਂ ਹਨ।

ਪਹਿਲੀ ਉਲਝਣ—

ਰੋਗਾਂ ਨਾਲ ਖੱਦਾ ਹੋ ਚੁਕਾ ਇਹ ਸਰੀਰ ਕੰਮ ਕਰਨ ਤੋਂ ਉੱਕਾ ਹੀ ਆਕੀ ਹੋ ਗਿਆ ਹੈ। ੨੮ ਜਨਵਰੀ ਤੋਂ ਪੇਸ਼ਾਬ ਬੰਦ ਹੋ ਚੁਕਾ ਹੈ, ਬਵਾਸੀਰ ਦੇ ਮਹੁਕੇ ਬਹੁਤ ਸੁੱਜ ਗਏ ਹਨ। ੨੯ ਜਨਵਰੀ ਨੂੰ ਮੇਰਾ ਲੜਕਾ ਡਾਕਟਰ ਦਲਜੀਤ ਸਿੰਘ ਮੈਨੂੰ ਸਿਧਵਾਂ-ਬੇਟ ਤੋਂ ਇਥੇ ਪਟਿਆਲੇ ਲੈ ਆਇਆ। ਮੈਨੂੰ ਰਾਜਿੰਦ੍ਰਾ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ ਗਿਆ ਹੈ। ਹੁਣ ਮੈਂ Special Room No. 4 ਵਿਚ ਪਿਆ ਹਾਂ। ਕੁਦਰਤੀ ਗੱਲ ਹੈ ਕਿ ਇਸ ਤੋਂ ਅਰੋਗਤਾ ਮਿਲਣ ਵਿਚ ਕਾਫ਼ੀ ਸਮਾ ਲੱਗ ਜਾਏ।

ਦੂਜੀ ਉਲਝਣ—

ਮੇਰੇ ਪਬਲਿਸ਼ਰ ਸ੍ਰੀ ਸੋਹਣ ਲਾਲ ਜੀ ਨੇ ਬੜੀ ਦਲੇਰੀ ਨਾਲ ਖ਼ਰਚ ਕਰ ਕੇ ਅੱਠ ਪੋਥੀਆਂ ਉਤੋ-ੜਿੱਤੀ ਛਾਪ ਦਿੱਤੀਆਂ ਹਨ। ਪਰ ਪਾਠਕ ਸੱਜਣਾਂ ਵਲੋਂ ਲੋੜ ਅਨੁਸਾਰ ਸਰਪ੍ਰਸਤੀ ਨਹੀਂ ਹੋਈ। ਉਹਨਾਂ ਦੇ ਵਿਹਾਰ ਨੂੰ ਬੜਾ ਮਾਇਕ ਧੱਕਾ ਵੱਜਾ ਹੈ। ਅਗਲੀ ਪੋਥੀ ਦੀ ਛਪਾਈ ਮੁਲਤਵੀ ਕਰਨੀ ਪੈ ਰਹੀ ਹੈ।

ਰਜ਼ਾ ਨੂੰ ਕੋਈ ਉਲਟਾ ਨਹੀਂ ਸਕਦਾ!

ਮੇਰਾ ਅਪ੍ਰੇਸ਼ਨ ਅਗਲੇ ਹਫ਼ਤੇ ਹੋਣ ਦੀ ਆਸ ਹੈ। ਅਖ਼ੀਰ ਤੇ ਮੈਂ ਆਪਣੇ ਸਾਰੇ ਸਨੇਹੀਆਂ ਦਾ ਧੰਨਵਾਦ ਕਰਦਾ ਹਾਂ।

ਦਾਸ

ਸਾਹਿਬ ਸਿੰਘ

ਰੀਟਾਇਰਡ ਪ੍ਰੋਫ਼ੈਸਰ

1—2—1964

Special Room No. 4,
Rajindra Hospital
Patiala

੧ ੴ ਸਤਿਗੁਰ ਪ੍ਰਸਾਦਿ ॥

ਤਤਕਰਾ

ਰਾਗੁ ਬਸੰਤ

ਰਾਗੁ ਸਾਰੰਗ

---

੧ ੴ ਸਤਿਗੁਰ ਪ੍ਰਸਾਦਿ ॥

ਮਾਰੂ ਵਾਰ ਮਹਲਾ ੩

ਪਉੜੀ-ਵਾਰ ਭਾਵ—

(੧) ਗੁਰੂ ਤੋਂ ਮਿਲੇ ਗਿਆਨ ਨਾਲ ਭਰਮ ਮੋਹ ਲੋਭ ਅਹੰਕਾਰ ਦਾ ਗੜ੍ਹ ਟੁੱਟ ਜਾਂਦਾ ਹੈ ਤੇ ਪ੍ਰਭੂ ਦਾ ਨਾਮ ਹਿਰਦੇ ਵਿਚ ਵੱਸ ਪੈਂਦਾ ਹੈ।

(੨) ਜੋ ਮਨੁੱਖ ਗੁਰੂ ਦੇ ਸਨਮੁਖ ਹੋ ਕੇ 'ਨਾਮ' ਕਮਾਂਦਾ ਹੈ, ਉਹ ਸੰਸਾਰ-ਸਾਗਰ ਦੀਆਂ ਲਹਰਾਂ ਵਿਚ ਪੈ ਕੇ ਦੁਖੀ ਨਹੀਂ ਹੁੰਦਾ।

(੩) ਭਾਵੇਂ ਇਹ ਸੰਸਾਰਕ ਮਾਇਆ, ਨਾਲ ਨਹੀਂ ਨਿਭਦੀ, ਮਨਮੁਖ ਇਸ ਵਿਚ ਭੁੱਲ ਜਾਂਦਾ ਹੈ। ਬਚਦੇ ਉਹ ਹਨ ਜੋ ਗੁਰੂ ਦੀ ਮਿਹਰ ਨਾਲ ਨਾਮ-ਰਸ ਚੱਖਦੇ ਹਨ।

(੪) ਜੋ ਗੁਰੂ ਦੀ ਸਰਨ ਪੈ ਕੇ ਗੁਰ-ਸ਼ਬਦ ਦੀ ਰਾਹੀਂ 'ਨਾਮ' ਵਿਚ ਜੁੜਦੇ ਹਨ, ਉਹ ਲੋਕ-ਪਰਲੋਕ ਸੰਵਾਰ ਲੈਂਦੇ ਹਨ।

(੫) ਜਿੰਨ੍ਹਾਂ ਗੁਰ-ਸ਼ਬਦ ਦੀ ਰਾਹੀਂ ਨਾਮ-ਰਸ ਚੱਖਿਆ ਹੈ ਉਹਨਾਂ ਨੂੰ ਮਾਇਕ ਰਸ ਪੋਹ ਨਹੀਂ ਸਕਦੇ, ਉਹਨਾਂ ਦੀ ਤ੍ਰਿਸਨਾ-ਭੁੱਖ ਮਿਟ ਜਾਂਦੀ ਹੈ।

(੬) ਦੁਨੀਆ ਵਾਲੇ ਭੂਪਤ ਰਾਜੇ ਇਕ ਤਾਂ ਦੁੱਖ ਹੀ ਦੁੱਖ ਸਹੇੜਦੇ ਹਨ, ਦੂਜੇ, ਇਹ ਰਾਜ ਜਾਂਦਿਆਂ ਚਿਰ ਨਹੀਂ ਲੱਗਦਾ। ਅਸਲ ਰਾਜੇ ਉਹ ਹਨ ਜਿੰਨ੍ਹਾਂ ਪ੍ਰਭੂ ਨੂੰ ਪਛਾਣਿਆ ਹੈ।

(੭) ਉਹਨਾਂ ਪਾਸ 'ਨਾਮ' ਇਕ ਐਸਾ ਪਦਾਰਥ ਹੈ ਜਿਸ ਦਾ ਮੁੱਲ ਨਹੀਂ ਪੈ ਸਕਦਾ; ਇਸ ਅਮੁੱਲੇ ਧਨ ਦੀ ਬਰਕਤਿ ਨਾਲ ਉਹਨਾਂ ਦਾ ਹਿਰਦਾ ਸਦਾ ਖਿੜਿਆ ਰਹਿੰਦਾ ਹੈ।

(੮) ਜਿੰਨ੍ਹਾਂ ਗੁਰੂ ਦੀ ਮਿਹਰ ਨਾਲ 'ਨਾਮ' ਜਪ ਕੇ ਮਨ ਨੂੰ ਜਿੱਤਿਆ ਹੈ ਉਹ ਅਸਲ ਸੂਰਮੇ ਹਨ, ਉਹਨਾਂ ਨੇ ਸਾਰੇ ਜਗਤ ਨੂੰ ਜਿੱਤ ਲਿਆ ਹੈ।

(੯) ਉਹ ਨਹੀਂ ਸੂਰਮੇ, ਜੋ ਅਹੰਕਾਰੀ ਹੋ ਕੇ ਮਾਇਆ ਦੀ ਖ਼ਾਤਰ ਲੜ ਮਰਦੇ ਹਨ। ਉਹ ਤਾਂ ਜਨਮ ਅਜਾਈਂ ਗਵਾ ਗਏ। ਰੱਬ ਨੂੰ ਅਹੰਕਾਰ ਚੰਗਾ ਨਹੀਂ ਲੱਗਦਾ।

(੧੦) ਮਨ ਨਾਲ ਲੜਨ ਵਾਲੇ, ਤੇ, ਅਹੰਕਾਰੀ ਹੋ ਕੇ ਮਾਇਆ ਦੀ ਖ਼ਾਤਰ ਦੂਜਿਆਂ ਨਾਲ ਲੜਨ ਵਾਲੇ—ਇਹ ਦੋਵੇ ਪਾਸੇ ਪ੍ਰਭੂ ਨੇ ਆਪ ਹੀ ਬਣਾਏ ਹਨ। ਸੁਖੀ ਉਹ ਹਨ ਜੋ ਗੁਰੂ ਦੇ ਸਨਮੁਖ ਹੋ ਕੇ 'ਨਾਮ' ਜਪਦੇ ਹਨ!

(੧੧) ਧਨ ਪਦਾਰਥ ਦੇ ਮਾਣ ਵਿਚ ਆ ਕੇ ਵਿਕਾਰ ਕਰਨ ਵਾਲੇ ਦੁਖੀ ਹਨ ਕਿਉਂਕਿ ਜਗਤ ਵਿਚ ਅਸਲ ਦੁੱਖ ਇੱਕੋ ਹੀ ਹੈ, ਉਹ ਹੈ ਮੌਤ ਦਾ ਡਰ, ਤੇ ਇਹ ਮੌਤ ਦਾ ਡਰ ਧਨੀਆਂ ਤੇ ਵਿਕਾਰੀਆਂ ਨੂੰ ਹਰ ਵੇਲੇ ਸਹਮ ਵਿਚ ਪਾਈ ਰੱਖਦਾ ਹੈ।

(੧੨) ਮੌਤ ਦਾ ਡਰ ਮਨਮੁਖ ਨੂੰ ਹੀ ਦਬਾਂਦਾ ਹੈ ਕਿਉਂਕਿ ਉਹ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ; ਡਰਦਾ ਹੈ ਮਤਾਂ ਮੌਤ ਆ ਕੇ ਇਸ ਮਾਇਆ ਨਾਲੋਂ ਵਿਛੋੜ ਨ ਦੇਵੇ।

(੧੩) ਜੋ ਮਾਇਆ ਨੂੰ ਸੱਚਾ ਸਾਥੀ ਜਾਣ ਕੇ ਮਾਇਆ ਦੀ ਖ਼ਾਤਰ ਹੀ ਭਟਕਦੇ ਰਹੇ ਉਹਨਾਂ ਦੀ ਸਾਰੀ ਮਿਹਨਤ ਨਿਹਫਲ ਗਈ। ਪਰ ਜਿਨ੍ਹਾਂ ਨੂੰ ਗੁਰੂ ਦੇ ਸਨਮੁਖ ਹੋ ਕੇ ਸਮਝ ਪੈ ਗਈ, ਉਹਨਾਂ 'ਨਾਮ' ਸਿਮਰਿਆ, ਉਹਨਾਂ ਦੇ ਅੰਦਰ ਰੱਬ ਦਾ ਪਿਆਰ ਉਪਜਿਆ।

(੧੪) ਜਿਨ੍ਹਾਂ ਨੇ ਗੁਰ-ਸ਼ਬਦ ਦੀ ਰਾਹੀਂ ਆਪਣੇ ਆਪ ਨੂੰ ਖੋਜਿਆ ਉਹ ਪ੍ਰਭੂ ਦੇ ਗੁਣ ਗਾਉਂਦੇ ਹਨ ਤੇ 'ਨਾਮ' ਵਿਚ ਲੀਨ ਹੁੰਦੇ ਹਨ।

(੧੫) ਜਗਤ ਵਿਚ ਪ੍ਰਭੂ ਦਾ 'ਨਾਮ' ਹੀ ਐਸਾ ਖ਼ਜ਼ਾਨਾ ਹੈ ਜੋ ਨਾਲ ਨਿਭਦਾ ਹੈ ਕਦੇ ਮੁੱਕਦਾ ਨਹੀਂ, ਇਸ ਦੀ ਬਰਕਤਿ ਨਾਲ ਮੌਤ ਦਾ ਡਰ ਦੂਰ ਹੋ ਜਾਂਦਾ ਹੈ, ਇਸ ਧਨ ਵਾਲੇ ਹੀ ਅਸਲ ਸ਼ਾਹ ਹਨ।

(੧੬) ਪ੍ਰਭੂ ਦੇ 'ਨਾਮ' ਤੋਂ ਬਿਨਾ ਮਨੁੱਖ ਕਦੇ ਨਹੀਂ ਰੱਜਦਾ ਭਾਵੇਂ ਇਸ ਪਾਸ ਕਿਤਨਾ ਹੀ ਧਨ ਹੋਵੇ, ਇਸ ਧਨ ਦੇ ਹੁੰਦਿਆਂ ਫਿਰ ਭੀ ਕੰਗਾਲ ਹੀ ਹੈ।

(੧੭) ਇਹ 'ਨਾਮ'-ਧਨ ਮਨੁੱਖ ਦੇ ਅੰਦਰ ਹੀ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਇਹ ਸਮਝ ਪੈਂਦੀ ਹੈ। ਜਦੋਂ 'ਨਾਮ' ਸਿਮਰਦਾ ਹੈ ਇਸ ਦੀ ਹਉਮੈ ਦੂਰ ਹੁੰਦੀ ਹੈ ਤੇ ਨਾਮ-ਰਸ ਨਾਲ ਰੱਜ ਜਾਂਦਾ ਹੈ।

(੧੮) ਪ੍ਰਭੂ-ਪਾਤਸ਼ਾਹ ਮਨੁੱਖ ਦੇ ਅੰਦਰ ਹੀ ਹਿਰਦੇ-ਤਖ਼ਤ ਤੇ ਬੈਠਾ ਹੋਇਆ ਹੈ, ਪਰ ਉਸ ਦੇ ਮਹਲ ਦਾ ਦਰ ਗੁਰੂ ਤੋਂ ਲੱਭਦਾ ਹੈ। ਹਰੇਕ ਦੇ ਅੰਦਰ ਬੈਠਾ ਹੀ ਖੋਟੇ ਖਰੇ ਦੀ ਪਰਖ ਕਰੀ ਜਾ ਰਿਹਾ ਹੈ।

(੧੯) ਪਰ ਮਨਮੁਖ ਆਪਣਾ ਅੰਦਰ ਨਹੀਂ ਭਾਲਦਾ, ਤ੍ਰਿਸ਼ਨਾ ਦਾ ਮਾਰਿਆ ਬਾਹਰ ਭਟਕਦਾ ਹੈ। ਗੁਰੂ-ਦਰ ਤੇ ਪਿਆਂ ਇਹ ਸਮਝ ਆਉਂਦੀ ਹੈ ਕਿ 'ਨਾਮ' ਜਪਿਆਂ ਇਸ ਤ੍ਰਿਸ਼ਨਾ ਤੋਂ ਖ਼ਲਾਸੀ ਹੁੰਦੀ ਹੈ।

(੨੦) ਪ੍ਰਭੂ ਦਾ 'ਨਾਮ' ਹੀ ਪਾਪਾਂ ਦੀ ਮੈਲ ਲਾਹ ਕੇ ਅੰਦਰ ਠੰਢ ਵਰਤਾਂਦਾ ਹੈ। ਚਿੰਤਾ ਤੇ ਮੋਹ ਦੂਰ ਹੋ ਜਾਂਦਾ ਹੈ।

(੨੧) ਪ੍ਰਭੂ ਆਪਣੀ ਰਜ਼ਾ ਅਨੁਸਾਰ ਹੀ ਮਿਹਰ ਕਰ ਕੇ ਗੁਰੂ ਮਿਲਾਂਦਾ ਹੈ ਤੇ ਸਿਮਰਨ ਵਿਚ ਜੋੜਦਾ ਹੈ।

(੨੨) ਪ੍ਰਭੂ, ਮਾਲਕ ਤਾਂ ਸਭ ਜੀਵਾਂ ਦਾ ਹੈ; ਪਰ ਗੁਰੂ-ਚਰਨਾਂ ਵਿਚ ਜੋੜ ਕੇ ਜਿਸ ਨੂੰ 'ਨਾਮ' ਵਿਚ ਲਾਂਦਾ ਹੈ ਉਹੀ ਲੱਗਦਾ ਹੈ। ਉਸੇ ਦੇ ਨਚਾਏ ਸਾਰੇ ਜੀਵ ਨੱਚਦੇ ਹਨ।

ਸੰਖੇਪ ਭਾਵ—

(੧) ਮਾਇਆ ਭਾਵੇਂ ਨਾਲ ਨਹੀਂ ਨਿਭਦੀ, ਫਿਰ ਭੀ ਮਨੁੱਖ ਇਸ ਵਿਚ ਭੁੱਲਾ ਰਹਿੰਦਾ ਹੈ, ਭਰਮ ਮੋਹ ਲੋਭ ਅਹੰਕਾਰ ਆਦਿਕ ਦੇ ਕਿਲ੍ਹੇ ਵਿਚ ਕੈਦ ਰਹਿੰਦਾ ਹੈ,ਤ੍ਰਿਸ਼ਨਾ ਆਦਿਕ ਦੀਆਂ ਲਹਿਰਾਂ ਵਿਚ ਗੋਤੇ ਖਾਂਦਾ ਰਹਿੰਦਾ ਹੈ। ਜਦੋਂ ਗੁਰੂ ਦੀ ਸਿੱਖਿਆ ਤੇ ਤੁਰ ਕੇ ਇਹ 'ਨਾਮ' ਜਪਦਾ ਹੈ ਤਾਂ ਇਹ ਕਿਲ੍ਹਾ ਟੁੱਟ ਜਾਂਦਾ ਹੈ, ਤ੍ਰਿਸ਼ਨਾ ਦੀਆਂ ਲਹਿਰਾਂ ਮੁੱਕ ਜਾਂਦੀਆਂ ਹਨ ਕਿਉਂਕਿ ਫਿਰ ਇਸ ਨੂੰ ਮਾਇਕ ਰਸ ਪੋਹ ਨਹੀਂ ਸਕਦੇ।(੧ਤੋਂ ੫)

(੨) ਪ੍ਰਭੂ ਨੇ ਜਗਤ ਦੋ ਭਾਂਤ ਦਾ ਰਚਿਆ ਹੈ; ਇਕ ਹਨ ਦੁਨੀਆ ਦੇ ਭੂਪਤ ਰਾਜੇ ਤੇ ਸੂਰਮੇ, ਦੂਜੇ ਹਨ 'ਨਾਮ' ਦੇ ਧਨੀ ਤੇ ਆਪਣੇ ਮਨ ਨੂੰ ਜਿੱਤਣ ਵਾਲੇ। ਦੁਨੀਆ ਦੀ ਪਾਤਸ਼ਾਹੀ ਚਾਰ ਦਿਨ ਦੀ ਹੈ, ਤੇ ਜਦ ਤਕ ਹੈ ਤਦ ਤਕ ਭੀ ਦੁੱਖ ਹੀ ਦੁੱਖ; ਫਿਰ, ਹਰ ਵੇਲੇ ਸਹਮ ਤੇ ਮੌਤ ਦਾ ਡਰ ਕਿ ਕਿਤੇ ਛੇਤੀ ਇਸ ਧਨ ਨਾਲੋਂ ਵਿਛੋੜਾ ਨਾਹ ਹੋ ਜਾਏ।

ਜਿੰਨ੍ਹਾਂ ਪਾਸ ਨਾਮ-ਧਨ ਹੈ, ਜਿੰਨ੍ਹਾਂ ਆਪਣਾ ਮਨ ਜਿੱਤਿਆ ਹੈ ਉਹ ਸੁਖੀ ਹਨ, ਬੇ-ਮੁਥਾਜ ਹਨ, ਸਦਾ ਖਿੜੇ ਰਹਿੰਦੇ ਹਨ। (੬ ਤੋਂ ੧੨)

(੩) 'ਨਾਮ' ਹੀ ਐਸਾ ਧਨ ਹੈ ਜੋ ਸਦਾ ਨਾਲ ਨਿਭਦਾ ਹੈ, ਇਸ ਦੀ ਬਰਕਤਿ ਨਾਲ ਮੌਤ ਦਾ ਡਰ ਨਹੀਂ ਰਹਿੰਦਾ, ਨਾਮ-ਧਨ ਵਾਲੇ ਹੀ ਅਸਲ ਸ਼ਾਹ ਹਨ।

ਦੁਨੀਆ ਵਾਲਾ ਧਨ ਭਾਵੇਂ ਕਿਤਨਾ ਹੀ ਹੋਵੇ, ਫਿਰ ਭੀ ਮਨੁੱਖ ਦਾ ਮਨ ਕੰਗਾਲ ਹੀ ਕੰਗਾਲ; ਸੋ, ਨਿਰੀ ਮਾਇਆ ਦੀ ਖ਼ਾਤਰ ਮਿਹਨਤਿ ਨਿਹਫਲ ਹੀ ਜਾਂਦੀ ਹੈ।

(੧੩ ਤੋਂ ੧੬)

(੪) ਇਹ ਨਾਮ-ਧਨ ਹਰੇਕ ਮਨੁੱਖ ਦੇ ਅੰਦਰ ਹੀ ਹੈ; ਪ੍ਰਭੂ-ਪਾਤਿਸ਼ਾਹ ਹਰੇਕ ਦੇ ਹਿਰਦੇ ਵਿਚ ਬੈਠਾ ਹੀ ਵੇਖ ਰਿਹਾ ਹੈ ਕਿ ਖੋਟੇ ਪਾਸੇ ਜਾ ਕੇ ਦੁਖੀ ਕੌਣ ਹੋ ਰਿਹਾ ਹੈ ਤੇ ਖਰੇ ਪਾਸੇ ਤੁਰ ਕੇ ਸੁਖੀ ਕੌਣ ਹੈ। ਪਰ, ਮਨਮੁਖ ਆਪਣਾ ਅੰਦਰ ਨਹੀਂ ਭਾਲਦਾ, ਬਾਹਰ ਹੀ ਭਟਕਦਾ ਤੇ ਦੁਖੀ ਹੁੰਦਾ ਹੈ। ਜੋ ਮਨੁੱਖ ਗੁਰੂ ਦੀ ਸਰਨ ਪੈ ਕੇ 'ਨਾਮ' ਜਪਦਾ ਹੈ ਉਸ ਦੀ ਹਉਮੈ ਦੂਰ ਹੁੰਦੀ ਹੈ ਉਸ ਦੇ ਪਾਪ ਨਾਸ ਹੁੰਦੇ ਹਨ ਤੇ ਉਸ ਦੇ ਅੰਦਰ ਠੰਢ

ਵਰਤਦੀ ਹੈ। (੧੭ ਤੋਂ ੨੦)

(੫) ਪ੍ਰਭੂ ਆਪ ਹੀ ਸਭ ਦਾ ਮਾਲਕ ਹੈ, ਉਸੇ ਦੇ ਨਚਾਏ ਸਾਰੇ ਜੀਵ ਨੱਚਦੇ ਹਨ। ਗੁਰੂ ਨਾਲ ਮੇਲ ਭੀ ਉਸੇ ਦੀ ਆਪਣੀ ਮਿਹਰ ਨਾਲ ਹੀ ਹੁੰਦਾ ਹੈ। ਜਿਸ ਨੂੰ ਪ੍ਰਭੂ ਆਪ ਗੁਰੂ-ਚਰਨਾਂ ਵਿਚ ਜੋੜਦਾ ਹੈ ਉਹੀ 'ਨਾਮ' ਜਪਦਾ ਹੈ। (੨੧, ੨੨)

ਵਾਰ ਦੀ ਬਣਤਰ—

'ਵਾਰ' ਦੀਆਂ ੨੨ ਪਉੜੀਆਂ ਹਨ, ਇਹਨਾਂ ਨਾਲ ੪੭ ਸ਼ਲੋਕ ਹਨ। ਸ਼ਲੋਕਾਂ ਦਾ ਵੇਰਵਾ :-

ਮ: ੩—੨੩
ਮ: ੧—੧੮
ਮ: ੪— ੩
ਮ: ੫—੨
ਮ: ੨— ੧
————
ਜੋੜ—੪੭

ਸਿਰਫ ਹੇਠ-ਲਿਖੀਆਂ ਪਉੜੀਆਂ ਨਾਲ ਸਾਰੇ ਸ਼ਲੋਕ ਗੁਰੂ ਅਮਰਦਾਸ ਜੀ ਦੇ ਹਨ ਜਿੰਨ੍ਹਾਂ ਦੀ ਇਹ ਵਾਰ ਹੈ–੪, ੭, ੯, ੧੦, ੧੧, ੧੬, ੧੭, ੧੮, ੨੨=੯ ਪਉੜੀਆਂ।

ਹੇਠ-ਲਿਖੀਆਂ ਪਉੜੀਆਂ ਨਾਲ ਸਿਰਫ ਇਕ ਇਕ ਸ਼ਲੋਕ ਮਹਲੇ ਤੀਜੇ ਦਾ ਹੈ– ੧, ੩, ੬, ੮, ੧੯=੫ ਪਉੜੀਆਂ।

੧੯ ਪਉੜੀਆਂ ਨਾਲ ਦੋ ਦੋ ਸ਼ਲੋਕ ਹਨ ਤੇ ਹੇਠ-ਲਿਠੀਆਂ ਦੋ ਪਉੜੀਆਂ ਨਾਲ ਤਿੰਨ ਤਿੰਨ ਸ਼ਲੋਕ–੨, ੧੩, ੧੪।

ਹਰੇਕ ਪਉੜੀ ਦੀਆਂ ਪੰਜ ਪੰਜ ਤੁਕਾਂ ਹਨ, ਸਿਰਫ ਅਖ਼ੀਰਲੀ ਪਉੜੀ ਦੀਆਂ ੬ ਤੁਕਾਂ ਹਨ।

ਸਾਰੀ 'ਵਾਰ' ਵਿਚ ੮ ਪਉੜੀਆਂ ਐਸੀਆਂ ਹਨ ਜਿੰਨ੍ਹਾਂ ਦੇ ਨਾਲ ਗੁਰੂ ਅਮਰ ਦਾਸ ਜੀ ਦਾ ਕੋਈ ਸ਼ਲੋਕ ਨਹੀਂ ਹੈ; ਪਹਿਲੀ ਹੀ ਪਉੜੀ ਦੇ ਨਾਲ ਇਹਨਾਂ ਦਾ ਕੋਈ ਸ਼ਲੋਕ ਨਹੀਂ।

ਅਖ਼ੀਰਲੀ ਪਉੜੀ ਤੋਂ ਛੁਟ, ਸਾਰੀਆਂ ਪਉੜੀਆਂ ਦੀਆਂ ਇਕੋ ਜਿਤਨੀਆਂ ਤੁਕਾਂ, ਸਾਰੀਆਂ ਪਉੜੀਆਂ ਦੇ ਮਜ਼ਮੂਨ ਦੀ ਭੀ ਇਕੋ ਹੀ ਲੜੀ–ਇਹ ਦੋਵੇਂ ਗੱਲਾਂ ਸਾਬਤ ਕਰਦੀਆਂ ਹਨ ਕਿ 'ਵਾਰ' ਗੁਰੂ ਅਮਰਦਾਸ ਜੀ ਨੇ ਇੱਕ ਹੀ ਸਮੇ ਤੇ ਉਚਾਰੀ ਹੈ।

ਸਿਰਫ਼ ੯ ਪਉੜੀਆਂ ਦੇ ਨਾਲ ਗੁਰੂ ਅਮਰਦਾਸ ਜੀ ਦੇ ਸਾਰੇ ਸ਼ਲੋਕ; ੫ ਪਉੜੀਆਂ ਨਾਲ ਉਹਨਾਂ ਦਾ ਇਕ ਇਕ ਸਲੋਕ; ੮ ਪਉੜੀਆਂ ਨਾਲ ਉਹਨਾਂ ਦਾ ਕੋਈ ਭੀ ਸ਼ਲੋਕ ਨਹੀਂ; ਪਹਿਲੀ ਹੀ ਪਉੜੀ ਨਾਲ ਉਹਨਾਂ ਦਾ ਕੋਈ ਭੀ ਸ਼ਲੋਕ ਨਾਹ ਹੋਣਾ—ਇਹ ਸਾਰੀਆਂ ਗੱਲਾਂ ਸਾਬਤ ਕਰਦੀਆਂ ਹਨ ਕਿ ਗੁਰੂ ਅਮਰਦਾਸ ਜੀ ਦੇ ਸ਼ਲੋਕ ਕਿਸੇ ਹੋਰ ਹੋਰ ਮੌਕੇ ਦੇ ਹਨ, 'ਵਾਰ' ਦੇ ਨਾਲ ਉਹਨਾਂ ਆਪ ਦਰਜ ਨਹੀਂ ਕੀਤੇ। 'ਵਾਰ' ਸਿਰਫ਼ 'ਪਉੜੀਆਂ' ਹੀ ਸੀ। ਸੋ, ਜੋ ਟੀਕਾਕਾਰ ਪਉੜੀ ਨੰ: ੧੦ ਦੀ ਪਹਿਲੀ ਤੁਕ 'ਦੋਵੈ ਤਰਫਾ ਉਪਾਈਓਨੁ' ਤੇ ਇਹ ਨੋਟ ਲਿਖਦਾ ਹੈ 'ਗੁਰਮੁਖਾ ਵਾਲਾ ਤੇ ਮਨਮੁਖਾ ਵਾਲਾ ਰਾਹ, ਜਿਨ੍ਹਾਂ ਨੂੰ ਸ਼ਲੋਕਾਂ ਵਿਚ ਕਾਂ ਅਤੇ ਹੰਸ ਕਿਹਾ ਹੈ' ਉਕਾਈ ਖਾ ਰਿਹਾ ਹੈ, ਕਿਉਂਕਿ ਪਉੜੀਆਂ ਨਾਲ ਇਹ ਸ਼ਲੋਕ ਤਾਂ ਗੁਰੂ ਅਰਜਨ ਸਾਹਿਬ ਨੇ ਦਰਜ ਕੀਤੇ ਸਨ। ਫਿਰ ਇਹ 'ਦੋਵੈ ਤਰਫਾ' ਕੇਹੜੀਆਂ ਹਨ? ਇਸ ਦਾ ਉੱਤਰ ਲੱਭਣ ਲਈ ਵੇਖੋ ਪਉੜੀ ਨੰ: ੬, ੭, ੮ ਅਤੇ ੯—

ਨੰ: ੬—ਦੁਨੀਆ ਦੇ 'ਭੂਪਤਿ ਰਾਜੇ'

ਨੰ: ੯—"ਸੂਰੇ" ਜੋ "ਅਹੰਕਾਰਿ ਮਰਹਿ"

ਨੰ: ੭—ਜਿਨ੍ਹਾਂ ਪਾਸ "ਹਰਿ ਕਾ ਨਾਮੁ ਅਮੋਲੁ ਹੈ"

ਨੰ: ੮—"ਸੇ ਸੂਰੇ ਪਰਧਾਨਾ" ਜੋ "ਲੂਝਹਿ ਮਨੈ ਸਿਉ" ॥

—o—

ਮਾਰੂ ਵਾਰ ਮਹਲਾ ੩ ਸਲੋਕੁ ਮ: ੧ ॥

੧ ਓ ਸਤਿਗੁਰ ਪ੍ਰਸਾਦਿ ॥

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ॥ ਗੁਣ ਤੇ ਗੁਣ ਮਿਲਿ ਪਾਈਐ ਜੇ ਸਤਿਗੁਰ ਮਾਹਿ ਸਮਾਇ ॥ ਮੋੁਲਿ ਅਮੋੁਲੁ ਨ ਪਾਈਐ ਵਣਜਿ ਨ ਲੀਜੈ ਹਾਟਿ ॥ ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ ॥ ੧ ॥

ਪਦ ਅਰਥ :—ਸਹਘੋ—ਸਸਤਾ ('ਮੰਹਿਘਾ' ਤੇ 'ਸਹਘਾ')। ਲਾਖ—ਲੱਖੀਂ ਰੁਪਈਂ, ਭਾਵ, ਬੜੀ ਕੀਮਤ ਨਾਲ। ਗੁਣ ਤੇ—ਗੁਣਾਂ ਤੋਂ, ਪ੍ਰਭੂ ਦੇ ਗੁਣ ਗਾਉਣ ਨਾਲ। ਗੁਣ ਮਿਲਿ—ਗੁਣਾਂ ਵਿਚ ਮਿਲ ਕੇ, ਪ੍ਰਭੂ ਦੇ ਗੁਣਾਂ ਵਿਚ ਮਿਲਿਆਂ, ਪ੍ਰਭੂ ਦੀ ਸਿਫਤਿ ਸਾਲਾਹ ਵਿਚ ਮਨ ਜੋੜਿਆਂ। ਪਾਈਐ—[ਇਹ ਲਫ਼ਜ਼ 'ਇਕ ਵਚਨ' ਹੈ,

ਇਸ ਦਾ 'ਬਹੁ ਵਚਨ' ਹੈ 'ਪਾਈਅਹਿ'; ਲਫ਼ਜ਼ 'ਗੁਣ' ਭੀ 'ਬਹੁ ਵਚਨ' ਹੈ, ਇਸ ਦਾ 'ਇਕ ਵਚਨ' ਹੈ 'ਗੁਣੁ'; ਸੋ, 'ਪਾਈਐ' ਦਾ ਅਰਥ 'ਗੁਣ ਮਿਲਦੇ ਹਨ' ਗ਼ਲਤ ਹੈ।] ਪਾਈਦਾ ਹੈ, ਮਿਲਦਾ ਹੈ, ('ਨਾਮ') ਮਿਲਦਾ ਹੈ। [ਨੋਟ–ਕਈ ਟੀਕਾਕਾਰ 'ਪਉੜੀ' ਵਿਚ ਲਫ਼ਜ਼ 'ਗਿਆਨੁ' ਵੇਖ ਕੇ ਇਸ ਸ਼ਲੋਕ ਵਿਚ ਭੀ 'ਪਾਈਐ' ਦੇ ਨਾਲ ਲਫ਼ਜ਼ 'ਗਿਆਨੁ' ਜੋੜਦੇ ਹਨ, ਇਹ ਭੀ ਗ਼ਲਤ ਹੈ। 'ਵਾਰ' ਦੀ 'ਪਉੜੀ' ਆਪਣੇ ਥਾਂ ਹੈ ਤੇ ਇਹ ਸ਼ਲੋਕ ਆਪਣੇ ਥਾਂ; ਫਿਰ, ਇਹ ਸ਼ਲੋਕ ਹੈ ਭੀ ਗੁਰੂ ਨਾਨਕ ਦੇਵ ਦਾ ਤੇ 'ਪਉੜੀ' ਹੈ ਗੁਰੂ ਅਮਰਦਾਸ ਜੀ ਦੀ]। ਮੋਲਿ–[ਅਸਲ ਪਾਠ 'ਮੁਲਿ' ਹੈ, ਏਥੇ ਪੜ੍ਹਨਾ ਹੈ 'ਮੋਲਿ'] (ਕਿਸੇ) ਮੁੱਲ ਨਾਲ, ਕਿਸੇ ਕੀਮਤ ਨਾਲ। ਅਮੋਲੁ–(ਅਸਲ ਪਾਠ 'ਅਮੁਲੁ', ਏਥੇ ਪੜ੍ਹਨਾ 'ਅਮੋਲੁ'] ਅਮੋਲਕ । ਵਣਜਿ–ਖ਼ਰੀਦ ਕੇ । ਹਾਟਿ–ਹੱਟ ਤੋਂ । ਤੋਲੁ–('ਨਾਮ' ਦੇ) ਬਰਾਬਰ ਦੀ ਚੀਜ਼। ਪੂਰਾ–ਮੁਕੰਮਲ, ਕਦੇ ਘੱਟ ਵਧ ਨਾਹ ਹੋਣ ਵਾਲਾ ।

ਅਰਥ :–ਜੇ ਕੋਈ ਗਾਹਕ ਨਾਹ ਹੋਵੇ ਤੇ (ਕੋਈ) ਗੁਣ (ਭਾਵ, ਕੋਈ ਕੀਮਤੀ ਪਦਾਰਥ) ਵੇਚੀਏ ਤਾਂ ਉਹ ਗੁਣ ਸਸਤੇ-ਭਾ ਵਿਕ ਜਾਂਦਾ ਹੈ, (ਭਾਵ, ਉਸ ਦੀ ਕਦਰ ਨਹੀਂ ਪੈਂਦੀ)। ਪਰ ਜੇ ਗੁਣ ਦਾ ਗਾਹਕ ਮਿਲ ਪਏ ਤਾਂ ਉਹ ਬਹੁਤ ਕੀਮਤ ਨਾਲ ਵਿਕਦਾ ਹੈ।

(ਪਰ ਜੇ ਕੋਈ ਕਦਰ ਜਾਨਣ ਵਾਲਾ ਮਨੁੱਖ) ਗੁਰੂ ਵਿਚ 'ਆਪਾ' ਲੀਨ ਕਰ ਦੇਵੇ, ਤਾਂ ਪ੍ਰਭੂ ਦੇ ਗੁਣ ਗਾਂਵਿਆਂ, ਪ੍ਰਭੂ ਦੀ ਸਿਫ਼ਤਿ ਸਾਲਾਹ ਵਿਚ ਜੁੜਿਆਂ (ਪ੍ਰਭੂ ਦਾ 'ਨਾਮ'-ਰੂਪ ਕੀਮਤੀ ਪਦਾਰਥ) ਮਿਲਦਾ ਹੈ। 'ਨਾਮ' ਬਹੁ-ਮੁੱਲਾ ਪਦਾਰਥ ਹੈ, ਕਿਸੇ ਕੀਮਤਿ ਨਾਲ ਨਹੀਂ ਮਿਲ ਸਕਦਾ, ਕਿਸੇ ਹੱਟ ਤੋਂ ਖ਼ਰੀਦ ਕੇ ਨਹੀਂ ਲਿਆ ਜਾ ਸਕਦਾ। ਹੇ ਨਾਨਕ! ('ਨਾਮ' ਦੇ ਮੁੱਲ ਦਾ) ਤੋਲ ਤਾਂ ਬੱਝਵਾਂ ਹੈ, ਉਹ ਕਦੇ ਘਟ ਨਹੀਂ ਸਕਦਾ (ਭਾਵ, 'ਆਪਾ ਗੁਰੂ ਵਿਚ ਲੀਨ ਕਰਨਾ'–ਇਹ ਬੱਝਵਾਂ ਮੁੱਲ ਹੈ, ਤੇ ਇਸ ਤੋਂ ਘਟ ਕੋਈ ਹੋਰ ਉੱਦਮ 'ਨਾਮ' ਦੀ ਪ੍ਰਾਪਤੀ ਲਈ ਕਾਫ਼ੀ ਨਹੀਂ ਹੈ) ।੧।

ਮ: ੪ ॥ ਨਾਮ ਵਿਹੂਣੇ ਭਰਮਸਹਿ ਆਵਹਿ ਜਾਵਹਿ ਨੀਤ ॥ ਇਕਿ ਬਾਂਧੇ ਇਕਿ ਢੀਲਿਆ, ਇਕਿ ਸੁਖੀਏ ਹਰਿ ਪ੍ਰੀਤਿ ॥ ਨਾਨਕ ਸਚਾ ਮੰਨਿ ਲੇ, ਸਚੁ ਕਰਣੀ ਸਚੁ ਰੀਤਿ ॥ ੨ ॥

ਅਰਥ :–ਜੋ ਮਨੁੱਖ 'ਨਾਮ' ਤੋਂ ਸੱਖਣੇ ਹਨ ਉਹ ਭਟਕਦੇ ਹਨ (ਭਟਕਣਾ ਦੇ ਕਾਰਨ) ਨਿੱਤ ਜੰਮਦੇ ਤੇ ਮਰਦੇ ਹਨ (ਭਾਵ, 'ਵਾਸਨਾ' ਪੂਰੀਆਂ ਕਰਨ ਲਈ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ); ਸੋ, ਕਈ ਜੀਵ (ਇਹਨਾਂ 'ਵਾਸਨਾ' ਨਾਲ) ਬੱਝੇ ਪਏ ਹਨ, ਕਈਆਂ ਨੇ ਬੰਧਨ ਕੁਝ ਢਿੱਲੇ ਕਰ ਲਏ ਹਨ ਤੇ ਕਈ ਪ੍ਰਭੂ ਦੇ ਪਿਆਰ ਵਿਚ ਰਹਿ ਕੇ (ਬਿਲਕੁਲ) ਸੁਖੀ ਹੋ ਗਏ ਹਨ। ਹੇ ਨਾਨਕ! ਜਿਹੜਾ ਮਨੁੱਖ ਸਦਾ-ਥਿਰ

ਪਰਮਾਤਮਾ ਨੂੰ ਆਪਣੇ ਮਨ ਵਿਚ ਪੱਕਾ ਕਰ ਲੈਂਦਾ ਹੈ, ਸਦਾ-ਥਿਰ ਨਾਮ ਉਸ ਵਾਸਤੇ ਕਰਨ-ਜੋਗ ਕੰਮ ਹੈ ਸਦਾ-ਥਿਰ ਨਾਮ ਹੀ ਉਸ ਦੀ ਜੀਵਨ-ਜੁਗਤਿ ਹੋ ਜਾਂਦਾ ਹੈ। ੨।

ਪਉੜੀ॥ਗੁਰ ਤੇ ਗਿਆਨੁ ਪਾਇਆ ਅਤਿ ਖੜਗੁ ਕਰਾਰਾ॥ਦੂਜਾ ਭ੍ਰਮੁ ਗੜੁ ਕਟਿਆ ਮੋਹੁ ਲੋਭੁ ਅਹੰਕਾਰਾ ॥ ਹਰਿ ਕਾ ਨਾਮੁ ਮਨਿ ਵਸਿਆ ਗੁਰ ਸਬਦਿ ਵੀਚਾਰਾ ॥ ਸਚ ਸੰਜਮਿ ਮਤਿ ਊਤਮਾ ਹਰਿ ਲਗਾ ਪਿਆਰਾ ॥ ਸਭੁ ਸਚੋ ਸਚੁ ਵਰਤਦਾ ਸਚੁ ਸਿਰਜਣਹਾਰਾ ॥੧॥ [ਪੰਨਾ ੧੦੮੭]

ਅਰਥ :-(ਗਿਆਨ, ਮਾਨੋ) ਬੜਾ ਤੇਜ਼ ਖੰਡਾ ਹੈ, ਇਹ ਗਿਆਨ ਗੁਰੂ ਤੋਂ ਮਿਲਦਾ ਹੈ, (ਜਿਸ ਨੂੰ ਮਿਲਿਆ ਹੈ ਉਸ ਦਾ) ਮਾਇਆ ਦੀ ਖ਼ਾਤਰ ਭਟਕਣਾ, ਮੋਹ, ਲੋਭ ਤੇ ਅਹੰਕਾਰ-ਰੂਪ ਕਿਲ੍ਹਾ (ਜਿਸ ਵਿਚ ਉਹ ਘਿਰਿਆ ਪਿਆ ਸੀ, ਇਸ ਗਿਆਨ-ਖੜਗ ਨਾਲ) ਕੱਟਿਆ ਜਾਂਦਾ ਹੈ; ਗੁਰੂ ਦੇ ਸ਼ਬਦ ਵਿਚ ਸੁਰਤਿ ਜੋੜਿਆਂ ਉਸ ਦੇ ਮਨ ਵਿਚ ਪਰਮਾਤਮਾ ਦਾ ਨਾਮ ਵੱਸ ਪੈਂਦਾ ਹੈ। ਸਿਮਰਨ ਦੇ ਸੰਜਮ ਨਾਲ ਉਸ ਦੀ ਮਤਿ ਚੰਗੀ ਹੋ ਜਾਂਦੀ ਹੈ, ਰੱਬ ਉਸ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ; (ਆਖ਼ਰ ਉਸ ਦੀ ਇਹ ਹਾਲਤ ਹੋ ਜਾਂਦੀ ਹੈ ਕਿ) ਸਦਾ-ਥਿਰ ਸਿਰਜਣਹਾਰ ਉਸ ਨੂੰ ਹਰ ਥਾਂ ਵੱਸਦਾ ਦਿੱਸਦਾ ਹੈ। ੧।

ਸਲੋਕੁ ਮ: ੩ ॥ ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥ ਸਤ ਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥ ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥ ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥ ਨਾਨਕ ਮਿਲਿਆ ਸੋ ਜਾਣੀਐ, ਗੁਰੂ ਨ ਛੋਡੈ ਆਪਣਾ, ਦੂਜੈ ਨ ਧਰੇ ਪਿਆਰੁ ॥ ੧ ॥ [ਪੰਨਾ ੧੦੮੭]

ਪਦ ਅਰਥ :-ਰਾਸਿ-ਪੂੰਜੀ, ਸਰਮਾਇਆ। ਸੰਗ੍ਰਹੈ-ਇਕੱਠੀ ਕਰੇ। ਵਿਡਾਰਿ-ਮਾਰ ਕੇ।

ਅਰਥ :-ਹੇ ਭਾਈ ! ਕੇਦਾਰਾ ਰਾਗ ਨੂੰ (ਹੋਰ ਬਾਕੀ ਦੇ) ਰਾਗਾਂ ਵਿਚ ਤਾਂ ਹੀ ਜਾਣੋ (ਭਾਵ, ਕੇਦਾਰਾ ਰਾਗ ਨੂੰ ਤਾਂ ਹੀ ਵਡਿਆਈਏ, ਜੇ ਇਸ ਨੂੰ ਗਾਉਣ ਵਾਲਾ) ਗੁਰੂ ਦੇ ਸ਼ਬਦ ਵਿਚ ਪਿਆਰ ਕਰਨ ਲੱਗ ਪਏ, ਅੰਦਰੋਂ ਆਪਣੀ ਮੈਲ ਭੀ ਕੱਟੇ ਤੇ ਆਪਣੀਆ ਕੁਲਾਂ ਨੂੰ ਭੀ ਤਾਰ ਲਏ, ਗੁਣਾਂ ਦੀ ਪੂੰਜੀ ਇਕੱਠੀ ਕਰੇ ਤੇ ਔਗਣ ਮਾਰ ਕੇ ਕੱਢ ਦੇਵੇ।

ਹੇ ਨਾਨਕ ! (ਕੇਦਾਰਾ ਰਾਗ ਦੀ ਰਾਹੀਂ ਰੱਬ ਵਿਚ) ਜੁੜਿਆ ਉਸ ਨੂੰ ਸਮਝੋ ਜੋ ਕਦੇ ਆਪਣੇ ਗੁਰੂ ਦਾ ਆਸਰਾ ਨਾਹ ਛੱਡੇ ਤੇ ਮਾਇਆ ਵਿਚ ਮੋਹ ਨਾਹ ਪਾਏ। ੧।

ਮ: ੪ ॥ ਸਾਗਰੁ ਦੇਖਉ ਡਰਿ ਮਰਉ ਭੈ ਤੇਰੈ ਡਰੁ ਨਾਹਿ ॥ ਗੁਰ ਕੈ ਸਬਦਿ ਸੰਤੋਖੀਆ ਨਾਨਕ ਬਿਗਸਾ ਨਾਇ ॥ ੨ ॥

ਪਦ ਅਰਥ :–ਭੈ ਤੇਰੈ–ਤੇਰੇ ਡਰ ਦੀ ਰਾਹੀਂ, ਤੇਰੇ ਡਰ ਵਿਚ ਰਿਹਾਂ। ਬਿਗਸਾ–ਮੈਂ ਵਿਗਸਦਾ ਹਾਂ, ਖਿੜਦਾ ਹਾਂ। ਨਾਇ–(ਤੇਰੇ) ਨਾਮ ਦੀ ਰਾਹੀਂ।

ਅਰਥ :–(ਹੇ ਪ੍ਰਭੂ !) ਜਦੋਂ ਮੈਂ (ਇਸ ਸੰਸਾਰ-) ਸਮੁੰਦਰ ਨੂੰ ਵੇਖਦਾ ਹਾਂ ਤਾਂ ਡਰ ਨਾਲ ਸਹਮ ਜਾਂਦਾ ਹਾਂ (ਕਿ ਕਿਵੇਂ ਇਸ ਵਿਚੋਂ ਬਚ ਕੇ ਲੰਘਾਂਗਾ, ਪਰ) ਤੇਰੇ ਡਰ ਵਿਚ ਰਿਹਾਂ (ਇਸ ਸੰਸਾਰ-ਸਮੁੰਦਰ ਦਾ ਕੋਈ) ਡਰ ਨਹੀਂ ਰਹਿ ਜਾਂਦਾ; ਕਿਉਂਕਿ, ਹੇ ਨਾਨਕ ! ਗੁਰੂ ਦੇ ਸ਼ਬਦ ਦੀ ਰਾਹੀਂ ਮੈਂ ਸੰਤੋਖ ਵਾਲਾ ਬਣ ਰਿਹਾ ਹਾਂ ਤੇ ਪ੍ਰਭੂ ਦੇ ਨਾਮ ਦੀ ਰਾਹੀਂ ਮੈਂ ਖਿੜਦਾ ਹਾਂ।੨।

ਮ: ੪ ॥ ਚੜਿ ਬੋਹਿਥੈ ਚਾਲਸਉ ਸਾਗਰੁ ਲਹਰੀ ਦੇਇ ॥ ਠਾਕ ਨ ਸਚੈ ਬੋਹਿਥੈ ਜੇ ਗੁਰੁ ਧੀਰਕ ਦੇਇ ॥ ਤਿਤੁ ਦਰਿ ਜਾਇ ਉਤਾਰੀਆ ਗੁਰੁ ਦਿਸੈ ਸਾਵਧਾਨੁ ॥ ਨਾਨਕ ਨਦਰੀ ਪਾਈਐ ਦਰਗਹ ਚਲੈ ਮਾਨੁ ॥ ੩ ॥

ਪਦ ਅਰਥ :–ਬੋਹਿਥ–ਜਹਾਜ਼। ਲਹਰੀ–ਲਹਰਾਂ ('ਲਹਿਰ' ਤੋਂ 'ਬਹੁ ਵਚਨ')। ਠਾਕ–ਰੋਕ। ਸਾਵਧਾਨੁ–ਸੁਚੇਤ, ਤਤਪਰ[ਸ+ਅਵਧਾਨ=ਧਿਆਨ ਸਹਿਤ, ਗਹੁ ਕਰਨ ਵਾਲਾ]।

ਅਰਥ :–(ਸੰਸਾਰ-) ਸਮੁੰਦਰ (ਤਾਂ ਵਿਕਾਰਾਂ ਦੀਆਂ) ਠਾਠਾਂ ਮਾਰ ਰਿਹਾ ਹੈ ਪਰ ਮੈਂ (ਗੁਰ-ਸ਼ਬਦ-ਰੂਪ) ਜਹਾਜ਼ ਵਿਚ ਚੜ੍ਹ ਕੇ (ਇਸ ਸਮੁੰਦਰ ਵਿਚੋਂ) ਲੰਘਾਂਗਾ। ਜੇ ਸਤਿਗੁਰ ਹੌਸਲਾ ਦੇਵੇ ਤਾਂ ਇਸ ਸੱਚੇ ਜਹਾਜ਼ ਵਿਚ ਚੜ੍ਹਿਆਂ (ਸਫ਼ਰ ਵਿਚ) ਕੋਈ ਰੋਕ ਨਹੀਂ ਪਏਗੀ। ਮੈਨੂੰ ਆਪਣਾ ਗੁਰੂ ਸੁਚੇਤ ਦਿੱਸ ਰਿਹਾ ਹੈ (ਮੈਨੂੰ ਨਿਸ਼ਚਾ ਹੈ ਕਿ ਗੁਰੂ ਮੈਨੂੰ) ਉਸ (ਪ੍ਰਭੂ ਦੇ) ਦਰ ਤੇ ਜਾ ਉਤਾਰੇਗਾ।

ਹੇ ਨਾਨਕ ! (ਇਹ ਗੁਰ-ਸ਼ਬਦ ਦਾ ਜਹਾਜ਼) ਪ੍ਰਭੂ ਦੀ ਮਿਹਰ ਨਾਲ ਮਿਲਦਾ ਹੈ (ਇਸ ਦੀ ਬਰਕਤਿ ਨਾਲ) ਪ੍ਰਭੂ ਦੀ ਹਜ਼ੂਰੀ ਵਿਚ ਆਦਰ ਮਿਲਦਾ ਹੈ।੩।

ਪਉੜੀ ॥ ਨਿਹਕੰਟਕ ਰਾਜੁ ਭੁੰਚਿ ਤੂ ਗੁਰਮੁਖਿ ਸਚੁ ਕਮਾਈ ॥ ਸਚੈ ਤਖਤਿ ਬੈਠਾ ਨਿਆਉ ਕਰਿ ਸਤ ਸੰਗਤਿ ਮੇਲਿ ਮਿਲਾਈ ॥ ਸਚਾ ਉਪਦੇਸੁ ਹਰਿ ਜਾਪਣਾ ਹਰਿ ਸਿਉ ਬਣਿ ਆਈ ॥ ਐਥੈ ਸੁਖਦਾਤਾ ਮਨਿ ਵਸੈ ਅੰਤਿ ਹੋਇ ਸਖਾਈ ॥ ਹਰਿ ਸਿਉ ਪ੍ਰੀਤਿ ਊਪਜੀ ਗੁਰਿ ਸੋਝੀ ਪਾਈ ॥ ੨ ॥

ਪਦ ਅਰਥ :–ਨਿਹਕੰਟਕ–ਜਿਸ ਵਿਚ ਕੋਈ ਕੰਡਾ ਚੋਭ ਨਾਹ ਲਾਏ। ਭੁੰਚਿ–ਮਾਣ। ਸਚੁ ਕਮਾਈ–ਸਿਮਰਨ-ਰੂਪ ਕਮਾਈ। ਗੁਰਿ–ਗੁਰੂ ਨੇ।

ਅਰਥ :–(ਹੇ ਭਾਈ !) ਗੁਰੂ ਦੇ ਸਨਮੁਖ ਹੋ ਕੇ ਸਿਮਰਨ ਦੀ ਕਮਾਈ ਕਰ (ਤੇ ਇਸ ਤਰ੍ਹਾਂ) ਨਿਰਚੋਭ ਰਾਜ ਮਾਣ, (ਕਿਉਂਕਿ) ਜੋ ਪ੍ਰਭੂ ਸਦਾ-ਥਿਰ ਤਖ਼ਤ ਤੇ ਬਹਿ ਕੇ ਨਿਆਂ ਕਰ ਰਿਹਾ ਹੈ ਉਹ ਤੈਨੂੰ ਸਤਸੰਗ ਵਿਚ ਮਿਲਾ ਦੇਵੇਗਾ, ਓਥੇ ਨਾਮ-ਸਿਮਰਨ ਦੀ ਸੱਚੀ ਸਿੱਖਿਆ ਕਮਾਇਆਂ ਤੇਰੀ ਪ੍ਰਭੂ ਨਾਲ ਬਣ ਆਵੇਗੀ, ਇਸ ਜੀਵਨ ਵਿਚ ਸੁਖਦਾਤਾ ਰੱਬ ਮਨ ਵਿਚ ਵੱਸੇਗਾ ਤੇ ਅੰਤ ਵੇਲੇ ਭੀ ਸਾਥੀ ਬਣੇਗਾ।

ਜਿਸ ਮਨੁੱਖ ਨੂੰ ਸਤਿਗੁਰੂ ਨੇ ਸਮਝ ਬਖ਼ਸ਼ੀ ਉਸ ਦਾ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ। ੨।

ਸਲੋਕੁ ਮ: ੧ ॥ ਭੂਲੀ ਭੂਲੀ ਮੈ ਫਿਰੀ ਪਾਧਰੁ ਕਹੈ ਨ ਕੋਇ ॥ ਪੂਛਹੁ ਜਾਇ ਸਿਆਣਿਆ ਦੁਖੁ ਕਾਟੈ ਮੇਰਾ ਕੋਇ ॥ ਸਤਿਗੁਰੁ ਸਾਚਾ ਮਨਿ ਵਸੈ ਸਾਜਨੁ ਉਤ ਹੀ ਠਾਇ ॥ ਨਾਨਕ ਮਨੁ ਤ੍ਰਿਪਤਾਸੀਐ ਸਿਫਤੀ ਸਾਚੈ ਨਾਇ ॥ ੧ ॥

ਪਦ ਅਰਥ :–ਭੂਲੀ ਭੂਲੀ–ਬਥੇਰਾ ਚਿਰ ਖੁੰਝੀ ਹੋਈ। ਪਾਧਰੁ–ਪੱਧਰਾ ਰਾਹ। ਉਤ ਹੀ ਠਾਇ–ਓਸੇ ਥਾਂ। ਤ੍ਰਿਪਤਾਸੀਐ–ਰੱਜ ਜਾਂਦਾ ਹੈ, ਭਟਕਣੋਂ ਹਟ ਜਾਂਦਾ ਹੈ। ਨਾਇ–ਨਾਮ ਦੀ ਰਾਹੀਂ।

ਅਰਥ :–ਬਥੇਰੇ ਚਿਰ ਤੋਂ ਖੁੰਝੀ ਹੋਈ ਮੈਂ ਭਟਕ ਰਹੀ ਹਾਂ, ਮੈਨੂੰ ਕੋਈ ਪੱਧਰਾ ਰਾਹ ਨਹੀਂ ਦੱਸਦਾ, ਕੋਈ ਧਿਰ ਜਾ ਕੇ ਕਿਸੇ ਸਿਆਣੇ ਬੰਦਿਆਂ ਨੂੰ ਪੁੱਛੇ, ਭਲਾ ਜੇ ਕੋਈ ਮੇਰਾ ਕਸ਼ਟ ਕੱਟ ਦੇਵੇ।

ਹੇ ਨਾਨਕ ! ਜੇ ਸੱਚਾ ਗੁਰੂ ਮਨ ਵਿਚ ਆ ਵੱਸੇ ਤਾਂ ਸੱਜਣ ਪ੍ਰਭੂ ਭੀ ਓਸੇ ਥਾਂ (ਭਾਵ, ਹਿਰਦੇ ਵਿਚ ਹੀ ਮਿਲ ਪੈਂਦਾ ਹੈ), ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨ ਨਾਲ ਤੇ ਪ੍ਰਭੂ ਦਾ ਨਾਮ ਸਿਮਰਿਆਂ ਮਨ ਭਟਕਣੋਂ ਹਟ ਜਾਂਦਾ ਹੈ। ੧।

ਮ: ੩ ॥ ਆਪੇ ਕਰਣੀ ਕਾਰ ਆਪਿ ਆਪੇ ਕਰੇ ਰਜਾਇ ॥ ਆਪੇ ਕਿਸ ਹੀ ਬਖਸਿ ਲਏ ਆਪੇ ਕਾਰ ਕਮਾਇ ॥ ਨਾਨਕ ਚਾਨਣੁ ਗੁਰ ਮਿਲੇ ਦੁਖ ਬਿਖੁ ਜਾਲੀ ਨਾਇ ॥ ੨ ॥

ਪਦ ਅਰਥ :-ਕਰਣੀ–ਕਰਨ-ਜੋਗ, ਜੋ ਕਰਨੀ ਚਾਹੀਦੀ ਹੈ। ਕਿਸ ਹੀ–ਜਿਸ ਕਿਸੇ ਨੂੰ। ਗੁਰ ਮਿਲੇ–ਗੁਰੂ ਨੂੰ ਮਿਲਿਆਂ। ਬਿਖੁ–ਵਿਹੁ। ਨਾਇ–ਨਾਮ ਦੀ

ਰਾਹੀਂ ।

ਅਰਥ :—ਪ੍ਰਭੂ ਆਪਣੀ ਰਜ਼ਾ ਵਿਚ ਆਪ ਹੀ ਕਰਨ-ਜੋਗ ਕਾਰ ਕਰਦਾ ਹੈ,ਆਪ ਹੀ ਜੀਵ ਨੂੰ ਬਖ਼ਸ਼ਦਾ ਹੈ ਆਪ ਹੀ (ਜਿਸ ਤੇ ਮਿਹਰ ਕਰੇ ਉਸ ਵਿਚ ਪ੍ਰਤੱਖ ਹੋ ਕੇ ਭਗਤੀ ਦੀ) ਕਾਰ ਕਮਾਂਦਾ ਹੈ ।

ਹੇ ਨਾਨਕ !ਗੁਰੂ ਨੂੰ ਮਿਲ ਕੇ ਜਿਸ ਦੇ ਹਿਰਦੇ ਵਿਚ ਪ੍ਰਕਾਸ਼ ਹੁੰਦਾ ਹੈ ਉਹ 'ਨਾਮ' ਸਿਮਰ ਕੇ ਵਿਹੁ-ਰੂਪ ਮਾਇਆ ਤੋਂ ਪੈਦਾ ਹੋਏ ਦੁੱਖ ਸਾੜ ਦੇਂਦਾ ਹੈ । ੨ ।

ਪਉੜੀ ।। ਮਾਇਆ ਵੇਖਿ ਨ ਭੁਲੁ ਤੂ ਮਨਮੁਖ ਮੂਰਖਾ ॥ ਚਲਦਿਆ ਨਾਲਿ ਨ ਚਲਈ ਸਭੁ ਝੂਠੁ ਦਰਬੁ ਲਖਾ ॥ ਅਗਿਆਨੀ ਅੰਧੁ ਨ ਬੂਝਈ ਸਿਰ ਊਪਰਿ ਜਮ ਖੜਗੁ ਕਲਖਾ ।। ਗੁਰ ਪਰਸਾਦੀ ਉਬਰੇ ਜਿਨੀ ਹਰਿ ਰਸੁ ਚਖਾ ॥ ਆਪਿ ਕਰਾਏ ਕਰੇ ਆਪਿ ਆਪੇ ਹਰਿ ਰਖਾ ॥ ੩ ॥ [੧੦੮੭]

ਪਦ ਅਰਥ :—ਦਰਬੁ—ਧਨ । ਲਖਾ—ਲਖ, ਵੇਖ । ਕਲਖਾ—ਕਲ ਖਾ,ਕਾਲ ਦਾ। ਜਿਨਿ—ਜਿੰਨ੍ਹਾਂ ਨੇ । ਰਖਾ—ਰਾਖਾ ।

ਅਰਥ :—ਹੇ ਮੂਰਖ ! ਹੇ ਮਨ ਦੇ ਗ਼ੁਲਾਮ ! ਮਾਇਆ ਨੂੰ ਵੇਖ ਕੇ ਉਕਾਈ ਨਾਹ ਖਾਹ, ਇਹ (ਏਥੋਂ) ਤੁਰਨ ਵੇਲੇ ਕਿਸੇ ਦੇ ਨਾਲ ਨਹੀਂ ਤੁਰਦੀ, ਸੋ, ਸਾਰੇ ਧਨ ਨੂੰ ਝੂਠਾ (ਸਾਥੀ) ਜਾਣ । (ਪਰ ਇਸ ਮਾਇਆ ਨੂੰ ਵੇਖ ਕੇ) ਮੂਰਖ ਅੰਨ੍ਹਾ ਮਨੁੱਖ ਨਹੀਂ ਸਮਝਦਾ ਕਿ ਸਿਰ ਉਤੇ ਜਮ ਦੀ ਮੌਤ ਦੀ ਤਲਵਾਰ ਭੀ ਹੈ (ਤੇ ਇਸ ਮਾਇਆ ਨਾਲੋਂ ਸਾਥ ਟੁੱਟਣਾ ਹੈ) ।

ਜਿੰਨ੍ਹਾਂ ਮਨੁੱਖਾਂ ਨੇ ਹਰਿ-ਨਾਮ ਦਾ ਰਸ ਚੱਖਿਆ ਹੈ ਉਹ ਗੁਰੂ ਦੀ ਮਿਹਰ ਨਾਲ (ਮਾਇਆ ਵਿਚ ਮੋਹ ਪਾਣ ਦੀ ਉਕਾਈ ਤੋਂ) ਬਚ ਜਾਂਦੇ ਹਨ; ਇਹ (ਉੱਦਮ) ਪ੍ਰਭੂ ਆਪ ਹੀ (ਜੀਵ ਪਾਸੋਂ) ਕਰਾਂਦਾ ਹੈ (ਜੀਵ ਵਿਚ ਬੈਠ ਕੇ, ਮਾਨੋ) ਆਪ ਹੀ ਕਰਦਾ ਹੈ, ਆਪ ਹੀ ਜੀਵ ਦਾ ਰਾਖਾ ਹੈ । ੩ ।

ਸਲੋਕੁ ਮ: ੩ ।। ਜਿਨਾ ਗੁਰੁ ਨਹੀ ਭੇਟਿਆ ਭੈ ਕੀ ਨਾਹੀ ਬਿੰਦ ॥ ਆਵਣੁ ਜਾਵਣੁ ਦੁਖੁ ਘਣਾ ਕਦੇ ਨ ਚੂਕੈ ਚਿੰਦ ।। ਕਾਪੜ ਜਿਵੈ ਪਛੋੜੀਐ ਘੜੀ ਮੁਹਤ ਘੜੀਆਲੁ ।। ਨਾਨਕ ਸਚੇ ਨਾਮ ਬਿਨੁ ਸਿਰਹੁ ਨ ਚੁਕੈ ਜੰਜਾਲੁ ।। ੧ ।। [ਪੰਨਾ ੧੦੮੮]

ਅਰਥ :—ਭੇਟਿਆ—[ਪਿਛਲੀ ਪਉੜੀ ਦੇ ਸਲੋਕ ਨੰ: ੨ ਵਿਚ 'ਗੁਰ ਮਿਲੇ'

ਤੇ ਏਥੇ 'ਗੁਰੁ ਭੇਟਿਆ' ਆਇਆ ਹੈ। ਦੋਹਾਂ ਦਾ ਫ਼ਰਕ ਪਰਖੋ । 'ਗੁਰ ਮਿਲੇ' ਵਿਚ 'ਗੁਰ' ਦਾ ਅਰਥ ਹੈ 'ਗੁਰੂ ਨੂੰ' । 'ਗੁਰੁ ਭੇਟਿਆ' ਦਾ ਅਰਥ ਹੈ 'ਗੁਰੂ ਮਿਲਿਆ' ; ਲਫ਼ਜ਼ 'ਜਿਨਾ' ਸਾਫ਼ ਦੱਸਦਾ ਹੈ = 'ਜਿੰਨ੍ਹਾਂ ਨੂੰ ਗੁਰੂ ਨਹੀਂ ਮਿਲਿਆ'। ਸੋ 'ਭੇਟਾ ਲੈ ਕੇ ਮਿਲਣ ਨੂੰ 'ਭੇਟਣਾ' ਕਹਿੰਦੇ ਹਨ'—ਇਹ ਅਰਥ ਉੱਕਾ ਗ਼ਲਤ ਹੈ ਕਿਉਂਕਿ ਗੁਰੂ ਭੇਟਾ ਲੈ ਕੇ ਸਿੱਖ ਨੂੰ ਨਹੀਂ ਮਿਲਦਾ] । ਚਿੰਦ—ਚਿੰਤਾ । ਪਛੋੜੀਐ—ਪਟੜੇ ਉੱਤੇ ਪਟਕਾਈਦਾ ਹੈ। ਜੰਜਾਲੁ—ਝੰਬੇਲਾ, ਚਿੰਤਾ, ਸਹਸਾ ।

ਅਰਥ :—ਜਿੰਨ੍ਹਾਂ ਨੂੰ ਗੁਰੂ ਨਹੀਂ ਮਿਲਿਆ, ਜਿੰਨ੍ਹਾਂ ਦੇ ਅੰਦਰ ਰੱਬ ਦਾ ਰਤਾ ਭੀ ਡਰ ਨਹੀਂ, ਉਹਨਾਂ ਨੂੰ ਜੰਮਣ ਮਰਨ (ਦਾ) ਡਾਢਾ ਦੁੱਖ ਲੱਗਾ ਰਹਿੰਦਾ ਹੈ, ਉਹਨਾਂ ਦੀ ਚਿੰਤਾ ਕਦੇ ਮੁੱਕਦੀ ਨਹੀਂ ।

ਹੇ ਨਾਨਕ ! ਜਿਵੇਂ (ਧੋਣ ਵੇਲੇ) ਕੱਪੜਾ (ਪਟੜੇ ਤੇ) ਪਟਕਾਈਦਾ ਹੈ, ਜਿਵੇਂ ਘੜਿਆਲ ਮੁੜ ਮੁੜ (ਚੋਟਾਂ ਖਾਂਦਾ ਹੈ) ਤਿਵੇਂ ਪ੍ਰਭੂ-ਨਾਮ ਤੋਂ ਵਾਂਜੇ ਰਹਿ ਕੇ ਉਹਨਾਂ ਦੇ ਸਿਰ ਤੋਂ (ਭੀ) ਸਹਸਾ ਨਹੀਂ ਮੁੱਕਦਾ । ੧ ।

ਮ: ੩ ॥ ਤ੍ਰਿਭਵਣ ਢੂਢੀ ਸਜਣਾ ਹਉਮੈ ਬੁਰੀ ਜਗਤਿ ॥ ਨਾ ਝੁਰੁ ਹੀਅੜੇ ਸਚੁ ਚਉ ਨਾਨਕ ਸਚੋ ਸਚੁ ॥ ੨ ॥

ਪਦ ਅਰਥ :—ਜਗਤਿ—ਜਗਤ ਵਿਚ। ਹੀਅੜੇ—ਹੇ ਦਿਲ ! ['ਹੀਅੜਾ' ਤੋਂ ਸੰਬੋਧਨ 'ਹੀਅੜੇ' ਹੈ ; ਜੇ ਅਰਥ ਕਰਨਾ ਹੋਵੇ 'ਦਿਲ ਵਿਚ', ਤਾਂ 'ਹੀਅੜੇ' ਲਫ਼ਜ਼ ਹੈ 'ਅਧਿਕਰਣ ਕਾਰਕ, ਇਕ ਵਚਨ'] । ਨਾਨਕ ਹੀਅੜੇ—ਹੇ ਨਾਨਕ ਦੇ ਦਿਲ ! ਸਚੁ—ਸੱਚਾ ਨਾਮ । ਚਉ—ਸਿਮਰ, ਉਚਾਰ ।

ਅਰਥ :—ਹੇ ਸੱਜਣ (ਪ੍ਰਭੂ !) ਮੈਂ ਤਿੰਨਾਂ ਹੀ ਭਵਨਾਂ ਵਿਚ ਭਾਲ ਵੇਖਿਆ ਹੈ ਕਿ ਜਗਤ ਵਿਚ 'ਹਉਮੈ' ਚੰਦਰੀ (ਬਲਾ ਚੰਬੜੀ ਹੋਈ) ਹੈ ।

(ਪਰ) ਹੇ ਨਾਨਕ ਦੇ ਦਿਲ ! (ਇਸ 'ਹਉਮੈ' ਤੋਂ ਘਾਬਰ ਕੇ) ਚਿੰਤਾ ਨਾਹ ਕਰ, ਤੇ ਪ੍ਰਭੂ ਦਾ ਨਾਮ ਸਿਮਰ ਜੋ ਸਦਾ ਹੀ ਥਿਰ ਰਹਣ ਵਾਲਾ ਹੈ । ੨ ।

ਪਉੜੀ ॥ ਗੁਰਮੁਖਿ ਆਪੇ ਬਖਸਿਓਨੁ ਹਰਿ ਨਾਮਿ ਸਮਾਣੇ ॥ ਆਪੇ ਭਗਤੀ ਲਾਇਓਨੁ ਗੁਰ ਸਬਦਿ ਨੀਸਾਣੇ ॥ ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ ॥ ਐਥੈ ਓਥੈ ਮੁਕਤਿ ਹੈ ਜਿਨ ਰਾਮ ਪਛਾਣੇ ॥ ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ ਤਿਨ ਹਉ ਕੁਰਬਾਣੇ ॥ ੪ ॥

ਪਦ ਅਰਥ :—ਬਖਸਿਓਨੁ—ਬਖ਼ਸ਼ਿਆ ਹੈ ਉਸ ਨੇ। ਲਾਇਓਨੁ—ਲਾਇਆ ਹੈ ਉਸ ਨੇ । ਨੀਸਾਣ—ਨਿਸ਼ਾਨ, (ਮਾਇਆ ਦੇ ਪ੍ਰਭਾਵ ਤੋਂ ਬਚਾਣ ਲਈ ਲਾਇਆ

ਹੋਇਆ) ਨਿਸ਼ਾਨ ।

ਅਰਥ :—ਜੋ ਜੋ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ ਉਸ ਨੂੰ ਪ੍ਰਭੂ ਆਪ ਹੀ ਬਖ਼ਸ਼ਦਾ ਹੈ (ਭਾਵ, ਮਾਇਆ ਦੇ ਅਸਰ ਤੋਂ ਬਚਾਂਦਾ ਹੈ ; ਵੇਖੋ ਪਉੜੀ ੩), ਉਹ ਮਨੁੱਖ ਪ੍ਰਭੂ ਦੇ ਨਾਮ ਵਿਚ ਜੁੜਦੇ ਹਨ । ਸਤਿਗੁਰੂ ਦੇ ਸ਼ਬਦ ਦੀ ਰਾਹੀਂ (ਮਾਇਆ ਦੇ ਅਸਰ ਤੋਂ ਨਿਖੇੜਨ ਵਾਲਾ) ਨਿਸ਼ਾਨ ਲਾ ਕੇ ਆਪ ਹੀ ਉਸ ਨੇ (ਗੁਰਮੁਖ ਨੂੰ) ਭਗਤੀ ਵਿਚ ਲਾਇਆ ਹੈ ।

ਜੋ ਮਨੁੱਖ ਭਗਤੀ ਕਰਦੇ ਹਨ ਉਹਨਾਂ ਨੂੰ ਪ੍ਰਭੂ ਦੇ ਦਰ ਤੇ ਅੱਖਾਂ ਨੀਵੀਆਂ ਨਹੀਂ ਕਰਨੀਆਂ ਪੈਂਦੀਆਂ, (ਕਿਉਂਕਿ ਭਗਤੀ ਕਰਨ ਕਰਕੇ) ਉਹਨਾਂ ਦੇ ਮੂੰਹ ਸੋਹਣੇ ਲੱਗਦੇ ਹਨ, ਪ੍ਰਭੂ-ਦਰ ਤੇ ਆਦਰ ਮਿਲਦਾ ਹੈ ।

ਜਿਨ੍ਹਾਂ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਹੈ ਉਹ ਲੋਕ ਪਰਲੋਕ ਵਿਚ (ਮਾਇਆ ਦੇ ਪ੍ਰਭਾਵ ਤੋਂ) ਆਜ਼ਾਦ ਰਹਿੰਦੇ ਹਨ । ਭਾਗਾਂ ਵਾਲੇ ਹਨ ਉਹ ਬੰਦੇ ਜਿੰਨ੍ਹਾਂ ਪ੍ਰਭੂ ਦੀ ਬੰਦਗੀ ਕੀਤੀ ਹੈ, ਮੈਂ ਉਹਨਾਂ ਤੋਂ ਸਦਕੇ ਹਾਂ । ੪ ।

ਸਲੋਕੁ ਮः ੧ ॥ ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ॥ ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ ॥ ੧ ॥

ਪਦ ਅਰਥ :—ਮਹਲ—ਇਸਤ੍ਰੀ । ਮੜ—ਸਰੀਰ । ਮੜਵੜੀ—ਸਰੀਰ ਨਾਲ ਹੀ ਪਿਆਰ ਰੱਖਣ ਵਾਲੀ, ਸਰੀਰ ਨਾਲ ਆਪਣੇ ਆਪ ਨੂੰ ਇੱਕ ਸਮਝਣ ਵਾਲੀ । ਮੁੰਧ—ਇਸਤ੍ਰੀ ।

ਅਰਥ :—ਉਸ (ਜੀਵ-) ਇਸਤ੍ਰੀ ਨੂੰ ਕੋਈ ਚੱਜ ਨਹੀਂ ਜੋ ਨਿਰਾ ਆਪਣੇ ਸਰੀਰ ਨਾਲ ਪਿਆਰ ਕਰਦੀ ਹੈ, ਉਹ ਅੰਦਰੋਂ ਕਾਲੀ ਹੈ, ਮੈਲੀ ਹੈ । ਹੇ ਨਾਨਕ ! (ਜੀਵ-ਇਸਤ੍ਰੀ) ਖਸਮ ਪ੍ਰਭੂ ਨੂੰ ਤਾਂ ਹੀ ਮਿਲ ਸਕਦੀ ਹੈ ਜੇ (ਉਸ ਦੇ) ਅੰਦਰ ਗੁਣ ਹੋਣ, (ਪਰ ਕੁਚੱਜੀ) ਇਸਤ੍ਰੀ ਦੇ ਪਾਸ ਹੋਏ ਨਿਰੇ ਔਗਣ ਹੀ । ੧ ।

ਮः ੧ ॥ ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ॥ ਨਾਨਕ ਅਹਿ ਨਿਸਿ ਸਦਾ ਭਲੀ ਪਿਰ ਕੈ ਹੇਤਿ ਪਿਆਰਿ ॥ ੨ ॥

ਪਦ ਅਰਥ :—ਸਾ—ਉਹ ਇਸਤ੍ਰੀ । ਪਰਵਾਰਿ—ਪਰਵਾਰ ਵਿਚ । ਅਹਿ—ਦਿਨ । ਨਿਸਿ—ਰਾਤ । ਹੇਤਿ—ਹਿਤ ਵਿਚ । ਪਿਆਰਿ—ਪਿਆਰ ਵਿਚ ।

ਅਰਥ :—ਹੇ ਨਾਨਕ ! ਜੋ ਇਸਤ੍ਰੀ ਪਤੀ ਦੇ ਹਿਤ ਵਿਚ ਪਿਆਰ ਵਿਚ ਰਹਿੰਦੀ ਹੈ ਉਹ ਦਿਨੇ ਰਾਤ ਹਰ ਵੇਲੇ ਚੰਗੀ ਹੈ, ਉਹੀ ਚੰਗੇ ਆਚਰਨ ਵਾਲੀ ਤੇ ਜੁਗਤਿ ਵਾਲੀ ਹੈ, ਉਹ ਪਰਵਾਰ ਵਿਚ ਮੰਨੀ-ਪ੍ਰਮੰਨੀ ਹੈ । ੨ ।

ਪਉੜੀ ॥ ਆਪਣਾ ਆਪੁ ਪਛਾਣਿਆ ਨਾਮੁ ਨਿਧਾਨੁ ਪਾਇਆ ॥ ਕਿਰਪਾ ਕਰਿ ਕੈ ਆਪਣੀ ਗੁਰ ਸਬਦਿ ਮਿਲਾਇਆ ॥ ਗੁਰ ਕੀ ਬਾਣੀ ਨਿਰਮਲੀ ਹਰਿ ਰਸੁ ਪੀਆਇਆ ॥ ਹਰਿ ਰਸੁ ਜਿਨੀ ਚਾਖਿਆ ਅਨ ਰਸ ਠਾਕਿ ਰਹਾਇਆ ॥ ਹਰਿ ਰਸੁ ਪੀ ਸਦਾ ਤ੍ਰਿਪਤਿ ਭਏ ਫਿਰਿ ਤ੍ਰਿਸਨਾ ਭੁਖ ਗਵਾਇਆ ॥ ੫ ॥

ਅਰਥ :–ਜਿਸ ਮਨੁੱਖ ਨੇ ਆਪਣੇ ਆਤਮਕ ਜੀਵਨ ਨੂੰ (ਸਦਾ) ਪੜਤਾਲਿਆ ਹੈ ਉਸ ਨੂੰ ਨਾਮ-ਖ਼ਜ਼ਾਨਾ ਮਿਲ ਜਾਂਦਾ ਹੈ, ਪ੍ਰਭੂ ਆਪਣੀ ਮਿਹਰ ਕਰ ਕੇ ਉਸ ਨੂੰ ਸਤਿਗੁਰੂ ਦੇ ਸ਼ਬਦ ਵਿਚ ਜੋੜਦਾ ਹੈ, ਤੇ, ਗੁਰੂ ਦੀ ਪਵਿਤ੍ਰ ਬਾਣੀ ਦੀ ਰਾਹੀਂ ਉਸ ਨੂੰ ਆਪਣੇ ਨਾਮ ਦਾ ਰਸ ਪਿਲਾਂਦਾ ਹੈ ।

ਜਿਨ੍ਹਾਂ ਨੇ ਨਾਮ-ਰਸ ਚੱਖਿਆ ਹੈ ਉਹ ਹੋਰ ਰਸਾਂ ਨੂੰ ਵਰਜ ਰੱਖਦੇ ਹਨ (ਭਾਵ, ਦੁਨੀਆ ਦੇ ਚਸਕਿਆਂ ਨੂੰ ਆਪਣੇ ਨੇੜੇ ਨਹੀਂ ਢੁਕਣ ਦੇਂਦੇ); ਨਾਮ-ਰਸ ਪੀ ਕੇ ਉਹ ਸਦਾ ਰੱਜੇ ਰਹਿੰਦੇ ਹਨ ਤੇ ਮਾਇਆ ਦੀ ਤ੍ਰਿਸ਼ਨਾ ਤੇ ਭੁੱਖ ਨਾਸ ਕਰ ਲੈਂਦੇ ਹਨ । ੫ ।

ਸਲੋਕੁ ਮ: ੩ ॥ ਪਿਰ ਖੁਸੀਏ ਧਨ ਰਾਵੀਏ ਧਨ ਉਰਿ ਨਾਮੁ ਸੀਗਾਰੁ ॥ ਨਾਨਕ ਧਨ ਆਗੈ ਖੜੀ ਸੋਭਾਵੰਤੀ ਨਾਰਿ ॥ ੧ ॥

ਪਦ ਅਰਥ :–ਉਰਿ–ਹਿਰਦੇ ਵਿਚ । ਖੁਸੀਏ–ਖ਼ੁਸ਼ੀ ਨਾਲ । ਧਨ–ਜੀਵ-ਇਸਤ੍ਰੀ ।

ਅਰਥ :–ਜਿਸ ਜੀਵ-ਇਸਤ੍ਰੀ ਦੇ ਹਿਰਦੇ ਵਿਚ 'ਨਾਮ'-ਸਿੰਗਾਰ ਹੈ ਉਸ ਨੂੰ ਪ੍ਰਭੂ-ਪਤੀ ਖ਼ੁਸ਼ੀ ਨਾਲ ਆਪਣੇ ਨਾਲ ਮਿਲਾਂਦਾ ਹੈ । ਹੇ ਨਾਨਕ ! ਜੋ ਜੀਵ-ਇਸਤ੍ਰੀ ਪ੍ਰਭੂ-ਪਤੀ ਦੀ ਹਜ਼ੂਰੀ ਵਿਚ ਖਲੋਤੀ ਰਹਿੰਦੀ ਹੈ ਉਸ ਨੂੰ ਸੋਭਾ ਮਿਲਦੀ ਹੈ । ੧ ।

ਮ: ੧ ॥ ਸਸੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥ ਨਾਨਕ ਧੰਨੁ ਸੋੁਹਾਗਣੀ ਜੋ ਭਾਵਹਿ ਵੇਪਰਵਾਹ ॥ ੨ ॥

ਪਦ ਅਰਥ :–[ਨੋਟ–ਫ਼ਰੀਦ ਜੀ ਦੇ ਸ਼ਲੋਕਾਂ ਵਿਚ ਭੀ ਇਹ ਸ਼ਲੋਕ ਨੰ: ੩੨ ਤੇ ਦਰਜ ਹੈ ; ਪਰ ਕਈ ਥਾਈਂ ਫ਼ਰਕ ਹਨ, ਪਾਠਕ-ਜਨ ਆਪ ਟਾਕਰਾ ਕਰ ਕੇ ਵੇਖ ਲੈਣ] । ਸੋੁਹਾਗਣੀ–[ਏਥੇ 'ਸ' ਦੇ ਨਾਲ (ੁ) ਪੜ੍ਹਨਾ ਹੈ, ਅਸਲ ਲਫ਼ਜ਼ ਸੋਹਾਗਣੀ ਹੈ] ।

ਅਰਥ :–ਪ੍ਰਭੂ-ਖਸਮ ਅਪਹੁੰਚ ਹੈ ਤੇ ਬਹੁਤ ਡੂੰਘਾ ਹੈ ; ਜੋ ਜੀਵ-ਇਸਤ੍ਰੀਆਂ ਸਹੁਰੇ-ਘਰ ਤੇ ਪੇਕੇ-ਘਰ (ਦੋਹੀਂ ਥਾਈਂ, ਭਾਵ, ਲੋਕ ਪਰਲੋਕ ਵਿਚ ਉਸ) ਖਸਮ ਦੀਆਂ ਹੋ ਕੇ ਰਹਿੰਦੀਆਂ ਹਨ ਤੇ (ਇਸ ਤਰ੍ਹਾਂ) ਉਸ ਬੇਪਰਵਾਹ ਨੂੰ ਪਿਆਰੀਆਂ ਲੱਗਦੀਆਂ

ਹਨ ਉਹ ਭਾਗਾਂ ਵਾਲੀਆਂ ਹਨ । ੨ ।

ਪਉੜੀ ॥ ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥ ਏਹਿ ਭੂਪਤਿ ਰਾਜੇ ਨ ਆਖੀਅਹਿ ਦੂਜੈ ਭਾਇ ਦੁਖੁ ਹੋਈ ॥ ਕੀਤਾ ਕਿਆ ਸਾਲਾਹੀਐ ਜਿਸੁ ਜਾਂਦੇ ਬਿਲਮ ਨ ਹੋਈ ॥ ਨਿਹਚਲੁ ਸਚਾ ਏਕੁ ਹੈ ਗੁਰਮੁਖਿ ਬੂਝੈ ਸੁ ਨਿਹਚਲੁ ਹੋਈ ॥੬॥

ਪਦ ਅਰਥ :–ਤਖਤਿ–ਤਖ਼ਤ ਉੱਤੇ । ਭੂਪਤਿ–[ਭੂ–ਧਰਤੀ । ਪਤਿ–ਮਾਲਕ] ਧਰਤੀ ਦੇ ਮਾਲਕ । ਦੂਜੈ ਭਾਇ–ਮਾਇਆ ਦੇ ਮੋਹ ਵਿਚ । ਕੀਤਾ–ਪੈਦਾ ਕੀਤਾ ਹੋਇਆ। ਬਿਲਮ–ਚਿਰ, ਦੇਰ ।

ਅਰਥ :–ਜੋ ਮਨੁੱਖ ਤਖ਼ਤ ਦੇ ਜੋਗ ਹੁੰਦਾ ਹੈ ਉਹੀ ਰਾਜਾ ਬਣ ਕੇ ਤਖ਼ਤ ਤੇ ਬੈਠਦਾ ਹੈ (ਭਾਵ, ਜੋ ਮਾਇਆ ਦੀ 'ਤ੍ਰਿਸ਼ਨਾ ਭੁਖ' ਗਵਾ ਕੇ ਬੇਪਰਵਾਹ ਹੋ ਜਾਂਦਾ ਹੈ ਉਹੀ ਆਦਰ ਪਾਂਦਾ ਹੈ); ਸੋ,ਜਿੰਨ੍ਹਾ ਨੇ ਪ੍ਰਭੂ ਨਾਲ ਡੂੰਘੀ ਸਾਂਝ ਪਾ ਲਈ ਹੈ ਉਹੀ ਅਸਲ ਰਾਜੇ ਹਨ ।

ਧਰਤੀ ਦੇ ਮਾਲਕ ਬਣੇ ਹੋਏ ਇਹ ਲੋਕ ਰਾਜੇ ਨਹੀਂ ਕਹੇ ਜਾ ਸਕਦੇ, ਇਹਨਾਂ ਨੂੰ (ਇਕ ਤਾਂ) ਮਾਇਆ ਦੇ ਮੋਹ ਕਰਕੇ ਸਦਾ ਦੁੱਖ ਵਾਪਰਦਾ ਹੈ, (ਦੂਜੇ) ਉਸ ਨੂੰ ਕੀਹ ਵਡਿਆਉਣਾ ਹੋਇਆ ਜੋ ਪੈਦਾ ਕੀਤਾ ਹੋਇਆ ਹੈ ਜਿਸ ਦੇ ਨਾਸ ਹੁੰਦਿਆਂ ਚਿਰ ਨਹੀਂ ਲੱਗਦਾ ।

ਅਟੱਲ ਰਾਜ ਵਾਲਾ ਇੱਕ ਪ੍ਰਭੂ ਹੀ ਹੈ । ਜੋ ਗੁਰੂ ਦੇ ਸਨਮੁਖ ਹੋ ਕੇ ਇਹ ਗੱਲ ਸਮਝ ਲੈਂਦਾ ਹੈ, ਉਹ ਭੀ ("ਤ੍ਰਿਸਨਾ ਭੁਖ" ਵਲੋਂ) ਅਡੋਲ ਹੋ ਜਾਂਦਾ ਹੈ । ੬ ।

ਸਲੋਕ ਮ: ੩ ॥ ਸਭਨਾ ਕਾ ਪਿਰੁ ਏਕੁ ਹੈ ਪਿਰ ਬਿਨੁ ਖਾਲੀ ਨਾਹਿ ॥ ਨਾਨਕ ਸੇ ਸੋਹਾਗਣੀ ਜਿ ਸਤਿਗੁਰ ਮਾਹਿ ਸਮਾਹਿ ॥ ੧ ॥

ਅਰਥ :–ਸਭ ਜੀਵ ਇਸਤ੍ਰੀਆਂ ਦਾ ਖਸਮ ਇੱਕ ਪ੍ਰਭੂ ਹੈ, ਕੋਈ ਐਸੀ ਨਹੀਂ ਜਿਸ ਦੇ ਸਿਰ ਉਤੇ ਖਸਮ ਨਾਹ ਹੋਵੇ । ਪਰ, ਹੇ ਨਾਨਕ ! ਸੁਹਾਗ-ਭਾਗ ਵਾਲੀਆਂ ਉਹ ਹਨ ਜੋ ਸਤਿਗੁਰੂ ਵਿਚ ਲੀਨ ਹਨ । ੧ ।

ਮ: ੩ ॥ ਮਨ ਕੇ ਅਧਿਕ ਤਰੰਗ, ਕਿਉ ਦਰਿ ਸਾਹਿਬ ਛੁਟੀਐ ॥ ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥ ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥ ੨ ॥

ਅਰਥ :–(ਜਿਤਨਾ ਚਿਰ) ਮਨ ਦੀਆਂ ਕਈ ਲਹਿਰਾਂ ਹਨ (ਭਾਵ, ਤ੍ਰਿਸ਼ਨਾ ਦੀਆਂ ਕਈ ਲਹਿਰਾਂ ਮਨ ਵਿਚ ਉੱਠ ਰਹੀਆਂ ਹਨ, ਉਤਨਾ ਚਿਰ) ਮਾਲਕ ਦੀ ਹਜ਼ੂਰੀ

ਵਿਚ ਸੁਰਖ਼ਰੂ ਨਹੀਂ ਹੋ ਸਕੀਦਾ। ਜੇ ਬੇਅੰਤ ਪ੍ਰਭੂ ਦੇ ਗੂੜ੍ਹੇ ਪਿਆਰ ਵਿਚ, ਸਦਾ ਥਿਰ ਰਹਣ ਵਾਲੇ ਰੰਗ ਵਿਚ ਮਨ ਮਸਤ ਰਹੇ, ਜੇ ਚਿੱਤ ਸਦਾ-ਥਿਰ ਪ੍ਰਭੂ ਵਿਚ ਜੁੜਿਆ ਰਹੇ, ਤਾਂ, ਹੇ ਨਾਨਕ! ਗੁਰੂ ਦੀ ਮਿਹਰ ਨਾਲ ਸੁਰਖ਼ਰੂ ਹੋਈਦਾ ਹੈ। ੨।

ਪਉੜੀ॥ ਹਰਿ ਕਾ ਨਾਮੁ ਅਮੋਲੁ ਹੈ ਕਿਉ ਕੀਮਤਿ ਕੀਜੈ॥ ਆਪੇ ਸ੍ਰਿਸਟਿ ਸਭ ਸਾਜੀਅਨੁ ਆਪੇ ਵਰਤੀਜੈ॥ ਗੁਰਮੁਖਿ ਸਦਾ ਸਲਾਹੀਐ ਸਚੁ ਕੀਮਤਿ ਕੀਜੈ॥ ਗੁਰ ਸਬਦੀ ਕਮਲੁ ਬਿਗਾਸਿਆ ਇਵ ਹਰਿ ਰਸੁ ਪੀਜੈ॥ ਆਵਣ ਜਾਣਾ ਠਾਕਿਆ ਸੁਖਿ ਸਹਜਿ ਸਵੀਜੈ॥ ੭॥

ਪਦ ਅਰਥ :—ਕਿਉ......ਕੀਜੈ—ਕਿਵੇਂ ਮੁੱਲ ਪਾਇਆ ਜਾ ਸਕੇ? ਮੁੱਲ ਨਹੀਂ ਕੀਤਾ ਜਾ ਸਕਦਾ, 'ਨਾਮ' ਦੇ ਸਾਵੇਂ ਮੁੱਲ ਦੀ ਕੋਈ ਚੀਜ਼ ਪੇਸ਼ ਨਹੀਂ ਕੀਤੀ ਜਾ ਸਕਦੀ। ਸਾਜੀਅਨੁ—ਸਾਜੀ ਹੈ ਉਸ (ਪ੍ਰਭੂ) ਨੇ। ਇਵ—ਇਸ ਤਰ੍ਹਾਂ। ਸਹਜਿ—'ਸਹਜ' ਵਿਚ, ਸ਼ਾਂਤ ਅਵਸਥਾ ਵਿਚ।

ਅਰਥ :—(ਧਰਤੀ ਦੇ ਮਾਲਕ ਰਾਜਿਆਂ ਦੇ ਟਾਕਰੇ ਤੇ) ਪ੍ਰਭੂ ਦਾ ਨਾਮ ਇਕ ਐਸੀ ਵਸਤ ਹੈ ਜਿਸ ਦਾ ਮੁੱਲ ਨਹੀਂ ਪੈ ਸਕਦਾ, ਜਿਸ ਦੇ ਸਾਵੇਂ ਮੁੱਲ ਦੀ ਕੋਈ ਚੀਜ਼ ਨਹੀਂ ਦੱਸੀ ਜਾ ਸਕਦੀ, (ਪ੍ਰਭੂ ਦੇ ਨਾਮ ਦੇ ਸਾਵੇਂ ਮੁੱਲ ਦੀ ਚੀਜ਼ ਹੋਵੇ ਭੀ ਕਿਵੇਂ? ਕਿਉਂਕਿ) ਉਸ ਨੇ ਆਪ ਹੀ ਸਾਰੀ ਸ੍ਰਿਸ਼ਟੀ ਬਣਾਈ ਹੈ ਤੇ ਆਪ ਹੀ ਇਸ ਵਿਚ ਹਰ ਥਾਂ ਮੌਜੂਦ ਹੈ। (ਹਾਂ,) ਗੁਰੂ ਦੇ ਸਨਮੁਖ ਹੋ ਕੇ ਸਦਾ ਸਿਫ਼ਤਿ ਸਾਲਾਹ ਕਰੀਏ (ਬੱਸ, ਇਹ) ਸਿਮਰਨ ਹੀ ('ਨਾਮ' ਦੀ ਪ੍ਰਾਪਤੀ ਲਈ) ਮੁੱਲ ਕੀਤਾ ਜਾ ਸਕਦਾ ਹੈ, (ਕਿਉਂਕਿ) ਗੁਰੂ ਦੇ ਸਬਦ ਦੀ ਰਾਹੀਂ ਹਿਰਦਾ-ਕੌਲ ਖਿੜਦਾ ਹੈ ਤੇ ਇਸ ਤਰ੍ਹਾਂ ਨਾਮ-ਰਸ ਪੀਵੀਦਾ ਹੈ, (ਜਗਤ ਵਿਚ) ਆਉਣ ਜਾਣ ਦਾ ਗੇੜ ਮੁੱਕ ਜਾਂਦਾ ਹੈ ਤੇ ਸੁਖ ਵਿਚ ਅਡੋਲ ਅਵਸਥਾ ਵਿਚ ਲੀਨ ਹੋ ਜਾਈਦਾ ਹੈ। ੭।

ਸਲੋਕੁ ਮ: ੧॥ ਨਾ ਮੈਲਾ ਨਾ ਧੁੰਧਲਾ ਨਾ ਭਗਵਾ ਨਾ ਕਚੁ॥ ਨਾਨਕ ਲਾਲੋ ਲਾਲੁ ਹੈ ਸਚੈ ਰਤਾ ਸਚੁ॥ ੧॥

ਪਦ ਅਰਥ :—ਮੈਲਾ—ਵਿਕਾਰਾਂ ਨਾਲ ਲਿਬੜਿਆ ਹੋਇਆ। ਧੁੰਧਲਾ—ਜਿਸ ਦੀਆਂ ਅੱਖਾਂ ਅੱਗੇ ਧੁੰਧ ਜਿਹੀ ਆਈ ਰਹੇ, ਜਿਸ ਨੂੰ ਸਾਫ਼ ਨਾਹ ਦਿੱਸੇ। ਨਾ ਧੁੰਧਲਾ—ਜਿਸ ਦੀ ਨਿਗਾਹ ਸਾਫ਼ ਹੋਵੇ, ਜਿਸ ਨੂੰ ਹਰ ਥਾਂ ਪਰਮਾਤਮਾ ਸਾਫ਼ ਪਿਆ ਦਿੱਸੇ। ਭਗਵਾ—ਭੇਖ ਦਾ ਰੰਗ। ਨਾ ਭਗਵਾ—ਜਿਸ ਨੂੰ ਕਿਸੇ ਭੇਖ ਦੀ ਲੋੜ ਨਾਹ ਹੋਵੇ। ਕਚੁ—ਨਾਸਵੰਤ ਜਗਤ ਦਾ ਮੋਹ। ਲਾਲੋ ਲਾਲੁ—ਲਾਲ ਹੀ ਲਾਲ, ਪਰਮਾਤਮਾ ਦੇ ਪ੍ਰੇਮ-ਰੰਗ ਨਾਲ ਗੂੜ੍ਹਾ ਰੰਗਿਆ ਹੋਇਆ। ਸਚੈ—ਸਦਾ-ਥਿਰ ਹਰਿ-ਨਾਮ ਵਿਚ। ਰਤਾ—ਰੰਗਿਆ

ਹੋਇਆ। ਸਚੁ—ਸਦਾ-ਥਿਰ (ਪ੍ਰਭੂ ਦਾ ਰੂਪ)। ੧।

ਅਰਥ :—ਹੇ ਨਾਨਕ! (ਆਖ—ਹੇ ਭਾਈ! ਜਿਹੜਾ ਮਨੁੱਖ) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ (ਦੇ ਨਾਮ) ਵਿਚ ਰੰਗਿਆ ਰਹਿੰਦਾ ਹੈ ਉਹ ਸਦਾ-ਥਿਰ ਪ੍ਰਭੂ (ਦਾ ਰੂਪ ਹੀ) ਹੋ ਜਾਂਦਾ ਹੈ, (ਉਸ ਦਾ ਮਨ ਪਰਮਾਤਮਾ ਦੇ ਪ੍ਰੇਮ-ਰੰਗ ਨਾਲ) ਗੂੜ੍ਹਾ ਰੰਗਿਆ ਜਾਂਦਾ ਹੈ। (ਹੇ ਭਾਈ! ਉਸ ਦਾ ਮਨ) ਵਿਕਾਰਾਂ ਨਾਲ ਨਹੀਂ ਲਿੱਬੜਦਾ, ਉਸ ਦੀ ਨਿਗਾਹ ਧੁੰਧਲੀ ਨਹੀਂ ਹੁੰਦੀ (ਭਾਵ, ਉਸ ਨੂੰ ਹਰ ਥਾਂ ਪਰਮਾਤਮਾ ਸਾਫ਼ ਪਿਆ ਦਿੱਸਦਾ ਹੈ) ਉਸ ਨੂੰ ਕਿਸੇ ਭੇਖ ਆਦਿਕ ਦੀ ਤਾਂਘ ਨਹੀਂ ਹੁੰਦੀ, ਨਾਸਵੰਤ ਜਗਤ ਦਾ ਮੋਹ ਭੀ ਉਸ ਨੂੰ ਨਹੀਂ ਵਿਆਪਦਾ। ੧।

ਮ: ੩ ॥ ਸਹਜਿ ਵਣਸਪਤਿ ਫੁਲੁ ਫਲੁ ਭਵਰੁ ਵਸੈ ਭੈ ਖੰਡਿ ॥ ਨਾਨਕ ਤਰਵਰੁ ਏਕੁ ਹੈ ਏਕੋ ਫੁਲੁ ਭਿਰੰਗੁ ॥ ੨ ॥

ਪਦ ਅਰਥ :—ਸਹਜਿ—ਆਤਮਕ ਅਡੋਲਤਾ ਵਿਚ। ਵਸੈ—ਵੱਸਦਾ ਹੈ। ਭੈ—ਸਾਰੇ ਡਰ [ਬਹੁ ਵਚਨ]। ਖੰਡਿ—ਨਾਸ ਕਰ ਕੇ। ਤਰਵਰੁ—[ਤਰੁ-ਵਰ] ਸ੍ਰੇਸ਼ਟ ਰੁੱਖ। ਭਿਰੰਗੁ —ਭੌਰਾ [ਭ੍ਰਿੰਗ]। ੨।

ਅਰਥ :—ਹੇ ਨਾਨਕ! (ਆਖ—ਹੇ ਭਾਈ! ਜਿਵੇਂ ਪੰਛੀਆਂ ਦੇ ਰੈਣ-ਬਸੇਰੇ ਵਾਸਤੇ ਰੁੱਖ ਆਸਰਾ ਹੈ, ਤਿਵੇਂ ਜਿਹੜਾ ਜੀਵ-) ਭੌਰਾ ਸਿਰਫ਼ ਪਰਮਾਤਮਾ ਨੂੰ ਹੀ ਆਸਰਾ-ਸਹਾਰਾ ਸਮਝਦਾ ਹੈ (ਜੋ ਭੌਰਿਆਂ ਵਾਂਗ ਹਰੇਕ ਫੁੱਲ ਦੀ ਸੁਗੰਧੀ ਨਹੀਂ ਲੈਂਦਾ ਫਿਰਦਾ, ਸਗੋਂ ਪਰਮਾਤਮਾ ਦੀ ਸਿਫ਼ਤਿ ਸਾਲਾਹ-ਰੂਪ) ਫੁੱਲ (ਦੀ ਸੁਗੰਧੀ ਹੀ) ਮਾਣਦਾ ਹੈ, ਉਹ ਜੀਵ-ਭੌਰਾ (ਦੁਨੀਆ ਦੇ) ਸਾਰੇ ਡਰ ਨਾਸ ਕਰ ਕੇ (ਸਦਾ) ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਬਨਸਪੱਤੀ ਦਾ ਹਰੇਕ ਫੁੱਲ ਹਰੇਕ ਫਲ (ਜਗਤ ਦਾ ਹਰੇਕ ਮਨ-ਮੋਹਣਾ ਪਦਾਰਥ ਉਸ ਨੂੰ ਮਾਇਆ ਦੀ ਭਟਕਣਾ ਵਿਚ ਪਾਣ ਦੇ ਥਾਂ) ਆਤਮਕ ਅਡੋਲਤਾ ਵਿਚ ਟਿਕਾਂਦਾ ਹੈ। ੨।

ਪਉੜੀ ॥ ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥ ਹਰਿ ਸੇਤੀ ਸਦਾ ਮਿਲਿ ਰਹੇ ਜਿਨੀ ਆਪੁ ਪਛਾਨਾ ॥ ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥ ਜਿਨ ਗੁਰ ਪਰਸਾਦੀ ਮਨੁ ਜੀਤਿਆ ਜਗੁ ਤਿਨਹਿ ਜਿਤਾਨਾ ॥ ੮ ॥

ਅਰਥ :—ਜੋ ਮਨੁੱਖ (ਆਪਣੇ) ਮਨ ਨਾਲ ਲੜਦੇ ਹਨ ਉਹ ਸੂਰਮੇ ਇਨਸਾਨ ਬਣਦੇ ਹਨ ਉਹ ਮੰਨੇ-ਪ੍ਰਮੰਨੇ ਜਾਂਦੇ ਹਨ; ਜਿੰਨ੍ਹਾਂ ਨੇ ਆਪਣੇ ਆਪ ਨੂੰ ਪਛਾਣਿਆ ਹੈ

ਉਹ ਸਦਾ ਰੱਬ ਨਾਲ ਮਿਲੇ ਰਹਿੰਦੇ ਹਨ, ਗਿਆਨਵਾਨ ਬੰਦਿਆਂ ਦੀ ਵਡਿਆਈ ਹੀ ਇਹ ਹੈ (ਭਾਵ, ਇਸੇ ਗੱਲ ਵਿਚ ਵਡਿਆਈ ਹੈ) ਕਿ ਉਹ ਮਨ ਵਿਚ ਟਿਕੇ ਰਹਿੰਦੇ ਹਨ (ਭਾਵ, ਮਾਇਆ ਦੇ ਪਿੱਛੇ ਭਟਕਣ ਦੇ ਥਾਂ ਅੰਦਰ ਵਲ ਪਰਤੇ ਰਹਿੰਦੇ ਹਨ); (ਇਸ ਤਰ੍ਹਾਂ) ਸੁਰਤਿ ਜੋੜ ਕੇ ਉਹਨਾਂ ਨੂੰ ਰੱਬ ਦਾ ਘਰ ਲੱਭ ਪੈਂਦਾ ਹੈ, ਰੱਬ ਮਿਲ ਪੈਂਦਾ ਹੈ।

(ਸੋ) ਜਿਨ੍ਹਾਂ ਨੇ ਗੁਰੂ ਦੀ ਮਿਹਰ ਨਾਲ ਆਪਣੇ ਮਨ ਨੂੰ ਜਿੱਤਿਆ ਹੈ ਉਹਨਾਂ ਨੇ ਜਗਤ ਜਿੱਤ ਲਿਆ ਹੈ ।੮।

ਸਲੋਕੁ ਮ: ੩ ॥ ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ॥ ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰੁ ਦੇਉ ॥ ਭਿਖਿਆ ਨਾਮੁ ਸੰਤੋਖੁ ਮੜੀ ਸਦਾ ਸਚੁ ਹੈ ਨਾਲਿ ॥ ਭੇਖੀ ਹਾਥ ਨ ਲਧੀਆ ਸਭ ਬਧੀ ਜਮ ਕਾਲਿ ॥ ਨਾਨਕ ਗਲਾ ਝੂਠੀਆ ਸਚਾ ਨਾਮੁ ਸਮਾਲਿ ॥ ੧ ॥

ਪਦ ਅਰਥ :–ਘਰਿ–ਘਰ ਵਿਚ। ਘਰਿ ਘਰਿ–ਹਰੇਕ ਘਰ ਵਿਚ। ਭੀਖਿਆ–ਖੈਰ। ਕਿਸੁ ਕਿਸੁ ਉਤਰੁ–ਕੇਹੜੀ ਕੇਹੜੀ (ਕਰਤੂਤ) ਦਾ ਉੱਤਰ। ਮੜੀ–ਮਠ,ਕੁਟੀਆ। ਕਾਲਿ–ਕਾਲ ਨੇ। ਹਾਥ–ਡੂੰਘਾਈ, ਅਸਲੀਅਤ, ਜ਼ਿੰਦਗੀ ਦਾ ਅਸਲ ਰਾਹ।

ਅਰਥ :–ਜੇ ਮੈਂ ਜੋਗੀ ਬਣ ਜਾਵਾਂ, ਜਗਤ ਵਿਚ ਭੌਂਦਾ ਫਿਰਾਂ ਤੇ ਘਰ ਘਰ ਤੋਂ (ਨਿਰਾ) ਖੈਰ ਹੀ ਲੈਂਦਾ ਰਹਾਂ (ਤੇ ਆਪਣੀਆਂ ਕਰਤੂਤਾਂ ਵਲ ਵੇਖਾਂ ਹੀ ਨਾਹ, ਤਾਂ) ਪ੍ਰਭੂ ਦੀ ਹਜ਼ੂਰੀ ਵਿਚ (ਤਾਂ ਅਮਲਾਂ ਦਾ) ਲੇਖਾ ਮੰਗੀਦਾ ਹੈ ਮੈਂ ਕਿਸ ਕਿਸ ਕਰਤੂਤ ਦਾ ਜਵਾਬ ਦਿਆਂਗਾ ? (ਜਿਸ ਮਨੁੱਖ ਨੇ) ਪ੍ਰਭੂ ਦੇ ਨਾਮ ਨੂੰ ਭਿੱਛਿਆ ਬਣਾਇਆ ਹੈ ਸੰਤੋਖ ਨੂੰ ਕੁਟੀਆ ਬਣਾਇਆ ਹੈ ਰੱਬ ਸਦਾ ਉਸ ਦੇ ਨਾਲ ਵੱਸਦਾ ਹੈ।

ਭੇਖਾਂ ਨਾਲ ਕਦੇ ਕਿਸੇ ਨੂੰ ਅਸਲੀਅਤ ਨਹੀਂ ਲੱਭੀ, ਸਾਰੀ ਸ੍ਰਿਸ਼ਟੀ ਜਮਕਾਲ ਨੇ ਬੰਨ੍ਹ ਰੱਖੀ ਹੈ। ਹੇ ਨਾਨਕ ! ਪ੍ਰਭੂ ਦਾ ਨਾਮ ਹੀ ਯਾਦ ਕਰ, ਇਸ ਤੋਂ ਛੁਟ ਹੋਰ ਗੱਲਾਂ ਕੂੜੀਆਂ ਹਨ ।੧।

ਮ: ੩ ॥ ਜਿਤੁ ਦਰਿ ਲੇਖਾ ਮੰਗੀਐ ਸੋ ਦਰੁ ਸੇਵਿਹੁ ਨ ਕੋਇ ॥ ਐਸਾ ਸਤਿਗੁਰੁ ਲੋੜਿ ਲਹੁ ਜਿਸੁ ਜੇਵਡੁ ਅਵਰੁ ਨ ਕੋਇ ॥ ਤਿਸੁ ਸਰਣਾਈ ਛੂਟੀਐ ਲੇਖਾ ਮੰਗੈ ਨ ਕੋਇ ॥ ਸਚੁ ਦ੍ਰਿੜਾਏ ਸਚੁ ਦ੍ਰਿੜੁ ਸਚਾ ਓਹੁ ਸਬਦੁ ਦੇਇ ॥ ਹਿਰਦੈ ਜਿਸ ਦੈ ਸਚੁ ਹੈ ਤਨੁ ਮਨੁ ਭੀ ਸਚਾ ਹੋਇ ॥ ਨਾਨਕ ਸਚੈ ਹੁਕਮਿ ਮੰਨਿਐ ਸਚੀ ਵਡਿਆਈ ਦੇਇ ॥ ਸਚੇ ਮਾਹਿ ਸਮਾਵਸੀ

ਜਿਸ ਨੋ ਨਦਰਿ ਕਰੇਇ ॥ ੨ ॥

ਪਦ ਅਰਥ :–ਜਿਤੁ ਦਰਿ–ਜਿਸ ਦਰ ਤੇ [ਨੋਟ–ਇਸ ਦੇ ਟਾਕਰੇ ਤੇ ਗਹੁ ਨਾਲ ਵੇਖੋ 'ਜਿਸੁ ਦਰਿ'; ਇਸ ਦਾ ਅਰਥ ਹੈ ਜਿਸ ਦੇ ਦਰ ਤੇ]। ਦ੍ਰਿੜਾਇ–ਪੱਕਾ ਕਰਦਾ ਹੈ, ਪੱਕੀ ਗੰਢ ਬਨ੍ਹਾਂਦਾ ਹੈ। ਦ੍ਰਿੜੁ–ਦ੍ਰਿੜ (ਕਰਦਾ ਹੈ), ਪੱਲੇ ਬੰਨ੍ਹਦਾ ਹੈ। ਹੁਕਮਿ ਮੰਨਿਐ–[Locative Absolute] ਜੇ ਹੁਕਮ ਮੰਨ ਲਈਏ, ਹੁਕਮ ਮੰਨ ਲਿਆਂ।

ਅਰਥ :–(ਹੇ ਭਾਈ !) ਜਿਸ ਬੂਹੇ ਤੇ (ਬੈਠਿਆਂ, ਕੀਤੇ ਕਰਮਾਂ ਦਾ) ਲੇਖਾ (ਫਿਰ ਭੀ) ਮੰਗਿਆ ਜਾਣਾ ਹੈ ਉਹ ਬੂਹਾ ਕੋਈ ਨਾਹ ਮੱਲਿਓ। ਐਸਾ ਗੁਰੂ ਲੱਭੋ ਜਿਸ ਵਰਗਾ ਹੋਰ ਨਾਹ ਲੱਭ ਸਕੇ, ਉਸ ਗੁਰੂ ਦੀ ਸਰਨ ਪਿਆਂ (ਕਰਮਾਂ ਦੇ ਗੇੜ ਤੋਂ) ਮੁਕਤ ਹੋਈਦਾ ਹੈ (ਫਿਰ ਕਿਸੇ ਕਰਮਾਂ ਦਾ) ਲੇਖਾ ਕੋਈ ਨਹੀਂ ਮੰਗਦਾ (ਕਿਉਂਕਿ) ਉਹ ਗੁਰੂ ਆਪ ਪ੍ਰਭੂ ਦਾ ਨਾਮ ਪੱਲੇ ਬੰਨ੍ਹਦਾ ਹੈ (ਸਰਨ ਆਇਆਂ ਦੇ) ਪੱਲੇ ਬਨ੍ਹਾਂਦਾ ਹੈ ਤੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਦੇਂਦਾ ਹੈ।

ਜਿਸ ਮਨੁੱਖ ਦੇ ਹਿਰਦੇ ਵਿਚ ਰੱਬ ਆ ਵੱਸਦਾ ਹੈ ਉਸ ਦਾ ਸਰੀਰ ਭੀ ਉਸ ਦਾ ਮਨ ਭੀ ਰੱਬ ਦੇ ਪਿਆਰ ਵਿਚ ਰੰਗਿਆ ਜਾਂਦਾ ਹੈ। ਹੇ ਨਾਨਕ ! ਜੇ ਪ੍ਰਭੂ ਦੀ ਰਜ਼ਾ ਮੰਨ ਲਈਏ ਤਾਂ ਉਹ ਸੱਚੀ ਵਡਿਆਈ ਬਖ਼ਸ਼ਦਾ ਹੈ; ਪਰ, ਉਹੀ ਮਨੁੱਖ ਆਪਣਾ ਆਪ ਪ੍ਰਭੂ ਵਿਚ ਲੀਨ ਕਰਦਾ ਹੈ ਜਿਸ ਉਤੇ ਉਹ ਆਪ ਮਿਹਰ ਦੀ ਨਜ਼ਰ ਕਰਦਾ ਹੈ। ੨।

ਪਉੜੀ ॥ ਸੂਰੇ ਏਹਿ ਨ ਆਖੀਅਹਿ ਅਹੰਕਾਰਿ ਮਰਹਿ ਦੁਖੁ ਪਾਵਹਿ॥ ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥ ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥ ਅਹੰਕਾਰਿ ਮੁਏ ਸੇ ਵਿਗਤੀ ਗਏ ਮਰਿ ਜਨਮਹਿ ਫਿਰਿ ਆਵਹਿ ॥ ੯ ॥

ਪਦ ਅਰਥ :–ਦੂਜੈ–ਦੂਜੇ ਵਿਚ, ਰੱਬ ਨੂੰ ਛੱਡ ਕੇ ਹੋਰ ਵਿਚ, ਮਾਇਆ ਦੇ ਮੋਹ ਵਿਚ। ਅਗੈ ਪਿਛੈ–ਸਹੁਰੇ ਪੇਕੇ, ਪਰਲੋਕ ਵਿਚ ਤੇ ਇਸ ਲੋਕ ਵਿਚ। ਵਿਗਤੀ–ਬੇ-ਗਤੇ।

ਅਰਥ :–ਜੋ ਮਨੁੱਖ ਅਹੰਕਾਰ ਵਿਚ ਮਰਦੇ ਹਨ (ਖਪਦੇ ਹਨ) ਤੇ ਦੁੱਖ ਪਾਂਦੇ ਹਨ ਉਹਨਾਂ ਨੂੰ ਸੂਰਮੇ ਨਹੀਂ ਆਖੀਦਾ, ਉਹ (ਅਹੰਕਾਰੀ) ਅੰਨ੍ਹੇ ਆਪਣਾ ਅਸਲਾ ਨਹੀਂ ਪਛਾਣਦੇ ਤੇ ਮਾਇਆ ਦੇ ਮੋਹ ਵਿਚ ਖ਼ੁਆਰ ਹੁੰਦੇ ਹਨ, ਬੜੇ ਕ੍ਰੋਧ ਵਿਚ ਆ ਕੇ (ਦੂਜਿਆਂ ਨਾਲ) ਲੜਦੇ ਹਨ ਤੇ ਇਸ ਲੋਕ ਤੇ ਪਰਲੋਕ ਵਿਚ ਦੁੱਖ ਹੀ ਪਾਂਦੇ ਹਨ।

ਵੇਦ ਆਦਿਕ ਧਰਮ-ਪੁਸਤਕ ਭੀ ਪੁਕਾਰ ਕੇ ਕਹਿ ਰਹੇ ਹਨ ਕਿ ਰੱਬ ਨੂੰ ਅਹੰ-ਕਾਰ ਚੰਗਾ ਨਹੀਂ ਲੱਗਦਾ। ਜੋ ਮਨੁੱਖ ਅਹੰਕਾਰ ਵਿਚ ਹੀ ਮਰਦੇ ਰਹੇ ਉਹ ਬੇ-ਗਤੇ ਹੀ ਗਏ (ਉਹਨਾਂ ਦਾ ਜੀਵਨ ਨਾਹ ਸੁਧਰਿਆ), ਉਹ ਮੁੜ ਮੁੜ ਮਰਦੇ ਜੰਮਦੇ ਰਹਿੰਦੇ ਹਨ। ੯।

ਸਲੋਕੁ ਮ: ੩ ॥ ਕਾਗਉ ਹੋਇ ਨ ਊਜਲਾ ਲੋਹੇ ਨਾਵ ਨ ਪਾਰੁ ॥ ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ ॥ ਹੁਕਮੁ ਪਛਾਣੈ ਊਜਲਾ ਸਿਰਿ ਕਾਸਟ ਲੋਹਾ ਪਾਰਿ ॥ ਤ੍ਰਿਸਨਾ ਛੋਡੈ ਭੈ ਵਸੈ ਨਾਨਕ ਕਰਣੀ ਸਾਰੁ ॥ ੧ ॥

ਪਦ ਅਰਥ :—ਕਾਗਉ—ਕਾਗ ਤੋਂ। ਪਾਰੁ—ਪਾਰਲਾ ਬੰਨਾ। ਪਿਰਮ ਪਦਾਰਥੁ—ਪਿਆਰੇ (ਪ੍ਰਭੂ) ਦਾ ਨਾਮ। ਧੰਨੁ ਸਵਾਰਣਹਾਰੁ—ਸ਼ਾਬਾਸ਼ੇ ਉਸ ਦੇ ਸਵਾਰਨ ਵਾਲੇ (ਗੁਰੂ) ਨੂੰ। ਸਿਰਿ ਕਾਸਟ—ਲੱਕੜ ਦੇ ਸਿਰ ਤੇ (ਚੜ੍ਹ ਕੇ)। ਭੈ—ਭਉ ਵਿਚ। ਸਾਰੁ—ਚੰਗੀ।

ਅਰਥ :—ਕਾਂ ਤੋਂ ਚਿੱਟਾ (ਹੰਸ) ਨਹੀਂ ਬਣ ਸਕਦਾ, ਲੋਹੇ ਦੀ ਬੇੜੀ (ਨਦੀ ਦਾ) ਪਾਰਲਾ ਕੰਢਾ ਨਹੀਂ ਲੱਭ ਸਕਦੀ; ਪਰ ਸ਼ਾਬਾਸੇ ਉਸ ਸਵਾਰਨ ਵਾਲੇ (ਗੁਰੂ) ਨੂੰ (ਜਿਸ ਦੀ ਮਤਿ ਲੈ ਕੇ ਕਾਂ ਵਰਗੇ ਕਾਲੇ ਮਨ ਵਾਲਾ ਭੀ) ਪਰਮਾਤਮਾ ਦਾ ਨਾਮ ਅੰਗੀ-ਕਾਰ ਕਰਦਾ ਹੈ, ਹੁਕਮ ਪਛਾਣਦਾ ਹੈ ਤਾਂ (ਕਾਂ ਤੋਂ) ਹੰਸ ਬਣ ਜਾਂਦਾ ਹੈ (ਜਿਵੇਂ) ਲੱਕੜ ਦੇ ਆਸਰੇ ਲੋਹਾ (ਨਦੀ ਦੇ) ਪਾਰਲੇ ਕੰਢੇ ਜਾ ਲੱਗਦਾ ਹੈ; (ਗੁਰੂ ਦੇ ਆਸਰੇ) ਹੇ ਨਾਨਕ! ਉਹ ਤ੍ਰਿਸ਼ਨਾ ਤਿਆਗਦਾ ਹੈ ਤੇ ਰੱਬ ਦੇ ਡਰ ਵਿਚ ਜੀਊਂਦਾ ਹੈ, (ਬੱਸ !) ਇਹੀ ਕਰਣੀ ਸਭ ਤੋਂ ਚੰਗੀ ਹੈ। ੧।

ਮ: ੩ ॥ ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥ ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥ ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥ ਨਾਨਕ ਮਨ ਹੀ ਕਉ ਮਨੁ ਮਾਰਸੀ ਜੇ ਸਤਿਗੁਰੁ ਭੇਟੈ ਸੋਇ ॥ ੨ ॥

ਪਦ ਅਰਥ :—ਮਾਰੂ—ਮਾਰੂਥਲੇ ਵਿਚ, ਭਾਵ, ਜੰਗਲ ਬਿਆਬਾਨ ਵਿਚ। ਸਭੁ ਕੋਇ—ਹਰੇਕ ਜੀਵ। ਭੇਟੈ—ਮਿਲ ਪਏ। ਸੋਇ—ਉਹ (ਭਾਵ, ਸਮਰੱਥ)।

ਅਰਥ :—ਜੋ ਮੂਰਖ ਬਾਹਰ ਜੰਗਲਾਂ ਵਿਚ ਮਨ ਨੂੰ ਮਾਰਨ ਵਾਸਤੇ ਗਏ ਉਹ ਮਾਰ ਨ ਸਕੇ; ਹੇ ਨਾਨਕ ! ਜੇ ਇਹ ਮਨ ਵੱਸ ਕੀਤਾ ਜਾ ਸਕਦਾ ਹੈ ਤਾਂ ਗੁਰੂ ਦੇ ਸ਼ਬਦ ਵਿਚ ਵਿਚਾਰ ਕੀਤਿਆਂ ਹੀ ਵੱਸ ਕੀਤਾ ਜਾ ਸਕਦਾ ਹੈ, (ਨਹੀਂ ਤਾਂ ਉਂਞ)

ਭਾਵੇਂ ਕੋਈ ਕਿਤਨੀ ਹੀ ਤਾਂਘ ਕਰੇ ਇਹ ਮਨ ਜਤਨ ਕੀਤਿਆਂ ਵੱਸ ਵਿਚ ਨਹੀਂ ਆਉਂਦਾ।

ਹੇ ਨਾਨਕ! ਜੇ ਸਮਰੱਥ ਗੁਰੂ ਮਿਲ ਪਏ ਤਾਂ ਮਨ ਹੀ ਮਨ ਨੂੰ ਮਾਰ ਲੈਂਦਾ ਹੈ (ਭਾਵ, ਗੁਰੂ ਦੀ ਸਹੈਤਾ ਨਾਲ ਅੰਦਰ ਵਲ ਪਰਤਿਆਂ ਮਨ ਵੱਸ ਵਿਚ ਆ ਜਾਂਦਾ ਹੈ)।੨।

ਪਉੜੀ ॥ ਦੋਵੈ ਤਰਫਾ ਉਪਾਈਓਨੁ ਵਿਚਿ ਸਕਤਿ ਸਿਵ ਵਾਸਾ ॥ ਸਕਤੀ ਕਿਨੈ ਨ ਪਾਇਓ ਫਿਰਿ ਜਨਮਿ ਬਿਨਾਸਾ ॥ ਗੁਰਿ ਸੇਵਿਐ ਸਾਤਿ ਪਾਈਐ ਜਪਿ ਸਾਸ ਗਿਰਾਸਾ ॥ ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ ਦਾਸਾ ॥ ਨਾਨਕ ਨਾਮ ਬਿਨਾ ਕੋ ਥਿਰੁ ਨਹੀ ਨਾਮੇ ਬਲਿ ਜਾਸਾ ॥ ੧੦ ॥

ਨੋਟ—ਵੇਖੋ ਮਲਾਰ ਕੀ ਵਾਰ ਮ: ੧ ਪਉੜੀ ਨੰ. ੫। ਗੁਰੂ ਅਮਰਦਾਸ ਜੀ ਨੇ ਇਹ ਖ਼ਿਆਲ ਉਥੋਂ ਲਿਆ ਹੈ।

ਪਦ ਅਰਥ :—ਦੋਵੈ ਤਰਫਾ—(ਵੇਖੋ ਪਉੜੀ ਨੰ: ੬, ੭, ੮, ੯) ਮਨ ਨੂੰ ਜਿੱਤਣ ਵਾਲੇ ਸੂਰਮੇ ਤੇ ਮਾਇਆ ਦੀ ਖ਼ਾਤਰ ਲੜਨ ਵਾਲੇ ਦੋਵੇ ਪਾਸੇ। ਵਿਚਿ—(ਇਸ ਸ੍ਰਿਸ਼ਟੀ) ਵਿਚ। ਸਕਤਿ—ਮਾਇਆ। ਸਿਵ—ਆਤਮਾ। ਗਿਰਾਸਾ—ਗਿਰਾਹੀ। ਸਾਸ ਗਿਰਾਸਾ—(ਭਾਵ,) ਖਾਂਦਿਆਂ ਪੀਂਦਿਆਂ।

ਅਰਥ :—ਇਸ ਸ੍ਰਿਸ਼ਟੀ ਵਿਚ ਮਾਇਆ ਤੇ ਆਤਮਾ (ਦੋਹਾਂ ਦਾ) ਵਾਸ ਹੈ (ਇਹਨਾਂ ਦੇ ਅਸਰ ਹੇਠ ਕੋਈ ਅਹੰਕਾਰ ਵਿਚ ਦੂਜਿਆਂ ਨਾਲ ਲੜਦੇ ਹਨ ਤੇ ਕੋਈ ਨਾਮ ਦੇ ਧਨੀ ਹਨ) ਇਹ ਦੋਵੇ ਪਾਸੇ ਪ੍ਰਭੂ ਨੇ ਆਪ ਹੀ ਬਣਾਏ ਹਨ। ਮਾਇਆ ਦੇ ਅਸਰ ਵਿਚ ਰਹਿ ਕੇ ਕਿਸੇ ਨੇ (ਰੱਬ) ਨਹੀਂ ਲੱਭਾ, ਮੁੜ ਮੁੜ ਜੰਮਦਾ ਮਰਦਾ ਹੈ। ਪਰ ਗੁਰੂ ਦੇ ਹੁਕਮ ਵਿਚ ਤੁਰਿਆਂ ਖਾਂਦਿਆਂ ਪੀਂਦਿਆਂ ਨਾਮ ਜਪ ਕੇ (ਹਿਰਦੇ ਵਿਚ) ਠੰਢ ਪੈਂਦੀ ਹੈ।

(ਹੇ ਭਾਈ!) ਸਿਮ੍ਰਿਤੀਆਂ ਤੇ ਸ਼ਾਸਤ੍ਰਾਂ (ਆਦਿਕ ਸਾਰੇ ਧਰਮ-ਪੁਸਤਕਾਂ ਨੂੰ ਬੇਸ਼ਕ) ਖੋਜ ਕੇ ਵੇਖ ਲਉ, ਚੰਗੇ ਮਨੁੱਖ ਉਹ ਹਨ ਜੋ ਪ੍ਰਭੂ ਦੇ ਸੇਵਕ ਹਨ। ਹੇ ਨਾਨਕ! 'ਨਾਮ' ਤੋਂ ਬਿਨਾ ਕੋਈ ਸ਼ੈ ਥਿਰ ਰਹਣ ਵਾਲੀ ਨਹੀਂ; ਮੈਂ ਸਦਕੇ ਹਾਂ ਪ੍ਰਭੂ ਦੇ ਨਾਮ ਤੋਂ।੧੦।

ਸਲੋਕੁ ਮ: ੩ ॥ ਹੋਵਾ ਪੰਡਿਤੁ ਜੋਤਕੀ ਵੇਦ ਪੜਾ ਮੁਖਿ ਚਾਰਿ ॥ ਨਵ ਖੰਡ ਮਧੇ ਪੂਜੀਆ ਅਪਣੈ ਚਜਿ ਵੀਚਾਰਿ ॥ ਮਤੁ ਸਚਾ ਅਖਰੁ

ਭੁਲਿ ਜਾਇ ਚਉਕੈ ਭਿਟੈ ਨ ਕੋਇ ॥ ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥ ੧ ॥

ਪਦ ਅਰਥ :–ਜੋਤਕੀ–ਜੋਤਸ਼ੀ । ਮੁਖਿ–ਮੂੰਹ ਨਾਲ, ਮੂੰਹੋਂ, (ਭਾਵ,) ਜ਼ਬਾਨੀ । ਨਵ ਖੰਡ–ਧਰਤੀ ਦੇ ਨੌ ਹੀ ਖੰਡਾਂ ਵਿਚ, ਸਾਰੀ ਧਰਤੀ ਤੇ । ਪੂਜੀਆ–ਪੂਜਿਆ ਜਾਵਾਂ । ਚਜਿ–ਚੱਜ ਦੇ ਕਾਰਨ, ਆਚਰਣ ਕਰਕੇ । ਵੀਚਾਰਿ–(ਚੰਗੀ) ਵਿਚਾਰ ਅਕਲ ਦੇ ਕਾਰਨ। ਮਤੁ ਭੁਲਿ ਜਾਇ–ਕਿਤੇ ਭੁੱਲ ਨਾਹ ਜਾਏ । ਭਿਟੈ–ਛੁਹ ਜਾਏ । ਸਚਾ ਅਖਰੁ–ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ । ਚਉਕੈ–ਚੌਕੇ ਵਿਚ । ਝੂਠੇ–ਨਾਸਵੰਤ । ਸਚਾ–ਸਦਾ-ਥਿਰ । ਸੋਇ–ਉਹ ਪ੍ਰਭੂ ਹੀ । ੧ ।

ਅਰਥ :–ਹੇ ਭਾਈ ! ਜੇ ਮੈਂ (ਧਰਮ-ਪੁਸਤਕਾਂ ਦਾ) ਵਿਦਵਾਨ ਬਣ ਜਾਵਾਂ, ਜੋਤਸ਼ੀ ਬਣ ਜਾਵਾਂ, ਚਾਰੇ ਵੇਦ ਮੂੰਹ-ਜ਼ਬਾਨੀ ਪੜ੍ਹ ਸਕਾਂ; ਜੇ ਆਪਣੇ ਆਚਰਨ ਦੇ ਕਾਰਨ ਆਪਣੀ ਚੰਗੀ ਅਕਲ ਦੇ ਕਾਰਨ ਸਾਰੀ ਹੀ ਧਰਤੀ ਵਿਚ ਮੇਰੀ ਇੱਜ਼ਤ ਹੋਵੇ; (ਜੇ ਮੈਂ ਬੜੀ ਸੁੱਚ ਰੱਖਾਂ ਤੇ ਖ਼ਿਆਲ ਰੱਖਾਂ ਕਿ) ਕਿਤੇ ਕੋਈ (ਨੀਵੀਂ ਜਾਤਿ ਵਾਲਾ ਮਨੁੱਖ ਮੇਰੇ) ਚੌਂਕੇ ਨੂੰ ਭਿੱਟ ਨ ਜਾਏ (ਤਾਂ ਇਹ ਸਭ ਕੁਝ ਵਿਅਰਥ ਹੀ ਹੈ) । ਹੇ ਨਾਨਕ ! ਸਾਰੇ ਚੌਂਕੇ ਨਾਸਵੰਤ ਹਨ, ਸਦਾ ਕਾਇਮ ਰਹਿਣ ਵਾਲਾ ਸਿਰਫ਼ ਪਰਮਾਤਮਾ ਦਾ ਨਾਮ ਹੀ ਹੈ (ਧਿਆਨ ਇਸ ਗੱਲ ਦਾ ਰਹਿਣਾ ਚਾਹੀਦਾ ਹੈ ਕਿ) ਕਿਤੇ ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ (ਮਨ ਤੋਂ) ਭੁੱਲ ਨਾਹ ਜਾਏ । ੧ ।

ਮ: ੩ ॥ ਆਪਿ ਉਪਾਏ ਕਰੇ ਆਪਿ ਆਪੇ ਨਦਰਿ ਕਰੇਇ ॥ ਆਪੇ ਦੇ ਵਡਿਆਈਆ ਕਹੁ ਨਾਨਕ ਸਚਾ ਸੋਇ ॥ ੨ ॥

ਅਰਥ :–ਪ੍ਰਭੂ ਆਪ ਹੀ (ਜੀਆਂ ਨੂੰ) ਪੈਦਾ ਕਰਦਾ ਹੈ (ਸਭ ਕਾਰਜ) ਆਪ-ਹੀ ਕਰਦਾ ਹੈ, ਆਪ ਹੀ (ਜੀਆਂ ਤੇ) ਮਿਹਰ ਦੀ ਨਜ਼ਰ ਕਰਦਾ ਹੈ, ਆਪ ਹੀ ਵਡਿਆਈਆਂ ਦੇਂਦਾ ਹੈ; ਆਖ, ਹੇ ਨਾਨਕ ! ਉਹ ਸਦਾ ਕਾਇਮ ਰਹਣ ਵਾਲਾ ਪ੍ਰਭੂ ਆਪ ਹੀ (ਸਭ ਕੁਝ ਕਰਨ ਦੇ ਸਮਰੱਥ) ਹੈ । ੨ ।

ਪਉੜੀ ॥ ਕੰਟਕੁ ਕਾਲੁ ਏਕੁ ਹੈ ਹੋਰੁ ਕੰਟਕੁ ਨ ਸੂਝੈ ॥ ਅਫਰਿਓ ਜਗ ਮਹਿ ਵਰਤਦਾ ਪਾਪੀ ਸਿਉ ਲੂਝੈ ॥ ਗੁਰ ਸਬਦੀ ਹਰਿ ਭੇਦੀਐ ਹਰਿ ਜਪਿ ਹਰਿ ਬੂਝੈ ॥ ਸੋ ਹਰਿ ਸਰਣਾਈ ਛੁਟੀਐ ਜੋ ਮਨ ਸਿਉ ਜੂਝੈ ॥ ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ ॥ ੧੧ ॥

ਪਦ ਅਰਥ :–ਕੰਟਕੁ–ਕੰਡਾ । ਕਾਲੁ–ਮੌਤ, ਮੌਤ ਦਾ ਸਹਮ । ਅਫਰਿਓ–ਅਮੋੜ, ਜਿਸ ਦੇ ਰਾਹ ਵਿਚ ਕੋਈ ਰੋਕ ਨ ਪਾ ਸਕੇ । ਲੂਝੈ–ਝਗੜਦਾ ਹੈ, ਅੜਦਾ ਹੈ ।

ਭੇਦੀਐ–ਵਿੱਝ ਜਾਈਦੇ ।

ਅਰਥ :–(ਮਨੁੱਖ ਲਈ) ਮੌਤ (ਦਾ ਡਰ ਹੀ) ਇਕ (ਐਸਾ) ਕੰਡਾ ਹੈ (ਜੋ ਹਰ ਵੇਲੇ ਦਿਲ ਵਿਚ ਚੁੱਭਦਾ ਹੈ) ਕੋਈ ਹੋਰ ਕੰਡਾ (ਭਾਵ, ਸਹਮ) ਇਸ ਵਰਗਾ ਨਹੀਂ ਹੈ। (ਇਹ ਮੌਤ) ਸਾਰੇ ਜਗਤ ਵਿਚ ਵਰਤ ਰਹੀ ਹੈ ਕੋਈ ਇਸ ਨੂੰ ਰੋਕ ਨਹੀਂ ਸਕਦਾ, (ਮੌਤ ਦਾ ਸਹਮ) ਵਿਕਾਰੀ ਬੰਦਿਆਂ ਨੂੰ (ਖਾਸ ਤੌਰ ਤੇ) ਅੜਦਾ ਹੈ (ਭਾਵ, ਦਬਾ ਪਾਂਦਾ ਹੈ)।

ਜੋ ਮਨੁੱਖ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ-ਨਾਮ ਵਿਚ ਪ੍ਰੋਤਾ ਜਾਂਦਾ ਹੈ ਜੋ ਆਪਣੇ ਮਨ ਦੇ ਨਾਲ ਟਾਕਰਾ ਲਾਂਦਾ ਹੈ ਉਹ ਸਿਮਰਨ ਕਰ ਕੇ (ਅਸਲੀਅਤ ਨੂੰ) ਸਮਝ ਲੈਂਦਾ ਹੈ ਤੇ ਉਹ ਪ੍ਰਭੂ ਦੀ ਸਰਨ ਪੈ ਕੇ (ਮੌਤ ਦੇ ਸਹਮ ਤੋਂ) ਬਚ ਜਾਂਦਾ ਹੈ। ਜੋ ਮਨੁੱਖ ਆਪਣੇ ਮਨ ਵਿਚ (ਪ੍ਰਭੂ ਦੇ ਗੁਣਾਂ ਦੀ) ਵਿਚਾਰ ਕਰ ਕੇ ਬੰਦਗੀ ਕਰਦਾ ਹੈ ਉਹ ਪ੍ਰਭੂ ਦੀ ਹਜ਼ੂਰੀ ਵਿਚ ਪਰਵਾਨ ਹੁੰਦਾ ਹੈ। ੧੧।

ਸਲੋਕੁ ਮ: ੧ ॥ ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ ॥ ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ॥ ਦਿਲ ਦਰਵਾਨੀ ਜੋ ਕਰੇ ਦਰਵੇਸੀ ਦਿਲੁ ਰਾਸਿ ॥ ਇਸਕ ਮੁਹਬਤਿ ਨਾਨਕਾ ਲੇਖਾ ਕਰਤੇ ਪਾਸਿ ॥ ੧ ॥

ਪਦ ਅਰਥ :–ਸਾਖਤੀ–ਬਨਾਵਟ, ਪ੍ਰਭੂ ਨਾਲ ਜੋੜ। ਦਰਵਾਨੀ–ਰੱਖੀ। ਦਿਲੁ ਰਾਸਿ–ਦਿਲ ਨੂੰ ਸਿੱਧੇ ਰਾਹ ਤੇ ਰੱਖਣਾ। ਰਜਾਈ–ਰਜ਼ਾ ਦਾ ਮਾਲਕ ਪਰਮਾਤਮਾ।

ਅਰਥ :–ਪਰਮਾਤਮਾ ਦੇ ਹੁਕਮ ਵਿਚ ਤੁਰਿਆਂ ਪਰਮਾਤਮਾ ਨਾਲ ਬਣ ਆਉਂਦੀ ਹੈ, ਪ੍ਰਭੂ ਦੀ ਹਜ਼ੂਰੀ ਵਿਚ ਸੱਚ (ਭਾਵ, ਸਿਮਰਨ) ਪ੍ਰਵਾਨ ਹੈ। ਹੇ ਭਾਈ! ਦੁਨੀਆ ਨੂੰ ਵੇਖ ਕੇ (ਸਿਮਰਨ ਨੂੰ ਭੁੱਲਣ ਦੀ) ਗ਼ਲਤੀ ਨਾਹ ਖਾਹ, ਮਾਲਕ (ਤੇਰੇ ਅਮਲਾਂ ਦਾ) ਲੇਖਾ ਮੰਗੇਗਾ।

ਜੋ ਮਨੁੱਖ ਦਿਲ ਦੀ ਰੱਖੀ ਕਰਦਾ ਹੈ, ਦਿਲ ਨੂੰ ਸਿੱਧੇ ਰਾਹ ਤੇ ਰੱਖਣ ਦੀ ਫ਼ਕੀਰੀ ਕਮਾਂਦਾ ਹੈ, ਹੇ ਨਾਨਕ! ਉਸ ਦੇ ਪਿਆਰ ਮੁਹੱਬਤ ਦਾ ਹਿਸਾਬ ਕਰਤਾਰ ਦੇ ਪਾਸ ਹੈ (ਭਾਵ, ਪ੍ਰਭੂ ਉਸ ਦੇ ਪਿਆਰ ਨੂੰ ਜਾਣਦਾ ਹੈ)। ੧।

ਮ: ੧ ॥ ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ ॥ ਹੀਰੈ ਹੀਰਾ ਬੇਧਿਆ ਨਾਨਕ ਕੰਠਿ ਸੁਭਾਇ ॥ ੨ ॥

ਪਦ ਅਰਥ :–ਅਲਗਉ–ਅਲੱਗ, ਨਿਰਲੇਪ। ਜੋਇ–ਵੇਖਦਾ ਹੈ, ਤੱਕਦਾ ਹੈ। ਮਧੁਕੜਉ–ਮਧੂਕਰ, ਭੌਰਾ [ਨੋਟ–'ਮਧੂਕੜਉ' ਦਾ ਅਰਥ 'ਮਧੂਕੜੀ, ਥਾਂ ਥਾਂ ਤੋਂ

ਮੰਗਿਆ ਟੁੱਕਰ' ਕਰਨਾ ਗ਼ਲਤ ਹੈ; 'ਭੌਰੇ ਵਾਂਗ ਫ਼ਕੀਰ ਥਾਂ ਥਾਂ ਤੋਂ ਸਾਰ ਗ੍ਰਹਣ ਕਰਨ ਵਾਲਾ'—ਇਸ ਅਰਥ ਵਿਚ ਭੀ 'ਮੰਗ ਖਾਣ' ਦੀ ਝਲਕ ਪੈਂਦੀ ਹੈ; ਪਰ, ਗੁਰੂ ਨਾਨਕ ਦੇਵ ਜੀ ਨੇ ਮੰਗਤਿਆਂ ਦਾ ਟੋਲਾ ਪੈਦਾ ਨਹੀਂ ਕੀਤਾ। ਏਥੇ 'ਭਉਰੇ' ਦਾ 'ਨਿਰਲੇਪਤਾ' ਦਾ ਗੁਣ ਹੀ ਲਿਆ ਗਿਆ ਹੈ, ਜਿਵੇਂ ਪਿਛਲੇ ਸ਼ਲੋਕ ਵਿਚ 'ਦਿਲ ਦਰਵਾਨੀ' ਹੈ]। ਕੰਠਿ—ਗਲ ਨਾਲ, ਗਲ ਵਿਚ। ਹੀਰਾ—ਆਤਮਾ। ਸਾਰੰਗ-ਪਾਨਿ—ਜਿਸ ਦੇ ਹੱਥ ਵਿਚ ਸਾਰੰਗ ਧਨੁਖ ਹੈ, ਪਰਮਾਤਮਾ। ਸਬਾਇ—ਹਰ ਥਾਂ।

ਅਰਥ—(ਜੋ ਜੀਵ-) ਭੌਰਾ ਨਿਰਲੇਪ ਰਹਿ ਕੇ ਹਰ ਥਾਂ ਪਰਮਾਤਮਾ ਨੂੰ ਤੱਕਦਾ ਹੈ, ਜਿਸ ਦੀ ਆਤਮਾ ਪਰਮਾਤਮਾ ਵਿਚ ਪ੍ਰੋਤੀ ਹੋਈ ਹੈ, ਹੇ ਨਾਨਕ ! ਉਹ ਪ੍ਰਭੂ-ਪ੍ਰੇਮ ਦੀ ਰਾਹੀਂ ਪ੍ਰਭੂ ਦੇ ਗਲ ਨਾਲ (ਲੱਗਾ ਹੋਇਆ) ਹੈ।੨।

ਪਉੜੀ ॥ ਮਨਮੁਖ ਕਾਲੁ ਵਿਆਪਦਾ ਮੋਹਿ ਮਾਇਆ ਲਾਗੇ ॥ ਖਿਨ ਮਹਿ ਮਾਰਿ ਪਛਾੜਸੀ ਭਾਇ ਦੂਜੈ ਠਾਗੇ ॥ ਫਿਰਿ ਵੇਲਾ ਹਥਿ ਨ ਆਵਈ ਜਮ ਕਾ ਡੰਡੁ ਲਾਗੇ ॥ ਤਿਨ ਜਮ ਡੰਡੁ ਨ ਲਗਈ ਜੋ ਹਰਿ ਲਿਵ ਜਾਗੇ ॥ ਸਭ ਤੇਰੀ ਤੁਧੁ ਛਡਾਵਣੀ ਸਭ ਤੁਧੈ ਲਾਗੇ ॥ ੧੨ ॥

ਅਰਥ :—ਮਨ ਦੇ ਗ਼ੁਲਾਮ ਮਨੁੱਖ ਮਾਇਆ ਦੇ ਮੋਹ ਵਿਚ ਮਸਤ ਰਹਿੰਦੇ ਹਨ, ਉਹਨਾਂ ਨੂੰ ਮੌਤ (ਦਾ ਸਹਮ) ਦਬਾਈ ਰੱਖਦਾ ਹੈ। ਜੋ ਮਨੁੱਖ ਮਾਇਆ ਦੇ ਮੋਹ ਵਿਚ ਲੁੱਟੇ ਜਾ ਰਹੇ ਹਨ ਉਹਨਾਂ ਨੂੰ (ਇਹ ਸਹਮ) ਪਲ ਵਿਚ ਮਾਰ ਕੇ ਨਾਸ ਕਰਦਾ ਹੈ। ਜਿਸ ਵੇਲੇ ਮੌਤ ਦਾ ਡੰਡਾ ਆ ਹੀ ਵੱਜਦਾ ਹੈ (ਮੌਤ ਸਿਰ ਤੇ ਆ ਜਾਂਦੀ ਹੈ) ਤਦੋਂ (ਇਸ ਮੋਹ ਵਿਚੋਂ ਨਿਕਲਣ ਲਈ) ਸਮਾ ਨਹੀਂ ਮਿਲਦਾ।

ਜੋ ਮਨੁੱਖ ਪਰਮਾਤਮਾ ਦੀ ਯਾਦ ਵਿਚ ਸੁਚੇਤ ਰਹਿੰਦੇ ਹਨ ਉਹਨਾਂ ਨੂੰ ਜਮ ਦਾ ਡੰਡਾ ਨਹੀਂ ਲੱਗਦਾ (ਸਹਮ ਨਹੀਂ ਮਾਰਦਾ)

ਹੇ ਪ੍ਰਭੂ ! ਸਾਰੀ ਸ੍ਰਿਸ਼ਟੀ ਤੇਰੀ ਹੀ ਹੈ, ਤੂੰ ਹੀ ਇਸ ਨੂੰ ਮਾਇਆ ਦੇ ਮੋਹ ਤੋਂ ਛਡਾਣਾ ਹੈ, ਸਾਰਿਆਂ ਦਾ ਤੂੰ ਹੀ ਆਸਰਾ ਹੈਂ।੧੨।

ਸਲੋਕੁ ਮ: ੧ ॥ ਸਰਬੇ ਜੋਇ ਅਗਛਮੀ ਦੂਖੁ ਘਨੇਰੋ ਆਥਿ॥ ਕਾਲਰ ਲਾਦਸਿ ਸਰੁ ਲਾਘਣਉ ਲਾਭੁ ਨ ਪੂੰਜੀ ਸਾਥਿ ॥ ੧ ॥

ਪਦ ਅਰਥ :—ਸਰਬੇ—ਸਾਰੀ ਸ੍ਰਿਸ਼ਟੀ। ਜੋਇ—ਤੱਕਦਾ ਹੈ [ਪਉੜੀ ਨੰ: ੧੨ ਤੇ ੧੪ ਵਿਚ ਭੀ ਇਹ ਲਫ਼ਜ਼ 'ਜੋਇ' ਆਉਂਦਾ ਹੈ, ਬਾਣੀ ਭੀ ਗੁਰੂ ਨਾਨਕ ਦੇਵ ਜੀ ਦੀ ਹੈ, ਇਸ ਦਾ ਅਰਥ ਹੈ 'ਤੱਕਦਾ ਹੈ'] ਅਗਛਮੀ—ਨਾਹ ਨਾਸ ਹੋਣ ਵਾਲੀ। ਆਥਿ—ਹੈ। ਸਰੁ—ਸਰੋਵਰ, ਸਾਗਰ। ਲਾਭੁ—ਖੱਟੀ। ਪੂੰਜੀ—ਰਾਸਿ, ਮੂਲ।

ਅਰਥ :–(ਜੋ ਮਨੁੱਖ) ਸਾਰੀ ਸ੍ਰਿਸ਼ਟੀ ਨੂੰ ਨਾਹ ਨਾਸ ਹੋਣ ਵਾਲੀ ਵੇਖਦਾ ਹੈ ਉਸ ਨੂੰ ਬੜਾ ਦੁੱਖ (ਵਿਆਪਦਾ) ਹੈ, ਉਹ (ਮਾਨੋਂ) ਕੱਲਰ ਲੱਦ ਰਿਹਾ ਹੈ (ਪਰ ਉਸ ਨੇ) ਸਮੁੰਦਰ ਲੰਘਣਾ ਹੈ, ਉਸ ਦੇ ਪੱਲੇ ਨਾਹ ਮੂਲ ਹੈ ਤੇ ਨਾਹ ਖੱਟੀ। ੧।

ਮ: ੧ ॥ ਪੂੰਜੀ ਸਾਚਉ ਨਾਮੁ, ਤੂ ਅਖੁਟਉ ਦਰਬੁ ਅਪਾਰੁ ॥ ਨਾਨਕ ਵਖਰ ਨਿਰਮਲਉ ਧੰਨੁ ਸਾਹੁ ਵਾਪਾਰੁ ॥ ੨ ॥

ਅਰਥ :–(ਜਿਸ ਮਨੁੱਖ ਦੇ ਪਾਸ) ਪ੍ਰਭੂ ਦਾ ਨਾਮ ਪੂੰਜੀ ਹੈ, ਜਿਸ ਪਾਸ (ਹੇ ਪ੍ਰਭੂ!) ਤੂੰ ਨਾਹ ਮੁੱਕਣ ਵਾਲਾ ਤੇ ਬੇਅੰਤ ਧਨ ਹੈਂ, ਜਿਸ ਪਾਸ ਇਹ ਪਵਿਤ੍ਰ ਸੌਦਾ ਹੈ, ਹੇ ਨਾਨਕ! ਉਹ ਸ਼ਾਹ ਧੰਨ ਹੈ ਤੇ ਉਸ ਦਾ ਵਣਜ ਧੰਨ ਹੈ। ੨।

ਮ: ੧ ॥ ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ ॥ ਮਾਥੈ ਊਭੈ ਜਮੁ ਮਾਰਸੀ ਨਾਨਕ ਮੇਲਣੁ ਨਾਮਿ ॥ ੩ ॥

ਪਦ ਅਰਥ :–ਪਿਰਾਣਿ–ਪਛਾਣ। ਮਾਣਿ–ਭਾਵ, ਸਿਮਰ। ਮਾਥੈ ਊਭੈ–ਮੂੰਹ-ਭਾਰ।

ਅਰਥ :–(ਹੇ ਜੀਵ!) ਪ੍ਰਭੂ ਨਾਲ ਮੁੱਢਲੀ ਪ੍ਰੀਤ ਪਛਾਣ, ਉਸ ਵ੍ਡੇ ਮਾਲਕ ਨੂੰ ਯਾਦ ਕਰ। ਹੇ ਨਾਨਕ! ਪ੍ਰਭੂ ਦੇ ਨਾਮ ਵਿਚ ਜੁੜਨਾ ਜਮ ਨੂੰ (ਭਾਵ, ਮੌਤ ਦੇ ਸਹਮ ਨੂੰ) ਮੂੰਹ-ਭਾਰ ਮਾਰਦਾ ਹੈ। ੩।

ਪਉੜੀ ॥ ਆਪੇ ਪਿੰਡੁ ਸਵਾਰਿਓਨੁ ਵਿਚਿ ਨਵਨਿਧਿ ਨਾਮੁ ॥ ਇਕਿ ਆਪੇ ਭਰਮਿ ਭੁਲਾਇਅਨੁ ਤਿਨ ਨਿਹਫਲ ਕਾਮੁ ॥ ਇਕਨੀ ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥ ਇਕਨੀ ਸੁਣਿ ਕੈ ਮੰਨਿਆ ਹਰਿ ਊਤਮ ਕਾਮੁ ॥ ਅੰਤਰਿ ਹਰਿ ਰੰਗੁ ਉਪਜਿਆ ਗਾਇਆ ਹਰਿ ਗੁਣ ਨਾਮੁ ॥੧੩॥

ਅਰਥ :–ਪਰਮਾਤਮਾ ਨੇ ਆਪ ਹੀ ਇਹ ਮਨੁੱਖਾ ਸਰੀਰ ਸੰਵਾਰਿਆ ਹੈ ਤੇ ਆਪ ਹੀ ਇਸ ਵਿਚ ਆਪਣਾ ਨਾਮ (ਮਾਨੋਂ) ਨੌ ਖ਼ਜ਼ਾਨੇ ਪਾ ਦਿੱਤੇ ਹਨ। ਪਰ ਕਈ ਜੀਵ ਉਸ ਨੇ ਆਪ ਹੀ ਭਟਕਣਾ ਵਿਚ ਪਾ ਕੇ ਕੁਰਾਹੇ ਪਾਏ ਹੋਏ ਹਨ, ਉਹਨਾਂ ਦਾ (ਸਾਰਾ) ਉੱਦਮ ਅਸਫਲ ਜਾਂਦਾ ਹੈ। ਕਈ ਜੀਵਾਂ ਨੇ ਗੁਰੂ ਦੇ ਸਨਮੁਖ ਹੋ ਕੇ (ਸਭ ਥਾਂ) ਪਰਮਾਤਮਾ ਦੀ ਜੋਤਿ (ਵਿਆਪਕ) ਸਮਝੀ ਹੈ, ਕਈ ਜੀਵਾਂ ਨੇ 'ਨਾਮ' ਸੁਣ ਕੇ ਮੰਨ ਲਿਆ ਹੈ (ਭਾਵ, 'ਨਾਮ' ਵਿਚ ਮਨ ਗਿਝਾ ਲਿਆ ਹੈ) ਉਹਨਾਂ ਦਾ ਇਹ ਉੱਦਮ ਚੰਗਾ ਹੈ।

ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦੇ ਹਨ, 'ਨਾਮ' ਸਿਮਰਦੇ ਹਨ ਉਹਨਾਂ ਦੇ ਮਨ ਵਿਚ ਪ੍ਰਭੂ ਦਾ ਪਿਆਰ ਪੈਦਾ ਹੁੰਦਾ ਹੈ। ੧੩।

ਸਲੋਕੁ ਮ: ੧ ॥ ਭੋਲਤਣਿ ਭੈ ਮਨਿ ਵਸੈ ਹੇਕੈ ਪਾਧਰ ਹੀਡੁ ॥ ਅਤਿ ਡਾਹਪਣਿ ਦੁਖੁ ਘਣੋ ਤੀਨੇ ਥਾਵ ਭਰੀਡੁ ॥ ੧ ॥

ਪਦ ਅਰਥ :–ਭੋਲਤਣਿ–ਭੋਲਾ-ਪਨ ਦੇ ਕਾਰਨ। ਭੈ–(ਰੱਬ ਦੇ) ਡਰ ਦੀ ਰਾਹੀਂ। ਹੇਕੈ–ਇਹੀ ਇੱਕ। ਪਾਧਰ––ਪੱਧਰਾ, ਸਰਲ। ਹੀਡੁ–ਹਿਰਦਾ। ਡਾਹਪਣਿ–[ਡਾਹ-ਸਾੜਾ] ਸਾੜੇ ਈਰਖਾ ਦੇ ਕਾਰਨ। ਤੀਨੇ ਥਾਵ–ਤਿੰਨੇ ਥਾਂ (ਮਨ, ਬਾਣੀ, ਸਰੀਰ)। ਭਰੀਡੁ–ਭਰਿਸ਼ਟ।

ਅਰਥ :–ਉਹੀ ਇਕ ਹਿਰਦਾ ਸਰਲ ਹੈ ਜਿਸ ਹਿਰਦੇ ਵਿਚ ਭੋਲਾ-ਪਨ ਤੇ (ਰੱਬੀ) ਡਰ ਦੇ ਕਾਰਨ (ਰੱਬ ਆਪ) ਵੱਸਦਾ ਹੈ। ਪਰ ਸਾੜੇ ਈਰਖਾ ਦੇ ਕਾਰਨ ਬਹੁਤ ਹੀ ਦੁੱਖ ਵਿਆਪਦਾ ਹੈ, ਮਨ ਬਾਣੀ ਤੇ ਸਰੀਰ ਤਿੰਨੇ ਹੀ ਭਰਿਸ਼ਟੇ ਰਹਿੰਦੇ ਹਨ। ੧।

ਮ: ੧ ॥ ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ ॥ ਨਾਨਕ ਨਾਮੁ ਸਮਾਲਿ ਤੂ ਬੀਜਉ ਅਵਰੁ ਨ ਕੋਇ ॥ ੨ ॥

ਪਦ ਅਰਥ :–ਮਾਂਦਲੁ–ਢੋਲ। ਬੇਦਿ–ਬੇਦ ਨੇ। ਸਿ–ਉਸ (ਮਾਂਦਲ) ਨੂੰ ਬਾਜਣੋ–ਵਜਾਇਆ। ਘਣੋ ਧੜੀਐ–ਘਣਾ ਧੜਾ, ਬਹੁਤ ਲੁਕਾਈ। ਜੋਇ–ਤੱਕਦਾ ਹੈ [ਨੋਟ ! ਇਹ ਲਫ਼ਜ਼ "ਜੋਇ" ਪਉੜੀ ਨੰ: ੧੨, ੧੩ ਤੇ ੧੪ ਦੇ ਨਾਲ ਵਰਤੇ ਹੋਏ ਸ਼ਲੋਕਾਂ ਵਿਚ ਆਇਆ ਹੈ ਸ਼ਲੋਕ ਤਿੰਨੇ ਹੀ ਗੁਰੂ ਨਾਨਕ ਦੇਵ ਜੀ ਦੇ ਹਨ। 'ਬੋਲੀ' ਭੀ ਹਰੇਕ ਵਿਚ 'ਲਹਿੰਦੀ' ਹੈ। ਸੋ, ਹਰੇਕ ਸ਼ਲੋਕ ਵਿਚ ਇਸ ਲਫ਼ਜ਼ ਦਾ ਅਰਥ ਇੱਕੋ ਹੀ ਚਾਹੀਦਾ ਹੈ]। ਬੀਜਉ–ਦੂਜਾ।

ਅਰਥ :–ਘਣਾ ਧੜਾ (ਭਾਵ, ਬਹੁਤੀ ਲੁਕਾਈ) ਤੱਕਦਾ ਹੈ ਉਸ ਢੋਲ ਨੂੰ (ਜੋ ਢੋਲ) ਵੇਦ ਨੇ ਵਜਾਇਆ [ਭਾਵ, ਕਰਮ ਕਾਂਡ ਦਾ ਰਸਤਾ]। ਹੇ ਨਾਨਕ ! ਤੂੰ 'ਨਾਮ' ਸਿਮਰ, (ਇਸ ਤੋਂ ਛੁਟ) ਹੋਰ ਦੂਜਾ ਕੋਈ (ਸਹੀ ਰਸਤਾ) ਨਹੀਂ ਹੈ। ੨।

[ਨੋਟ ! ਵੇਖੋ, ਸਲੋਕ ਕਬੀਰ ਜੀ ਨੰ: ੧੬੫ :

ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥
ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥ ੧੬੫॥]

ਮ: ੧ ॥ ਸਾਗਰੁ ਗੁਣੀ ਅਥਾਹੁ ਕਿਨਿ ਹਾਥਾਲਾ ਦੇਖੀਐ ॥ ਵਡਾ ਵੇਪਰਵਾਹੁ ਸਤਿਗੁਰੁ ਮਿਲੈ ਤ ਪਾਰਿ ਪਵਾ ॥ ਮਝ ਭਰਿ ਦੁਖ ਬਦੁਖ ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥ ੩ ॥

ਪਦ ਅਰਥ :–ਗੁਣੀ–ਤ੍ਰੈਗੁਣੀ, ਮਾਇਆ ਦੇ ਤਿੰਨ ਗੁਣਾਂ ਵਾਲਾ। ਕਿਨਿ–ਕਿਸ ਨੇ ? ਕਿਸੇ ਵਿਰਲੇ ਨੇ। ਹਾਥਾਲਾ–ਹਾਥ, ਥਾਹ। ਮਝ–ਵਿਚਲਾ ਹਿੱਸਾ, (ਭਾਵ,)

ਸਾਰਾ । ਭਰਿ–ਭਰਿਆ ।

ਅਰਥ :–(ਇਹ) ਤ੍ਰੈ-ਗੁਣੀ (ਸੰਸਾਰ) (ਮਾਨੋ) ਇਕ ਅੱਤ ਡੂੰਘਾ ਸਮੁੰਦਰ ਹੈ, ਇਸ ਦੀ ਹਾਥ ਕਿਸ ਨੇ ਲੱਭੀ ਹੈ ? ਜੇ ਸਤਿਗੁਰੂ (ਜੋ ਇਸ ਤ੍ਰਿਗੁਣੀ ਸੰਸਾਰ ਵਲੋਂ)ਬੜਾ ਬੇ-ਪਰਵਾਹ (ਹੈ) ਮਿਲ ਪਏ ਤਾਂ ਮੈਂ ਭੀ ਇਸ ਤੋਂ ਪਾਰ ਲੰਘ ਜਾਵਾਂ । ਇਸ ਸੰਸਾਰ-ਸਮੁੰਦਰ ਦਾ ਵਿਚਲਾ ਹਿੱਸਾ ਦੁੱਖਾਂ ਨਾਲ ਹੀ ਭਰਿਆ ਹੋਇਆ ਹੈ ।

ਹੇ ਨਾਨਕ ! ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਕਿਸੇ ਦੀ ਭੀ (ਤ੍ਰਿਗੁਣੀ ਮਾਇਆ ਬਾਰੇ) ਭੁੱਖ ਨਹੀਂ ਉਤਰਦੀ । ੩ ।

ਪਉੜੀ ॥ ਜਿਨੀ ਅੰਦਰੁ ਭਾਲਿਆ ਗੁਰ ਸਬਦਿ ਸੁਹਾਵੈ ॥ ਜੋ ਇਛਨਿ ਸੋ ਪਾਇਦੇ ਹਰਿ ਨਾਮੁ ਧਿਆਵੈ ॥ ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥ ਧਰਮਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥ ਹਰਿ ਨਾਮੁ ਧਿਆਵਹਿ ਦਿਨਸੁ ਰਾਤਿ ਹਰਿ ਨਾਮਿ ਸਮਾਵੈ ॥ ੧੪ ॥

ਪਦ ਅਰਥ :–ਸੁਹਾਵੈ ਸਬਦਿ–ਸੋਹਣੇ ਸ਼ਬਦ ਦੀ ਰਾਹੀਂ । ਜਮ ਮਗਿ–ਜਮ ਦੇ ਰਾਹ ਤੇ । ਨ ਪਾਵੈ–ਨਹੀਂ ਤੋਰਦਾ । ਅੰਦਰੁ–ਅੰਦਰਲਾ, ਮਨ ।

ਅਰਥ :–ਸਤਿਗੁਰੂ ਦੇ ਸੋਹਣੇ ਸ਼ਬਦ ਦੀ ਰਾਹੀਂ ਜਿਨ੍ਹਾਂ ਨੇ ਆਪਣਾ ਮਨ ਖੋਜਿਆ ਹੈ ਉਹ ਹਰਿ-ਨਾਮ ਸਿਮਰਦੇ ਹਨ ਤੇ ਮਨ-ਇੱਛਤ ਫਲ ਪਾਂਦੇ ਹਨ ।

ਜਿਸ ਮਨੁੱਖ ਉਤੇ ਪ੍ਰਭੂ ਮਿਹਰ ਕਰੇ ਉਸ ਨੂੰ ਗੁਰੂ ਮਿਲਦਾ ਹੈ ਤੇ ਉਹ ਪ੍ਰਭੂ ਦੇ ਗੁਣ ਗਾਂਦਾ ਹੈ । ਧਰਮਰਾਜ ਉਹਨਾਂ ਦਾ ਮਿੱਤਰ ਬਣ ਜਾਂਦਾ ਹੈ ਉਹਨਾਂ ਨੂੰ ਉਹ ਜਮ ਦੇ ਰਾਹ ਤੇ ਨਹੀਂ ਪਾਂਦਾ; ਉਹ ਦਿਨ ਰਾਤ ਹਰਿ-ਨਾਮ ਸਿਮਰਦੇ ਹਨ ਤੇ ਹਰਿ-ਨਾਮ ਵਿਚ ਜੁੜੇ ਰਹਿੰਦੇ ਹਨ । ੧੪ ।

ਸਲੋਕ ਮ: ੧ ॥ ਸੁਣੀਐ ਏਕੁ ਵਖਾਣੀਐ ਸੁਰਗਿ ਮਿਰਤਿ ਪਇਆਲਿ ॥ ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ ॥ ਕਉਣੁ ਮੂਆ ਕਉਣੁ ਮਾਰਸੀ ਕਉਣੁ ਆਵੈ ਕਉਣੁ ਜਾਇ ॥ ਕਉਣੁ ਰਹਸੀ ਨਾਨਕਾ ਕਿਸ ਕੀ ਸੁਰਤਿ ਸਮਾਇ ॥੧॥

ਪਦ ਅਰਥ : ਸੁਰਗਿ–ਸੁਰਗ ਵਿਚ । ਮਿਰਤਿ–ਧਰਤੀ ਤੇ । ਪਇਆਲਿ–ਪਾਤਾਲ ਵਿਚ । ਰਹਸੀ–ਆਨੰਦ ਮਾਣਦਾ ਹੈ । ਕਉਣੁ–(ਪ੍ਰਭੂ ਤੋਂ ਬਿਨਾ ਹੋਰ) ਕੌਣ ? ਪ੍ਰਭੂ ਆਪ ਹੀ ।

ਅਰਥ :–ਇਹੀ ਗੱਲ ਸੁਣੀਦੀ ਹੈ ਤੇ ਬਿਆਨ ਕੀਤੀ ਜਾ ਰਹੀ ਹੈ ਕਿ ਸੁਰਗ

ਵਿਚ ਧਰਤੀ ਤੇ ਪਾਤਾਲ ਵਿਚ (ਤਿੰਨਾਂ ਹੀ ਲੋਕਾਂ ਵਿਚ) ਪ੍ਰਭੂ ਇਕ ਆਪ ਹੀ ਆਪ ਹੈ, ਉਸ ਦਾ ਹੁਕਮ ਉਲੰਘਿਆ ਨਹੀਂ ਜਾ ਸਕਦਾ, (ਜੀਆਂ ਦਾ) ਜੋ ਜੋ ਲੇਖ ਉਸ ਨੇ ਲਿਖਿਆ ਹੈ ਉਹੀ (ਹਰੇਕ ਜੀਵ ਨੂੰ) ਤੋਰ ਰਿਹਾ ਹੈ। (ਸੋ,) ਨਾਹ ਕੋਈ ਮਰਦਾ ਹੈ ਨਾਹ ਕੋਈ ਮਾਰਦਾ ਹੈ, ਨਾਹ ਕੋਈ ਜੰਮਦਾ ਹੈ ਨਾਹ ਕੋਈ ਮਰਦਾ ਹੈ। ਹੇ ਨਾਨਕ ! ਉਹ ਆਪ ਹੀ ਆਨੰਦ ਲੈਣ ਵਾਲਾ ਹੈ, ਉਸ ਦੀ ਆਪਣੀ ਹੀ ਸੁਰਤਿ (ਆਪਣੇ ਆਪ ਵਿਚ) ਟਿਕੀ ਹੋਈ ਹੈ। ੧।

ਮ: ੧ ॥ ਹਉ ਮੁਆ ਮੈ ਮਾਰਿਆ ਪਉਣੁ ਵਹੈ ਦਰੀਆਉ ॥ ਤ੍ਰਿਸਨਾ ਥਕੀ ਨਾਨਕਾ ਜਾ ਮਨੁ ਰਤਾ ਨਾਇ ॥ ਲੋਇਣ ਰਤੇ ਲੋਇਣੀ ਕੰਨੀ ਸੁਰਤਿ ਸਮਾਇ ॥ ਜੀਭ ਰਸਾਇਣਿ ਚੂਨੜੀ ਰਤੀ ਲਾਲ ਲਵਾਇ ॥ ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ ॥ ੨ ॥

ਪਦ ਅਰਥ :–ਹਉ ਮੁਆ–'ਹਉ' ਵਿਚ ਮੋਇਆ ਹੋਇਆ, ਇਸ ਖ਼ਿਆਲ ਵਿਚ ਮਰਿਆ ਪਿਆ ਕਿ ਮੈਂ ਵੱਡਾ ਹਾਂ। ਮੈ ਮਾਰਿਆ–'ਮੈਂ' ਦਾ ਮਾਰਿਆ ਹੋਇਆ। ਪਉਣੁ–ਹਵਾ, ਤ੍ਰਿਸ਼ਨਾ। ਨਾਇ–ਨਾਮ ਵਿਚ। ਲੋਇਣ–ਅੱਖਾਂ। ਲੋਇਣੀ–ਅੱਖਾਂ ਵਿਚ ਹੀ, (ਭਾਵ,) ਆਪਣੇ ਆਪ ਵਿਚ ਹੀ (ਬਾਹਰਲੇ ਰੂਪ ਵਲ ਤੱਕਣ ਦੀ ਤਾਂਘ ਨਹੀਂ ਰਹੀ)। ਸੁਰਤਿ–(ਨਿੰਦਾ ਆਦਿਕ) ਸੁਣਨ ਦੀ ਤਾਂਘ। ਰਸਾਇਣਿ–ਰਸਾਂ ਦੇ ਘਰ (-ਨਾਮ) ਵਿਚ। ਚੂਨੜੀ–ਸੋਹਣਾ ਹੀਰਾ। ਲਵਾਇ–ਉੱਚਾਰ ਕੇ। ਮੁਸਕਿ–ਮਹਕ ਕੇ। ਝਕੋਲਿਆ–ਲਪਟਾਂ ਦੇ ਰਿਹਾ ਹੈ।

ਅਰਥ :–ਜਿਤਨਾ ਚਿਰ ਜੀਵ 'ਹਉਮੈ' ਦਾ ਮਾਰਿਆ ਹੋਇਆ ਹੈ ਉਸ ਦੇ ਅੰਦਰ ਤ੍ਰਿਸ਼ਨਾ ਦਾ ਦਰਿਆ ਵਹਿੰਦਾ ਰਹਿੰਦਾ ਹੈ। ਪਰ, ਹੇ ਨਾਨਕ ! ਜਦੋਂ ਮਨ 'ਨਾਮ' ਵਿਚ ਰੰਗਿਆ ਜਾਂਦਾ ਹੈ ਤਾਂ ਤ੍ਰਿਸ਼ਨਾ ਮੁੱਕ ਜਾਂਦੀ ਹੈ, ਅੱਖਾਂ ਆਪਣੇ ਆਪ ਵਿਚ ਰੱਤੀਆਂ ਜਾਂਦੀਆਂ ਹਨ, (ਨਿੰਦਾ ਆਦਿਕ) ਸੁਣਨ ਦੀ ਤਾਂਘ ਕੰਨਾਂ ਵਿਚ ਹੀ ਲੀਨ ਹੋ ਜਾਂਦੀ ਹੈ, ਜੀਭ 'ਨਾਮ' ਸਿਮਰ ਕੇ ਨਾਮ-ਰਸੈਣ ਵਿਚ ਰੰਗੀਜ ਕੇ ਸੋਹਣਾ ਲਾਲ ਬਣ ਜਾਂਦੀ ਹੈ, ਮਨ ('ਨਾਮ' ਵਿਚ) ਮਹਕ ਕੇ ਲਪਟਾਂ ਦੇਂਦਾ ਹੈ। (ਐਸੇ ਜੀਵਨ ਵਾਲੇ ਦਾ) ਮੁੱਲ ਨਹੀਂ ਪੈ ਸਕਦਾ। ੨।

ਪਉੜੀ ॥ ਇਸੁ ਜੁਗ ਮਹਿ ਨਾਮੁ ਨਿਧਾਨੁ ਹੈ ਨਾਮੋ ਨਾਲਿ ਚਲੈ ॥ ਏਹੁ ਅਖੁਟੁ ਕਦੇ ਨ ਨਿਖੁਟਈ ਖਾਇ ਖਰਚਿਉ ਪਲੈ ॥ ਹਰਿ ਜਨ ਨੇੜਿ ਨ ਆਵਈ ਜਮਕੰਕਰ ਜਮਕਲੈ ॥ ਸੇ ਸਾਹ ਸਚੇ ਵਣਜਾਰਿਆ ਜਿਨ ਹਰਿ ਧਨੁ ਪਲੈ ॥ ਹਰਿ ਕਿਰਪਾ ਤੇ ਹਰਿ ਪਾਈਐ ਜਾ ਆਪਿ ਹਰਿ ਘਲੈ ॥੧੫॥

ਪਦ ਅਰਥ :—ਜਮ ਕੰਕਰ—ਜਮ ਦਾ ਸੇਵਕ ਜਮ-ਦੂਤ। ਜਮਕਲੈ—ਜਮ ਕਾਲ।

ਅਰਥ :—ਮਨੁੱਖਾ ਜਨਮ ਵਿਚ (ਜੀਵ ਲਈ ਪਰਮਾਤਮਾ ਦਾ) ਨਾਮ ਹੀ (ਅਸਲ) ਖ਼ਜ਼ਾਨਾ ਹੈ, 'ਨਾਮ' ਹੀ (ਇਥੋਂ ਮਨੁੱਖ ਦੇ) ਨਾਲ ਜਾਂਦਾ ਹੈ, ਇਹ ਨਾਮ-ਖ਼ਜ਼ਾਨਾ ਅਮੁੱਕ ਹੈ ਕਦੇ ਮੁੱਕਦਾ ਨਹੀਂ, ਬੇਸ਼ਕ ਖਾਓ ਖਰਚੋ ਤੇ ਪੱਲੇ ਬੰਨ੍ਹੋ; (ਫਿਰ, ਇਸ ਖ਼ਜ਼ਾਨੇ ਵਾਲੇ) ਭਗਤ ਜਨ ਦੇ ਨੇੜੇ ਜਮਕਾਲ ਜਮਦੂਤ ਭੀ ਨਹੀਂ ਆਉਂਦੇ। ਜਿਨ੍ਹਾਂ ਨੇ ਨਾਮ-ਧਨ ਇਕੱਠਾ ਕੀਤਾ ਹੈ ਉਹੀ ਸੱਚੇ ਸ਼ਾਹ ਹਨ ਉਹੀ ਸੱਚੇ ਵਪਾਰੀ ਹਨ। ਇਹ ਨਾਮ-ਧਨ ਪਰਮਾਤਮਾ ਦੀ ਮਿਹਰ ਨਾਲ ਮਿਲਦਾ ਹੈ ਜਦੋਂ ਉਹ ਆਪ (ਗੁਰੂ ਨੂੰ ਜਗਤ ਵਿਚ) ਭੇਜਦਾ ਹੈ। ੧੫।

ਸਲੋਕੁ ਮ: ੩॥ ਮਨਮੁਖ ਵਾਪਾਰੈ ਸਾਰ ਨ ਜਾਣਨੀ ਬਿਖੁ ਵਿਹਾਝਹਿ ਬਿਖੁ ਸੰਗ੍ਰਹਹਿ ਬਿਖ ਸਿਉ ਧਰਹਿ ਪਿਆਰੁ॥ ਬਾਹਰਹੁ ਪੰਡਿਤ ਸਦਾਇਦੇ ਮਨਹੁ ਮੂਰਖ ਗਾਵਾਰ॥ ਹਰਿ ਸਿਉ ਚਿਤੁ ਨ ਲਾਇਨੀ ਵਾਦੀ ਧਰਨਿ ਪਿਆਰੁ॥ ਵਾਦਾ ਕੀਆ ਕਰਨਿ ਕਹਾਣੀਆ ਕੂੜੁ ਬੋਲਿ ਕਰਹਿ ਆਹਾਰੁ॥ ਜਗ ਮਹਿ ਰਾਮ ਨਾਮੁ ਹਰਿ ਨਿਰਮਲਾ ਹੋਰੁ ਮੈਲਾ ਸਭੁ ਆਕਾਰੁ॥ ਨਾਨਕ ਨਾਮੁ ਨ ਚੇਤਨੀ ਹੋਇ ਮੈਲੇ ਮਰਹਿ ਗਵਾਰ॥ ੧॥

ਪਦ ਅਰਥ :—ਸਾਰ—ਕਦਰ। ਬਿਖੁ—ਜ਼ਹਰ, ਮਾਇਆ। ਸੰਗ੍ਰਹਹਿ—ਇਕੱਠਾ ਕਰਦੇ ਹਨ, ਜੋੜਦੇ ਹਨ। ਵਾਦੀ—ਝਗੜਿਆਂ ਵਿਚ, ਮਜ਼ਹਬੀ ਬਹਿਸਾਂ ਵਿਚ। ਆਹਾਰੁ—ਖ਼ੁਰਾਕ, ਭੋਜਨ। ਆਕਾਰੁ—ਦਿੱਸਦਾ ਜਗਤ। ਮੈਲਾ—ਮੈਲ ਪੈਦਾ ਕਰਨ ਵਾਲਾ।

ਅਰਥ :—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਅਸਲ) ਵਪਾਰ ਦੀ ਕਦਰ ਨਹੀਂ ਜਾਣਦੇ, ਉਹ ਮਾਇਆ ਦਾ ਸੌਦਾ ਕਰਦੇ ਹਨ, ਮਾਇਆ ਜੋੜਦੇ ਹਨ ਤੇ ਮਾਇਆ ਨਾਲ ਹੀ ਪਿਆਰ ਕਰਦੇ ਹਨ; ਉਹ ਬਾਹਰੋਂ ਤਾਂ ਵਿਦਵਾਨ ਅਖਵਾਂਦੇ ਹਨ ਪਰ ਅਸਲ ਵਿਚ ਮੂਰਖ ਹਨ ਗੰਵਾਰ ਹਨ, (ਕਿਉਂਕਿ) ਉਹ ਪ੍ਰਭੂ ਨਾਲ ਤਾਂ ਮਨ ਨਹੀਂ ਲਾਂਦੇ (ਵਿੱਦਿਆ ਦੇ ਆਸਰੇ) ਚਰਚਾ ਵਿਚ ਪਿਆਰ ਕਰਦੇ ਹਨ, ਚਰਚਾ ਦੀਆਂ ਹੀ ਨਿੱਤ ਗੱਲਾਂ ਕਰਦੇ ਹਨ; ਤੇ ਰੋਜ਼ੀ ਕਮਾਂਦੇ ਹਨ ਕੂੜ ਬੋਲ ਕੇ।

(ਅਸਲ ਗੱਲ ਇਹ ਹੈ ਕਿ) ਨਾਮ ਸਿਮਰਨਾ ਹੀ ਜਗਤ ਵਿਚ (ਪਵਿਤ੍ਰ ਕੰਮ) ਹੈ, ਹੋਰ ਜੋ ਕੁਝ ਦਿੱਸ ਰਿਹਾ ਹੈ (ਇਸ ਦਾ ਆਹਰ) ਮੈਲ ਪੈਦਾ ਕਰਦਾ ਹੈ। ਹੇ ਨਾਨਕ! ਜੋ 'ਨਾਮ' ਨਹੀਂ ਸਿਮਰਦੇ ਉਹ ਮੂਰਖ ਨੀਵੇਂ ਜੀਵਨ ਵਾਲੇ ਹੋ ਕੇ ਆਤਮਕ ਮੌਤ ਸਹੇੜਦੇ ਹਨ। ੧।

ਮ: ੩॥ ਦੂਖੁ ਲਗਾ ਬਿਨੁ ਸੇਵਿਐ ਹੁਕਮੁ ਮੰਨੇ ਦੁਖੁ ਜਾਇ॥ਆਪੇ

ਦਾਤਾ ਸੁਖੈ ਦਾ ਆਪੇ ਦੇਇ ਸਜਾਇ ॥ ਨਾਨਕ ਏਵੈ ਜਾਣੀਐ ਸਭੁ ਕਿਛੁ ਤਿਸੈ ਰਜਾਇ ॥ ੨ ॥

ਪਦ ਅਰਥ :–ਬਿਨੁ ਸੇਵਿਐ–(ਪ੍ਰਭੂ ਦੀ) ਸੇਵਾ ਕਰਨ ਤੋਂ ਬਿਨਾ, ਸਿਮਰਨ ਕਰਨ ਤੋਂ ਬਿਨਾ। ਆਪੇ–ਆਪ ਹੀ। ਸਜਾਇ–ਸਜ਼ਾ, ਡੰਡ। ਏਵੈ–ਇਸੇ ਤਰ੍ਹਾਂ ਹੀ, (ਭਾਵ,) ਹੁਕਮ ਮੰਨਣ ਨਾਲ ਹੀ।

ਅਰਥ :–(ਪ੍ਰਭੂ ਦਾ) ਸਿਮਰਨ ਕਰਨ ਤੋਂ ਬਿਨਾ ਮਨੁੱਖ ਨੂੰ ਦੁੱਖ ਵਿਆਪਦਾ ਹੈ, ਜਦੋਂ (ਪ੍ਰਭੂ ਦਾ) ਹੁਕਮ ਮੰਨਦਾ ਹੈ (ਭਾਵ, ਰਜ਼ਾ ਵਿਚ ਤੁਰਦਾ ਹੈ) ਤਾਂ ਦੁੱਖ ਦੂਰ ਹੋ ਜਾਂਦਾ ਹੈ (ਕਿਉਂਕਿ ਪ੍ਰਭੂ) ਆਪ ਹੀ ਸੁਖ ਦੇਣ ਵਾਲਾਂ ਹੈ ਤੇ ਆਪ ਹੀ ਸਜ਼ਾ ਦੇਣ ਵਾਲਾ ਹੈ। ਹੇ ਨਾਨਕ ! ਹੁਕਮ ਵਿਚ ਤੁਰਿਆਂ ਹੀ ਇਹ ਸਮਝ ਪੈਂਦੀ ਹੈ ਕਿ ਸਭ ਕੁਝ ਪ੍ਰਭੂ ਦੀ ਰਜ਼ਾ ਵਿਚ ਹੋ ਰਿਹਾ ਹੈ। ੨।

ਪਉੜੀ ॥ ਹਰਿ ਨਾਮ ਬਿਨਾ ਜਗਤੁ ਹੈ ਨਿਰਧਨੁ ਬਿਨੁ ਨਾਵੈ ਤ੍ਰਿਪਤਿ ਨਾਹੀ ॥ ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ ॥ ਬਿਨੁ ਕਰਮਾ ਕਿਛੂ ਨ ਪਾਈਐ ਜੇ ਬਹੁਤੁ ਲੋਚਾਹੀ ॥ ਆਵੈ ਜਾਇ ਜੰਮੈ ਮਰੈ ਗੁਰ ਸਬਦਿ ਛੁਟਾਹੀ ॥ ਆਪਿ ਕਰੈ ਕਿਸੁ ਆਖੀਐ ਦੂਜਾ ਕੋ ਨਾਹੀ ॥੧੯॥

ਪਦ ਅਰਥ :–ਨਿਰਧਨੁ–ਕੰਗਾਲ। ਤ੍ਰਿਪਤਿ–ਸੰਤੋਖ। ਦੂਜੈ–ਮਾਇਆ ਦੇ ਮੋਹ ਦੇ ਕਾਰਨ। ਭਰਮਿ–ਭੁਲੇਖੇ ਵਿਚ। ਭਰਮਿ–ਭਟਕਣਾ ਵਿਚ (ਪੈ ਕੇ)। ਭੁਲਾਇਆ–ਕੁਰਾਹੇ ਪਿਆ ਰਹਿੰਦਾ ਹੈ।

ਅਰਥ :–ਪ੍ਰਭੂ ਦੇ 'ਨਾਮ' ਤੋਂ ਬਿਨਾ ਜਗਤ ਕੰਗਾਲ ਹੈ (ਕਿਉਂਕਿ ਭਾਵੇਂ ਕਿਤਨੀ ਹੀ ਮਾਇਆ ਜੋੜ ਲਏ) 'ਨਾਮ' ਤੋਂ ਬਿਨਾ ਸੰਤੋਖ ਨਹੀਂ ਆਉਂਦਾ ; ਮਾਇਆ ਦੇ ਮੋਹ ਕਰਕੇ ਭਟਕਣਾ ਵਿਚ ਪੈ ਕੇ ਕੁਰਾਹੇ ਪਿਆ ਰਹਿੰਦਾ ਹੈ, ਹਉਮੈ ਦੇ ਕਾਰਨ ਹੀ ਜੀਵ ਦੁੱਖ ਪਾਂਦੇ ਹਨ। ਪਰ ਭਾਵੇਂ ਕਿਤਨੀ ਹੀ ਲਾਲਸਾ ਕਰਨ ਪ੍ਰਭੂ ਦੀ ਮਿਹਰ ਤੋਂ ਬਿਨਾ ਨਾਮ ਨਹੀਂ ਮਿਲਦਾ। (ਸੋ, ਇਸ ਮੋਹ ਵਿਚ ਹੀ) ਜਗਤ ਜੰਮਦਾ ਹੈ ਮਰਦਾ ਹੈ ਜੰਮਦਾ ਹੈ ਮਰਦਾ ਹੈ। (ਇਸ ਗੇੜ ਵਿਚੋਂ) ਜੀਵ ਗੁਰੂ ਦੇ ਸ਼ਬਦ ਦੀ ਰਾਹੀਂ ਹੀ ਬਚ ਸਕਦੇ ਹਨ।

ਪਰ ਇਹ ਸਾਰੀ ਖੇਡ ਪ੍ਰਭੂ ਆਪ ਕਰ ਰਿਹਾ ਹੈ, ਕਿਸੇ ਹੋਰ ਪਾਸ ਪੁਕਾਰ ਨਹੀਂ ਕੀਤੀ ਜਾ ਸਕਦੀ, ਕਿਉਂਕਿ ਪ੍ਰਭੂ ਤੋਂ ਬਿਨਾ ਹੋਰ ਹੈ ਹੀ ਕੋਈ ਨਹੀਂ। ੧੯।

ਸਲੋਕੁ ਮः ੩ ॥ ਇਸੁ ਜਗ ਮਹਿ ਸੰਤੀ ਧਨੁ ਖਟਿਆ ਜਿਨਾ ਸਤਿਗੁਰੁ ਮਿਲਿਆ ਪ੍ਰਭੁ ਆਇ ॥ ਸਤਿਗੁਰਿ ਸਚੁ ਦ੍ਰਿੜਾਇਆ ਇਸੁ ਧਨ ਕੀ ਕੀਮਤਿ ਕਹੀ ਨ ਜਾਇ ॥ ਇਤੁ ਧਨਿ ਪਾਇਐ ਭੁਖ ਲਥੀ ਸੁਖੁ

ਵਸਿਆ ਮਨਿ ਆਇ ॥ ਜਿਨ੍ਹਾ ਕਉ ਧੁਰਿ ਲਿਖਿਆ ਤਿਨੀ ਪਾਇਆ ਆਇ ॥ ਮਨਮੁਖੁ ਜਗਤੁ ਨਿਰਧਨੁ ਹੈ ਮਾਇਆ ਨੋ ਬਿਲਲਾਇ ॥ਅਨਦਿਨੁ ਫਿਰਦਾ ਸਦਾ ਰਹੈ ਭੁਖ ਨ ਕਦੇ ਜਾਇ ॥ ਸਾਂਤਿ ਨ ਕਦੇ ਆਵਈ ਨਹ ਸੁਖੁ ਵਸੈ ਮਨਿ ਆਇ ॥ਸਦਾ ਚਿੰਤ ਚਿਤਵਦਾ ਰਹੈ ਸਹਸਾ ਕਦੇ ਨ ਜਾਇ॥ ਨਾਨਕ ਵਿਣੁ ਸਤਿਗੁਰ ਮਤਿ ਭਵੀ,ਸਤਿਗੁਰ ਨੋ ਮਿਲੈ ਤਾ ਸਬਦੁ ਕਮਾਇ ॥ ਸਦਾ ਸਦਾ ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥ ੧ ॥

ਪਦ ਅਰਥ :—ਸੰਤੀ—ਸੰਤਾਂ ਨੇ । ਸਤਿਗੁਰਿ—ਸਤਿਗੁਰ ਨੇ । ਦ੍ਰਿੜਾਇਆ—ਮਨ ਵਿਚ ਪੱਕਾ ਕਰ ਦਿੱਤਾ । ਇਤੁ—['ਇਸੁ' ਤੋਂ ਅਧਿਕਰਣ ਕਾਰਕ, ਇਕ ਵਚਨ] । ਧਨਿ —['ਧਨੁ' ਤੋਂ ਅਧਿਕਰਣ ਕਾਰਕ, ਇਕ ਵਚਨ] । ਪਾਇਐ—['ਪਾਇਆ' ਤੋਂ ਅਧਿ-ਕਰਣ ਕਾਰਕ, ਇਕ ਵਚਨ] । ਇਤੁ ਧਨਿ ਪਾਇਐ—[ਇਸ ਸਾਰੇ 'ਵਾਕਾਂਸ਼' (phrase) ਦਾ ਹਰੇਕ ਲਫ਼ਜ਼ ਅਧਿਕਰਣ ਕਾਰਕ ਵਿਚ ਹੈ, ਇਹ 'ਵਾਕਾਂਸ਼' ਆਪਣੇ ਆਪ ਵਿਚ ਮੁਕੰਮਲ ਹੈ, ਭਾਵ, ਵਿਆਕਰਣ-ਅਨੁਸਾਰ ਇਸ ਨੂੰ ਕਿਸੇ ਹੋਰ ਲਫ਼ਜ਼ ਦੀ ਮੁਥਾਜੀ ਨਹੀਂ, ਸੋ, ਅੰਗਰੇਜ਼ੀ ਵਿਚ ਇਸ ਨੂੰ Locative Absolute ਆਖਦੇ ਹਨ, ਪੰਜਾਬੀ ਵਿਆਕਰਣ ਵਿਚ ਇਸ ਨੂੰ ਅਸੀ 'ਪੂਰਬ ਪੂਰਣ ਕਾਰਦੰਤਕ' ਆਖਾਂਗੇ] ਇਹ ਧਨ ਹਾਸਲ ਕੀਤਿਆਂ । ਚਿੰਤ ਚਿਤਵਦਾ—ਸੋਚਾਂ ਸੋਚਦਾ । ਸਹਸਾ—ਤੌਖ਼ਲਾ ।

ਅਰਥ :—ਇਸ ਜਗਤ ਵਿਚ ਸੰਤਾਂ ਨੇ (ਹੀ) ਨਾਮ-ਧਨ ਕਮਾਇਆ ਹੈ ਜਿੰਨ੍ਹਾਂ ਨੂੰ ਗੁਰੂ ਮਿਲਿਆ ਹੈ (ਤੇ ਗੁਰੂ ਦੀ ਰਾਹੀਂ) ਪ੍ਰਭੂ ਮਿਲਿਆ ਹੈ, (ਕਿਉਂਕਿ) ਗੁਰੂ ਨੇ ਉਹਨਾਂ ਦੇ ਮਨ ਵਿਚ ਸਿਮਰਨ ਪੱਕਾ ਕਰ ਦਿੱਤਾ ਹੈ (ਭਾਵ, ਸਿਮਰਨ ਦੀ ਪੱਕੀ ਗੰਢ ਬੰਨ੍ਹ ਦਿੱਤੀ ਹੈ) । ਇਹ ਨਾਮ-ਧਨ ਇਤਨਾ ਅਮੋਲਕ ਹੈ ਕਿ ਇਸ ਦਾ ਮੁੱਲ ਨਹੀਂ ਪੈ ਸਕਦਾ । ਜੇ ਇਹ ਨਾਮ-ਧਨ ਮਿਲ ਜਾਏ ਤਾਂ (ਮਾਇਆ ਦੀ) ਭੁੱਖ ਲਹਿ ਜਾਂਦੀ ਹੈ, ਮਨ ਵਿਚ ਸੁਖ ਆ ਵਸਦਾ ਹੈ, ਪਰ ਮਿਲਦਾ ਉਹਨਾਂ ਨੂੰ ਹੈ ਜਿੰਨ੍ਹਾਂ ਦੇ ਭਾਗਾਂ ਵਿਚ ਧੁਰ ਦਰਗਾਹੋਂ ਲਿਖਿਆ ਹੋਵੇ (ਭਾਵ, ਜਿੰਨ੍ਹਾਂ ਉੱਤੇ ਮੇਹਰ ਹੋਵੇ) ।

ਮਨ ਦੇ ਪਿੱਛੇ ਤੁਰਨ ਵਾਲਾ ਜਗਤ ਸਦਾ ਕੰਗਾਲ ਹੈ ਮਾਇਆ ਲਈ ਹੀ ਵਿਲਕਦਾ ਹੈ, ਹਰ ਰੋਜ਼ ਸਦਾ ਭਟਕਦਾ ਫਿਰਦਾ ਹੈ, ਇਸ ਦੀ (ਮਾਇਆ ਵਾਲੀ) ਭੁੱਖ ਮਿਟਦੀ ਨਹੀਂ, ਕਦੇ ਇਸ ਦੇ ਅੰਦਰ ਠੰਢ ਨਹੀਂ ਪੈਂਦੀ, ਕਦੇ ਇਸ ਦੇ ਮਨ ਵਿਚ ਸੁਖ ਨਹੀਂ ਹੁੰਦਾ, ਕਦੇ ਇਸ ਦਾ ਤੌਖ਼ਲਾ ਦੂਰ ਨਹੀਂ ਹੁੰਦਾ, ਸਦਾ ਸੋਚਾਂ ਸੋਚਦਾ ਰਹਿੰਦਾ ਹੈ ; ਹੇ ਨਾਨਕ ! ਗੁਰੂ ਤੋਂ ਵਾਂਜੇ ਰਹਣ ਕਰਕੇ ਇਸ ਦੀ ਬੁੱਧੀ ਨੂੰ ਚੱਕ੍ਰ ਆਇਆ ਹੋਇਆ ਹੈ ।

ਜੇ ਮਨਮੁਖ ਭੀ ਗੁਰੂ ਨੂੰ ਮਿਲ ਪਏ ਤਾ ਸ਼ਬਦ ਦੀ ਕਮਾਈ ਕਰਦਾ ਹੈ, (ਸ਼ਬਦ ਦੀ

ਬਰਕਤਿ ਨਾਲ) ਫਿਰ ਸਦਾ ਹੀ ਸੁਖ ਵਿਚ ਟਿਕਿਆ ਰਹਿੰਦਾ ਹੈ, ਪ੍ਰਭੂ ਵਿਚ ਜੁੜਿਆ ਰਹਿੰਦਾ ਹੈ। ੧।

ਮ: ੩ ॥ ਜਿਨਿ ਉਪਾਈ ਮੇਦਨੀ ਸੋਈ ਸਾਰ ਕਰੇਇ ॥ ਏਕੋ ਸਿਮਰਹੁ ਭਾਇਰਹੁ ਤਿਸੁ ਬਿਨੁ ਅਵਰੁ ਨ ਕੋਇ ॥ ਖਾਣਾ ਸਬਦੁ ਚੰਗਿ-ਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥ ਪੈਨਣੁ ਸਿਫਤਿ ਸਨਾਇ ਹੈ ਸਦਾ ਸਦਾ ਓਹੁ ਊਜਲਾ ਮੈਲਾ ਕਦੇ ਨ ਹੋਇ ॥ ਸਹਜੇ ਸਚੁ ਧਨੁ ਖਟਿਆ ਥੋੜਾ ਕਦੇ ਨ ਹੋਇ ॥ ਦੇਹੀ ਨੋ ਸਬਦੁ ਸੀਗਾਰੁ ਹੈ ਜਿਤੁ ਸਦਾ ਸਦਾ ਸੁਖੁ ਹੋਇ ॥ ਨਾਨਕ ਗੁਰਮੁਖਿ ਬੁਝੀਐ ਜਿਸ ਨੋ ਆਪਿ ਵਿਖਾਲੇ ਸੋਇ ॥ ੨ ॥

ਪਦ ਅਰਥ :—ਮੇਦਨੀ—ਧਰਤੀ, ਸ੍ਰਿਸ਼ਟੀ। ਸਾਰ—ਸੰਭਾਲ। ਭਾਇਰਹੁ—ਹੇ ਭਰਾਵੋ! ਜਿਤੁ—ਜਿਸ ਦੀ ਰਾਹੀਂ। ਜਿਤੁ ਖਾਧੈ—ਜਿਸ ਦੇ ਖਾਣ ਨਾਲ। ਤ੍ਰਿਪਤਿ—ਸੰਤੋਖ। ਸਨਾਇ—[ਅਰਬੀ, ਸ੍ਨਾ] ਵਡਿਆਈ। ਦੇਹੀ—ਸਰੀਰ।

ਅਰਥ :—ਜਿਸ ਪਰਮਾਤਮਾ ਨੇ ਸ੍ਰਿਸ਼ਟੀ ਪੈਦਾ ਕੀਤੀ ਹੈ ਉਹੀ ਇਸ ਦੀ ਸੰਭਾਲ ਕਰਦਾ ਹੈ, ਹੇ ਭਰਾਵੋ! ਉਸ ਇੱਕ ਨੂੰ ਸਿਮਰੋ, ਉਸ ਤੋਂ ਬਿਨਾ ਹੋਰ ਕੋਈ (ਸੰਭਾਲ ਕਰਨ ਵਾਲਾ) ਨਹੀਂ ਹੈ। (ਹੇ ਭਰਾਵੋ!) ਪ੍ਰਭੂ ਦੇ ਗੁਣਾਂ ਨੂੰ ਗੁਰੂ ਦੇ ਸ਼ਬਦ ਨੂੰ ਭੋਜਨ ਬਣਾਓ (ਭਾਵ, ਜੀਵਨ ਦਾ ਆਸਰਾ ਬਣਾਓ), ਇਹ ਭੋਜਨ ਖਾਧਿਆਂ ਸਦਾ ਰੱਜੇ ਰਹੀਦਾ ਹੈ (ਮਨ ਵਿਚ ਸਦਾ ਸੰਤੋਖ ਰਹਿੰਦਾ ਹੈ); ਪ੍ਰਭੂ ਦੀ ਸਿਫ਼ਤਿ ਸਾਲਾਹ ਨੂੰ ਵਡਿਆਈਆਂ ਨੂੰ (ਆਪਣਾ) ਪੁਸ਼ਾਕਾ ਬਣਾਓ, ਉਹ ਪੁਸ਼ਾਕਾ ਸਦਾ ਸਾਫ਼ ਰਹਿੰਦਾ ਹੈ ਤੇ ਕਦੇ ਮੈਲਾ ਨਹੀਂ ਹੁੰਦਾ।

ਆਤਮਕ ਅਡੋਲਤਾ ਵਿਚ (ਰਹਿ ਕੇ) ਖੱਟਿਆ ਹੋਇਆ ਨਾਮ-ਧਨ ਕਦੇ ਘਟਦਾ ਨਹੀਂ। ਮਨੁੱਖਾ ਸਰੀਰ ਲਈ ਗੁਰੂ ਦਾ ਸ਼ਬਦ (ਮਾਨੋ) ਗਹਣਾ ਹੈ, ਇਸ (ਗਹਣੇ ਦੀ ਬਰਕਤਿ) ਨਾਲ ਸਦਾ ਹੀ ਸੁਖ ਮਿਲਦਾ ਹੈ। ਹੇ ਨਾਨਕ! ਜਿਸ ਮਨੁੱਖ ਨੂੰ ਪ੍ਰਭੂ ਆਪ ਸੋਝੀ ਪਾਏ ਉਹ ਗੁਰੂ ਦੀ ਰਾਹੀਂ ਇਹ (ਜੀਵਨ-ਭੇਤ) ਸਮਝਦਾ ਹੈ। ੨।

ਪਉੜੀ ॥ ਅੰਤਰਿ ਜਪੁ ਤਪੁ ਸੰਜਮੋ ਗੁਰ ਸਬਦੀ ਜਾਪੈ ॥ ਹਰਿ ਹਰਿ ਨਾਮੁ ਧਿਆਈਐ ਹਉਮੈ ਅਗਿਆਨੁ ਗਵਾਪੈ ॥ ਅੰਦਰੁ ਅੰਮ੍ਰਿਤਿ ਭਰਪੂਰੁ ਹੈ ਚਾਖਿਆ ਸਾਦੁ ਜਾਪੈ ॥ ਜਿਨ ਚਾਖਿਆ ਸੇ ਨਿਰਭਉ ਭਏ ਸੇ ਹਰਿ ਰਸਿ ਧ੍ਰਾਪੈ ॥ ਹਰਿ ਕਿਰਪਾ ਧਾਰਿ ਪੀਆਇਆ ਫਿਰਿ ਕਾਲੁ ਨ ਵਿਆਪੈ ॥੧੭॥

ਪਦ ਅਰਥ :—ਅੰਤਰਿ—ਅੰਦਰ ਵਲ ਪਰਤਣਾ, ਮਨ ਦੇ ਅੰਦਰ ਹੀ ਟਿਕਣਾ। ਸੰਜਮੋ—ਇੰਦ੍ਰਿਆਂ ਤੇ ਮਨ ਨੂੰ ਰੋਕਣ ਦਾ ਉੱਦਮ। ਅੰਦਰੁ—ਅੰਦਰਲਾ, ਹਿਰਦਾ।

ਅੰਮ੍ਰਿਤਿ—ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ । ਧ੍ਰਾਪਿ—ਰੱਜ ਜਾਂਦੇ ਹਨ । ਵਿਆਪੈ—ਦਬਾ ਪਾਂਦਾ ਹੈ ।

ਅਰਥ :-('ਦੂਜੇ ਭਰਮ' ਵਲੋਂ ਹਟ ਕੇ) ਮਨ ਦੇ ਅੰਦਰ ਹੀ ਟਿਕਣਾ—ਇਹੀ ਜਪ ਹੈ ਇਹੀ ਤਪ ਹੈ ਇਹੀ ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣ ਦਾ ਸਾਧਨ ਹੈ ; ਪਰ ਇਹ ਸਮਝ ਸਤਿਗੁਰੂ ਦੇ ਸ਼ਬਦ ਦੀ ਰਾਹੀਂ ਆਉਂਦੀ ਹੈ; ਜੇ ('ਦੂਜੇ ਭਰਮ' ਨੂੰ ਛੱਡ ਕੇ) ਪ੍ਰਭੂ ਦਾ ਨਾਮ ਸਿਮਰੀਏ ਤਾਂ ਹਉਮੈ ਤੇ ਆਤਮਕ ਜੀਵਨ ਵਲੋਂ ਬਿ-ਸਮਝੀ ਦੂਰ ਹੋ ਜਾਂਦੀ ਹੈ ।

(ਉਂਞ ਤਾਂ ਸਦਾ ਹੀ) ਹਿਰਦਾ ਨਾਮ-ਅੰਮ੍ਰਿਤ ਨਾਲ ਨਕਾ-ਨਕ ਭਰਿਆ ਹੋਇਆ ਹੈ (ਭਾਵ, ਪਰਮਾਤਮਾ ਅੰਦਰ ਹੀ ਰੋਮ ਰੋਮ ਵਿਚ ਵੱਸਦਾ ਹੈ), ਪਰ (ਗੁਰ-ਸ਼ਬਦ ਦੀ ਰਾਹੀਂ ਨਾਮ-ਰਸ) ਚੱਖਿਆਂ ਸੁਆਦ ਆਉਂਦਾ ਹੈ । ਜਿਨ੍ਹਾਂ ਨੇ ਇਹ ਨਾਮ-ਰਸ ਚੱਖਿਆ ਹੈ ਉਹ ਨਿਰਭਉ (ਪ੍ਰਭੂ ਦਾ ਰੂਪ) ਹੋ ਜਾਂਦੇ ਹਨ, ਉਹ ਨਾਮ ਦੇ ਰਸ ਨਾਲ ਰੱਜ ਜਾਂਦੇ ਹਨ । ਜਿਨ੍ਹਾਂ ਨੂੰ ਪ੍ਰਭੂ ਨੇ ਮਿਹਰ ਕਰ ਕੇ ਇਹ ਰਸ ਪਿਲਾਇਆ ਹੈ ਉਹਨਾਂ ਨੂੰ ਮੁੜ ਮੌਤ ਦਾ ਡਰ ਦਬਾ ਨਹੀਂ ਸਕਦਾ (ਆਤਮਕ ਮੌਤ ਉਹਨਾਂ ਦੇ ਨੇੜੇ ਨਹੀਂ ਆਉਂਦੀ) । ੧੭ ।

ਸਲੋਕੁ ਮ: ੩ ॥ ਲੋਕੁ ਅਵਗਣਾ ਕੀ ਬੰਨੈ੍ ਗੰਠੜੀ ਗੁਣ ਨ ਵਿਹਾਝੈ ਕੋਇ ॥ ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥ ਗੁਰ ਪਰਸਾਦੀ ਗੁਣ ਪਾਈਅਨਿ੍ ਜਿਸ ਨੋ ਨਦਰਿ ਕਰੇਇ ॥ ੧ ॥

ਅਰਥ :-ਜਗਤ ਔਗਣਾਂ ਦੀ ਪੋਟਲੀ ਬੰਨ੍ਹੀ ਜਾ ਰਿਹਾ ਹੈ, ਕੋਈ ਬੰਦਾ ਗੁਣਾਂ ਦਾ ਸੌਦਾ ਨਹੀਂ ਕਰਦਾ । ਹੇ ਨਾਨਕ ! ਗੁਣ ਖ਼ਰੀਦਣ ਵਾਲਾ ਕੋਈ ਵਿਰਲਾ ਹੀ ਹੁੰਦਾ ਹੈ । ਗੁਰੂ ਦੀ ਕਿਰਪਾ ਨਾਲ ਹੀ ਗੁਣ ਮਿਲਦੇ ਹਨ, (ਪਰ ਮਿਲਦੇ ਉਸ ਨੂੰ ਹਨ) ਜਿਸ ਉਤੇ ਪ੍ਰਭੂ ਮਿਹਰ ਦੀ ਨਜ਼ਰ ਕਰਦਾ ਹੈ । ੧ ।

ਮ: ੩ ॥ ਗੁਣ ਅਵਗੁਣ ਸਮਾਨਿ ਹਹਿ ਜਿ ਆਪਿ ਕੀਤੇ ਕਰਤਾਰਿ ॥ ਨਾਨਕ ਹੁਕਮਿ ਮੰਨਿਐ ਸੁਖੁ ਪਾਈਐ ਗੁਰ ਸਬਦੀ ਵੀਚਾਰਿ ॥ ੨ ॥

ਅਰਥ :-ਹੇ ਨਾਨਕ ! ਗੁਰੂ ਦੇ ਸ਼ਬਦ ਦੀ ਰਾਹੀਂ ਵਿਚਾਰਵਾਨ ਹੋ ਕੇ ਪ੍ਰਭੂ ਦਾ ਹੁਕਮ ਮੰਨਿਆਂ ਸੁਖ ਮਿਲਦਾ ਹੈ, (ਜਿਸ ਨੇ ਹੁਕਮ ਮੰਨਿਆ ਹੈ ਉਸ ਨੂੰ ਲੋਕਾਂ ਵਲੋਂ ਕੀਤੇ) ਗੁਣ ਤੇ ਔਗਣ (ਭਾਵ, ਨੇਕੀ ਤੇ ਬਦੀ ਦਾ ਸਲੂਕ) ਇਕੋ ਜਿਹੇ ਜਾਪਦੇ ਹਨ (ਕਿਉਂਕਿ 'ਹੁਕਮ' ਵਿਚ ਤੁਰਨ ਦੇ ਕਾਰਨ ਸਮਝਦਾ ਹੈ ਕਿ) ਇਹ (ਗੁਣ ਤੇ ਔਗਣ) ਕਰਤਾਰ ਨੇ ਆਪ ਪੈਦਾ ਕੀਤੇ ਹਨ । ੨ ।

ਪਉੜੀ ॥ ਅੰਦਰਿ ਰਾਜਾ ਤਖਤੁ ਹੈ ਆਪੇ ਕਰੇ ਨਿਆਉ ॥ ਗੁਰ ਸਬਦੀ ਦਰੁ ਜਾਣੀਐ ਅੰਦਰਿ ਮਹਲੁ ਅਸਰਾਉ ॥ ਖਰੇ ਪਰਖਿ ਖਜਾਨੈ ਪਾਈਅਨਿ ਖੋਟਿਆ ਨਾਹੀ ਥਾਉ ॥ ਸਭੁ ਸਚੋ ਸਚੁ ਵਰਤਦਾ ਸਦਾ ਸਚੁ ਨਿਆਉ ॥ ਅੰਮ੍ਰਿਤ ਕਾ ਰਸੁ ਆਇਆ ਮਨਿ ਵਸਿਆ ਨਾਉ ॥ ੧੯ ॥

ਅਰਥ :–(ਜੀਵ ਦੇ) ਅੰਦਰ ਹੀ (ਜੀਆਂ ਦਾ) ਮਾਲਕ (ਬੈਠਾ) ਹੈ, (ਜੀਵ ਦੇ) ਅੰਦਰ ਹੀ (ਉਸ ਦਾ) ਤਖ਼ਤ ਹੈ, ਉਹ ਆਪ ਹੀ (ਅੰਦਰ ਬੈਠਾ ਹੋਇਆ, ਜੀਵ ਦੇ ਕੀਤੇ ਕਰਮਾਂ ਦਾ) ਨਿਆਂ ਕਰੀ ਜਾਂਦਾ ਹੈ; (ਜੀਵ ਦੇ) ਅੰਦਰ ਹੀ (ਉਸ ਦਾ) ਮਹਲ ਹੈ, (ਜੀਵ ਦੇ) ਅੰਦਰ ਹੀ (ਬੈਠਾ ਜੀਵ ਨੂੰ) ਆਸਰਾ (ਦੇਈ ਜਾ ਰਿਹਾ) ਹੈ, ਪਰ ਉਸ ਦੇ ਮਹਲ ਦਾ ਬੂਹਾ ਗੁਰੂ ਦੇ ਸ਼ਬਦ ਦੀ ਰਾਹੀਂ ਲੱਭਦਾ ਹੈ।

(ਜੀਵ ਦੇ ਅੰਦਰ ਹੀ ਬੈਠੇ ਹੋਏ ਦੀ ਹਜ਼ੂਰੀ ਵਿਚ) ਖਰੇ ਜੀਵ ਪਰਖ ਕੇ ਖ਼ਜ਼ਾਨੇ ਵਿਚ ਰੱਖੇ ਜਾਂਦੇ ਹਨ (ਭਾਵ, ਅੰਦਰ ਬੈਠਾ ਹੋਇਆ ਹੀ ਖਰੇ ਜੀਵਾਂ ਦੀ ਆਪ ਸੰਭਾਲ ਕਰੀ ਜਾਂਦਾ ਹੈ), ਖੋਟਿਆਂ ਨੂੰ ਥਾਂ ਨਹੀਂ ਮਿਲਦੀ। ਉਹ ਸਦਾ ਥਿਰ ਰਹਣ ਵਾਲਾ ਪ੍ਰਭੂ ਹਰ ਥਾਂ ਮੌਜੂਦ ਹੈ, ਉਸ ਦਾ ਨਿਆਂ ਸਦਾ ਅਟੱਲ ਹੈ; ਉਨ੍ਹਾਂ ਨੂੰ ਉਸ ਦੇ ਨਾਮ-ਅੰਮ੍ਰਿਤ ਦਾ ਸੁਆਦ ਆਉਂਦਾ ਹੈ ਜਿੰਨ੍ਹਾਂ ਦੇ ਮਨ ਵਿਚ ਨਾਮ ਵੱਸਦਾ ਹੈ। ੧੯।

ਸਲੋਕੁ ਮ: ੧ ॥ ਹਉ ਮੈ ਕਰੀ ਤਾਂ ਤੂ ਨਾਹੀ ਤੂ ਹੋਵਹਿ ਹਉ ਨਾਹਿ ॥ ਬੂਝਹੁ ਗਿਆਨੀ ਬੂਝਣਾ ਏਹ ਅਕਥ ਕਥਾ ਮਨ ਮਾਹਿ ॥ ਬਿਨੁ ਗੁਰ ਤਤੁ ਨ ਪਾਈਐ ਅਲਖੁ ਵਸੈ ਸਭ ਮਾਹਿ ॥ ਸਤਿਗੁਰੁ ਮਿਲੈ ਤ ਜਾਣੀਐ ਜਾਂ ਸਬਦ ਵਸੈ ਮਨ ਮਾਹਿ ॥ ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਗੁਰਮਤਿ ਅਲਖੁ ਲਖਾਈਐ ਊਤਮ ਮਤਿ ਤਰਾਹਿ ॥ ਨਾਨਕ ਸੋਹੰ ਹੰਸਾ ਜਪੁ ਜਾਪਹੁ ਤ੍ਰਿਭਵਣ ਤਿਸੈ ਸਮਾਹਿ ॥ ੧ ॥

ਪਦ ਅਰਥ :–ਗਿਆਨੀ–ਹੇ ਗਿਆਨਵਾਨ ! ਬੂਝਣਾ–ਬੁਝਾਰਤ, ਡੂੰਘੀ ਗੱਲ। ਅਕਥ ਕਥਾ–ਉਸ ਪ੍ਰਭੂ ਦੀ ਗੱਲ ਜਿਸ ਦਾ ਸਰੂਪ ਦੱਸਿਆ ਨਹੀਂ ਜਾ ਸਕਦਾ। ਅਲਖੁ –ਜਿਸ ਦਾ ਕੋਈ ਖਾਸ ਨਿਸ਼ਾਨ ਨਹੀਂ ਦਿੱਸਦਾ। ਆਪੁ–ਆਪਾ-ਭਾਵ, ਹਉਮੈ। ਭ੍ਰਮੁ– ਭਟਕਣਾ। ਜਨਮ ਮਰਨ ਦੁਖ–ਜੰਮਣ ਤੋਂ ਲੈ ਕੇ ਮੌਤ ਤਕ ਦੇ ਸਾਰੇ ਦੁੱਖ, ਸਾਰੀ ਉਮਰ ਦੇ ਦੁੱਖ। ਊਤਮ ਮਤਿ–ਉੱਜਲ ਬੁੱਧ ਵਾਲੇ। ਸੋਹੰ–(ਸੋऽਹੰ) ਉਹ ਮੈਂ ਹਾਂ। ਹੰਸਾ– (ਅਹੰ ਸ:) ਮੈਂ ਉਹ ਹਾਂ। ਸੋਹੰ ਹੰਸਾ ਜਪੁ–ਉਹ ਜਪ ਜਿਸ ਨਾਲ 'ਉਹ ਮੈਂ' ਤੇ 'ਮੈਂ ਉਹ' ਹੋ ਜਾਏ, ਉਹ ਸਿਮਰਨ ਜਿਸ ਨਾਲ ਜੀਵ ਤੇ ਪ੍ਰਭੂ ਇੱਕ-ਰੂਪ ਹੋ ਜਾਣ।

ਅਰਥ :–ਹੇ ਪ੍ਰਭੂ ! ਜਦੋਂ ਮੈਂ 'ਹਉਂ, ਹਉਂ' ਕਰਦਾ ਹਾਂ ਤਦੋਂ ਤੂੰ (ਮੇਰੇ ਅੰਦਰ

ਪਰਗਟ) ਨਹੀਂ ਹੁੰਦਾ, ਪਰ ਜਦੋਂ ਤੂੰ ਆ ਵੱਸਦਾ ਹੈਂ ਮੇਰੀ 'ਹਉਂ' ਮੁਕ ਜਾਂਦੀ ਹੈ।

ਹੇ ਗਿਆਨਵਾਨ ! ਅਕੱਥ ਪ੍ਰਭੂ ਦੀ ਇਹ ਡੂੰਘੀ ਰਾਜ਼ ਵਾਲੀ ਗੱਲ ਆਪਣੇ ਮਨ ਵਿਚ ਸਮਝ। ਅਲੱਖ ਪ੍ਰਭੂ ਵੱਸਦਾ ਤਾਂ ਸਭ ਦੇ ਅੰਦਰ ਹੈ, ਪਰ ਇਹ ਅਸਲੀਅਤ ਗੁਰੂ ਤੋਂ ਬਿਨਾ ਨਹੀਂ ਲੱਭਦੀ, ਜਦੋਂ ਗੁਰੂ ਮਿਲ ਪਏ ਜਦੋਂ ਗੁਰੂ ਦਾ ਸ਼ਬਦ ਮਨ ਵਿਚ ਆ ਵੱਸੇ ਤਾਂ ਇਹ ਸਮਝ ਪੈਂਦੀ ਹੈ।

ਜਿਸ ਮਨੁੱਖ ਦੀ 'ਹਉਂ' ਦੂਰ ਹੋ ਜਾਂਦੀ ਹੈ, (ਮਾਇਆ ਦੀ ਖ਼ਾਤਰ) ਭਟਕਣਾ ਮਿਟ ਜਾਂਦੀ ਹੈ (ਮੌਤ ਆਦਿਕ ਦਾ) ਡਰ ਮੁੱਕ ਜਾਂਦਾ ਹੈ, ਉਸ ਦੇ ਸਾਰੀ ਉਮਰ ਦੇ ਦੁੱਖ ਨਾਸ ਹੋ ਜਾਂਦੇ ਹਨ (ਕਿਉਂਕਿ ਜੀਵਨ ਵਿਚ ਦੁੱਖ ਹੁੰਦੇ ਹੀ ਇਹੀ ਹਨ); ਜਿੰਨ੍ਹਾਂ ਨੂੰ ਗੁਰੂ ਦੀ ਮਤਿ ਲਿਆਂ ਰੱਬ ਦਿੱਸ ਪੈਂਦਾ ਹੈ, ਜਿੰਨ੍ਹਾਂ ਦੀ ਬੁੱਧ ਉੱਜਲ ਹੋ ਜਾਂਦੀ ਹੈ ਉਹ(ਇਹਨਾਂ ਦੁੱਖਾਂ ਦੇ ਸਮੁੰਦਰ ਤੋਂ) ਤਰ ਜਾਂਦੇ ਹਨ।

(ਸੋ,) ਹੇ ਨਾਨਕ ! (ਤੂੰ ਭੀ) ਸਿਮਰਨ ਕਰ ਜਿਸ ਨਾਲ ਤੇਰੀ ਆਤਮਾ ਪ੍ਰਭੂ ਨਾਲ ਇੱਕ-ਰੂਪ ਹੋ ਜਾਏ, (ਵੇਖ !) ਤ੍ਰਿਲੋਕੀ ਦੇ ਹੀ ਜੀਵ ਉਸੇ ਵਿਚ ਟਿਕੇ ਹੋਏ ਹਨ (ਉਸੇ ਦੇ ਆਸਰੇ ਹਨ)।੧।

ਮ: ੩ ॥ ਮਨੁ ਮਾਣਕੁ ਜਿਨਿ ਪਰਖਿਆ ਗੁਰ ਸਬਦੀ ਵੀਚਾਰਿ ॥ ਸੇ ਜਨ ਵਿਰਲੇ ਜਾਣੀਅਹਿ ਕਲਜੁਗ ਵਿਚਿ ਸੰਸਾਰਿ ॥ ਆਪੈ ਨੋ ਆਪੁ ਮਿਲਿ ਰਹਿਆ ਹਉਮੈ ਦੁਬਿਧਾ ਮਾਰਿ ॥ ਨਾਨਕ ਨਾਮਿ ਰਤੇ ਦੁਤਰੁ ਤਰੇ ਭਉਜਲੁ ਬਿਖਮੁ ਸੰਸਾਰੁ ॥ ੨ ॥

ਪਦ ਅਰਥ :–ਮਾਣਕੁ–ਸੁੱਚਾ ਮੋਤੀ। ਜਿਨਿ–ਜਿਸ ਨੇ। ਸੰਸਾਰਿ–ਸੰਸਾਰ ਵਿਚ। ਜੁਗ–ਸਮਾ, ਪਹਿਰਾ। ਕਲ–ਕਲੇਸ਼, ਝਗੜੇ, ਵਿਕਾਰ। ਕਲਜੁਗ–ਜਿਥੇ ਵਿਕਾਰਾਂ ਦਾ ਪਹਿਰਾ ਹੈ। ਦੁਬਿਧਾ–ਦੁਚਿੱਤਾ-ਪਨ, ਮੇਰ-ਤੇਰ। ਦੁਤਰੁ–ਜਿਸ ਨੂੰ ਤਰਨਾ ਔਖਾ ਹੈ। ਭਉਜਲੁ–ਸੰਸਾਰ-ਸਮੁੰਦਰ। ਬਿਖਮੁ–ਔਖਾ, ਡਰਾਉਣਾ।

ਅਰਥ :–ਇਹ ਮਨੁ ਸੁੱਚਾ ਮੋਤੀ ਹੈ, ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਦੀ ਰਾਹੀਂ ਵਿਚਾਰ ਕਰ ਕੇ (ਇਸ ਸੁੱਚੇ ਮੋਤੀ ਨੂੰ) ਪਰਖ ਲਿਆ ਹੈ, ਉਸ ਦਾ ਆਪਾ ਹਉਮੈ ਤੇ ਮੇਰ-ਤੇਰ ਨੂੰ ਮਾਰ ਕੇ 'ਆਪੇ' ਨਾਲ ਮਿਲਿਆ ਰਹਿੰਦਾ ਹੈ। ਪਰ ਇਸ ਸੰਸਾਰ ਵਿਚ ਜਿੱਥੇ ਵਿਕਾਰਾਂ ਦਾ ਪਹਿਰਾ ਹੈ ਅਜੇਹੇ ਬੰਦੇ ਬੜੇ ਘੱਟ ਵੇਖੀਦੇ ਹਨ।

ਹੇ ਨਾਨਕ ! ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਰੰਗੇ ਜਾਂਦੇ ਹਨ ਉਹ ਇਸ ਡਰਾਉਣੇ ਸੰਸਾਰ-ਸਮੁੰਦਰ ਤੋਂ ਲੰਘ ਜਾਂਦੇ ਹਨ ਜਿਸ ਨੂੰ ਤਰਨਾ ਬੜਾ ਔਖਾ ਹੈ।੨।

ਪਉੜੀ ॥ ਮਨਮੁਖ ਅੰਦਰੁ ਨ ਭਾਲਨੀ ਮੁਠੇ ਅਹੰਮਤੇ ॥ ਚਾਰੇ ਕੁੰਡਾਂ

ਭਵਿ ਥਕੇ ਅੰਦਰਿ ਤਿਖ ਤਤੇ ॥ ਸਿੰਮ੍ਰਿਤਿ ਸਾਸਤ ਨ ਸੋਧਨੀ ਮਨਮੁਖ ਵਿਗੁਤੇ ॥ ਬਿਨੁ ਗੁਰ ਕਿਨੈ ਨ ਪਾਇਓ ਹਰਿ ਨਾਮੁ ਹਰਿ ਸਤੇ॥ ਤਤੁ ਗਿਆਨੁ ਵੀਚਾਰਿਆ ਹਰਿ ਜਪਿ ਹਰਿ ਗਤੇ ॥ ੧੯ ॥

ਪਦ ਅਰਥ :–ਅੰਦਰੁ–ਅੰਦਰਲਾ, ਭਾਵ, ਮਨ [ਦੂਜੀ ਤੁਕ ਦੇ ਲਫ਼ਜ਼ 'ਅੰਦਰਿ' ਤੇ ਇਸ ਲਫ਼ਜ਼ ਵਿਚ ਫ਼ਰਕ ਚੇਤੇ ਰੱਖਣ-ਜੋਗ ਹੈ]। ਅੰਦਰਿ–(ਮਨ) ਵਿਚ। ਅਹੰਮਤੇ–ਹਉਮੈ ਦੇ ਕਾਰਨ। ਤਿਖ–ਮਾਇਆ ਦੀ ਤ੍ਰਿਸ਼ਨਾ। ਤਤੇ–ਸੜੇ ਹੋਏ। ਵਿਗੁਤੇ–ਖ਼ੁਆਰ ਹੁੰਦੇ ਹਨ। ਸਤੇ–ਸਤਿ, ਸਦਾ ਰਹਣ ਵਾਲਾ। ਗਤੇ–ਗਤਿ।

ਅਰਥ :–ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਹਉਮੈ ਦੇ ਠੱਗੇ ਹੋਏ ਆਪਣਾ ਮਨ ਨਹੀਂ ਖੋਜਦੇ, ਅੰਦਰੋਂ ਤ੍ਰਿਸ਼ਨਾ ਨਾਲ ਸੜੇ ਹੋਏ (ਹੋਣ ਕਰਕੇ) (ਮਾਇਆ ਦੀ ਖ਼ਾਤਰ) ਚੌਹੀਂ ਪਾਸੀਂ ਭਟਕ ਭਟਕ ਕੇ ਥੱਕ ਜਾਂਦੇ ਹਨ; ਸਿੰਮ੍ਰਿਤੀਆਂ ਸ਼ਾਸਤ੍ਰਾਂ (ਭਾਵ, ਆਪਣੇ ਧਰਮ-ਪੁਸਤਕਾਂ) ਨੂੰ ਗਹੁ ਨਾਲ ਨਹੀਂ ਖੋਜਦੇ ਤੇ (ਧਰਮ-ਪੁਸਤਕਾਂ ਦੇ ਥਾਂ ਆਪਣੇ) ਮਨ ਦੇ ਪਿੱਛੇ ਤੁਰ ਕੇ ਖ਼ੁਆਰ ਹੁੰਦੇ ਤਨ।

ਸਦਾ ਥਿਰ ਰਹਣ ਵਾਲੇ ਪਰਮਾਤਮਾ ਦਾ ਨਾਮ ਗੁਰੂ ਦੀ ਸਰਨ ਆਉਣ ਤੋਂ ਬਿਨਾ ਕਿਸੇ ਨੇ ਭੀ ਨਹੀਂ ਲੱਭਾ। ਅਸਾਂ ਅਸਲ ਵਿਚਾਰ ਦੀ ਇਹ ਗੱਲ ਲੱਭੀ ਹੈ ਕਿ ਪਰਮਾਤਮਾ ਦਾ ਨਾਮ ਜਪਿਆਂ ਹੀ ਮਨੁੱਖ ਦੀ ਆਤਮਕ ਹਾਲਤ ਸੁਧਰਦੀ ਹੈ। ੧੯।

ਸਲੋਕ ਮ: ੨ ॥ ਆਪੇ ਜਾਣੈ ਕਰੇ ਆਪਿ ਆਪੇ ਆਣੈ ਰਾਸਿ ॥ ਤਿਸੈ ਅਗੈ ਨਾਨਕਾ ਖਲਿਇ ਕੀਚੈ ਅਰਦਾਸਿ ॥ ੧ ॥

ਪਦ ਅਰਥ :–ਆਪੇ–ਆਪ ਹੀ। ਕਰੇ–ਪੈਦਾ ਕਰਦਾ ਹੈ। ਆਣੈ–ਲਿਆਉਂਦਾ ਹੈ। ਆਣੈ ਰਾਸਿ–ਰਾਸਿ ਲਿਆਉਂਦਾ ਹੈ, ਸਿਰੇ ਚਾੜ੍ਹਦਾ ਹੈ। ਤਿਸੈ–ਤਿਸ ਹੀ। ਖਲਿਇ–ਖਲੋ ਕੇ, ਧਿਆਨ ਨਾਲ, ਅਦਬ-ਸਰਧਾ ਨਾਲ।

ਅਰਥ :–ਪ੍ਰਭੂ ਆਪ ਹੀ (ਜੀਵਾਂ ਦੇ ਦਿਲਾਂ ਦੀ) ਜਾਣਦਾ ਹੈ (ਕਿਉਂਕਿ) ਉਹ ਆਪ ਹੀ (ਇਹਨਾਂ ਨੂੰ) ਪੈਦਾ ਕਰਦਾ ਹੈ, ਆਪ ਹੀ (ਜੀਵਾਂ ਦੇ ਕਾਰਜ) ਸਿਰੇ ਚਾੜ੍ਹਦਾ ਹੈ; (ਇਸ ਲਈ) ਹੇ ਨਾਨਕ! ਉਸ ਪ੍ਰਭੂ ਅੱਗੇ ਹੀ ਅਦਬ ਸਰਧਾ ਨਾਲ ਅਰਜ਼ੋਈ ਕਰਨੀ ਚਾਹੀਦੀ ਹੈ। ੧।

ਮ: ੧ ॥ ਜਿਨਿ ਕੀਆ ਤਿਨਿ ਦੇਖਿਆ ਆਪੇ ਜਾਣੈ ਸੋਇ ॥ ਕਿਸ ਨੋ ਕਹੀਐ ਨਾਨਕਾ ਜਾ ਘਰਿ ਵਰਤੈ ਸਭੁ ਕੋਇ ॥ ੨ ॥

ਪਦ ਅਰਥ :–ਜਿਨਿ–ਜਿਸ ਪ੍ਰਭੂ ਨੇ। ਕੀਆ–ਜਗਤ ਪੈਦਾ ਕੀਤਾ ਹੈ। ਤਿਨਿ–ਉਸ ਪ੍ਰਭੂ ਨੇ। ਦੇਖਿਆ–ਇਸ ਜਗਤ ਦੀ ਸੰਭਾਲ ਕੀਤੀ ਹੋਈ ਹੈ। ਕਿਸ ਨੋ–ਉਸ ਪ੍ਰਭੂ

ਤੋਂ ਬਿਨਾ ਹੋਰ ਕਿਸ ਨੂੰ ? ਘਰਿ—ਹਿਰਦੇ-ਘਰ ਵਿਚ। ਵਰਤੈ—ਮੌਜੂਦ ਹੈ। ਸਭੁ ਕੋਇ—ਹਰੇਕ ਜੀਵ। ਕਿਸ ਨੋ ਕਹੀਐ—ਕਿਸੇ ਹੋਰ ਨੂੰ ਆਖਣਾ ਵਿਅਰਥ ਹੈ।

ਅਰਥ :—ਜਿਸ ਪਰਮਾਤਮਾ ਨੇ ਜਗਤ ਪੈਦਾ ਕੀਤਾ ਹੈ, ਉਸ ਨੇ ਹੀ ਇਸ ਦੀ ਸੰਭਾਲ ਕੀਤੀ ਹੋਈ ਹੈ, ਉਹ ਆਪ ਹੀ (ਹਰੇਕ ਦੇ ਦਿਲ ਦੀ) ਜਾਣਦਾ ਹੈ। ਹੇ ਨਾਨਕ ! ਜਦੋਂ ਹਰੇਕ ਜੀਵ (ਉਸ ਪਰਮਾਤਮਾ ਦੇ ਘਰ ਤੋਂ ਹਰੇਕ ਲੋੜ ਪੂਰੀ ਕਰਦਾ ਹੈ ਜੋ) ਹਰੇਕ ਦੇ ਹਿਰਦੇ-ਘਰ ਵਿਚ ਮੌਜੂਦ ਹੈ, ਤਾਂ ਉਸ ਤੋਂ ਬਿਨਾ ਕਿਸੇ ਹੋਰ ਅੱਗੇ ਅਰਜ਼ੋਈ ਕਰਨੀ ਵਿਅਰਥ ਹੈ। ੨।

ਪਉੜੀ ॥ ਸਭੇ ਥੋਕ ਵਿਸਾਰਿ ਇਕੋ ਮਿਤੁ ਕਰਿ ॥ ਮਨੁ ਤਨੁ ਹੋਇ ਨਿਹਾਲੁ ਪਾਪਾ ਦਹੈ ਹਰਿ ॥ ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ ॥ ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ ॥ ਨਾਨਕ ਨਾਮੁ ਨਿਧਾਨੁ ਮਨ ਮਹਿ ਸੰਜਿ ਧਰਿ ॥ ੨੦ ॥

ਪਦ ਅਰਥ :—ਥੋਕ—ਚੀਜ਼ਾਂ। ਨਿਹਾਲੁ—ਖਿੜਿਆ ਹੋਇਆ। ਦਹੈ—ਸਾੜ ਦੇਂਦਾ ਹੈ। ਚੁਕੈ—ਮੁੱਕ ਜਾਂਦਾ ਹੈ। ਜਨਮਿ—ਜਨਮ ਕੇ, ਜੰਮ ਕੇ। ਆਧਾਰੁ—ਆਸਰਾ। ਸੋਗਿ—ਸੋਗ ਵਿਚ, ਚਿੰਤਾ ਵਿਚ। ਜਰਿ—ਸੜ। ਸੰਜਿ ਧਰਿ—ਸੰਚ ਲੈ, ਇਕੱਠਾ ਕਰ।

ਅਰਥ :—ਹੋਰ ਸਭ ਚੀਜ਼ਾਂ (ਦਾ ਮੋਹ)ਵਿਸਾਰ ਕੇ ਇਕ ਪਰਮਾਤਮਾ ਨੂੰ ਹੀ ਆਪਣਾ ਮਿੱਤਰ ਬਣਾ, ਤੇਰਾ ਮਨ ਖਿੜ ਆਵੇਗਾ ਤੇਰਾ ਸਰੀਰ ਹੌਲਾ-ਫੁੱਲ ਹੋ ਜਾਇਗਾ(ਕਿਉਂਕਿ) ਪਰਮਾਤਮਾ ਸਾਰੇ ਪਾਪ ਸਾੜ ਦੇਂਦਾ ਹੈ, (ਜਗਤ ਵਿਚ ਤੇਰਾ) ਜੰਮਣਾ ਮਰਨਾ ਮੁੱਕ ਜਾਇਗਾ, ਤੂੰ ਮੁੜ ਮੁੜ ਨਹੀਂ ਜੰਮੇ ਮਰੇਂਗਾ। ਪ੍ਰਭੂ ਦੇ ਨਾਮ ਨੂੰ ਆਸਰਾ ਬਣਾ, ਤੂੰ ਚਿੰਤਾ ਵਿਚ ਤੇ ਮੋਹ ਵਿਚ ਨਹੀਂ ਸੜੇਂਗਾ। ਹੇ ਨਾਨਕ ! ਪਰਮਾਤਮਾ ਦਾ ਨਾਮ-ਖ਼ਜ਼ਾਨਾ ਆਪਣੇ ਮਨ ਵਿਚ ਇਕੱਠਾ ਕਰ ਰੱਖ। ੨੦।

ਸਲੋਕ ਮ: ੫ ।। ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾ ਦੰਮ ।। ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮ ॥ ੧ ॥

ਪਦ ਅਰਥ :—[ਨੋਟ ! ਇਹ ਸਲੋਕ "ਵਾਰਾਂ ਤੇ ਵਧੀਕ ਸਲੋਕ ਮ: ੫" ਵਿਚ ਭੀ ਨੰ: ੧੯ ਤੇ ਦਰਜ ਹੈ। ਇਥੇ ਲਫ਼ਜ਼ 'ਕਰੰਮ' ਹੈ, ਓਥੇ 'ਕਰੰਮਿ' ਹੈ।]

ਦੰਮਾ ਦੰਮ—ਦਮ-ਬ-ਦਮ, ਸੁਆਸ ਸੁਆਸ। ਚਿਤਿ—ਚਿੱਤ ਵਿਚ। ਆਵਈ—ਆਵਏ, ਆਵੈ, ਆਉਂਦਾ। ਕਰੰਮ—ਚੰਗੇ ਭਾਗ।

ਅਰਥ :—ਹੇ ਨਾਨਕ ! ਜਿਸ ਮਨੁੱਖ ਨੂੰ ਮਨੋਂ ਮਾਇਆ ਨਹੀਂ ਭੁੱਲਦੀ, ਜੋ (ਨਾਮ ਦੀ ਦਾਤਿ ਮੰਗਣ ਦੇ ਥਾਂ) ਸੁਆਸ ਸੁਆਸ (ਮਾਇਆ ਹੀ) ਮੰਗਦਾ ਹੈ, ਜਿਸ ਨੂੰ ਉਹ

ਪਰਮਾਤਮਾ ਕਦੇ ਚੇਤੇ ਨਹੀਂ ਆਉਂਦਾ (ਇਹ ਜਾਣੋ ਕਿ) ਉਸ ਦੇ ਭਾਗ ਚੰਗੇ ਨਹੀਂ ਹਨ। ੧।

ਮ: ੫ ॥ ਮਾਇਆ ਸਾਥਿ ਨ ਚਲਈ ਕਿਆ ਲਪਟਾਵਹਿ ਅੰਧ ॥ ਗੁਰ ਕੇ ਚਰਣ ਧਿਆਇ ਤੂ ਤੂਟਹਿ ਮਾਇਆ ਬੰਧ ॥ ੨ ॥

ਅਰਥ :–ਹੇ ਅੰਨ੍ਹੇ (ਜੀਵ) ! ਤੂੰ (ਮੁੜ ਮੁੜ) ਮਾਇਆ ਨੂੰ ਕਿਉਂ ਚੰਬੜਦਾ ਹੈਂ? ਇਹ ਤਾਂ ਕਦੇ ਕਿਸੇ ਦੇ ਨਾਲ ਨਹੀਂ ਜਾਂਦੀ; ਤੂੰ ਸਤਿਗੁਰੂ ਦੇ ਚਰਨਾਂ ਦਾ ਧਿਆਨ ਧਰ (ਭਾਵ, ਹਉਮੈ ਛੱਡ ਕੇ ਗੁਰੂ ਦਾ ਆਸਰਾ ਲੈ) (ਤਾਂ ਜੁ) ਤੇਰੀਆਂ ਇਹ ਮੁਸ਼ਕਾਂ ਜੋ ਮਾਇਆ ਨੇ ਕੱਸੀਆਂ ਹੋਈਆਂ ਹਨ ਟੁੱਟ ਜਾਣ। ੨।

ਪਉੜੀ ॥ ਭਾਣੈ ਹੁਕਮੁ ਮਨਾਇਓਨੁ ਭਾਣੈ ਸੁਖੁ ਪਾਇਆ ॥ ਭਾਣੈ ਸਤਿਗੁਰੁ ਮੇਲਿਓਨੁ ਭਾਣੈ ਸਚੁ ਧਿਆਇਆ ॥ ਭਾਣੇ ਜੇਵਡ ਹੋਰ ਦਾਤਿ ਨਾਹੀ ਸਚੁ ਆਖਿ ਸੁਣਾਇਆ ॥ ਜਿਨ ਕਉ ਪੂਰਬਿ ਲਿਖਿਆ ਤਿਨ ਸਚੁ ਕਮਾਇਆ ॥ ਨਾਨਕ ਤਿਸੁ ਸਰਣਾਗਤੀ ਜਿਨਿ ਜਗਤੁ ਉਪਾਇਆ ॥੨੧॥

ਪਦ ਅਰਥ :–ਭਾਣੈ–ਰਜ਼ਾ ਵਿਚ। ਮਨਾਇਓਨੁ–ਮਨਾਇਆ ਉਸ (ਪ੍ਰਭੂ) ਨੇ। ਮੇਲਿਓਨੁ–ਮਿਲਾਇਆ ਉਸ (ਪ੍ਰਭੂ) ਨੇ। ਸਚੁ–ਸਦਾ ਥਿਰ ਰਹਨ ਵਾਲੇ ਦਾ ਨਾਮ। ਦਾਤਿ–ਬਖ਼ਸ਼ਸ਼। ਸਚੁ ਆਖਿ–ਨਾਮ (ਆਪ) ਸਿਮਰ ਕੇ। ਸੁਣਾਇਆ–(ਹੋਰਨਾਂ ਨੂੰ 'ਨਾਮ') ਸੁਣਾਇਆ ਹੈ। ਪੂਰਬਿ–ਮੁੱਢ ਤੋਂ, ਪਹਿਲਾਂ ਤੋਂ। ਜਿਨ ਕਉ–ਜਿੰਨ੍ਹਾਂ ਦੇ ਭਾਗਾਂ ਵਿਚ, ਜਿੰਨ੍ਹਾਂ ਵਾਸਤੇ।

ਅਰਥ :–ਉਸ ਪਰਮਾਤਮਾ ਨੇ (ਜਿਸ ਮਨੁੱਖ ਤੋਂ) ਆਪਣੀ ਰਜ਼ਾ ਵਿਚ ਆਪਣਾ ਹੁਕਮ ਮਨਾਇਆ ਹੈ ਉਸ ਮਨੁੱਖ ਨੇ ਰਜ਼ਾ ਵਿਚ ਰਹਿ ਕੇ ਸੁਖ ਲੱਭਾ ਹੈ। ਉਸ ਪ੍ਰਭੂ ਨੇ ਆਪਣੀ ਰਜ਼ਾ ਵਿਚ ਜਿਸ ਮਨੁੱਖ ਨੂੰ ਗੁਰੂ ਮਿਲਾਇਆ ਹੈ ਉਹ ਮਨੁੱਖ ਰਜ਼ਾ ਵਿਚ ਰਹਿ ਕੇ 'ਨਾਮ' ਸਿਮਰਦਾ ਹੈ; ਜਿਸ ਮਨੁੱਖ ਨੂੰ ਪ੍ਰਭੂ ਦੀ ਰਜ਼ਾ ਵਿਚ ਰਹਿਣਾ ਸਭ ਤੋਂ ਵੱਡੀ ਰੱਬੀ ਬਖ਼ਸ਼ਸ਼ ਪ੍ਰਤੀਤ ਹੁੰਦੀ ਹੈ ਉਹ ਆਪ 'ਨਾਮ' ਸਿਮਰਦਾ ਹੈ ਤੇ ਹੋਰਨਾਂ ਨੂੰ ਸੁਣਾਂਦਾ ਹੈ; ਪਰ 'ਨਾਮ' ਸਿਮਰਦੇ ਉਹੀ ਹਨ ਜਿੰਨ੍ਹਾਂ ਦੇ ਮੱਥੇ ਤੇ ਧੁਰੋਂ ਮੁੱਢ ਤੋਂ ਲੇਖ ਲਿਖਿਆ ਹੋਇਆ ਹੈ (ਭਾਵ, ਜਿੰਨ੍ਹਾਂ ਦੇ ਅੰਦਰ ਪੂਰਬਲੇ ਕਰਮਾਂ ਅਨੁਸਾਰ ਸਿਮਰਨ ਦੇ ਸੰਸਕਾਰ ਮੌਜੂਦ ਹਨ)।

(ਸੋ,) ਹੇ ਨਾਨਕ ! ਉਸ ਪ੍ਰਭੂ ਦੀ ਸਰਨ ਵਿਚ ਰਹੁ ਜਿਸ ਨੇ ਇਹ ਸੰਸਾਰ ਪੈਦਾ ਕੀਤਾ ਹੈ। ੨੧।

ਸਲੋਕ ਮ: ੩ ॥ ਜਿਨ ਕਉ ਅੰਦਰਿ ਗਿਆਨੁ ਨਹੀ ਭੈ ਕੀ ਨਾਹੀ

ਬਿੰਦ ॥ ਨਾਨਕ ਮੁਇਆ ਕਾ ਕਿਆ ਮਾਰਣਾ ਜਿ ਆਪਿ ਮਾਰੇ ਗੋਵਿੰਦ॥੧॥

ਅਰਥ:–ਜਿਨ੍ਹਾਂ ਮਨੁੱਖਾਂ ਦੇ ਅੰਦਰ ਪਰਮਾਤਮਾ ਦਾ ਰਤਾ ਭਰ ਭੀ ਡਰ ਨਹੀਂ, ਤੇ ਜਿਨ੍ਹਾਂ ਨੂੰ ਪ੍ਰਭੂ ਨਾਲ ਜਾਣ-ਪਛਾਣ ਪ੍ਰਾਪਤ ਨਹੀਂ ਹੋਈ, ਹੇ ਨਾਨਕ ! ਉਹ (ਆਤਮਕ ਮੌਤੇ) ਮੋਏ ਹੋਏ ਹਨ, ਉਹਨਾਂ ਨੂੰ(ਮਾਨੋਂ)ਰੱਬ ਨੇ ਆਪ ਮਾਰ ਦਿੱਤਾ ਹੈ,ਇਹਨਾਂ ਮੁਇਆਂ ਨੂੰ (ਏਦੂੰ ਵਧੀਕ) ਕਿਸੇ ਹੋਰ ਨੇ ਕੀਹ ਮਾਰਨਾ ਹੈ ? ੧ ।

ਮ: ੩ ॥ ਮਨ ਕੀ ਪਤ੍ਰੀ ਵਾਚਣੀ ਸੁਖੀ ਹੂ ਸੁਖੁ ਸਾਰੁ ॥ ਸੋ ਬ੍ਰਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥ ਹਰਿ ਸਾਲਾਹੇ ਹਰਿ ਪੜੈ ਗੁਰ ਕੇ ਸਬਦਿ ਵੀਚਾਰਿ ॥ ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥ ਅਗੈ ਜਾਤਿ ਨ ਪੁਛੀਐ ਕਰਣੀ ਸਬਦੁ ਹੈ ਸਾਰੁ ॥ ਹੋਰੁ ਕੂੜੁ ਪੜਣਾ ਕੂੜੁ ਕਮਾਵਣਾ ਬਿਖਿਆ ਨਾਲਿ ਪਿਆਰੁ ॥ ਅੰਦਰਿ ਸੁਖੁ ਨ ਹੋਵਈ ਮਨਮੁਖ ਜਨਮੁ ਖੁਆਰੁ ॥ ਨਾਨਕ ਨਾਮਿ ਰਤੇ ਸੇ ਉਬਰੇ ਗੁਰ ਕੈ ਹੇਤਿ ਅਪਾਰਿ ॥ ੨ ॥

ਪਦ ਅਰਥ :–ਪਤ੍ਰੀ–ਉਹ ਪੋਥੀ ਜਿਸ ਵਿਚੋਂ ਬ੍ਰਾਹਮਣ ਆਪਣੇ ਜਜਮਾਨ ਆਦਿਕਾਂ ਨੂੰ ਥਿੱਤਾਂ ਦੱਸਦੇ ਹਨ । ਵਾਚਣੀ–ਪੜ੍ਹਨੀ । ਉਧਾਰੁ–ਪਾਰ-ਉਤਾਰਾ । ਸਾਰੁ–ਸ੍ਰੇਸ਼ਟ । ਬਿਖਿਆ–ਮਾਇਆ । ਹੇਤਿ–ਪਿਆਰ ਨਾਲ । ਅਪਾਰਿ ਹੇਤਿ–ਬੇਅੰਤ ਪਿਆਰ ਨਾਲ ।

ਅਰਥ :–(ਲੋਕਾਂ ਨੂੰ ਥਿੱਤਾਂ ਆਦਿਕ ਦੱਸਣ ਲਈ ਪੱਤ੍ਰੀ ਪੜ੍ਹਨ ਦੇ ਥਾਂ) ਆਪਣੇ ਮਨ ਦੀ ਪੱਤ੍ਰੀ ਪੜ੍ਹਨੀ ਚਾਹੀਦੀ ਹੈ (ਕਿ ਇਸ ਦੀ ਕੇਹੜੇ ਵੇਲੇ ਕੀਹ ਹਾਲਤ ਹੈ; ਇਹ ਪੱਤ੍ਰੀ ਵਾਚਣ ਨਾਲ) ਸਭ ਤੋਂ ਸ੍ਰੇਸ਼ਟ ਸੁਖ ਮਿਲਦਾ ਹੈ । (ਜੋ ਥਿੱਤਾਂ ਦੀ ਭਲਾਈ ਬੁਰਾਈ ਵਿਚਾਰਨ ਦੇ ਥਾਂ) ਰੱਬੀ ਵਿਚਾਰ ਨੂੰ ਸਮਝਦਾ ਹੈ ਉਸ ਬ੍ਰਾਹਮਣ ਨੂੰ ਚੰਗਾ ਜਾਣੋ । ਜੋ (ਬ੍ਰਾਹਮਣ) ਗੁਰੂ ਦੇ ਸ਼ਬਦ ਦੀ ਰਾਹੀਂ ਵਿਚਾਰ ਕਰ ਕੇ ਪ੍ਰਭੂ ਦੀ ਸਿਫਤਿ ਸਾਲਾਹ ਕਰਦਾ ਹੈ ਪ੍ਰਭੂ ਦਾ ਨਾਮ ਪੜ੍ਹਦਾ ਹੈ (ਤੇ ਇਸ ਤਰ੍ਹਾਂ) ਆਪਣੀ ਕੁਲ ਦਾ ਭੀ ਪਾਰ-ਉਤਾਰਾ ਕਰਦਾ ਹੈ ਉਸ ਦਾ ਜਗਤ ਵਿਚ ਆਉਣਾ ਸਫਲ ਹੈ ।

ਪ੍ਰਭੂ ਦੀ ਹਜ਼ੂਰੀ ਵਿਚ (ਉੱਚੀ) ਜਾਤਿ ਦੀ ਪੁੱਛ-ਗਿੱਛ ਨਹੀਂ ਹੁੰਦੀ, ਓਥੇ ਤਾਂ (ਸਿਫਤਿ ਸਾਲਾਹ ਦੀ) ਬਾਣੀ (ਦਾ ਅੱਭਿਆਸ) ਹੀ ਸ੍ਰੇਸ਼ਟ ਕਰਨੀ (ਮਿਥੀ ਜਾਂਦੀ) ਹੈ, (ਸਿਫਤਿ ਸਾਲਾਹ ਤੋਂ ਬਿਨਾ) ਹੋਰ ਪੜ੍ਹਨਾ ਤੇ ਕਮਾਣਾ ਵਿਅਰਥ ਹੈ, ਮਾਇਆ ਨਾਲ ਹੀ ਪਿਆਰ (ਵਧਾਂਦਾ) ਹੈ (ਉਸ ਪੜ੍ਹਾਈ ਤੇ ਕਮਾਈ ਨਾਲ) ਮਨ ਵਿਚ ਸੁਖ ਨਹੀਂ ਹੁੰਦਾ, ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦੀ ਜ਼ਿੰਦਗੀ ਹੀ ਔਤਰ ਜਾਂਦੀ ਹੈ ।

ਹੇ ਨਾਨਕ ! ਜੋ ਮਨੁੱਖ ਗੁਰੂ (ਦੇ ਚਰਨਾਂ) ਵਿਚ ਬਹੁਤ ਪ੍ਰੇਮ ਕਰ ਕੇ ਪ੍ਰਭੂ ਦੇ ਨਾਮ ਵਿਚ ਰੰਗੇ ਜਾਂਦੇ ਹਨ ਉਹ ('ਬਿਖਿਆ' ਦੇ ਅਸਰ ਤੋਂ) ਬਚ ਜਾਂਦੇ ਹਨ। ੨।

ਪਉੜੀ ॥ ਆਪੇ ਕਰਿ ਕਰਿ ਵੇਖਦਾ ਆਪੇ ਸਭੁ ਸਚਾ ॥ ਜੋ ਹੁਕਮੁ ਨ ਬੂਝੈ ਖਸਮ ਕਾ ਸੋਈ ਨਰੁ ਕਚਾ ॥ ਜਿਤੁ ਭਾਵੈ ਤਿਤੁ ਲਾਇਦਾ ਗੁਰਮੁਖਿ ਹਰਿ ਸਚਾ ॥ ਸਭਨਾ ਕਾ ਸਾਹਿਬੁ ਏਕੁ ਹੈ ਗੁਰ ਸਬਦੀ ਰਚਾ ॥ ਗੁਰਮੁਖਿ ਸਦਾ ਸਲਾਹੀਐ ਸਭਿ ਤਿਸ ਦੇ ਜਚਾ ॥ ਜਿਉ ਨਾਨਕ ਆਪਿ ਨਚਾਇਦਾ ਤਿਵ ਹੀ ਕੋ ਨਚਾ ॥ ੨੨ ॥ ੧ ॥ ਸੁਧੁ ॥

ਪਦ ਅਰਥ:–ਆਪੇ–ਆਪ ਹੀ। ਸਭੁ–ਹਰ ਥਾਂ। ਸਚਾ–ਅਟੱਲ। ਕਚਾ–ਡੋਲਣ ਵਾਲਾ। ਹੁਕਮੁ–ਰਜ਼ਾ। ਗੁਰਮੁਖਿ–ਗੁਰੂ ਦੇ ਸਨਮੁਖ ਮਨੁੱਖ। ਰਚਾ–ਰਚਿਆ ਜਾ ਸਕਦਾ ਹੈ, ਮਿਲ ਸਕੀਦਾ ਹੈ। ਜਚਾ–ਚੋਜ, ਤਮਾਸ਼ੇ।

ਅਰਥ :–ਪ੍ਰਭੂ ਆਪ ਹੀ (ਜੀਵਾਂ ਨੂੰ) ਪੈਦਾ ਕਰ ਕੇ ਆਪ ਹੀ ਸੰਭਾਲ ਕਰਦਾ ਹੈ (ਕਿਉਂਕਿ) ਉਹ ਸਦਾ ਥਿਰ ਰਹਿਣ ਵਾਲਾ ਪ੍ਰਭੂ ਹਰ ਥਾਂ ਆਪ ਹੀ (ਮੌਜੂਦ) ਹੈ। ਪਰ ਜੋ ਮਨੁੱਖ (ਪ੍ਰਭੂ ਦੀ ਇਸ ਹਰ ਥਾਂ ਮੌਜੂਦ ਹੋਣ ਦੀ) ਰਜ਼ਾ ਨੂੰ ਨਹੀਂ ਸਮਝਦਾ, ਉਹ ਮਨੁੱਖ ਡੋਲਦਾ ਰਹਿੰਦਾ ਹੈ। ਜਿਸ ਪਾਸੇ ਪ੍ਰਭੂ ਦੀ ਰਜ਼ਾ ਹੋਵੇ ਉਸੇ ਪਾਸੇ (ਹਰੇਕ ਜੀਵ ਨੂੰ) ਲਾਂਦਾ ਹੈ, ਜਿਸ ਨੂੰ ਗੁਰੂ ਦੇ ਸਨਮੁਖ ਕਰਦਾ ਹੈ ਉਹ ਪ੍ਰਭੂ ਦਾ ਹੀ ਰੂਪ ਹੋ ਜਾਂਦਾ ਹੈ।

(ਉਂਵ ਤਾਂ) ਸਭ ਜੀਵਾਂ ਦਾ ਮਾਲਕ ਇਕ ਪਰਮਾਤਮਾ ਹੀ ਹੈ, ਪਰ ਗੁਰੂ ਦੇ ਸ਼ਬਦ ਦੀ ਰਾਹੀਂ ਹੀ (ਉਸ ਵਿਚ) ਜੁੜਿਆ ਜਾ ਸਕਦਾ ਹੈ; (ਸੋ) ਗੁਰੂ ਦੇ ਸਨਮੁਖ ਹੋ ਕੇ ਉਸ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ। (ਜਗਤ ਦੇ ਇਹ) ਸਾਰੇ ਕੌਤਕ ਉਸ ਮਾਲਕ ਦੇ ਹੀ ਹਨ; ਹੇ ਨਾਨਕ ! ਜਿਵੇਂ ਉਹ ਆਪ ਜੀਵ ਨੂੰ ਨਚਾਂਦਾ ਹੈ ਤਿਵੇਂ ਜੀਵ ਨੱਚਦਾ ਹੈ। ੨੨। ੧। ਸੁਧੁ।

—o—

ੴ ਸਤਿਗੁਰ ਪ੍ਰਸਾਦਿ ॥

ਮਾਰੂ ਵਾਰ ਮਹਲਾ ੫ ਦਾ ਭਾਵ

ਪਉੜੀ-ਵਾਰ—

੧. ਪਰਮਾਤਮਾ ਨੇ ਇਹ ਜਗਤ ਆਪ ਹੀ ਪੈਦਾ ਕੀਤਾ ਹੈ, ਤ੍ਰੈ-ਗੁਣੀ ਮਾਇਆ ਭੀ ਉਸ ਨੇ ਆਪ ਹੀ ਬਣਾਈ ਹੈ, ਸਾਰੇ ਜੀਵ ਭੀ ਪਰਮਾਤਮਾ ਦੇ ਹੀ ਪੈਦਾ ਕੀਤੇ ਹੋਏ ਹਨ। ਉਸ ਦੀ ਰਜ਼ਾ ਅਨੁਸਾਰ ਹੀ ਜੀਵ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ। ਇਹ ਨਿਯਮ ਭੀ ਉਸੇ ਨੇ ਬਣਾਇਆ ਹੋਇਆ ਹੈ ਕਿ ਜੀਵ ਗੁਰੂ ਦੇ ਦੱਸੇ ਰਸਤੇ ਉਤੇ ਤੁਰ ਕੇ ਮਾਇਆ ਦੇ ਮੋਹ ਤੋਂ ਬਚਣ।

੨. ਸਿਰਜਣਹਾਰ ਨੂੰ ਭੁਲਾ ਕੇ ਜੀਵ ਮਾਇਆ ਦੇ ਮੋਹ ਵਿਚ ਫਸ ਜਾਂਦੇ ਹਨ, ਤੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦੇ ਹਨ। ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ, ਉਹ ਗੁਰੂ ਦੀ ਸਰਨ ਪੈਂਦਾ ਹੈ। ਗੁਰੂ ਦੇ ਦੱਸੇ ਹੋਏ ਰਸਤੇ ਉਤੇ ਤੁਰ ਕੇ ਉਹ ਮਨੁੱਖ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ। ਸਿਰਫ਼ ਇਹੀ ਰਸਤਾ ਹੈ ਮਾਇਆ ਦੇ ਮੋਹ ਵਿਚੋਂ ਨਿਕਲਣ ਦਾ।

੩. ਮਾਇਆ ਨਾਲ ਤਾਂ ਮਨੁੱਖ ਨੂੰ ਹਰ ਵੇਲੇ ਵਾਹ ਪੈਂਦਾ ਹੈ, ਇਸ ਵਾਸਤੇ ਉਸ ਦੇ ਮੋਹ ਵਿਚ ਸੁਭਾਵਿਕ ਹੀ ਫਸ ਜਾਂਦਾ ਹੈ। ਪਰ ਪਰਮਾਤਮਾ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ, ਉਸ ਨਾਲ ਪਿਆਰ ਬਣਨਾ ਬੜੀ ਔਖੀ ਗੱਲ ਹੈ। ਸੋ, ਜਿਸ ਮਨੁੱਖ ਉਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਉਸ ਨੂੰ ਗੁਰੂ ਮਿਲਦਾ ਹੈ। ਗੁਰੂ ਦੀ ਸਰਨ ਪੈ ਕੇ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ।

੪. ਮਾਇਆ ਰਚਣ ਵਾਲਾ ਭੀ ਤੇ ਜੀਵ ਪੈਦਾ ਕਰਨ ਵਾਲਾ ਭੀ ਪਰਮਾਤਮਾ ਆਪ ਹੀ ਹੈ। ਉਸ ਦੀ ਆਪਣੀ ਹੀ ਰਚੀ ਇਹ ਖੇਡ ਹੈ ਕਿ ਜੀਵ ਮਾਇਆ ਦੇ ਮੋਹ ਵਿਚ ਫਸ ਕੇ ਜਨਮ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ। ਜੀਵਾਂ ਦੇ ਵੱਸ ਦੀ ਗੱਲ ਨਹੀਂ।

੫. ਪਰਮਾਤਮਾ ਹਰ ਥਾਂ ਵਿਆਪਕ ਹੁੰਦਾ ਹੋਇਆ ਭੀ ਮਨੁੱਖ ਨੂੰ ਇਹਨਾਂ ਅੱਖਾਂ ਨਾਲ ਨਹੀਂ ਦਿੱਸਦਾ। ਮਨੁੱਖ ਦੇ ਭਾਣੇ ਉਹ ਕਿਤੇ ਦੂਰ-ਦੁਰੇਡੇ ਥਾਂ ਵੱਸ ਰਿਹਾ ਹੈ। ਫਿਰ, ਮਨੁੱਖ ਉਸ ਦੀ ਯਾਦ ਵਿਚ ਕਿਵੇਂ ਜੁੜੇ? ਜਿਸ ਉਤੇ ਉਹ ਆਪ ਮਿਹਰ ਕਰਦਾ ਹੈ, ਉਸ ਨੂੰ ਗੁਰੂ ਮਿਲਾਂਦਾ ਹੈ। ਗੁਰੂ ਨੂੰ ਮਿਲ ਕੇ ਮਨੁੱਖ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ।

੬. ਮਨੁੱਖ ਹਉਮੈ ਦੇ ਕਾਰਨ ਕਾਮਾਦਿਕ ਵਿਕਾਰਾਂ ਦੇ ਛਹੇ ਚੜ੍ਹਿਆ ਰਹਿੰਦਾ ਹੈ, ਤੇ, ਮਨੁੱਖਾ ਜਨਮ ਦੀ ਬਾਜ਼ੀ ਹਾਰੀ ਜਾਂਦਾ ਹੈ। ਉਸ ਦੀ ਰਜ਼ਾ ਇਉਂ ਹੀ ਹੈ। ਜਿਸ ਮਨੁੱਖ ਨੂੰ ਆਪਣੀ ਮਿਹਰ ਨਾਲ ਸਤਸੰਗ ਵਿਚ ਰਹਿਣ ਦਾ ਅਵਸਰ ਬਖ਼ਸ਼ਦਾ ਹੈ, ਉਸ ਨੂੰ ਮਾਇਆ ਦੇ ਪੰਜੇ ਵਿਚੋਂ ਕੱਢ ਕੇ ਆਪਣੀ ਯਾਦ ਵਿਚ ਜੋੜੀ ਰੱਖਦਾ ਹੈ।

੭. ਪਰਮਾਤਮਾ ਦੀ ਮਿਹਰ ਨਾਲ ਜਿਹੜਾ ਮਨੁੱਖ ਆਪਾ-ਭਾਵ ਦੂਰ ਕਰ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ ਉਸ ਦੇ ਅੰਦਰ ਕਿਸੇ ਵਾਸਤੇ ਵੈਰ-ਭਾਵਨਾ ਨਹੀਂ ਰਹਿ ਜਾਂਦੀ। ਗੁਰੂ ਦੀ ਸਰਨ ਪੈ ਕੇ ਉਸ ਦੇ ਮਨ ਵਿਚ ਸਦਾ ਆਤਮਕ ਆਨੰਦ ਬਣਿਆ ਰਹਿੰਦਾ ਹੈ। ਕੋਈ ਵਿਕਾਰ ਉਸ ਨੂੰ ਆਪਣੇ ਵਲ ਖਿੱਚ ਨਹੀਂ ਪਾ ਸਕਦਾ।

੮. ਗੁਰੂ ਦੀ ਸਰਨ ਪੈ ਕੇ ਜਿਹੜਾ ਮਨੁੱਖ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਕੋਈ ਪਾਪ-ਵਿਕਾਰ ਉਸ ਦੇ ਨੇੜੇ ਨਹੀਂ ਢੁਕਦਾ। ਸਾਰਾ ਜਗਤ ਉਸ ਦੀ ਸੋਭਾ ਕਰਦਾ ਹੈ। ਕੋਈ ਦੁੱਖ-ਕਲੇਸ਼ ਉਸ ਨੂੰ ਪੋਹ ਨਹੀਂ ਸਕਦਾ।

੯. ਪਰਮਾਤਮਾ ਦੀ ਮਿਹਰ ਨਾਲ ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ ਸਾਲਾਹ ਵਿਚ ਜੁੜਦਾ ਹੈ, ਉਸ ਦੇ ਅੰਦਰੋਂ ਮਾਇਆ ਵਾਲੀ ਭੁੱਖ ਮੁੱਕ ਜਾਂਦੀ ਹੈ। ਜਿੱਥੇ ਮਾਇਆ ਦੀ ਭੁੱਖ ਨਾਹ ਰਹੇ, ਉਥੇ ਹੋਰ ਦੁੱਖ ਕਿਹੜਾ?

੧੦. ਜਗਤ, ਮਾਨੋ, ਇਕ ਅਖਾੜਾ ਹੈ। ਇਸ ਵਿਚ ਕਾਮਾਦਿਕ ਠੱਗ ਸਾਰੇ ਜੀਵਾਂ ਨੂੰ ਠੱਗ ਰਹੇ ਹਨ। ਪਰ ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੀ ਯਾਦ ਵਿਚ ਟਿਕਦਾ ਹੈ, ਉਸ ਦਾ ਮਨ ਵਿਕਾਰਾਂ ਵਲੋਂ ਪਰਤ ਪੈਂਦਾ ਹੈ। ਕਾਮਾਦਿਕ ਉਸ ਉਤੇ ਆਪਣਾ ਜੋਰ ਨਹੀਂ ਪਾ ਸਕਦੇ।

੧੧. ਪਰਮਾਤਮਾ ਦੀ ਮਿਹਰ ਤੋਂ ਬਿਨਾ ਮਨੁੱਖ ਨੂੰ ਗੁਰੂ ਦਾ ਮਿਲਾਪ ਹਾਸਲ ਨਹੀਂ ਹੁੰਦਾ। ਤੇ, ਗੁਰੂ ਦੀ ਸੰਗਤਿ ਤੋਂ ਬਿਨਾ ਮਨੁੱਖ ਦੇ ਅੰਦਰੋਂ ਅਹੰਕਾਰ ਦੂਰ ਨਹੀਂ ਹੁੰਦਾ, ਹਉਮੈ ਨਹੀਂ ਮਿਟਦੀ। ਹਉਮੈ ਅਤੇ ਪ੍ਰਭੂ-ਮਿਲਾਪ—ਇਹ ਦੋਵੇ ਇਕੋ ਹਿਰਦੇ ਵਿਚ ਨਹੀਂ ਟਿਕ ਸਕਦੇ। ਸੋ, ਗੁਰੂ ਦੀ ਸਰਨ ਪੈ ਕੇ ਸਾਧ ਸੰਗਤਿ ਦੀ ਬਰਕਤਿ ਨਾਲ ਪਰਮਾਤਮਾ ਦਾ ਸਿਮਰਨ ਹੋ ਸਕਦਾ ਹੈ, ਤੇ ਆਤਮਕ ਆਨੰਦ ਮਿਲਦਾ ਹੈ।

੧੨. ਸਾਧ ਸੰਗਤਿ ਵਿਚੋਂ ਇਹ ਸੂਝ ਮਿਲਦੀ ਹੈ ਕਿ ਆਪਣੇ ਅੰਦਰੋਂ ਹਉਮੈ-ਅਹੰਕਾਰ ਦੂਰ ਕਰ ਕੇ ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦਾ ਹੈ ਉਸ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਟਿਕੀ ਰਹਿੰਦੀ ਹੈ।

੧੩. ਧਾਰਮਿਕ ਪਹਿਰਾਵੇ, ਵਰਤ, ਧਾਰਮਿਕ ਪੁਸਤਕਾਂ ਦੇ ਨਿਰੇ ਪਾਠ, ਤਿਲਕ—ਇਹਨਾਂ ਦੇ ਆਸਰੇ ਪਰਮਾਤਮਾ ਨਾਲ ਮਿਲਾਪ ਨਹੀਂ ਹੁੰਦਾ। ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਸ ਨੂੰ ਜੀਵਨ ਦਾ ਸਹੀ ਰਸਤਾ ਲੱਭਦਾ ਹੈ।

੧੪. ਬਾਹਰਲੇ ਧਾਰਮਿਕ ਪਹਿਰਾਵਿਆਂ ਦੀ ਰਾਹੀਂ ਪਰਮਾਤਮਾ ਨਹੀਂ ਮਿਲਦਾ, ਕਿਉਂਕਿ ਉਹ ਤਾਂ ਹਰੇਕ ਦੇ ਦਿਲ ਨੂੰ ਜਾਣਦਾ ਹੈ। ਦੂਜੇ ਪਾਸੇ, ਧਨ ਆਦਿਕ ਦਾ ਮਾਣ ਕਰਨਾ ਭੀ ਮੂਰਖਤਾ ਹੈ, ਇਹ ਤਾਂ ਜਗਤ ਤੋਂ ਤੁਰਨ ਵੇਲੇ ਇਥੇ ਹੀ ਰਹਿ ਜਾਂਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਦੀ ਮਿਹਰ ਦਾ ਦਰਵਾਜ਼ਾ ਖੁਲ੍ਹਦਾ ਹੈ ਉਸ ਨੂੰ ਗੁਰੂ ਮਿਲਦਾ ਹੈ, ਤੇ ਗੁਰੂ ਦੀ ਰਾਹੀਂ ਉਹ ਮਨੁੱਖ ਪ੍ਰਭੂ ਚਰਨਾਂ ਵਿਚ ਜੁੜਦਾ ਹੈ।

੧੫. ਮਾਇਆ ਦੇ ਮੋਹ ਵਿਚ ਫਸਿਆ ਮਨੁੱਖ ਪਰਮਾਤਮਾ ਦੀ ਯਾਦ ਤੋਂ ਖੁੰਝਿਆ ਰਹਿੰਦਾ ਹੈ। ਮਾਇਆ ਦੀ ਖ਼ਾਤਰ ਉਹ ਜ਼ਬਾਨ ਦਾ ਭੀ ਕੱਚਾ ਹੁੰਦਾ ਹੈ। ਅਜਿਹਾ ਮਨੁੱਖ ਆਤਮਕ ਮੌਤੇ ਮਰਿਆ ਰਹਿੰਦਾ ਹੈ, ਲੋਕ ਪਰਲੋਕ ਦੋਵੇ ਗਵਾ ਲੈਂਦਾ ਹੈ।

੧੬. ਜਿਹੜਾ ਮਨੁੱਖ ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਨਾਮ ਜਪਦਾ ਹੈ ਉਹ ਆਪ ਵਿਕਾਰ-ਲਹਿਰਾਂ ਭਰੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਆਪਣੇ ਸਾਥੀਆਂ ਨੂੰ ਭੀ ਵਿਕਾਰਾਂ ਤੋਂ ਬਚਾ ਲੈਂਦਾ ਹੈ । ਉਸ ਦੀ ਤ੍ਰਿਸ਼ਨਾ ਮਿਟ ਜਾਂਦੀ ਹੈ, ਉਹ ਦੁਨੀਆ ਦੇ ਲਾਲਚਾਂ ਵਿਚ ਨਹੀਂ ਫਸਦਾ।

੧੭. ਇਹ ਸਾਰਾ ਦਿੱਸਦਾ ਜਗਤ ਨਾਸਵੰਤ ਹੈ। ਪਰ ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ ਉਸ ਦਾ ਜੀਵਨ ਸਦਾ ਲਈ ਅਟੱਲ ਹੋ ਜਾਂਦਾ ਹੈ,ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ।

੧੮. ਤੀਰਥ-ਇਸ਼ਨਾਨੀ, ਧਰਮ-ਪੁਸਤਕਾਂ ਦੇ ਵਿਦਵਾਨ ਪਾਠੀ, ਛੇ ਭੇਖਾਂ ਦੇ ਸਾਧੂ, ਕਵੀ, ਜਤੀ ਸਤੀ ਸੰਨਿਆਸੀ—ਇਹ ਸਾਰੇ ਵਿਅਰਥ ਜੀਵਨ ਗੁਜ਼ਾਰ ਕੇ ਸੰਸਾਰ ਤੋਂ ਕੂਚ ਕਰ ਜਾਂਦੇ ਹਨ। ਭਾਗਾਂ ਵਾਲਾ ਜੀਵਨ ਹੁੰਦਾ ਹੈ ਪਰਮਾਤਮਾ ਦੀ ਭਗਤੀ ਕਰਨ ਵਾਲਿਆਂ ਦਾ।

੧੯. ਸਾਧ ਸੰਗਤਿ ਵਿਚ ਟਿਕ ਕੇ ਪਰਮਾਤਮਾ ਦੀ ਕੀਤੀ ਹੋਈ ਸਿਫ਼ਤਿ ਸਾਲਾਹ ਹੀ ਇਕ ਐਸਾ ਖ਼ਜ਼ਾਨਾ ਹੈ ਜੋ ਸਦਾ ਅਟੱਲ ਰਹਿੰਦਾ ਹੈ। ਪੂਰਬਲੇ ਜਨਮ ਵਿਚ ਕੀਤੇ ਭਲੇ ਕਰਮਾਂ ਦਾ ਲੇਖ ਜਿਸ ਦੇ ਮੱਥੇ ਉਤੇ ਉੱਘੜਦਾ ਹੈ, ਉਹ ਗੁਰੂ ਦੀ ਸਰਨ ਪੈ ਕੇ ਇਹ ਨਾਮ-ਖ਼ਜ਼ਾਨਾ ਇਕੱਠਾ ਕਰਦਾ ਹੈ।

੨੦. ਗੁਰੂ ਜਿਸ ਮਨੁੱਖ ਨੂੰ ਪਰਮਾਤਮਾ ਦਾ ਨਾਮ-ਧਨ ਬਖ਼ਸ਼ਦਾ ਹੈ ਉਸ ਦਾ ਆਚਰਨ ਪਵਿੱਤਰ ਹੋ ਜਾਂਦਾ ਹੈ, ਉਸ ਦਾ ਮਨ ਵਿਕਾਰਾਂ ਵਾਲੇ ਪਾਸੇ ਨਹੀਂ ਡੋਲਦਾ, ਉਸ ਨੂੰ ਆਤਮਕ ਮੌਤ ਪੋਹ ਨਹੀਂ ਸਕਦੀ।

੨੧. ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਦੀ ਨਿਗਾਹ ਕਰਦਾ ਹੈ ਉਸ ਨੂੰ ਗੁਰੂ ਦੀ ਸਰਨ ਵਿਚ ਰੱਖ ਕੇ ਨਾਮ ਸਿਮਰਨ ਦੀ ਦਾਤਿ ਬਖ਼ਸ਼ਦਾ ਹੈ। ਉਸ ਦੀਆਂ ਮੂੰਹ-ਮੰਗੀਆਂ ਮੁਰਾਦਾਂ ਪੂਰੀਆਂ ਕਰਦਾ ਹੈ। ਸਾਰੇ ਸੁਖ ਉਸ ਦੇ ਦਾਸ ਬਣ ਜਾਂਦੇ ਹਨ।

੨੨. ਪਰਮਾਤਮਾ ਨੇ ਜਿਸ ਮਨੁੱਖ ਨੂੰ ਗੁਰੂ ਦੀ ਸਰਨ ਬਖ਼ਸ਼ੀ, ਉਸ ਨੇ ਹਿਰਦੇ ਵਿਚ ਨਾਮ ਸਿਮਰਿਆ। ਉਹ ਪਰਮਾਤਮਾ ਦੀ ਮਿਹਰ ਦਾ ਪਾਤਰ ਬਣ ਗਿਆ। ਦੁਨੀਆ ਵਾਲੇ ਸਾਰੇ ਡਰ-ਸਹਮ ਉਸ ਦੇ ਅੰਦਰੋਂ ਮੁੱਕ ਗਏ। ਗੁਰੂ-ਜਹਾਜ਼ ਵਿਚ ਬੈਠ ਕੇ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਿਆ।

੨੩. ਜੀਵ ਦੇ ਆਪਣੇ ਵੱਸ ਦੀ ਗੱਲ ਨਹੀਂ। ਜਿਸ ਮਨੁੱਖ ਉਤੇ ਪਰਮਾਤਮਾ ਆਪ ਮਿਹਰ ਕਰਦਾ ਹੈ ਉਸੇ ਨੂੰ ਆਪਣੀ ਸਿਫ਼ਤਿ ਸਾਲਾਹ ਵਿਚ ਜੋੜਦਾ ਹੈ।

ਲੜੀ-ਵਾਰ ਭਾਵ—

(੧ ਤੋਂ ੫) ਜਗਤ, ਜਗਤ ਦੀ ਤ੍ਰੈ-ਗੁਣੀ ਮਾਇਆ, ਜਗਤ ਦੇ ਸਾਰੇ ਜੀਵ ਪਰਮਾਤਮਾ ਨੇ ਆਪ ਹੀ ਰਚੇ ਹਨ, ਤੇ, ਜਗਤ ਵਿਚ ਹਰ ਥਾਂ ਉਹ ਵਿਆਪਕ ਹੈ। ਪਰ ਜੀਵ ਨੂੰ ਉਹ ਇਹਨਾਂ ਅੱਖਾਂ ਨਾਲ ਨਹੀਂ ਦਿੱਸਦਾ। ਪਰਮਾਤਮਾ ਨੂੰ ਭੁਲਾ ਕੇ ਜੀਵ ਮਾਇਆ ਦੇ ਮੋਹ ਵਿਚ ਫਸੇ ਰਹਿੰਦੇ ਹਨ। ਉਸ ਦੀ ਆਪਣੀ ਹੀ ਮਿਹਰ ਨਾਲ ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਉਸ ਦਾ ਨਾਮ ਜਪਦਾ ਹੈ ਉਹ ਵਿਕਾਰਾਂ ਦੇ ਛਹੇ ਚੜ੍ਹਨੋਂ ਬਚ ਜਾਂਦਾ ਹੈ। ਇਹ ਮਰਯਾਦਾ ਪਰਮਾਤਮਾ ਨੇ ਆਪ ਹੀ ਬਣਾਈ ਹੈ। ਇਹੀ ਹੈ ਇਕੋ ਇਕ ਰਸਤਾ ਮਾਇਆ ਦੇ ਮੋਹ ਤੋਂ ਬਚਣ ਦਾ।

(੬ ਤੋਂ ੧੦) ਇਹ ਜਗਤ ਇਕ ਅਖਾੜਾ ਹੈ। ਇਸ ਵਿਚ ਕਾਮਾਦਿਕ ਠੱਗ ਜੀਵਾਂ ਦੇ ਆਤਮਕ ਜੀਵਨ ਨੂੰ ਲੁੱਟੀ ਜਾ ਰਹੇ ਹਨ। ਮਨੁੱਖ ਜੀਵਨ ਦੀ ਬਾਜ਼ੀ ਹਾਰਦਾ ਜਾਂਦਾ ਹੈ। ਪਰਮਾਤਮਾ ਦੀ ਮਿਹਰ ਨਾਲ ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਨਾਮ ਜਪਦਾ ਹੈ, ਉਹ ਇਹਨਾਂ ਦੇ ਛਹੇ ਨਹੀਂ ਚੜ੍ਹਦਾ।

(੧੧ ਤੋਂ ੧੫) ਧਾਰਮਿਕ ਪਹਿਰਾਵੇ, ਵਰਤ, ਤਿਲਕ-ਇਸ਼ਨਾਨ ਆਦਿਕ ਮਨੁੱਖ ਨੂੰ ਵਿਕਾਰਾਂ ਦੀ ਮਾਰ ਤੋਂ ਬਚਾ ਨਹੀਂ ਸਕਦੇ। ਜਿਸ ਮਨੁੱਖ ਉਤੇ ਪ੍ਰਭੂ ਦੀ ਮਿਹਰ ਦਾ ਦਰਵਾਜ਼ਾ ਖੁਲ੍ਹਦਾ ਹੈ ਉਹ ਗੁਰੂ ਦੀ ਸਰਨ ਪੈ ਕੇ ਪ੍ਰਭੂ ਦਾ ਨਾਮ ਸਿਮਰਦਾ ਹੈ ਤੇ ਮਾਇਆ ਦੇ ਹੱਲਿਆਂ ਤੋਂ ਬਚਿਆ ਰਹਿੰਦਾ ਹੈ।

(੧੬ ਤੋਂ ੨੩) ਜਗਤ ਨਾਸਵੰਤ ਹੈ। ਜੋ ਇਥੇ ਆਇਆ ਉਹ ਆਖ਼ਰ ਕੂਚ ਕਰ ਗਿਆ। ਇਥੇ ਕਾਮਯਾਬ ਜੀਵਨ ਵਾਲਾ ਸਿਰਫ਼ ਉਹੀ ਬਣਿਆ ਜਿਸ ਨੇ ਗੁਰੂ ਦੀ ਸਰਨ ਪੈ ਕੇ ਹਰਿ-ਨਾਮ ਜਪਿਆ। ਪਰ ਇਹ ਗੱਲ ਮਨੁੱਖ ਦੇ ਆਪਣੇ ਵੱਸ ਦੀ ਨਹੀਂ। ਪਰਮਾਤਮਾ ਆਪ ਹੀ ਮਿਹਰ ਕਰ ਕੇ ਮਨੁੱਖ ਨੂੰ ਗੁਰੂ ਦੀ ਸਰਨ ਵਿਚ ਰੱਖ ਕੇ ਆਪਣੇ ਨਾਮ ਵਿਚ ਜੋੜਦਾ ਹੈ।

ਮੁੱਖ-ਭਾਵ—

ਪਰਮਾਤਮਾ ਇਹ ਜਗਤ-ਰਚਨਾ ਕਰ ਕੇ ਇਸ ਵਿਚ ਹਰ ਥਾਂ ਮੌਜੂਦ ਹੈ। ਪਰ

ਜੀਵਾਂ ਨੂੰ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ। ਉਸ ਦੀ ਯਾਦ ਭੁਲਾ ਕੇ ਜੀਵ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਵਿਕਾਰਾਂ ਦੇ ਢਹੇ ਚੜ੍ਹਿਆ ਰਹਿੰਦਾ ਹੈ। ਜਗਤ ਦਾ ਅਖੌਤੀ ਤਿਆਗ, ਤੀਰਥ-ਇਸ਼ਨਾਨ, ਧਾਰਮਿਕ ਪਹਿਰਾਵੇ—ਅਜੇਹੇ ਕੋਈ ਭੀ ਉੱਦਮ ਮਨੁੱਖ ਨੂੰ ਮਾਇਆ ਦੀ ਮਾਰ ਤੋਂ ਨਹੀਂ ਬਚਾ ਸਕਦੇ। ਜਿਸ ਉਤੇ ਉਸ ਦੀ ਆਪਣੀ ਹੀ ਮਿਹਰ ਹੋਵੇ, ਉਹ ਗੁਰੂ ਦੀ ਸਰਨ ਪੈ ਕੇ ਉਸ ਦਾ ਨਾਮ ਜਪਦਾ ਹੈ ਆਪਣਾ ਜੀਵਨ ਕਾਮਯਾਬ ਬਣਾਂਦਾ ਹੈ।

'ਵਾਰ ਦੀ ਬਣਤਰ'

ਇਸ 'ਵਾਰ' ਵਿਚ ੨੩ ਪਉੜੀਆਂ ਹਨ। ਹਰੇਕ ਪਉੜੀ ਦੀਆਂ ਅੱਠ ਅੱਠ ਤੁਕਾਂ ਹਨ। ਹਰੇਕ ਪਉੜੀ ਦੇ ਨਾਲ ਤਿੰਨ ਤਿੰਨ ਸ਼ਲੋਕ ਹਨ। ਹਰੇਕ ਸ਼ਲੋਕ ਦੀਆਂ ਦੋ ਦੋ ਤੁਕਾਂ ਹਨ। ਸਿਰਫ਼ ਪਉੜੀ ਨੰ: ੨੧ ਅਤੇ ੨੨ ਦੇ ਨਾਲ ਤੀਜਾ ਸਲੋਕ ਤਿੰਨ ਤਿੰਨ ਤੁਕਾਂ ਵਾਲਾ ਹੈ।

ਇਹਨਾਂ ਪਉੜੀਆਂ ਵਿਚ ਲਫ਼ਜ਼ 'ਨਾਨਕ' ਹੇਠ-ਲਿਖੀਆਂ ਪਉੜੀਆਂ ਦੇ ਅਖ਼ੀਰ ਵਿਚ ਹੈ—ਨੰ: ੫, ੧੦, ੧੫, ੨੨ ਅਤੇ ੨੩। ਲਫ਼ਜ਼ 'ਨਾਨਕ' ਦੀ ਵਰਤੋਂ ਨੂੰ ਸਾਹਮਣੇ ਰੱਖ ਕੇ ਸਾਰੀ 'ਵਾਰ' ਨੂੰ ਪੜ੍ਹਿਆਂ ਇਹ ਸਮਝ ਪੈ ਜਾਂਦੀ ਹੈ ਕਿ ਇਸ 'ਵਾਰ' ਦਾ ਲੜੀ ਵਾਰ ਭਾਵ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ।

ਹੁਣ ਵੇਖੋ ਪਉੜੀਆਂ ਦੀ ਅਤੇ ਸ਼ਲੋਕਾਂ ਦੀ ਬੋਲੀ। ਸਾਰੇ ਹੀ ਸ਼ਲੋਕ ਲਹਿੰਦੀ ਬੋਲੀ ਦੇ ਹਨ। ਸਿਰਲੇਖ 'ਸਲੋਕ ਡਖਣੇ' ਭੀ ਇਹੀ ਦੱਸਦਾ ਹੈ। ਸਾਰੇ ਸਲੋਕ ਧਿਆਨ ਨਾਲ ਪੜ੍ਹ ਵੇਖੋ। ਆਪੋ ਵਿਚ ਇਹਨਾਂ ਦੇ ਕਈ ਲਫ਼ਜ਼ ਮਿਲਦੇ ਹਨ। ਇਹ ਸਾਂਝ ਇਹ ਜ਼ਾਹਰ ਕਰਦੀ ਹੈ ਕਿ ਸ਼ਲੋਕ ਇਕੋ ਵਕਤ ਦੇ ਲਿਖੇ ਹੋਏ ਹਨ। ਪਉੜੀਆਂ ਦੀ ਬੋਲੀ ਨਾਲ ਇਹਨਾਂ ਸ਼ਲੋਕਾਂ ਦੀ ਬੋਲੀ ਉੱਕਾ ਹੀ ਨਹੀਂ ਮਿਲਦੀ। ਸਾਰੀ 'ਵਾਰ' ਦੀਆਂ ਪਉੜੀਆਂ ਪਹਿਲਾਂ ਵੱਖ ਲਿਖੀਆਂ ਗਈਆਂ ਹਨ।

ਜੈਤਸਰੀ ਕੀ ਵਾਰ ਅਤੇ ਮਾਰੂ ਕੀ ਵਾਰ ਦਾ ਟਾਕਰਾ

ਜੈਤਸਰੀ ਕੀ ਵਾਰ ਭੀ ਗੁਰੂ ਅਰਜਨ ਸਾਹਿਬ ਦੀ ਹੈ ਜਿਵੇਂ ਮਾਰੂ ਕੀ ਵਾਰ। ਉਸ 'ਵਾਰ' ਵਿਚ ੨੦ ਪਉੜੀਆਂ ਹਨ। ਪਉੜੀ ਨੰ: ੫, ੧੦, ੧੫ ਅਤੇ ੨੦ ਦੇ ਅਖ਼ੀਰ ਵਿਚ ਲਫ਼ਜ਼ 'ਨਾਨਕ' ਵਰਤਿਆ ਹੋਇਆ ਹੈ। ਇਸ ਦਾ ਭਾਵ ਇਹ ਹੈ ਕਿ ਇਸ ਸਾਰੀ 'ਵਾਰ' ਦਾ ਲੜੀ-ਵਾਰ ਭਾਵ ਚਾਰ ਹਿੱਸਿਆਂ ਵਿਚ ਵੰਡਿਆ ਹੋਇਆ ਹੈ।

ਹੁਣ ਵੇਖੋ ਸ਼ਲੋਕਾਂ ਅਤੇ ਪਉੜੀਆਂ ਦੀ ਬੋਲੀ। ਸਾਰੇ ਸ਼ਲੋਕ ਸਹਸਕਿਰਤੀ ਬੋਲੀ ਵਿਚ ਹਨ, ਤੇ ਪਉੜੀਆਂ ਠੇਠ ਪੰਜਾਬੀ ਵਿਚ। ਪਰ ਮਾਰੂ ਕੀ ਵਾਰ ਵਾਂਗ ਇਥੇ ਅਸੀ ਇਹ ਨਹੀਂ ਕਹਿ ਸਕਦੇ ਕਿ ਪਉੜੀਆਂ ਵੱਖ ਲਿਖੀਆਂ ਹਨ ਤੇ ਸ਼ਲੋਕ ਵੱਖ। ਧਿਆਨ

ਨਾਲ ਪੜ੍ਹ ਕੇ ਵੇਖੋ । ਜੋ ਲਫ਼ਜ਼ ਸ਼ਲੋਕਾਂ ਵਿਚ ਵਰਤੇ ਹਨ, ਜੋ ਖ਼ਿਆਲ ਸ਼ਲੋਕਾਂ ਵਿਚ ਦਿੱਤੇ ਹਨ, ਉਹੀ ਖ਼ਿਆਲ ਪਉੜੀ ਵਿਚ ਦੁਹਰਾਏ ਹਨ, ਉਹੀ ਲਫ਼ਜ਼ ਪਉੜੀ ਵਿਚ ਆਏ ਹਨ । ਹਾਂ, ਬੋਲੀ ਬਦਲ ਗਈ ਹੈ । ਸੋ, 'ਜੈਤਸਰੀ ਕੀ ਵਾਰ' ਬਾਰੇ ਯਕੀਨੀ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਹਰੇਕ ਸ਼ਲੋਕ-ਜੁੱਟ ਅਤੇ ਉਹਨਾਂ ਦੇ ਨਾਲ ਦੀ ਪਉੜੀ ਨਾਲੋ ਨਾਲ ਹੀ ਲਿਖੇ ਗਏ ਹਨ ।

'ਜੈਤਸਰੀ ਕੀ ਵਾਰ' ਦੀ ਹਰੇਕ ਪਉੜੀ ਵਿਚ ਪੰਜ ਪੰਜ ਤੁਕਾਂ ਹਨ । ਹਰੇਕ ਪਉੜੀ ਦੇ ਨਾਲ ਦੋ ਦੋ ਸ਼ਲੋਕ ਹਨ । ਹਰੇਕ ਸ਼ਲੋਕ ਵਿਚ ਦੋ ਦੋ ਤੁਕਾਂ ਹਨ । ਪਰ ਪਉੜੀ ਨੰ: ੧੧ ਦੇ ਪਹਿਲੇ ਸ਼ਲੋਕ ਦੀਆਂ ਤਿੰਨ ਤੁਕਾਂ ਹਨ ।

ਨੋਟ ! ਪਾਠਕਾਂ ਦੀ ਸਹੂਲਤ ਵਾਸਤੇ ਇਥੇ ਜੈਤਸਰੀ ਦੀ ਵਾਰ ਦਾ ਭੀ ਪਉੜੀ-ਵਾਰ, ਲੜੀ-ਵਾਰ ਅਤੇ ਮੁੱਖ ਭਾਵ ਦਿੱਤਾ ਜਾਂਦਾ ਹੈ । ਉਸ 'ਵਾਰ' ਦੇ ਟੀਕੇ ਨਾਲ ਨਹੀਂ ਸੀ ਦਿੱਤਾ ਗਿਆ ।

ਜੈਤਸਰੀ ਕੀ ਵਾਰ ਮ: ੫ ਦਾ

ਪਉੜੀ-ਵਾਰ ਭਾਵ :—

੧. ਸਭ ਤਾਕਤਾਂ ਦਾ ਮਾਲਕ ਪਰਮਾਤਮਾ ਇਹ ਸਾਰੀ ਜਗਤ-ਰਚਨਾ ਰਚ ਕੇ ਆਪ ਹੀ ਇਸ ਵਿਚ ਹਰ ਥਾਂ ਮੌਜੂਦ ਹੈ । ਇਹ ਸੂਝ ਪਰਮਾਤਮਾ ਆਪ ਹੀ ਜੀਵ ਨੂੰ ਬਖ਼ਸ਼ਦਾ ਹੈ । ਉਸ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਨੀ ਮਨੁੱਖ ਦਾ ਜੀਵਨ-ਮਨੋਰਥ ਹੈ ।

੨. ਪਰਮਾਤਮਾ ਦੀ ਸਿਫ਼ਤਿ-ਸਾਲਾਹ ਭੁਲਾ ਕੇ ਮਨੁੱਖ ਦੀ ਜ਼ਿੰਦਗੀ ਸੁਖੀ ਨਹੀਂ ਹੋ ਸਕਦੀ । ਇਸ ਤਰ੍ਹਾਂ ਮਨੁੱਖ ਜੀਵਨ-ਬਾਜ਼ੀ ਹਾਰ ਕੇ ਇਥੋਂ ਜਾਂਦਾ ਹੈ ।

੩. ਜਿੰਦ, ਪ੍ਰਾਣ, ਸਰੀਰ, ਧਨ, ਸੁਆਦਲੇ ਪਦਾਰਥ, ਘਰ, ਇਸਤ੍ਰੀ, ਪੁੱਤਰ—ਇਹ ਸਭ ਕੁਝ ਦੇਣ ਵਾਲੇ ਪਰਮਾਤਮਾ ਨੂੰ ਮਨੋਂ ਕਦੇ ਭੁਲਾਣਾ ਨਹੀਂ ਚਾਹੀਦਾ । ਉਸ ਦਾ ਸਿਮਰਨ ਕੀਤਿਆਂ ਜੀਵਨ ਸੁਖੀ ਗੁਜ਼ਰਦਾ ਹੈ ।

੪. ਇਹ ਸਭ ਕੁਝ ਦੇਣ ਵਾਲੇ ਪਰਮਾਤਮਾ ਨੂੰ ਭੁਲਾ ਦੇਣਾ ਅਕਿਰਤਘਣਾਂ ਵਾਲਾ ਜੀਵਨ ਹੈ । ਇਹਨਾਂ ਪਦਾਰਥਾਂ ਦਾ ਕੀਹ ਮਾਣ ? ਜਿੰਦ ਨਿਕਲਦਿਆਂ ਹੀ ਇਹ ਸਰੀਰ ਸੁਆਹ ਦੀ ਢੇਰੀ ਹੋ ਜਾਂਦਾ ਹੈ । ਦੁਨੀਆ ਵਾਲੇ ਪਦਾਰਥ ਇਥੇ ਹੀ ਰਹਿ ਜਾਂਦੇ ਹਨ ।

੫. ਦੁਨੀਆ ਦੇ ਪਦਾਰਥਾਂ ਦਾ ਮੋਹ ਤਾਂ ਸਹਮ ਦਾ ਕਾਰਨ ਬਣਦਾ ਹੈ ।ਪਰਮਾਤਮਾ ਦਾ ਨਾਮ ਹੀ ਦੁੱਖਾਂ ਸਹਮਾਂ ਦਾ ਨਾਸ ਕਰਨ ਵਾਲਾ ਹੈ, ਤੇ ਸਦਾ ਦਾ ਸਾਥੀ ਹੈ । ਪਰਮਾਤਮਾ ਪਾਸੋਂ ਉਸ ਦੇ ਨਾਮ ਦੀ ਦਾਤਿ ਹੀ ਮੰਗਿਆ ਕਰੋ ।

ਦੁਨੀਆ ਦੇ ਸਾਰੇ ਭੋਗ-ਪਦਾਰਥ ਮਨੁੱਖ ਨੂੰ ਮਿਲੇ ਹੋਏ ਹੋਣ, ਪਰ ਜੇ ਉਹ ਇਹ ਪਦਾਰਥ ਦੇਣ ਵਾਲੇ ਪਰਮਾਤਮਾ ਨੂੰ ਭੁਲਾ ਰਿਹਾ ਹੈ, ਤਾਂ ਉਸ ਨੂੰ ਗੰਦ ਦਾ ਕੀੜਾ ਹੀ ਸਮਝੋ । ਨਾਮ ਤੋਂ ਬਿਨਾ ਆਤਮਕ ਸੁਖ ਨਹੀਂ ਹੈ ।

੭. ਪਰ ਦੂਜੇ ਪਾਸੇ, ਜੇ ਮਨੁੱਖ ਟੁੱਟੀ ਹੋਈ ਕੁੱਲੀ ਵਿਚ ਰਹਿੰਦਾ ਹੋਵੇ, ਉਸ ਦੇ ਕੱਪੜੇ ਪਾਟੇ ਹੋਏ ਹੋਣ, ਪੱਲੇ ਧਨ ਨਾਹ ਹੋਵੇ, ਕੋਈ ਸਾਕ-ਸੈਣ ਭੀ ਨਾਹ ਹੋਣ, ਪਰ ਜੇ ਉਹ ਪਰਮਾਤਮਾ ਦੇ ਨਾਮ ਵਿਚ ਭਿੱਜਾ ਹੋਇਆ ਹੈ ਤਾਂ ਉਸ ਨੂੰ ਧਰਤੀ ਦਾ ਰਾਜਾ ਸਮਝੋ। ਉਸ ਦੇ ਚਰਨਾਂ ਦੀ ਧੂੜ ਨਾਲ ਮਨ ਵਿਕਾਰਾਂ ਤੋਂ ਬਚਦਾ ਹੈ ।

੮. ਦੁਨੀਆ ਦੇ ਮੌਜ-ਮੇਲਿਆਂ ਵਿਚ ਪਰਮਾਤਮਾ ਨੂੰ ਭੁਲਾ ਦੇਣ ਨਾਲ ਸਾਰੀ ਉਮਰ ਅਜਾਈਂ ਹੀ ਜਾਂਦੀ ਹੈ ।

੯. ਇਹ ਸਭ ਪਦਾਰਥ ਨਾਸਵੰਤ ਹਨ । ਇਹਨਾਂ ਨੂੰ ਸਦਾ ਟਿਕੇ ਰਹਿਣ ਵਾਲੇ ਨਾਹ ਸਮਝੋ । ਇਹਨਾਂ ਦੀ ਖ਼ਾਤਰ ਕਾਮਾਦਿਕ ਵਿਕਾਰਾਂ ਵਿਚ ਝੱਲੇ ਨਾਹ ਹੋਏ ਫਿਰੋ ।

੧੦. ਇਹ ਇਕੱਠੀ ਕੀਤੀ ਹੋਈ ਮਾਇਆ ਜਗਤ ਤੋਂ ਤੁਰਨ ਵੇਲੇ ਮਨੁੱਖ ਦੇ ਨਾਲ ਨਹੀਂ ਜਾਂਦੀ। ਪਰਮਾਤਮਾ ਨੂੰ ਵਿਸਾਰਿਆਂ ਨਿਰੀ ਮਾਇਆ ਨਾਲ ਮਨੁੱਖ ਰੱਜਦਾ ਭੀ ਨਹੀਂ ।

੧੧. ਪਰਮਾਤਮਾ ਦੀ ਭਗਤੀ ਕਰਨ ਵਾਲੇ ਮਨੁੱਖਾਂ ਨੂੰ ਨਾਮ ਦੇ ਟਾਕਰੇ ਤੇ ਦੁਨੀਆ ਦੇ ਸਾਰੇ ਪਦਾਰਥ ਬੇ-ਸੁਆਦੇ ਜਾਪਦੇ ਹਨ । ਗੁਰੂ ਦੀ ਕਿਰਪਾ ਨਾਲ ਉਹਨਾਂ ਦੇ ਅੰਦਰੋਂ ਆਤਮਕ ਜੀਵਨ ਵਲੋਂ ਹਨੇਰਾ ਦੂਰ ਹੋ ਜਾਂਦਾ ਹੈ। ਉਹਨਾਂ ਦਾ ਮਨ ਪ੍ਰਭੂ-ਚਰਨਾਂ ਵਿਚ ਪ੍ਰੋਤਾ ਰਹਿੰਦਾ ਹੈ।

੧੨. ਜਿਵੇਂ ਮੱਛੀ ਪਾਣੀ ਤੋਂ ਬਿਨਾ, ਚਾਤ੍ਰਿਕ ਮੀਂਹ ਦੀ ਬੂੰਦ ਤੋਂ ਬਿਨਾ, ਭੌਰਾ ਫੁੱਲ ਤੋਂ ਬਿਨਾ ਨਹੀਂ ਰਹਿ ਸਕਦਾ, ਤਿਵੇਂ ਸੰਤ ਜਨ ਪ੍ਰਭੂ ਦੀ ਯਾਦ ਤੋਂ ਬਿਨਾ ਨਹੀਂ ਰਹਿ ਸਕਦੇ ।

੧੩. ਪਰਮਾਤਮਾ ਦੇ ਭਗਤ ਸਦਾ ਪਰਮਾਤਮਾ ਦੇ ਦਰਸਨ ਵਾਸਤੇ ਹੀ ਅਰਜ਼ੋਈਆਂ ਕਰਦੇ ਹਨ ।

੧੪. ਭਾਗਾਂ ਵਾਲੇ ਹਨ ਉਹ ਮਨੁੱਖ ਜੋ ਪਰਮਾਤਮਾ ਦੀ ਸਿਫ਼ਤਿ-ਸਾਲਾਹ ਸੁਣਦੇ ਹਨ, ਜਿੰਨ੍ਹਾਂ ਦੇ ਹੱਥ ਪ੍ਰਭੂ ਦੀ ਸਿਫ਼ਤਿ-ਸਾਲਾਹ ਲਿਖਦੇ ਹਨ, ਜਿੰਨ੍ਹਾਂ ਦੇ ਪੈਰ ਸਾਧ-ਸੰਗਤਿ ਵਾਲੇ ਪਾਸੇ ਤੁਰਦੇ ਹਨ ।

੧੫. ਪ੍ਰਭੂ ਦੀ ਭਗਤੀ ਕਰਨ ਵਾਲੇ ਬੰਦਿਆਂ ਨੂੰ ਜ਼ਿੰਦਗੀ ਦਾ ਉਹੀ ਸਮਾ ਭਾਗਾਂ ਵਾਲਾ ਜਾਪਦਾ ਹੈ ਜਦੋਂ ਉਹ ਪ੍ਰਭੂ ਦੀ ਯਾਦ ਵਿਚ ਜੁੜਦੇ ਹਨ । ਉਹ ਜਾਣਦੇ ਹਨ ਕਿ ਚੰਗੇ ਭਾਗਾਂ ਨਾਲ ਹੀ ਸਾਧ ਸੰਗਤਿ ਦਾ ਮਿਲਾਪ ਹੁੰਦਾ ਹੈ ਜਿਥੇ ਪਰਮਾਤਮਾ ਦੀ ਸਿਫ਼ਤਿ-

ਸਾਲਾਹ ਵਿਚ ਟਿਕ ਸਕੀਦਾ ਹੈ।

੧੬. ਭਗਤੀ ਕਰਨ ਵਾਲਿਆਂ ਨਾਲ ਪਿਆਰ ਕਰਨਾ, ਤੇ ਵਿਕਾਰਾਂ ਵਿਚ ਡਿੱਗਿਆਂ ਨੂੰ ਭੀ ਬਚਾਣਾ—ਪਰਮਾਤਮਾ ਦਾ ਇਹ ਮੁੱਢ-ਕਦੀਮਾਂ ਦਾ ਸੁਭਾਉ ਹੈ।

੧੭. ਪਰਮਾਤਮਾ ਦਾ ਨਾਮ ਸਿਮਰਿਆਂ ਮਨੁੱਖ ਦਾ ਮਨ ਸ਼ਾਂਤ ਰਹਿੰਦਾ ਹੈ,ਮਾਇਆ ਦੀ ਤਪਸ਼ ਤੋਂ ਬਚਿਆ ਰਹਿੰਦਾ ਹੈ।

੧੮. ਪਰਮਾਤਮਾ ਦੇ ਸਿਮਰਨ ਦੀ ਬਰਕਤਿ ਨਾਲ ਮਨੁੱਖ ਉਤੇ ਮਾਇਆ ਜ਼ੋਰ ਨਹੀਂ ਪਾ ਸਕਦੀ।

੧੯. ਗੁਰੂ ਦੀ ਸਰਨ ਵਿਚ ਰਹਿ ਕੇ ਪਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਗੁਰੂ ਨੀਵਿਆਂ ਤੋਂ ਉੱਚੇ ਕਰ ਦੇਂਦਾ ਹੈ।

੨੦. ਸਿਮਰਨ ਦੀ ਦਾਤਿ ਵਾਸਤੇ ਸਦਾ ਪਰਮਾਤਮਾ ਦੇ ਦਰ ਤੇ ਅਰਦਾਸ ਕਰਦੇ ਰਹੋ।

ਲੜੀ-ਵਾਰ ਭਾਵ—

੧. (੧ ਤੋਂ ੫) ਦੁਨੀਆ ਦੇ ਸਾਰੇ ਪਦਾਰਥ ਦੇਣ ਵਾਲੇ ਪਰਮਾਤਮਾ ਦੀ ਯਾਦ ਭੁਲਾਣੀ ਅਕਿਰਤਘਣਾਂ ਵਾਲਾ ਜੀਵਨ ਹੈ।

੨. (੬ ਤੋਂ ੧੦) ਦੁਨੀਆ ਦੇ ਮੌਜ-ਮੇਲਿਆਂ ਵਿਚ ਪਰਮਾਤਮਾ ਨੂੰ ਭੁਲਾਇਆਂ ਜੀਵਨ ਅਜਾਈਂ ਚਲਾ ਜਾਂਦਾ ਹੈ।

੩. (੧੧ ਤੋਂ ੧੫) ਪਰਮਾਤਮਾ ਦੇ ਭਗਤ ਨੂੰ ਨਾਮ ਦੇ ਟਾਕਰੇ ਤੇ ਦੁਨੀਆ ਦੇ ਪਦਾਰਥ ਬੇ-ਸੁਆਦੇ ਜਾਪਦੇ ਹਨ।

੪. (੧੬ ਤੋਂ ੨੦) ਨਾਮ ਸਿਮਰਿਆਂ ਮਨ ਵਿਕਾਰਾਂ ਦੇ ਹੱਲਿਆਂ ਤੋਂ ਬਚਿਆ ਰਹਿੰਦਾ ਹੈ; ਪਰ ਇਹ ਨਾਮ ਗੁਰੂ ਪਾਸੋਂ ਹੀ ਮਿਲਦਾ ਹੈ।

ਮੁੱਖ-ਭਾਵ—

ਪਰਮਾਤਮਾ ਦਾ ਨਾਮ ਸਿਮਰਨਾ ਹੀ ਮਨੁੱਖਾ ਜੀਵਨ ਦਾ ਅਸਲ ਮਨੋਰਥ ਹੈ। ਇਹ ਨਾਮ ਗੁਰੂ ਦੀ ਸਰਨ ਪਿਆਂ ਮਿਲਦਾ ਹੈ।

ਮਾਰੂ ਕੀ ਵਾਰ' ਬਾਰੇ ਜ਼ਰੂਰੀ ਨੋਟ!

ਪਾਠਕ ਸੱਜਣ ਇਹ ਚੇਤੇ ਰੱਖਣ ਕਿ ਗੁਰੂ ਅਰਜਨ ਸਾਹਿਬ ਦੀ ਇਹ 'ਵਾਰ' ਮਾਰੂ ਰਾਗ ਵਿਚ ਦਰਜ 'ਮਾਰੂ ਕੀ ਵਾਰ' ਹੈ 'ਡੱਖਣੇ ਕੀ ਵਾਰ' ਨਹੀਂ ਹੈ। 'ਡਖਣੇ' ਤਾਂ ਸਿਰਫ਼ ਸ਼ਲੋਕ ਹਨ, 'ਲਹਿੰਦੀ' ਬੋਲੀ ਵਿਚ ਸ਼ਲੋਕ।

ੴ ਸਤਿਗੁਰ ਪ੍ਰਸਾਦਿ ॥

ਮਾਰੂ ਵਾਰ ਮਹਲਾ ੫

ਡਖਣੇ ਮ: ੫ ॥ ਤੂ ਚਉ ਸਜਣ ਮੈਡਿਆ, ਡੇਈ ਸਿਸੁ ਉਤਾਰਿ ॥ ਨੈਣ ਮਹਿੰਜੇ ਤਰਸਦੇ, ਕਦਿ ਪਸੀ ਦੀਦਾਰੁ ॥ ੧ ॥

ਪਦ ਅਰਥ :—ਚਉ—ਕਹੁ, ਦੱਸ। ਸਜਣ ਮੈਡਿਆ—ਹੇ ਮੇਰੇ ਸੱਜਣ! ਡੇਈ—ਡੇਈਂ, ਮੈਂ ਦਿਆਂ। ਸਿਸੁ—ਸੀਸ, ਸਿਰ। ਮਹਿੰਜੇ—ਮੇਰੇ। ਪਸੀ—ਪੱਸੀਂ, ਮੈਂ ਵੇਖਾਂ।

ਅਰਥ :—ਹੇ ਮੇਰੇ ਸੱਜਣ! ਤੂੰ ਆਖ (ਭਾਵ, ਜੇ ਤੂੰ ਆਖੇਂ ਤਾਂ) ਮੈਂ ਆਪਣਾ ਸਿਰ ਭੀ ਲਾਹ ਕੇ ਭੇਟ ਕਰ ਦਿਆਂ, ਮੇਰੀਆਂ ਅੱਖਾਂ ਤਰਸ ਰਹੀਆਂ ਹਨ, ਮੈਂ ਕਦੋਂ ਤੇਰਾ ਦਰਸਨ ਕਰਾਂਗੀ। ੧।

ਮ: ੫ ॥ ਨੀਹੁ ਮਹਿੰਜਾ ਤਊ ਨਾਲਿ, ਬਿਆ ਨੇਹ ਕੂੜਾਵੇ ਡੇਖੁ॥ਕਪੜ ਭੋਗ ਡਰਾਵਣੇ, ਜਿਚਰੁ ਪਿਰੀ ਨ ਡੇਖੁ ॥ ੨ ॥

ਪਦ ਅਰਥ :—ਨੀਹ—ਪ੍ਰੇਮ। ਤਊ ਨਾਲਿ—ਤੇਰੇ ਨਾਲ। ਬਿਆ—ਦੂਜੇ। ਕੂੜਾਵੇ—ਝੂਠੇ। ਡੇਖੁ—ਮੈਂ ਵੇਖ ਲਏ ਹਨ। ਪਿਰੀ—ਖਸਮ-ਪ੍ਰਭੂ।

ਅਰਥ :—ਹੇ ਪ੍ਰਭੂ! ਮੇਰਾ ਪਿਆਰ (ਹੁਣ ਸਿਰਫ਼) ਤੇਰੇ ਨਾਲ ਹੈ, ਦੂਜੇ ਪਿਆਰ ਮੈਂ ਝੂਠੇ ਵੇਖ ਲਏ ਹਨ (ਮੈਂ ਵੇਖ ਲਿਆ ਹੈ ਕਿ ਦੂਜੇ ਪਿਆਰ ਝੂਠੇ ਹਨ)। ਜਿਤਨਾ ਚਿਰ ਮੈਨੂੰ ਪਤੀ ਦਾ ਦਰਸ਼ਨ ਨਹੀਂ ਹੁੰਦਾ, ਦੁਨੀਆ ਵਾਲੇ ਖਾਣੇ ਪਹਿਨਣੇ ਮੈਨੂੰ ਡਰਾਉਣ ਲੱਗਦੇ ਹਨ। ੨।

ਮ: ੫ ॥ ਉਠੀ ਝਾਲੂ ਕੰਤੜੇ, ਹਉ ਪਸੀ ਤਉ ਦੀਦਾਰੁ ॥ ਕਾਜਲੁ ਹਾਰੁ ਤਮੋਲ ਰਸੁ, ਬਿਨੁ ਪਸੇ ਹਭਿ ਰਸ ਛਾਰੁ ॥ ੩ ॥

ਪਦ ਅਰਥ :—ਉਠੀ—ਉੱਠੀਂ, ਮੈਂ ਉੱਠਾਂ। ਝਾਲੂ—ਝਲਾਂਗੇ, ਸਵੇਰੇ। ਕੰਤੜੇ—ਹੇ ਸੋਹਣੇ ਕੰਤ! ਹਉ—ਮੈਂ। ਪਸੀ—ਪੱਸੀਂ, ਵੇਖਾਂ। ਕਾਜਲੁ—ਕੱਜਲ, ਸੁਰਮਾ। ਤਮੋਲ—ਪਾਨ। ਹਭਿ—ਸਾਰੇ। ਛਾਰੁ—ਸੁਆਹ।

ਅਰਥ :—ਹੇ ਸੋਹਣੇ ਕੰਤ! ਮੈਂ ਸਵੇਰੇ ਉੱਠਾਂ ਤੇ (ਪਹਿਲਾਂ) ਤੇਰਾ ਦਰਸਨ ਕਰਾਂ। ਤੇਰਾ ਦਰਸਨ ਕਰਨ ਤੋਂ ਬਿਨਾ ਕੱਜਲ ਹਾਰ ਪਾਨ ਦਾ ਰਸ—ਇਹ ਸਾਰੇ ਹੀ ਰਸ ਸੁਆਹ ਸਮਾਨ ਹਨ। ੩।

ਪਉੜੀ ॥ ਤੂ ਸਚਾ ਸਾਹਿਬੁ ਸਚੁ ਸਚੁ ਸਭੁ ਧਾਰਿਆ ॥ ਗੁਰਮੁਖਿ ਕੀਤੋ ਥਾਟੁ ਸਿਰਜਿ ਸੰਸਾਰਿਆ ॥ ਹਰਿ ਆਗਿਆ ਹੋਏ ਬੇਦ ਪਾਪੁ ਪੁੰਨੁ ਵੀਚਾਰਿਆ ॥ ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਬਿਸਥਾਰਿਆ ॥ ਨਵ ਖੰਡ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ ॥ ਤੇਰਾ ਅੰਤੁ ਨ ਜਾਣੈ ਕੋਇ ਸਚੁ ਸਿਰਜਣਹਾਰਿਆ ॥ ਤੂ ਜਾਣਹਿ ਸਭ ਬਿਧਿ ਆਪਿ ਗੁਰਮੁਖਿ ਨਿਸਤਾਰਿਆ ॥ ੧ ॥

ਪਦ ਅਰਥ :–ਸਚਾ–ਸਦਾ ਥਿਰ ਰਹਿਣ ਵਾਲਾ । ਧਾਰਿਆ–ਟਿਕਾਇਆ ਹੋਇਆ, ਪੈਦਾ ਕੀਤਾ । ਗੁਰਮੁਖਿ–ਗੁਰੂ ਦੇ ਸਨਮੁਖ । ਗੁਰਮੁਖਿ ਥਾਟੁ–ਗੁਰੂ ਦੇ ਰਾਹ ਤੇ ਤੁਰਨ ਦਾ ਨਿਯਮ । ਸਿਰਜਿ–ਪੈਦਾ ਕਰ ਕੇ । ਨਵ–ਨੌਂ । ਸਾਜਿ–ਸਾਜ ਕੇ ।ਵੇਕੀ–ਰੰਗਾ ਰੰਗ ਦੇ । ਅੰਤਰਿ–(ਉਹ ਜੀਵਾਂ ਦੇ) ਅੰਦਰ । ਕਲ–ਸੱਤਿਆ ।

ਅਰਥ:–ਹੇ ਪ੍ਰਭੂ ! ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ, ਅਤੇ ਤੂੰ ਆਪਣਾ ਅਟੱਲ ਨਿਯਮ ਹੀ ਹਰ ਥਾਂ ਕਾਇਮ ਕੀਤਾ ਹੋਇਆ ਹੈ । ਜਗਤ ਪੈਦਾ ਕਰ ਕੇ ਤੂੰ ਇਹ ਨਿਯਮ ਭੀ ਬਣਾ ਦਿੱਤਾ ਕਿ (ਜੀਵਾਂ ਨੂੰ) ਗੁਰੂ ਦੇ ਦੱਸੇ ਰਸਤੇ ਉਤੇ ਤੁਰਨਾ ਚਾਹੀਦਾ ਹੈ ।

ਹੇ ਹਰੀ ! ਤੇਰੀ ਹੀ ਆਗਿਆ ਅਨੁਸਾਰ ਵੇਦ (ਆਦਿਕ ਧਰਮ-ਪੁਸਤਕ ਪਰਗਟ) ਹੋਏ, ਜਿੰਨ੍ਹਾਂ ਨੇ (ਜਗਤ ਵਿਚ) ਪਾਪ ਤੇ ਪੁੰਨ ਨੂੰ ਨਿਖੇੜਿਆ ਹੈ, ਤੂੰ ਹੀ ਬ੍ਰਹਮਾ ਵਿਸ਼ਨੂੰ ਤੇ ਸ਼ਿਵ ਨੂੰ ਪੈਦਾ ਕੀਤਾ, ਤੂੰ ਹੀ ਮਾਇਆ ਦੇ ਤਿੰਨ ਗੁਣਾਂ ਦਾ ਖਿਲਾਰਾ-ਰੂਪ ਜਗਤ ਬਣਾਇਆ ਹੈ । ਹੇ ਹਰੀ ! ਇਹ ਨੌਂ ਹਿੱਸਿਆਂ ਵਾਲੀ ਧਰਤੀ ਸਾਜ ਕੇ ਤੂੰ ਇਸ ਵਿਚ ਅਨੇਕਾਂ ਰੰਗ ਸਜਾਏ ਹਨ । ਵਖ ਵਖ ਭਾਂਤ ਦੇ ਜੀਵ ਪੈਦਾ ਕਰ ਕੇ ਤੂੰ (ਜੀਵਾਂ ਦੇ ਅੰਦਰ) ਆਪਣੀ ਸੱਤਿਆ ਕਾਇਮ ਕੀਤੀ ਹੈ ।

ਹੇ ਸਦਾ-ਥਿਰ ਸਿਰਜਣਹਾਰ ! ਕੋਈ ਜੀਵ (ਤੇਰੇ ਗੁਣਾਂ ਦਾ) ਅੰਤ ਨਹੀਂ ਜਾਣ ਸਕਦਾ । ਸਭ ਤਰ੍ਹਾਂ ਦੇ ਭੇਤ ਤੂੰ ਆਪ ਹੀ ਜਾਣਦਾ ਹੈਂ, ਜੀਵਾਂ ਨੂੰ ਤੂੰ ਗੁਰੂ ਦੇ ਰਸਤੇ ਉਤੇ ਤੋਰ ਕੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾਉਂਦਾ ਹੈਂ । ੧ ।

ਡਖਣੇ ਮ: ੫ ॥ ਜੇ ਤੂ ਮਿਤ੍ਰੁ ਅਸਾਡੜਾ, ਹਿਕ ਭੋਰੀ ਨਾ ਵੇਛੋੜਿ ॥ ਜੀਉ ਮਹਿੰਜਾ ਤਉ ਮੋਹਿਆ, ਕਦਿ ਪਸੀ ਜਾਨੀ ਤੋਹਿ ॥ ੧ ॥

ਪਦ ਅਰਥ :–ਹਿਕ–ਇੱਕ । ਭੋਰੀ–ਰਤਾ ਭਰ । ਮਹਿੰਜਾ–ਮੇਰਾ । ਜਾਨੀ–ਹੇ ਪਿਆਰੇ ! ਤੋਹਿ–ਤੈਨੂੰ । ਪਸੀ–ਪੱਸੀਂ, ਮੈਂ ਵੇਖਾਂ ।

ਅਰਥ :–ਜੇ ਤੂੰ ਮੇਰਾ ਮਿਤ੍ਰ ਹੈਂ, ਤਾਂ ਮੈਨੂੰ ਰਤਾ ਭਰ ਭੀ (ਆਪਣੇ ਨਾਲੋਂ) ਨਾਹ

ਵਿਛੋੜ। ਮੇਰੀ ਜਿੰਦ ਤੂੰ (ਆਪਣੇ ਪਿਆਰ ਵਿਚ) ਮੋਹ ਲਈ ਹੈ (ਹੁਣ ਹਰ ਵੇਲੇ ਮੈਨੂੰ ਤਾਂਘ ਰਹਿੰਦੀ ਹੈ ਕਿ) ਹੇ ਪਿਆਰੇ ! ਮੈਂ ਕਦੋਂ ਤੈਨੂੰ ਵੇਖਾਂ। ੧।

ਮਃ ੫ ॥ ਦੂਰਜਨ ਤੂ ਜਲੁ ਭਾਹੜੀ, ਵਿਛੋੜੇ ਮਰਿ ਜਾਹਿ ॥ ਕੰਤਾ ਤੂ ਸਉ ਸੇਜੜੀ, ਮੈਡਾ ਹਭੋ ਦੁਖੁ ਉਲਾਹਿ ॥ ੨ ॥

ਪਦ ਅਰਥ :–ਜਲੁ–ਸੜ ਜਾ। ਭਾਹੜੀ–ਅੱਗ ਵਿਚ। ਮੈਡਾ–ਮੇਰਾ। ਉਲਾਹਿ –ਲਾਹ ਦੇ, ਦੂਰ ਕਰ ਦੇ।

ਅਰਥ :–ਹੇ ਦੂਰਜਨ ! ਤੂੰ ਅੱਗ ਵਿਚ ਸੜ ਜਾ, ਹੇ ਵਿਛੋੜੇ ! ਤੂੰ ਮਰ ਜਾ। ਹੇ (ਮੇਰੇ) ਕੰਤ ! ਤੂੰ (ਮੇਰੀ ਹਿਰਦਾ-) ਸੇਜ ਉਤੇ (ਆ ਕੇ) ਸੌਂ ਤੇ ਮੇਰਾ ਸਾਰਾ ਦੁੱਖ ਦੂਰ ਕਰ ਦੇ। ੨।

ਨੋਟ ! ਅਗਲੇ ਸ਼ਲੋਕ ਵਿਚ ਸਾਹਿਬ ਲਿਖਦੇ ਹਨ ਕਿ 'ਦੁਰਜਨ' ਤੇ 'ਵਿਛੋੜਾ' ਕੌਣ ਹਨ।

ਮ: ੫ ॥ ਦੁਰਜਨੁ ਦੂਜਾ ਭਾਉ ਹੈ, ਵੇਛੋੜਾ ਹਉਮੈ ਰੋਗੁ ॥ ਸਜਣੁ ਸਚਾ ਪਾਤਿਸਾਹੁ, ਜਿਸੁ ਮਿਲਿ ਕੀਚੈ ਭੋਗੁ ॥ ੩ ॥

ਪਦ ਅਰਥ :–ਦੂਜਾ ਭਾਉ–(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦਾ ਪਿਆਰ। ਜਿਸੁ ਮਿਲਿ–ਜਿਸ ਨੂੰ ਮਿਲ ਕੇ। ਕੀਚੈ–ਕਰ ਸਕੀਦਾ ਹੈ। ਭੋਗੁ–ਆਨੰਦ। ਦੁਰਜਨੁ–ਦੁਸ਼ਮਨ। ਸਚਾ–ਸੱਚਾ, ਸਦਾ ਕਾਇਮ ਰਹਿਣ ਵਾਲਾ।

ਅਰਥ :–(ਪ੍ਰਭੂ ਤੋਂ ਬਿਨਾ) ਕਿਸੇ ਹੋਰ ਨਾਲ ਪਿਆਰ (ਜਿੰਦ ਦਾ ਵੱਡਾ) ਵੈਰੀ ਹੈ, ਹਉਮੈ ਦਾ ਰੋਗ (ਪ੍ਰਭੂ ਨਾਲੋਂ) ਵਿਛੋੜਾ (ਪਾਣ ਵਾਲਾ) ਹੈ। ਸਦਾ ਕਾਇਮ ਰਹਿਣ ਵਾਲਾ ਪ੍ਰਭੂ ਪਾਤਿਸ਼ਾਹ (ਜਿੰਦ ਦਾ) ਮਿਤ੍ਰ ਹੈ ਜਿਸ ਨੂੰ ਮਿਲ ਕੇ (ਆਤਮਕ) ਆਨੰਦ ਮਾਣਿਆ ਜਾ ਸਕਦਾ ਹੈ। ੩।

ਪਉੜੀ ॥ ਤੂ ਅਗਮ ਦਇਆਲੁ ਬੇਅੰਤੁ, ਤੇਰੀ ਕੀਮਤਿ ਕਹੈ ਕਉਣੁ ॥ ਤੁਧੁ ਸਿਰਜਿਆ ਸਭੁ ਸੰਸਾਰੁ ਤੂ ਨਾਇਕੁ ਸਗਲ ਭਉਣ ॥ ਤੇਰੀ ਕੁਦਰਤਿ ਕੋਇ ਨ ਜਾਣੈ ਮੇਰੇ ਠਾਕੁਰ ਸਗਲ ਰਉਣ ॥ ਤੁਧੁ ਅਪੜਿ ਕੋਇ ਨ ਸਕੈ ਤੂ ਅਬਿਨਾਸੀ ਜਗ ਉਧਰਣ ॥ ਤੁਧੁ ਥਾਪੇ ਚਾਰੇ ਜੁਗ ਤੂ ਕਰਤਾ ਸਗਲ ਧਰਣ ॥ ਤੁਧੁ ਆਵਣ ਜਾਣਾ ਕੀਆ ਤੁਧੁ ਲੇਪੁ ਨ ਲਗੈ ਤ੍ਰਿਣ ॥ ਜਿਸੁ ਹੋਵਹਿ ਆਪਿ ਦਇਆਲੁ ਤਿਸੁ ਲਾਵਹਿ ਸਤਿਗੁਰ ਚਰਣ ॥ ਤੂ ਹੋਰਤੁ ਉਪਾਇ ਨ ਲਭਹੀ ਅਬਿਨਾਸੀ ਸ੍ਰਿਸਟਿ ਕਰਣ ॥ ੨ ॥

ਪਦ ਅਰਥ:–ਅਗਮ–ਅਪਹੁੰਚ। ਸਿਰਜਿਆ–ਪੈਦਾ ਕੀਤਾ। ਨਾਇਕੁ–ਮਾਲਕ।

ਸਗਲ ਭਉਣ—ਸਾਰੇ ਭਵਨਾਂ ਦਾ ।ਸਗਲ ਰਉਣ—ਹੇ ਸਰਬ ਵਿਆਪਕ ! ਜਗ ਉਧਰਣ —ਜਗਤ ਦਾ ਬੇੜਾ ਪਾਰ ਕਰਨ ਵਾਲਾ। ਧਰਣੀ—ਧਰਤੀਆਂ। ਆਵਣ ਜਾਣਾ—ਜੰਮਣਾ ਮਰਨਾ। ਲੇਪੁ—ਅਸਰ, ਪ੍ਰਭਾਵ। ਤ੍ਰਿਣ—ਤੀਲੇ ਜਿਤਨਾ ਭੀ। ਹੋਰਤੁ—ਹੋਰ ਦੀ ਰਾਹੀਂ। ਉਪਾਇ—ਉਪਾਵ ਦੀ ਰਾਹੀਂ। ਹੋਰਤੁ ਉਪਾਇ—ਕਿਸੇ ਹੋਰ ਉਪਾਵ ਦੀ ਰਾਹੀਂ।

ਅਰਥ:--ਹੇ ਪ੍ਰਭੂ ! ਤੂੰ ਅਪਹੁੰਚ ਹੈਂ ਦਇਆਲ ਤੇ ਬੇਅੰਤ ਹੈਂ, ਕੋਈ ਜੀਵ ਤੇਰਾ ਮੁੱਲ ਨਹੀਂ ਪਾ ਸਕਦਾ। ਇਹ ਸਾਰਾ ਜਗਤ ਤੂੰ ਹੀ ਪੈਦਾ ਕੀਤਾ ਹੈ, ਤੇ ਸਾਰੇ ਭਵਨਾਂ ਦਾ ਤੂੰ ਹੀ ਮਾਲਕ ਹੈਂ। ਹੇ ਮੇਰੇ ਸਰਬ-ਵਿਆਪਕ ਮਾਲਕ ! ਕੋਈ ਜੀਵ ਤੇਰੀ ਤਾਕਤ ਦਾ ਅੰਦਾਜ਼ਾ ਨਹੀਂ ਲਾ ਸਕਦਾ। ਹੇ ਜਗਤ ਉੱਧਾਰਣ ਵਾਲੇ ਅਬਿਨਾਸੀ ਪ੍ਰਭੂ ! ਕੋਈ ਜੀਵ ਤੇਰੀ ਬਰਾਬਰੀ ਨਹੀਂ ਕਰ ਸਕਦਾ।

ਹੇ ਪ੍ਰਭੂ ! ਸਾਰੀਆਂ ਧਰਤੀਆਂ ਤੂੰ ਹੀ ਬਣਾਈਆਂ ਹਨ ਇਹ ਚਾਰੇ ਜੁੱਗ ਤੇਰੇ ਹੀ ਬਣਾਏ ਹੋਏ ਹਨ (ਸਮਾ ਬਣਾਣ ਵਾਲਾ ਤੇ ਸਮੇ ਦੀ ਵੰਡ ਕਰਨ ਵਾਲਾ ਤੂੰ ਹੀ ਹੈਂ)। (ਜੀਵਾਂ ਵਾਸਤੇ) ਜਨਮ ਮਰਨ ਦਾ ਗੇੜ ਤੂੰ ਹੀ ਬਣਾਇਆ ਹੈ, (ਜਨਮ ਮਰਨ ਦੇ ਗੇੜ ਦਾ) ਰਤਾ ਭੀ ਪ੍ਰਭਾਵ ਤੇਰੇ ਉਤੇ ਨਹੀਂ ਪੈਂਦਾ।

ਹੇ ਪ੍ਰਭੂ ! ਜਿਸ ਜੀਵ ਉਤੇ ਤੂੰ ਦਿਆਲ ਹੁੰਦਾ ਹੈਂ ਉਸ ਨੂੰ ਗੁਰੂ ਦੀ ਚਰਨੀਂ ਲਾਂਦਾ ਹੈਂ (ਕਿਉਂਕਿ) ਹੇ ਸ੍ਰਿਸ਼ਟੀ-ਕਰਤਾ ਅਬਿਨਾਸ਼ੀ ਪ੍ਰਭੂ ! (ਗੁਰੂ ਦੀ ਸਰਨ ਤੋਂ ਬਿਨਾ) ਹੋਰ ਕਿਸੇ ਭੀ ਉਪਾਵ ਨਾਲ ਤੂੰ ਮਿਲ ਨਹੀਂ ਸਕਦਾ। ੨।

ਡਖਣੇ ਮ: ੫ ॥ ਜੇ ਤੂ ਵਤਹਿ ਅੰਙਣੇ, ਹਭ ਧਰਤਿ ਸੁਹਾਵੀ ਹੋਇ॥ ਹਿਕਸੁ ਕੰਤੈ ਬਾਹਰੀ, ਮੈਡੀ ਵਾਤ ਨ ਪੁਛੈ ਕੋਇ ॥ ੧ ॥

ਪਦ ਅਰਥ :—ਵਤਹਿ—ਆ ਜਾਏਂ। ਅੰਙਣੇ—(ਹਿਰਦੇ-) ਵੇਹੜੇ ਵਿਚ। ਹਭ—ਸਾਰੀ। ਧਰਤਿ—(ਭਾਵ,) ਸਰੀਰ। ਵਾਤ—ਗੱਲ, ਖ਼ਬਰ।

ਅਰਥ :—ਹੇ ਪ੍ਰਭੂ-ਕੰਤ ! ਜੇ ਤੂੰ ਮੇਰੇ (ਹਿਰਦੇ-) ਵੇਹੜੇ ਵਿਚ ਆ ਜਾਏਂ, ਤਾਂ ਮੇਰਾ ਸਾਰਾ ਸਰੀਰ ਹੀ ਸੋਹਣਾ ਹੋ ਜਾਂਦਾ ਹੈ। ਪਰ ਇਕ ਖਸਮ-ਪ੍ਰਭੂ ਤੋਂ ਬਿਨਾ ਕੋਈ ਮੇਰੀ ਖ਼ਬਰ-ਸੁਰਤਿ ਹੀ ਨਹੀਂ ਪੁੱਛਦਾ (ਭਾਵ, ਜੇ ਪ੍ਰਭੂ ਹਿਰਦੇ ਵਿਚ ਵੱਸ ਪਏ, ਤਾਂ ਸਾਰੇ ਸ਼ੁਭ ਗੁਣਾਂ ਨਾਲ ਗਿਆਨ ਇੰਦ੍ਰੇ ਚਮਕ ਉਠਦੇ ਹਨ। ਜੇ ਪ੍ਰਭੂ ਤੋਂ ਵਿਛੋੜਾ ਹੈ ਤਾਂ ਕੋਈ ਸ਼ੁਭ ਗੁਣ ਨੇੜੇ ਨਹੀਂ ਢੁਕਦਾ)। ੧।

ਮ: ੫ ॥ ਹਭੇ ਟੋਲ ਸੁਹਾਵਣੇ, ਸਹੁ ਬੈਠਾ ਅੰਙਣੁ ਮਲਿ ॥ ਪਹੀ ਨ ਵੰਞੈ ਬਿਰਥੜਾ, ਜੋ ਘਰਿ ਆਵੈ ਚਲਿ ॥ ੨ ॥

ਪਦ ਅਰਥ :—ਟੋਲ—ਪਦਾਰਥ। ਮਲਿ—ਮੱਲ ਕੇ। ਪਹੀ—ਜੀਵ-ਰਾਹੀ।

ਬਿਰਥੜਾ—ਖ਼ਾਲੀ-ਹੱਥ। ਜੋ—ਜੇਹੜਾ ਜੀਵ-ਰਾਹੀ। ਘਰਿ—ਘਰ ਵਿਚ, ਹਿਰਦੇ-ਘਰ ਵਿਚ।

ਅਰਥ :—ਜਿਸ ਜੀਵ-ਰਾਹੀ ਦਾ ਹਿਰਦਾ-ਵੇਹੜਾ ਖਸਮ-ਪ੍ਰਭੂ ਮੱਲ ਕੇ ਬੈਠ ਜਾਂਦਾ ਹੈ, ਉਸ ਨੂੰ ਸਾਰੇ ਪਦਾਰਥ (ਵਰਤਣੇ) ਫਬਦੇ ਹਨ (ਕਿਉਂਕਿ) ਜੇਹੜਾ ਜੀਵ-ਰਾਹੀ (ਬਾਹਰਲੇ ਪਦਾਰਥਾਂ ਵਲੋਂ) ਪਰਤ ਕੇ ਅੰਤਰ ਆਤਮੇ ਆ ਟਿਕਦਾ ਹੈ ਉਹ (ਜਗਤ ਤੋਂ) ਖ਼ਾਲੀ-ਹੱਥ ਨਹੀਂ ਜਾਂਦਾ। ੨।

ਮਃ ੫ ॥ ਸੇਜ ਵਿਛਾਈ ਕੰਤ ਕੂ, ਕੀਆ ਹਭੁ ਸੀਗਾਰੁ ॥ ਇਤੀ ਮੰਝਿ ਨ ਸਮਾਵਈ, ਜੇ ਗਲਿ ਪਹਿਰਾ ਹਾਰੁ ॥ ੩ ॥

ਪਦ ਅਰਥ :—ਕੰਤ ਕੂ—ਕੰਤ ਦੀ ਖ਼ਾਤਰ। ਹਭੁ—ਸਾਰਾ। ਇਤੀ—ਇਤਨੀ ਭੀ। ਮੰਝਿ—ਵਿਚਕਾਰ, ਮੇਰੇ ਤੇ ਪਤੀ ਦੇ ਵਿਚਕਾਰ। ਨ ਸਮਾਵਈ—ਨਹੀਂ ਟਿਕ ਸਕਦੀ, ਟਿਕੀ ਹੋਈ ਚੰਗੀ ਨਹੀਂ ਲੱਗਦੀ। ਗਲਿ—ਗਲ ਵਿਚ।

ਅਰਥ :—ਮੈਂ ਪਤੀ ਨੂੰ ਮਿਲਣ ਵਾਸਤੇ ਸੇਜ ਵਿਛਾਈ ਤੇ ਹੋਰ ਸਾਰਾ ਹਾਰ-ਸਿੰਗਾਰ ਕੀਤਾ (ਹਿਰਦਾ-ਸੇਜ ਸਜਾਣ ਵਾਸਤੇ ਕਈ ਧਾਰਮਿਕ ਸਾਧਨ ਕੀਤੇ), ਪਰ ਹੁਣ (ਜਦੋਂ ਉਹ ਮਿਲ ਪਿਆ ਹੈ ਤਾਂ) ਜੇ ਮੈਂ (ਆਪਣੇ ਗਲ ਵਿਚ) ਇਕ ਹਾਰ ਭੀ ਪਹਿਨ ਲਵਾਂ (ਤਾਂ ਇਹ ਹਾਰ ਪਤੀ-ਮਿਲਾਪ ਦੇ ਰਸਤੇ ਵਿਚ ਵਿੱਥ ਪਾਂਦਾ ਹੈ, ਤੇ) ਪਤੀ ਤੇ ਮੇਰੇ ਵਿਚਕਾਰ ਇਤਨੀ ਵਿੱਥ ਨੂੰ ਭੀ ਸਮਾਈ ਨਹੀਂ ਹੈ (ਭਾਵ, ਲੋਕਾਚਾਰੀ ਧਾਰਮਿਕ ਸਾਧਨ ਪਤੀ-ਮਿਲਾਪ ਦੇ ਰਸਤੇ ਵਿਚ ਰੁਕਾਵਟ ਹਨ)। ੩।

ਪਉੜੀ ॥ ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ ॥ ਤੂ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ॥ ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ ॥ ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥ ਤੇਰੀ ਭਗਤਿ ਭਰੇ ਭੰਡਾਰ ਤੋਟਿ ਨ ਆਵਹੀ ॥ ਏਹਿ ਰਤਨ ਜਵੇਹਰ ਲਾਲ ਕੀਮ ਨ ਪਾਵਹੀ ॥ ਜਿਸੁ ਹੋਵਹਿ ਆਪਿ ਦਇਆਲੁ ਤਿਸੁ ਸਤਿਗੁਰ ਸੇਵਾ ਲਾਵਹੀ ॥ ਤਿਸੁ ਕਦੇ ਨ ਆਵੈ ਤੋਟਿ ਜੋ ਹਰਿ ਗੁਣ ਗਾਵਹੀ ॥ ੩ ॥

ਪਦ ਅਰਥ :—ਸਮਾਵਹੀ—ਤੂੰ ਵਿਆਪਕ ਹੈਂ। ਕਿਉ—ਕਿਸ ਤਰੀਕੇ ਨਾਲ ? ਭੰਡਾਰ—ਖ਼ਜ਼ਾਨੇ। ਤੋਟਿ—ਘਾਟ, ਕਮੀ। ਏਹਿ—ਇਹ ਸਾਰੇ। ਕੀਮ—ਮੁੱਲ।

ਅਰਥ :—ਹੇ ਪ੍ਰਭੂ ! ਤੂੰ ਪਾਰਬ੍ਰਹਮ ਹੈਂ, ਸਭ ਤੋਂ ਵੱਡਾ ਮਾਲਕ ਹੈਂ, ਤੂੰ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। ਤੂੰ ਆਪਣੇ ਹੁਕਮ ਨਾਲ ਜਗਤ ਪੈਦਾ ਕਰਦਾ ਹੈਂ, (ਜਗਤ) ਪੈਦਾ ਕਰ ਕੇ (ਇਸ ਵਿਚ) ਵਿਆਪਕ ਹੈਂ। ਤੇਰਾ ਰੂਪ ਬਿਆਨ ਨਹੀਂ

ਕੀਤਾ ਜਾ ਸਕਦਾ, ਫਿਰ ਜੀਵ ਤੇਰਾ ਧਿਆਨ ਕਿਸ ਤਰੀਕੇ ਨਾਲ ਧਰਨ ?

ਹੇ ਪ੍ਰਭੂ ! ਤੂੰ ਸਭ ਜੀਵਾਂ ਵਿਚ ਆਪ ਮੌਜੂਦ ਹੈਂ, (ਸਭ ਵਿਚ) ਆਪਣੀ ਤਾਕਤ ਵਿਖਾ ਰਿਹਾ ਹੈਂ ।

(ਤੇਰੇ ਪਾਸ) ਤੇਰੀ ਭਗਤੀ ਦੇ ਖ਼ਜ਼ਾਨੇ ਭਰੇ ਪਏ ਹਨ ਜੋ ਕਦੇ ਮੁੱਕ ਨਹੀਂ ਸਕਦੇ, ਤੇਰੇ ਗੁਣਾਂ ਦੇ ਖ਼ਜ਼ਾਨੇ ਐਸੇ ਰਤਨ ਜਵਾਹਰ ਤੇ ਲਾਲ ਹਨ ਜਿੰਨ੍ਹਾਂ ਦਾ ਮੁੱਲ ਨਹੀਂ ਪੈ ਸਕਦਾ (ਜਗਤ ਵਿਚ ਕੋਈ ਐਸੀ ਚੀਜ਼ ਨਹੀਂ ਜਿਸ ਦੇ ਇਵਜ਼ ਵਿਚ ਗੁਣਾਂ ਦੇ ਖ਼ਜ਼ਾਨੇ ਮਿਲ ਸਕਣ) ।

ਜਿਸ ਜੀਵ ਉਤੇ ਤੂੰ ਦਇਆ ਕਰਦਾ ਹੈਂ ਉਸ ਨੂੰ ਸਤਿਗੁਰੂ ਦੀ ਸੇਵਾ ਵਿਚ ਜੋੜਦਾ ਹੈਂ । (ਗੁਰੂ ਦੀ ਸਰਨ ਆ ਕੇ) ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦੇ ਹਨ, ਉਹਨਾਂ ਨੂੰ ਕਿਸੇ ਕਿਸਮ ਦੀ ਥੁੜ ਨਹੀਂ ਰਹਿੰਦੀ । ੩ ।

ਡਖਣੇ ਮ: ੫ ॥ ਜਾ ਮੂ ਪਸੀ ਹਠ ਮੈ, ਪਿਰੀ ਮਹਿਜੈ ਨਾਲਿ ॥ ਹਭੇ ਡੁਖ ਉਲਾਹਿਅਮੁ, ਨਾਨਕ ਨਦਰਿ ਨਿਹਾਲਿ ॥ ੧ ॥

ਪਦ ਅਰਥ :–ਮੂ–ਮੈਂ । ਪਸੀ–ਪੱਸੀਂ, ਮੈਂ ਵੇਖਦਾ ਹਾਂ । ਹਠ ਮੈ–ਹਿਰਦੇ ਵਿਚ। ਮਹਿਜੈ–ਮੇਰੇ । ਉਲਾਹਿਅਮੁ–ਉਸ ਨੇ ਮੇਰੇ (ਦੁੱਖ) ਲਾਹ ਦਿੱਤੇ ਹਨ । ਨਦਰਿ–ਮਿਹਰ ਦੀ ਨਿਗਾਹ । ਨਿਹਾਲਿ–ਵੇਖ ਕੇ ।

ਅਰਥ :–ਜਦੋਂ ਮੈਂ (ਧਿਆਨ ਨਾਲ) ਹਿਰਦੇ ਵਿਚ ਵੇਖਦੀ ਹਾਂ, ਤਾਂ ਮੇਰਾ ਪਤੀ-ਪ੍ਰਭੂ ਮੇਰੇ ਨਾਲ (ਮੇਰੇ ਹਿਰਦੇ ਵਿਚ) ਮੌਜੂਦ ਹੈ । ਹੇ ਨਾਨਕ ! ਮਿਹਰ ਦੀ ਨਿਗਾਹ ਕਰ ਕੇ ਉਸ ਨੇ ਮੇਰੇ ਸਾਰੇ ਦੁੱਖ ਦੂਰ ਕਰ ਦਿੱਤੇ ਹਨ । ੧ ।

ਮ: ੫ ॥ ਨਾਨਕੁ ਬੈਠਾ ਭਖੇ ਵਾਉ, ਲੰਮੇ ਸੇਵਹਿ ਦਰੁ ਖੜਾ॥ ਪਿਰੀਏ ਤੂ ਜਾਣੂ ਮਹਿਜਾ ਸਾਉ, ਜੋਈ ਸਾਈ ਮੁਹੁ ਖੜਾ ॥ ੨ ॥

ਪਦ ਅਰਥ :–ਭਖੇ ਵਾਉ–ਤੇਰੀ ਵਾ ਭਖ ਰਿਹਾ ਹੈ, ਤੇਰੀ ਸੋਇ ਸੁਣ ਰਿਹਾ ਹੈ । ਲੰਮੇ–ਬੇਅੰਤ ਜੀਵ । ਸੇਵਹਿ–ਸੇਂਵਦੇ ਹਨ, ਮੱਲੀ ਬੈਠੇ ਹਨ । ਪਿਰੀਏ–ਹੇ ਪਤੀ ! ਸਾਉ–ਸੁਆਉ, ਮਨੋਰਥ । ਜੋਈ–ਜੋਈਂ, ਮੈਂ ਤੱਕ ਰਿਹਾ ਹਾਂ । ਸਾਈ–ਹੇ ਸਾਈਂ !

ਅਰਥ :–ਹੇ ਪ੍ਰਭੂ ! ਬੇਅੰਤ ਜੀਵ ਖੜੇ ਤੇਰਾ ਦਰ ਸੇਂਵਦੇ ਹਨ, ਮੈਂ ਨਾਨਕ ਭੀ (ਤੇਰੇ ਦਰ ਤੇ ਖੜਾ) ਤੇਰੀ ਸੋਇ ਸੁਣ ਰਿਹਾ ਹਾਂ । ਹੇ ਪਤੀ ! ਤੂੰ ਮੇਰੇ ਦਿਲ ਦੀ ਜਾਣਦਾ ਹੈਂ, ਹੇ ਸਾਈਂ ! ਮੈਂ ਖਲੋਤਾ ਤੇਰਾ ਮੂੰਹ ਤੱਕ ਰਿਹਾ ਹਾਂ । ੨ ।

ਮਃ ੫ ॥ ਕਿਆ ਗਾਲਾਇਓ ਭੂਛ, ਪਰ ਵੇਲਿ ਨ ਜੋਹੇ ਕੰਤ ਤੂ ॥ ਨਾਨਕ ਫੁਲਾ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ ॥ ੩ ॥

ਪਦ ਅਰਥ :—ਗਾਲਾਇਓ—ਬੋਲ ਰਿਹਾ ਹੈਂ। ਭੂਛ—ਮਤਿ-ਹੀਣੇ, ਨਾਪਾਕ। ਵੇਲਿ—ਇਸਤ੍ਰੀ [ਵੇਲਿ ਰੁੱਖ ਦੇ ਆਸਰੇ ਵਧਦੀ ਫੁੱਲਦੀ ਹੈ, ਇਸਤ੍ਰੀ ਪਤੀ ਦੇ ਆਸਰੇ ਸੁਖੀ ਰਹਿ ਸਕਦੀ ਹੈ। ਇਸਤ੍ਰੀ ਨੂੰ ਵੇਲਿ ਨਾਲ ਉਪਮਾ ਦਿੱਤੀ ਗਈ ਹੈ। ਜਗਤ-ਫੁਲਵਾੜੀ ਵਿਚ ਇਸਤ੍ਰੀ ਵੇਲਿ ਸਮਾਨ ਹੈ]। ਨ ਜੋਹੇ—ਨਾਹ ਤੱਕ। ਜਿਉ ਫੁਲਾ ਸੰਦੀ ਵਾੜਿ—ਜਿਵੇਂ ਫੁਲਵਾੜੀ (ਖਿੜੀ ਹੋਈ) ਹੈ। ਸੰਦੀ—ਦੀ। ਵਾੜਿ—ਵਾੜੀ, ਬਗ਼ੀਚੀ। ਕੰਤ ਤੂ—ਤੂੰ (ਹਰ ਥਾਂ) ਕੰਤ ਨੂੰ (ਵੇਖ)।

ਅਰਥ :—(ਹੇ ਜੀਵ !) ਤੂੰ ਹਰ ਥਾਂ ਕੰਤ-ਪ੍ਰਭੂ ਨੂੰ ਵੇਖ, ਪਰਾਈ ਇਸਤ੍ਰੀ ਨੂੰ (ਮੰਦ ਭਾਵਨਾ ਨਾਲ) ਨਾਹ ਵੇਖ, ਤੇ (ਕਾਮਾਤੁਰ ਹੋ ਕੇ) ਮਤਿ-ਹੀਣੇ ਨਾਪਾਕ ਬੋਲ ਨਾਹ ਬੋਲ। ਹੇ ਨਾਨਕ ! ਜਿਵੇਂ ਫੁਲਵਾੜੀ ਖਿੜੀ ਹੁੰਦੀ ਹੈ ਤਿਵੇਂ ਇਹ ਸਾਰਾ ਸੰਸਾਰ ਖਿੜਿਆ ਹੋਇਆ ਹੈ (ਇਥੇ ਕੋਈ ਫੁੱਲ ਤੋੜਨਾ ਨਹੀਂ ਹੈ, ਕਿਸੇ ਪਰਾਈ ਸੁੰਦਰੀ ਵਲ ਮੰਦ-ਭਾਵਨਾ ਨਹੀਂ ਰੱਖਣੀ)। ੩।

ਪਉੜੀ ॥ ਸੁਘੜੁ ਸੁਜਾਣੁ ਸਰੂਪੁ ਤੂ ਸਭ ਮਹਿ ਵਰਤੰਤਾ ॥ ਤੂ ਆਪੇ ਠਾਕੁਰੁ ਸੇਵਕੋ ਆਪੇ ਪੂਜੰਤਾ ॥ ਦਾਨਾ ਬੀਨਾ ਆਪਿ ਤੂ ਆਪੇ ਸਤਵੰਤਾ ॥ ਜਤੀ ਸਤੀ ਪ੍ਰਭੁ ਨਿਰਮਲਾ ਮੇਰੇ ਹਰਿ ਭਗਵੰਤਾ ॥ ਸਭੁ ਬ੍ਰਹਮ ਪਸਾਰੁ ਪਸਾਰਿਓ ਆਪੇ ਖੇਲੰਤਾ ॥ ਇਹੁ ਆਵਾਗਵਣੁ ਰਚਾਇਓ ਕਰਿ ਚੋਜ ਦੇਖੰਤਾ ॥ ਤਿਸੁ ਬਾਹੁੜਿ ਗਰਭਿ ਨ ਪਾਵਹੀ ਜਿਸੁ ਦੇਵਹਿ ਗੁਰ ਮੰਤਾ ॥ ਜਿਉ ਆਪਿ ਚਲਾਵਹਿ ਤਿਉ ਚਲਦੇ ਕਿਛੁ ਵਸਿ ਨ ਜੰਤਾ ॥ ੪ ॥

ਪਦ ਅਰਥ :—ਸੁਘੜੁ—ਸੋਹਣੀ ਘਾੜਤ ਵਾਲਾ, ਸੁਚੱਜਾ। ਸਰੂਪੁ—ਸੁੰਦਰ। ਮਹਿ :—ਵਿਚ। ਪੂਜੰਤਾ—ਪੂਜਾ ਕਰਦਾ। ਦਾਨਾ—ਜਾਣਨ ਵਾਲਾ। ਬੀਨਾ—ਵੇਖਣ ਵਾਲਾ। ਸਤਵੰਤਾ—ਸ਼ੁਭ ਆਚਰਨ ਵਾਲਾ। ਚੋਜ—ਤਮਾਸ਼ੇ। ਬਾਹੁੜਿ—ਮੁੜ, ਫਿਰ। ਗਰਭਿ—ਗਰਭ ਵਿਚ, ਜੂਨ ਵਿਚ। ਮੰਤਾ—ਉਪਦੇਸ਼। ਵਸਿ—ਇਖ਼ਤਿਆਰ ਵਿਚ।

ਅਰਥ :—ਹੇ ਪ੍ਰਭੂ ! ਤੂੰ ਸੁਚੱਜਾ ਸਿਆਣਾ ਤੇ ਸੋਹਣਾ ਹੈਂ, ਸਭ ਜੀਵਾਂ ਵਿਚ ਤੂੰ ਹੀ ਮੌਜੂਦ ਹੈਂ, (ਸੋ) ਤੂੰ ਆਪ ਹੀ ਮਾਲਕ ਹੈਂ ਆਪ ਹੀ ਸੇਵਕ ਹੈਂ ਆਪ ਹੀ ਆਪਣੀ ਪੂਜਾ ਕਰ ਰਿਹਾ ਹੈਂ। (ਹਰੇਕ ਜੀਵ ਦੇ ਅੰਦਰ ਵਿਆਪਕ ਹੋਣ ਕਰਕੇ) ਤੂੰ ਆਪ ਹੀ (ਜੀਵਾਂ ਦੇ ਕੰਮਾਂ ਨੂੰ) ਜਾਣਦਾ ਹੈਂ ਵੇਖਦਾ ਹੈਂ, ਤੂੰ ਆਪ ਹੀ ਚੰਗੇ ਆਚਰਨ ਵਾਲਾ ਹੈਂ। ਹੇ ਮੇਰੇ ਹਰੀ ਭਗਵਾਨ ! ਤੂੰ ਆਪ ਹੀ ਜਤੀ ਹੈਂ, ਆਪ ਹੀ ਪਵਿਤ੍ਰ ਆਚਰਨ ਵਾਲਾ ਹੈਂ। ਇਹ ਸਾਰਾ ਜਗਤ-ਖਿਲਾਰਾ ਤੂੰ ਆਪ ਹੀ ਖਿਲਾਰਿਆ ਹੋਇਆ ਹੈ, ਤੂੰ ਆਪ ਹੀ

ਇਹ ਜਗਤ-ਖੇਡ ਖੇਡ ਰਿਹਾ ਹੈਂ। (ਜੀਵਾਂ ਦੇ) ਜੰਮਣ ਮਰਨ ਦਾ ਤਮਾਸ਼ਾ ਤੂੰ ਆਪ ਹੀ ਰਚਾਇਆ ਹੋਇਆ ਹੈ, ਇਹ ਤਮਾਸ਼ੇ ਰਚ ਕੇ ਤੂੰ ਆਪ ਹੀ ਵੇਖ ਰਿਹਾ ਹੈਂ।

ਹੇ ਪ੍ਰਭੂ! ਜਿਸ ਮਨੁੱਖ ਨੂੰ ਤੂੰ ਗੁਰੂ ਦੇ ਉਪਦੇਸ਼ ਦੀ ਦਾਤਿ ਦੇਂਦਾ ਹੈਂ, ਉਸ ਨੂੰ ਮੁੜ ਜੂਨਾਂ ਦੇ ਗੇੜ ਵਿਚ ਨਹੀਂ ਪਾਂਦਾ। (ਤੇਰੇ ਪੈਦਾ ਕੀਤੇ ਇਹਨਾਂ) ਜੀਵਾਂ ਦੇ ਇਖ਼ਤਿਆਰ ਵਿਚ ਕੁਝ ਨਹੀਂ ਹੈ, ਜਿਵੇਂ ਤੂੰ ਆਪ ਜੀਵਾਂ ਨੂੰ ਤੋਰ ਰਿਹਾ ਹੈਂ, ਤਿਵੇਂ ਤੁਰ ਰਹੇ ਹਨ। ੪।

ਡਖਣੇ ਮ: ੫ ॥ ਕੁਰੀਏ ਕੁਰੀਏ ਵੈਦਿਆ, ਤਲਿ ਗਾੜਾ ਮਹਰੇਰੁ ॥ ਵੇਖੇ, ਛਿਟੜਿ ਥੀਵਦੋ, ਜਾਮਿ ਖਿਸੰਦੋ ਪੇਰੁ ॥ ੧ ॥

ਪਦ ਅਰਥ :—ਕੁਰੀਏ ਕੁਰੀਏ—ਨਦੀ ਦੇ ਕੰਢੇ ਕੰਢੇ। ਵੈਦਿਆ—ਹੇ ਜਾਣ ਵਾਲਿਆ! ਤਲਿ—(ਤੇਰੇ ਪੈਰਾਂ ਦੇ) ਹੇਠ। ਮਹਰੇਰੁ—ਢਾਹ, ਮਿੱਟੀ ਦਾ ਕਿਰਨਾ। ਗਾੜਾ ਮਹਰੇਰੁ—ਬੜੀ ਢਾਹ। ਵੇਖੇ—ਵੇਖੀਂ, ਧਿਆਨ ਰੱਖੀਂ। ਛਿਟੜਿ ਥੀਵਦੋ—ਲਿੱਬੜ ਜਾਏਂਗਾ। ਜਾਮਿ—ਜਦੋਂ। ਖਿਸੰਦੋ—ਤਿਲਕ ਗਿਆ। ਪੇਰੁ—ਪੈਰ।

ਅਰਥ :—ਹੇ (ਸੰਸਾਰ-) ਨਦੀ ਦੇ ਕੰਢੇ ਕੰਢੇ ਜਾਣ ਵਾਲਿਆ! ਤੇਰੇ ਪੈਰਾਂ ਹੇਠ (ਤੇਰੇ ਰਸਤੇ ਵਿਚ) ਬੜੀ ਢਾਹ ਲੱਗੀ ਹੋਈ ਹੈ। ਧਿਆਨ ਰੱਖੀਂ, ਜਦੋਂ ਹੀ ਤੇਰਾ ਪੈਰ ਤਿਲਕ ਗਿਆ, ਤਾਂ (ਮੋਹ ਦੇ ਚਿੱਕੜ ਨਾਲ) ਲਿੱਬੜ ਜਾਏਂਗਾ। ੧।

ਮ: ੫ ॥ ਸਚੁ ਜਾਣੈ ਕਚੁ ਵੈਦਿਓ, ਤੂ ਆਘੂ ਆਘੇ ਸਲਵੇ ॥ ਨਾਨਕ ਆਤਸੜੀ ਮੰਝਿ ਨੈਣੂ, ਬਿਆ ਢਲਿ ਪਬਣਿ ਜਿਉ ਜੁੰਮਿਓ ॥ ੨ ॥

ਪਦ ਅਰਥ :—ਵੈਦਿਓ—ਨਾਸਵੰਤ, ਚਲੇ ਜਾਣ ਵਾਲਾ। ਆਘੂ ਆਘੇ—ਅਗਾਂਹ ਅਗਾਂਹ। ਸਲਵੇ—(ਤੂੰ) ਇਕੱਤ੍ਰ ਕਰਦਾ ਹੈਂ। ਆਤਸੜੀ—ਅੱਗ। ਨੈਣੂ—ਮੱਖਣ। ਬਿਆ—ਦੂਜੀ ਗੱਲ, ਦੂਜਾ। ਢਲਿ—ਢਲ ਕੇ (ਪਾਣੀ ਦੇ ਢਲ ਜਾਣ ਨਾਲ), ਡਿੱਗ ਕੇ। ਪਬਣਿ—ਚੁਪੱਤੀ। ਜੁੰਮਿਓ—ਨਾਸ ਹੋ ਜਾਂਦੀ ਹੈ।

ਅਰਥ :—(ਹੇ ਜੀਵ!) ਨਾਸਵੰਤ ਕੱਚ (-ਰੂਪ ਮਾਇਆ) ਨੂੰ ਤੂੰ ਸਦਾ-ਥਿਰ ਜਾਣਦਾ ਹੈਂ, ਤੇ ਹੋਰ ਹੋਰ ਇਕੱਠੀ ਕਰਦਾ ਹੈਂ। ਪਰ ਹੇ ਨਾਨਕ! (ਆਖ—ਇਹ ਮਾਇਆ ਇਉਂ ਹੈ) ਜਿਵੇਂ ਅੱਗ ਵਿਚ ਮੱਖਣ ਨਾਸ ਹੋ ਜਾਂਦਾ ਹੈ (ਪੱਘਰ ਜਾਂਦਾ ਹੈ), ਜਾਂ, ਜਿਵੇਂ (ਪਾਣੀ ਦੇ ਢਲ ਜਾਣ ਨਾਲ) ਚੁਪੱਤੀ ਡਿੱਗ ਕੇ ਨਾਸ ਹੋ ਜਾਂਦੀ ਹੈ। ੨।

ਮ: ੫ ॥ ਭੋਰੇ ਭੋਰੇ ਰੂਹੜੇ ਸੇਵੇਦੇ ਆਲਕੁ ॥ ਮੁਦਤਿ ਪਈ ਚਿਰਾਣੀਆ, ਫਿਰਿ ਕਡੂ ਆਵੈ ਰੁਤਿ ॥ ੩ ॥

ਪਦ ਅਰਥ :—ਭੋਰੇ ਰੂਹੜੇ—ਹੇ ਭੋਲੀਏ ਜਿੰਦੇ! ਹੇ ਭੋਲੀ ਰੂਹ! ਆਲਕੁ—

ਆਲਸ । ਚਿਰਾਣੀਆ ਮੁਦਤਿ–ਢੇਰ ਸਮਾ । ਕਤੂ–ਕਦੋਂ ?

ਅਰਥ :–ਹੇ ਭੋਲੀਏ ਜਿੰਦੇ ! ਪਰਮਾਤਮਾ ਨੂੰ ਸਿਮਰਦਿਆਂ ਤੂੰ ਆਲਸ ਕਰਦੀ ਹੈਂ । ਲੰਮੀਆਂ ਮੁੱਦਤਾਂ ਪਿਛੋਂ (ਇਹ ਮਨੁੱਖਾ ਜਨਮ ਮਿਲਿਆ ਹੈ, ਜੇ ਸਿਮਰਨ ਤੋਂ ਸੱਖਣਾ ਬੀਤ ਗਿਆ) ਤਾਂ ਮੁੜ (ਕੀਹ ਪਤਾ ਹੈ ?) ਕਦੋਂ (ਮਨੁੱਖਾ ਜਨਮ ਦੀ) ਰੁੱਤ ਆਵੇ । ੩ ।

ਪਉੜੀ ॥ ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ॥ ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ॥ ਤੂ ਸਭਿ ਘਟ ਭੋਗਹਿ ਆਪਿ ਤੁਧੁ ਲੇਪੁ ਨ ਲਾਹਰਾ ॥ ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ॥ ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ ॥ ਕਿਆ ਆਰਾਧੇ ਜਿਹਵਾ ਇਕ, ਤੂ ਅਬਿਨਾਸੀ ਅਪਰਪਰਾ ॥ ਜਿਸੁ ਮੇਲਹਿ ਸਤਿਗੁਰੁ ਆਪਿ ਤਿਸ ਕੇ ਸਭਿ ਕੁਲ ਤਰਾ ॥ ਸੇਵਕ ਸਭਿ ਕਰਦੇ ਸੇਵ ਦਰਿ ਨਾਨਕੁ ਜਨੁ ਤੇਰਾ ॥ ੫ ॥

ਪਦ ਅਰਥ :–ਰੇਖਿਆ–ਰੇਖ, ਚਿਹਨ-ਚੱਕ੍ਰ । ਵਰਨ–ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ । ਮਾਣਸ–ਮਨੁੱਖ । ਏ–ਇਹ । ਜਾਹਰਾ–ਪਰਗਟ, ਪਰਤੱਖ । ਲੇਪੁ–ਅਸਰ, ਪ੍ਰਭਾਵ । ਨ ਲਾਹਰਾ–ਨਹੀਂ ਲੱਗਦਾ । ਅਨੰਦੀ–ਅਨੰਦ ਮਾਣਨ ਵਾਲਾ । ਸਮਾਹਰਾ–ਸਮਾਈ ਹੋਈ ਹੈ, ਵਿਆਪਕ । ਬਿਧਾਤੇ–ਹੇ ਸਿਰਜਣਹਾਰ ! ਨਰਹਰਾ–ਹੇ ਪਰਮਾਤਮਾ ! ਅਪਰਪਰਾ–ਪਰੇ ਤੋਂ ਪਰੇ । ਦਰਿ–ਦਰ ਉਤੇ ।

ਅਰਥ :–ਹੇ ਪ੍ਰਭੂ ! ਤੇਰਾ ਕੋਈ (ਖ਼ਾਸ) ਰੂਪ ਨਹੀਂ ਕੋਈ ਚਿਹਨ-ਚੱਕ੍ਰ ਨਹੀਂ । ਤੇਰੀ ਕੋਈ (ਖ਼ਾਸ) ਜਾਤਿ ਨਹੀਂ, (ਬ੍ਰਾਹਮਣ ਖਤ੍ਰੀ ਆਦਿ) ਤੇਰਾ ਕੋਈ (ਖ਼ਾਸ) ਵਰਨ ਨਹੀਂ ਹੈ । ਇਹ ਮਨੁੱਖ ਤੈਨੂੰ ਕਿਤੇ ਦੂਰ ਥਾਂ ਵੱਸਦਾ ਸਮਝਦੇ ਹਨ, ਪਰ ਤੂੰ ਹਰ ਥਾਂ ਮੌਜੂਦ ਹੈਂ, ਸਭ ਜੀਵਾਂ ਵਿਚ ਵਿਆਪਕ ਹੋ ਕੇ ਪਦਾਰਥ ਭੋਗ ਰਿਹਾ ਹੈਂ, (ਫਿਰ ਭੀ) ਤੈਨੂੰ ਮਾਇਆ ਦਾ ਅਸਰ ਪੋਹ ਨਹੀਂ ਸਕਦਾ । ਤੂੰ ਸਦਾ ਅਨੰਦ ਰਹਿਣ ਵਾਲਾ ਹੈਂ, ਬੇਅੰਤ ਹੈਂ, ਸਭ ਵਿਚ ਵਿਆਪਕ ਹੈਂ, ਸਭਨਾਂ ਵਿਚ ਤੇਰੀ ਜੋਤਿ ਟਿਕੀ ਹੋਈ ਹੈ ।

ਹੇ ਸਿਰਜਣਹਾਰ ! ਹੇ ਪਰਮਾਤਮਾ ! ਸਾਰੇ ਦੇਵਤਿਆਂ ਵਿਚ ਤੂੰ ਆਪ ਹੀ ਦੇਵਤਾ (ਪ੍ਰਕਾਸ਼ ਕਰਨ ਵਾਲਾ) ਹੈਂ । ਤੂੰ ਪਰੇ ਤੋਂ ਪਰੇ ਹੈਂ, ਤੂੰ ਨਾਸ-ਰਹਿਤ ਹੈਂ, ਮੇਰੀ ਇਕ ਜੀਭ ਤੇਰੀ ਆਰਾਧਨਾ ਕਰਨ ਦੇ ਸਮਰੱਥ ਨਹੀਂ ਹੈ ।

ਹੇ ਪ੍ਰਭੂ ! ਜਿਸ ਮਨੁੱਖ ਨੂੰ ਤੂੰ ਗੁਰੂ ਮਿਲਾ ਦੇਂਦਾ ਹੈਂ, ਉਸ ਦੀਆਂ ਸਾਰੀਆਂ ਕੁਲਾਂ ਤਰ ਜਾਂਦੀਆਂ ਹਨ, ਤੇਰੇ ਸਾਰੇ ਸੇਵਕ ਤੇਰੀ ਸੇਵਾ ਕਰਦੇ ਹਨ, ਮੈਂ ਤੇਰਾ ਦਾਸ ਨਾਨਕ

(ਭੀ ਤੇਰੇ ਹੀ) ਦਰ ਤੇ (ਪਿਆ ਹਾਂ) । ੫ ।

ਡਖਣੇ ਮ: ੫ ॥ ਗਹਡੜੜਾ ਤ੍ਰਿਣਿ ਛਾਇਆ, ਗਾਫਲ ਜਲਿਓਹੁ ਭਾਹਿ ॥ ਜਿਨਾ ਭਾਗ ਮਥਾਹੜੈ, ਤਿਨ ਉਸਤਾਦ ਪਨਾਹਿ ॥ ੧ ॥

ਪਦ ਅਰਥ :—ਗਹਡੜੜਾ—(ਸਰੀਰ-) ਛੱਪਰ । ਤ੍ਰਿਣਿ—ਕੱਖ ਨਾਲ । ਛਾਇਆ—ਬਣਿਆ ਹੋਇਆ । ਗਾਫਲ—ਗ਼ਾਫ਼ਲ ਮਨੁੱਖ ਦਾ । ਭਾਹਿ—ਅੱਗ ਵਿਚ, ਤ੍ਰਿਸ਼ਨਾ-ਅੱਗ ਵਿਚ । ਉਸਤਾਦ—ਗੁਰੂ । ਪਨਾਹਿ—ਓਟ, ਆਸਰਾ, ਸਹਾਰਾ ।

ਅਰਥ :—ਗ਼ਾਫ਼ਲ ਮਨੁੱਖ ਦਾ ਘਾਹ ਨਾਲ ਬਣਿਆ ਹੋਇਆ ਸਰੀਰ-ਛੱਪਰ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਿਹਾ ਹੈ । ਜਿੰਨ੍ਹਾਂ ਬੰਦਿਆਂ ਦੇ ਮੱਥੇ ਉਤੇ ਚੰਗੇ ਭਾਗ ਜਾਗਦੇ ਹਨ, ਉਹਨਾਂ ਨੂੰ ਗੁਰੂ ਦਾ ਸਹਾਰਾ ਮਿਲ ਜਾਂਦਾ ਹੈ (ਤੇ ਉਹ ਤ੍ਰਿਸ਼ਨਾ ਅੱਗ ਤੋਂ ਬਚ ਜਾਂਦੇ ਹਨ) । ੧ ।

ਮ: ੫ ॥ ਨਾਨਕ ਪੀਠਾ ਪਕਾ ਸਾਜਿਆ, ਧਰਿਆ ਆਣਿ ਮਉਜੂਦੁ ॥ ਬਾਝਹੁ ਸਤਿਗੁਰ ਆਪਣੇ, ਬੈਠਾ ਝਾਕੁ ਦਰੂਦ ॥੨॥

ਪਦ ਅਰਥ :—ਆਣਿ—ਲਿਆ ਕੇ । ਮਉਜੂਦ—(ਖਾਣ ਲਈ) ਤਿਆਰ । ਦਰੂਦ—ਦੁਆ, ਅਰਦਾਸ [ਮੁਸਲਮਾਨ ਈਦ ਆਦਿਕ ਪਵਿਤ੍ਰ ਦਿਹਾੜੇ ਅੱਲਾ-ਨਿਮਿਤ ਆਪਣੇ ਕਾਜ਼ੀ ਨੂੰ ਚੰਗਾ-ਚੋਖਾ ਖਾਣਾ ਪਕਾ ਕੇ ਭੇਟਾ ਕਰਦੇ ਹਨ । ਕਾਜ਼ੀ ਆ ਕੇ ਪਹਿਲਾਂ ਦਰੂਦ ਪੜ੍ਹਦਾ ਹੈ, ਫਿਰ ਉਹ ਖਾਣਾ ਸ੍ਵੀਕਾਰ ਕਰਦਾ ਹੈ । ਉਸ ਤੋਂ ਪਿਛੋਂ ਘਰ ਵਾਲਿਆਂ ਨੂੰ ਖਾਣ ਨੂੰ ਮਿਲਦਾ ਹੈ । ਜਿਤਨਾ ਚਿਰ ਕਾਜ਼ੀ ਨਾਹ ਆਵੇ, ਘਰ ਦੇ ਅੰਞਾਣੇ-ਸਿਆਣੇ ਪਏ ਝਾਕਦੇ ਹਨ ਤੇ ਉਡੀਕਦੇ ਹਨ । ਤਿਆਰ ਹੋਏ ਖਾਣੇ ਉਹਨਾਂ ਦੇ ਸਾਹਮਣੇ ਪਏ ਰਹਿੰਦੇ ਹਨ, ਪਰ ਉਹਨਾਂ ਨੂੰ ਖਾਣ ਦੀ ਇਜਾਜ਼ਤ ਨਹੀਂ ਹੁੰਦੀ । ਇਸੇ ਤਰ੍ਹਾਂ ਜੀਵ ਕਈ ਸਾਧਨ ਪਿਆ ਕਰੇ, ਪਰ ਗੁਰੂ ਦੀ ਸਰਨ ਤੋਂ ਬਿਨਾ ਪ੍ਰਭੂ ਦੀ ਮੇਹਰ ਦਾ ਦਰ ਨਹੀਂ ਖੁਲ੍ਹਦਾ] ।

ਅਰਥ :—ਹੇ ਨਾਨਕ ! (ਨਿਆਜ਼ ਆਦਿਕ ਦੇਣ ਲਈ ਸਰਧਾਲੂ ਮੁਸਲਮਾਨ ਆਟਾ) ਪਿਹਾ ਕੇ ਪਕਾ ਕੇ ਖਾਣਾ ਸੰਵਾਰ ਕੇ ਤਿਆਰ ਲਿਆ ਰੱਖਦਾ ਹੈ, (ਪਰ ਜਦ ਤਕ ਪੀਰ ਆ ਕੇ) ਦੁਆ (ਨ ਪੜ੍ਹੇ, ਉਹ) ਬੈਠਾ ਝਾਕਦਾ ਹੈ ।(ਤਿਵੇਂ ਮਨੁੱਖ ਅਨੇਕਾਂ ਧਾਰਮਿਕ ਸਾਧਨ ਕਰਦਾ ਹੈ, ਪਰ) ਜਦ ਤਕ ਗੁਰੂ ਨਾਹ ਮਿਲੇ, ਮਨੁੱਖ ਰੱਬ ਦੀ ਰਹਮਤ ਨੂੰ ਬੈਠਾ ਉਡੀਕਦਾ ਹੈ । ੨ ।

ਮ: ੫ ॥ ਨਾਨਕ ਭੁਸਰੀਆ [illegible]ਈਆ, ਪਾਈਆ ਥਾਲੈ ਮਾਹਿ ॥ ਜਿਨੀ ਗੁਰੂ ਮਨਾਇਆ, ਰਜਿ ਰਜਿ ਸੇਈ ਖਾਹਿ ॥ ੩ ॥

ਪਦ ਅਰਥ :–ਭੁਸਰੀ–ਗੁੜ ਵਾਲੀ ਰੋਟੀ, ਰੋਟ, ਮੰਨ, ਧਰਤੀ ਤੇ ਪਕਾਈ ਹੋਈ ਰੋਟੀ। [ਭੂ-ਸ਼੍ਰਿਤ। ਭੂ–ਭੂ, ਧਰਤੀ। ਸ਼੍ਰਿਤ–ਸ਼੍ਰਿਤ, employed, used। ਭੂਸ਼੍ਰਿਤ–ਧਰਤੀ ਦਾ ਆਸਰਾ ਲੈ ਕੇ ਤਿਆਰ ਕੀਤੀ ਹੋਈ] ਨੋਟ ! ਗਰੀਬ ਟੱਪਰੀ-ਵਾਸ ਲੋਕ ਇੱਟ ਆਦਿਕ ਜਾਂ ਬੱਬਰ ਆਦਿਕ ਨੂੰ ਤਪਾ ਕੇ ਹੀ ਰੋਟੀ ਪਕਾ ਲੈਂਦੇ ਹਨ। ਰਜਿ ਰਜਿ–ਰੱਜ ਰੱਜ ਕੇ, ਸੁਆਦ ਨਾਲ।

ਅਰਥ :–ਹੇ ਨਾਨਕ ! (ਜੇ ਕੋਈ ਮਨੁੱਖ ਇਤਨੇ ਹੀ ਗ਼ਰੀਬ ਹਨ ਕਿ ਰਸੋਈ ਚੌਂਕਾ ਆਦਿਕ ਵਰਤਣ ਦੇ ਥਾਂ) ਧਰਤੀ ਉਤੇ ਹੀ ਮੰਨ ਪਕਾ ਲੈਂਦੇ ਹਨ ਤੇ ਥਾਲ ਵਿਚ ਪਾ ਲੈਂਦੇ ਹਨ, ਜੇ ਉਹਨਾਂ ਨੇ (ਆਪਣੇ) ਗੁਰੂ ਨੂੰ ਖ਼ੁਸ਼ ਕਰ ਲਿਆ ਹੈ (ਜੇ ਗੁਰੂ ਦੇ ਦੱਸੇ ਰਾਹ ਉਤੇ ਤੁਰ ਕੇ ਉਹਨਾਂ ਆਪਣੇ ਗੁਰੂ ਦੀ ਪ੍ਰਸੰਨਤਾ ਹਾਸਲ ਕਰ ਲਈ ਹੈ) ਤਾਂ ਉਹ ਉਹਨਾਂ ਭੁਸਰੀਆਂ ਨੂੰ ਹੀ ਧਰਤੀ ਉਤੇ ਪਕਾਈਆਂ ਰੋਟੀਆਂ ਨੂੰ ਹੀ ਸੁਆਦ ਨਾਲ ਖਾਂਦੇ ਹਨ (ਭਾਵ, ਗ਼ਰੀਬ ਮਨੁੱਖਾਂ ਨੂੰ ਗ਼ਰੀਬੀ ਵਿਚ ਹੀ ਸੁਖੀ ਜੀਵਨ ਅਨੁਭਵ ਹੁੰਦਾ ਹੈ ਜੇ ਉਹ ਗੁਰੂ ਦੇ ਰਸਤੇ ਤੁਰ ਕੇ ਗੁਰੂ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦੇ ਹਨ)।੩।

ਪਉੜੀ ॥ ਤੁਧੁ ਜਗ ਮਹਿ ਖੇਲੁ ਰਚਾਇਆ ਵਿਚਿ ਹਉਮੈ ਪਾਈਆ ॥ ਏਕੁ ਮੰਦਰੁ ਪੰਚ ਚੋਰ ਹਹਿ, ਨਿਤ ਕਰਹਿ ਬੁਰਿਆਈਆ ॥ ਦਸ ਨਾਰੀ ਇਕੁ ਪੁਰਖੁ ਕਰਿ ਦਸੇ ਸਾਦਿ ਲੋਭਾਈਆ ॥ ਏਨਿ ਮਾਇਆ ਮੋਹਣੀ ਮੋਹੀਆ ਨਿਤ ਫਿਰਹਿ ਭਰਮਾਈਆ ॥ ਹਾਠਾ ਦੋਵੈ ਕੀਤੀਓ ਸਿਵ ਸਕਤਿ ਵਰਤਾਈਆ ॥ ਸਿਵ, ਅਗੈ ਸਕਤੀ ਹਾਰਿਆ, ਏਵੈ ਹਰਿ ਭਾਈਆ ॥ ਇਕਿ ਵਿਚਹੁ ਹੀ ਤੁਧੁ ਰਖਿਆ ਜੋ ਸਤਸੰਗਿ ਮਿਲਾਈਆ ॥ ਜਲ ਵਿਚਹੁ ਬਿੰਬੁ ਉਠਾਲਿਓ ਜਲ ਮਾਹਿ ਸਮਾਈਆ ॥ ੬ ॥

ਪਦ ਅਰਥ :–ਵਿਚਿ–(ਜੀਵਾਂ ਦੇ) ਅੰਦਰ। ਮੰਦਰੁ–ਮਨੁੱਖਾ ਸਰੀਰ। ਪੰਚ ਚੋਰ–ਕਾਮਾਦਿਕ ਪੰਜੇ। ਕਰਹਿ–ਕਰਦੇ ਹਨ। ਦਸ ਨਾਰੀ–ਦਸ ਇੰਦ੍ਰੀਆਂ। ਪੁਰਖੁ–ਮਨ। ਸਾਦਿ–ਸੁਆਦ ਵਿਚ। ਏਨਿ ਮਾਇਆ–ਇਸ ਮਾਇਆ ਨੇ। ਫਿਰਹਿ–(ਦਸ ਨਾਰੀ) ਫਿਰਦੀਆਂ ਹਨ। ਹਾਠਾ–ਤਰਫ਼ਾਂ। ਸਿਵ–ਜੀਵ। ਸਕਤਿ–ਮਾਇਆ। ਭਾਈਆ–ਚੰਗੀ ਲੱਗੀ। ਇਕਿ–ਕਈ ਜੀਵ। ਬਿੰਬੁ–ਬੁਲਬੁਲਾ।

ਅਰਥ :–ਹੇ ਪ੍ਰਭੂ ! ਤੂੰ ਜੀਵਾਂ ਦੇ ਅੰਦਰ ਹਉਮੈ ਪਾ ਦਿੱਤੀ ਹੈ, (ਤੇ ਇਸ ਤਰ੍ਹਾਂ) ਜਗਤ ਵਿਚ ਇਕ ਤਮਾਸ਼ਾ ਰਚ ਦਿੱਤਾ ਹੈ। ਇਹ ਮਨੁੱਖਾ ਸਰੀਰ ਇੱਕ ਹੈ (ਇਸ ਵਿਚ) ਕਾਮਾਦਿਕ ਪੰਜ ਚੋਰ ਹਨ ਜੋ ਸਦਾ ਹੀ ਭੈੜ ਕਰਦੇ ਰਹਿੰਦੇ ਹਨ। (ਇਕ ਪਾਸੇ) ਮਨ ਇਕੱਲਾ ਹੈ, (ਇਸ ਦੇ ਨਾਲ) ਦੱਸ ਇੰਦ੍ਰੀਆਂ ਹਨ, ਇਹ ਦਸੇ ਹੀ (ਮਾਇਆ ਦੇ)

ਸੁਆਦ ਵਿਚ ਫਸੀਆਂ ਹੋਈਆਂ ਹਨ। ਇਸ ਮੋਹਣੀ ਮਾਇਆ ਨੇ ਇਹਨਾਂ ਨੂੰ ਮੋਹਿਆ ਹੋਇਆ ਹੈ (ਇਸ ਵਾਸਤੇ ਇਹ) ਸਦਾ ਭਟਕਦੀਆਂ ਫਿਰਦੀਆਂ ਹਨ।

(ਪਰ) ਇਹ ਦੋਵੇ ਪਾਸੇ ਤੂੰ ਆਪ ਹੀ ਬਣਾਏ ਹਨ, ਜੀਵਾਤਮਾ ਤੇ ਮਾਇਆ ਦੀ ਖੇਡ ਤੂੰ ਹੀ ਰਚੀ ਹੈ। ਹੇ ਹਰੀ ! ਤੈਨੂੰ ਇਉਂ ਹੀ ਚੰਗਾ ਲੱਗਾ ਹੈ ਕਿ ਜੀਵਾਤਮਾ ਮਾਇਆ ਦੇ ਟਾਕਰੇ ਤੇ ਹਾਰ ਰਿਹਾ ਹੈ।

ਪਰ ਜਿੰਨ੍ਹਾਂ ਨੂੰ ਤੂੰ ਸਤਸੰਗ ਵਿਚ ਜੋੜਿਆ ਹੈ ਉਹਨਾਂ ਨੂੰ ਤੂੰ ਮਾਇਆ ਵਿਚੋਂ ਬਚਾ ਲਿਆ ਹੈ (ਤੇ ਆਪਣੇ ਚਰਨਾਂ ਵਿਚ ਲੀਨ ਕਰ ਰੱਖਿਆ ਹੈ) ਜਿਵੇਂ ਪਾਣੀ ਵਿਚੋਂ ਬੁਲਬੁਲਾ ਪੈਦਾ ਹੁੰਦਾ ਹੈ ਤੇ ਪਾਣੀ ਵਿਚ ਹੀ ਲੀਨ ਹੋ ਜਾਂਦਾ ਹੈ (ਉਹ ਤੇਰੇ ਅੰਦਰ ਲੀਨ ਹੋਏ ਰਹਿੰਦੇ ਹਨ)। ੬।

ਡਖਣੇ ਮ: ੫॥ ਆਗਾਹਾ ਕੂ ਤ੍ਰਾਘਿ, ਪਿਛਾ ਫੇਰਿ ਨ ਮੁਹਡੜਾ॥ ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ॥ ੧॥

ਪਦ ਅਰਥ:–ਤ੍ਰਾਘਿ–ਤਾਂਘ ਕਰ। ਸਿਝਿ–ਸਫਲ ਹੋ, ਕਾਮਯਾਬ ਹੋ। ਇਵੇਹਾ ਵਾਰ–ਇਸੇ ਵਾਰੀ, ਇਸੇ ਜਨਮ ਵਿਚ। ਬਹੁੜਿ–ਮੁੜ, ਫਿਰ।

ਅਰਥ :–(ਹੇ ਭਾਈ !) ਅਗਾਂਹ ਵਧਣ ਲਈ ਤਾਂਘ ਕਰ, ਪਿਛਾਂਹ ਨੂੰ ਮੋਢਾ ਨ ਮੋੜ (ਜੀਵਨ ਨੂੰ ਹੋਰ ਹੋਰ ਉੱਚਾ ਸੁੱਚਾ ਬਣਾਣ ਲਈ ਉੱਦਮ ਕਰ, ਨੀਵਾਂ ਨ ਹੋਣ ਦੇ)। ਹੇ ਨਾਨਕ ! ਇਸੇ ਜਨਮ ਵਿਚ ਕਾਮਯਾਬ ਹੋ (ਜੀਵਨ-ਖੇਡ ਜਿੱਤ) ਤਾ ਕਿ ਮੁੜ ਜਨਮ ਨਾਹ ਲੈਣਾ ਪਏ। ੧।

ਮ: ੫॥ ਸਜਣੁ ਮੈਡਾ ਚਾਈਆ, ਹਭ ਕਹੀ ਦਾ ਮਿਤੁ॥ ਹਭੇ ਜਾਣਨਿ ਆਪਣਾ, ਕਹੀ ਨ ਠਾਹੇ ਚਿਤੁ॥ ੨॥

ਪਦ ਅਰਥ:–ਸਜਣੁ–ਮਿਤ੍ਰ-ਪ੍ਰਭੂ। ਮੈਡਾ–ਮੇਰਾ। ਚਾਈਆ–ਚਾ ਵਾਲਾ, ਪਿਆਰ-ਭਰੇ ਦਿਲ ਵਾਲਾ। ਹਭ ਕਹੀ ਦਾ–ਹਰ ਕਿਸੇ ਦਾ। ਹਭੇ–ਸਾਰੇ ਜੀਵ। ਜਾਣਨਿ–ਜਾਣਦੇ ਹਨ। ਕਹੀ ਚਿਤੁ–ਕਿਸੇ ਦਾ ਭੀ ਦਿਲ। ਨ ਠਾਹੇ–ਨਹੀਂ ਢਾਹੁੰਦਾ, ਨਹੀਂ ਤੋੜਦਾ।

ਅਰਥ :–ਮੇਰਾ ਮਿਤ੍ਰ-ਪ੍ਰਭੂ ਪਿਆਰ-ਭਰੇ ਦਿਲ ਵਾਲਾ ਹੈ, ਹਰ ਕਿਸੇ ਦਾ ਮਿੱਤਰ ਹੈ (ਹਰੇਕ ਨਾਲ ਪਿਆਰ ਕਰਦਾ ਹੈ)। ਸਾਰੇ ਹੀ ਜੀਵ ਉਸ ਪ੍ਰਭੂ ਨੂੰ ਆਪਣਾ (ਮਿਤ੍ਰ) ਜਾਣਦੇ ਹਨ, ਉਹ ਕਿਸੇ ਦਾ ਦਿਲ ਤੋੜਦਾ ਨਹੀਂ। ੨।

ਮ: ੫॥ ਗੁਝੜਾ ਲਧਮੁ ਲਾਲੁ, ਮਥੈ ਹੀ ਪਰਗਟੁ ਥਿਆ॥ ਸੋਈ ਸੁਹਾਵਾ ਥਾਨੁ, ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥ ੩॥

ਪਦ ਅਰਥ :–ਗੁਝੜਾ–(ਅੰਦਰ) ਲੁਕਿਆ ਹੋਇਆ। ਲਧਮੁ–ਮੈਂ ਲੱਭਾ। ਮਥੈ –ਮੱਥੇ ਉਤੇ। ਥਿਆ–ਹੋ ਗਿਆ। ਸੁਹਾਵਾ–ਸੋਹਣਾ। ਪਿਰੀਏ ਜੀ–ਹੇ ਪਿਰ ਜੀ! ਹੇ ਪਤੀ-ਪ੍ਰਭੂ ਜੀ। ਨਾਨਕ–ਹੇ ਨਾਨਕ! (ਆਖ)। ਵੁਠਿਆ–ਆ ਵੱਸਿਆ।

ਅਰਥ:–(ਪ੍ਰਭੂ-ਪਤੀ ਦੀ ਮਿਹਰ ਹੋਈ, ਤਾਂ ਉਹ ਪ੍ਰਭੂ-) ਲਾਲ ਮੇਰੇ ਅੰਦਰ ਲੁਕਿਆ ਹੋਇਆ ਹੀ ਮੈਨੂੰ ਲੱਭ ਪਿਆ, (ਇਸ ਦੀ ਬਰਕਤਿ ਨਾਲ) ਮੇਰੇ ਮੱਥੇ ਉਤੇ ਪਰਕਾਸ਼ ਹੋ ਗਿਆ (ਭਾਵ, ਮੇਰਾ ਮਨ ਤਨ ਖਿੜ ਪਿਆ)। ਹੇ ਨਾਨਕ! (ਆਖ–) ਹੇ ਪ੍ਰਭੂ-ਪਤੀ! ਜਿਸ ਹਿਰਦੇ ਵਿਚ ਤੂੰ ਆ ਵੱਸਦਾ ਹੈਂ, ਉਹ ਹਿਰਦਾ ਸੋਹਣਾ ਹੋ ਜਾਂਦਾ ਹੈ। ।੩।

ਪਉੜੀ ॥ ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥ ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥ ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥ ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥ ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥ ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥ ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥ ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥ ੭ ॥

ਪਦ ਅਰਥ :–ਮੁਹਛੰਦਾ–ਮੁਥਾਜੀ । ਬੰਦਾ–ਸੇਵਕ, ਗ਼ੁਲਾਮ । ਲਖਮੀ–ਮਾਇਆ। ਤੋਟਿ–ਕਮੀ। ਰਹੰਦਾ–ਰੱਖਦਾ। ਮੇਦਨੀ–ਧਰਤੀ। ਸਭਿ–ਸਾਰੇ। ਮੰਗਹਿ–ਚਿਤਵਦੇ। ਮਿਲਿ–ਮਿਲ ਕੇ। ਤੁਧੁ ਭਾਵੰਦਾ–ਤੈਨੂੰ ਭਾਵੇ।

ਅਰਥ :–ਹੇ ਪ੍ਰਭੂ! ਜਦੋਂ ਤੂੰ ਮੇਰੀ ਸਹਾਇਤਾ ਤੇ ਹੋਵੇਂ, ਤਾਂ ਮੈਨੂੰ ਕਿਸੇ ਹੋਰ ਦੀ ਕੋਈ ਮੁਥਾਜੀ ਨਹੀਂ ਰਹਿ ਜਾਂਦੀ। ਜਦੋਂ ਮੈਂ ਤੇਰਾ ਸੇਵਕ ਬਣਦਾ ਹਾਂ, ਤਾਂ ਤੂੰ ਮੈਨੂੰ ਸਭ ਕੁਝ ਦੇ ਦੇਂਦਾ ਹੈਂ। ਮੈਨੂੰ ਧਨ-ਪਦਾਰਥ ਦੀ ਕੋਈ ਕਮੀ ਨਹੀਂ ਰਹਿੰਦੀ ਮੈਂ (ਤੇਰਾ ਇਹ ਨਾਮ-ਧਨ) ਵਰਤਦਾ ਹਾਂ ਵੰਡਦਾ ਹਾਂ ਤੇ ਇਕੱਠਾ ਭੀ ਕਰਦਾ ਹਾਂ। ਧਰਤੀ ਦੇ ਚੌਰਾਸੀ ਲੱਖ ਜੀਵ ਹੀ ਮੇਰੀ ਸੇਵਾ ਕਰਨ ਲੱਗ ਪੈਂਦੇ ਹਨ। ਤੂੰ ਵੈਰੀਆਂ ਨੂੰ ਭੀ ਮੇਰੇ ਮਿਤ੍ਰ ਬਣਾ ਦੇਂਦਾ ਹੈਂ, ਕੋਈ ਭੀ ਮੇਰਾ ਬੁਰਾ ਨਹੀਂ ਚਿਤਵਦੇ।

ਹੇ ਹਰੀ! ਜਦੋਂ ਤੂੰ ਮੈਨੂੰ ਬਖ਼ਸ਼ਣ ਵਾਲਾ ਹੋਵੇਂ, ਤਾਂ ਕੋਈ ਭੀ ਮੈਨੂੰ ਮੇਰੇ ਕੀਤੇ ਕਰਮਾਂ ਦਾ ਹਿਸਾਬ ਨਹੀਂ ਪੁੱਛਦਾ, ਕਿਉਂਕਿ ਗੋਵਿੰਦ-ਰੂਪ ਗੁਰੂ ਨੂੰ ਮਿਲ ਕੇ ਮੇਰੇ ਅੰਦਰ ਠੰਢ ਪੈ ਜਾਂਦੀ ਹੈ ਮੈਨੂੰ ਸੁਖ ਪ੍ਰਾਪਤ ਹੋ ਜਾਂਦਾ ਹੈ। ਜਦੋਂ ਤੇਰੀ ਰਜ਼ਾ ਹੋਵੇ, ਤਾਂ ਮੇਰੇ ਸਾਰੇ ਕੰਮ ਸੰਵਰ ਜਾਂਦੇ ਹਨ। ੭।

ਡਖਣੇ ਮ: ੫ ॥ ਡੇਖਣ ਕੂ ਮੁਸਤਾਕੁ, ਮੁਖੁ ਕਿਜੇਹਾ ਤਉ ਧਣੀ ॥ ਫਿਰਦਾ ਕਿਤੈ ਹਾਲਿ, ਜਾ ਡਿਠਮੁ ਤਾ ਮਨੁ ਧ੍ਰਾਪਿਆ ॥ ੧ ॥

ਪਦ ਅਰਥ :—ਕੂ—ਵਾਸਤੇ। ਮੁਸਤਾਕੁ—ਉਤਾਵਲਾ, ਚਾਹਵਾਨ। ਕਿਜੇਹਾ—ਕਿਹੋ ਜੇਹਾ ? ਤਉ—ਤੇਰਾ। ਧਣੀ—ਹੇ ਮਾਲਕ ! ਕਿਤੈ ਹਾਲਿ—ਕਿਸੇ (ਭੈੜੇ) ਹਾਲ ਵਿਚ। ਜਾ—ਜਦੋਂ। ਡਿਠਮੁ—ਮੈਂ ਵੇਖ ਲਿਆ। ਧ੍ਰਾਪਿਆ—ਰੱਜ ਗਿਆ।

ਅਰਥ :—ਹੇ (ਮੇਰੇ) ਮਾਲਕ ! ਤੇਰਾ ਮੂੰਹ ਕਿਹੋ ਜੇਹਾ ਹੈ ? ਮੈਂ ਤੇਰਾ ਮੁਖ ਵੇਖਣ ਦਾ ਬੜਾ ਚਾਹਵਾਨ ਸਾਂ। (ਮਾਇਆ-ਵੱਸ ਹੋ ਕੇ) ਮੈਂ ਕਿਸੇ ਭੈੜੇ ਹਾਲ ਵਿਚ ਭਟਕਦਾ ਫਿਰਦਾ ਸਾਂ, ਪਰ ਜਦੋਂ ਤੇਰਾ ਮੂੰਹ ਮੈਂ ਵੇਖ ਲਿਆ, ਤਾਂ ਮੇਰਾ ਮਨ (ਮਾਇਆ ਵਲੋਂ) ਤ੍ਰਿਪਤ ਹੋ ਗਿਆ। ੧।

ਮ: ੫ ॥ ਦੁਖੀਆ ਦਰਦ ਘਣੇ, ਵੇਦਨ ਜਾਣੈ ਤੂ ਧਣੀ ॥ ਜਾਣਾ ਲਖ ਭਵੇ, ਪਿਰੀ ਡਿਖੰਦੋ ਤਾ ਜੀਵਸਾ ॥ ੨ ॥

ਪਦ ਅਰਥ :—ਧਣੀ—ਹੇ ਮਾਲਕ ! ਵੇਦਨ—ਪੀੜਾਂ, ਦੁੱਖ। ਭਵੇ—ਭਾਵੇਂ। ਜਾਣਾ ਲਖ—ਮੈਂ ਲੱਖ ਵਾਰੀ ਜਾਣਦਾ ਹੋਵਾਂ। ਪਿਰੀ ਡਿਖੰਦੋ—ਖਸਮ-ਪ੍ਰਭੂ ਨੂੰ ਵੇਖਾਂ। ਜੀਵਸਾ—ਮੈਂ ਜੀਊ ਸਕਦੀ ਹਾਂ, ਮੇਰੇ ਵਿਚ ਜਿੰਦ ਪੈਂਦੀ ਹੈ, ਮੈਨੂੰ ਸੁਖ ਦਾ ਸਾਹ ਆਉਂਦਾ ਹੈ।

ਅਰਥ :—(ਪ੍ਰਭੂ ਦੇ ਦਰਸਨ ਖੁਣੋਂ) ਮੈਂ ਦੁਖੀ ਹਾਂ, ਮੇਰੇ ਅੰਦਰ ਅਨੇਕਾਂ ਪੀੜਾਂ ਹਨ। ਹੇ ਖਸਮ ! ਮੇਰੇ ਦਿਲ ਦੀ ਪੀੜ ਤੂੰ ਹੀ ਜਾਣਦਾ ਹੈਂ। ਪਰ ਭਾਵੇਂ ਮੈਨੂੰ ਲੱਖ ਪਤਾ ਹੋਵੇ (ਕਿ ਤੂੰ ਮੇਰੀ ਵੇਦਨ ਜਾਣਦਾ ਹੈਂ, ਫਿਰ ਭੀ) ਮੈਨੂੰ ਸੁਖ ਦਾ ਸਾਹ ਤਦੋਂ ਹੀ ਆਉਂਦਾ ਹੈ ਜਦੋਂ ਮੈਂ ਤੇਰਾ ਦਰਸਨ ਕਰਾਂ। ੨।

ਮ: ੫ ॥ ਢਹਦੀ ਜਾਇ ਕਰਾਰਿ, ਵਹਣਿ ਵਹੰਦੇ ਮੈ ਡਿਠਿਆ ॥ ਸੇਈ ਰਹੇ ਅਮਾਣ, ਜਿਨਾ ਸਤਿਗੁਰੁ ਭੇਟਿਆ ॥ ੩ ॥

ਪਦ ਅਰਥ :—ਕਰਾਰਿ—(ਸੰਸਾਰ-ਨਦੀ ਦਾ) ਕਿਨਾਰਾ। ਵਹਣਿ—ਵਹਣ ਵਿਚ, ਨਦੀ ਦੇ ਰੋਹੜ ਵਿਚ। ਵਹੰਦੇ—ਰੁੜ੍ਹਦੇ। ਸੇਈ—ਉਹੀ ਬੰਦੇ। ਅਮਾਣ—ਸਹੀ-ਸਲਾਮਤ। ਭੇਟਿਆ—ਮਿਲਿਆ।

ਅਰਥ :—(ਸੰਸਾਰ-ਨਦੀ ਵਿਚ ਵਿਕਾਰਾਂ ਨੇ ਢਾਹ ਲਾਈ ਹੋਈ ਹੈ, ਨਦੀ ਦਾ) ਕੰਢਾ ਢਹਿੰਦਾ ਜਾ ਰਿਹਾ ਹੈ, (ਵਿਕਾਰਾਂ ਦੇ) ਰੋੜ੍ਹ ਵਿਚ ਅਨੇਕਾਂ ਬੰਦੇ ਰੁੜ੍ਹਦੇ ਮੈਂ (ਆਪ) ਵੇਖੇ ਹਨ। ਉਹੀ ਸਹੀ-ਸਲਾਮਤ ਰਹਿੰਦੇ ਹਨ, ਜਿੰਨ੍ਹਾਂ ਨੂੰ ਸਤਿਗੁਰੂ ਮਿਲ ਪੈਂਦਾ ਹੈ। ੩।

ਪਉੜੀ ॥ ਜਿਸੁ ਜਨ ਤੇਰੀ ਭੁਖ ਹੈ ਤਿਸੁ ਦੁਖੁ ਨ ਵਿਆਪੈ ॥

ਜਿਨਿ ਜਨਿ ਗੁਰਮੁਖਿ ਬੁਝਿਆ·ਸੁ ਚਹੁ ਕੁੰਡੀ ਜਾਪੈ ।। ਜੋ ਨਰੁ ਉਸ ਕੀ ਸਰਣੀ ਪਰੈ ਤਿਸੁ ਕੰਬਹਿ ਪਾਪੈ ॥ ਜਨਮ ਜਨਮ ਕੀ ਮਲੁ ਉਤਰੈ ਗੁਰ ਧੂੜੀ ਨਾਪੈ ।। ਜਿਨਿ ਹਰਿ ਭਾਣਾ ਮੰਨਿਆ ਤਿਸੁ ਸੋਗੁ ਨ ਸੰਤਾਪੈ ॥ ਹਰਿ ਜੀਉ ਤੂ ਸਭਨਾ ਕਾ ਮਿਤੁ ਹੈ ਸਭਿ ਜਾਣਹਿ ਆਪੈ ।। ਐਸੀ ਸੋਭਾ ਜਨੈ ਕੀ ਜੇਵਡੁ ਹਰਿ ਪਰਤਾਪੈ ।। ਸਭ ਅੰਤਰਿ ਜਨ ਵਰਤਾਇਆ, ਹਰਿ, ਜਨ ਤੇ ਜਾਪੈ ॥ ੮ ॥

ਪਦ ਅਰਥ :–ਨ ਵਿਆਪੈ–ਪੋਂਹਦਾ ਨਹੀਂ । ਜਿਨਿ ਜਨਿ–ਜਿਸ ਜਨ ਨੇ। ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ। ਚਹੁ ਕੁੰਡੀ–ਚਾਰੇ ਪਾਸੀਂ, ਸਾਰੇ ਜਗਤ ਵਿਚ। ਜਾਪੈ–ਪਰਗਟ ਹੋ ਜਾਂਦਾ ਹੈ। ਤਿਸੁ ਕੰਬਹਿ ਪਾਪੈ–ਪਾਪ ਉਸ ਤੋਂ ਕੰਬਦੇ ਹਨ, ਪਾਪ ਉਸ ਦੇ ਨੇੜੇ ਨਹੀਂ ਢੁਕਦੇ। ਨਾਪੈ–ਇਸ਼ਨਾਨ ਕਰਦਾ ਹੈ । ਜਿਨਿ–ਜਿਸ ਮਨੁੱਖ ਨੇ। ਨ ਸੰਤਾਪੈ–ਦੁੱਖ ਨਹੀਂ ਦੇਂਦਾ। ਸਭਿ ਜਾਣਹਿ ਆਪੈ–ਸਭ ਨੂੰ ਤੂੰ ਆਪਣਾ ਸਮਝਦਾ ਹੈਂ। ਜਨ ਵਰਤਾਇਆ–ਸੇਵਕ ਦੀ ਸੋਭਾ ਟਿਕਾ ਦਿੱਤੀ। ਜਨ ਤੇ–ਸੇਵਕ ਤੋਂ । ਜਾਪੈ–ਪਛਾਣਿਆ ਜਾਂਦਾ ਹੈ।

ਅਰਥ :–ਹੇ ਪ੍ਰਭੂ ! ਜਿਸ ਮਨੁੱਖ ਨੂੰ ਤੇਰੇ ਨਾਮ ਦੀ ਤਾਂਘ ਹੈ ਉਸ ਮਨੁੱਖ ਨੂੰ ਕੋਈ ਦੁੱਖ ਪੋਹ ਨਹੀਂ ਸਕਦਾ। ਜਿਸ ਸੇਵਕ ਨੇ ਗੁਰੂ ਦੀ ਸਰਨ ਪੈ ਕੇ ਤੇਰੇ ਨਾਲ ਸਾਂਝ ਪਾਈ ਹੈ ਉਹ ਸਾਰੇ ਜਗਤ ਵਿਚ ਪਰਗਟ ਹੋ ਜਾਂਦਾ ਹੈ। (ਫਿਰ) ਜੋ ਮਨੁੱਖ ਉਸ ਸੇਵਕ ਦੀ ਸਰਨ ਪੈਂਦਾ ਹੈ, ਉਸ ਦੇ ਭੀ ਨੇੜੇ ਕੋਈ ਪਾਪ ਨਹੀਂ ਢੁਕਦੇ। ਗੁਰੂ ਦੇ ਚਰਨਾਂ ਦੀ ਧੂੜ ਵਿਚ ਇਸ਼ਨਾਨ ਕਰ ਕੇ ਉਸ ਦੀ ਕਈ ਜਨਮਾਂ ਦੀ (ਵਿਕਾਰਾਂ ਦੀ) ਮੈਲ ਲਹਿ ਜਾਂਦੀ ਹੈ। ਜਿਸ ਮਨੁੱਖ ਨੇ ਪ੍ਰਭੂ ਦੀ ਰਜ਼ਾ ਨੂੰ (ਮਿੱਠਾ ਕਰ ਕੇ) ਮੰਨ ਲਿਆ ਹੈ ਉਸ ਨੂੰ ਕੋਈ ਚਿੰਤਾ-ਫ਼ਿਕਰ ਦੁੱਖ ਨਹੀਂ ਦੇ ਸਕਦਾ।

ਹੇ ਪ੍ਰਭੂ ਜੀ ! ਤੂੰ ਸਾਰੇ ਜੀਵਾਂ ਦਾ ਮਿੱਤਰ ਹੈਂ, ਸਾਰੇ ਜੀਵਾਂ ਨੂੰ ਤੂ ਆਪਣੇ ਸਮਝਦਾ ਹੈਂ।

ਪ੍ਰਭੂ ਦੇ ਸੇਵਕ ਦੀ ਸੋਭਾ ਉਤਨੀ ਹੀ ਵੱਡੀ ਹੋ ਜਾਂਦੀ ਹੈ ਜਿਤਨਾ ਵੱਡਾ ਪ੍ਰਭੂ ਦਾ ਆਪਣਾ ਤੇਜ-ਪਰਤਾਪ ਹੈ । ਪ੍ਰਭੂ ਆਪਣੇ ਸੇਵਕ ਦੀ ਵਡਿਆਈ ਸਭ ਜੀਵਾਂ ਦੇ ਅੰਦਰ ਟਿਕਾ ਦੇਂਦਾ ਹੈ। ਪ੍ਰਭੂ ਆਪਣੇ ਸੇਵਕ ਤੋਂ ਹੀ ਪਛਾਣਿਆ ਜਾਂਦਾ ਹੈ ।੮।

ਡਖਣੇ ਮ: ੫ ॥ਜਿਨਾ ਪਿਛੈ ਹਉ ਗਈ, ਸੇ ਮੈ ਪਿਛੈ ਭੀ ਰਵਿਆਸੁ॥ ਜਿਨਾ ਕੀ ਮੈ ਆਸੜੀ, ਤਿਨਾ ਮਹਿਜੀ ਆਸ ॥ ੧ ॥

ਪਦ ਅਰਥ :–ਹਉ–ਮੈਂ । ਸੇ ਭੀ–ਉਹ ਭੀ । ਮੈ ਪਿਛੈ–ਮੇਰੇ ਪਿਛੇ ਪਿਛੇ । ਰਵਿਆਸੁ–ਤੁਰੇ ਫਿਰਦੇ ਹਨ [ਰਮੁ–ਜਾਣਾ] । ਆਸੜੀ–ਮਾੜੀ ਮਾੜੀ ਆਸ । ਮਹਿਜੀ –ਮੇਰੀ ।

ਅਰਥ :–(ਮਾਇਆ ਦਾ ਅਜਬ ਪ੍ਰਭਾਵ ਹੈ, ਸਭ ਮਾਇਆ ਦੀ ਖ਼ਾਤਰ ਭਟਕਦੇ ਫਿਰਦੇ ਹਨ, ਮਾਇਆ ਵਾਸਤੇ) ਜਿਨ੍ਹਾਂ ਬੰਦਿਆਂ ਦੇ ਪਿਛੇ ਮੈਂ ਜਾਂਦਾ ਹਾਂ (ਜਿੰਨ੍ਹਾਂ ਦੀ ਮੁਥਾਜੀ ਮੈਂ ਕੱਢਦਾ ਫਿਰਦਾ ਹਾਂ, ਜਦੋਂ ਮੈਂ ਉਹਨਾਂ ਵਲ ਤੱਕਦਾ ਹਾਂ, ਤਾਂ) ਉਹ ਭੀ ਮੇਰੇ ਪਿਛੇ ਪਿਛੇ ਤੁਰੇ ਫਿਰਦੇ ਹਨ । ਜਿੰਨ੍ਹਾਂ ਦੀ ਸਹੈਤਾ ਦੀ ਮੈਂ ਆਸ ਰੱਖੀ ਫਿਰਦਾ ਹਾਂ, ਉਹ ਮੈਥੋਂ ਆਸ ਬਣਾਈ ਬੈਠੇ ਹਨ । ੧ ।

ਮ: ੫ ॥ ਗਿਲੀ ਗਿਲੀ ਰੋਡੜੀ, ਭਉਦੀ ਭਵਿ ਭਵਿ ਆਇ ॥ ਜੋ ਬੈਠੇ ਸੇ ਫਾਥਿਆ, ਉਬਰੇ ਭਾਗ ਮਥਾਇ ॥ ੨ ॥

ਪਦ ਅਰਥ :–ਗਿਲੀ ਗਿਲੀ–ਚਿਪ-ਚਿਪ ਕਰਦੀ । ਰੋਡੜੀ–ਗੁੜ ਦੀ ਰੋੜੀ । ਭਉਦੀ–ਮੱਖੀ । ਭਵਿ ਭਵਿ–ਮੁੜ ਮੁੜ ਉੱਡ ਉੱਡ ਕੇ । ਮਥਾਇ–ਮੱਥੇ ਉਤੇ ।

ਅਰਥ :–ਚਿਪ-ਚਿਪ ਕਰਦੀ ਗੁੜ ਦੀ ਰੋੜੀ ਉੱਤੇ ਮੱਖੀ ਮੁੜ ਮੁੜ ਉੱਡ ਕੇ ਆ ਬੈਠਦੀ ਹੈ (ਤੇ ਆਖ਼ਰ ਗੁੜ ਨਾਲ ਹੀ ਚੰਬੜ ਜਾਂਦੀ ਹੈ ਤੇ ਉਥੇ ਹੀ ਮਰ ਜਾਂਦੀ ਹੈ, ਇਹੀ ਹਾਲ ਹੈ ਮਾਇਆ ਦਾ,) ਜੇਹੜੇ ਜੇਹੜੇ ਬੰਦੇ (ਮਾਇਆ ਦੇ ਨੇੜੇ ਹੋ ਹੋ) ਬੈਠਦੇ ਹਨ ਉਹ (ਇਸ ਦੇ ਮੋਹ ਵਿਚ) ਫਸ ਜਾਂਦੇ ਹਨ, (ਸਿਰਫ) ਉਹੀ ਬਚਦੇ ਹਨ ਜਿੰਨ੍ਹਾਂ ਦੇ ਮੱਥੇ ਦੇ ਭਾਗ (ਜਾਗਦੇ ਹਨ) । ੨ ।

ਮ: ੫ ।। ਡਿਠਾ ਹਭ ਮਝਾਹਿ, ਖਾਲੀ ਕੋਇ ਨ ਜਾਣੀਐ ।। ਤੈ ਸਖੀ ਭਾਗ ਮਥਾਹਿ, ਜਿਨੀ ਮੇਰਾ ਸਜਣੁ ਰਾਵਿਆ ।। ੩ ।।

ਪਦ ਅਰਥ :–ਹਭ ਮਝਾਹਿ–ਸਭ ਜੀਵਾਂ ਵਿਚ । ਤੈ ਮਥਾਹਿ–ਉਹਨਾਂ ਦੇ ਹੀ ਮੱਥੇ ਉਤੇ । ਰਾਵਿਆ–ਮਿਲਾਪ ਦਾ ਰਸ ਮਾਣਿਆ ਹੈ ।

ਅਰਥ :–(ਇਹ ਅਸਚਰਜ ਖੇਡ ਹੈ ਕਿ ਜੀਵ ਮਾਇਆ ਦੇ ਮੋਹ ਵਿਚ ਫਸ ਜਾਂਦੇ ਹਨ ।ਕੀ ਇਹਨਾਂ ਦੇ ਅੰਦਰ ਰੱਬ ਨਹੀਂ ਵੱਸਦਾ, ਜੋ ਇਹਨਾਂ ਨੂੰ ਬਚਾ ਲਏ ? ਪਰਮਾਤਮਾ ਨੂੰ ਤਾਂ ਮੈਂ) ਹਰੇਕ ਦੇ ਅੰਦਰ ਵੱਸਦਾ ਵੇਖਿਆ ਹੈ, ਕੋਈ ਭੀ ਜੀਵ ਐਸਾ ਨਹੀਂ ਜਿਸ ਵਿਚ ਉਹ ਨਹੀਂ ਵੱਸਦਾ । ਪਰ ਸਿਰਫ ਉਹਨਾਂ (ਸਤ ਸੰਗਣ) ਸਹੇਲੀਆਂ ਦੇ ਮੱਥੇ ਦੇ ਭਾਗ ਜਾਗਦੇ ਹਨ (ਤੇ ਉਹੀ ਮਾਇਆ ਦੇ ਪ੍ਰਭਾਵ ਤੋਂ ਬਚਦੀਆਂ ਹਨ) ਜਿੰਨ੍ਹਾਂ ਨੇ

ਪਿਆਰੇ ਮਿਤ੍ਰ-ਪ੍ਰਭੂ ਦਾ ਮਿਲਾਪ ਪ੍ਰਾਪਤ ਕੀਤਾ ਹੈ । ੩ ।

ਪਉੜੀ ॥ਹਉ ਢਾਢੀ ਦਰਿ ਗੁਣ ਗਾਵਦਾ ਜੇ ਹਰਿ ਪ੍ਰਭ ਭਾਵੈ ॥ ਪ੍ਰਭੁ ਮੇਰਾ ਥਿਰ ਥਾਵਰੀ ਹੋਰ ਆਵੈ ਜਾਵੈ॥ ਸੋ ਮੰਗਾ ਦਾਨੁ ਗੋੁਸਾਈਆ ਜਿਤੁ ਭੁਖ ਲਹਿ ਜਾਵੈ॥ ਪ੍ਰਭ ਜੀਉ ਦੇਵਹੁ ਦਰਸਨ ਆਪਣਾ ਜਿਤੁ ਢਾਢੀ ਤ੍ਰਿਪਤਾਵੈ॥ ਅਰਦਾਸਿ ਸੁਣੀ ਦਾਤਾਰਿ ਪ੍ਰਭਿ ਢਾਢੀ ਕਉ ਮਹਲਿ ਬੁਲਾਵੈ॥ ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ ॥ ਸਭੇ ਇਛਾ ਪੂਰੀਆ ਲਗਿ ਪ੍ਰਭ ਕੈ ਪਾਵੈ ॥ ਹਉ ਨਿਰਗੁਣੁ ਢਾਢੀ ਬਖਸਿਓਨੁ ਪ੍ਰਭਿ ਪੁਰਖਿ ਵੇਦਾਵੈ ॥ ੯ ॥

ਪਦ ਅਰਥ :–ਹਉ–ਮੈਂ । ਦਰਿ–ਦਰ ਤੇ । ਪ੍ਰਭ ਭਾਵੈ–ਪ੍ਰਭੂ ਨੂੰ ਚੰਗਾ ਲੱਗੇ । ਥਾਵਰੀ–ਟਿਕਾਣੇ ਵਾਲਾ । ਜਿਤੁ- ਜਿਸ ਦੀ ਰਾਹੀਂ । ਤ੍ਰਿਪਤਾਵੈ–ਰੱਜ ਜਾਏ । ਦਾਤਾਰਿ–ਦਾਤਾਰ ਨੇ । ਪ੍ਰਭਿ–ਪ੍ਰਭੂ ਨੇ । ਮਹਲਿ–ਮਹਲ ਵਿਚ । ਪਾਵੈ–ਪੈਰੀਂ । ਨਿਰਗੁਣ–ਗੁਣ-ਹੀਨ । ਬਖਸਿਓਨੁ–ਉਸ ਨੇ ਬਖ਼ਸ਼ ਲਿਆ । ਪ੍ਰਭਿ ਪੁਰਖਿ–ਪ੍ਰਭੂ ਪੁਰਖ ਨੇ । ਵੇਦਾਵੈ–ਨਿਮਾਣੇ ਨੂੰ ।

ਅਰਥ :–ਜੇ ਹਰੀ ਪ੍ਰਭੂ ਨੂੰ ਚੰਗਾ ਲੱਗੇ (ਜੇ ਪ੍ਰਭੂ ਦੀ ਰਜ਼ਾ ਹੋਵੇ, ਮੇਹਰ ਹੋਵੇ) ਤਾਂ ਮੈਂ ਢਾਢੀ (ਉਸ ਦੇ) ਦਰ ਤੇ (ਉਸ ਦੇ) ਗੁਣ ਗਾਂਦਾ ਹਾਂ । ਮੇਰਾ ਪ੍ਰਭੂ ਸਦਾ ਥਿਰ ਟਿਕਾਣੇ ਵਾਲਾ ਹੈ, ਹੋਰ (ਸ੍ਰਿਸ਼ਟੀ) ਜੰਮਦੀ ਮਰਦੀ ਹੈ । ਹੇ ਧਰਤੀ ਦੇ ਸਾਂਈ ! ਮੈਂ (ਤੈਥੋਂ) ਉਹ ਦਾਨ ਮੰਗਦਾ ਹਾਂ ਜਿਸ ਨਾਲ ਮੇਰੀ (ਮਾਇਆ ਦੀ) ਭੁੱਖ ਦੂਰ ਹੋ ਜਾਏ । ਹੇ ਪ੍ਰਭੂ ਜੀ ! ਮੈਨੂੰ ਆਪਣਾ ਦਰਸਨ ਦਿਉ ਜਿਸ ਨਾਲ ਮੈਂ ਢਾਢੀ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਵਾਂ ।

ਦਾਤਾਰ ਪ੍ਰਭੂ ਨੇ (ਮੇਰੀ) ਅਰਦਾਸ ਸੁਣ ਲਈ ਤੇ (ਮੈਨੂੰ) ਢਾਢੀ ਨੂੰ ਆਪਣੇ ਮਹਲ ਵਿਚ ਬੁਲਾ ਲਿਆ (ਬੁਲਾਉਂਦਾ ਹੈ); ਪ੍ਰਭੂ ਦਾ ਦੀਦਾਰ ਕਰਦਿਆਂ ਹੀ ਮੇਰੀ (ਮਾਇਆ ਵਾਲੀ) ਭੁੱਖ ਤੇ ਹੋਰ ਦੁੱਖ ਦੂਰ ਹੋ ਗਏ, ਮੈਨੂੰ ਢਾਢੀ ਨੂੰ ਇਹ ਚੇਤੇ ਹੀ ਨਾਹ ਰਿਹਾ ਕਿ ਮੈਂ ਕੁਝ ਮੰਗਾਂ, ਪ੍ਰਭੂ ਦੀ ਚਰਨੀਂ ਲੱਗ ਕੇ ਮੇਰੀਆਂ ਸਾਰੀਆਂ ਹੀ ਕਾਮਨਾਂ ਪੂਰੀਆਂ ਹੋ ਗਈਆਂ (ਮੇਰੀ ਕੋਈ ਵਾਸਨਾ ਰਹਿ ਹੀ ਨ ਗਈ)। ਉਸ ਪ੍ਰਭੂ-ਪੁਰਖ ਨੇ ਮੈਨੂੰ ਨਿਮਾਣੇ ਗੁਣ-ਹੀਨ ਢਾਢੀ ਨੂੰ ਬਖ਼ਸ਼ ਲਿਆ । ੯ ।

ਡਖਣੇ ਮ: ੫ ॥ ਜਾ ਛੁਟੇ ਤਾ ਖਾਕੁ ਤੂ ਸੁੰਞੀ ਕੰਤੁ ਨ ਜਾਣਹੀ ॥ ਦੁਰਜਨ ਸੇਤੀ ਨੇਹੁ, ਤੂ ਕੈ ਗੁਣਿ ਹਰਿ ਰੰਗੁ ਮਾਣਹੀ ॥ ੧ ॥

ਪਦ ਅਰਥ :–ਜਾ–ਜਦੋਂ । ਛੁਟੇ–(ਤੇਰਾ ਤੇ ਜਿੰਦ ਦਾ ਸੰਬੰਧ) ਮੁੱਕ ਜਾਇਗਾ ।

ਸੁੰਞੀ–ਜਿੰਦ ਤੋਂ ਸੱਖਣੀ । ਨ ਜਾਣਹੀ–ਨਹੀਂ ਜਾਣ ਸਕੇਂਗੀ । ਦੁਰਜਨ ਸੇਤੀ–ਭੈੜਿਆਂ ਨਾਲ, ਵਿਕਾਰਾਂ ਨਾਲ । ਕੈ ਗੁਣਿ–ਕਿਸ ਗੁਣ ਦੀ ਰਾਹੀਂ ?

ਅਰਥ :–(ਹੇ ਮੇਰੀ ਕਾਇਆ !) ਜਦੋਂ (ਤੇਰਾ ਤੇ ਇਸ ਜਿੰਦ ਦਾ ਸੰਬੰਧ) ਮੁੱਕ ਜਾਇਗਾ, ਤਦੋਂ ਤੂੰ ਮਿੱਟੀ ਹੋ ਜਾਇਂਗੀ, (ਉਸ ਵੇਲੇ) ਜਿੰਦ ਤੋਂ ਸੱਖਣੀ ਤੂੰ ਖਸਮ-ਪ੍ਰਭੂ ਨਾਲ ਸਾਂਝ ਨਹੀਂ ਪਾ ਸਕੇਂਗੀ । (ਹੁਣ) ਤੇਰਾ ਪਿਆਰ ਵਿਕਾਰਾਂ ਨਾਲ ਹੈ, (ਦੱਸ !) ਤੂੰ ਕਿਸ ਗੁਣ ਦੀ ਬਰਕੇਤਿ ਨਾਲ ਹਰੀ (ਦੇ ਮਿਲਾਪ) ਦਾ ਆਨੰਦ ਮਾਣ ਸਕਦੀ ਹੈਂ ? ੧ ।

ਮ: ੫ ॥ ਨਾਨਕ ਜਿਸੁ ਬਿਨੁ ਘੜੀ ਨ ਜੀਵਣਾ, ਵਿਸਰੇ ਸਰੈ ਨ ਬਿੰਦ ।। ਤਿਸੁ ਸਿਉ ਕਿਉ ਮਨ ਰੂਸੀਐ, ਜਿਸਹਿ ਹਮਾਰੀ ਚਿੰਦ ॥ ੨ ॥

ਪਦ ਅਰਥ :–ਨ ਜੀਵਣਾ–ਜੀਊ ਨਹੀਂ ਸਕੀਦਾ, ਸੁਖ ਦਾ ਸਾਹ ਨਹੀਂ ਆ ਸਕਦਾ । ਨ ਸਰੈ–ਨਹੀਂ ਨਿਭਦੀ, ਨਿਰਬਾਹ ਨਹੀਂ ਹੁੰਦਾ । ਮਨ–ਹੇ ਮਨ ! ਚਿੰਦ–ਫ਼ਿਕਰ ।

ਅਰਥ :–ਹੇ ਨਾਨਕ ! ਜਿਸ (ਪ੍ਰਭੂ ਦੀ ਯਾਦ) ਤੋਂ ਬਿਨਾ ਇਕ ਘੜੀ ਭੀ ਸੁਖ ਦਾ ਸਾਹ ਨਹੀਂ ਆਉਂਦਾ (ਦੁਨੀਆ ਦੇ ਚਿੰਤਾ-ਫ਼ਿਕਰ ਹੀ ਜਾਨ ਖਾ ਜਾਂਦੇ ਹਨ), ਜਿਸ ਨੂੰ ਵਿਸਾਰਿਆਂ ਇਕ ਪਲ ਭਰ ਭੀ ਜੀਵਨ-ਨਿਰਬਾਹ ਨਹੀਂ ਹੋ ਸਕਦਾ, (ਫਿਰ) ਹੇ ਮਨ ! ਜਿਸ ਪ੍ਰਭੂ ਨੂੰ (ਹਰ ਵੇਲੇ) ਸਾਡਾ ਫ਼ਿਕਰ ਹੈ, ਉਸ ਨਾਲ ਰੁੱਸਣਾ ਠੀਕ ਨਹੀਂ ਹੈ । ੨ ।

ਮ: ੫ ॥ ਰਤੇ ਰੰਗਿ ਪਾਰਬ੍ਰਹਮ ਕੈ, ਮਨੁ ਤਨੁ ਅਤਿ ਗੁਲਾਲੁ ॥ ਨਾਨਕ ਵਿਣੁ ਨਾਵੈ ਆਲੂਦਿਆ, ਜਿਤੀ ਹੋਰੁ ਖਿਆਲੁ ॥ ੩ ॥

ਪਦ ਅਰਥ :–ਕੈ ਰੰਗਿ–ਦੇ ਰੰਗ ਵਿਚ । ਪਾਰਬ੍ਰਹਮ–ਪਰਮ ਜੋਤਿ ਪ੍ਰਭੂ । ਅਤਿ ਗੁਲਾਲੁ–ਗੂੜ੍ਹਾ ਲਾਲ । ਆਲੂਦਿਆ–ਮਲੀਨ । ਜਿਤੀ–ਜਿਤਨਾ ਭੀ ।

ਅਰਥ :–ਹੇ ਨਾਨਕ ! ਜੇਹੜੇ ਬੰਦੇ ਪਰਮ ਜੋਤਿ-ਪ੍ਰਭੂ ਦੇ ਪਿਆਰ ਵਿਚ ਰੰਗੇ ਜਾਂਦੇ ਹਨ, ਉਹਨਾਂ ਦਾ ਤਨ ਮਨ (ਪਿਆਰ ਵਿਚ) ਗੂੜ੍ਹਾ ਲਾਲ ਹੋ ਜਾਂਦਾ ਹੈ । (ਪ੍ਰਭੂ ਦੇ ਪਿਆਰ ਨੂੰ ਘਟਾਣ ਵਾਲਾ) ਜਿਤਨਾ ਭੀ ਹੋਰ ਹੋਰ ਧਿਆਨ ਹੈ, ਉਹ ਪ੍ਰਭੂ ਦੇ ਨਾਮ ਦੀ ਯਾਦ ਤੋਂ ਵਾਂਜਿਆ ਰੱਖਦਾ ਹੈ ਤੇ (ਮਨ ਨੂੰ) ਮੈਲਾ ਕਰਦਾ ਹੈ । ੩ ।

ਪਉੜੀ ।। ਹਰਿ ਜੀਉ ਜਾ ਤੂ ਮੇਰਾ ਮਿਤ੍ਰੁ ਹੈ ਤਾ ਕਿਆ ਮੈ ਕਾੜਾ ।। ਜਿਨੀ ਠਗੀ ਜਗੁ ਠਗਿਆ ਸੇ ਤੁਧੁ ਮਾਰਿ ਨਿਵਾੜਾ ॥ ਗੁਰਿ ਭਉਜਲੁ ਪਾਰਿ ਲੰਘਾਇਆ ਜਿਤਾ ਪਾਵਾੜਾ ।। ਗੁਰਮਤੀ ਸਭਿ ਰਸ ਭੋਗਦਾ ਵਡਾ ਆਖਾੜਾ ।। ਸਭਿ ਇੰਦ੍ਰੀਆ ਵਸਿ ਕਰਿ ਦਿਤੀਓ ਸਤਵੰਤਾ ਸਾੜਾ ।।

ਜਿਤੁ ਲਾਈਅਨਿ ਤਿਤੈ ਲਗਦੀਆ ਨਹ ਖਿੰਜੋਤਾੜਾ ॥ ਜੋ ਇਛੀ ਸੋ ਫਲੁ ਪਾਇਦਾ ਗੁਰਿ ਅੰਦਰਿ ਵਾੜਾ ॥ ਗੁਰੁ ਨਾਨਕੁ ਤੁਠਾ ਭਾਇਰਹੁ ਹਰਿ ਵਸਦਾ ਨੇੜਾ ॥ ੧੦ ॥

ਪਦ ਅਰਥ :—ਕਾੜਾ—ਧੋਖਾ, ਫ਼ਿਕਰ। ਜਿਨੀ ਠਗੀ—ਜਿਨ੍ਹਾਂ (ਕਾਮਾਦਿਕ) ਠੱਗਾਂ ਨੇ। ਨਿਵਾੜਾ—ਨਿਵਾਰੇ, ਭਜਾ ਦਿੱਤੇ। ਗੁਰਿ—ਗੁਰੂ ਦੀ ਰਾਹੀਂ। ਭਉਜਲੁ—ਸੰਸਾਰ-ਸਮੁੰਦਰ। ਜਿਤਾ—ਜਿੱਤ ਲਿਆ। ਪਾਵਾੜਾ—ਧੰਧੇ, ਜੰਜਾਲ। ਸਭਿ—ਸਾਰੇ। ਸਤਵੰਤਾ—ਉੱਚੇ ਆਚਰਨ ਵਾਲਾ। ਸਾੜਾ—ਸਾਡਾ। ਜਿਤੁ—ਜਿਸ ਪਾਸੇ। ਲਾਈਅਨਿ—ਲਾਈ ਦੀਆਂ ਹਨ। ਖਿੰਜੋਤਾੜਾ—ਖਿੱਚੋਤਾਣ। ਇਛੀ—ਮੈਂ ਇੱਛਾ ਕਰਦਾ ਹਾਂ। ਗੁਰਿ—ਗੁਰੂ ਨੇ। ਅੰਦਰਿ ਵਾੜਾ—ਅੰਦਰਲੇ ਪਾਸੇ (ਮਨ ਨੂੰ) ਪਰਤਾ ਦਿੱਤਾ। ਭਾਇਰਹੁ—ਹੇ ਭਰਾਵੋ!

ਅਰਥ :—ਹੇ ਹਰੀ ਜੀ! ਜਦੋਂ ਤੂੰ ਮੇਰਾ ਮਿਤ੍ਰ ਹੈਂ, ਤਾਂ ਮੈਨੂੰ ਕੋਈ ਚਿੰਤਾ-ਫ਼ਿਕਰ ਨਹੀਂ ਰਹਿ ਸਕਦਾ, (ਕਿਉਂਕਿ) ਜਿਨ੍ਹਾਂ (ਕਾਮਾਦਿਕ) ਠੱਗਾਂ ਨੇ ਜਗਤ ਨੂੰ ਠੱਗ ਲਿਆ ਹੈ ਉਹ ਤੂੰ (ਮੇਰੇ ਅੰਦਰੋਂ) ਮਾਰ ਕੇ ਭਜਾ ਦਿੱਤੇ ਹਨ, ਗੁਰੂ ਦੀ ਰਾਹੀਂ ਤੂੰ ਮੈਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ ਹੈ, ਮੈਂ ਮਾਇਆ ਦੇ ਜੰਜਾਲ ਜਿੱਤ ਲਏ ਹਨ। ਹੁਣ ਮੈਂ ਗੁਰੂ ਦੇ ਉਪਦੇਸ਼ ਤੇ ਤੁਰ ਕੇ ਸਾਰੇ ਰੰਗ ਮਾਣਦਾ ਹਾਂ, ਮੈਂ ਇਸ ਵਡੇ ਜਗਤ-ਅਖਾੜੇ (ਨੂੰ ਜਿੱਤ ਲਿਆ ਹੈ)।

ਤੂੰ ਮੇਰਾ ਸਤਵੰਤਾ ਸਾਈਂ (ਮੇਰੇ ਸਿਰ ਉਤੇ) ਹੈਂ, ਤੂੰ ਮੇਰੀਆਂ ਸਾਰੀਆਂ ਇੰਦ੍ਰੀਆਂ ਮੇਰੇ ਕਾਬੂ ਵਿਚ ਕਰ ਦਿੱਤੀਆਂ ਹਨ, ਹੁਣ ਇਹਨਾਂ ਨੂੰ ਜਿਸ ਪਾਸੇ ਲਾਈਦਾ ਹੈ ਉਧਰ ਹੀ ਲੱਗਦੀਆਂ ਹਨ, ਕੋਈ ਖਿੱਚੋਤਾਣ ਨਹੀਂ (ਕਰਦੀਆਂ)। ਗੁਰੂ ਨੇ (ਮੇਰੇ ਮਨ ਨੂੰ) ਅੰਦਰ ਵਲ ਪਰਤਾ ਦਿੱਤਾ ਹੈ, ਹੁਣ ਮੈਂ ਜੋ ਕੁਝ ਇੱਛਾ ਕਰਦਾ ਹਾਂ ਉਹੀ ਫਲ ਪ੍ਰਾਪਤ ਕਰ ਲੈਂਦਾ ਹਾਂ।

ਹੇ ਭਰਾਵੋ! ਮੇਰੇ ਉਤੇ ਗੁਰੂ ਨਾਨਕ ਪਰਸੰਨ ਹੋ ਪਿਆ ਹੈ, (ਉਸ ਦੀ ਮੇਹਰ ਨਾਲ) ਮੈਨੂੰ ਪ੍ਰਭੂ (ਆਪਣੇ) ਨੇੜੇ ਵੱਸਦਾ ਦਿੱਸਦਾ ਹੈ। ੧੦।

ਡਖਣੇ ਮ: ੫ ॥ ਜਾ ਮੂੰ ਆਵਹਿ ਚਿਤਿ ਤੂ, ਤਾ ਹਭੇ ਸੁਖ ਲਹਾਉ ॥ ਨਾਨਕ ਮਨ ਹੀ ਮੰਝਿ ਰੰਗਾਵਲਾ, ਪਿਰੀ ਤਹਿਜਾ ਨਾਉ ॥ ੧ ॥

ਪਦ ਅਰਥ :—ਮੂੰ—ਮੈਨੂੰ। ਚਿਤਿ—ਚਿੱਤ ਵਿਚ। ਮੂੰ ਚਿਤਿ—ਮੇਰੇ ਚਿੱਤ ਵਿਚ। ਲਹਾਉ—ਮੈਂ ਲੈ ਲੈਂਦਾ ਹਾਂ, ਪ੍ਰਾਪਤ ਕਰ ਲੈਂਦਾ ਹਾਂ। ਨਾਨਕ—ਹੇ ਨਾਨਕ! (ਆਖ—)। ਰੰਗਾਵਲਾ—ਰੰਗ ਪੈਦਾ ਕਰਨ ਵਾਲਾ, ਸੁਹਾਵਣਾ, ਪਿਆਰਾ। ਪਿਰੀ—ਹੇ ਪਿਰ! ਤਹਿਜਾ—ਤੇਰਾ।

ਅਰਥ :—ਹੇ ਨਾਨਕ ! (ਆਖ—) ਹੇ ਪਤੀ-ਪ੍ਰਭੂ ! ਜਦੋਂ ਤੂ ਮੇਰੇ ਹਿਰਦੇ ਵਿਚ ਵੱਸਦਾ ਹੈਂ, ਤਾਂ ਮੈਨੂੰ ਸਾਰੇ ਸੁਖ ਮਿਲ ਜਾਂਦੇ ਹਨ, ਤੇਰਾ ਨਾਮ ਮੈਨੂੰ ਆਪਣੇ ਮਨ ਵਿਚ ਮਿੱਠਾ ਪਿਆਰਾ ਲੱਗਦਾ ਹੈ (ਤੇ ਸੁਖ ਦੇਂਦਾ ਹੈ) । ੧ ।

ਮ: ੫ ॥ ਕਪੜ ਭੋਗ ਵਿਕਾਰ, ਏ ਹਭੇ ਹੀ ਛਾਰ ॥ ਖਾਕੁ ਲੁੜੇਦਾ ਤੰਨਿ ਖੇ, ਜੋ ਰਤੇ ਦੀਦਾਰ ॥ ੨ ॥

ਪਦ ਅਰਥ :—ਕਪੜ ਭੋਗ—(ਨਿਰੇ) ਭੋਗ ਕੱਪੜ, ਨਿਰੇ ਖਾਣ-ਹੰਢਾਣ । ਛਾਰ—ਸੁਆਹ । ਲੋੜੇਦਾ—ਮੈਂ ਲੋੜਦਾ ਹਾਂ, ਮੈਂ ਚਾਹੁੰਦਾ ਹਾਂ [ਨੋਟ—ਅੱਖਰ 'ਲ' ਦੇ ਨਾਲ ਦੋ ਲਗਾਂ ਹਨ, ੋ ਅਤੇ ੁ । ਅਸਲ ਲਫ਼ਜ਼ 'ਲੋੜੇਦਾ' ਹੈ, ਇਥੇ 'ਲੁੜੇਦਾ' ਪੜ੍ਹਨਾ ਹੈ] । ਤੰਨਿ ਖੇ—ਤਿਨ੍ਹਾਂ ਦੀ । ਖਾਕੁ—ਚਰਨ-ਧੂੜ ।

ਅਰਥ :—(ਪ੍ਰਭੂ ਦੀ ਯਾਦ ਤੋਂ ਵਿਰਵੇ ਰਹਿ ਕੇ ਨਿਰੇ) ਖਾਣ-ਹੰਢਾਣ(ਦੇ ਪਦਾਰਥ) ਵਿਕਾਰ (ਪੈਦਾ ਕਰਦੇ ਹਨ । ਇਸ ਵਾਸਤੇ ਅਸਲ ਵਿਚ) ਇਹ ਸਾਰੇ ਸੁਆਹ ਸਮਾਨ ਹਨ (ਉੱਕੇ ਹੀ ਨਿਕੰਮੇ ਹਨ) । (ਤਾਹੀਏਂ) ਮੈਂ ਉਹਨਾਂ ਬੰਦਿਆਂ ਦੇ ਚਰਨਾਂ ਦੀ ਧੂੜ ਭਾਲਦਾ ਹਾਂ, ਜੋ ਪ੍ਰਭੂ ਦੇ ਦੀਦਾਰ ਵਿਚ ਰੰਗੇ ਹੋਏ ਹਨ । ੨ ।

ਮ: ੫ ।। ਕਿਆ ਤਕਹਿ ਬਿਆ ਪਾਸ, ਕਰਿ ਹੀਅੜੇ ਹਿਕੁ ਅਧਾਰੁ ॥ ਥੀਉ ਸੰਤਨ ਕੀ ਰੇਣੁ, ਜਿਤੁ ਲਭੀ ਸੁਖ ਦਾਤਾਰੁ ॥ ੩ ॥

ਪਦ ਅਰਥ :—ਬਿਆ—ਦੂਜੇ । ਪਾਸ—ਪਾਸੇ, ਆਸਰੇ । ਹੀਅੜੇ—ਹੇ ਮੇਰੇ ਹਿਰਦੇ ! ਹੇ ਮੇਰੀ ਜਿੰਦੇ ! ਹਿਕੁ—ਇੱਕ । ਅਧਾਰੁ—ਆਸਰਾ । ਥੀਉ—ਹੋ ਜਾ । ਰੇਣੁ—ਚਰਨ-ਧੂੜ । ਜਿਤੁ—ਜਿਸ ਦੀ ਰਾਹੀਂ ।

ਅਰਥ :—ਹੇ ਮੇਰੀ ਜਿੰਦੇ ! (ਪ੍ਰਭੂ ਨੂੰ ਛੱਡ ਕੇ ਸੁਖਾਂ ਦੀ ਖ਼ਾਤਰ) ਹੋਰ ਹੋਰ ਆਸਰੇ ਕਿਉਂ ਤੱਕਦੀ ਹੈਂ ? ਕੇਵਲ ਇੱਕ ਪ੍ਰਭੂ ਨੂੰ ਆਪਣਾ ਆਸਰਾ ਬਣਾ । (ਤੇ, ਉਸ ਪ੍ਰਭੂ ਦੀ ਪ੍ਰਾਪਤੀ ਵਾਸਤੇ ਉਸ ਦੇ) ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣ, ਜਿਸ ਦੀ ਬਰਕਤਿ ਨਾਲ ਤੈਨੂੰ ਸੁਖਾਂ ਦਾ ਦੇਣ ਵਾਲਾ ਪ੍ਰਭੂ ਮਿਲ ਪਏ । ੩ ।

ਪਉੜੀ ।। ਵਿਣੁ ਕਰਮਾ ਹਰਿ ਜੀਉ ਨ ਪਾਈਐ ਬਿਨੁ ਸਤਿਗੁਰ ਮਨੂਆ ਨ ਲਗੈ ।। ਧਰਮੁ ਧੀਰਾ ਕਲਿ ਅੰਦਰੇ ਇਹੁ ਪਾਪੀ ਮੂਲਿ ਨ ਤਗੈ॥ ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਇਕ ਘੜੀ ਮੁਹਤੁ ਨ ਲਗੈ ।। ਚਾਰੇ ਜੁਗ ਮੈ ਸੋਧਿਆ ਵਿਣੁ ਸੰਗਤਿ ਅਹੰਕਾਰੁ ਨ ਭਗੈ ।। ਹਉਮੈ ਮੂਲਿ ਨ ਛੁਟਈ ਵਿਣੁ ਸਾਧੂ ਸਤਸੰਗੈ ।। ਤਿਚਰੁ ਥਾਹ ਨ ਪਾਵਈ ਜਿਚਰੁ ਸਾਹਿਬ ਸਿਉ ਮਨ ਭੰਗੈ ।। ਜਿਨਿ ਜਨਿ ਗੁਰਮੁਖਿ ਸੇਵਿਆ ਤਿਸੁ ਘਰਿ

ਦੀਬਾਣੁ ਅਭਗੈ ॥ ਹਰਿ ਕਿਰਪਾ ਤੇ ਸੁਖੁ ਪਾਇਆ ਗੁਰ ਸਤਿਗੁਰ ਚਰਣੀ ਲਗੈ ॥ ੧੧ ॥

ਪਦ ਅਰਥ :--ਕਰਮਾ–ਬਖ਼ਸ਼ਸ਼, ਕਰਮ। ਮਨੂਆ–ਮਾਇਆ ਵਿਚ ਫਸਿਆ ਮਨ। ਥੀਰਾ–ਟਿਕੇ ਰਹਿਣ ਵਾਲਾ। ਕਲਿ–(ਭਾਵ,) ਸੰਸਾਰ। ਨ ਤਗੈ–(ਟਿਕਾਉ ਵਿਚ) ਨਹੀਂ ਨਿਭ ਸਕਦਾ। ਅਹਿ–ਇਹ। ਕਰੁ–ਹੱਥ। ਥਾਹ–ਡੂੰਘਾਈ। ਭੰਗੈ–ਤੋਟ, ਵਿੱਥ। ਜਿਨਿ ਜਨਿ–ਜਿਸ ਜਨ ਨੇ। ਘਰਿ–ਹਿਰਦੇ ਵਿਚ। ਅਭਗੈ–ਨਾਹ ਨਾਸ ਹੋਣ ਵਾਲਾ।

ਅਰਥ :–ਪ੍ਰਭੂ ਦੀ ਮੇਹਰ ਤੋਂ ਬਿਨਾ ਪ੍ਰਭੂ ਨਾਲ ਮਿਲਾਪ ਨਹੀਂ ਹੁੰਦਾ (ਪ੍ਰਭੂ ਦੀ ਮੇਹਰ ਨਾਲ ਹੀ ਗੁਰੂ ਮਿਲਦਾ ਹੈ, ਤੇ) ਗੁਰੂ ਤੋਂ ਬਿਨਾ ਮਨੁੱਖ ਦਾ ਮਾਇਆ-ਵੇੜ੍ਹਿਆ ਮਨ (ਪ੍ਰਭੂ-ਚਰਨਾਂ ਵਿਚ) ਜੁੜਦਾ ਹੀ ਨਹੀਂ। ਸੰਸਾਰ ਵਿਚ ਧਰਮ ਹੀ ਸਦਾ ਇਕ-ਰਸ ਰਹਿੰਦਾ ਹੈ, ਪਰ ਇਹ ਮਨ (ਜਦੋਂ ਤਕ) ਪਾਪਾਂ ਵਿਚ ਪਰਵਿਰਤ (ਹੈ) ਬਿਲਕੁਲ ਅਡੋ-ਲਤਾ ਵਿਚ ਟਿਕਿਆ ਨਹੀਂ ਰਹਿ ਸਕਦਾ,(ਕਿਉਂਕਿ ਕੀਤੇ ਵਿਕਾਰਾਂ ਦਾ ਮਾਨਸਕ ਸਿੱਟਾ ਨਿਕਲਦਿਆਂ) ਰਤਾ ਭੀ ਸਮਾ ਨਹੀਂ ਲੱਗਦਾ, ਜੋ ਕੁਝ ਇਹ ਹੱਥ ਕਰਦਾ ਹੈ ਉਸ ਦਾ ਫਲ ਇਹੀ ਹੱਥ ਪਾ ਲੈਂਦਾ ਹੈ।

(ਜਦੋਂ ਤੋਂ ਦੁਨੀਆ ਬਣੀ ਹੈ) ਚੌਹਾਂ ਹੀ ਜੁਗਾਂ ਦੇ ਸਮੇ ਨੂੰ ਵਿਚਾਰ ਕੇ ਮੈਂ ਵੇਖ ਲਿਆ ਹੈ ਕਿ ਮਨ ਦਾ ਅਹੰਕਾਰ ਸੰਗਤਿ ਤੋਂ ਬਿਨਾ ਦੂਰ ਨਹੀਂ ਹੁੰਦਾ, ਗੁਰਮੁਖਾਂ ਦੀ ਸੰਗਤਿ ਤੋਂ ਬਿਨਾ ਹਉਮੈ ਬਿਲਕੁਲ ਨਹੀਂ ਮੁੱਕ ਸਕਦੀ। (ਜਦ ਤਕ ਮਨ ਵਿਚ ਹਉਮੈ ਹੈ, ਤਦ ਤਕ ਮਾਲਕ-ਪ੍ਰਭੂ ਨਾਲੋਂ ਵਿੱਥ ਹੈ) ਜਦ ਤਕ ਮਾਲਕ ਨਾਲੋਂ ਵਿੱਥ ਹੈ ਤਦ ਤਕ ਮਨੁੱਖ ਉਸ ਦੇ ਗੁਣਾਂ ਦੀ ਡੂੰਘਾਈ ਵਿਚ ਟਿਕ ਨਹੀਂ ਸਕਦਾ।

ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਪ੍ਰਭੂ ਦਾ ਸਿਮਰਨ ਕੀਤਾ ਹੈ ਉਸ ਦੇ ਹਿਰਦੇ ਵਿਚ ਹੀ ਅਬਿਨਾਸ਼ੀ ਪ੍ਰਭੂ ਦਾ ਦਰਬਾਰ ਲੱਗ ਜਾਂਦਾ ਹੈ। ਪ੍ਰਭੂ ਦੀ ਮੇਹਰ ਨਾਲ ਹੀ ਮਨੁੱਖ ਗੁਰੂ ਦੇ ਚਰਨਾਂ ਵਿਚ ਜੁੜਦਾ ਹੈ, ਤੇ ਮੇਹਰ ਨਾਲ ਹੀ ਆਤਮਕ ਸੁਖ ਪ੍ਰਾਪਤ ਕਰਦਾ ਹੈ। ੧੧।

ਡਖਣੇ ਮ: ੫ ॥ ਲੋੜੀਦੋ ਹਭ ਜਾਇ, ਸੋ ਮੀਰਾ ਮੀਰੰਨ ਸਿਰਿ ॥ ਹਠ ਮੰਝਾਹੂ ਸੋ ਧਣੀ, ਚਉਦੋ ਮੁਖਿ ਅਲਾਇ ॥ ੧ ॥

ਪਦ ਅਰਥ :–ਲੋੜੀਦੋ–ਮੈਂ ਭਾਲ ਕਰਦਾ ਸਾਂ। ਹਭ ਜਾਇ–ਹਰ ਥਾਂ। ਸਿਰਿ–ਸਿਰ ਉਤੇ। ਮੀਰੰਨ ਸਿਰਿ ਮੀਰਾ–ਸ਼ਾਹਾਂ ਦੇ ਸਿਰ ਉਤੇ ਸ਼ਾਹ। ਹਠ–ਹਿਰਦਾ। ਮੰਝਾਹੂ–ਵਿਚ, ਅੰਦਰ। ਧਣੀ–ਮਾਲਕ। ਚਉਦੋ–ਮੈਂ ਉਚਾਰਦਾ ਹਾਂ। ਮੁਖਿ–ਮੂੰਹ ਨਾਲ। ਅਲਾਇ–ਬੋਲ ਕੇ, ਉਚਾਰ ਕੇ।

ਅਰਥ :—ਉਹ ਮਾਲਕ-ਪ੍ਰਭੂ ਸ਼ਾਹਾਂ ਦੇ ਸਿਰ ਉਤੇ ਪਾਤਿਸ਼ਾਹ ਹੈ, ਮੈਂ ਉਸ ਨੂੰ (ਬਾਹਰ) ਹਰ ਥਾਂ ਭਾਲਦਾ ਫਿਰਦਾ ਸਾਂ; ਪਰ ਹੁਣ ਜਦੋਂ ਮੈਂ ਮੂੰਹ ਨਾਲ ਉਸ ਦੇ ਗੁਣ ਉਚਾਰਦਾ ਹਾਂ, ਉਹ ਮੈਨੂੰ ਮੇਰੇ ਹਿਰਦੇ ਵਿਚ ਹੀ ਦਿੱਸ ਰਿਹਾ ਹੈ । ੧ ।

ਮ: ੫ ॥ ਮਾਣਿਕੂ ਮੋਹਿ ਮਾਉ, ਡਿੰਨਾ ਧਣੀ ਅਪਾਹਿ ॥ ਹਿਆਉ ਮਹਿਜਾ ਠੰਢੜਾ, ਮੁਖਹੁ ਸਚੁ ਅਲਾਇ ॥ ੨ ॥

ਪਦ ਅਰਥ :—ਮਾਉ—ਹੇ ਮਾਂ ! ਮੋਹਿ—ਮੈਨੂੰ । ਮਾਣਿਕੁ—ਮੋਤੀ । ਡਿੰਨਾ—ਦਿੱਤਾ । ਅਪਾਹਿ—ਆਪ ਹੀ । ਧਣੀ—ਮਾਲਕ । ਹਿਆਉ—ਹਿਰਦਾ । ਮੁਖਹੁ—ਮੂੰਹੋਂ । ਅਲਾਇ—ਬੋਲ ਕੇ ।

ਅਰਥ :—ਹੇ ਮਾਂ ! ਮਾਲਕ-ਪ੍ਰਭੂ ਨੇ ਆਪ ਹੀ ਮੈਨੂੰ ਆਪਣਾ ਨਾਮ-ਮੋਤੀ ਦਿੱਤਾ । (ਹੁਣ) ਮੂੰਹੋਂ ਉਸ ਸਦਾ-ਥਿਰ ਪ੍ਰਭੂ ਦਾ ਨਾਮ ਉਚਾਰ ਉਚਾਰ ਕੇ ਮੇਰਾ ਹਿਰਦਾ ਠੰਢਾ-ਠਾਰ ਹੋ ਰਿਹਾ ਹੈ । ੨ ।

ਮ: ੫ ॥ ਮੂ ਥੀਆਊ ਸੇਜ, ਨੈਣਾ ਪਿਰੀ ਵਿਛਾਵਣਾ ॥ ਜੇ ਡੇਖੈ ਹਿਕ ਵਾਰ, ਤਾ ਸੁਖ ਕੀਮਾਹੂ ਬਾਹਰੇ ॥ ੩ ॥

ਪਦ ਅਰਥ :—ਮੂ—ਮੈਂ, ਮੇਰਾ ਹਿਰਦਾ । ਥੀਆਊ—ਮੈਂ ਬਣ ਗਿਆ ਹਾਂ । ਪਿਰੀ—ਪ੍ਰਭੂ-ਪਤੀ ਵਾਸਤੇ । ਡੇਖੈ—ਵੇਖੇ । ਕੀਮਾਹੂ—ਕੀਮਤ ਤੋਂ । ਕੀਮਾਹੂ ਬਾਹਰੇ—ਕੀਮਤ ਤੋਂ ਪਰੇ, ਅਮੋਲਕ, ਜਿਸ ਦਾ ਮੁੱਲ ਨ ਪੈ ਸਕੇ ।

ਅਰਥ :—ਮੈਂ ਆਪਣੇ ਹਿਰਦੇ ਨੂੰ ਪ੍ਰਭੂ-ਪਤੀ (ਦੇ ਬਿਰਾਜਣ) ਵਾਸਤੇ ਸੇਜ ਬਣਾ ਦਿੱਤਾ ਹੈ, ਆਪਣੀਆਂ ਅੱਖਾਂ ਨੂੰ (ਉਸ ਸੇਜ ਦਾ) ਵਿਛਾਉਣਾ ਬਣਾਇਆ ਹੈ । ਜਦੋਂ ਉਹ ਇਕ ਵਾਰੀ ਭੀ (ਮੇਰੇ ਵਲ) ਤੱਕਦਾ ਹੈ, ਮੈਨੂੰ ਅਜੇਹੇ ਸੁਖ ਅਨੁਭਵ ਹੁੰਦੇ ਹਨ ਜਿਨ੍ਹਾਂ ਦਾ ਮੁੱਲ ਨਹੀਂ ਪੈ ਸਕਦਾ (ਜੇਹੜੇ ਕਿਸੇ ਭੀ ਕੀਮਤ ਤੋਂ ਮਿਲ ਨਹੀਂ ਸਕਦੇ) । ੩ ।

ਪਉੜੀ ॥ ਮਨੁ ਲੋਚੈ ਹਰਿ ਮਿਲਣ ਕਉ ਕਿਉ ਦਰਸਨੁ ਪਾਈਆ ॥ ਮੈ ਲਖ ਵਿੜਤੇ ਸਾਹਿਬਾ ਜੇ ਬਿੰਦ ਬੋੁਲਾਈਆ ॥ ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥ ਮੈ ਦਸਿਹੁ ਮਾਰਗੁ ਸੰਤਹੋ ਕਿਉ ਪ੍ਰਭੂ ਮਿਲਾਈਆ ॥ ਮਨੁ ਅਰਪਿਹੁ ਹਉਮੈ ਤਜਹੁ ਇਤੁ ਪੰਥਿ ਜੁਲਾਈਆ ॥ ਨਿਤ ਸੇਵਿਹੁ ਸਾਹਿਬੁ ਆਪਣਾ ਸਤ ਸੰਗਿ ਮਿਲਾਈਆ ॥ ਸਭੇ ਆਸਾ ਪੂਰੀਆ ਗੁਰਿ ਮਹਲਿ ਬੁਲਾਈਆ ॥ ਤੁਧੁ ਜੇਵਡੁ ਹੋਰੁ ਨ ਸੁਝਈ ਮੇਰੇ ਮਿਤ੍ਰ ਗੋਸਾਈਆ ॥ ੧੨ ॥

ਪਦ ਅਰਥ :—ਪਾਈਆ—ਪਾਈਂ, ਪਾਵਾਂ । ਵਿੜਤੇ—ਵੱਟ ਲਏ, ਖੱਟ ਲਏ । ਸਾਹਿਬਾ—ਹੇ ਸਾਹਿਬ ! ਬੋੁਲਾਈਆ—ਬੁਲਾਏਂ [ਅੱਖਰ 'ਬ' ਦੇ ਨਾਲ ਦੋ ਲਗਾਂ ਹਨ । ਲਫ਼ਜ਼ ਦੀ ਅਸਲ ਲਗ ੋ ਹੈ, ਇਥੇ ਪਾਠ ਕਰਨ ਲੱਗਿਆਂ ੍ ਪੜ੍ਹਨਾ ਹੈ] । ਬਿੰਦ—ਰਤਾ ਭਰ । ਸਾਈਆ—ਹੇ ਸਾਈਂ ! ਸੰਤਹੋ—ਹੇ ਸੰਤ ਜਨੋ ! ਕਿਉਂ—ਕਿਵੇਂ । ਇਤੁ ਪੰਥਿ—ਇਸ ਰਸਤੇ ਵਿਚ । ਜੁਲਾਈਆ—ਮੈਂ ਤੁਰਾਂ ।

ਅਰਥ :—ਪ੍ਰਭੂ ਨੂੰ ਮਿਲਣ ਲਈ ਮੇਰਾ ਮਨ ਬੜਾ ਤਰਸਦਾ ਹੈ (ਪਰ ਸਮਝ ਨਹੀਂ ਆਉਂਦੀ ਕਿ) ਕਿਵੇਂ ਦਰਸਨ ਕਰਾਂ । ਹੇ (ਮੇਰੇ) ਮਾਲਕ ! ਜੇ ਤੂੰ ਮੈਨੂੰ ਰਤਾ ਭਰ ਭੀ ਵਾਜ ਮਾਰੇਂ ਤਾਂ (ਮੈਂ ਸਮਝਦਾ ਹਾਂ ਕਿ) ਮੈਂ ਲੱਖਾਂ ਰੁਪਏ ਖੱਟ ਲਏ ਹਨ । ਹੇ ਮੇਰੇ ਸਾਈਂ ! ਮੈਂ ਚੁਫੇਰੇ ਸਾਰੀ ਸ੍ਰਿਸ਼ਟੀ ਖੋਜ ਕੇ ਵੇਖ ਲਿਆ ਹੈ ਕਿ ਤੇਰੇ ਜੇਡਾ ਹੋਰ ਕੋਈ ਨਹੀਂ ਹੈ ।

ਹੇ ਸੰਤ ਜਨੋ ! (ਤੁਸੀ ਹੀ) ਮੈਨੂੰ ਰਾਹ ਦੱਸੋ ਕਿ ਮੈਂ ਪ੍ਰਭੂ ਨੂੰ ਕਿਵੇਂ ਮਿਲਾਂ । (ਸੰਤ ਜਨ ਰਾਹ ਦੱਸਦੇ ਹਨ ਕਿ) ਮਨ (ਪ੍ਰਭੂ ਦੇ) ਭੇਟਾ ਕਰੋ ਹਉਮੈ ਦੂਰ ਕਰੋ (ਤੇ ਆਖਦੇ ਹਨ ਕਿ) ਮੈਂ ਇਸ ਰਸਤੇ ਉਤੇ ਤੁਰਾਂ । (ਸੰਤ ਉਪਦੇਸ਼ ਦੇਂਦੇ ਹਨ ਕਿ)ਸਦਾ ਆਪਣੇ ਮਾਲਕ-ਪ੍ਰਭੂ ਨੂੰ ਯਾਦ ਕਰੋ (ਤੇ ਕਹਿੰਦੇ ਹਨ ਕਿ) ਮੈਂ ਸਤਸੰਗ ਵਿਚ ਮਿਲਾਂ । ਜਦੋਂ ਪ੍ਰਭੂ ਦੀ ਹਜ਼ੂਰੀ ਵਿਚ ਗੁਰੂ ਨੇ ਸੱਦ ਲਿਆ, ਤਾਂ ਸਾਰੀਆਂ ਆਸਾਂ ਪੂਰੀਆਂ ਹੋ ਜਾਣਗੀਆਂ ।

ਹੇ ਮੇਰੇ ਮਿਤ੍ਰ ! ਹੇ ਧਰਤੀ ਦੇ ਮਾਲਕ ! ਮੈਨੂੰ ਤੇਰੇ ਜੇਡਾ ਹੋਰ ਕੋਈ ਲੱਭਦਾ ਨਹੀਂ (ਤੂੰ ਮੇਹਰ ਕਰ, ਤੇ ਦੀਦਾਰ ਦੇਹ) । ੧੨ ।

ਡਖਣੇ ਮ: ੫ ।। ਮੂ ਥੀਆਉ ਤਖਤੁ, ਪਿਰੀ ਮਹਿੰਜੇ ਪਾਤਿਸਾਹ ।। ਪਾਵ ਮਿਲਾਵੇ ਕੋਲਿ, ਕਵਲ ਜਿਵੈ ਬਿਗਸਾਵਦੋ ।। ੧ ।।

ਪਦ ਅਰਥ :—ਮੂ—ਮੈਂ, ਮੇਰਾ ਹਿਰਦਾ, ਮੇਰਾ ਆਪਣਾ ਆਪ । ਮਹਿੰਜੇ—ਮੇਰੇ । ਪਿਰੀ ਪਾਤਿਸਾਹ—ਹੇ ਮੇਰੇ ਪਤੀ ! ਹੇ ਪਾਤਿਸ਼ਾਹ ! ਪਾਵ—ਚਰਨ । ਕੋਲਿ—ਨੇੜੇ । ਮਿਲਾਵੇ—ਛੁਹਾਵੇਂ । ਕਵਲ ਜਿਵੈ—ਕੌਲ ਫੁੱਲ ਵਾਂਗ । ਬਿਗਸਾਵਦੋ—ਮੈਂ ਖਿੜ ਪੈਂਦਾ ਹਾਂ।

ਅਰਥ :—ਹੇ ਮੇਰੇ ਪਤੀ ਪਾਤਿਸ਼ਾਹ ! ਮੈਂ (ਤੇਰੇ ਬੈਠਣ ਲਈ) ਆਪਣੇ ਹਿਰਦੇ ਨੂੰ ਤਖ਼ਤ ਬਣਾਇਆ ਹੈ । ਜਦੋਂ ਤੂੰ ਆਪਣੇ ਚਰਨ ਮੇਰੇ ਹਿਰਦੇ-ਤਖ਼ਤ ਨਾਲ ਛੁਹਾਂਦਾ ਹੈਂ, ਮੈਂ ਕੌਲ ਫੁੱਲ ਵਾਂਗ ਖਿੜ ਪੈਂਦਾ ਹਾਂ ।

ਮ: ੫ ।। ਪਿਰੀਆ ਸੰਦੜੀ ਭੁਖ, ਮੂ ਲਾਵਣ ਥੀ ਵਿਥਰਾ ।। ਜਾਣੁ ਮਿਠਾਈ ਇਖ, ਬੇਈ ਪੀੜੇ ਨਾ ਹੁਟੈ ।। ੨ ।।

ਪਦ ਅਰਥ :—ਸੰਦੜੀ—ਦੀ । ਪਿਰੀਆ ਸੰਦੜੀ ਭੁਖ—ਪਿਆਰੇ ਪਤੀ-ਪ੍ਰਭੂ ਨੂੰ

ਮਿਲਣ ਦੀ ਭੁੱਖ (ਮਿਟਾਣ ਲਈ)। ਥੀ ਵਿਥਰਾ—ਹੋ ਜਾਵਾਂ। ਮੂ—ਮੈਂ, ਮੇਰਾ ਆਪਾ-ਭਾਵ। ਲਾਵਣ—ਸਲੂਣਾ। ਜਾਣੂ—ਮੈਂ ਜਾਣ ਲਵਾਂ, ਮੈਂ ਬਣਨਾ ਸਿੱਖ ਲਵਾਂ। ਮਿਠਾਈ ਇਖ—ਗੰਨੇ ਦੀ ਮਿਠਾਸ। ਬੇਈ ਪੀੜੇ—ਮੁੜ ਮੁੜ ਪੀੜਿਆਂ। ਨਾ ਹੁਟੈ—ਨਾਹ ਮੁੱਕੇ।

ਅਰਥ :—ਪਿਆਰੇ ਪਤੀ-ਪ੍ਰਭੂ ਨੂੰ ਮਿਲਣ ਦੀ ਭੁੱਖ ਮਿਟਾਣ ਲਈ ਮੇਰਾ ਆਪਾ-ਭਾਵ ਸਲੂਣਾ ਬਣ ਜਾਏ। ਮੈਂ ਅਜੇਹੀ ਗੰਨੇ ਦੀ ਮਿਠਾਸ ਬਣਨਾ ਸਿੱਖ ਲਵਾਂ ਕਿ (ਗੰਨੇ ਨੂੰ) ਮੁੜ ਮੁੜ ਪੀੜਿਆਂ ਭੀ ਨਾਹ ਮੁੱਕੇ (ਭਾਵ, ਮੈਂ ਆਪਾ-ਭਾਵ ਮਿਟਾ ਦਿਆਂ, ਤੇ ਆਪਾ ਵਾਰਦਿਆਂ ਕਦੇ ਅੱਕਾਂ ਨਾਹ, ਰੱਜਾਂ ਨਾਹ)। ੨।

ਮ: ੫ ॥ ਠਗਾ ਨੀਹੁ ਮਤ੍ਰੋੜਿ, ਜਾਣੁ ਗੰਧ੍ਰਬਾ ਨਗਰੀ ॥ ਸੁਖ ਘਟਾਊ ਡੂਇ, ਇਸੁ ਪੰਧਾਣੂ ਘਰ ਘਣੇ ॥ ੩ ॥

ਪਦ ਅਰਥ :—ਠਗਾ ਨੀਹੁ—ਠੱਗ ਦਾ ਪਿਆਰ, ਦੁਨੀਆ ਦਾ ਮੋਹ। ਮਤ੍ਰੋੜਿ—ਚੰਗੀ ਤਰ੍ਹਾਂ ਤੋੜ ਦੇ। ਗੰਧ੍ਰਬਾ ਨਗਰੀ—ਧੂਏਂ ਦਾ ਪਹਾੜ, ਛਲ। ਜਾਣੁ—ਸਮਝ। ਡੂਇ—ਦੋ। ਸੁਖ ਘਟਾਊ ਡੂਇ—ਦੋ ਘੜੀਆਂ ਦਾ ਸੁਖ (ਮਾਣਿਆਂ)। ਪੰਧਾਣੂ—ਰਾਹੀ (-ਜੀਵ)। ਘਣੇ—ਅਨੇਕਾਂ। ਘਰ—ਜੂਨਾਂ।

ਅਰਥ :—(ਹੇ ਭਾਈ!) ਦੁਨੀਆ ਦਾ ਮੋਹ ਚੰਗੀ ਤਰ੍ਹਾਂ ਤੋੜ ਦੇ, (ਇਸ ਦੁਨੀਆ ਨੂੰ) ਧੂਏਂ ਦਾ ਪਹਾੜ ਸਮਝ। (ਦੁਨੀਆ ਦਾ) ਦੋ ਘੜੀਆਂ ਦਾ ਸੁਖ (ਮਾਣਿਆਂ) ਇਸ ਜੀਵ-ਰਾਹੀ ਨੂੰ ਅਨੇਕਾਂ ਜੂਨਾਂ (ਵਿਚ ਭਟਕਣਾ ਪੈਂਦਾ ਹੈ)। ੩।

ਪਉੜੀ ॥ ਅਕਲ ਕਲਾ ਨਹ ਪਾਈਐ ਪ੍ਰਭੁ ਅਲਖ ਅਲੇਖੰ ॥ ਖਟੁ ਦਰਸਨ ਭ੍ਰਮਤੇ ਫਿਰਹਿ ਨਹ ਮਿਲੀਐ ਭੇਖੰ ॥ ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ ॥ ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ॥ ਤਿਲਕੁ ਕਢਹਿ ਇਸਨਾਨ ਕਰਿ ਅੰਤਰਿ ਕਾਲੇਖੰ ॥ ਭੇਖੀ ਪ੍ਰਭੂ ਨ ਲਭਈ ਵਿਣੁ ਸਚੀ ਸਿਖੰ ॥ ਭੂਲਾ ਮਾਰਗਿ ਸੋ ਪਵੈ ਜਿਸੁ ਧੁਰਿ ਮਸਤਕਿ ਲੇਖੰ ॥ ਤਿਨਿ ਜਨਮੁ ਸਵਾਰਿਆ ਆਪਣਾ ਜਿਨਿ ਗੁਰੁ ਅਖੀ ਦੇਖੰ ॥ ੧੩ ॥

ਪਦ ਅਰਥ :—ਕਲਾ—(digit) ਹਿੱਸਾ, ਟੋਟਾ (ਜਿਵੇਂ ਚੰਦ੍ਰਮਾ ਦੀਆਂ ਕਲਾ ਵਧਦੀਆਂ ਘਟਦੀਆਂ ਹਨ)। ਅਕਲ—ਜਿਸ ਦੀਆਂ ਕਲਾਂ ਨਾਹ ਹੋਣ, ਜਿਸ ਦੇ ਟੋਟੇ ਨਾਹ ਹੋ ਸਕਣ, ਜੋ ਚੰਦ੍ਰਮਾ ਵਾਂਗ ਘਟਦਾ ਵਧਦਾ ਨਹੀਂ, ਅਖੰਡ ਸ਼ਕਤੀ ਵਾਲਾ। ਲਖ—(ਲਕ੍ਸ਼) ਨਿਸ਼ਾਨ, ਚਿਹਨ। ਅਲੇਖ—ਜੋ ਬਿਆਨ ਨਾਹ ਕੀਤਾ ਜਾ ਸਕੇ। ਖਟੁ ਦਰਸਨ—ਛੇ ਭੇਖਾਂ ਦੇ ਸਾਧੂ (ਜੋਗੀ, ਜੰਗਮ, ਸਰੇਵੜੇ, ਸੰਨਿਆਸੀ, ਬੈਰਾਗੀ, ਬੋਧੀ)। ਚੰਦ੍ਰਾਇਣ ਵਰਤ—ਚੰਦ੍ਰਮਾ ਨਾਲ ਸੰਬੰਧ ਰੱਖਣ ਵਾਲੇ ਵਰਤ। ਸਾਰ—ਅਸਲੀਅਤ। ਨ ਪੇਖੰ—ਨਹੀਂ

ਵੇਖਦੇ। ਮਾਰਗਿ–ਰਸਤੇ ਉਤੇ। ਤਿਨਿ–ਉਸ ਨੇ।

ਅਰਥ :–ਜਿਸ ਪ੍ਰਭੂ ਦਾ ਕੋਈ ਚਿਹਨ-ਚੱਕ੍ਰ ਨਹੀਂ, ਜਿਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ, ਜੋ ਵਧਦਾ ਘਟਦਾ ਨਹੀਂ ਹੈ ਉਸ ਦਾ ਭੇਤ (ਕਲਾ) ਨਹੀਂ ਪਾਇਆ ਜਾ ਸਕਦਾ। ਛੇ ਭੇਖਾਂ ਦੇ ਸਾਧੂ (ਵਿਅਰਥ) ਭਟਕਦੇ ਫਿਰਦੇ ਹਨ, ਪ੍ਰਭੂ ਭੇਖਾਂ ਦੀ ਰਾਹੀਂ ਨਹੀਂ ਮਿਲਦਾ। (ਕਈ ਬੰਦੇ) ਚੰਦ੍ਰਾਇਣ ਵਰਤ ਰੱਖਦੇ ਹਨ, ਪਰ ਉਹਨਾਂ ਦਾ ਕੋਈ ਲਾਭ ਨਹੀਂ (ਉਹ ਕਿਸੇ ਗਿਣਤੀ ਵਿਚ ਨਹੀਂ)। ਜੋ ਸਾਰੇ ਦੇ ਸਾਰੇ ਵੇਦ ਪੜ੍ਹਦੇ ਹਨ, ਉਹ ਭੀ ਅਸਲੀਅਤ ਨਹੀਂ ਵੇਖ ਸਕਦੇ। ਕਈ ਇਸ਼ਨਾਨ ਕਰ ਕੇ (ਮੱਥੇ ਉੱਤੇ) ਤਿਲਕ ਲਾਂਦੇ ਹਨ, ਪਰ ਉਹਨਾਂ ਦੇ ਮਨ ਵਿਚ (ਵਿਕਾਰਾਂ ਦੀ) ਕਾਲਖ ਹੁੰਦੀ ਹੈ (ਉਹਨਾਂ ਨੂੰ ਭੀ ਰੱਬ ਨਹੀਂ ਮਿਲਦਾ)। ਪਰਮਾਤਮਾ ਭੇਖਾਂ ਦੀ ਰਾਹੀਂ ਨਹੀਂ ਲੱਭਦਾ, (ਗੁਰੂ ਦੇ) ਸੱਚੇ ਉਪਦੇਸ਼ ਤੋਂ ਬਿਨਾ ਨਹੀਂ ਮਿਲਦਾ।

ਜਿਸ ਮਨੁੱਖ ਦੇ ਮੱਥੇ ਉੱਤੇ ਧੁਰੋਂ (ਬਖ਼ਸ਼ਸ਼ ਦਾ ਲਿਖਿਆ) ਲੇਖ ਉੱਘੜ ਪਏ, ਉਹ (ਪਹਿਲਾਂ) ਕੁਰਾਹੇ ਪਿਆ ਹੋਇਆ (ਭੀ ਠੀਕ) ਰਸਤੇ ਤੇ ਆ ਜਾਂਦਾ ਹੈ। ਜਿਸ ਮਨੁੱਖ ਨੇ ਆਪਣੀ ਅੱਖੀਂ ਗੁਰੂ ਦਾ ਦਰਸਨ ਕਰ ਲਿਆ ਹੈ, ਉਸ ਨੇ ਆਪਣਾ ਜਨਮ ਸਫਲਾ ਕਰ ਲਿਆ ਹੈ। ੧੩।

ਡਖਣੇ ਮ: ੫ ॥ ਸੋ ਨਿਵਾਹੂ ਗਡਿ, ਜੋ ਚਲਾਊ ਨ ਥੀਐ ॥ ਕਾਰ ਕੂੜਾਵੀ ਛਡਿ, ਸੰਮਲੁ ਸਚੁ ਧਣੀ ॥ ੧ ॥

ਪਦ ਅਰਥ :–ਨਿਵਾਹੂ–ਤੋੜ ਨਿਬਾਹੁਣ ਵਾਲਾ, ਪੂਰਾ ਸਾਥ ਨਿਬਾਹੁਣ ਵਾਲਾ। ਗਡਿ–(ਹਿਰਦੇ ਵਿਚ) ਪੱਕਾ ਕਰ ਕੇ ਰੱਖ। ਚਲਾਊ–ਚਲਾ ਜਾਣ ਵਾਲਾ, ਸਾਥ ਛੱਡ ਜਾਣ ਵਾਲਾ। ਥੀਐ–ਹੋਵੇ। ਸੰਮਲੁ–ਸੰਭਾਲ ਕੇ (ਮਨ ਵਿਚ) ਰੱਖ। ਧਣੀ–ਮਾਲਕ।

ਅਰਥ:–ਜੋ (ਮਾਲਕ-ਪ੍ਰਭੂ) ਸਾਥ ਛੱਡ ਜਾਣ ਵਾਲਾ ਨਹੀਂ ਹੈ ਉਸ ਤੋੜ ਨਿਬਾਹੁਣ ਵਾਲੇ ਨੂੰ (ਹਿਰਦੇ ਵਿਚ) ਪੱਕਾ ਕਰ ਕੇ ਰੱਖ। ਸਦਾ ਥਿਰ ਰਹਿਣ ਵਾਲੇ ਮਾਲਕ ਨੂੰ (ਮਨ ਵਿਚ) ਸੰਭਾਲ ਕੇ ਰੱਖ, (ਜੇਹੜੀ ਕਾਰ ਉਸ ਦੀ ਯਾਦ ਨੂੰ ਭੁਲਾਵੇ, ਉਸ) ਕੂੜੀ ਕਾਰ ਨੂੰ ਛੱਡ ਦੇਹ (ਮਾਇਆ ਸੰਬੰਧੀ ਕਾਰ ਵਿਚ ਚਿੱਤ ਨੂੰ ਨਾਹ ਗੱਡ)। ੧।

ਮ: ੫ ॥ ਹਭ ਸਮਾਣੀ ਜੋਤਿ, ਜਿਉ ਜਲ ਘਟਾਊ ਚੰਦ੍ਰਮਾ ॥ ਪਰਗਟੁ ਥੀਆ ਆਪਿ, ਨਾਨਕ ਮਸਤਕਿ ਲਿਖਿਆ ॥ ੨ ॥

ਪਦ ਅਰਥ :–ਹਭ–ਹਰ ਥਾਂ। ਘਟਾਊ–ਘੜਿਆਂ ਵਿਚ। ਮਸਤਕਿ–ਮੱਥੇ ਉਤੇ।

ਅਰਥ :–ਹੇ ਨਾਨਕ! ਪ੍ਰਭੂ ਦੀ ਜੋਤਿ ਤਾਂ ਹਰ ਥਾਂ ਸਮਾਈ ਹੋਈ ਹੈ (ਮੌਜੂਦ ਹੈ) ਜਿਵੇਂ ਪਾਣੀ ਦੇ ਘੜਿਆਂ ਵਿਚ ਚੰਦ੍ਰਮਾ (ਦਾ ਪ੍ਰਤਿਬਿੰਬ) ਹੈ। (ਪਰ ਮਾਇਆ-ਵੇੜ੍ਹੇ

ਜੀਵ ਨੂੰ ਆਪਣੇ ਅੰਦਰ ਉਸ ਦਾ ਦੀਦਾਰ ਨਹੀਂ ਹੁੰਦਾ)। ਜਿਸ ਮਨੁੱਖ ਦੇ ਮੱਥੇ ਉਤੇ (ਪੂਰਬਲਾ) ਲਿਖਿਆ ਲੇਖ ਜਾਗਦਾ ਹੈ, ਉਸ ਦੇ ਅੰਦਰ ਪ੍ਰਭੂ ਦੀ ਜੋਤਿ ਪਰਤੱਖ ਹੋ ਪੈਂਦੀ ਹੈ। ੨।

ਮ: ੫ ॥ ਮੁਖ ਸੁਹਾਵੇ ਨਾਮੁ ਚਉ, ਆਠ ਪਹਰ ਗੁਣ ਗਾਉ ॥ ਨਾਨਕ ਦਰਗਹ ਮੰਨੀਅਹਿ, ਮਿਲੀ ਨਿਥਾਵੇ ਥਾਉ ॥ ੩ ॥

ਪਦ ਅਰਥ :–ਸੁਹਾਵੇ–ਸੋਹਣੇ । ਚਉ–ਉਚਾਰ (ਕੇ) । ਮੰਨੀਅਹਿ–ਆਦਰ ਪ੍ਰਾਪਤ ਕਰਦੇ ਹਨ ।

ਅਰਥ :–ਹੇ ਨਾਨਕ ! ਜੋ ਮਨੁੱਖ ਪ੍ਰਭੂ ਦਾ ਨਾਮ ਸਿਮਰਦੇ ਹਨ ਜੋ ਅੱਠੇ ਪਹਰ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦੇ ਹਨ, ਉਹਨਾਂ ਦੇ ਮੂੰਹ ਸੁੰਦਰ (ਦਿੱਸਦੇ) ਹਨ । ਹੇ ਨਾਨਕ ! ਅਜੇਹੇ (ਭਾਗਾਂ ਵਾਲੇ) ਬੰਦੇ ਪ੍ਰਭੂ ਦੀ ਹਜ਼ੂਰੀ ਵਿਚ ਮਾਣ ਪਾਂਦੇ ਹਨ । ਜਿਸ ਮਨੁੱਖ ਨੂੰ (ਪਹਿਲਾਂ) ਕਿਤੇ ਭੀ ਆਸਰਾ ਨਹੀਂ ਸੀ ਮਿਲਦਾ (ਨਾਮ ਦੀ ਬਰਕਤਿ ਨਾਲ) ਉਸ ਨੂੰ (ਹਰ ਥਾਂ) ਆਦਰ ਮਿਲਦਾ ਹੈ। ੩ ।

ਪਉੜੀ ॥ ਬਾਹਰ ਭੇਖ ਨ ਪਾਈਐ ਪ੍ਰਭੁ ਅੰਤਰਜਾਮੀ ॥ ਇਕਸੁ ਹਰਿ ਜੀਉ ਬਾਹਰੀ ਸਭ ਫਿਰੈ ਨਿਕਾਮੀ ॥ ਮਨੁ ਰਤਾ ਕੁਟੰਬ ਸਿਉ ਨਿਤ ਗਰਬਿ ਫਿਰਾਮੀ ॥ ਫਿਰਹਿ ਗੁਮਾਨੀ ਜਗ ਮਹਿ ਕਿਆ ਗਰਬਹਿ ਦਾਮੀ ॥ ਚਲਦਿਆ ਨਾਲਿ ਨ ਚਲਈ ਖਿਨ ਜਾਇ ਬਿਲਾਮੀ ॥ ਬਿਚਰਦੇ ਫਿਰਹਿ ਸੰਸਾਰ ਮਹਿ ਹਰਿ ਜੀ ਹੁਕਾਮੀ॥ ਕਰਮੁ ਖੁਲਾ ਗੁਰੁ ਪਾਇਆ ਹਰਿ ਮਿਲਿਆ ਸੁਆਮੀ ॥ ਜੋ ਜਨੁ ਹਰਿ ਕਾ ਸੇਵਕੋ ਹਰਿ ਤਿਸ ਕੀ ਕਾਮੀ ।। ੧੪ ।।

ਪਦ ਅਰਥ :–ਬਾਹਰ ਭੇਖ–ਬਾਹਰਲੇ ਭੇਖਾਂ ਨਾਲ। ਅੰਤਰਜਾਮੀ–ਦਿਲ ਦੀ ਜਾਣਨ ਵਾਲਾ। ਬਾਹਰੀ–ਬਿਨਾ। ਨਿਕਾਮੀ–ਨਿਕੰਮੀ, ਵਿਅਰਥ। ਗਰਬਿ–ਅਹੰਕਾਰ ਵਿਚ। ਫਿਰਾਮੀ–ਫਿਰਦੀ ਹੈ। ਗੁਮਾਨੀ–ਅਹੰਕਾਰੀ। ਗਰਬਹਿ–ਅਹੰਕਾਰ ਕਰਦੇ ਹਨ। ਦਾਮੀ–ਪੈਸੇ ਵਾਲੇ, ਮਾਇਆਧਾਰੀ। ਬਿਲਾਮੀ–ਬਿਲਮ, ਦੇਰ, ਚਿਰ। ਹੁਕਾਮੀ–ਹੁਕਮ ਵਿਚ, ਹੁਕਮ ਅਨੁਸਾਰ। ਕਰਮੁ–ਬਖ਼ਸ਼ਸ਼। ਕਾਮੀ–ਕੰਮ ਅਉਂਦਾ ਹੈ। ਤਿਸ ਕੀ ਕਾਮੀ –ਉਸ ਦੇ ਕੰਮ ਆਉਂਦਾ ਹੈ, ਉਸ ਦਾ ਕੰਮ ਸਵਾਰਦਾ ਹੈ ।

ਅਰਥ :–ਰੱਬ ਬਾਹਰਲੇ ਭੇਖਾਂ ਨਾਲ ਨਹੀਂ ਮਿਲਦਾ (ਕਿਉਂਕਿ) ਉਹ ਹਰੇਕ ਦੇ ਦਿਲ ਦੀ ਜਾਣਦਾ ਹੈ, ਤੇ, ਇਕ ਰੱਬ ਦੇ ਮਿਲਾਪ ਤੋਂ ਬਿਨਾ ਸਾਰੀ ਸ੍ਰਿਸ਼ਟੀ ਵਿਅਰਥ ਵਿਚਰਦੀ ਹੈ। ਜਿੰਨ੍ਹਾਂ ਬੰਦਿਆਂ ਦਾ ਮਨ ਪਰਵਾਰ ਦੇ ਮੋਹ ਵਿਚ ਰੰਗਿਆ ਰਹਿੰਦਾ ਹੈ, ਉਹ ਸਦਾ ਅਹੰਕਾਰ ਵਿਚ ਹੀ ਫਿਰਦੇ ਹਨ, ਮਾਇਆ-ਧਾਰੀ ਬੰਦੇ ਜਗਤ ਵਿਚ ਆਕੜ

ਆਕੜ ਕੇ ਚੱਲਦੇ ਹਨ, ਪਰ ਉਹਨਾਂ ਦਾ ਅਹੰਕਾਰ ਕਿਸੇ ਅਰਥ ਨਹੀਂ, (ਕਿਉਂਕਿ) ਜਗਤ ਤੋਂ ਤੁਰਨ ਵੇਲੇ ਮਾਇਆ ਜੀਵ ਦੇ ਨਾਲ ਨਹੀਂ ਜਾਂਦੀ, ਖਿਨ ਪਲ ਵਿਚ ਹੀ ਸਾਥ ਛੱਡ ਜਾਂਦੀ ਹੈ। ਅਜੇਹੇ ਬੰਦੇ ਪਰਮਾਤਮਾ ਦੀ ਰਜ਼ਾ ਅਨੁਸਾਰ ਸੰਸਾਰ ਵਿਚ (ਵਿਅਰਥ ਹੀ) ਜੀਵਨ ਗੁਜ਼ਾਰ ਜਾਂਦੇ ਹਨ।

ਜਿਸ ਮਨੁੱਖ ਉਤੇ ਪ੍ਰਭੂ ਦੀ ਮੇਹਰ (ਦਾ ਦਰਵਾਜ਼ਾ) ਖੁਲ੍ਹਦਾ ਹੈ, ਉਸ ਨੂੰ ਗੁਰੂ ਮਿਲਦਾ ਹੈ (ਗੁਰੂ ਦੀ ਰਾਹੀਂ) ਉਸ ਨੂੰ ਮਾਲਕ-ਪ੍ਰਭੂ ਮਿਲ ਪੈਂਦਾ ਹੈ। ਜੋ ਮਨੁੱਖ ਪ੍ਰਭੂ ਦਾ ਸੇਵਕ ਬਣ ਜਾਂਦਾ ਹੈ, ਪ੍ਰਭੂ ਉਸ ਦਾ ਕੰਮ ਸਵਾਰਦਾ ਹੈ। ੧੪।

ਡਖਣੇ ਮ: ੫ ॥ ਮੁਖਹੁ ਅਲਾਏ ਹਭ ਮਰਣੁ ਪਛਾਣੰਦੋ ਕੋਇ॥ ਨਾਨਕ ਤਿਨਾ ਖਾਕੁ, ਜਿਨਾ ਯਕੀਨਾ ਹਿਕ ਸਿਉ ॥ ੧ ॥

ਪਦ ਅਰਥ :–ਅਲਾਏ–ਉਚਾਰਦਾ ਹੈ, ਆਖਦਾ ਹੈ। ਹਭ–ਸਾਰੀ (ਸ੍ਰਿਸ਼ਟੀ)। ਕੋਇ–ਕੋਈ ਵਿਰਲਾ। ਖਾਕੁ–ਚਰਨ-ਧੂੜ। ਯਕੀਨਾ–ਪਰਤੀਤ, ਸਰਧਾ। ਹਿਕ–ਇੱਕ।

ਅਰਥ :–ਸਾਰੀ ਸ੍ਰਿਸ਼ਟੀ ਹੀ ਮੂੰਹ ਨਾਲ ਆਖਦੀ ਹੈ (ਕਿ) ਮੌਤ (ਸਿਰ ਉਤੇ ਖੜੀ ਹੈ),ਪਰ ਕੋਈ ਵਿਰਲਾ ਬੰਦਾ (ਇਹ ਗੱਲ ਯਕੀਨ ਨਾਲ) ਸਮਝਦਾ ਹੈ। ਹੇ ਨਾਨਕ! (ਆਖ–) ਮੈਂ ਉਹਨਾਂ (ਗੁਰਮੁਖਾਂ) ਦੀ ਚਰਨ-ਧੂੜ (ਮੰਗਦਾ) ਹਾਂ ਜੋ (ਮੌਤ ਨੂੰ ਸੱਚ ਜਾਣ ਕੇ) ਇਕ ਪਰਮਾਤਮਾ ਨਾਲ ਸੰਬੰਧ ਜੋੜਦੇ ਹਨ। ੧।

ਮ: ੫ ॥ ਜਾਣੁ ਵਸੰਦੋ ਮੰਝਿ, ਪਛਾਣੂ ਕੋ ਹੇਕੜੋ ॥ ਤੈ ਤਨਿ ਪੜਦਾ ਨਾਹਿ, ਨਾਨਕ ਜੈ ਗੁਰੁ ਭੇਟਿਆ ॥ ੨ ॥

ਪਦ ਅਰਥ :–ਜਾਣੁ–ਅੰਤਰਜਾਮੀ। ਮੰਝਿ–(ਹਰੇਕ ਜੀਵ ਦੇ) ਅੰਦਰ। ਕੋ ਹੇਕੜੋ–ਕੋਈ ਵਿਰਲਾ ਇੱਕ। ਤੈ ਤਨਿ–ਉਸ ਮਨੁੱਖ ਦੇ ਸਰੀਰ ਵਿਚ। ਪੜਦਾ–ਪਰ-ਮਾਤਮਾ ਨਾਲੋਂ ਵਿੱਥ। ਜੈ–ਜਿਸ ਨੂੰ। ਭੇਟਿਆ–ਮਿਲਿਆ।

ਅਰਥ:–ਅੰਤਰਜਾਮੀ ਪਰਮਾਤਮਾ (ਹਰੇਕ ਜੀਵ ਦੇ) ਅੰਦਰ ਵੱਸਦਾ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਬੰਦਾ ਸਮਝਦਾ ਹੈ। ਹੇ ਨਾਨਕ ! (ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ ਉਸ ਦੇ ਹਿਰਦੇ ਵਿਚ (ਸਰੀਰ ਵਿਚ ਪਰਮਾਤਮਾ ਨਾਲੋਂ) ਵਿੱਥ ਨਹੀਂ ਰਹਿ ਜਾਂਦੀ (ਤੇ ਉਹ ਪਰਮਾਤਮਾ ਨੂੰ ਆਪਣੇ ਅੰਦਰ ਵੇਖ ਲੈਂਦਾ ਹੈ)। ੨।

ਮ: ੫ ॥ ਮਤੜੀ ਕਾਂਢ ਕੁਆਹ, ਪਾਵ ਧੋਵੰਦੋ ਪੀਵਸਾ ॥ ਮੂ ਤਨਿ ਪ੍ਰੇਮੁ ਅਥਾਹ, ਪਸਣ ਕੂ ਸਚਾ ਧਣੀ ॥ ੩ ॥

ਪਦ ਅਰਥ:–ਕੁਆਹ–ਭੈੜੀ,ਖੋਟੀ (ਕੁਲਾਹ),ਘਾਟੇ ਵਾਲੀ। ਮਤੜੀ–ਕੋਝੀ ਮਤ। ਕਾਂਢ–ਕੱਢਣ ਵਾਲਾ। ਕਾਂਢ ਪਾਵ–ਕੱਢਣ ਵਾਲੇ ਦੇ ਪੈਰ। ਮੂ ਤਨਿ–ਮੇਰੇ ਸਰੀਰ ਵਿਚ,

ਮੇਰੇ ਹਿਰਦੇ ਵਿਚ । ਅਥਾਹ–ਬੇਅੰਤ । ਪਸਣ ਕੂ–ਵੇਖਣ ਲਈ । ਧਣੀ–ਮਾਲਕ ।

ਅਰਥ :–ਸਦਾ ਕਾਇਮ ਰਹਿਣ ਵਾਲੇ ਮਾਲਕ ਦਾ ਦਰਸਨ ਕਰਨ ਵਾਸਤੇ ਮੇਰੇ ਹਿਰਦੇ ਵਿਚ ਅਥਾਹ ਪ੍ਰੇਮ ਹੈ (ਪਰ ਮੇਰੀ ਖੋਟੀ ਮਤ ਦਰਸਨ ਦੇ ਰਸਤੇ ਵਿਚ ਰੋਕ ਪਾਂਦੀ ਹੈ); ਜੇਹੜਾ ਮਨੁੱਖ ਮੇਰੀ ਇਸ ਖੋਟੀ ਮਤ ਨੂੰ (ਮੇਰੇ ਅੰਦਰੋਂ) ਕੱਢ ਦੇਵੇ, ਮੈਂ ਉਸ ਦੇ ਪੈਰ ਧੋ ਧੋ ਕੇ ਪੀਵਾਂਗਾ । ੩ ।

ਪਉੜੀ ॥ ਨਿਰਭਉ ਨਾਮੁ ਵਿਸਾਰਿਆ ਨਾਲਿ ਮਾਇਆ ਰਚਾ ॥ ਆਵੈ ਜਾਇ ਭਵਾਈਐ ਬਹੁ ਜੋਨੀ ਨਚਾ ॥ ਬਚਨੁ ਕਰੈ ਤੈ ਖਿਸਕਿ ਜਾਇ ਬੋਲੇ ਸਭੁ ਕਚਾ ॥ ਅੰਦਰਹੁ ਥੋਥਾ ਕੂੜਿਆਰੁ ਕੂੜੀ ਸਭ ਖਚਾ ॥ ਵੈਰੁ ਕਰੇ ਨਿਰਵੈਰ ਨਾਲਿ ਝੂਠੇ ਲਾਲਚਾ ॥ ਮਾਰਿਆ ਸਚੈ ਪਾਤਿਸਾਹਿ ਵੇਖਿ ਧੁਰਿ ਕਰਮਚਾ ॥ ਜਮਦੂਤੀ ਹੈ ਹੇਰਿਆ ਦੁਖ ਹੀ ਮਹਿ ਪਚਾ ॥ ਹੋਆ ਤਪਾਵਸੁ ਧਰਮ ਕਾ ਨਾਨਕ ਦਰਿ ਸਚਾ ॥ ੧੫ ॥

ਪਦ ਅਰਥ:–ਰਚਾ–ਖਚਿਤ, ਮਸਤ । ਨਚਾ–ਨੱਚਦਾ, ਭਟਕਦਾ ਫਿਰਦਾ । ਤੈ–ਅਤੇ । ਥੋਥਾ–ਖ਼ਾਲੀ । ਕੂੜਿਆਰੁ–ਝੂਠਾ । ਖਚਾ–ਗੱਪ । ਪਾਤਿਸਾਹਿ–ਪਾਤਿਸ਼ਾਹ ਨੇ । ਵੇਖਿ–ਵੇਖ ਕੇ । ਕਰਮਚਾ–ਕਰਮ,ਕੀਤੇ ਕੰਮ । ਹੇਰਿਆ–ਤੱਕਿਆ ।ਜਮਦੂਤੀ–ਜਮਦੂਤਾਂ ਨੇ । ਪਚਾ–ਖ਼ੁਆਰ ਹੁੰਦਾ । ਤਪਾਵਸੁ–ਨਿਆਉ । ਦਰਿ–ਦਰ ਤੇ ।

ਅਰਥ:–ਜਿਸ ਮਨੁੱਖ ਨੇ ਨਿਰਭਉ ਪ੍ਰਭੂ ਦਾ ਨਾਮ ਭੁਲਾ ਦਿੱਤਾ ਹੈ ਤੇ ਜੋ ਮਾਇਆ ਵਿਚ ਹੀ ਮਸਤ ਰਹਿੰਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ ਉਹ ਅਨੇਕਾਂ ਜੂਨਾਂ ਵਿਚ ਭਟਕਦਾ ਹੈ।

(ਮਾਇਆ ਵਿਚ ਮਸਤ ਮਨੁੱਖ ਜੇ ਕੋਈ) ਬਚਨ ਕਰਦਾ ਹੈ ਤਾਂ ਉਸ ਤੋਂ ਫਿਰ ਜਾਂਦਾ ਹੈ, ਸਦਾ ਝੂਠੀ ਗੱਲ ਹੀ ਕਰਦਾ ਹੈ। ਉਹ ਝੂਠਾ ਆਪਣੇ ਮਨ ਵਿਚੋਂ ਖ਼ਾਲੀ ਹੁੰਦਾ ਹੈ (ਉਸ ਦੀ ਨੀਯਤ ਪਹਿਲਾਂ ਹੀ ਮਾੜੀ ਹੁੰਦੀ ਹੈ,ਇਸ ਵਾਸਤੇ) ਉਸ ਦੀ (ਹਰੇਕ ਗੱਲ) ਝੂਠੀ ਹੁੰਦੀ ਹੈ ਗੱਪ ਹੁੰਦੀ ਹੈ। ਅਜੇਹਾ ਬੰਦਾ ਝੂਠੇ ਲਾਲਚ ਵਿਚ ਫਸ ਕੇ ਨਿਰਵੈਰ ਬੰਦੇ ਨਾਲ ਭੀ ਵੈਰ ਕਮਾ ਲੈਂਦਾ ਹੈ, ਮੁੱਢ ਤੋਂ ਹੀ ਉਸ ਲਾਲਚੀ ਦੇ ਕੰਮਾਂ ਨੂੰ ਵੇਖ ਕੇ ਸਦਾ ਥਿਰ ਰਹਿਣ ਵਾਲੇ ਪ੍ਰਭੂ ਪਾਤਿਸ਼ਾਹ ਨੇ (ਉਸ ਦੀ ਜ਼ਮੀਰ ਨੂੰ) ਮਾਰ ਦਿੱਤਾ ਹੋਇਆ ਹੈ। ਅਜੇਹਾ ਮਨੁੱਖ ਸਦਾ ਜ਼ਮਦੂਤਾਂ ਦੀ ਤੱਕ ਵਿਚ ਰਹਿੰਦਾ ਹੈ, ਦੁੱਖਾਂ ਵਿਚ ਹੀ ਖ਼ੁਆਰ ਹੁੰਦਾ ਹੈ। ਹੇ ਨਾਨਕ ! ਸੱਚੇ ਪ੍ਰਭੂ ਦੇ ਦਰ ਤੇ ਧਰਮ ਦਾ ਇਨਸਾਫ਼ (ਹੀ) ਹੁੰਦਾ ਹੈ।੧੫।

ਡਖਣੇ ਮ: ੫॥ ਪਰਭਾਤੇ ਪ੍ਰਭ ਨਾਮੁ ਜਪਿ, ਗੁਰ ਕੇ ਚਰਨ ਧਿਆਇ॥ ਜਨਮ ਮਰਣ ਮਲੁ ਉਤਰੈ, ਸਚੇ ਕੇ ਗੁਣ ਗਾਇ ॥ ੧ ॥

ਪਦ ਅਰਥ :–ਪ੍ਰਭ ਨਾਮੁ–ਪ੍ਰਭੂ ਦਾ ਨਾਮ। ਧਿਆਇ–ਧਿਆਨ ਧਰ।

ਅਰਥ :–(ਹੇ ਭਾਈ !) ਅੰਮ੍ਰਿਤ ਵੇਲੇ ਉੱਠ ਕੇ ਪ੍ਰਭੂ ਦਾ ਨਾਮ ਸਿਮਰ, ਅਤੇ ਆਪਣੇ ਗੁਰੂ ਦੇ ਚਰਨਾਂ ਦਾ ਧਿਆਨ ਧਰ (ਭਾਵ, ਪ੍ਰਭੂ ਦੇ ਨਾਮ ਵਿਚ ਜੋੜਨ ਵਾਲੇ ਗੁਰੂ ਦਾ ਆਦਰ-ਸਤਕਾਰ ਪੂਰੀ ਨਿਮ੍ਰਤਾ ਹਲੀਮੀ ਨਾਲ ਆਪਣੇ ਹਿਰਦੇ ਵਿਚ ਟਿਕਾ)। ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਸਿਫਤਿ-ਸਾਲਾਹ ਕੀਤਿਆਂ ਜਨਮ ਮਰਨ ਦੇ ਗੇੜ ਵਿਚ ਪਾਣ ਵਾਲੀ ਵਿਕਾਰਾਂ ਦੀ ਮੈਲ ਮਨ ਤੋਂ ਉਤਰ ਜਾਂਦੀ ਹੈ। ੧।

ਮ: ੫ ॥ ਦੇਹ ਅੰਧਾਰੀ ਅੰਧੁ, ਸੁੰਞੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ, ਜੈ ਘਟਿ ਵੁਠਾ ਸਚੁ ਧਣੀ ॥ ੨ ॥

ਪਦ ਅਰਥ:–ਦੇਹ–ਕਾਇਆਂ। ਅੰਧੁ ਅੰਧਾਰੀ–ਪੂਰਨ ਤੌਰ ਤੇ ਅੰਨ੍ਹੀ। ਸੁੰਞੀ–ਆਤਮਕ ਜੀਵਨ ਤੋਂ ਸੱਖਣੀ। ਜੈ ਘਟਿ–ਜਿਸ ਮਨੁੱਖ ਦੇ ਹਿਰਦੇ ਵਿਚ। ਸਚੁ–ਸਦਾ-ਥਿਰ। ਵੁਠਾ–ਆ ਵੱਸਿਆ।

ਅਰਥ :–ਨਾਮ ਤੋਂ ਖੁੰਝਿਆ ਹੋਇਆ ਸਰੀਰ (ਆਤਮਕ ਜੀਵਨ ਤੋਂ) ਸੱਖਣਾ ਰਹਿੰਦਾ ਹੈ, ਪੂਰਨ ਤੌਰ ਤੇ (ਆਤਮਕ ਜੀਵਨ ਦੀ ਸੂਝ ਵਲੋਂ)ਅੰਨ੍ਹਾ ਹੋ ਜਾਂਦਾ ਹੈ (ਭਾਵ, ਸਾਰੇ ਗਿਆਨ ਇੰਦ੍ਰੇ ਸੁਚੱਜੀ ਵਰਤੋਂ ਵਲੋਂ ਅੰਨ੍ਹੇ ਹੋ ਕੇ ਵਿਕਾਰਾਂ ਵਿਚ ਪਰਵਿਰਤ ਹੋਏ ਰਹਿੰਦੇ ਹਨ)। ਹੇ ਨਾਨਕ ! ਜਿਸ ਮਨੁੱਖ ਦੇ ਹਿਰਦੇ ਵਿਚ ਸਦਾ-ਥਿਰ ਮਾਲਕ-ਪ੍ਰਭੂ ਆ ਵੱਸਦਾ ਹੈ, ਉਸ ਦੀ ਜ਼ਿੰਦਗੀ ਮੁਬਾਰਿਕ ਹੈ। ੨।

ਮ: ੫ ॥ ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ ॥ ਨਾਨਕ ਸੇ ਅਖੜੀਆ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥ ੩ ॥

ਪਦ ਅਰਥ :–ਲੋਇਣ–ਅੱਖਾਂ ਨਾਲ। ਲੋਈ–ਲੋਕ, ਜਗਤ, ਮਾਇਕ ਪਦਾਰਥ। ਪਿਆਸ–ਮਾਇਕ ਪਦਾਰਥਾਂ ਦੀ ਲਾਲਸਾ। ਮੂ–ਮੇਰੀ। ਘਣੀ–ਬਹੁਤ ਵਧੀ ਹੋਈ। ਅਖੜੀਆ–ਅੱਖਾਂ। ਬਿਅੰਨਿ–ਹੋਰ ਕਿਸਮ ਦੀਆਂ। ਮਾ–ਮੇਰਾ।

ਅਰਥ :–(ਜਿਉਂ ਜਿਉਂ) ਮੈਂ ਇਹਨਾ ਅੱਖਾਂ ਨਾਲ (ਨਿਰੇ) ਜਗਤ ਨੂੰ (ਭਾਵ, ਦੁਨੀਆ ਦੇ ਪਦਾਰਥਾਂ ਨੂੰ) ਤੱਕਦਾ ਹਾਂ (ਇਹਨਾਂ ਪਦਾਰਥਾਂ ਵਾਸਤੇ ਮੇਰੀ ਲਾਲਸਾ ਬਹੁਤ ਵਧਦੀ ਜਾਂਦੀ ਹੈ, ਲਾਲਸਾ ਮੁੱਕਦੀ ਨਹੀਂ। ਹੇ ਨਾਨਕ! (ਤ੍ਰਿਸਨਾ-ਮਾਰੀਆਂ ਅੱਖਾਂ ਨਾਲ ਪਿਆਰਾ ਪ੍ਰਭੂ ਦਿੱਸ ਨਹੀਂ ਸਕਦਾ) ਉਹ ਅੱਖਾਂ (ਇਹਨਾਂ ਤ੍ਰਿਸ਼ਨਾ-ਵੇੜ੍ਹੀਆਂ ਅੱਖਾਂ ਨਾਲੋਂ) ਹੋਰ ਕਿਸਮ ਦੀਆਂ ਹਨ, ਜਿੰਨ੍ਹਾਂ ਨਾਲ ਪਿਆਰਾ ਪਤੀ-ਪ੍ਰਭੂ ਦਿੱਸਦਾ ਹੈ।੩।

ਪਉੜੀ ॥ ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥ ਓਹੁ ਆਪਿ ਤਰਿਆ ਕੁਟੰਬ ਸਿਉ ਸਭੁ ਜਗਤੁ ਤਰਾਈ ॥ ਓਨਿ ਹਰਿ ਨਾਮਾ

ਧਨੁ ਸੰਚਿਆ ਸਭ ਤਿਖਾ ਬੁਝਾਈ ॥ ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥ ਓਸੁ ਸਦਾ ਸਦਾ ਘਰਿ ਅਨੰਦੁ ਹੈ ਹਰਿ ਸਖਾ ਸਹਾਈ ॥ ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ ॥ ਹੋਆ ਓਹੀਅਲੁ ਜਗ ਮਹਿ ਗੁਰ ਗਿਆਨੁ ਜਪਾਈ ॥ ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ ॥ ੧੯ ॥

ਪਦ ਅਰਥ :–ਜਿਨਿ–ਜਿਸ ਨੇ । ਜਨਿ–ਜਨ ਨੇ । ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ । ਤਿਨਿ–ਉਸ ਨੇ । ਸਭਿ–ਸਾਰੇ । ਸੰਚਿਆ–ਜੋੜਿਆ, ਇਕੱਠਾ ਕੀਤਾ । ਓਨਿ–ਉਸ ਨੇ । ਓਸੁ ਘਰਿ–ਉਸ ਦੇ ਹਿਰਦੇ-ਘਰ ਵਿਚ । ਸਖਾ–ਮਿਤ੍ਰ । ਸਭ–ਇਕੋ ਜਿਹੇ । ਸੁਭਾਈ–ਚੰਗੇ ਸੁਭਾਵ ਵਾਲਾ । ਓਹੀਅਲੁ–ਪਰਗਟ, ਉੱਘਾ, ਨਾਮਣੇ ਵਾਲਾ । [ਓਝਲ –ਅੱਖਾਂ ਦੇ ਉਹਲੇ । ਓਹੀਅਲੁ–ਅੱਖਾਂ ਦੇ ਸਾਹਮਣੇ] ।

ਅਰਥ :–ਜਿਸ ਮਨੁੱਖ ਨੇ ਗੁਰੂ ਦੇ ਸਨਮੁਖ ਹੋ ਕੇ ਪ੍ਰਭੂ ਨੂੰ ਸਿਮਰਿਆ ਹੈ ਉਸ ਨੇ ਸਾਰੇ ਸੁਖ ਮਾਣ ਲਏ ਹਨ, ਉਹ ਆਪਣੇ ਪਰਵਾਰ ਸਮੇਤ ਆਪ ਭੀ (ਸੰਸਾਰ-ਸਮੁੰਦਰ ਤੋਂ) ਤਰ ਜਾਂਦਾ ਹੈ, ਸਾਰੇ ਜਗਤ ਨੂੰ ਭੀ ਤਾਰ ਲੈਂਦਾ ਹੈ । ਉਸ ਮਨੁੱਖ ਨੇ ਪਰਮਾਤਮਾ ਦਾ ਨਾਮ-ਧਨ ਇਤਨਾ ਜੋੜਿਆ ਹੈ ਕਿ ਮਾਇਆ ਵਾਲੀ ਸਾਰੀ ਹੀ ਤ੍ਰਿਸ਼ਨਾ ਉਸ ਨੇ ਮਿਟਾ ਲਈ ਹੈ । ਉਸ ਨੇ ਦੁਨੀਆ ਦੇ ਸਾਰੇ ਲਾਲਚ ਛੱਡ ਦਿੱਤੇ ਹਨ (ਲਾਲਚਾਂ ਵਿਚ ਨਹੀਂ ਫਸਦਾ) ਉਸ ਨੇ ਪ੍ਰਭੂ-ਚਰਨਾਂ ਵਿਚ ਸੁਰਤਿ ਜੋੜੀ ਹੋਈ ਹੈ । ਉਸ ਦੇ ਹਿਰਦੇ ਵਿਚ ਸਦਾ ਖ਼ੁਸ਼ੀ-ਅਨੰਦ ਹੈ, ਪ੍ਰਭੂ ਸਦਾ ਉਸ ਦਾ ਮਿਤ੍ਰ ਹੈ ਸਹਾਇਤਾ ਕਰਨ ਵਾਲਾ ਹੈ । ਉਸ ਨੇ ਵੈਰੀ ਤੇ ਮਿਤ੍ਰ ਇਕੋ ਜੇਹੇ ਸਮਝ ਲਏ ਹਨ (ਹਰੇਕ ਨੂੰ ਮਿਤ੍ਰ ਸਮਝਦਾ ਹੈ), ਸਭਨਾਂ ਨਾਲ ਚੰਗਾ ਸੁਭਾਉ ਵਰਤਦਾ ਹੈ ।

ਉਹ ਮਨੁੱਖ ਗੁਰੂ ਤੋਂ ਮਿਲੇ ਉਪਦੇਸ਼ ਨੂੰ ਸਦਾ ਚੇਤੇ ਰੱਖਦਾ ਹੈ ਤੇ ਜਗਤ ਵਿਚ ਨਾਮਣੇ ਵਾਲਾ ਹੋ ਜਾਂਦਾ ਹੈ, ਪਿਛਲੇ ਜਨਮਾਂ ਵਿਚ ਕੀਤੇ ਭਲੇ ਕਰਮਾਂ ਦੇ ਲੇਖ ਉਸ ਦੇ ਮੱਥੇ ਉਤੇ ਉੱਘੜ ਪੈਂਦੇ ਹਨ ਤੇ (ਇਸ ਜਨਮ ਵਿਚ) ਪਰਮਾਤਮਾ ਨਾਲ ਉਸ ਦੀ ਪੱਕੀ ਪ੍ਰੀਤਿ ਬਣ ਜਾਂਦੀ ਹੈ । ੧੯ ।

ਡਖਣੇ ਮ: ੫ ॥ ਸਚੁ ਸੁਹਾਵਾ ਕਾਢੀਐ, ਕੂੜੈ ਕੂੜੀ ਸੋਇ ॥ ਨਾਨਕ ਵਿਰਲੇ ਜਾਣੀਅਹਿ. ਜਿਨ ਸਚੁ ਪਲੈ ਹੋਇ ॥ ੧ ॥

ਪਦ ਅਰਥ :–ਸਚੁ–ਸਦਾ ਥਿਰ ਰਹਿਣ ਵਾਲਾ ਨਾਮ-ਧਨ । ਸੁਹਾਵਾ–ਸੁਖਾਂਵਾਂ, ਸੁਖ ਦੇਣ ਵਾਲਾ । ਕਾਢੀਐ–ਆਖੀਦਾ ਹੈ, ਹਰ ਕੋਈ ਆਖਦਾ ਹੈ । ਕੂੜੈ–ਝੂਠਾ ਧਨ, ਨਾਸ਼ਵੰਤ ਪਦਾਰਥ । ਕੂੜੀ ਸੋਇ–ਮੰਦੀ ਸੋਇ, ਕਿਸੇ ਨ ਕਿਸੇ ਉਪਾਧੀ ਵਾਲੀ ਹੀ ਖ਼ਬਰ ।

ਜਾਣੀਅਹਿ—ਜਾਣੇ ਜਾਂਦੇ ਹਨ, ਪਤਾ ਲੱਗਦਾ ਹੈ।

ਅਰਥ :—ਹੇ ਨਾਨਕ ! ਹਰ ਕੋਈ ਆਖਦਾ ਹੈ ਕਿ (ਪਰਮਾਤਮਾ ਦਾ) ਨਾਮ-ਧਨ ਸੁਖ ਦੇਣ ਵਾਲਾ ਹੈ ਤੇ ਦੁਨੀਆਵੀ ਧਨ (ਦੇ ਇਕੱਠਾ ਕਰਨ) ਵਿਚ ਕੋਈ ਨ ਕੋਈ ਝਗੜੇ-ਉਪਾਧੀ ਵਾਲੀ ਖ਼ਬਰ ਹੀ ਸੁਣੀਦੀ ਹੈ। ਫਿਰ ਭੀ, ਐਸੇ ਬੰਦੇ ਵਿਰਲੇ ਹੀ ਮਿਲਦੇ ਹਨ, ਜਿਨ੍ਹਾਂ ਨੇ ਨਾਮ-ਧਨ ਇਕੱਠਾ ਕੀਤਾ ਹੋਵੇ (ਹਰ ਕੋਈ ਉਪਾਧੀ-ਮੂਲ ਦੁਨੀਆਵੀ ਧਨ ਦੇ ਹੀ ਪਿੱਛੇ ਦੌੜ ਰਿਹਾ ਹੈ)। ੧।

ਮ: ੫ ॥ ਸਜਣ ਮੁਖੁ ਅਨੂਪੁ, ਅਠੇ ਪਹਰ ਨਿਹਾਲਸਾ ॥ ਸੁਤੜੀ ਸੋ ਸਹੁ ਡਿਠੁ, ਤੈ ਸੁਪਨੇ ਹਉ ਖੰਨੀਐ ॥ ੨ ॥

ਪਦ ਅਰਥ :—ਸੁਤੜੀ—ਸੁੱਤੀ ਹੋਈ ਨੇ। ਸਹੁ—ਖਸਮ। ਸੁਪਨੇ—ਹੇ ਸੁਪਨੇ ! ਤੈ—ਤੈਥੋਂ। ਹਉ—ਮੈਂ। ਖੰਨੀਐ—ਕੁਰਬਾਨ ਹਾਂ। ਸਜਣ ਮੁਖੁ—ਮਿਤ੍ਰ ਪ੍ਰਭੂ ਦਾ ਮੂੰਹ। ਅਨੂਪੁ—ਉਪਮਾ ਰਹਿਤ, ਬੇ-ਮਿਸਾਲ, ਬਹੁਤ ਹੀ ਸੋਹਣਾ। ਨਿਹਾਲਸਾ—ਮੈਂ ਵੇਖਾਂਗੀ।

ਅਰਥ :—ਸੁੱਤੀ ਹੋਈ ਨੇ ਮੈਂ ਉਸ ਖਸਮ-ਪ੍ਰਭੂ ਨੂੰ (ਸੁਪਨੇ ਵਿਚ) ਵੇਖਿਆ, ਸੱਜਣ ਦਾ ਮੂੰਹ ਬਹੁਤ ਹੀ ਸੋਹਣਾ (ਲੱਗਾ)। ਹੇ ਸੁਪਨੇ ! ਮੈਂ ਤੈਥੋਂ ਸਦਕੇ ਜਾਂਦੀ ਹਾਂ। (ਹੁਣ ਮੇਰੀ ਤਾਂਘ ਹੈ ਕਿ) ਮੈਂ ਅੱਠੇ ਪਹਰ (ਸੱਜਣ ਦਾ ਮੂੰਹ) ਵੇਖਦੀ ਰਹਾਂ। ੨।

ਮ: ੫ ॥ ਸਜਣ ਸਚੁ ਪਰਖਿ, ਮੁਖਿ ਅਲਾਵਣੁ ਥੋਥਰਾ ॥ ਮੰਨ ਮਝਾਹੂ ਲਖਿ, ਤੁਧਹੁ ਦੂਰਿ ਨ ਸੁ ਪਿਰੀ ॥ ੩ ॥

ਪਦ ਅਰਥ :—ਸਜਣ—ਹੇ ਮਿਤ੍ਰ ! ਸਚੁ—ਨਾਮ-ਧਨ। ਪਰਖਿ—ਮੁੱਲ ਪਾ, (ਖਰਾ-ਪਨ) ਗਹੁ ਨਾਲ ਵੇਖ। ਮੁਖਿ—(ਨਿਰਾ) ਮੂੰਹੋਂ। ਅਲਾਵਣੁ—ਬੋਲਣਾ, ਆਖਣਾ। ਥੋਥਰਾ—ਖ਼ਾਲੀ, ਵਿਅਰਥ। ਮੰਨ ਮਝਾਹੂ—ਮਨ ਵਿਚ। ਲਖਿ—ਵੇਖ। ਸੁ—ਉਹ।

ਅਰਥ :—ਹੇ ਮਿਤ੍ਰ ! (ਨਿਰਾ) ਮੂੰਹੋਂ ਆਖਣਾ ਵਿਅਰਥ ਹੈ, ਨਾਮ-ਧਨ ਨੂੰ (ਆਪਣੇ ਹਿਰਦੇ ਵਿਚ) ਜਾਚ-ਤੋਲ। ਆਪਣੇ ਅੰਦਰ ਝਾਤੀ ਮਾਰ ਕੇ ਵੇਖ, ਉਹ ਪਤੀ-ਪ੍ਰਭੂ ਤੈਥੋਂ ਦੂਰ ਨਹੀਂ ਹੈ (ਤੇਰੇ ਅੰਦਰ ਹੀ ਵੱਸਦਾ ਹੈ)। ੩।

ਪਉੜੀ ॥ ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥ ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥ ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥ ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥ ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥ ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥ ਲਖ ਚਉਰਾਸੀਹ ਮੇਦਨੀ ਸਭ

ਆਵੈ ਜਾਸੀ ॥ ਨਿਹਚਲੁ ਸਚੁ ਖੁਦਾਇ ਏਕੁ, ਖੁਦਾਇ ਬੰਦਾ ਅਬਿਨਾਸੀ ॥ ੧੭ ॥

ਪਦ ਅਰਥ :—ਬਿਨਾਸੀ—ਨਾਸਵੰਤ। ਉਮਰਾਵ—ਅਮੀਰ ਬੰਦੇ । ਖਾਨ—ਖ਼ਾਨ, ਜਾਇਦਾਦਾਂ ਦੇ ਮਾਲਕ। ਢਾਹਿ—ਢਾਹ ਕੇ, ਛੱਡ ਕੇ। ਰੰਗ—ਰੰਕ, ਕੰਗਾਲ। ਤੁੰਗ—ਉੱਚੇ, ਧਨਾਢ। ਮਸਤ—ਅਹੰਕਾਰੀ, ਮਾਇਆ-ਮੱਤੇ । ਸਿਧਾਸੀ—ਸੰਸਾਰ ਤੋਂ ਚਲੇ ਜਾਣਗੇ। ਮਸਾਇਕਾ—ਸ਼ੇਖ਼ ਅਖਵਾਣ ਵਾਲੇ। ਅਉਲੀਏ—ਵਲੀ ਲੋਕ, ਧਾਰਮਿਕ ਆਗੂ। ਮੇਦਨੀ—ਧਰਤੀ। ਨਿਹਚਲੁ—ਸਦਾ ਕਾਇਮ ਰਹਿਣ ਵਾਲਾ।

ਅਰਥ :—ਧਰਤੀ ਆਕਾਸ਼ ਪਾਤਾਲ ਚੰਦ ਅਤੇ ਸੂਰਜ—ਇਹ ਸਭ ਨਾਸਵੰਤ ਹਨ। ਸ਼ਾਹ ਬਾਦਸ਼ਾਹ ਅਮੀਰ ਜਾਗੀਰਦਾਰ (ਸਭ ਆਪਣੇ) ਮਹਲ-ਮਾੜ੍ਹੀਆਂ ਛੱਡ ਕੇ (ਇਥੋਂ) ਤੁਰ ਜਾਣਗੇ। ਕੰਗਾਲ, ਅਮੀਰ, ਗ਼ਰੀਬ, ਮਾਇਆ-ਮੱਤੇ (ਕੋਈ ਭੀ ਹੋਵੇ) ਸਾਰਾ ਜਗਤ ਹੀ (ਇਥੋਂ) ਚਾਲੇ ਪਾ ਜਾਇਗਾ। ਕਾਜ਼ੀ ਸ਼ੇਖ਼ ਆਦਿਕ ਭੀ ਸਾਰੇ ਹੀ ਕੂਚ ਕਰ ਜਾਣਗੇ। ਪੀਰ ਪੈਗ਼ੰਬਰ ਵੱਡੇ ਵੱਡੇ ਧਾਰਮਿਕ ਆਗੂ—ਇਹਨਾਂ ਵਿਚੋਂ ਭੀ ਕੋਈ ਇਥੇ ਸਦਾ ਟਿਕਿਆ ਨਹੀਂ ਰਹੇਗਾ। ਜਿੰਨ੍ਹਾਂ ਰੋਜ਼ੇ ਰੱਖੇ, ਬਾਂਗਾਂ ਦਿੱਤੀਆਂ, ਨਿਮਾਜ਼ਾਂ ਪੜ੍ਹੀਆਂ, ਧਾਰਮਿਕ ਪੁਸਤਕ ਪੜ੍ਹੇ ਉਹ ਭੀ ਅਤੇ ਜਿੰਨ੍ਹਾਂ ਇਹਨਾਂ ਦੀ ਸਾਰ ਨ ਸਮਝੀ ਉਹ ਭੀ ਸਾਰੇ (ਜਗਤ ਤੋਂ ਆਖ਼ਰ) ਚਲੇ ਜਾਣਗੇ। ਧਰਤੀ ਦੀਆਂ ਚੌਰਾਸੀ ਲੱਖ ਜੂਨਾਂ ਦੇ ਸਾਰੇ ਹੀ ਜੀਵ (ਜਗਤ ਵਿਚ) ਆਉਂਦੇ ਹਨ ਤੇ ਫਿਰ ਇਥੋਂ ਚਲੇ ਜਾਂਦੇ ਹਨ।

ਸਿਰਫ਼ ਇਕ ਸੱਚਾ ਖ਼ੁਦਾ ਹੀ ਸਦਾ ਕਾਇਮ ਰਹਿਣ ਵਾਲਾ ਹੈ। ਖ਼ੁਦਾ ਦਾ ਬੰਦਾ (ਭਗਤ) ਭੀ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। ੧੭।

ਡਖਣੇ ਮ: ੫ ॥ ਡਿਠੀ ਹਭ ਢੰਢੋਲਿ, ਹਿਕਸੁ ਬਾਝੁ ਨ ਕੋਇ ॥ ਆਉ ਸਜਣ ਤੂ ਮੁਖਿ ਲਗੁ, ਮੇਰਾ ਤਨੁ ਮਨੁ ਠੰਢਾ ਹੋਇ ॥ ੧ ॥

ਪਦ ਅਰਥ :—ਹਭ—ਸਾਰੀ ਸ੍ਰਿਸ਼ਟੀ। ਢੰਢੋਲਿ—ਭਾਲ ਕੇ। ਸਜਣ—ਹੇ ਮਿਤ੍ਰ-ਪ੍ਰਭੂ! ਮੁਖਿ ਲਗੁ—ਮਿਲ, ਦੀਦਾਰ ਦੇਹ। ਤਨੁ ਮਨੁ ਠੰਢਾ ਹੋਇ—ਤਨ ਮਨ ਵਿਚ ਠੰਢ ਪੈਂਦੀ ਹੈ, ਮਨ ਤੇ ਗਿਆਨ ਇੰਦ੍ਰੇ ਸ਼ਾਂਤ ਹੁੰਦੇ ਹਨ।

ਅਰਥ :—ਹੇ ਮਿਤ੍ਰ-ਪ੍ਰਭੂ ! ਆ, ਤੂ ਮੈਨੂੰ ਦਰਸਨ ਦੇਹ, (ਤੇਰਾ ਦਰਸਨ ਕੀਤਿਆਂ) ਮੇਰੇ ਤਨ ਮਨ ਵਿਚ ਠੰਢ ਪੈਂਦੀ ਹੈ। ਮੈਂ ਸਾਰੀ ਸ੍ਰਿਸ਼ਟੀ ਭਾਲ ਕੇ ਵੇਖ ਲਈ ਹੈ, (ਹੇ ਪ੍ਰਭੂ !) ਇਕ ਤੇਰੇ (ਦੀਦਾਰ ਤੋਂ) ਬਿਨਾ ਹੋਰ ਕੋਈ ਭੀ (ਪਦਾਰਥ ਮੈਨੂੰ ਆਤਮਕ ਸ਼ਾਂਤੀ) ਨਹੀਂ (ਦੇਂਦਾ) । ੧।

ਮ: ੫ ॥ ਆਸਕੁ ਆਸਾ ਬਾਹਰਾ, ਮੂ ਮਨਿ ਵਡੀ ਆਸ ॥ ਆਸ

ਨਿਰਾਸਾ ਹਿਕੁ ਤੂ, ਹਉ ਬਲਿ ਬਲਿ ਬਲਿ ਗਈਆਸੁ ॥ ੨ ॥

ਪਦ ਅਰਥ :–ਆਸਕੁ–(ਪ੍ਰਭੂ-ਚਰਨਾਂ ਦਾ) ਪ੍ਰੇਮੀ। ਆਸਾ–(ਦੁਨੀਆਵੀ ਪਦਾ-ਰਥਾਂ ਦੀਆਂ) ਆਸਾਂ, ਮਾਇਕ ਲਾਲਸਾ। ਮੂ ਮਨਿ–ਮੇਰੇ ਮਨ ਵਿਚ। ਆਸ ਨਿਰਾਸਾ–ਦੁਨੀਆਵੀ ਆਸਾਂ ਤੋਂ ਉਪਰਾਮ ਕਰਨ ਵਾਲਾ। ਹਿਕੁ ਤੂ–ਸਿਰਫ਼ ਤੂੰ ਹੈਂ।

ਅਰਥ :–(ਹੇ ਪ੍ਰਭੂ !) (ਤੇਰੇ ਚਰਨਾਂ ਦਾ ਸੱਚਾ) ਪ੍ਰੇਮੀ ਉਹੀ ਹੋ ਸਕਦਾ ਹੈ ਜਿਸ ਨੂੰ ਦੁਨੀਆਵੀ ਆਸਾਂ ਨਾਹ ਪੋਹ ਸਕਣ, ਪਰ ਮੇਰੇ ਮਨ ਵਿਚ ਤਾਂ ਵਡੀਆਂ ਵਡੀਆਂ ਆਸਾਂ ਹਨ। ਸਿਰਫ਼ ਤੂੰ ਹੀ ਹੈਂ ਜੋ ਮੈਨੂੰ (ਦੁਨੀਆਵੀ) ਆਸਾਂ ਤੋਂ ਉਪਰਾਮ ਕਰ ਸਕਦਾ ਹੈਂ। ਮੈਂ ਤੈਥੋਂ ਹੀ ਕੁਰਬਾਨ ਜਾਂਦਾ ਹਾਂ (ਤੂੰ ਆਪ ਹੀ ਮੇਹਰ ਕਰ)। ੨।

ਮ: ੫ ॥ ਵਿਛੋੜਾ ਸੁਣੇ ਡੁਖੁ, ਵਿਣੁ ਡਿਠੇ ਮਰਿਓਦਿ ॥ ਬਾਝੁ ਪਿਆਰੇ ਆਪਣੇ, ਬਿਰਹੀ ਨਾ ਧੀਰੋਦਿ ॥ ੩ ॥

ਪਦ ਅਰਥ :–ਸੁਣੇ–ਸੁਣਿ, ਸੁਣ ਕੇ। ਮਰਿਓਦਿ–ਆਤਮਕ ਮੌਤ ਹੋ ਜਾਂਦੀ ਹੈ। ਬਿਰਹੀ–ਸੱਚਾ ਆਸ਼ਕ, ਪ੍ਰੇਮੀ। ਨਾ ਧੀਰੋਦਿ–ਧੀਰਜ ਨਹੀਂ ਕਰਦਾ, ਮਨ ਖਲੋਂਦਾ ਨਹੀਂ।

ਅਰਥ :–(ਪ੍ਰਭੂ-ਚਰਨਾਂ ਦਾ ਅਸਲ) ਪ੍ਰੇਮੀ ਉਹ ਹੈ ਜਿਸ ਨੂੰ ਇਹ ਸੁਣ ਕੇ ਹੀ ਦੁੱਖ ਪ੍ਰਤੀਤ ਹੋਵੇ ਕਿ ਪ੍ਰਭੂ ਤੋਂ ਵਿਛੋੜਾ ਹੋਣ ਲੱਗਾ ਹੈ। ਦੀਦਾਰ ਤੋਂ ਬਿਨਾ ਸੱਚਾ ਪ੍ਰੇਮੀ ਆਤਮਕ ਮੌਤ ਮਹਿਸੂਸ ਕਰਦਾ ਹੈ। ਆਪਣੇ ਪਿਆਰੇ ਪ੍ਰਭੂ ਤੋਂ ਵਿਛੁੜ ਕੇ ਪ੍ਰੇਮੀ ਦਾ ਮਨ ਖਲੋਂਦਾ ਨਹੀਂ ਹੈ। ੩।

ਪਉੜੀ ॥ ਤਟ ਤੀਰਥ ਦੇਵ ਦੇਵਾਲਿਆ ਕੇਦਾਰੁ ਮਥੁਰਾ ਕਾਸੀ ॥ ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ ॥ ਸਿਮ੍ਰਿਤਿ ਸਾਸਤ੍ਰ ਬੇਦ ਚਾਰਿ ਖਟੁ ਦਰਸ ਸਮਾਸੀ ॥ ਪੋਥੀ ਪੰਡਿਤ ਗੀਤ ਕਵਿਤ ਕਵਤੇ ਭੀ ਜਾਸੀ ॥ ਜਤੀ ਸਤੀ ਸੰਨਿਆਸੀਆ ਸਭਿ ਕਾਲੈ ਵਾਸੀ ॥ ਮੁਨਿ ਜੋਗੀ ਦਿਗੰਬਰਾ ਜਮੈ ਸਣੁ ਜਾਸੀ ॥ ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ ॥ ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ ॥ ੧੯ ॥

ਪਦ ਅਰਥ :–ਤਟ–ਨਦੀ ਦਾ ਕਿਨਾਰਾ। ਦੇਵਾਲਿਆ–ਦੇਵਤੇ ਦਾ ਘਰ, ਮੰਦਰ। ਸਣੁ–ਸਮੇਤ। ਖਟੁ ਦਰਸ–ਛੇ ਭੇਖਾਂ ਦੇ ਸਾਧ। ਸਮਾਸੀ–ਸਮਾ ਜਾਣਗੇ, ਮਰ ਜਾਣਗੇ। ਕਵਿਤੇ–ਕਵੀ ਲੋਕ। ਕਾਲੈ ਵਾਸੀ–ਕਾਲ ਦੇ ਵੱਸ, ਮੌਤ ਦੇ ਅਧੀਨ। ਦਿਗੰਬਰਾ–[ਦਿਗ-ਅੰਬਰ। ਦਿਗ–ਦਿਸ਼ਾ, ਪਾਸਾ। ਅੰਬਰ–ਕੱਪੜਾ] ਨਾਂਗੇ। ਜਮੈ ਸਣੁ–ਜਮਾਂ ਸਮੇਤ।

ਅਰਥ :–ਦੇਵਤਿਆਂ ਦੇ ਮੰਦਰ, ਕੇਦਾਰ ਮਥੁਰਾ ਕਾਂਸ਼ੀ ਆਦਿਕ ਤੀਰਥ, ਤੇਤੀ

ਕਰੋੜ ਦੇਵਤੇ, ਇੰਦਰ ਦੇਵਤਾ ਭੀ—ਆਖ਼ਰ ਨਾਸਵੰਤ ਹਨ। ਚਾਰ ਵੇਦ ਸਿਮ੍ਰਿਤੀਆਂ ਸਾਸਤ੍ਰ ਆਦਿਕ ਧਾਰਮਿਕ ਪੁਸਤਕਾਂ (ਦੇ ਪੜ੍ਹਨ ਵਾਲੇ) ਤੇ ਛਿਆਂ ਭੇਖਾਂ ਦੇ ਸਾਧੂ ਭੀ ਅੰਤ ਨੂੰ ਚੱਲ ਜਾਣਗੇ। ਪੁਸਤਕਾਂ ਦੇ ਵਿਦਵਾਨ, ਗੀਤਾਂ ਕਵਿਤਾਵਾਂ ਦੇ ਲਿਖਣ ਵਾਲੇ ਕਵੀ ਭੀ ਜਗਤ ਤੋਂ ਕੂਚ ਕਰ ਜਾਣਗੇ। ਜਤੀ ਸਤੀ ਸੰਨਿਆਸੀ—ਇਹ ਸਾਰੇ ਭੀ ਮੌਤ ਦੇ ਅਧੀਨ ਹਨ। ਸਮਾਧੀਆਂ ਲਾਵਣ ਵਾਲੇ,ਜੋਗੀ, ਨਾਂਗੇ, ਜਮਦੂਤ—ਇਹ ਭੀ ਨਾਸਵੰਤ ਹਨ।

(ਮੁੱਕਦੀ ਗੱਲ) (ਜਗਤ ਵਿਚ) ਜੋ ਕੁਝ ਦਿੱਸ ਰਿਹਾ ਹੈ ਉਹ ਨਾਸਵੰਤ ਹੈ, ਹਰੇਕ ਨੇ ਜ਼ਰੂਰ ਨਾਸ ਹੋ ਜਾਣਾ ਹੈ। ਸਦਾ ਕਾਇਮ ਰਹਿਣ ਵਾਲਾ ਕੇਵਲ ਪਾਰਬ੍ਰਹਮ ਪਰਮੇਸਰ ਹੀ ਹੈ। ਉਸ ਦਾ ਭਗਤ ਭੀ ਜੰਮਣ ਮਰਨ ਤੋਂ ਰਹਿਤ ਹੋ ਜਾਂਦਾ ਹੈ। ੧੯।

ਸਲੋਕ ਡਖਣੇ ਮ: ੫ ॥ ਸੈ ਨੰਗੇ ਨਹ ਨੰਗ, ਭੁਖੇ ਲਖ ਨ ਭੁਖਿਆ॥ ਡੁਖੇ ਕੋੜਿ ਨ ਡੁਖ, ਨਾਨਕ ਪਿਰੀ ਪਿਖੰਦੋ ਸੁਭ ਦਿਸਟਿ ॥ ੧ ॥

ਪਦ ਅਰਥ :—ਸੈ—ਸੈਂਕੜੇ ਵਾਰੀ। ਨਹ ਨੰਗ—ਨੰਗ (ਦੀ ਪਰਵਾਹ) ਨਹੀਂ ਹੁੰਦੀ, ਨੰਗੇ ਰਹਿਣਾ ਦੁਖਦਾਈ ਨਹੀਂ ਜਾਪਦਾ। ਲਖ—ਲੱਖਾਂ ਵਾਰੀ। ਨ ਭੁਖਿਆ—ਭੁੱਖ ਚੁੱਭਦੀ ਨਹੀਂ। ਡੁਖ—ਦੁੱਖ। ਕੋੜਿ—ਕ੍ਰੋੜਾਂ। ਸੁਭ ਦਿਸਟਿ—ਚੰਗੀ ਨਿਗਾਹ ਨਾਲ,ਸਵੱਲੀ ਨਜ਼ਰ ਨਾਲ। ਪਿਖੰਦੋ—ਵੇਖੇ।

ਅਰਥ :—ਹੇ ਨਾਨਕ ! (ਜਿਸ ਮਨੁੱਖ ਵਲ) ਪ੍ਰਭੂ-ਪਤੀ ਸਵੱਲੀ ਨਜ਼ਰ ਨਾਲ ਤੱਕੇ, ਉਸ ਨੂੰ ਨੰਗ ਦੀ ਪਰਵਾਹ ਨਹੀਂ ਹੁੰਦੀ ਚਾਹੇ ਸੈਂਕੜੇ ਵਾਰੀ ਨੰਗਾ ਰਹਿਣਾ ਪਏ, ਉਸ ਨੂੰ ਭੁੱਖ ਨਹੀਂ ਚੁੱਭਦੀ ਚਾਹੇ ਲੱਖਾਂ ਵਾਰੀ ਭੁੱਖਾ ਰਹਿਣਾ ਪਏ, ਉਸ ਨੂੰ ਕੋਈ ਦੁੱਖ ਨਹੀਂ ਪੋਂਹਦਾ ਚਾਹੇ ਕ੍ਰੋੜਾਂ ਦੁੱਖ ਵਾਪਰਨ। ੧।

ਮ: ੫ ॥ ਸੁਖ ਸਮੂਹਾ ਭੋਗ, ਭੂਮਿ ਸਬਾਈ ਕੋ ਧਣੀ ॥ ਨਾਨਕ ਹਭੋ ਰੋਗੁ, ਮਿਰਤਕ ਨਾਮ ਵਿਹੂਣਿਆ ॥ ੨ ॥

ਪਦ ਅਰਥ :—ਸਮੂਹ—ਢੇਰ (ਭਾਵ, ਸਾਰੇ)। ਭੂਮਿ—ਧਰਤੀ। ਸਬਾਈ—ਸਾਰੀ। ਧਣੀ—ਮਾਲਕ। ਮਿਰਤਕ—ਮੁਰਦਾ, ਮੁਈ ਆਤਮਾ ਵਾਲਾ।

ਅਰਥ :—ਜੇ ਕਿਸੇ ਮਨੁੱਖ ਨੂੰ ਸਾਰੇ ਸੁਖ ਮਾਣਨ ਨੂੰ ਮਿਲੇ ਹੋਣ, ਜੇ ਉਹ ਸਾਰੀ ਧਰਤੀ ਦਾ ਮਾਲਕ ਹੋਵੇ, (ਪਰ) ਹੇ ਨਾਨਕ ! ਜੇ ਉਹ ਪ੍ਰਭੂ ਦੇ ਨਾਮ ਤੋਂ ਸੱਖਣਾ ਹੈ ਉਸ ਦੀ ਆਤਮਾ ਮੁਰਦਾ ਹੈ, ਸਾਰੇ ਸੁਖ ਉਸ ਲਈ ਰੋਗ (ਸਮਾਨ) ਹਨ (ਉਸ ਦੀ ਆਤਮਾ ਨੂੰ ਹੋਰ ਮੁਰਦਿਹਾਨ ਦੇਂਦੇ ਹਨ)। ੨।

ਮ: ੫ ॥ ਹਿਕਸ ਕੂੰ ਤੂ ਆਹਿ, ਪਛਾਣੂ ਭੀ ਹਿਕੁ ਕਰਿ ॥ ਨਾਨਕ

ਆਸੜੀ ਨਿਬਾਹਿ, ਮਾਨੁਖ ਪਰਬਾਈ ਲਜੀਵਦੋ ॥ ੩ ॥

ਪਦ ਅਰਥ :—ਹਿਕਸ ਕੂੰ—ਸਿਰਫ਼ ਇੱਕ ਪ੍ਰਭੂ ਨੂੰ । ਆਹਿ—(ਮਿਲਣ ਦੀ) ਤਾਂਘ ਬਣਾ । ਪਛਾਣੂ—ਮਿੱਤਰ । ਕਰਿ—ਬਣਾ । ਨਿਬਾਹਿ—ਨਿਬਾਹੁੰਦਾ ਹੈ, ਪੂਰੀ ਕਰਦਾ ਹੈ । ਪਰਬਾਈ—[ਪ੍ਰਸਥਾਨ] ਤੁਰ ਕੇ ਜਾਣਾ, ਆਸਰਾ ਲੈਣਾ । ਲਜੀਵਦੋ—ਲੱਜਾ ਦਾ ਕਾਰਨ ਬਣਦਾ ਹੈ ।

ਅਰਥ :—ਹੇ ਨਾਨਕ ! ਸਿਰਫ਼ ਇੱਕ ਪਰਮਾਤਮਾ ਨੂੰ ਮਿਲਣ ਦੀ ਤਾਂਘ ਰੱਖ, ਇਕ ਪਰਮਾਤਮਾ ਨੂੰ ਹੀ ਆਪਣਾ ਮਿੱਤਰ ਬਣਾ, ਉਹੀ ਤੇਰੀ ਆਸ ਪੂਰੀ ਕਰਨ ਵਾਲਾ ਹੈ । ਕਿਸੇ ਮਨੁੱਖ ਦਾ ਆਸਰਾ ਲੈਣਾ ਲੱਜਾ ਦਾ ਕਾਰਨ ਬਣਦਾ ਹੈ । ੩ ।

ਪਉੜੀ ॥ ਨਿਹਚਲੁ ਏਕੁ ਨਰਾਇਣੋ ਹਰਿ ਅਗਮ ਅਗਾਧਾ ॥ ਨਿਹਚਲੁ ਨਾਮੁ ਨਿਧਾਨੁ ਹੈ ਜਿਸੁ ਸਿਮਰਤ ਹਰਿ ਲਾਧਾ ॥ ਨਿਹਚਲੁ ਕੀਰਤਨੁ ਗੁਣ ਗੋਬਿੰਦ ਗੁਰਮੁਖਿ ਗਵਾਧਾ ॥ ਸਚੁ ਧਰਮੁ ਤਪੁ ਨਿਹਚਲੋ ਦਿਨੁ ਰੈਨਿ ਅਰਾਧਾ ॥ ਦਇਆ ਧਰਮੁ ਤਪੁ ਨਿਹਚਲੋ ਜਿਸੁ ਕਰਮਿ ਲਿਖਾਧਾ ॥ ਨਿਹਚਲੁ ਮਸਤਕਿ ਲੇਖੁ ਲਿਖਿਆ ਸੋ ਟਲੈ ਨ ਟਲਾਧਾ ॥ ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥ ਜਿਨ ਕਉ ਪੂਰਬਿ ਲਿਖਿਆ ਤਿਨ ਸਦਾ ਸਦਾ ਆਰਾਧਾ ॥ ੧੯ ॥

ਪਦ ਅਰਥ :—ਅਗਾਧ—ਅਥਾਹ । ਨਿਧਾਨੁ—ਖ਼ਜ਼ਾਨਾ । ਲਾਧਾ—ਲੱਭ ਪੈਂਦਾ ਹੈ । ਗੁਰਮੁਖਿ—ਗੁਰੂ ਦੀ ਰਾਹੀਂ । ਗਵਾਧਾ—ਗਾਇਆ ਜਾਂਦਾ ਹੈ । ਰੈਨਿ—ਰਾਤ । ਕਰਮਿ—(ਪ੍ਰਭੂ ਦੀ) ਬਖ਼ਸ਼ਸ਼ ਨਾਲ । ਮਸਤਕਿ—ਮੱਥੇ ਉਤੇ । ਟਲਾਧਾ—ਟਾਲਿਆਂ । ਪੂਰਬਿ—ਪਹਿਲੇ ਸਮੇ ਵਿਚ ।

ਅਰਥ :—ਸਿਰਫ਼ ਅਪਹੁੰਚ ਤੇ ਅਥਾਹ ਹਰੀ-ਪਰਮਾਤਮਾ ਹੀ ਸਦਾ ਥਿਰ ਰਹਿਣ ਵਾਲਾ ਹੈ, ਉਸ ਹਰੀ ਦਾ ਨਾਮ-ਖ਼ਜ਼ਾਨਾ ਭੀ ਅਮੁੱਕ ਹੈ, ਨਾਮ ਸਿਮਰਿਆਂ ਪਰਮਾਤਮਾ ਲੱਭ ਪੈਂਦਾ ਹੈ । ਗੁਰੂ ਦੀ ਸਰਨ ਪੈ ਕੇ ਗਾਂਵਿਆ ਹੋਇਆ ਪਰਮਾਤਮਾ ਦੇ ਗੁਣਾਂ ਦਾ ਕੀਰਤਨ ਭੀ (ਐਸਾ ਖ਼ਜ਼ਾਨਾ ਹੈ ਜੋ) ਸਦਾ ਕਾਇਮ ਰਹਿੰਦਾ ਹੈ । ਦਿਨ ਰਾਤ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ, ਇਹੀ ਹੈ ਸਦਾ-ਥਿਰ ਧਰਮ ਤੇ ਇਹੀ ਹੈ ਸਦਾ ਕਾਇਮ ਰਹਿਣ ਵਾਲਾ ਤਪ । ਪਰ ਇਹ ਅਟੱਲ ਤਪ ਦਇਆ ਤੇ ਧਰਮ ਉਸੇ ਨੂੰ ਮਿਲਦਾ ਹੈ ਜਿਸ ਦੇ ਭਾਗਾਂ ਵਿਚ ਪ੍ਰਭੂ ਦੀ ਮੇਹਰ ਨਾਲ ਲਿਖਿਆ ਗਿਆ ਹੈ। ਮੱਥੇ ਉਤੇ ਲਿਖਿਆ ਹੋਇਆ ਇਹ ਲੇਖ ਐਸਾ ਹੈ ਕਿ ਕਿਸੇ ਦੇ ਟਾਲਿਆਂ ਟਲ ਨਹੀਂ ਸਕਦਾ ।

ਸਾਧ ਜਨਾਂ ਦੀ ਸੰਗਤਿ (ਭੀ ਮਨੁੱਖਾ ਜੀਵਨ ਵਾਸਤੇ ਇਕ) ਅਟੱਲ (ਰਸਤਾ)

ਹੈ, ਗੁਰੂ-ਸਾਧ ਦੇ ਬਚਨ ਭੀ (ਮਨੁੱਖ ਦੀ ਅਗਵਾਈ ਵਾਸਤੇ) ਅਟੱਲ (ਬੋਲ) ਹਨ। ਪੂਰਬਲੇ ਜਨਮ ਵਿਚ ਕੀਤੇ ਭਲੇ ਕਰਮਾਂ ਦਾ ਲੇਖ ਜਿੰਨ੍ਹਾਂ ਦੇ ਮੱਥੇ ਉਤੇ ਉੱਘੜਿਆ ਹੈ, ਉਹਨਾਂ ਨੇ ਸਦਾ ਹੀ (ਗੁਰੂ ਦੀ ਸ਼ਰਨ ਪੈ ਕੇ) ਪਰਮਾਤਮਾ ਦਾ ਸਿਮਰਨ ਕੀਤਾ ਹੈ ।੧੯।

ਸਲੋਕ ਡਖਣੇ ਮ: ੫ ॥ ਜੋ ਡੁਬੰਦੋ ਆਪਿ, ਸੋ ਤਰਾਏ ਕਿਨ੍ ਖੇ ॥ ਤਾਰੇਦੜੋ ਭੀ ਤਾਰਿ, ਨਾਨਕ ਪਿਰ ਸਿਉ ਰਤਿਆ ॥ ੧ ॥

ਪਦ ਅਰਥ :—ਕਿਨ੍ ਖੇ—ਕਿੰਨ੍ਹਾਂ ਨੂੰ ? ਤਾਰਿ—ਤਾਰੀ ਲਾਂਦੇ ਹਨ, ਤਰਦੇ ਹਨ।

ਅਰਥ :—ਜੇਹੜਾ ਮਨੁੱਖ ਆਪ ਹੀ (ਸੰਸਾਰ-ਸਮੁੰਦਰ ਦੇ ਵਿਕਾਰਾਂ ਦੀਆਂ ਲਹਰਾਂ ਵਿਚ) ਡੁੱਬ ਰਿਹਾ ਹੋਵੇ, ਉਹ ਹੋਰ ਕਿੰਨ੍ਹਾਂ ਨੂੰ ਤਾਰ ਸਕਦਾ ਹੈ ? ਹੇ ਨਾਨਕ ! ਜੋ ਮਨੁੱਖ ਪਤੀ-ਪਰਮਾਤਮਾ (ਦੇ ਪਿਆਰ) ਵਿਚ ਰੰਗੇ ਹੋਏ ਹਨ ਉਹ (ਇਹਨਾਂ ਠਿੱਲ੍ਹਾਂ ਵਿਚੋਂ) ਆਪ ਭੀ ਤਰ ਜਾਂਦੇ ਹਨ ਤੇ ਹੋਰਨਾਂ ਨੂੰ ਭੀ ਤਾਰ ਲੈਂਦੇ ਹਨ ।੧।

ਮ: ੫ ॥ ਜਿਥੈ ਕੋਇ ਕਥੰਨਿ, ਨਾਉ ਸੁਣੰਦੋ ਮਾ ਪਿਰੀ ॥ ਮੂੰ ਜੁਲਾਊਂ ਤਥਿ, ਨਾਨਕ ਪਿਰੀ ਪਸੰਦੋ ਹਰਿਓ ਥੀਓਸਿ ॥ ੨ ॥

ਪਦ ਅਰਥ :—ਕਥੰਨਿ—ਕਥਦੇ ਹਨ, ਉਚਾਰਦੇ ਹਨ। ਮਾ ਪਿਰੀ—ਮੇਰੇ ਪਿਰ ਦਾ। ਮੂੰ—ਮੈਂ। ਜੁਲਾਊਂ—ਮੈਂ ਜਾਵਾਂ। ਤਥਿ—ਤਿੱਥੇ, ਉਥੇ। ਪਿਰੀ ਪਸੰਦੋ—ਪਿਰ ਨੂੰ ਵੇਖ ਕੇ। ਥੀਓਸਿ—ਹੋ ਜਾਈਦਾ ਹੈ।

ਅਰਥ :—ਜਿਸ ਥਾਂ (ਭਾਵ, ਸਾਧ ਸੰਗਤਿ ਵਿਚ) ਕੋਈ (ਗੁਰਮੁਖ ਬੰਦੇ) ਮੇਰੇ ਪਤੀ-ਪ੍ਰਭੂ ਦਾ ਨਾਮ ਸੁਣਦੇ ਉਚਾਰਦੇ ਹੋਣ, ਮੈਂ ਭੀ ਉਥੇ (ਚੱਲ ਕੇ) ਜਾਵਾਂ। (ਕਿਉਂਕਿ) ਹੇ ਨਾਨਕ ! (ਸਾਧ ਸੰਗਤਿ ਵਿਚ) ਪਿਰ ਦਾ ਦੀਦਾਰ ਕਰ ਕੇ (ਆਪਾ) ਹਰਾ ਹੋ ਜਾਂਦਾ ਹੈ (ਆਤਮਕ ਜੀਵਨ ਮਿਲ ਜਾਂਦਾ ਹੈ) ।੨।

ਮ: ੫ ॥ ਮੇਰੀ ਮੇਰੀ ਕਿਆ ਕਰਹਿ, ਪੁਤ੍ਰ ਕਲਤ੍ਰ ਸਨੇਹ ॥ ਨਾਨਕ ਨਾਮ ਵਿਹੂਣੀਆ, ਨਿਮੁਣੀਆਦੀ ਦੇਹ ॥ ੩ ॥

ਪਦ ਅਰਥ :—ਕਲਤ੍ਰ—ਇਸਤ੍ਰੀ। ਸਨੇਹ—ਪਿਆਰ, ਮੋਹ। ਨਿਮੁਣੀਆਦੀ—ਬੇ-ਬੁਨਿਆਦੀ, ਜਿਸ ਦੀ ਨੀਂਹ ਨਹੀਂ ਹੈ, ਵਿਅਰਥ ਜਾਣ ਵਾਲੀ। ਦੇਹ—ਕਾਇਆਂ, ਸਰੀਰ।

ਅਰਥ :—ਮੋਹ ਵਿਚ ਫਸ ਕੇ ਤੂੰ ਕਿਉਂ ਇਹ ਆਖੀ ਜਾ ਰਿਹਾ ਹੈਂ ਕਿ ਇਹ ਮੇਰੀ ਇਸਤ੍ਰੀ ਹੈ ਇਹ ਮੇਰਾ ਪੁੱਤਰ ਹੈ ? ਹੇ ਨਾਨਕ ! (ਮੋਹ ਵਿਚ ਫਸ ਕੇ) ਪ੍ਰਭੂ ਦੇ ਨਾਮ ਤੋਂ ਸੱਖਣਾ ਰਹਿ ਕੇ ਇਹ ਸਰੀਰ ਜਿਸ ਦੀ ਪਾਂਇਆਂ ਕੋਈ ਨਹੀਂ (ਵਿਅਰਥ

ਚਲਾ ਜਾਇਗਾ) ।੩।

ਪਉੜੀ ॥ ਨੈਨੀ ਦੇਖਉ ਗੁਰ ਦਰਸਨੋ ਗੁਰ ਚਰਣੀ ਮਥਾ ॥ ਪੈਰੀ ਮਾਰਗਿ ਗੁਰ ਚਲਦਾ ਪਖਾ ਫੇਰੀ ਹਥਾ॥ ਅਕਾਲ ਮੂਰਤਿ ਰਿਦੈ ਧਿਆਇਦਾ ਦਿਨੁ ਰੈਨਿ ਜਪੰਥਾ ॥ ਮੈ ਛਡਿਆ ਸਗਲ ਅਪਾਇਣੋ ਭਰਵਾਸੈ ਗੁਰ ਸਮਰਥਾ ॥ ਗੁਰਿ ਬਖਸਿਆ ਨਾਮੁ ਨਿਧਾਨੁ ਸਭੋ ਦੁਖੁ ਲਥਾ ॥ ਭੋਗਹੁ ਭੁੰਚਹੁ ਭਾਈਹੋ ਪਲੈ ਨਾਮੁ ਅਗਥਾ ॥ ਨਾਮੁ ਦਾਨੁ ਇਸਨਾਨੁ ਦਿੜੁ ਸਦਾ ਕਰਹੁ ਗੁਰ ਕਥਾ ॥ ਸਹਜੁ ਭਇਆ ਪ੍ਰਭੁ ਪਾਇਆ ਜਮ ਕਾ ਭਉ ਲਥਾ ॥੨੦॥

ਪਦ ਅਰਥ :—ਨੈਨੀ—ਨੈਨੀਂ, ਅੱਖਾਂ ਨਾਲ । ਦੇਖਉ—ਦੇਖਉਂ, ਮੈਂ ਵੇਖਦਾ ਹਾਂ । ਪੈਰੀ—ਪੈਰੀਂ, ਪੈਰਾਂ ਨਾਲ । ਮਾਰਗਿ—ਰਸਤੇ ਉਤੇ । ਫੇਰੀ-ਫੇਰੀਂ, ਮੈਂ ਫੇਰਦਾ ਹਾਂ। ਅਪਾਇਣੋ—ਆਪਾ-ਭਾਵ, ਅਪਣੱਤ । ਭਰਵਾਸੈ ਗੁਰ—ਗੁਰੂ ਦੇ ਆਸਰੇ ਹੋ ਕੇ । ਗੁਰਿ—ਗੁਰੂ ਨੇ । ਨਿਧਾਨੁ—ਖ਼ਜ਼ਾਨਾ । ਭਾਈਹੋ—ਹੇ ਭਰਾਵੋ ! ਭੁੰਚਹੁ—ਖਾਵਹੁ । ਅਗਥਾ—ਅਕੱਥ ਪ੍ਰਭੂ ਦਾ । ਪਲੈ—ਪੱਲੇ (ਬੰਨ੍ਹੋ), ਇਕੱਠਾ ਕਰੋ । ਦਾਨੁ—ਸੇਵਾ । ਇਸਨਾਨੁ—(ਆਚਰਨ ਦੀ) ਪਵਿੱਤ੍ਰਤਾ । ਸਹਜੁ—ਅਡੋਲਤਾ ।

ਅਰਥ :—ਮੈਂ ਅੱਖਾਂ ਨਾਲ ਗੁਰੂ ਦਾ ਦਰਸਨ ਕਰਦਾ ਹਾਂ, ਆਪਣਾ ਮੱਥਾ ਗੁਰੂ ਦੇ ਚਰਨਾਂ ਵਿਚ ਧਰਦਾ ਹਾਂ, ਪੈਰਾਂ ਨਾਲ ਮੈਂ ਗੁਰੂ ਦੇ ਦੱਸੇ ਰਸਤੇ ਉਤੇ ਤੁਰਦਾ ਹਾਂ, ਹੱਥਾਂ ਨਾਲ ਮੈਂ (ਗੁਰੂ ਨੂੰ ਸੰਗਤਿ ਨੂੰ) ਪੱਖਾ ਝੱਲਦਾ ਹਾਂ । (ਇਸ ਸੰਜਮ ਵਿਚ ਰਹਿ ਕੇ) ਮੈਂ ਪਰਮਾਤਮਾ ਦਾ ਸਰੂਪ ਆਪਣੇ ਹਿਰਦੇ ਵਿਚ ਟਿਕਾਂਦਾ ਹਾਂ ਤੇ ਦਿਨ ਰਾਤ (ਉਸ ਦਾ ਨਾਮ) ਜਪਦਾ ਹਾਂ ।

ਸਭ ਤਾਕਤਾਂ ਦੇ ਮਾਲਕ ਗੁਰੂ ਵਿਚ ਸਰਧਾ ਧਾਰ ਕੇ ਮੈਂ (ਮਾਇਆ ਵਾਲੀ) ਸਾਰੀ ਅਪਣੱਤ ਦੂਰ ਕਰ ਲਈ ਹੈ ।

ਗੁਰੂ ਨੇ ਮੈਨੂੰ ਪ੍ਰਭੂ ਦਾ ਨਾਮ-ਖ਼ਜ਼ਾਨਾ ਦਿੱਤਾ ਹੈ, (ਹੁਣ) ਮੇਰਾ ਸਾਰਾ ਦੁੱਖ-ਕਲੇਸ਼ ਲਹਿ ਗਿਆ ਹੈ । ਹੇ ਭਰਾਵੋ ! (ਤੁਸੀ ਭੀ) ਅਕੱਥ ਪ੍ਰਭੂ ਦੇ ਨਾਮ-ਖ਼ਜ਼ਾਨੇ ਨੂੰ (ਖੁਲ੍ਹੇ ਦਿਲ) ਵਰਤੋ, ਤੇ ਇਕੱਠਾ ਕਰੋ । ਸਦਾ ਗੁਰੂ ਦੀਆਂ ਕਹਾਣੀਆਂ ਕਰੋ, ਨਾਮ ਜਪੋ, ਸੇਵਾ ਕਰੋ ਤੇ ਆਪਣਾ ਆਚਰਨ ਪਵਿੱਤ੍ਰ ਬਣਾਓ । (ਇਸ ਤਰ੍ਹਾਂ ਜਦੋਂ) ਮਨ ਦੀ ਅਡੋਲਤਾ ਬਣ ਜਾਂਦੀ ਹੈ, ਤਾਂ ਰੱਬ ਮਿਲ ਪੈਂਦਾ ਹੈ, (ਫਿਰ) ਮੌਤ ਦਾ ਡਰ ਭੀ ਦੂਰ ਹੋ ਜਾਂਦਾ ਹੈ (ਆਤਮਕ ਮੌਤ ਨੇੜੇ ਨਹੀਂ ਢੁਕ ਸਕਦੀ) ।੨੦।

ਸਲੋਕ ਡਖਣੇ ਮਃ ੫ ॥ ਲਗੜੀਆ ਪਿਰੀਅੰਨਿ, ਪੇਖੰਦੀਆ ਨਾ

ਤ੍ਰਿਪੀਆ ॥ ਹਭ ਮਝਾਹੂ ਸੋ ਧਣੀ, ਬਿਆ ਨ ਡਿਠੋ ਕੋਇ ॥ ੧ ॥

ਪਦ ਅਰਥ :—ਪਿਰੀਅੰਨਿ—ਪਿਰ ਨਾਲ । ਤ੍ਰਿਪੀਆ—ਰੱਜੀਆਂ । ਹਭ ਮਝਾਹੂ—ਸਭਨਾਂ ਵਿਚ । ਬਿਆ—ਦੂਸਰਾ ।

ਅਰਥ :—(ਮੇਰੀਆਂ ਅੱਖਾਂ) ਪਤੀ-ਪ੍ਰਭੂ ਨਾਲ ਲੱਗ ਗਈਆਂ ਹਨ (ਹੁਣ ਇਹ ਅੱਖਾਂ ਉਸ ਨੂੰ) ਵੇਖ ਵੇਖ ਕੇ ਰੱਜਦੀਆਂ ਨਹੀਂ (ਅੱਕਦੀਆਂ ਨਹੀਂ) । ਉਹ ਮਾਲਕ-ਪ੍ਰਭੂ (ਹੁਣ ਮੈਨੂੰ) ਸਭਨਾਂ ਵਿਚ (ਦਿੱਸ ਰਿਹਾ ਹੈ), (ਮੈਂ ਕਿਤੇ ਭੀ ਉਸ ਤੋਂ ਬਿਨਾ ਉਸ ਵਰਗਾ) ਕੋਈ ਦੂਜਾ ਨਹੀਂ ਵੇਖਿਆ । ੧ ।

ਮ: ੫ ॥ ਕਥੜੀਆ ਸੰਤਾਹ, ਤੇ ਸੁਖਾਊ ਪੰਧੀਆ ॥ ਨਾਨਕ ਲਧੜੀਆ ਤਿੰਨਾਹ, ਜਿਨਾ ਭਾਗੁ ਮਥਾਹੜੈ ॥ ੨ ॥

ਪਦ ਅਰਥ :—ਕਥੜੀਆ—ਕਥਾ-ਕਹਾਣੀਆਂ, ਉਪਦੇਸ਼ ਦੇ ਬਚਨ । ਪੰਧੀਆ—ਰਸਤਾ । ਸੁਖਾਊ—ਸੁਖ ਦੇਣ ਵਾਲੇ । ਮਥਾਹੜੈ—ਮੱਥੇ ਉਤੇ । ਤਿੰਨਾਹ—ਉਹਨਾਂ ਨੂੰ ।

ਅਰਥ :—ਸੰਤ ਜਨਾਂ ਦੇ ਉਪਦੇਸ਼-ਮਈ ਬਚਨ ਸੁਖ ਵਿਖਾਲਣ ਵਾਲਾ ਰਸਤਾ ਹਨ; (ਪਰ) ਹੇ ਨਾਨਕ ! ਇਹ ਬਚਨ ਉਹਨਾਂ ਨੂੰ ਹੀ ਮਿਲਦੇ ਹਨ ਜਿੰਨ੍ਹਾਂ ਦੇ ਮੱਥੇ ਉਤੇ (ਪੂਰਬਲੇ ਭਲੇ ਕਰਮਾਂ ਦਾ) ਭਾਗ (ਉੱਘੜਦਾ ਹੈ) । ੨ ।

ਮ: ੫ ॥ ਡੂੰਗਰਿ ਜਲਾ ਥਲਾ, ਭੂਮਿ ਬਨਾ ਫਲ ਕੰਦਰਾ ॥ ਪਾਤਾਲਾ ਆਕਾਸ, ਪੂਰਨੁ ਹਭ ਘਟਾ ॥ ਨਾਨਕ ਪੇਖਿ ਜੀਓ, ਇਕਤੁ ਸੂਤਿ ਪਰੋਤੀਆ ॥ ੩ ॥

ਪਦ ਅਰਥ :—ਡੂੰਗਰਿ—ਡੂੰਗਰ ਵਿਚ, ਪਹਾੜ ਵਿਚ । ਬਨਾ—ਜੰਗਲਾਂ ਵਿਚ । ਜਲਾ—ਪਾਣੀਆਂ ਵਿਚ । ਥਲਾ—ਰੇਤਲੇ ਥਾਵਾਂ ਵਿਚ । ਕੰਦਰਾ—ਗੁਫ਼ਾਂ ਵਿਚ । ਪੂਰਨੁ—ਵਿਆਪਕ । ਪੇਖਿ—ਵੇਖ ਕੇ । ਜੀਓ—ਮੈਂ ਜੀਊਂਦਾ ਹਾਂ, ਮੇਰੇ ਅੰਦਰ ਜਿੰਦ ਪੈਂਦੀ ਹੈ, ਮੈਨੂੰ ਆਤਮਕ ਜੀਵਨ ਮਿਲਦਾ ਹੈ । ਇਕਤੁ—ਇੱਕ ਵਿਚ । ਸੂਤਿ—ਸੂਤ ਵਿਚ ।

ਅਰਥ :—ਪਹਾੜਾਂ ਵਿਚ, ਸਮੁੰਦਰਾਂ ਵਿਚ, ਰੇਤਲੇ ਥਾਵਾਂ ਵਿਚ, ਧਰਤੀ ਵਿਚ, ਜੰਗਲਾਂ ਵਿਚ, ਫਲਾਂ ਵਿਚ, ਗੁਫ਼ਾਂ ਵਿਚ, ਪਾਤਾਲ ਆਕਾਸ ਵਿਚ—ਸਾਰੇ ਹੀ ਸਰੀਰਾਂ ਵਿਚ (ਪਰਮਾਤਮਾ) ਵਿਆਪਕ ਹੈ।

ਹੇ ਨਾਨਕ ! ਜਿਸ ਪ੍ਰਭੂ ਨੇ (ਸਾਰੀ ਹੀ ਰਚਨਾ ਨੂੰ) ਇੱਕੋ ਧਾਗੇ ਵਿਚ (ਭਾਵ, ਹੁਕਮ ਵਿਚ, ਮਰਯਾਦਾ ਵਿਚ) ਪ੍ਰੋ ਰੱਖਿਆ ਹੈ ਉਸ ਨੂੰ ਵੇਖ ਵੇਖ ਕੇ ਮੈਨੂੰ ਆਤਮਕ ਜੀਵਨ ਮਿਲਦਾ ਹੈ । ੩ ।

ਪਉੜੀ ॥ ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ

॥ ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥ ਸਹਜੇ ਸਹਜਿ ਖਿਲਾਇੰਦਾ ਨਹੀ ਕਰਦਾ ਆਲਕ ॥ ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥ ਮੁਹਿ ਮੰਗਾਂ ਸੋਈ ਦੇਵਦਾ ਹਰਿ ਪਿਤਾ ਸੁਖਦਾਇਕ ॥ ਗਿਆਨੁ ਰਾਸਿ ਨਾਮੁ ਧਨੁ ਸਉਪਿਓਨੁ ਇਸੁ ਸਉਦੇ ਲਾਇਕ ॥ ਸਾਝੀ ਗੁਰ ਨਾਲਿ ਬਹਾਲਿਆ ਸਰਬ ਸੁਖ ਪਾਇਕ ॥ ਮੈ ਨਾਲਹੁ ਕਦੇ ਨ ਵਿਛੁੜੈ ਹਰਿ ਪਿਤਾ ਸਭਨਾ ਗਲਾ ਲਾਇਕ ॥ ੨੧ ॥

ਪਦ ਅਰਥ :–ਸਾਰ–ਸੰਭਾਲ । ਸਹਜਿ–ਸਹਜ ਅਵਸਥਾ ਵਿਚ, ਆਤਮਕ ਅਡੋਲਤਾ ਵਿਚ । ਆਲਕ–ਆਲਸ । ਕੋ–ਕੋਈ । ਸੇਤੀ–ਨਾਲ । ਲਾਇਕ–ਲਾ ਲੈਂਦਾ ਹੈ । ਮੰਗਾਂ–ਮੈਂ ਮੰਗਦਾ ਹਾਂ । ਸੁਖਦਾਇਕ–ਸੁਖ ਦੇਣ ਵਾਲਾ । ਸਉਪਿਓਨੁ–ਉਸ (ਪ੍ਰਭੂ) ਨੇ ਸੌਂਪਿਆ ਹੈ । ਸਾਝੀ–ਭਾਈਵਾਲ । ਪਾਇਕ–ਸੇਵਕ । ਮੈ ਨਾਲਹੁ–ਮੇਰੇ ਨਾਲੋਂ । ਲਾਇਕ–ਸਮਰੱਥ ।

ਅਰਥ :–ਪਰਮਾਤਮਾ ਮੇਰਾ ਮਾਤਾ ਪਿਤਾ ਹੈ (ਮਾਪਿਆਂ ਵਾਂਗ ਮੈਨੂੰ) ਪਾਲਣ ਵਾਲਾ ਹੈ । ਪ੍ਰਭੂ ਮੇਰੀ ਸੰਭਾਲ ਕਰਦਾ ਹੈ, ਅਸੀ ਪ੍ਰਭੂ ਦੇ ਬੱਚੇ ਹਾਂ । ਮੈਨੂੰ ਮੇਰਾ ਹਰੀ ਅਡੋਲ ਅਵਸਥਾ ਵਿਚ ਟਿਕਾ ਕੇ ਜੀਵਨ-ਖੇਡ ਖਿਡਾ ਰਿਹਾ ਹੈ, (ਇਸ ਗੱਲੋਂ ਰਤਾ ਭੀ) ਆਲਸ ਨਹੀਂ ਕਰਦਾ । ਮੇਰੇ ਕਿਸੇ ਔਗਣ ਨੂੰ ਚੇਤੇ ਨਹੀਂ ਰੱਖਦਾ, (ਸਦਾ) ਆਪਣੇ ਗਲ ਨਾਲ (ਮੈਨੂੰ) ਲਾਈ ਰੱਖਦਾ ਹੈ । ਜੋ ਕੁਝ ਮੈਂ ਮੂੰਹੋਂ ਮੰਗਦਾ ਹਾਂ, ਮੇਰਾ ਸੁਖ-ਦਾਈ ਪਿਤਾ-ਪ੍ਰਭੂ ਉਹੀ ਉਹੀ ਦੇ ਦੇਂਦਾ ਹੈ ।

ਉਸ ਪ੍ਰਭੂ ਨੇ ਮੈਨੂੰ ਆਪਣੇ ਨਾਲ ਜਾਣ-ਪਛਾਣ ਦੀ ਪੂੰਜੀ ਆਪਣਾ ਨਾਮ-ਧਨ ਸੌਂਪ ਦਿੱਤਾ ਹੈ, ਤੇ ਮੈਨੂੰ ਇਹ ਸੌਦਾ ਵਿਹਾਝਣ ਦੇ ਲਾਇਕ ਬਣਾ ਦਿੱਤਾ ਹੈ । ਪ੍ਰਭੂ ਨੇ ਮੈਨੂੰ ਸਤਿਗੁਰੂ ਦੇ ਨਾਲ ਭਾਈਵਾਲ ਬਣਾ ਦਿੱਤਾ ਹੈ, (ਹੁਣ) ਸਾਰੇ ਸੁਖ ਮੇਰੇ ਦਾਸ ਬਣ ਗਏ ਹਨ ।

ਮੇਰਾ ਪਿਤਾ-ਪ੍ਰਭੂ ਕਦੇ ਭੀ ਮੇਰੇ ਨਾਲੋਂ ਵਿਛੁੜਦਾ ਨਹੀਂ, ਸਾਰੀਆਂ ਗੱਲਾਂ ਕਰਨ ਦੇ ਸਮਰੱਥ ਹੈ । ੨੧ ।

ਸਲੋਕ ਡਖਣੇ ਮ: ੫ ॥ ਨਾਨਕ ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ ॥ ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ ॥ ੧ ॥

ਪਦ ਅਰਥ :–ਕਚੜਿਆ ਸਿਉ–ਉਹਨਾਂ ਨਾਲੋਂ ਜਿੰਨ੍ਹਾਂ ਦੀ ਪ੍ਰੀਤ ਕੱਚੀ ਹੈ [ਨੋਟ ! ਜਿੰਨ੍ਹਾਂ ਨਾਲ ਪ੍ਰੀਤ ਸਿਰਫ ਮਾਇਆ ਦੇ ਸੰਬੰਧ ਕਰਕੇ ਹੁੰਦੀ ਹੈ, ਉਹ ਸਦਾ ਕਾਇਮ

ਨਹੀਂ ਰਹਿ ਸਕਦੀ। ਜਾਇਦਾਦ ਦੀ ਵੰਡ ਤੋਂ ਜਾਂ ਕਈ ਹੋਰ ਸੁਆਰਥਾਂ ਦੇ ਕਾਰਨ ਫਿੱਕ ਪੈ ਜਾਂਦੀ ਹੈ]। ਓਇ ਵਿਛੁੜਹਿ—ਮਾਇਆ ਦੇ ਆਸਰੇ ਬਣੇ ਹੋਏ ਸਾਕ-ਸੈਣ ਪ੍ਰੀਤ ਤੋੜ ਲੈਂਦੇ ਹਨ।

ਅਰਥ :—ਹੇ ਨਾਨਕ ! (ਮਾਇਆ ਦੇ ਆਸਰੇ ਪ੍ਰੀਤ ਪਾਣ ਵਾਲਿਆਂ ਦੀ ਪ੍ਰੀਤ ਦੀ ਗੰਢ ਪੱਕੀ ਨਹੀਂ ਹੁੰਦੀ, ਸੋ) ਉਹਨਾਂ ਨਾਲੋਂ ਪ੍ਰੀਤ ਤੋੜ ਲੈ ਜਿੰਨ੍ਹਾਂ ਦੀ ਪ੍ਰੀਤ ਕੱਚੀ ਹੈ (ਉਹਨਾਂ ਨੂੰ ਸਦਾ ਨਿਭਣ ਵਾਲੇ ਸਾਥੀ ਨਾਹ ਸਮਝ)। ਗੁਰਮੁਖਾਂ ਦੀ, ਸੰਤ ਜਨਾਂ ਦੀ ਭਾਲ ਕਰ, ਉਹਨਾਂ ਦੀ ਪ੍ਰੀਤ ਪੱਕੀ ਹੁੰਦੀ ਹੈ (ਕਿਉਂਕਿ ਉਹਨਾਂ) ਨੂੰ ਕੋਈ ਸੁਆਰਥ ਨਹੀਂ ਹੁੰਦਾ। ਸੁਆਰਥੀ ਤਾਂ ਜੀਊਂਦਿਆਂ ਹੀ (ਦਿਲੋਂ) ਵਿੱਛੁੜੇ ਰਹਿੰਦੇ ਹਨ, ਪਰ ਗੁਰਮੁਖ ਸਤਸੰਗੀ ਮਰਨ ਤੇ ਭੀ ਸਾਥ ਨਹੀਂ ਛੱਡਦੇ (ਪ੍ਰਭੂ-ਪਿਆਰ ਦੀ ਦਾਤਿ ਲਈ ਅਰਦਾਸ ਕਰਦੇ ਹਨ)।

ਮः ੫ ॥ ਨਾਨਕ ਬਿਜੁਲੀਆ ਚਮਕੰਨਿ, ਘੁਰਨਿ ਘਟਾ ਅਤਿ ਕਾਲੀਆ ॥ ਬਰਸਨਿ ਮੇਘ ਅਪਾਰ, ਨਾਨਕ ਸੰਗਮਿ ਪਿਰੀ ਸੁਹੰਦੀਆ ॥ ੨ ॥

ਪਦ ਅਰਥ :—ਘੁਰਨਿ—ਘੁਰ-ਘੁਰ ਕਰਦੀਆਂ ਹਨ, ਗੜ੍ਹਕਦੀਆਂ ਹਨ, ਗੱਜਦੀਆਂ ਹਨ। ਅਤਿ ਕਾਲੀਆ—ਗੂੜ੍ਹੇ ਕਾਲੇ ਰੰਗ ਵਾਲੀਆਂ। ਮੇਘ—ਬੱਦਲ। ਸੰਗਮਿ—ਮਿਲਾਪ ਵਿਚ। ਸੁਹੰਦੀਆਂ—ਸੋਹਣੀਆਂ ਲੱਗਦੀਆਂ ਹਨ।

ਅਰਥ :—ਹੇ ਨਾਨਕ ! (ਸਾਵਣ ਦੀ ਰੁੱਤੇ ਜਦੋਂ) ਬੱਦਲਾਂ ਦੀਆਂ ਗੂੜ੍ਹੀਆਂ ਕਾਲੀਆਂ ਘਟਾਵਾਂ ਗੱਜਦੀਆਂ ਹਨ, (ਉਹਨਾਂ ਵਿਚ) ਬਿਜਲੀਆਂ ਚਮਕਦੀਆਂ ਹਨ, ਤੇ ਬੱਦਲ ਮੁਹਲੇ-ਧਾਰ ਵਰ੍ਹਦੇ ਹਨ (ਤਦੋਂ ਕੈਸਾ ਸੁਹਾਵਣਾ ਸਮਾ ਹੁੰਦਾ ਹੈ); ਪਰ ਇਹ ਕਾਲੀਆਂ ਘਟਾਵਾਂ (ਇਸਤ੍ਰੀ ਨੂੰ) ਪਤੀ ਦੇ ਮਿਲਾਪ ਵਿਚ ਹੀ ਸੋਹਣੀਆਂ ਲੱਗਦੀਆਂ ਹਨ। ੨।

ਮः ੫॥ ਜਲ ਥਲ ਨੀਰਿ ਭਰੇ, ਸੀਤਲ ਪਵਣ ਝੁਲਾਰਦੇ॥ ਸੇਜੜੀਆ ਸੋਇੰਨ, ਹੀਰੇ ਲਾਲ ਜੜੰਦੀਆ ॥ ਸੁਭਰ ਕਪੜ ਭੋਗ, ਨਾਨਕ ਪਿਰੀ ਵਿਹੂਣੀ ਤਤੀਆ ॥ ੩ ॥

ਪਦ ਅਰਥ :—ਨੀਰਿ—ਪਾਣੀ ਨਾਲ। ਜਲ ਥਲ—ਨਦੀਆਂ ਤੇ ਮਦਾਨ, ਟੋਏ-ਟਿੱਬੇ। ਸੀਤਲ ਪਵਣ—ਠੰਢੀਆਂ ਹਵਾਵਾਂ। ਝੁਲਾਰਦੇ—ਵਗਦੀਆਂ ਹੋਣ। ਸੋਇੰਨ—ਸੋਨੇ ਦੀਆਂ। ਸੁਭਰ ਕਪੜ—ਸਗਨਾਂ ਦੇ ਸਾਲੂ।

ਅਰਥ :—ਹੇ ਨਾਨਕ ! (ਜੇਠ ਹਾੜ ਦੀਆਂ ਲੋਆਂ ਪਿਛੋਂ ਵਰਖਾ ਰੁੱਤੇ) ਟੋਏ-ਟਿੱਬੇ

(ਮੀਂਹ ਦੇ) ਪਾਣੀ ਨਾਲ ਭਰੇ ਹੋਏ ਹੋਣ, ਠੰਢੀਆਂ ਹਵਾਵਾਂ ਵਗਦੀਆਂ ਹੋਣ, ਸੋਨੇ ਦਾ ਪਲੰਘ ਹੋਵੇ ਜਿਸ ਵਿਚ ਹੀਰੇ ਲਾਲ ਜੜੇ ਹੋਏ ਹੋਣ, ਸਗਨਾਂ ਦੇ ਸਾਲੂ ਪਹਿਨਣ ਨੂੰ ਹੋਣ, (ਪਰ ਜੇ ਇਸਤ੍ਰੀ ਨੂੰ ਆਪਣੇ) ਪਤੀ ਤੋਂ ਵਿਛੋੜਾ ਹੈ ਤਾਂ (ਇਹ ਸਾਰੇ ਸੁਹਾਵਣੇ ਪਦਾਰਥ ਹਿਰਦੇ ਨੂੰ ਠੰਢ ਪੁਚਾਣ ਦੇ ਥਾਂ) ਸੜਨ ਪੈਦਾ ਕਰਦੇ ਹਨ । ੩ ।

ਪਉੜੀ ॥ ਕਾਰਣੁ ਕਰਤੇ ਜੋ ਕੀਆ ਸੋਈ ਹੈ ਕਰਣਾ ॥ ਜੇ ਸਉ ਧਾਵਹਿ ਪ੍ਰਾਣੀਆ ਪਾਵਹਿ ਧੁਰਿ ਲਹਣਾ ॥ ਬਿਨੁ ਕਰਮਾ ਕਿਛੂ ਨ ਲਭਈ ਜੇ ਫਿਰਹਿ ਸਭ ਧਰਣਾ ॥ ਗੁਰ ਮਿਲਿ ਭਉ ਗੋਵਿੰਦ ਕਾ ਭੈ ਡਰੁ ਦੂਰਿ ਕਰਣਾ ॥ ਭੈ ਤੇ ਬੈਰਾਗੁ ਊਪਜੈ ਹਰਿ ਖੋਜਤ ਫਿਰਣਾ ॥ ਖੋਜਤ ਖੋਜਤ ਸਹਜੁ ਉਪਜਿਆ ਫਿਰਿ ਜਨਮਿ ਨ ਮਰਣਾ ॥ ਹਿਆਇ ਕਮਾਇ ਧਿਆਇਆ ਪਾਇਆ ਸਾਧ ਸਰਣਾ ॥ ਬੋਹਿਥੁ ਨਾਨਕ ਦੇਉ ਗੁਰੁ, ਜਿਸੁ ਹਰਿ ਚੜਾਏ, ਤਿਸੁ ਭਉਜਲੁ ਤਰਣਾ ॥ ੨੨ ॥

ਪਦ ਅਰਥ :—ਕਾਰਣੁ—ਸਬਬ । ਕਰਤੈ—ਕਰਤਾਰ ਨੇ । ਹੈ ਕਰਣਾ—(ਸੁਬਬ) ਬਣਨਾ ਹੈ । ਸਉ—ਸੈਂਕੜੇ ਵਾਰੀ । ਧਾਵਹਿ—ਤੂੰ ਦੌੜੇਂ । ਧੁਰਿ—(ਜੋ) ਧੁਰੋਂ (ਤੇਰੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਨੇ ਲਿਖਿਆ ਹੈ) ।ਕਰਮਾ—ਕਰਮ, ਮੇਹਰ । ਧਰਣਾ—ਧਰਤੀ । ਭੈ ਡਰੁ—(ਦੁਨੀਆਂ ਦੇ) ਡਰਾਂ ਦਾ ਸਹਮ । ਭੈ—ਡਰਾਂ ਦਾ। ਭੈ ਤੇ—(ਪ੍ਰਭੂ ਦੇ) ਡਰ ਤੋਂ । ਸਹਜੁ —ਅਡੋਲ ਅਵਸਥਾ । ਹਿਆਇ—ਹਿਰਦੇ ਵਿਚ । ਬੋਹਿਥੁ—ਜਹਾਜ਼ ।

ਅਰਥ :—ਹੇ ਪ੍ਰਾਣੀ ! ਜੋ ਸਬੱਬ ਕਰਤਾਰ ਨੇ ਬਣਾਇਆ ਹੈ ਉਹੀ ਬਣਨਾ ਹੈ । ਜੇ ਤੂੰ ਸੈਂਕੜੇ ਵਾਰੀ ਦੌੜਦਾ ਫਿਰੇਂ, ਜੋ ਧੁਰੋਂ (ਤੇਰੇ ਕੀਤੇ ਕਰਮਾਂ ਅਨੁਸਾਰ) ਲਹਣਾ (ਲਿਖਿਆ) ਹੈ ਉਹੀ ਪ੍ਰਾਪਤ ਕਰੇਂਗਾ । ਸਾਰੀ ਧਰਤੀ ਉਤੇ ਭੀ ਜੇ ਭਟਕਦਾ ਫਿਰੇਂ, ਤਾਂ ਭੀ ਪ੍ਰਭੂ ਦੀ ਮੇਹਰ ਤੋਂ ਬਿਨਾ ਕੁਝ ਨਹੀਂ ਮਿਲੇਗਾ (ਇਸ ਵਾਸਤੇ ਉਸ ਦੀ ਮੇਹਰ ਦਾ ਪਾਤਰ ਬਣ) ।

ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ ਪਰਮਾਤਮਾ ਦਾ ਡਰ (ਹਿਰਦੇ ਵਿਚ ਵਸਾਇਆ ਹੈ), ਪ੍ਰਭੂ ਨੇ ਉਸ ਦਾ ਦੁਨੀਆਵੀ ਡਰਾਂ ਦਾ ਸਹਮ ਦੂਰ ਕਰ ਦਿੱਤਾ ਹੈ । ਪਰਮਾਤਮਾ ਦੇ ਡਰ ਤੋਂ ਹੀ ਦੁਨੀਆ ਵਲੋਂ ਵੈਰਾਗ ਪੈਦਾ ਹੁੰਦਾ ਹੈ, ਮਨੁੱਖ ਪ੍ਰਭੂ ਦੀ ਖੋਜ ਵਿਚ ਲੱਗ ਜਾਂਦਾ ਹੈ । ਪਰਮਾਤਮਾ ਦੀ ਖੋਜ ਕਰਦਿਆਂ ਕਰਦਿਆਂ (ਮਨੁੱਖ ਦੇ ਅੰਦਰ) ਆਤਮਕ ਅਡੋਲਤਾ ਪੈਦਾ ਹੋ ਜਾਂਦੀ ਹੈ, ਅਤੇ ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ । ਜਿਸ ਨੂੰ ਗੁਰੂ ਦੀ ਸਰਨ ਪ੍ਰਾਪਤ ਹੋ ਗਈ, ਉਸ ਨੇ ਹਿਰਦੇ ਵਿਚ ਨਾਮ ਸਿਮਰਿਆ ਨਾਮ ਦੀ ਕਮਾਈ ਕੀਤੀ ।

(ਹੇ ਪ੍ਰਾਣੀ !) ਗੁਰੂ ਨਾਨਕ ਦੇਵ (ਆਤਮਕ) ਜਹਾਜ਼ ਹੈ, ਹਰੀ ਨੇ ਜਿਸ ਨੂੰ ਇਸ ਜਹਾਜ਼ ਵਿਚ ਬਿਠਾ ਦਿੱਤਾ, ਉਸ ਨੇ ਸੰਸਾਰ-ਸਮੁੰਦਰ ਨੂੰ ਤਰ ਲਿਆ । ੨੨ ।

ਸਲੋਕ ਮ: ੫ ॥ ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥ ੧ ॥

ਨੋਟ ! ਇਸ ਸਲੋਕ ਵਿਚ ਗੁਰੂ ਅਰਜਨ ਸਾਹਿਬ ਪਰਮਾਤਮਾ ਵਲੋਂ ਹਰੇਕ ਪ੍ਰਾਣੀ ਨੂੰ ਸਨੇਹਾ ਦੇਂਦੇ ਹਨ ਕਿ ਉਸ ਦੇ ਨੇੜੇ ਉਹੀ ਹੋ ਸਕਦਾ ਹੈ ਜਿਸ ਨੇ ਹਉਮੈ ਤਿਆਗੀ ਹੈ ਤੇ ਨਿਮ੍ਰਤਾ ਧਾਰੀ ਹੈ ।

ਪਦ ਅਰਥ :—ਮਰਣੁ—ਮੌਤ, ਹਉਮੈ ਦੀ ਮੌਤ, ਹਉਮੈ ਦਾ ਤਿਆਗ । ਕਬੂਲਿ—ਪਰਵਾਨ ਕਰ । ਰੇਣੁਕਾ—ਚਰਨ-ਧੂੜ । ਤਉ—ਤਦੋਂ ।

ਅਰਥ :—(ਪਰਮਾਤਮਾ ਵਲੋਂ ਸਨੇਹਾ ਹੈ—ਹੇ ਬੰਦੇ !) ਤਦੋਂ ਹੀ ਤੂੰ ਮੇਰੇ ਨੇੜੇ ਆ ਸਕਦਾ ਹੈਂ, ਜੇ ਸਭਨਾਂ ਦੇ ਚਰਨਾਂ ਦੀ ਧੂੜ ਹੋ ਜਾਏਂ, ਪਹਿਲਾਂ (ਹਉਮੈ ਮਮਤਾ ਦਾ) ਤਿਆਗ ਪਰਵਾਨ ਕਰੇਂ, ਤੇ (ਸੁਅਰਥ-ਭਰੀ) ਜ਼ਿੰਦਗੀ ਦੀ ਤਾਂਘ ਛੱਡ ਦੇਵੇਂ । ੧ ।

ਮ: ੫॥ ਮੁਆ ਜੀਵੰਦਾ ਪੇਖੁ,ਜੀਵੰਦੇ ਮਰਿ ਜਾਨਿ੍ ॥ ਜਿਨ੍ਹਾ ਮੁਹਬਤਿ ਇਕ ਸਿਉ, ਤੇ ਮਾਣਸ ਪਰਧਾਨ ॥ ੨ ॥

ਪਦ ਅਰਥ :—ਮੁਆ—ਸੰਸਾਰਕ ਵਾਸਨਾ ਵਲੋਂ ਮੋਇਆ ਹੋਇਆ, ਜਿਸ ਨੇ ਸੰਸਾਰਕ ਵਾਸਨਾ ਮਿਟਾ ਲਈਆਂ ਹਨ । ਪੇਖੁ—ਵੇਖੋ, ਸਮਝੋ । ਮਰਿ ਜਾਨਿ੍—ਆਤਮਕ ਮੌਤੇ ਮਰ ਜਾਂਦੇ ਹਨ । ਜੀਵੰਦੇ—ਨਿਰੇ ਦੁਨੀਆ ਦੇ ਰੰਗ ਮਾਣਨ ਵਾਲੇ । ਮੁਹਬਤਿ—ਪਿਆਰ । ਇਕ ਸਿਉ—ਇੱਕ ਪ੍ਰਭੂ ਨਾਲ । ਤੇ—ਉਹ [ਬਹੁ ਵਚਨ] । ਮਾਣਸ—ਮਨੁੱਖ । ਪਰਧਾਨ—ਸ੍ਰੇਸ਼ਟ ।

ਅਰਥ:—ਅਸਲ ਵਿਚ ਉਸੇ ਬੰਦੇ ਨੂੰ ਜੀਉਂਦਾ ਸਮਝੋ ਜਿਸ ਨੇ ਸੰਸਾਰਕ ਵਾਸਨਾ ਮਿਟਾ ਲਈਆਂ ਹਨ । ਜੇਹੜੇ ਨਿਰੇ ਦੁਨੀਆ ਦੇ ਰੰਗ ਮਾਣਦੇ ਹਨ ਉਹ ਆਤਮਕ ਮੌਤੇ ਮਰ ਜਾਂਦੇ ਹਨ । ਉਹੀ ਮਨੁੱਖ ਸ਼ਿਰੋਮਣੀ (ਕਹੇ ਜਾਂਦੇ ਹਨ), ਜਿਨ੍ਹਾਂ ਦਾ ਪਿਆਰ ਇੱਕ ਪਰਮਾਤਮਾ ਨਾਲ ਹੈ । ੨ ।

ਮ: ੫ ॥ ਜਿਸੁ ਮਨਿ ਵਸੈ ਪਰਬ੍ਰਹਮੁ, ਨਿਕਟਿ ਨ ਆਵੈ ਪੀਰ ॥ ਭੁਖ ਤਿਖ ਤਿਸੁ ਨ ਵਿਆਪਈ, ਜਮੁ ਨਹੀ ਆਵੈ ਨੀਰ ॥ ੩ ॥

ਪਦ ਅਰਥ :—ਜਿਸ ਮਨਿ—ਜਿਸ ਦੇ ਮਨ ਵਿਚ । ਨਿਕਟਿ—ਨੇੜੇ । ਪੀਰ—ਦੁੱਖ-ਕਲੇਸ਼ । ਭੁਖ ਤਿਖ—ਮਾਇਆ ਦੀ ਭੁੱਖ-ਤ੍ਰੇਹ । ਨ ਵਿਆਪਈ—ਦਬਾਉ ਨਹੀਂ ਪਾ ਸਕਦੀ । ਜਮੁ—ਮੌਤ ਦਾ ਡਰ । ਨੀਰ—ਨੇੜੇ ।

ਅਰਥ:-ਜਿਸ ਮਨੁੱਖ ਦੇ ਮਨ ਵਿਚ (ਸਦਾ) ਪਰਮਾਤਮਾ (ਦਾ ਨਾਮ) ਵੱਸਦਾ ਹੈ, ਕੋਈ ਦੁੱਖ-ਕਲੇਸ਼ ਉਸ ਦੇ ਨੇੜੇ ਨਹੀਂ ਢੁਕਦਾ, ਮਾਇਆ ਦੀ ਭੁੱਖ-ਤ੍ਰੇਹ ਉਸ ਉਤੇ ਆਪਣਾ ਦਬਾਉ ਨਹੀਂ ਪਾ ਸਕਦੀ, ਮੌਤ ਦਾ ਡਰ (ਭੀ) ਉਸ ਦੇ ਨੇੜੇ ਨਹੀਂ ਆਉਂਦਾ । ੩ ।

ਪਉੜੀ ॥ ਕੀਮਤਿ ਕਹਣੁ ਨ ਜਾਈਐ ਸਚੁ ਸਾਹ ਅਡੋਲੇ ॥ ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁ ਨੋ ਤੋਲੇ ॥ ਭੰਨਣ ਘੜਣ ਸਮਰਥੁ ਹੈ ਓਪਤਿ ਸਭ ਪਰਲੇ ॥ ਕਰਣ ਕਾਰਣ ਸਮਰਥੁ ਹੈ ਘਟਿ ਘਟਿ ਸਭ ਬੋਲੇ ॥ ਰਿਜਕੁ ਸਮਾਹੇ ਸਭਸੈ, ਕਿਆ ਮਾਣਸੁ ਡੋਲੇ ॥ ਗਹਿਰ ਗਭੀਰੁ ਅਥਾਹੁ ਤੂ ਗੁਣ ਗਿਆਨ ਅਮੋਲੇ ॥ ਸੋਈ ਕੰਮੁ ਕਮਾਵਣਾ ਕੀਆ ਧੁਰਿ ਮਉਲੇ ॥ ਤੁਧਹੁ ਬਾਹਰਿ ਕਿਛੁ ਨਹੀ ਨਾਨਕੁ ਗੁਣ ਬੋਲੇ ॥੨੩॥੧॥੨॥

ਪਦ ਅਰਥ :-ਅਡੋਲੇ-ਹੇ ਕਦੇ ਨਾਹ ਡੋਲਣ ਵਾਲੇ ! ਸਿਧ-ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ । ਸਾਧਿਕ-ਸਾਧਨ ਕਰਨ ਵਾਲੇ । ਤੋਲੇ-ਮੁੱਲ ਪਾ ਸਕੇ । ਓਪਤਿ-ਉਤਪੱਤੀ । ਪਰਲੇ-[ਪ੍ਰਲਯ] ਨਾਸ। ਕਰਣ ਕਾਰਣ-ਜਗਤ ਦਾ ਬਣਾਉਣ ਵਾਲਾ, ਜਗਤ ਦਾ ਮੂਲ । ਸਮਾਹੇ-ਅਪੜਾਂਦਾ ਹੈ । ਸਭਸੈ-ਹਰੇਕ ਜੀਵ ਨੂੰ । ਗਹਿਰ-ਡੂੰਘਾ । ਧੁਰਿ-ਧੁਰ ਤੋਂ । ਮਉਲੇ-ਮਉਲਾ ਨੇ ।

ਅਰਥ :-ਹੇ ਸਦਾ-ਥਿਰ ਤੇ ਕਦੇ ਨ ਡੋਲਣ ਵਾਲੇ ਸ਼ਾਹ ! ਤੇਰਾ ਮੁੱਲ ਨਹੀਂ ਦੱਸਿਆ ਜਾ ਸਕਦਾ । ਜੋਗ-ਸਾਧਨਾਂ ਵਿਚ ਪੁਗੇ ਹੋਏ ਜੋਗੀ, ਸਾਧਨਾਂ ਕਰਨ ਵਾਲੇ, ਗਿਆਨ-ਚਰਚਾ ਕਰਨ ਵਾਲੇ ਤੇ ਸਮਾਧੀਆਂ ਲਾਣ ਵਾਲੇ-ਇਹਨਾਂ ਵਿਚੋਂ ਕੇਹੜਾ ਹੈ ਜੋ ਤੇਰਾ ਮੁੱਲ ਪਾ ਸਕੇ ?

(ਹੇ ਭਾਈ !) ਪ੍ਰਭੂ (ਸ੍ਰਿਸ਼ਟੀ ਨੂੰ) ਪੈਦਾ ਕਰਨ ਤੇ ਨਾਸ ਕਰਨ ਦੇ ਸਮਰੱਥ ਹੈ, (ਸ੍ਰਿਸ਼ਟੀ ਦੀ) ਉਤਪੱਤੀ ਭੀ ਉਹੀ ਕਰਦਾ ਹੈ ਤੇ ਨਾਸ ਭੀ ਉਹੀ । ਜਗਤ ਪੈਦਾ ਕਰਨ ਦੀ ਤਾਕਤ ਰੱਖਦਾ ਹੈ ਹਰੇਕ ਜੀਵ ਦੇ ਅੰਦਰ ਉਹੀ ਬੋਲਦਾ ਹੈ । ਹਰੇਕ ਜੀਵ ਨੂੰ ਰਿਜ਼ਕ ਅਪੜਾਂਦਾ ਹੈ, ਮਨੁੱਖ ਵਿਅਰਥ ਹੀ ਘਾਬਰਦਾ ਹੈ ।

ਹੇ ਪ੍ਰਭੂ ! ਤੂੰ ਡੂੰਘਾ ਹੈਂ ਸਿਆਣਾ ਹੈਂ, ਤੇਰੀ ਹਾਥ ਨਹੀਂ ਪੈ ਸਕਦੀ । ਤੇਰੇ ਗੁਣਾਂ ਦਾ ਮੁੱਲ ਨਹੀਂ ਪੈ ਸਕਦਾ, ਤੇਰੇ ਗਿਆਨ ਦਾ ਮੁੱਲ ਨਹੀਂ ਪੈ ਸਕਦਾ ।

(ਹੇ ਭਾਈ !) ਜੀਵ ਉਹੀ ਕੰਮ ਕਰਦਾ ਹੈ ਜੋ ਧੁਰੋਂ ਕਰਤਾਰ ਨੇ ਉਸ ਵਾਸਤੇ ਮਿਥ ਦਿੱਤਾ ਹੈ (ਭਾਵ, ਉਸ ਦੇ ਕੀਤੇ ਕਰਮਾਂ ਅਨੁਸਾਰ ਜਿਹੋ ਜਿਹੇ ਸੰਸਕਾਰ ਜੀਵ ਦੇ ਅੰਦਰ ਪਾ ਦਿੱਤੇ ਹਨ) ।

ਹੇ ਪ੍ਰਭੂ ! ਤੈਥੋਂ ਆਕੀ ਹੋ ਕੇ (ਜਗਤ ਵਿਚ) ਕੁਝ ਨਹੀਂ ਵਰਤ ਰਿਹਾ । ਨਾਨਕ ਤੇਰੀ ਹੀ ਸਿਫ਼ਤਿ-ਸਾਲਾਹ ਕਰਦਾ ਹੈ । ੨੩ । ੧ । ੨ ।

ੴ ਸਤਿਗੁਰ ਪ੍ਰਸਾਦਿ ॥

ਰਾਗ ਮਾਰੂ ਬਾਣੀ ਕਬੀਰ ਜੀਉ ਕੀ

ਪਡੀਆ, ਕਵਨ ਕੁਮਤਿ ਤੁਮ ਲਾਗੇ ॥ ਬੂਡਹੁਗੇ ਪਰਵਾਰ ਸਕਲ ਸਿਉ, ਰਾਮੁ ਨ ਜਪਹੁ ਅਭਾਗੇ ॥ ੧ ॥ ਰਹਾਉ ॥ ਬੇਦ ਪੁਰਾਨ ਪੜੇ ਕਾ ਕਿਆ ਗੁਨੁ, ਖਰ ਚੰਦਨ ਜਸ ਭਾਰਾ ॥ ਰਾਮ ਨਾਮ ਕੀ ਗਤਿ ਨਹੀ ਜਾਨੀ, ਕੈਸੇ ਉਤਰਸਿ ਪਾਰਾ ॥ ੧ ॥ ਜੀਅ ਬਧਹੁ ਸੁ ਧਰਮੁ ਕਰਿ ਥਾਪਹੁ, ਅਧਰਮੁ ਕਹਹੁ ਕਤ ਭਾਈ ॥ ਆਪਸ ਕਉ ਮੁਨਿਵਰ ਕਰਿ ਥਾਪਹੁ, ਕਾ ਕਉ ਕਹਹੁ ਕਸਾਈ ॥ ੨ ॥ ਮਨ ਕੇ ਅੰਧੇ, ਆਪਿ ਨ ਬੂਝਹੁ, ਕਾਹਿ ਬੁਝਾਵਹੁ ਭਾਈ ॥ ਮਾਇਆ ਕਾਰਨ ਬਿਦਿਆ ਬੇਚਹੁ, ਜਨਮੁ ਅਬਿਰਥਾ ਜਾਈ ॥ ੩ ॥ ਨਾਰਦ ਬਚਨ, ਬਿਆਸੁ ਕਹਤ ਹੈ, ਸੁਕ ਕਉ ਪੂਛਹੁ ਜਾਈ ॥ ਕਹਿ ਕਬੀਰ ਰਾਮੈ ਰਮਿ ਛੂਟਹੁ, ਨਾਹਿ ਤ ਬੂਡੇ ਭਾਈ ॥ ੪ ॥ ੧ ॥

ਪਦ ਅਰਥ:—ਪਡੀਆ—ਹੇ ਪਾਂਡੇ ! ਸਿਉ—ਸਮੇਤ। ਅਭਾਗੇ—ਹੇ ਮੰਦ ਭਾਗੀ ! ੧। ਰਹਾਉ।

ਗੁਨੁ—ਲਾਭ, ਫ਼ਾਇਦਾ। ਖਰ—ਖੋਤਾ, ਖ਼ਰ। ਜਸ—ਜੈਸੇ, ਜਿਵੇਂ। ਭਾਰਾ—ਭਾਰ, ਬੋਝ, ਲੱਦਾ। ਗਤਿ—ਹਾਲਤ, ਅਵਸਥਾ। ਨਾਮ ਕੀ ਗਤਿ—ਨਾਮ ਜਪਣ ਦੀ ਅਵਸਥਾ, ਨਾਮ ਜਪਿਆਂ ਜੋ ਆਤਮਕ ਅਵਸਥਾ ਬਣਦੀ ਹੈ। ੧।

ਬਧਹੁ—ਮਾਰਦੇ ਹੋ (ਜੱਗਾਂ ਦੇ ਵੇਲੇ)। ਥਾਪਹੁ—ਮਿਥ ਲੈਂਦੇ ਹੋ। ਅਧਰਮੁ—ਪਾਪ। ਭਾਈ—ਹੇ ਭਾਈ ! ਮੁਨਿਵਰ—ਸ੍ਰੇਸ਼ਟ ਮੁਨੀ। ਕਾ ਕਉ—ਕਿਸ ਨੂੰ ? ਕਸਾਈ—ਜੋ ਮਨੁੱਖ ਬੱਕਰੇ ਆਦਿਕ ਮਾਰ ਕੇ ਉਹਨਾਂ ਦਾ ਮਾਸ ਵੇਚ ਕੇ ਗੁਜ਼ਾਰਾ ਕਰਦੇ ਹਨ। ੨।

ਕਾਹਿ—ਹੋਰ ਕਿਸ ਨੂੰ ? ਬੁਝਾਵਹੁ—ਸਮਝਾਉਂਦੇ ਹੋ। ਅਬਿਰਥਾ—ਵਿਅਰਥ।੩।

ਨਾਰਦ, ਬਿਆਸ, ਸੁਕ—ਪੁਰਾਣੇ ਹਿੰਦੂ ਵਿਦਵਾਨ ਰਿਸ਼ੀਆਂ ਦੇ ਨਾਮ ਹਨ (ਨੋਟ—ਕਬੀਰ ਜੀ ਕਿਸੇ ਪੰਡਿਤ ਨੂੰ ਉਸ ਦਾ ਭੁਲੇਖਾ ਸਮਝਾ ਰਹੇ ਹਨ, ਇਸ ਵਾਸਤੇ ਉਹਨਾਂ ਦੇ ਹੀ ਰਿਸ਼ੀਆਂ ਦਾ ਹਵਾਲਾ ਦੇਂਦੇ ਹਨ)। ਜਾਇ—ਜਾ ਕੇ। ਰਮਿ—ਸਿਮਰ ਕੇ। ਬੂਡੇ—ਡੁੱਬੇ ਸਮਝੋ। ੪।

ਅਰਥ :—ਹੇ ਪੰਡਿਤ ! ਤੁਸੀ ਲੋਕ ਕਿਹੜੀ ਕੁਮੱਤੇ ਲੱਗੇ ਪਏ ਹੋ ? ਹੇ ਮੰਦ-ਭਾਗੀ ਪਾਂਡੇ ! ਤੁਸੀ ਪ੍ਰਭੂ ਦਾ ਨਾਮ ਨਹੀਂ ਸਿਮਰਦੇ, ਸਾਰੇ ਪਰਵਾਰ ਸਮੇਤ ਹੀ (ਸੰਸਾਰ-

ਸਮੁੰਦਰ ਵਿਚ) ਡੁੱਬ ਜਾਉਗੇ । ੧ । ਰਹਾਉ ।

(ਹੇ ਪਾਂਡੇ !) ਤੂੰ (ਸੰਸਾਰ-ਸਮੁੰਦਰ ਤੋਂ) ਕਿਵੇਂ ਪਾਰ ਲੰਘੇਂਗਾ ? ਇਹ ਤਾਂ ਤੈਨੂੰ ਸਮਝ ਹੀ ਨਹੀਂ ਪਈ ਕਿ ਪਰਮਾਤਮਾ ਦਾ ਨਾਮ ਸਿਮਰਿਆਂ ਕਿਹੋ ਜਿਹੀ ਆਤਮਕ ਅਵਸਥਾ ਬਣਦੀ ਹੈ । (ਤੂੰ ਮਾਣ ਕਰਦਾ ਹੈਂ ਕਿ ਤੂੰ ਵੇਦ ਆਦਿਕ ਧਰਮ-ਪੁਸਤਕਾਂ ਪੜ੍ਹਿਆ ਹੋਇਆ ਹੈਂ, ਪਰ) ਵੇਦ ਪੁਰਾਨ ਪੜ੍ਹਨ ਦਾ ਕੋਈ ਭੀ ਲਾਭ ਨਹੀਂ (ਜੇ ਨਾਮ ਤੋਂ ਸੁੰਞਾ ਰਿਹਾ; ਇਹ ਤਾਂ ਦਿਮਾਗ਼ ਉੱਤੇ ਭਾਰ ਹੀ ਲੱਦ ਲਿਆ), ਜਿਵੇਂ ਕਿਸੇ ਖੋਤੇ ਉੱਤੇ ਚੰਦਨ ਦਾ ਲੱਦਾ ਲੱਦ ਲਿਆ । ੧ ।

(ਹੇ ਪਾਂਡੇ ! ਇਕ ਪਾਸੇ ਤੁਸੀ ਮਾਸ ਖਾਣ ਨੂੰ ਨਿੰਦਦੇ ਹੋ; ਪਰ ਜੱਗ ਕਰਨ ਵੇਲੇ ਤੁਸੀ ਭੀ) ਜੀਵ ਮਾਰਦੇ ਹੋ (ਕੁਰਬਾਨੀ ਦੇਣ ਲਈ, ਤੇ) ਇਸ ਨੂੰ ਧਰਮ ਦਾ ਕੰਮ ਸਮਝਦੇ ਹੋ । ਫਿਰ, ਹੇ ਭਾਈ ! ਦੱਸੋ, ਪਾਪ ਕਿਹੜਾ ਹੈ ? (ਜੱਗ ਕਰਨ ਵੇਲੇ ਤੁਸੀ ਆਪ ਭੀ ਜੀਵ-ਹਿੰਸਾ ਕਰਦੇ ਹੋ, ਪਰ) ਆਪਣੇ ਆਪ ਨੂੰ ਤੁਸੀ ਸ੍ਰੇਸ਼ਟ ਰਿਸ਼ੀ ਮਿਥਦੇ ਹੋ ।(ਜੇ ਜੀਵ ਮਾਰਨ ਵਾਲੇ ਲੋਕ ਰਿਸ਼ੀ ਹੋ ਸਕਦੇ ਹਨ,) ਤਾਂ ਤੁਸੀ ਕਸਾਈ ਕਿਸ ਨੂੰ ਆਖਦੇ ਹੋ ? (ਤੁਸੀ ਉਹਨਾਂ ਲੋਕਾਂ ਨੂੰ ਕਸਾਈ ਕਿਉਂ ਆਖਦੇ ਹੋ ਜੋ ਮਾਸ ਵੇਚਦੇ ਹਨ ?) । ੨ ।

ਹੇ ਅਗਿਆਨੀ ਪਾਂਡੇ ! ਤੁਹਾਨੂੰ ਆਪ ਨੂੰ (ਜੀਵਨ ਦੇ ਸਹੀ ਰਸਤੇ ਦੀ) ਸਮਝ ਨਹੀਂ ਆਈ, ਹੇ ਭਾਈ ! ਹੋਰ ਕਿਸ ਨੂੰ ਮੱਤਾਂ ਦੇ ਰਹੇ ਹੋ ? (ਇਸ ਪੜ੍ਹੀ ਹੋਈ ਵਿੱਦਿਆ ਤੋਂ ਤੁਸੀ ਆਪ ਕੋਈ ਲਾਭ ਨਹੀਂ ਉਠਾ ਰਹੇ, ਇਸ) ਵਿੱਦਿਆ ਨੂੰ ਸਿਰਫ਼ ਮਾਇਆ ਦੀ ਖ਼ਾਤਰ ਵੇਚ ਹੀ ਰਹੇ, ਇਸ ਤਰ੍ਹਾਂ ਤੁਹਾਡੀ ਜ਼ਿੰਦਗੀ ਵਿਅਰਥ ਗੁਜ਼ਰ ਰਹੀ ਹੈ ।੩ ।

ਕਬੀਰ ਆਖਦਾ ਹੈ—ਹੇ ਭਾਈ ! (ਦੁਨੀਆ ਦੇ ਬੰਧਨਾਂ ਤੋਂ) ਪ੍ਰਭੂ ਦਾ ਨਾਮ ਸਿਮਰ ਕੇ ਹੀ ਮੁਕਤ ਹੋ ਸਕਦੇ ਹੋ, ਨਹੀਂ ਤਾਂ ਆਪਣੇ ਆਪ ਨੂੰ ਡੁੱਬੇ ਸਮਝੋ । (ਜੇ ਮੇਰੀ ਇਸ ਗੱਲ ਉੱਤੇ ਯਕੀਨ ਨਹੀਂ ਆਉਂਦਾ, ਤਾਂ ਆਪਣੇ ਹੀ ਪੁਰਾਣੇ ਰਿਸ਼ੀਆਂ ਦੇ ਬਚਨ ਪੜ੍ਹ ਸੁਣ ਵੇਖੋ) ਨਾਰਦ ਰਿਸ਼ੀ ਦੇ ਇਹੀ ਬਾਚਨ ਹਨ, ਵਿਆਸ ਇਹੀ ਗੱਲ ਆਖਦਾ ਹੈ; ਸੁਕਦੇਵ ਨੂੰ ਭੀ ਜਾ ਕੇ ਪੁੱਛ ਲਵੋ (ਭਾਵ, ਸੁਕਦੇਵ ਦੇ ਬਚਨ ਪੜ੍ਹ ਕੇ ਭੀ ਵੇਖ ਲਵੋ, ਉਹ ਭੀ ਇਹੀ ਆਖਦਾ ਹੈ ਕਿ ਨਾਮ ਸਿਮਰਿਆਂ ਪਾਰ-ਉਤਾਰਾ ਹੁੰਦਾ ਹੈ) । ੪ । ੧ ।

ਸ਼ਬਦ ਦਾ ਭਾਵ—ਧਾਰਮਿਕ ਪੁਸਤਕਾਂ ਦੇ ਨਿਰੇ ਪਾਠ ਦਾ ਕੋਈ ਲਾਭ ਨਹੀਂ, ਜੇ ਜੀਵਨ ਵਿਚ ਪਲਟਾ ਨਹੀਂ ਆਇਆ ।

ਬਨਹਿ ਬਸੇ ਕਿਉ ਪਾਈਐ, ਜਉ ਲਉ ਮਨਹੁ ਨ ਤਜਹਿ ਬਿਕਾਰ ॥ ਜਿਹ ਘਰੁ ਬਨੁ ਸਮਸਰਿ ਕੀਆ, ਤੇ ਪੂਰੇ ਸੰਸਾਰ ॥ ੧ ॥ ਸਾਰ ਸੁਖੁ ਪਾਈਐ ਰਾਮਾ ॥ ਰੰਗਿ ਰਵਹੁ ਆਤਮੈ ਰਾਮ ॥ ੧ ॥ ਰਹਾਉ ॥ ਜਟਾ

ਭਸਮ ਲੇਪਨ ਕੀਆ, ਕਹਾ ਗੁਫਾ ਮਹਿ ਬਾਸੁ॥ ਮਨੁ ਜੀਤੇ ਜਗੁ ਜੀਤਿਆ, ਜਾ ਤੇ ਬਿਖਿਆ ਤੇ ਹੋਇ ਉਦਾਸੁ ॥ ੨ ॥ ਅੰਜਨੁ ਦੇਇ ਸਭੈ ਕੋਈ, ਟੁਕੁ ਚਾਹਨ ਮਾਹਿ ਬਿਡਾਨੁ ॥ ਗਿਆਨ ਅੰਜਨੁ ਜਿਹ ਪਾਇਆ, ਤੇ ਲੋਇਨ ਪਰਵਾਨੁ ॥ ੩ ॥ ਕਹਿ ਕਬੀਰ ਅਬ ਜਾਨਿਆ, ਗੁਰਿ ਗਿਆਨੁ ਦੀਆ ਸਮਝਾਇ ॥ ਅੰਤਰਗਤਿ ਹਰਿ ਭੇਟਿਆ, ਅਬ ਮੇਰਾ ਮਨੁ ਕਤਹੂ ਨ ਜਾਇ ॥ ੪ ॥ ੨ ॥

ਪਦ ਅਰਥ :—ਬਨਹਿ—ਬਨ ਵਿਚ, ਜੰਗਲ ਵਿਚ। ਜਉ ਲਉ—ਜਦ ਤਕ। ਮਨਹੁ—ਮਨ ਤੋਂ । ਨ ਤਜਹਿ—ਤੂੰ ਨਹੀਂ ਤਿਆਗਦਾ। ਜਿਹ—ਜਿਨ੍ਹਾਂ ਨੇ। ਸਮਸਰਿ—ਬਰਾਬਰ, ਇਕੋ ਜਿਹਾ। ਪੂਰੇ—ਪੂਰਨ ਮਨੁੱਖ ।੧।

ਸਾਰ—ਸ੍ਰੇਸ਼ਟ। ਰਾਮਾ—ਪ੍ਰਭੂ ਦਾ ਨਾਮ ਸਿਮਰਿਆਂ, ਪ੍ਰਭੂ ਤੋਂ । ਰੰਗਿ—ਪ੍ਰੇਮ ਨਾਲ। ਆਤਮੈ—ਆਤਮਾ ਵਿਚ, ਆਪਣੇ ਅੰਦਰ ! ਰਵਹੁ—ਸਿਮਰੋ ।੧। ਰਹਾਉ।

ਕੀਹ—ਕੀਹ ਹੋਇਆ ? ਕੋਈ ਲਾਭ ਨਹੀਂ । ਬਿਖਿਆ ਤੇ—ਮਾਇਆ ਤੋਂ ।੨।

ਅੰਜਨੁ—ਸੁਰਮਾ। ਦੇਇ—ਦੇਂਦਾ ਹੈ, ਪਾਂਦਾ ਹੈ। ਟੁਕੁ—ਰਤਾ। ਚਾਹਨ—ਭਾਵਨਾ, ਨੀਅਤ। ਬਿਡਾਨੁ—ਫ਼ਰਕ। ਜਿਹ—ਜਿਨ੍ਹਾਂ ਨੇ। ਲੋਇਨ—ਅੱਖਾਂ।੩।

ਗੁਰਿ—ਗੁਰੂ ਨੇ। ਅੰਤਰਗਤਿ—ਅੰਦਰ ਹਿਰਦੇ ਵਿਚ ਬੈਠਾ ਹੋਇਆ। ਭੇਟਿਆ—ਮਿਲਿਆ। ਕਤਹੂ—ਹੋਰ ਕਿਸੇ ਪਾਸੇ।੪।

ਅਰਥ :—ਅਸਲ ਸ੍ਰੇਸ਼ਟ ਸੁਖ ਪ੍ਰਭੂ ਦਾ ਨਾਮ ਸਿਮਰਿਆਂ ਹੀ ਮਿਲਦਾ ਹੈ; (ਇਸ ਵਾਸਤੇ, ਹੇ ਭਾਈ !) ਆਪਣੇ ਹਿਰਦੇ ਵਿਚ ਹੀ ਪ੍ਰੇਮ ਨਾਲ ਰਾਮ ਦਾ ਨਾਮ ਸਿਮਰੋ।੧। ਰਹਾਉ।

ਜਦ ਤਕ, (ਹੇ ਭਾਈ !) ਤੂੰ ਆਪਣੇ ਮਨ ਵਿਚੋਂ ਵਿਕਾਰ ਨਹੀਂ ਛੱਡਦਾ, ਜੰਗਲ ਵਿਚ ਜਾ ਵੱਸਿਆਂ ਪਰਮਾਤਮਾ ਕਿਵੇਂ ਮਿਲ ਸਕਦਾ ਹੈ ? ਜਗਤ ਵਿਚ ਪੂਰਨ ਪੁਰਖ ਉਹੀ ਹਨ ਜਿਨ੍ਹਾਂ ਨੇ ਘਰ ਤੇ ਜੰਗਲ ਨੂੰ ਇਕੋ ਜਿਹਾ ਕਰ ਜਾਂਣਿਆ ਹੈ (ਭਾਵ, ਗ੍ਰਿਹਸਤ ਵਿਚ ਰਹਿੰਦੇ ਹੋਏ ਹੀ ਤਿਆਗੀ ਹਨ)।੧।

ਜੇ ਤੁਸਾਂ ਜਟਾ (ਧਾਰ ਕੇ ਉਹਨਾਂ) ਨੂੰ ਸੁਆਹ ਲਿੰਬ ਲਈ, ਜਾਂ ਕਿਸੇ ਗੁਫ਼ਾ ਵਿਚ ਜਾ ਡੇਰਾ ਲਾਇਆ, ਤਾਂ ਭੀ ਕੀਹ ਹੋਇਆ ? (ਮਾਇਆ ਦਾ ਮੋਹ ਇਸ ਤਰ੍ਹਾਂ ਖ਼ਲਾਸੀ ਨਹੀਂ ਕਰਦਾ)। ਜਿਨ੍ਹਾਂ ਨੇ ਆਪਣੇ ਮਨ ਨੂੰ ਜਿੱਤ ਲਿਆ ਹੈ ਉਹਨਾਂ (ਮਾਨੋ) ~~ਸਾਰੇ ਜਗਤ~~ ਨੂੰ ਜਿੱਤ ਲਿਆ, ਕਿਉਂਕਿ ਮਨ ਜਿੱਤਣ ਨਾਲ ਹੀ ਮਾਇਆ ਤੋਂ ਉਪਰਾਮ ਹੋਈਦਾ ਹੈ ।੨।

ਹਰ ਕੋਈ ਸੁਰਮਾ ਪਾ ਲੈਂਦਾ ਹੈ, ਪਰ (ਸੁਰਮਾ ਪਾਣ ਵਾਲਿਆਂ ਦੀ) ਨੀਅਤ ਵਿਚ ਕੁਝ ਫ਼ਰਕ ਹੋਇਆ ਕਰਦਾ ਹੈ (ਕੋਈ ਸੁਰਮਾ ਪਾਂਦਾ ਹੈ ਵਿਕਾਰਾਂ ਲਈ, ਤੇ ਕੋਈ ਅੱਖਾਂ ਦੀ ਨਜ਼ਰ ਚੰਗੀ ਰੱਖਣ ਲਈ। ਤਿਵੇਂ, ਮਾਇਆ ਦੇ ਬੰਧਨਾਂ ਤੋਂ ਨਿਕਲਣ ਲਈ ਉੱਦਮ ਕਰਨ ਦੀ ਲੋੜ ਹੈ, ਪਰ ਉੱਦਮ ਉੱਦਮ ਵਿਚ ਫ਼ਰਕ ਹੈ) ਉਹੀ ਅੱਖਾਂ (ਪ੍ਰਭੂ ਦੀ ਨਜ਼ਰ ਵਿਚ) ਕਬੂਲ ਹਨ ਜਿਨ੍ਹਾਂ (ਗੁਰੂ ਦੇ) ਗਿਆਨ ਦਾ ਸੁਰਮਾ ਪਾਇਆ ਹੈ। ੩।

ਕਬੀਰ ਆਖਦਾ ਹੈ–ਮੈਨੂੰ ਮੇਰੇ ਗੁਰੂ ਨੇ (ਜੀਵਨ ਦੇ ਸਹੀ ਰਸਤੇ ਦਾ) ਗਿਆਨ ਬਖ਼ਸ਼ ਦਿੱਤਾ ਹੈ। ਮੈਨੂੰ ਹੁਣ ਸਮਝ ਆ ਗਈ ਹੈ।(ਗੁਰੂ ਦੀ ਕਿਰਪਾ ਨਾਲ) ਮੇਰੇ ਅੰਦਰ ਬੈਠਾ ਹੋਇਆ ਪਰਮਾਤਮਾ ਮੈਨੂੰ ਮਿਲ ਪਿਆ ਹੈ, ਮੇਰਾ ਮਨ (ਜੰਗਲ ਗੁਫ਼ਾ ਆਦਿਕ) ਕਿਸੇ ਹੋਰ ਪਾਸੇ ਨਹੀਂ ਜਾਂਦਾ। ੪। ੨।

ਸ਼ਬਦ ਦਾ ਭਾਵ–ਗ੍ਰਿਹਸਤ ਤਿਆਗਿਆਂ ਅਸਲ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। ਵਿਕਾਰ ਤਾਂ ਅੰਦਰ ਹੀ ਟਿਕੇ ਰਹਿੰਦੇ ਹਨ। ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਪਰਮਾਤਮਾ ਦਾ ਸਿਮਰਨ ਕਰੋ, ਇਸ ਤਰ੍ਹਾਂ ਗ੍ਰਿਹਸਥ ਵਿਚ ਰਹਿੰਦੇ ਹੋਏ ਹੀ ਤਿਆਗੀ ਰਹੋਗੇ।

ਰਿਧਿ ਸਿਧਿ ਜਾ ਕਉ ਫੁਰੀ, ਤਬ ਕਾਹੂ ਸਿਉ ਕਿਆ ਕਾਜ ॥ ਤੇਰੇ ਕਹਨੇ ਕੀ ਗਤਿ ਕਿਆ ਕਹਉ, ਮੈ ਬੋਲਤ ਹੀ ਬਡ ਲਾਜ ॥ ੧ ॥ ਰਾਮੁ ਜਿਹ ਪਾਇਆ ਰਾਮ ॥ ਤੇ ਭਵਹਿ ਨ ਬਾਰੈ ਬਾਰ ॥ ੧ ॥ ਰਹਾਉ ॥ ਕੂਠਾ ਜਗੁ ਡਹਕੈ ਘਨਾ, ਦਿਨ ਦੁਇ ਬਰਤਨ ਕੀ ਆਸ ॥ ਰਾਮ ਉਦਕੁ ਜਿਹ ਜਨ ਪੀਆ, ਤਿਹਿ ਬਹੁਰਿ ਨ ਭਈ ਪਿਆਸ ॥ ੨ ॥ ਗੁਰ ਪ੍ਰਸਾਦਿ ਜਿਹ ਬੂਝਿਆ, ਆਸਾ ਤੇ ਭਇਆ ਨਿਰਾਸੁ ॥ ਸਭੁ ਸਚੁ ਨਦਰੀ ਆਇਆ, ਜਉ ਆਤਮ ਭਇਆ ਉਦਾਸੁ ॥ ੩ ॥ ਰਾਮ ਨਾਮ ਰਸੁ ਚਾਖਿਆ, ਹਰਿ ਨਾਮਾ ਹਰ ਤਾਰਿ ॥ ਕਹੁ ਕਬੀਰ ਕੰਚਨੁ ਭਇਆ, ਭ੍ਰਮੁ ਗਇਆ ਸਮੁਦ੍ਰੈ ਪਾਰਿ ॥ ੪ ॥ ੩ ॥

ਪਦ ਅਰਥ :–ਜਾ ਕਉ–ਜਿਸ ਮਨੁੱਖ ਨੂੰ। ਰਿਧਿ ਸਿਧਿ ਫੁਰੀ–ਰਿੱਧੀਆਂ ਸਿੱਧੀਆਂ ਫੁਰ ਪੈਂਦੀਆਂ ਹਨ, ਫੁਰਨਾ ਉੱਠਣ ਤੇ ਹੀ ਰਿੱਧੀਆਂ ਸਿੱਧੀਆਂ ਹੋ ਪੈਂਦੀਆਂ ਹਨ। ਕਾਹੂ ਸਿਉ–ਕਿਸੇ ਹੋਰ ਨਾਲ। ਕਾਜ–ਕੰਮ, ਮੁਥਾਜੀ। ਕਹਨੇ ਕੀ–(ਨਿਰੀਆਂ ਮੂੰਹੋਂ ਆਖੀਆਂ) ਗੱਲਾਂ ਦੀ। ਕਿਆ ਕਹਉ–ਮੈਂ ਕੀਹ ਆਖਾਂ ? ਲਾਜ–ਸ਼ਰਮ। ੧।

ਜਿਹ–ਜਿਨ੍ਹਾਂ ਮਨੁੱਖਾਂ ਨੇ। ਤੇ–ਉਹ ਬੰਦੇ। ਬਾਰੈ ਬਾਰ–ਦਰ ਦਰ ਤੇ। ੧। ਰਹਾਉ।

ਡਹਕੈ—ਭਟਕਦਾ ਹੈ। ਘਨਾ—ਬਹੁਤ। ਦਿਨ ਦੁਇ—ਦੋ ਦਿਨਾਂ ਲਈ। ਉਦਕੁ—ਜਲ, ਅੰਮ੍ਰਿਤ। ਤਿਹਿ—ਉਹਨਾਂ ਨੂੰ। ਬਹੁਰਿ—ਮੁੜ। ੨।

ਜਿਹ—ਜਿਸ ਮਨੁੱਖ ਨੇ। ਨਿਰਾਸੁ—ਆਸਾ-ਰਹਿਤ। ਸਭੁ—ਹਰ ਥਾਂ। ਸਚੁ—ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਉਦਾਸੁ—ਉਪਰਾਮ। ੩।

ਹਰ ਤਾਰਿ—ਹਰ ਤਾਲਿ, ਹਰੇਕ ਤ਼ਾਲ ਵਿਚ, ਹਰੇਕ ਕੌਤਕ ਵਿਚ। ਕੰਚਨੁ—ਸੋਨਾ। ਭ੍ਰਮੁ—ਭੁਲੇਖਾ, ਭਟਕਣਾ। ੪।

ਅਰਥ :—(ਹੇ ਜੋਗੀ!) ਜਿਨ੍ਹਾਂ ਲੋਕਾਂ ਨੂੰ ਸਚ-ਮੁਚ ਪਰਮਾਤਮਾ ਮਿਲ ਪੈਂਦਾ ਹੈ, ਉਹ (ਭਿੱਛਿਆ ਮੰਗਣ ਲਈ) ਦਰ ਦਰ ਤੇ ਨਹੀਂ ਭਟਕਦੇ। ੧। ਰਹਾਉ।

(ਹੇ ਜੋਗੀ! ਤੂੰ ਆਖਦਾ ਹੈਂ 'ਮੈਨੂੰ ਰਿੱਧੀਆਂ ਸਿੱਧੀਆਂ ਫੁਰ ਪਈਆਂ ਹਨ', ਪਰ) ਤੇਰੇ ਨਿਰਾ (ਇਹ ਗੱਲ) ਆਖਣ ਦੀ ਹਾਲਤ ਮੈਂ ਕੀਹ ਦੱਸਾਂ? ਮੈਨੂੰ ਤਾਂ ਗੱਲ ਕਰਦਿਆਂ ਸ਼ਰਮ ਆਉਂਦੀ ਹੈ। (ਭਲਾ, ਹੇ ਜੋਗੀ!) ਜਿਸ ਮਨੁੱਖ ਦੇ ਨਿਰਾ ਫੁਰਨਾ ਉੱਠਣ ਤੋਂ ਹੀ ਰਿੱਧੀਆਂ ਸਿੱਧੀਆਂ ਹੋ ਪੈਣ, ਉਸ ਨੂੰ ਕਿਸੇ ਹੋਰ ਦੀ ਕੀਹ ਮੁਥਾਜੀ ਰਹਿੰਦੀ ਹੈ? (ਤੇ ਤੂੰ ਅਜੇ ਭੀ ਮੁਥਾਜ ਹੋ ਕੇ ਲੋਕਾਂ ਦੇ ਦਰ ਤੇ ਭਟਕਦਾ ਹੈਂ)। ੧।

ਦੋ ਚਾਰ ਦਿਨ (ਮਾਇਆ) ਵਰਤਣ ਦੀ ਆਸ ਤੇ ਹੀ ਇਹ ਝੂਠਾ ਜਗਤ ਕਿਤਨਾ ਹੀ ਭਟਕਦਾ ਫਿਰਦਾ ਹੈ। (ਹੇ ਜੋਗੀ!) ਜਿਨ੍ਹਾਂ ਬੰਦਿਆਂ ਨੇ ਪ੍ਰਭੂ ਦਾ ਨਾਮ-ਅੰਮ੍ਰਿਤ ਪੀਤਾ ਹੈ, ਉਹਨਾਂ ਨੂੰ ਮੁੜ ਮਾਇਆ ਦੀ ਤ੍ਰੇਹ ਨਹੀਂ ਲੱਗਦੀ। ੨।

ਗੁਰੂ ਦੀ ਕਿਰਪਾ ਨਾਲ ਜਿਸ ਨੇ (ਸਹੀ ਜੀਵਨ) ਸਮਝ ਲਿਆ ਹੈ, ਉਹ ਆਸਾਂ ਛੱਡ ਕੇ ਆਸਾਂ ਤੋਂ ਉਤਾਂਹ ਹੋ ਜਾਂਦਾ ਹੈ, ਕਿਉਂਕਿ ਜਦੋਂ ਮਨੁੱਖ ਅੰਦਰੋਂ ਮਾਇਆ ਤੋਂ ਉਪਰਾਮ ਹੋ ਜਾਏ ਤਾਂ ਉਸ ਨੂੰ ਹਰ ਥਾਂ ਪ੍ਰਭੂ ਹੀ ਪ੍ਰਭੂ ਦਿੱਸਦਾ ਹੈ (ਮਾਇਆ ਵਲ ਉਸ ਦੀ ਨਿਗਾਹ ਹੀ ਨਹੀਂ ਪੈਂਦੀ)। ੩।

ਹੇ ਕਬੀਰ! ਆਖ—ਜਿਸ ਮਨੁੱਖ ਨੇ ਪਰਮਾਤਮਾ ਦੇ ਨਾਮ ਦਾ ਸੁਆਦ ਚੱਖ ਲਿਆ ਹੈ, ਉਸ ਨੂੰ ਹਰੇਕ ਕੌਤਕ ਵਿਚ ਪ੍ਰਭੂ ਦਾ ਨਾਮ ਹੀ ਦਿੱਸਦਾ ਸੁਣੀਦਾ ਹੈ, ਉਹ ਸੁੱਧ ਸੋਨਾ ਬਣ ਜਾਂਦਾ ਹੈ, ਉਸ ਦੀ ਭਟਕਣਾ ਸਮੁੰਦਰੋਂ ਪਾਰ ਚਲੀ ਜਾਂਦੀ ਹੈ (ਸਦਾ ਲਈ ਮਿਟ ਜਾਂਦੀ ਹੈ)।੪।੩।

ਸ਼ਬਦ ਦਾ ਭਾਵ :—ਜਿਸ ਮਨੁੱਖ ਨੂੰ ਪਰਮਾਤਮਾ ਮਿਲ ਪੈਂਦਾ ਹੈ, ਉਹ ਮੰਗਤਿਆਂ ਵਾਂਗ ਦਰ ਦਰ ਤੇ ਭਟਕਦਾ ਨਹੀਂ ਫਿਰਦਾ। ਉਹ ਸੁੱਧ ਸੋਨਾ ਬਣ ਜਾਂਦਾ ਹੈ। ਉਸ ਨੂੰ ਹਰ ਥਾਂ ਪਰਮਾਤਮਾ ਹੀ ਦਿੱਸਦਾ ਹੈ। ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਰਹਿੰਦੀ।

ਉਦਕ ਸਮੁੰਦ ਸਲਲ ਕੀ ਸਾਖਿਆ, ਨਦੀ ਤਰੰਗ ਸਮਾਵਹਿਗੇ॥
ਸੁੰਨਹਿ ਸੁੰਨੁ ਮਿਲਿਆ ਸਮ ਦਰਸੀ, ਪਵਨ ਰੂਪ ਹੋਇ ਜਾਵਹਿਗੇ॥ ੧॥

ਬਹੁਰਿ ਹਮ ਕਾਹੇ ਆਵਹਿਗੇ ॥ ਆਵਨ ਜਾਨਾ ਹੁਕਮੁ ਤਿਸੈ ਕਾ, ਹੁਕਮੈ ਬੁਝਿ ਸਮਾਵਹਿਗੇ ॥ ੧ ॥ ਰਹਾਉ ॥ ਜਬ ਚੂਕੈ ਪੰਚ ਧਾਤੁ ਕੀ ਰਚਨਾ, ਐਸੇ ਭਰਮੁ ਚੁਕਾਵਹਿਗੇ ॥ ਦਰਸਨੁ ਛੋਡਿ ਭਏ ਸਮਦਰਸੀ, ਏਕੋ ਨਾਮੁ ਧਿਆਵਹਿਗੇ ॥ ੨ ॥ ਜਿਤੁ ਹਮ ਲਾਏ ਤਿਤ ਹੀ ਲਾਗੇ, ਤੈਸੇ ਕਰਮ ਕਮਾਵਹਿਗੇ ॥ ਹਰਿ ਜੀ ਕ੍ਰਿਪਾ ਕਰੇ ਜਉ ਅਪਨੀ, ਤੌ ਗੁਰ ਕੇ ਸਬਦਿ ਸਮਾਵਹਿਗੇ ॥ ੩ ॥ ਜੀਵਤ ਮਰਹੁ ਮਰਹੁ ਫੁਨਿ ਜੀਵਹੁ, ਪੁਨਰਪਿ ਜਨਮੁ ਨ ਹੋਈ ॥ ਕਹੁ ਕਬੀਰ ਜੋ ਨਾਮਿ ਸਮਾਨੇ, ਸੁੰਨ ਰਹਿਆ ਲਿਵ ਸੋਈ ॥ ੪ ॥ ੪ ॥

ਨੋਟ–ਹਰੇਕ ਤੁਕ ਦੇ ਅਖ਼ੀਰ ਉੱਤੇ ਅੱਖਰ 'ਗੇ' ਨੂੰ ਪਦ-ਪੂਰਤੀ ਲਈ ਹੀ ਸਮਝਣਾ, ਕਿਸੇ ਭਵਿੱਖਤ ਸਮੇ ਦੀ ਗੱਲ ਨਹੀਂ ਕਰ ਰਹੇ। ਨਾਮ ਸਿਮਰਨ ਨਾਲ ਜੋ ਹਾਲਤ ਬੰਦਗੀ ਵਾਲੇ ਦੀ ਬਣਦੀ ਹੈ, ਉਸ ਦਾ ਜ਼ਿਕਰ ਹੈ। ਸਿਮਰਨ ਨੇ ਹੁਣੇ ਹੀ, ਐਸ ਵੇਲੇ ਹੀ, ਇਸੇ ਜੀਵਨ ਵਿਚ ਹੀ ਤਬਦੀਲੀ ਲਿਆਉਣੀ ਹੈ।

ਪਦ ਅਰਥ :–ਉਦਕ–ਪਾਣੀ। ਸਲਲ–ਪਾਣੀ। ਸਾਖਿਆ–ਤਰ੍ਹਾਂ, ਵਾਂਗ। ਤਰੰਗ–ਲਹਿਰਾਂ। ਸਮਾਵਹਿਗੇ–ਅਸੀ ਸਮਾ ਗਏ ਹਾਂ, ਮੈਂ ਲੀਨ ਹੋ ਗਿਆ ਹਾਂ। ਸੁੰਨਹਿ–ਸੁੰਨ ਵਿਚ, ਅਫੁਰ ਪ੍ਰਭੂ ਵਿਚ। ਸੁੰਨੁ–ਅਫੁਰ ਹੋਇਆ ਆਤਮਾ। ਮਿਲਿਆ–ਮਿਲ ਗਿਆ ਹੈ। ਸਮ–ਸਮਾਨ, ਬਰਾਬਰ। ਪਵਨ ਰੂਪ–ਹਵਾ ਵਾਂਗ। ਪਵਨ ਰੂਪ ਹੋਇ ਜਾਵਹਿਗੇ–ਅਸੀ ਹਵਾ ਵਾਂਗ ਹੋ ਗਏ ਹਾਂ, ਮੈਂ ਹਵਾ ਵਾਂਗ ਹੋ ਗਿਆ ਹਾਂ, ਜਿਵੇਂ ਹਵਾ ਹਵਾ ਵਿਚ ਮਿਲ ਜਾਂਦੀ ਹੈ ਤਿਵੇਂ ਮੈਂ ਭੀ। ੧।

ਬਹੁਰਿ–ਮੁੜ, ਫੇਰ। ਹਮ–ਮੈਂ, ਅਸਾਂ। ਬੁਝਿ–ਸਮਝ ਕੇ। ੧। ਰਹਾਉ।

ਜਬ–ਹੁਣ ਜਦੋਂ। ਚੂਕੈ–ਮੁੱਕ ਗਈ ਹੈ। ਪੰਚ ਧਾਤੁ ਕੀ ਰਚਨਾ–ਪੰਜ-ਤੱਤੀ ਸਰੀਰ ਦੀ ਖੇਡ, ਪੰਜ-ਤੱਤੀ ਸਰੀਰ ਦਾ ਮੋਹ, ਦੇਹ-ਅੱਧਿਆਸ, ਸਰੀਰ ਦੇ ਦੁਖ-ਸੁਖ ਦੀ ਸੁਰਤ। ਐਸੇ–ਇਸ ਤਰ੍ਹਾਂ। ਚੁਕਾਵਹਿਗੇ–ਮੈਂ ਮੁਕਾ ਦਿੱਤਾ ਹੈ। ਦਰਸਨੁ–ਭੇਖ, ਕਿਸੇ ਭੇਖ ਦੀ ਉੱਚਤਾ ਦਾ ਖ਼ਿਆਲ। ਧਿਆਵਹਿਗੇ–ਮੈਂ ਸਿਮਰਦਾ ਹਾਂ। ੨।

ਜਿਤੁ–ਜਿਸ ਪਾਸੇ। ਹਮ–ਸਾਨੂੰ, ਮੈਨੂੰ। ਲਾਗੇ–ਮੈਂ ਲੱਗਾ ਹੋਇਆ ਹਾਂ। ਕਮਾਵਹਿਗੇ–ਮੈਂ ਕਮਾ ਰਿਹਾ ਹਾਂ। ਸਮਾਵਹਿਗੇ–ਮੈਂ ਸਮਾ ਰਿਹਾ ਹਾਂ। ੩।

ਜੀਵਤ–ਜੀਊਂਦੇ ਹੀ, ਦੁਨੀਆ ਵਿਚ ਰਹਿੰਦੇ ਹੋਏ ਹੀ। ਮਰਹੁ–ਵਿਸ਼ਿਆਂ ਵਲੋਂ ਮਰ ਜਾਉ। ਫੁਨਿ–ਮੁੜ, ਆਤਮਕ ਜੀਵਨ ਵਾਲੇ ਪਾਸੇ। ਪੁਨਰਪਿ [ਪੁਨਹ-ਅਪਿ] ਫਿਰ ਭੀ, ਫਿਰ ਕਦੇ। ਨਾਮਿ–ਨਾਮ ਵਿਚ। ਸੁੰਨ–ਅਫੁਰ ਪ੍ਰਭੂ। ਸੋਈ–ਉਹੀ ਮਨੁੱਖ। ੪।

ਅਰਥ :—ਮੈਂ ਫਿਰ ਕਦੇ (ਜਨਮ ਮਰਨ ਦੇ ਗੇੜ ਵਿਚ) ਨਹੀਂ ਆਵਾਂਗਾ। ਇਹ ਜਨਮ ਮਰਨ ਦਾ ਗੇੜ ਪ੍ਰਭੂ ਦੀ ਰਜ਼ਾ (ਅਨੁਸਾਰ) ਹੀ ਹੈ, ਮੈਂ ਉਸ ਰਜ਼ਾ ਨੂੰ ਸਮਝ ਕੇ (ਰਜ਼ਾ ਵਿਚ) ਲੀਨ ਹੋ ਗਿਆ ਹਾਂ। ੧। ਰਹਾਉ।

ਜਿਵੇਂ ਪਾਣੀ ਸਮੁੰਦਰ ਦੇ ਪਾਣੀ ਵਿਚ ਮਿਲ ਕੇ ਇੱਕ-ਰੂਪ ਹੋ ਜਾਂਦਾ ਹੈ, ਜਿਵੇਂ ਨਦੀ ਦੇ ਪਾਣੀ ਦੀਆਂ ਲਹਿਰਾਂ ਨਦੀ ਦੇ ਪਾਣੀ ਵਿਚ ਲੀਨ ਹੋ ਜਾਂਦੀਆਂ ਹਨ, ਜਿਵੇਂ ਹਵਾ ਹਵਾ ਵਿਚ ਮਿਲ ਜਾਂਦੀ ਹੈ, ਤਿਵੇਂ ਵਾਸ਼ਨਾ-ਰਹਿਤ ਹੋਇਆ ਮੇਰਾ ਮਨ ਅਫੁਰ ਪ੍ਰਭੂ ਵਿਚ ਮਿਲ ਗਿਆ ਹੈ, ਤੇ ਹੁਣ ਮੈਨੂੰ ਹਰ ਥਾਂ ਪ੍ਰਭੂ ਹੀ ਦਿੱਸ ਰਿਹਾ ਹੈ। ੧।

ਹੁਣ ਜਦੋਂ (ਪ੍ਰਭੂ ਵਿਚ ਲੀਨ ਹੋਣ ਕਰਕੇ) ਮੇਰਾ ਪੰਜ-ਤੱਤੀ ਸਰੀਰ ਦਾ ਮੋਹ ਮੁੱਕ ਗਿਆ ਹੈ, ਮੈਂ ਆਪਣਾ ਭੁਲੇਖਾ ਭੀ ਇਉਂ ਮੁਕਾ ਲਿਆ ਹੈ ਕਿ ਕਿਸੇ ਖ਼ਾਸ ਭੇਖ (ਦੀ ਮਹੱਤਤਾ ਦਾ ਖ਼ਿਆਲ) ਛੱਡ ਕੇ ਮੈਨੂੰ ਸਭਨਾਂ ਵਿਚ ਹੀ ਪਰਮਾਤਮਾ ਦਿੱਸਦਾ ਹੈ, ਮੈਂ ਇੱਕ ਪ੍ਰਭੂ ਦਾ ਨਾਮ ਹੀ ਸਿਮਰ ਰਿਹਾ ਹਾਂ। ੨।

(ਪਰ, ਇਹ ਪ੍ਰਭੂ ਦੀ ਆਪਣੀ ਹੀ ਮਿਹਰ ਹੈ) ਜਿਸ ਪਾਸੇ ਉਸ ਨੇ ਮੈਨੂੰ ਲਾਇਆ ਹੈ ਮੈਂ ਉਧਰ ਹੀ ਲੱਗ ਪਿਆ ਹਾਂ (ਜਿਹੋ ਜਿਹੇ ਕੰਮ ਉਹ ਮੈਥੋਂ ਕਰਾਉਂਦਾ ਹੈ) ਉਹੋ ਜਿਹੇ ਕੰਮ ਮੈਂ ਕਰ ਰਿਹਾ ਹਾਂ। ਜਦੋਂ ਭੀ (ਜਿੰਨ੍ਹਾਂ ਉੱਤੇ) ਪ੍ਰਭੂ ਜੀ ਆਪਣੀ ਮਿਹਰ ਕਰਦੇ ਹਨ, ਉਹ ਗੁਰੂ ਦੇ ਸ਼ਬਦ ਵਿਚ ਲੀਨ ਹੋ ਜਾਂਦੇ ਹਨ। ੩।

(ਹੇ ਭਾਈ !) ਗ੍ਰਿਹਸਤ ਵਿਚ ਰਹਿੰਦੇ ਹੋਏ ਹੀ (ਪਹਿਲਾਂ) ਵਿਕਾਰਾਂ ਵਲੋਂ ਮਰੋ। ਜਦੋਂ ਇਸ ਤਰ੍ਹਾਂ ਮਰੋਗੇ, ਤਾਂ ਫਿਰ ਆਤਮਕ ਜੀਵਨ ਵਾਲੇ ਪਾਸੇ ਜੀਊ ਪਵੋਗੇ। ਫਿਰ ਕਦੇ ਜਨਮ (ਮਰਨ ਦਾ ਗੇੜ) ਨਹੀਂ ਹੋਵੇਗਾ। ਹੇ ਕਬੀਰ ! ਆਖ—ਜੋ ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਲੀਨ ਹੁੰਦਾ ਹੈ, ਉਹ ਅਫੁਰ ਪ੍ਰਭੂ ਵਿਚ ਸੁਰਤ ਜੋੜੀ ਰੱਖਦਾ ਹੈ। ੪। ੪।

ਸ਼ਬਦ ਦਾ ਭਾਵ : ਪ੍ਰਭੂ ਦੇ ਨਾਮ ਵਿਚ ਜੁੜਿਆਂ ਪ੍ਰਭੂ ਦੀ ਰਜ਼ਾ ਦੀ ਸਮਝ ਪੈਂਦੀ ਹੈ। ਰਜ਼ਾ ਵਿਚ ਤੁਰਿਆਂ ਪ੍ਰਭੂ ਨਾਲ ਇਉਂ ਇੱਕ-ਮਿੱਕ ਹੋ ਜਾਈਦਾ ਹੈ, ਜਿਵੇਂ ਨਦੀ ਦੀਆਂ ਲਹਿਰਾਂ ਨਦੀ ਦੇ ਪਾਣੀ ਨਾਲ, ਜਿਵੇਂ ਹਵਾ ਹਵਾ ਨਾਲ। ਫਿਰ ਜੰਮਣ ਮਰਨ ਦੇ ਗੇੜ ਦੀ ਕੋਈ ਸੰਭਾਵਨਾ ਰਹਿ ਹੀ ਨਹੀਂ ਜਾਂਦੀ।

ਜਉ ਤੁਮ੍ ਮੋ ਕਉ ਦੂਰਿ ਕਰਤ ਹਉ, ਤਉ ਤੁਮ ਮੁਕਤਿ ਬਤਾਵਹੁ ॥ ਏਕ ਅਨੇਕ ਹੋਇ ਰਹਿਓ ਸਗਲ ਮਹਿ, ਅਬ ਕੈਸੇ ਭਰਮਾਵਹੁ ॥ ੧ ॥ ਰਾਮ, ਮੋ ਕਉ ਤਾਰਿ, ਕਹਾਂ ਲੈ ਜਈ ਹੈ ॥ ਸੋਧਉ, ਮੁਕਤਿ ਕਹਾ ਦੇਉ ਕੈਸੀ, ਕਰਿ ਪ੍ਰਸਾਦੁ ਮੋਹਿ ਪਾਈ ਹੈ ॥ ੧ ॥ ਰਹਾਉ ॥ ਤਾਰਨ ਤਰਨੁ ਤਬੈ ਲਗੁ ਕਹੀਐ, ਜਬ ਲਗੁ ਤਤੁ ਨ ਜਾਨਿਆ ॥ ਅਬ ਤਉ ਬਿਮਲ ਭਏ ਘਟ ਹੀ

ਮਹਿ, ਕਹਿ ਕਬੀਰ ਮਨੁ ਮਾਨਿਆ ॥ ੨ ॥ ੫ ॥ [ਪੰਨਾ ੧੧੦੪]

ਪਦ ਅਰਥ :—ਜਉ—ਜੇ । ਮੋ ਕਉ—ਮੈਨੂੰ । ਦੂਰ ਕਰਤ ਹਉ—ਤੂੰ (ਮੈਨੂੰ) ਆਪਣੇ ਚਰਨਾਂ ਤੋਂ ਵਿਛੋੜ ਦੇਵੇਂ । ਭਰਮਾਵਹੁ—ਮੈਨੂੰ ਭੁਲੇਖੇ ਵਿਚ ਪਾਂਦਾ ਹੈਂ । ੧ ।

ਰਾਮ—ਹੇ ਰਾਮ ! ਤਾਰਿ—ਤਾਰ ਕੇ । ਕਹਾ—(ਆਪਣੇ ਚਰਨਾਂ ਤੋਂ ਪਰੇ ਹੋਰ) ਕਿੱਥੇ ? ਲੈ ਜਈ ਹੈ—ਲੈਂ ਜਾਏਂਗਾ । ੧ । ਰਹਾਉ ।

ਸੋਧਉ—ਸੋਧਉਂ, ਮੈਂ ਪੁੱਛਦਾ ਹਾਂ । ਕੈਸੀ—ਕਿਹੋ ਜਿਹੀ (ਮੁਕਤੀ) ? ਪ੍ਰਸਾਦੁ—ਕਿਰਪਾ । ਮੋਹਿ—ਮੈਂ । ਪਾਈ ਹੈ—ਲੱਭ ਲਈ ਹੈ । ੧ । ਰਹਾਉ ।

ਤਾਰਨ—(ਕਿਸੇ ਨੂੰ ਸੰਸਾਰ-ਸਮੁੰਦਰ ਤੋਂ) ਪਾਰ ਲੰਘਾਣਾ । ਤਰਨੁ—ਤਰਨਾ, ਪਾਰ ਲੰਘਣਾ । ਕਹੀਐ—(ਇਹ ਗੱਲ) ਆਖੀਦੀ ਹੈ । ਤਤੁ—ਸਾਰੇ ਜਗਤ ਦਾ ਮੂਲ-ਪ੍ਰਭੂ । ਨ ਜਾਨਿਆ—ਜਾਣ-ਪਛਾਣ ਨਹੀਂ ਕੀਤੀ, ਸਾਂਝ ਨਹੀਂ ਪਾਈ । ਬਿਮਲ—ਪਵਿੱਤਰ । ਘਟ ਹੀ ਮਹਿ—ਹਿਰਦੇ ਵਿਚ ਹੀ । ਮਾਨਿਆ—ਮੰਨ ਗਿਆ ਹੈ, ਗਿੱਝ ਗਿਆ ਹੈ,ਪਰਚ ਗਿਆ ਹੈ । ੨ ।

ਅਰਥ :—ਹੇ ਰਾਮ ! (ਮੈਂ ਤਾਂ ਅੱਗੇ ਹੀ ਤੇਰੇ ਚਰਨਾਂ ਵਿਚ ਜੁੜਿਆ ਬੈਠਾ ਹਾਂ । ਲੋਕ ਆਖਦੇ ਹਨ ਕਿ ਮਰਨ ਪਿਛੋਂ ਮੁਕਤੀ ਮਿਲਦੀ ਹੈ) ਮੈਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਕੇ ਹੋਰ ਕਿੱਥੇ ਲੈ ਜਾਏਂਗਾ ? (ਤੇਰੇ ਚਰਨਾਂ ਵਿਚ ਟਿਕੇ ਰਹਿਣਾ ਹੀ ਮੇਰੇ ਲਈ ਮੁਕਤੀ ਹੈ । ਜੇ ਤੇਰੇ ਚਰਨਾਂ ਵਿਚ ਜੁੜੇ ਰਹਿਣਾ ਮੁਕਤੀ ਨਹੀਂ ਹੈ, ਤਾਂ) ਮੈਂ ਪੁੱਛਦਾ ਹਾਂ —ਉਹ ਮੁਕਤੀ ਕਿਹੋ ਜਿਹੀ ਹੋਵੇਗੀ, ਤੇ ਮੈਨੂੰ ਹੋਰ ਕਿਥੇ ਲੈ ਜਾ ਕੇ ਤੂੰ ਦੇਵੇਂਗਾ ? (ਤੇਰੇ ਚਰਨਾਂ ਵਿਚ ਜੁੜੇ ਰਹਿਣ ਵਾਲੀ ਮੁਕਤੀ ਤਾਂ) ਤੇਰੀ ਕਿਰਪਾ ਨਾਲ ਮੈਂ ਅੱਗੇ ਹੀ ਪ੍ਰਾਪਤ ਕੀਤੀ ਹੋਈ ਹੈ । ੧ । ਰਹਾਉ ।

ਹੇ ਰਾਮ ! ਜੇ ਤੂੰ ਮੈਨੂੰ ਆਪਣੇ ਚਰਨਾਂ ਤੋਂ ਵਿਛੋੜ ਦੇਵੇਂ, ਤਾਂ ਦੱਸ ਹੋਰ ਮੁਕਤੀ ਕੀਹ ਹੈ ? ਤੂੰ ਇੱਕ ਪ੍ਰਭੂ ਅਨੇਕਾਂ ਰੂਪ ਧਾਰ ਕੇ ਸਾਰੇ ਜੀਵਾਂ ਵਿਚ ਵਿਆਪਕ ਹੈਂ (ਮੇਰੇ ਅੰਦਰ ਭੀ ਬੈਠ ਕੇ ਮੈਨੂੰ ਮਿਲਿਆ ਹੋਇਆ ਹੈਂ) । ਹੁਣ ਮੈਨੂੰ ਕਿਸੇ ਹੋਰ ਭੁਲੇਖੇ ਵਿਚ ਕਿਉਂ ਪਾਂਦਾ ਹੈਂ (ਕਿ ਮੁਕਤੀ ਕਿਸੇ ਹੋਰ ਥਾਂ ਕਿਸੇ ਹੋਰ ਕਿਸਮ ਦੀ ਮਿਲੇਗੀ) ? ੧ ।

ਸੰਸਾਰ-ਸਮੁੰਦਰ ਤੋਂ ਪਾਰ ਲੰਘਾਣਾ ਤੇ ਪਾਰ ਲੰਘਣਾ—ਇਹ ਗੱਲ ਤਦ ਤਕ ਹੀ ਕਹੀਦੀ ਹੈ, ਜਦ ਤਕ ਜਗਤ ਦੇ ਮੂਲ-ਪ੍ਰਭੂ ਨਾਲ ਸਾਂਝ ਨਹੀਂ ਪਾਈ ਜਾਂਦੀ । ਕਬੀਰ ਆਖਦਾ ਹੈ—ਮੈਂ ਤਾਂ ਹੁਣ ਹਿਰਦੇ ਵਿਚ ਹੀ (ਤੇਰੇ ਮਿਲਾਪ ਦੀ ਬਰਕਤਿ ਨਾਲ) ਪਵਿੱਤਰ ਹੋ ਚੁਕਾ ਹਾਂ ਮੇਰਾ ਮਨ (ਤੇਰੇ ਨਾਲ ਹੀ) ਪਰਚ ਗਿਆ ਹੈ (ਕਿਸੇ ਹੋਰ ਮੁਕਤੀ ਦੀ ਮੈਨੂੰ ਲੋੜ ਨਹੀਂ ਹੈ) । ੨ । ੫ ।

ਸ਼ਬਦ ਦਾ ਭਾਵ : ਪ੍ਰਭੂ ਦੇ ਚਰਨਾਂ ਵਿਚ ਸਦਾ ਸੁਰਤ ਟਿਕੇ ਰਹਿਣ ਦਾ ਨਾਮ ਹੀ ਮੁਕਤੀ ਹੈ ।

ਜਿਨਿ ਗੜ ਕੋਟ ਕੀਏ ਕੰਚਨ ਕੇ, ਛੋਡਿ ਗਇਆ ਸੋ ਰਾਵਨੁ ॥ ੧ ॥ ਕਾਹੇ ਕੀਜਤ ਹੈ ਮਨਿ ਭਾਵਨੁ ॥ ਜਬ ਜਮੁ ਆਇ ਕੇਸ ਤੇ ਪਕਰੈ, ਤਹ ਹਰਿ ਕੋ ਨਾਮੁ ਛਡਾਵਨ ॥ ੧ ॥ ਰਹਾਉ ॥ ਕਾਲੁ ਅਕਾਲੁ ਖਸਮ ਕਾ ਕੀਨਾ, ਇਹੁ ਪਰਪੰਚੁ ਬਧਾਵਨੁ ॥ ਕਹਿ ਕਬੀਰ ਤੇ ਅੰਤੇ ਮੁਕਤੇ, ਜਿਨ੍ ਹਿਰਦੈ ਰਾਮ ਰਸਾਇਨੁ ॥ ੨ ॥ ੬ ॥

ਪਦ ਅਰਥ:–ਜਿਨਿ–ਜਿਸ (ਰਾਵਣ) ਨੇ । ਗੜ ਕੋਟ–ਕਿਲ੍ਹੇ । ਕੰਚਨ–ਸੋਨਾ।੧।

ਮਨਿ–ਮਨ ਵਿਚ । ਮਨਿ ਭਾਵਨੁ–ਆਪਣੇ ਮਨ ਵਿਚ (ਪੈਦਾ ਹੋਈ) ਮਰਜ਼ੀ, ਮਨ ਮਰਜ਼ੀ । ੧ । ਰਹਾਉ ।

ਅਕਾਲੁ–ਅ-ਕਾਲੁ, ਮੌਤ ਰਹਿਤ, ਅਮੋੜ । ਪਰਪੰਚੁ–ਜਗਤ । ਬਧਾਵਨੁ–ਬੰਧਨ। ਕਹਿ–ਕਹੈ, ਆਖਦਾ ਹੈ । ਅੰਤੇ–ਆਖ਼ਰ ਨੂੰ ।ਮੁਕਤੇ–ਪਰਪੰਚ-ਰੂਪ ਬੰਧਨ ਤੋਂ ਆਜ਼ਾਦ। ਰਸਾਇਨੁ–ਰਸ-ਅਯਨ, ਰਸਾਂ ਦਾ ਘਰ । ੨ ।

ਅਰਥ :–ਜਿਸ ਰਾਵਣ ਨੇ ਸੋਨੇ ਦੇ ਕਿਲ੍ਹੇ ਬਣਾਏ (ਦੱਸੀਦੇ ਹਨ), ਉਹ ਭੀ (ਉਹ ਕਿਲ੍ਹੇ ਇੱਥੇ ਹੀ) ਛੱਡ ਗਿਆ । ੧ ।

ਹੇ ਭਾਈ ! ਕਿਉਂ ਆਪਣੀ ਮਨ-ਮਰਜ਼ੀ ਕਰਦਾ ਹੈਂ ? ਜਦੋਂ ਜਮਦੂਤ ਆ ਕੇ ਕੇਸਾਂ ਤੋਂ ਫੜ ਲੈਂਦਾ ਹੈ (ਭਾਵ, ਜਦੋਂ ਮੌਤ ਸਿਰ ਤੇ ਆ ਜਾਂਦੀ ਹੈ) ਉਸ ਵੇਲੇ ਪਰਮਾਤਮਾ ਦਾ ਨਾਮ ਹੀ (ਉਸ ਮੌਤ ਦੇ ਸਹਿਮ ਤੋਂ) ਬਚਾਂਦਾ ਹੈ । ੧ । ਰਹਾਉ ।

ਕਬੀਰ ਆਖਦਾ ਹੈ–ਇਹ ਅਮੋੜ ਮੌਤ ਅਤੇ ਬੰਧਨ-ਰੂਪ ਇਹ ਜਗਤ ਪਰਮਾਤਮਾ ਦੇ ਹੀ ਬਣਾਏ ਹੋਏ ਹਨ । ਇਹਨਾਂ ਤੋਂ ਬਚਦੇ ਉਹੀ ਹਨ ਜਿੰਨ੍ਹਾਂ ਦੇ ਹਿਰਦੇ ਵਿਚ ਸਭ-ਰਸਾਂ-ਦਾ ਘਰ ਪਰਮਾਤਮਾ ਦਾ ਨਾਮ ਮੌਜੂਦ ਹੈ । ੨ । ੬ ।

ਸ਼ਬਦ ਦਾ ਭਾਵ: ਧਨ-ਪਦਾਰਥ ਦੇ ਮਾਣ ਵਿਚ ਆ ਕੇ ਮਨ ਦੀਆਂ ਮੌਜਾਂ ਵਿਚ ਨਹੀਂ ਫਸਣਾ ਚਾਹੀਦਾ । ਇਹਨਾਂ ਨਾਲ ਸਦਾ ਸਾਥ ਨਹੀਂ ਨਿਭਦਾ । ਆਖ਼ਰ ਮੌਤ ਆ ਕੂਕਦੀ ਹੈ । ਮੌਤ ਦੇ ਸਹਿਮ ਤੋਂ ਬਚਾਣ ਵਾਲਾ ਇਕ ਨਾਮ ਹੀ ਹੈ ।

ਨੋਟ–ਵੇਖੋ ਰਹਾਉ ਦੀ ਤੁਕ । ਸਧਾਰਨ ਜਿਹਾ ਜ਼ਿਕਰ ਕਰਨ ਵੇਲੇ ਜਮਾਂ ਦਾ ਕੇਸਾਂ ਤੋਂ ਆ ਪਕੜਨ ਦਾ ਮੁਹਾਵਰਾ ਕਬੀਰ ਜੀ ਵਰਤਦੇ ਹਨ । ਕੀ ਇਸ ਦਾ ਭਾਵ ਇਹ ਨਹੀਂ ਕਿ ਕਬੀਰ ਜੀ ਕੇਸਾਧਾਰੀ ਸਨ ?

ਦੇਹੀ ਗਾਵਾ, ਜੀਉ ਧਰ ਮਹਤਉ, ਬਸਹਿ ਪੰਚ ਕਿਰਸਾਨਾ ॥ ਨੈਨੂ

ਨਕਟੂ ਸ੍ਰਵਨੂ ਰਸਪਤਿ, ਇੰਦ੍ਰੀ ਕਹਿਆ ਨ ਮਾਨਾ ॥ ੧ ॥ ਬਾਬਾ, ਅਬ ਨ ਬਸਉ ਇਹ ਗਾਉ ॥ ਘਰੀ ਘਰੀ ਕਾ ਲੇਖਾ ਮਾਗੈ, ਕਾਇਥੁ ਚੇਤੂ ਨਾਉ ॥ ੧ ॥ ਰਹਾਉ ॥ ਧਰਮ ਰਾਇ ਜਬ ਲੇਖਾ ਮਾਗੈ, ਬਾਕੀ ਨਿਕਸੀ ਭਾਰੀ ॥ ਪੰਚ ਕ੍ਰਿਸਾਨ ਵਾ ਭਾਗਿ ਗਏ, ਲੈ ਬਾਧਿਓ ਜੀਉ ਦਰਬਾਰੀ ॥ ੨ ॥ ਕਹੈ ਕਬੀਰ, ਸੁਨਹੁ ਰੇ ਸੰਤਹੁ, ਖੇਤ ਹੀ ਕਰਹੁ ਨਿਬੇਰਾ ॥ ਅਬ ਕੀ ਬਾਰ ਬਖਸਿ ਬੰਦੇ ਕਉ, ਬਹੁਰਿ ਨ ਭਉਜਲਿ ਫੇਰਾ ॥ ੩ ॥ ੭ ॥

ਪਦ ਅਰਥ:—ਦੇਹੀ—ਸਰੀਰ। ਗਾਵਾ—ਗਾਂਵ, ਨਗਰ। ਜੀਉ—ਜੀਵ, ਆਤਮਾ। ਧਰ ਮਹਤਉ—ਧਰਤੀ ਦਾ ਚੌਧਰੀ। ਕਿਰਸਾਨ—ਮੁਜ਼ਾਰੇ। ਬਸਹਿ—ਵੱਸਦੇ ਹਨ। ਨੈਨੂੰ—ਅੱਖਾਂ। ਨਕਟੂ—ਨੱਕ। ਸ੍ਰਵਨੂ—ਕੰਨ। ਰਸ ਪਤਿ—ਰਸਾਂ ਦਾ ਪਤੀ, ਜੀਭ। ੧।

ਨ ਬਸਉ—ਨ ਬਸਉਂ, ਮੈਂ ਨਹੀਂ ਵੱਸਾਂਗਾ। ਕਾਇਥੁ—ਕਾਇਸਥ (ਉਧਰ ਆਮ ਤੌਰ ਤੇ ਕਾਇਸਥ ਹੀ ਪੜ੍ਹੇ-ਲਿਖੇ ਤੇ ਪਟਵਾਰੀ ਹੁੰਦੇ ਸਨ), ਪਟਵਾਰੀ। ਚੇਤੂ—ਚਿੱਤਰ ਗੁਪਤ। ੧। ਰਹਾਉ।

ਬਾਕੀ—ਉਹ ਰਕਮ ਜੋ ਜ਼ਿੱਮੇ ਨਿਕਲੇ। ਵਾ—ਉਹ। ਦਰਬਾਰੀ—ਦਰਬਾਰੀਆਂ ਨੇ। ੨।

ਖੇਤ ਹੀ—ਖੇਤ ਵਿਚ ਹੀ, ਇਸੇ ਸਰੀਰ ਵਿਚ ਹੀ, ਇਸੇ ਜਨਮ ਵਿਚ। ਭਉਜਲਿ—ਭਉਜਲ ਵਿਚ, ਸੰਸਾਰ-ਸਮੁੰਦਰ ਵਿਚ। ੩।

ਅਰਥ:—ਹੇ ਬਾਬਾ! ਹੁਣ ਮੈਂ ਇਸ ਪਿੰਡ ਵਿਚ ਨਹੀਂ ਵੱਸਣਾ, ਜਿੱਥੇ ਰਿਹਾਂ ਉਹ ਪਟਵਾਰੀ ਜਿਸ ਦਾ ਨਾਮ ਚਿਤ੍ਰਗੁਪਤ ਹੈ, ਹਰੇਕ ਘੜੀ ਦਾ ਲੇਖਾ ਮੰਗਦਾ ਹੈ। ੧। ਰਹਾਉ।

ਇਹ ਮਨੁੱਖਾ ਸਰੀਰ (ਮਾਨੋ ਇਕ) ਨਗਰ ਹੈ, ਜੀਵ ਇਸ (ਨਗਰ ਦੀ) ਧਰਤੀ ਦਾ ਚੌਧਰੀ ਹੈ, ਇਸ ਵਿਚ ਪੰਜ ਕਿਸਾਨ ਵੱਸਦੇ ਹਨ—ਅੱਖਾਂ, ਨੱਕ, ਕੰਨ, ਜੀਭ ਤੇ (ਕਾਮ-ਵਾਸ਼ਨਾ ਵਾਲੀ) ਇੰਦ੍ਰੀ। ਇਹ ਪੰਜੇ ਹੀ ਜੀਵ-ਚੌਧਰੀ ਦਾ ਕਿਹਾ ਨਹੀਂ ਮੰਨਦੇ (ਅਮੋੜ ਹਨ)। ੧।

(ਜੋ ਜੀਵ ਇਹਨਾਂ ਪੰਜਾਂ ਦੇ ਅਧੀਨ ਹੋ ਕੇ ਰਹਿੰਦਾ ਹੈ) ਜਦੋਂ ਧਰਮਰਾਜ (ਇਸ ਜੀਵਨ ਵਿਚ ਕੀਤੇ ਕੰਮਾਂ ਦਾ) ਹਿਸਾਬ ਮੰਗਦਾ ਹੈ (ਉਸ ਦੇ ਜ਼ਿੰਮੇ) ਬਹੁਤ ਕੁਝ ਦੇਣਾ ਨਿਕਲਦਾ ਹੈ। (ਸਰੀਰ ਢਹਿ ਜਾਣ ਤੇ) ਉਹ ਪੰਜ ਮੁਜ਼ਾਰੇ ਤਾਂ ਭੱਜ ਜਾਂਦੇ ਹਨ ਪਰ ਜੀਵ ਨੂੰ (ਲੇਖਾ ਮੰਗਣ ਵਾਲੇ) ਦਰਬਾਰੀ ਬੰਨ੍ਹ ਲੈਂਦੇ ਹਨ। ੨।

ਕਬੀਰ ਆਖਦਾ ਹੈ—ਹੇ ਸੰਤ ਜਨੋ! ਸੁਣੋ, ਇਸੇ ਹੀ ਮਨੁੱਖਾ ਜਨਮ ਵਿਚ (ਇਹਨਾਂ

ਇੰਦ੍ਰਿਆਂ ਦਾ) ਹਿਸਾਬ ਮੁਕਾਉ (ਤੇ ਪ੍ਰਭੂ ਅੱਗੇ ਨਿੱਤ ਅਰਦਾਸ ਕਰੋ–ਹੇ ਪ੍ਰਭੂ !) ਇਸੇ ਹੀ ਵਾਰੀ (ਭਾਵ, ਇਸੇ ਹੀ ਜਨਮ ਵਿਚ) ਮੈਨੂੰ ਆਪਣੇ ਸੇਵਕ ਨੂੰ ਬਖ਼ਸ਼ ਲੈ, ਇਸ ਸੰਸਾਰ-ਸਮੁੰਦਰ ਵਿਚ ਮੇਰਾ ਮੁੜ ਫੇਰਾ ਨਾਹ ਹੋਵੇ । ੩ । ੭ ।

ਸ਼ਬਦ ਦਾ ਭਾਵ: ਅੱਖਾਂ, ਕੰਨ, ਨੱਕ ਆਦਿਕ ਇੰਦ੍ਰੇ ਮਨੁੱਖ ਨੂੰ ਮੁੜ ਮੁੜ ਵਿਕਾਰਾਂ ਵਲ ਪ੍ਰੇਰਦੇ ਹਨ । ਇਹਨਾਂ ਦੀ ਮੰਦੀ ਪ੍ਰੇਰਨਾ ਤੋਂ ਬਚਣ ਲਈ ਇੱਕੋ ਹੀ ਤਰੀਕਾ ਹੈ–ਪਰਮਾਤਮਾ ਦੇ ਦਰ ਤੇ ਨਿੱਤ ਅਰਦਾਸ ਕਰਨੀ ਚਾਹੀਦੀ ਹੈ ।

ੴ ਸਤਿਗੁਰ ਪ੍ਰਸਾਦਿ ॥

ਰਾਗੁ ਮਾਰੂ ਬਾਣੀ ਕਬੀਰ ਜੀਉ ਕੀ

ਅਨਭਉ, ਕਿਨੈ ਨ ਦੇਖਿਆ, ਬੈਰਾਗੀਅੜੇ ॥ ਬਿਨੁ ਭੈ ਅਨਭਉ ਹੋਇ ਵਣਾ ਹੰਬੈ ॥ ੧ ॥ ਸਹੁ ਹਦੂਰਿ ਦੇਖੈ ਤਾ ਭਉ ਪਵੈ ਬੈਰਾਗੀਅੜੇ ॥ ਹੁਕਮੈ ਬੂਝੈ ਤ ਨਿਰਭਉ ਹੋਇ ਵਣਾ ਹੰਬੈ ॥ ੨ ॥ ਹਰਿ ਪਾਖੰਡੁ ਨ ਕੀਜਈ ਬੈਰਾਗੀਅੜੇ ॥ ਪਾਖੰਡਿ ਰਤਾ ਸਭੁ ਲੋਕੁ ਵਣਾ ਹੰਬੈ ॥ ੩ ॥ ਤ੍ਰਿਸਨਾ ਪਾਸੁ ਨ ਛਡਈ ਬੈਰਾਗੀਅੜੇ ॥ ਮਮਤਾ ਜਾਲਿਆ ਪਿੰਡੁ ਵਣਾ ਹੰਬੈ ॥੪॥ ਚਿੰਤਾ ਜਾਲਿ ਤਨੁ ਜਾਲਿਆ ਬੈਰਾਗੀਅੜੇ ॥ ਜੇ ਮਨੁ ਮਿਰਤਕੁ ਹੋਇ ਵਣਾ ਹੰਬੈ ॥ ੫ ॥ ਸਤਿਗੁਰ ਬਿਨੁ ਬੈਰਾਗੁ ਨ ਹੋਵਈ ਬੈਰਾਗੀਅੜੇ ॥ ਜੇ ਲੋਚੈ ਸਭੁ ਕੋਇ ਵਣਾ ਹੰਬੈ ॥ ੬ ॥ ਕਰਮੁ ਹੋਵੈ ਸਤਿਗੁਰੁ ਮਿਲੈ ਬੈਰਾਗੀਅੜੇ ॥ ਸਹਜੇ ਪਾਵੈ ਸੋਇ ਵਣਾ ਹੰਬੈ ॥੭॥ ਕਹੁ ਕਬੀਰ ਇਕ ਬੇਨਤੀ ਬੈਰਾਗੀਅੜੇ ॥ ਮੋ ਕਉ ਭਉਜਲੁ ਪਾਰਿ ਉਤਾਰਿ ਵਣਾ ਹੰਬੈ ॥ ੮ ॥ ੧ ॥ ੮ ॥

ਪਦ ਅਰਥ:–ਅਨਭਉ–[Skt. अनुभव–Direct perception or cognition] ਝਲਕਾਰਾ, ਆਤਮਕ ਗਿਆਨ । ਕਿਨੈ–ਕਿਸੇ ਮਨੁੱਖ ਨੇ । ਨ ਦੇਖਿਆ–ਪਰਮਾਤਮਾ ਨੂੰ ਇਹਨਾਂ ਅੱਖਾਂ ਨਾਲ ਨਹੀਂ ਵੇਖਿਆ । ਬੈਰਾਗੀਅੜੇ–ਹੇ ਅੰਞਾਣ ਵੈਰਾਗੀ! ਬਿਨੁ ਭੈ–ਸੰਸਾਰਕ ਡਰਾਂ ਤੋਂ ਰਹਿਤ । ਹੋਇ–ਹੁੰਦਾ ਹੈ, ਪਰਗਟ ਹੁੰਦਾ ਹੈ । ਵਣਾ ਹੰਬੈ–ਇਹ ਲਫ਼ਜ਼ ਛੰਦ ਦੀ ਸਿਰਫ਼ ਪਦ-ਪੂਰਤੀ ਲਈ ਹੈ, ਇਸ ਦਾ ਅਰਥ ਕੋਈ ਨਹੀਂ ਹੈ, ਜਿਵੇਂ 'ਫੁਨਹੇ' ਦੀ ਬਾਣੀ ਵਿਚ ਲਫ਼ਜ਼ 'ਹਰਿਹਾਂ' ਹੈ । ੧ ।

ਹਦੂਰਿ–ਹਾਜ਼ਰ-ਨਾਜ਼ਰ, ਅੰਗ-ਸੰਗ । ਭਉ–ਪਰਮਾਤਮਾ ਦਾ ਡਰ । ਪਵੈ–(ਹਿਰਦੇ ਵਿਚ) ਟਿਕਦਾ ਹੈ । ਨਿਰਭਉ–ਦੁਨੀਆ ਦੇ ਡਰਾਂ ਤੋਂ ਰਹਿਤ । ੨ ।

ਪਾਖੰਡਿ–ਪਖੰਡ ਵਿਚ। ਰਤਾ–ਰੰਗਿਆ ਹੋਇਆ। ਲੋਕੁ–ਜਗਤ। ੩।

ਪਾਸੁ–ਪਾਸਾ, ਸਾਥ। ਜਾਲਿਆ–ਸਾੜ ਦਿੱਤਾ ਹੈ। ਪਿੰਡੁ–ਸਰੀਰ। ੪।

ਜਾਲਿ–ਸਾੜ ਕੇ। ਤਨੁ–ਸਰੀਰ, ਸਰੀਰ ਦਾ ਮੋਹ। ਮਿਰਤਕੁ–ਮੁਰਦਾ, ਤ੍ਰਿਸ਼ਨਾ ਮਮਤਾ ਵਲੋਂ ਮੁਰਦਾ। ੫।

ਬੈਰਾਗੁ–ਤ੍ਰਿਸ਼ਨਾ ਮਮਤਾ ਵਲੋਂ ਉਪਰਾਮਤਾ। ਸਭੁ ਕੋਇ–ਹਰੇਕ ਜੀਵ। ੬।

ਕਰਮੁ–ਬਖ਼ਸ਼ਸ਼। ਸਹਜੇ–ਸਹਿਜ ਅਵਸਥਾ ਵਿਚ ਟਿਕ ਕੇ, ਤ੍ਰਿਸ਼ਨਾ ਆਦਿਕ ਵਿਚ ਡੋਲਣ ਤੋਂ ਹਟ ਕੇ। ੭।

ਮੋ ਕਉ–ਮੈਨੂੰ। ਭਉਜਲੁ–ਸੰਸਾਰ-ਸਮੁੰਦਰ। ੮।

ਅਰਥ :–ਹੇ ਅੰਞਾਣ ਵੈਰਾਗੀ! (ਪਰਮਾਤਮਾ ਨੂੰ ਇਹਨਾਂ ਅੱਖਾਂ ਨਾਲ ਕਦੇ) ਕਿਸੇ ਨੇ ਨਹੀਂ ਵੇਖਿਆ, ਉਸ ਦਾ ਤਾਂ ਆਤਮਕ ਝਲਕਾਰਾ ਹੀ ਵੱਜਦਾ ਹੈ। ਤੇ, ਇਹ ਆਤਮਕ ਝਲਕਾਰਾ ਤਦੋਂ ਵੱਜਦਾ ਹੈ, ਜਦੋਂ ਮਨੁੱਖ ਦੁਨੀਆ ਦੇ ਡਰਾਂ ਤੋਂ ਰਹਿਤ ਹੋ ਜਾਂਦਾ ਹੈ। ੧।

ਹੇ ਅੰਞਾਣ ਬੈਰਾਗੀ! ਜੋ ਮਨੁੱਖ ਪਰਮਾਤਮਾ-ਖਸਮ ਨੂੰ ਹਰ ਵੇਲੇ ਅੰਗ-ਸੰਗ ਸਮਝਦਾ ਹੈ, ਉਸ ਦੇ ਅੰਦਰ ਉਸ ਦਾ ਡਰ ਪੈਦਾ ਹੁੰਦਾ ਹੈ (ਕਿ ਪ੍ਰਭੂ ਸਾਡੇ ਸਾਰੇ ਕੀਤੇ ਕਰਮਾਂ ਨੂੰ ਵੇਖ ਰਿਹਾ ਹੈ)। (ਇਸ ਡਰ ਦੀ ਬਰਕਤਿ ਨਾਲ ਮਨੁੱਖ ਉਸ ਪ੍ਰਭੂ ਦਾ) ਹੁਕਮ ਸਮਝਦਾ ਹੈ (ਭਾਵ, ਇਹ ਸਮਝਣ ਦੀ ਕੋਸ਼ਸ਼ ਕਰਦਾ ਹੈ ਕਿ ਸਾਨੂੰ ਜੀਵਾਂ ਨੂੰ ਕਿਵੇਂ ਜੀਊਣਾ ਚਾਹੀਦਾ ਹੈ) ਤਾਂ ਸੰਸਾਰਕ ਡਰਾਂ ਤੋਂ ਰਹਿਤ ਹੋ ਜਾਂਦਾ ਹੈ (ਕਿਉਂਕਿ ਰਜ਼ਾ ਨੂੰ ਸਮਝ ਕੇ ਸੰਸਾਰਕ ਡਰਾਂ ਵਾਲੇ ਕੰਮ ਕਰਨੇ ਛੱਡ ਦੇਂਦਾ ਹੈ)। ੨।

ਹੇ ਅੰਞਾਣ ਬੈਰਾਗੀ! (ਇਹ ਤੀਰਥ ਆਦਿਕ ਕਰ ਕੇ) ਪਰਮਾਤਮਾ ਨਾਲ ਠੱਗੀ ਨਾਹ ਕਰੀਏ, ਸਾਰਾ ਜਗਤ (ਤੀਰਥ ਆਦਿਕ ਕਰਨ ਦੇ ਵਹਿਣ ਵਿਚ ਪੈ ਕੇ) ਪਖੰਡ ਵਿਚ ਰੁੱਝਾ ਪਿਆ ਹੈ। ੩।

ਹੇ ਅੰਞਾਣ ਬੈਰਾਗੀ! (ਪਖੰਡ-ਕਰਮ ਕੀਤਿਆਂ) ਤ੍ਰਿਸ਼ਨਾ ਖ਼ਲਾਸੀ ਨਹੀਂ ਕਰਦੀ, ਸਗੋਂ ਮਾਇਆ ਦੀ ਮਮਤਾ ਸਰੀਰ ਨੂੰ ਸਾੜ ਦੇਂਦੀ ਹੈ। ੪।

ਹੇ ਅੰਞਾਣ ਬੈਰਾਗੀ! ਜੇ ਮਨੁੱਖ ਦਾ ਮਨ (ਤ੍ਰਿਸ਼ਨਾ ਮਮਤਾ ਵਲੋਂ) ਮਰ ਜਾਏ (ਤਾਂ ਉਹ ਸੱਚਾ ਬੈਰਾਗੀ ਬਣ ਜਾਂਦਾ ਹੈ, ਉਸ ਅਜਿਹੇ ਬੈਰਾਗੀ ਨੇ) ਚਿੰਤਾ ਸਾੜ ਕੇ ਸਰੀਰ (ਦਾ ਮੋਹ) ਸਾੜ ਲਿਆ ਹੈ। ੫।

(ਪਰ) ਹੇ ਅੰਞਾਣ ਬੈਰਾਗੀ! ਸਤਿਗੁਰੂ (ਦੀ ਸ਼ਰਨ ਆਉਣ) ਤੋਂ ਬਿਨਾ (ਹਿਰਦੇ ਵਿਚ) ਵੈਰਾਗ ਪੈਦਾ ਨਹੀਂ ਹੋ ਸਕਦਾ, ਭਾਵੇਂ ਕੋਈ ਕਿਤਨੀ ਹੀ ਤਾਂਘ ਕਰੇ। ੬।

(ਤੇ) ਹੇ ਅੰਞਾਣ ਬੈਰਾਗੀ ! ਸਤਿਗੁਰੂ ਤਦੋਂ ਮਿਲਦਾ ਹੈ ਜੇ (ਪ੍ਰਭੂ ਦੀ) ਕਿਰਪਾ ਹੋਵੇ, ਉਹ ਮਨੁੱਖ (ਫਿਰ) ਸਹਿਜੇ ਹੀ (ਵੈਰਾਗ) ਪ੍ਰਾਪਤ ਕਰ ਲੈਂਦਾ ਹੈ । ੭ ।

ਹੇ ਕਬੀਰ ! ਆਖ–ਹੇ ਅੰਞਾਣ ਬੈਰਾਗੀ ! (ਪਖੰਡ ਨਾਲ ਕੁਝ ਨਹੀਂ ਸੌਰਨਾ, ਪ੍ਰਭੂ ਅੱਗੇ) ਇਉਂ ਅਰਦਾਸ ਕਰ, 'ਹੇ ਪ੍ਰਭੂ ! ਮੈਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ' ।੮।੧।੮।

ਰਾਜਨ, ਕਉਨੁ ਤੁਮਾਰੈ ਆਵੈ ।। ਐਸੋ ਭਾਉ ਬਿਦਰ ਕੋ ਦੇਖਿਓ, ਓਹੁ ਗਰੀਬੁ ਮੋਹਿ ਭਾਵੈ ।। ੧ ।। ਰਹਾਉ ॥ ਹਸਤੀ ਦੇਖਿ ਭਰਮ ਤੇ ਭੂਲਾ, ਸ੍ਰੀ ਭਗਵਾਨੁ ਨ ਜਾਨਿਆ ।। ਤੁਮਰੋ ਦੂਧੁ ਬਿਦਰ ਕੋ ਪਾਨ੍ਹੋ , ਅੰਮ੍ਰਿਤੁ ਕਰਿ ਮੈ ਮਾਨਿਆ ॥ ੧ ॥ ਖੀਰ ਸਮਾਨਿ ਸਾਗੁ ਮੈ ਪਾਇਆ, ਗੁਨ ਗਾਵਤ ਰੈਨਿ ਬਿਹਾਨੀ ॥ ਕਬੀਰ ਕੋ ਠਾਕੁਰੁ ਅਨਦ ਬਿਨੋਦੀ, ਜਾਤਿ ਨ ਕਾਹੂ ਕੀ ਮਾਨੀ ॥ ੨ ॥ ੯ ॥

ਨੋਟ–ਕ੍ਰਿਸ਼ਨ ਜੀ ਇਕ ਵਾਰੀ ਹਸਤਨਾ ਪੁਰ ਗਏ। ਰਾਜ ਕੌਰਵਾਂ ਦਾ ਸੀ। ਕੌਰਵ ਰਾਜ-ਮਦ ਵਿਚ ਇਹ ਖ਼ਿਆਲ ਕਰਦੇ ਰਹੇ ਕਿ ਕ੍ਰਿਸ਼ਨ ਜੀ ਸਾਡੇ ਪਾਸ ਆਉਣਗੇ। ਪਰ ਉਹ ਆਪਣੇ ਗ਼ਰੀਬ ਭਗਤ ਬਿਦਰ ਦੇ ਘਰ ਚਲੇ ਗਏ। ਰਾਜੇ ਦੁਰਜੋਧਨ ਨੇ ਇਹ ਗਿਲ੍ਹਾ ਕੀਤਾ । ਕ੍ਰਿਸ਼ਨ ਜੀ ਨੇ ਉੱਤਰ ਦਿੱਤਾ ਕਿ ਤੁਹਾਨੂੰ ਆਪਣੇ ਰਾਜ ਦਾ ਮਾਣ ਹੈ, ਬਿਦਰ ਭਾਵੇਂ ਗਰੀਬੜਾ ਹੈ, ਉਸ ਦੇ ਪਾਸ ਰਿਹਾਂ ਸਮਾ ਭਜਨ-ਭਗਤੀ ਵਿਚ ਗੁਜ਼ਾਰਿਆ ਹੈ। ਇਸ ਸ਼ਬਦ ਵਿਚ ਕਬੀਰ ਜੀ ਕ੍ਰਿਸ਼ਨ ਜੀ ਦੇ ਦੁਰਜੋਧਨ ਨੂੰ ਦਿੱਤੇ ਉੱਤਰ ਦਾ ਹਵਾਲਾ ਦੇ ਕੇ ਆਖਦੇ ਹਨ ਕਿ ਪ੍ਰਭੂ ਨੂੰ ਕਿਸੇ ਦਾ ਉੱਚਾ ਮਰਾਤਬਾ ਜਾਂ ਉੱਚੀ ਜਾਤ ਕਬੂਲ ਨਹੀਂ, ਉਸ ਨੂੰ ਪ੍ਰੇਮ ਹੀ ਚੰਗਾ ਲੱਗਦਾ ਹੈ ।

ਪਦ ਅਰਥ :–ਰਾਜਨ–ਹੇ ਰਾਜਾ ਦੁਰਜੋਧਨ ! ਤੁਮਾਰੈ–ਤੇਰੇ ਵਲ । ਭਾਉ–ਪਿਆਰ। ਮੋਹਿ–ਮੈਨੂੰ । ਭਾਵੈ–ਚੰਗਾ ਲੱਗਦਾ ਹੈ । ੧ । ਰਹਾਉ ।

ਹਸਤੀ–ਹਾਥੀ । ਭਰਮ ਤੇ–ਭੁਲੇਖੇ ਨਾਲ । ਭੂਲਾ–ਰੱਬ ਨੂੰ ਭੁਲਾ ਬੈਠਾ ਹੈਂ । ਪਾਨ੍ਹੋ–ਪਾਣੀ (ਨੋਟ–ਅੱਖਰ 'ਨ' ਦੇ ਹੇਠ ਅੱਧਾ 'ਹ' ਹੈ) । ੧ ।

ਰੈਨਿ–ਰਾਤ । ਬਿਨੋਦੀ–ਚੋਜ ਤਮਾਸ਼ੇ ਕਰਨ ਵਾਲਾ, ਮੌਜ ਦਾ ਮਾਲਕ । ਨ ਮਾਨੀ –ਨਹੀਂ ਮੰਨਦਾ, ਪਰਵਾਹ ਨਹੀਂ ਕਰਦਾ । ੨ ।

ਅਰਥ :–ਹੇ ਰਾਜਾ (ਦੁਰਜੋਧਨ) ! ਤੇਰੇ ਘਰ ਕੌਣ ਆਵੇ ? (ਮੈਨੂੰ ਤੇਰੇ ਘਰ ਆਉਣ ਦੀ ਖਿੱਚ ਨਹੀਂ ਹੋ ਸਕਦੀ) । ਮੈਂ ਬਿਦਰ ਦਾ ਇਤਨਾ ਪ੍ਰੇਮ ਵੇਖਿਆ ਹੈ ਕਿ ਉਹ ਗਰੀਬ (ਭੀ) ਮੈਨੂੰ ਪਿਆਰਾ ਲੱਗਦਾ ਹੈ । ੧ । ਰਹਾਉ ।

ਤੂੰ ਹਾਥੀ (ਆਦਿਕ) ਵੇਖ ਕੇ ਮਾਣ ਵਿਚ ਆ ਕੇ ਖੁੰਝ ਗਿਆ ਹੈਂ, ਪਰਮਾਤਮਾ ਨੂੰ ਭੁਲਾ ਬੈਠਾ ਹੈਂ । ਇੱਕ ਪਾਸੇ ਤੇਰਾ ਦੁੱਧ ਹੈ, ਦੂਜੇ ਪਾਸੇ ਬਿਦਰ ਦਾ ਪਾਣੀ ਹੈ; ਇਹ ਪਾਣੀ ਮੈਨੂੰ ਅੰਮ੍ਰਿਤ ਦਿੱਸਦਾ ਹੈ ।੧।

(ਬਿਦਰ ਦੇ ਘਰ ਦਾ ਰਿੱਝਾ ਹੋਇਆ) ਸਾਗ (ਤੇਰੀ ਰਸੋਈ ਦੀ ਪੱਕੀ) ਖੀਰ ਵਰਗਾ ਮੈਨੂੰ (ਮਿੱਠਾ) ਲੱਗਦਾ ਹੈ, (ਕਿਉਂਕਿ ਬਿਦਰ ਦੇ ਕੋਲ ਰਹਿ ਕੇ ਮੇਰੀ) ਰਾਤ ਪ੍ਰਭੂ ਦੇ ਗੁਣ ਗਾਂਦਿਆਂ ਬੀਤੀ ਹੈ । ਕਬੀਰ ਦਾ ਮਾਲਕ ਪ੍ਰਭੂ ਆਨੰਦ ਤੇ ਮੌਜ ਦਾ ਮਾਲਕ ਹੈ (ਜਿਵੇਂ ਉਸ ਨੇ ਕ੍ਰਿਸ਼ਨ-ਰੂਪ ਵਿਚ ਆ ਕੇ ਕਿਸੇ ਦੇ ਉੱਚੇ ਮਰਾਤਬੇ ਦੀ ਪਰਵਾਹ ਨਹੀਂ ਕੀਤੀ, ਤਿਵੇਂ) ਉਹ ਕਿਸੇ ਦੀ ਉੱਚੀ ਜਾਤ ਦੀ ਪਰਵਾਹ ਨਹੀਂ ਕਰਦਾ ।੨।੯।

ਸ਼ਬਦ ਦਾ ਭਾਵ—ਪਰਮਾਤਮਾ ਪਿਆਰ ਦਾ ਭੁੱਖਾ ਹੈ । ਕਿਸੇ ਦੇ ਉੱਚੇ ਮਰਾਤਬੇ ਜਾਂ ਉੱਚੀ ਜਾਤ ਦੀ ਉਸ ਨੂੰ ਖਿੱਚ ਨਹੀਂ ਪੈ ਸਕਦੀ ।

ਸਲੋਕ ਕਬੀਰ ॥ ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥੧॥ ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ ॥ ਪੁਰਜਾ ਪੁਰਜਾ ਕਟਿ ਮਰੈ, ਕਬਹੂ ਨ ਛਾਡੈ ਖੇਤੁ ॥੨॥੨॥

ਪਦ ਅਰਥ :—ਗਗਨ—ਅਕਾਸ਼, ਦਸਵਾਂ-ਦੁਆਰਾ, ਦਿਮਾਗ । ਦਮਾਮਾ—ਧੌਂਸਾ । ਪਰਿਓ ਘਾਉ—ਚੋਟ ਪਈ ਹੋ, ਸੱਟ ਪਈ ਹੈ । ਨੀਸਾਨੈ—ਨਿਸ਼ਾਨ ਉੱਤੇ, ਠੀਕ ਟਿਕਾਣੇ ਉੱਤੇ, ਹਿਰਦੇ ਵਿਚ । ਪਰਿਓ ਨੀਸਾਨੈ ਘਾਉ—ਹਿਰਦੇ ਵਿਚ ਖਿੱਚ ਪਈ ਹੈ ਪ੍ਰਭੂ-ਚਰਨਾਂ ਵਲ । ਖੇਤੁ—ਲੜਾਈ ਦਾ ਮੈਦਾਨ, ਰਣ-ਭੂਮੀ । ਜੁ—ਜੋ ਮਨੁੱਖ । ਮਾਂਡਿਓ—ਮੱਲ ਬੈਠਾ ਹੈ । ਖੇਤੁ ਜੁ ਮਾਂਡਿਓ—ਜੋ ਮਨੁੱਖ ਮੈਦਾਨਿ-ਜੰਗ ਮੱਲ ਬੈਠਾ ਹੈ, ਜੋ ਮਨੁੱਖ ਇਸ ਜਗਤ-ਰੂਪ ਰਣ-ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਖਲੋ ਗਿਆ ਹੈ । ਅਬ—ਹੁਣ ਦਾ ਸਮਾ, ਮਨੁੱਖਾ-ਜਨਮ । ਜੂਝਨ ਕੋ ਦਾਉ—(ਕਾਮਾਦਿਕਾਂ ਨਾਲ) ਲੜਨ ਦਾ ਮੌਕਾ ਹੈ ।੧।

ਨੋਟ—ਦੁਨੀਆ ਦੇ ਲੋਕ ਸੂਰਮਾ ਮਰਦ ਉਸ ਨੂੰ ਆਖਦੇ ਹਨ ਜਿਸ ਦੇ ਮਹੱਲਾਂ ਦੇ ਸਾਹਮਣੇ ਦਮਾਮੇ ਵੱਜਦੇ ਹਨ, ਤੇ ਜੋ ਮੈਦਾਨਿ-ਜੰਗ ਵਿਚ ਵੈਰੀਆਂ ਦਾ ਮੁਕਾਬਲਾ ਕਰਦਾ ਹੈ । ਪਰ ਸਾਰਾ ਜਗਤ ਹੀ ਇਕ ਰਣ-ਭੂਮੀ ਹੈ, ਇੱਥੇ ਹਰੇਕ ਮਨੁੱਖ ਨੂੰ ਵਿਕਾਰ-ਵੈਰੀਆਂ ਨਾਲ ਟੱਕਰਨਾ ਪੈਂਦਾ ਹੈ । ਅਸਲ ਸੂਰਮਾ ਉਹ ਹੈ ਜੋ ਇਹਨਾਂ ਵੈਰੀਆਂ ਦੇ ਟਾਕਰੇ ਤੇ ਅੜ ਖਲੋਤਾ ਹੈ, ਤੇ ਸਮਝਦਾ ਹੈ ਕਿ ਇਹ ਮਨੁੱਖਾ ਜੀਵਨ ਹੀ ਮੌਕਾ ਹੈ ਜਦੋਂ ਇਹ ਜੰਗ

ਜਿੱਤਿਆ ਜਾ ਸਕਦਾ ਹੈ।

ਅਰਥ :—ਜੋ ਮਨੁੱਖ ਇਸ ਜਗਤ-ਰੂਪ ਰਣ-ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਤਾ ਹੈ, ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ-ਜੀਵਨ ਹੀ ਮੌਕਾ ਹੈ ਜਦੋਂ ਇਹਨਾਂ ਨਾਲ ਲੜਿਆ ਜਾ ਸਕਦਾ ਹੈ, ਉਹ ਹੈ ਅਸਲ ਸੂਰਮਾ। ਉਸ ਦੇ ਦਸਮ-ਦੁਆਰ ਵਿਚ ਧੌਂਸਾ ਵੱਜਦਾ ਹੈ, ਉਸ ਦੇ ਨਿਸ਼ਾਨੇ ਤੇ ਚੋਟ ਪੈਂਦੀ ਹੈ (ਭਾਵ, ਉਸ ਦਾ ਮਨ ਪ੍ਰਭੂ-ਚਰਨਾਂ ਵਿਚ ਉੱਚੀਆਂ ਉਡਾਰੀਆਂ ਲਾਂਦਾ ਹੈ,ਜਿੱਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ, ਉਸ ਦੇ ਹਿਰਦੇ ਵਿਚ ਪ੍ਰਭੂ-ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ)।੧।

(ਹਾਂ, ਇੱਕ ਹੋਰ ਭੀ ਸੂਰਮਾ ਹੈ) ਉਸ ਮਨੁੱਖ ਨੂੰ ਭੀ ਸੂਰਮਾ ਹੀ ਸਮਝਣਾ ਚਾਹੀਦਾ ਹੈ ਜੋ ਗ਼ਰੀਬਾਂ ਦੀ ਖ਼ਾਤਰ ਲੜਦਾ ਹੈ, (ਗ਼ਰੀਬਾਂ ਵਾਸਤੇ ਲੜਦਾ ਲੜਦਾ) ਟੋਟੇ ਟੋਟੇ ਹੋ ਮਰਦਾ ਹੈ, ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ (ਪਰ ਪਿਛਾਂਹ ਪੈਰ ਨਹੀਂ ਹਟਾਂਦਾ, ਆਪਣੀ ਜਿੰਦ ਬਚਾਣ ਦੀ ਖ਼ਾਤਰ ਗ਼ਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ)।੨।੨।

ਨੋਟ—ਜਿਸ ਮਨੁੱਖ ਦਾ ਧਰਤੀ ਉੱਤੇ ਰਾਜ ਹੋਵੇ, ਜਿਸ ਦਾ ਛਤਰ 'ਬਾਰਹ ਜੋਜਨ' ਝੁਲਦਾ ਹੋਵੇ, ਉਸ ਦੇ ਗਿਲ੍ਹਾ ਕਰਨ ਤੇ ਉਸ ਨੂੰ ਦਲੇਰ ਹੋ ਕੇ ਖਰਾ ਉੱਤਰ ਦੇਣਾ ਕਿ ਤੇਰੇ ਨਾਲੋਂ ਮੈਨੂੰ ਉਹ ਗ਼ਰੀਬ ਚੰਗਾ ਹੈ,ਜਿਸ ਦੇ ਅੰਦਰ ਰੱਬ ਦਾ ਪਿਆਰ ਹੈ—ਇਹ ਕੰਮ ਕਿਸੇ ਵਿਰਲੇ ਸੂਰਮੇ ਦਾ ਹੈ, ਹਰੇਕ ਨੂੰ ਇਹ ਹਿੰਮਤ ਨਹੀਂ ਪੈ ਸਕਦੀ। ਪਰ ਉਹ ਸੂਰਮਾ ਉਹੀ ਹੋ ਸਕਦਾ ਹੈ ਜਿਸ ਨੇ ਕਾਮਾਦਿਕ ਨੂੰ ਵੱਸ ਕਰ ਕੇ ਦੁਨੀਆ ਦੀ ਕੋਈ ਮੁਥਾਜੀ ਨਹੀਂ ਰੱਖੀ।

'ਰਾਜਨ ਕਉਨੁ ਤੁਮਾਰੈ ਆਵੈ' ਸ਼ਬਦ ਦੇ ਭਾਵ ਨਾਲ ਇਹਨਾਂ ਉਪਰਲੇ ਸ਼ਲੋਕਾਂ ਦਾ ਭਾਵ ਖ਼ੂਬ ਮਿਲਦਾ ਸੀ, ਇਸ ਵਾਸਤੇ ਕਬੀਰ ਜੀ ਦੇ ਇਹ ਦੋਵੇਂ ਸ਼ਲੋਕ ਬਾਕੀ ਸਲੋਕਾਂ ਨਾਲੋਂ ਵੱਖਰੇ ਇੱਥੇ ਦਰਜ ਕੀਤੇ ਗਏ ਹਨ। ਇਹਨਾਂ ਸ਼ਲੋਕਾਂ ਦੀ ਗਿਣਤੀ ਸ਼ਬਦਾਂ ਨਾਲੋਂ ਵੱਖਰੀ ਨਹੀਂ ਮੰਨੀ ਗਈ,ਅਖ਼ੀਰਲੇ ਸ਼ਬਦ ਦਾ ਦੂਜਾ ਹਿੱਸਾ ਹੀ ਮੰਨਿਆ ਗਿਆ ਹੈ, ਤੇ ਦੋਹਾਂ ਸ਼ਲੋਕਾਂ ਦੇ ਅਖ਼ੀਰ ਤੇ ਅੰਕ ੨ ਵਰਤਿਆ ਗਿਆ ਹੈ।

[ਇਹਨਾਂ ਸ਼ਲੋਕਾਂ ਬਾਰੇ ਹੋਰ ਵਿਚਾਰ ਪੜ੍ਹਨ ਲਈ ਮੇਰੀ ਪੁਸਤਕ 'ਸਰਬੱਤ ਦਾ ਭਲਾ' ਵਿਚ ਵੇਖੋ ਮੇਰਾ ਮਜ਼ਮੂਨ 'ਓਹੁ ਗਰੀਬੁ ਮੋਹਿ ਭਾਵੈ'। 'ਸਿੰਘ ਬ੍ਰਦਰਜ਼' ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਮਿਲਦੀ ਹੈ]।

—o—

ੴ ਸਤਿਗੁਰ ਪ੍ਰਸਾਦਿ ॥

ਰਾਗੁ ਮਾਰੂ ਬਾਣੀ ਨਾਮਦੇਉ ਜੀ ਕੀ

ਚਾਰਿ ਮੁਕਤਿ ਚਾਰੈ, ਸਿਧਿ, ਮਿਲਿ ਕੈ, ਦੂਲਹ ਪ੍ਰਭ ਕੀ ਸਰਨਿ ਪਰਿਓ ॥ ਮੁਕਤਿ ਭਇਓ, ਚਉਹੂੰ ਜੁਗ ਜਾਨਿਓ, ਜਸੁ ਕੀਰਤਿ, ਮਾਥੈ ਛਤ੍ਰੁ ਧਰਿਓ ॥ ੧ ॥ ਰਾਜਾ ਰਾਮ ਜਪਤ, ਕੋ ਕੋ ਨ ਤਰਿਓ ॥ ਗੁਰ ਉਪਦੇਸਿ ਸਾਧ ਕੀ ਸੰਗਤਿ, ਭਗਤੁ ਭਗਤੁ ਤਾ ਕੋ ਨਾਮੁ ਪਰਿਓ ॥ ੧ ॥ ਰਹਾਉ ॥ ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ, ਦੇਖਿ ਪ੍ਰਤਾਪੁ ਜਮੁ ਡਰਿਓ ॥ ਨਿਰਭਉ ਭਏ ਰਾਮ ਬਲ ਗਰਜਿਤ, ਜਨਮ ਮਰਨ ਸੰਤਾਪ ਹਿਰਿਓ ॥ ੨ ॥ ਅੰਬਰੀਕ ਕਉ ਦੀਓ ਅਭੈਪਦੁ, ਰਾਜੁ ਭਭੀਖਨ ਅਧਿਕ ਕਰਿਓ ॥ ਨਉ ਨਿਧਿ ਠਾਕੁਰਿ ਦਈ ਸੁਦਾਮੈ, ਧ੍ਰੂ ਅਟਲੁ ਅਜਹੂ ਨ ਟਰਿਓ ॥ ੩ ॥ ਭਗਤ ਹੇਤਿ ਮਾਰਿਓ ਹਰਨਾਖਸੁ, ਨਰਸਿੰਘ ਰੂਪ ਹੋਇ ਦੇਹ ਧਰਿਓ ॥ ਨਾਮਾ ਕਹੈ ਭਗਤਿ ਬਸਿ ਕੇਸਵ, ਅਜਹੂੰ ਬਲਿ ਕੇ ਦੁਆਰ ਖਰੋ ॥ ੪ ॥ ੧ ॥

ਪਦ ਅਰਥ :—ਚਾਰਿ ਮੁਕਤਿ—ਚਾਰ ਕਿਸਮ ਦੀਆਂ ਮੁਕਤੀਆਂ (ਸਾਲੋਕਜ, ਸਾਮੀਪਜ, ਸਾਰੂਪਜ, ਅਤੇ ਸਾਯੁਜਜ । ਸਾਲੋਕਜ—ਆਪਣੇ ਇਸ਼ਟ ਨਾਲ ਇੱਕੋ ਹੀ ਲੋਕ ਦੇਸ ਵਿਚ ਵੱਸਣਾ । ਸਾਮੀਪਜ—ਇਸ਼ਟ ਦੇ ਸਮੀਪ ਨੇੜੇ ਹੋ ਜਾਣਾ । ਸਾਰੂਪਜ—ਇਸ਼ਟ ਦੇ ਨਾਲ ਇੱਕ-ਰੂਪ ਹੋ ਜਾਣਾ। ਸਾਯੁਜਜ—ਆਪਣੇ ਇਸ਼ਟ ਦੇ ਨਾਲ ਜੁੜ ਜਾਣਾ, ਉਸ ਵਿਚ ਲੀਨ ਹੋ ਜਾਣਾ) । ਚਾਰੈ—ਇਹ ਚਾਰੇ ਹੀ ਮੁਕਤੀਆਂ । ਸਿਧਿ ਮਿਲ ਕੈ—(ਚਾਰੇ ਮੁਕਤੀਆਂ ਅਠਾਰਾਂ) ਸਿੱਧੀਆਂ ਨਾਲ ਮਿਲ ਕੇ । ਦੂਲਹ ਕੀ—ਖਸਮ ਦੀ। ਜਾਨਿਓ—ਉੱਘਾ ਹੋ ਗਿਆ ਹੈ । ਜਸੁ—ਸੋਭਾ । ੧ ।

ਕੋ ਕੋ ਨ—ਕੌਣ ਨਹੀਂ ? ਕੌਣ ਨਹੀਂ ? ਉਪਦੇਸਿ—ਉਪਦੇਸ਼ ਦੀ ਰਾਹੀਂ । ੧ । ਰਹਾਉ ।

ਦੇਖਿ ਪ੍ਰਤਾਪੁ—(ਭਗਤ ਦਾ) ਪ੍ਰਤਾਪ ਵੇਖ ਕੇ । ਹਿਰਿਓ—ਦੂਰ ਹੋ ਜਾਂਦਾ ਹੈ ।੨।

ਅੰਬਰੀਕ—ਸੂਰਜ ਬੰਸੀ ਇਕ ਰਾਜਾ; ਪ੍ਰਭੂ ਦਾ ਭਗਤ ਸੀ । ਦੁਰਬਾਸਾ ਰਿਸ਼ੀ ਇਕ ਵਾਰ ਇਸ ਦੇ ਪਾਸ ਆਇਆ, ਤਦੋਂ ਰਾਜੇ ਨੇ ਵਰਤ ਰੱਖਿਆ ਹੋਇਆ ਸੀ, ਰਿਸ਼ੀ ਦੀ ਸੇਵਾ ਚੰਗੀ ਤਰ੍ਹਾਂ ਨਾ ਕਰ ਸਕਿਆ । ਦੁਰਬਾਸਾ ਸਰਾਪ ਦੇਣ ਲੱਗਾ । ਵਿਸ਼ਨੂ

ਨੇ ਆਪਣੇ ਭਗਤ ਦੀ ਰੱਖਿਆ ਲਈ ਆਪਣਾ ਸੁਦਰਸ਼ਨ ਚੱਕਰ ਛੱਡਿਆ; ਰਿਸ਼ੀ ਜਾਨ ਬਚਾਉਣ ਲਈ ਨੱਠਾ, ਪਰ ਕੋਈ ਉਸ ਦੀ ਸਹਾਇਤਾ ਨਾ ਕਰ ਸਕਿਆ, ਆਖ਼ਿਰ ਅੰਬਰੀਕ ਨੇ ਹੀ ਬਚਾਇਆ। ਅਧਿਕ—ਵੱਡਾ। ਠਾਕੁਰਿ—ਠਾਕੁਰ ਨੇ। ੩।

ਭਗਤ ਹੇਤਿ—ਭਗਤ ਦੀ ਖ਼ਾਤਰ। ਦੇਹ ਧਰਿਓ—ਸਰੀਰ ਧਾਰਿਆ। ਬਸਿ—ਵੱਸ ਵਿਚ। ਕੇਸਵ—ਲੰਮੇ ਕੇਸਾਂ ਵਾਲਾ। ਬਲਿ—ਇਕ ਭਗਤ ਰਾਜਾ ਸੀ; ਇਸ ਨੂੰ ਛਲਣ ਲਈ ਵਿਸ਼ਨੂ ਨੇ ਵਾਮਨ ਅਵਤਾਰ ਧਾਰਿਆ। ਵਾਮਨ-ਰੂਪ ਵਿਚ ਆ ਕੇ ਰਾਜੇ ਪਾਸੋਂ ਢਾਈ ਕਰੂ ਥਾਂ ਮੰਗਿਆ, ਕੁਟੀਆ ਬਣਾਨ ਲਈ। ਪਰ ਮਿਣਨ ਲੱਗਿਆਂ ਦੋ ਕਰੂਆਂ ਨਾਲ ਸਾਰੀ ਧਰਤੀ ਹੀ ਮਿਣ ਲਈ ਅਤੇ ਅੱਧੇ ਕਰੂ ਨਾਲ ਰਾਜੇ ਦਾ ਆਪਣਾ ਸਰੀਰ। ਰਾਜੇ ਨੂੰ ਪਤਾਲ ਜਾ ਅਪੜਾਇਆ। ਜਾਣ ਲੱਗਾ ਤਾਂ ਰਾਜੇ ਆਖਿਆ ਕਿ ਕੁਟੀਆ ਬਣਾਣ ਦਾ ਬਚਨ ਹੁਣ ਪਾਲੋ। ਸੋ, ਹੁਣ ਤਕ ਉਸ ਦੇ ਬੂਹੇ ਅੱਗੇ ਕੁਟੀਆ ਪਾਈ ਬੈਠਾ ਹੈ। ੪।

ਨੋਟ—ਇਸ ਸ਼ਬਦ ਵਿਚ ਨਾਮਦੇਵ ਜੀ ਬੰਦਗੀ ਕਰਨ ਵਾਲੇ ਦੀ ਵਡਿਆਈ ਬਿਆਨ ਕਰਦੇ ਹਨ। 'ਰਹਾਉ' ਦੀ ਤੁਕ ਵਿਚ ਇਹੀ ਕੇਂਦਰੀ ਖ਼ਿਆਲ ਹੈ। ਨਾਮਦੇਵ ਜੀ ਹਿੰਦੂ ਜਾਤੀ ਵਿਚ ਜੰਮੇ-ਪਲੇ ਸਨ; ਹਿੰਦੂਆਂ ਵਿਚ ਇਕ ਪ੍ਰਭੂ ਦੀ ਭਗਤੀ ਦਾ ਪਰਚਾਰ ਕਰਨ ਲੱਗਿਆਂ ਪਰਚਾਰ ਦਾ ਪ੍ਰਭਾਵ ਪਾਣ ਲਈ ਉਹਨਾਂ ਹਿੰਦੂ ਭਗਤਾਂ ਦਾ ਹੀ ਜ਼ਿਕਰ ਕਰ ਸਕਦੇ ਸਨ ਜਿਨ੍ਹਾਂ ਦੀਆਂ ਸਾਖੀਆਂ ਪੁਰਾਣਾਂ ਵਿਚ ਆਈਆਂ, ਤੇ ਜੋ ਆਮ ਲੋਕਾਂ ਵਿਚ ਪਰਸਿੱਧ ਸਨ। ਅੰਬਰੀਕ, ਸੁਦਾਮਾ, ਪ੍ਰਹਿਲਾਦ, ਦਰੋਪਤੀ, ਅਹੱਲਿਆ, ਭਭੀਖਣ, ਬਲਿ, ਧ੍ਰੂ, ਗਜ—ਆਮ ਤੌਰ ਤੇ ਇਹਨਾਂ ਬਾਰੇ ਹੀ ਸਾਖੀਆਂ ਪਰਸਿੱਧ ਸਨ ਤੇ ਹੈਨ। ਗੁਰੂ ਤੇਗ ਬਹਾਦਰ ਸਾਹਿਬ ਪੂਰਬ ਦੇਸ ਵਿਚ ਜਾ ਕੇ ਹਿੰਦੂ ਜਨਤਾ ਨੂੰ ਮੁਗ਼ਲ-ਰਾਜ ਦੇ ਜ਼ੁਲਮਾਂ ਦੇ ਸਹਿਮ ਤੋਂ ਢਾਰਸ ਦੇਣ ਵੇਲੇ ਭੀ ਇਹਨਾਂ ਸਾਖੀਆਂ ਦਾ ਹੀ ਹਵਾਲਾ ਦੇਂਦੇ ਰਹੇ। ਵੇਰਵੇ ਵਿਚ ਗਿਆਂ—ਇਹ ਸਾਖੀਆਂ ਸਿੱਖ ਧਰਮ ਦੇ ਅਨੁਸਾਰ ਹਨ ਜਾਂ ਨਹੀਂ—ਇਸ ਗੱਲ ਦੇ ਛੇੜਨ ਦੀ ਲੋੜ ਨਹੀਂ ਸੀ। ਮੁਗ਼ਲ-ਰਾਜ ਦੇ ਜ਼ੁਲਮਾਂ ਤੋਂ ਸਹਿਮੇ ਹੋਏ ਬੰਦਿਆਂ ਨੂੰ ਉਹਨਾਂ ਦੇ ਆਪਣੇ ਘਰ ਵਿਚੋਂ ਪਰਸਿੱਧ ਭਗਤਾਂ ਦੇ ਨਾਮ ਸੁਣਾ ਕੇ ਹੀ ਮਨੁੱਖਤਾ ਦੀ ਪ੍ਰੇਰਨਾ ਕੀਤੀ ਜਾ ਸਕਦੀ ਸੀ। ਜੇ ਗੁਰੂ ਅਰਜਨ ਦੇਵ ਜੀ ਨੇ ਕਿਸੇ ਜੋਗੀ ਨੂੰ ਇਹ ਆਖਿਆ ਕਿ—

"ਚਾਰਿ ਪੁਕਾਰਹਿ ਨਾ ਤੂੰ ਮਾਨਹਿ। ਖਟੁ ਭੀ ਏਕਾ ਬਾਤ ਬਖਾਨਹਿ।
ਦਸ ਅਸਟੀ ਮਿਲਿ ਏਕੋ ਕਹਿਆ। ਤਾਂ ਭੀ ਜੋਗੀ ਭੇਦੁ ਨ ਲਹਿਆ।"

ਇਸ ਦਾ ਭਾਵ ਇਹ ਨਹੀਂ ਕਿ ਸਤਗੁਰੂ ਜੀ ਆਪ ਭੀ ਵੇਦਾਂ ਸ਼ਾਸਤਰਾਂ ਤੇ ਪੁਰਾਣਾਂ ਦੇ ਸ਼ਰਧਾਲੂ ਸਨ। ਜੇ ਉਹ ਇਕ ਮੁਸਲਮਾਨ ਨੂੰ ਆਖਦੇ ਹਨ ਕਿ—

"ਦੋਜਕਿ ਪਉਦਾ ਕਿਉ ਰਹੈ ਜਾ ਚਿਤਿ ਨ ਹੋਇ ਰਸੂਲਿ"

ਤਾਂ ਇਥੋਂ ਇਹ ਮਤਲਬ ਨਹੀਂ ਨਿਕਲਦਾ ਕਿ ਸਤਗੁਰੂ ਜੀ ਮੁਸਲਮਾਨ ਸਨ।

ਭਗਤ ਜੀ ਨੇ ਲਫ਼ਜ਼ 'ਸੰਖ ਚਕ੍ਰ ਗਦਾ' ਆਦਿਕ ਭੀ ਇਸੇ ਵਾਸਤੇ ਹੀ ਵਰਤੇ ਹਨ ਕਿ ਹਿੰਦੂ ਲੋਕ ਵਿਸ਼ਨੂ ਦਾ ਇਹੀ ਸਰੂਪ ਮੰਨਦੇ ਹਨ। ਅੱਜ ਜੋ ਉਤਸ਼ਾਹ ਕਿਸੇ ਸਿੱਖ ਨੂੰ 'ਕਲਗੀ' ਤੇ 'ਬਾਜ' ਲਫ਼ਜ਼ ਵਰਤ ਕੇ ਦਿੱਤਾ ਜਾ ਸਕਦਾ ਹੈ, ਹੋਰ ਕਿਸੇ ਉਪਦੇਸ਼ ਨਾਲ ਨਹੀਂ।

ਗੁਰੂ ਨਾਨਕ ਦੇਵ ਜੀ ਨੇ ਭੀ ਤਾਂ ਪਰਮਾਤਮਾ ਦਾ ਇਸੇ ਤਰ੍ਹਾਂ ਦਾ ਸਰੂਪ ਇਕ ਵਾਰੀ ਵਿਖਾਇਆ ਸੀ; ਵੇਖੋ, ਵਡਹੰਸ ਮਹਲਾ ੧ ਛੰਤ :

ਤੇਰੇ ਬੰਕੇ ਲੋਇਣ ਦੰਤ ਰੀਸਾਲਾ॥ ਸੋਹਣੇ ਨਕ ਜਿਨ ਲੰਮੜੇ ਵਾਲਾ॥ ਕੰਚਨ ਕਾਇਆ ਸੁਇਨੇ ਕੀ ਢਾਲਾ॥ ਸੋਵੰਨ ਢਾਲਾ ਕ੍ਰਿਸਨ ਮਾਲਾ ਜਪਹੁ ਤੁਸੀ ਸਹੇਲੀਹੋ॥ ਜਮਦੁਆਰਿ ਨ ਹੋਹੁ ਖੜੀਆ, ਸਿਖ ਸੁਣਹੁ ਮਹੇਲੀਹੋ॥੭॥੨॥

ਸੋ, ਇਸ ਸ਼ਬਦ ਦੇ ਲਫ਼ਜ਼ ਸੰਖ, ਚਕ੍ਰ, ਮਾਲਾ, ਤਿਲਕ ਆਦਿਕ ਤੋਂ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਭਗਤ ਨਾਮਦੇਵ ਜੀ ਕਿਸੇ ਅਵਤਾਰ ਦੀ ਕਿਸੇ ਮੂਰਤੀ ਉੱਤੇ ਰੀਝੇ ਹੋਏ ਸਨ।

ਅਰਥ :—ਪਰਕਾਸ਼-ਰੂਪ ਪਰਮਾਤਮਾ ਦਾ ਨਾਮ ਸਿਮਰ ਕੇ ਬੇਅੰਤ ਜੀਵ ਤਰੇ ਹਨ। ਜਿਸ ਜਿਸ ਮਨੁੱਖ ਨੇ ਆਪਣੇ ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਸਾਧ ਸੰਗਤ ਕੀਤੀ, ਉਸ ਦਾ ਨਾਮ ਭਗਤ ਪੈ ਗਿਆ। ਰਹਾਉ।

(ਜਗਤ ਵਿਚ) ਚਾਰ ਕਿਸਮ ਦੀਆਂ ਮੁਕਤੀਆਂ (ਮਿਥੀਆਂ ਗਈਆਂ ਹਨ), ਇਹ ਚਾਰੇ ਮੁਕਤੀਆਂ (ਅਠਾਰਾਂ) ਸਿੱਧੀਆਂ ਨਾਲ ਮਿਲ ਕੇ ਖਸਮ (-ਪ੍ਰਭੂ) ਦੀ ਸ਼ਰਨੀ ਪਈਆਂ ਹੋਈਆਂ ਹਨ, (ਜੋ ਮਨੁੱਖ ਉਸ ਪ੍ਰਭੂ ਦਾ ਨਾਮ ਸਿਮਰਦਾ ਹੈ, ਉਸ ਨੂੰ ਇਹ ਹਰੇਕ ਕਿਸਮ ਦੀ) ਮੁਕਤੀ ਮਿਲ ਜਾਂਦੀ ਹੈ, ਉਹ ਮਨੁੱਖ ਚਹੁਆਂ ਜੁਗਾਂ ਵਿਚ ਉੱਘਾ ਹੋ ਜਾਂਦਾ ਹੈ, ਉਸ ਦੀ (ਹਰ ਥਾਂ) ਸੋਭਾ ਹੁੰਦੀ ਹੈ, ਵਡਿਆਈ ਹੁੰਦੀ ਹੈ, ਉਸ ਦੇ ਸਿਰ ਉੱਤੇ ਛਤਰ ਝੁਲਦਾ ਹੈ। ੧।

(ਪ੍ਰਭੂ ਦਾ) ਸੰਖ, ਚੱਕ੍ਰ, ਮਾਲਾ, ਤਿਲਕ ਆਦਿਕ ਚਮਕਦਾ ਵੇਖ ਕੇ, ਪਰਤਾਪ ਵੇਖ ਕੇ, ਜਮਰਾਜ ਭੀ ਸਹਿਮ ਜਾਂਦਾ ਹੈ (ਜਿਨ੍ਹਾਂ ਨੇ ਉਸ ਪ੍ਰਭੂ ਨੂੰ ਸਿਮਰਿਆ ਹੈ) ਉਹਨਾਂ ਨੂੰ ਕੋਈ ਡਰ ਨਹੀਂ ਰਹਿ ਜਾਂਦਾ (ਕਿਉਂਕਿ ਉਹਨਾਂ ਪਾਸੋਂ ਤਾਂ ਜਮ ਭੀ ਡਰਦਾ ਹੈ), ਪ੍ਰਭੂ ਦਾ ਪਰਤਾਪ ਉਹਨਾਂ ਦੇ ਅੰਦਰ ਉਛਾਲੇ ਮਾਰਦਾ ਹੈ, ਉਹਨਾਂ ਦੇ ਜਨਮ ਮਰਨ ਦੇ ਕਲੇਸ਼ ਨਾਸ

ਹੋ ਜਾਂਦੇ ਹਨ । ੨ ।

(ਅੰਬਰੀਕ ਨੇ ਨਾਮ ਸਿਮਰਿਆ, ਪ੍ਰਭੂ ਨੇ) ਅੰਬਰੀਕ ਨੂੰ ਨਿਰਭੈਤਾ ਦਾ ਉੱਚਾ ਦਰਜਾ ਬਖ਼ਸ਼ਿਆ (ਤੇ ਦੁਰਬਾਸਾ ਉਸ ਦਾ ਕੁਝ ਵਿਗਾੜ ਨਾ ਸਕਿਆ), ਪ੍ਰਭੂ ਨੇ ਭਭੀਖਣ ਨੂੰ ਰਾਜ ਦੇ ਕੇ ਵੱਡਾ ਬਣਾ ਦਿੱਤਾ; ਸੁਦਾਮੇ (ਗਰੀਬ) ਨੂੰ ਠਾਕੁਰ ਨੇ ਨੌ ਨਿਧੀਆਂ ਦੇ ਦਿੱਤੀਆਂ, ਧ੍ਰੂ ਨੂੰ ਅਟੱਲ ਪਦਵੀ ਬਖ਼ਸ਼ੀ ਜੋ ਅਜੇ ਤਕ ਕਾਇਮ ਹੈ । ੩ ।

ਪ੍ਰਭੂ ਨੇ ਆਪਣੇ ਭਗਤ (ਪ੍ਰਹਿਲਾਦ) ਦੀ ਖ਼ਾਤਰ ਨਰਸਿੰਘ ਦਾ ਰੂਪ ਧਾਰਿਆ, ਤੇ ਹਰਨਾਖਸ਼ ਨੂੰ ਮਾਰਿਆ । ਨਾਮਦੇਵ ਆਖਦਾ ਹੈ—ਪਰਮਾਤਮਾ ਭਗਤੀ ਦੇ ਅਧੀਨ ਹੈ, (ਵੇਖੋ !) ਅਜੇ ਤਕ ਉਹ (ਆਪਣੇ ਭਗਤ ਰਾਜਾ) ਬਲਿ ਦੇ ਬੂਹੇ ਅੱਗੇ ਖਲੋਤਾ ਹੈ । ੪ । ੧ ।

ਭਾਵ :—ਸਿਮਰਨ ਭਗਤੀ ਦੀ ਮਹਿਮਾ—ਭਗਤੀ ਕਰਨ ਵਾਲੇ ਦੀ ਜਗਤ ਵਿਚ ਸੋਭਾ ਹੁੰਦੀ ਹੈ, ਉਸ ਨੂੰ ਕੋਈ ਡਰ ਨਹੀਂ ਵਿਆਪਦਾ, ਪ੍ਰਭੂ ਆਪ ਹਰ ਵੇਲੇ ਉਸ ਦਾ ਸਹਾਈ ਹੁੰਦਾ ਹੈ ।

ਮਾਰੂ ਕਬੀਰ ਜੀਉ ॥ ਦੀਨੁ, ਬਿਸਾਰਿਓ ਰੇ ਦਿਵਾਨੇ, ਦੀਨੁ ਬਿਸਾਰਿਓ ਰੇ ॥ ਪੇਟੁ ਭਰਿਓ ਪਸੂਆ ਜਿਉ ਸੋਇਓ, ਮਨੁਖੁ ਜਨਮੁ ਹੈ ਹਾਰਿਓ ॥ ੧ ॥ ਰਹਾਉ ॥ ਸਾਧ ਸੰਗਤਿ ਕਬਹੂ ਨਹੀ ਕੀਨੀ, ਰਚਿਓ ਧੰਧੈ ਝੂਠ ॥ ਸੁਆਨ ਸੂਕਰ ਬਾਇਸ ਜਿਵੈ, ਭਟਕਤੁ ਚਾਲਿਓ ਊਠਿ ॥ ੧ ॥ ਆਪਸ ਕਉ ਦੀਰਘੁ ਕਰਿ ਜਾਨੈ, ਅਉਰਨ ਕਉ ਲਗ ਮਾਤ॥ਮਨਸਾ ਬਾਚਾ ਕਰਮਨਾ, ਮੈ ਦੇਖੇ ਦੋਜਕ ਜਾਤ ॥ ੨ ॥ ਕਾਮੀ ਕ੍ਰੋਧੀ ਚਾਤੁਰੀ, ਬਾਜੀਗਰ ਬੇਕਾਮ ॥ ਨਿੰਦਾ ਕਰਤੇ ਜਨਮੁ ਸਿਰਾਨੋ, ਕਬਹੂ ਨ ਸਿਮਰਿਓ ਰਾਮੁ ॥੩॥ ਕਹਿ ਕਬੀਰ ਚੇਤੈ ਨਹੀ, ਮੂਰਖੁ ਮੁਗਧੁ ਗਵਾਰੁ ॥ ਰਾਮ ਨਾਮੁ ਜਾਨਿਓ ਨਹੀ, ਕੈਸੇ ਉਤਰਸਿ ਪਾਰਿ ॥੪॥੧॥

ਪਦ ਅਰਥ :—ਦੀਨੁ—ਧਰਮੁ, ਮਜ਼ਹਬ । ਰੇ ਦਿਵਾਨੇ—ਹੇ ਕਮਲਿਆ ! ਜਿਉ—ਵਾਂਗ । ਹਾਰਿਓ—ਗੰਵਾ ਲਿਆ ਹੈ । ੧ । ਰਹਾਉ ।

ਰਚਿਓ—ਰੁੱਝਾ ਪਿਆਂ ਹੈਂ । ਸੁਆਨ—ਕੁੱਤਾ । ਸੂਕਰ—ਸੂਰ । ਬਾਇਸ—ਕਾਂ । ਭਟਕਤੁ—ਭਟਕਦਾ ਹੀ, ਖ਼ੁਆਰ ਹੁੰਦਾ ਹੀ । ੧ ।

ਦੀਰਘੁ—ਵੱਡਾ, ਵੱਡੀ ਉਮਰ ਵਾਲਾ, ਲੰਮਾ । ਲਗ ਮਾਤ—ਮਾਤ੍ਰਾ ਜਿਤਨਾ, ਨਿੱਕਾ ਜਿਹਾ, ਤੁੱਛ ।ਮਨਸਾ—[skt. मनसा Instrumental singular from मनस् by means of mind] ਮਨ ਦੀ ਰਾਹੀਂ ।ਬਾਚਾ—[skt. वाचा Inst umental singular

from वाच् by means of word] ਬਚਨ ਦੁਆਰਾ। ਕਰਮਨਾ–Skt. कर्मणा Iustrumental singular from कर्मन् Through action] ਕੰਮ ਦੀ ਰਾਹੀਂ ।੨।

ਚਾਤੁਰੀ–ਚਤਰ, ਚਲਾਕ। ਬਾਜੀਗਰ–ਠੱਗੀ ਕਰਨ ਵਾਲੇ। ਬੇਕਾਮ–ਨਿਕੰਮੇ, ਨਕਾਰੇ। ਸਿਰਾਨੋ–ਗੁਜ਼ਰ ਗਿਆ। ੩।

ਅਰਥ :–ਹੇ ਕਮਲੇ ਮਨੁੱਖ! ਤੂੰ ਧਰਮ (ਮਨੁੱਖਾ-ਜੀਵਨ ਦਾ ਫ਼ਰਜ਼) ਵਿਸਾਰ ਦਿੱਤਾ ਹੈ। ਤੂੰ ਪਸ਼ੂਆਂ ਵਾਂਗ ਢਿੱਡ ਭਰ ਕੇ ਸੁੱਤਾ ਰਹਿੰਦਾ ਹੈਂ; ਤੂੰ ਮਨੁੱਖਾ ਜੀਵਨ ਐਵੇਂ ਹੀ ਗੰਵਾ ਲਿਆ ਹੈ। ੧। ਰਹਾਉ।

ਤੂੰ ਕਦੇ ਸਤਸੰਗ ਵਿਚ ਨਹੀਂ ਗਿਆ, ਜਗਤ ਦੇ ਝੂਠੇ ਧੰਧਿਆਂ ਵਿਚ ਹੀ ਮਸਤ ਹੈਂ; ਕਾਂ, ਕੁੱਤੇ, ਸੂਰ ਵਾਂਗ ਭਟਕਦਾ ਹੀ (ਜਗਤ ਤੋਂ) ਤੁਰ ਜਾਇੰਗਾ। ੧।

ਜੋ ਮਨੁੱਖ ਮਨ, ਬਚਨ ਜਾਂ ਕਰਮ ਦੁਆਰਾ ਹੋਰਨਾਂ ਨੂੰ ਤੁੱਛ ਜਾਣਦੇ ਹਨ ਤੇ ਆਪਣੇ ਆਪ ਨੂੰ ਵੱਡੇ ਸਮਝਦੇ ਹਨ, ਐਸੇ ਬੰਦੇ ਮੈਂ ਦੋਜ਼ਕ ਜਾਂਦੇ ਵੇਖੇ ਹਨ (ਭਾਵ, ਨਿੱਤ ਇਹ ਵੇਖਣ ਵਿਚ ਆਉਂਦਾ ਹੈ ਕਿ ਅਜਿਹੇ ਹੰਕਾਰੀ ਮਨੁਖ ਹਉਮੈ ਵਿਚ ਇਉਂ ਦੁਖੀ ਹੁੰਦੇ ਹਨ ਜਿਵੇਂ ਦੋਜ਼ਕ ਦੀ ਅੱਗ ਵਿਚ ਸੜ ਰਹੇ ਹਨ)। ੨।

ਕਾਮ-ਵੱਸ ਹੋ ਕੇ, ਕ੍ਰੋਧ-ਅਧੀਨ ਹੋ ਕੇ, ਚਤਰਾਈਆਂ ਠੱਗੀਆਂ ਨਕਾਰੇ-ਪਨ ਵਿਚ, ਦੂਜਿਆਂ ਦੀ ਨਿੰਦਿਆ ਕਰ ਕੇ, (ਹੇ ਕਮਲਿਆ!) ਤੂੰ ਜੀਵਨ ਗੁਜ਼ਾਰ ਦਿੱਤਾ ਹੈ, ਕਦੇ ਪ੍ਰਭੂ ਨੂੰ ਯਾਦ ਨਹੀਂ ਕੀਤਾ। ੩।

ਕਬੀਰ ਆਖਦਾ ਹੈ–ਮੂਰਖ ਮੂੜ੍ਹ ਗੰਵਾਰ ਮਨੁੱਖ ਪਰਮਾਤਮਾ ਨੂੰ ਨਹੀਂ ਸਿਮਰਦਾ, ਪ੍ਰਭੂ ਦੇ ਨਾਮ ਨਾਲ ਸਾਂਝ ਨਹੀਂ ਪਾਂਦਾ। (ਸੰਸਾਰ-ਸਮੁੰਦਰ ਵਿਚੋਂ) ਕਿਵੇਂ ਪਾਰ ਲੰਘੇਗਾ ? ੪। ੧।

—o—

੧ ਓ ਸਤਿਗੁਰ ਪ੍ਰਸਾਦਿ ॥

ਰਾਗ ਮਾਰੂ ਬਾਣੀ ਜੈਦੇਉ ਜੀਉ ਕੀ

ਚੰਦ ਸਤ ਭੇਦਿਆ, ਨਾਦ ਸਤ ਪੂਰਿਆ, ਸੂਰ ਸਤ ਖੋੜਸਾ ਦਤੁ ਕੀਆ ॥ ਅਬਲ ਬਲੁ ਤੋੜਿਆ, ਅਚਲ ਚਲੁ ਥਪਿਆ, ਅਘੜੁ ਘੜਿਆ, ਤਹਾ ਅਪਿਉ ਪੀਆ ॥ ੧ ॥ ਮਨ, ਆਦਿ ਗੁਣ ਆਦਿ ਵਖਾਣਿਆ ॥ ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ ॥ ੧ ॥ ਰਹਾਉ ॥ ਅਰਧਿ ਕਉ ਅਰਧਿਆ, ਸਰਧਿ ਕਉ ਸਰਧਿਆ, ਸਲਲ ਕਉ ਸਲਲਿ ਸੰਮਾਨਿ ਆਇਆ ॥ ਬਦਤਿ ਜੈਦੇਉ ਜੈਦੇਵ ਕਉ ਰੰਮਿਆ, ਬ੍ਰਹਮੁ ਨਿਰਬਾਣੁ ਲਿਵਲੀਣੁ ਪਾਇਆ ॥ ੨ ॥ ੧ ॥

ਪਦ ਅਰਥ :–ਚੰਦ–ਚੰਦ੍ਰਮਾ ਨਾੜੀ, "ਸੋਮ ਸਰ", ਖੱਬੀ ਨਾਸ ਦੀ ਨਾੜੀ। ਸਤ–[Skt. ਸਤ੍ਵ, ਸੱਤ੍ਰ] ਪ੍ਰਾਣ। ਭੇਦਿਆ–ਵਿੰਨ੍ਹ ਲਿਆ, ਚਾੜ੍ਹ ਲਏ (ਪ੍ਰਾਣ)। ਨਾਦ –ਸੁਖਮਨਾ। ਪੂਰਿਆ–(ਪ੍ਰਾਣ) ਰੋਕ ਲਏ। ਸੂਰ–ਸੱਜੀ ਸੁਰ। ਖੋੜਸਾ–ਸੋਲਾਂ ਵਾਰੀ (ਓਂ ਆਖ ਕੇ)। ਦਤੁ ਕੀਤਾ–(ਪ੍ਰਾਣ ਬਾਹਰ) ਕੱਢੇ। ਅਬਲ ਬਲੁ–(ਵਿਕਾਰਾਂ ਵਿਚ ਪੈਣ ਕਰਕੇ) ਕਮਜ਼ੋਰ ਮਨ ਦਾ (ਵਿਸ਼ੇ ਵਿਕਾਰਾਂ ਤੇ ਦੁਬਿਧਾ ਦ੍ਰਿਸ਼ਟੀ ਵਾਲਾ) ਬਲ। ਅਚਲ–ਅਮੋੜ। ਚਲੁ–ਚੰਚਲ ਸੁਭਾਉ। ਅਚਲ ਚਲੁ–ਅਮੋੜ ਮਨ ਦਾ ਚੰਚਲ ਸੁਭਾਉ। ਥਪਿਆ–ਰੋਕ ਲਿਆ। ਅਘੜੁ–ਅੱਲ੍ਹੜ ਮਨ। ਅਪਿਉ–ਅੰਮ੍ਰਿਤ। ੧।

ਮਨ–ਹੇ ਮਨ ! ਆਦਿ ਗੁਣ–ਆਦਿ ਪ੍ਰਭੂ ਦੇ ਗੁਣ, ਜਗਤ ਦੇ ਮੂਲ ਪ੍ਰਭੂ ਦੇ ਗੁਣ। ਆਦਿ–ਆਦਿਕ। ਦੁਬਿਧਾ ਦ੍ਰਿਸਟਿ–ਮੇਰ-ਤੇਰ ਵਾਲੀ ਨਜ਼ਰ, ਵਿਤਕਰੇ ਵਾਲਾ ਸੁਭਾਉ। ਸੰਮਾਨਿਆ–ਪੱਧਰਾ ਹੋ ਜਾਂਦਾ ਹੈ। ੧। ਰਹਾਉ।

ਅਰਧਿ–ਅਰਾਧਣ-ਜੋਗ ਪ੍ਰਭੂ। ਸਰਧਿ–ਸਰਧਾ ਰੱਖਣ ਜੋਗ। ਸਲਲ–ਪਾਣੀ। ਬਦਤਿ–ਆਖਦਾ ਹੈ। ਜੈਦੇਵ–ਪਰਮਾਤਮਾ, ਉਹ ਦੇਵ ਜਿਸ ਦੀ ਸਦਾ ਜੈ ਹੁੰਦੀ ਹੈ। ਰੰਮਿਆ–ਸਿਮਰਿਆਂ। ਨਿਰਬਾਣੁ–ਵਾਸ਼ਨਾ ਰਹਿਤ। ਲਿਵਲੀਣੁ–ਆਪਣੇ ਆਪ ਵਿਚ ਮਸਤ ਪ੍ਰਭੂ। ੨।

ਨੋਟ :–ਇਸ ਸ਼ਬਦ ਨਾਲ ਰਲਾ ਕੇ ਹੇਠ-ਲਿਖਿਆ ਸ਼ਬਦ ਗੁਰੂ ਨਾਨਕ ਦੇਵ ਜੀ ਦਾ ਪੜ੍ਹੋ। ਇਹ ਭੀ ਮਾਰੂ ਰਾਗ ਵਿਚ ਹੀ ਹੈ :–

ਮਾਰੂ ਮਹਲਾ ੧ ॥ ਸੂਰ ਸਰੁ ਸੋਸਿ ਲੈ, ਸੋਮ ਸਰੁ ਪੋਖਿ ਲੈ, ਜੁਗਤਿ

ਕਰਿ ਮਰਤੁ, ਸੁ ਸਨਬੰਧੁ ਕੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ, ਉਡੈ ਨਹ ਹੰਸੁ, ਨਹ ਕੰਧੁ ਛੀਜੈ ॥ ੧ ॥ ਮੂੜੇ ਕਾਇਚੇ ਭਰਮਿ ਭੁਲਾ ॥ ਨਹ ਚੀਨਿਆ ਪਰਮਾਨੰਦੁ ਬੈਰਾਗੀ ॥ ੧ ॥ ਰਹਾਉ ॥ ਅਜਰ ਗਹੁ ਜਾਰਿ ਲੇ, ਅਮਰ ਗਹੁ ਮਾਰਿ ਲੈ, ਭ੍ਰਾਤਿ ਤਜਿ ਛੋਡਿ, ਤਉ ਅਪਿਉ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ, ਉਡੈ ਨਹ ਹੰਸੁ, ਨਹ ਕੰਧੁ ਛੀਜੈ ॥ ੨ ॥ ਭਣਤਿ ਨਾਨਕੁ ਜਨੋ, ਰਵੈ ਜੇ ਹਰਿ ਮਨੋ, ਮਨ ਪਵਨ ਸਿਉ ਅੰਮ੍ਰਿਤੁ ਪੀਜੈ ॥ ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ, ਉਡੈ ਨਹ ਹੰਸੁ, ਨਹ ਕੰਧ ਛੀਜੈ ॥ ੩ ॥ ੯ ॥

ਦੋਵੇਂ ਸ਼ਬਦ ਮਾਰੂ ਰਾਗ ਵਿਚ ਹਨ; ਦੋਹਾਂ ਦੇ ਛੰਦ ਦੀ ਚਾਲ ਇੱਕੋ ਜਿਹੀ ਹੈ; ਕਈ ਲਫ਼ਜ਼ ਸਾਂਝੇ ਹਨ, ਜਿਵੇਂ 'ਸੂਰ, ਚੰਦ (ਸੋਮ), ਅਪਿਉ'। "ਦੁਬਿਧਾ ਦ੍ਰਿਸ਼ਟਿ" ਦੇ ਟਾਕਰੇ ਤੇ "ਮੀਨ ਕੀ ਚਪਲ ਸਿਉ ਮਨੁ" ਹੈ। ਜੈਦੇਵ ਜੀ ਦੇ ਸ਼ਬਦ ਵਿਚ ਸਿਫ਼ਤਿ ਸਾਲਾਹ ਕਰਨ ਦੇ ਲਾਭ ਦੱਸੇ ਹਨ, ਗੁਰੂ ਨਾਨਕ ਦੇਵ ਜੀ ਨੇ ਸਿਫ਼ਤਿ ਸਾਲਾਹ ਕਰਨ ਦੀ 'ਜੁਗਤਿ' ਭੀ ਦੱਸੀ ਹੈ। ਜੈਦੇਵ ਜੀ ਮਨ ਨੂੰ ਸੰਬੋਧਨ ਕਰ ਕੇ ਆਖਦੇ ਹਨ ਕਿ ਜੇ ਤੂੰ ਸਿਫ਼ਤਿ ਸਾਲਾਹ ਕਰੇਂ ਤਾਂ ਤੇਰੀ ਚੰਚਲਤਾ ਦੂਰ ਹੋ ਜਾਇਗੀ, ਸਤਿਗੁਰੂ ਜੀ ਜੀਵ ਨੂੰ ਉਪਦੇਸ਼ ਕਰਦੇ ਹਨ ਕਿ ਸਿਫ਼ਤਿ ਸਾਲਾਹ ਦੀ 'ਜੁਗਤਿ' ਵਰਤਿਆਂ ਮਨ ਦੀ ਚੰਚਲਤਾ ਮਿਟ ਜਾਂਦੀ ਹੈ।

ਜਿਉਂ ਜਿਉਂ ਇਹਨਾਂ ਦੋਹਾਂ ਸ਼ਬਦਾਂ ਨੂੰ ਗਹੁ ਨਾਲ ਰਲਾ ਕੇ ਪੜ੍ਹੀਏ, ਡੂੰਘੀ ਸਾਂਝ ਦਿੱਸਦੀ ਹੈ, ਤੇ, ਇਸ ਨਤੀਜੇ ਉਤੇ ਅਪੜਨੋਂ ਰਹਿ ਨਹੀਂ ਸਕੀਦਾ ਕਿ ਆਪਣਾ ਇਹ ਸ਼ਬਦ ਉਚਾਰਨ ਵੇਲੇ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਭਗਤ ਜੈਦੇਵ ਜੀ ਦਾ ਸ਼ਬਦ ਮੌਜੂਦ ਸੀ। ਇਹ ਇਤਨੀ ਡੂੰਘੀ ਸਾਂਝ ਸਬਬ ਨਾਲ ਨਹੀਂ ਹੋ ਗਈ। ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਵਿਚ ਹਿੰਦੂ ਤੀਰਥਾਂ ਤੇ ਹੁੰਦੇ ਹੋਏ ਬੰਗਾਲ ਵਿਚ ਭੀ ਅੱਪੜੇ ਸਨ। ਭਗਤ ਜੈਦੇਵ ਜੀ ਬੰਗਾਲ ਦੇ ਰਹਿਣ ਵਾਲੇ ਸਨ। ਉਸ ਦੀ ਸੋਭਾ (ਜੋ ਜ਼ਰੂਰ ਉਸ ਦੇਸ ਵਿਚ ਖਿਲਰੀ ਹੋਈ ਹੋਵੇਗੀ) ਸੁਣ ਕੇ ਉਸ ਦੀ ਸੰਤਾਨ ਪਾਸੋਂ ਜਾਂ ਭਗਤ ਜੀ ਦੇ ਸ਼ਰਧਾਲੂਆਂ ਪਾਸੋਂ ਇਹ ਸ਼ਬਦ ਲਿਆ ਹੋਵੇਗਾ।

ਅਰਥ :–ਹੇ ਮਨ ! ਜਗਤ ਦੇ ਮੂਲ-ਪ੍ਰਭੂ ਦੀ ਸਿਫ਼ਤਿ ਸਾਲਾਹ ਕੀਤਿਆਂ ਤੇਰਾ ਵਿਤਕਰੇ ਵਾਲਾ ਸੁਭਾਉ ਪੱਧਰਾ ਹੋ ਗਿਆ ਹੈ। ੧। ਰਹਾਉ।

(ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਹੀ) ਖੱਬੀ ਸੁਰ ਵਿਚ ਪ੍ਰਾਣ ਚੜ੍ਹ ਭੀ ਗਏ ਹਨ, ਸੁਖਮਨਾ ਵਿਚ ਅਟਕਾਏ ਭੀ ਗਏ ਹਨ, ਤੇ ਸੱਜੀ ਸੁਰ ਰਸਤੇ ਸੋਲਾਂ ਵਾਰੀ 'ਓਅੰ'

ਆਖ ਕੇ (ਉਤਰ) ਭੀ ਆਏ ਹਨ(ਭਾਵ, ਪ੍ਰਾਣਾਯਾਮ ਦਾ ਸਾਰਾ ਉੱਦਮ ਸਿਫ਼ਤਿ ਸਾਲਾਹ ਵਿਚ ਹੀ ਆ ਗਿਆ ਹੈ, ਸਿਫ਼ਤਿ ਸਾਲਾਹ ਦੇ ਟਾਕਰੇ ਤੇ ਪ੍ਰਾਣ ਚਾੜ੍ਹਨ, ਟਿਕਾਣ ਅਤੇ ਉਤਾਰਨ ਵਾਲੇ ਸਾਧਨ ਪ੍ਰਾਣਾਯਾਮ ਦੀ ਲੋੜ ਹੀ ਨਹੀਂ ਰਹਿ ਗਈ)। (ਇਸ ਸਿਫ਼ਤਿ ਸਾਲਾਹ ਦਾ ਸਦਕਾ) (ਵਿਕਾਰਾਂ ਵਿਚ ਪੈਣ ਕਰਕੇ) ਕਮਜ਼ੋਰ (ਹੋਏ) ਮਨ ਦਾ ('ਦੁਬਿਧਾ ਦ੍ਰਿਸਟਿ' ਵਾਲਾ) ਬਲ ਟੁੱਟ ਗਿਆ ਹੈ, ਅਮੋੜ ਮਨ ਦਾ ਚੰਚਲ ਸੁਭਾਉ ਟੁਕ ਗਿਆ ਹੈ, ਇਹ ਅਲ੍ਹੜ ਮਨ ਹੁਣ ਸੋਹਣੀ ਘਾੜਤ ਵਾਲਾ ਹੋ ਗਿਆ ਹੈ, ਇਥੇ ਅੱਪੜ ਕੇ ਇਸ ਨੇ ਨਾਮ-ਅੰਮ੍ਰਿਤ ਪੀ ਲਿਆ ਹੈ। ੧।

ਜੈਦੇਉ ਆਖਦਾ ਹੈ—ਜੇ ਆਰਾਧਣ-ਜੋਗ ਪ੍ਰਭੂ ਦੀ ਆਰਾਧਨਾ ਕਰੀਏ, ਜੇ ਸਰਧਾ-ਜੋਗ ਪ੍ਰਭੂ ਵਿਚ ਸਿਦਕ ਧਾਰੀਏ, ਤਾਂ ਉਸ ਨਾਲ ਇੱਕ-ਰੂਪ ਹੋ ਜਾਈਦਾ ਹੈ, ਜਿਵੇਂ ਪਾਣੀ ਨਾਲ ਪਾਣੀ। ਜੈਦੇਵ-ਪ੍ਰਭੂ ਦਾ ਸਿਮਰਨ ਕੀਤਿਆਂ ਉਹ ਵਾਸ਼ਨਾਂ-ਰਹਿਤ ਬੇ-ਪਰਵਾਹ ਪ੍ਰਭੂ ਮਿਲ ਪੈਂਦਾ ਹੈ। ੨। ੧।

ਨੋਟ ! ਭਗਤ-ਬਾਣੀ ਦਾ ਵਿਰੋਧੀ ਵੀਰ ਭਗਤ ਜੈਦੇਵ ਜੀ ਬਾਰੇ ਇਉਂ ਲਿਖਦਾ ਹੈ—"ਭਗਤ ਜੈਦੇਵ ਜੀ ਬੰਗਾਲ ਇਲਾਕੇ ਅੰਦਰ ਪਿੰਡ ਕੇਂਦਰੀ (ਪਰਗਨਾ ਬੀਰਬਾਨ) ਦੇ ਰਹਿਣ ਵਾਲੇ ਜਨਮ ਦੇ ਕਨੌਜੀਏ ਬ੍ਰਾਹਮਣ ਸਨ। ਸੰਸਕ੍ਰਿਤ ਦੇ ਚੰਗੇ ਵਿਦਵਾਨ ਤੇ ਕਵੀਸ਼ਰ ਸਨ। ਵੈਸੇ ਗ੍ਰਿਹਸਤੀ ਸਨ, ਜੋ ਸੁਪਤਨੀ ਸਮੇਤ ਸਾਧੂ ਬਿਰਤੀ ਅੰਦਰ ਰਹੇ। ਆਪ ਜੀ ਦੀ ਹੋਂਦ ਗਿਆਰਵੀਂ ਬਾਰ੍ਹਵੀਂ ਸਦੀ ਬਿਕ੍ਰਮੀ ਦੇ ਵਿਚਕਾਰ ਹੋਣੀ ਦੱਸੀ ਜਾਂਦੀ ਹੈ। ਆਪ ਅੰਤਮ ਦਮਾਂ ਤੀਕਰ ਗੰਗਾ ਦੇ ਪੁਜਾਰੀ ਰਹੇ, ਅਤੇ ਪੱਕੇ ਬ੍ਰਾਹਮਣ ਸਨ। ਜਗਨ ਨਾਥ ਦੇ ਮੰਦਰ ਵਿਚ ਇਹਨਾਂ ਦੇ ਰਚੇ ਗ੍ਰੰਥ "ਗੀਤ ਗੋਬਿੰਦ" ਦੇ ਭਜਨ ਗਾਏ ਜਾਂਦੇ ਹਨ।

"ਮੌਜੂਦਾ ਛਾਪੇ ਦੀ ਬੀੜ ਵਿਚ ਆਪ ਜੀ ਦੇ ਨਾਮ ਪਰ ਕੇਵਲ ਦੋ ਸ਼ਬਦ ਹਨ, ਇਕ ਮਾਰੂ ਰਾਗ ਅੰਦਰ, ਦੂਸਰਾ ਗੂਜਰੀ ਰਾਗ ਵਿਚ; ਪਰ ਇਹਨਾਂ ਦੋਹਾਂ ਸ਼ਬਦਾਂ ਦਾ ਸਿੱਧਾਂਤ ਗੁਰਮਤਿ ਨਾਲ ਬਿਲਕੁਲ ਨਹੀਂ ਮਿਲਦਾ, ਦੋਵੇਂ ਸ਼ਬਦ ਵਿਸ਼ਨੂੰ ਭਗਤੀ ਅਤੇ ਜੋਗ-ਅੱਭਿਆਸ ਨੂੰ ਦ੍ਰਿੜਾਉਂਦੇ ਹਨ।"

ਇਸ ਤੋਂ ਅਗਾਂਹ ਭਗਤ ਜੀ ਦਾ ਮਾਰੂ ਰਾਗ ਵਾਲਾ ਉਪਰ ਲਿਖਿਆ ਸ਼ਬਦ ਦੇ ਕੇ ਸਾਡਾ ਵੀਰ ਲਿਖਦਾ ਹੈ—"ਉਕਤ ਸ਼ਬਦ ਹਠ-ਯੋਗ ਕਰਮਾਂ ਦਾ ਉਪਦੇਸ਼ ਹੈ। ਇਸੇ ਗੂਜਰੀ ਰਾਗ ਅੰਦਰ "ਪਰਮਾਦਿ ਪੁਰਖ ਮਨੋਪਮੰ" ਵਾਲੇ ਸ਼ਬਦ ਅੰਦਰ ਵਿਸ਼ਨੂੰ-ਭਗਤੀ ਦਾ ਉਪਦੇਸ਼ ਹੈ। ਦੋਵੇਂ ਸ਼ਬਦ ਗੁਰਮਤਿ-ਸਿੱਧਾਂਤ ਦੇ ਉਕੇ ਉਲਟ ਹਨ।......ਗੁਰਬਾਣੀ ਵਿਖੇ ਭਗਤ ਜੈਦੇਵ ਜੀ ਦੇ ਸਿਧਾਂਤਾਂ ਦਾ ਜ਼ੋਰਦਾਰ ਖੰਡਣ ਮਿਲਦਾ ਹੈ।"

ਸਾਡੇ ਵੀਰ ਨੇ ਹਠ-ਜੋਗ ਆਦਿਕ ਦਾ ਖੰਡਣ ਕਰਨ ਵਾਸਤੇ ਇਕ ਦੋ ਸ਼ਬਦ

ਪ੍ਰਮਾਣ ਵਜੋਂ ਭੀ ਦਿੱਤੇ ਹਨ।

ਆਓ, ਹੁਣ ਵਿਚਾਰ ਕਰੀਏ।

ਸਾਡਾ ਵੀਰ ਭਗਤ-ਬਾਣੀ ਬਾਰੇ ਸਦਾ ਇਹ ਪੱਖ ਲੈਂਦਾ ਹੈ ਕਿ (੧) ਭਗਤ-ਬਾਣੀ ਦਾ ਆਸ਼ਾ ਗੁਰਬਾਣੀ ਦੇ ਆਸ਼ੇ ਦੇ ਉਲਟ ਹੈ। ਇਸ ਸ਼ਬਦ ਬਾਰੇ ਭੀ ਇਹੀ ਕਿਹਾ ਗਿਆ ਹੈ ਕਿ ਇਹ ਸ਼ਬਦ ਹਠ-ਜੋਗ ਦ੍ਰਿੜਾਉਂਦਾ ਹੈ ਤੇ ਗੁਰਮਤਿ ਹਠ-ਜੋਗ ਦਾ ਖੰਡਣ ਕਰਦੀ ਹੈ। (੨) ਭਗਤਾਂ ਦੇ ਕਈ ਸ਼ਬਦਾਂ ਵਿਚ ਸਤਿਗੁਰੂ ਜੀ ਦੇ ਕਈ ਸ਼ਬਦਾਂ ਨਾਲ ਸਾਂਝੇ ਲਫ਼ਜ਼ ਤੇ ਖ਼ਿਆਲ ਇਸ ਵਾਸਤੇ ਮਿਲਦੇ ਹਨ ਕਿ ਭਗਤਾਂ ਦੇ ਪੰਜਾਬ-ਵਾਸੀ ਸ਼ਰਧਾਲੂਆਂ ਨੇ ਭਗਤਾਂ ਦੇ ਸ਼ਬਦਾਂ ਦਾ ਪੰਜਾਬੀ ਵਿਚ ਉਲਥਾ ਕਰਨ ਵੇਲੇ ਇਹ ਲਫ਼ਜ਼ ਗੁਰਬਾਣੀ ਵਿਚੋਂ ਸੁਤੇ ਹੀ ਪਾ ਲਏ ਸਨ।

ਅਸੀ ਜੈਦੇਵ ਜੀ ਦੇ ਇਸ ਸ਼ਬਦ ਦੇ ਨਾਲ ਇਸੇ ਹੀ ਰਾਗ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਭੀ ਇਕ ਸ਼ਬਦ ਪਾਠਕਾਂ ਦੇ ਪੇਸ਼ ਕਰ ਚੁਕੇ ਹਾਂ। ਇਹਨਾਂ ਦੋਹਾਂ ਸ਼ਬਦਾਂ ਵਿਚ ਕਈ ਲਫ਼ਜ਼ ਤੇ ਖ਼ਿਆਲ ਸਾਂਝੇ ਹਨ; ਜਿਵੇਂ ਕਿ—

ਜੈਦੇਵ ਜੀ		ਗੁਰੂ ਨਾਨਕ ਦੇਵ ਜੀ.
੧. ਚੰਦ ਸਤੁ	... ...	ਸੋਮ ਸਰੁ
੨. ਸੂਰ ਸਤੁ	... ...	ਸੂਰ ਸਰੁ
੩. ਚਲੁ	... ...	ਚਪਲ
੪. ਅਪਿਉ ਪੀਆ	... ...	ਅਪਿਉ ਪੀਜੈ
੫. ਮਨ	... ...	ਮਨੁ
੬. ਦੁਬਿਧਾ ਦ੍ਰਿਸਟਿ...	...(ਰਹਾਉ ਦੀਆਂ ਤੁਕਾਂ)..	...ਭਰਮਿ ਭੁਲਾ
੭. ਅਚਲ ਚਲੁ ਥਪਿਆ	... ...	ਉਡੈ ਨਹਿ ਹੰਸੁ
੮. ਆਦਿ ਗੁਣ ਆਦਿ ਵਖਾਣਿਆ...		...ਰਵੈ ਜੇ ਹਰਿ ਮਨੌ

ਹੁਣ ਜੇ ਸਿਰਫ਼ ਇਹਨਾਂ 'ਚੰਦ, ਸੂਰ, ਖੋੜਸਾ' ਆਦਿਕ ਲਫ਼ਜ਼ਾਂ ਤੋਂ ਹੀ ਇਹ ਮਿਥ ਲੈਣਾ ਹੈ ਕਿ ਭਗਤ ਜੀ ਦਾ ਇਹ ਸ਼ਬਦ ਹਠ-ਜੋਗ ਕਰਮਾਂ ਦਾ ਉਪਦੇਸ਼ ਕਰਦਾ ਹੈ, ਤਾਂ ਇਹੀ ਖ਼ਿਆਲ ਗੁਰੂ ਨਾਨਕ ਸਾਹਿਬ ਦੇ ਸ਼ਬਦ ਬਾਰੇ ਭੀ ਮਿਥਣਾ ਪਏਗਾ। ਰਤਾ ਫਿਰ ਧਿਆਨ ਨਾਲ ਪੜ੍ਹੋ, "ਸੂਰ ਸਰੁ ਸੋਸਿ ਲੈ, ਸੋਮ ਸਰੁ ਪੋਖਿ ਲੈ, ਜੁਗਤਿ ਕਰਿ ਮਰਤੁ"। ਸਤਿਗੁਰੂ ਜੀ ਨੇ ਤਾਂ ਸਾਫ਼ ਲਫ਼ਜ਼ "ਮਰਤੁ" ਭੀ ਵਰਤ ਦਿੱਤਾ ਹੈ, ਜਿਸ ਦਾ ਅਰਥ ਹੈ 'ਪ੍ਰਾਣ, ਹਵਾ', ਜਿਸ ਤੋਂ ਅੰਞਾਣ ਮਨੁੱਖ 'ਪ੍ਰਾਣਾਯਾਮ' ਦਾ ਭਾਵ ਕੱਢ ਲਏਗਾ। ਪਰ ਨਿਰੇ ਇਹਨਾਂ ਲਫ਼ਜ਼ਾਂ ਦੇ ਆਸਰੇ ਜੇ ਕੋਈ ਸਿੱਖ ਇਹ ਸਮਝ ਲਏ ਕਿ ਇਸ ਸ਼ਬਦ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਪ੍ਰਾਣਾਯਾਮ ਦੀ ਵਡਿਆਈ ਕੀਤੀ ਹੈ,

ਤਾਂ ਉਸ ਦੀ ਇਹ ਭਾਰੀ ਭੁੱਲ ਹੋਵੇਗੀ।

ਸਾਡੇ ਵੀਰ ਨੇ ਭਗਤ ਜੈਦੇਵ ਜੀ ਨੂੰ ਹਠ-ਜੋਗ ਦਾ ਉਪਦੇਸ਼ਕ ਸਾਬਤ ਕਰਨ ਲਈ ਭਗਤ ਜੀ ਦਾ ਸਿਰਫ਼ ਇਹੀ ਸ਼ਬਦ ਪੇਸ਼ ਕੀਤਾ ਹੈ, ਜਿਸ ਦੇ ਦੋ ਚਾਰ ਲਫ਼ਜ਼ਾਂ ਨੂੰ ਓਪਰੀ ਨਿਗਾਹੇ ਵੇਖ ਕੇ ਅੰਞਾਣ ਸਿੱਖ ਟਪਲਾ ਖਾ ਸਕੇ। ਜੇ ਉਹ ਵੀਰ ਭਗਤ ਜੀ ਦਾ ਦੂਜਾ ਸ਼ਬਦ ਭੀ ਗਹੁ ਨਾਲ ਪੜ੍ਹ ਲੈਂਦਾ, ਤਾਂ ਸ਼ਾਇਦ ਉਹ ਆਪ ਭੀ ਇਸ ਟਪਲੇ ਤੋਂ ਬਚ ਜਾਂਦਾ। ਹਠ-ਜੋਗ ਦਾ ਪ੍ਰਚਾਰਕ ਹੋਣ ਦੇ ਥਾਂ ਉਸ ਸ਼ਬਦ ਵਿਚ ਜੈਦੇਵ ਜੀ ਤਪ ਅਤੇ ਜੋਗ ਨੂੰ ਸਾਫ਼ ਲਫ਼ਜ਼ਾਂ ਵਿਚ ਵਿਅਰਥ ਆਖਦੇ ਹਨ। ਵੇਖੋ ਲਿਖਦੇ ਹਨ :—

"ਹਰਿ ਭਗਤ ਨਿਜ ਨਿਹਕੇਵਲਾ, ਰਿਦ ਕਰਮਣਾ ਬਚਸਾ ॥
ਜੋਗੇਨ ਕਿੰ, ਜਗੇਨ ਕਿੰ, ਦਾਨੇਨ ਕਿੰ, ਤਪਸਾ ॥ ੪ ॥

ਭਾਵ :—ਪਰਮਾਤਮਾ ਦੇ ਪਿਆਰੇ ਭਗਤ ਮਨ ਬਚਨ ਅਤੇ ਕਰਮ ਵਲੋਂ ਪੂਰਨ ਤੌਰ ਤੇ ਪਵਿਤ੍ਰ ਹੁੰਦੇ ਹਨ (ਭਾਵ, ਭਗਤਾਂ ਦਾ ਮਨ ਪਵਿਤ੍ਰ, ਬੋਲ ਪਵਿਤ੍ਰ ਅਤੇ ਕੰਮ ਭੀ ਪਵਿਤ੍ਰ ਹੁੰਦੇ ਹਨ)। ਉਹਨਾਂ ਨੂੰ ਜੋਗ ਨਾਲ ਕੀਹ ਵਾਸਤਾ ? ਉਹਨਾਂ ਨੂੰ ਜੱਗ ਨਾਲ ਕੀਹ ਪ੍ਰਯੋਜਨ ? ਉਹਨਾਂ ਨੂੰ ਦਾਨ ਅਤੇ ਤਪ ਨਾਲ ਕੀਹ ? (ਭਾਵ, ਭਗਤ ਜਾਣਦੇ ਹਨ ਕਿ ਜੋਗ-ਸਾਧਨ, ਜੱਗ, ਦਾਨ ਅਤੇ ਤਪ ਕਰਨ ਤੋਂ ਕੋਈ ਆਤਮਕ ਲਾਭ ਨਹੀਂ ਹੋ ਸਕਦਾ, ਪ੍ਰਭੂ ਦੀ ਭਗਤੀ ਹੀ ਅਸਲ ਕਰਣੀ ਹੈ)।

ਸਾਡਾ ਵੀਰ ਜੈਦੇਵ ਜੀ ਦੇ ਦੋ ਚਾਰ ਲਫ਼ਜ਼ਾਂ ਤੋਂ ਹੀ ਟਪਲਾ ਖਾ ਗਿਆ ਹੈ। ਜੇ ਸਾਰੇ ਸ਼ਬਦ ਦੇ ਅਰਥ ਨੂੰ ਗਹੁ ਨਾਲ ਸਮਝਣ ਦੀ ਕੋਸ਼ਸ਼ ਕਰਦਾ, ਤਾਂ ਇਹ ਉਕਾਈ ਨਾਹ ਲੱਗਦੀ। ਪਾਠਕ ਸੱਜਣ 'ਰਹਾਉ' ਦੀ ਤੁਕ ਦੇ ਲਫ਼ਜ਼ 'ਵਖਾਣਿਆ' ਤੋਂ ਸ਼ੁਰੂ ਕਰ ਕੇ ਪਹਿਲੇ 'ਬੰਦ' ਦੇ ਲਫ਼ਜ਼ 'ਭੇਦਿਆ' 'ਪੂਰਿਆ' ਆਦਿਕ ਤਕ ਅੱਪੜ ਕੇ ਅਰਥ ਕਰਨ—ਹੇ ਮਨ ! ਆਦਿ (ਪ੍ਰਭੂ) ਦੇ ਗੁਣ ਆਦਿ ਵਖਾਣਿਆਂ (ਭਾਵ, ਪ੍ਰਭੂ ਦੀ ਸਿਫਤਿ-ਸਾਲਾਹ ਕੀਤਿਆਂ) ਖੱਬੀ ਸੁਰ ਵਿਚ ਪ੍ਰਾਣ ਚੜ੍ਹ ਭੀ ਗਏ ਹਨ, ... ਸੱਜੀ ਸੁਰ ਰਸਤੇ ਸੋਲਾਂ ਵਾਰੀ 'ਓਂ' ਆਖ ਕੇ ਉਤਰ ਭੀ ਆਏ ਹਨ (ਭਾਵ, ਪ੍ਰਾਣਾਯਾਮ ਦਾ ਸਾਰਾ ਹੀ ਉੱਦਮ ਸਿਫ਼ਤਿ-ਸਾਲਾਹ ਵਿਚ ਹੀ ਆ ਗਿਆ ਹੈ, ਅਰਥਾਤ, ਪ੍ਰਾਣਾਯਾਮ ਦਾ ਉੱਦਮ ਵਿਅਰਥ ਹੈ)।

ਇਥੇ ਪਾਠਕਾਂ ਦੀ ਸਹੂਲਤ ਵਾਸਤੇ ਸਤਿਗੁਰੂ ਨਾਨਕ ਦੇਵ ਜੀ ਦੇ ਉੱਪਰ-ਲਿਖੇ ਸ਼ਬਦ ਦਾ ਅਰਥ ਦੇਣਾ ਭੀ ਜ਼ਰੂਰੀ ਜਾਪਦਾ ਹੈ।

ਸੂਰ ਸਰੁ ਸੋਸਿ ਲੈ—ਸੂਰਜ (ਦੀ ਤਪਸ਼) ਦੇ ਸਰੋਵਰ ਨੂੰ ਸੁਕਾ ਦੇਹ, ਤਮੋ-ਗੁਣੀ ਸੁਭਾਉ ਨੂੰ ਸੁਕਾ ਦੇਹ, (ਸੂਰਜ ਦੀ ਨਾੜੀ ਨੂੰ ਸੁਕਾ ਦੇਹ, ਇਹ ਹੈ ਸੱਜੀ ਸੁਰ ਦੀ ਰਾਹੀਂ ਪ੍ਰਾਣ ਉਤਾਰਨੇ)।

ਸੋਮ ਸਰੁ ਪੋਖਿ ਲੈ—ਚੰਦ੍ਰਮਾ ਦੀ (ਸੀਤਲਤਾ) ਦੇ ਸਰੋਵਰ ਨੂੰ ਤਕੜਾ ਕਰ, ਸ਼ਾਂਤ-ਸੁਭਾਵ, ਸੀਤਲਤਾ ਨੂੰ ਤਕੜਾ ਕਰ, (ਚੰਦ੍ਰਮਾ ਦੀ ਨਾੜੀ ਨੂੰ ਤਕੜਾ ਕਰ, ਇਹ ਹੈ ਖੱਬੀ ਸੁਰ ਦੀ ਰਾਹੀਂ ਪ੍ਰਾਣ ਚਾੜ੍ਹਨੇ)।

ਜੁਗਤਿ ਕਰਿ ਮਰਤੁ—ਸੋਹਣੀ ਜੀਵਨ-ਜੁਗਤਿ ਨੂੰ ਪ੍ਰਾਣਾਂ ਦਾ ਟਿਕਾਉਣਾ ਬਣਾ (ਜ਼ਿੰਦਗੀ ਨੂੰ ਸੋਹਣੀ ਜੁਗਤਿ ਵਿਚ ਰੱਖਣਾ ਹੀ ਪ੍ਰਾਣਾਂ ਨੂੰ ਸੁਖਮਨਾ ਨਾੜੀ ਵਿਚ ਟਿਕਾਣਾ ਹੈ)।

ਸੁ ਸਨਬੰਧੁ ਕੀਜੈ—ਸਾਰਾ ਇਹੋ ਜਿਹਾ ਹੀ ਮੇਲ ਮਿਲਾਉ।

ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ—ਇਸ ਜੁਗਤਿ ਨਾਲ ਮੀਨ ਦੀ ਚਪਲ ਵਾਲਾ ਮਨ ਰੱਖਿਆ ਜਾ ਸਕਦਾ ਹੈ, ਇਸ ਜੁਗਤਿ ਨਾਲ ਮੱਛੀ ਦੀ ਚੰਚਲਤਾ ਵਾਲਾ ਮਨ ਸਾਂਭਿਆ ਜਾ ਸਕਦਾ ਹੈ।

ਉਡੈ ਨਹ ਹੰਸੁ—ਮਨ (ਵਿਕਾਰਾਂ ਵਲ) ਦੌੜਦਾ ਨਹੀਂ।

ਨਹ ਕੰਧੁ ਛੀਜੈ—ਸਰੀਰ ਭੀ (ਵਿਕਾਰਾਂ ਵਿਚ) ਖਚਿਤ ਨਹੀਂ ਹੁੰਦਾ।

ਭਗਤ ਜੈਦੇਵ ਜੀ ਦੇ ਦੂਜੇ ਸ਼ਬਦ ਦਾ ਹਵਾਲਾ ਦੇ ਕੇ ਸਾਡਾ ਵੀਰ ਆਖਦਾ ਹੈ ਕਿ ਉਸ ਸ਼ਬਦ-ਵਿਚ ਵਿਸ਼ਨੂੰ-ਭਗਤੀ ਦਾ ਉਪਦੇਸ਼ ਹੈ। ਇਥੇ ਉਸ ਸ਼ਬਦ ਦਾ ਸਾਰਾ ਅਰਥ ਦੇਣ ਨਾਲ ਤਾਂ ਲੇਖ ਬਹੁਤ ਹੀ ਲੰਮਾ ਹੋ ਜਾਇਗਾ; ਸਿਰਫ਼ 'ਰਹਾਉ' ਦੀ ਤੁਕ ਪੇਸ਼ ਕੀਤੀ ਜਾਂਦੀ ਹੈ, ਕਿਉਂਕਿ ਇਹੀ ਤੁਕ ਸਾਰੇ ਸ਼ਬਦ ਦਾ ਕੇਂਦਰ ਹੋਇਆ ਕਰਦੀ ਹੈ। ਜੈਦੇਵ ਜੀ ਲਿਖਦੇ ਹਨ :—

"ਕੇਵਲ ਰਾਮ ਨਾਮ ਮਨੋਰਮੰ। ਬਦਿ ਅੰਮ੍ਰਿਤ ਤਤ ਮਇਅੰ।

ਨ ਦਨੋਤਿ ਜਸਮਰਣੇਨ, ਜਨਮ ਜਰਾਧਿ ਮਰਣ ਭਇਅੰ।੧। ਰਹਾਉ।

ਭਾਵ : (ਹੇ ਭਾਈ !) ਕੇਵਲ ਪਰਮਾਤਮਾ ਦਾ ਸੁੰਦਰ ਨਾਮ ਸਿਮਰ, ਜੋ ਅੰਮ੍ਰਿਤ-ਭਰਪੂਰ ਹੈ, ਜੋ ਅਸਲੀਅਤ-ਰੂਪ ਹੈ, ਅਤੇ ਜਿਸ ਦੇ ਸਿਮਰਨ ਨਾਲ ਜਨਮ-ਮਰਨ, ਬੁਢੇਪਾ, ਚਿੰਤਾ-ਫ਼ਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦੇਂਦਾ।

ਪਤਾ ਨਹੀਂ, ਸਾਡੇ ਵੀਰ ਨੂੰ ਇਥੇ ਕਿਨ੍ਹਾਂ ਲਫ਼ਜ਼ਾਂ ਵਿਚ ਵਿਸ਼ਨੂੰ-ਭਗਤੀ ਦਿੱਸ ਰਹੀ ਹੈ।

ਕਬੀਰ ।। ਮਾਰੂ ।। ਰਾਮ ਸਿਮਰੁ, ਪਛੁਤਾਹਿਗਾ ਮਨ ।। ਪਾਪੀ ਜੀਅਰਾ ਲੋਭੁ ਕਰਤੁ ਹੈ, ਆਜੁ ਕਾਲਿ ਉਠਿ ਜਾਹਿਗਾ ॥ ੧ ॥ ਰਹਾਉ ॥ ਲਾਲਚ ਲਾਗੇ ਜਨਮੁ ਗਵਾਇਆ, ਮਾਇਆ ਭਰਮੁ ਭੁਲਾਹਿਗਾ ।। ਧਨ ਜੋਬਨ ਕਾ ਗਰਬੁ ਨ ਕੀਜੈ, ਕਾਗਦ ਜਿਉ ਗਲਿ ਜਾਹਿਗਾ ।। ੧ ।। ਜਉ ਜਮੁ ਆਇ ਕੇਸ ਗਹਿ ਪਟਕੈ, ਤਾ ਦਿਨ ਕਿਛੁ ਨ ਬਸਾਹਿਗਾ ॥ ਸਿਮਰਨੁ ਭਜਨੁ ਦਇਆ ਨਹੀ ਕੀਨੀ, ਤਉ ਮੁਖਿ ਚੋਟਾ ਖਾਹਿਗਾ ।। ੨ ।। ਧਰਮ ਰਾਇ ਜਬ ਲੇਖਾ ਮਾਗੈ, ਕਿਆ ਮੁਖੁ ਲੈ ਕੈ ਜਾਹਿਗਾ ॥ ਕਹਤੁ ਕਬੀਰੁ ਸੁਨਹੁ ਰੇ ਸੰਤਹੁ, ਸਾਧ ਸੰਗਤਿ ਤਰਿ ਜਾਂਹਿਗਾ ॥੩॥੧॥

ਪਦ ਅਰਥ :—ਮਨ—ਹੇ ਮਨ ! ਜੀਅਰਾ—ਕਮਜ਼ੋਰ ਜਿੰਦ । ਆਜੁ ਕਾਲਿ—ਅੱਜ ਭਲਕ, ਛੇਤੀ ਹੀ । ੧ । ਰਹਾਉ ।

ਗਰਬੁ—ਮਾਣ । ਜਿਉ—ਵਾਂਗ । ੧ ।

ਗਹਿ—ਫੜ ਕੇ । ਨ ਬਸਾਹਿਗਾ—ਪੇਸ਼ ਨਹੀਂ ਜਾਇਗੀ । ਮੁਖਿ—ਮੂੰਹ ਉਤੇ ।੨।

ਕਿਆ ਮੁਖੁ ਲੈ ਕੇ—ਕਿਹੜੇ ਮੂੰਹ ਨਾਲ ? ੩ ।

ਅਰਥ :—ਹੇ ਮਨ ! (ਹੁਣ ਹੀ ਵੇਲਾ ਹੈ) ਪ੍ਰਭੂ ਦਾ ਸਿਮਰਨ ਕਰ, (ਨਹੀਂ ਤਾਂ ਸਮਾ ਵਿਹਾ ਜਾਣ ਤੇ) ਅਫ਼ਸੋਸ ਕਰੇਂਗਾ । ਵਿਕਾਰਾਂ ਵਿਚ ਫਸੀ ਹੋਈ ਤੇਰੀ ਕਮਜ਼ੋਰ ਜਿੰਦ (ਧਨ ਪਦਾਰਥ ਦਾ) ਲੋਭ ਕਰ ਰਹੀ ਹੈ, ਪਰ ਤੂੰ ਥੋੜੇ ਹੀ ਦਿਨਾਂ ਵਿਚ (ਇਹ ਸਭ ਕੁਝ ਛੱਡ ਕੇ ਇੱਥੋਂ) ਤੁਰ ਜਾਏਂਗਾ । ੧ । ਰਹਾਉ ।

ਹੇ ਮਨ ! ਤੂੰ ਲਾਲਚ ਵਿਚ ਫਸ ਕੇ ਜੀਵਨ ਅਜਾਈਂ ਗਵਾ ਰਿਹਾ ਹੈਂ, ਮਾਇਆ ਦੀ ਭਟਕਣਾ ਵਿਚ ਖੁੰਝਿਆ ਫਿਰਦਾ ਹੈਂ । ਨਾਹ ਕਰ ਇਹ ਮਾਣ ਧਨ ਤੇ ਜੁਆਨੀ ਦਾ, (ਮੌਤ ਆਉਣ ਤੇ) ਕਾਗਜ਼ ਵਾਂਗ ਗਲ ਜਾਏਂਗਾ । ੧ ।

ਹੇ ਮਨ ! ਜਦੋਂ ਜਮ ਨੇ ਆ ਕੇ ਕੇਸਾਂ ਤੋਂ ਫੜ ਕੇ ਤੈਨੂੰ ਭੁੰਏ ਪਟਕਾਇਆ, ਤਦੋਂ ਤੇਰੀ (ਉਸ ਅੱਗੇ) ਕੋਈ ਪੇਸ਼ ਨਹੀਂ ਜਾਇਗੀ । ਤੂੰ ਹੁਣ ਪ੍ਰਭੂ ਦਾ ਸਿਮਰਨ ਭਜਨ ਨਹੀਂ ਕਰਦਾ, ਤੂੰ ਦਇਆ ਨਹੀਂ ਪਾਲਦਾ, ਮਰਨ ਵੇਲੇ ਦੁਖੀ ਹੋਵੇਂਗਾ । ੨ ।

ਹੇ ਮਨ ! ਜਦੋਂ ਧਰਮਰਾਜ ਨੇ (ਤੈਥੋਂ ਜੀਵਨ ਵਿਚ ਕੀਤੇ ਕੰਮਾਂ ਦਾ) ਹਿਸਾਬ ਮੰਗਿਆ, ਤਾਂ ਕੀਹ ਮੂੰਹ ਲੈ ਕੇ ਉਸ ਦੇ ਸਾਹਮਣੇ ਹੋਵੇਂਗਾ ? ਕਬੀਰ ਆਖਦਾ ਹੈ—ਹੇ ਸੰਤ ਜਨੋ ! ਸੁਣੋ, ਸਾਧ-ਸੰਗਤ ਵਿਚ ਰਹਿ ਕੇ ਹੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘੀਦਾ ਹੈ ।੩।੧।

ਨੋਟ—ਸਧਾਰਨ ਤੌਰ ਤੇ ਮੌਤ ਦਾ ਜ਼ਿਕਰ ਕਰਦੇ ਹੋਏ ਕਬੀਰ ਜੀ ਮੁਹਾਵਰੇ ਦੇ ਤੌਰ ਤੇ ਲਿਖਦੇ ਹਨ "ਜਉ ਜਮ ਆਇ ਕੇਸ ਗਹਿ ਪਟਕੈ", ਭਾਵ, ਕੇਸਾਂ ਦਾ ਜ਼ਿਕਰ ਕਰਦੇ ਹਨ। ਇਹ ਮੁਹਾਵਰਾ ਉਹਨਾਂ ਦੀ ਰੋਜ਼ਾਨਾ ਬੋਲ-ਚਾਲ ਦਾ ਹਿੱਸਾ ਬਣ ਜਾਣਾ ਹੀ ਦੱਸਦਾ ਹੈ ਕਿ ਕਬੀਰ ਜੀ ਦੇ ਸਿਰ ਉੱਤੇ ਸਾਬਤ ਕੇਸ ਸਨ। ਇਸੇ ਹੀ ਰਾਗ ਦੇ ਸ਼ਬਦ ਨੰ: ੬ ਵਿਚ ਭੀ ਵੇਖੋ "ਜਬ ਜਮੁ ਆਇ ਕੇਸ ਤੇ ਪਕਰੈ"।

ਸ਼ਬਦ ਦਾ ਭਾਵ :—ਦੁਨੀਆ ਦੇ ਕੂੜੇ ਮਾਣ ਵਿਚ ਭੁੱਲ ਕੇ ਪਰਮਾਤਮਾ ਦੀ ਬੰਦਗੀ ਵਲੋਂ ਖੁੰਝਣਾ ਮੂਰਖਤਾ ਹੈ, ਪਛਤਾਣਾ ਪੈਂਦਾ ਹੈ।

—o—

ੴ ਸਤਿਗੁਰ ਪ੍ਰਸਾਦਿ ॥

ਰਾਗੁ ਮਾਰੂ ਬਾਣੀ ਰਵਿਦਾਸ ਜੀਉ ਕੀ

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥ ਗਰੀਬ ਨਿਵਾਜੁ ਗੁਸਈਆ ਮੇਰਾ, ਮਾਥੈ ਛਤ੍ਰੁ ਧਰੈ ॥ ੧ ॥ ਰਹਾਉ ॥ ਜਾ ਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਹੀਂ ਢਰੈ ॥ ਨੀਚਹ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ ॥ ੧ ॥ ਨਾਮਦੇਵ ਕਬੀਰੁ ਤਿਲੋਚਨੁ, ਸਧਨਾ ਸੈਨੁ ਤਰੈ ॥ ਕਹਿ ਰਵਿਦਾਸੁ ਸੁਨਹੁ ਰੇ ਸੰਤਹੁ, ਹਰਿ ਜੀਉ ਤੇ ਸਭੈ ਸਰੈ ॥ ੨ ॥ ੧ ॥

ਪਦ ਅਰਥ :—ਲਾਲ—ਹੇ ਸੋਹਣੇ ਪ੍ਰਭੂ ! ਐਸੀ—ਅਜਿਹੀ (ਮਿਹਰ)। ਗਰੀਬ ਨਿਵਾਜੁ—ਗਰੀਬਾਂ ਨੂੰ ਮਾਣ ਦੇਣ ਵਾਲਾ। ਗੁਸਈਆ ਮੇਰਾ—ਮੇਰਾ ਮਾਲਕ। ਮਾਥੈ—(ਗਰੀਬ ਦੇ) ਸਿਰ ਉੱਤੇ। ੧। ਰਹਾਉ।

ਛੋਤਿ—ਭਿੱਟ। ਤਾ ਪਰ—ਉਸ ਉੱਤੇ। ਢਰੈ—ਢਲਦਾ ਹੈਂ, ਦ੍ਰਵਦਾ ਹੈਂ, ਤਰਸ ਕਰਦਾ ਹੈਂ। ਨੀਚਹ—ਨੀਚ ਬੰਦਿਆਂ ਨੂੰ। ਕਾਹੂ ਤੇ—ਕਿਸੇ ਬੰਦੇ ਤੋਂ। ੧।

ਸਭੈ—ਸਾਰੇ ਕੰਮ। ਸਰੈ—ਸਰਦੇ ਹਨ, ਹੋ ਸਕਦੇ ਹਨ, ਸਿਰੇ ਚੜ੍ਹ ਸਕਦੇ ਹਨ। ੨।

ਅਰਥ :—ਹੇ ਸੋਹਣੇ ਪ੍ਰਭੂ ! ਤੈਥੋਂ ਬਿਨਾ ਅਜਿਹੀ ਕਰਨੀ ਹੋਰ ਕੌਣ ਕਰ ਸਕਦਾ ਹੈ ? (ਹੇ ਭਾਈ !) ਮੇਰਾ ਪ੍ਰਭੂ ਗ਼ਰੀਬਾਂ ਨੂੰ ਮਾਣ ਦੇਣ ਵਾਲਾ ਹੈ, (ਗ਼ਰੀਬ ਦੇ) ਸਿਰ ਉੱਤੇ ਭੀ ਛੱਤਰ ਝੁਲਾ ਦੇਂਦਾ ਹੈ (ਭਾਵ, ਗ਼ਰੀਬ ਨੂੰ ਭੀ ਰਾਜਾ ਬਣਾ ਦੇਂਦਾ ਹੈ)। ੧। ਰਹਾਉ।

(ਜਿਸ ਮਨੁੱਖ ਨੂੰ ਇਤਨਾ ਨੀਵਾਂ ਸਮਝਿਆ ਜਾਂਦਾ ਹੋਵੇ) ਕਿ ਉਸ ਦੀ ਭਿੱਟ ਸਾਰੇ ਸੰਸਾਰ ਨੂੰ ਲੱਗ ਜਾਏ (ਭਾਵ, ਜਿਸ ਮਨੁੱਖ ਦੇ ਛੋਹਣ ਨਾਲ ਹੋਰ ਸਾਰੇ ਲੋਕ ਆਪਣੇ ਆਪ ਨੂੰ ਭਿੱਟਿਆ ਗਿਆ ਸਮਝਣ ਲੱਗ ਪੈਣ) ਉਸ ਮਨੁੱਖ ਉੱਤੇ (ਹੇ ਪ੍ਰਭੂ!) ਤੂੰ ਹੀ ਕਿਰਪਾ ਕਰਦਾ ਹੈਂ। (ਹੇ ਭਾਈ !) ਮੇਰਾ ਗੋਬਿੰਦ ਨੀਚ ਬੰਦਿਆਂ ਨੂੰ ਉੱਚੇ ਬਣਾ ਦੇਂਦਾ ਹੈ, ਉਹ ਕਿਸੇ ਤੋਂ ਡਰਦਾ ਨਹੀਂ। ੧।

(ਪ੍ਰਭੂ ਦੀ ਕਿਰਪਾ ਨਾਲ ਹੀ) ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਅਤੇ ਸੈਨ (ਆਦਿਕ ਭਗਤ ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਏ। ਰਵਿਦਾਸ ਆਖਦਾ ਹੈ—ਹੇ ਸੰਤ ਜਨੋ ! ਸੁਣੋ, ਪ੍ਰਭੂ ਸਭ ਕੁਝ ਕਰਨ ਦੇ ਸਮਰੱਥ ਹੈ। ੨। ੧।

ਨੋਟ—ਲਫ਼ਜ਼ 'ਨੀਚਹ' ਨੂੰ ਆਮ ਤੌਰ ਤੇ ਲੋਕ 'ਨੀਚਹੁ' ਪੜ੍ਹਦੇ ਹਨ। ਸਹੀ ਪਾਠ 'ਨੀਚਹ' ਹੈ।

ਨੋਟ—ਭਗਤ ਰਵਿਦਾਸ ਜੀ ਦੀ ਗਵਾਹੀ ਅਨੁਸਾਰ ਨਾਮਦੇਵ ਜੀ ਕਿਸੇ ਬੀਠੁਲ-ਮੂਰਤੀ ਦੀ ਪੂਜਾ ਤੋਂ ਨਹੀਂ, ਸਗੋਂ ਪਰਮਾਤਮਾ ਦੀ ਭਗਤੀ ਦੀ ਬਰਕਤਿ ਨਾਲ ਤਰੇ ਸਨ। ਨਾਮਦੇਵ, ਤਿਲੋਚਨ, ਕਬੀਰ ਅਤੇ ਸਧਨਾ—ਇਹਨਾਂ ਚਹੁਆਂ ਬਾਬਤ ਰਵਿਦਾਸ ਜੀ ਆਖਦੇ ਹਨ ਕਿ 'ਹਰਿ ਜੀਉ ਤੇ ਸਭੈ ਸਰੈ'।

ਸ਼ਬਦ ਦਾ ਭਾਵ—ਪ੍ਰਭੂ ਦੀ ਸ਼ਰਨ ਹੀ ਨੀਵਿਆਂ ਨੂੰ ਉੱਚਾ ਕਰਦੀ ਹੈ।

ਮਾਰੂ ॥ ਸੁਖਸਾਗਰ ਸੁਰਿਤਰੁ ਚਿੰਤਾਮਨਿ, ਕਾਮਧੇਨ ਬਸਿ ਜਾ ਕੇ ਰੇ ॥ ਚਾਰਿ ਪਦਾਰਥ ਅਸਟ ਮਹਾ ਸਿਧਿ, ਨਵਨਿਧਿ ਕਰ ਤਲ ਤਾ ਕੈ ॥ ੧ ॥ ਹਰਿ ਹਰਿ ਹਰਿ ਨ ਜਪਸਿ ਰਸਨਾ ॥ ਅਵਰ ਸਭ ਛਾਡਿ ਬਚਨ ਰਚਨਾ ॥ ੧ ॥ ਰਹਾਉ ॥ ਨਾਨਾ ਖਿਆਨ ਪੁਰਾਨ ਬੇਦ ਬਿਧਿ, ਚਉਤੀਸ ਅਛਰ ਮਾਹੀ ॥ ਬਿਆਸ ਬੀਚਾਰਿ ਕਹਿਓ ਪਰਮਾਰਥੁ, ਰਾਮ ਨਾਮ ਸਰਿ ਨਾਹੀ ॥ ੨ ॥ ਸਹਜ ਸਮਾਧਿ ਉਪਾਧਿ ਰਹਤ ਹੋਇ, ਬਡੇ ਭਾਗਿ ਲਿਵ ਲਾਗੀ ॥ ਕਹਿ ਰਵਿਦਾਸ ਉਦਾਸ ਦਾਸ ਮਤਿ, ਜਨਮ ਮਰਨ ਭੈ ਭਾਗੀ ॥ ੩ ॥ ੨ ॥ ੧੫ ॥

ਨੋਟ—ਰਵਿਦਾਸ ਜੀ ਦਾ ਇਹ ਸ਼ਬਦ ਥੋੜ੍ਹੇ ਜਿਹੇ ਫ਼ਰਕ ਨਾਲ ਸੋਰਠਿ ਰਾਗ ਵਿਚ ਭੀ ਹੈ। ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ ਦੋਹਾਂ ਰਾਗਾਂ ਵਿਚ ਗਾਵਿਆਂ ਜਾਣਾ ਚਾਹੀਦਾ ਹੈ। ਇਸ ਸ਼ਬਦ ਦੇ ਪਦ ਅਰਥ ਵੇਖੋ ਸੋਰਠਿ ਰਾਗ ਵਿਚ ਸ਼ਬਦ ਨੰ: ੪, ਰਵਿਦਾਸ ਜੀ ਦਾ।

ਅਰਥ :—(ਹੇ ਪੰਡਿਤ) ਜੋ ਪ੍ਰਭੂ ਸੁਖਾਂ ਦਾ ਸਮੁੰਦਰ ਹੈ, ਜਿਸ ਪ੍ਰਭੂ ਦੇ ਵੱਸ ਵਿਚ ਸੁਰਗ ਦੇ ਪੰਜ ਰੁੱਖ, ਚਿੰਤਾਮਣਿ ਅਤੇ ਕਾਮਧੇਨ ਹਨ; ਧਰਮ ਅਰਥ ਕਾਮ ਮੋਖ ਚਾਰੇ ਪਦਾਰਥ, ਅੱਠ ਵੱਡੀਆਂ ਸਿੱਧੀਆਂ ਅਤੇ ਨੌ ਨਿਧੀਆਂ ਇਹ ਸਭ ਉਸੇ ਦੇ ਹੱਥਾਂ ਦੀਆਂ ਤਲੀਆਂ ਉਤੇ ਹਨ। ੧।

(ਹੇ ਪੰਡਿਤ !) ਤੂੰ ਹੋਰ ਸਭ ਫੋਕੀਆਂ ਗੱਲਾਂ ਛੱਡ ਕੇ (ਆਪਣੀ) ਜੀਭ ਨਾਲ ਸਦਾ ਇਕ ਪਰਮਾਤਮਾ ਦਾ ਨਾਮ ਕਿਉਂ ਨਹੀਂ ਜਪਦਾ ? ੧। ਰਹਾਉ।

(ਹੇ ਪੰਡਿਤ !) ਪੁਰਾਣਾਂ ਦੇ ਅਨੇਕ ਕਿਸਮਾਂ ਦੇ ਪ੍ਰਸੰਗ, ਵੇਦਾਂ ਦੀਆਂ ਦੱਸੀਆਂ ਹੋਈਆਂ ਵਿਧੀਆਂ ਇਹ ਸਭ ਵਾਕ-ਰਚਨਾ ਹੀ ਹਨ (ਅਨੁਭਵੀ ਗਿਆਨ ਨਹੀਂ ਜੋ ਪ੍ਰਭੂ ਦੇ ਚਰਨਾਂ ਵਿਚ ਜੁੜਿਆਂ ਹਿਰਦੇ ਵਿਚ ਪੈਦਾ ਹੁੰਦਾ ਹੈ)। (ਹੇ ਪੰਡਿਤ ! ਵੇਦਾਂ ਦੇ ਖੋਜੀ)

ਵਿਆਸ ਰਿਸ਼ੀ ਨੇ ਸੋਚ ਵਿਚਾਰ ਕੇ ਇਹੀ ਪਰਮ ਤੱਤ ਦੱਸਿਆ ਹੈ ਕਿ ਇਹਨਾਂ ਪੁਸਤਕਾਂ ਦੇ ਪਾਠ ਆਦਿਕ) ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਦੀ ਬਰਾਬਰੀ ਨਹੀਂ ਕਰ ਸਕਦੇ । ੨ ।

ਰਵਿਦਾਸ ਆਖਦਾ ਹੈ–(ਹੇ ਪੰਡਿਤ !) ਵੱਡੀ ਕਿਸਮਤਿ ਨਾਲ ਜਿਸ ਮਨੁੱਖ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਜੁੜਦੀ ਹੈ, ਉਸ ਦਾ ਮਨ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਕੋਈ ਵਿਕਾਰ ਉਸ ਵਿਚ ਨਹੀਂ ਉਠਦਾ, ਉਸ ਸੇਵਕ ਦੀ ਮੱਤ (ਮਾਇਆ ਵਲੋਂ) ਨਿਰਮੋਹ ਰਹਿੰਦੀ ਹੈ, ਤੇ, ਜਨਮ ਮਰਨ (ਭਾਵ, ਸਾਰੀ ਉਮਰ) ਦੇ ਉਸ ਦੇ ਡਰ ਨਾਸ ਹੋ ਜਾਂਦੇ ਹਨ । ੩ । ੨ । ੧੫ ।

ਸ਼ਬਦ ਦਾ ਭਾਵ–ਸਭ ਪਦਾਰਥਾਂ ਦਾ ਦਾਤਾ ਪ੍ਰਭੂ ਆਪ ਹੈ। ਉਸ ਦਾ ਸਿਮਰਨ ਕਰੋ, ਕੋਈ ਭੁੱਖ ਨਹੀਂ ਰਹਿ ਜਾਇਗੀ।

—o—

ੴ ਸਤਿਗੁਰ ਪ੍ਰਸਾਦਿ ॥

ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

ਪਉੜੀ ਵਾਰ ਭਾਵ:—

੧. ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਮਨੁੱਖ ਇਸ ਜਨਮ ਵਿਚ ਭੀ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਤੇ, ਦੁਖੀ ਜੀਵਨ ਗੁਜ਼ਾਰਦਾ ਹੈ। ਪਰਮਾਤਮਾ ਦੀ ਮਿਹਰ ਨਾਲ ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਪੀ ਕੇ ਆਤਮਕ ਆਨੰਦ ਮਾਣਦਾ ਹੈ। ਇਹੀ ਹੈ ਜਨਮ-ਮਨੋਰਥ।

੨. ਨਾਮ ਦੀ ਬਰਕਤਿ ਨਾਲ, ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਆਪਣੇ ਸਾਰੇ ਗਿਆਨ-ਇੰਦ੍ਰਿਆਂ ਨੂੰ ਮਰਯਾਦਾ ਵਿਚ ਰੱਖ ਕੇ ਮਾਇਕ ਪਦਾਰਥਾਂ ਦੇ ਮੋਹ ਤੋਂ ਉੱਚਾ ਟਿਕਿਆ ਰਹਿੰਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਉਸ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ।

੩. ਸਿਫ਼ਤਿ-ਸਾਲਾਹ ਕਰਦਿਆਂ ਕਰਦਿਆਂ ਮਨੁੱਖ ਦੇ ਅੰਦਰ ਉੱਚਾ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। ਮਨੁੱਖ ਨੂੰ ਯਕੀਨ ਬਣ ਜਾਂਦਾ ਹੈ ਕਿ ਇਕ ਪਰਮਾਤਮਾ ਹੀ ਜੀਵ ਦੇ ਨਾਲ ਸਦਾ ਨਿਭਣ ਵਾਲਾ ਸਾਥੀ ਹੈ।

੪. ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਦਾ ਮਨ ਵਿਕਾਰਾਂ ਵਲੋਂ ਅਡੋਲ ਰਹਿੰਦਾ ਹੈ। ਉਸ ਦੇ ਅੰਦਰ ਹਰ ਵੇਲੇ ਪਰਮਾਤਮਾ ਦੇ ਮਿਲਾਪ ਦੀ ਖਿੱਚ ਬਣੀ ਰਹਿੰਦੀ ਹੈ।

੫. ਬਸੰਤ ਦਾ ਮੌਸਮ ਸੁਹਾਵਣਾ ਹੁੰਦਾ ਹੈ। ਹਰ ਪਾਸੇ ਫੁੱਲ ਖਿੜੇ ਹੁੰਦੇ ਹਨ, ਕੋਇਲ ਅੰਬ ਉਤੇ ਬੈਠੀ ਮਿੱਠੇ ਬੋਲ ਬੋਲਦੀ ਹੈ। ਪਰ ਪਤੀ ਤੋਂ ਵਿੱਛੁੜੀ ਨਾਰ ਨੂੰ ਇਹ ਸਭ ਕੁਝ ਚੋਭਵਾਂ ਲੱਗਦਾ ਹੈ। ਜਿਸ ਮਨੁੱਖ ਦਾ ਮਨ ਅੰਦਰਲੇ ਹਿਰਦੇ-ਕੌਲ-ਫੁੱਲ ਨੂੰ ਛੱਡ ਕੇ ਦੁਨੀਆ ਦੇ ਰੰਗ-ਤਮਾਸ਼ਿਆਂ ਵਿਚ ਭਟਕਦਾ ਫਿਰਦਾ ਹੈ, ਉਸ ਦਾ ਇਹ ਜੀਊਣ ਅਸਲ ਵਿਚ ਆਤਮਕ ਮੌਤ ਹੈ। ਆਤਮਕ ਆਨੰਦ ਤਦੋਂ ਹੀ ਹੈ ਜਦੋਂ ਪਰਮਾਤਮਾ ਹਿਰਦੇ ਵਿਚ ਆ ਵੱਸੇ।

੬. ਜਿਸ ਮਨੁੱਖ ਦਾ ਮਨ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਗਿੱਝ ਜਾਂਦਾ ਹੈ, ਉਸ ਨੂੰ ਕੁਦਰਤਿ ਦੀ ਸੁੰਦਰਤਾ ਭੀ ਪਰਮਾਤਮਾ ਦੇ ਚਰਨਾਂ ਵਿਚ ਹੀ ਜੋੜਨ ਲਈ ਸਹਾਇਤਾ ਕਰਦੀ ਹੈ।

੭. ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਰਹਿੰਦੇ ਹਨ। ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਹਿਰਦੇ ਵਿਚ ਵਸਾ ਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਉਸ ਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ, ਉਹ ਮਨੁੱਖ ਵਿਕਾਰਾਂ ਦੀ ਤਪਸ਼-ਲੋ ਤੋਂ ਬਚਿਆ ਰਹਿੰਦਾ ਹੈ।

੮. ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ, ਉਸ ਨੂੰ ਇਸ ਜੀਵਨ-ਸਫ਼ਰ ਵਿਚ ਹਾੜ ਦੀ ਕਹਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ।

੯. ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਪੈਦਾ ਹੋ ਜਾਂਦਾ ਹੈ, ਇਸ ਪਿਆਰ ਦੇ ਟਾਕਰੇ ਤੇ ਸਰੀਰਕ ਸੁਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧ੍ਰੂਹ ਨਹੀਂ ਪਾ ਸਕਦੇ।

੧੦. ਗੁਰੂ ਦੇ ਦੱਸੇ ਹੋਏ ਰਸਤੇ ਉਤੇ ਤੁਰ ਕੇ ਜਿਸ ਮਨੁੱਖ ਦਾ ਮਨ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਗਿੱਝ ਜਾਂਦਾ ਹੈ, ਪਰਮਾਤਮਾ ਦੀ ਯਾਦ ਤੋਂ ਬਿਨਾ ਹੋਰ ਕਿਸੇ ਭੀ ਰੰਗ-ਤਮਾਸ਼ੇ ਵਿਚ ਉਸ ਨੂੰ ਆਤਮਕ ਆਨੰਦ ਨਹੀਂ ਮਿਲਦਾ।

੧੧. ਜਿਹੜਾ ਮਨੁੱਖ ਦੁਨੀਆ ਦੇ ਝੂਠੇ ਮੋਹ ਵਿਚ ਫਸ ਜਾਂਦਾ ਹੈ, ਉਹ ਪਰਮਾਤਮਾ ਦੇ ਚਰਨਾਂ ਤੋਂ ਵਿੱਛੁੜਿਆ ਰਹਿੰਦਾ ਹੈ। ਪਰ ਜਿਹੜਾ ਮਨੁੱਖ ਪਰਮਾਤਮਾ ਦੀ ਮਿਹਰ ਨਾਲ ਗੁਰੂ ਦੀ ਸਰਨ ਪੈਂਦਾ ਹੈ, ਉਹ ਮਾਇਆ ਦੇ ਮੋਹ ਦੇ ਹੱਲਿਆਂ ਵਲੋਂ ਅਡੋਲ ਹੋ ਜਾਂਦਾ ਹੈ, ਤੇ ਉਸ ਨੂੰ ਪ੍ਰਭੂ-ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ।

੧੨. ਜਿਸ ਮਨੁੱਖ ਨੂੰ ਪਰਮਾਤਮਾ ਆਪਣੀ ਸਿਫ਼ਤਿ-ਸਾਲਾਹ ਦੀ ਦਾਤਿ ਦੇਂਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦਾ, ਮਾਨੋ, ਦੀਵਾ ਜਗ ਪੈਂਦਾ ਹੈ। ਉਹ ਮਨੁੱਖ ਪਰਮਾਤਮਾ ਦੀ ਯਾਦ ਤੋਂ ਇਕ ਘੜੀ-ਪਲਕ ਦਾ ਵਿਛੋੜਾ ਭੀ ਸਹਾਰ ਨਹੀਂ ਸਕਦਾ।

੧੩. ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਟਿਕਿਆ ਰਹਿੰਦਾ ਹੈ, ਪਰਮਾਤਮਾ ਨਾਲ ਉਸ ਦੀ ਪੱਕੀ ਪਿਆਰ ਦੀ ਗੰਢ ਬੱਝ ਜਾਂਦੀ ਹੈ। ਜਗਤ ਦਾ ਕੋਈ ਭੀ ਦੁੱਖ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ।

੧੪. ਪਰਮਾਤਮਾ ਦੀ ਯਾਦ ਭੁਲਾਇਆਂ ਮਨੁੱਖ ਦੇ ਅੰਦਰ ਕੋਰਾ-ਪਨ ਜ਼ੋਰ ਪਾ ਲੈਂਦਾ ਹੈ, ਉਹ ਕੋਰਾ-ਪਨ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ। ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੀ ਮਨੁੱਖ ਦੇ ਅੰਦਰ ਉੱਚੀ ਆਤਮਕ ਅਵਸਥਾ ਪੈਦਾ ਕਰਦੀ ਹੈ ਤੇ ਕਾਇਮ ਰੱਖਦੀ ਹੈ।

੧੫. ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥ ਉਤੇ ਇਸ਼ਨਾਨ ਕਰਨ

ਵਿਚ ਪਵਿੱਤ੍ਰਤਾ ਮੰਨਦੇ ਹਨ। ਪਰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹਿਰਦੇ ਵਿਚ ਵਸਾਣੀ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

੧੬. ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਸਿਫ਼ਤਿ-ਸਾਲਾਹ ਦੀ ਰਾਹੀਂ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰਦਾ ਹੈ, ਉਸ ਨੂੰ ਆਪਣੇ-ਅੰਦਰ-ਵੱਸਦਾ ਪਰਮਾਤਮਾ ਮਿਲ ਪੈਂਦਾ ਹੈ। ਪਰ ਇਹ ਆਪਾ-ਭਾਵ ਦੂਰ ਕਰਨਾ ਕੋਈ ਸੌਖੀ ਖੇਡ ਨਹੀਂ, ਉਹ ਹੀ ਦੂਰ ਕਰਦਾ ਹੈ ਜਿਸ ਉਤੇ ਪਰਮਾਤਮਾ ਮਿਹਰ ਕਰੇ।

ਨੋਟ ! ਇਸ ਸਾਰੀ ਬਾਣੀ ਦਾ ਨਚੋੜ ਅਖ਼ੀਰਲੀ ਪਉੜੀ ਨੰ: ੧੭ ਵਿਚ ਹੈ।

੧੭. ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾਂਦਾ ਹੈ, ਉਸ ਨੂੰ ਕਿਸੇ ਸੰਗ੍ਰਾਂਦ ਮੱਸਿਆ ਆਦਿਕ ਦੀ ਖ਼ਾਸ ਪਵਿੱਤ੍ਰਤਾ ਦਾ ਭਰਮ-ਭੁਲੇਖਾ ਨਹੀਂ ਰਹਿੰਦਾ। ਉਹ ਮਨੁੱਖ ਕਿਸੇ ਕੰਮ ਨੂੰ ਸ਼ੁਰੂ ਕਰਨ ਵਾਸਤੇ ਕੋਈ ਖ਼ਾਸ ਮੁਹੂਰਤ ਨਹੀਂ ਭਾਲਦਾ; ਉਸ ਨੂੰ ਯਕੀਨ ਹੁੰਦਾ ਹੈ ਕਿ ਪਰਮਾਤਮਾ ਦਾ ਆਸਰਾ ਲਿਆਂ ਸਭ ਕੰਮ ਰਾਸ ਆ ਜਾਂਦੇ ਹਨ।

ਇਕ ਹੋਰ ਬਾਰਹਮਾਹ—

ਇਹ ਬਾਰਹਮਾਹਾ ਤੁਖਾਰੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਦਾ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਹੋਰ ਬਾਰਹਮਾਹਾ ਭੀ ਹੈ। ਉਹ ਹੈ ਗੁਰੂ ਅਰਜਨ ਸਾਹਿਬ ਜੀ ਦਾ ਲਿਖਿਆ ਹੋਇਆ, ਅਤੇ ਉਹ ਰਾਗ ਮਾਝ ਵਿਚ ਹੈ। ਸਹਿੱਤਕ ਦ੍ਰਿਸ਼ਟੀ-ਕੋਣ ਤੋਂ ਦੋਹਾਂ ਬਾਣੀਆਂ ਦਾ ਪਰਸਪਰ ਟਾਕਰਾ ਪਾਠਕਾਂ ਵਾਸਤੇ ਦਿਲ-ਚਸਪ ਹੋਵੇਗਾ।

ਦੋਹਾਂ ਬਾਣੀਆਂ ਦਾ ਪਰਸਪਰ ਟਾਕਰਾ—

(੧) (ੳ) ਤੁਖਾਰੀ ਮ: ੧, ਪਉੜੀ ਨੰ: ੧

...ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ...॥

......ਪ੍ਰਿਆ ਬਾਝੁ ਦੁਹੇਲੀ, ਕੋਇ ਨ ਬੇਲੀ......॥

ਪਉੜੀ ਨੰ: ੩

ਨ ਕੋਈ ਮੇਰਾ, ਹਉ ਕਿਸੁ ਕੇਰਾ......॥

ਪਉੜੀ ਨੰ: ੪

ਉਨਵਿ ਘਨ ਛਾਏ, ਬਰਸੁ ਸੁਭਾਏ......॥

(ਅ) ਮਾਝ ਮ: ੫, ਪਉੜੀ ਨੰ: ੧

ਕਿਰਤ ਕਰਮ ਕੇ ਵੀਛੁੜੇ......ਹਰਿ ਨਾਹ ਨ ਮਿਲੀਐ ਸਾਜਨੈ, ਕਤ

ਪਾਈਐ ਬਿਸ੍ਰਾਮੁ ॥...ਪ੍ਰਭ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ॥ ਨਾਨਕ ਕੀ ਪ੍ਰਭ ਬੇਨਤੀ, ਕਰਿ ਕਿਰਪਾ ਦੀਜੈ ਨਾਮੁ ॥

੨. (ੳ) ਤੁਖਾਰੀ ਮ: ੧, ਪਉੜੀ ਨੰ: ੫

ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ......॥......ਚੇਤਿ ਸਹਜਿ ਸੁਖੁ ਪਾਵੈ, ਜੇ ਹਰਿ ਵਰੁ ਘਰਿ ਧਨ ਪਾਏ ॥

(ਅ) ਮਾਝ ਮ: ੫, ਪਉੜੀ ਨੰ: ੨

ਇਕੁ ਖਿਨੁ ਤਿਸੁ ਬਿਨੁ ਜੀਵਣਾ, ਬਿਰਥਾ ਜਨਮੁ ਜਣਾ ॥ ਚੇਤਿ ਗੋਵਿੰਦੁ ਅਰਾਧੀਐ, ਹੋਵੈ ਅਨੰਦੁ ਘਣਾ ॥

੩, (ੳ) ਤੁਖਾਰੀ ਮ: ੧, ਪਉੜੀ ਨੰ: ੬

ਵੈਸਾਖੁ ਭਲਾ, ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ, ਆਵਹੁ ਦਇਆ ਕਰੇ ॥

(ਅ) ਮਾਝ ਮ: ੫, ਪਉੜੀ ਨੰ: ੩

ਵੈਸਾਖਿ ਧੀਰਨਿ ਕਿਉ ਵਾਢੀਆ, ਜਿਨਾ ਪ੍ਰੇਮ ਬਿਛੋਹੁ ॥......ਵੈਸਾਖੁ ਸੁਹਾਵਾ ਤਾਂ ਲਗੈ, ਜਾ ਸੰਤੁ ਭੇਟੈ ਹਰਿ ਸੋਇ ॥

੪. (ੳ) ਤੁਖਾਰੀ ਮ: ੧, ਪਉੜੀ ਨੰ: ੭

ਮਾਹੁ ਜੇਠੁ ਭਲਾ, ਪ੍ਰੀਤਮੁ ਕਿਉ ਬਿਸਰੈ ॥

(ਅ) ਮਾਝ ਮ: ੫, ਪਉੜੀ ਨੰ: ੪

ਸਾਧੂ ਸੰਗੁ ਪਰਾਪਤੇ, ਨਾਨਕ ਰੰਗੁ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗੁ ਮਥੰਨਿ ॥ ੪ ॥

੫. (ੳ) ਤੁਖਾਰੀ ਮ: ੧, ਪਉੜੀ ਨੰ: ੮ ॥

........ਸੂਰਜ ਗਗਨਿ ਤਪੈ ॥........ਅਵਗਣ ਬਾਧਿ ਚਲੀ,ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ ॥

(ਅ) ਮਾਝ ਮ: ੫, ਪਉੜੀ ਨੰ: ੫ ॥

ਆਸਾੜੁ ਤਪੰਦਾ...॥...ਦੂਜੈ ਭਾਇ ਵਿਗੁਚੀਐ...ਰੈਣਿ ਵਿਹਾਣੀ ਪਛੁਤਾਣੀ...ਆਸਾੜੁ ਸੁਹੰਦਾ ਤਿਸੁ ਲਗੈ, ਜਿਸੁ ਮਨਿ ਹਰਿ ਚਰਣ ਨਿਵਾਸੁ ॥

੬. (ੳ) ਤੁਖਾਰੀ ਮ: ੧, ਪਉੜੀ ਨੰ: ੯ ॥

ਸਾਵਣਿ ਸਰਸ ਮਨਾ...ਹਰਿ ਬਿਨੁ ਨੀਦ ਭੂਖ ਕਹੁ ਕੈਸੀ...ਨਾਨਕ

ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥

(ਅ) ਮਾਝ ਮ: ੫, ਪਉੜੀ ਨੰ: ੬ ॥

ਸਾਵਣਿ ਸਰਸੀ ਕਾਮਣੀ...ਹਰਿ ਮਿਲਣੈ ਨੋ ਮਨੁ ਲੋਚਦਾ...ਸਾਵਣੁ ਤਿਨਾ ਸੁਹਾਗਣੀ, ਜਿਨ ਰਾਮ ਨਾਮੁ ਉਰਿ ਹਾਰੁ ॥

੭. (ੳ) ਤੁਖਾਰੀ ਮ: ੧, ਪਉੜੀ ਨੰ: ੧੦ ॥

ਭਾਦਉ ਭਰਮਿ ਭੁਲੀ...॥...ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ ॥

(ਅ) ਮਾਝ ਮ: ੫, ਪਉੜੀ ਨੰ: ੭ ॥

ਭਾਦੁਇ ਭਰਮਿ ਭੁਲਾਣੀਆ...ਸੇ ਭਾਦੁਇ ਨਰਕਿ ਨ ਪਾਈਅਹਿ, ਗੁਰੁ ਰਖਣ ਵਾਲਾ ਹੇਤੁ ॥

੮. (ੳ) ਤੁਖਾਰੀ ਮ: ੧, ਪਉੜੀ ਨੰ: ੧੧ ॥

ਅਸੁਨਿ ਆਉ ਪਿਰਾ, ਸਾਧਨ ਝੂਰਿ ਮੁਈ ॥...ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥

(ਅ) ਮਾਝ ਮ: ੫, ਪਉੜੀ ਨੰ: ੮ ॥

ਅਸੁਨਿ ਪ੍ਰੇਮ ਉਮਾਹੜਾ, ਕਿਉ ਮਿਲੀਐ ਹਰਿ ਜਾਇ ॥...ਸੰਤ ਸਹਾਈ ਪ੍ਰੇਮ ਕੇ...

੯. (ੳ) ਤੁਖਾਰੀ ਮ: ੧, ਪਉੜੀ ਨੰ: ੧੨ ॥

ਕਤਕਿ ਕਿਰਤੁ ਪਇਆ...ਅਵਗਣ ਮਾਰੀ ਮਰੈ...

(ਅ) ਮਾਝ ਮ: ੫, ਪਉੜੀ ਨੰ: ੯ ॥

ਕਤਿਕਿ ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ ॥ ਪਰਮੇਸਰ ਤੇ ਭੁਲਿਆ, ਵਿਆਪਨਿ ਸਭੇ ਰੋਗ ॥

੧੦. (ੳ) ਤੁਖਾਰੀ ਮ: ੧, ਪਉੜੀ ਨੰ: ੧੩ ॥

ਮੰਘਰ ਮਾਹੁ ਭਲਾ, ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ, ਮੈ ਪਿਰੁ ਨਿਹਚਲੁ ਭਾਵਏ ॥...ਰਾਮ ਨਾਮਿ ਦੁਖੁ ਭਾਗੈ ॥

(ਅ) ਮਾਝ ਮ: ੫, ਪਉੜੀ ਨੰ: ੧੦ ॥

ਮੰਘਿਰਿ ਮਾਹਿ ਸੁਹੰਦੀਆ, ਹਰਿ ਪਿਰ ਸੰਗਿ ਬੈਠੜੀਆਹ ॥...ਤਨੁ ਮਨੁ ਮਉਲਿਆ ਰਾਮ ਸਿਉ...ਮੰਘਿਰਿ ਪ੍ਰਭੁ ਆਰਾਧਣਾ, ਬਹੁੜਿ ਨ

ਜਨਮੜੀਆਹ ॥

੧੧. (ੳ) ਤੁਖਾਰੀ ਮ: ੧, ਪਉੜੀ ਨੰ: ੧੪ ॥

ਪੋਖਿ ਤੁਖਾਰੁ ਪੜੈ, ਵਣੁ ਤਿਣੁ ਰਸੁ ਸੋਖੈ ॥

(ਅ) ਮਾਝ ਮ: ੫, ਪਉੜੀ ਨੰ: ੧੧ ॥

ਪੋਖਿ ਤੁਖਾਰੁ ਨ ਵਿਆਪਈ, ਕੰਠਿ ਮਿਲਿਆ ਹਰਿ ਨਾਹੁ ॥

੧੨. (ੳ) ਤੁਖਾਰੀ ਮ: ੧, ਪਉੜੀ ਨੰ: ੧੫ ॥

ਮਾਘਿ ਪੁਨੀਤ ਭਈ, ਤੀਰਥੁ ਅੰਤਰਿ ਜਾਨਿਆ ॥...ਤੁਧੁ ਭਾਵਾ ਸਰਿ ਨਾਵਾ ॥...ਹਰਿ ਜਪਿ ਅਠਸਠਿ ਤੀਰਥ ਨਾਤਾ ॥

(ਅ) ਮਾਝ ਮ: ੫, ਪਉੜੀ ਨੰ: ੧੨ ॥

ਮਾਘਿ ਮਜਨੁ ਸੰਗਿ ਸਾਧੂਆ, ਧੂੜੀ ਕਰਿ ਇਸਨਾਨੁ ॥ ਹਰਿ ਕਾ ਨਾਮੁ ਧਿਆਇ ਸੁਣਿ..., ਅਠਸਠਿ ਤੀਰਥ ਸਗਲ ਪੁੰਨ...॥

੧੩. (ੳ) ਤੁਖਾਰੀ ਮ: ੧, ਪਉੜੀ ਨੰ: ੧੬ ॥

ਫਲਗੁਨਿ ਮਨਿ ਰਹਸੀ...॥ ਅਨਦਿਨੁ ਰਹਸੁ ਭਇਆ...॥...ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ ॥

(ਅ) ਮਾਝ ਮ: ੫, ਪਉੜੀ ਨੰ: ੧੩ ॥

ਫ਼ਲਗੁਣਿ ਅਨੰਦ ਉਪਾਰਜਨਾ ॥...ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ ॥...ਵਰੁ ਪਾਇਆ ਹਰਿ ਰਾਇ ॥

੧੪. (ੳ) ਤੁਖਾਰੀ ਮ: ੧, ਪਉੜੀ ਨੰ: ੧੭ ॥

ਬੇ-ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ...॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ...॥

(ਅ) ਮਾਝ ਮ: ੫, ਪਉੜੀ ਨੰ: ੧੪ ॥

...ਤਿਨ ਕੇ ਕਾਜ ਸਰੇ ॥...ਮਾਹ ਦਿਵਸ ਮੂਰਤ ਭਲੇ, ਜਿਨ ਕਉ ਨਦਰਿ ਕਰੇ ॥

ਨੋਟ—ਪਾਠਕ ਸੱਜਣ ਗਹੁ ਨਾਲ ਪੜ੍ਹ ਕੇ ਵੇਖ ਲੈਣਗੇ, ਕਿ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਦੇ ਬਾਰਹਮਾਹ ਵਿਚ ਜਿਹੜੇ ਦਿਲ-ਤਰੰਗ ਔਖੀ ਬੋਲੀ ਵਿਚ ਲਿਖੇ ਹਨ, ਉਹੀ ਦਿਲ-ਤਰੰਗ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਦੇ ਬਾਰਹਮਾਹ ਵਿਚ ਸੌਖੀ ਬੋਲੀ ਵਰਤ ਕੇ ਲਿਖ ਦਿੱਤੇ ਹਨ। ਦੋਹੀਂ ਪਾਸੀਂ ਪਉੜੀਆਂ ਵਿਚ ਕਈ ਕਈ

ਲਫ਼ਜ਼ ਭੀ ਸਾਂਝੇ ਵਰਤੇ ਹੋਏ ਹਨ। ਬੜਾ ਸਾਫ਼ ਪ੍ਰਤੱਖ ਦਿੱਸ ਰਿਹਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਬਾਰਹਮਾਹ ਤੋਂ ਪ੍ਰੇਰਿਤ ਹੋ ਕੇ ਗੁਰੂ ਅਰਜਨ ਸਾਹਿਬ ਨੇ ਮਾਝ ਰਾਗ ਵਿਚ ਸੌਖੀ ਬੋਲੀ ਵਰਤ ਕੇ ਆਪਣਾ ਬਾਰਹਮਾਹ ਲਿਖਿਆ।

ਪਾਠਕਾਂ ਦੀ ਸਹੂਲਤ ਵਾਸਤੇ ਇਥੇ ਮਾਝ ਰਾਗ ਦੇ ਬਾਰਹਮਾਹ ਦਾ ਭੀ ਪਉੜੀ-ਵਾਰ ਭਾਵ ਦਿੱਤਾ ਜਾਂਦਾ ਹੈ।

ੴ ਸਤਿਗੁਰ ਪ੍ਰਸਾਦਿ ॥

ਬਾਰਹਮਾਹਾ ਮਾਝ ਮਹਲਾ ੫ ਘਰੁ ੪

ਦਾ

ਪਉੜੀ-ਵਾਰ ਭਾਵ—

੧. ਕੀਤੇ ਕਰਮਾਂ ਦੇ ਸੰਸਕਾਰਾਂ ਦੇ ਅਸਰ ਹੇਠ ਮਨੁੱਖ ਪਰਮਾਤਮਾ ਦੀ ਯਾਦ ਭੁਲਾ ਦੇਂਦਾ ਹੈ, ਤੇ, ਕਾਮਾਦਿਕ ਵਿਕਾਰਾਂ ਦੀ ਤਪਸ਼ ਨਾਲ ਉਸ ਦਾ ਹਿਰਦਾ ਬਲਦੀ ਭੱਠੀ ਸਮਾਨ ਬਣਿਆ ਰਹਿੰਦਾ ਹੈ। ਇਸ ਤਰ੍ਹਾਂ ਮਨੁੱਖ ਆਪਣੀ ਸਾਰੀ ਉਮਰ ਅਜਾਈਂ ਗਵਾ ਲੈਂਦਾ ਹੈ।

੨. ਪਰਮਾਤਮਾ ਦੇ ਨਾਮ ਦੀ ਬਰਕਤਿ ਨਾਲ ਮਨੁੱਖ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ। ਉਹੀ ਮਨੁੱਖ ਜੀਊਂਦਾ ਜਾਣੋ ਜੋ ਪਰਮਾਤਮਾ ਦਾ ਨਾਮ ਸਿਮਰਦਾ ਹੈ। ਪਰ ਨਾਮ ਦੀ ਦਾਤਿ ਸਾਧ ਸੰਗਤਿ ਵਿਚੋਂ ਮਿਲਦੀ ਹੈ।

੩. ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਹੋਰ ਜਿਤਨੇ ਭੀ ਕਰਮ ਇਥੇ ਕਰੀਦੇ ਹਨ ਉਹ ਉੱਚੇ ਆਤਮਕ ਜੀਵਨ ਦਾ ਅੰਗ ਨਹੀਂ ਬਣ ਸਕਦੇ। ਪ੍ਰਭੂ ਦੀ ਯਾਦ ਤੋਂ ਸੱਖਣਾ ਮਨੁੱਖ ਦੁਖੀ ਜੀਵਨ ਹੀ ਗੁਜ਼ਾਰਦਾ ਹੈ। ਚੁਫੇਰੇ ਦੀ ਸੁਹਾਵਣੀ ਕੁਦਰਤਿ ਭੀ ਉਸ ਨੂੰ, ਸਗੋਂ, ਵੱਢ ਵੱਢ ਖਾਂਦੀ ਹੈ।

੪. ਪਰਮਾਤਮਾ ਦਾ ਨਾਮ-ਧਨ ਸਦਾ ਮਨੁੱਖ ਦੇ ਨਾਲ ਨਿਭਦਾ ਹੈ। ਨਾਮ ਸਿਮਰਨ ਵਾਲਾ ਮਨੁੱਖ ਲੋਕ ਪਰਲੋਕ ਵਿਚ ਸੋਭਾ ਖੱਟਦਾ ਹੈ। ਨਾਮ ਦੀ ਦਾਤਿ ਪਰਮਾਤਮਾ ਦੀ ਮਿਹਰ ਨਾਲ ਗੁਰੂ ਦੀ ਸਰਨ ਪਿਆਂ ਹੀ ਮਿਲਦੀ ਹੈ।

੫. ਜਿਹੜਾ ਮਨੁੱਖ ਪਰਮਾਤਮਾ ਦੀ ਯਾਦ ਭੁਲਾ ਕੇ ਪਰਮਾਤਮਾ ਦਾ ਆਸਰਾ ਵਿਸਾਰ ਕੇ ਦੁਨੀਆ ਦੇ ਲੋਕਾਂ ਦੇ ਆਸਰੇ ਭਾਲਦਾ ਫਿਰਦਾ ਹੈ ਉਹ ਸਾਰੀ ਉਮਰ ਖ਼ੁਆਰ ਹੁੰਦਾ ਰਹਿੰਦਾ ਹੈ। ਉਸ ਦੀਆਂ ਦੁਨੀਆ ਵਾਲੀਆਂ ਆਸਾਂ ਭੀ ਸਿਰੇ ਨਹੀਂ ਚੜ੍ਹਦੀਆਂ।

ਜਿਸ ਦੇ ਹਿਰਦੇ ਵਿਚ ਸਦਾ ਪਰਮਾਤਮਾ ਦੀ ਯਾਦ ਟਿਕੀ ਰਹਿੰਦੀ ਹੈ ਉਸ ਦੀ ਸਾਰੀ ਜ਼ਿੰਦਗੀ ਸੁਹਾਵਣੀ ਬੀਤਦੀ ਹੈ।

੬. ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਪਿਆਰ ਟਿਕਿਆ ਰਹਿੰਦਾ ਹੈ ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਨੂੰ ਆਪਣੇ ਜੀਵਨ ਦਾ ਸਹਾਰਾ ਬਣਾਈ ਰੱਖਦਾ ਹੈ, ਉਹ ਦੁਨੀਆ ਦੇ ਰੰਗ-ਤਮਾਸ਼ਿਆਂ ਨੂੰ ਇਸ ਦੇ ਟਾਕਰੇ ਤੇ ਹੋਛੇ ਸਮਝਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਆਪ ਮਿਹਰ ਕਰਦਾ ਹੈ ਉਸ ਨੂੰ ਗੁਰੂ ਦੀ ਸਰਨ ਵਿਚ ਰੱਖ ਕੇ ਇਹ ਦਾਤਿ ਬਖ਼ਸ਼ਦਾ ਹੈ।

੭. ਜਿਵੇਂ ਪੈਲੀ ਵਿਚ ਜੋ ਕੁਝ ਬੀਜੀਏ ਉਹੀ ਫਸਲ ਵੱਢ ਸਕੀਦਾ ਹੈ, ਤਿਵੇਂ ਇਸ ਸਰੀਰ ਦੀ ਰਾਹੀਂ ਜਿਹੋ ਜਿਹੇ ਕਰਮ ਮਨੁੱਖ ਕਰਦਾ ਹੈ ਉਹੋ ਜਿਹੇ ਸੰਸਕਾਰ ਉਸ ਦੇ ਮਨ ਵਿਚ ਇਕੱਠੇ ਹੁੰਦੇ ਜਾਂਦੇ ਹਨ। ਸੋ, ਦੁਨੀਆ ਦੇ ਨਾਸਵੰਤ ਪਦਾਰਥਾਂ ਨਾਲ ਪਾਇਆ ਹੋਇਆ ਪਿਆਰ ਮਨੁੱਖ ਨੂੰ ਸਾਰੀ ਉਮਰ ਕੁਰਾਹੇ ਪਾਈ ਰੱਖਦਾ ਹੈ, ਤੇ, ਇਹਨਾਂ ਪਦਾਰਥਾਂ ਵਾਲਾ ਸਾਥ ਭੀ ਆਖ਼ਰ ਮੁੱਕ ਜਾਂਦਾ ਹੈ। ਗੁਰੂ ਦੀ ਸਰਨ ਪੈ ਕੇ ਖੱਟਿਆ ਹੋਇਆ ਪ੍ਰਭੂ-ਚਰਨਾਂ ਦਾ ਪਿਆਰ ਹੀ ਅਸਲ ਸਾਥੀ ਹੈ ਤੇ ਸੁਖਦਾਈ ਹੈ।

੮. ਪਰਮਾਤਮਾ ਦੀ ਯਾਦ ਤੋਂ ਬਿਨਾ ਸੁਖ ਨਹੀਂ ਮਿਲ ਸਕਦਾ, ਸੁਖ ਹਾਸਲ ਕਰਨ ਲਈ ਹੋਰ ਕੋਈ ਥਾਂ ਹੀ ਨਹੀਂ। ਪਰ ਇਹ ਦਾਤਿ ਮਿਲਦੀ ਹੈ ਗੁਰੂ ਦੀ ਸਰਨ ਪਿਆਂ ਸਾਧ ਸੰਗਤਿ ਵਿਚੋਂ। ਗੁਰੂ ਦੀ ਸਰਨ ਸਾਧ ਸੰਗਤਿ ਦਾ ਮੇਲ ਪਰਮਾਤਮਾ ਦੀ ਆਪਣੀ ਮਿਹਰ ਨਾਲ ਹੀ ਨਸੀਬ ਹੁੰਦਾ ਹੈ। ਸਦਾ ਉਸ ਦੇ ਦਰ ਤੇ ਅਰਦਾਸ ਕਰਦੇ ਰਹਿਣਾ ਚਾਹੀਦਾ ਹੈ—ਹੇ ਪਾਤਿਸ਼ਾਹ! ਸਾਨੂੰ ਆਪਣੇ ਲੜ ਲਾਈ ਰੱਖ।

੯. ਪਰਮਾਤਮਾ ਦੀ ਯਾਦ ਤੋਂ ਖੁੰਝਿਆਂ ਦੁਨੀਆ ਦੇ ਸਾਰੇ ਦੁੱਖ-ਕਲੇਸ਼ ਜੋਰ ਪਾ ਲੈਂਦੇ ਹਨ, ਪਰਮਾਤਮਾ ਨਾਲੋਂ ਲੰਮੇ ਵਿਛੋੜੇ ਪੈ ਜਾਂਦੇ ਹਨ। ਜਿੰਨ੍ਹਾਂ ਰੰਗ-ਤਮਾਸ਼ਿਆਂ ਦੀ ਖ਼ਾਤਰ ਪਰਮਾਤਮਾ ਦੀ ਯਾਦ ਭੁਲਾਈਦੀ ਹੈ ਉਹ ਭੀ ਆਖ਼ਰ ਦੁਖਦਾਈ ਹੋ ਜਾਂਦੇ ਹਨ। ਤਦੋਂ ਦੁਖੀ ਜੀਵ ਦੀ ਆਪਣੀ ਕੋਈ ਪੇਸ਼ ਨਹੀਂ ਜਾਂਦੀ। ਪਰਮਾਤਮਾ ਆਪ ਮਿਹਰ ਕਰ ਕੇ ਜਿਸ ਮਨੁੱਖ ਨੂੰ ਗੁਰੂ ਦੀ ਸੰਗਤਿ ਵਿਚ ਮਿਲਾਂਦਾ ਹੈ ਉਸ ਨੂੰ ਮਾਇਆ ਦੇ ਬੰਧਨਾਂ ਤੋਂ ਛੁਡਾ ਲੈਂਦਾ ਹੈ।

੧੦. ਜਿਹੜਾ ਮਨੁੱਖ ਗੁਰੂ ਦੀ ਸੰਗਤਿ ਵਿਚ ਰਹਿ ਕੇ ਪਰਮਾਤਮਾ ਦੀ ਯਾਦ ਵਿਚ ਜੁੜਦਾ ਹੈ, ਉਸ ਦਾ ਤਨ ਮਨ ਸਦਾ ਖਿੜਿਆ ਰਹਿੰਦਾ ਹੈ, ਉਹ ਮਨੁੱਖ ਲੋਕ ਪਰਲੋਕ ਵਿਚ ਸੋਭਾ ਖੱਟਦਾ ਹੈ, ਉਹ ਵਿਕਾਰਾਂ ਦੇ ਹੱਲਿਆਂ ਵਲੋਂ ਸਦਾ ਸੁਚੇਤ ਰਹਿੰਦਾ ਹੈ। ਪਰ ਜਿਹੜਾ ਮਨੁੱਖ ਪਰਮਾਤਮਾ ਦੀ ਯਾਦ ਭੁਲਾਈ ਰੱਖਦਾ ਹੈ ਉਸ ਦੀ ਉਮਰ ਦੁੱਖਾਂ ਵਿਚ ਬੀਤਦੀ ਹੈ, ਕਾਮਾਦਿਕ ਕਈ ਵੈਰੀ ਉਸ ਨੂੰ ਸਦਾ ਘੇਰੀ ਰੱਖਦੇ ਹਨ।

੧੧. ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਦੀ ਨਿਗਾਹ ਕਰਦਾ ਹੈ, ਉਹ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨ ਨੂੰ ਆਪਣੀ ਜ਼ਿੰਦਗੀ ਦੀ ਅਸਲ ਕਮਾਈ ਸਮਝਦਾ ਹੈ, ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਉਸ ਦੇ ਅੰਦਰੋਂ ਸੁਆਰਥ ਵਾਲਾ ਜੀਵਨ ਖ਼ਤਮ ਹੋ ਜਾਂਦਾ ਹੈ, ਉਸ ਦੇ ਅੰਦਰ ਹਰ ਵੇਲੇ ਪਰਮਾਤਮਾ ਦੇ ਦਰਸਨ ਦੀ ਤਾਂਘ ਬਣੀ ਰਹਿੰਦੀ ਹੈ। ਦਰ ਤੇ ਆ ਡਿੱਗੇ ਦੀ ਫਿਰ ਪਰਮਾਤਮਾ ਭੀ ਲਾਜ ਰੱਖਦਾ ਹੈ, ਤੇ, ਉਸ ਉਤੇ ਮਾਇਆ ਆਪਣਾ ਜ਼ੋਰ ਨਹੀਂ ਪਾ ਸਕਦੀ।

੧੨. ਜਿਹੜਾ ਮਨੁੱਖ ਗੁਰੂ ਦੀ ਸੰਗਤਿ ਵਿਚ ਟਿਕ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਸ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ; ਸਮਝੋ ਕਿ ਉਸ ਨੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ; ਕਾਮ ਕ੍ਰੋਧ ਲੋਭ ਆਦਿਕ ਕਿਸੇ ਭੀ ਵਿਕਾਰ ਦਾ ਉਹ ਦਬੇਲ ਨਹੀਂ ਬਣਦਾ। ਜ਼ਿੰਦਗੀ ਦੇ ਇਸ ਰਾਹੇ ਤੁਰ ਕੇ ਉਹ ਜਗਤ ਵਿਚ ਸੋਭਾ ਖੱਟ ਲੈਂਦਾ ਹੈ।

੧੩. ਸਾਧ ਸੰਗਤਿ ਵਿਚ ਟਿਕ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕੀਤਿਆਂ ਮਨੁੱਖ ਦਾ ਜੀਵਨ ਇਤਨਾ ਉੱਚਾ ਹੋ ਜਾਂਦਾ ਹੈ ਕਿ ਪਰਮਾਤਮਾ ਨਾਲੋਂ ਉਸ ਦੀ ਵਿੱਥ ਮਿਟ ਜਾਂਦੀ ਹੈ, ਉਸ ਦੇ ਅੰਦਰ ਹਰ ਵੇਲੇ ਆਨੰਦ ਬਣਿਆ ਰਹਿੰਦਾ ਹੈ, ਦੁੱਖ-ਕਲੇਸ਼ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦੇ। ਉਸ ਦਾ ਇਹ ਲੋਕ ਭੀ ਅਤੇ ਪਰਲੋਕ ਭੀ ਦੋਵੇਂ ਹੀ ਸੰਵਰ ਜਾਂਦੇ ਹਨ, ਸੰਸਾਰ-ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਵਿਚੋਂ ਉਹ ਸੌਖਾ ਹੀ ਪਾਰ ਲੰਘ ਜਾਂਦਾ ਹੈ।

੧੪. ਜਿਹੜਾ ਭੀ ਮਨੁੱਖ ਪਰਮਾਤਮਾ ਦਾ ਨਾਮ ਜਪਦਾ ਹੈ ਉਸ ਦੇ ਦੁਨੀਆ ਵਾਲੇ ਕੰਮ ਭੀ ਸਿਰੇ ਚੜ੍ਹ ਜਾਂਦੇ ਹਨ, ਤੇ, ਉਹ ਪਰਮਾਤਮਾ ਦੀ ਹਜ਼ੂਰੀ ਵਿਚ ਭੀ ਸੁਰਖ਼-ਰੂ ਹੋ ਜਾਂਦਾ ਹੈ। ਉਸ ਮਨੁੱਖ ਦੇ ਭਾਣੇ ਸਾਰੇ ਹੀ ਮਹੀਨੇ ਭਾਗਾਂ ਵਾਲੇ ਹਨ, ਸਾਰੇ ਹੀ ਦਿਨ ਭਾਗਾਂ ਵਾਲੇ ਹਨ, ਸੰਗ੍ਰਾਂਦ ਆਦਿਕ ਦੀ ਉਚੇਚੀ ਪਵਿੱਤ੍ਰਤਾ ਦਾ ਉਸ ਨੂੰ ਭੁਲੇਖਾ ਨਹੀਂ ਰਹਿੰਦਾ। ਕੋਈ ਕੰਮ ਕਰਨ ਵੇਲੇ ਉਸ ਨੂੰ ਕੋਈ ਖ਼ਾਸ ਮੁਹੂਰਤ ਭਾਲਣ ਦੀ ਭੀ ਲੋੜ ਨਹੀਂ ਰਹਿ ਜਾਂਦੀ। ਉਹ ਮਨੁੱਖ ਹਰ ਵੇਲੇ, ਹਰ ਕੰਮ-ਕਾਰ ਵੇਲੇ, ਪਰਮਾਤਮਾ ਦੇ ਦਰ ਤੇ ਹੀ ਅਰਦਾਸ ਕਰਦਾ ਹੈ।

ਨੋਟ ! ਸਾਰਾ ਬਾਰਹਮਾਹ ਲਿਖ ਕੇ ਅਖ਼ੀਰ ਤੇ ਗੁਰੂ ਅਰਜਨ ਸਾਹਿਬ ਜੀ ਗੁਰੂ ਨਾਨਕ ਦੇਵ ਜੀ ਵਾਂਗ ਹੀ ਇਹ ਚੇਤਾਵਨੀ ਕਰਾਂਦੇ ਹਨ ਕਿ ਜਿਹੜਾ ਮਨੁੱਖ ਪਰਮਾਤਮਾ ਦਾ ਆਸਰਾ ਲੈਂਦਾ ਹੈ ਉਸ ਦੇ ਵਾਸਤੇ ਸਾਰੇ ਦਿਨ ਇੱਕੋ ਜਿਹੇ ਹਨ। ਸੰਗ੍ਰਾਂਦ ਮੱਸਿਆ ਆਦਿਕ ਵਾਲੇ ਦਿਨ ਕੋਈ ਖ਼ਾਸ ਉਚੇਚੇ ਪਵਿੱਤਰ ਨਹੀਂ ਹਨ।

ੴ ਸਤਿਗੁਰ ਪ੍ਰਸਾਦਿ ॥

ਸੰਗ੍ਰਾਂਦ

ਭੈੜੀਆਂ ਰੂਹਾਂ—

ਮਨੁੱਖ-ਜਾਤੀ ਦੇ ਜੀਵਨ ਵਿਚ ਇਕ ਉਹ ਸਮਾ ਭੀ ਆਇਆ ਸੀ ਜਦੋਂ ਮਨੁੱਖ ਇਹ ਸਮਝਦਾ ਸੀ ਕਿ ਕੁਦਰਤਿ ਦੇ ਹਰੇਕ ਅੰਗ ਵਿਚ, ਧਰਤੀ ਹਵਾ ਪਾਣੀ ਵਿਚ, ਰੁੱਖਾਂ ਤੇ ਪਰਬਤਾਂ ਵਿਚ, ਹਨੇਰੀ ਝੱਖੜਾਂ ਵਿਚ, ਕੜਕਦੀ ਬਿਜਲੀ ਤੇ ਭੁਚਾਲਾਂ ਵਿਚ, ਪਸ਼ੂ ਪੰਛੀਆਂ ਤੇ ਮੱਛੀਆਂ ਵਿਚ, ਸੂਰਜ ਚੰਦ੍ਰਮਾ ਤੇ ਤਾਰਿਆਂ ਵਿਚ, ਹਰ ਥਾਂ 'ਰੂਹਾਂ' ਹਨ ਜੋ ਮਨੁੱਖ ਦੀਆਂ ਵਿਰੋਧੀ ਹਨ। ਮਨੁੱਖ ਦਾ ਇਹ ਵ੍ਡਾ ਫ਼ਰਜ਼ ਸਮਝਿਆ ਗਿਆ ਸੀ ਕਿ ਮਨੁੱਖ ਇਹਨਾਂ 'ਰੂਹਾਂ' ਨੂੰ ਖ਼ੁਸ਼ ਰੱਖਣ ਦੇ ਜਤਨ ਕਰਦਾ ਰਹੇ ਤਾਂ ਜੋ ਉਹ ਇਸ ਨੂੰ ਸਤਾਣੋਂ ਰੁਕੀਆਂ ਰਹਿਣ।

ਭਲੀਆਂ ਰੂਹਾਂ—

ਸਮਾ ਪੈਣ ਤੇ 'ਭੈੜੀਆਂ ਰੂਹਾਂ' ਦੇ ਨਾਲ ਦੇਵਤੇ ਭੀ ਸ਼ਾਮਲ ਕੀਤੇ ਗਏ, ਇਹਨਾਂ ਦੇ ਆਪੋ ਵਿਚ ਦੇ ਜੰਗਾਂ ਦੀ ਚਰਚਾ ਭੀ ਚੱਲ ਪਈ। ਯੂਨਾਨ, ਚੀਨ, ਈਰਾਨ, ਹਿੰਦੁਸਤਾਨ ਪੁਰਾਣੀ ਸੱਭਿਅਤਾ ਵਾਲੇ ਸਾਰੇ ਦੇਸਾਂ ਵਿਚ ਇਹੀ ਖ਼ਿਆਲ ਪਰਚਲਤ ਸੀ ਕਿ ਸਾਰੀ ਰਚਨਾ ਵਿਚ ਹਰ ਥਾਂ ਕਿਤੇ ਦੇਵਤਿਆਂ ਤੇ ਕਿਤੇ ਦੈਂਤਾਂ ਦਾ ਰਾਜ਼ ਹੈ, ਤੇ ਹਰ ਵੇਲੇ ਮਨੁੱਖ ਦੇ ਸੁਖ ਦੁੱਖ ਇਹਨਾਂ ਦੇ ਹੀ ਵੱਸ ਵਿਚ ਹਨ। ਭਲੀਆਂ ਰੂਹਾਂ (ਦੇਵਤਿਆਂ) ਤੋਂ ਕੋਈ ਸੁਖ ਹਾਸਲ ਕਰਨ ਲਈ, ਤੇ, ਭੈੜੀਆਂ ਰੂਹਾਂ ਦੀ ਭੈੜੀ ਨਜ਼ਰ ਤੋਂ ਬਚਣ ਲਈ ਇਹਨਾਂ ਦੇਵਤਿਆਂ ਤੇ ਦੈਂਤਾਂ ਦੀ ਪੂਜਾ ਦੇ ਖਾਸ ਖਾਸ ਦਿਨ ਮਿਥੇ ਗਏ।

ਇਕੋ ਹੀ ਸਰਬ-ਵਿਆਪਕ ਸਿਰਜਣਹਾਰ—

ਸਹਿਜੇ ਸਹਿਜੇ ਮਨੁੱਖ ਨੂੰ ਇਹ ਸਮਝ ਆ ਗਈ ਕਿ ਵਖੋ-ਵਖ ਰੂਹਾਂ ਨਹੀਂ, ਸਗੋਂ ਇਸ ਸਾਰੀ ਕੁਦਰਤਿ ਨੂੰ ਬਣਾਣ ਵਾਲਾ ਇਕੋ ਹੀ ਸਿਰਜਣਹਾਰ ਪਰਮਾਤਮਾ ਹੈ ਜੋ ਆਪ ਹੀ ਸਭ ਦੀ ਪਾਲਣਾ ਕਰਨ ਵਾਲਾ ਹੈ। ਜਿਉਂ ਜਿਉਂ ਇਹ ਨਿਸਚਾ ਵਧਦਾ ਗਿਆ, ਤਿਉਂ ਤਿਉਂ ਮਨੁੱਖ ਹੋਰ ਹੋਰ ਪੂਜਾ ਛੱਡ ਕੇ ਇੱਕ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਨ ਲੱਗ ਪਿਆ, ਦੇਵਤੇ ਦੈਂਤ ਆਦਿਕ ਵਿਸਰਦੇ ਗਏ, ਤੇ ਉਹਨਾਂ ਦੀ ਪੂਜਾ ਵਾਸਤੇ ਖਾਸ ਮਿਥੇ ਹੋਏ ਦਿਨ ਭੀ ਭੁੱਲਦੇ ਗਏ। ਪਰ ਇਉਂ ਜਾਪਦਾ ਹੈ ਕਿ ਹੋਰ ਸਾਰੀ ਰਚਨਾ ਨਾਲੋਂ ਸੂਰਜ ਤੇ ਚੰਦ੍ਰਮਾ ਨੇ ਮਨੁੱਖ ਦੇ ਮਨ ਉੱਤੇ ਵਧੀਕ ਡੂੰਘਾ ਅਸਰ ਪਾਇਆ ਹੋਇਆ ਸੀ। ਇਹਨਾਂ ਦੀ ਪੂਜਾ ਲਈ ਮਿਥੇ ਹੋਏ ਦਿਹਾੜੇ ਅਜੇ ਤਕ ਆਪਣਾ ਪ੍ਰਭਾਵ ਪਾਈ ਆ ਰਹੇ ਹਨ।

ਦਸ ਪੁਰਬ—

ਸੂਰਜ ਚੰਦ੍ਰਮਾ ਨਾਲ ਸੰਬੰਧ ਰੱਖਣ ਵਾਲੇ ਹੇਠ-ਲਿਖੇ ਦਸ ਦਿਨ ਪਵਿੱਤਰ ਸਮਝੇ ਜਾ ਰਹੇ ਹਨ—ਸੂਰਜ-ਗ੍ਰਹਿਣ, ਚੰਦ-ਗ੍ਰਹਿਣ, ਮੱਸਿਆ, ਪੂੰਨਿਆ, ਚਾਨਣਾ ਐਤਵਾਰ, ਸੰਗ੍ਰਾਂਦ, ਦੋ ਇਕਾਦਸ਼ੀਆਂ, ਤੇ ਦੋ ਅਸ਼ਟਮੀਆਂ। ਇਹਨਾਂ ਦਸ ਦਿਨਾਂ ਨੂੰ 'ਪੁਰਬ' [ਪਰ੍ਵਨ੍] (ਪਵਿੱਤਰ ਦਿਨ) ਮੰਨਿਆ ਜਾਂਦਾ ਹੈ। ਸੂਰਜ-ਦੇਵਤੇ ਨਾਲ ਸੰਬੰਧ ਰੱਖਣ ਵਾਲੇ ਇਹਨਾਂ ਵਿਚੋਂ ਸਿਰਫ਼ ਦੋ ਦਿਨ ਹਨ—ਸੂਰਜ-ਗ੍ਰਹਿਣ ਅਤੇ ਸੰਗ੍ਰਾਂਦ। ਬਾਕੀ ਦੇ ਦਿਨ ਚੰਦ੍ਰਮਾ ਦੇ ਹਨ। 'ਚਾਨਣਾ ਐਤਵਾਰ' ਸੂਰਜ ਤੇ ਚੰਦ ਦੋਹਾਂ ਦਾ ਹੈ। ਵਖੋ-ਵਖ ਦੇਵਤਿਆਂ ਦੇ ਥਾਂ ਇੱਕ ਪਰਮਾਤਮਾ ਦੀ ਭਗਤੀ ਦਾ ਰਿਵਾਜ ਵਧਣ ਤੇ ਭੀ ਇਹਨਾਂ ਦਸ ਪੁਰਬਾਂ ਦੀ ਰਾਹੀਂ ਇਹਨਾਂ ਦੇਵਤਿਆਂ ਦੀ ਪੂਜਾ ਤੇ ਪਿਆਰ ਅਜੇ ਤਕ ਜੋਬਨ ਤੇ ਹੈ।

ਇਸ ਪ੍ਰਭਾਵ ਦੀ ਡੂੰਘਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਤਾਲੀਮ ਦੀ ਬਰਕਤਿ ਨਾਲ ਜੋ ਲੋਕ 'ਅੰਨ ਪੂਜਾ' ਛੱਡ ਕੇ ਇੱਕ ਅਕਾਲ ਪੁਰਖ ਨੂੰ ਮੰਨਣ ਵਾਲੇ ਹੋ ਢੁਕੇ ਸਨ ਉਹ ਭੀ ਅਜੇ ਸੂਰਜ ਦੀ ਯਾਦ ਮਨਾਣੀ ਨਹੀਂ ਛੱਡ ਸਕੇ।

ਸੰਗ੍ਰਾਂਦ ਕੀਹ ਹੈ ?

ਲਫ਼ਜ਼ 'ਸੰਗ੍ਰਾਂਦ' ਸੰਸਕ੍ਰਿਤ ਦੇ ਲਫ਼ਜ਼ 'ਸਾਂਕ੍ਰਾਂਤਿ' (सांक्रान्ति) ਦਾ ਪ੍ਰਾਕ੍ਰਿਤ ਅਤੇ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ 'ਸੂਰਜ ਦਾ ਇਕ ਰਾਸਿ ਤੋਂ ਦੂਜੀ ਰਾਸਿ ਵਿਚ ਲੰਘਣਾ'। ਸਾਂਕ੍ਰਾਂਤਿ' ਉਹ ਦਿਨ ਹੈ ਜਦੋਂ ਸੂਰਜ ਨਵੀਂ ਰਾਸ਼ਿ ਵਿਚ ਦਾਖ਼ਲ ਹੁੰਦਾ ਹੈ। ਬਿਕ੍ਰਮਾਜੀਤੀ ਸਾਲ ਦੇ ਇਹਨਾਂ ਬਾਰਾਂ ਮਹੀਨਿਆਂ ਦਾ ਸੰਬੰਧ ਸੂਰਜ ਦੀ ਚਾਲ ਦੇ ਨਾਲ ਹੈ। ਹਰ ਦੇਸੀ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਸੂਰਜ ਇੱਕ 'ਰਾਸਿ' ਨੂੰ ਛੱਡ ਕੇ ਦੂਜੀ 'ਰਾਸਿ' ਵਿਚ ਪੈਰ ਧਰਦਾ ਹੈ। ਬਾਰਾਂ ਮਹੀਨੇ ਹਨ ਤੇ ਬਾਰਾਂ ਹੀ ਰਾਸਾਂ ਹਨ। ਜੋ ਲੋਕ ਸੂਰਜ ਦੇਵਤੇ ਦੇ ਉਪਾਸਕ ਹਨ, ਉਹਨਾਂ ਲਈ ਹਰੇਕ 'ਸੰਗ੍ਰਾਂਦ' ਦਾ ਦਿਨ ਪਵਿੱਤ੍ਰ ਹੈ ਕਿਉਂਕਿ ਉਸ ਦਿਨ ਸੂਰਜ-ਦੇਵਤਾ ਇੱਕ 'ਰਾਸਿ' ਨੂੰ ਛੱਡ ਕੇ ਦੂਜੀ ਵਿਚ ਆਉਂਦਾ ਹੈ। ਉਸ ਦਿਨ ਖ਼ਾਸ ਉਚੇਚਾ ਪੂਜਾ-ਪਾਠ ਕੀਤਾ ਜਾਂਦਾ ਹੈ, ਤਾਂ ਜੋ ਸੂਰਜ-ਦੇਵਤਾ ਉਸ ਨਵੀਂ 'ਰਾਸਿ' ਵਿਚ ਰਹਿ ਕੇ ਉਪਾਸਕ ਲਈ ਸਾਰਾ ਮਹੀਨਾ ਚੰਗਾ ਲੰਘਾਏ।

ਲੋਕ-ਗੀਤ—

ਆਪਣੇ ਦੇਸ ਦੇ 'ਲੋਕ-ਗੀਤਾਂ' ਨੂੰ ਗਹੁ ਨਾਲ ਵੇਖੋ, ਜੀਵਨ-ਪੰਧ ਦੀ ਹਰੇਕ ਝਾਕੀ ਨਾਲ ਸੰਬੰਧ ਰੱਖਦੇ ਹਨ—ਘੋੜੀਆਂ, ਸੁਹਾਗ, ਕਾਮਣ, ਸਿੱਠਣੀਆਂ, ਛੰਦ, ਗਿੱਧਾ, ਲਾਵਾਂ ਤੇ ਅਲਾਹਣੀਆਂ ਆਦਿਕ ਹਰੇਕ ਕਿਸਮ ਦੇ 'ਗੀਤ' ਮਿਲਦੇ ਹਨ। ਰੁੱਤਾਂ ਦੇ ਬਦਲਨ ਤੇ ਭੀ ਨਵੀਆਂ ਨਵੀਆਂ ਰੁੱਤਾਂ ਦੇ ਨਵੇਂ ਨਵੇਂ 'ਲੋਕ-ਗੀਤ', ਹੋਲੀਆਂ ਸਾਂਵਿਆਂ ਆਦਿਕ ਦੇ

ਗੀਤ। ਇਸੇ ਤਰ੍ਹਾਂ ਕਵੀਆਂ ਨੇ ਦੇਸ-ਵਾਸੀਆਂ ਦੇ ਜੀਵਨ ਵਿਚ ਨਵੇਂ ਨਵੇਂ ਹੁਲਾਰੇ ਪੈਦਾ ਕਰਨ ਲਈ 'ਵਾਰਾਂ', ਸਿ-ਹਰਫ਼ੀਆਂ ਤੇ 'ਬਾਰਹਮਾਂਹ' ਪੜ੍ਹਨ ਸੁਣਨ ਦਾ ਰਿਵਾਜ ਪੈਦਾ ਕਰ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਭੀ—

ਗੁਰੂ ਨਾਨਕ ਦੇਵ ਜੀ ਨੇ ਦੇਸ ਵਿਚ ਇਕ ਨਵਾਂ ਜੀਵਨ ਪੈਦਾ ਕਰਨਾ ਸੀ। ਵਾਰਤਕ ਨਾਲੋਂ ਕਵਿਤਾ ਵਧੀਕ ਖਿੱਚ ਪਾਂਦੀ ਹੈ। ਕਵਿਤਾ ਦੇ ਜੋ ਛੰਦ ਪੰਜਾਬ ਵਿਚ ਵਧੀਕ ਪਰਚਲਤ ਸਨ, ਸਤਿਗੁਰੂ ਜੀ ਨੇ ਉਹੀ ਵਰਤੇ। ਸਤਿਗੁਰੂ ਜੀ ਨੇ ਇਕ 'ਬਾਰਹਮਾਂਹ' ਭੀ ਲਿਖਿਆ ਜੋ ਤੁਖਾਰੀ ਰਾਗ ਵਿਚ ਦਰਜ ਹੈ। ਗੁਰੂ ਅਰਜਨ ਸਾਹਿਬ ਨੇ ਭੀ ਇਕ 'ਬਾਰਾਂਮਾਹ' ਲਿਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਝ ਰਾਗ ਵਿਚ ਦਰਜ ਕੀਤਾ। ਪਰ ਇਹਨਾਂ ਦੋਹਾਂ 'ਬਾਰਹਮਾਹਾਂ' ਦਾ ਸੂਰਜ ਦੀ 'ਸੰਗ੍ਰਾਂਦ' ਨਾਲ ਕੋਈ ਸੰਬੰਧ ਨਹੀਂ ਸੀ ਰੱਖਿਆ ਗਿਆ। ਇਹ ਤਾਂ ਦੇਸ ਵਿਚ ਪਰਚਲਤ 'ਕਾਵਿ ਛੰਦਾਂ' ਵਿਚੋਂ ਇਕ ਕਿਸਮ ਸੀ। ਸਾਰੀ ਬਾਣੀ ਵਿਚ ਕਿਤੇ ਕੋਈ ਐਸਾ ਬਚਨ ਨਹੀਂ ਮਿਲਦਾ, ਜਿਥੇ ਸਤਿਗੁਰੂ ਜੀ ਨੇ ਸਾਧਾਰਨ ਦਿਨਾਂ ਵਿਚੋਂ ਕਿਸੇ ਇੱਕ ਖ਼ਾਸ ਦਿਨ ਦੇ ਚੰਗਾ ਜਾਂ ਮੰਦਾ ਹੋਣ ਦਾ ਵਿਤਕਰਾ ਦੱਸਿਆ ਹੋਵੇ।

ਇਕ ਭੁਲੇਖਾ—

ਕਈ ਮਨੁੱਖ ਇਹ ਖ਼ਿਆਲ ਕਰਦੇ ਹਨ ਕਿ 'ਸੰਗ੍ਰਾਂਦ' ਆਦਿਕ ਦਿਨ ਉਚੇਚੇ ਮਨਾਏ ਜਾਣੇ ਚਾਹੀਦੇ ਹਨ, ਤਾਂ ਜੋ ਇਸੇ ਬਹਾਨੇ ਹੀ ਉਹ ਲੋਕ ਭੀ ਆਪਣੇ ਧਰਮ-ਅਸਥਾਨਾਂ ਤੇ ਆ ਕੇ ਕੁਝ ਸਮਾ ਸਤਸੰਗ ਵਿਚ ਗੁਜ਼ਾਰ ਸਕਣ ਜੋ ਅੱਗੇ-ਪਿੱਛੇ ਕਦੇ ਵਿਹਲ ਨਹੀਂ ਕੱਢ ਸਕਦੇ। ਪਰ, ਇਹ ਖ਼ਿਆਲ ਬਹੁਤ ਹੱਦ ਤਕ ਕੁਰਾਹੇ ਪਾ ਦੇਂਦਾ ਹੈ, ਮਨੁੱਖ ਦਾ 'ਅਸਲਾ' ਉਸ ਦੇ ਨਿਰੇ ਬਾਹਰਲੇ ਕੰਮਾਂ ਤੋਂ ਜਾਚਿਆ ਨਹੀਂ ਜਾ ਸਕਦਾ। ਇਕ ਮਨੁੱਖ ਕਿਸੇ ਦੀਵਾਨ ਆਦਿਕ ਦੇ ਸਮੇ ਕਿਸੇ ਧਾਰਮਿਕ ਪੰਥਕ ਕਾਰਜ ਲਈ ਰੁਪਇਆ ਦਾਨ ਕਰਦਾ ਹੈ; ਪਰ ਨਿਰੇ ਇਸ ਦਾਨ ਤੋਂ ਇਹ ਅੰਦਾਜ਼ਾ ਲਾਣਾ ਗ਼ਲਤ ਹੈ ਕਿ ਇਹ ਮਨੁੱਖ ਮਨੁੱਖਤਾ ਦੇ ਮਾਪ ਵਿਚ ਪੂਰਾ ਉਤਰ ਪਿਆ ਹੈ। ਹੋ ਸਕਦਾ ਹੈ ਕਿ ਉਹ ਧਨਾਢ ਮਨੁੱਖ ਲੋਕਾਂ ਵਿਚ ਸਿਰਫ਼ ਸੋਭਾ ਖੱਟਣ ਦੀ ਖ਼ਾਤਰ ਤੇ ਚੌਧਰੀ ਬਣਨ ਦੀ ਖ਼ਾਤਰ ਇਹ ਦਾਨ ਕਰਦਾ ਹੋਵੇ, ਤੇ ਇਸ ਤਰ੍ਹਾਂ ਇਹ ਦਾਨ ਉਸ ਦੀ ਹਉਮੈ ਨੂੰ ਵਧਾਈ ਜਾਂਦਾ ਹੋਵੇ, ਤੇ ਇਨਸਾਨੀਅਤ ਤੋਂ ਉਸ ਨੂੰ ਗਿਰਾਈ ਜਾਂਦਾ ਹੋਵੇ। 'ਦਾਨ' ਆਦਿਕ-ਧਾਰਮਿਕ ਕੰਮ ਦਾ ਅਸਰ ਮਨੁੱਖ ਦੇ ਜੀਵਨ ਉਤੇ ਉਹੋ ਜਿਹਾ ਹੀ ਪੈ ਸਕਦਾ ਹੈ ਜੈਸੀ ਉਸ ਕੰਮ ਦੇ ਕਰਨ ਵੇਲੇ ਉਸ ਦੀ ਨੀਅਤ ਹੋਵੇ।

ਉਚੇਚਾ ਭਾਗਾਂ ਵਾਲਾ ਦਿਹਾੜਾ-

ਜਦੋਂ ਮਨੁੱਖ ਕਿਸੇ 'ਸੰਗ੍ਰਾਂਦ' ਆਦਿਕ ਨੂੰ ਇਕ ਉਚੇਚਾ ਭਾਗਾਂ ਵਾਲਾ ਸ਼ੁਭ ਦਿਹਾੜਾ ਸਮਝਦਾ ਹੈ, ਤੇ ਧਰਮ-ਅਸਥਾਨ ਤੇ ਜਾਂਦਾ ਹੈ, ਉਹ ਉਸ ਦਿਨ ਇਹ ਭੀ ਤਾਂਘ ਰੱਖਦਾ ਹੈ ਕਿ ਇਸ 'ਵਰ੍ਹੇ ਦਿਨ ਦੇ ਦਿਨ' ਕਿਸੇ ਭਲੇ ਦੇ ਮੱਥੇ ਲੱਗਾਂ । ਸੋ, ਉਹ ਕਿਸੇ ਖ਼ਾਸ ਮਨੁੱਖ ਦੇ ਮੂੰਹੋਂ 'ਮਹੀਨਾ' ਸੁਣਦਾ ਹੈ । ਜੇ ਉਸ ਸਾਰੇ ਮਹੀਨੇ ਵਿਚ ਕੋਈ ਕਸ਼ਟ-ਤਕਲੀਫ਼ ਆ ਪਏ ਤਾਂ ਸਹਿਜ-ਸੁਭਾਇ ਆਖਦਾ ਹੈ ਕਿ ਐਤਕੀ 'ਵਰ੍ਹੇ ਦਿਨ ਦੇ ਦਿਨ' ਫਲਾਣਾ ਚੰਦਰਾ ਬੰਦਾ ਮੱਥੇ ਲੱਗਾ ਸੀ । ਜਿਸ ਵਹਿਮ-ਪ੍ਰਸਤੀ ਨੂੰ ਹਟਾਣ ਲਈ, ਜੋ ਵਿਤਕਰੇ ਦੂਰ ਕਰਨ ਲਈ, ਸਿੱਖ ਨੇ ਗੁਰਦੁਆਰੇ ਵਿਚ ਜਾਣਾ ਹੈ, ਇਸ 'ਸੰਗ੍ਰਾਂਦ' ਦੇ ਮਨਾਣ ਨਾਲ ਉਹ ਵਹਿਮ-ਪ੍ਰਸਤੀ ਤੇ ਵਿਤਕਰੇ ਸਗੋਂ ਵਧਦੇ ਹਨ ।

ਰੋਜ਼ਾਨਾ ਅਰਦਾਸ-

ਅਸਲ ਗੱਲ ਤਾਂ ਇਹ ਹੈ ਕਿ ਹਰੇਕ ਮਨੁੱਖ ਵਿਚ ਰੱਬ ਦੀ ਜੋਤਿ ਹੈ, ਤੇ ਹਰੇਕ ਦਿਨ ਇਕੋ ਜਿਹਾ ਹੈ । ਭਾਗਾਂ ਵਾਲਾ ਸਮਾ ਸਿਰਫ਼ ਉਹੀ ਹੈ ਜਦੋਂ ਮਨੁੱਖ ਨੂੰ ਪਰਮਾਤਮਾ ਚੇਤੇ ਆਉਂਦਾ ਹੈ । ਕਿਸੇ ਖ਼ਾਸ ਦਿਹਾੜੇ ਨਹੀਂ, ਸਗੋਂ ਹਰ ਰੋਜ਼ ਸਵੇਰੇ ਉੱਠ ਕੇ ਇਸ ਦੀ ਅਰਦਾਸ ਇਉਂ ਹੋਣੀ ਚਾਹੀਦਾ ਹੈ, 'ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ' ।

ਪਰਤੱਖ ਨੂੰ ਪ੍ਰਮਾਣ ਦੀ ਕੀਹ ਲੋੜ ?

ਇਹ ਨਿਰੀ ਫ਼ਰਜ਼ੀ ਗੱਲ ਨਹੀਂ ਕਿ 'ਸੰਗ੍ਰਾਂਦ' ਦੇ ਪਰਚੇ ਕਰਕੇ ਵਹਿਮ-ਪ੍ਰਸਤੀ ਵਧ ਰਹੀ ਹੈ । ਸੰਗ੍ਰਾਂਦ ਵਾਲੇ ਦਿਨ ਜਾ ਕੇ ਗੁਰਦੁਆਰੇ ਵੇਖੋ, ਇਸ ਦੇ ਸਰਧਾਲੂਆਂ ਦੀ ਉਸ ਦਿਨ ਇਹ ਤਾਂਘ ਹੁੰਦੀ ਹੈ ਕਿ ਅੱਜ 'ਮਹੀਨੇ' ਵਾਲਾ ਸ਼ਬਦ ਸੁਣਾਇਆ ਜਾਏ, ਹਾਲਾਂ ਕਿ ਸਾਰੀ ਬਾਣੀ ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਾਲੀ ਹੋਣ ਕਰਕੇ, ਜ਼ਿੰਦਗੀ ਦੀ ਰਹਿਬਰੀ ਵਾਲੀ ਹੋਣ ਕਰਕੇ, ਇਕੋ ਦਰਜਾ ਰੱਖਦੀ ਹੈ । 'ਸੰਗ੍ਰਾਂਦ' ਦੇ ਵਹਿਮ ਵਿਚ 'ਬਾਣੀ' 'ਬਾਣੀ' ਵਿਚ ਫ਼ਰਕ ਸਮਝਿਆ ਜਾਂਦਾ ਹੈ, ਕਿਉਂਕਿ ਅਸਲ ਨੀਅਤ 'ਬਾਣੀ' ਸੁਣਨ ਦੀ ਨਹੀਂ ਹੁੰਦੀ, ਸਿਰਫ਼ 'ਮਹੀਨਾ' ਸੁਣਨ ਦੀ ਹੁੰਦੀ ਹੈ । ਨਿਰਾ ਇਹੀ ਨਹੀਂ, ਸ੍ਰੀ ਦਰਬਾਰ ਸਾਹਿਬ ਵਿਚ 'ਸੰਗ੍ਰਾਂਦ' ਵਾਲੇ ਦਿਨ ਜਾ ਕੇ ਵੇਖੋ, ਉਥੇ ਹੋਰ ਅਚਰਜ ਖੇਡ ਵਰਤਦੀ ਹੈ । 'ਆਸਾ ਦੀ ਵਾਰ' ਦੇ ਕੀਰਤਨ ਦੀ ਸਮਾਪਤੀ ਤੇ ਜਦੋਂ 'ਬਾਰਹਮਾਹ' ਵਿਚੋਂ 'ਮਹੀਨਾ' ਸੁਣਾਣਾ ਸ਼ੁਰੂ ਕੀਤਾ ਜਾਂਦਾ ਹੈ, ਤਾਂ ਸ਼ੁਰੂ ਵਿਚ ਹੀ ਲਫ਼ਜ਼ 'ਜੇਠ' 'ਹਾੜ' ਆਦਿਕ ਸੁਣ ਕੇ ਸਾਰੀ ਪਉੜੀ ਨੂੰ ਸੁਣਨ ਦੀ ਲੋੜ ਹੀ ਨਹੀਂ ਸਮਝੀ ਜਾਂਦੀ । 'ਮਹੀਨਾ' ਸੁਣ ਕੇ ਹੀ 'ਵਾਹਿਗੁਰੂ, ਵਾਹਿਗੁਰੂ' ਆਖਦੀਆਂ ਬਹੁਤ ਸੰਗਤਾਂ ਚਾਲੇ ਪਾ ਦੇਂਦੀਆਂ ਹਨ ।

ਦੁਕਾਨਦਾਰੀ—

ਕਈ ਦੁਕਾਨਦਾਰਾਂ ਨੇ ਇਸ ਵਹਿਮ-ਪ੍ਰਸਤੀ ਤੋਂ ਅਜੀਬ ਲਾਭ ਉਠਾਣ ਦੀ ਕੋਸ਼ਸ਼ ਕੀਤੀ ਜਾਪਦੀ ਹੈ। ਆਪਣੀਆਂ ਛਾਪੀਆਂ 'ਬੀੜਾਂ' ਨੂੰ ਸ਼ਾਇਦ ਹਰ-ਮਨ-ਪਿਆਰਾ ਕਰਨ ਲਈ ਇਸ 'ਬਾਹਰਮਾਹ' ਨੂੰ ਭੀ ਉਹੋ ਜਿਹੀ ਉਚੇਚੀ ਰੰਗ-ਬਰੰਗੀ ਥਾਂ ਦਿੱਤੀ ਗਈ ਹੈ ਜੋ ਹਰੇਕ 'ਰਾਗ' ਦੇ 'ਆਰੰਭ' ਨੂੰ ਦਿੱਤੀ ਗਈ ਹੈ।

ਸੂਰਜ-ਪ੍ਰਸਤੀ ਦਾ ਪਰਚਾਰ ਬੇ-ਮਲੂਮੇ ਜਿਹੇ—

ਸੋ ਹਰ ਪਾਸਿਓਂ ਸੰਗ੍ਰਾਂਦ ਦੀ ਰਾਹੀਂ ਇਹ ਵਹਿਮ ਵਧ ਰਿਹਾ ਹੈ ਕਿ ਸੂਰਜ ਦੇ ਨਵੀਂ 'ਰਾਸਿ' ਵਿਚ ਆਉਣ ਵਾਲਾ ਪਹਿਲਾ ਦਿਹਾੜਾ ਖ਼ਾਸ ਤੌਰ ਤੇ ਭਾਗਾਂ ਵਾਲਾ ਹੈ, ਤੇ, ਇਸ ਤਰ੍ਹਾਂ ਬੇ-ਮਲੂਮੇ ਜਿਹੇ ਸਿੱਖਾਂ ਵਿਚ ਸੂਰਜ-ਪ੍ਰਸਤੀ ਦਾ ਪਰਚਾਰ ਕੀਤਾ ਜਾ ਰਿਹਾ ਹੈ। ਇਸ 'ਸੰਗ੍ਰਾਂਦ' ਦੇ ਭਰਮ ਤੋਂ ਹੀ, ਇਸ 'ਵਰ੍ਹੇ ਦਿਨ ਦੇ ਦਿਨ' ਦੇ ਵਹਿਮ ਤੋਂ ਹੀ ਅਗਾਂਹ ਹੋਰ ਭਰਮ ਵਧਦੇ ਜਾ ਰਹੇ ਹਨ ਕਿ ਅੱਜ 'ਵਰ੍ਹੇ ਦਿਨ ਦੇ ਦਿਨ' ਪਰਦੇਸ ਨਹੀਂ ਜਾਣਾ, ਸਵੇਰੇ ਸਵੇਰੇ ਹੱਥੋਂ ਮਾਇਆ ਨਹੀਂ ਖ਼ਰਚਣੀ, ਇਤਿਆਦਿਕ।

ਭਾਈ ਗੁਰਦਾਸ ਜੀ—

ਅਜਿਹੇ ਭਰਮਾਂ ਨੂੰ ਹੀ ਭਾਈ ਗੁਰਦਾਸ ਜੀ ਨੇ ਮਨਮਤਿ ਦੱਸ ਕੇ ਸਿੱਖਾਂ ਨੂੰ ਇਹਨਾਂ ਵਲੋਂ ਸੁਚੇਤ ਕਰਨ ਦੀ ਕੋਸ਼ਸ਼ ਕੀਤੀ ਸੀ, ਪਰ ਅਸੀ ਫਿਰ ਉਧਰੇ ਪਰਤਦੇ ਜਾਪਦੇ ਹਾਂ। ਆਪ ਲਿਖਦੇ ਹਨ :—

"ਸਉਣ ਸਗਨ ਬੀਚਾਰਨੇ, ਨਉਂ ਗ੍ਰਹ 'ਬਾਰਹ ਰਾਸਿ' ਵੀਚਾਰਾ ॥ ਕਾਮਣ ਟੂਣੇ ਔਂਸੀਆਂ, ਕਣਸੋਈ ਪਾਸਾਰ ਪਸਾਰਾ ॥ ਗੱਦਹੁ ਕੁੱਤੇ ਬਿੱਲੀਆਂ, ਇੱਲ ਮਲਾਲੀ ਗਿੱਦੜ ਛਾਰਾ ॥ ਨਾਰਿ ਪੁਰਖ ਪਾਣੀ ਅਗਨਿ, ਛਿੱਕ ਪੱਦ ਹਿਡਕੀ ਵਰਤਾਰਾ ॥ ਥਿਤਿ 'ਵਾਰ' ਭੱਦ੍ਰਾ ਭਰਮ, ਦਿਸ਼ਾ ਸੂਲ ਸਹਸਾ ਸੰਸਾਰਾ ॥ ਵਲ-ਛਲ ਕਰਿ ਵਿਸ਼ਵਾਸ ਲੱਖ, ਬਹੁ ਚੁੱਖੀਂ ਕਿਉਂ ਰਵੈ ਭਤਾਰਾ ॥ ਗੁਰਮੁਖਿ ਸੁਖ ਫਲੁ ਪਾਰ-ਉਤਾਰਾ ॥ ੮ ॥ ੫ ॥

[ਕੀਰਤਨ, ਅੰਮ੍ਰਿਤ, ਕਰਾਮਾਤਿ ਆਦਿਕ ਮਜ਼ਮੂਨਾਂ ਬਾਰੇ ਮੇਰੇ ਵਿਚਾਰਾਂ ਵਾਸਤੇ ਪੜ੍ਹੋ ਮੇਰੀ ਪੁਸਤਕ 'ਬੁਰਾਈ ਦਾ ਟਾਕਰਾ'। 'ਸਿੰਘ ਬ੍ਰਦਰਜ਼' ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ ਤੋਂ ਮਿਲੇਗੀ]।

—o—

ੴ ਸਤਿਗੁਰ ਪ੍ਰਸਾਦਿ ॥

ਤੁਖਾਰੀ ਛੰਤ ਮਹਲਾ ੧ ਬਾਰਹਮਾਹਾ

ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥ ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ । ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ॥ ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ॥ ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁਕਰਮਾ ॥ ਨਾਨਕ ਪੰਥੁ ਨਿਹਾਲੇ ਸਾਧਨ ਤੂ ਸੁਣਿ ਆਤਮ ਰਾਮਾ ॥ ੧ ॥

ਪਦ ਅਰਥ :-ਤੂ ਸੁਣਿ-ਹੇ ਹਰੀ ! ਤੂ (ਮੇਰੀ ਬੇਨਤੀ) ਸੁਣ । ਕਿਰਤ-ਕੀਤੇ ਹੋਏ । ਕਰੰਮਾ-ਕਰਮ, ਕੰਮ । ਪੂਰਬਿ-ਪੂਰਬਲੇ ਸਮੇ ਵਿਚ, ਪਹਲਿ ਜਨਮਾਂ ਵਿਚ। ਕਮਾਇਆ-ਕਮਾਈ । ਸਿਰਿ-ਸਿਰ ਉਤੇ । ਸਿਰਿ ਸਿਰਿ-ਹਰੇਕ ਜੀਵ ਦੇ ਸਿਰ ਉਤੇ। ਸਹੰਮਾ-ਸਹਮ, ਦੁੱਖ । ਤੂ ਦੇਹਿ-(ਜੋ) ਤੂੰ ਦੇਂਦਾ ਹੈਂ। ਸੁ ਭੁਲਾ-ਉਹ (ਹਰੇਕ ਜੀਵ ਵਾਸਤੇ) ਭਲਾ ਹੈ। ਗਤਿ-ਹਾਲਤ । ਦੁਹੇਲੀ-ਦੁੱਖੀ । ਬੇਲੀ-ਮਦਦ ਕਰਨ ਵਾਲਾ। ਗੁਰਮੁਖਿ-ਗੁਰੂ ਦੀ ਰਾਹੀਂ, ਗੁਰੂ ਦੀ ਸਰਨ ਪੈ ਕੇ। ਨਿਰੰਕਾਰੀ ਰਚਨਾ-ਨਿਰੰਕਾਰ ਦੀ ਰਚਨਾ ਵਿਚ। ਸੁ ਕਰਮਾ-ਸ੍ਰੇਸ਼ਟ ਕੰਮ । ਪੰਥੁ-ਰਸਤਾ । ਨਿਹਾਲੇ-ਤੱਕ ਰਹੀ ਹੈ। ਸਾਧਨ-ਜੀਵ-ਇਸਤ੍ਰੀ। ਆਤਮ ਰਾਮਾ-ਹੇ ਸਰਬ-ਵਿਆਪਕ ਪਰਮਾਤਮਾ ! ਅੰਮ੍ਰਿਤੁ-ਆਤਮਕ ਜੀਵਨ ਦੇਣ ਵਾਲਾ ਨਾਮ-ਜਲ।

ਅਰਥ :-ਹੇ ਹਰੀ ! (ਮੇਰੀ ਬੇਨਤੀ) ਸੁਣ। ਪੂਰਬਲੇ ਕਮਾਏ ਕੀਤੇ ਕਰਮਾਂ ਅਨੁਸਾਰ ਹਰੇਕ ਜੀਵ ਦੇ ਸਿਰ ਉਤੇ ਜੋ ਸੁਖ ਤੇ ਦੁੱਖ (ਝੱਲਣ ਲਈ) ਤੂੰ ਦੇਂਦਾ ਹੈਂ ਉਹੀ ਠੀਕ ਹੈ।

ਹੇ ਹਰੀ ! ਮੈਂ ਤੇਰੀ ਰਚੀ ਮਾਇਆ ਵਿਚ (ਰੁੱਝਾ ਪਿਆ) ਹਾਂ। ਮੇਰਾ ਕੀਹ ਹਾਲ ਹੋਵੇਗਾ ? ਤੈਥੋਂ ਬਿਨਾ (ਤੇਰੀ ਯਾਦ ਤੋਂ ਬਿਨਾ) ਇਕ ਘੜੀ ਭੀ ਜੀਊਣਾ ਇਹ ਕੇਹੀ ਜ਼ਿੰਦਗੀ ਹੈ ? ਹੇ ਪਿਆਰੇ ! ਤੇਰੇ ਬਿਨਾ ਮੈਂ ਦੁੱਖੀ ਹਾਂ, (ਇਸ ਦੁੱਖ ਵਿਚੋਂ ਕੱਢਣ ਵਾਸਤੇ) ਕੋਈ ਮਦਦਗਾਰ ਨਹੀਂ ਹੈ। (ਮੇਹਰ ਕਰ ਕਿ) ਗੁਰੂ ਦੀ ਸਰਨ ਪੈ ਕੇ ਮੈਂ ਤੇਰਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦਾ ਰਹਾਂ।

ਅਸੀ ਜੀਵ ਨਿਰੰਕਾਰ ਦੀ ਰਚੀ ਮਾਇਆ ਵਿਚ ਹੀ ਫਸੇ ਪਏ ਹਾਂ (ਇਹ ਕਾਹਦਾ ਜੀਵਨ ਹੈ ?), ਪ੍ਰਭੂ ਨੂੰ ਮਨ ਵਿਚ ਵਸਾਣਾ ਹੀ ਸਭ ਕੰਮਾਂ ਤੋਂ ਸ੍ਰੇਸ਼ਟ ਕੰਮ ਹੈ (ਇਹੀ ਹੈ ਮਨੁੱਖ ਵਾਸਤੇ ਜੀਵਨ-ਮਨੋਰਥ)।

ਹੇ ਨਾਨਕ ! (ਆਖ–) ਹੇ ਸਰਬ-ਵਿਆਪਕ ਪਰਮਾਤਮਾ ! ਤੂੰ (ਜੀਵ-ਇਸਤ੍ਰੀ ਦੀ ਅਰਜ਼ੋਈ) ਸੁਣ (ਤੇ ਉਸ ਨੂੰ ਆਪਣਾ ਦਰਸਨ ਦੇਹ), ਜੀਵ-ਇਸਤ੍ਰੀ ਤੇਰਾ ਰਾਹ ਤੱਕ ਰਹੀ ਹੈ । ੧ ।

ਭਾਵ :–ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ ਮਨੁੱਖ ਇਸ ਜਨਮ ਵਿਚ ਭੀ ਮਾਇਆ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਤੇ, ਦੁਖੀ ਜੀਵਨ ਗੁਜ਼ਾਰਦਾ ਹੈ । ਪਰਮਾਤਮਾ ਦੀ ਮਿਹਰ ਨਾਲ ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਪੀ ਕੇ ਆਤਮਕ ਆਨੰਦ ਮਾਣਦਾ ਹੈ । ਇਹੀ ਹੈ ਜਨਮ-ਮਨੋਰਥ ।

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ ॥ ਸਾਧਨ ਸਭਿ ਰਸ ਚੋਲੈ ਅੰਕਿ ਸਮਾਣੀਆ ॥ ਹਰਿ ਅੰਕਿ ਸਮਾਣੀ ਜਾ ਪ੍ਰਭ ਭਾਣੀ ਸਾ ਸੋਹਾਗਣਿ ਨਾਰੇ ॥ ਨਵ ਘਰ ਥਾਪਿ ਮਹਲ ਘਰੁ ਊਚਉ ਨਿਜ ਘਰਿ ਵਾਸੁ ਮੁਰਾਰੇ ॥ ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ ॥ ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ॥ ੨ ॥

ਪਦ ਅਰਥ :–ਬਾਬੀਹਾ–ਪਪੀਹਾ, ਚਾਤ੍ਰਿਕ । ਬਾਣੀਆ–ਮਿੱਠਾ ਬੋਲ । ਸਾਧਨ–ਜੀਵ-ਇਸਤ੍ਰੀ । ਸਭਿ–ਸਾਰੇ । ਚੋਲੈ–ਖਾਂਦੀ ਹੈ, ਮਾਣਦੀ ਹੈ । ਅੰਕਿ–ਅੰਕ ਵਿਚ, ਅੰਗ ਨਾਲ । ਪ੍ਰਭ ਭਾਣੀ–ਪ੍ਰਭੂ ਨੂੰ ਪਿਆਰੀ ਲੱਗਦੀ ਹੈ । ਸੋਹਾਗਣਿ–ਚੰਗੇ ਭਾਗਾਂ ਵਾਲੀ । ਨਾਰੇ–ਨਾਰਿ, ਜੀਵ-ਇਸਤ੍ਰੀ । ਨਵ ਘਰ–ਨੌ ਗੋਲਕਾਂ, ਨੌ ਇੰਦ੍ਰੀਆਂ ਵਾਲੇ ਸਰੀਰ ਨੂੰ । ਥਾਪਿ–ਟਿਕਾ ਕੇ, ਜੁਗਤਿ ਵਿਚ ਰੱਖ ਕੇ । ਊਚਉ–ਉੱਚਾ । ਮਹਲ ਘਰੁ–ਪ੍ਰਭੂ ਦਾ ਨਿਵਾਸ-ਥਾਂ, ਪ੍ਰਭੂ ਦੇ ਚਰਨ । ਨਿਜ ਘਰਿ ਮੁਰਾਰੇ–ਪ੍ਰਭੂ ਦੇ ਸ੍ਵੈ-ਸਰੂਪ ਵਿਚ, ਪ੍ਰਭੂ ਦੇ ਆਪਣੇ ਘਰ ਵਿਚ । ਨਿਸਿ–ਰਾਤ । ਬਾਸੁਰ–ਦਿਨ । ਰੰਗਿ–ਪਿਆਰ ਵਿਚ । ਰਾਵੈ–ਮਾਣਦੀ ਹੈ, ਸਿਮਰਦੀ ਹੈ । ਸਬਦਿ–ਸ਼ਬਦ ਨਾਲ । ਸੁਹਾਵੈ–ਸੋਹਣੀ ਲੱਗਦੀ ਹੈ ।

ਅਰਥ :–(ਜਿਵੇਂ) ਪਪੀਹਾ 'ਪ੍ਰਿਉ ਪ੍ਰਿਉ' ਬੋਲਦਾ ਹੈ ਜਿਵੇਂ ਕੋਇਲ ('ਕੂ ਕੂ' ਦੀ ਮਿੱਠੀ) ਬੋਲੀ ਬੋਲਦੀ ਹੈ (ਤਿਵੇਂ ਜੇਹੜੀ ਜੀਵ-ਇਸਤ੍ਰੀ ਵੈਰਾਗ ਵਿਚ ਆ ਕੇ ਮਿੱਠੀ ਸੁਰ ਨਾਲ ਪ੍ਰਭੂ-ਪਤੀ ਨੂੰ ਯਾਦ ਕਰਦੀ ਹੈ, ਉਹ) ਜੀਵ-ਇਸਤ੍ਰੀ (ਪ੍ਰਭੂ-ਮਿਲਾਪ ਦੇ) ਸਾਰੇ ਆਨੰਦ ਮਾਣਦੀ ਹੈ, ਤੇ ਉਸ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ । ਜਦੋਂ ਉਹ ਪ੍ਰਭੂ ਨੂੰ ਚੰਗੀ ਲੱਗ ਪੈਂਦੀ ਹੈ, (ਤਾਂ ਉਸ ਦੀ ਮਿਹਰ ਨਾਲ) ਉਸ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਹੀ ਜੀਵ-ਇਸਤ੍ਰੀ ਚੰਗੇ ਭਾਗਾਂ ਵਾਲੀ ਹੈ । ਉਹ ਆਪਣੇ ਸ਼ਰੀਰ ਨੂੰ (ਸਰੀਰਕ ਇੰਦ੍ਰਿਆਂ ਨੂੰ) ਜੁਗਤੀ ਵਿਚ ਰੱਖ ਕੇ ਪ੍ਰਭੂ ਦੇ ਆਪਣੇ ਸਰੂਪ ਵਿਚ ਟਿਕ ਜਾਂਦੀ ਹੈ, ਤੇ (ਮਾਇਕ ਪਦਾਰਥਾਂ ਦੇ ਮੋਹ ਤੋਂ ਉੱਠ ਕੇ) ਪ੍ਰਭੂ ਦਾ ਉੱਚਾ ਟਿਕਾਣਾ ਮੱਲ ਲੈਂਦੀ ਹੈ ।

ਹੇ ਨਾਨਕ ! ਉਹ ਜੀਵ-ਇਸਤ੍ਰੀ ਪ੍ਰਭੂ ਦੇ ਪਿਆਰ ਵਿਚ ਰੰਗੀਜ ਕੇ ਦਿਨ ਰਾਤ ਉਸ ਨੂੰ ਸਿਮਰਦੀ ਹੈ, ਤੇ ਆਖਦੀ ਹੈ—ਇਹ ਸਾਰੀ ਸ੍ਰਿਸ਼ਟੀ ਤੇਰੀ ਰਚੀ ਹੋਈ ਹੈ, ਤੂੰ ਹੀ ਮੇਰਾ ਪਿਆਰਾ ਖਸਮ-ਸਾਈਂ ਹੈਂ। ਜਿਵੇਂ ਪਪੀਹਾ ਪ੍ਰਿਉ ਪ੍ਰਿਉ ਬੋਲਦਾ ਹੈ ਜਿਵੇਂ ਕੋਇਲ ਮਿੱਠਾ ਬੋਲ ਬੋਲਦੀ ਹੈ, ਤਿਵੇਂ ਉਹ ਜੀਵ-ਇਸਤ੍ਰੀ ਗੁਰ-ਸ਼ਬਦ ਦੀ ਰਾਹੀਂ (ਪ੍ਰਭੂ ਦੀ ਸਿਫ਼ਤਿ ਸਾਲਾਹ ਕਰ ਕੇ) ਸੋਹਣੀ ਲੱਗਦੀ ਹੈ। ੨।

ਭਾਵ :—ਨਾਮ ਦੀ ਬਰਕਤ ਨਾਲ, ਸਿਫ਼ਤਿ-ਸਾਲਾਹ ਦੀ ਬਰਕਤ ਨਾਲ ਮਨੁੱਖ ਆਪਣੇ ਸਾਰੇ ਗਿਆਨ-ਇੰਦ੍ਰਿਆਂ ਨੂੰ ਮਰਯਾਦਾ ਵਿਚ ਰੱਖ ਕੇ ਮਾਇਕ ਪਦਾਰਥਾਂ ਦੇ ਮੋਹ ਤੋਂ ਉੱਚਾ ਟਿਕਿਆ ਰਹਿੰਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਉਸ ਦਾ ਜੀਵਨ ਪਵਿੱਤਰ ਹੋ ਜਾਂਦਾ ਹੈ।

ਤੂ ਸੁਣਿ ਹਰਿ ਰਸ ਭਿੰਨੇ ਪ੍ਰੀਤਮ ਆਪਣੇ ॥ ਮਨਿ ਤਨਿ ਰਵਤ ਰਵੰਨੇ ਘੜੀ ਨ ਬੀਸਰੈ ॥ ਕਿਉ ਘੜੀ ਬਿਸਾਰੀ, ਹਉ ਬਲਿਹਾਰੀ, ਹਉ ਜੀਵਾ ਗੁਣ ਗਾਏ ॥ ਨਾ ਕੋਈ ਮੇਰਾ, ਹਉ ਕਿਸੁ ਕੇਰਾ, ਹਰਿ ਬਿਨੁ ਰਹਣੁ ਨ ਜਾਏ ॥ ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥ ਨਾਨਕ ਦ੍ਰਿਸਟਿ ਦੀਰਘ ਸੁਖੁ ਪਾਵੈ ਗੁਰ ਸਬਦੀ ਮਨੁ ਧੀਰਾ ॥ ੩ ॥

ਪਦ ਅਰਥ :—ਹਰਿ ਰਸ ਭਿੰਨੇ—ਹੇ ਰਸ-ਭਿੰਨੇ ਹਰੀ ! ਪ੍ਰੀਤਮ ਆਪਣੇ—ਹੇ ਮੇਰੇ ਪ੍ਰੀਤਮ ! ਮਨਿ—(ਮੇਰੇ) ਮਨ ਵਿਚ। ਤਨਿ—(ਮੇਰੇ) ਸਰੀਰ ਵਿਚ। ਰਵਤ ਰਵੰਨੇ—ਹੇ ਰਮੇ ਹੋਏ ! ਨ ਬੀਸਰੈ—(ਮੇਰਾ ਮਨ) ਨਹੀਂ ਭੁਲਾਂਦਾ। ਬਿਸਾਰੀ—ਬਿਸਾਰੀਂ, ਮੈਂ ਵਿਸਾਰ ਸਕਾਂ। ਹਉ—ਮੈਂ। ਗਾਏ—ਗਾਇ, ਗਾ ਕੇ। ਕੇਰਾ—ਦਾ। ਰਹਣੁ ਨ ਜਾਏ—ਮਨ ਧੀਰਜ ਨਹੀਂ ਫੜਦਾ। ਗਹੀ—ਫੜੀ। ਦ੍ਰਿਸਟਿ—ਨਜ਼ਰ। ਦੀਰਘ—ਲੰਮੀ। ਦੀਰਘ ਦ੍ਰਿਸਟਿ—ਲੰਮੀ ਨਜ਼ਰ ਵਾਲਾ, ਲੰਮੇ ਜਿਗਰੇ ਵਾਲਾ। ਧੀਰਾ—ਧੀਰਜ ਵਾਲਾ।

ਅਰਥ :—ਹੇ ਮੇਰੇ ਪ੍ਰੀਤਮ ! ਹੇ ਰਸ-ਭਿੰਨੇ ਹਰੀ ! ਹੇ ਮੇਰੇ ਮਨ ਤਨ ਵਿਚ ਰਮੇ ਹੋਏ ! ਤੂੰ (ਮੇਰੀ ਅਰਜ਼ੋਈ) ਸੁਣ, (ਮੇਰਾ ਮਨ ਤੈਨੂੰ) ਇਕ ਘੜੀ ਵਾਸਤੇ ਭੀ ਭੁਲਾ ਨਹੀਂ ਸਕਦਾ।

ਮੈਂ ਇਕ ਘੜੀ ਭਰ ਭੀ ਤੈਨੂੰ ਵਿਸਾਰ ਨਹੀਂ ਸਕਦਾ, ਮੈਂ ਤੈਥੋਂ (ਸਦਾ) ਸਦਕੇ ਹਾਂ, ਤੇਰੀ ਸਿਫ਼ਤਿ-ਸਾਲਾਹ ਕਰ ਕਰ ਕੇ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੁੰਦਾ ਹੈ। (ਪਰਮਾਤਮਾ ਤੋਂ ਬਿਨਾ ਤੋੜ ਨਿਭਣ ਵਾਲਾ) ਨਾ ਕੋਈ ਮੇਰਾ ਹੀ (ਸਦਾ ਦਾ) ਸਾਥੀ ਹੈ ਨਾਹ ਹੀ ਮੈਂ ਕਿਸੇ ਦਾ (ਸਦਾ ਦਾ) ਸਾਥੀ ਹਾਂ, ਪਰਮਾਤਮਾ ਦੀ ਯਾਦ ਤੋਂ ਬਿਨਾ ਮੇਰਾ ਮਨ ਧੀਰਜ ਨਹੀਂ ਫੜਦਾ।

ਜਿਸ ਮਨੁੱਖ ਨੇ ਪਰਮਾਤਮਾ ਦਾ ਆਸਰਾ ਲਿਆ ਹੈ, ਜਿਸ ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਵੱਸ ਪਏ ਹਨ, ਉਸ ਦਾ ਸਰੀਰ ਪਵਿਤ੍ਰ ਹੋ ਜਾਂਦਾ ਹੈ। ਹੇ ਨਾਨਕ ! ਉਹ ਮਨੁੱਖ ਲੰਮੇ ਜਿਗਰੇ ਵਾਲਾ ਹੋ ਜਾਂਦਾ ਹੈ, ਉਹ ਆਤਮਕ ਆਨੰਦ ਮਾਣਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਉਸ ਦਾ ਮਨ ਧੀਰਜ ਵਾਲਾ ਬਣ ਜਾਂਦਾ ਹੈ। ੩।

ਭਾਵ: ਸਿਫ਼ਤਿ-ਸਾਲਾਹ ਕਰਦਿਆਂ ਕਰਦਿਆਂ ਮਨੁੱਖ ਦੇ ਅੰਦਰ ਉੱਚਾ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। ਮਨੁੱਖ ਨੂੰ ਯਕੀਨ ਬਣ ਜਾਂਦਾ ਹੈ ਕਿ ਇਕ ਪਰਮਾਤਮਾ ਹੀ ਜੀਵ ਦੇ ਨਾਲ ਸਦਾ ਨਿਭਣ ਵਾਲਾ ਸਾਥੀ ਹੈ।

ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ ॥ ਸਾਜਨ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ ॥ ਹਰਿ ਮੰਦਰਿ ਆਵੈ ਜਾ ਪ੍ਰਭ ਭਾਵੈ ਧਨ ਊਭੀ ਗੁਣ ਸਾਰੀ ॥ ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ॥ ਉਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ ॥ ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ ॥ ੪ ॥

ਪਦ ਅਰਥ :—ਬਰਸੈ—ਵਰ੍ਹਦੀ ਹੈ। ਅੰਮ੍ਰਿਤ ਧਾਰ ਬੂੰਦ—ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਦੀਆਂ ਬੂੰਦਾਂ ਦੀ ਧਾਰ। ਸਹਜਿ—ਸਹਜ ਅਵਸਥਾ ਵਿਚ (ਟਿਕੇ ਹੋਏ ਨੂੰ), ਆਤਮਕ ਅਡੋਲਤਾ ਵਿਚ (ਟਿਕੇ ਹੋਏ ਨੂੰ)। ਸੁਭਾਇ—ਪ੍ਰੇਮ ਵਿਚ (ਟਿਕੇ ਹੋਏ ਨੂੰ)। ਸਿਉ—ਨਾਲ। ਮੰਦਰਿ—ਮੰਦਰ ਵਿਚ। ਜਾ—ਜਦੋਂ। ਪ੍ਰਭ ਭਾਵੈ—ਪ੍ਰਭੂ ਨੂੰ ਚੰਗਾ ਲੱਗਦਾ ਹੈ। ਧਨ—ਜੀਵ-ਇਸਤ੍ਰੀ। ਊਭੀ—ਉੱਚੀ (ਹੋ ਹੋ ਕੇ), ਉਤਾਵਲੀ। ਸਾਰੀ—ਸੰਭਾਲਦੀ ਹੈ। ਘਰਿ ਘਰਿ—ਹਰੇਕ ਹਿਰਦੇ-ਘਰ ਵਿਚ। ਕੰਤੁ—ਪ੍ਰਭੂ-ਪਤੀ। ਰਾਵੈ—ਰੰਗ ਮਾਣਦਾ ਹੈ। ਹਉ—ਮੈਨੂੰ। ਕੰਤਿ—ਕੰਤ ਨੇ, ਪ੍ਰਭੂ-ਪਤੀ ਨੇ। ਉਨਵਿ—ਨਿਵ ਕੇ, ਲਿਫ਼ ਕੇ, ਹੇਠਾਂ ਆ ਕੇ, ਤਰਸ ਕਰ ਕੇ। ਘਨ—ਹੇ ਘਨ ! ਹੇ ਬਦੱਲ ! ਬਰਸੁ—ਵਰ੍ਹ, ਵਰਖਾ ਕਰ। ਸੁਭਾਏ—ਪ੍ਰੇਮ ਨਾਲ। ਸੁਖਾਵੈ—ਸੁਖਾਂਦਾ ਹੈ, ਸੁਖ ਦੇਂਦਾ ਹੈ। ਘਰਿ—ਘਰ ਵਿਚ।

ਅਰਥ:—(ਜਿਸ ਜੀਵ-ਇਸਤ੍ਰੀ ਦੇ ਹਿਰਦੇ-ਘਰ ਵਿਚ), ਪ੍ਰਭੂ ਦੀ ਸਿਫ਼ਤਿ-ਸਾਲਾਹ ਦੀਆਂ ਸੁਹਾਵਣੀਆਂ ਬੂੰਦਾਂ ਦੀ ਧਾਰ ਵਰ੍ਹਦੀ ਹੈ, ਉਸ ਅਡੋਲ ਅਵਸਥਾ ਵਿਚ ਟਿਕੀ ਹੋਈ ਨੂੰ ਪ੍ਰੇਮ ਵਿਚ ਟਿਕੀ ਹੋਈ ਨੂੰ ਸੱਜਣ ਪ੍ਰਭੂ ਆ ਮਿਲਦਾ ਹੈ, ਪ੍ਰਭੂ ਨਾਲ ਉਸ ਦੀ ਪ੍ਰੀਤ ਬਣ ਜਾਂਦੀ ਹੈ। (ਉਸ ਜੀਵ-ਇਸਤ੍ਰੀ ਦਾ ਹਿਰਦਾ ਪ੍ਰਭੂ-ਦੇਵ ਦੇ ਟਿਕਣ ਲਈ ਮੰਦਰ ਬਣ ਜਾਂਦਾ ਹੈ) ਜਦੋਂ ਪ੍ਰਭੂ ਨੂੰ ਚੰਗਾ ਲੱਗਦਾ ਹੈ, ਉਹ ਉਸ ਜੀਵ-ਇਸਤ੍ਰੀ ਦੇ ਹਿਰਦੇ-ਮੰਦਰ ਵਿਚ ਆ ਟਿਕਦਾ ਹੈ, ਉਹ ਜੀਵ-ਇਸਤ੍ਰੀ ਉਤਾਵਲੀ ਹੋ ਹੋ ਕੇ ਉਸ ਦੇ ਗੁਣ ਗਾਂਦੀ ਹੈ, (ਤੇ ਆਖਦੀ ਹੈ—) ਹਰੇਕ ਭਾਗਾਂ ਵਾਲੀ ਦੇ ਹਿਰਦੇ-ਘਰ ਵਿਚ ਪ੍ਰਭੂ-ਪਤੀ ਰਲੀਆਂ ਮਾਣਦਾ ਹੈ, ਪ੍ਰਭੂ-ਪਤੀ ਨੇ ਮੈਨੂੰ ਕਿਉਂ ਭੁਲਾ ਦਿੱਤਾ ਹੈ ? (ਉਹ ਤਰਲੇ

ਲੈ ਲੈ ਕੇ ਗੁਰੂ ਅੱਗੇ ਇਉਂ ਅਰਦਾਸ ਕਰਦੀ ਹੈ–) ਹੇ ਲਿਫ਼ ਕੇ ਘਟਾ ਬੰਨ੍ਹ ਕੇ ਆਏ ਬੱਦਲ ! ਪ੍ਰੇਮ ਨਾਲ ਵਰ੍ਹ (ਹੇ ਤਰਸ ਕਰ ਕੇ ਆਏ ਗੁਰੂ ਪਾਤਿਸ਼ਾਹ ! ਪ੍ਰੇਮ ਨਾਲ ਮੇਰੇ ਅੰਦਰ ਸਿਫ਼ਤਿ-ਸਾਲਾਹ ਦੀ ਵਰਖਾ ਕਰ), ਪ੍ਰਭੂ ਦਾ ਪਿਆਰ ਮੇਰੇ ਮਨ ਵਿਚ, ਮੇਰੇ ਤਨ ਵਿਚ ਆਨੰਦ ਪੈਦਾ ਕਰਦਾ ਹੈ ।

ਹੇ ਨਾਨਕ ! ਜਿਸ (ਸੁਭਾਗ) ਹਿਰਦੇ-ਘਰ ਵਿਚ ਸਿਫ਼ਤਿ-ਸਾਲਾਹ ਦੀ ਬਾਣੀ ਦੀ ਵਰਖਾ ਹੁੰਦੀ ਹੈ, ਪ੍ਰਭੂ ਕਿਰਪਾ ਧਾਰ ਕੇ ਆਪ ਉਥੇ ਆ ਟਿਕਦਾ ਹੈ । ੪ ।

ਭਾਵ: ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਮਨੁੱਖ ਦਾ ਮਨ ਵਿਕਾਰਾਂ ਵਲੋਂ ਅਡੋਲ ਰਹਿੰਦਾ ਹੈ, ਉਸ ਦੇ ਅੰਦਰ ਹਰ ਵੇਲੇ ਪਰਮਾਤਮਾ ਦੇ ਮਿਲਾਪ ਦੀ ਖਿੱਚ ਬਣੀ ਰਹਿੰਦੀ ਹੈ ।

ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥ ਬਨ ਫੂਲੇ ਮੰਝ ਬਾਰਿ, ਮੈ ਪਿਰੁ ਘਰਿ ਬਾਹੁੜੈ ॥ ਪਿਰੁ ਘਰਿ ਨਹੀ ਆਵੈ, ਧਨ ਕਿਉ ਸੁਖੁ ਪਾਵੈ, ਬਿਰਹਿ ਬਿਰੋਧ ਤਨੁ ਛੀਜੈ ॥ ਕੋਕਿਲ ਅੰਬਿ ਸੁਹਾਵੀ ਬੋਲੈ, ਕਿਉ ਦੁਖੁ ਅੰਕਿ ਸਹੀਜੈ ॥ ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ ॥ ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ ॥ ੫ ॥

ਪਦ ਅਰਥ:–ਸੁਹਾਵੜੇ–ਸੁਹਾਵਣੇ, ਸੋਹਣੇ । ਬਨ–ਜੰਗਲ, ਬਨਸਪਤੀ, ਰੁੱਖ-ਬਿਰਖ, ਬੇਲ-ਬੂਟੇ । ਮੰਝ–ਵਿਚ । ਬਾਰਿ–ਜੂਹ, ਖੁਲ੍ਹੀ ਜ਼ਮੀਨ । ਮੈ ਪਿਰੁ–ਮੇਰਾ ਪਤੀ-ਪ੍ਰਭੂ । ਬਾਹੁੜੈ–ਆ ਜਾਏ । ਧਨ–ਇਸਤ੍ਰੀ । ਬਿਰਹਿ–ਵਿਛੋੜੇ ਵਿਚ । ਛੀਜੈ–ਛਿੱਜਦਾ ਹੈ, ਟੁੱਟਦਾ ਹੈ, ਦੁਖੀ ਹੁੰਦਾ ਹੈ । ਅੰਬਿ–ਅੰਬ (ਦੇ ਰੁੱਖ) ਉਤੇ । ਅੰਕਿ–ਹਿਰਦੇ ਵਿਚ । ਮਰੁ–ਮੌਤ, ਆਤਮਕ ਮੌਤ । ਮਾਏ–ਹੇ ਮਾਂ ! ਵਰੁ–ਖਸਮ, ਪਤੀ । ਘਰਿ–ਹਿਰਦੇ-ਘਰ ਵਿਚ । ਧਨ–ਜੀਵ-ਇਸਤ੍ਰੀ । ਪਾਏ–ਲੱਭ ਲਏ ।

ਅਰਥ:–ਚੇਤ (ਦਾ ਮਹੀਨਾ) ਚੰਗਾ ਲੱਗਦਾ ਹੈ, (ਚੇਤ ਵਿਚ) ਬਸੰਤ (ਦਾ ਮੌਸਮ ਭੀ) ਪਿਆਰਾ ਲੱਗਦਾ ਹੈ, (ਇਸ ਮਹੀਨੇ) ਖੁਲ੍ਹੀ ਜੂਹ ਵਿਚ ਬਨਸਪਤੀ ਨੂੰ ਫੁੱਲ ਲੱਗ ਪੈਂਦੇ ਹਨ, ਤੇ (ਫੁੱਲਾਂ ਉਤੇ ਬੈਠੇ ਹੋਏ) ਭਵਰ ਸੋਹਣੇ ਲੱਗਦੇ ਹਨ । (ਮੇਰੇ ਹਿਰਦੇ ਦਾ ਕੌਲ-ਫੁੱਲ ਭੀ ਖਿੜ ਪਏ, ਜੇ) ਮੇਰਾ ਪਤੀ-ਪ੍ਰਭੂ ਮੇਰੇ ਹਿਰਦੇ-ਘਰ ਵਿਚ ਆ ਵੱਸੇ ।

ਜਿਸ ਜੀਵ-ਇਸਤ੍ਰੀ ਦਾ ਪ੍ਰਭੂ-ਪਤੀ ਹਿਰਦੇ-ਘਰ ਵਿਚ ਨਾਹ ਆ ਵੱਸੇ, ਉਸ ਜੀਵ-ਇਸਤ੍ਰੀ ਨੂੰ ਆਤਮਕ ਆਨੰਦ ਨਹੀਂ ਆ ਸਕਦਾ, ਉਸ ਦਾ ਸਰੀਰ (ਪ੍ਰਭੂ ਤੋਂ) ਵਿਛੋੜੇ ਦੇ ਕਾਰਨ (ਕਾਮਾਦਿਕ ਵੈਰੀਆਂ ਦੇ) ਹੱਲਿਆਂ ਨਾਲ ਕਮਜ਼ੋਰ ਹੋ ਜਾਂਦਾ ਹੈ । (ਚੇਤਰ ਦੇ ਮਹੀਨੇ) ਕੋਇਲ ਅੰਬ ਦੇ ਰੁੱਖ ਉਤੇ ਮਿੱਠੇ ਬੋਲ ਬੋਲਦੀ ਹੈ (ਵਿਜੋਗਣ ਨੂੰ ਇਹ ਬੋਲ ਮਿੱਠੇ ਨਹੀਂ ਲੱਗਦੇ, ਚੋਭਵੇਂ ਦੁਖਦਾਈ ਲੱਗਦੇ ਹਨ, ਤੇ ਵਿਛੋੜੇ ਦਾ) ਦੁੱਖ ਉਸ

ਪਾਸੋਂ ਹਿਰਦੇ ਵਿਚ ਸਹਾਰਿਆ ਨਹੀਂ ਜਾਂਦਾ।

ਹੇ ਮਾਂ ! ਮੇਰਾ ਮਨ-ਭੌਰਾ (ਅੰਦਰਲੇ ਖਿੜੇ ਹੋਏ ਹਿਰਦੇ-ਕਮਲ ਨੂੰ ਛੱਡ ਕੇ ਦੁਨੀਆ ਦੇ ਰੰਗ-ਤਮਾਸ਼ਿਆਂ ਦੇ) ਫੁੱਲਾਂ ਤੇ ਡਾਲੀਆਂ ਉਤ੍ਰੇ ਭਟਕਦਾ ਫਿਰਦਾ ਹੈ। ਇਹ ਆਤਮਕ ਜੀਵਨ ਨਹੀਂ ਹੈ, ਇਹ ਤਾਂ ਆਤਮਕ ਮੌਤ ਹੈ।

ਹੇ ਨਾਨਕ ! ਚੇਤਰ ਦੇ ਮਹੀਨੇ ਵਿਚ (ਬਸੰਤ ਦੇ ਮੌਸਮ ਵਿਚ) ਜੀਵ-ਇਸਤ੍ਰੀ ਅਡੋਲ ਅਵਸਥਾ ਵਿਚ ਟਿਕ ਕੇ ਆਤਮਕ ਆਨੰਦ ਮਾਣਦੀ ਹੈ, ਜੇ ਜੀਵ-ਇਸਤ੍ਰੀ (ਆਪਣੇ ਹਿਰਦੇ-) ਘਰ ਵਿਚ ਪ੍ਰਭੂ-ਪਤੀ ਨੂੰ ਲੱਭ ਲਏ।

ਭਾਵ: ਬਸੰਤ ਦਾ ਮੌਸਮ ਸੁਹਾਵਣਾ ਹੁੰਦਾ ਹੈ। ਹਰ ਪਾਸੇ ਫੁੱਲ ਖਿੜੇ ਹੁੰਦੇ ਹਨ, ਕੋਇਲ ਅੰਬ ਉਤੇ ਬੈਠੀ ਮਿੱਠੇ ਬੋਲ ਬੋਲਦੀ ਹੈ। ਪਰ ਪਤੀ ਤੋਂ ਵਿਛੁੜੀ ਨਾਰ ਨੂੰ ਇਹ ਸਭ ਕੁਝ ਚੋਭਵਾਂ ਲੱਗਦਾ ਹੈ। ਜਿਸ ਮਨੁੱਖ ਦਾ ਮਨ ਅੰਦਰਲੇ ਹਿਰਦੇ-ਕੌਲ-ਫੁੱਲ ਨੂੰ ਛੱਡ ਕੇ ਦੁਨੀਆ ਦੇ ਰੰਗ-ਤਮਾਸ਼ਿਆਂ ਵਿਚ ਭਟਕਦਾ ਫਿਰਦਾ ਹੈ, ਉਸ ਦਾ ਇਹ ਜੀਊਣ ਅਸਲ ਵਿਚ ਆਤਮਕ ਮੌਤ ਹੈ। ਆਤਮਕ ਆਨੰਦ ਤਦੋਂ ਹੀ ਹੈ ਜਦੋਂ ਪਰਮਾਤਮਾ ਹਿਰਦੇ ਵਿਚ ਆ ਵੱਸੇ।

ਵੈਸਾਖੁ ਭਲਾ, ਸਾਖਾ ਵੇਸ ਕਰੇ ॥ ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ ॥ ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨ ਮੋਲੋ ॥ ਕੀਮਤਿ ਕਉਣ ਕਰੇ ਤੁਧੁ ਭਾਵਾਂ ਦੇਖਿ ਦਿਖਾਵੈ ਢੋਲੋ ॥ ਦੂਰਿ ਨ ਜਾਨਾ ਅੰਤਰਿ ਮਾਨਾ ਹਰਿ ਕਾ ਮਹਲੁ ਪਛਾਨਾ ॥ ਨਾਨਕ ਵੈਸਾਖੀਂ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥ ੬ ॥

ਪਦ ਅਰਥ :—ਸਾਖਾ—ਸਾਖਾਂ, ਨਵੀਆਂ-ਫੁੱਟੀਆਂ ਟਾਹਣੀਆਂ, ਲਗਰਾਂ। ਵੇਸ ਕਰੇ—ਸੋਹਣੇ ਕੱਪੜੇ ਪਾਏ ਹੋਏ ਹਨ, ਨਰਮ ਨਰਮ ਕੂਲੇ ਕੂਲੇ ਪੱਤੇ ਨਿਕਲੇ ਹੋਏ ਹਨ। ਧਨ—ਇਸਤ੍ਰੀ। ਦੇਖੈ—ਵੇਖਦੀ ਹੈ, ਉਡੀਕਦੀ ਹੈ। ਦੁਆਰਿ—ਬੂਹੇ ਵਿਚ (ਖਲੋਤੀ)। ਕਰੇ—ਕਰਿ, ਕਰ ਕੇ। ਘਰਿ—ਘਰ ਵਿਚ। ਦੁਤਰ—ਜਿਸ ਵਿਚੋਂ ਤਰ ਕੇ ਲੰਘਣਾ ਔਖਾ ਹੋਵੇ। ਤਾਰੇ—ਤਾਰਿ, ਪਾਰ ਲੰਘਾ। ਅਢੁ—ਅੱਧੀ ਕੌਡੀ। ਮੋਲੋ—ਮੁੱਲ। ਤੁਧੁ ਭਾਵਾਂ—ਜੇ ਤੈਨੂੰ ਚੰਗੀ ਲੱਗਣ ਲੱਗ ਪਵਾਂ। ਦੇਖਿ—ਵੇਖ ਕੇ, ਦਰਸਨ ਕਰ ਕੇ। ਦਿਖਾਵੈ—(ਮੈਨੂੰ ਭੀ) ਦਰਸਨ ਕਰਾ ਦੇਵੇ। ਢੋਲੋ—ਢੋਲੇ ਦਾ, ਪਿਆਰੇ ਪਤੀ ਦਾ। ਜਾਨਾ—ਜਾਣਦੀ ਹਾਂ। ਮਾਨਾ ਮੰਨਦੀ ਹਾਂ। ਮਹਲੁ—ਟਿਕਾਣਾ। ਪਛਾਨਾ—ਪਛਾਣ ਲੈਂਦੀ ਹਾਂ। ਵੈਸਾਖੀਂ—ਵੈਸਾਖ ਵਿਚ। ਸਬਦਿ—ਸ਼ਬਦ ਵਿਚ। ਮਾਨਾ—ਪਤੀਜ ਗਿਆ, ਰੀਝ ਗਿਆ।

ਅਰਥ :—ਵੈਸਾਖ (ਦਾ ਮਹੀਨਾ ਕਿਹਾ) ਚੰਗਾ ਲੱਗਦਾ ਹੈ ! (ਰੁੱਖਾਂ ਦੀਆਂ) ਲਗਰਾਂ (ਸੱਜ-ਵਿਆਹੀਆਂ ਮੁਟਿਆਰਾਂ ਵਾਂਗ ਕੂਲੇ ਕੂਲੇ ਪੱਤਰਾਂ ਦਾ) ਹਾਰ-ਸਿੰਗਾਰ

ਕਰਦੀਆਂ ਹਨ । (ਇਹਨਾਂ ਲਗਰਾਂ ਦਾ ਹਾਰ-ਸਿੰਗਾਰ ਵੇਖ ਕੇ ਪਤੀ ਤੋਂ ਵਿਛੁੜੀ ਨਾਰ ਦੇ ਅੰਦਰ ਭੀ ਪਤੀ ਨੂੰ ਮਿਲਣ ਲਈ ਧ੍ਰੂਹ ਪੈਂਦੀ ਹੈ, ਤੇ ਉਹ ਆਪਣੇ ਘਰ ਦੇ ਬੂਹੇ ਵਿਚ ਖਲੋਤੀ ਰਾਹ ਤੱਕਦੀ ਹੈ। ਇਸੇ ਤਰ੍ਹਾਂ ਕੁਦਰਤਿ-ਰਾਣੀ ਦਾ ਸੋਹਜ-ਸਿੰਗਾਰ ਵੇਖ ਕੇ ਉਮਾਹ-ਭਰੀ) ਜੀਵ-ਇਸਤ੍ਰੀ ਆਪਣੇ (ਹਿਰਦੇ-) ਦਰ ਤੇ ਪ੍ਰਭੂ-ਪਤੀ ਦੀ ਉਡੀਕ ਕਰਦੀ ਹੈ (ਤੇ ਆਖਦੀ ਹੈ—ਹੇ ਪ੍ਰਭੂ-ਪਤੀ !) ਮਿਹਰ ਕਰ ਕੇ (ਮੇਰੇ ਹਿਰਦੇ-ਘਰ ਵਿਚ) ਆਓ । ਹੇ ਪਿਆਰੇ ! (ਮੇਰੇ) ਘਰ ਵਿਚ ਆਓ, ਮੈਨੂੰ ਇਸ ਬਿਖਮ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਾ, ਤੈਥੋਂ ਬਿਨਾ ਮੇਰੀ ਕਦਰ ਅੱਧੀ ਕੌਡੀ ਜਿਤਨੀ ਭੀ ਨਹੀਂ ਹੈ। ਪਰ, ਹੇ ਮਿਤ੍ਰ-ਪ੍ਰਭੂ ! ਜੇ ਗੁਰੂ ਤੇਰਾ ਦਰਸਨ ਕਰ ਕੇ ਮੈਨੂੰ ਭੀ ਦਰਸਨ ਕਰਾ ਦੇਵੇ, ਤੇ ਜੇ ਮੈਂ ਤੈਨੂੰ ਚੰਗੀ ਲੱਗ ਪਵਾਂ, ਤਾਂ ਕੌਣ ਮੇਰਾ ਮੁੱਲ ਪਾ ਸਕਦਾ ਹੈ ? ਫਿਰ ਤੂੰ ਮੈਨੂੰ ਕਿਤੇ ਦੂਰ ਨਹੀਂ ਜਾਪੇਂਗਾ, ਮੈਨੂੰ ਯਕੀਨ ਹੋਵੇਗਾ ਕਿ ਤੂੰ ਮੇਰੇ ਅੰਦਰ ਵੱਸ ਰਿਹਾ ਹੈਂ, ਉਸ ਟਿਕਾਣੇ ਦੀ ਮੈਨੂੰ ਪਛਾਣ ਹੋ ਜਾਇਗੀ ਜਿਥੇ ਤੂੰ ਵੱਸਦਾ ਹੈਂ ।

ਹੇ ਨਾਨਕ ! ਵੈਸਾਖ ਵਿਚ (ਕੁਦਰਤਿ-ਰਾਣੀ ਦਾ ਸੋਹਜ-ਸਿੰਗਾਰ ਵੇਖ ਕੇ ਉਹ ਜੀਵ-ਇਸਤ੍ਰੀ) ਪ੍ਰਭੂ-ਪਤੀ (ਦਾ ਮਿਲਾਪ) ਹਾਸਲ ਕਰ ਲੈਂਦੀ ਹੈ ਜਿਸ ਦੀ ਸੁਰਤਿ ਗੁਰੂ ਦੇ ਸ਼ਬਦ ਵਿਚ ਜੁੜੀ ਰਹਿੰਦੀ ਹੈ, ਜਿਸ ਦਾ ਮਨ (ਸਿਫਤਿ ਸਾਲਾਹ ਵਿਚ ਹੀ) ਗਿੱਝ ਜਾਂਦਾ ਹੈ। ੬ ।

ਭਾਵ :—ਜਿਸ ਮਨੁੱਖ ਦਾ ਮਨ ਪਰਮਾਤਮਾ ਦੀ ਸਿਫਤਿ-ਸਾਲਾਹ ਵਿਚ ਗਿੱਝ ਜਾਂਦਾ ਹੈ, ਉਸ ਨੂੰ ਕੁਦਰਤਿ ਦੀ ਸੁੰਦਰਤਾ ਭੀ ਪਰਮਾਤਮਾ ਦੇ ਚਰਨਾਂ ਵਿਚ ਹੀ ਜੋੜਨ ਲਈ ਸਹਾਇਤਾ ਕਰਦੀ ਹੈ ।

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥ ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ ॥ ਧਨ ਬਿਨਉ ਕਰੇਦੀ ਗੁਣ ਸਾਰੇਦੀ ਗੁਣ ਸਾਰੀ ਪ੍ਰਭ ਭਾਵਾ ॥ ਸਾਚੈ ਮਹਲਿ ਰਹੈ ਬੈਰਾਗੀ ਆਵਣ ਦੇਹਿ ਤ ਆਵਾ ॥ ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ ॥ ਨਾਨਕ ਜੇਠਿ ਜਾਣੈ ਤਿਸੁ ਜੈਸੀ ਕਰਮਿ ਮਿਲੈ ਗੁਣ ਗਹਿਲੀ ॥ ੭ ॥

ਪਦ ਅਰਥ :—ਕਿਉ ਬਿਸਰੈ—ਕਿਵੇਂ ਵਿੱਸਰੇ ? ਨਹੀਂ ਵਿੱਸਰਦਾ । ਤਾਪਹਿ—ਤਪਦੇ ਹਨ, ਭਖ਼ਦੇ ਹਨ । ਸਰ—ਵਾਂਗ । ਭਾਰ—ਭੱਠ । ਸਾਧਨ—ਜੀਵ-ਇਸਤ੍ਰੀ । ਬਿਨਉ—ਬੇਨਤੀ । ਸਾਰੇਦੀ—ਸੰਭਾਲਦੀ ਹੈ, ਯਾਦ ਕਰਦੀ ਹੈ । ਸਾਰੀ—ਮੈਂ ਯਾਦ ਕਰਦੀ ਹਾਂ । ਪ੍ਰਭ ਭਾਵਾ—ਪ੍ਰਭੂ ਨੂੰ ਚੰਗੀ ਲੱਗ ਪਵਾਂ । ਮਹਲਿ—ਮਹਲ ਵਿਚ । ਬੈਰਾਗੀ—ਵਿਰਕਤ, ਮਾਇਆ ਤੋਂ ਨਿਰਲੇਪ । ਆਵਣ ਦੇਹਿ—ਜੇ ਤੂੰ ਆਉਣ ਦੀ ਆਗਿਆ ਦੇਵੇਂ । ਆਵਾ—

ਮੈਂ (ਤੇਰੇ ਪਾਸ) ਆ ਸਕਦੀ ਹਾਂ। ਮਹਲੀ—ਮਹਲਾਂ ਵਿਚ। ਕਰਮਿ—ਬਖ਼ਸ਼ਸ਼ ਨਾਲ। ਗਹਿਲੀ—ਗ੍ਰਹਣ ਕਰਨ ਵਾਲੀ। ਜਾਣੈ—ਜਾਣ ਲਏ, ਜਾਣ-ਪਛਾਣ ਪਾ ਲਏ, ਸਾਂਝ ਪਾ ਲਏ। ਗੁਣ ਗਹਿਲੀ—ਪ੍ਰਭੂ ਦੇ ਗੁਣ ਗ੍ਰਹਣ ਕਰਨ ਵਾਲੀ।

ਅਰਥ :—ਜੇਠ ਮਹੀਨਾ (ਉਹਨਾਂ ਨੂੰ ਹੀ) ਚੰਗਾ ਲੱਗਦਾ ਹੈ ਜਿੰਨ੍ਹਾਂ ਨੂੰ ਪ੍ਰੀਤਮ-ਪ੍ਰਭੂ ਕਦੇ ਨਹੀਂ ਵਿੱਸਰਦਾ। (ਜੇਠ ਵਿਚ ਲੋਆਂ ਪੈਣ ਨਾਲ) ਭੱਠ ਵਾਂਗ ਥਲ ਤਪਣ ਲੱਗ ਪੈਂਦੇ ਹਨ (ਇਸੇ ਤਰ੍ਹਾਂ ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਹਨ, ਉਹਨਾਂ ਦੀ ਤਪਸ਼ ਅਨੁਭਵ ਕਰ ਕੇ) ਗੁਰਮੁਖਿ ਜੀਵ-ਇਸਤ੍ਰੀ (ਪ੍ਰਭੂ-ਚਰਨਾਂ ਵਿਚ) ਅਰਦਾਸ ਕਰਦੀ ਹੈ, ਉਸ ਪ੍ਰਭੂ ਦੇ ਗੁਣ (ਹਿਰਦੇ ਵਿਚ) ਸੰਭਾਲਦੀ ਹੈ, ਜੋ ਇਸ ਤਪਸ਼ ਤੋਂ ਨਿਰਾਲਾ ਆਪਣੇ ਸਦਾ-ਥਿਰ ਮਹਲ ਵਿਚ ਟਿਕਿਆ ਰਹਿੰਦਾ ਹੈ, ਉਸ ਅੱਗੇ ਜੀਵ-ਇਸਤ੍ਰੀ ਬੇਨਤੀ ਕਰਦੀ ਹੈ—ਹੇ ਪ੍ਰਭੂ ! ਮੈਂ ਤੇਰੀ ਸਿਫ਼ਤਿ-ਸਾਲਾਹ ਕਰਦੀ ਹਾਂ, ਤਾ ਕਿ ਤੈਨੂੰ ਚੰਗੀ ਲੱਗ ਪਵਾਂ, ਤੂੰ ਮੈਨੂੰ ਆਗਿਆ ਦੇਵੇਂ ਮੈਂ ਭੀ ਤੇਰੇ ਮਹਲ ਵਿਚ ਆ ਜਾਵਾਂ (ਤੇ ਬਾਹਰਲੀ ਤਪਸ਼ ਤੋਂ ਬਚ ਸਕਾਂ)।

ਜਿਤਨਾ ਚਿਰ ਜੀਵ-ਇਸਤ੍ਰੀ ਪ੍ਰਭੂ ਤੋਂ ਵੱਖ ਰਹਿ ਕੇ (ਵਿਕਾਰਾਂ ਦੀ ਤਪਸ਼ ਨਾਲ) ਨਿਢਾਲ ਤੇ ਕਮਜ਼ੋਰ ਹੈ, ਉਤਨਾ ਚਿਰ (ਤਪਸ਼ੋਂ ਬਚੇ ਹੋਏ ਪ੍ਰਭੂ ਦੇ) ਮਹਲ ਦਾ ਆਨੰਦ ਨਹੀਂ ਮਾਣ ਸਕਦੀ।

ਹੇ ਨਾਨਕ ! ਜੇਠ (ਦੀ ਸਾੜਦੀ ਲੋ) ਵਿਚ ਪ੍ਰਭੂ ਦੀ ਸਿਫ਼ਤਿ ਸਾਲਾਹ ਨੂੰ ਹਿਰਦੇ ਵਿਚ ਵਸਾ ਲੈਣ ਵਾਲੀ ਜੇਹੜੀ ਜੀਵ-ਇਸਤ੍ਰੀ ਪ੍ਰਭੂ ਨਾਲ ਜਾਣ-ਪਛਾਣ ਪਾ ਲੈਂਦੀ ਹੈ, ਉਹ ਉਸ (ਸ਼ਾਂਤ-ਚਿੱਤ ਪ੍ਰਭੂ) ਵਰਗੀ ਹੋ ਜਾਂਦੀ ਹੈ, ਉਸ ਦੀ ਮਿਹਰ ਨਾਲ ਉਸ ਵਿਚ ਇਕ-ਰੂਪ ਹੋ ਜਾਂਦੀ ਹੈ (ਤੇ ਵਿਕਾਰਾਂ ਦੀ ਤਪਸ਼-ਲੋ ਤੋਂ ਬਚੀ ਰਹਿੰਦੀ ਹੈ)। ੭।

ਭਾਵ :—ਕਾਮਾਦਿਕ ਵਿਕਾਰਾਂ ਦੀ ਅੱਗ ਨਾਲ ਸੰਸਾਰੀ ਜੀਵਾਂ ਦੇ ਹਿਰਦੇ ਤਪਦੇ ਰਹਿੰਦੇ ਹਨ। ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਹਿਰਦੇ ਵਿਚ ਵਸਾ ਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਉਸ ਦਾ ਹਿਰਦਾ ਸਦਾ ਸ਼ਾਂਤ ਰਹਿੰਦਾ ਹੈ, ਉਹ ਮਨੁੱਖ ਵਿਕਾਰਾਂ ਦੀ ਤਪਸ਼-ਲੋ ਤੋਂ ਬਚਿਆ ਰਹਿੰਦਾ ਹੈ।

ਆਸਾੜੁ ਭਲਾ, ਸੂਰਜੁ ਗਗਨਿ ਤਪੈ॥ ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥ ਅਗਨਿ ਰਸੁ ਸੋਖੈ, ਮਰੀਐ ਧੋਖੈ, ਭੀ ਸੋ ਕਿਰਤੁ ਨ ਹਾਰੇ॥ਰਥੁ ਫਿਰੈ, ਛਾਇਆ ਧਨ ਤਾਕੈ, ਟੀਡੁ ਲਵੈ ਮੰਝਿ ਬਾਰੇ ॥ ਅਵਗਣ ਬਾਧਿ ਚਲੀ, ਦੁਖੁ ਆਗੈ, ਸੁਖੁ ਤਿਸੁ ਸਾਚੁ ਸਮਾਲੇ ।।ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥ ੮ ॥

ਪਦ ਅਰਥ :—ਆਸਾੜੁ—ਹਾੜ ਮਹੀਨਾ। ਗਗਨਿ—ਆਕਾਸ਼ ਵਿਚ। ਭਲਾ—

ਚੰਗਾ, ਜੋਬਨ ਵਿਚ। ਸਹੈ–ਸਹਾਰਦੀ ਹੈ। ਭਖੈ–ਤਪਦੀ ਹੈ। ਰਸੁ–ਜਲ। ਮਰੀਐ–ਮਰੀਦਾ ਹੈ, ਦੁਖੀ ਹੋਵੀਦਾ ਹੈ। ਧੋਖੈ–ਧੁਖ ਧੁਖ ਕੇ, ਕ੍ਰਾਹ ਕ੍ਰਾਹ ਕੇ। ਸੋ–ਉਹ ਸੂਰਜ। ਕਿਰਤੁ ਨ ਹਾਰੇ–ਕਰਤੱਬ ਨਹੀਂ ਛੱਡਦਾ। ਫਿਰੈ–ਚੱਕਰ ਲਾਂਦਾ ਹੈ। ਧਨ–ਕਮਜ਼ੋਰ ਜਿੰਦ। ਤਾਕੈ–ਤੱਕਦੀ ਹੈ, ਭਾਲਦੀ ਹੈ। ਟੀਡੁ–ਬੀਂਡਾ। ਲਵੈ–ਲੌਂਦਾ ਹੈ, ਟੀਂ ਟੀਂ ਕਰਦਾ ਹੈ। ਬਾਰਿ–ਜੂਹ। ਮੰਝਿ ਬਾਰੇ–ਖੁਲ੍ਹੀ ਜੂਹ ਵਿਚ। ਬਾਧਿ–ਬੰਨ੍ਹ ਕੇ। ਚਲੀ–ਤੁਰਦੀ ਹੈ। ਆਗੈ–ਅਗਾਂਹ ਸਾਹਮਣੇ, ਜ਼ਿੰਦਗੀ ਦੇ ਸਫ਼ਰ ਵਿਚ। ਸਾਚੁ–ਸਦਾ-ਥਿਰ ਪ੍ਰਭੂ। ਸਮਾਲੇ–ਹਿਰਦੇ ਵਿਚ ਸੰਭਾਲਦੀ ਹੈ। ਇਹੁ ਮਨੁ–ਸੱਚ ਸੰਭਾਲਣ ਵਾਲਾ ਮਨ। ਮਰਣੁ ਜੀਵਣੁ–ਹਰ ਵੇਲੇ ਦਾ ਸਾਥ।

ਅਰਥ :–(ਜਦੋਂ) ਹਾੜ ਮਹੀਨਾ ਚੰਗਾ ਜੋਬਨ ਵਿਚ ਹੁੰਦਾ ਹੈ, ਆਕਾਸ਼ ਵਿਚ ਸੂਰਜ ਤਪਦਾ ਹੈ। (ਜਿਉਂ ਜਿਉਂ ਸੂਰਜ ਧਰਤੀ ਦੀ ਨਮੀ ਨੂੰ) ਸੁਕਾਂਦਾ ਹੈ, ਧਰਤੀ ਦੁੱਖ ਸਹਾਰਦੀ ਹੈ (ਧਰਤੀ ਦੇ ਜੀਅ-ਜੰਤ ਔਖੇ ਹੁੰਦੇ ਹਨ), ਧਰਤੀ ਅੱਗ (ਵਾਂਗ) ਭਖ਼ਦੀ ਹੈ। (ਸੂਰਜ) ਅੱਗ (ਵਾਂਗ) ਪਾਣੀ ਨੂੰ ਸੁਕਾਂਦਾ ਹੈ, (ਹਰੇਕ ਦੀ ਜਿੰਦ) ਕ੍ਰਾਹ ਕ੍ਰਾਹ ਕੇ ਦੁਖੀ ਹੁੰਦੀ ਹੈ, ਫਿਰ ਭੀ ਸੂਰਜ ਆਪਣਾ ਕਰਤੱਬ ਨਹੀਂ ਛੱਡਦਾ (ਕਰੀ ਜਾਂਦਾ ਹੈ)। (ਸੂਰਜ ਦਾ) ਰਥ ਚੱਕਰ ਲਾਂਦਾ ਹੈ, ਕਮਜ਼ੋਰ ਜਿੰਦ ਕਿਤੇ ਛਾਂ ਦਾ ਆਸਰਾ ਲੈਂਦੀ ਹੈ, ਬੀਂਡਾ ਭੀ ਬਾਹਰ ਜੂਹ ਵਿਚ (ਰੁੱਖ ਦੀ ਛਾਵੇਂ) ਟੀਂ ਟੀਂ ਪਿਆ ਕਰਦਾ ਹੈ (ਹਰੇਕ ਜੀਵ ਤਪਸ਼ ਤੋਂ ਜਾਨ ਲੁਕਾਂਦਾ ਦਿੱਸਦਾ ਹੈ)।

(ਅਜੇਹੀ ਮਾਨਸਕ ਤਪਸ਼ ਦਾ) ਦੁੱਖ ਉਸ ਜੀਵ-ਇਸਤ੍ਰੀ ਦੇ ਸਾਹਮਣੇ (ਭਾਵ, ਜੀਵਨ-ਸਫ਼ਰ ਵਿਚ) ਮੌਜੂਦ ਰਹਿੰਦਾ ਹੈ, ਜੋ ਮੰਦੇ ਕਰਮਾਂ (ਦੀ ਪੰਡ ਸਿਰ ਉਤੇ) ਬੰਨ੍ਹ ਕੇ ਤੁਰਦੀ ਹੈ। ਆਤਮਕ ਆਨੰਦ ਸਿਰਫ਼ ਉਸ ਨੂੰ ਹੈ ਜੋ ਸਦਾ-ਥਿਰ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਟਿਕਾਂ ਰੱਖਦੀ ਹੈ। ਹੇ ਨਾਨਕ ! ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਨੇ ਹਰੀ-ਨਾਮ ਸਿਮਰਨ ਵਾਲਾ ਮਨ ਦਿੱਤਾ ਹੈ, ਪ੍ਰਭੂ ਨਾਲ ਉਸ ਦਾ ਸਦੀਵੀ ਸਾਥ ਬਣ ਜਾਂਦਾ ਹੈ (ਉਸ ਨੂੰ ਹਾੜ ਦੀ ਕਹਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ)।੮।

ਭਾਵ :–ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ, ਉਸ ਨੂੰ ਇਸ ਜੀਵਨ-ਸਫ਼ਰ ਵਿਚ ਹਾੜ ਦੀ ਕਹਰ ਦੀ ਤਪਸ਼ ਵਰਗਾ ਵਿਕਾਰਾਂ ਦਾ ਸੇਕ ਪੋਹ ਨਹੀਂ ਸਕਦਾ।

ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ ॥ ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ ॥ ਪਿਰੁ ਘਰਿ ਨਹੀ ਆਵੈ, ਮਰੀਐ ਹਾਵੈ, ਦਾਮਨਿ ਚਮਕਿ ਡਰਾਏ ॥ ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ॥ ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ

॥ ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ ॥ ੯ ॥

ਪਦ ਅਰਥ :–ਸਾਵਣਿ–ਸਾਵਣ ਵਿਚ। ਸਰਸ–ਰਸ ਵਾਲਾ ਹੋ, ਹਰਾ ਹੋ। ਘਣ–ਬੱਦਲ। ਆਏ–ਆਈ ਹੈ। ਮੈ ਭਾਵੈ–ਮੈਨੂੰ ਪਿਆਰਾ ਲੱਗਦਾ ਹੈ। ਪਿਰ–ਪਤੀ ਜੀ। ਸਿਧਾਏ–ਚਲੇ ਗਏ ਹਨ। ਹਾਵੈ–ਹਾਹੁਕੇ ਵਿਚ। ਦਾਮਨਿ–ਬਿਜਲੀ। ਚਮਕਿ–ਚਮਕ ਕੇ। ਖਰੀ–ਬਹੁਤ। ਦੁਹੇਲੀ–ਦੁਖਦਾਈ। ਮਾਏ–ਹੇ ਮਾਂ! ਕਹੁ–ਦੱਸੋ। ਤਨਿ–ਤਨ ਉਤੇ। ਸੁਖਾਵਏ–ਸੁਖਾਵੈ, ਸੁਖਾਂਦਾ ਹੈ। ਕੰਤੀ–ਕੰਤ ਵਾਲੀ, ਜਿਸ ਨੂੰ ਕੰਤ ਪਿਆਰ ਕਰਦਾ ਹੈ। ਅੰਕਿ–ਗਲਵੱਕੜੀ ਵਿਚ। ਸਮਾਵਏ–ਸਮਾਵੈ, ਲੀਨ ਹੋ ਜਾਂਦੀ ਹੈ।

ਅਰਥ :–(ਹਾੜ ਦੀ ਅੱਤ ਦਰਜੇ ਦੀ ਤਪਸ਼ ਵਿਚ ਘਾਹ ਆਦਿਕ ਸੁੱਕ ਜਾਂਦੇ ਹਨ। ਉਸ ਤਪਸ਼ ਦੇ ਪਿਛੋਂ ਸਾਵਣ ਮਹੀਨੇ ਵਿਚ ਘਟਾਂ ਚੜ੍ਹਦੀਆਂ ਹਨ। ਪਸ਼ੂ ਪੰਛੀ ਮਨੁੱਖ ਤਾਂ ਕਿਤੇ ਰਹੇ,ਸੁੱਕਾ ਹੋਇਆ ਘਾਹ ਭੀ ਹਰਾ ਹੋ ਜਾਂਦਾ ਹੈ। ਉਸ ਦੀ ਹਰਿਆਵਲ ਵੇਖ ਕੇ ਹਰੇਕ ਪ੍ਰਾਣੀ ਬੋਲ ਉਠਦਾ ਹੈ–) ਹੇ ਮੇਰੇ ਮਨ! ਸਾਵਣ ਮਹੀਨੇ ਵਿਚ (ਵਰਖਾ ਦੀ) ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ, ਹੁਣ ਤੂੰ ਭੀ ਹਰਾ ਹੋ (ਤੂੰ ਭੀ ਉਮਾਹ ਵਿਚ ਆ)।

(ਪਰਦੇਸ ਗਏ ਪਤੀ ਦੀ ਨਾਰ ਦਾ ਹਿਰਦਾ ਕਾਲੀਆਂ ਘਟਾਂ ਨੂੰ ਵੇਖ ਕੇ ਤੜਪ ਉਠਦਾ ਹੈ। ਉਮਾਹ ਪੈਦਾ ਕਰਨ ਵਾਲੇ ਇਹ ਸਾਮਾਨ ਵਿਛੋੜੇ ਵਿਚ ਉਸ ਨੂੰ ਦੁਖਦਾਈ ਪ੍ਰਤੀਤ ਹੁੰਦੇ ਹਨ। ਬਿਰਹੋਂ ਵਿਚ ਉਹ ਇਉਂ ਆਖਦੀ ਹੈ–) ਹੇ ਮਾਂ! (ਇਹ ਬੱਦਲ, ਵੇਖ ਵੇਖ ਕੇ) ਮੈਨੂੰ ਆਪਣਾ ਪਤੀ ਮਨ ਵਿਚ ਰੋਮ ਰੋਮ ਵਿਚ ਪਿਆਰਾ ਲੱਗ ਰਿਹਾ ਹੈ, ਪਰ ਮੇਰੇ ਪਤੀ ਜੀ ਤਾਂ ਪਰਦੇਸ ਗਏ ਹੋਏ ਹਨ। (ਜਿਤਨਾ ਚਿਰ) ਪਤੀ ਘਰ ਵਿਚ ਨਹੀਂ ਆਉਂਦਾ, ਮੈਂ ਹਾਹੁਕਿਆਂ ਨਾਲ ਮਰ ਰਹੀ ਹਾਂ, ਬਿਜਲੀ ਚਮਕ ਕੇ (ਸਗੋਂ) ਮੈਨੂੰ ਡਰਾ ਰਹੀ ਹੈ। (ਪਤੀ ਦੇ ਵਿਛੋੜੇ ਵਿਚ) ਮੇਰੀ ਸੱਖਣੀ ਸੇਜ ਮੈਨੂੰ ਬਹੁਤ ਦੁਖਦਾਈ ਹੋ ਰਹੀ ਹੈ, (ਪਤੀ ਤੋਂ ਵਿਛੋੜੇ ਦਾ) ਦੁੱਖ ਮੈਨੂੰ ਮੌਤ (ਬਰਾਬਰ) ਹੋ ਗਿਆ ਹੈ।

(ਜਿਸ ਜੀਵ-ਇਸਤ੍ਰੀ ਦੇ ਅੰਦਰ ਪ੍ਰਭੂ-ਪਤੀ ਦਾ ਪਿਆਰ ਹੈ, ਬਿਰਹਣੀ ਨਾਰ ਵਾਂਗ) ਉਸ ਨੂੰ ਪ੍ਰਭੂ ਦੇ ਮਿਲਾਪ ਤੋਂ ਬਿਨਾ ਨਾਹ ਨੀਂਦ, ਨਾਹ ਭੁੱਖ। ਉਸ ਨੂੰ ਤਾਂ ਕੱਪੜਾ ਭੀ ਸਰੀਰ ਉਤੇ ਨਹੀਂ ਸੁਖਾਂਦਾ (ਸਰੀਰਕ ਸੁਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧ੍ਰੂਹ ਨਹੀਂ ਪਾ ਸਕਦੇ)।

ਹੇ ਨਾਨਕ! ਉਹੀ ਭਾਗਾਂ ਵਾਲੀ ਜੀਵ-ਇਸਤ੍ਰੀ ਪ੍ਰਭੂ-ਪਤੀ ਦੇ ਪਿਆਰ ਦੀ ਹੱਕਦਾਰ ਹੋ ਸਕਦੀ ਹੈ, ਜੋ ਸਦਾ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ। ੯।

ਭਾਵ :–ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਪੈਦਾ ਹੋ ਜਾਂਦਾ ਹੈ, ਇਸ ਪਿਆਰ ਦੇ ਟਾਕਰੇ ਤੇ ਸਰੀਰਕ

ਸੁਖਾਂ ਦੇ ਕੋਈ ਭੀ ਸਾਧਨ ਉਸ ਦੇ ਮਨ ਨੂੰ ਧੂਹ ਨਹੀਂ ਪਾ ਸਕਦੇ।

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥ ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥ ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥ ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥ ਮਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ॥ ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥

ਪਦ ਅਰਥ :—ਭਰਮਿ—ਭਟਕਣਾ ਵਿਚ। ਭੁਲੀ—ਕੁਰਾਹੇ ਪੈ ਗਈ। ਭਰਿ ਜੋਬਨਿ—ਪੂਰੇ ਜੋਬਨ ਵਿਚ, ਪੂਰੇ ਜੋਬਨ ਸਮੇ। ਨੀਰਿ—ਪਾਣੀ ਨਾਲ। ਬਰਸ ਰੁਤੇ—ਵਰਖਾ ਦੀ ਰੁੱਤੇ। ਰੰਗੁ ਮਾਣੀ—ਰੰਗ ਮਾਣਦੀ। ਨਿਸਿ—ਰਾਤ ਵੇਲੇ। ਦਾਦਰ—ਡੱਡੂ। ਲਵੰਤੇ—ਬੋਲਦੇ ਹਨ। ਚਵੈ—ਬੋਲਦਾ ਹੈ। ਭੁਇਅੰਗਮ—ਸੱਪ। ਡਸੰਤੇ—ਡੰਗ ਮਾਰਦੇ। ਸਾਇਰ—ਸਮੁੰਦਰ, ਸਰੋਵਰ, ਤਲਾਬ। ਭਰ ਸੁਭਰ—ਨਕਾਨਕ ਭਰੇ ਹੋਏ। ਚਲਉ—ਮੈਂ ਚੱਲਾਂ। ਜਹ—ਜਿਥੇ। ਤਹ—ਤਿਥੇ।

ਅਰਥ :—ਭਾਦਰੋਂ (ਦਾ ਮਹੀਨਾ) ਆ ਗਿਆ ਹੈ। ਵਰਖਾ ਰੁੱਤ ਵਿਚ ਟੋਏ ਟਿੱਬੇ ਪਾਣੀ ਨਾਲ ਭਰੇ ਹੋਏ ਹਨ, (ਇਸ ਨਜ਼ਾਰੇ ਦਾ) ਰੰਗ ਮਾਣਿਆ ਜਾ ਸਕਦਾ ਹੈ।

(ਪਰ) ਜੇਹੜੀ ਇਸਤ੍ਰੀ ਭਰ-ਜੋਬਨ ਵਿਚ (ਜੋਬਨ ਦੇ ਮਾਣ ਦੇ) ਭੁਲੇਖੇ ਵਿਚ ਗ਼ਲਤੀ ਖਾ ਗਈ, ਉਸ ਨੂੰ (ਪਤੀ ਦੇ ਵਿਛੋੜੇ ਵਿਚ) ਪਛਤਾਣਾ ਹੀ ਪਿਆ (ਉਸ ਨੂੰ ਨੀਰ-ਭਰੇ ਥਾਂ ਚੰਗੇ ਨਾਹ ਲੱਗੇ)।

ਕਾਲੀ ਰਾਤ ਨੂੰ ਮੀਂਹ ਵਰ੍ਹਦਾ ਹੈ, ਡੱਡੂ ਗੁੜੈਂ ਗੁੜੈਂ ਕਰਦੇ ਹਨ, ਮੋਰ ਕੁਹਕਦੇ ਹਨ, ਪਪੀਹਾ ਭੀ 'ਪ੍ਰਿਉ ਪ੍ਰਿਉ' ਕਰਦਾ ਹੈ, (ਪਰ ਪਤੀ ਤੋਂ ਵਿਛੁੜੀ) ਨਾਰ ਨੂੰ (ਇਸ ਸੁਹਾਵਣੇ ਰੰਗ ਤੋਂ) ਆਨੰਦ ਨਹੀਂ ਮਿਲਦਾ। ਉਸ ਨੂੰ ਤਾਂ (ਭਾਦਰੋਂ ਵਿਚ ਇਹੀ ਦਿੱਸਦਾ ਹੈ ਕਿ) ਸੱਪ ਡੰਗਦੇ ਫਿਰਦੇ ਹਨ, ਮੱਛਰ ਡੰਗ ਮਾਰਦੇ ਹਨ। ਚੁਫੇਰੇ ਛੱਪੜ-ਤਲਾਬ (ਮੀਂਹ ਦੇ ਪਾਣੀ ਨਾਲ) ਨਕਾ-ਨਕ ਭਰੇ ਹੋਏ ਹਨ (ਬਿਰਹਣੀ ਨਾਰ ਨੂੰ ਇਸ ਵਿਚ ਕੋਈ ਸੁਹਜ-ਸੁਆਦ ਨਹੀਂ ਦਿੱਸਦਾ)।

(ਇਸੇ ਤਰ੍ਹਾਂ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਤੋਂ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ) ਪ੍ਰਭੂ ਦੀ ਯਾਦ ਤੋਂ ਬਿਨਾ (ਹੋਰ ਕਿਸੇ ਰੰਗ-ਤਮਾਸ਼ੇ ਵਿਚ) ਆਤਮਕ ਆਨੰਦ ਨਹੀਂ ਮਿਲਦਾ।

ਹੇ ਨਾਨਕ! (ਆਖ—) ਮੈਂ ਤਾਂ ਆਪਣੇ ਗੁਰੂ ਦੀ ਸਿੱਖਿਆ ਉਤੇ ਤੁਰ ਕੇ (ਉਸ ਦੇ ਦੱਸੇ ਰਾਹ ਉਤੇ) ਤੁਰਾਂਗੀ, ਜਿਥੇ ਪ੍ਰਭੂ-ਪਤੀ ਮਿਲ ਸਕਦਾ ਹੋਵੇ, ਉਥੇ ਹੀ ਜਾਵਾਂਗੀ।੧੦।

ਭਾਵ—ਗੁਰੂ ਦੇ ਦੱਸੇ ਹੋਏ ਰਸਤੇ ਉਤੇ ਤੁਰ ਕੇ ਜਿਸ ਮਨੁੱਖ ਦਾ ਮਨ ਪਰਮਾਤਮਾ ਦੀ ਸਿਫ਼ਤਿ ਸਾਲਾਹ ਵਿਚ ਗਿੱਝ ਜਾਂਦਾ ਹੈ, ਪਰਮਾਤਮਾ ਦੀ ਯਾਦ ਤੋਂ ਬਿਨਾ ਹੋਰ ਕਿਸੇ ਭੀ ਰੰਗ-ਤਮਾਸ਼ੇ ਵਿਚ ਉਸ ਨੂੰ ਆਤਮਕ ਆਨੰਦ ਨਹੀਂ ਮਿਲਦਾ।

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ ॥ ਤਾ ਮਿਲੀਐ ਪ੍ਰਭ ਮੇਲੇ ਦੂਜੈ ਭਾਇ ਖੁਈ ॥ ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਕਾਹ ਸਿ ਫੁਲੇ ॥ ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ॥ ਦਹਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ॥ ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ ॥ ੧੧ ॥

ਪਦ ਅਰਥ :—ਅਸੁਨਿ—ਅੱਸੂ ਮਹੀਨੇ ਵਿਚ। ਪਿਰਾ—ਹੇ ਪਤੀ! ਸਾਧਨ—ਇਸਤ੍ਰੀ। ਝੂਰਿ—ਝੂਰ ਕੇ, ਹਾਹੁਕੇ ਲੈ ਲੈ ਕੇ। ਤਾ—ਤਦੋਂ ਹੀ। ਪ੍ਰਭ—ਹੇ ਪ੍ਰਭੂ! ਮੇਲੇ—ਮੇਲੋਂ, ਜੇ ਤੂੰ ਆਪ ਮਿਲਾਏਂ। ਦੂਜੈ ਭਾਇ—ਪ੍ਰਭੂ ਤੋਂ ਬਿਨਾ ਕਿਸੇ ਹੋਰ ਦੇ ਪਿਆਰ ਵਿਚ। ਖੁਈ—ਖੁੰਝ ਗਈ, ਜੀਵਨ ਦੇ ਸਹੀ ਰਸਤੇ ਤੋਂ ਕੁਰਾਹੇ ਪੈ ਗਈ। ਵਿਗੁਤੀ—ਖ਼ੁਆਰ ਹੋਈ। ਮੁਤੀ—ਛੱਡੀ ਹੋਈ, ਛੁੱਟੜ। ਪਿਰ—ਹੇ ਪਤੀ! ਕੁਕਹ ਕਾਹ—ਪਿਲਛੀ ਤੇ ਕਾਹੀ [ਨੋਟ—ਅੱਸੂ ਦੀ ਰੁੱਤੇ ਦਰਿਆਵਾਂ ਕੰਢੇ ਉੱਗੀ ਹੋਈ ਪਿਲਛੀ ਤੇ ਕਾਹੀ ਨੂੰ ਬੂਰ ਪੈਂਦਾ ਹੈ। ਪਿਲਛੀ ਤੇ ਕਾਹੀ ਦਾ ਫੁੱਲਣਾ ਬੁਢੇਪੇ ਨੂੰ ਅੱਖਾਂ ਅੱਗੇ ਲਿਆ ਕੇ ਉਦਾਸੀ ਪੈਦਾ ਕਰਦਾ ਹੈ]। ਆਗੈ—ਅੱਗੇ ਲੰਘ ਗਈ ਹੈ। ਘਾਮ—ਤਪਸ਼, ਘੁੰਮਾ, ਗਰਮੀ (ਭਾਵ, ਸਰੀਰਕ ਨਿੱਘ, ਤਾਕਤ)। ਪਿਛੈ—ਉਸ ਘਾਮ ਦੇ ਪਿਛੇ ਪਿਛੇ। ਜਾਡਾ—ਸਿਆਲ (ਭਾਵ, ਕਮਜ਼ੋਰੀ)। ਸਹਜਿ—ਅਡੋਲਤਾ ਵਿਚ। ਬਸੀਠਾ—ਵਕੀਲ, ਵਿਚੋਲਾ।

ਅਰਥ :—(ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਤੇ) ਅੱਸੂ (ਦੀ ਮਿੱਠੀ ਰੁੱਤ) ਵਿਚ (ਇਸਤ੍ਰੀ ਦੇ ਦਿਲ ਵਿਚ ਪਤੀ ਨੂੰ ਮਿਲਣ ਦੀ ਤਾਂਘ ਪੈਦਾ ਹੁੰਦੀ ਹੈ। ਤਿਵੇਂ ਜਿਸ ਜੀਵ-ਇਸਤ੍ਰੀ ਨੇ ਪ੍ਰਭੂ-ਪਤੀ ਦੇ ਵਿਛੋੜੇ ਵਿਚ ਕਾਮਾਦਿਕ ਵੈਰੀਆਂ ਦੇ ਹੱਲਿਆਂ ਦੇ ਦੁੱਖ ਵੇਖ ਲਏ ਹਨ, ਉਹ ਅਰਦਾਸ-ਕਰਦੀ ਹੈ—) ਹੇ ਪ੍ਰਭੂ-ਪਤੀ! (ਮੇਰੇ ਹਿਰਦੇ ਵਿਚ) ਆ ਵੱਸ (ਤੈਥੋਂ ਵਿਛੁੜ ਕੇ) ਮੈਂ ਹਾਹੁਕੇ ਲੈ ਲੈ ਕੇ ਆਤਮਕ ਮੌਤੇ ਮਰ ਰਹੀ ਹਾਂ, ਮਾਇਕ ਪਦਾਰਥਾਂ ਦੇ ਮੋਹ ਵਿਚ ਫਸ ਕੇ ਮੈਂ ਔਝੜੇ ਪਈ ਹੋਈ ਹਾਂ। ਹੇ ਪ੍ਰਭੂ! ਤੈਨੂੰ ਤਦੋਂ ਹੀ ਮਿਲ ਸਕੀਦਾ ਹੈ ਜੇ ਤੂੰ ਆਪ ਮਿਲਾਏਂ।

(ਜਦੋਂ ਤੋਂ) ਦੁਨੀਆ ਦੇ ਝੂਠੇ ਮੋਹ ਵਿਚ ਫਸ ਕੇ ਮੈਂ ਖ਼ੁਆਰ ਹੋ ਰਹੀ ਹਾਂ, ਤਦੋਂ ਤੋਂ, ਹੇ ਪਤੀ ! ਤੈਥੋਂ ਵਿਛੁੜੀ ਹੋਈ ਹਾਂ। ਪਿਲਛੀ ਤੇ ਕਾਹੀ (ਦੇ ਸੁਫ਼ੈਦ ਬੂਰ ਵਾਂਗ ਮੇਰੇ ਕੇਸ) ਚਿੱਟੇ ਹੋ ਗਏ ਹਨ, (ਮੇਰੇ ਸਰੀਰ ਦਾ) ਨਿੱਘ ਅਗਾਂਹ ਲੰਘ ਗਿਆ ਹੈ (ਘਟ ਗਿਆ ਹੈ), ਉਸ ਦੇ ਪਿਛੇ ਪਿਛੇ ਸਰੀਰਕ ਕਮਜ਼ੋਰੀ ਆ ਰਹੀ ਹੈ, ਇਹ ਤਮਾਸ਼ਾ ਵੇਖ ਕੇ ਮੇਰਾ ਮਨ ਘਬਰਾ ਰਿਹਾ ਹੈ (ਕਿਉਂਕਿ ਅਜੇ ਤਕ ਤੇਰਾ ਦੀਦਾਰ ਨਹੀਂ ਹੋ ਸਕਿਆ)। (ਕਾਹੀ ਪਿਲਛੀ ਦਾ ਹਾਲ ਵੇਖ ਕੇ ਤਾਂ ਮਨ ਡੋਲਦਾ ਹੈ, ਪਰ) ਹਰ ਪਾਸੇ (ਬਨਸਪਤੀ ਦੀਆਂ) ਹਰੀਆਂ ਸਾਖਾਂ ਦੀ ਹਰਿਆਵਲ ਵੇਖ ਕੇ (ਇਹ ਧੀਰਜ ਆਉਂਦੀ ਹੈ ਕਿ) ਅਡੋਲ ਅਵਸਥਾ ਵਿਚ (ਜੇਹੜਾ ਜੀਵ) ਦ੍ਰਿੜ੍ਹ ਰਹਿੰਦਾ ਹੈ, ਉਸੇ ਨੂੰ ਪ੍ਰਭੂ-ਮਿਲਾਪ ਦੀ ਮਿਠਾਸ (ਖ਼ੁਸ਼ੀ) ਮਿਲਦੀ ਹੈ।

ਹੇ ਨਾਨਕ ! ਅੱਸੂ (ਦੀ ਮਿੱਠੀ ਰੁੱਤ) ਵਿਚ (ਤੂੰ ਭੀ ਅਰਦਾਸ ਕਰ ਤੇ ਆਖ–) ਹੇ ਪਿਆਰੇ ਪ੍ਰਭੂ ! (ਮੇਹਰ ਕਰ) ਗੁਰੂ ਦੀ ਰਾਹੀਂ ਮੈਨੂੰ ਮਿਲ। ੧੧।

ਭਾਵ–ਜਿਹੜਾ ਮਨੁੱਖ ਦੁਨੀਆ ਦੇ ਝੂਠੇ ਮੋਹ ਵਿਚ ਫਸ ਜਾਂਦਾ ਹੈ, ਉਹ ਪਰਮਾਤਮਾ ਦੇ ਚਰਨਾਂ ਤੋਂ ਵਿਛੁੜਿਆ ਰਹਿੰਦਾ ਹੈ। ਪਰ ਜਿਹੜਾ ਮਨੁੱਖ ਪਰਮਾਤਮਾ ਦੀ ਮਿਹਰ ਨਾਲ ਗੁਰੂ ਦੀ ਸਰਨ ਪੈਂਦਾ ਹੈ ਉਹ ਮਾਇਆ ਦੇ ਮੋਹ ਦੇ ਹੱਲਿਆਂ ਵਲੋਂ ਅਡੋਲ ਹੋ ਜਾਂਦਾ ਹੈ ਤੇ ਉਸ ਨੂੰ ਪ੍ਰਭੂ-ਮਿਲਾਪ ਦਾ ਆਨੰਦ ਪ੍ਰਾਪਤ ਹੁੰਦਾ ਹੈ।

ਕਤਕਿ ਕਿਰਤੁ ਪਇਆ, ਜੋ ਪ੍ਰਭ ਭਾਇਆ ॥ ਦੀਪਕੁ ਸਹਜਿ ਬਲੈ, ਤਤਿ ਜਲਾਇਆ ॥ ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ ॥ ਅਵਗਣ ਮਾਰੀ ਮਰੈ, ਨ ਸੀਝੈ, ਗੁਣਿ ਮਾਰੀ ਤਾ ਮਰਸੀ ॥ ਨਾਮੁ ਭਗਤਿ ਦੇ ਨਿਜ ਘਰਿ ਬੈਠੇ ਅਜਹੁ ਤਿਨਾੜੀ ਆਸਾ ॥ ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ ॥ ੧੨ ॥

ਪਦ ਅਰਥ :–ਕਤਕਿ–ਕੱਤਕ (ਦੇ ਮਹੀਨੇ) ਵਿਚ (ਜਦੋਂ ਕਿਸਾਨ ਮੁੰਜੀ ਮਕਈ ਆਦਿਕ ਸਾਵਣੀ ਦਾ ਫਸਲ ਕੱਟ ਕੇ ਘਰ ਲੈ ਆਉਂਦਾ ਹੈ)। ਕਿਰਤੁ–ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ। ਪਇਆ–ਮਿਲ ਜਾਂਦਾ ਹੈ। ਜੋ–ਜਿਹੜਾ ਜੀਵ। ਪ੍ਰਭ ਭਾਇਆ–ਪ੍ਰਭੂ ਨੂੰ ਚੰਗਾ ਲੱਗ ਪੈਂਦਾ ਹੈ। ਦੀਪਕੁ–ਦੀਵਾ, (ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦਾ) ਦੀਵਾ। ਸਹਜਿ–ਆਤਮਕ ਅਡੋਲਤਾ ਵਿਚ। ਬਲੈ–ਜਗ ਪੈਂਦਾ ਹੈ। ਤਤਿ–ਤੱਤ ਨੇ, ਪ੍ਰਭੂ ਨਾਲ ਡੂੰਘੀ ਜਾਣ-ਪਛਾਣ ਨੇ। ਜਲਾਇਆ–ਜਗਾ ਦਿੱਤਾ। ਦੀਪਕ ਰਸ ਤੇਲੋ–ਆਤਮਕ ਜੀਵਨ ਦੀ ਸੂਝ ਦੇ ਆਨੰਦ ਦਾ ਤੇਲ। ਧਨ–ਜੀਵ-ਇਸਤ੍ਰੀ। ਓਮਾਹੈ–ਉਮਾਹ ਵਿਚ, ਉਤਸ਼ਾਹ ਵਿਚ। ਸਰਸੀ–ਸ-ਰਸੀ, ਆਨੰਦ ਮਾਣਦੀ

ਹੈ । ਮਾਰੀ–ਆਤਮਕ ਮੌਤੇ ਮਾਰ ਦਿੱਤਾ । ਮਰੈ–ਆਤਮਕ ਮੌਤੇ ਮਰ ਜਾਂਦੀ ਹੈ । ਸੀਝੈ–ਕਾਮਯਾਬ ਹੁੰਦੀ । ਗੁਣਿ–ਗੁਣ ਨੇ, ਪ੍ਰਭੂ ਦੀ ਸਿਫ਼ਤਿ ਸਾਲਾਹ ਨੇ । ਮਾਰੀ–ਵਿਕਾਰਾਂ ਵਲੋਂ ਮਾਰ ਦਿੱਤੀ । ਮਰਸੀ–ਵਿਕਾਰਾਂ ਵਲੋਂ ਬਚੀ ਰਹੇਗੀ । ਦੇ–ਦੇਂਦਾ ਹੈ । ਘਰਿ–ਘਰ ਵਿਚ । ਨਿਜ ਘਰਿ–ਆਪਣੇ ਘਰ ਵਿਚ, ਆਪਣੇ ਹਿਰਦੇ-ਘਰ ਵਿਚ । ਤਿਨਾੜੀ–ਉਹਨਾਂ ਦੀ । ਨਾਨਕ–ਹੇ ਨਾਨਕ ! ਕਪਟ–ਕਿਵਾੜ। ਕਪਟ ਦਰ–ਦਰਵਾਜ਼ੇ ਦੇ ਕਿਵਾੜ। ਦਰ–ਦਰਵਾਜ਼ਾ । ਖਟੁ ਮਾਸਾ–ਛੇ ਮਹੀਨੇ । ੧੨ ।

ਅਰਥ :–ਹੇ ਭਾਈ ! (ਜਿਵੇਂ) ਕੱਤਕ (ਦੇ ਮਹੀਨੇ) ਵਿਚ (ਕਿਸਾਨ ਨੂੰ ਮੁੰਜੀ ਮਕਈ ਆਦਿਕ ਸਾਵਣੀ ਦੇ ਫਸਲ ਦੀ ਕੀਤੀ ਕਮਾਈ ਮਿਲ ਜਾਂਦੀ ਹੈ, ਤਿਵੇਂ ਹਰੇਕ ਜੀਵ ਨੂੰ ਆਪਣੇ) ਕੀਤੇ ਕਰਮਾਂ ਦਾ ਫਲ (ਮਨ ਵਿਚ ਇਕੱਠੇ ਹੋਏ ਸੰਸਕਾਰਾਂ ਦੇ ਰੂਪ ਵਿਚ) ਮਿਲ ਜਾਂਦਾ ਹੈ ।

ਹੇ ਭਾਈ ! (ਆਪਣੇ ਕੀਤੇ ਭਲੇ ਕਰਮਾਂ ਅਨੁਸਾਰ) ਜਿਹੜਾ ਮਨੁੱਖ ਪਰਮਾਤਮਾ ਨੂੰ ਪਿਆਰਾ ਲੱਗ ਪੈਂਦਾ ਹੈ (ਉਸ ਦੇ ਹਿਰਦੇ ਵਿਚ) ਆਤਮਕ ਅਡੋਲਤਾ ਦੇ ਕਾਰਨ (ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦਾ) ਦੀਵਾ ਜਗ ਪੈਂਦਾ ਹੈ (ਇਹ ਦੀਵਾ ਉਸ ਦੇ ਅੰਦਰ) ਪ੍ਰਭੂ ਨਾਲ ਡੂੰਘੀ ਜਾਣ-ਪਛਾਣ ਨੇ ਜਗਾਇਆ ਹੁੰਦਾ ਹੈ । ਜਿਸ ਜੀਵ-ਇਸਤ੍ਰੀ ਦਾ ਪ੍ਰਭੂ-ਪਤੀ ਨਾਲ ਮਿਲਾਪ ਹੋ ਜਾਂਦਾ ਹੈ (ਉਸ ਦੇ ਅੰਦਰ) ਆਤਮਕ ਜੀਵਨ ਦੀ ਸੂਝ ਦੇਣ ਵਾਲੇ ਚਾਨਣ ਦੇ ਆਨੰਦ ਦਾ (ਮਾਨੋ, ਦੀਵੇ ਵਿਚ) ਤੇਲ ਬਲ ਰਿਹਾ ਹੈ, ਉਹ ਜੀਵ-ਇਸਤ੍ਰੀ ਉਤਸ਼ਾਹ ਵਿਚ ਆਤਮਕ ਆਨੰਦ ਮਾਣਦੀ ਹੈ ।

(ਹੇ ਭਾਈ ! ਜਿਸ ਜੀਵ-ਇਸਤ੍ਰੀ ਦੇ ਜੀਵਨ ਨੂੰ) ਵਿਕਾਰਾਂ ਨੇ ਮਾਰ ਮੁਕਾਇਆ ਉਹ ਆਤਮਕ ਮੌਤੇ ਮਰ ਗਈ, ਉਹ (ਜ਼ਿੰਦਗੀ ਵਿਚ) ਕਾਮਯਾਬ ਨਹੀਂ ਹੁੰਦੀ, ਪਰ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ ਦੀ ਸਿਫ਼ਤਿ ਸਾਲਾਹ ਨੇ (ਵਿਕਾਰਾਂ ਵਲੋਂ) ਮਾਰਿਆ ਉਹ ਹੀ ਵਿਕਾਰਾਂ ਵਲੋਂ ਬਚੀ ਰਹੇਗੀ ।

ਹੇ ਨਾਨਕ ! ਜਿਨ੍ਹਾਂ ਨੂੰ ਪਰਮਾਤਮਾ ਆਪਣਾ ਨਾਮ ਦੇਂਦਾ ਹੈ ਆਪਣੀ ਭਗਤੀ ਦੇਂਦਾ ਹੈ ਉਹ (ਵਿਕਾਰਾਂ ਵਲ ਭਟਕਣ ਦੇ ਥਾਂ) ਆਪਣੇ ਹਿਰਦੇ-ਘਰ ਵਿਚ ਟਿਕੇ ਰਹਿੰਦੇ ਹਨ, (ਉਹਨਾਂ ਦੇ ਅੰਦਰ) ਸਦਾ ਹੀ (ਪ੍ਰਭੂ-ਮਿਲਾਪ ਦੀ) ਤਾਂਘ ਬਣੀ ਰਹਿੰਦੀ ਹੈ (ਉਹ ਸਦਾ ਅਰਦਾਸ ਕਰਦੇ ਹਨ–ਹੇ ਪਾਤਿਸ਼ਾਹ ! ਸਾਨੂੰ) ਮਿਲ, (ਸਾਡੇ ਅੰਦਰੋਂ ਵਿਛੋੜਾ ਪਾਣ ਵਾਲੇ) ਕ੍ਰਿਵਾੜ ਖੋਹਲ ਦੇਹ, (ਤੇਰੇ ਨਾਲੋਂ) ਇਕ ਘੜੀ (ਦਾ ਵਿਛੋੜਾ) ਛੇ ਮਹੀਨੇ (ਦਾ ਵਿਛੋੜਾ ਜਾਪਦਾ) ਹੈ । ੧੨ ।

ਭਾਵ–ਜਿਸ ਮਨੁੱਖ ਨੂੰ ਪਰਮਾਤਮਾ ਆਪਣੀ ਸਿਫ਼ਤਿ ਸਾਲਾਹ ਦੀ ਦਾਤਿ ਦੇਂਦਾ ਹੈ, ਉਸ ਦੇ ਅੰਦਰ ਆਤਮਕ ਜੀਵਨ ਦੀ ਸੂਝ ਵਾਲੇ ਚਾਨਣ ਦਾ, ਮਾਨੋ, ਦੀਵਾ ਜਗ

ਪੈਂਦਾ ਹੈ। ਉਹ ਮਨੁੱਖ ਪਰਮਾਤਮਾ ਦੀ ਯਾਦ ਤੋਂ ਇਕ ਘੜੀ-ਪਲ ਦਾ ਵਿਛੋੜਾ ਭੀ ਸਹਾਰ ਨਹੀਂ ਸਕਦਾ।

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥ ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥ ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥ ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥ ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥ ਨਾਨਕ ਸਾਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥ ੧੩ ॥

ਪਦ ਅਰਥ :—ਗੁਣ—ਗੁਣਾਂ ਦੇ ਕਾਰਨ, ਸਿਫ਼ਤਿ ਸਾਲਾਹ ਕਰਨ ਨਾਲ। ਅੰਕਿ—ਹਿਰਦੇ ਵਿਚ। ਹਰਿ ਸਮਾਵਏ—ਪ੍ਰਭੂ ਆ ਵੱਸਦਾ ਹੈ। ਗੁਣ ਰਵੈ—ਜੋ (ਜੀਵ-ਇਸਤ੍ਰੀ) ਪ੍ਰਭੂ ਦੇ ਗੁਣ ਚੇਤੇ ਕਰਦੀ ਹੈ। ਮੈ ਪਿਰੁ—ਮੇਰਾ ਪਤੀ, ਪਿਆਰਾ ਪ੍ਰਭੂ-ਪਤੀ। ਨਿਹਚਲੁ—ਸਦਾ ਕਾਇਮ ਰਹਿਣ ਵਾਲਾ। ਭਾਵਏ—(ਉਸ ਨੂੰ) ਪਿਆਰਾ ਲੱਗਦਾ ਹੈ। ਬਿਧਾਤਾ—ਸਿਰਜਣਹਾਰ। ਚੰਚਲੁ—ਨਾਸਵੰਤ। ਸਬਾਇਆ—ਸਾਰਾ। ਗਿਆਨੁ—ਪ੍ਰਭੂ ਨਾਲ ਜਾਣ-ਪਛਾਣ। ਧਿਆਨੁ—ਸੁਰਤਿ ਦਾ ਟਿਕਾਉ। ਗੁਣ—ਪ੍ਰਭੂ ਦੀ ਸਿਫ਼ਤਿ ਸਾਲਾਹ। ਪ੍ਰਭ ਭਾਣੇ—ਜਦੋਂ ਪ੍ਰਭੂ ਦੀ ਰਜ਼ਾ ਹੋਈ। ਤਾ—ਤਦੋਂ। ਗੀਤ ਨਾਦ ਕਵਿਤ ਕਵੇ—ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਗੀਤ ਬਾਣੀ ਕਾਵਿ। ਸੁਣਿ—ਸੁਣ ਕੇ। ਨਾਮਿ—ਨਾਮ ਵਿਚ (ਜੁੜਿਆਂ)। ਨਾਹ ਪਿਆਰੀ—ਖਸਮ-ਪ੍ਰਭੂ ਨੂੰ ਪਿਆਰੀ। ਅਭ—ਹਿਰਦਾ। ਨਾਹ—ਨਾਥ, ਖਸਮ। ਅਭ ਭਗਤੀ—ਦਿਲੀ ਪਿਆਰ।

ਅਰਥ :—ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਜਿਸ ਜੀਵ-ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ ਆ ਵੱਸਦਾ ਹੈ, ਉਸ ਨੂੰ ਮੱਘਰ ਦਾ ਮਹੀਨਾ ਚੰਗਾ ਲੱਗਦਾ ਹੈ।

ਹੋਰ ਸਾਰਾ ਜਗਤ ਤਾਂ ਨਾਸਵੰਤ ਹੈ, ਇਕ ਸਿਰਜਣਹਾਰ ਹੀ ਜੋ ਚਤੁਰ ਹੈ ਤੇ ਸਿਆਣਾ ਹੈ, ਸਦਾ ਕਾਇਮ ਰਹਿਣ ਵਾਲਾ ਹੈ। ਇਹ ਸਦਾ-ਥਿਰ ਪਿਆਰਾ ਪ੍ਰਭੂ-ਪਤੀ ਉਸ ਗੁਣਾਂ ਵਾਲੀ ਜੀਵ-ਇਸਤ੍ਰੀ ਨੂੰ ਪਿਆਰਾ ਲੱਗਦਾ ਹੈ ਜੋ ਉਸ ਦੇ ਗੁਣ ਚੇਤੇ ਕਰਦੀ ਰਹਿੰਦੀ ਹੈ। ਉਸ ਨੂੰ ਪ੍ਰਭੂ ਨਾਲ ਡੂੰਘੀ ਸਾਂਝ ਪ੍ਰਾਪਤ ਹੁੰਦੀ ਹੈ, ਉਸ ਦੀ ਸੁਰਤਿ ਪ੍ਰਭੂ-ਚਰਨਾਂ ਵਿਚ ਟਿਕਦੀ ਹੈ, ਪ੍ਰਭੂ ਦੇ ਗੁਣ ਉਸ ਦੇ ਹਿਰਦੇ ਵਿਚ ਆ ਵੱਸਦੇ ਹਨ; ਪ੍ਰਭੂ ਦੀ ਰਜ਼ਾ ਅਨੁਸਾਰ ਇਹ ਸਭ ਕੁਝ ਉਸ ਜੀਵ-ਇਸਤ੍ਰੀ ਨੂੰ ਚੰਗਾ ਲੱਗਣ ਲੱਗ ਪੈਂਦਾ ਹੈ।

ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਗੀਤ ਬਾਣੀ ਕਾਵਿ ਸੁਣ ਸੁਣ ਕੇ ਪ੍ਰਭੂ ਦੇ ਨਾਮ ਵਿਚ (ਜੁੜ ਕੇ) ਉਸ ਦਾ ਹੋਰ ਸਾਰਾ ਦੁੱਖ ਦੂਰ ਹੋ ਜਾਂਦਾ ਹੈ।

ਹੇ ਨਾਨਕ ! ਉਹ ਜੀਵ-ਇਸਤ੍ਰੀ ਪ੍ਰਭੂ-ਪਤੀ ਨੂੰ ਪਿਆਰੀ ਹੋ ਜਾਂਦੀ ਹੈ, ਉਹ ਆਪਣਾ ਦਿਲੀ ਪਿਆਰ ਪ੍ਰਭੂ ਦੇ ਅੱਗੇ (ਭੇਟ) ਪੇਸ਼ ਕਰਦੀ ਹੈ ।੧੩।

ਭਾਵ—ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ ਸਾਲਾਹ ਵਿਚ ਟਿਕਿਆ ਰਹਿੰਦਾ ਹੈ, ਪਰਮਾਤਮਾ ਨਾਲ ਉਸ ਦੀ ਪੱਕੀ ਪਿਆਰ ਦੀ ਗੰਢ ਬੱਝ ਜਾਂਦੀ ਹੈ। ਜਗਤ ਦਾ ਕੋਈ ਭੀ ਦੁੱਖ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ ।

ਪੋਖਿ ਤੁਖਾਰੁ ਪੜੈ, ਵਣੁ ਤ੍ਰਿਣੁ ਰਸੁ ਸੋਖੈ ॥ ਆਵਤ ਕੀ ਨਾਹੀ, ਮਨਿ ਤਨਿ ਵਸਹਿ ਮੁਖੇ ॥ ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ ॥ ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ ॥ ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ ॥ ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ ॥੧੪॥

ਪਦ ਅਰਥ :—ਪੋਖਿ—ਪੋਹ (ਦੇ ਮਹੀਨੇ) ਵਿਚ । ਤੁਖਾਰੁ—ਕੱਕਰ, ਕੋਰਾ । ਰਸੁ—ਨਮੀ । ਸੋਖੈ—ਸੁਕਾ ਦੇਂਦਾ ਹੈ। ਵਸਹਿ—ਤੂੰ ਵੱਸਦਾ । ਮੁਖੇ—ਮੁਖਿ, ਮੁਖ ਵਿਚ । ਜਗ ਜੀਵਨੁ—ਜਗਤ ਦਾ ਜੀਵਨ, ਜਗਤ ਦਾ ਆਸਰਾ । ਮਾਣੀ—ਮਾਣੈ, ਮਾਣਦਾ ਹੈ। ਅੰਡਜ—ਅੰਡੇ ਤੋਂ ਪੈਦਾ ਹੋਣ ਵਾਲੇ ਜੀਵ । ਜੇਰਜ—ਜਿਓਰ ਤੋਂ ਪੈਦਾ ਹੋਣ ਵਾਲੇ । ਸੇਤਜ—ਮੁੜ੍ਹਕੇ ਤੋਂ ਪੈਦਾ ਹੋਣ ਵਾਲੇ । ਉਤਭੁਜ—ਧਰਤੀ ਵਿਚੋਂ ਉੱਗਣ ਵਾਲੇ । ਘਟਿ ਘਟਿ—ਹਰੇਕ ਘਟ ਵਿਚ । ਗਤਿ—ਉੱਚੀ ਆਤਮਕ ਅਵਸਥਾ । ਪਾਵਉ—ਪਾਵਉਂ, ਮੈਂ ਪਾ ਲਵਾਂ, ਪ੍ਰਾਪਤ ਕਰ ਲਵਾਂ । ਮਤਿ—ਅਕਲ । ਰੰਗਿ—ਪਿਆਰ ਵਿਚ । ਰਸਿ—ਰਸ ਨਾਲ, ਆਨੰਦ ਨਾਲ । ਰਸੀਆ—ਪ੍ਰੇਮੀ । ਸਨੇਹੋ—ਪਿਆਰ ।

ਅਰਥ :—ਪੋਹ (ਦੇ ਮਹੀਨੇ) ਵਿਚ ਕੱਕਰ ਪੈਂਦਾ ਹੈ, ਉਹ ਵਣ ਨੂੰ ਘਾਹ ਨੂੰ (ਹਰੇਕ ਘਾਹ-ਬੂਟ ਦੇ) ਰਸ ਨੂੰ ਸੁਕਾ ਦੇਂਦਾ ਹੈ (ਪ੍ਰਭੂ ਦੀ ਯਾਦ ਭੁਲਾਇਆਂ ਜਿਸ ਮਨੁੱਖ ਦੇ ਅੰਦਰ ਕੋਰਾਪਨ ਜ਼ੋਰ ਪਾਂਦਾ ਹੈ, ਉਹ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ) । ਹੇ ਪ੍ਰਭੂ ! ਤੂੰ ਆ ਕੇ ਮੇਰੇ ਮਨ ਵਿਚ ਮੇਰੇ ਤਨ ਵਿਚ ਮੇਰੇ ਮੂੰਹ ਵਿਚ ਕਿਉਂ ਨਹੀਂ ਵੱਸਦਾ ? (ਤਾ ਕਿ ਮੇਰਾ ਜੀਵਨ ਰੁੱਖਾ ਨ ਹੋ ਜਾਏ) ।

ਜਿਸ ਜੀਵ ਦੇ ਮਨ ਵਿਚ ਤਨ ਵਿਚ ਸਾਰੇ ਜਗਤ ਦਾ ਆਸਰਾ ਪ੍ਰਭੂ ਆ ਵੱਸਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ। ਉਸ ਨੂੰ ਚੌਹਾਂ ਖਾਣੀਆਂ ਦੇ ਜੀਵਾਂ ਵਿਚ ਹਰੇਕ ਘਟ ਵਿਚ ਪ੍ਰਭੂ ਦੀ ਹੀ ਜੋਤਿ ਸਮਾਈ ਦਿੱਸਦੀ ਹੈ।

ਹੇ ਦਿਆਲ ਦਾਤਾਰ ! ਮੈਨੂੰ ਆਪਣਾ ਦਰਸਨ ਦੇਹ, ਮੈਨੂੰ (ਚੰਗੀ) ਅਕਲ ਦੇਹ,

(ਜਿਸ ਕਰਕੇ) ਮੈਂ ਉੱਚੀ ਆਤਮਕ ਅਵਸਥਾ ਹਾਸਲ ਕਰ ਸਕਾਂ (ਤੇ ਤੈਨੂੰ ਹਰ ਥਾਂ ਵੇਖ ਸਕਾਂ)।

ਹੇ ਨਾਨਕ ! ਜਿਸ ਮਨੁੱਖ ਦੀ ਪ੍ਰੀਤ ਜਿਸ ਦਾ ਪਿਆਰ ਪਰਮਾਤਮਾ ਨਾਲ ਬਣ ਜਾਂਦਾ ਹੈ, ਉਹ ਪ੍ਰੇਮੀ ਪ੍ਰਭੂ ਦੇ ਪਿਆਰ ਵਿਚ (ਜੁੜ ਕੇ) ਉਸ ਦੇ ਗੁਣ ਆਨੰਦ ਨਾਲ ਯਾਦ ਕਰਦਾ ਹੈ। ੧੪।

ਭਾਵ :–ਪਰਮਾਤਮਾ ਦੀ ਯਾਦ ਭੁਲਾਇਆਂ ਮਨੁੱਖ ਦੇ ਅੰਦਰ ਕੋਰਾ-ਪਨ ਜ਼ੋਰ ਪਾ ਲੈਂਦਾ ਹੈ, ਉਹ ਕੋਰਾ-ਪਨ ਉਸ ਦੇ ਜੀਵਨ ਵਿਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ। ਪਰਮਾਤਮਾ ਦੀ ਸਿਫ਼ਤਿ-ਸਾਲਾਹ ਹੀ ਮਨੁੱਖ ਦੇ ਅੰਦਰ ਉੱਚੀ ਆਤਮਕ ਅਵਸਥਾ ਪੈਦਾ ਕਰਦੀ ਹੈ ਤੇ ਕਾਇਮ ਰੱਖਦੀ ਹੈ।

ਮਾਘਿ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ ॥ ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥ ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ ਤੁਧੁ ਭਾਵਾ ਸਰਿ ਨਾਵਾ ॥ ਗੰਗ ਜਮੁਨ ਤਹ ਬੇਣੀ ਸੰਗਮ ਸਾਤ ਸਮੁੰਦ ਸਮਾਵਾ ॥ ਪੁੰਨ ਦਾਨ ਪੂਜਾ, ਪਰਮੇਸੁਰ ਜੁਗਿ ਜੁਗਿ ਏਕੋ ਜਾਤਾ ॥ ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥ ੧੫ ॥

ਪਦ ਅਰਥ :–ਮਾਘਿ–ਮਾਘ (ਮਹੀਨੇ) ਵਿਚ। ਪੁਨੀਤ–ਪਵਿਤ੍ਰ। ਤੀਰਥੁ–ਪਵਿਤ੍ਰ ਅਸਥਾਨ (ਖ਼ਾਸ ਤੌਰ ਤੇ ਉਹ) ਜੋ ਕਿਸੇ ਨਦੀ ਆਦਿਕ ਦੇ ਨੇੜੇ ਹੋਵੇ। ਅੰਤਰਿ–ਹਿਰਦੇ ਵਿਚ। ਜਾਨਿਆ–ਪਛਾਣ ਲਿਆ, ਲੱਭ ਲਿਆ। ਸਹਜਿ–ਸਹਜ ਵਿਚ, ਅਡੋਲ ਅਵਸਥਾ ਵਿਚ। ਗਹਿ–ਗ੍ਰਹਿਣ ਕਰ ਕੇ। ਅੰਕੇ–ਅੰਕ ਵਿਚ, ਹਿਰਦੇ ਵਿਚ। ਸੁਣਿ–(ਤੇਰੇ ਗੁਣ) ਸੁਣ ਕੇ। ਬੰਕੇ–ਸੋਹਣੇ। ਸਰਿ–ਸਰੋਵਰ ਵਿਚ, ਤੀਰਥ ਉਤੇ। ਨਾਵਾ–ਨ੍ਹਾਵਾਂ, ਇਸ਼ਨਾਨ ਕਰ ਲੈਂਦਾ ਹਾਂ। ਤਹ–ਉਸ ਆਤਮਕ ਅਵਸਥਾ ਵਿਚ। ਬੇਣੀ ਸੰਗਮ–ਤ੍ਰਿਬੇਣੀ, ਗੰਗਾ ਜਮਨਾ ਸਰਸ੍ਵਤੀ ਤਿੰਨਾਂ ਪਵਿਤ੍ਰ ਨਦੀਆਂ ਦਾ ਮਿਲਾਪ-ਅਸਥਾਨ। ਜਪਿ–ਜਪ ਕੇ। ਜਾਤਾ–ਡੂੰਘੀ ਸਾਂਝ ਪਾ ਲਈ।

ਅਰਥ :–ਮਾਘ (ਮਹੀਨੇ) ਵਿਚ (ਲੋਕ ਪ੍ਰਯਾਗ ਆਦਿਕ ਤੀਰਥ ਉਤੇ ਇਸ਼ਨਾਨ ਕਰਨ ਵਿਚ ਪਵਿਤ੍ਰਤਾ ਮੰਨਦੇ ਹਨ ਪਰ) ਜਿਸ ਜੀਵ ਨੇ ਆਪਣੇ ਹਿਰਦੇ ਵਿਚ ਹੀ ਤੀਰਥ ਪਛਾਣ ਲਿਆ ਹੈ ਉਸ ਦੀ ਜਿੰਦ ਪਵਿਤ੍ਰ ਹੋ ਜਾਂਦੀ ਹੈ। ਜੋ ਜੀਵ ਪਰਮਾਤਮਾ ਦੇ ਗੁਣ ਆਪਣੇ ਹਿਰਦੇ ਵਿਚ ਵਸਾ ਕੇ ਉਸ ਦੇ ਚਰਨਾਂ ਵਿਚ ਲੀਨ ਹੁੰਦਾ ਹੈ, ਉਹ ਅਡੋਲ ਅਵਸਥਾ ਵਿਚ ਟਿਕ ਜਾਂਦਾ ਹੈ ਜਿਥੇ ਉਸ ਨੂੰ ਸੱਜਣ-ਪ੍ਰਭੂ ਮਿਲ ਪੈਂਦਾ ਹੈ।

ਹੇ ਸੋਹਣੇ ਪ੍ਰੀਤਮ ਪ੍ਰਭੂ ! ਜੇ ਤੇਰੇ ਗੁਣ ਮੈਂ ਆਪਣੇ ਹਿਰਦੇ ਵਿਚ ਵਸਾ ਕੇ ਤੇਰੀ

ਸਿਫ਼ਤਿ-ਸਾਲਾਹ ਸੁਣ ਕੇ ਤੈਨੂੰ ਚੰਗਾ ਲੱਗਣ ਲੱਗ ਪਵਾਂ, ਤਾਂ ਮੈਂ ਤੀਰਥ ਉਤੇ ਇਸ਼ਨਾਨ ਕਰ ਲਿਆ (ਸਮਝਦਾ ਹਾਂ)। ਤੇਰੇ ਚਰਨਾਂ ਵਿਚ ਲੀਨਤਾ ਵਾਲੀ ਅਵਸਥਾ ਹੀ ਗੰਗਾ ਜਮਨਾ ਸਰਸ੍ਵਤੀ ਤਿੰਨਾਂ ਨਦੀਆਂ ਦਾ ਮਿਲਾਪ-ਥਾਂ ਹੈ ਤ੍ਰਿਬੇਣੀ ਹੈ, ਉਥੇ ਹੀ ਮੈਂ ਸੱਤੇ ਸਮੁੰਦਰ ਸਮਾਏ ਮੰਨਦਾ ਹਾਂ।

ਜਿਸ ਮਨੁੱਖ ਨੇ ਹਰੇਕ ਜੁਗ ਵਿਚ ਵਿਆਪਕ ਪਰਮੇਸਰ ਨਾਲ ਸਾਂਝ ਪਾ ਲਈ ਉਸ ਨੇ (ਤੀਰਥ-ਇਸ਼ਨਾਨ ਆਦਿਕ) ਸਾਰੇ ਪੁੰਨ ਕਰਮ ਦਾਨ ਤੇ ਪੂਜਾ ਕਰਮ ਕਰ ਲਏ।

ਹੇ ਨਾਨਕ! ਮਾਘ ਮਹੀਨੇ ਵਿਚ (ਤੀਰਥ-ਇਸ਼ਨਾਨ ਆਦਿਕ ਦੇ ਥਾਂ) ਜਿਸ ਨੇ ਪ੍ਰਭੂ ਦਾ ਨਾਮ ਸਿਮਰ ਕੇ ਪ੍ਰਭੂ-ਨਾਮ ਦਾ ਮਹਾ ਰਸ ਪੀ-ਲਿਆ, ਉਸ ਨੇ ਅਠਾਹਠ ਹੀ ਤੀਰਥਾਂ ਦਾ ਇਸ਼ਨਾਨ ਕਰ ਲਿਆ। ੧੫।

ਭਾਵ :-ਮਾਘੀ ਵਾਲੇ ਦਿਨ ਲੋਕ ਪ੍ਰਯਾਗ ਆਦਿਕ ਤੀਰਥ ਉਤੇ ਇਸ਼ਨਾਨ ਕਰਨ ਵਿਚ ਪਵਿੱਤ੍ਰਤਾ ਮੰਨਦੇ ਹਨ। ਪਰ ਪਰਮਾਤਮਾ ਦੀ ਸਿਫ਼ਤਿ-ਸਾਲਾਹ ਹਿਰਦੇ ਵਿਚ ਵਸਾਣੀ ਹੀ ਅਠਾਹਠ ਤੀਰਥਾਂ ਦਾ ਇਸ਼ਨਾਨ ਹੈ।

ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ॥ ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ॥ ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥ ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥ ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥ ੧੬॥

ਪਦ ਅਰਥ :-ਮਨਿ-ਮਨ ਵਿਚ। ਰਹਸੀ-ਖ਼ੁਸ਼ ਹੋਈ, ਖਿੜ ਪਈ। ਸੁਭਾਇਆ -ਚੰਗਾ ਲੱਗਾ। ਅਨਦਿਨੁ-ਹਰ ਰੋਜ਼। ਰਹਸੁ-ਖਿੜਾਉ, ਆਨੰਦ। ਆਪੁ-ਆਪਾ-ਭਾਵ। ਮਨ ਮੋਹੁ-ਮਨ ਦਾ ਮੋਹ, ਮਨ (ਵਿਚ ਪੈਦਾ ਹੋਇਆ ਮਾਇਆ) ਦਾ ਮੋਹ। ਤਿਸੁ-ਉਸ (ਪ੍ਰਭੂ) ਨੂੰ। ਆਓ-ਆਗਮਨ, ਨਿਵਾਸ। ਘਰਿ-ਹਿਰਦੇ-ਘਰ। ਕਰੀ-ਕਰੀਂ, ਮੈਂ ਕਰਦੀ ਹਾਂ। ਮਹਲੀ-ਪ੍ਰਭੂ ਦੇ ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ। ਲਹਾ ਨ-ਮੈਂ ਨਹੀਂ ਲੱਭ ਸਕਦੀ। ਥਾਓ-ਥਾਉ, ਥਾਂ। ਪਾਟ ਪਟੰਬਰ-ਪਾਟ ਪਟ ਅੰਬਰ, ਰੇਸ਼ਮ ਦੇ ਕੱਪੜੇ। ਪਿਰਿ-ਪਿਰ ਨੇ। ਲੋੜੀ-ਲੋੜ ਲਈ, ਪਸੰਦ ਕਰ ਲਈ। ਗੁਰਿ ਆਪਣੈ-ਆਪਣੇ ਗੁਰੂ ਦੀ ਰਾਹੀਂ। ਘਰਿ-ਹਿਰਦੇ-ਘਰ ਵਿਚ। ਵਰੁ-ਖਸਮ-ਪ੍ਰਭੂ।

ਅਰਥ :-(ਸਿਆਲੀ ਰੁੱਤ ਦੀ ਕਰੜੀ ਸਰਦੀ ਪਿਛੋਂ ਬਹਾਰ ਫਿਰਨ ਤੇ) ਫੱਗਣ ਦੇ ਮਹੀਨੇ ਵਿਚ (ਲੋਕ ਹੋਲੀਆਂ ਦੇ ਰੰਗ-ਤਮਾਸ਼ਿਆਂ ਦੀ ਰਾਹੀਂ ਖ਼ੁਸ਼ੀਆਂ ਮਨਾਂਦੇ ਹਨ, ਪਰ ਜਿਸ ਜੀਵ-ਇਸਤ੍ਰੀ ਨੂੰ ਆਪਣੇ ਮਨ ਵਿਚ) ਪ੍ਰਭੂ ਦਾ ਪਿਆਰ ਮਿੱਠਾ ਲੱਗਾ, ਉਸ

ਦੇ ਮਨ ਵਿਚ ਅਸਲ ਆਨੰਦ ਪੈਦਾ ਹੋਇਆ ਹੈ; ਜਿਸ ਨੇ ਆਪਾ-ਭਾਵ ਗਵਾਇਆ ਹੈ, ਉਸ ਦੇ ਅੰਦਰ ਹਰ ਵੇਲੇ ਹੀ ਖਿੜਾਉ ਬਣਿਆ ਰਹਿੰਦਾ ਹੈ।

(ਪਰ ਆਪਾ-ਭਾਵ ਗਵਾਣਾ ਕੋਈ ਸੌਖੀ ਖੇਡ ਨਹੀਂ ਹੈ) ਜਦੋਂ ਪ੍ਰਭੂ ਆਪ ਹੀ ਮਿਹਰ ਕਰਦਾ ਹੈ, ਤਾਂ ਜੀਵ ਆਪਣੇ ਮਨ ਵਿਚੋਂ ਮਾਇਆ ਦਾ ਮੋਹ ਮੁਕਾਂਦਾ ਹੈ, ਪ੍ਰਭੂ ਭੀ ਮਿਹਰ ਕਰ ਕੇ ਉਸ ਦੇ ਹਿਰਦੇ-ਘਰ ਵਿਚ ਆ ਪ੍ਰਵੇਸ਼ ਕਰਦਾ ਹੈ।

ਪ੍ਰਭੂ-ਮਿਲਾਪ ਤੋਂ ਬਿਨਾ ਹੀ ਮੈਂ ਬਥੇਰੇ (ਧਾਰਮਿਕ) ਸਿੰਗਾਰ (ਬਾਹਰੋਂ ਦਿੱਸਦੇ ਧਾਰਮਿਕ ਕੰਮ) ਕੀਤੇ, ਪਰ ਉਸ ਦੇ ਚਰਨਾਂ ਵਿਚ ਮੈਨੂੰ ਟਿਕਾਣਾ ਨਾਹ ਹੀ ਮਿਲਿਆ। ਹਾਂ, ਜਿਸ ਨੂੰ ਪਤੀ-ਪ੍ਰਭੂ ਨੇ ਪਸੰਦ ਕਰ ਲਿਆ, ਉਹ ਸਾਰੇ ਹਾਰ-ਸਿੰਗਾਰਾਂ ਰੇਸ਼ਮੀ ਕੱਪੜਿਆਂ ਨਾਲ ਸਿੰਗਾਰੀ ਗਈ।

ਹੇ ਨਾਨਕ ! ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਨੇ ਆਪਣੇ ਗੁਰੂ ਦੀ ਰਾਹੀਂ (ਆਪਣੇ ਨਾਲ) ਮਿਲਾ ਲਿਆ, ਉਸ ਨੂੰ ਹਿਰਦੇ-ਘਰ ਵਿਚ ਹੀ ਖਸਮ-ਪ੍ਰਭੂ ਮਿਲ ਪਿਆ। ੧੬।

ਭਾਵ :—ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਸਿਫ਼ਤਿ-ਸਾਲਾਹ ਦੀ ਰਾਹੀਂ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰਦਾ ਹੈ,ਉਸ ਨੂੰ ਆਪਣੇ-ਅੰਦਰ-ਵੱਸਦਾ ਪਰਮਾਤਮਾ ਮਿਲ ਪੈਂਦਾ ਹੈ। ਪਰ ਇਹ ਆਪਾ-ਭਾਵ ਦੂਰ ਕਰਨਾ ਕੋਈ ਸੌਖੀ ਖੇਡ ਨਹੀਂ, ਉਹ ਹੀ ਦੂਰ ਕਰਦਾ ਹੈ ਜਿਸ ਉਤੇ ਪਰਮਾਤਮਾ ਮਿਹਰ ਕਰੇ।

ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥ ਘੜੀ ਮੂਰਤ ਪਲ, ਸਾਚੇ ਆਏ ਸਹਜਿ ਮਿਲੇ ॥ ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ ॥ ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ ॥ ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ॥ ਨਾਨਕ ਅਹਿ ਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ ॥ ੧੭ ॥ ੧ ॥

ਪਦ ਅਰਥ :—ਬੇ—ਦੋ। ਬੇ ਦਸ—ਦੋ ਤੇ ਦਸ, ਬਾਰਾਂ। ਬੇ ਦਸ ਮਾਹ—ਬਾਰਾਂ ਹੀ ਮਹੀਨੇ। ਰੁਤੀ—ਰੁੱਤਾਂ। ਥਿਤੀ—ਥਿੱਤਾਂ [ਚੰਦ੍ਰਮਾ ਦੇ ਵਧਣ ਘਟਣ ਨਾਲ ਏਕਮ ਦੂਜ ਤੀਜ ਆਦਿਕ]। ਵਾਰ—ਦਿਨ। ਭਲੇ—ਸੁਲੱਖਣੇ, ਭਾਗਾਂ ਵਾਲੇ, ਚੰਗੇ। ਮੂਰਤ—ਮੁਹੂਰਤ। ਸਾਚੇ—ਸਦਾ-ਥਿਰ ਪ੍ਰਭੂ ਜੀ [ਆਦਰ ਵਾਸਤੇ ਬਹੁ ਵਚਨ]। ਆਇ—ਆਇ, ਆ ਕੇ। ਸਹਜਿ—ਅਡੋਲ ਅਵਸਥਾ ਵਿਚ, ਅਡੋਲ ਹੋਏ ਹਿਰਦੇ ਵਿਚ। ਸਾਰੇ—ਸਿਰੇ ਚੜ੍ਹ ਗਏ, ਸਫਲ ਹੋ ਗਏ। ਬਿਧਿ—ਢੰਗ, ਜੁਗਤਿ। ਜਿਨਿ—ਜਿਸ (ਪ੍ਰਭੂ) ਨੇ। ਸੀਗਾਰੀ—ਸੰਵਾਰ ਦਿੱਤੀ, ਮਨ ਪਵਿਤ੍ਰ ਕਰ ਦਿੱਤਾ। ਤਿਸਹਿ—ਉਸੇ (ਪ੍ਰਭੂ) ਨੂੰ। ਰੰਗੁ—ਆਤਮਕ ਆਨੰਦ। ਘਰਿ—ਹਿਰਦੇ ਵਿਚ। ਪਿਰਿ—ਪਿਰ ਨੇ। ਰਾਵੀ—ਮਿਲਾ ਲਈ। ਮਸਤਕਿ—ਮੱਥੇ ਉਤੇ।

ਅਹਿ—ਦਿਨ। ਨਿਸਿ—ਰਾਤ। ਥਿਰੁ—ਸਦਾ ਕਾਇਮ। ਸੋਹਾਗੋ—ਚੰਗਾ ਭਾਗ।

ਅਰਥ :—ਜਿਸ ਜੀਵ-ਇਸਤ੍ਰੀ ਦੇ ਅਡੋਲ ਹੋਏ ਹਿਰਦੇ ਵਿਚ ਸਦਾ ਥਿਰ ਰਹਿਣ ਵਾਲਾ ਪਰਮਾਤਮਾ ਆ ਟਿਕਦਾ ਹੈ, ਉਸ ਨੂੰ ਬਾਰਾਂ ਹੀ ਮਹੀਨੇ, ਸਾਰੀਆਂ ਰੁੱਤਾਂ, ਸਾਰੀਆਂ ਥਿੱਤਾਂ, ਸਾਰੇ ਦਿਨ, ਸਾਰੀਆਂ ਘੜੀਆਂ, ਸਾਰੇ ਮੁਹੂਰਤ ਤੇ ਪਲ ਸੁਲੱਖਣੇ ਜਾਪਦੇ ਹਨ (ਉਸ ਨੂੰ ਕਿਸੇ ਸੰਗ੍ਰਾਂਦ ਮੱਸਿਆ ਆਦਿਕ ਦੀ ਹੀ ਪਵਿਤ੍ਰਤਾ ਦਾ ਭਰਮ-ਭੁਲੇਖਾ ਨਹੀਂ ਰਹਿੰਦਾ)।

(ਉਹ ਜੀਵ-ਇਸਤ੍ਰੀ ਕਿਸੇ ਕੰਮ ਨੂੰ ਸ਼ੁਰੂ ਕਰਨ ਵਾਸਤੇ ਕੋਈ ਖ਼ਾਸ ਮੁਹੂਰਤ ਨਹੀਂ ਭਾਲਦੀ, ਉਸ ਨੂੰ ਇਹ ਯਕੀਨ ਹੁੰਦਾ ਹੈ ਕਿ) ਜਦੋਂ ਪਿਆਰਾ ਪ੍ਰਭੂ ਮਿਲ ਪਥੇ (ਭਾਵ, ਪਰਮਾਤਮਾ ਦਾ ਆਸਰਾ ਲਿਆਂ) ਸਭ ਕੰਮ ਰਾਸ ਆ ਜਾਂਦੇ ਹਨ, ਕਰਤਾਰ ਹੀ (ਜੀਵ ਨੂੰ ਸਫਲਤਾ ਦੇਣ ਦੀਆਂ) ਸਾਰੀਆਂ ਬਿਧੀਆਂ ਜਾਣਦਾ ਹੈ। (ਪਰ ਇਹ ਸਿਦਕ-ਸਰਧਾ ਦਾ ਆਤਮਕ ਸੋਹਜ ਪਰਮਾਤਮਾ ਆਪ ਹੀ ਦੇਂਦਾ ਹੈ) ਪ੍ਰਭੂ ਨੇ ਆਪ ਹੀ ਜੀਵ-ਇਸਤ੍ਰੀ ਦੇ ਆਤਮਾ ਨੂੰ ਸੰਵਾਰਨਾ ਹੈ; ਤੇ ਆਪ ਹੀ ਉਸ ਨੂੰ ਪਿਆਰਨਾ ਹੈ। (ਉਸ ਦੀ ਮਿਹਰ ਨਾਲ ਹੀ) ਜੀਵ-ਇਸਤ੍ਰੀ ਦਾ ਪ੍ਰਭੂ-ਪਤੀ ਨਾਲ ਮੇਲ ਹੁੰਦਾ ਹੈ, ਤੇ ਉਹ ਆਤਮਕ ਆਨੰਦ ਮਾਣਦੀ ਹੈ।

ਗੁਰੂ ਦੀ ਰਾਹੀਂ ਜਿਸ ਜੀਵ-ਇਸਤ੍ਰੀ ਦੇ ਮੱਥੇ ਦਾ ਲੇਖ ਉੱਘੜਿਆ, (ਉਸ ਅਨੁਸਾਰ) ਜਦੋਂ ਪ੍ਰਭੂ-ਪਤੀ ਨੇ ਉਸ ਨੂੰ ਆਪਣੇ ਚਰਨਾਂ ਨਾਲ ਜੋੜਿਆ, ਉਸ ਦੀ ਹਿਰਦਾ-ਸੇਜ ਸੁੰਦਰ ਹੋ ਗਈ। ਹੇ ਨਾਨਕ ! ਉਸ ਸੁਭਾਗ ਜੀਵ-ਇਸਤ੍ਰੀ ਨੂੰ ਪ੍ਰੀਤਮ-ਪ੍ਰਭੂ ਦਿਨ ਰਾਤ ਮਿਲਿਆ ਰਹਿੰਦਾ ਹੈ, ਪ੍ਰਭੂ-ਪਤੀ ਉਸ ਦਾ ਸਦਾ ਲਈ ਕਾਇਮ ਰਹਿਣ ਵਾਲਾ ਸੁਹਾਗ ਬਣ ਜਾਂਦਾ ਹੈ।੧੭।੧।

ਭਾਵ :—ਜਿਹੜਾ ਮਨੁੱਖ ਪਰਮਾਤਮਾ ਦੀ ਸਿਫ਼ਤਿ-ਸਾਲਾਹ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾਂਦਾ ਹੈ, ਉਸ ਨੂੰ ਕਿਸੇ ਸੰਗ੍ਰਾਂਦ ਮੱਸਿਆ ਆਦਿਕ ਦੀ ਖ਼ਾਸ ਪਵਿੱਤ੍ਰਤਾ ਦਾ ਭਰਮ-ਭੁਲੇਖਾ ਨਹੀਂ ਰਹਿੰਦਾ। ਉਹ ਮਨੁੱਖ ਕਿਸੇ ਕੰਮ ਨੂੰ ਸ਼ੁਰੂ ਕਰਨ ਵਾਸਤੇ ਕੋਈ ਖ਼ਾਸ ਮੁਹੂਰਤ ਨਹੀਂ ਭਾਲਦਾ, ਉਸ ਨੂੰ ਯਕੀਨ ਹੁੰਦਾ ਹੈ ਕਿ ਪਰਮਾਤਮਾ ਦਾ ਆਸਰਾ ਲਿਆਂ ਸਭ ਕੰਮ ਰਾਸ ਆ ਜਾਂਦੇ ਹਨ।

—o—

ਤੁਖਾਰੀ ਮਹਲਾ ੧ ॥ ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ ॥ ਵਖਰੁ ਰਾਖੁ ਮੁਈਏ ਆਵੈ ਵਾਰੀ ਰਾਮ ॥ ਵਾਰੀ ਆਵੈ ਕਵਣੁ ਜਗਾਵੈ ਸੂਤੀ ਜਮ ਰਸੁ ਚੂਸਏ ॥ ਰੈਣਿ ਅੰਧੇਰੀ ਕਿਆ ਪਤਿ ਤੇਰੀ ਚੋਰੁ ਪੜੈ ਘਰੁ ਮੂਸਏ ॥ ਰਾਖਣਹਾਰਾ ਅਗਮ ਅਪਾਰਾ ਸੁਣਿ ਬੇਨੰਤੀ ਮੇਰੀਆ ॥ ਨਾਨਕ ਮੂਰਖੁ ਕਬਹਿ ਨ ਚੇਤੈ ਕਿਆ ਸੂਝੈ ਰੈਣਿ ਅੰਧੇਰੀਆ ॥ ੧॥ਦੂਜਾ ਪਹਰੁ ਭਇਆ ਜਾਗੁ ਅਚੇਤੀ ਰਾਮ॥ਵਖਰੁ ਰਾਖੁ ਮੁਈਏ ਖਾਜੈ ਖੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ ॥ ਜਮ ਮਗਿ ਨ ਜਾਵਹੁ ਨਾ ਦੁਖੁ ਪਾਵਹੁ ਜਮ ਕਾ ਡਰੁ ਭਉ ਭਾਗੈ ॥ ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ ॥ ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ ॥ ੨ ॥ ਤੀਜਾ ਪਹਰੁ ਭਇਆ ਨੀਦ ਵਿਆਪੀ ਰਾਮ ॥ ਮਾਇਆ ਸੁਤ ਦਾਰਾ ਦੂਖਿ ਸੰਤਾਪੀ ਰਾਮ ॥ ਮਾਇਆ ਸੁਤ ਦਾਰਾ ਜਗਤ ਪਿਆਰਾ ਚੋਗ ਚੁਗੈ ਨਿਤ ਫਾਸੈ ॥ ਨਾਮੁ ਧਿਆਵੈ ਤਾ ਸੁਖੁ ਪਾਵੈ ਗੁਰਮਤਿ ਕਾਲੁ ਨ ਗ੍ਰਾਸੈ ॥ ਜੰਮਣੁ ਮਰਣੁ ਕਾਲੁ ਨਹੀ ਛੋਡੈ ਵਿਣੁ ਨਾਵੈ ਸੰਤਾਪੀ ॥ ਨਾਨਕ ਤੀਜੈ ਤ੍ਰਿਬਿਧਿ ਲੋਕਾ ਮਾਇਆ ਮੋਹਿ ਵਿਆਪੀ ॥ ੩ ॥ ਚਉਥਾ ਪਹਰੁ ਭਇਆ ਦਉਤੁ ਬਿਹਾਗੈ ਰਾਮ ॥ ਤਿਨ ਘਰੁ ਰਾਖਿਅੜਾ ਜੁੋ ਅਨਦਿਨੁ ਜਾਗੈ ਰਾਮ ॥ ਗੁਰ ਪੂਛਿ ਜਾਗੇ ਨਾਮਿ ਲਾਗੇ ਤਿਨਾ ਰੈਣਿ ਸੁਹੇਲੀਆ ॥ ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭੁ ਬੇਲੀਆ ॥ ਕਰ ਕੰਪਿ ਚਰਣ ਸਰੀਰੁ ਕੰਪੈ, ਨੈਣ ਅੰਧੁਲੇ ਤਨੁ ਭਸਮ ਸੇ ॥ ਨਾਨਕ ਦੁਖੀਆ ਜੁਗ ਚਾਰੇ ਬਿਨੁ ਨਾਮ ਹਰਿ ਕੇ ਮਨਿ ਵਸੇ ॥ ੪ ॥ ਖੂਲੀ ਗੰਠਿ ਉਠੋ ਲਿਖਿਆ ਆਇਆ ਰਾਮ ॥ ਰਸ ਕਸ ਸੁਖ ਠਾਕੇ ਬੰਧਿ ਚਲਾਇਆ ਰਾਮ ॥ ਬੰਧਿ ਚਲਾਇਆ ਜਾ ਪ੍ਰਭ ਭਾਇਆ ਨਾ ਦੀਸੈ ਨਾ ਸੁਣੀਐ ॥ ਆਪਣ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥ ਨਾਨਕ ਸੁਰਿ ਨਰ ਸਬਦਿ ਮਿਲਾਏ ਤਿਨਿ ਪ੍ਰਭਿ ਕਾਰਣੁ ਕੀਆ ॥ ੫ ॥ ੨ ॥

ਪਦ ਅਰਥ :–ਪਹਿਲੈ ਪਹਰੈ–(ਰਾਤ ਦੇ) ਪਹਿਲੇ ਪਹਰ ਵਿਚ, (ਜ਼ਿੰਦਗੀ ਦੀ ਰਾਤ ਦੇ) ਪਹਿਲੇ ਪਹਰ ਵਿਚ, ਉਮਰ ਦੇ ਪਹਿਲੇ ਹਿੱਸੇ ਵਿਚ। ਸਲੋਨੜੀਏ–ਹੇ ਸੋਹਣੇ

ਲੋਇਣਾਂ ਵਾਲੀਏ ! ਹੇ ਸੋਹਣੀਆਂ ਅੱਖਾਂ ਵਾਲੀਏ ! ਰੈਣਿ—ਰਾਤ । ਅੰਧਿਆਰੀ—ਹਨੇਰੀ, ਘੁੱਪ ਹਨੇਰੇ ਵਾਲੀ । ਰੈਣਿ ਅੰਧਿਆਰੀ—ਘੁੱਪ ਹਨੇਰੀ ਰਾਤ (ਜਿਸ ਵਿਚ ਅੱਖਾਂ ਨੂੰ ਕੁਝ ਭੀ ਨਹੀਂ ਦਿੱਸਦਾ) । ਵਖਰੁ—ਸੌਦਾ । ਰਾਖੁ—ਸੰਭਾਲ ਲੈ । ਮੁਈਏ ! ਹੇ ਮੁਈ ਹੋਈ ਇਸਤ੍ਰੀਏ ! ਹੇ ਆਤਮਕ ਜੀਵਨ ਵਲੋਂ ਮਰੀ ਹੋਈ ਜੀਵ-ਇਸਤ੍ਰੀਏ ! ਹੇ ਆਤਮਕ ਮੌਤ ਸਹੇੜ ਰਹੀ ਜੀਵ-ਇਸਤ੍ਰੀਏ ! ਆਵੈ—ਆ ਰਹੀ ਹੈ । ਕਵਣੁ—ਕੌਣ ? ਸੁਤੀ—ਸੁੱਤੀ ਹੋਈ, ਮਾਇਆ ਦੇ ਮੋਹ ਵਿਚ ਗ਼ਾਫ਼ਿਲ ਹੋ ਰਹੀ । ਜਮ ਰਸੁ—ਜਮ ਦਾ ਰਸ, ਜਮਾਂ ਨਾਲ ਵਾਹ ਪਾਣ ਵਾਲਾ ਮਾਇਕ ਪਦਾਰਥਾਂ ਦਾ ਰਸ । ਚੂਸਏ—[ਵਰਤਮਾਨ ਕਾਲ, ਅੱਨ ਪੁਰਖ,ਇਕ ਵਚਨ] ਚੂਸੈ, ਚੂਸਦੀ ਰਹਿੰਦੀ ਹੈ। ਰੈਣਿ ਅੰਧੇਰੀ—ਹਨੇਰੀ ਰਾਤ । ਪਤਿ—ਇੱਜ਼ਤ । ਕਿਆ ਪਤਿ ਤੇਰੀ—ਤੇਰੀ ਕੀਹ ਇੱਜ਼ਤ ਹੋਵੇਗੀ ? ਤੈਨੂੰ ਇੱਜ਼ਤ ਨਹੀਂ ਮਿਲੇਗੀ । ਮੂਸਏ—ਮੂਸੈ, ਲੁੱਟਦਾ ਹੈ । ਅਗਮ—ਹੇ ਅਪਹੁੰਚ ! ਅਪਾਰਾ—ਹੇ ਬੇਅੰਤ ! ਨਾਨਕ—ਹੇ ਨਾਨਕ ! ਕਿਆ ਸੂਝੈ—ਕੀਹ ਸੁੱਝਦਾ ਹੈ ? ਕੁਝ ਭੀ ਨਹੀਂ ਦਿੱਸਦਾ । ੧ ।

ਅਰਥ :—ਹੇ ਸੋਹਣੇ ਨੈਤ੍ਰਾਂ ਵਾਲੀਏ ! (ਹੇ ਜੀਵ-ਇਸਤ੍ਰੀਏ ! ਆਤਮਕ ਜੀਵਨ ਦਾ ਰਸਤਾ ਵੇਖਣ ਲਈ ਤੈਨੂੰ ਸੋਹਣੇ ਗਿਆਨ-ਨੇਤ੍ਰ ਮਿਲੇ ਸਨ, ਪਰ ਜ਼ਿੰਦਗੀ ਦੀ ਰਾਤ ਦੇ) ਪਹਿਲੇ ਹਿੱਸੇ ਵਿਚ (ਤੇਰੀਆਂ ਉਹਨਾਂ) ਅੱਖਾਂ ਵਾਸਤੇ (ਅਗਿਆਨਤਾ ਦੀ) ਹਨੇਰੀ ਰਾਤ (ਬਣੀ ਰਹਿੰਦੀ ਹੈ) । (ਇਸ ਆਤਮਕ ਹਨੇਰੇ ਵਿਚ ਰਹਿ ਕੇ) ਹੇ ਆਤਮਕ ਮੌਤ ਸਹੇੜ ਰਹੀ ਜੀਵ-ਇਸਤ੍ਰੀਏ ! (ਹੋਸ਼ ਕਰ, ਆਪਣੇ ਆਤਮਕ ਜੀਵਨ ਦਾ) ਸੌਦਾ ਸਾਂਭ ਕੇ ਰੱਖ, (ਜਿਹੜੀ ਭੀ ਜੀਵ-ਇਸਤ੍ਰੀ ਇਥੇ ਆਉਂਦੀ ਹੈ, ਇਥੋਂ ਚਲੇ ਜਾਣ ਵਾਸਤੇ ਹਰੇਕ ਦੀ) ਵਾਰੀ ਆ ਜਾਂਦੀ ਹੈ । (ਜ਼ਰੂਰ ਹਰੇਕ ਦੀ) ਵਾਰੀ ਆ ਜਾਂਦੀ ਹੈ । (ਪਰ ਜਿਹੜੀ ਜੀਵ-ਇਸਤ੍ਰੀ ਮਾਇਆ ਦੇ ਮੋਹ ਵਿਚ ਫਸ ਕੇ ਆਤਮਕ ਜੀਵਨ ਵਲੋਂ) ਬੇ-ਪਰਵਾਹ ਹੋਈ ਰਹਿੰਦੀ ਹੈ, ਉਹ ਜਮਾਂ ਨਾਲ ਵਾਹ ਪਾਣ ਵਾਲਾ ਮਾਇਕ ਪਦਾਰਥਾਂ ਦਾ ਰਸ ਚੂਸਦੀ ਰਹਿੰਦੀ ਹੈ ? (ਅਜਿਹੀ ਨੂੰ) ਜਗਾਏ ਭੀ ਕੌਣ ?

ਹੇ ਸੋਹਣੇ ਨੈਣਾਂ ਵਾਲੀਏ ! (ਜੇ ਆਤਮਕ ਜੀਵਨ ਵਲੋਂ ਤੇਰੀਆਂ ਅੱਖਾਂ ਵਾਸਤੇ) ਹਨੇਰੀ ਰਾਤ (ਹੀ ਬਣੀ ਰਹੀ, ਤਾਂ) (ਲੋਕ ਪਰਲੋਕ ਵਿਚ ਕਿਤੇ ਭੀ) ਤੈਨੂੰ ਇੱਜ਼ਤ ਨਹੀਂ ਮਿਲੇਗੀ । (ਅਜਿਹੀ ਸੁੱਤੀ ਹੋਈ ਜੀਵ-ਇਸਤ੍ਰੀ ਦੇ ਹਿਰਦੇ-ਘਰ ਵਿਚ ਕਾਮਾਦਿਕ ਹਰੇਕ) ਚੋਰ ਸੰਨ੍ਹ ਲਾਈ ਰੱਖਦਾ ਹੈ (ਤੇ, ਉਸ ਦਾ ਹਿਰਦਾ-) ਘਰ ਲੁੱਟ ਲੈਂਦਾ ਹੈ ।

ਹੇ ਨਾਨਕ ! (ਆਖ —) ਹੇ ਰੱਖਿਆ ਕਰ ਸਕਣ ਵਾਲੇ ਪ੍ਰਭੂ ! ਹੇ ਅਪਹੁੰਚ ਪ੍ਰਭੂ! ਹੇ ਬੇ-ਅੰਤ ਪ੍ਰਭੂ ! ਮੇਰੀ ਬੇਨਤੀ ਸੁਣ (ਮੇਰੀ ਜੀਵਨ-ਰਾਤ ਨੂੰ ਵਿਕਾਰਾਂ ਦਾ ਘੁੱਪ ਹਨੇਰਾ ਦਬਾਈ ਨਾਹ ਰੱਖੇ)। ਹੇ ਨਾਨਕ ! ਮੂਰਖ ਮਨੁੱਖ ਕਦੇ ਭੀ (ਪਰਮਾਤਮਾ ਨੂੰ) ਯਾਦ ਨਹੀਂ ਕਰਦਾ (ਵਿਕਾਰਾਂ ਦੀ ਘੁੱਪ) ਹਨੇਰੀ (ਜੀਵਨ-) ਰਾਤ ਵਿਚ (ਉਸ ਨੂੰ ਆਤਮਕ ਜੀਵਨ

ਦਾ ਸਹੀ ਰਸਤਾ) ਸੁੱਝਦਾ ਹੀ ਨਹੀਂ । ੧ ।

ਪਦ ਅਰਥ:—ਜਾਗੁ—ਸੁਚੇਤ ਹੋ । ਅਚੇਤੀ—ਹੇ ਅਚੇਤ ਜੀਵ-ਇਸਤ੍ਰੀਏ! ਹੇ ਗ਼ਾਫ਼ਿਲ ਜੀਵ-ਇਸਤ੍ਰੀਏ ! ਖਾਜੈ—ਖਾਧੀ ਜਾ ਰਹੀ ਹੈ । ਖੇਤੀ—ਆਤਮਕ ਗੁਣਾਂ ਵਾਲੀ ਫ਼ਸਲ । ਹੇਤੀ—ਹੇਤਿ, ਪਿਆਰ ਦੀ ਬਰਕਤਿ ਨਾਲ । ਜਾਗਤ—(ਵਿਕਾਰਾਂ ਦੇ ਹੱਲੇ ਵੱਲੋਂ) ਸੁਚੇਤ ਰਿਹਾਂ । ਚੋਰੁ—(ਕਾਮਾਦਿਕ ਕੋਈ ਭੀ) ਚੋਰ [ਇਕ ਵਚਨ] । ਮਗਿ—ਰਸਤ ਉੱਤੇ [ਮਾਰਗ —ਰਸਤਾ] । ਭਾਗੈ—ਭੱਜ ਜਾਂਦਾ ਹੈ । ਰਵਿ—ਸੂਰਜ, ਗਿਆਨ, ਆਤਮਕ ਜੀਵਨ ਦੀ ਸੂਝ । ਸਸਿ—ਚੰਦ੍ਰਮਾ, ਸੀਤਲਤਾ, ਸ਼ਾਂਤੀ । ਦੀਪਕ—ਦੀਵੇ । ਦੁਆਰੈ—ਦਰ ਤੇ । ਮਨਿ—ਮਨ ਵਿਚ । ਸਾਚਾ—ਸਦਾ-ਥਿਰ ਪ੍ਰਭੂ । ਮੁਖਿ—ਮੂੰਹ ਨਾਲ । ਧਿਆਵਏ—ਧਿਆਵੈ, ਧਿਆਉਂਦਾ ਹੈ [ਇਕ ਵਚਨ] । ਨਾਨਕ—ਹੇ ਨਾਨਕ! ਅਜਹੁ—ਅਜੇ ਭੀ । ਕਿਵ—ਕਿਵੇਂ? ਦੂਜੈ—(ਪਰਮਾਤਮਾ ਨੂੰ ਛੱਡ ਕੇ) ਹੋਰ (ਦੇ ਪਿਆਰ) ਵਿਚ । ਪਾਵਏ—ਪਾਵੈ, ਪਾ ਸਕਦਾ ਹੈ । ੨ ।

ਅਰਥ:—ਹੇ ਗ਼ਾਫ਼ਿਲ ਜੀਵ-ਇਸਤ੍ਰੀ ! (ਹੁਣ ਤਾਂ ਤੇਰੀ ਜ਼ਿੰਦਗੀ ਦੀ ਰਾਤ ਦਾ) ਦੂਜਾ ਪਹਰ ਲੰਘ ਰਿਹਾ ਹੈ (ਹੁਣ ਤਾਂ ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਸੁਚੇਤ ਹੋ । ਹੇ ਆਤਮਕ ਮੌਤ ਸਹੇੜ ਰਹੀ ਜੀਵ-ਇਸਤ੍ਰੀਏ ! (ਆਪਣੇ ਆਤਮਕ ਜੀਵਨ ਦਾ) ਸੌਦਾ ਸਾਂਭ ਕੇ ਰੱਖ, (ਤੇਰੇ ਆਤਮਕ ਗੁਣਾਂ ਵਾਲੀ) ਫ਼ਸਲ (ਵਿਕਾਰਾਂ ਦੇ ਮੂੰਹ ਆ ਕੇ) ਖਾਧੀ ਜਾ ਰਹੀ ਹੈ ।

ਹੇ ਭਾਈ ! ਹਰੀ ਨਾਲ ਗੁਰੂ ਨਾਲ ਪ੍ਰੇਮ ਪਾ ਕੇ (ਆਪਣੀ ਆਤਮਕ ਗੁਣਾਂ ਵਾਲੀ) ਫ਼ਸਲ ਸਾਂਭ ਕੇ ਰੱਖੋ, (ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਿਹਾਂ (ਕਾਮਾਦਿਕ ਕੋਈ ਭੀ) ਚੋਰ (ਆਤਮਕ ਜੀਵਨ ਦੇ ਧਨ ਨੂੰ) ਸੰਨ੍ਹ ਨਹੀਂ ਲਾ ਸਕਦਾ । ਹੇ ਭਾਈ ! (ਵਿਕਾਰਾਂ ਵਿਚ ਫਸ ਕੇ) ਜਮਾਂ ਦੇ ਰਸਤੇ ਉੱਤੇ ਨਾਹ ਤੁਰੋ, ਅਤੇ ਦੁੱਖ ਨਾਹ ਸਹੇੜੋ । (ਵਿਕਾਰਾਂ ਤੋਂ ਬਚੇ ਰਿਹਾਂ) ਜਮਰਾਜ ਦਾ ਡਰ-ਭਉ ਦੂਰ ਹੋ ਜਾਂਦਾ ਹੈ ।

ਹੇ ਭਾਈ ! ਜਿਸ ਮਨੁੱਖ ਦੇ ਮਨ ਵਿਚ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਵੱਸਦਾ ਰਹਿੰਦਾ ਹੈ, ਜਿਹੜਾ ਮਨੁੱਖ ਆਪਣੇ ਮੂੰਹ ਨਾਲ (ਪਰਮਾਤਮਾ ਦਾ ਨਾਮ) ਸਿਮਰਦਾ ਰਹਿੰਦਾ ਹੈ, ਗੁਰੂ ਦੀ ਮਤਿ ਦੀ ਬਰਕਤਿ ਨਾਲ ਉਸ ਦੇ ਹਿਰਦੇ ਵਿਚ ਗਿਆਨ ਅਤੇ ਸ਼ਾਂਤੀ ਦੇ ਦੀਵੇ ਜਗਦੇ ਰਹਿੰਦੇ ਹਨ ।

ਪਰ, ਹੇ ਨਾਨਕ ! ਮੂਰਖ ਮਨੁੱਖ ਅਜੇ ਭੀ ਪਰਮਾਤਮਾ ਨੂੰ ਯਾਦ ਨਹੀਂ ਕਰਦਾ (ਜਦੋਂ ਕਿ ਉਸ ਦੀ ਜ਼ਿੰਦਗੀ ਦੀ ਰਾਤ ਦਾ ਦੂਜਾ ਪਹਰ ਬੀਤ ਰਿਹਾ ਹੈ । ਪਰਮਾਤਮਾ ਨੂੰ ਭੁਲਾ ਕੇ) ਹੋਰ ਹੋਰ (ਪਿਆਰ) ਵਿਚ ਮਨੁੱਖ ਕਿਸੇ ਭੀ ਹਾਲਤ ਵਿਚ ਆਤਮਕ ਆਨੰਦ ਨਹੀਂ ਲੱਭ ਸਕਦਾ । ੨ ।

ਪਦ ਅਰਥ :—ਨੀਦ ਵਿਆਪੀ—(ਮਾਇਆ ਦੇ ਮੋਹ ਦੀ) ਨੀਂਦ ਆਪਣਾ ਜ਼ੋਰ ਪਾਈ ਰੱਖਦੀ ਹੈ। ਸੁਤ—ਪੁੱਤਰ। ਦਾਰਾ—ਇਸਤ੍ਰੀ। ਦੂਖਿ—ਦੁੱਖ ਵਿਚ, ਚਿੰਤਾ-ਫ਼ਿਕਰ ਵਿਚ। ਸੰਤਾਪੀ—ਕਲਪਦੀ ਰਹਿੰਦੀ ਹੈ। ਭੋਗ ਭੁਗੇ—(ਮਨੁੱਖ ਮਾਇਕ ਪਦਾਰਥਾਂ ਦੇ) ਭੋਗ ਭੋਗਦਾ ਰਹਿੰਦਾ ਹੈ। ਤਾ—ਤਦੋਂ। ਸੁਖੁ—ਆਤਮਕ ਆਨੰਦ। ਕਾਲੁ—ਮੌਤ, ਆਤਮਕ ਮੌਤ। ਗ੍ਰਾਸੈ—ਖਾਂਦੀ, ਆਪਣੇ ਕਾਬੂ ਵਿਚ ਰੱਖਦੀ। ਤੀਜੈ—ਜ਼ਿੰਦਗੀ ਦੀ ਰਾਤ ਦਾ ਤੀਜਾ ਪਹਰ ਗੁਜ਼ਰਦਿਆਂ ਹੀ। ਲੋਕਾ—ਹੇ ਲੋਕੋ! ਤ੍ਰਿਬਿਧਿ ਮਾਇਆ ਮੋਹਿ—ਤਿੰਨਾਂ ਗੁਣਾਂ ਵਾਲੀ ਮਾਇਆ ਦੇ ਮੋਹ ਵਿਚ [ਤਿੰਨ ਗੁਣ—ਰਜੋ ਤਮੋ ਸਤੋ]। ਵਿਆਪੀ—ਫਸੀ ਰਹਿੰਦੀ ਹੈ।੩।

ਅਰਥ:—ਹੇ ਭਾਈ ! ਜਦੋਂ ਜ਼ਿੰਦਗੀ ਦੀ ਰਾਤ ਦਾ ਤੀਜਾ ਪਹਰ ਭੀ ਲੰਘਦਾ ਜਾ ਰਿਹਾ ਹੈ ਤਦੋਂ ਭੀ ਮਾਇਆ ਦੇ ਮੋਹ ਦੀ ਨੀਂਦ ਜੀਵ ਉਤੇ ਆਪਣਾ ਜ਼ੋਰ ਪਾਈ ਰੱਖਦੀ ਹੈ; ਮਾਇਆ ਪੁੱਤਰ ਇਸਤ੍ਰੀ ਆਦਿਕ ਕਈ ਕਿਸਮ ਦੇ ਚਿੰਤਾ-ਫ਼ਿਕਰ ਵਿਚ ਮਨੁੱਖ ਦੀ ਜਿੰਦ ਕਲਪਦੀ ਰਹਿੰਦੀ ਹੈ।

ਹੇ ਭਾਈ ! ਮਨੁੱਖ ਨੂੰ ਮਾਇਆ ਦਾ ਪਿਆਰ, ਪੁੱਤਰਾਂ ਦਾ ਪਿਆਰ ਇਸਤ੍ਰੀ ਦਾ ਪਿਆਰ, ਦੁਨੀਆ ਦਾ ਪਿਆਰ (ਮੋਹੀ ਰੱਖਦਾ ਹੈ, ਜਿਉਂ ਜਿਉਂ ਮਨੁੱਖ) ਮਾਇਕ ਪਦਾਰਥਾਂ ਦੇ ਭੋਗ ਭੋਗਦਾ ਹੈ ਤਿਉ ਤਿਉਂ ਸਦਾ (ਇਹਨਾਂ ਵਿਚ) ਫਸਿਆ ਰਹਿੰਦਾ ਹੈ (ਤੇ ਦੁੱਖ ਪਾਂਦਾ ਹੈ)। ਜਦੋਂ ਮਨੁੱਖ ਪਰਮਾਤਮਾ ਦਾ ਨਾਮ ਸਿਮਰਦਾ ਹੈ, ਤਦੋਂ ਆਤਮਕ ਆਨੰਦ ਹਾਸਲ ਕਰਦਾ ਹੈ, ਤੇ ਗੁਰੂ ਦੀ ਮਤਿ ਦੀ ਬਰਕਤਿ ਨਾਲ ਆਤਮਕ ਮੌਤ ਇਸ ਨੂੰ ਆਪਣੇ ਕਾਬੂ ਵਿਚ ਨਹੀਂ ਰੱਖ ਸਕਦੀ।

ਹੇ ਨਾਨਕ ! ਪਰਮਾਤਮਾ ਦੇ ਨਾਮ ਤੋਂ ਖੁੰਝ ਕੇ ਮਨੁੱਖ ਦੀ ਜਿੰਦ ਸਦਾ ਕਲਪਦੀ ਹੈ, ਜਨਮ ਮਰਨ ਦਾ ਗੇੜ ਇਸ ਦੀ ਖਲਾਸੀ ਨਹੀਂ ਕਰਦਾ, ਆਤਮਕ ਮੌਤ ਇਸ ਦੀ ਖਲਾਸੀ ਨਹੀਂ ਕਰਦੀ। ਹੇ ਲੋਕੋ ! ਜ਼ਿੰਦਗੀ ਦੀ ਰਾਤ ਦਾ ਤੀਜਾ ਪਹਰ ਲੰਘਦਿਆਂ ਭੀ (ਨਾਮ ਤੋਂ ਸੁੰਞੀ ਰਹਿਣ ਕਰਕੇ ਮਨੁੱਖ ਦੀ ਜਿੰਦ) ਤ੍ਰਿਗੁਣੀ ਮਾਇਆ ਦੇ ਮੋਹ ਵਿਚ ਫਸੀ ਰਹਿੰਦੀ ਹੈ। ੩।

ਪਦ ਅਰਥ :—ਦਉਤ—ਉਦੈ, ਪਰਕਾਸ਼। ਬਿਹਾਗੈ—ਸੂਰਜ ਦਾ [ਵਿਹਾਗ—ਸੂਰਜ]। ਦਉਤੁ ਬਿਹਾਗੈ—ਸੂਰਜ ਦਾ ਉਦੇ (ਹੋ ਜਾਂਦਾ ਹੈ), ਸੂਰਜ ਚੜ੍ਹ ਪੈਂਦਾ ਹੈ, ਰਾਤ ਤੋਂ ਦਿਨ ਹੋ ਜਾਂਦਾ ਹੈ, ਕਾਲੇ ਕੇਸਾਂ ਤੋਂ ਧੌਲੇ ਹੋ ਜਾਂਦੇ ਹਨ। ਤਿਨ—ਉਹਨਾਂ ਨੇ [ਬਹੁ ਵਚਨ। ਤਿਨਿ—ਇਕ ਵਚਨ]। ਘਰੁ ਰਾਖਿਅੜਾ—ਹਿਰਦਾ-ਘਰ ਵਿਕਾਰਾਂ ਤੋਂ ਬਚਾ ਲਿਆ, ਆਤਮਕ ਗੁਣਾਂ ਦੀ ਰਾਸ-ਪੂੰਜੀ ਬਚਾ ਲਈ। ਜੁੋ—ਜਿਹੜਾ ਮਨੁੱਖ, ਜਿਹੜਾ ਜਿਹੜਾ ਮਨੁੱਖ [ਅੱਖਰ 'ਜ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ। ਅਸਲ ਲਫ਼ਜ਼ 'ਜੋ' ਹੈ, ਇਥੇ 'ਜੁ' ਪੜ੍ਹਨਾ ਹੈ]। ਜਾਗੈ—ਜਾਗਦਾ ਰਹਿੰਦਾ ਹੈ, ਮਾਇਆ ਦੇ ਹੱਲਿਆਂ ਵੱਲੋਂ

ਸੁਚੇਤ ਰਹਿੰਦਾ ਹੈ [ਇਕ ਵਚਨ। 'ਜਾਗਹਿ' ਬਹੁ ਵਚਨ]। ਅਨਦਿਨੁ—ਹਰ ਰੋਜ਼, ਹਰ ਵੇਲੇ [अनुदिनं]।

ਗੁਰ ਪੂਛਿ—ਗੁਰੂ ਨੂੰ ਪੁੱਛ ਕੇ, ਗੁਰੂ ਦੀ ਸਿੱਖਿਆ ਉਤੇ ਤੁਰ ਕੇ। ਜਾਗੇ-[ਬਹੁ ਵਚਨ] ਜਿਹੜੇ ਜਾਗਦੇ ਰਹੇ, ਜਿਹੜੇ ਮਾਇਆ ਦੇ ਮੋਹ ਦੀ ਨੀਂਦ ਵਿਚ ਨਾਹ ਸੁੱਤੇ। ਨਾਮਿ—ਪ੍ਰਭੂ ਦੇ ਨਾਮ ਵਿਚ। ਲਾਗੇ—ਜੁੜੇ ਰਹੇ, ਲੱਗੇ ਰਹੇ। ਰੈਣਿ—ਰਾਤ, ਜ਼ਿੰਦਗੀ ਦੀ ਰਾਤ, ਸਾਰੀ ਜ਼ਿੰਦਗੀ । ਸੁਹੇਲੀਆ—ਸੁਖਦਾਈ, ਸੌਖੀ । ਸਬਦੁ ਕਮਾਵਹਿ—ਸ਼ਬਦ ਅਨੁਸਾਰ ਜੀਵਨ ਬਿਤੀਤ ਕਰਦੇ ਹਨ। ਜਨਮਿ—ਜਨਮ ਵਿਚ, ਜਨਮ-ਮਰਨ ਦੇ ਗੇੜ ਵਿਚ। ਬੇਲੀਆ—ਮਿੱਤਰ।

ਕਰ—ਹੱਥ [ਬਹੁ ਵਚਨ]। ਚਰਣ—ਪੈਰ [ਬਹੁ ਵਚਨ]। ਕੰਪਿ—ਕੰਬ ਕੇ। ਕੰਪੈ— [ਇਕ ਵਚਨ] ਕੰਬਦਾ ਹੈ। ਅੰਧੁਲੇ—ਅੰਨ੍ਹੇ ਜਿਹੇ । ਨੈਣ ਅੰਧੁਲੇ—ਅੱਖਾਂ ਅੰਨ੍ਹੀਆਂ ਜਿਹੀਆਂ, ਅੱਖੀਂ ਘੱਟ ਦਿੱਸਦਾ ਹੈ। ਤਨੁ—ਸਰੀਰ। ਭਸਮ ਸੇ—ਸੁਆਹ ਵਰਗਾ(ਰੁੱਖਾ)। ਜੁਗ ਚਾਰੇ—ਚਹੁਆਂ ਹੀ ਜੁਗਾਂ ਵਿਚ [ਕੋਈ ਭੀ ਜੁਗ ਹੋਵੇ। ਇਹ ਅਟੱਲ ਨਿਯਮ ਹੈ ਕਿ ਨਾਮ ਤੋਂ ਬਿਨਾ ਦੁੱਖ ਹੀ ਦੁੱਖ ਹੈ]। ਮਨਿ—ਮਨ ਵਿਚ। ੪।

ਅਰਥ :—ਹੇ ਭਾਈ ! ਜਦੋਂ ਮਨੁੱਖ ਦੀ ਜ਼ਿੰਦਗੀ ਦੀ ਰਾਤ ਦਾ ਚੌਥਾ ਪਹਰ ਬੀਤ ਰਿਹਾ ਹੁੰਦਾ ਹੈ ਤਦੋਂ ਰਾਤ ਤੋਂ ਦਿਨ ਹੋ ਜਾਂਦਾ ਹੈ (ਤਦੋਂ ਕਾਲੇ ਕੇਸਾਂ ਤੋਂ ਧੌਲੇ ਹੋ ਜਾਂਦੇ ਹਨ)। ਪਰ ਆਤਮਕ ਜੀਵਨ ਦੀ ਰਾਸ-ਪੂੰਜੀ ਉਹਨਾਂ ਮਨੁੱਖਾਂ ਨੇ ਹੀ ਬਚਾਈ ਹੁੰਦੀ ਹੈ ਜਿਹੜਾ ਜਿਹੜਾ ਹਰ ਵੇਲੇ (ਵਿਕਾਰਾਂ ਦੇ ਹੱਲਿਆਂ ਤੋਂ) ਸੁਚੇਤ ਰਹਿੰਦਾ ਹੈ।

ਹੇ ਭਾਈ ! ਜਿਹੜੇ ਮਨੁੱਖ ਗੁਰੂ ਦੀ ਸਿੱਖਿਆ ਲੈ ਕੇ(ਵਿਕਾਰਾਂ ਦੇ ਹੱਲਿਆਂ ਵੱਲੋਂ) ਸੁਚੇਤ ਰਹੇ, ਜਿਹੜੇ ਪਰਮਾਤਮਾ ਦੇ ਨਾਮ ਵਿਚ ਜੁੜੇ ਰਹੇ, ਉਹਨਾਂ ਦੀ ਜ਼ਿੰਦਗੀ ਦੀ ਰਾਤ (ਉਹਨਾਂ ਦੀ ਸਾਰੀ ਉਮਰ) ਸੌਖੀ ਲੰਘਦੀ ਹੈ। ਜਿਹੜੇ ਮਨੁੱਖ ਗੁਰੂ ਦੇ ਸ਼ਬਦ ਅਨੁਸਾਰ ਜੀਵਨ ਬਿਤੀਤ ਕਰਦੇ ਹਨ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦੇ (ਵਿਕਾਰਾਂ ਤੋਂ ਬਚਾਣ ਲਈ) ਪਰਮਾਤਮਾ (ਆਪ) ਉਹਨਾਂ ਦਾ ਮਦਦਗਾਰ ਬਣਿਆ ਰਹਿੰਦਾ ਹੈ।

ਹੇ ਨਾਨਕ ! (ਜ਼ਿੰਦਗੀ ਦੀ ਰਾਤ ਦੇ ਚੌਥੇ ਪਹਰ ਵਿਚ ਮਨੁੱਖ ਦੇ) ਹੱਥ ਪੈਰ ਕੰਬਣ ਲੱਗ ਪੈਂਦੇ ਹਨ, ਸਰੀਰ ਕੰਬਣ ਲੱਗ ਪੈਂਦਾ ਹੈ, ਅੱਖਾਂ ਤੋਂ ਘੱਟ ਦਿੱਸਦਾ ਹੈ, ਸਰੀਰ ਸੁਆਹ ਵਰਗਾ (ਰੁੱਖਾ ਜਿਹਾ) ਹੋ ਜਾਂਦਾ ਹੈ (ਜਿਹੜਾ ਮਨੁੱਖ ਅਜੇ ਭੀ ਹਰਿ-ਨਾਮ ਨਹੀਂ ਚੇਤੇ ਕਰਦਾ ਹੈ, ਉਸ ਨੂੰ ਭਾਗ-ਹੀਣ ਹੀ ਸਮਝੋ। ਜੁਗ ਕੋਈ ਭੀ ਹੋਵੇ, ਇਹ ਪੱਕਾ ਨਿਯਮ ਜਾਣੋ ਕਿ) ਪਰਮਾਤਮਾ ਦਾ ਨਾਮ ਮਨ ਵਿਚ ਵੱਸਣ ਤੋਂ ਬਿਨਾ ਮਨੁੱਖ ਚੌਹਾਂ ਹੀ ਜੁਗਾਂ ਵਿਚ ਦੁੱਖੀ ਰਹਿੰਦਾ ਹੈ। ੪।

ਨੋਟ :–ਭਾਵ ਇਹ ਹੈ ਕਿ ਸਮਾ ਕੋਈ ਭੀ ਹੋਵੇ (ਸਤਜੁਗ ਹੋਵੇ, ਤ੍ਰੇਤਾ ਹੋਵੇ, ਦੁਆਪੁਰ ਹੋਵੇ, ਕਲਜੁਗ ਹੋਵੇ) ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਆਤਮਕ ਆਨੰਦ ਕਦੇ ਭੀ ਨਹੀਂ ਹੋ ਸਕਦਾ ।

ਪਦ ਅਰਥ :–ਖੂਲੀ–(ਜਦੋਂ) ਖੁਲ੍ਹ ਗਈ, ਜਦੋਂ ਖੁਲ੍ਹ ਜਾਂਦੀ ਹੈ । ਗੰਠਿ–ਗੰਢ, ਜ਼ਿੰਦਗੀ ਦੇ ਮਿਲੇ ਸੁਆਸਾਂ ਦੀ ਗੰਢ । ਉਠੋ–ਉੱਠ । ਰਸ ਕਸ–ਸਾਰੇ ਰਸ, ਸਭ ਰਸਾਂ ਦੇ ਪਦਾਰਥ । ਠਾਕੇ–ਰੋਕ ਲਏ ਜਾਂਦੇ ਹਨ । ਬੰਧਿ–ਬੰਨ੍ਹ ਕੇ । ਚਲਾਇਆ–ਜੀਵ ਨੂੰ ਅੱਗੇ ਤੋਰ ਲਿਆ ਜਾਂਦਾ ਹੈ । ਜਾ–ਜਦੋਂ । ਪ੍ਰਭ ਭਾਇਆ–ਪ੍ਰਭੂ ਨੂੰ ਚੰਗਾ ਲੱਗਦਾ ਹੈ, ਜਦੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ । ਸਭਸੈ–ਹਰੇਕ ਜੀਵ ਦੀ । ਪਕੀ ਖੇਤੀ–ਪੱਕਾ ਹੋਇਆ ਫਸਲ । ਲੁਣੀਐ–ਕੱਟੀ ਜਾਂਦੀ ਹੈ, ਕੱਟਿਆ ਜਾਂਦਾ ਹੈ । ਚਸਾ–ਰਤਾ ਭਰ ਭੀ ਸਮਾ । ਲੀਜੈ–ਲਿਆ ਜਾਂਦਾ ਹੈ । ਸਹੁ–ਸਹਾਰ । ਜੀਆ–ਹੇ ਜੀਵ ! ਨਾਨਕ–ਹੇ ਨਾਨਕ ! ਸੁਰਿ ਨਰ –ਭਲੇ ਬੰਦੇ । ਸਬਦਿ–ਗੁਰੂ ਦੇ ਸ਼ਬਦ ਵਿਚ । ਤਿਨਿ–ਉਸ ਨੇ । ਪ੍ਰਭਿ–ਪ੍ਰਭੂ ਨੇ । ਤਿਨਿ ਪ੍ਰਭਿ–ਉਸ ਪ੍ਰਭੂ ਨੇ । ਕਾਰਣੁ–ਸਬਬ । ੫ ।

ਅਰਥ :–ਹੇ ਭਾਈ ! ਜਦੋਂ ਜੀਵ ਦੀ ਜ਼ਿੰਦਗੀ ਦੇ ਮਿਲੇ ਸੁਆਸਾਂ ਦੀ ਗੰਢ ਖੁਲ੍ਹ ਜਾਂਦੀ ਹੈ (ਸੁਆਸ ਮੁੱਕ ਜਾਂਦੇ ਹਨ), ਤਾਂ ਪਰਮਾਤਮਾ ਵਲੋਂ ਲਿਖਿਆ ਹੁਕਮ ਆ ਜਾਂਦਾ ਹੈ (ਕਿ ਹੇ ਜੀਵ !) ਉੱਠ (ਤੁਰਨ ਲਈ ਤਿਆਰ ਹੋ ਜਾ) । ਜੀਵ ਦੇ ਸਾਰੇ ਖਾਣ-ਪੀਣ ਸਾਰੇ ਸੁਖ ਰੋਕ ਲਏ ਜਾਂਦੇ ਹਨ, ਜੀਵ ਨੂੰ ਬੰਨ੍ਹ ਕੇ ਅੱਗੇ ਤੋਰ ਲਿਆ ਜਾਂਦਾ ਹੈ (ਭਾਵ, ਜਾਣਾ ਚਾਹੇ ਜਾਂ ਨਾਹ ਜਾਣਾ ਚਾਹੇ, ਉਸ ਨੂੰ ਜਗਤ ਤੋਂ ਤੋਰ ਲਿਆ ਜਾਂਦਾ ਹੈ) । ਜਦੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ, ਜੀਵ ਨੂੰ ਇਥੋਂ ਚੁੱਕ ਲਿਆ ਜਾਂਦਾ ਹੈ, (ਫਿਰ) ਨਾਹ ਜੀਵ ਦਾ ਇੱਥੇ ਕੁਝ ਦਿੱਸਦਾ ਹੈ, ਨਾਹ ਕੁਝ ਸੁਣਿਆ ਜਾਂਦਾ ਹੈ । ਹੇ ਭਾਈ ! ਹਰੇਕ ਜੀਵ ਦੀ ਇਹ ਵਾਰੀ ਆ ਜਾਂਦੀ ਹੈ, (ਜਿਵੇਂ) ਪੱਕਾ ਫ਼ਸਲ (ਆਖ਼ਿਰ) ਕੱਟਿਆ ਹੀ ਜਾਂਦਾ ਹੈ ।

ਹੇ ਭਾਈ ! ਜੀਵ ਦੇ ਹਰੇਕ ਘੜੀ ਪਲ ਦੇ ਕੀਤੇ ਕਰਮਾਂ ਦਾ ਇਸ ਪਾਸੋਂ ਲੇਖਾ ਮੰਗਿਆ ਜਾਂਦਾ ਹੈ । ਹੇ ਜੀਵ ! ਆਪਣੇ ਕੀਤੇ ਚੰਗੇ ਮੰਦੇ ਕੰਮਾਂ ਦਾ ਫਲ ਭੋਗਣਾ ਹੀ ਪੈਂਦਾ ਹੈ ।

ਹੇ ਨਾਨਕ ! ਉਸ ਪਰਮਾਤਮਾ ਨੇ ਅਜਿਹਾ ਸਬਬ ਬਣਾ ਰੱਖਿਆ ਹੈ ਕਿ ਭਲੇ ਮਨੁੱਖਾਂ ਨੂੰ ਗੁਰੂ ਦੇ ਸ਼ਬਦ ਵਿਚ ਜੋੜੀ ਰੱਖਦਾ ਹੈ । ੫ । ੨ ।

ਤੁਖਾਰੀ ਮਹਲਾ ੧ ॥ ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ ॥ ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ ॥ ਗੁਰ ਸਬਦਿ ਦਿਖਾਲਿਆ ਸਚੁ ਸਮਾਲਿਆ ਅਹਿਨਿਸਿ ਦੇਖਿ ਬੀਚਾਰਿਆ ॥ ਧਾਵਤ ਪੰਚ ਰਹੇ ਘਰੁ ਜਾਣਿਆ ਕਾਮੁ ਕ੍ਰੋਧੁ ਬਿਖੁ ਮਾਰਿਆ॥

ਅੰਤਰਿ ਜੋਤਿ ਭਈ ਗੁਰ ਸਾਖੀ ਚੀਨੇ ਰਾਮ ਕਰੰਮਾ ॥ ਨਾਨਕ ਹਉਮੈ ਮਾਰਿ ਪਤੀਣੇ ਤਾਰਾ ਚੜਿਆ ਲੰਮਾ ॥ ੧ ॥ ਗੁਰਮੁਖਿ ਜਾਗਿ ਰਹੇ ਚੂਕੀ ਅਭਿਮਾਨੀ ਰਾਮ ॥ ਅਨਦਿਨੁ ਭੋਰੁ ਭਇਆ ਸਾਚਿ ਸਮਾਨੀ ਰਾਮ ॥ ਸਾਚਿ ਸਮਾਨੀ ਗੁਰਮੁਖਿ ਮਨਿ ਭਾਨੀ ਗੁਰਮੁਖਿ ਸਾਬਤੁ ਜਾਗੇ ॥ ਸਾਚੁ ਨਾਮੁ ਅੰਮ੍ਰਿਤੁ ਗੁਰਿ ਦੀਆ ਹਰਿ ਚਰਨੀ ਲਿਵ ਲਾਗੇ ॥ ਪ੍ਰਗਟੀ ਜੋਤਿ ਜੋਤਿ ਮਹਿ ਜਾਤਾ ਮਨਮੁਖਿ ਭਰਮਿ ਭੁਲਾਣੀ ॥ ਨਾਨਕ ਭੋਰੁ ਭਇਆ ਮਨੁ ਮਾਨਿਆ ਜਾਗਤ ਰੈਣਿ ਵਿਹਾਣੀ ॥ ੨ ॥ ਅਉਗੁਣ ਵੀਸਰਿਆ ਗੁਣੀ ਘਰੁ ਕੀਆ ਰਾਮ ॥ ਏਕੋ ਰਵਿ ਰਹਿਆ ਅਵਰੁ ਨ ਬੀਆ ਰਾਮ ॥ ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ ॥ ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭੁ ਗੁਰਮੁਖਿ ਜਾਨਿਆ ॥ ਕਰਣ ਕਾਰਣ ਸਮਰਥ ਅਪਾਰਾ ਤ੍ਰਿਬਿਧਿ ਮੇਟਿ ਸਮਾਈ ॥ ਨਾਨਕ ਅਵਗਣ ਗੁਣਹ ਸਮਾਣੇ ਐਸੀ ਗੁਰਮਤਿ ਪਾਈ ॥ ੩ ॥ ਆਵਣ ਜਾਣ ਰਹੇ ਚੂਕਾ ਭੋਲਾ ਰਾਮ ॥ ਹਉਮੈ ਮਾਰਿ ਮਿਲੇ ਸਾਚਾ ਚੋਲਾ ਰਾਮ ॥ ਹਉਮੈ ਗੁਰਿ ਖੋਈ ਪਰਗਟੁ ਹੋਈ ਚੂਕੇ ਸੋਗ ਸੰਤਾਪੈ ॥ ਜੋਤੀ ਅੰਦਰਿ ਜੋਤਿ ਸਮਾਣੀ ਆਪੁ ਪਛਾਤਾ ਆਪੈ ॥ ਪੇਈਅੜੈ ਘਰਿ ਸਬਦਿ ਪਤੀਣੀ ਸਾਹੁਰੜੈ ਪਿਰ ਭਾਣੀ ॥ ਨਾਨਕ ਸਤਿਗੁਰਿ ਮੇਲਿ ਮਿਲਾਈ ਚੂਕੀ ਕਾਣਿ ਲੋਕਾਣੀ ॥ ੪ ॥ ੩ ॥

ਪਦ ਅਰਥ :—ਤਾਰਾ ਲੰਮਾ—ਬੋਦੀ ਵਾਲਾ ਤਾਰਾ [ਨੋਟ—ਜਦੋਂ ਬੋਦੀ ਵਾਲਾ ਤਾਰਾ ਚੜ੍ਹਦਾ ਹੈ, ਤਾਂ ਲੋਕ ਬੜੀ ਤਾਂਘ ਨਾਲ ਵੇਖਦੇ ਹਨ। ਸੂਰਜ ਦੇ ਚਾਨਣ ਵਿਚ ਤਾਂ ਦਿੱਸਦਾ ਨਹੀਂ। ਹਨੇਰਾ ਪੈਂਦਿਆਂ ਹੀ ਲੋਕ ਆਕਾਸ਼ ਵੱਲ ਤੱਕਣ ਲੱਗ ਪੈਂਦੇ ਹਨ], ਸਰਬ-ਵਿਆਪਕ ਰੱਬੀ ਜੋਤਿ। ਕਿਉ—ਕਿਉਂ ? ਕਿਵੇਂ ? ਕਿਸ ਤਰ੍ਹਾਂ ? ਨਿਹਾਲਿਆ—ਵੇਖਿਆ ਜਾਏ। ਸੇਵਕ ਪੂਰ ਕਰੰਮਾ—ਉਸ ਸੇਵਕ ਦੇ ਪੂਰੇ ਕਰਮ (ਜਾਗ ਪੈਂਦੇ ਹਨ)। ਸਤਿਗੁਰਿ—ਗੁਰੂ ਨੇ। ਸਬਦਿ—ਸ਼ਬਦ ਦੀ ਰਾਹੀਂ।

ਸਚੁ—ਸਦਾ-ਥਿਰ ਹਰਿ-ਨਾਮ। ਸਮਾਲਿਆ—ਹਿਰਦੇ ਵਿਚ ਵਸਾਇਆ। ਅਹਿ—ਦਿਨ। ਨਿਸਿ—ਰਾਤ। ਦੇਖਿ—ਵੇਖ ਕੇ। ਬੀਚਾਰਿਆ—(ਉਸ ਦੇ ਗੁਣਾਂ ਦੀ) ਵਿਚਾਰ ਕਰਦਾ ਹੈ। ਪੰਚ—ਪੰਜ ਗਿਆਨ-ਇੰਦ੍ਰੇ। ਧਾਵਤ ਰਹੇ—ਭਟਕਣ ਤੋਂ ਹਟ ਗਏ। ਬਿਖੁ—ਜ਼ਹਰ, ਆਤਮਕ ਮੌਤ ਲਿਆਉਣ ਵਾਲਾ ਜ਼ਹਰ।

ਅੰਤਰਿ—ਉਸ ਦੇ ਅੰਦਰ। ਜੋਤਿ—ਪਰਮਾਤਮਾ ਦਾ ਨੂਰ। ਗੁਰ ਸਾਖੀ—ਗੁਰੂ ਦੀ ਸਿੱਖਿਆ ਨਾਲ। ਚੀਨੈ—ਵੇਖਦਾ ਹੈ। ਰਾਮ ਕਰੰਮਾ—ਪਰਮਾਤਮਾ ਦੇ ਕੌਤਕਾਂ ਨੂੰ। ਨਾਨਕ—ਹੇ ਨਾਨਕ! ਮਾਰਿ—ਮਾਰ ਕੇ। ਪਤੀਣੇ—ਪਤੀਜ ਗਏ। ੧।

ਅਰਥ :—ਹੇ ਭਾਈ! ਵਿਆਪਕ-ਸਰੂਪ ਪਰਮਾਤਮਾ (ਸਾਰੇ ਜਗਤ ਵਿਚ ਆਪਣਾ) ਪਰਕਾਸ਼ ਕਰ ਰਿਹਾ ਹੈ। ਪਰ ਉਸ ਨੂੰ ਅੱਖਾਂ ਨਾਲ ਵੇਖਿਆ ਕਿਵੇਂ ਜਾਏ?

ਹੇ ਭਾਈ! ਗੁਰੂ ਨੇ ਆਪਣੇ ਸ਼ਬਦ ਦੀ ਰਾਹੀਂ (ਜਿਸ ਨੂੰ) ਦਰਸਨ ਕਰਾ ਦਿੱਤਾ, ਉਸ ਸੇਵਕ ਦੇ ਪੂਰੇ ਭਾਗ ਜਾਗ ਪਏ। ਜਿਸ ਮਨੁੱਖ ਨੂੰ ਗੁਰੂ ਦੇ ਸ਼ਬਦ ਨੇ (ਸਰਬ-ਵਿਆਪਕ ਪਰਮਾਤਮਾ) ਵਿਖਾਲ ਦਿੱਤਾ, ਉਹ ਸਦਾ-ਥਿਰ ਹਰਿ-ਨਾਮ ਨੂੰ ਆਪਣੇ ਹਿਰਦੇ ਵਿਚ ਵਸਾ ਲੈਂਦਾ ਹੈ। ਉਸ ਦਾ ਦਰਸਨ ਕਰ ਕੇ ਉਹ ਮਨੁੱਖ ਦਿਨ ਰਾਤ ਉਸ ਦੇ ਗੁਣਾਂ ਨੂੰ ਆਪਣੇ ਚਿੱਤ ਵਿਚ ਵਸਾਂਦਾ ਹੈ। ਉਹ ਮਨੁੱਖ (ਆਪਣੇ ਅਸਲ) ਘਰ ਨੂੰ ਜਾਣ ਲੈਂਦਾ ਹੈ, ਉਸ ਦੇ ਪੰਜੇ ਗਿਆਨ-ਇੰਦ੍ਰੇ (ਵਿਕਾਰਾਂ ਵਲ) ਭਟਕਣ ਤੋਂ ਹਟ ਜਾਂਦੇ ਹਨ, ਉਹ ਮਨੁੱਖ ਆਤਮਕ ਮੌਤ ਲਿਆਉਣ ਵਾਲੇ ਕਾਮ ਨੂੰ ਕ੍ਰੋਧ ਨੂੰ ਮਾਰ ਮੁਕਾਂਦਾ ਹੈ।

ਹੇ ਭਾਈ! ਗੁਰੂ ਦੇ ਉਪਦੇਸ਼ ਦੀ ਬਰਕਤਿ ਨਾਲ ਉਸ ਮਨੁੱਖ ਦੇ ਅੰਦਰ ਰੱਬੀ ਜੋਤਿ ਪਰਗਟ ਹੋ ਜਾਂਦੀ ਹੈ (ਜੋ ਕੁਝ ਜਗਤ ਵਿਚ ਹੋ ਰਿਹਾ ਹੈ, ਉਸ ਨੂੰ) ਉਹ ਪਰਮਾਤਮਾ ਦੇ ਕੌਤਕ (ਜਾਣ ਕੇ) ਵੇਖਦਾ ਹੈ।

ਹੇ ਨਾਨਕ! (ਜਿਨ੍ਹਾਂ ਮਨੁੱਖਾਂ ਦੇ ਅੰਦਰ) ਸਰਬ-ਵਿਆਪਕ ਪ੍ਰਭੂ ਦੀ ਜੋਤਿ ਜਗ ਪੈਂਦੀ ਹੈ, ਉਹ (ਆਪਣੇ ਅੰਦਰੋਂ) ਹਉਮੈ ਨੂੰ ਮਾਰ ਕੇ (ਪਰਮਾਤਮਾ ਦੇ ਚਰਨਾਂ ਵਿਚ) ਸਦਾ ਟਿਕੇ ਰਹਿੰਦੇ ਹਨ। ੧।

ਪਦ ਅਰਥ :—ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਜਾਗਿ ਰਹੇ—(ਮਾਇਆ ਦੇ ਹੱਲਿਆਂ ਵਲੋਂ) ਸੁਚੇਤ ਰਹਿੰਦੇ ਹਨ। ਚੂਕੀ—ਮੁੱਕ ਜਾਂਦੀ ਹੈ। ਅਭਿਮਾਨੀ—ਅਹੰਕਾਰ ਵਾਲੀ ਦਸ਼ਾ। ਅਨਦਿਨੁ—ਹਰ ਰੋਜ਼, ਹਰ ਵੇਲੇ [अनुदिनं]। ਭੋਰੁ—ਦਿਨ, ਆਤਮਕ ਜੀਵਨ ਦੀ ਸੂਝ ਦਾ ਚਾਨਣ। ਸਾਚਿ—ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ। ਸਮਾਨੀ—(ਸੁਰਤਿ) ਟਿਕੀ ਰਹਿੰਦੀ ਹੈ। ਮਨਿ—ਮਨ ਵਿਚ। ਭਾਨੀ—ਭਾ ਜਾਂਦੀ ਹੈ, ਪਿਆਰੀ ਲੱਗਦੀ ਹੈ। ਸਾਬਤੁ—ਸੰਪੂਰਨ, ਉਕਾਈ-ਹੀਣ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ। ਸਾਚੁ ਨਾਮੁ—ਸਦਾ-ਥਿਰ ਹਰਿ-ਨਾਮ। ਗੁਰਿ—ਗੁਰੂ ਨੇ।

ਜੋਤਿ—ਹਰੇਕ ਜੋਤਿ ਵਿਚ, ਹਰੇਕ ਜੀਵ ਵਿਚ। ਜਾਤਾ—(ਪਰਮਾਤਮਾ ਨੂੰ ਵੱਸਦਾ) ਪਛਾਣ ਲਿਆ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ। ਭਰਮਿ—ਭਟਕਣਾ ਦੇ ਕਾਰਨ। ਭੁਲਾਣੀ—ਕੁਰਾਹੇ ਪਈ ਰਹਿੰਦੀ ਹੈ। ਨਾਨਕ—ਹੇ ਨਾਨਕ! ਮਾਨਿਆ—ਪਤੀਜਿਆ ਰਹਿੰਦਾ ਹੈ। ਰੈਣਿ—ਜ਼ਿੰਦਗੀ ਦੀ ਰਾਤ। ੨।

ਅਰਥ :–ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਮਾਇਆ ਦੇ ਹੱਲਿਆਂ ਵੱਲੋਂ) ਸੁਚੇਤ ਰਹਿੰਦੇ ਹਨ, (ਉਹਨਾਂ ਦੇ ਅੰਦਰੋਂ) ਅਹੰਕਾਰ ਵਾਲੀ ਦਸ਼ਾ ਮੁੱਕ ਜਾਂਦੀ ਹੈ। (ਉਹਨਾਂ ਦੇ ਅੰਦਰ) ਹਰ ਵੇਲੇ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, (ਉਹਨਾਂ ਦੀ ਸੁਰਤਿ) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਟਿਕੀ ਰਹਿੰਦੀ ਹੈ।

ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਦੀ ਸੁਰਤਿ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦੀ ਹੈ, (ਉਹਨਾਂ ਨੂੰ ਇਹ ਦਸ਼ਾ ਆਪਣੇ) ਮਨ ਵਿਚ ਪਿਆਰੀ ਲੱਗਦੀ ਹੈ। ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਸਦਾ ਹੀ ਸੁਚੇਤ ਰਹਿੰਦੇ ਹਨ। ਗੁਰੂ ਨੇ ਉਹਨਾਂ ਨੂੰ ਆਤਮਕ ਜੀਵਨ ਦੇਣ ਵਾਲਾ ਸਦਾ-ਥਿਰ ਹਰਿ-ਨਾਮ ਬਖ਼ਸ਼ਿਆ ਹੁੰਦਾ ਹੈ, ਉਹਨਾਂ ਦੀ ਲਿਵ ਪਰਮਾਤਮਾ ਦੇ ਚਰਨਾਂ ਵਿਚ ਲੱਗੀ ਰਹਿੰਦੀ ਹੈ।

ਹੇ ਭਾਈ ! ਗੁਰਮੁਖਾਂ ਦੇ ਅੰਦਰ ਪਰਮਾਤਮਾ ਦੀ ਜੋਤਿ ਦਾ ਚਾਨਣ ਹੋ ਜਾਂਦਾ ਹੈ, ਉਹ ਹਰੇਕ ਜੀਵ ਵਿਚ ਉਸੇ ਰੱਬੀ ਜੋਤਿ ਨੂੰ ਵੱਸਦੀ ਸਮਝਦੇ ਹਨ। ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ ਭਟਕਣਾ ਦੇ ਕਾਰਨ ਕੁਰਾਹੇ ਪਈ ਰਹਿੰਦੀ ਹੈ। ਹੇ ਨਾਨਕ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਦੇ ਅੰਦਰ ਆਤਮਕ ਜੀਵਨ ਦੀ ਸੂਝ ਦਾ ਚਾਨਣ ਹੋਇਆ ਰਹਿੰਦਾ ਹੈ, ਉਹਨਾਂ ਦਾ ਮਨ (ਉਸ ਚਾਨਣ ਵਿਚ) ਪਰਚਿਆ ਰਹਿੰਦਾ ਹੈ। (ਮਾਇਆ ਦੇ ਹੱਲਿਆਂ ਵੱਲੋਂ) ਸੁਚੇਤ ਰਹਿੰਦਿਆਂ ਹੀ ਉਹਨਾਂ ਦੀ ਜੀਵਨ-ਰਾਤ ਬੀਤਦੀ ਹੈ ।੨।

ਪਦ ਅਰਥ :–ਗੁਣੀ–ਗੁਣਾਂ ਨੇ। ਘਰੁ ਕੀਆ–ਟਿਕਾਣਾ ਬਣਾ ਲਿਆ। ਏਕੋ –ਇਕ (ਪਰਮਾਤਮਾ) ਹੀ। ਰਵਿ ਰਹਿਆ–ਸਭ ਥਾਈਂ ਮੌਜੂਦ ਦਿੱਸਦਾ ਹੈ। ਬੀਆ–ਦੂਜਾ। ਤੇ–ਤੋਂ। ਮਨ ਹੀ ਤੇ–ਮਨ ਤੋਂ ਹੀ, ਅੰਤਰ ਆਤਮੇ ਹੀ। ਮਾਨਿਆ–ਪਤੀਜਿਆ ਰਹਿੰਦਾ ਹੈ, ਪਰਚਿਆ ਰਹਿੰਦਾ ਹੈ।

ਜਿਨਿ–ਜਿਸ (ਪਰਮਾਤਮਾ) ਨੇ। ਘਟੁ ਘਟੁ ਥਾਪਿਆ–ਹਰੇਕ ਸਰੀਰ ਬਣਾਇਆ ਹੈ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਕਰਣ ਕਾਰਣ–(ਸਾਰੇ) ਜਗਤ ਦਾ ਮੂਲ। ਸਮਰਥ–ਸਭ ਤਾਕਤਾਂ ਦਾ ਮਾਲਕ। ਅਪਾਰਾ–ਬੇਅੰਤ। ਤ੍ਰਿਬਿਧਿ–ਤਿੰਨ ਕਿਸਮਾਂ ਵਾਲੀ, ਤ੍ਰਿਗੁਣੀ ਮਾਇਆ। ਮੇਟਿ–ਮਿਟਾ ਕੇ। ਗੁਣਹ–ਗੁਣਾਂ ਵਿਚ।੩।

ਅਰਥ :–ਹੇ ਭਾਈ ! (ਜਿਸ ਮਨੁੱਖ ਦੇ ਹਿਰਦੇ-ਆਕਾਸ਼ ਵਿਚ 'ਤਾਰਾ ਚੜਿਆ ਲੰਮਾ', ਉਸ ਦੇ ਅੰਦਰੋਂ) ਸਾਰੇ ਔਗਣ ਮੁੱਕ ਜਾਂਦੇ ਹਨ, (ਉਸ ਦੇ ਅੰਦਰ) ਗੁਣ ਆਪਣਾ ਟਿਕਾਣਾ ਆ ਬਣਾਂਦੇ ਹਨ। ਉਸ ਮਨੁੱਖ ਨੂੰ ਇਕ ਪਰਮਾਤਮਾ ਹੀ ਹਰ ਥਾਂ ਮੌਜੂਦ ਦਿੱਸਦਾ ਹੈ, ਉਸ ਤੋਂ ਬਿਨਾ ਕੋਈ ਹੋਰ ਦੂਜਾ ਨਹੀਂ ਦਿੱਸਦਾ।

ਹੇ ਭਾਈ ! (ਜਿਸ ਮਨੁੱਖ ਦੇ ਅੰਦਰ 'ਤਾਰਾ ਚੜਿਆ ਲੰਮਾ', ਉਸ ਨੂੰ) ਹਰ ਥਾਂ ਇਕ ਪਰਮਾਤਮਾ ਹੀ ਵੱਸਦਾ ਦਿੱਸਦਾ ਹੈ, ਉਸ ਤੋਂ ਬਿਨਾ ਕੋਈ ਹੋਰ ਉਸ ਨੂੰ ਨਹੀਂ ਦਿੱਸਦਾ, ਉਸ ਮਨੁੱਖ ਦਾ ਮਨ ਅੰਤਰ-ਆਤਮੇ (ਹਰਿ-ਨਾਮ ਵਿਚ) ਪਰਚਿਆ ਰਹਿੰਦਾ ਹੈ। ਜਿਸ (ਪਰਮਾਤਮਾ) ਨੇ ਜਲ ਥਲ ਤਿੰਨੇ ਭਵਨ ਹਰੇਕ ਸਰੀਰ ਬਣਾਇਆ ਹੈ, ਉਹ ਮਨੁੱਖ ਉਸ ਪਰਮਾਤਮਾ ਨਾਲ ਗੁਰੂ ਦੀ ਰਾਹੀਂ ਡੂੰਘੀ ਸਾਂਝ ਬਣਾਈ ਰੱਖਦਾ ਹੈ।

ਹੇ ਨਾਨਕ ! (ਜਿਸ ਮਨੁੱਖ ਦੇ ਹਿਰਦੇ-ਆਕਾਸ਼ ਵਿਚ 'ਤਾਰਾ ਚੜਿਆ ਲੰਮਾ', ਉਹ ਆਪਣੇ ਅੰਦਰੋਂ) ਤ੍ਰਿਗੁਣੀ ਮਾਇਆ ਦਾ ਪ੍ਰਭਾਵ ਮਿਟਾ ਕੇ ਉਸ ਪਰਮਾਤਮਾ ਵਿਚ ਸਮਾਇਆ ਰਹਿੰਦਾ ਹੈ ਜੋ ਸਾਰੇ ਜਗਤ ਦਾ ਮੂਲ ਹੈ ਜੋ ਸਾਰੀਆਂ ਤਾਕਤਾਂ ਦਾ ਮਾਲਕ ਹੈ ਅਤੇ ਜੋ ਬੇਅੰਤ ਹੈ। ਹੇ ਨਾਨਕ ! ਗੁਰੂ ਪਾਸੋਂ ਉਹ ਮਨੁੱਖ ਅਜਿਹੀ ਮਤਿ ਹਾਸਲ ਕਰ ਲੈਂਦਾ ਹੈ ਕਿ ਉਸ ਦੇ ਸਾਰੇ ਔਗਣ ਗੁਣਾਂ ਵਿਚ ਸਮਾ ਜਾਂਦੇ ਹਨ। ੩।

ਪਦ ਅਰਥ :—ਆਵਣ ਜਾਣ—[ਬਹੁ ਵਚਨ] ਜਨਮ ਮਰਨ ਦੇ ਗੇੜ। ਰਹੇ—ਮੁੱਕ ਗਏ। ਚੂਕਾ—ਮੁੱਕ ਗਿਆ। ਭੋਲਾ—ਭੋਲਾਵਾ, ਭੈੜੀ ਜੀਵਨ-ਚਾਲ। ਮਾਰਿ—ਮਾਰ ਕੇ। ਸਾਚਾ—ਸਦਾ-ਥਿਰ, ਅਡੋਲ, ਵਿਕਾਰਾਂ ਦੇ ਹੱਲਿਆਂ ਤੋਂ ਅਡੋਲ, ਪਵਿੱਤਰ। ਚੋਲਾ—ਸਰੀਰ-ਚੋਲਾ।

ਗੁਰਿ—ਗੁਰੂ ਨੇ। ਖੋਈ—ਨਾਸ ਕਰ ਦਿੱਤੀ। ਪਰਗਟੁ—ਪ੍ਰਸਿੱਧ, ਸੋਭਾ ਵਾਲੀ। ਚੂਕੇ—ਮੁੱਕ ਗਏ। ਸੋਗ—ਗ਼ਮ। ਸੰਤਾਪੈ—ਦੁੱਖ-ਕਲੇਸ਼। ਸਮਾਣੀ—ਲੀਨ ਹੋ ਗਈ। ਆਪੁ—ਆਪਣੇ ਆਪ ਨੂੰ। ਆਪਿ—ਆਪਣੇ ਆਪ ਨੂੰ।

ਪੇਈਅੜੈ—ਪੇਕੇ (ਘਰ) ਵਿਚ। ਪੇਈਅੜੈ ਘਰਿ—ਪੇਕੇ ਘਰ ਵਿਚ, ਇਸ ਲੋਕ ਵਿਚ। ਸਬਦਿ—ਗੁਰੂ ਦੇ ਸ਼ਬਦ ਵਿਚ। ਪਤੀਣੀ—ਪਤੀਜੀ ਰਹੀ। ਸਾਹੁਰੜੈ—ਪਰਲੋਕ ਵਿਚ। ਪਿਰ ਭਾਣੀ—ਪਿਰ ਨੂੰ ਭਾ ਗਈ, ਪ੍ਰਭੂ-ਪਤੀ ਨੂੰ ਚੰਗੀ ਲੱਗੀ। ਸਤਿਗੁਰਿ—ਗੁਰੂ ਨੇ। ਮੇਲਿ—ਮੇਲ ਕੇ। ਕਾਣਿ—ਮੁਥਾਜੀ। ਲੋਕਾਣੀ—ਜਗਤ ਦੀ। ੪।

ਅਰਥ :—ਹੇ ਭਾਈ ! (ਜਿਨ੍ਹਾਂ ਦੇ ਹਿਰਦੇ-ਆਕਾਸ਼ ਵਿਚ 'ਤਾਰਾ ਚੜਿਆ ਲੰਮਾ', ਉਹਨਾਂ ਦੇ) ਜਨਮ ਮਰਨ ਦੇ ਗੇੜ ਮੁੱਕ ਗਏ, ਉਹਨਾਂ ਦੀ ਕੋਝੀ ਜੀਵਨ-ਚਾਲ ਖ਼ਤਮ ਹੋ ਗਈ। ਉਹ (ਆਪਣੇ ਅੰਦਰੋਂ) ਹਉਮੈ ਦੂਰ ਕਰ ਕੇ (ਪ੍ਰਭੂ-ਚਰਨਾਂ ਵਿਚ) ਜੁੜ ਗਏ, ਉਹਨਾਂ ਦਾ ਸਰੀਰ (ਵਿਕਾਰਾਂ ਦੇ ਹੱਲਿਆਂ ਦੇ ਟਾਕਰੇ ਤੇ) ਅਡੋਲ ਹੋ ਗਿਆ।

ਹੇ ਭਾਈ ! ਗੁਰੂ ਨੇ ਜਿਸ ਜੀਵ-ਇਸਤ੍ਰੀ ਦੀ ਹਉਮੈ ਦੂਰ ਕਰ ਦਿੱਤੀ, ਉਹ (ਲੋਕ ਪਰਲੋਕ ਵਿਚ) ਸੋਭਾ ਵਾਲੀ ਹੋ ਗਈ, ਉਸ ਦੇ ਸਾਰੇ ਗ਼ਮ ਸਾਰੇ ਦੁੱਖ-ਕਲੇਸ਼ ਮੁੱਕ ਗਏ। ਉਸ ਦੀ ਜਿੰਦ ਪਰਮਾਤਮਾ ਦੀ ਜੋਤਿ ਵਿਚ ਮਿਲੀ ਰਹਿੰਦੀ ਹੈ, ਉਹ ਆਪਣੇ ਆਤਮਕ ਜੀਵਨ ਦੀ ਸਦਾ ਪੜਤਾਲ ਕਰਦੀ ਰਹਿੰਦੀ ਹੈ।

ਹੇ ਭਾਈ ! ਜਿਹੜੀ ਜੀਵ-ਇਸਤ੍ਰੀ ਇਸ ਲੋਕ ਵਿਚ ਗੁਰੂ ਦੇ ਸ਼ਬਦ ਵਿਚ ਪਰਚੀ ਰਹਿੰਦੀ ਹੈ, ਉਹ ਪਰਲੋਕ ਵਿਚ (ਜਾ ਕੇ) ਪ੍ਰਭੂ-ਪਤੀ ਨੂੰ ਭਾ ਜਾਂਦੀ ਹੈ । ਹੇ ਨਾਨਕ ! ਜਿਸ ਜੀਵ-ਇਸਤ੍ਰੀ ਨੂੰ ਗੁਰੂ ਨੇ(ਆਪਣੇ ਸ਼ਬਦ ਵਿਚ) ਜੋੜ ਕੇ ਪ੍ਰਭੂ ਨਾਲ ਮਿਲਾ ਦਿੱਤਾ, ਉਸ ਨੂੰ ਦੁਨੀਆ ਦੀ ਮੁਥਾਜੀ ਨਹੀਂ ਰਹਿ ਜਾਂਦੀ । ੪ । ੩ ।

ਤੁਖਾਰੀ ਮਹਲਾ ੧ ॥ ਭੋਲਾਵੜੈ ਭੁਲੀ, ਭੁਲਿ ਭੁਲਿ ਪਛੋਤਾਣੀ ॥ ਪਿਰਿ ਛੋਡਿਅੜੀ ਸੁਤੀ, ਪਿਰ ਕੀ ਸਾਰ ਨ ਜਾਣੀ ॥ ਪਿਰਿ ਛੋਡੀ ਸੁਤੀ, ਅਵਗਣਿ ਮੁਤੀ ਤਿਸੁ ਧਨ ਵਿਧਣ ਰਾਤੇ ॥ ਕਾਮਿ ਕ੍ਰੋਧਿ ਅਹੰਕਾਰਿ ਵਿਗੁਤੀ, ਹਉਮੈ ਲਗੀ ਤਾਤੇ ॥ ਉਡਰਿ ਹੰਸੁ ਚਲਿਆ ਫੁਰਮਾਇਆ,ਭਸਮੈ ਭਸਮ ਸਮਾਣੀ ॥ ਨਾਨਕ ਸਚੇ ਨਾਮ ਵਿਹੂਣੀ, ਭੁਲਿ ਭੁਲਿ ਪਛੋਤਾਣੀ ॥ ੧ ॥ ਸੁਣਿ ਨਾਹ ਪਿਆਰੇ, ਇਕ ਬੇਨੰਤੀ ਮੇਰੀ ॥ ਤੂ ਨਿਜ ਘਰਿ ਵਸਿਅੜਾ, ਹਉ ਰੁਲਿ ਭਸਮੈ ਢੇਰੀ ॥ ਬਿਨੁ ਅਪਨੇ ਨਾਹੈ, ਕੋਇ ਨ ਚਾਹੈ, ਕਿਆ ਕਹੀਐ ਕਿਆ ਕੀਜੈ ॥ ਅੰਮ੍ਰਿਤ ਨਾਮੁ ਰਸਨ ਰਸੁ, ਰਸਨਾ ਗੁਰ ਸਬਦੀ ਰਸੁ ਪੀਜੈ ॥ ਵਿਣੁ ਨਾਵੈ ਕੋ ਸੰਗਿ ਨ ਸਾਥੀ ਆਵੈ ਜਾਇ ਘਨੇਰੀ ॥ ਨਾਨਕ ਲਾਹਾ ਲੈ ਘਰਿ ਜਾਈਐ, ਸਾਚੀ ਸਚੁ ਮਤਿ ਤੇਰੀ ॥ ੨ ॥ ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥ ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ॥ ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ॥ ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ ॥ ਸਤਿਗੁਰ ਸਬਦੀ ਮਿਲੈ ਵਿਛੁੰਨੀ ਤਨੁ ਮਨੁ ਆਗੈ ਰਾਖੈ॥ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ,ਮਿਲਿ ਪ੍ਰੀਤਮ ਰਸੁ ਚਾਖੈ॥੩॥ਮਹਲਿ ਬੁਲਾਇੜੀਏ ਬਿਲਮੁ ਨ ਕੀਜੈ ॥ ਅਨਦਿਨੁ ਰਤੜੀਏ ਸਹਜਿ ਮਿਲੀਜੈ ॥ ਸੁਖਿ ਸਹਜਿ ਮਿਲੀਜੈ, ਰੋਸੁ ਨ ਕੀਜੈ, ਗਰਬੁ ਨਿਵਾਰਿ ਸਮਾਣੀ ॥ ਸਾਚੈ ਰਾਤੀ ਮਿਲੈ ਮਿਲਾਈ ਮਨਮੁਖਿ ਆਵਣ ਜਾਣੀ ॥ ਜਬ ਨਾਚੀ ਤਬ ਘੂਘਟੁ ਕੈਸਾ, ਮਟੁਕੀ ਫੋੜਿ ਨਿਰਾਰੀ ॥ ਨਾਨਕ ਆਪੈ ਆਪੁ ਪਛਾਣੈ ਗੁਰਮੁਖਿ ਤਤੁ ਬੀਚਾਰੀ ॥੪॥੪॥

ਪਦ ਅਰਥ :—ਭੋਲਾਵੜੈ—ਕੋਝੇ ਭੋਲਾਵੇ ਵਿਚ, ਕੋਝੇ ਭੁਲੇਖੇ ਵਿਚ । ਭੁਲੀ—ਕੁਰਾਹੇ ਪੈ ਗਈ । ਭੁਲਿ—ਗ਼ਲਤੀ ਕਰ ਕੇ । ਪਛੋਤਾਣੀ—ਅਫਸੋਸ ਕਰਦੀ ਰਹੀ, ਹੱਥ ਮਲਦੀ ਰਹੀ । ਪਿਰਿ—ਪਿਰ ਨੇ, ਪ੍ਰਭੂ-ਪਤੀ ਨੇ । ਛੋਡਿਅੜੀ—ਤਿਆਗ ਦਿੱਤੀ, ਪਿਆਰ ਕਰਨਾ ਛੱਡ ਦਿੱਤਾ । ਸੁਤੀ—ਮਾਇਆ ਦੇ ਮੋਹ ਦੀ ਨੀਂਦ ਵਿਚ ਪਈ ਰਹੀ । ਸਾਰ—ਕਦਰ ।

ਅਵਗਣਿ—ਅਵਗਣ ਦੇ ਕਾਰਨ, (ਇਸ) ਭੁੱਲ ਦੇ ਕਾਰਨ, (ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੀ ਰਹਿਣ ਦੀ) ਭੁੱਲ ਦੇ ਕਾਰਨ। ਮੁਤੀ—(ਪਿਰ ਨੇ) ਤਿਆਗ ਦਿੱਤੀ। ਤਿਸੁ ਧਨ ਰਾਤੇ—ਉਸ (ਜੀਵ-) ਇਸਤ੍ਰੀ ਦੀ (ਜੀਵਨ) ਰਾਤ। ਵਿਧਣ—ਦੁੱਖ-ਭਰੀ। ਕਾਮਿ—ਕਾਮ ਵਿਚ। ਕ੍ਰੋਧਿ—ਕ੍ਰੋਧ ਵਿਚ। ਵਿਗੁਤੀ—ਖ਼ੁਆਰ ਹੁੰਦੀ ਰਹੀ। ਤਾਤੇ—ਤਾਤਿ, ਈਰਖਾ।

ਉਡਰਿ—ਉੱਡ ਕੇ। ਉਡਰਿ ਚਲਿਆ—ਉੱਡ ਤੁਰਿਆ। ਹੰਸੁ—ਜੀਵਾਤਮਾ। ਭਸਮ—ਮਿੱਟੀ। ਵਿਹੂਣੀ—ਸੱਖਣੀ। ੧।

ਅਰਥ :—ਹੇ ਭਾਈ! (ਜਿਹੜੀ ਜੀਵ-ਇਸਤ੍ਰੀ ਪਰਮਾਤਮਾ ਦੇ ਨਾਮ ਤੋਂ ਵਾਂਜੀ ਰਹਿੰਦੀ ਹੈ, ਉਹ) ਕੋਝੇ ਭੁਲੇਖੇ ਵਿਚ ਪੈ ਕੇ ਜੀਵਨ-ਰਾਹ ਤੋਂ ਖੁੰਝ ਜਾਂਦੀ ਹੈ, ਮੁੜ ਮੁੜ ਗ਼ਲਤੀਆਂ ਕਰ ਕੇ ਪਛੁਤਾਂਦੀ ਰਹਿੰਦੀ ਹੈ। (ਅਜਿਹੀ ਜੀਵ-ਇਸਤ੍ਰੀ) ਪ੍ਰਭੂ-ਪਤੀ ਦੀ ਕਦਰ ਨਹੀਂ ਸਮਝਦੀ। (ਮਾਇਆ ਦੇ ਮੋਹ ਦੀ ਨੀਂਦ ਵਿਚ) ਗ਼ਾਫ਼ਿਲ ਹੋ ਰਹੀ (ਅਜਿਹੀ ਜੀਵ-ਇਸਤ੍ਰੀ) ਨੂੰ ਪ੍ਰਭੂ-ਪਤੀ ਨੇ ਭੀ ਮਨੋਂ ਲਾਹ ਦਿੱਤਾ ਹੁੰਦਾ ਹੈ।

ਹੇ ਭਾਈ! ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੀ ਹੋਈ ਜਿਸ ਜੀਵ-ਇਸਤ੍ਰੀ ਨੂੰ ਪ੍ਰਭੂ-ਪਤੀ ਨੇ ਪਿਆਰ ਕਰਨਾ ਛੱਡ ਦਿੱਤਾ, (ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤੀ ਰਹਿਣ ਦੇ ਇਸ) ਔਗਣ ਦੇ ਕਾਰਨ ਤਿਆਗ ਦਿੱਤਾ, ਉਸ ਜੀਵ-ਇਸਤ੍ਰੀ ਦੀ ਜ਼ਿੰਦਗੀ ਦੀ ਰਾਤ ਦੁੱਖਦਾਈ ਹੋ ਜਾਂਦੀ ਹੈ (ਉਸ ਦੀ ਸਾਰੀ ਉਮਰ ਦੁੱਖਾਂ ਵਿਚ ਬੀਤਦੀ ਹੈ)। ਉਹ ਇਸਤ੍ਰੀ ਕਾਮ ਵਿਚ ਕ੍ਰੋਧ ਵਿਚ ਅਹੰਕਾਰ ਵਿਚ (ਸਦਾ) ਖ਼ੁਆਰ ਹੁੰਦੀ ਰਹਿੰਦੀ ਹੈ, ਉਸ ਨੂੰ ਹਉਮੈ ਚੰਬੜੀ ਰਹਿੰਦੀ ਹੈ ਉਸ ਨੂੰ ਈਰਖਾ ਚੰਬੜੀ ਰਹਿੰਦੀ ਹੈ।

ਹੇ ਭਾਈ! ਪਰਮਾਤਮਾ ਦੇ ਹੁਕਮ ਅਨੁਸਾਰ ਜੀਵਾਤਮਾ (ਤਾਂ ਆਖ਼ਿਰ ਸਰੀਰ ਨੂੰ ਛੱਡ ਕੇ) ਤੁਰ ਪੈਂਦਾ ਹੈ, ਤੇ, ਸਰੀਰ ਮਿੱਟੀ ਦੀ ਢੇਰੀ ਹੋ ਕੇ ਮਿੱਟੀ ਨਾਲ ਮਿਲ ਜਾਂਦਾ ਹੈ। ਪਰ, ਹੇ ਨਾਨਕ! ਪਰਮਾਤਮਾ ਦੇ ਨਾਮ ਤੋਂ ਭੁੱਲੀ ਹੋਈ ਜੀਵ-ਇਸਤ੍ਰੀ ਸਾਰੀ ਉਮਰ ਭੁੱਲਾਂ ਕਰ ਕਰ ਕੇ (ਅਨੇਕਾਂ ਦੁੱਖ ਸਹੇੜ ਕੇ) ਪਛੁਤਾਂਦੀ ਰਹਿੰਦੀ ਹੈ। ੧।

ਪਦ ਅਰਥ :—ਨਾਹ—ਹੇ ਨਾਹ! ਹੇ ਨਾਥ! ਹੇ ਖਸਮ! ਨਿਜ ਘਰਿ—ਆਪਣੇ ਘਰ ਵਿਚ। ਹਉ—ਹਉਂ, ਮੈਂ। ਰੁਲਿ—ਰੁਲ ਕੇ, (ਵਿਕਾਰਾਂ ਵਿਚ) ਖ਼ੁਆਰ ਹੋ ਕੇ। ਬਿਨੁ ਨਾਹੈ—ਖਸਮ ਤੋਂ ਬਿਨਾ। ਨ ਚਾਹੈ—ਪਸੰਦ ਨਹੀਂ ਕਰਦਾ। ਕਿਆ ਕਹੀਐ—ਕੀਹ ਆਖਣਾ ਚਾਹੀਦਾ ਹੈ? ਕਿਆ ਕੀਜੈ—ਕੀਹ ਕਰਨਾ ਚਾਹੀਦਾ ਹੈ? ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ। ਰਸਨ ਰਸੁ—ਸਾਰੇ ਰਸਾਂ ਤੋਂ ਸ੍ਰੇਸ਼ਟ ਰਸ। ਰਸਨਾ—ਜੀਭ ਨਾਲ। ਗੁਰ ਸਬਦੀ—ਗੁਰੂ ਦੇ ਸ਼ਬਦ ਵਿਚ ਜੁੜ ਕੇ। ਪੀਜੈ—ਪੀਣਾ ਚਾਹੀਦਾ ਹੈ।

ਸੰਗਿ—ਸੰਗੀ। ਆਵੈ ਜਾਇ—ਜੰਮਦੀ ਮਰਦੀ ਹੈ, ਜਨਮ ਮਰਨ ਦੇ ਗੇੜ ਵਿਚ ਪਈ ਰਹਿੰਦੀ ਹੈ। ਘਨੇਰੀ—ਬਹੁਤ ਲੋਕਾਈ। ਨਾਨਕ—ਹੇ ਨਾਨਕ! ਲਾਹਾ—ਲਾਭ। ਘਰਿ—ਘਰ ਵਿਚ, ਪ੍ਰਭੂ-ਚਰਨਾਂ ਵਿਚ। ਜਾਈਐ—ਜਾਣਾ ਚਾਹੀਦਾ ਹੈ। ਸਾਚੀ ਮਤਿ—ਪਵਿੱਤਰ ਮਤਿ। ਸਚੁ—ਸਦਾ-ਥਿਰ ਹਰਿ-ਨਾਮ (ਨੂੰ ਸਿਮਰਿਆਂ)। ੨।

ਅਰਥ :—ਹੇ ਪਿਆਰੇ (ਪ੍ਰਭੂ-) ਪਤੀ! ਮੇਰੀ ਇਕ ਬੇਨਤੀ ਸੁਣ—ਤੂੰ ਆਪਣੇ ਘਰ ਵਿਚ ਵੱਸ ਰਿਹਾ ਹੈਂ, ਪਰ ਮੈਂ (ਤੈਥੋਂ ਵਿਛੁੜ ਕੇ ਵਿਕਾਰਾਂ ਵਿਚ) ਖ਼ੁਆਰ ਹੋ ਕੇ ਸੁਆਹ ਦੀ ਢੇਰੀ ਹੋ ਰਹੀ ਹਾਂ।

ਆਪਣੇ (ਪ੍ਰਭੂ-) ਪਤੀ ਤੋਂ ਬਿਨਾ (ਪ੍ਰਭੂ-ਪਤੀ ਤੋਂ ਵਿਛੁੜੀ ਜੀਵ-ਇਸਤ੍ਰੀ ਨੂੰ) ਕੋਈ ਪਿਆਰ ਨਹੀਂ ਕਰਦਾ। (ਇਸ ਹਾਲਤ ਵਿਚ ਫਿਰ) ਕੀਹ ਆਖਣਾ ਚਾਹੀਦਾ ਹੈ? ਕੀਹ ਕਰਨਾ ਚਾਹੀਦਾ ਹੈ? (ਹੇ ਜੀਵ-ਇਸਤ੍ਰੀ!) ਪਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ ਨਾਮ (ਦੁਨੀਆ ਦੇ) ਸਭ ਰਸਾਂ ਤੋਂ ਸ੍ਰੇਸ਼ਟ ਰਸ ਹੈ; ਗੁਰੂ ਦੇ ਸ਼ਬਦ ਦੀ ਰਾਹੀਂ ਇਹ ਨਾਮ-ਰਸ ਜੀਭ ਨਾਲ ਪੀਂਦੇ ਰਹਿਣਾ ਚਾਹੀਦਾ ਹੈ।

ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ (ਜਿੰਦ ਦਾ ਹੋਰ) ਕੋਈ ਸੰਗੀ ਨਹੀਂ ਕੋਈ ਸਾਥੀ ਨਹੀਂ। (ਨਾਮ ਤੋਂ ਖੁੰਝ ਕੇ) ਬਹੁਤ ਲੋਕਾਈ ਜਨਮ ਮਰਨ ਦੇ ਗੇੜ ਵਿਚ ਪਈ ਰਹਿੰਦੀ ਹੈ। ਹੇ ਨਾਨਕ! (ਆਖ—ਹੇ ਭਾਈ!) ਪਰਮਾਤਮਾ ਦਾ ਨਾਮ-ਲਾਭ ਖੱਟ ਕੇ ਪ੍ਰਭੂ ਦੀ ਹਜ਼ੂਰੀ ਵਿਚ ਅੱਪੜ ਜਾਈਦਾ ਹੈ। (ਹੇ ਭਾਈ!) ਪਰਮਾਤਮਾ ਦਾ ਸਦਾ-ਥਿਰ ਨਾਮ (ਜਪਿਆ ਕਰ। ਇਸ ਦੀ ਬਰਕਤ ਨਾਲ) ਤੇਰੀ ਮਤਿ (ਵਿਕਾਰਾਂ ਦੇ ਹੱਲਿਆਂ ਤੋਂ) ਅਡੋਲ ਹੋ ਜਾਇਗੀ। ੨।

ਪਦ ਅਰਥ :—ਸਾਜਨ—ਸੱਜਣ ਪ੍ਰਭੂ ਜੀ! ਦੇਸਿ—ਦੇਸ ਵਿਚ, (ਜੀਵ-ਇਸਤ੍ਰੀ ਦੇ) ਹਿਰਦੇ-ਦੇਸ ਵਿਚ। ਵਿਦੇਸ—ਪਰਦੇਸ। ਵਿਦੇਸੀ—ਪਰਦੇਸੀ, ਪਰਦੇਸ ਵਿਚ ਰਹਿਣ ਵਾਲਾ। ਦੇਦੀ—ਦੇਂਦੀ। ਸਾਰਿ—ਚੇਤੇ ਕਰ ਕੇ, ਯਾਦ ਕਰ ਕੇ। ਸਮਾਲੇ—(ਹਿਰਦੇ ਵਿਚ) ਸਾਂਭਦੀ ਹੈ। ਤਿਨ ਸਜਣਾ—ਉਹਨਾਂ ਸੱਜਣਾਂ ਨੂੰ, ਪ੍ਰਭੂ ਸੱਜਣ ਜੀ ਨੂੰ। ਮੁੰਧ—[ਮੁਗਧਾ] ਅੰਞਾਣ ਜੀਵ-ਇਸਤ੍ਰੀ। ਸਾਰੇਦੀ—ਸਾਰੇਂਦੀ, ਯਾਦ ਕਰਦੀ ਹੈ। ਕਿਉ ਪ੍ਰਭ ਮਿਲਾ—ਕਿਉਂ ਪ੍ਰਭ ਮਿਲਾਂ, ਮੈਂ ਕਿਵੇਂ ਪ੍ਰਭੂ ਨੂੰ ਮਿਲਾਂ? ਮਾਰਗੁ—ਰਸਤਾ। ਪੰਥੁ—ਰਸਤਾ। ਨ ਜਾਣਉ—ਨ ਜਾਣਉਂ, ਮੈਂ ਨਹੀਂ ਜਾਣਦੀ। ਵਿਖੜਾ—ਔਖਾ, ਔਕੜਾਂ-ਭਰਿਆ। ਪਾਰੇ—(ਵਿਖੜੇ ਰਸਤੇ ਤੋਂ) ਪਾਰਲੇ ਪਾਸੇ। ਸਬਦੀ—ਸ਼ਬਦ ਦੀ ਰਾਹੀਂ। ਵਿਛੁੰਨੀ—ਵਿਛੁੜੀ ਹੋਈ ਜੀਵ-ਇਸਤ੍ਰੀ। ਆਗੈ ਰਾਖੇ—(ਪ੍ਰਭੂ-ਪਤੀ ਦੇ) ਅੱਗੇ ਰੱਖ ਦੇਂਦੀ ਹੈ, ਭੇਟਾ ਕਰ ਦੇਂਦੀ ਹੈ। ਅੰਮ੍ਰਿਤ ਬਿਰਖੁ—ਆਤਮਕ ਜੀਵਨ ਦੇਣ ਵਾਲਾ ਨਾਮ-ਰੁੱਖ। ਮਹਾਰਸ ਫਲਿਆ—ਬੜੇ ਮਿੱਠੇ ਫਲਾਂ ਵਾਲਾ, ਜਿਸ ਨੂੰ ਉੱਚੇ ਆਤਮਕ ਗੁਣਾਂ ਦੇ ਬੜੇ ਮਿੱਠੇ ਫਲ

ਲੱਗੇ ਹੋਏ ਹਨ। ਮਿਲਿ ਪ੍ਰੀਤਮ—ਪ੍ਰੀਤਮ-ਪ੍ਰਭੂ ਨੂੰ ਮਿਲ ਕੇ। ਰਸੁ-ਸੁਆਦ। ਚਾਖੇ—ਚੱਖਦੀ ਹੈ [ਇਕ ਵਚਨ]। ੩।

ਅਰਥ :—ਹੇ ਭਾਈ! ਸੱਜਣ-ਪ੍ਰਭੂ ਜੀ (ਹਰੇਕ ਜੀਵ-ਇਸਤ੍ਰੀ ਦੇ) ਹਿਰਦੇ-ਦੇਸ ਵਿਚ ਵੱਸ ਰਹੇ ਹਨ, (ਪਰ ਨਾਮ-ਹੀਣ ਜੀਵ-ਇਸਤ੍ਰੀ ਦੁੱਖਾਂ ਵਿਚ ਘਿਰ ਕੇ ਉਸ ਨੂੰ) ਪਰਦੇਸ ਵਿਚ ਵੱਸਦਾ ਜਾਣ ਕੇ (ਦੁੱਖਾਂ ਤੋਂ ਬਚਣ ਲਈ) ਤਰਲੇ-ਭਰੇ ਸਨੇਹੇ ਭੇਜਦੀ ਹੈ। (ਨਾਮ ਤੋਂ ਵਾਂਜੀ ਹੋਈ) ਅੰਞਾਣ ਜੀਵ-ਇਸਤ੍ਰੀ (ਸਹੇੜੇ ਹੋਏ ਦੁੱਖਾਂ ਦੇ ਕਾਰਨ) ਰੋਂਦੀ ਹੈ, ਵਿਰਲਾਪ ਕਰਦੀ ਹੈ ਤੇ ਉਸ ਸੱਜਣ-ਪ੍ਰਭੂ ਜੀ ਨੂੰ ਮੁੜ ਮੁੜ ਯਾਦ ਕਰਦੀ ਹੈ।

(ਨਾਮ ਤੋਂ ਵਾਂਜੀ ਹੋਈ) ਅੰਞਾਣ ਜੀਵ-ਇਸਤ੍ਰੀ (ਸਹੇੜੇ ਦੁੱਖਾਂ ਦੇ ਕਾਰਨ) ਵਿਰਲਾਪ ਕਰਦੀ ਹੈ, ਪ੍ਰਭੂ-ਪਤੀ ਦੇ ਗੁਣ ਚੇਤੇ ਕਰਦੀ ਹੈ, (ਤੇ, ਤਰਲੇ ਲੈਂਦੀ ਹੈ ਕਿ) ਪਿਆਰੇ ਪ੍ਰਭੂ ਨੂੰ ਕਿਵੇਂ ਮਿਲਾਂ। (ਜਿਸ ਦੇਸ ਵਿਚ ਉਹ ਵੱਸਦਾ ਹੈ, ਉਸ ਦਾ) ਰਸਤਾ (ਅਨੇਕਾਂ ਵਿਕਾਰਾਂ ਦੀਆਂ) ਔਕੜਾਂ ਨਾਲ ਭਰਿਆ ਹੋਇਆ ਹੈ, ਮੈਂ ਉਹ ਰਸਤਾ ਜਾਣਦੀ ਭੀ ਨਹੀਂ ਹਾਂ, ਮੈਂ ਉਸ ਪਤੀ ਨੂੰ ਕਿਵੇਂ ਮਿਲਾਂ, ਉਹ ਤਾਂ (ਇਹਨਾਂ ਵਿਕਾਰਾਂ ਦੀਆਂ ਰੁਕਾਵਟਾਂ ਤੋਂ) ਪਾਰਲੇ ਪਾਸੇ ਰਹਿੰਦਾ ਹੈ।

ਹੇ ਨਾਨਕ! (ਆਖ—ਹੇ ਭਾਈ!) ਜਿਹੜੀ ਵਿਛੁੜੀ ਹੋਈ ਜੀਵ-ਇਸਤ੍ਰੀ ਗੁਰੂ ਦੇ ਸ਼ਬਦ ਦੀ ਰਾਹੀਂ ਆਪਣਾ ਤਨ ਆਪਣਾ ਮਨ ਉਸ ਦੇ ਹਵਾਲੇ ਕਰ ਦੇਂਦੀ ਹੈ, ਉਹ ਉਸ ਨੂੰ ਮਿਲ ਪੈਂਦੀ ਹੈ। ਹੇ ਭਾਈ! ਪਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਇਕ ਐਸਾ ਰੁੱਖ ਹੈ ਜਿਸ ਨੂੰ ਉੱਚੇ ਆਤਮਕ ਗੁਣਾਂ ਦੇ ਫਲ ਲੱਗੇ ਰਹਿੰਦੇ ਹਨ, (ਗੁਰੂ ਦੇ ਸ਼ਬਦ ਦੀ ਰਾਹੀਂ ਆਪਣਾ ਤਨ ਮਨ ਭੇਟਾ ਕਰਨ ਵਾਲੀ ਜੀਵ-ਇਸਤ੍ਰੀ) ਪ੍ਰੀਤਮ-ਪ੍ਰਭੂ ਨੂੰ ਮਿਲ ਕੇ (ਉਸ ਰੁੱਖ ਦੇ ਫਲਾਂ ਦਾ) ਸੁਆਦ ਚੱਖਦੀ ਰਹਿੰਦੀ ਹੈ। ੩।

ਪਦ ਅਰਥ :—ਮਹਲਿ—ਮਹਲ ਵਿਚ, ਪ੍ਰਭੂ ਦੀ ਹਜ਼ੂਰੀ ਵਿਚ। ਬੁਲਾਇੜੀਏ! ਹੇ ਸੱਦੀਏ ਹੋਈਏ! ਬਿਲਮੁ—[विलम्ब] ਦੇਰ, ਢਿੱਲ। ਨ ਕੀਜੈ—ਨਹੀਂ ਕਰਨੀ ਚਾਹੀਦੀ। ਅਨੁਦਿਨੁ—[अनुदिनं] ਹਰ ਰੋਜ਼, ਹਰ ਵੇਲੇ। ਸਹਜਿ—ਸਹਜ ਵਿਚ, ਆਤਮਕ ਅਡੋਲਤਾ ਵਿਚ। ਮਿਲੀਜੈ—ਮਿਲੇ ਰਹਿਣਾ ਚਾਹੀਦਾ ਹੈ, ਟਿਕੇ ਰਹਿਣਾ ਚਾਹੀਦਾ ਹੈ।

ਸੁਖਿ—ਸੁਖ ਵਿਚ, ਆਨੰਦ ਵਿਚ। ਰੋਸੁ—ਗਿਲ੍ਹਾ। ਰੋਸੁ ਨ ਕੀਜੈ—ਰੋਸਾ ਨਹੀਂ ਕਰਨਾ ਚਾਹੀਦਾ, ਗਿਲ੍ਹਾ ਨਹੀਂ ਕਰਨਾ ਚਾਹੀਦਾ। ਗਰਬੁ—ਅਹੰਕਾਰ। ਨਿਵਾਰਿ—ਦੂਰ ਕਰ ਕੇ। ਸਾਚੈ—ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ। ਰਾਤੀ—ਰੱਤੀ ਹੋਈ, ਪ੍ਰੇਮ-ਰੰਗ ਵਿਚ ਰੰਗੀ ਹੋਈ। ਮਿਲਾਈ—(ਗੁਰੂ ਦੀ) ਮਿਲਾਈ ਹੋਈ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜੀਵ-ਇਸਤ੍ਰੀ। ਆਵਣ ਜਾਣੀ—ਜਨਮ ਮਰਨ ਦੇ ਗੇੜ ਵਿਚ।

ਨਾਚੀ—ਨੱਚਣ ਲੱਗ ਪਈ । ਘੂਘਟੁ—ਘੁੰਡ । ਮਟੁਕੀ ਫੋੜਿ—ਸਰੀਰ ਦੇ ਮੋਹ ਨੂੰ ਤੋੜ ਕੇ । ਨਿਰਾਰੀ—ਨਿਰਾਲੀ, ਨਿਰਲੇਪ, ਵੱਖਰੀ । ਆਪੈ ਆਪੁ—ਆਪਣੇ ਆਪ ਨੂੰ, ਆਪਣੇ ਆਤਮਕ ਜੀਵਨ ਨੂੰ । ਪਛਾਣੈ—ਪਛਾਣਦਾ ਹੈ, ਪੜਤਾਲਦਾ ਹੈ । ਤਤੁ—ਅਸਲੀਅਤ, ਅਸਲ ਜੀਵਨ-ਭੇਤ । ਬੀਚਾਰੀ—ਵਿਚਾਰਨ ਵਾਲਾ । ੪ ।

ਅਰਥ :—ਹੇ ਪ੍ਰਭੂ ਦੀ ਹਜ਼ੂਰੀ ਵਿਚ ਸੱਦੀ ਹੋਈਏ ! ਢਿੱਲ ਨਹੀਂ ਕਰਨੀ ਚਾਹੀਦੀ। ਹੇ ਹਰ ਵੇਲੇ ਪ੍ਰੇਮ-ਰੰਗ ਵਿਚ ਰੰਗੀ ਹੋਈਏ ! ਆਤਮਕ ਅਡੋਲਤਾ ਵਿਚ ਟਿਕੇ ਰਹਿਣਾ ਚਾਹੀਦਾ ਹੈ (ਭਾਵ, ਹੇ ਭਾਈ ! ਜਿਹੜੀ ਜੀਵ-ਇਸਤ੍ਰੀ ਹਰ ਵੇਲੇ ਪਰਮਾਤਮਾ ਦੇ ਪਿਆਰ-ਰੰਗ ਵਿਚ ਰੰਗੀ ਰਹਿੰਦੀ ਹੈ, ਜਿਹੜੀ ਪ੍ਰਭੂ ਦੀ ਯਾਦ ਵੱਲੋਂ ਕਦੇ ਭੀ ਢਿੱਲ ਨਹੀਂ ਕਰਦੀ, ਜਿਹੜੀ ਹਰ ਵੇਲੇ ਆਤਮਕ ਅਡੋਲਤਾ ਵਿਚ ਟਿਕੀ ਰਹਿੰਦੀ ਹੈ, ਉਸ ਜੀਵ-ਇਸਤ੍ਰੀ ਨੂੰ ਪਰਮਾਤਮਾ ਆਪਣੇ ਚਰਨਾਂ ਵਿਚ ਜੋੜਦਾ ਹੈ) ।

ਹੇ ਭਾਈ ! ਆਤਮਕ ਅਨੰਦ ਵਿਚ ਆਤਮਕ ਅਡੋਲਤਾ ਵਿਚ ਟਿਕੇ ਰਹਿਣਾ ਚਾਹੀਦਾ ਹੈ, (ਕਿਸੇ ਆਪਣੇ ਉੱਦਮ ਤੇ ਮਾਣ ਕਰ ਕੇ ਇਸ ਗੱਲ ਦਾ) ਗਿਲ੍ਹਾ ਨਹੀਂ ਕਰਨਾ ਚਾਹੀਦਾ (ਕਿ ਮੇਰਾ ਉੱਦਮ ਛੇਤੀ ਸਫਲ ਕਿਉਂ ਨਹੀਂ ਹੁੰਦਾ । ਜਿਹੜੀ ਭੀ ਜੀਵ-ਇਸਤ੍ਰੀ ਪ੍ਰਭੂ ਦਾ ਮਿਲਾਪ ਹਾਸਲ ਕਰਦੀ ਹੈ) ਅਹੰਕਾਰ ਦੂਰ ਕਰ ਕੇ (ਹੀ ਪ੍ਰਭੂ ਵਿਚ) ਲੀਨ ਹੁੰਦੀ ਹੈ । ਜਿਸ ਨੂੰ ਗੁਰੂ ਮਿਲਾਂਦਾ ਹੈ ਉਹੀ ਮਿਲਦੀ ਹੈ, ਉਹ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੀ ਰਹਿੰਦੀ ਹੈ । ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਜਨਮ ਮਰਨ ਦੇ ਗੇੜ ਵਿਚ ਪਈ ਰਹਿੰਦੀ ਹੈ ।

ਹੇ ਭਾਈ ! (ਜਿਵੇਂ) ਜਦੋਂ ਕੋਈ ਇਸਤ੍ਰੀ ਨੱਚਣ ਲੱਗ ਪਏ ਤਾਂ ਉਹ ਘੁੰਡ ਨਹੀਂ ਕੱਢਦੀ, (ਤਿਵੇਂ ਜਿਹੜੀ ਜੀਵ-ਇਸਤ੍ਰੀ ਪ੍ਰਭੂ-ਪਿਆਰ ਦੇ ਰਾਹ ਤੇ ਤੁਰਦੀ ਹੈ ਉਹ) ਸਰੀਰ ਦਾ ਮੋਹ ਛੱਡ ਕੇ (ਮਾਇਆ ਤੋਂ) ਨਿਰਲੇਪ ਹੋ ਜਾਂਦੀ ਹੈ । ਹੇ ਨਾਨਕ ! ਗੁਰੂ ਦੇ ਦੱਸੇ ਰਸਤੇ ਉੱਤੇ ਤੁਰਨ ਵਾਲਾ ਮਨੁੱਖ ਸਦਾ ਆਪਣੇ ਜੀਵਨ ਨੂੰ ਪੜਤਾਲਦਾ ਰਹਿੰਦਾ ਹੈ, ਉਹ ਅਸਲ ਜੀਵਨ-ਰਾਹ ਨੂੰ ਆਪਣੇ ਵਿਚਾਰ-ਮੰਡਲ ਵਿਚ ਟਿਕਾਈ ਰੱਖਦਾ ਹੈ। ੪ । ੪ ।

ਤੁਖਾਰੀ ਮਹਲਾ ੧ ॥ ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ॥ ਗੁਰਿ ਅਲਖੁ ਲਖਾਇਆ ਜਾ ਤਿਸੁ ਭਾਇਆ ਜਾ ਪ੍ਰਭਿ ਕਿਰਪਾ ਧਾਰੀ ॥ ਜਗਜੀਵਨੁ ਦਾਤਾ ਪੁਰਖੁ ਬਿਧਾਤਾ ਸਹਜਿ ਮਿਲੇ ਬਨਵਾਰੀ ।। ਨਦਰਿ ਕਰਹਿ ਤੂ ਤਾਰਹਿ ਤਰੀਐ ਸਚੁ ਦੇਵਹੁ ਦੀਨ ਦਇਆਲਾ ॥ ਪ੍ਰਣਵਤਿ ਨਾਨਕ ਦਾਸਨਿ ਦਾਸਾ ਤੂ

ਸਰਬ ਜੀਆ ਪ੍ਰਤਿਪਾਲਾ ॥ ੧ ॥ ਭਰਿਪੁਰਿ ਧਾਰਿ ਰਹੇ ਅਤਿ ਪਿਆਰੇ ॥ ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥ ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ ॥ ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ ॥ ਅਪਰੰਪਰੁ ਆਪੇ ਥਾਪਿ ਉਥਾਪੇ ਤਿਸੁ ਭਾਵੈ ਸੋ ਹੋਵੈ ॥ ਨਾਨਕ ਹੀਰਾ ਹੀਰੈ ਬੇਧਿਆ ਗੁਣ ਕੈ ਹਾਰਿ ਪਰੋਵੈ ॥ ੨ ॥ ਗੁਣ ਗੁਣਹਿ ਸਮਾਣੇ ਮਸਤਕਿ ਨਾਮ ਨੀਸਾਣੋ ॥ ਸਚੁ ਸਾਚਿ ਸਮਾਇਆ ਚੂਕਾ ਆਵਣ ਜਾਣੋ ॥ ਸਚੁ ਸਾਚਿ ਪਛਾਤਾ ਸਾਚੈ ਰਾਤਾ ਸਾਚੁ ਮਿਲੈ ਮਨਿ ਭਾਵੈ ॥ ਸਾਚੇ ਊਪਰਿ ਅਵਰੁ ਨ ਦੀਸੈ ਸਾਚੇ ਸਾਚਿ ਸਮਾਵੈ ॥ ਮੋਹਨਿ ਮੋਹਿ ਲੀਆ ਮਨੁ ਮੇਰਾ ਬੰਧਨ ਖੋਲਿ ਨਿਰਾਰੇ ॥ ਨਾਨਕ ਜੋਤੀ ਜੋਤਿ ਸਮਾਣੀ ਜਾ ਮਿਲਿਆ ਅਤਿ ਪਿਆਰੇ ॥ ੩ ॥ ਸਚ ਘਰੁ ਖੋਜਿ ਲਹੇ ਸਾਚਾ ਗੁਰ ਥਾਨੋ ॥ ਮਨਮੁਖਿ ਨਹ ਪਾਈਐ ਗੁਰਮੁਖਿ ਗਿਆਨੋ ॥ ਦੇਵੈ ਸਚੁ ਦਾਨੋ ਸੋ ਪਰਵਾਨੋ ਸਦ ਦਾਤਾ ਵਡ ਦਾਣਾ ॥ ਅਮਰੁ ਅਜੋਨੀ ਅਸਥਿਰੁ ਜਾਪੈ ਸਾਚਾ ਮਹਲੁ ਚਿਰਾਣਾ ॥ ਦੋਤਿ ਉਚਾਪਤਿ ਲੇਖੁ ਨ ਲਿਖੀਐ ਪ੍ਰਗਟੀ ਜੋਤਿ ਮੁਰਾਰੀ ॥ ਨਾਨਕ ਸਾਚਾ ਸਾਚੈ ਰਾਚਾ ਗੁਰਮੁਖਿ ਤਰੀਐ ਤਾਰੀ ॥ ੪ ॥ ੫ ॥

ਪਦ ਅਰਥ :—ਰੰਗੀਲੇ—ਚੋਜੀ, ਅਨੇਕਾਂ ਕੌਤਕ ਕਰਨ ਵਾਲੇ। ਹਮ—ਅਸੀ, ਮੈਂ। ਲਾਲੇ—ਗੋਲੇ, ਗ਼ੁਲਾਮ। ਗੁਰਿ—ਗੁਰੂ ਨੇ। ਅਲਖੁ—ਅ-ਲਖੁ, ਜਿਸ ਦਾ ਸਹੀ ਸਰੂਪ ਬਿਆਨ ਨਾਹ ਕੀਤਾ ਜਾ ਸਕੇ। ਅਵਰੁ—ਹੋਰ। ਭਾਲੇ—ਭਾਲਦਾ, ਲੱਭਦਾ।

ਜਾ—ਜਦੋਂ। ਤਿਸੁ ਭਾਇਆ—ਉਸ (ਪ੍ਰਭੂ) ਨੂੰ ਚੰਗਾ ਲੱਗਾ। ਪ੍ਰਭਿ—ਪ੍ਰਭੂ ਨੇ। ਜਗ ਜੀਵਨੁ—ਜਗਤ ਦਾ ਜੀਵਨ, ਜਗਤ ਦਾ ਆਸਰਾ। ਪੁਰਖੁ—ਸਰਬ-ਵਿਆਪਕ। ਬਿਧਾਤਾ—ਸਿਰਜਣਹਾਰ। ਸਹਜਿ—ਆਤਮਕ ਅਡੋਲਤਾ ਵਿਚ। ਬਨਵਾਰੀ—ਪਰਮਾਤਮਾ [ਬਨ-ਮਾਲੀ, ਸਾਰੀ ਬਨਸਪਤੀ ਹੈ ਜਿਸ ਦੀ ਮਾਲਾ]।

ਨਦਰਿ—ਮਿਹਰ ਦੀ ਨਿਗਾਹ। ਤਾਰਹਿ—(ਤੂੰ ਸੰਸਾਰ-ਸਮੁੰਦਰ ਤੋਂ) ਪਾਰ ਲੰਘਾਂਦਾ ਹੈਂ। ਤਰੀਐ—ਪਾਰ ਲੰਘ ਸਕੀਦਾ ਹੈ। ਸਚੁ—ਸਦਾ-ਥਿਰ ਨਾਮ। ਦੀਨ ਦਇਆਲਾ—ਹੇ ਦੀਨਾਂ ਉੱਤੇ ਦਇਆ ਕਰਨ ਵਾਲੇ! ਪ੍ਰਣਵਤਿ—ਬੇਨਤੀ ਕਰਦਾ ਹੈ। ਦਾਸਨਿਦਾਸਾ—ਦਾਸਾਂ ਦਾ ਦਾਸ। ਸਰਬ—ਸਾਰੇ। ੧।

ਅਰਥ :—ਹੇ ਭਾਈ! ਸੋਹਣੇ ਪ੍ਰਭੂ ਜੀ ਅਨੇਕਾਂ ਕੌਤਕ ਕਰਨ ਵਾਲੇ ਹਨ, ਮੈਂ ਉਸ ਸੋਹਣੇ ਪ੍ਰਭੂ ਦਾ (ਸਦਾ ਲਈ) ਗ਼ੁਲਾਮ ਹਾਂ। ਹੇ ਭਾਈ! (ਜਿਸ ਮਨੁੱਖ ਨੂੰ) ਗੁਰੂ ਨੇ ਅਲੱਖ

ਪ੍ਰਭੂ ਦੀ ਸੂਝ ਬਖ਼ਸ਼ ਦਿੱਤੀ, (ਉਹ ਮਨੁੱਖ ਉਸ ਨੂੰ ਛੱਡ ਕੇ) ਕਿਸੇ ਹੋਰ ਦੀ ਭਾਲ ਨਹੀਂ ਕਰਦਾ ।

ਹੇ ਭਾਈ! ਜਦੋਂ ਪ੍ਰਭੂ ਦੀ ਰਜ਼ਾ ਹੋਈ, ਜਦੋਂ ਪ੍ਰਭੂ ਨੇ (ਕਿਸੇ ਜੀਵ ਉਤੇ) ਕਿਰਪਾ ਕੀਤੀ, ਤਦੋਂ ਗੁਰੂ ਨੇ ਉਸ ਨੂੰ ਅਲੱਖ ਪ੍ਰਭੂ ਦਾ ਗਿਆਨ ਦਿੱਤਾ । ਤਦੋਂ ਉਸ ਨੂੰ ਆਤਮਕ ਅਡੋਲਤਾ ਵਿਚ ਟਿਕ ਕੇ ਉਹ ਪਰਮਾਤਮਾ ਮਿਲ ਪੈਂਦਾ ਹੈ ਜਿਹੜਾ ਜਗਤ ਦਾ ਸਹਾਰਾ ਹੈ ਜਿਹੜਾ ਸਭ ਦਾਤਾਂ ਦੇਣ ਵਾਲਾ ਹੈ ਜਿਹੜਾ ਸਰਬ-ਵਿਆਪਕ ਹੈ ਅਤੇ ਸਿਰਜਣਹਾਰ ਹੈ ।

ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਜਦੋਂ ਤੂੰ ਆਪਣਾ ਸਦਾ ਥਿਰ ਨਾਮ ਦੇਂਦਾ ਹੈਂ, ਜਦੋਂ ਤੂੰ ਮਿਹਰ ਦੀ ਨਿਗਾਹ ਕਰਦਾ ਹੈਂ, ਜਦੋਂ ਤੂੰ (ਆਪ ਸੰਸਾਰ-ਸਮੁੰਦਰ ਤੋਂ) ਪਾਰ ਲੰਘਾਂਦਾ ਹੈਂ, ਤਦੋਂ ਹੀ ਪਾਰ ਲੰਘ ਸਕੀਦਾ ਹੈ । ਤੇਰੇ ਦਾਸਾਂ ਦਾ ਦਾਸ ਨਾਨਕ ਬੇਨਤੀ ਕਰਦਾ ਹੈ ਕਿ ਤੂੰ ਸਾਰੇ ਜੀਵਾਂ ਦੀ ਰੱਖਿਆ ਕਰਨ ਵਾਲਾ ਹੈਂ । ੧ ।

ਪਦ ਅਰਥ:-ਭਰਿਪੁਰਿ-ਭਰਪੂਰ ਹੈ, ਸਭ ਵਿਚ ਵਿਆਪਕ ਹੈ । ਧਾਰਿ ਰਹੇ-(ਪ੍ਰਭੂ ਜੀ ਸਾਰੀ ਸ੍ਰਿਸ਼ਟੀ ਨੂੰ) ਆਸਰਾ ਦੇ ਰਹੇ ਹਨ । ਸਬਦੇ-(ਗੁਰੂ ਦੇ) ਸ਼ਬਦ ਦੀ ਰਾਹੀਂ (ਇਹ ਸਮਝ ਆਉਂਦੀ ਹੈ) । ਰਵਿ ਰਹਿਆ-ਸਭ ਜੀਵਾਂ ਵਿਚ ਮੌਜੂਦ ਹੈ । ਗੁਰ ਰੂਪਿ -ਵੱਡੀ ਹਸਤੀ ਵਾਲਾ ਪ੍ਰਭੂ । ਮੁਰਾਰੇ-[ਮੁਰ-ਅਰਿ] ਪਰਮਾਤਮਾ । ਤ੍ਰਿਭਵਣ ਧਾਰੇ-ਤਿੰਨਾਂ ਭਵਨਾਂ ਨੂੰ ਸਹਾਰਾ ਦੇ ਰਿਹਾ ਹੈ । ਤਾ ਕਾ-ਉਸ (ਪਰਮਾਤਮਾ) ਦਾ । ਰੰਗੀ-ਕਈ ਰੰਗਾਂ ਦੇ । ਜਿਨਸੀ-ਕਈ ਜਿਨਸਾਂ ਦੇ । ਚੜੈ ਸਵਾਇਆ-(ਉਸ ਦਾ ਦਿੱਤਾ ਦਾਨ)ਵਧਦਾ ਰਹਿੰਦਾ ਹੈ ।

ਅਪਰੰਪਰੁ-ਪਰੇ ਤੋਂ ਪਰੇ ਪ੍ਰਭੂ, ਜਿਸ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ । ਥਾਪਿ-ਪੈਦਾ ਕਰ ਕੇ।ਉਥਾਪੇ-ਨਾਸ ਕਰਦਾ ਹੈ।ਹੀਰਾ-ਪਵਿੱਤਰ ਹੋ ਚੁਕਿਆ ਜੀਵਾਤਮਾ। ਹੀਰੈ-ਮਹਾਨ ਉੱਚੇ ਪਰਮਾਤਮਾ ਵਿਚ । ਬੇਧਿਆ-ਵਿੱਝ ਜਾਂਦਾ ਹੈ । ਗੁਣ ਕੈ ਹਾਰਿ-ਗੁਣਾਂ ਦੇ ਹਾਰ ਵਿਚ । ੨ ।

ਅਰਥ:-ਹੇ ਭਾਈ ! ਗੁਰੂ ਦੇ ਸ਼ਬਦ ਦੀ ਰਾਹੀਂ (ਇਹ ਸਮਝ ਪੈਂਦੀ ਹੈ ਕਿ ਸਭ ਜੀਵਾਂ ਨੂੰ) ਬਹੁਤ ਹੀ ਪਿਆਰ ਕਰਨ ਵਾਲਾ ਪਰਮਾਤਮਾ ਸਭ ਵਿਚ ਵਿਆਪਕ ਹੈ, (ਸਾਰੀ ਸ੍ਰਿਸ਼ਟੀ ਨੂੰ) ਆਸਰਾ ਦੇ ਰਿਹਾ ਹੈ, ਵੱਡੀ ਹਸਤੀ ਵਾਲਾ ਹੈ ਅਤੇ ਸਭ ਜੀਵਾਂ ਵਿਚ ਮੌਜੂਦ ਹੈ ।

ਹੇ ਭਾਈ! ਸਭ ਤੋਂ ਵੱਡੀ ਹਸਤੀ ਵਾਲਾ ਪਰਮਾਤਮਾ ਤਿੰਨਾਂ ਭਵਨਾਂ ਨੂੰ ਸਹਾਰਾ ਦੇ ਰਿਹਾ ਹੈ, (ਕਿਸੇ ਭੀ ਜੀਵ ਨੇ ਅਜੇ ਤਕ) ਉਸ (ਦੇ ਗੁਣਾਂ) ਦਾ ਅੰਤ ਨਹੀਂ ਲੱਭਾ । ਉਹ ਪਰਮਾਤਮਾ ਅਨੇਕਾਂ ਰੰਗਾਂ ਦੇ ਅਨੇਕਾਂ ਕਿਸਮਾਂ ਦੇ ਜੀਵ ਪੈਦਾ ਕਰਦਾ ਹੈ, (ਸਭ

ਜੀਵਾਂ ਨੂੰ) ਸਦਾ (ਦਾਨ) ਦੇਂਦਾ ਹੈ, ਅਤੇ ਉਸ ਦਾ ਭੰਡਾਰਾ ਸਦਾ ਵਧਦਾ ਹੀ ਰਹਿੰਦਾ ਹੈ।

ਹੇ ਭਾਈ! ਪਰਮਾਤਮਾ ਬਹੁਤ ਬੇਅੰਤ ਹੈ, ਉਹ ਆਪ ਹੀ ਪੈਦਾ ਕਰ ਕੇ ਆਪ ਹੀ ਨਾਸ ਕਰਦਾ ਹੈ। (ਜਗਤ ਵਿਚ) ਉਹੀ ਕੁਝ ਹੁੰਦਾ ਹੈ ਜੋ ਉਸ ਨੂੰ ਚੰਗਾ ਲੱਗਦਾ ਹੈ। ਹੇ ਨਾਨਕ! (ਆਖ–ਹੇ ਭਾਈ! ਜਿਹੜਾ ਜੀਵ ਉਸ ਪਰਮਾਤਮਾ ਦੇ) ਗੁਣਾਂ ਦੇ ਹਾਰ ਵਿਚ (ਆਪਣੇ ਆਪ ਨੂੰ) ਪ੍ਰੋ ਲੈਂਦਾ ਹੈ ਉਹ ਪਵਿੱਤਰ ਹੋ ਚੁਕਿਆ ਜੀਵਾਤਮਾ ਮਹਾਨ ਉੱਚੇ ਪਰਮਾਤਮਾ ਵਿਚ ਇੱਕ-ਰੂਪ ਹੋ ਜਾਂਦਾ ਹੈ। ੨।

ਪਦ ਅਰਥ:–ਗੁਣਹਿ–(ਪਰਮਾਤਮਾ ਦੇ) ਗੁਣਾਂ ਵਿਚ। ਸਮਾਣੇ–ਲੀਨ ਹੋ ਜਾਂਦੇ ਹਨ। ਮਸਤਕਿ–(ਜਿੰਨ੍ਹਾਂ ਦੇ) ਮੱਥੇ ਉੱਤੇ। ਨਾਮ ਨੀਸਾਣੋ–(ਪ੍ਰਭੂ ਦੇ) ਨਾਮ (ਦੀ ਪ੍ਰਾਪਤੀ) ਦਾ ਨਿਸ਼ਾਨ (ਲੱਗ ਜਾਂਦਾ ਹੈ, ਲੇਖ ਲਿਖਿਆ ਜਾਂਦਾ ਹੈ)। ਸਚੁ–ਸਦਾ-ਥਿਰ ਹਰਿ-ਨਾਮ (ਸਿਮਰ ਕੇ)। ਸਾਚਿ–ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ। ਚੂਕਾ–ਮੁੱਕ ਗਿਆ। ਆਵਣ ਜਾਣੋ–ਜਨਮ ਮਰਨ ਦਾ ਗੇੜ।

ਸਚੁ ਪਛਾਤਾ–ਸਦਾ-ਥਿਰ ਪ੍ਰਭੂ ਨਾਲ ਸਾਂਝ ਪਾ ਲਈ। ਸਾਚੇ–ਸਦਾ-ਥਿਰ ਪ੍ਰਭੂ ਵਿਚ। ਮਨਿ ਭਾਵੈ–(ਉਸ ਦੇ) ਮਨ ਵਿਚ ਪਿਆਰਾ ਲੱਗਦਾ ਹੈ। ਸਾਚੇ ਊਪਰਿ–ਸਦਾ-ਥਿਰ ਪ੍ਰਭੂ ਤੋਂ ਵ੍ਡਾ। ਸਾਚੇ ਸਾਚਿ–ਹਰ ਵੇਲੇ ਸਦਾ-ਥਿਰ ਪ੍ਰਭੂ ਵਿਚ।

ਮੋਹਨਿ–ਮੋਹਨ-ਪ੍ਰਭੂ ਨੇ। ਖੋਲਿ–ਖੋਲ੍ਹ ਕੇ, ਤੋੜ ਕੇ। ਨਿਰਾਰੇ–ਨਿਰਲੇਪ (ਕਰ ਦੇਂਦਾ ਹੈ)। ਜੋਤੀ–ਜੋਤਿ-ਰੂਪ ਪ੍ਰਭੂ ਵਿਚ। ਜਾ–ਜਦੋਂ। ੩।

ਅਰਥ:–ਹੇ ਭਾਈ! ਜਿੰਨ੍ਹਾਂ ਦੇ ਮੱਥੇ ਉਤੇ ਪਰਮਾਤਮਾ ਦੇ ਨਾਮ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੁੰਦਾ ਹੈ, ਉਹ ਮਨੁੱਖ ਪਰਮਾਤਮਾ ਦੇ ਗੁਣ ਉਚਾਰ ਕੇ ਉਹਨਾਂ ਗੁਣਾਂ ਵਿਚ ਲੀਨ ਹੋਏ ਰਹਿੰਦੇ ਹਨ।

ਹੇ ਭਾਈ! ਜਿਹੜਾ ਮਨੁੱਖ ਸਦਾ-ਥਿਰ ਹਰਿ-ਨਾਮ ਉਚਾਰ ਕੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਲੀਨ ਹੋਇਆ ਰਹਿੰਦਾ ਹੈ, ਉਸ ਦਾ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ।

ਹੇ ਭਾਈ! ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਵਿਚ ਲੀਨ ਰਹਿਣ ਵਾਲਾ ਮਨੁੱਖ ਸਦਾ-ਕਾਇਮ ਪ੍ਰਭੂ ਨਾਲ ਡੂੰਘੀ ਸਾਂਝ ਪਾਈ ਰੱਖਦਾ ਹੈ, ਸਦਾ-ਥਿਰ ਪ੍ਰਭੂ ਦੇ ਪ੍ਰੇਮ-ਰੰਗ ਵਿਚ ਰੰਗਿਆ ਰਹਿੰਦਾ ਹੈ, ਉਸ ਨੂੰ ਸਦਾ-ਥਿਰ ਪ੍ਰਭੂ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ, ਉਸ ਦੇ ਮਨ ਵਿਚ ਉਹ ਪਿਆਰਾ ਲੱਗਦਾ ਰਹਿੰਦਾ ਹੈ। ਉਸ ਮਨੁੱਖ ਨੂੰ ਸਦਾ-ਥਿਰ ਪਰਮਾਤਮਾ ਤੋਂ ਵ੍ਡਾ ਹੋਰ ਕੋਈ ਨਹੀਂ ਦਿੱਸਦਾ, ਉਹ ਹਰ ਵੇਲੇ ਸਦਾ-ਥਿਰ ਪ੍ਰਭੂ ਵਿਚ ਲੀਨ ਹੋ ਰਿਹਾ ਹੁੰਦਾ ਹੈ।

ਹੇ ਭਾਈ! ਉਸ ਮੋਹਨ (ਪ੍ਰਭੂ) ਨੇ ਮੇਰਾ ਮਨ (ਭੀ) ਮੋਹ ਲਿਆ ਹੋਇਆ ਹੈ। ਹੇ

ਨਾਨਕ ! ਆਖ—ਹੇ ਭਾਈ ! ਜਦੋਂ (ਕੋਈ ਵਡ-ਭਾਗੀ ਮਨੁੱਖ ਉਸ) ਅੱਤ ਪਿਆਰੇ ਪਰਮਾਤਮਾ ਨੂੰ ਮਿਲ ਪੈਂਦਾ ਹੈ, ਉਸ ਦੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ, ਪ੍ਰਭੂ ਉਸ ਦੇ (ਮਾਇਆ ਦੇ ਮੋਹ ਦੇ) ਬੰਧਨ ਕੱਟ ਕੇ ਉਸ ਨੂੰ (ਮਾਇਆ ਤੋਂ) ਨਿਰਲੇਪ ਕਰ ਦੇਂਦਾ ਹੈ। ੩ ।

ਅਰਥ :—ਸਚ ਘਰੁ—ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਘਰ, ਸੱਚੇ ਦਾ ਘਰ। ਖੋਜਿ—ਖੋਜ ਕੇ। ਗੁਰ ਥਾਨੋ—ਗੁਰੂ ਦਾ ਥਾਂ। ਸਾਚਾ ਗੁਰ ਥਾਨੋ—ਸਦਾ-ਥਿਰ ਸਾਧ ਸੰਗਤਿ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਿਆਂ। ਗੁਰਮੁਖਿ—ਗੁਰੂ ਦੇ ਸਨਮੁਖ ਰਿਹਾਂ, ਗੁਰੂ ਦੀ ਸਰਨ ਪਿਆਂ।

ਦੇਵੈ—(ਗੁਰੁ) ਦੇਂਦਾ ਹੈ। ਸਚੁ ਦਾਨੋ—ਸਦਾ-ਥਿਰ ਹਰਿ-ਨਾਮ ਦਾ ਦਾਨ। ਸੋ—ਉਹ ਮਨੁੱਖ। ਸਦ—ਸਦਾ। ਦਾਨਾ—ਸਿਆਣਾ। ਅਮਰੁ—ਕਦੇ ਨਾਹ ਮਰਨ ਵਾਲਾ। ਜਾਪੈ—ਜਪਦਾ ਹੈ। ਅਸਥਿਰੁ—ਸਦਾ ਕਾਇਮ ਰਹਿਣ ਵਾਲਾ। ਸਾਚਾ—ਸਦਾ-ਥਿਰ। ਚਿਰਾਣਾ ਮਹਲੁ—ਮੁੱਢ ਕਦੀਮਾਂ ਦਾ ਟਿਕਾਣਾ।

ਦੋਤਿ—[ਦ੍ਯੋਤਿ—ਜੋਤਿ] ਨੂਰ, ਪਰਕਾਸ਼। ਉਗ੍ਰਾਪਤਿ ਲੇਖੁ—(ਵਿਕਾਰਾਂ ਦੇ) ਕਰਜ਼ੇ ਦਾ ਲੇਖ। ਨ ਲਿਖੀਐ—ਨਹੀਂ ਲਿਖਿਆ ਜਾਂਦਾ। ਮੁਰਾਰੀ—[ਮੁਰ-ਅਰਿ] ਪਰਮਾਤਮਾ। ਨਾਨਕ—ਹੇ ਨਾਨਕ ! ਸਾਚਾ—ਸਦਾ-ਥਿਰ ਹਰੀ ਦਾ ਰੂਪ। ਰਾਚਾ—ਮਸਤ, ਲੀਨ। ਤਰੀਐ—ਤਰ ਸਕੀਦੀ ਹੈ। ੪ ।

ਅਰਥ :—ਹੇ ਭਾਈ ! ਜਿਸ ਮਨੁੱਖ ਨੂੰ ਸਦਾ-ਥਿਰ ਸਾਧ ਸੰਗਤਿ ਪ੍ਰਾਪਤ ਹੋ ਜਾਂਦੀ ਹੈ, ਉਹ ਮਨੁੱਖ (ਸਾਧ ਸੰਗਤਿ ਵਿਚ) ਖੋਜ ਕਰ ਕੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਟਿਕਾਣਾ ਲੱਭ ਲੈਂਦਾ ਹੈ। ਹੇ ਭਾਈ ! ਗੁਰੂ ਦੀ ਸਰਨ ਪਿਆਂ ਪਰਮਾਤਮਾ ਨਾਲ ਡੂੰਘੀ ਸਾਂਝ ਪ੍ਰਾਪਤ ਹੁੰਦੀ ਹੈ, ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਨੂੰ (ਇਹ ਦਾਤਿ) ਨਹੀਂ ਮਿਲਦੀ।

ਹੇ ਭਾਈ ! (ਗੁਰੂ ਜਿਸ ਮਨੁੱਖ ਨੂੰ) ਸਦਾ ਦਾਤਾਂ ਦੇਣ ਵਾਲੇ ਵੱਡੇ ਸਿਆਣੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਨਾਮ-ਦਾਨ ਦੇਂਦਾ ਹੈ, ਉਹ ਮਨੁੱਖ ਉਸ ਅਮਰ ਅਜੋਨੀ ਅਤੇ ਸਦਾ-ਥਿਰ ਪ੍ਰਭੂ (ਦਾ ਨਾਮ ਸਦਾ) ਜਪਦਾ ਰਹਿੰਦਾ ਹੈ, ਉਸ ਮਨੁੱਖ ਨੂੰ ਪਰਮਾਤਮਾ ਦਾ ਮੁੱਢ ਕਦੀਮਾਂ ਦਾ ਸਦਾ-ਥਿਰ ਟਿਕਾਣਾ ਲੱਭ ਪੈਂਦਾ ਹੈ।

ਹੇ ਨਾਨਕ ! (ਆਖ—ਹੇ ਭਾਈ ! ਜਿਸ ਮਨੁੱਖ ਦੇ ਅੰਦਰ) ਪਰਮਾਤਮਾ ਦੀ ਜੋਤਿ ਪਰਗਟ ਹੋ ਜਾਂਦੀ ਹੈ, ਉਸ ਜੋਤਿ ਦੀ ਬਰਕਤਿ ਨਾਲ ਉਸ ਮਨੁੱਖ ਦਾ ਵਿਕਾਰਾਂ ਦੇ ਕਰਜ਼ੇ ਦਾ ਹਿਸਾਬ ਲਿਖਣਾ ਬੰਦ ਹੋ ਜਾਂਦਾ ਹੈ (ਭਾਵ, ਉਹ ਮਨੁੱਖ ਵਿਕਾਰਾਂ ਵਲੋਂ ਹਟ ਜਾਂਦਾ ਹੈ), ਉਹ ਮਨੁੱਖ ਸਦਾ-ਥਿਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ, ਉਹ ਮਨੁੱਖ ਹਰ ਵੇਲੇ ਸਦਾ-

ਥਿਰ ਪ੍ਰਭੂ ਵਿਚ ਲੀਨ ਰਹਿੰਦਾ ਹੈ।

ਹੇ ਭਾਈ! ਗੁਰੂ ਦੀ ਸਰਨ ਪਿਆਂ ਹੀ (ਮਾਇਆ ਦੇ ਮੋਹ ਦੇ ਸਮੁੰਦਰ ਤੋਂ) ਇਹ ਤਾਰੀ ਤਰੀ ਜਾ ਸਕਦੀ ਹੈ।੪।੫।

ਤੁਖਾਰੀ ਮਹਲਾ ੧ ॥ ਏ ਮਨ ਮੇਰਿਆ ਤੂ ਸਮਝੁ ਅਚੇਤ ਇਆਣਿਆ ਰਾਮ ॥ ਏ ਮਨ ਮੇਰਿਆ ਛਡਿ ਅਵਗਣ ਗੁਣੀ ਸਮਾਣਿਆ ਰਾਮ ॥ ਬਹੁ ਸਾਦ ਲੁਭਾਣੇ ਕਿਰਤ ਕਮਾਣੇ ਵਿਛੁੜਿਆ ਨਹੀ ਮੇਲਾ ॥ ਕਿਉ ਦੁਤਰੁ ਤਰੀਐ ਜਮ ਡਰਿ ਮਰੀਐ ਜਮ ਕਾ ਪੰਥੁ ਦੁਹੇਲਾ ॥ ਮਨਿ ਰਾਮੁ ਨਹੀ ਜਾਤਾ ਸਾਝ ਪ੍ਰਭਾਤਾ ਅਵਘਟਿ ਰੁਧਾ ਕਿਆ ਕਰੇ ॥ ਬੰਧਨਿ ਬਾਧਿਆ ਇਨ ਬਿਧਿ ਛੂਟੈ ਗੁਰਮੁਖਿ ਸੇਵੈ ਨਰਹਰੇ ॥੧॥ ਏ ਮਨ ਮੇਰਿਆ ਤੂ ਛੋਡਿ ਆਲ ਜੰਜਾਲਾ ਰਾਮ ॥ ਏ ਮਨ ਮੇਰਿਆ ਹਰਿ ਸੇਵਹੁ ਪੁਰਖੁ ਨਿਰਾਲਾ ਰਾਮ ॥ ਹਰਿ ਸਿਮਰਿ ਏਕੰਕਾਰੁ ਸਾਚਾ ਸਭੁ ਜਗਤੁ ਜਿੰਨਿ ਉਪਾਇਆ ॥ ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ ॥ ਆਚਾਰਿ ਤੂ ਵੀਚਾਰਿ ਆਪੇ ਹਰਿ ਨਾਮੁ ਸੰਜਮ ਜਪ ਤਪੋ ॥ ਸਖਾ ਸੈਨੁ ਪਿਆਰੁ ਪ੍ਰੀਤਮੁ ਨਾਮੁ ਹਰਿ ਕਾ ਜਪੁ ਜਪੋ ॥ ੨ ॥ ਏ ਮਨ ਮੇਰਿਆ ਤੂ ਥਿਰੁ ਰਹੁ ਚੋਟ ਨ ਖਾਵਹੀ ਰਾਮ ॥ ਏ ਮਨ ਮੇਰਿਆ ਗੁਣ ਗਾਵਹਿ ਸਹਜਿ ਸਮਾਵਹੀ ਰਾਮ ॥ ਗੁਣ ਗਾਇ ਰਾਮ ਰਸਾਇ ਰਸੀਅਹਿ ਗੁਰ ਗਿਆਨ ਅੰਜਨੁ ਸਾਰਹੇ ॥ ਤ੍ਰੈ ਲੋਕ ਦੀਪਕੁ ਸਬਦਿ ਚਾਨਣੁ ਪੰਚ ਦੂਤ ਸੰਘਾਰਹੇ ॥ ਭੈ ਕਾਟਿ ਨਿਰਭਉ ਤਰਹਿ ਦੁਤਰੁ ਗੁਰਿ ਮਿਲਿਐ ਕਾਰਜ ਸਾਰਏ ॥ ਰੂਪੁ ਰੰਗੁ ਪਿਆਰੁ ਹਰਿ ਸਿਉ ਹਰਿ ਆਪਿ ਕਿਰਪਾ ਧਾਰਏ ॥੩॥ ਏ ਮਨ ਮੇਰਿਆ ਤੂ ਕਿਆ ਲੈ ਆਇਆ ਕਿਆ ਲੈ ਜਾਇਸੀ ਰਾਮ ॥ ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ ਧਨੁ ਸੰਚਿ ਹਰਿ ਹਰਿ ਨਾਮ ਵਖਰੁ ਗੁਰ ਸਬਦਿ ਭਾਉ ਪਛਾਣਹੇ ॥ ਮੈਲੁ ਪਰਹਰਿ ਸਬਦਿ ਨਿਰਮਲੁ ਮਹਲੁ ਘਰੁ ਸਚੁ ਜਾਣਹੇ ॥ ਪਤਿ ਨਾਮੁ ਪਾਵਹਿ ਘਰਿ ਸਿਧਾਵਹਿ ਝੋਲਿ ਅੰਮ੍ਰਿਤ ਪੀ ਰਸੋ ॥ ਹਰਿਨਾਮੁ ਧਿਆਈਐ ਸਬਦਿ ਰਸੁ ਪਾਈਐ ਵਡਭਾਗਿ ਜਪੀਐ ਹਰਿ ਜਸੋ ॥ ੪ ॥ ਏ ਮਨ ਮੇਰਿਆ ਬਿਨੁ ਪਉੜੀਆ ਮੰਦਰਿ ਕਿਉ ਚੜੈ ਰਾਮ ॥ ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨ ਅੰਬੜੈ ਰਾਮ ॥ ਪਾਰਿ ਸਾਜਨੁ ਅਪਾਰੁ ਪ੍ਰੀਤਮੁ

ਗੁਰ ਸਬਦ ਸੁਰਤਿ ਲੰਘਾਵਏ ॥ ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ ॥ ਕਰਿ ਦਇਆ ਦਾਨੁ ਦਇਆਲ ਸਾਚਾ ਹਰਿ ਨਾਮ ਸੰਗਤਿ ਪਾਵਓ ॥ ਨਾਨਕੁ ਪਇਅੰਪੈ ਸੁਣਹੁ ਪ੍ਰੀਤਮ ਗੁਰ ਸਬਦਿ ਮਨੁ ਸਮਝਾਵਓ ॥ ੫ ॥ ੬ ॥

ਪਦ ਅਰਥ:—ਏ ਅਚੇਤ ਮਨ—ਹੇ ਗ਼ਾਫ਼ਿਲ ਮਨ ! ਹੇ ਲਾ-ਪਰਵਾਹ ਮਨ ! ਗੁਣੀ ਸਮਾਣਿਆ—(ਪਰਮਾਤਮਾ ਦੇ) ਗੁਣਾਂ ਵਿਚ ਲੀਨ ਹੋ ।

ਬਹੁ ਸਾਦ—ਅਨੇਕਾਂ ਸੁਆਦਾਂ ਵਿਚ । ਲੁਭਾਣੇ—ਫਸਣ ਵਾਲੇ, ਲੋਭ ਕਰਨ ਵਾਲੇ । ਕਿਰਤ ਕਮਾਣੇ—ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ । ਦੁਤਰੁ—[ਦੁਸਤਰ] ਜਿਸ ਤੋਂ ਪਾਰ ਲੰਘਣਾ ਔਖਾ ਹੈ । ਡਰਿ—ਡਰ ਨਾਲ । ਮਰੀਐ—ਮਰੀਦਾ ਹੈ, ਸਹਿਮੇ ਰਹੀਦਾ ਹੈ । ਪੰਥੁ—ਰਸਤਾ । ਦੁਹੇਲਾ—ਦੁਖਦਾਈ ।

ਮਨਿ—ਮਨ ਵਿਚ । ਜਾਤਾ—ਜਾਣਿਆ, ਸਾਂਝ ਪਾਈ । ਸਾਝ—ਸ਼ਾਮ ਵੇਲੇ । ਪ੍ਰਭਾਤਾ —ਸਵੇਰੇ । ਅਵਘਟਿ—ਔਖੇ ਰਸਤੇ ਵਿਚ । ਰੁਧਾ—ਰੁਕਿਆ ਹੋਇਆ, ਫਸਿਆ ਹੋਇਆ । ਕਿਆ ਕਰੇ—ਕੀਹ ਕਰ ਸਕਦਾ ਹੈ ? ਬੇ-ਬਸ ਹੋ ਜਾਂਦਾ ਹੈ । ਬੰਧਨਿ—ਬੰਧਨ ਨਾਲ [ਇਕ ਵਚਨ], (ਮਾਇਆ ਦੇ ਮੋਹ ਦੀ) ਰੱਸੀ ਨਾਲ । ਇਨਿ ਬਿਧਿ—ਇਸ ਤਰੀਕੇ ਨਾਲ । ਛੂਟੈ—ਬੰਧਨ ਵਿਚੋਂ ਨਿਕਲ ਸਕਦਾ ਹੈ । ਗੁਰਮੁਖਿ—ਗੁਰੂ ਦੀ ਸਰਨ ਪੈ ਕੇ । ਸੇਵੈ— ਸਿਮਰੇ । ਨਰਹਰੇ—ਪਰਮਾਤਮਾ । ੧ ।

ਅਰਥ:—ਹੇ ਮੇਰੇ ਮਨ ! ਹੇ ਮੇਰੇ ਗ਼ਾਫ਼ਿਲ ਮਨ ! ਹੇ ਮੇਰੇ ਅੰਞਾਣ ਮਨ ! ਤੂੰ ਹੋਸ਼ ਕਰ । ਹੇ ਮੇਰੇ ਮਨ ! ਮੰਦੇ ਕਰਮ ਕਰਨੇ ਛੱਡ ਦੇ, (ਪਰਮਾਤਮਾ ਦੇ) ਗੁਣਾਂ (ਦੀ ਯਾਦ) ਵਿਚ ਲੀਨ ਰਿਹਾ ਕਰ ।

ਹੇ ਮੇਰੇ ਮਨ ! ਜਿਹੜੇ ਮਨੁੱਖ ਅਨੇਕਾਂ (ਪਦਾਰਥਾਂ ਦੇ) ਸੁਆਦਾਂ ਵਿਚ ਫਸੇ ਰਹਿੰਦੇ ਹਨ, ਉਹ ਆਪਣੇ ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ (ਪਰਮਾਤਮਾ ਤੋਂ ਵਿਛੁੜੇ ਰਹਿੰਦੇ ਹਨ । ਇਹਨਾਂ ਸੰਸਕਾਰਾਂ ਦੇ ਕਾਰਨ ਹੀ) ਉਹਨਾਂ ਵਿਛੁੜੇ ਹੋਇਆਂ ਦਾ (ਆਪਣੇ ਆਪ ਪਰਮਾਤਮਾ ਨਾਲ) ਮਿਲਾਪ ਨਹੀਂ ਹੋ ਸਕਦਾ । ਹੇ ਮੇਰੇ ਮਨ ! ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘਣਾ ਬਹੁਤ ਔਖਾ ਹੈ, (ਆਪਣੇ ਉੱਦਮ ਨਾਲ) ਪਾਰ ਨਹੀਂ ਲੰਘ ਸਕੀਦਾ । ਜਮਾਂ ਦੇ ਡਰ ਨਾਲ ਸਹਿਮੇ ਰਹੀਦਾ ਹੈ । ਹੇ ਮਨ ! ਜਮਾਂ ਵਾਲੇ ਪਾਸੇ ਲੈ ਜਾਣ ਵਾਲਾ ਰਸਤਾ ਬੜਾ ਦੁਖਦਾਈ ਹੈ ।

ਹੇ ਮੇਰੇ ਮਨ ! ਜਿਸ ਮਨੁੱਖ ਨੇ ਆਪਣੇ ਮਨ ਵਿਚ ਸਵੇਰੇ ਸ਼ਾਮ (ਕਿਸੇ ਭੀ ਵੇਲੇ) ਪਰਮਾਤਮਾ ਨਾਲ ਸਾਂਝ ਨਹੀਂ ਪਾਈ, ਉਹ (ਮਾਇਆ ਦੇ ਮੋਹ ਦੇ) ਔਖੇ ਰਾਹ ਵਿਚ

ਫਸ ਜਾਂਦਾ ਹੈ (ਇਸ ਵਿਚੋਂ ਨਿਕਲਣ ਲਈ) ਉਹ ਕੁਝ ਭੀ ਨਹੀਂ ਕਰ ਸਕਦਾ। (ਪਰ ਹਾਂ, ਮਾਇਆ ਦੇ ਮੋਹ ਦੀ) ਰੱਸੀ ਨਾਲ ਬੱਝਾ ਹੋਇਆ ਉਹ ਇਸ ਤਰੀਕੇ ਨਾਲ ਖ਼ਲਾਸੀ ਪਾ ਸਕਦਾ ਹੈ ਕਿ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਸਿਮਰਨ ਕਰੇ।੧।

ਪਦ ਅਰਥ :—ਆਲ—[ਆਲਯ] ਘਰ। ਆਲ ਜੰਜਾਲਾ—ਘਰ ਦੇ ਜੰਜਾਲ, ਘਰ ਦੀਆਂ ਫਾਹੀਆਂ, ਘਰ ਦੇ ਮੋਹ ਦੀਆਂ ਫਾਹੀਆਂ। ਸੇਵਹੁ—ਸਿਮਰੋ, ਸਿਮਰਦਾ ਰਹੁ। ਪੁਰਖੁ—ਸਰਬ-ਵਿਆਪਕ ਪ੍ਰਭੂ। ਨਿਰਾਲਾ—ਨਿਰਲੇਪ।

ਏਕੰਕਾਰੁ—ਇਕ ਓਅੰਕਾਰ, ਜੋ ਇਕ ਆਪ ਹੀ ਆਪ ਅਤੇ ਸਰਬ-ਵਿਆਪਕ ਹੈ। ਸਾਚਾ—ਸਦਾ ਕਾਇਮ ਰਹਿਣ ਵਾਲਾ। ਜਿੰਨਿ—ਜਿਨਿ, ਜਿਸ ਨੇ [ਛੰਤ ਦੀ ਚਾਲ ਪੂਰੀ ਰੱਖਣ ਲਈ ਇਕ ਮਾਤ੍ਰਾ ਵਧਾ ਕੇ 'ਜਿਨਿ' ਨੂੰ 'ਜਿੰਨਿ' ਲਿਖਿਆ ਹੈ]। ਪਉਣੁ—ਹਵਾ। ਅਗਨਿ—ਅੱਗ। ਬਾਧੇ—(ਮਰਯਾਦਾ ਵਿਚ) ਬੰਨ੍ਹੇ ਹੋਏ ਹਨ। ਗੁਰਿ ਦਿਖਾਇਆ—(ਜਿਸ ਨੂੰ) ਗੁਰੂ ਨੇ ਵਿਖਾਲ ਦਿੱਤਾ। ਜਗਤਿ—ਜਗਤ ਵਿਚ। ਖੇਲੁ—(ਪਰਮਾਤਮਾ ਦਾ ਰਚਿਆ) ਤਮਾਸ਼ਾ।

ਆਚਾਰਿ—ਆਚਾਰੀ, ਕਰਮ-ਕਾਂਡੀ, ਮਿਥੀ ਹੋਈ ਖਾਸ ਧਾਰਮਿਕ ਮਰਯਾਦਾ ਵਿਚ ਤੁਰਨ ਵਾਲਾ। ਆਚਾਰ—ਧਾਰਮਿਕ ਮਿਥੀ ਹੋਈ ਮਰਯਾਦਾ। ਵੀਚਾਰਿ—ਵੀਚਾਰੀ, ਵਿਚਾਰ-ਵਾਨ, ਗਿਆਨਵਾਨ। ਆਪੇ—ਆਪ ਹੀ। ਸਖਾ—ਮਿੱਤਰ। ਸੈਨੁ—ਸੱਜਣ। ਜਪੇ—ਜਪੁ, ਜਪਦਾ ਰਹੁ।੨।

ਅਰਥ :—ਹੇ ਮੇਰੇ ਮਨ ! ਘਰ ਦੇ ਮੋਹ ਦੀਆਂ ਫਾਹੀਆਂ ਛੱਡ ਦੇ। ਹੇ ਮੇਰੇ ਮਨ ! ਉਸ ਪਰਮਾਤਮਾ ਨੂੰ ਸਿਮਰਦਾ ਰਹੁ, ਜੋ ਸਭਨਾਂ ਵਿਚ ਵਿਆਪਕ ਭੀ ਹੈ ਤੇ ਨਿਰਲੇਪ ਭੀ ਹੈ।

ਹੇ ਮੇਰੇ ਮਨ ! ਉਸ ਇੱਕ ਸਰਬ-ਵਿਆਪਕ ਅਤੇ ਸਦਾ-ਥਿਰ ਪਰਮਾਤਮਾ (ਦਾ ਨਾਮ) ਸਿਮਰਦਾ ਰਹੁ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ ਅਤੇ ਹਵਾ ਪਾਣੀ ਅੱਗ (ਆਦਿਕ ਤੱਤਾਂ) ਨੂੰ (ਮਰਯਾਦਾ ਵਿਚ) ਬੰਨ੍ਹਿਆ ਹੋਇਆ ਹੈ। ਹੇ ਮੇਰੇ ਮਨ ! (ਉਹੀ ਮਨੁੱਖ ਨਾਮ ਸਿਮਰਦਾ ਹੈ ਜਿਸ ਨੂੰ) ਗੁਰੂ ਨੇ ਜਗਤ ਵਿਚ (ਪਰਮਾਤਮਾ ਦਾ ਇਹ) ਤਮਾਸ਼ਾ ਵਿਖਾ ਦਿੱਤਾ ਹੈ (ਅਤੇ ਨਾਮ ਵਿਚ ਜੋੜਿਆ ਹੈ)।

ਹੇ ਮੇਰੇ ਮਨ ! ਪਰਮਾਤਮਾ ਦਾ ਨਾਮ ਸਦਾ ਜਪਦਾ ਰਹੁ ਜਪਦਾ ਰਹੁ, ਇਹੀ ਹੈ ਮਿੱਤਰ ਇਹੀ ਹੈ ਸੱਜਣ ਇਹੀ ਹੈ ਪਿਆਰਾ ਪ੍ਰੀਤਮ। ਹੇ ਮੇਰੇ ਮਨ ! ਪਰਮਾਤਮਾ ਦਾ ਨਾਮ ਹੀ ਹੈ ਅਨੇਕਾਂ ਸੰਜਮ ਅਨੇਕਾਂ ਜਪ ਅਤੇ ਅਨੇਕਾਂ ਤਪ। ਹੇ ਮੇਰੇ ਮਨ ! ਨਾਮ ਜਪਿਆਂ ਹੀ ਤੂੰ ਧਾਰਮਿਕ ਮਰਯਾਦਾ ਵਿਚ ਤੁਰਨ ਵਾਲਾ ਹੈਂ, ਨਾਮ ਜਪਿਆਂ ਹੀ ਤੂੰ

ਉੱਚੀ ਆਤਮਕ ਜੀਵਨ ਦੀ ਵਿਚਾਰ ਦਾ ਮਾਲਕ ਹੈਂ । ੨ ।

ਪਦ ਅਰਥ :--ਥਿਰੁ-(ਪ੍ਰਭੂ-ਚਰਨਾਂ ਵਿਚ) ਅਡੋਲ । ਨ ਖਾਵਹੀ-ਨ ਖਾਵਹਿ, [ਮੱਧਮ ਪੁਰਖ, ਇਕ ਵਚਨ] ਤੂੰ ਨਹੀਂ ਖਾਹਿੰਗਾ । ਚੋਟ-(ਵਿਕਾਰਾਂ ਦੀ) ਸੱਟ । ਗੁਣ ਗਾਵਹਿ-(ਜੇ ਤੂੰ ਪਰਮਾਤਮਾ ਦੇ) ਗੁਣ ਗਾਂਦਾ ਰਹੇਂ । ਸਹਜਿ-ਸਹਜ ਵਿਚ, ਆਤਮਕ ਅਡੋਲਤਾ ਵਿਚ । ਸਮਾਵਹੀ-ਸਮਾਵਹਿ, ਤੂੰ ਸਮਾ ਜਾਹਿੰਗਾ ।

ਗਾਇ-ਗਾ ਕੇ । ਗੁਣ ਰਾਮ-ਰਾਮ ਦੇ ਗੁਣ । ਰਸਾਇ-ਰਸਾ ਕੇ, ਸੁਆਦ ਨਾਲ। ਰਸੀਅਹਿ-ਤੂੰ ਰਸ ਜਾਹਿੰਗਾ, ਤੇਰੇ ਅੰਦਰ ਰਸ ਜਾਣਗੇ । ਅੰਜਨੁ-ਸੁਰਮਾ । ਗੁਰ ਗਿਆਨ ਅੰਜਨੁ-ਗੁਰੂ ਦੇ ਗਿਆਨ ਦਾ ਸੁਰਮਾ, ਗੁਰੂ ਦੀ ਬਖ਼ਸ਼ੀ ਆਤਮਕ ਜੀਵਨ ਦੀ ਸੂਝ ਦਾ ਸੁਰਮਾ । ਗਿਆਨ-ਆਤਮਕ ਜੀਵਨ ਦੀ ਸੂਝ । ਸਾਰਹੇ-ਸਾਰਹਿ, ਜੇ ਤੂੰ ਪਾ ਲਏਂ (ਅੱਖਾਂ ਵਿਚ) । ਦੀਪਕੁ-ਦੀਵਾ । ਤ੍ਰੈ ਲੋਕ-ਤਿੰਨ ਲੋਕ (ਧਰਤੀ, ਆਕਾਸ਼, ਪਾਤਾਲ) ਸਾਰਾ ਜਗਤ । ਤ੍ਰੈ ਲੋਕ ਦੀਪਕੁ-ਸਾਰੇ ਜਗਤ ਦਾ ਦੀਵਾ, ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਪ੍ਰਭੂ ! ਸਬਦਿ-ਗੁਰੂ ਦੇ ਸ਼ਬਦ ਦੀ ਰਾਹੀਂ । ਦੂਤ-ਵੈਰੀ ! ਪੰਚ ਦੂਤ -ਕਾਮਾਦਿਕ ਪੰਜ ਵੈਰੀ । ਸੰਘਾਰਹੇ-ਸੰਘਾਰਹਿ, ਤੂੰ ਮਾਰ ਲਏਂਗਾ ।

ਭੈ-ਸਾਰੇ ਡਰ [ਬਹੁ ਵਚਨ] । ਕਾਟਿ-ਕੱਟ ਕੇ। ਤਰਹਿ-ਤੂੰ ਪਾਰ ਲੰਘ ਜਾਹਿੰਗਾ। ਦੁਤਰੁ-(ਉਹ ਸੰਸਾਰ-ਸਮੁੰਦਰ) ਜਿਸ ਤੋਂ ਪਾਰ ਲੰਘਣਾ ਔਖਾ ਹੈ । ਗੁਰਿ ਮਿਲਿਐ-ਜੇ ਗੁਰੂ ਮਿਲ ਪਏ । ਸਾਰਏ-ਸਾਰ ਦੇਂਦਾ ਹੈ, (ਪ੍ਰਭੂ) ਸਵਾਰ ਦੇਂਦਾ ਹੈ । ਕਾਰਜ-ਸਾਰੇ ਕੰਮ । ਸਿਉ-ਨਾਲ । ਧਾਰਏ-ਧਾਰੇ, ਧਾਰਦਾ ਹੈ । ੩ ।

ਅਰਥ :-ਹੇ ਮੇਰੇ ਮਨ ! ਤੂੰ (ਪਰਮਾਤਮਾ ਦੇ ਚਰਨਾਂ ਵਿਚ) ਅਡੋਲ ਟਿਕਿਆ ਰਿਹਾ ਕਰ, (ਇਸ ਤਰ੍ਹਾਂ) ਤੂੰ (ਵਿਕਾਰਾਂ ਦੀ) ਸੱਟ ਨਹੀਂ ਖਾਹਿੰਗਾ । ਹੇ ਮੇਰੇ ਮਨ ! (ਜੇ ਤੂੰ ਪਰਮਾਤਮਾ ਦੇ) ਗੁਣ ਗਾਂਦਾ ਰਹੇਂ, ਤਾਂ ਤੂੰ ਆਤਮਕ ਅਡੋਲਤਾ ਵਿਚ ਲੀਨ ਰਹੇਂਗਾ ।

ਹੇ ਮਨ ! ਪ੍ਰੇਮ ਨਾਲ ਪਰਮਾਤਮਾ ਦੇ ਗੁਣ ਗਾਇਆਂ (ਗੁਣ) ਤੇਰੇ ਅੰਦਰ ਰਸ ਜਾਣਗੇ । (ਹੇ ਮੇਰੇ ਮਨ !) ਜੇ ਤੂੰ ਗੁਰੂ ਦੀ ਬਖ਼ਸ਼ੀ ਹੋਈ ਆਤਮਕ ਜੀਵਨ ਦੀ ਸੂਝ ਦਾ ਸੁਰਮਾ (ਆਪਣੀਆਂ ਆਤਮਕ ਅੱਖਾਂ ਵਿਚ) ਪਾ ਲਏਂ, ਤਾਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਦੀਵਾ (-ਪ੍ਰਭੂ ਤੇਰੇ ਅੰਦਰ ਜਗ ਪਏਗਾ), ਗੁਰੂ ਦੇ ਸ਼ਬਦ ਦੀ ਬਰਕਤਿ ਨਾਲ (ਤੇਰੇ ਅੰਦਰ ਆਤਮਕ ਜੀਵਨ ਦੀ ਸੂਝ ਦਾ) ਚਾਨਣ (ਹੋ ਜਾਇਗਾ) । ਤੂੰ (ਕਾਮਾਦਿਕ) ਪੰਜ ਵੈਰੀਆਂ ਨੂੰ (ਆਪਣੇ ਅੰਦਰੋਂ) ਮਾਰ ਲਏਂਗਾ ।

ਹੇ ਮੇਰੇ ਮਨ ! (ਜੇ ਤੂੰ ਪਰਮਾਤਮਾ ਦੇ ਗੁਣ ਗਾਂਦਾ ਰਹੇਂਗਾ, ਤਾਂ ਆਪਣੇ ਅੰਦਰੋਂ ਦੁਨੀਆ ਦੇ ਸਾਰੇ) ਡਰ ਕੱਟ ਕੇ ਨਿਰਭਉ ਹੋ ਜਾਹਿੰਗਾ, ਇਸ ਸੰਸਾਰ-ਸਮੁੰਦਰ ਤੋਂ ਪਾਰ

ਲੰਘ ਜਾਹਿੰਗਾ ਜਿਸ ਤੋਂ ਪਾਰ ਲੰਘਣਾ ਔਖਾ ਹੈ।

ਹੇ ਮਨ! ਜੇ ਗੁਰੂ ਮਿਲ ਪਏ ਤਾਂ ਪਰਮਾਤਮਾ ਜੀਵ ਦੇ ਸਾਰੇ ਕੰਮ ਸੰਵਾਰ ਦੇਂਦਾ ਹੈ। ਹੇ ਮਨ! ਜਿਸ ਮਨੁਖ ਉੱਤੇ ਪਰਮਾਤਮਾ ਆਪ ਕਿਰਪਾ ਕਰਦਾ ਹੈ ਉਸ ਦਾ (ਸੋਹਣਾ ਆਤਮਕ) ਰੂਪ ਹੋ ਜਾਂਦਾ ਹੈ (ਸੋਹਣਾ ਆਤਮਕ) ਰੰਗ ਹੋ ਜਾਂਦਾ ਹੈ, ਪਰਮਾਤਮਾ ਨਾਲ ਉਸ ਦਾ ਪਿਆਰ ਬਣ ਜਾਂਦਾ ਹੈ।੩।

ਪਦ ਅਰਥ :—ਕਿਆ ਲੈ ਆਇਆ—(ਜੰਮਣ ਸਮੇ ਆਪਣੇ ਨਾਲ) ਕੀਹ ਲੈ ਕੇ ਤੂੰ ਆਇਆ ਸੀ? ਲੈ—ਲੈ ਕੇ। ਜਾਇਸੀ—ਤੂੰ ਜਾਹਿੰਗਾ। ਤਾ—ਤਦੋਂ। ਛੁਟਸੀ—(ਮਾਇਆ ਦੇ ਮੋਹ ਤੋਂ) ਖਲਾਸੀ ਹਾਸਲ ਕਰੇਂਗਾ। ਜਾ—ਜਦੋਂ। ਭਰਮੁ—(ਮਾਇਆ ਦੀ ਖ਼ਾਤਰ) ਭਟਕਣਾ। ਚੁਕਾਇਸੀ—ਤੂੰ ਦੂਰ ਕਰੇਂਗਾ।

ਸੰਚਿ—ਇਕੱਠਾ ਕਰ। ਵਖਰੁ—ਸੌਦਾ (ਵਿਹਾਝ)। ਗੁਰ ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਭਾਉ—ਪ੍ਰੇਮ, ਪਿਆਰ। ਪਛਾਣਹੇ—ਪਛਾਣਹਿ, ਜੇ ਤੂੰ ਪਛਾਣ ਲਏਂ। ਮੈਲੁ—ਵਿਕਾਰਾਂ ਦੀ ਮੈਲ। ਪਰਹਰਿ—ਦੂਰ ਕਰ ਕੇ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਸਚੁ ਮਹਲੁ—ਸਦਾ-ਥਿਰ ਟਿਕਾਣਾ। ਸਚੁ ਘਰੁ—ਸਦਾ-ਥਿਰ ਘਰ। ਜਾਣਹੇ—ਜਾਣਹਿ, ਤੂੰ ਜਾਣ ਲਏਂਗਾ, ਤੂੰ ਲੱਭ ਲਏਂਗਾ।

ਪਤਿ—(ਲੋਕ ਪਰਲੋਕ ਦੀ) ਇੱਜ਼ਤ। ਘਰਿ—ਘਰ ਵਿਚ, (ਅਸਲ) ਘਰ ਵਿਚ, ਪ੍ਰਭੂ ਦੀ ਹਜ਼ੂਰੀ ਵਿਚ। ਸਿਧਾਵਹਿ—ਤੂੰ ਪਹੁੰਚ ਜਾਹਿੰਗਾ। ਝੋਲਿ—ਹਿਲਾ ਕੇ, ਨਿਤਾਰ ਕੇ, ਪ੍ਰੇਮ ਨਾਲ। ਅੰਮ੍ਰਿਤ ਰਸੋ—ਅੰਮ੍ਰਿਤ ਰਸੁ, ਆਤਮਕ ਜੀਵਨ ਦੇਣ ਵਾਲਾ ਨਾਮ-ਰਸ। ਧਿਆਈਐ—ਧਿਆਉਣਾ ਚਾਹੀਦਾ ਹੈ। ਰਸੁ—ਸੁਆਦ। ਪਾਈਐ—ਮਿਲ ਸਕਦਾ ਹੈ। ਵਡਭਾਗਿ—ਵੱਡੀ ਕਿਸਮਤ ਨਾਲ। ਜਪੀਐ—ਜਪਿਆ ਜਾ ਸਕਦਾ ਹੈ। ਹਰਿ ਜਸੋ—ਹਰਿ-ਜਸੁ।੪।

ਅਰਥ :—ਹੇ ਮੇਰੇ ਮਨ! ਨਾਹ ਤੂੰ (ਜਨਮ ਸਮੇ) ਆਪਣੇ ਨਾਲ ਕੁਝ ਲੈ ਕੇ ਆਇਆ ਸੀ, ਨਾਹ ਤੂੰ (ਇਥੋਂ ਤੁਰਨ ਵੇਲੇ) ਆਪਣੇ ਨਾਲ ਕੁਝ ਲੈ ਕੇ ਜਾਹਿੰਗਾ (ਵਿਅਰਥ ਹੀ ਮਾਇਆ ਦੇ ਮੋਹ ਦੀਆਂ ਫਾਹੀਆਂ ਵਿਚ ਫਸ ਰਿਹਾ ਹੈਂ)। ਹੇ ਮਨ! (ਮਾਇਆ ਦੇ ਮੋਹ ਦੀਆਂ ਫਾਹੀਆਂ ਵਿਚੋਂ) ਤਦੋਂ ਤੇਰੀ ਖਲਾਸੀ ਹੋਵੇਗੀ, ਜਦੋਂ ਤੂੰ (ਮਾਇਆ ਦੀ ਖ਼ਾਤਰ) ਭਟਕਣਾ ਛੱਡ ਦੇਵੇਂਗਾ।

ਹੇ ਮੇਰੇ ਮਨ! ਪਰਮਾਤਮਾ ਦੇ ਨਾਮ ਦਾ ਧਨ ਇਕੱਠਾ ਕਰਿਆ ਕਰ, ਨਾਮ ਦਾ ਸੌਦਾ (ਵਿਹਾਝਿਆ ਕਰ)। ਹੇ ਮਨ! ਜੇ ਤੂੰ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰ ਪ੍ਰਭੂ ਦਾ) ਪਿਆਰ ਪਛਾਣ ਲਏਂ, ਤਾਂ ਸ਼ਬਦ ਦੀ ਬਰਕਤਿ ਨਾਲ (ਵਿਕਾਰਾਂ ਦੀ) ਮੈਲ ਦੂਰ ਕਰ ਕੇ ਤੂੰ ਪਵਿੱਤਰ ਹੋ ਜਾਹਿੰਗਾ। ਤੂੰ ਸਦਾ ਕਾਇਮ ਰਹਿਣ ਵਾਲਾ ਘਰ-ਮਹਲ

ਲੱਭ ਲਏਂਗਾ।

ਹੇ ਮੇਰੇ ਮਨ! ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪ੍ਰੇਮ ਨਾਲ ਪੀਆ ਕਰ, ਤੂੰ (ਲੋਕ ਪਰਲੋਕ ਦੀ) ਇੱਜ਼ਤ (ਲੋਕ ਪਰਲੋਕ ਦਾ) ਨਾਮਣਾ ਖੱਟ ਲਏਂਗਾ, ਪ੍ਰਭੂ ਦੀ ਹਜ਼ੂਰੀ ਵਿਚ ਪਹੁਚ ਜਾਹਿੰਗਾ। ਹੇ ਮਨ! (ਸਦਾ) ਪਰਮਾਤਮਾ ਦਾ ਨਾਮ ਸਿਮਰਨਾ ਚਾਹੀਦਾ ਹੈ, (ਨਾਮ ਦਾ) ਸੁਆਦ ਗੁਰੂ ਦੇ ਸ਼ਬਦ ਦੀ ਰਾਹੀਂ (ਹੀ) ਪ੍ਰਾਪਤ ਹੋ ਸਕਦਾ ਹੈ। ਹੇ ਮਨ! ਵੱਡੀ ਕਿਸਮਤ ਨਾਲ (ਹੀ) ਪਰਮਾਤਮਾ ਦੀ ਸਿਫ਼ਤਿ ਸਾਲਾਹ ਕੀਤੀ ਜਾ ਸਕਦੀ ਹੈ ।੪।

ਪਦ ਅਰਥ :–ਮੰਦਰਿ–ਮੰਦਰ ਉੱਤੇ, ਕੋਠੇ ਉੱਤੇ। ਕਿਉ ਚੜੈ–ਕਿਵੇਂ (ਕੋਈ) ਚੜ੍ਹ ਸਕਦਾ ਹੈ? (ਕੋਈ) ਨਹੀਂ ਚੜ੍ਹ ਸਕਦਾ। ਨ ਅੰਬੜੈ–ਨਹੀਂ ਅੱਪੜ ਸਕਦਾ। ਪਾਰਿ –(ਦਰੀਆ ਦੇ) ਪਾਰਲੇ ਪਾਸੇ।

ਪਾਰਿ–ਪਾਰਲੇ ਪਾਸੇ, (ਵਿਕਾਰਾਂ ਦੀਆਂ ਲਹਿਰਾਂ ਨਾਲ ਭਰਪੂਰ ਸੰਸਾਰ-ਸਮੁੰਦਰ ਦੇ) ਪਾਰਲੇ ਪਾਸੇ। ਅਪਾਰੁ–ਬੇਅੰਤ ਪ੍ਰਭੂ। ਸਬਦ ਸੁਰਤਿ–ਸ਼ਬਦ ਦੀ ਸੁਰਤਿ, ਸ਼ਬਦ ਦੀ ਸੋਝੀ। ਲੰਘਾਵਏ–ਲੰਘਾਵੈ, (ਪਾਰ) ਲੰਘਾਂਦੀ ਹੈ। ਮਿਲਿ–ਮਿਲ ਕੇ। ਕਰਹਿ ਰਲੀਆ–ਜੇ ਤੂੰ ਆਤਮਕ ਆਨੰਦ ਮਾਣੇਂ। ਨ ਪਛੋਤਾਵਏ–ਨ ਪਛੋਤਾਵੈ, ਨਹੀਂ ਪਛੁ-ਤਾਂਦਾ [ਵਰਤਮਾਨ ਕਾਲ, ਅੱਨ ਪੁਰਖ, ਇਕ ਵਚਨ]। ਦਇਆਲ–ਹੇ ਦਇਆਲ ਪ੍ਰਭੂ! ਸਾਚਾ ਦਾਨੁ–ਸਦਾ-ਥਿਰ ਨਾਮ ਦਾ ਦਾਨ। ਪਾਵਓ–ਪਾਵਓਂ, ਮੈਂ ਪ੍ਰਾਪਤ ਕਰਾਂ। ਨਾਮ ਸੰਗਤਿ–ਨਾਮ ਦਾ ਸਾਥ। ਨਾਨਕੁ ਪਇਅੰਪੈ–ਨਾਨਕ ਬੇਨਤੀ ਕਰਦਾ ਹੈ। ਪ੍ਰੀਤਮ–ਹੇ ਪ੍ਰੀਤਮ! [ਲਫ਼ਜ਼ 'ਪ੍ਰੀਤਮੁ' ਅਤੇ 'ਪ੍ਰੀਤਮ' ਦਾ ਵਿਆਕਰਨਿਕ ਫ਼ਰਕ ਧਿਆਨ ਨਾਲ ਵੇਖਣ ਦੀ ਲੋੜ ਹੈ]। ਸਮਝਾਵਓ–ਸਮਝਾਵਓਂ, ਮੈਂ ਸਮਝਾਵਾਂ ।੫।

ਅਰਥ :–ਹੇ ਮੇਰੇ ਮਨ! (ਜਿਵੇਂ) ਪੌੜੀਆਂ ਤੋਂ ਬਿਨਾ (ਕੋਈ ਭੀ ਮਨੁੱਖ) ਕੋਠੇ (ਦੀ ਛੱਤ) ਉਤੇ ਨਹੀਂ ਚੜ੍ਹ ਸਕਦਾ (ਤਿਵੇਂ ਉੱਚੇ ਆਤਮਕ ਟਿਕਾਣੇ ਤੇ ਵੱਸਦੇ ਪਰਮਾਤਮਾ ਤਕ ਸਿਮਰਨ ਦੀ ਪੌੜੀ ਤੋਂ ਬਿਨਾ ਪਹੁੰਚ ਨਹੀਂ ਹੋ ਸਕਦੀ)। ਹੇ ਮੇਰੇ ਮਨ! ਬੇੜੀ ਤੋਂ ਬਿਨਾ ਮਨੁੱਖ ਨਦੀ ਦੇ ਪਾਰਲੇ ਪਾਸੇ ਨਹੀਂ ਅੱਪੜ ਸਕਦਾ।

ਹੇ ਮਨ! ਸੱਜਣ ਪ੍ਰਭੂ, ਬੇਅੰਤ ਪ੍ਰਭੂ, ਪ੍ਰੀਤਮ ਪ੍ਰਭੂ (ਵਿਕਾਰਾਂ ਦੀਆਂ ਲਹਿਰਾਂ ਨਾਲ ਭਰਪੂਰ ਸੰਸਾਰ-ਸਮੁੰਦਰ ਦੇ) ਪਾਰਲੇ ਪਾਸੇ (ਵੱਸਦਾ ਹੈ)। ਗੁਰੂ ਦੇ ਸ਼ਬਦ ਦੀ ਸੂਝ (ਹੀ ਇਸ ਸਮੁੰਦਰ ਦੇ ਪਾਰਲੇ ਪਾਸੇ) ਲੰਘਾ ਸਕਦੀ ਹੈ। ਹੇ ਮਨ! ਜੇ ਤੂੰ ਸਾਧ ਸੰਗਤਿ ਵਿਚ ਮਿਲ ਕੇ ਆਤਮਕ ਆਨੰਦ ਮਾਣਦਾ ਰਹੇਂ (ਤਾਂ ਤੂੰ ਭੀ ਇਸ ਸੰਸਾਰ-ਸਮੁੰਦਰ ਦੇ ਪਾਰਲੇ ਪਾਸੇ ਪਹੁੰਚ ਜਾਏਂ। ਜਿਹੜਾ ਭੀ ਮਨੁੱਖ ਸਾਧ ਸੰਗਤਿ ਵਿਚ ਮਿਲ ਕੇ ਨਾਮ ਜਪਦਾ ਹੈ, ਉਸ ਨੂੰ) ਮੁੜ ਪਛੁਤਾਵਾ ਨਹੀਂ ਪੈਂਦਾ (ਕਿਉਂਕਿ ਉਸ ਨੂੰ ਸੰਸਾਰ-ਸਮੁੰਦਰ

ਦੀਆਂ ਵਿਕਾਰ-ਠਿੱਲ੍ਹਾਂ ਦੁੱਖ ਨਹੀਂ ਦੇ ਸਕਦੀਆਂ)।

ਨਾਨਕ ਬੇਨਤੀ ਕਰਦਾ ਹੈ—ਹੇ ਦਇਆਲ ਪ੍ਰਭੂ ! (ਮੇਰੇ ਉਤੇ) ਦਇਆ ਕਰ, ਮੈਨੂੰ ਆਪਣੇ ਸਦਾ-ਥਿਰ ਨਾਮ ਦਾ ਦਾਨ ਦੇਹ, ਮੈਂ ਤੇਰੇ ਨਾਮ ਦੀ ਸੰਗਤਿ ਹਾਸਲ ਕਰੀ ਰੱਖਾਂ। ਹੇ ਪ੍ਰੀਤਮ ! (ਮੇਰੀ ਬੇਨਤੀ) ਸੁਣ (ਮਿਹਰ ਕਰ) ਮੈਂ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਮਨ ਨੂੰ (ਆਤਮਕ ਜੀਵਨ ਦੀ) ਸੂਝ ਦੇਂਦਾ ਰਹਾਂ। ੫। ੬।

ਤੁਖਾਰੀ ਛੰਤ ਮਹਲਾ ੪

੧ ੴ ਸਤਿਗੁਰ ਪ੍ਰਸਾਦਿ ॥ ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ ॥ ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ ॥ ਕਿਉ ਅੰਮ੍ਰਿਤੁ ਪੀਵੀਐ ਹਰਿ ਬਿਨੁ ਜੀਵੀਐ ਤਿਸੁ ਬਿਨੁ ਰਹਨੁ ਨ ਜਾਏ ॥ ਅਨਦਿਨੁ ਪ੍ਰਿਉ ਪ੍ਰਿਉ ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ ॥ ਅਪਣੀ ਕ੍ਰਿਪਾ ਕਰਹੁ ਹਰਿ ਪਿਆਰੇ ਹਰਿ ਹਰਿ ਨਾਮੁ ਸਦ ਸਾਰਿਆ ॥ ਗੁਰ ਕੈ ਸਬਦਿ ਮਿਲਿਆ ਮੈ ਪ੍ਰੀਤਮੁ, ਹਉ ਸਤਿਗੁਰ ਵਿਟਹੁ ਵਾਰਿਆ ॥ ੧ ॥

ਪਦ ਅਰਥ :—ਅੰਤਰਿ—ਅੰਦਰ, ਮੇਰੇ ਅੰਦਰ, ਮੇਰੇ ਹਿਰਦੇ ਵਿਚ। ਪਿਰੀ—ਪਿਰ ਦਾ, ਪ੍ਰਭੂ-ਪਤੀ ਦਾ। ਕਿਉ ਜੀਵੀਐ—ਕਿਵੇਂ ਜੀਵਿਆ ਜਾ ਸਕਦਾ ਹੈ ? ਆਤਮਕ ਜੀਵਨ ਪ੍ਰਾਪਤ ਨਹੀਂ ਹੋ ਸਕਦਾ। ਜਬ ਲਗੁ—ਜਦੋਂ ਤਕ। ਦਰਸੁ—ਦਰਸਨ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਕਿਉ ਪੀਵੀਐ—ਨਹੀਂ ਪੀਤਾ ਜਾ ਸਕਦਾ। ਹਰਿ ਬਿਨੁ ਜੀਵੀਐ—(ਕਿਉ) ਹਰਿ ਬਿਨੁ ਜੀਵੀਐ, ਪ੍ਰਭੂ-ਮਿਲਾਪ ਤੋਂ ਬਿਨਾ ਆਤਮਕ ਜੀਵਨ ਨਹੀਂ ਮਿਲ ਸਕਦਾ। ਰਹਨੁ ਨ ਜਾਇ—ਰਿਹਾ ਨਹੀਂ ਜਾ ਸਕਦਾ, ਸ਼ਾਂਤੀ ਨਹੀਂ ਮਿਲਦੀ। ਅਨਦਿਨੁ—ਹਰ ਰੋਜ਼, ਹਰ ਵੇਲੇ। ਪ੍ਰਿਉ ਪ੍ਰਿਉ ਕਰੇ—ਪਿਆਰੇ (ਪ੍ਰਭੂ) ਨੂੰ ਮੁੜ ਮੁੜ ਯਾਦ ਕਰਦੀ ਹੈ। ਪਿਆਸ—ਤ੍ਰਿਸ਼ਨਾ, ਮਾਇਆ ਦੀ ਤ੍ਰਿਸ਼ਨਾ (ਜਿਵੇਂ ਸ੍ਵਾਂਤੀ ਨਛੱਤ੍ਰ ਦੀ ਵਰਖਾ-ਬੂੰਦ ਤੋਂ ਬਿਨਾ ਪਪੀਹੇ ਦੀ ਪਿਆਸ ਨਹੀਂ ਬੁੱਝਦੀ)।

ਕਰਹੁ—ਕਰਦੇ ਹੋ। ਹਰਿ ਪਿਆਰੇ—ਹੇ ਪਿਆਰੇ ਹਰੀ ! ਸਦ—ਸਦਾ। ਸਾਰਿਆ—ਸੰਭਾਲਿਆ ਹੈ, ਯਾਦ ਕੀਤਾ ਹੈ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਮੈ—ਮੈਨੂੰ। ਹਉ—ਮੈਂ। ਵਿਟਹੁ—ਤੋਂ। ਵਾਰਿਆ—ਕੁਰਬਾਨ। ੧।

ਅਰਥ :—(ਹੇ ਸਖੀਏ !) ਮੇਰੇ ਹਿਰਦੇ ਵਿਚ ਪ੍ਰਭੂ-ਪਤੀ ਦਾ ਪਿਆਰ ਵੱਸ ਰਿਹਾ ਹੈ। ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾ ਆਤਮਕ ਜੀਵਨ (ਕਦੇ) ਨਹੀਂ ਮਿਲ ਸਕਦਾ। (ਹੇ ਸਖੀ !) ਜਦੋਂ ਤਕ ਪ੍ਰਭੂ-ਪਤੀ ਦਾ ਦਰਸ਼ਨ ਨਹੀਂ ਹੁੰਦਾ, (ਤਦ ਤਕ) ਆਤਮਕ

ਜੀਵਨ ਦੇਣ ਵਾਲਾ ਨਾਮ-ਜਲ ਪੀਤਾ ਨਹੀਂ ਜਾ ਸਕਦਾ।

(ਹੇ ਸਖੀ ! ਪ੍ਰਭੂ-ਪਤੀ ਦੇ ਦਰਸਨ ਤੋਂ ਬਿਨਾ) ਆਤਮਕ ਜੀਵਨ ਦੇਣ ਵਾਲਾ ਨਾਮ-ਜਲ (ਕਦੇ ਭੀ) ਪੀਤਾ ਨਹੀਂ ਜਾ ਸਕਦਾ, ਪ੍ਰਭੂ-ਪਤੀ ਦੀ ਯਾਦ ਤੋਂ ਬਿਨਾ ਆਤ-ਮਕ ਜੀਵਨ ਨਹੀਂ ਮਿਲ ਸਕਦਾ, ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾ ਆਤਮਕ ਸ਼ਾਂਤੀ ਨਹੀਂ ਮਿਲ ਸਕਦੀ। (ਹੇ ਸਖੀ ! ਜਿਸ ਜੀਵ-ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ-ਪਤੀ ਦਾ ਪਿਆਰ ਵੱਸਦਾ ਹੈ, ਉਹ) ਹਰ ਵੇਲੇ ਦਿਨ ਰਾਤ ਪ੍ਰਭੂ-ਪਤੀ ਨੂੰ ਮੁੜ ਮੁੜ ਯਾਦ ਕਰਦੀ ਰਹਿੰਦੀ ਹੈ। (ਸੋ ਸਖੀ !) ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾ (ਮਾਇਆ ਦੀ) ਤ੍ਰਿਸ਼ਨਾ ਦੂਰ ਨਹੀਂ ਹੁੰਦੀ (ਜਿਵੇਂ ਸ੍ਵਾਂਤੀ ਨਛੱਤ੍ਰ ਦੀ ਵਰਖਾ-ਬੂੰਦ ਤੋਂ ਬਿਨਾ ਪਪੀਹੇ ਦੀ ਪਿਆਸ ਨਹੀਂ ਮਿਟਦੀ)।

ਹੇ ਪਿਆਰੇ ਹਰੀ ! (ਜਿਸ ਜੀਵ ਉੱਤੇ) ਤੂੰ ਆਪਣੀ ਮਿਹਰ ਕਰਦਾ ਹੈਂ, ਉਹ ਹਰ ਵੇਲੇ ਹਰਿ-ਨਾਮ ਨੂੰ (ਆਪਣੇ ਹਿਰਦੇ ਵਿਚ) ਵਸਾਈ ਰੱਖਦਾ ਹੈ।

ਹੇ ਭਾਈ ! ਮੈਂ (ਆਪਣੇ) ਗੁਰੂ ਤੋਂ ਸਦਾ ਸਦਕੇ ਹਾਂ, (ਕਿਉਂਕਿ) ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਮੈਨੂੰ (ਭੀ) ਪ੍ਰਭੂ-ਪ੍ਰੀਤਮ ਮਿਲ ਪਿਆ ਹੈ ।੧।

ਜਬ ਦੇਖਾਂ ਪਿਰੁ ਪਿਆਰਾ ਹਰਿ ਗੁਣ ਰਸਿ ਰਵਾ ਰਾਮ॥ ਮੇਰੈ ਅੰਤਰਿ ਹੋਇ ਵਿਗਾਸੁ ਪ੍ਰਿਉ ਪ੍ਰਿਉ ਸਚੁ ਨਿਤ ਚਵਾ ਰਾਮ ॥ ਪ੍ਰਿਉ ਚਵਾ ਪਿਆਰੇ ਸਬਦਿ ਨਿਸਤਾਰੇ ਬਿਨੁ ਦੇਖੇ ਤ੍ਰਿਪਤਿ ਨ ਆਵਏ ॥ ਸਬਦਿ ਸੀਗਾਰੁ ਹੋਵੈ ਨਿਤ ਕਾਮਣਿ ਹਰਿ ਹਰਿ ਨਾਮੁ ਧਿਆਵਏ ॥ ਦਇਆ ਦਾਨੁ ਮੰਗਤ ਜਨ ਦੀਜੈ ਮੈ ਪ੍ਰੀਤਮੁ ਦੇਹੁ ਮਿਲਾਇ ॥ ਅਨਦਿਨੁ ਗੁਰੁ ਗੋਪਾਲੁ ਧਿਆਈ ਹਮ ਸਤਿਗੁਰ ਵਿਟਹੁ ਘੁਮਾਏ ॥ ੨ ॥

ਪਦ ਅਰਥ :—ਦੇਖਾਂ—ਮੈਂ ਵੇਖਦੀ ਹਾਂ। ਪਿਰੁ—ਪਤੀ। ਰਸਿ—ਰਸ ਨਾਲ, ਸੁਆਦ ਨਾਲ। ਰਵਾ—ਰਵਾਂ, ਮੈਂ ਯਾਦ ਕਰਦੀ ਹਾਂ। ਮੇਰੈ ਅੰਤਰਿ—ਮੇਰੇ ਅੰਦਰ, ਮੇਰੇ ਹਿਰਦੇ ਵਿਚ। ਵਿਗਾਸੁ—ਖਿੜਾਉ, ਖ਼ੁਸ਼ੀ। ਸਚੁ—ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਨਿਤ—ਸਦਾ। ਚਵਾ—ਚਵਾਂ, ਮੈਂ ਉਚਾਰਦੀ ਹਾਂ।

ਪ੍ਰਿਉ ਚਵਾ ਪਿਆਰੇ—ਪਿਆਰੇ ਪਤੀ ਨੂੰ ਯਾਦ ਕਰਦੀ ਹਾਂ। ਸਬਦਿ—ਗੁਰੂ ਦੇ ਸ਼ਬਦ ਵਿਚ (ਜੋੜ ਕੇ)। ਨਿਸਤਾਰੇ—(ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ। ਤ੍ਰਿਪਤਿ—(ਮਾਇਆ ਦੀ ਭੁੱਖ ਵੱਲੋਂ) ਰਜੇਵਾਂ। ਆਵਏ—ਆਵੈ, ਆਉਂਦੀ। ਕਾਮਣਿ—(ਜੀਵ-) ਇਸਤ੍ਰੀ। ਧਿਆਵਏ—ਧਿਆਵੈ, ਧਿਆਉਂਦੀ ਹੈ।

ਮੰਗਤ ਜਨ ਦੀਜੈ—ਮੰਗਤੇ ਦਾਸ ਨੂੰ ਦੇਹੁ। ਮੈ—ਮੈਨੂੰ। ਦੇਹੁ ਮਿਲਾਇ—ਮਿਲਾ ਦੇਹ।

ਅਨਦਿਨੁ--ਹਰ ਰੋਜ਼, ਹਰ ਵੇਲੇ। ਗੋਪਾਲੁ--[ਗੋ–ਸ੍ਰਿਸ਼ਟੀ] ਸ੍ਰਿਸ਼ਟੀ ਨੂੰ ਪਾਲਣ ਵਾਲਾ। ਧਿਆਈ–ਧਿਆਈਂ, ਮੈਂ ਧਿਆਉਂਦਾ ਹਾਂ। ਵਿਟਹੁ–ਤੋਂ। ਘੁਮਾਏ–ਘੁਮਾਈ, ਸਦਕੇ, ਕੁਰਬਾਨ। ੨।

ਅਰਥ :–ਹੇ ਸਖੀ! ਜਦੋਂ ਮੈਂ ਪਿਆਰੇ ਪ੍ਰਭੂ-ਪਤੀ ਦਾ ਦਰਸਨ ਕਰਦੀ ਹਾਂ, ਤਦੋਂ ਮੈਂ ਬੜੇ ਸੁਆਦ ਨਾਲ ਉਸ ਹਰੀ ਦੇ ਗੁਣ ਯਾਦ ਕਰਦੀ ਹਾਂ, ਮੇਰੇ ਹਿਰਦੇ ਵਿਚ ਖਿੜਾਉ ਪੈਦਾ ਹੋ ਜਾਂਦਾ ਹੈ। (ਤਾਹੀਏਂ, ਹੇ ਸਖੀ!) ਉਸ ਸਦਾ ਕਾਇਮ ਰਹਿਣ ਵਾਲੇ ਪਿਆਰੇ ਪ੍ਰਭੂ ਦਾ ਨਾਮ ਮੈਂ ਸਦਾ ਉਚਾਰਦੀ ਰਹਿੰਦੀ ਹਾਂ।

ਹੇ ਸਖੀ! ਮੈਂ ਪਿਆਰੇ ਪ੍ਰੀਤਮ ਦਾ ਨਾਮ (ਸਦਾ) ਉਚਾਰਦੀ ਹਾਂ। ਉਹ ਪ੍ਰੀਤਮ-ਪ੍ਰਭੂ ਗੁਰੂ ਦੇ ਸ਼ਬਦ ਦੀ ਰਾਹੀਂ (ਜੀਵ-ਇਸਤ੍ਰੀ ਨੂੰ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ। (ਹੇ ਸਖੀ! ਉਸ ਪ੍ਰੀਤਮ ਦਾ) ਦਰਸਨ ਕਰਨ ਤੋਂ ਬਿਨਾ (ਮਾਇਆ ਵਲੋਂ) ਤ੍ਰਿਪਤੀ ਨਹੀਂ ਹੁੰਦੀ। ਹੇ ਸਖੀ! ਗੁਰੂ ਦੇ ਸ਼ਬਦ ਦੀ ਰਾਹੀਂ ਜਿਸ ਜੀਵ-ਇਸਤ੍ਰੀ ਦਾ (ਆਤਮਕ) ਸਿੰਗਾਰ ਬਣਿਆ ਰਹਿੰਦਾ ਹੈ (ਭਾਵ, ਜਿਸ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ) ਉਹ ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਦੀ ਰਹਿੰਦੀ ਹੈ।

ਹੇ ਭਾਈ! ਮੈਂ ਆਪਣੇ ਗੁਰੂ ਤੋਂ ਸਦਾ ਸਦਕੇ ਜਾਂਦਾ ਹਾਂ, ਹਰ ਵੇਲੇ ਪ੍ਰਭੂ ਦੇ ਰੂਪ ਗੁਰੂ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹਾਂ (ਤੇ ਗੁਰੂ ਦੇ ਦਰ ਤੇ ਨਿੱਤ ਅਰਦਾਸ ਕਰਦਾ ਹਾਂ–ਹੇ ਗੁਰੂ!) ਦਇਆ ਕਰ, ਮੈਨੂੰ ਆਪਣੇ ਮੰਗਤੇ ਦਾਸ ਨੂੰ ਇਹ ਦਾਨ ਦੇਹ ਕਿ ਮੈਨੂੰ ਪ੍ਰੀਤਮ-ਪ੍ਰਭੂ ਮਿਲਾ ਦੇਹ। ੨।

ਹਮ ਪਾਥਰ ਗੁਰੁ ਨਾਵ ਬਿਖੁ ਭਵਜਲੁ ਤਾਰੀਐ ਰਾਮ ॥ ਗੁਰ ਦੇਵਹੁ ਸਬਦੁ ਸੁਭਾਇ ਮੈ ਮੂੜ ਨਿਸਤਾਰੀਐ ਰਾਮ ॥ ਹਮ ਮੂੜ ਮੁਗਧ ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ॥ ਤੂ ਆਪਿ ਦਇਆਲੁ ਦਇਆ ਕਰਿ ਮੇਲਹਿ ਹਮ ਨਿਰਗੁਣੀ ਨਿਮਾਣਿਆ ॥ ਅਨੇਕ ਜਨਮ ਪਾਪ ਕਰਿ ਭਰਮੇ ਹੁਣਿ ਤਉ ਸਰਣਾਗਤਿ ਆਏ ॥ ਦਇਆ ਕਰਹੁ ਰਖਿ ਲੇਵਹੁ ਹਰਿ ਜੀਉ ਹਮ ਲਾਗਹ ਸਤਿਗੁਰ ਪਾਏ ॥ ੩ ॥

ਪਦ ਅਰਥ :–ਹਮ–ਅਸੀ ਜੀਵ। ਪਾਥਰ–ਪੱਥਰ [ਬਹੁ ਵਚਨ]। ਨਾਵ–ਬੇੜੀ। ਬਿਖੁ–ਜ਼ਹਰ, ਆਤਮਕ ਮੌਤ ਲਿਆਉਣ ਵਾਲਾ ਜ਼ਹਰ। ਭਵਜਲੁ–ਸੰਸਾਰ-ਸਮੁੰਦਰ। ਤਾਰੀਐ–ਪਾਰ ਲੰਘਾ ਲੈ। ਗੁਰ ਸਬਦੁ--ਗੁਰੂ ਦਾ ਸ਼ਬਦ। ਸੁਭਾਇ–ਪਿਆਰ ਵਿਚ (ਜੋੜ ਕੇ)। ਮੈ–ਮੈਨੂੰ। ਮੂੜ–ਮੂਰਖ।

ਮੁਗਧ–ਮੂਰਖ, ਅਗਿਆਨੀ। ਮਿਤਿ–ਮਾਪ, ਤੇਰੀ ਮਿਤਿ, ਤੇਰਾ ਮਾਪ, ਤੂੰ ਕੇਡਾ

ਵ੍ਡਾ ਹੈਂ—ਇਹ ਗੱਲ। ਅਗੰਮੁ—ਅਪਹੁੰਚ। ਵਡ—ਵ੍ਡਾ। ਦਇਆਲੁ—ਦਇਆ ਦਾ ਘਰ। ਕਰਿ—ਕਰ ਕੇ। ਨਿਰਗੁਣੀ—ਗੁਣ-ਹੀਨ। ਨਿਮਾਣਿਆ—ਨਿਆਸਰਿਆਂ ਨੂੰ। ਕਰਿ—ਕਰ ਕੇ। ਭਰਮੇ—ਭਟਕਦੇ ਰਹੇ। ਤਉ—ਤੇਰੀ। ਹਮ ਲਾਗਹ—ਅਸੀ ਲੱਗੇ ਰਹੀਏ। ਪਾਏ—ਪੈਰੀਂ।

ਅਰਥ :—ਹੇ ਪ੍ਰਭੂ! ਅਸੀ ਜੀਵ (ਪਾਪਾਂ ਨਾਲ ਭਾਰੇ ਹੋ ਚੁਕੇ) ਪੱਥਰ ਹਾਂ, ਗੁਰੂ ਬੇੜੀ ਹੈ। (ਸਾਨੂੰ ਜ਼ੀਵਾਂ ਨੂੰ ਗੁਰੂ ਦੀ ਸਰਨ ਪਾ ਕੇ) ਆਤਮਕ ਮੌਤ ਲਿਆਉਣ ਵਾਲੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ। ਹੇ ਪ੍ਰਭੂ! ਆਪਣੇ ਪਿਆਰ ਵਿਚ (ਜੋੜ ਕੇ) ਗੁਰੂ ਦਾ ਸ਼ਬਦ ਦੇਹ, ਅਤੇ ਮੈਨੂੰ ਮੂਰਖ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈ।

ਹੇ ਪ੍ਰਭੂ! ਅਸੀ ਜੀਵ ਮੂਰਖ ਹਾਂ, ਅਗਿਆਨੀ ਹਾਂ। ਤੂੰ ਕੇਡਾ ਵ੍ਡਾ ਹੈਂ—ਇਸ ਗੱਲ ਦੀ ਸਮਝ ਸਾਨੂੰ ਨਹੀਂ ਪੈ ਸਕਦੀ। (ਗੁਰੂ ਦੀ ਸਰਨ ਪੈ ਕੇ ਹੁਣ ਇਹ) ਸਮਝਿਆ ਹੈ ਕਿ ਤੂੰ ਅਪਹੁੰਚ ਹੈਂ, ਤੂੰ ਸਭ ਤੋਂ ਵ੍ਡਾ ਹੈਂ। ਹੇ ਪ੍ਰਭੂ! ਤੂੰ ਦਇਆ ਦਾ ਘਰ ਹੈਂ। ਸਾਨੂੰ ਗੁਣ-ਹੀਨ ਨਿਮਾਣੇ ਜੀਵਾਂ ਨੂੰ ਤੂੰ ਆਪ ਹੀ ਮਿਹਰ ਕਰ ਕੇ (ਆਪਣੇ ਚਰਨਾਂ ਵਿਚ) ਮਿਲਾਂਦਾ ਹੈਂ।

ਹੇ ਪ੍ਰਭੂ ਜੀ! ਪਾਪ ਕਰ ਕਰ ਕੇ ਅਸੀ ਅਨੇਕਾਂ ਜਨਮਾਂ ਵਿਚ ਭਟਕਦੇ ਰਹੇ ਹਾਂ, ਹੁਣ (ਤੇਰੀ ਮਿਹਰ ਨਾਲ) ਤੇਰੀ ਸਰਨ ਆਏ ਹਾਂ। ਹੇ ਹਰੀ ਜੀਉ! ਮਿਹਰ ਕਰੋ, ਰੱਖਿਆ ਕਰੋ ਕਿ ਅਸੀ ਗੁਰੂ ਦੀ ਚਰਨੀਂ ਲੱਗੇ ਰਹੀਏ। ੩।

ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥ ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥ ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ ਕਿਉ ਸਾਸਿ ਗਿਰਾਸਿ ਵਿਸਾਰੀਐ ॥ ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ ॥ ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥ ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥੪॥੧॥

ਪਦ ਅਰਥ :—ਲੋਹ—ਲੋਹਾ। ਮਿਲਿ—(ਗੁਰੂ-ਪਾਰਸ ਨੂੰ) ਮਿਲ ਕੇ। ਕੰਚਨੁ—ਸੋਨਾ। ਜੋਤੀ—ਪਰਮਾਤਮਾ ਦੀ ਜੋਤਿ ਵਿਚ। ਜੋਤਿ—ਜਿੰਦ। ਮਿਲਾਇ—ਮਿਲਾ ਕੇ। ਕਾਇਆ—ਸਰੀਰ। ਗੜੁ—ਕਿਲ੍ਹਾ। ਸੋਹਿਆ—ਸੋਹਣਾ ਬਣ ਗਿਆ ਹੈ।

ਪ੍ਰਭਿ—ਪ੍ਰਭੂ ਨੇ। ਮੋਹਿਆ—ਮੋਹ ਲਿਆ ਹੈ, ਆਪਣੇ ਪ੍ਰੇਮ ਵਿਚ ਜਕੜ ਲਿਆ ਹੈ। ਸਾਸਿ—(ਹਰੇਕ) ਸਾਹ ਦੇ ਨਾਲ। ਗਿਰਾਸਿ—(ਹਰੇਕ) ਗਿਰਾਹੀ ਦੇ ਨਾਲ। ਕਿਉ ਵਿਸਾਰੀਐ—ਨਹੀਂ ਵਿਸਾਰਨਾ ਚਾਹੀਦਾ। ਅਗੋਚਰੁ—[ਅ-ਗੋ-ਚਰ] ਜਿਸ ਤਕ ਗਿਆਨ-

ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਸਬਦੀ—ਸ਼ਬਦ ਦੀ ਰਾਹੀਂ। ਹਉ—ਹਉਂ, ਮੈਂ। ਕੈ—ਤੋਂ।

ਸੀਸੁ—ਸਿਰ। ਦੇਉ—ਦੇਉਂ, ਮੈਂ ਦੇ ਦਿਆਂ। ਭਾਵੈ—ਚੰਗਾ ਲੱਗੇ। ਪ੍ਰਭ—ਹੇ ਪ੍ਰਭੂ ! ਦਾਤੇ—ਹੇ ਦਾਤਾਰ ! ਅੰਕਿ—ਅੰਕ ਵਿਚ, ਗੋਦ ਵਿਚ, ਚਰਨਾਂ ਵਿਚ। ਸਮਾਵੈ—ਲੀਨ ਹੋ ਜਾਂਦਾ ਹੈ। ੪।

ਅਰਥ :—ਹੇ ਭਾਈ ! ਗੁਰੂ ਪਾਰਸ ਹੈ ਅਸੀ ਜੀਵ ਲੋਹਾ ਹਾਂ, (ਜਿਵੇਂ ਲੋਹਾ ਪਾਰਸ ਨੂੰ) ਮਿਲ ਕੇ ਸੋਨਾ ਹੋ ਜਾਂਦਾ ਹੈ, (ਤਿਵੇਂ ਗੁਰੂ ਦੀ ਰਾਹੀਂ) ਪਰਮਾਤਮਾ ਦੀ ਜੋਤਿ ਵਿਚ (ਆਪਣੀ) ਜਿੰਦ ਮਿਲਾ ਕੇ (ਅਸਾਂ ਜੀਵਾਂ ਦਾ) ਸਰੀਰ-ਕਿਲ੍ਹਾ ਸੁੰਦਰ ਬਣ ਜਾਂਦਾ ਹੈ।

ਹੇ ਭਾਈ ! (ਜਿਸ ਜੀਵ ਨੂੰ) ਮੇਰੇ ਪ੍ਰਭੂ ਨੇ ਆਪਣੇ ਪ੍ਰੇਮ ਵਿਚ ਜੋੜ ਲਿਆ, ਉਸ ਦਾ ਸਰੀਰ-ਕਿਲ੍ਹਾ ਸੋਹਣਾ ਹੋ ਜਾਂਦਾ ਹੈ, ਉਸ ਪ੍ਰਭੂ ਨੂੰ (ਹਰੇਕ) ਸਾਹ ਦੇ ਨਾਲ (ਹਰੇਕ) ਗਿਰਾਹੀ ਦੇ ਨਾਲ (ਯਾਦ ਰੱਖਣਾ ਚਾਹੀਦਾ ਹੈ, ਉਸ ਨੂੰ) ਕਦੇ ਭੀ ਭੁਲਾਣਾ ਨਹੀਂ ਚਾਹੀਦਾ। ਹੇ ਭਾਈ ! ਮੈਂ ਉਸ ਅਦ੍ਰਿਸ਼ਟ ਅਗੋਚਰ (ਪਰਮਾਤਮਾ ਦੇ ਚਰਨਾਂ) ਨੂੰ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਆਪਣੇ ਹਿਰਦੇ ਵਿਚ ਵਸਾ ਲਿਆ ਹੈ। ਮੈਂ ਗੁਰੂ ਤੋਂ ਸਦਕੇ ਹਾਂ। ਹੇ ਭਾਈ ! ਜੇ ਸਦਾ-ਥਿਰ ਪ੍ਰਭੂ ਦੇ ਰੂਪ ਗੁਰੂ ਨੂੰ ਚੰਗਾ ਲੱਗੇ, ਤਾਂ ਮੈਂ ਆਪਣਾ ਸਿਰ ਗੁਰੂ ਦੇ ਅੱਗੇ ਭੇਟ ਧਰ ਦਿਆਂ।

ਹੇ ਨਾਨਕ ! (ਆਖ—) ਹੇ ਦਾਤਾਰ ! ਹੇ ਪ੍ਰਭੂ ! ਜਿਸ ਮਨੁੱਖ ਉੱਤੇ ਤੂੰ ਆਪ ਹੀ ਮਿਹਰ ਕਰਦਾ ਹੈਂ, ਉਹ ਤੇਰੇ ਚਰਨਾਂ ਵਿਚ ਲੀਨ ਹੋ ਜਾਂਦਾ ਹੈ। ੪। ੧।

ਤੁਖਾਰੀ ਮਹਲਾ ੪ ॥ ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥ ਜੋ ਤੁਮ ਧਿਆਵਹਿ ਜਗਦੀਸ ਤੇ ਜਨ ਭਉ ਬਿਖਮੁ ਤਰਾ ॥ ਬਿਖਮ ਭਉ ਤਿਨ ਤਰਿਆ ਸੁਹੇਲਾ ਜਿਨ ਹਰਿ ਹਰਿ ਨਾਮੁ ਧਿਆਇਆ ॥ ਗੁਰ ਵਾਕਿ ਸਤਿਗੁਰ ਜੋ ਭਾਇ ਚਲੇ ਤਿਨ ਹਰਿ ਹਰਿ ਆਪਿ ਮਿਲਾਇਆ ॥ ਜੋਤੀ ਜੋਤਿ ਮਿਲਿ ਜੋਤਿ ਸਮਾਣੀ ਹਰਿ ਕ੍ਰਿਪਾ ਕਰਿ ਧਰਣੀਧਰਾ ॥ ਹਰਿ ਹਰਿ ਅਗਮ ਅਗਾਧਿ ਅਪਰੰਪਰ ਅਪਰਪਰਾ ॥ ੧ ॥

ਪਦ ਅਰਥ :—ਅਗਮ—ਹੇ ਅਪਹੁੰਚ ਪ੍ਰਭੂ ! ਅਗਾਧਿ—ਹੇ ਅਥਾਹ ਹਰੀ ! ਅਪਰੰਪਰ—ਹੇ ਪਰੇ ਤੋਂ ਪਰੇ ਹਰੀ ! ਅਪਰਪਰਾ—ਜਿਸ ਦਾ ਪਾਰਲਾ ਬੰਨਾ ਨਹੀਂ ਲੱਭਦਾ। ਧਿਆਵਹਿ—ਧਿਆਉਂਦੇ ਹਨ [ਬਹੁ ਵਚਨ]। ਜਗਦੀਸ—[ਜਗਤ ਈਸ] ਹੇ ਜਗਤ ਦੇ ਮਾਲਕ ! ਤੇ ਜਨ—[ਬਹੁ ਵਚਨ] ਉਹ ਮਨੁੱਖ। ਭਉ—ਭਉਜਲ, ਸੰਸਾਰ-

ਸਮੁੰਦਰ। ਬਿਖਮੁ–ਔਖਾ (ਸੰਸਾਰ-ਸਮੁੰਦਰ)। ਤਰਾ–ਤਰ ਜਾਂਦੇ ਹਨ, ਪਾਰ ਲੰਘ ਜਾਂਦੇ ਹਨ।

ਤਿਨ ਤਰਿਆ–ਉਹਨਾਂ ਮਨੁੱਖਾਂ ਨੇ ਤਰਿਆ, ਉਹ ਮਨੁਖ ਪਾਰ ਲੰਘੇ। ਸੁਹੇਲਾ–ਸੌਖੇ ਹੀ। ਗੁਰ ਵਾਕਿ ਸਤਿਗੁਰ–ਗੁਰ ਸਤਿਗੁਰ ਵਾਕਿ, ਗੁਰੂ ਦੇ ਬਚਨ ਅਨੁਸਾਰ, ਗੁਰੂ ਦੀ ਸਿੱਖਿਆ ਉੱਤੇ ਤੁਰ ਕੇ। ਭਾਇ–ਪ੍ਰੇਮ ਵਿਚ, ਪ੍ਰੇਮ ਦੇ ਆਸਰੇ। ਚਲੇ–ਜੀਵਨ-ਸਫ਼ਰ ਵਿਚ ਤੁਰਦੇ ਰਹੇ, ਜੀਵਨ ਬਿਤੀਤ ਕਰਦੇ ਰਹੇ।

ਜੋਤੀ ਜੋਤਿ ਮਿਲਿ–ਚਾਨਣ-ਰੂਪ ਪ੍ਰਭੂ ਦੀ ਜੋਤਿ ਵਿਚ ਮਿਲ ਕੇ। ਮਿਲਿ–ਮਿਲ ਕੇ। ਜੋਤਿ ਸਮਾਣੀ–ਉਹਨਾਂ ਦੀ ਜਿੰਦ ਲੀਨ ਹੋ ਗਈ। ਕਰਿ–ਕਰੀ, ਕੀਤੀ। ਧਰਣੀ ਧਰਾ–ਧਰਤੀ ਦਾ ਆਸਰਾ ਹਰੀ। ਧਰਣੀ–ਧਰਤੀ। ਧਰਾ–ਆਸਰਾ। ੧।

ਅਰਥ :–ਹੇ ਹਰੀ! ਹੇ ਅਪਹੁੰਚ ਹਰੀ! ਹੇ ਅਥਾਹ ਹਰੀ! ਹੇ ਬੇਅੰਤ ਹਰੀ! ਹੇ ਪਰੇ ਤੋਂ ਪਰੇ ਹਰੀ! ਹੇ ਜਗਤ ਦੇ ਮਾਲਕ ਹਰੀ! ਜਿਹੜੇ ਮਨੁੱਖ ਤੇਰਾ ਨਾਮ ਸਿਮਰਦੇ ਹਨ, ਉਹ ਮਨੁੱਖ ਇਸ ਔਖੇ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ (ਸਦਾ) ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਮਨੁੱਖ ਇਸ ਔਖੇ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਤੋਂ ਸੌਖੇ ਹੀ ਪਾਰ ਲੰਘ ਜਾਂਦੇ ਹਨ। ਹੇ ਭਾਈ! ਜਿਹੜੇ ਮਨੁੱਖ ਗੁਰੂ ਸਤਿਗੁਰੂ ਦੀ ਸਿੱਖਿਆ ਉਤੇ ਤੁਰ ਕੇ ਪ੍ਰੇਮ ਦੇ ਆਸਰੇ ਜੀਵਨ ਬਿਤੀਤ ਕਰਦੇ ਰਹੇ, ਉਹਨਾਂ ਨੂੰ ਪਰਮਾਤਮਾ ਨੇ ਆਪ (ਆਪਣੇ ਚਰਨਾਂ ਵਿਚ) ਮਿਲਾ ਲਿਆ।

ਹੇ ਹਰੀ! ਹੇ ਅਪਹੁੰਚ ਹਰੀ! ਹੇ ਅਥਾਹ ਹਰੀ! ਹੇ ਪਰੇ ਤੋਂ ਪਰੇ ਹਰੀ! ਹੇ ਬੇਅੰਤ ਹਰੀ! ਹੇ ਧਰਤੀ ਦੇ ਆਸਰੇ ਹਰੀ! ਜਿਨ੍ਹਾਂ ਉੱਤੇ ਤੂੰ ਕਿਰਪਾ ਕੀਤੀ, ਉਹਨਾਂ ਦੀ ਜਿੰਦ ਤੇਰੀ ਜੋਤਿ ਵਿਚ ਮਿਲ ਕੇ ਤੇਰੀ ਜੋਤਿ ਵਿਚ ਹੀ ਲੀਨ ਹੋਈ ਰਹਿੰਦੀ ਹੈ।੧।

ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ॥ ਤੂ ਅਲਖ ਅਭੇਉ ਅਗੰਮੁ ਗੁਰ ਸਤਿਗੁਰ ਬਚਨਿ ਲਹਿਆ॥ ਧਨੁ ਧੰਨੁ ਤੇ ਜਨ ਪੁਰਖ ਪੂਰੇ ਜਿਨ ਗੁਰ ਸੰਤ ਸੰਗਤਿ ਮਿਲਿ ਗੁਣ ਰਵੇ॥ ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ॥ ਜਾ ਬਹਹਿ ਗੁਰਮੁਖਿ ਹਰਿ ਨਾਮੁ ਬੋਲਹਿ ਜਾ ਖੜੇ ਗੁਰਮੁਖਿ ਹਰਿ ਹਰਿ ਕਹਿਆ॥ ਤੁਮ ਸੁਆਮੀ ਅਗਮ ਅਥਾਹ ਤੂ ਘਟਿ ਘਟਿ ਪੂਰਿ ਰਹਿਆ॥ ੨॥

ਪਦ ਅਰਥ :–ਸੁਆਮੀ–ਮਾਲਕ। ਅਗਮ–ਹੇ ਅਪਹੁੰਚ! ਘਟਿ–ਸਰੀਰ ਵਿਚ।

ਘਟਿ ਘਟਿ—ਹਰੇਕ ਸਰੀਰ ਵਿਚ। ਤੂ ਪੂਰਿ ਰਹਿਆ—ਤੂੰ ਵਿਆਪਕ ਹੈਂ। ਅਲਖ—ਅ-ਲੱਖ, ਜਿਸ ਦਾ ਸਹੀ ਸਰੂਪ ਬਿਆਨ ਨ ਕੀਤਾ ਜਾ ਸਕੇ। ਅਭੇਉ—ਅ-ਭੇਉ, ਜਿਸ ਦਾ ਭੇਤ ਨਾਹ ਪਾਇਆ ਜਾ ਸਕੇ। ਅਗਮੁ—ਅਪਹੁੰਚ। ਬਚਨਿ—ਬਚਨ ਦੀ ਰਾਹੀਂ। ਗੁਰ ਬਚਨਿ—ਗੁਰੂ ਦੇ ਬਚਨ ਦੀ ਰਾਹੀਂ। ਲਹਿਆ—ਲੱਭ ਲਿਆ।

ਧਨੁ ਧੰਨੁ—ਧੰਨ ਹਨ ਧੰਨ ਹਨ, ਭਾਗਾਂ ਵਾਲੇ ਹਨ। ਤੇ ਜਨ—[ਬਹੁ ਵਚਨ] ਉਹ ਮਨੁੱਖ। ਮਿਲਿ—ਮਿਲ ਕੇ। ਰਵੇ—ਚੇਤੇ ਕੀਤੇ, ਯਾਦ ਕੀਤੇ। ਬਿਬੇਕ—ਪਰਖ, ਚੰਗੇ ਮੰਦੇ ਦੀ ਪਰਖ। ਬਿਬੇਕ ਬੁਧਿ—ਪਰਖ ਕਰ ਸਕਣ ਵਾਲੀ ਅਕਲ ਦੀ ਰਾਹੀਂ। ਬੀਚਾਰਿ—(ਪ੍ਰਭੂ ਦੇ ਗੁਣਾਂ ਨੂੰ) ਵਿਚਾਰ ਕੇ, ਮਨ ਵਿਚ ਵਸਾ ਕੇ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਗੁਰ ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਖਿਨੁ ਖਿਨੁ—ਹਰੇਕ ਖਿਨ, ਹਰ ਵੇਲੇ। ਚਵੇ—ਉਚਾਰੇ।

ਜਾ—ਜਦੋਂ। ਬਹਹਿ—ਬਹਿੰਦੇ ਹਨ [ਬਹੁ ਵਚਨ]। ਖੜੇ—ਖਲੋਤੇ ਹੋਏ ਹਨ। ਕਹਿਆ—ਸਿਮਰਿਆ। ਸੁਆਮੀ—ਮਾਲਕ। ੨।

ਅਰਥ :—ਹੇ ਅਪਹੁੰਚ ਪ੍ਰਭੂ! ਹੇ ਅਥਾਹ ਪ੍ਰਭੂ! ਤੂੰ (ਸਭ ਦਾ) ਮਾਲਕ ਹੈਂ; ਤੂੰ ਹਰੇਕ ਸਰੀਰ ਵਿਚ ਵਿਆਪਕ ਹੈਂ। ਹੇ ਭਾਈ! ਅਦ੍ਰਿਸ਼ਟ ਅਭੇਵ ਅਤੇ ਅਪਹੁੰਚ ਪ੍ਰਭੂ ਗੁਰੂ ਸਤਿਗੁਰੂ ਦੇ ਬਚਨ ਦੀ ਰਾਹੀਂ ਲੱਭ ਪੈਂਦਾ ਹੈ।

ਹੇ ਭਾਈ! ਉਹ ਪੂਰਨ ਪੁਰਖ ਭਾਗਾਂ ਵਾਲੇ ਹਨ ਕਿਸਮਤ ਵਾਲੇ ਹਨ, ਜਿਨ੍ਹਾਂ ਨੇ ਗੁਰੂ-ਸੰਤ ਦੀ ਸੰਗਤਿ ਵਿਚ ਮਿਲ ਕੇ ਪਰਮਾਤਮਾ ਦੇ ਗੁਣ ਯਾਦ ਕੀਤੇ ਹਨ। ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਚੰਗੇ ਮੰਦੇ ਕਰਮ ਦੀ ਪਰਖ ਕਰ ਸਕਣ ਵਾਲੀ ਅਕਲ ਦੀ ਰਾਹੀਂ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾ ਕੇ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਪਰਮਾਤਮਾ ਦੇ ਗੁਣਾਂ ਨੂੰ ਸਦਾ ਹਰ ਖਿਨ ਸਿਮਰਦੇ ਰਹਿੰਦੇ ਹਨ।

ਹੇ ਭਾਈ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਜਦੋਂ (ਕਿਤੇ) ਬੈਠਦੇ ਹਨ ਤਾਂ ਪਰਮਾਤਮਾ ਦਾ ਨਾਮ ਉਚਾਰਦੇ ਹਨ, ਜਦੋਂ ਖਲੋਂਦੇ ਹਨ ਤਦੋਂ ਭੀ ਉਹ ਹਰਿ-ਨਾਮ ਹੀ ਉਚਾਰਦੇ ਹਨ (ਭਾਵ, ਗੁਰਮੁਖ ਮਨੁੱਖ ਬੈਠੇ ਖਲੋਤੇ ਹਰ ਵੇਲੇ ਪਰਮਾਤਮਾ ਦਾ ਨਾਮ ਚੇਤੇ ਰੱਖਦੇ ਹਨ)।

ਹੇ ਅਪਹੁੰਚ ਪ੍ਰਭੂ! ਹੇ ਅਥਾਹ ਪ੍ਰਭੂ! ਤੂੰ (ਸਭ ਜੀਵਾਂ ਦਾ) ਮਾਲਕ ਹੈਂ; ਅਤੇ ਤੂੰ ਹਰੇਕ ਸਰੀਰ ਵਿਚ ਵਿਆਪਕ ਹੈਂ। ੨।

ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ॥ ਤਿਨ ਕੇ ਕੋਟਿ ਸਭਿ ਪਾਪ ਖਿਨੁ ਪਰਹਰਿ ਹਰਿ ਦੂਰਿ ਕਰੇ॥ ਤਿਨ ਕੇ ਪਾਪ ਦੋਖ ਸਭਿ ਬਿਨਸੇ ਜਿਨ ਮਨਿ ਚਿਤਿ ਇਕੁ ਅਰਾਧਿਆ॥ ਤਿਨ ਕਾ ਜਨਮੁ

ਸਫਲਿਓ ਸਭੁ ਕੀਆ ਕਰਤੈ ਜਿਨ ਗੁਰ ਬਚਨੀ ਸਚੁ ਭਾਖਿਆ ॥ ਤੇ ਧੰਨੁ ਜਨ ਵਡ ਪੁਰਖ ਪੂਰੇ ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ।। ਸੇਵਕ ਜਨ ਸੇਵਹਿ ਤੇ ਪਰਵਾਣੁ ਜਿਨ ਸੇਵਿਆ ਗੁਰਮਤਿ ਹਰੇ ।। ੩ ।।

ਪਦ ਅਰਥ:—ਸੇਵਹਿ—ਸੇਵਾ-ਭਗਤੀ ਕਰਦੇ ਹਨ, ਸਿਮਰਦੇ ਹਨ। ਤੇ—[ਬਹੁ ਵਚਨ] ਉਹ ਮਨੁੱਖ। ਗੁਰਮਤਿ—ਗੁਰੂ ਦੀ ਮਤਿ ਉਤੇ ਤੁਰ ਕੇ। ਕੋਟਿ ਪਾਪ—ਕ੍ਰੋੜਾਂ ਪਾਪ। ਸਭਿ—ਸਾਰੇ। ਪਰਹਰਿ—ਦੂਰ ਕਰ ਕੇ।

ਦੋਖ—ਐਬ, ਔਗਣ। ਬਿਨਸੇ—ਨਾਸ ਹੋ ਜਾਂਦੇ ਹਨ। ਮਨਿ—ਮਨ ਵਿਚ। ਚਿਤਿ—ਚਿੱਤ ਵਿਚ। ਇਕੁ—ਇਕ ਪਰਮਾਤਮਾ ਨੂੰ। ਸਫਲਿਓ—ਕਾਮਯਾਬ। ਸਭੁ—ਸਾਰਾ। ਕਰਤੈ—ਕਰਤਾਰ ਨੇ। ਬਚਨੀ—ਬਚਨਾਂ ਦੀ ਰਾਹੀਂ। ਸਚੁ—ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ। ਭਾਖਿਆ—ਉਚਾਰਿਆ, ਜਪਿਆ।

ਧੰਨੁ—ਭਾਗਾਂ ਵਾਲੇ। ਪੂਰੇ—ਸਭ ਗੁਣਾਂ ਵਾਲੇ। ਜਪਿ—ਜਪ ਕੇ। ਭਉ—ਭਉ ਸਾਗਰ, ਸੰਸਾਰ-ਸਮੁੰਦਰ। ਬਿਖਮੁ—ਔਖਾ ਤਰਿਆ ਜਾਣ ਵਾਲਾ। ਤਰੇ—ਪਾਰ ਲੰਘ ਗਏ। ੩।

ਅਰਥ:—ਹੇ ਭਾਈ! ਪਰਮਾਤਮਾ ਦੇ ਭਗਤ (ਪਰਮਾਤਮਾ ਦੀ) ਸੇਵਾ-ਭਗਤੀ ਕਰਦੇ ਹਨ, ਉਹ (ਪਰਮਾਤਮਾ ਦੀ ਹਜ਼ੂਰੀ ਵਿਚ) ਆਦਰ-ਸਤਕਾਰ ਹਾਸਲ ਕਰਦੇ ਹਨ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤਿ ਉੱਤੇ ਤੁਰ ਕੇ ਪ੍ਰਭੂ ਦੀ ਸੇਵਾ-ਭਗਤੀ ਕੀਤੀ, ਪਰਮਾਤਮਾ ਨੇ ਉਹਨਾਂ ਦੇ ਸਾਰੇ ਪਾਪ ਇਕ ਖਿਨ ਵਿਚ ਹੀ ਦੂਰ ਕਰ ਦਿੱਤੇ।

ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਆਪਣੇ ਮਨ ਵਿਚ ਆਪਣੇ ਚਿੱਤ ਵਿਚ ਇਕ ਪਰਮਾਤਮਾ ਦਾ ਸਿਮਰਨ ਕੀਤਾ, ਉਹਨਾਂ ਦੇ ਸਾਰੇ ਪਾਪ ਉਹਨਾਂ ਦੇ ਸਾਰੇ ਔਗਣ ਨਾਸ ਹੋ ਗਏ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਬਚਨਾਂ ਉਤੇ ਤੁਰ ਕੇ ਸਦਾ-ਥਿਰ ਹਰਿ-ਨਾਮ ਸਿਮਰਿਆ, ਕਰਤਾਰ ਨੇ ਉਹਨਾਂ ਦਾ ਸਾਰਾ ਜਨਮ ਸਫਲ ਕਰ ਦਿੱਤਾ।

ਹੇ ਭਾਈ! ਉਹ ਮਨੁੱਖ ਭਾਗਾਂ ਵਾਲੇ ਹਨ, ਮਹਾ ਪੁਰਖ ਹਨ,ਗੁਣਾਂ ਦੇ ਭਾਂਡੇ ਹਨ, ਜਿਹੜੇ ਗੁਰੂ ਦੀ ਮਤਿ ਉਤੇ ਤੁਰ ਕੇ ਇਸ ਔਖੇ ਤਰੇ ਜਾਣ ਵਾਲੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

ਹੇ ਭਾਈ! ਪਰਮਾਤਮਾ ਦੇ ਭਗਤ (ਪਰਮਾਤਮਾ ਦੀ) ਸੇਵਾ-ਭਗਤੀ ਕਰਦੇ ਹਨ, ਉਹ (ਪਰਮਾਤਮਾ ਦੀ ਹਜ਼ੂਰੀ ਵਿਚ) ਆਦਰ-ਸਤਕਾਰ ਹਾਸਲ ਕਰਦੇ ਹਨ। ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤਿ ਉੱਤੇ ਤੁਰ ਕੇ ਪ੍ਰਭੂ ਦੀ ਸੇਵਾ-ਭਗਤੀ ਕੀਤੀ (ਪਰਮਾਤਮਾ ਨੇ ਉਹਨਾਂ ਦੇ ਸਾਰੇ ਪਾਪ ਇਕ ਖਿਨ ਵਿਚ ਹੀ ਦੂਰ ਕਰ ਦਿੱਤੇ)। ੩।

ਤੂ ਅੰਤਰਜਾਮੀ ਹਰਿ ਆਪਿ, ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥ ਹਮਰੈ ਹਾਥਿ ਕਿਛੁ ਨਾਹਿ ਜਾ ਤੂ ਮੇਲਹਿ ਤਾ ਹਉ ਆਇ ਮਿਲਾ ॥ ਜਿਨ ਕਉ ਤੂ ਹਰਿ ਮੇਲਹਿ ਸੁਆਮੀ ਸਭੁ ਤਿਨ ਕਾ ਲੇਖਾ ਛੁਟਕਿ ਗਇਆ॥ ਤਿਨ ਕੀ ਗਣਤ ਨ ਕਰਿਅਹੁ ਕੋ ਭਾਈ ਜੋ ਗੁਰ ਬਚਨੀ ਹਰਿ ਮੇਲਿ ਲਇਆ ॥ ਨਾਨਕ ਦਇਆਲੁ ਹੋਆ ਤਿਨ ਊਪਰਿ ਜਿਨ ਗੁਰ ਕਾ ਭਾਣਾ ਮੰਨਿਆ ਭਲਾ ॥ ਤੂ ਅੰਤਰਜਾਮੀ ਹਰਿ ਆਪਿ, ਜਿਉ ਤੂ ਚਲਾਵਹਿ ਪਿਆਰੇ ਹਉ ਤਿਵੈ ਚਲਾ ॥ ੪ ॥ ੨ ॥

ਪਦ ਅਰਥ :–ਅੰਤਰਜਾਮੀ–[अन्तर्-या] ਅੰਦਰ ਤਕ ਪਹੁੰਚ ਵਾਲਾ, ਅੰਦਰ ਦੀ ਜਾਣਨ ਵਾਲਾ। ਜਿਉ–ਜਿਉਂ, ਜਿਵੇਂ, ਜਿਸ ਤਰ੍ਹਾਂ। ਚਲਾਵਹਿ–ਜੀਵਨ-ਰਾਹ ਤੇ ਤੂੰ ਤੋਰਦਾ ਹੈਂ। ਹਉ–ਹਉਂ, ਮੈਂ। ਚਲਾ–ਚੱਲਾਂ, ਮੈਂ ਚੱਲਦਾ ਹਾਂ। ਹਾਥਿ–ਹੱਥ ਵਿਚ। ਜਾ–ਜਦੋਂ। ਆਇ–ਆ ਕੇ। ਮਿਲਾ–ਮਿਲਾਂ, ਮੈਂ ਮਿਲਦਾ ਹਾਂ।

ਕਉ–ਨੂੰ। ਹਰਿ–ਹੇ ਹਰੀ ! ਸੁਆਮੀ–ਹੇ ਸੁਆਮੀ ! ਸਭੁ–ਸਾਰਾ। ਛੁਟਕਿ ਗਇਆ–ਮੁੱਕ ਗਿਆ, ਮੁੱਕ ਜਾਂਦਾ ਹੈ। ਗਣਤ–ਦੰਦ-ਕਥਾ, ਨੁਕਤਾ-ਚੀਨੀ, ਕਰਮਾਂ ਦੀ ਗਿਣਤੀ-ਵਿਚਾਰ। ਕੋ–ਕੋਈ ਧਿਰ। ਭਾਈ–ਹੇ ਭਾਈ ! ਗੁਰ ਬਚਨੀ–ਗੁਰ ਬਚਨੀਂ, ਗੁਰੂ ਦੇ ਬਚਨਾਂ ਦੀ ਰਾਹੀਂ।

ਨਾਨਕ–ਹੇ ਨਾਨਕ ! ਭਲਾ–ਭਲਾ ਜਾਣ ਕੇ। ਭਾਣਾ–ਰਜ਼ਾ, ਹੁਕਮ। ੪।

ਅਰਥ :–ਹੇ ਹਰੀ ! ਤੂੰ ਆਪ ਸਭ ਦੇ ਦਿਲ ਦੀ ਜਾਣਨ ਵਾਲਾ ਹੈਂ। ਹੇ ਪਿਆਰੇ! ਜਿਵੇਂ ਤੂੰ (ਅਸਾਂ ਜੀਵਾਂ ਨੂੰ) ਜੀਵਨ-ਰਾਹ ਉਤੇ ਤੋਰਦਾ ਹੈਂ, ਮੈਂ ਉਸੇ ਤਰ੍ਹਾਂ ਹੀ ਤੁਰਦਾ ਹਾਂ। ਹੇ ਹਰੀ ! ਅਸਾਂ ਜੀਵਾਂ ਦੇ ਵੱਸ਼ ਵਿਚ ਕੁਝ ਨਹੀਂ। ਜਦੋਂ ਤੂੰ (ਮੈਨੂੰ ਆਪਣੇ ਚਰਨਾਂ ਵਿਚ) ਮਿਲਾਂਦਾ ਹੈਂ, ਤਦੋਂ (ਹੀ) ਮੈਂ ਆ ਕੇ ਮਿਲਦਾ ਹਾਂ।

ਹੇ ਹਰੀ ! ਹੇ ਸੁਆਮੀ! ਜਿੰਨ੍ਹਾਂ ਨੂੰ ਤੂੰ (ਆਪਣੇ ਚਰਨਾਂ ਵਿਚ) ਜੋੜਦਾ ਹੈਂ, ਉਹਨਾਂ ਦੇ (ਪਿਛਲੇ ਕੀਤੇ ਕਰਮਾਂ ਦਾ) ਸਾਰਾ ਲੇਖਾ ਮੁੱਕ ਜਾਂਦਾ ਹੈ (ਉਹਨਾਂ ਦੇ ਅੰਦਰੋਂ ਪਿਛਲੇ ਕੀਤੇ ਸਾਰੇ ਮੰਦ ਕਰਮਾਂ ਦੇ ਸੰਸਕਾਰ ਮਿਟ ਜਾਂਦੇ ਹਨ)। ਹੇ ਭਾਈ ! ਜਿੰਨ੍ਹਾਂ ਮਨੁੱਖਾਂ ਨੂੰ ਪਰਮਾਤਮਾ ਗੁਰੂ ਦੇ ਬਚਨਾਂ ਉਤੇ ਤੋਰ ਕੇ (ਆਪਣੇ ਨਾਲ) ਮਿਲਾਂਦਾ ਹੈ, ਕੋਈ ਭੀ ਧਿਰ ਉਹਨਾਂ ਦੇ (ਪਿਛਲੇ ਕਰਮਾਂ ਦੀ) ਵਿਚਾਰ ਨਾਹ ਕਰਿਓ (ਕਿਉਂਕਿ ਉਹਨਾਂ ਦੇ ਅੰਦਰੋਂ ਤਾਂ ਉਹ ਸਾਰੇ ਸੰਸਕਾਰ ਮਿਟ ਜਾਂਦੇ ਹਨ)।

ਹੇ ਨਾਨਕ ! ਜਿਹੜੇ ਮਨੁੱਖ ਗੁਰੂ ਦੀ ਰਜ਼ਾ ਨੂੰ ਮਿੱਠੀ ਕਰਕੇ ਮੰਨਦੇ ਹਨ, ਪਰਮਾਤਮਾ ਉਹਨਾਂ ਉੱਤੇ ਆਪ ਦਇਆਵਾਨ ਹੁੰਦਾ ਹੈ।

ਹੇ ਹਰੀ ! ਤੂੰ ਆਪ ਸਭ ਦੇ ਦਿਲ ਦੀ ਜਾਣਨ ਵਾਲਾ ਹੈਂ । ਹੇ ਪਿਆਰੇ ! ਜਿਵੇਂ ਤੂੰ (ਅਸਾਂ ਜੀਵਾਂ ਨੂੰ) ਜੀਵਨ-ਰਾਹ ਉਤੇ ਤੋਰਦਾ ਹੈਂ, ਮੈਂ ਉਸੇ ਤਰ੍ਹਾਂ ਹੀ ਤੁਰਦਾ ਹਾਂ ।੪।੨।

ਤੁਖਾਰੀ ਮਹਲਾ ੪ ॥ ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥ ਤਿਨ ਤੂ ਧਿਆਇਆ ਮੇਰਾ ਰਾਮੁ ਜਿਨ ਕੈ ਧੁਰਿ ਲੇਖੁ ਮਾਥੁ ॥ ਜਿਨ ਕਉ ਧੁਰਿ ਹਰਿ ਲਿਖਿਆ ਸੁਆਮੀ ਤਿਨ ਹਰਿ ਹਰਿ ਨਾਮੁ ਅਰਾਧਿਆ॥ ਤਿਨ ਕੇ ਪਾਪ ਇਕ ਨਿਮਖ ਸਭਿ ਲਾਥੇ ਜਿਨ ਗੁਰ ਬਚਨੀ ਹਰਿ ਜਾਪਿਆ॥ ਧਨੁ ਧੰਨੁ ਤੇ ਜਨ ਜਿਨ ਹਰਿਨਾਮੁ ਜਪਿਆ ਤਿਨ ਦੇਖੇ ਹਉ ਭਇਆ ਸਨਾਥੁ ॥ ਤੂ ਜਗਜੀਵਨੁ ਜਗਦੀਸੁ ਸਭ ਕਰਤਾ ਸ੍ਰਿਸਟਿ ਨਾਥੁ ॥੧॥

ਪਦ ਅਰਥ:—ਜਗ ਜੀਵਨੁ—ਜਗਤ ਦਾ ਜੀਵਨ, ਜਗਤ ਦੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ । ਜਗਦੀਸੁ—ਜਗਤ ਦਾ ਈਸ਼, ਜਗਤ ਦਾ ਮਾਲਕ । ਨਾਥੁ—ਖਸਮ । ਤੂ—ਤੈਨੂੰ। ਜਿਨ ਕੈ—ਜਿਨ੍ਹਾਂ ਦੇ ਭਾਗ ਵਿਚ। ਧੁਰਿ—ਧੁਰੋਂ, ਪ੍ਰਭੂ ਦੀ ਹਜ਼ੂਰੀ ਤੋਂ । ਲੇਖੁ—(ਸਿਮਰਨ ਦੇ ਸੰਸਕਾਰਾਂ ਦਾ) ਲੇਖ । ਮਾਥੁ—ਮੱਥਾ ।

ਜਿਨ ਕਉ—ਜਿਨ੍ਹਾਂ ਵਾਸਤੇ । ਨਿਮਖ—[ਨਿਮੇਸ਼] ਅੱਖ ਫਰਕਨ ਜਿਤਨਾ ਸਮਾ । ਸਭਿ ਪਾਪ—ਸਾਰੇ ਪਾਪ। ਗੁਰਬਚਨੀ—ਗੁਰੂ ਦੇ ਬਚਨਾਂ ਉੱਤੇ ਤੁਰ ਕੇ। ਜਾਪਿਆ—ਜਪਿਆ । ਤੇ ਜਨ—[ਬਹੁ ਵਚਨ]ਉਹ ਬੰਦੇ। ਤਿਨ ਦੇਖੇ—ਉਹਨਾਂ ਨੂੰ ਵੇਖ ਕੇ,ਉਹਨਾਂ ਦਾ ਦਰਸਨ ਕਰ ਕੇ । ਹਉ—ਮੈਂ । ਸਨਾਥੁ—ਨਾਥ ਵਾਲਾ, ਖਸਮ ਵਾਲਾ ।੧।

ਅਰਥ:—ਹੇ ਪ੍ਰਭੂ ! ਤੂੰ ਜਗਤ ਦੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ ਹੈਂ, ਤੂੰ ਜਗਤ ਦਾ ਮਾਲਕ ਹੈਂ, ਤੂੰ ਸਾਰੀ (ਸ੍ਰਿਸ਼ਟੀ) ਦਾ ਪੈਦਾ ਕਰਨ ਵਾਲਾ ਹੈਂ, ਤੂੰ ਸ੍ਰਿਸ਼ਟੀ ਦਾ ਖਸਮ ਹੈਂ । ਹੇ ਪ੍ਰਭੂ ! ਧੁਰ ਦਰਗਾਹ ਤੋਂ ਜਿਨ੍ਹਾਂ ਦੇ ਭਾਗਾਂ ਵਿਚ (ਹਰਿ-ਸਿਮਰਨ ਦੇ ਸੰਸਕਾਰਾਂ ਦਾ) ਲੇਖ ਲਿਖਿਆ ਹੋਇਆ ਹੈ, ਜਿਨ੍ਹਾਂ ਦਾ ਮੱਥਾ ਭਾਗਾਂ ਵਾਲਾ ਹੈ, ਉਹਨਾਂ ਨੇ ਤੈਨੂੰ ਸਿਮਰਿਆ ਹੈ । ਹੇ ਭਾਈ ! ਉਹਨਾਂ ਨੇ ਮੇਰੇ ਰਾਮ ਨੂੰ ਸਿਮਰਿਆ ਹੈ ।

ਹੇ ਭਾਈ ! ਮਾਲਕ-ਹਰੀ ਨੇ ਜਿਨ੍ਹਾਂ ਦੇ ਭਾਗਾਂ ਵਿਚ ਧੁਰੋਂ ਸਿਮਰਨ ਦਾ ਲੇਖ ਲਿਖ ਦਿੱਤਾ ਹੈ, ਉਹ (ਸਦਾ) ਹਰਿ-ਨਾਮ ਦਾ ਸਿਮਰਨ ਕਰਦੇ ਹਨ । ਹੇ ਭਾਈ ! ਜਿਨ੍ਹਾਂ ਨੇ ਗੁਰੂ ਦੇ ਬਚਨਾਂ ਉਤੇ ਤੁਰ ਕੇ ਪਰਮਾਤਮਾ ਦਾ ਨਾਮ ਜਪਿਆ ਹੈ, ਉਹਨਾਂ ਦੇ ਸਾਰੇ ਪਾਪ ਅੱਖ ਝਮਕਣ ਜਿਤਨੇ ਸਮੇ ਵਿਚ ਹੀ ਦੂਰ ਹੋ ਜਾਂਦੇ ਹਨ ।

ਹੇ ਭਾਈ! ਉਹ ਮਨੁੱਖ ਭਾਗਾਂ ਵਾਲੇ ਹਨ, ਮੁਬਾਰਿਕ ਹਨ,ਜਿਹੜੇ ਪਰਮਾਤਮਾ ਦਾ ਨਾਮ ਜਪਦੇ ਹਨ । ਉਹਨਾਂ ਦਾ ਦਰਸਨ ਕਰ ਕੇ ਮੈਂ (ਭੀ) ਖਸਮ ਵਾਲਾ (ਅਖਵਾਣ

ਜੋਗਾ) ਹੋ ਗਿਆ ਹਾਂ (ਕਿਉਂਕਿ ਮੈਂ ਭੀ ਖਸਮ-ਪ੍ਰਭੂ ਦਾ ਨਾਮ ਜਪਣ ਲੱਗ ਪਿਆ ਹਾਂ)।

ਹੇ ਪ੍ਰਭੂ ! ਤੂੰ ਜਗਤ ਦੇ ਜੀਵਾਂ ਨੂੰ ਜ਼ਿੰਦਗੀ ਦੇਣ ਵਾਲਾ ਹੈਂ, ਤੂੰ ਜਗਤ ਦਾ ਮਾਲਕ ਹੈਂ, ਤੂੰ ਸਾਰੀ (ਸ੍ਰਿਸ਼ਟੀ) ਦਾ ਪੈਦਾ ਕਰਨ ਵਾਲਾ ਹੈਂ, ਤੂੰ ਸ੍ਰਿਸ਼ਟੀ ਦਾ ਖਸਮ ਹੈਂ ।੧।

ਤੂ ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ ॥ ਜਿਨ ਜਪਿਆ ਹਰਿ ਮਨਿ ਚੀਤਿ ਹਰਿ ਜਪਿ ਜਪਿ ਮੁਕਤੁ ਘਣੀ ॥ ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ ਤਿਨ ਕੇ ਊਜਲ ਮੁਖ ਹਰਿ ਦੁਆਰਿ ॥ ਓਇ ਹਲਤਿ ਪਲਤਿ ਜਨ ਭਏ ਸੁਹੇਲੇ ਹਰਿ ਰਾਖਿ ਲੀਏ ਰਖਨਹਾਰਿ ॥ ਹਰਿ ਸੰਤ ਸੰਗਤਿ ਜਨ ਸੁਣਹੁ ਭਾਈ ਗੁਰਮੁਖਿ ਹਰਿ ਸੇਵਾ ਸਫਲ ਬਣੀ ॥ ਤੂ ਜਲਿ ਥਲਿ ਮਹੀਅਲਿ ਭਰਪੂਰਿ ਸਭ ਊਪਰਿ ਸਾਚੁ ਧਣੀ ॥ ੨ ॥

ਪਦ ਅਰਥ :—ਜਲਿ—ਜਲ ਵਿਚ। ਥਲਿ—ਧਰਤੀ ਵਿਚ। ਮਹੀਅਲਿ—ਮਹੀ ਤਲਿ [ਮਹੀ—ਧਰਤੀ। ਤਲਿ—ਤਲ ਉਤੇ] ਧਰਤੀ ਦੇ ਤਲ ਉਤੇ, ਪੁਲਾੜ ਵਿਚ। ਭਰਪੂਰਿ—ਵਿਆਪਕ। ਸਾਚੁ—ਸਦਾ ਕਾਇਮ ਰਹਿਣੇ ਵਾਲਾ। ਧਣੀ—ਮਾਲਕ। ਮਨਿ—ਮਨ ਵਿਚ। ਚੀਤਿ—ਚਿੱਤ ਵਿਚ। ਜਪਿ ਜਪਿ—ਮੁੜ ਮੁੜ ਜਪ ਕੇ। ਘਣੀ—ਬਹੁਤ ਲੋਕਾਈ।

ਤੇ—ਉਹ [ਬਹੁ ਵਚਨ]। ਮੁਕਤ—ਵਿਕਾਰਾਂ ਤੋਂ ਸੁਤੰਤਰ। ਤਿਨ ਕੇ ਮੁਖ—ਉਹਨਾਂ ਦੇ ਮੂੰਹ। ਊਜਲ—ਰੌਸ਼ਨ। ਦੁਆਰਿ—ਦੁਆਰੇ ਤੇ, ਦਰ ਤੇ। ਓਇ—[ਲਫ਼ਜ਼ 'ਓਹੁ' ਤੋਂ ਬਹੁ ਵਚਨ] ਉਹ ਬੰਦੇ। ਹਲਤਿ—[ਅਤ੍ਰ] ਇਸ ਲੋਕ ਵਿਚ। ਪਲਤਿ—[ਪਰਤ੍ਰ] ਪਰਲੋਕ ਵਿਚ। ਸੁਹੇਲੇ—ਸੁਖੀ। ਰਖਨਹਾਰਿ—ਰਖਨਹਾਰ ਨੇ, ਬਚਾਣ ਦੀ ਸਮਰਥਾ ਵਾਲੇ ਨੇ।

ਭਾਈ—ਹੇ ਭਾਈ ! ਗੁਰਮੁਖਿ—ਗੁਰੂ ਦੀ ਸਰਨ ਪੈਣ ਵਾਲੇ। ਸਫਲ—ਫਲ ਵਾਲੀ, ਕਾਮਯਾਬ। ੨।

ਅਰਥ :—ਹੇ ਪ੍ਰਭੂ ! ਤੂੰ ਜਲ ਵਿਚ ਧਰਤੀ ਵਿਚ ਆਕਾਸ਼ ਵਿਚ (ਹਰ ਥਾਂ) ਵਿਆਪਕ ਹੈਂ, ਤੂੰ ਸਭ ਜੀਵਾਂ ਦੇ ਸਿਰ ਉੱਤੇ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ। ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਆਪਣੇ ਮਨ ਵਿਚ ਆਪਣੇ ਚਿੱਤ ਵਿਚ ਪਰਮਾਤਮਾ ਦਾ ਨਾਮ (ਸਦਾ) ਜਪਿਆ (ਉਹ ਵਿਕਾਰਾਂ ਤੋਂ ਬਚ ਗਏ)। ਹੇ ਭਾਈ ! ਪ੍ਰਭੂ ਦਾ ਨਾਮ ਮੁੜ ਮੁੜ ਜਪ ਕੇ ਬੇਅੰਤ ਲੁਕਾਈ ਮੁਕਤ ਹੋ ਜਾਂਦੀ ਹੈ।

ਹੇ ਭਾਈ ! ਜਿਹੜੇ ਪ੍ਰਾਣੀ ਪਰਮਾਤਮਾ ਦਾ ਨਾਮ ਜਪਦੇ ਹਨ, ਉਹ ਪਵਿੱਤਰ

ਜੀਵਨ ਵਾਲੇ ਹੋ ਜਾਂਦੇ ਹਨ, ਪਰਮਾਤਮਾ ਦੇ ਦਰ ਤੇ ਉਹਨਾਂ ਦੇ ਮੂੰਹ ਉਜਲੇ ਹੁੰਦੇ ਹਨ (ਪ੍ਰਭੂ-ਦਰ ਤੇ ਉਹ ਆਦਰ-ਸਤਕਾਰ ਪ੍ਰਾਪਤ ਕਰਦੇ ਹਨ)। ਉਹ ਬੰਦੇ ਇਸ ਲੋਕ ਵਿਚ ਤੇ ਪਰਲੋਕ ਵਿਚ ਸੁਖੀ ਜੀਵਨ ਵਾਲੇ ਹੋ ਜਾਂਦੇ ਹਨ। ਬਚਾਣ ਦੀ ਸਮਰਥਾ ਵਾਲੇ ਪਰਮਾਤਮਾ ਨੇ ਉਹਨਾਂ ਨੂੰ ਆਪ (ਵਿਕਾਰਾਂ ਤੋਂ) ਬਚਾ ਲਿਆ ਹੁੰਦਾ ਹੈ।

ਹੇ ਹਰੀ ਦੇ ਸੰਤ ਜਨੋ! ਹੇ ਸਾਧ ਸੰਗਤਿ! ਹੇ ਭਾਈ! ਸੁਣੋ—ਗੁਰੂ ਦੀ ਸਰਨ ਪਿਆਂ ਹੀ ਪਰਮਾਤਮਾ ਦੀ ਕੀਤੀ ਹੋਈ ਸੇਵਾ-ਭਗਤੀ ਕਾਮਯਾਬ ਹੁੰਦੀ ਹੈ।

ਹੇ ਪ੍ਰਭੂ! ਤੂੰ ਜਲ ਵਿਚ ਧਰਤੀ ਵਿਚ ਆਕਾਸ਼ ਵਿਚ (ਹਰ ਥਾਂ) ਵਿਆਪਕ ਹੈਂ, ਤੂੰ ਸਭ ਜੀਵਾਂ ਦੇ ਸਿਰ ਉਤੇ ਹੈਂ, ਤੂੰ ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ।੨।

ਤੂ ਥਾਨ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥ ਵਣਿ ਤ੍ਰਿਣਿ ਤ੍ਰਿਭਵਣਿ ਸਭ ਸ੍ਰਿਸਟਿ ਮੁਖਿ ਹਰਿ ਹਰਿ ਨਾਮੁ ਚਵਿਆ ॥ ਸਭਿ ਚਵਹਿ ਹਰਿ ਹਰਿ ਨਾਮੁ ਕਰਤੇ ਅਸੰਖ ਅਗਣਤ ਹਰਿ ਧਿਆਵਏ ॥ ਸੋ ਧੰਨੁ ਧਨੁ ਹਰਿ ਸੰਤੁ ਸਾਧੂ ਜੋ ਹਰਿ ਪ੍ਰਭ ਕਰਤੇ ਭਾਵਏ ॥ ਸੋ ਸਫਲੁ ਦਰਸਨੁ ਦੇਹੁ ਕਰਤੇ ਜਿਸੁ ਹਰਿ ਹਿਰਦੈ ਨਾਮੁ ਸਦ ਚਵਿਆ ॥ ਤੂ ਥਾਨੁ ਥਨੰਤਰਿ ਹਰਿ ਏਕੁ ਹਰਿ ਏਕੋ ਏਕੁ ਰਵਿਆ ॥ ੩ ॥

ਪਦ ਅਰਥ :—ਥਾਨ ਥਨੰਤਰਿ—ਥਾਨ ਥਾਨ ਅੰਤਰਿ, ਹਰੇਕ ਥਾਂ ਵਿਚ। ਰਵਿਆ—ਵਿਆਪਕ, ਮੌਜੂਦ। ਵਣਿ—ਵਣ ਵਿਚ। ਤ੍ਰਿਣਿ—ਤ੍ਰਿਣ ਵਿਚ, ਘਾਹ ਦੇ ਤੀਲੇ ਵਿਚ। ਤ੍ਰਿਭਵਣਿ—ਤਿੰਨ-ਭਵਨੀ ਜਗਤ ਵਿਚ। ਮੁਖਿ—ਮੂੰਹ ਨਾਲ। ਚਵਿਆ—ਉਚਾਰਿਆ।

ਸਭਿ—ਸਾਰੇ ਜੀਵ। ਚਵਹਿ—ਉਚਾਰਦੇ ਹਨ। ਕਰਤੇ—ਕਰਤਾਰ ਦਾ। ਅਸੰਖ—ਜਿੰਨ੍ਹਾਂ ਦੀ ਸੰਖਿਆ ਨਹੀਂ ਹੋ ਸਕਦੀ, ਅਣ-ਗਿਣਤ। ਧਿਆਵਏ—ਧਿਆਵੈ, ਧਿਆਉਂਦੀ ਹੈ [ਇਕ ਵਚਨ]। ਕਰਤੇ ਭਾਵਏ—ਕਰਤਾਰ ਨੂੰ ਪਿਆਰਾ ਲੱਗਦਾ ਹੈ।

ਸਫਲੁ—ਕਾਮਯਾਬ। ਸੋ—ਉਹ ਮਨੁੱਖ। ਦਰਸਨੁ—(ਉਸ ਮਨੁਖ ਦਾ) ਦਰਸਨ। ਕਰਤੇ—ਹੇ ਕਰਤਾਰ! ਜਿਸੁ ਹਿਰਦੈ—ਜਿਸ ਦੇ ਹਿਰਦੇ ਵਿਚ। ਸਦ—ਸਦਾ। ਚਵਿਆ—ਉਚਾਰਿਆ।

ਅਰਥ :—ਹੇ ਹਰੀ! ਹਰੇਕ ਥਾਂ ਵਿਚ ਇਕ ਤੂੰ ਹੀ ਤੂੰ ਮੌਜੂਦ ਹੈਂ।

ਹੇ ਪ੍ਰਭੂ! ਜੰਗਲ ਵਿਚ, ਘਾਹ ਦੇ ਤੀਲੇ ਵਿਚ, ਤ੍ਰਿਭਵਣੀ-ਜਗਤ ਵਿਚ—ਹਰ ਥਾਂ ਤੂੰ ਹੀ ਤੂੰ ਵੱਸ ਰਿਹਾ ਹੈਂ। ਹੇ ਭਾਈ! ਸਾਰੀ ਸ੍ਰਿਸ਼ਟੀ (ਭਾਵ, ਸਾਰੀ ਸ੍ਰਿਸ਼ਟੀ ਦੇ ਜੀਵ) ਆਪਣੇ ਮੂੰਹ ਨਾਲ ਹਰਿ-ਨਾਮ ਹੀ ਉਚਾਰ ਰਹੀ ਹੈ।

ਹੇ ਭਾਈ! ਅਸੰਖਾਂ ਜੀਵ ਅਣਗਿਣਤ ਜੀਵ ਸਾਰੇ ਹੀ ਕਰਤਾਰ ਦਾ ਨਾਮੁ ਸਦਾ

ਉਚਾਰ ਰਹੇ ਹਨ । ਹੇ ਭਾਈ ! (ਸਾਰੀ ਸ੍ਰਿਸ਼ਟੀ) ਹਰੀ ਦਾ ਨਾਮ ਸਿਮਰ ਰਹੀ ਹੈ । ਹੇ ਭਾਈ ! ਹਰੀ ਦਾ ਉਹ ਸੰਤ ਹਰੀ ਦਾ ਉਹ ਸਾਧੂ ਧੰਨ ਹੈ ਧੰਨ ਹੈ, ਜਿਹੜਾ ਹਰਿ-ਪ੍ਰਭੂ ਨੂੰ ਜਿਹੜਾ ਕਰਤਾਰ ਨੂੰ ਪਿਆਰਾ ਲੱਗਦਾ ਹੈ ।

ਹੇ ਕਰਤਾਰ ! ਜਿਸ ਦੇ ਹਿਰਦੇ ਵਿਚ (ਤੂੰ ਵੱਸਦਾ ਹੈਂ), ਜੋ ਸਦਾ (ਤੇਰਾ) ਨਾਮ ਉਚਾਰਦਾ ਹੈ, ਉਹ ਮਨੁੱਖ ਕਾਮਯਾਬ (ਜੀਵਨ ਵਾਲਾ) ਹੈ, (ਮੈਨੂੰ ਉਸ ਦਾ) ਦਰਸਨ ਬਖ਼ਸ਼ । ਹੇ ਹਰੀ ! ਹਰੇਕ ਥਾਂ ਵਿਚ ਇਕ ਤੂੰ ਹੀ ਤੂੰ ਮੌਜੂਦ ਹੈਂ । ੩ ।

ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ ਜਿਸ ਕੈ ਮਸਤਕਿ ਗੁਰ ਹਾਥੁ ਤਿਸੁ ਹਿਰਦੈ ਹਰਿ ਗੁਣ ਟਿਕਹਿ ॥ ਹਰਿ ਗੁਣ ਹਿਰਦੈ ਟਿਕਹਿ ਤਿਸ ਕੈ ਜਿਸੁ ਅੰਤਰਿ ਭਉ ਭਾਵਨੀ ਹੋਈ ॥ ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ ॥ ਭਉ ਭਾਉ ਪ੍ਰੀਤਿ ਨਾਨਕ ਤਿਸਹਿ ਲਾਗੈ ਜਿਸੁ ਤੂ ਆਪਣੀ ਕਿਰਪਾ ਕਰਹਿ ॥ ਤੇਰੀ ਭਗਤਿ ਭੰਡਾਰ ਅਸੰਖ ਜਿਸੁ ਤੂ ਦੇਵਹਿ ਮੇਰੇ ਸੁਆਮੀ ਤਿਸੁ ਮਿਲਹਿ ॥ ੪ ॥ ੩ ॥

ਪਦ ਅਰਥ :—ਭੰਡਾਰ—ਖ਼ਜ਼ਾਨੇ । ਅਸੰਖ—ਬੇਅੰਤ । ਸੁਆਮੀ—ਹੇ ਸੁਆਮੀ ! ਜਿਸ ਕੈ ਮਸਤਕਿ—ਜਿਸ ਦੇ ਮੱਥੇ ਉੱਤੇ [ਸੰਬੰਧਕ 'ਕੈ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ਉੱਡ ਗਿਆ ਹੈ] । ਗੁਰ ਹਾਥੁ—ਗੁਰੂ ਦਾ ਹੱਥ । ਟਿਕਹਿ—ਟਿਕ ਜਾਂਦੇ ਹਨ ।

ਤਿਸ ਕੈ ਹਿਰਦੈ—ਉਸ (ਮਨੁੱਖ) ਦੇ ਹਿਰਦੇ ਵਿਚ । ਭਉ—ਡਰ-ਅਦਬ । ਭਾਵਨੀ—ਸਰਧਾ, ਪਿਆਰ । ਬਿਨੁ ਭੈ—ਡਰ-ਅਦਬ ਤੋਂ ਬਿਨਾ [ਸੰਬੰਧਕ ਦੇ ਕਾਰਨ ਲਫ਼ਜ਼ 'ਭਉ' ਤੋਂ 'ਭੈ' ਬਣ ਜਾਂਦਾ ਹੈ] ।

ਨਾਨਕ—ਹੇ ਨਾਨਕ ! ਤਿਸਹਿ—ਉਸ (ਮਨੁੱਖ) ਨੂੰ [ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ] । ੪ ।

ਅਰਥ :—ਹੇ ਮੇਰੇ ਸੁਆਮੀ ! (ਤੇਰੇ ਘਰ ਵਿਚ) ਤੇਰੀ ਭਗਤੀ ਦੇ ਬੇਅੰਤ ਖ਼ਜ਼ਾਨੇ ਭਰੇ ਪਏ ਹਨ, (ਪਰ ਇਹ ਖ਼ਜ਼ਾਨੇ) ਉਸ (ਮਨੁੱਖ) ਨੂੰ ਮਿਲਦੇ ਹਨ ਜਿਸ ਨੂੰ ਤੂੰ (ਆਪ) ਦੇਂਦਾ ਹੈਂ । ਹੇ ਭਾਈ ! ਜਿਸ (ਮਨੁੱਖ) ਦੇ ਮੱਥੇ ਉਤੇ ਗੁਰੂ ਦਾ ਹੱਥ ਹੋਵੇ, ਉਸ ਦੇ ਹਿਰਦੇ ਵਿਚ ਪਰਮਾਤਮਾ ਦੇ ਗੁਣ ਟਿਕੇ ਰਹਿੰਦੇ ਹਨ ।

ਹੇ ਭਾਈ ! ਜਿਸ (ਮਨੁੱਖ) ਦੇ ਅੰਦਰ (ਪਰਮਾਤਮਾ ਦਾ) ਡਰ-ਅਦਬ ਹੈ (ਪਰਮਾਤਮਾ ਵਾਸਤੇ) ਸਰਧਾ-ਪਿਆਰ ਹੈ, ਉਸ ਦੇ ਹਿਰਦੇ ਵਿਚ ਪਰਮਾਤਮਾ ਦੇ ਗੁਣ ਟਿਕੇ ਰਹਿੰਦੇ ਹਨ । ਹੇ ਭਾਈ ! ਪਰਮਾਤਮਾ ਦੇ ਡਰ-ਅਦਬ ਤੋਂ ਬਿਨਾ ਕਿਸੇ ਭੀ ਮਨੁੱਖ ਨੇ

(ਪਰਮਾਤਮਾ ਦਾ) ਪ੍ਰੇਮ ਪ੍ਰਾਪਤ ਨਹੀਂ ਕੀਤਾ । ਕੋਈ ਭੀ ਮਨੁੱਖ (ਪਰਮਾਤਮਾ ਦੇ) ਡਰ-ਅਦਬ ਤੋਂ ਬਿਨਾ (ਇਸ ਸੰਸਾਰ-ਸਮੁੰਦਰ ਤੋਂ) ਪਾਰ ਨਹੀਂ ਲੰਘ ਸਕਿਆ (ਕੋਈ ਭੀ ਵਿਕਾਰਾਂ ਤੋਂ ਬਚ ਨਹੀਂ ਸਕਿਆ) ।

ਹੇ ਨਾਨਕ ! (ਆਖ–ਹੇ ਪ੍ਰਭੂ !) ਉਸੇ ਮਨੁੱਖ ਦੇ ਹਿਰਦੇ ਵਿਚ ਤੇਰਾ ਡਰ-ਅਦਬ ਤੇਰਾ ਪ੍ਰੇਮ-ਪਿਆਰ ਪੈਦਾ ਹੁੰਦਾ ਹੈ ਜਿਸ ਉੱਤੇ ਤੂੰ ਆਪਣੀ ਮਿਹਰ ਕਰਦਾ ਹੈਂ । ਹੇ ਮੇਰੇ ਸੁਆਮੀ ! (ਤੇਰੇ ਘਰ ਵਿਚ) ਤੇਰੀ ਭਗਤੀ ਦੇ ਬੇਅੰਤ ਖ਼ਜ਼ਾਨੇ ਭਰੇ ਪਏ ਹਨ, (ਪਰ ਇਹ ਖ਼ਜ਼ਾਨੇ) ਉਸ (ਮਨੁੱਖ) ਨੂੰ ਮਿਲਦੇ ਹਨ ਜਿਸ ਨੂੰ ਤੂੰ (ਆਪ) ਦੇਂਦਾ ਹੈਂ ।੪।੩।

ਤੁਖਾਰੀ ਮਹਲਾ ੪ ॥ ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥ ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥ ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥ ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥ ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥ ੧ ॥

ਪਦ ਅਰਥ :–ਨਾਵਣੁ–[ਨਾਵ, ਕਰਤਾ ਕਾਰਕ, ਇਕ ਵਚਨ] ਇਸ਼ਨਾਨ, ਤੀਰਥ-ਇਸ਼ਨਾਨ । ਪੁਰਬੁ–[पर्वन्] ਪਵਿੱਤਰ ਦਿਨ, ਚਾਨਣੇ ਪੱਖ ਦੀ ਪਹਿਲੀ, ਪੂਰਨਮਾਸ਼ੀ ।

ਅਭੀਚੁ–[अभिजित्–ਪੂਰਨ ਜਿੱਤ ਦੇਣ ਵਾਲਾ] ਉਹ ਲਗਨ ਜੋ ਕਿਤੇ ਪੈਂਡੇ ਪੈਣ ਵਾਸਤੇ ਸ਼ੁਭ ਸਮਝਿਆ ਜਾਂਦਾ ਹੈ । ਪੁਰਬੁ ਅਭੀਚੁ–ਉਹ ਪਵਿੱਤਰ ਦਿਨ ਜਦੋਂ ਤੀਰਥ-ਇਸ਼ਨਾਨ ਵੈਰੀਆਂ ਉੱਤੇ ਜਿੱਤ ਦੇਣ ਵਾਲਾ ਮੰਨਿਆ ਜਾਂਦਾ ਹੈ ।

ਗੁਰ ਸਤਿਗੁਰ ਦਰਸੁ–ਗੁਰੂ ਦਾ ਸਤਿਗੁਰੂ ਦਾ ਦਰਸਨ । ਦੁਰਮਤਿ ਮੈਲੁ–ਖੋਟੀ ਮਤਿ ਦੀ ਮੈਲ । ਹਰੀ–[Taken away] ਦੂਰ ਹੋ ਗਈ । ਅਗਿਆਨੁ–ਆਤਮਕ ਜੀਵਨ ਵੱਲੋਂ ਬੇ-ਸਮਝੀ । ਅੰਧੇਰੁ–ਹਨੇਰਾ । ਅੰਤਰਿ–ਅੰਦਰ । ਪ੍ਰਗਾਸੀ–ਪਰਗਟ ਹੋ ਗਈ । ਜੋਤਿ ਪ੍ਰਗਾਸੀ–ਜੋਤਿ ਨੇ ਪਰਕਾਸ਼ ਕੀਤਾ । ਜਨਮ ਮਰਣ ਦੁਖ–ਜਨਮ ਮਰਨ ਦੇ ਦੁੱਖ । ਬਿਨਸੇ–ਨਾਸ ਹੋ ਗਏ । ਅਬਿਨਾਸੀ–ਨਾਸ-ਰਹਿਤ ।

ਆਪਿ ਕਰਤੈ–ਕਰਤਾਰ ਨੇ ਆਪ । ਕੀਆ–ਕੀਤਾ । ਕੁਲਖੇਤਿ–ਕੁਲਖੇਤ ਤੇ । ਨਾਵਣਿ–[ਲਫ਼ਜ਼ 'ਨਾਵਣ' ਤੋਂ ਅਧਿਕਰਣ ਕਾਰਕ, ਇਕ ਵਚਨ] ਨਾਵਣ ਤੇ, ਨਾਵਣ (ਦੇ ਮੌਕੇ) ਤੇ, ਤੀਰਥ-ਇਸ਼ਨਾਨ ਦੇ ਸਮੇ ਤੇ । ੧ ।

ਅਰਥ :–ਹੇ ਭਾਈ ! (ਜਿਸ ਮਨੁੱਖ ਨੂੰ) ਗੁਰੂ ਦਾ ਸਤਿਗੁਰੂ ਦਾ ਦਰਸ਼ਨ ਹੋ

ਗਿਆ, (ਇਹ ਗੁਰ-ਦਰਸ਼ਨ ਉਸ ਮਨੁੱਖ ਵਾਸਤੇ) ਤੀਰਥ-ਇਸ਼ਨਾਨ ਹੈ, (ਉਸ ਮਨੁੱਖ ਵਾਸਤੇ) ਅਭੀਚ (ਨਛੱਤ੍ਰ ਦਾ) ਪਵਿੱਤਰ ਦਿਹਾੜਾ ਹੈ। (ਗੁਰੂ ਦੇ ਦਰਸਨ ਦੀ ਬਰਕਤਿ ਨਾਲ ਉਸ ਮਨੁੱਖ ਦੀ) ਖੋਟੀ ਮਤਿ ਦੀ ਮੈਲ ਕੱਟੀ ਜਾਂਦੀ ਹੈ, (ਉਸ ਮਨੁੱਖ ਦੇ ਅੰਦਰੋਂ) ਆਤਮਕ ਜੀਵਨ ਵਲੋਂ ਬੇਸਮਝੀ ਵਾਲਾ ਹਨੇਰਾ ਦੂਰ ਹੋ ਜਾਂਦਾ ਹੈ।

ਹੇ ਭਾਈ! (ਜਿਸ ਮਨੁੱਖ ਨੇ) ਗੁਰੂ ਦਾ ਦਰਸਨ ਕਰ ਲਿਆ, (ਉਸ ਨੇ ਆਪਣੇ ਅੰਦਰੋਂ) ਅਗਿਆਨ (-ਹਨੇਰਾ) ਦੂਰ ਕਰ ਲਿਆ, ਉਸ ਦੇ ਅੰਦਰ ਪਰਮਾਤਮਾ ਦੀ ਜੋਤਿ ਨੇ ਆਪਣਾ ਪਰਕਾਸ਼ ਕਰ ਦਿੱਤਾ, (ਗੁਰੂ ਦੇ ਦਰਸਨ ਦੀ ਬਰਕਤਿ ਨਾਲ ਉਸ ਮਨੁੱਖ ਨੇ) ਅਬਿਨਾਸ਼ੀ ਪ੍ਰਭੂ (ਦਾ ਮਿਲਾਪ) ਹਾਸਲ ਕਰ ਲਿਆ, ਉਸ ਮਨੁੱਖ ਦੇ ਜਨਮ ਤੋਂ ਮਰਨ ਤਕ ਦੇ ਸਾਰੇ ਦੁੱਖ ਨਾਸ ਹੋ ਗਏ।

ਹੇ ਭਾਈ! ਗੁਰੂ (ਅਮਰਦਾਸ ਅਭੀਚ ਪੁਰਬ ਦੇ) ਤੀਰਥ-ਇਸ਼ਨਾਨ (ਦੇ ਸਮੇ) ਤੇ ਕੁਲਖੇਤ ਤੇ ਗਿਆ, ਹਰੀ ਨੇ ਕਰਤਾਰ ਨੇ ਆਪ (ਗੁਰੂ ਦੇ ਜਾਣ ਦੇ ਇਸ ਉੱਦਮ ਨੂੰ ਉਥੇ ਇਕੱਠੇ ਹੋਏ ਲੋਕਾਂ ਵਾਸਤੇ) ਪਵਿੱਤਰ ਦਿਹਾੜਾ ਬਣਾ ਦਿੱਤਾ। ਹੇ ਭਾਈ! (ਜਿਸ ਮਨੁੱਖ ਨੂੰ) ਗੁਰੂ ਦਾ ਸਤਿਗੁਰੂ ਦਾ ਦਰਸਨ ਹੋ ਗਿਆ, (ਇਹ ਗੁਰ-ਦਰਸਨ ਉਸ ਮਨੁੱਖ ਵਾਸਤੇ) ਤੀਰਥ-ਇਸ਼ਨਾਨ ਹੈ, (ਉਸ ਮਨੁੱਖ ਵਾਸਤੇ) ਅਭੀਚ (ਨਛੱਤ੍ਰ ਦਾ) ਪਵਿੱਤਰ ਦਿਹਾੜਾ ਹੈ।੧।

ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥ ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥ ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥ ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥ ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥ ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥

ਪਦ ਅਰਥ :—ਮਾਰਗਿ—ਮਾਰਗ ਉਤੇ, ਰਸਤੇ ਤੇ। ਪੰਥਿ—ਰਸਤੇ ਤੇ, ਰਾਹ ਤੇ। ਗੁਰ ਸੰਗਿ—ਗੁਰੂ ਦੇ ਨਾਲ। ਸਿਖਾ—ਅਨੇਕਾਂ ਸਿੱਖ। ਅਨਦਿਨੁ—ਹਰ ਰੋਜ਼, ਹਰ ਵੇਲੇ। ਬਣੀ—ਬਣੀ ਰਹਿੰਦੀ ਸੀ। ਖਿਨੁ ਖਿਨੁ—ਹਰੇਕ ਖਿਨ। ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਵਿਖਾ—ਕਦਮ। ਨਿਮਖ ਨਿਮਖ—ਹਰੇਕ ਨਿਮਖ ਵਿਚ। ਵਿਖਾ ਵਿਖਾ—ਹਰੇਕ ਕਦਮ ਤੇ।

ਕੇਰੀ—ਦੀ। ਸਭੁ ਲੋਕੁ—ਸਾਰੀ ਲੁਕਾਈ, ਬਹੁਤ ਲੁਕਾਈ।

ਤੀਰਥ ਉਦਮੁ—ਤੀਰਥਾਂ ਤੇ ਜਾਣ ਦਾ ਉੱਦਮ। ਅਰਥਾ—ਵਾਸਤੇ। ਉਧਰਣ ਅਰਥਾ—ਬਚਾਣ ਵਾਸਤੇ, ਕੁਰਾਹੇ ਪਏ ਰਹਿਣ ਤੋਂ ਬਚਾਣ ਲਈ।੨।

ਅਰਥ :—ਹੇ ਭਾਈ ! ਅਨੇਕਾਂ ਸਿੱਖ ਗੁਰੂ (ਅਮਰਦਾਸ ਜੀ) ਦੇ ਨਾਲ ਉਸ ਲੰਮੇ ਪੈਂਡੇ ਵਿਚ ਗਏ। ਹੇ ਭਾਈ ! ਹਰੇਕ ਖਿਨ, ਨਿਮਖ ਨਿਮਖ, ਕਦਮ ਕਦਮ ਤੇ ਹਰ ਰੋਜ਼ ਪਰਮਾਤਮਾ ਦੀ ਭਗਤੀ (ਦਾ ਅਵਸਰ) ਬਣਿਆ ਰਹਿੰਦਾ ਸੀ।

ਹੇ ਭਾਈ ! (ਉਸ ਸਾਰੇ ਪੈਂਡੇ ਵਿਚ) ਸਦਾ ਪਰਮਾਤਮਾ ਦੀ ਭਗਤੀ ਦਾ ਉੱਦਮ ਬਣਿਆ ਰਹਿੰਦਾ ਸੀ, ਬਹੁਤ ਲੁਕਾਈ (ਗੁਰੂ ਦਾ) ਦਰਸਨ ਕਰਨ ਆਉਂਦੀ ਸੀ। ਜਿਨ੍ਹਾਂ (ਵਡਭਾਗੀ ਮਨੁੱਖਾਂ) ਨੇ ਗੁਰੂ ਦਾ ਦਰਸਨ ਕੀਤਾ, ਪਰਮਾਤਮਾ ਨੇ ਆਪ ਉਹਨਾਂ ਨੂੰ (ਆਪਣੇ ਚਰਨਾਂ ਵਿਚ) ਜੋੜ ਲਿਆ (ਭਾਵ, ਜਿਹੜੇ ਮਨੁੱਖ ਗੁਰੂ ਦਾ ਦਰਸਨ ਕਰਦੇ ਹਨ, ਉਹਨਾਂ ਨੂੰ ਪਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ)।

ਹੇ ਭਾਈ ! (ਤੀਰਥਾਂ ਉਤੇ ਇਕੱਠੀ ਹੋਈ) ਸਾਰੀ ਲੁਕਾਈ ਨੂੰ (ਗ਼ਲਤ ਰਸਤੇ ਤੋਂ) ਬਚਾਣ ਲਈ ਸਤਿਗੁਰੂ ਨੇ ਤੀਰਥਾਂ ਉਤੇ ਜਾਣ ਦਾ ਉੱਦਮ ਕੀਤਾ ਸੀ। ਸਤਿਗੁਰੂ ਦੇ ਨਾਲ ਅਨੇਕਾਂ ਸਿੱਖ ਉਸ ਲੰਮੇ ਪੈਂਡੇ ਵਿਚ ਗਏ (ਸਨ)। ੨।

ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥ ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥ ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥ ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ ਤਿਨ ਕੇ ਕਿਲਵਿਖ ਨਾਸ ਗਵਾਇਆ ॥ ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ ਕਰਿ ਗਏ ਗੋਸਟਿ ਢੋਆ ॥ ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥

ਪਦ ਅਰਥ :—ਪ੍ਰਥਮ—ਪਹਿਲਾਂ। ਕੁਲਖੇਤਿ—ਕੁਲਖੇਤ ਤੇ। ਗੁਰ ਪੁਰਬੁ—ਗੁਰੂ ਦਾ ਪਵਿੱਤਰ ਦਿਹਾੜਾ, ਗੁਰੂ ਦੇ ਕੁਲਖੇਤ ਆਉਣ ਨਾਲ ਸੰਬੰਧ ਰੱਖਣ ਵਾਲਾ ਪਵਿੱਤਰ ਦਿਨ। ਹੋਆ—ਹੋ ਗਿਆ, ਬਣ ਗਿਆ। ਸੰਸਾਰਿ—ਸੰਸਾਰ ਵਿਚ। ਤ੍ਰੈ ਲੋਆ—ਤਿੰਨੇ ਲੋਕ, ਤਿੰਨਾਂ ਲੋਕਾਂ ਦੇ ਜੀਵ, ਬੇਅੰਤ ਲੋਕ।

ਤੀਨਿ ਲੋਕ—(ਧਰਤੀ ਆਕਾਸ਼ ਪਾਤਾਲ) ਤਿੰਨੇ ਲੋਕ, ਬੇਅੰਤ ਲੋਕ। ਸੁਰਿ ਨਰ—ਦੇਵੀ ਸੁਭਾਵ ਵਾਲੇ ਮਨੁੱਖ। ਮੁਨਿ ਜਨ—ਅਨੇਕਾਂ ਰਿਸ਼ੀ-ਸੁਭਾਵ ਬੰਦੇ। ਸਭਿ—ਸਾਰੇ। ਪਰਸਿਆ—(ਦਰਸਨ) ਪਰਸਿਆ, ਦਰਸਨ ਕੀਤਾ। ਕਿਲਵਿਖ—ਪਾਪ।

ਦਿਗੰਬਰ—[ਦਿਗ—ਦਿਸ਼ਾ। ਅੰਬਰ—ਬਸਤ੍ਰ, ਕੱਪੜੇ। ਚਾਰੇ ਹੀ ਦਿਸ਼ਾ ਜਿੰਨ੍ਹਾਂ ਦੇ ਪਹਿਨਣ ਵਾਲੇ ਕੱਪੜੇ ਹਨ] ਨਾਂਗੇ। ਖਟੁ—ਛੇ। ਦਰਸਨ—ਭੇਖ। ਖਟੁ ਦਰਸਨੁ—ਛੇ ਭੇਖ, (ਜੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਵੈਰਾਗੀ) ਛਿਆਂ ਭੇਖਾਂ ਦੇ ਸਾਧੂ। ਗੋਸਟਿ—ਚਰਚਾ, ਵਿਚਾਰ। ਢੋਆ—ਭੇਟਾ। ੩।

ਅਰਥ :—ਹੇ ਭਾਈ ! ਗੁਰੂ (ਅਮਰਦਾਸ) ਜੀ ਪਹਿਲਾਂ ਕੁਲਖੇਤ (ਕੁਰੂਖੇਤ੍ਰ) ਤੇ

ਪਹੁੰਚੇ। (ਉਥੋਂ ਦੇ ਲੋਕਾਂ ਵਾਸਤੇ ਉਹ ਦਿਨ) ਗੁਰੂ ਸਤਿਗੁਰੂ ਨਾਲ ਸੰਬੰਧ ਰੱਖਣ ਵਾਲਾ ਪਵਿੱਤਰ ਦਿਨ ਬਣ ਗਿਆ। ਸੰਸਾਰ ਵਿਚ (ਭਾਵ, ਦੂਰ ਦੂਰ ਤਕ) (ਸਤਿਗੁਰੂ ਜੀ ਦੇ ਕੁਲਖੇਤ ਆਉਣ ਦੀ) ਖ਼ਬਰ ਹੋ ਗਈ, ਬੇਅੰਤ ਲੋਕ (ਦਰਸਨ ਕਰਨ ਲਈ) ਆ ਗਏ।

ਹੇ ਭਾਈ! (ਗੁਰੂ ਅਮਰਦਾਸ ਜੀ ਦਾ) ਦਰਸਨ ਕਰਨ ਲਈ ਬਹੁਤ ਲੋਕ ਆ ਪਹੁੰਚੇ। ਦੈਵੀ ਸੁਭਾਵ ਵਾਲੇ ਮਨੁੱਖ, ਰਿਸ਼ੀ ਸੁਭਾਵ ਵਾਲੇ ਮਨੁੱਖ ਬਹੁਤ ਆ ਇਕੱਠੇ ਹੋਏ। ਹੇ ਭਾਈ! ਜਿਨ੍ਹਾਂ (ਵਡਭਾਗੀ ਮਨੁੱਖਾਂ) ਨੇ ਪੂਰੇ ਗੁਰੂ ਸਤਿਗੁਰੂ ਦਾ ਦਰਸਨ ਕੀਤਾ, ਉਹਨਾਂ ਦੇ (ਪਿਛਲੇ ਸਾਰੇ) ਪਾਪ ਨਾਸ ਹੋ ਗਏ।

ਹੇ ਭਾਈ! ਜੋਗੀ, ਨਾਂਗੇ, ਸੰਨਿਆਸੀ (ਸਾਰੇ ਹੀ) ਛੇ ਭੇਖਾਂ ਦੇ ਸਾਧੂ (ਦਰਸਨ ਕਰਨ ਆਏ)। ਕਈ ਕਿਸਮ ਦੀ ਪਰਸਪਰ ਸ਼ੁਭ ਵਿਚਾਰ (ਉਹ ਸਾਧੂ ਲੋਕ ਆਪਣੇ ਵੱਲੋਂ ਗੁਰੂ ਦੇ ਦਰ ਤੇ) ਭੇਟਾ ਪੇਸ਼ ਕਰ ਕੇ ਗਏ। ਹੇ ਭਾਈ! ਗੁਰੂ (ਅਮਰਦਾਸ) ਜੀ ਪਹਿਲਾਂ ਕੁਲਖੇਤ (ਕੁਰੂਖੇਤ੍ਰ) ਤੇ ਪਹੁੰਚੇ। (ਉਥੋਂ ਦੇ ਲੋਕਾਂ ਵਾਸਤੇ ਉਹ ਦਿਨ) ਗੁਰੂ ਸਤਿਗੁਰੂ ਨਾਲ ਸੰਬੰਧ ਰੱਖਣ ਵਾਲਾ ਪਵਿੱਤਰ ਦਿਨ ਬਣ ਗਿਆ। ੩।

ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥ ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥ ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥ ਸਭ ਗੁਰੂ ਗੁਰੂ ਜਗਤੁ ਬੋਲੈ ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥ ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥ ੪ ॥

ਪਦ ਅਰਥ :–ਦੁਤੀਆ–ਦੂਜੇ ਥਾਂ, ਫਿਰ। ਜਮੁਨ–ਜਮੁਨਾ (ਨਦੀ) ਤੇ। ਗੁਰਿ–ਗੁਰੂ (ਅਮਰਦਾਸ ਜੀ) ਨੇ। ਜਾਗਾਤੀ–ਮਸੂਲੀਏ, ਸਰਕਾਰੀ ਮਸੂਲ ਉਗਰਾਹੁਣ ਵਾਲੇ। ਦੇ–ਦੇ ਕੇ। ਗੁਰ ਪਿਛੈ–ਗੁਰੂ ਦੇ ਅਨੁਸਾਰ ਤੁਰਨ ਵਾਲਿਆਂ ਨੂੰ।

ਸਭ–ਸਾਰੀ ਲੁਕਾਈ। ਛੁਟੀ–(ਮਸੂਲ ਦੇਣ ਤੋਂ) ਬਚ ਗਈ। ਜਿਨਿ–ਜਿਸ (ਜਿਸ) ਨੇ। ਗੁਰ ਬਚਨਿ–ਗੁਰੂ ਦੇ ਹੁਕਮ ਉਤੇ। ਗੁਰ ਮਾਰਗਿ–ਗੁਰੂ ਦੇ ਦੱਸੇ ਰਸਤੇ ਉਤੇ। ਗੁਰ ਪੰਥਿ–ਗੁਰੂ ਦੇ ਰਾਹ ਉਤੇ। ਜੋ ਚਾਲੇ–ਜਿਹੜੇ (ਮਨੁੱਖ) ਤੁਰੇ। ਤਿਨ ਨੇੜਿ–ਉਹਨਾਂ ਦੇ ਨੇੜੇ। ਜਮੁ ਜਾਗਾਤੀ–ਮਸੂਲੀਆ ਜਮਰਾਜ।

ਸਭ ਜਗਤੁ–ਸਾਰੀ ਦੁਨੀਆ, ਸਾਰੀ ਲੁਕਾਈ। ਨਾਇ ਲਇਐ–ਜੇ ਨਾਮ ਲਿਆ ਜਾਏ। ਸਭਿ–ਸਾਰੇ ਜੀਵ। ਛੁਟਕਿ ਗਇਆ–(ਜਮ ਜਾਗਾਤੀ ਦੀ ਧੌਂਸ ਤੋਂ) ਬਚ ਗਏ। ੪।

ਅਰਥ :-ਹੇ ਭਾਈ ! ਫਿਰ (ਗੁਰੂ ਅਮਰਦਾਸ ਜੀ) ਜਮੁਨਾ ਨਦੀ ਤੇ ਪਹੁੰਚੇ। ਸਤਿਗੁਰੂ ਜੀ ਨੇ (ਉਥੇ ਭੀ) ਪਰਮਾਤਮਾ ਦਾ ਨਾਮ ਹੀ ਜਪਿਆ-ਜਪਾਇਆ। (ਜਾਤ੍ਰੀਆਂ ਪਾਸੋਂ) ਸਰਕਾਰੀ ਮਸੂਲ ਉਗਰਾਹੁਣ ਵਾਲੇ ਭੀ ਭੇਟਾ ਰੱਖ ਕੇ (ਸਤਿਗੁਰੂ ਜੀ ਨੂੰ) ਮਿਲੇ। ਆਪਣੇ ਆਪ ਨੂੰ ਗੁਰੂ ਦਾ ਸਿੱਖ ਆਖਣ ਵਾਲੇ ਸਭਨਾਂ ਨੂੰ (ਉਹਨਾਂ ਮਸੂਲੀਆਂ ਨੇ ਬਿਨਾ ਮਸੂਲ ਲਏ) ਪਾਰ ਲੰਘਾ ਦਿੱਤਾ।

ਗੁਰੂ ਦੇ ਪਿੱਛੇ ਤੁਰਨ ਵਾਲੀ ਸਾਰੀ ਲੁਕਾਈ ਮਸੂਲ ਭਰਨ ਤੋਂ ਬਚ ਗਈ। (ਇਸੇ ਤਰ੍ਹਾਂ) ਹੇ ਭਾਈ ! ਜਿਸ ਜਿਸ ਨੇ ਪਰਮਾਤਮਾ ਦਾ ਨਾਮ ਸਿਮਰਿਆ, ਜਿਹੜੇ ਮਨੁੱਖ ਗੁਰੂ ਦੇ ਬਚਨ ਉੱਤੇ ਤੁਰਦੇ ਹਨ, ਗੁਰੂ ਦੇ ਦੱਸੇ ਰਸਤੇ ਉਤੇ ਤੁਰਦੇ ਹਨ, ਜਮਰਾਜ ਮਸੂਲੀਆ ਉਹਨਾਂ ਦੇ ਨੇੜੇ ਨਹੀਂ ਆਉਂਦਾ।

ਹੇ ਭਾਈ ! (ਜਿਹੜੀ) ਲੁਕਾਈ ਗੁਰੂ ਦਾ ਆਸਰਾ ਲੈਂਦੀ ਹੈ,(ਜਮਰਾਜ ਮਸੂਲੀਆ ਉਸ ਦੇ ਨੇੜੇ ਨਹੀਂ ਆਉਂਦਾ)। ਹੇ ਭਾਈ ! ਜੇ ਗੁਰੂ ਦਾ ਨਾਮ ਲਿਆ ਜਾਏ (ਜੇ ਗੁਰੂ ਦੀ ਸਰਨ ਪੈ ਕੇ ਹਰਿ-ਨਾਮ ਜਪਿਆ ਜਾਏ) ਤਾਂ (ਨਾਮ ਲੈਣ ਵਾਲੇ) ਸਾਰੇ(ਜਮ ਜਾਗਾਤੀ ਦੀ ਧੌਂਸ ਤੋਂ) ਬਚ ਜਾਂਦੇ ਹਨ।

ਹੇ ਭਾਈ ! ਫਿਰ (ਗੁਰੂ ਅਮਰਦਾਸ ਜੀ) ਜਮੁਨਾ ਨਦੀ ਤੇ ਪਹੁੰਚੇ। ਸਤਿਗੁਰੂ ਜੀ ਨੇ (ਉਥੇ ਭੀ) ਪਰਮਾਤਮਾ ਦਾ ਨਾਮ ਹੀ ਜਪਿਆ-ਜਪਾਇਆ। ੪।

ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ ਸਭ ਮੋਹੀ ਦੇਖਿ ਦਰਸਨੁ ਗੁਰ ਸੰਤ, ਕਿਨੈ ਆਢੁ ਨ ਦਾਮੁ ਲਇਆ ॥ ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥ ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ ਸਭ ਭਾਗਿ ਸਤਿਗੁਰ ਪਿਛੈ ਪਈ ॥ ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ ਭੰਨਿ ਬੋਲਕਾ ਸਭਿ ਉਠਿ ਗਇਆ ॥ ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥ ੫ ॥

ਪਦ ਅਰਥ :-ਤ੍ਰਿਤੀਆ-(ਦੋ ਥਾਵਾਂ ਤੇ ਹੋ ਕੇ) ਤੀਜੇ ਥਾਂ। ਸੁਰਸਰੀ-ਗੰਗਾ। ਤਹ-ਉਥੇ (ਗੰਗਾ ਤੇ)। ਕਉਤਕੁ-ਤਮਾਸ਼ਾ। ਚਲਤੁ-ਅਜਬ ਖੇਡ। ਸਭ-ਸਾਰੀ ਲੁਕਾਈ। ਮੋਹੀ-ਮਸਤ ਹੋ ਗ੍ਹਈ। ਦੇਖਿ-ਵੇਖ ਕੇ। ਦਰਸਨੁ ਗੁਰ ਸੰਤ-ਗੁਰੂ-ਸੰਤ ਦਾ ਦਰਸਨ। ਕਿਨੈ-ਕਿਸੇ (ਭੀ ਮਸੂਲੀਏ) ਨੇ। ਆਢੁ ਦਾਮੁ-ਅੱਧੀ ਕੌਡੀ।

ਬੋਲਕ-(ਮਸੂਲੀਆਂ ਦੀਆਂ) ਗੋਲਕਾਂ ਵਿਚ। ਮੁੰਦਣਿ-(ਦੰਦਣ ਵਾਂਗ) ਮੂੰਹ ਬੰਦ ਹੋ ਜਾਣਾ। ਮੋਹਣ ਮੁੰਦਣਿ-ਇਉਂ ਮੋਹੇ ਗਏ ਕਿ ਮੂੰਹੋਂ ਬੋਲਣ ਜੋਗੇ ਨਾਹ ਰਹੇ। ਹਮ

ਕਿਆ ਕਰਹ—ਅਸੀ ਕੀਹ ਕਰੀਏ ? ਮਾਂਗਹ—ਅਸੀ ਮੰਗੀਏ। ਸਭ—ਸਾਰੀ ਲੁਕਾਈ। ਭਾਗਿ—ਭੱਜ ਕੇ। ਸਤਿਗੁਰ ਪਿਛੈ ਪਈ—ਗੁਰੂ ਦੀ ਸਰਨ ਜਾ ਪਈ ਹੈ।

ਕਰਿ ਵੀਚਾਰੁ—ਵਿਚਾਰ ਕਰ ਕੇ। ਉਪਾਵ—[ਲਫ਼ਜ਼ 'ਉਪਾਉ' ਤੋਂ ਬਹੁ ਵਚਨ] ਕਈ ਇਲਾਜ, ਕਈ ਹੀਲੇ (ਸੋਚੇ)। ਸਭਿ—ਸਾਰੇ (ਜਾਗਾਤੀ)। ਉਠਿ—ਉੱਠ ਕੇ।੫।

ਅਰਥ :—ਹੇ ਭਾਈ ! (ਦੋ ਤੀਰਥਾਂ ਤੇ ਹੋ ਕੇ ਸਤਿਗੁਰੂ ਅਮਰਦਾਸ ਜੀ) ਤੀਜੇ ਥਾਂ ਗੰਗਾ ਪਹੁੰਚੇ। ਉਥੇ ਇਕ ਅਜਬ ਤਮਾਸ਼ਾ ਹੋਇਆ। ਸੰਤ-ਗੁਰੂ (ਅਮਰਦਾਸ ਜੀ) ਦਾ ਦਰਸਨ ਕਰ ਕੇ ਸਾਰੀ ਲੁਕਾਈ ਮਸਤ ਹੋ ਗਈ। ਕਿਸੇ (ਭੀ ਮਸੂਲੀਏ) ਨੇ (ਕਿਸੇ ਭੀ ਜਾਤ੍ਰੂ ਪਾਸੋਂ) ਅੱਧੀ ਕੌਡੀ (ਮਸੂਲ ਭੀ) ਵਸੂਲ ਨਾਹ ਕੀਤਾਂ।

ਹੇ ਭਾਈ ! (ਮਸੂਲੀਆਂ ਦੀਆਂ) ਗੋਲਕਾਂ ਵਿਚ ਅੱਧੀ ਕੌਡੀ ਭੀ ਮਸੂਲ ਨਾਹ ਪਿਆ। ਮਸੂਲੀਏ ਇਉਂ ਹੈਰਾਨ ਜਿਹੇ ਹੋ ਗਏ ਕਿ ਬੋਲਣ ਜੋਗੇ ਨਾਹ ਰਹੇ, (ਆਖਣ ਲੱਗੇ)—ਹੇ ਭਾਈ ! ਅਸੀ (ਹੁਣ) ਕੀਹ ਕਰੀਏ ? ਅਸੀ ਕਿਸ ਪਾਸੋਂ (ਮਸੂਲ) ਮੰਗੀਏ ? ਇਹ ਸਾਰੀ ਹੀ ਲੁਕਾਈ ਭੱਜ ਕੇ ਗੁਰੂ ਦੀ ਸਰਨ ਜਾ ਪਈ ਹੈ (ਤੇ, ਜਿਹੜੇ ਆਪਣੇ ਆਪ ਨੂੰ ਗੁਰੂ ਦਾ ਸਿੱਖ ਦੱਸ ਰਹੇ ਹਨ, ਉਹਨਾਂ ਪਾਸੋਂ ਅਸੀ ਮਸੂਲ ਲੈ ਨਹੀਂ ਸਕਦੇ)।

ਹੇ ਭਾਈ ! ਮਸੂਲੀਆਂ ਨੇ ਕਈ ਹੀਲੇ ਸੋਚੇ, ਕਈ ਸੋਚਾਂ ਸੋਚੀਆਂ, (ਆਖ਼ਿਰ ਉਹਨਾਂ ਨੇ) ਵਿਚਾਰ ਕਰ ਕੇ ਵੇਖ ਲਿਆ (ਕਿ ਮਸੂਲ ਉਗਰਾਹੁਣ ਵਿਚ ਸਾਡੀ ਪੇਸ਼ ਨਹੀਂ ਜਾ ਸਕਦੀ), ਆਪਣੀਆਂ ਗੋਲਕਾਂ ਬੰਦ ਕਰ ਕੇ ਉਹ ਸਾਰੇ ਉੱਠ ਕੇ ਚਲੇ ਗਏ।

ਹੇ ਭਾਈ ! (ਦੋ ਤੀਰਥਾਂ ਤੇ ਹੋ ਕੇ ਸਤਿਗੁਰੂ ਅਮਰਦਾਸ ਜੀ) ਤੀਜੇ ਥਾਂ ਗੰਗਾ ਪਹੁੰਚੇ। ਉਥੇ ਇਕ ਅਜਬ ਤਮਾਸ਼ਾ ਹੋਇਆ।੫।

ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥ ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥ ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ ਸੁਕਿ ਪ੍ਰਹਿਲਾਦਿ ਸ੍ਰੀ ਰਾਮਿ ਕਰਿ ਗੁਰ ਗੋਵਿਦੁ ਧਿਆਇਆ ॥ ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ ਤਿਨ ਕਾ ਥਾਉ ਥੇਹੁ ਗਵਾਇਆ ॥ ਕੀਰਤਨ ਪੁਰਾਣ ਨਿਤ ਪੁੰਨ ਹੋਵਹਿ ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥ ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥ ੬ ॥ ੪ ॥ ੧੦ ॥

ਪਦ ਅਰਥ :–ਮਿਲਿ–ਮਿਲ ਕੇ । ਮਹਾ ਜਨਾ–ਮਹਾ ਜਨਾਂ, ਵੱਡੇ ਬੰਦੇ, ਤੁਰਨੇ-ਸਿਰ ਬੰਦੇ । ਨਗਰ ਮਹਾ ਜਨਾ–ਨਗਰ ਦੇ ਤੁਰਨੇ-ਸਿਰ ਮਨੁੱਖ । ਓਟ–ਸਰਨ । ਗਹੀ–ਫੜੀ । ਪੁਛਿ–(ਗੁਰੂ ਨੂੰ) ਪੁੱਛ ਕੇ । ਸਹੀ ਕੀਤਾ–ਨਿਰਨਾ ਕੱਢਿਆ । ਗੁਰੁ ਸਤਿਗੁਰੁ ਗੁਰੁ ਗੋਵਿੰਦੁ ਸਿਮ੍ਰਿਤਿ–ਗੁਰੂ ਸਤਿਗੁਰੂ ਨੂੰ ਗੁਰੂ ਗੋਵਿੰਦ ਨੂੰ (ਹਿਰਦੇ ਵਿਚ ਵਸਾਣਾ ਹੀ)ਅਸਲ ਸਿਮ੍ਰਿਤੀ ਹੈ ।

ਸਭਨੀ–ਸਭਨੀਂ, ਸਾਰੇ ਤੁਰਨੇ-ਸਿਰ ਮਨੁੱਖਾਂ ਨੇ । ਸੁਕਿ–ਸੁਕਦੇਵ ਨੇ । ਪ੍ਰਹਿਲਾਦਿ –ਪ੍ਰਹਿਲਾਦ ਨੇ । ਸ੍ਰੀ ਰਾਮਿ–ਸ੍ਰੀ ਰਾਮ (ਚੰਦਰ) ਨੇ । ਕਰਿ–ਕਰ ਕੇ, ਆਖ ਆਖ ਕੇ । ਕਰਿ ਗੁਰ ਗੋਵਿਦੁ–'ਗੁਰ ਗੋਵਿੰਦ' ਉਚਾਰ ਉਚਾਰ ਕੇ । ਦੇਹੀ–ਸਰੀਰ । ਦੇਹੀ ਨਗਰਿ–ਸਰੀਰ-ਨਗਰ ਵਿਚ । ਦੇਹੀ ਕੋਟਿ–ਸਰੀਰ-ਕਿਲ੍ਹੇ ਵਿਚ । ਵਟਵਾਰੇ–ਰਾਹ-ਮਾਰ, ਡਾਕੂ । ਥਾਉ ਥੇਹੁ–ਸਾਰਾ ਹੀ ਨਿਸ਼ਾਨ ।

ਕੀਰਤਨ ਨਿਤ ਹੋਵਹਿ–ਨਿੱਤ ਕੀਰਤਨ ਹੋ ਰਹੇ ਹਨ, ਹਰ ਵੇਲੇ ਕੀਰਤਨ ਹੋਣ ਲੱਗ ਪਏ । ਗੁਰ ਬਚਨਿ–ਗੁਰੂ ਦੇ ਉਪਦੇਸ਼ ਦੀ ਰਾਹੀਂ । ਨਾਨਕਿ–(ਗੁਰੂ) ਨਾਨਕ ਦੀ ਰਾਹੀਂ । ਲਹੀ–ਲੱਭ ਲਈ । ੬ ।

ਅਰਥ :–ਹੇ ਭਾਈ ! ਨਗਰ ਦੇ ਤੁਰਨੇ-ਸਿਰ ਮਨੁੱਖ ਮਿਲ ਕੇ (ਗੁਰੂ ਅਮਰਦਾਸ ਜੀ ਦੇ ਕੋਲ) ਆਏ । (ਉਹਨਾਂ) ਗੁਰੂ ਦੀ ਓਟ ਲਈ, ਸਤਿਗੁਰੂ ਦਾ ਪੱਲਾ ਫੜਿਆ । (ਗੁਰੂ ਪਾਸੋਂ) ਪੁੱਛ ਕੇ ਉਹਨਾਂ ਪੰਚਾਂ ਨੇ ਇਹ ਨਿਰਨਾ ਕਰ ਲਿਆ ਕਿ 'ਗੁਰੂ ਸਤਿਗੁਰੂ' 'ਗੁਰੁ ਗੋਵਿੰਦ' ਨੂੰ (ਹਿਰਦੇ ਵਿਚ ਵਸਾਣਾ ਹੀ ਅਸਲ) ਸਿਮ੍ਰਿਤੀ ਹੈ ।

ਹੇ ਭਾਈ ! ਉਹਨਾਂ ਸਾਰੇ ਮਹਾ ਜਨਾਂ ਨੇ (ਗੁਰੂ ਪਾਸੋਂ ਪੁੱਛ ਕੇ) ਇਹ ਨਿਰਨਾ ਕਰ ਲਿਆ (ਕਿ ਜਿਵੇਂ) ਸੁਕਦੇਵ ਨੇ ਪ੍ਰਹਿਲਾਦ ਨੇ ਸ੍ਰੀ ਰਾਮ ਚੰਦਰ ਨੇ 'ਗੋਵਿੰਦ, ਗੋਵਿੰਦ' ਆਖ ਆਖ ਕੇ 'ਗੁਰ ਗੋਵਿੰਦ' ਦਾ ਨਾਮ ਸਿਮਰਿਆ ਸੀ (ਤਿਵੇਂ ਗੁਰ ਗੋਵਿੰਦ ਨੂੰ ਸਿਮਰਨਾ ਹੀ ਅਸਲ) ਸਿਮ੍ਰਿਤੀਆਂ ਤੇ ਸ਼ਾਸਤਰ ਹਨ । (ਉਹਨਾਂ ਸੁਕ ਪ੍ਰਹਿਲਾਦ ਸ੍ਰੀ ਰਾਮ ਨੇ) ਸਰੀਰ-ਨਗਰ ਵਿਚ ਵੱਸਣ ਵਾਲੇ ਸਰੀਰ-ਕਿਲ੍ਹੇ ਵਿਚ ਵੱਸਣ ਵਾਲੇ (ਕਾਮਾਦਿਕ) ਪੰਜ ਚੋਰਾਂ ਨੂੰ ਪੰਜ ਡਾਕੂਆਂ ਨੂੰ (ਮਾਰ ਕੇ) ਉਹਨਾਂ ਦਾ (ਆਪਣੇ ਅੰਦਰੋਂ) ਨਿਸ਼ਾਨ ਹੀ ਮਿਟਾ ਦਿੱਤਾ ਸੀ ।

ਹੇ ਭਾਈ ! (ਨਗਰ ਦੇ ਪੰਚਾਂ ਨੇ ਗੁਰੂ) ਨਾਨਕ ਦੀ ਰਾਹੀਂ ਗੁਰੂ ਦੇ ਉਪਦੇਸ਼ ਦੀ ਰਾਹੀਂ ਪਰਮਾਤਮਾ ਦੀ ਭਗਤੀ ਕਰਨ ਦੀ ਦਾਤਿ ਹਾਸਲ ਕਰ ਲਈ । (ਨਗਰ ਵਿਚ) ਸਦਾ ਕੀਰਤਨ ਹੋਣ ਲੱਗ ਪਏ–(ਇਹੀ ਉਹਨਾਂ ਮਹਾ ਜਨਾਂ ਵਾਸਤੇ) ਪੁਰਾਣਾਂ ਦੇ ਪਾਠ ਅਤੇ ਪੁੰਨ-ਦਾਨ (ਹੋ ਗਏ) ।

ਹੇ ਭਾਈ ! ਨਗਰ ਦੇ ਤੁਰਨੇ-ਸਿਰ ਮਨੁੱਖ ਮਿਲ ਕੇ (ਗੁਰੂ ਅਮਰਦਾਸ ਜੀ ਦੇ

ਕੋਲ) ਆਏ। (ਉਹਨਾਂ) ਗੁਰੂ ਦੀ ਓਟ ਲਈ, (ਉਹਨਾਂ) ਸਤਿਗੁਰੂ ਦਾ ਪੱਲਾ ਫੜਿਆ ।੬।੪।੧੦।

ਛੰਤ ਮਹਲਾ ੧—੬

ਛੰਤ ਮਹਲਾ ੪—੪

———

ਜੋੜ—੧੦

ਤੁਖਾਰੀ ਛੰਤ ਮਹਲਾ ੫

੧ ੴ ਸਤਿਗੁਰ ਪ੍ਰਸਾਦਿ ॥ ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ। ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ ॥ ਇਹੁ ਮਨੁ ਭੀਨਾ ਜਿਉ ਜਲ ਮੀਨਾ ਲਾਗਾ ਰੰਗੁ ਮੁਰਾਰਾ ॥ ਕੀਮਤਿ ਕਹੀ ਨ ਜਾਈ ਠਾਕੁਰ ਤੇਰਾ ਮਹਲੁ ਅਪਾਰਾ ॥ ਸਗਲ ਗੁਣਾ ਕੇ ਦਾਤੇ ਸੁਆਮੀ ਬਿਨਉ ਸੁਨਹੁ ਇਕ ਦੀਨਾ ॥ ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ ਬਲਿ ਬਲਿ ਕੀਨਾ ॥੧॥

ਪਦ ਅਰਥ :—ਘੋਲਿ—ਘੋਲੀ, ਮੈਂ ਸਦਕੇ। ਘੁਮਾਈ—ਮੈਂ ਵਾਰਨੇ। ਲਾਲਨਾ—ਹੇ ਲਾਲਨ! ਹੇ ਸੋਹਣੇ ਲਾਲ! ਗੁਰਿ—ਗੁਰੂ ਦੀ ਰਾਹੀਂ। ਸੁਣਿ—ਸੁਣ ਕੇ। ਭੀਨਾ—(ਨਾਮ-ਰਸ ਵਿਚ) ਭਿੱਜ ਗਿਆ ਹੈ।

ਜਲ ਮੀਨਾ—ਪਾਣੀ ਦੀ ਮੱਛੀ (ਪਾਣੀ ਤੋਂ ਬਿਨਾ ਜੀਊ ਨਹੀਂ ਸਕਦੀ)। ਰੰਗੁ—ਪ੍ਰੇਮ। ਮੁਰਾਰਾ—ਹੇ ਮੁਰਾਰੀ! [ਮੁਰ-ਅਰਿ—ਮੁਰ ਦੈਂਤ ਦਾ ਵੈਰੀ] ਹੇ ਪਰਮਾਤਮਾ! ਠਾਕੁਰ—ਹੇ ਠਾਕੁਰ! ਹੇ ਮਾਲਕ! ਅਪਾਰਾ—ਅ-ਪਾਰ, ਬੇਅੰਤ।

ਦਾਤੇ—ਹੇ ਦੇਣ ਵਾਲੇ! ਸੁਆਮੀ—ਹੇ ਮਾਲਕ! ਬਿਨਉ—[ਵਿਨਯ] ਬੇਨਤੀ। ਬਿਨਉ ਦੀਨਾ—ਦੀਨ ਦੀ ਬੇਨਤੀ। ਬਲਿਹਾਰੀ—ਕੁਰਬਾਨ। ਜੀਅੜਾ—ਨਿੱਕੀ ਜਿਹੀ ਜਿੰਦ। ਬਲਿ ਬਲਿ—ਕੁਰਬਾਨ।੧।

ਅਰਥ :—ਹੇ ਸੋਹਣੇ ਲਾਲ! ਗੁਰੂ ਦੀ ਰਾਹੀਂ (ਗੁਰੂ ਦੀ ਸਰਨ ਪੈ ਕੇ) ਮੈਂ (ਆਪਣਾ ਇਹ) ਮਨ (ਤੈਨੂੰ) ਦੇ ਦਿੱਤਾ ਹੈ, ਮੈਂ ਤੈਥੋਂ ਸਦਕੇ ਜਾਂਦਾ ਹਾਂ ਕੁਰਬਾਨ ਜਾਂਦਾ ਹਾਂ। ਹੇ ਲਾਲ! ਤੇਰੀ ਸਿਫ਼ਤਿ ਸਾਲਾਹ ਦੀ ਬਾਣੀ ਸੁਣ ਕੇ ਮੇਰਾ ਮਨ (ਤੇਰੇ ਨਾਮ-ਰਸ ਨਾਲ) ਭਿੱਜ ਗਿਆ ਹੈ।

ਹੇ ਮੁਰਾਰੀ! (ਮੇਰਾ ਇਹ) ਮਨ (ਤੇਰੇ ਨਾਮ-ਰਸ ਨਾਲ ਇਉਂ) ਭਿੱਜ ਗਿਆ ਹੈ (ਮੇਰੇ ਅੰਦਰ ਤੇਰਾ ਇਤਨਾ) ਪਿਆਰ ਬਣ ਗਿਆ ਹੈ (ਕਿ ਇਸ ਨਾਮ-ਜਲ ਤੋਂ ਬਿਨਾ

ਇਹ ਮਨ ਜੀਊ ਹੀ ਨਹੀਂ ਸਕਦਾ) ਜਿਵੇਂ ਪਾਣੀ ਦੀ ਮੱਛੀ (ਪਾਣੀ ਤੋਂ ਬਿਨਾ ਰਹਿ ਨਹੀਂ ਸਕਦੀ)। ਹੇ ਮੇਰੇ ਮਾਲਕ ! ਤੇਰਾ ਮੁੱਲ ਪਾਇਆ ਨਹੀਂ ਜਾ ਸਕਦਾ (ਤੂੰ ਕਿਸੇ ਦੁਨੀਆਵੀ ਪਦਾਰਥ ਦੇ ਇਵਜ਼ ਮਿਲ ਨਹੀਂ ਸਕਦਾ), ਤੇਰੇ ਟਿਕਾਣੇ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ।

ਹੇ ਸਾਰੇ ਗੁਣ ਦੇਣ ਵਾਲੇ ਮਾਲਕ ! ਮੇਰੀ ਗਰੀਬ ਦੀ ਇਕ ਬੇਨਤੀ ਸੁਣ-(ਮੈਨੂੰ) ਨਾਨਕ ਨੂੰ ਆਪਣਾ ਦਰਸਨ ਬਖ਼ਸ਼, ਮੈਂ ਤੈਥੋਂ ਸਦਕੇ ਹਾਂ, ਮੈਂ ਆਪਣੀ ਇਹ ਨਿਮਾਣੀ ਜਿਹੀ ਜਿੰਦ ਤੈਥੋਂ ਵਾਰਨੇ ਕਰਦਾ ਹਾਂ। ੧।

ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ॥ ਖੰਨੀਐ ਵੰਞਾ ਦਰਸਨ ਤੇਰੇ॥ ਦਰਸਨ ਤੇਰੇ ਸੁਣਿ ਪ੍ਰਭ ਮੇਰੇ ਨਿਮਖ ਦ੍ਰਿਸਟਿ ਪੇਖਿ ਜੀਵਾ॥ ਅੰਮ੍ਰਿਤ ਨਾਮੁ ਸੁਨੀਜੈ ਤੇਰਾ ਕਿਰਪਾ ਕਰਹਿ ਤ ਪੀਵਾ ॥ ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ॥ ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥ ੨ ॥

ਪਦ ਅਰਥ :-ਸਭਿ ਗੁਣ-ਸਾਰੇ ਗੁਣ। ਵੰਞਾ-ਵੰਞਾਂ, ਮੈਂ (ਸਦਕੇ) ਜਾਂਦਾ ਹਾਂ। ਖੰਨੀਐ ਵੰਞਾ-ਮੈਂ ਟੋਟੇ ਟੋਟੇ ਹੁੰਦਾ ਹਾਂ। ਪ੍ਰਭ ਮੇਰੇ-ਹੇ ਮੇਰੇ ਪ੍ਰਭੂ ! ਨਿਮਖ-[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਦ੍ਰਿਸਟਿ-ਨਿਗਾਹ, ਨਜ਼ਰ। ਪੇਖਿ-ਵੇਖ ਕੇ। ਜੀਵਾ-ਜੀਵਾਂ, ਮੈਂ ਜੀਊਂਦਾ ਹਾਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਅੰਮ੍ਰਿਤ-ਆਤਮਕ ਜੀਵਨ ਦੇਣ ਵਾਲਾ। ਸੁਨੀਜੈ-ਸੁਣਿਆ ਜਾਂਦਾ ਹੈ। ਕਰਹਿ-ਜੇ ਤੂੰ ਕਰੇਂ। ਤ-ਤਾਂ। ਪੀਵਾ-ਪੀਵਾਂ, ਮੈਂ ਪੀ ਸਕਦਾ ਹਾਂ।

ਪਿਆਸੀ-ਤਿਹਾਈ। ਆਸ ਪਿਆਸੀ-(ਪ੍ਰਭੂ-ਪਤੀ ਦੇ ਦਰਸਨ ਦੀ) ਆਸ ਨਾਲ ਤਿਹਾਈ। ਕੈ ਤਾਈ-ਕੈ ਤਾਈਂ, ਦੀ ਖ਼ਾਤਰ। ਪਿਰ ਕੈ ਤਾਈ-ਪ੍ਰਭੂ-ਪਤੀ (ਦੇ ਦਰਸਨ) ਦੀ ਖ਼ਾਤਰ। ਚਾਤ੍ਰਿਕੁ-ਪਪੀਹਾ। ਬੂੰਦੇਰੇ-(ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ) ਬੂੰਦ ਵਾਸਤੇ। ੨।

ਅਰਥ :-ਹੇ ਮੇਰੇ ਪ੍ਰਭੂ ! (ਮੇਰਾ) ਇਹ ਸਰੀਰ ਤੇਰਾ (ਦਿੱਤਾ ਹੋਇਆ ਹੈ), (ਮੇਰਾ) ਇਹ ਮਨ ਤੇਰਾ (ਬਖ਼ਸ਼ਿਆ ਹੋਇਆ ਹੈ), ਸਾਰੇ ਗੁਣ ਭੀ ਤੇਰੇ ਹੀ ਬਖ਼ਸ਼ੇ ਮਿਲਦੇ ਹਨ। ਮੈਂ ਤੇਰੇ ਦਰਸਨ ਤੋਂ ਕੁਰਬਾਨ ਜਾਂਦਾ ਹਾਂ।

ਹੇ ਮੇਰੇ ਪ੍ਰਭੂ ! (ਮੈਂ) ਤੇਰੇ ਦਰਸਨ (ਤੋਂ ਸਦਕੇ ਜਾਂਦਾ ਹਾਂ)। ਅੱਖ ਝਮਕਣ ਜਿਤਨੇ ਸਮੇ ਲਈ ਹੀ (ਮੇਰੇ ਵਲ) ਨਿਗਾਹ ਕਰ। (ਤੈਨੂੰ) ਵੇਖ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਹੇ ਪ੍ਰਭੂ ! ਤੇਰਾ ਨਾਮ ਆਤਮਕ ਜੀਵਨ ਦੇਣ ਵਾਲਾ ਸੁਣੀਂਦਾ ਹੈ।

ਜੇ ਤੂੰ (ਮੇਰੇ ਉਤੇ) ਮਿਹਰ ਕਰੇਂ ਤਾਂ ਹੀ ਮੈਂ (ਤੇਰਾ ਨਾਮ ਜਲ) ਪੀ ਸਕਦਾ ਹਾਂ।

ਹੇ ਮੇਰੇ ਪ੍ਰਭੂ-ਪਤੀ! ਤੇਰੇ ਦਰਸਨ ਦੀ ਖ਼ਾਤਰ ਮੇਰੇ ਅੰਦਰ ਤਾਂਘ ਪੈਦਾ ਹੋ ਰਹੀ ਹੈ, ਉਸ ਤਾਂਘ ਦੀ (ਮਾਨੋ) ਪਿਆਸ ਲੱਗੀ ਹੋਈ ਹੈ (ਦਰਸਨ ਤੋਂ ਬਿਨਾ ਉਹ ਪਿਆਸ ਮਿਟਦੀ ਨਹੀਂ) ਜਿਵੇਂ ਪਪੀਹਾ (ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ) ਬੂੰਦ ਨੂੰ ਤਾਂਘਦਾ ਰਹਿੰਦਾ ਹੈ। ਹੇ ਨਾਨਕ ! ਆਖ-ਹੇ ਮੇਰੇ ਪ੍ਰਭੂ ! ਮੈਨੂੰ (ਆਪਣਾ) ਦਰਸਨ ਦੇਹ, ਮੈਂ ਆਪਣੀ ਇਹ ਜਿੰਦ ਤੈਥੋਂ ਕੁਰਬਾਨ ਕਰਦਾ ਹਾਂ । ੨ ।

ਤੂ ਸਾਚਾ ਸਾਹਿਬੁ ਸਾਹੁ ਅਮਿਤਾ ॥ ਤੂ ਪ੍ਰੀਤਮੁ ਪਿਆਰਾ ਪ੍ਰਾਨ ਹਿਤ ਚਿਤਾ ॥ ਪ੍ਰਾਨ ਸੁਖਦਾਤਾ ਗੁਰਮੁਖਿ ਜਾਤਾ ਸਗਲ ਰੰਗ ਬਨਿ ਆਏ ॥ ਸੋਈ ਕਰਮੁ ਕਮਾਵੈ ਪ੍ਰਾਣੀ ਜੇਹਾ ਤੂ ਫੁਰਮਾਏ॥ਜਾ ਕਉ ਕ੍ਰਿਪਾ ਕਰੀ ਜਗਦੀਸੁਰਿ ਤਿਨਿ ਸਾਧ ਸੰਗਿ ਮਨੁ ਜਿਤਾ ॥ ਕਹੁ ਨਾਨਕ ਜੀਅੜਾ ਬਲਿਹਾਰੀ ਜੀਉ ਪਿੰਡੁ ਤਉ ਦਿਤਾ ॥ ੩ ॥

ਪਦ ਅਰਥ :-ਸਾਚਾ-ਸਦਾ ਕਾਇਮ ਰਹਿਣ ਵਾਲਾ । ਸਾਹਿਬੁ-ਮਾਲਕ । ਅਮਿਤਾ-ਅਮਿੱਤਾ, ਅ-ਮਿੱਤਾ, ਹੱਦ-ਬੰਨੇ ਤੋਂ ਪਰੇ। ਪ੍ਰਾਨ ਹਿਤ-ਮੇਰੇ ਪ੍ਰਾਣਾਂ ਦਾ ਹਿਤੂ। ਹਿਤ ਚਿਤਾ-ਹਿਤ ਚਿੱਤਾ, ਮੇਰੇ ਚਿੱਤ ਦਾ ਹਿਤੂ, ਮੇਰੀ ਜਿੰਦ ਦਾ ਹਿਤੂ ।

ਸੁਖ ਦਾਤਾ-ਸੁਖ ਦੇਣ ਵਾਲਾ। ਪ੍ਰਾਨ ਦਾਤਾ-ਜਿੰਦ ਦੇਣ ਵਾਲਾ । ਗੁਰਮੁਖਿ-ਗੁਰੂ ਦੇ ਸਨਮੁਖ ਰਹਿਣ ਵਾਲਾ । ਜਾਤਾ-ਪਛਾਣਦਾ ਹੈ, ਸਾਂਝ ਪਾਂਦਾ ਹੈ। ਸਗਲ-ਸਾਰੇ। ਰੰਗ-ਆਤਮਕ ਆਨੰਦ। ਕਰਮੁ-ਕੰਮ। ਫੁਰਮਾਏ-ਫੁਰਮਾਇਆ, ਹੁਕਮ ਕੀਤਾ ਹੁੰਦਾ ਹੈ ।

ਜਾ ਕਉ-ਜਿਸ (ਮਨੁੱਖ) ਉੱਤੇ। ਜਗਦੀਸੁਰਿ-ਜਗਤ ਦੇ ਈਸਰ ਨੇ, ਜਗਤ ਦੇ ਮਾਲਕ ਨੇ। ਤਿਨਿ-ਉਸ (ਮਨੁੱਖ) ਨੇ। ਸਾਧ ਸੰਗਿ-ਗੁਰੂ ਦੀ ਸੰਗਤਿ ਵਿਚ। ਜਿਤਾ-ਜਿੱਤਾ, ਜਿੱਤ ਲਿਆ। ਜੀਉ-ਜਿੰਦ। ਪਿੰਡੁ-ਸਰੀਰ। ਤਉ ਦਿਤਾ-ਤਉ ਦਿੱਤਾ, ਤੇਰਾ ਦਿੱਤਾ ਹੋਇਆ। ੩ ।

ਅਰਥ :-ਹੇ ਪ੍ਰਭੂ ! ਤੂੰ (ਅਸਾਂ ਜੀਵਾਂ ਦਾ) ਸਦਾ ਕਾਇਮ ਰਹਿਣ ਵਾਲਾ ਮਾਲਕ ਹੈਂ, ਤੂੰ ਬੇਅੰਤ ਵੱਡਾ ਸ਼ਾਹ ਹੈਂ। ਹੇ ਪ੍ਰਭੂ ! ਤੂੰ (ਸਾਡਾ) ਪ੍ਰੀਤਮ ਹੈਂ, (ਸਾਡਾ) ਪਿਆਰਾ ਹੈਂ। ਤੂੰ ਸਾਡੇ ਪ੍ਰਾਣਾਂ ਦਾ ਰਾਖਾ ਹੈਂ, ਤੂੰ ਸਾਡੀ ਜਿੰਦ ਦਾ ਰਾਖਾ ਹੈਂ ।

ਹੇ ਪ੍ਰਭੂ ! ਤੂੰ (ਸਾਨੂੰ) ਜਿੰਦ ਦੇਣ ਵਾਲਾ ਹੈਂ, ਸਾਰੇ ਸੁਖ ਦੇਣ ਵਾਲਾ ਹੈਂ। ਜਿਹੜਾ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਤੇਰੇ ਨਾਲ ਡੂੰਘੀ ਸਾਂਝ ਪਾਂਦਾ ਹੈ, ਉਸ ਦੇ ਅੰਦਰ ਸਾਰੇ ਆਤਮਕ ਆਨੰਦ ਪੈਦਾ ਹੋ ਜਾਂਦੇ ਹਨ। ਹੇ ਪ੍ਰਭੂ ! ਜਿਹੋ ਜਿਹਾ ਹੁਕਮ ਤੂੰ ਕੀਤਾ ਹੁੰਦਾ ਹੈ,

ਜੀਵ ਉਹੀ ਕੰਮ ਕਰਦਾ ਹੈ।

ਹੇ ਭਾਈ! ਜਗਤ ਦੇ ਮਾਲਕ ਪ੍ਰਭੂ ਨੇ ਜਿਸ ਮਨੁੱਖ ਉਤੇ ਮਿਹਰ ਕੀਤੀ, ਉਸ ਨੇ ਗੁਰੂ ਦੀ ਸੰਗਤਿ ਵਿਚ (ਰਹਿ ਕੇ ਆਪਣੇ) ਮਨ ਨੂੰ ਵੱਸ ਵਿਚ ਕਰ ਲਿਆ।

ਹੇ ਨਾਨਕ! ਆਖ—(ਹੇ ਪ੍ਰਭੂ! ਮੇਰੀ ਇਹ) ਨਿਮਾਣੀ ਜਿੰਦ ਤੈਥੋਂ ਸਦਕੇ ਹੈ। ਇਹ ਜਿੰਦ ਇਹ ਸਰੀਰ ਤੇਰਾ ਹੀ ਦਿੱਤਾ ਹੋਇਆ ਹੈ।੩।

ਨਿਰਗੁਣੁ ਰਾਖਿ ਲੀਆ ਸੰਤਨ ਕਾ ਸਦਕਾ ॥ ਸਤਿਗੁਰਿ ਢਾਕਿ ਲੀਆ ਮੋਹਿ ਪਾਪੀ ਪੜਦਾ ॥ ਢਾਕਨਹਾਰੇ ਪ੍ਰਭੂ ਹਮਾਰੇ ਜੀਅ ਪ੍ਰਾਨ ਸੁਖ ਦਾਤੇ ॥ ਅਬਿਨਾਸੀ ਅਬਿਗਤ ਸੁਆਮੀ ਪੂਰਨ ਪੁਰਖ ਬਿਧਾਤੇ ॥ ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥ ਨਾਨਕ ਦਾਸੁ ਤਾ ਕੈ ਬਲਿਹਾਰੀ ਮਿਲੈ ਨਾਮੁ ਹਰਿ ਨਿਮਕਾ ॥੪॥੧॥੧੧॥

ਪਦ ਅਰਥ :—ਨਿਰਗੁਣੁ—ਗੁਣ-ਹੀਨ। ਕਾ ਸਦਕਾ—ਦੀ ਬਰਕਤਿ ਨਾਲ। ਸੰਤਨ ਕਾ ਸਦਕਾ—ਸੰਤਾਂ ਦੀ ਸਰਨ ਪੈਣ ਦੀ ਬਰਕਤਿ ਨਾਲ। ਸਤਿਗੁਰਿ—ਸਤਿਗੁਰੂ ਨੇ। ਮੋਹਿ ਪਾਪੀ—ਮੇਰਾ ਪਾਪੀ ਦਾ।

ਢਾਕਨਹਾਰੇ—ਹੇ (ਸਾਡੇ ਪਰਦੇ) ਢੱਕਣ ਦੀ ਸਮਰੱਥਾ ਵਾਲੇ! ਜੀਅ ਦਾਤੇ—ਹੇ ਜਿੰਦ ਦੇਣ ਵਾਲੇ! ਪ੍ਰਾਨ ਦਾਤੇ—ਹੇ ਪ੍ਰਾਣ ਦੇਣ ਵਾਲੇ! ਸੁਖਦਾਤੇ—ਹੇ ਸੁਖ ਦੇਣ ਵਾਲੇ! ਅਬਿਗਤ—ਹੇ ਅਵਿਅਕਤ! ਹੇ ਅਦ੍ਰਿਸ਼ਟ! ਪੂਰਨ—ਹੇ ਸਭ ਗੁਣਾਂ ਨਾਲ ਭਰਪੂਰ ਪ੍ਰਭੂ! ਪੁਰਖ—ਹੇ ਸਰਬ-ਵਿਆਪਕ! ਬਿਧਾਤੇ—ਹੇ ਸਿਰਜਣਹਾਰ!

ਉਸਤਤਿ—ਵਡਿਆਈ। ਕਉਣੁ ਕਹੈ—ਕੌਣ ਦੱਸ ਸਕਦਾ ਹੈ? ਕੋਈ ਨਹੀਂ ਦੱਸ ਸਕਦਾ। ਕਦ ਕਾ—ਕਦੋਂ ਦਾ? ਤਾ ਕੈ—ਉਸ (ਗੁਰੂ) ਤੋਂ। ਨਿਮਕਾ—ਨਿਮਖ-ਮਾਤ੍ਰ, ਅੱਖ ਝਮਕਣ ਜਿਤਨੇ ਸਮੇ ਲਈ।੪।

ਅਰਥ :—ਹੇ ਮੇਰੇ ਪ੍ਰਭੂ! ਸੰਤ ਜਨਾਂ ਦੀ ਸਰਨ ਪੈਣ ਦੀ ਬਰਕਤਿ ਨਾਲ ਤੂੰ ਮੈਨੂੰ ਗੁਣ-ਹੀਨ ਨੂੰ (ਭੀ ਵਿਕਾਰਾਂ ਤੋਂ) ਬਚਾ ਲਿਆ ਹੈ। ਸਤਿਗੁਰੂ ਨੇ ਮੇਰਾ ਪਾਪੀ ਦਾ ਪਰਦਾ ਢੱਕ ਲਿਆ ਹੈ (ਮੇਰੇ ਪਾਪ ਨਸ਼ਰ ਨਹੀਂ ਹੋਣ ਦਿੱਤੇ)।

ਹੇ ਅਸਾਂ ਜੀਵਾਂ ਦੇ ਮਾਲਕ! ਹੇ ਸਭ ਜੀਵਾਂ ਦਾ ਪਰਦਾ ਢੱਕਣ ਦੀ ਸਮਰਥਾ ਵਾਲੇ! ਹੇ ਜਿੰਦ ਦੇਣ ਵਾਲੇ! ਹੇ ਪ੍ਰਾਣ ਦੇਣ ਵਾਲੇ! ਹੇ ਸੁਖ ਦੇਣ ਵਾਲੇ! ਹੇ ਨਾਸ-ਰਹਿਤ ਸੁਆਮੀ! ਹੇ ਅਦ੍ਰਿਸ਼ਟ ਸੁਆਮੀ! ਹੇ ਸਭ ਗੁਣਾਂ ਨਾਲ ਭਰਪੂਰ ਪ੍ਰਭੂ! ਹੇ ਸਰਬ-ਵਿਆਪਕ! ਹੇ ਸਿਰਜਣਹਾਰ! ਤੇਰੀ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਕੋਈ ਨਹੀਂ ਦੱਸ ਸਕਦਾ ਕਿ ਤੂੰ ਕਦੋਂ ਦਾ ਹੈਂ।

ਦਾਸ ਨਾਨਕ ਉਸ (ਗੁਰੂ) ਤੋਂ ਕੁਰਬਾਨ ਹੈ (ਜਿਸ ਦੀ ਕਿਰਪਾ ਨਾਲ) ਪਰਮਾਤਮਾ ਦਾ ਨਾਮ ਅੱਖ ਝਮਕਣ ਜਿਤਨੇ ਸਮੇ ਲਈ ਭੀ ਮਿਲ ਜਾਂਦਾ ਹੈ। ੪। ੧। ੧੧।

ਗਿਣਤੀ ਦਾ ਵੇਰਵਾ–

ਛੰਤ ਮ: ੧—੬
ਛੰਤ ਮ: ੪—੪
ਛੰਤ ਮ: ੫—੧

———

ਜੋੜ—੧੧

—o—

ੴ ਸਤਿਗੁਰ ਪ੍ਰਸਾਦਿ ॥

ਕੇਦਾਰਾ ਮਹਲਾ ੪ ਘਰੁ ੧

ਮੇਰੇ ਮਨ ਰਾਮਨਾਮ ਨਿਤ ਗਾਵੀਐ ਰੇ ॥ ਅਗਮ ਅਗੋਚਰੁ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ ਰੇ ॥ ਰਹਾਉ ॥ ਜਿਸੁ ਆਪੇ ਕਿਰਪਾ ਕਰੇ ਮੇਰਾ ਸੁਆਮੀ ਤਿਸੁ ਜਨ ਕਉ ਹਰਿ ਲਿਵ ਲਾਵੀਐ ਰੇ ॥ ਸਭੁ ਕੋ ਭਗਤਿ ਕਰੇ ਹਰਿ ਕੇਰੀ ਹਰਿ ਭਾਵੈ ਸੋ ਥਾਇ ਪਾਵੀਐ ਰੇ ॥ ੧ ॥ ਹਰਿ ਹਰਿ ਨਾਮੁ ਅਮੋਲਕੁ ਹਰਿ ਪਹਿ ਹਰਿ ਦੇਵੈ ਤਾ ਨਾਮੁ ਧਿਆਵੀਐ ਰੇ ॥ ਜਿਸ ਨੋ ਨਾਮੁ ਦੇਇ ਮੇਰਾ ਸੁਆਮੀ ਤਿਸੁ ਲੇਖਾ ਸਭੁ ਛਡਾਵੀਐ ਰੇ ॥ ੨ ॥ ਹਰਿ ਨਾਮੁ ਅਰਾਧਹਿ ਸੇ ਧੰਨੁ ਜਨ ਕਹੀਅਹਿ ਤਿਨ ਮਸਤਕਿ ਭਾਗੁ ਧੁਰਿ ਲਿਖਿ ਪਾਵੀਐ ਰੇ ॥ ਤਿਨ ਦੇਖੇ ਮੇਰਾ ਮਨੁ ਬਿਗਸੈ ਜਿਉ ਸੁਤੁ ਮਿਲਿ ਮਾਤ ਗਲਿ ਲਾਵੀਐ ਰੇ ॥ ੩ ॥ ਹਮ ਬਾਰਿਕ ਹਰਿ ਪਿਤਾ ਪ੍ਰਭ ਮੇਰੇ ਮੋ ਕਉ ਦੇਹੁ ਮਤੀ ਜਿਤੁ ਹਰਿ ਪਾਵੀਐ ਰੇ ॥ ਜਿਉ ਬਛੁਰਾ ਦੇਖਿ ਗਊ ਸੁਖੁ ਮਾਨੈ ਤਿਉ ਨਾਨਕ ਹਰਿ ਗਲਿ ਲਾਵੀਐ ਰੇ ॥ ੪ ॥ ੧ ॥

ਪਦ ਅਰਥ :—ਰੇ ਮੇਰੇ ਮਨ—ਹੇ ਮੇਰੇ ਮਨ ! ਨਿਤ—ਸਦਾ । ਗਾਵੀਐ—ਗਾਵਣਾ ਚਾਹੀਦਾ ਹੈ, ਸਿਮਰਨਾ ਚਾਹੀਦਾ ਹੈ । ਅਗਮ—[ਅਗਮ੍ਯ] ਅਪਹੁੰਚ । ਅਗੋਚਰੁ—[ਅ-ਗੋ-ਚਰੁ । ਗੋ—ਗਿਆਨ-ਇੰਦ੍ਰੇ । ਚਰ—ਪਹੁੰਚ] ਜੋ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ । ਨ ਜਾਈ ਲਖਿਆ—ਸਮਝਿਆ ਨਹੀਂ ਜਾ ਸਕਦਾ । ਲਖਾਵੀਐ—ਸਮਝਿਆ ਜਾ ਸਕਦਾ ਹੈ । ਰਹਾਉ ।

ਆਪੇ—ਆਪ ਹੀ । ਕਉ—ਨੂੰ । ਲਿਵ—ਲਗਨ, ਪ੍ਰੀਤ । ਲਾਵੀਐ—ਲਾਈ ਜਾਂਦੀ ਹੈ, ਲੱਗਦੀ ਹੈ । ਸਭੁ ਕੋ—ਹਰੇਕ ਜੀਵ । ਕੇਰੀ—ਦੀ । ਹਰਿ ਭਾਵੈ—(ਜਿਹੜਾ ਮਨੁੱਖ) ਹਰੀ ਨੂੰ ਚੰਗਾ ਲੱਗਦਾ ਹੈ । ਥਾਇ ਪਾਵੀਐ—ਥਾਂ ਤੇ ਪਾਇਆ ਜਾਂਦਾ ਹੈ, ਕਬੂਲ ਹੁੰਦਾ ਹੈ।੧।

ਅਮੋਲਕੁ—ਜੋ ਕਿਸੇ (ਦੁਨੀਆਵੀ) ਮੁੱਲ ਤੋਂ ਨਹੀਂ ਮਿਲ ਸਕਦਾ । ਪਹਿ—ਪਾਸ, ਕੋਲ । ਦੇਵੈ—ਦੇਂਦਾ ਹੈ । ਤਾ—ਤਦੋਂ । ਧਿਆਵੀਐ—ਸਿਮਰਿਆ ਜਾ ਸਕਦਾ ਹੈ । ਜਿਸ ਨੋ—[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ਉੱਡ ਗਿਆ ਹੈ] । ਦੇਇ—ਦੇਂਦਾ ਹੈ । ਤਿਸੁ ਲੇਖਾ—ਉਸ (ਦੇ ਕਰਮਾਂ) ਦਾ ਲੇਖਾ । ਸਭੁ—ਸਾਰਾ । ਛਡਾਵੀਐ—ਛਡਾਇਆ ਜਾਂਦਾ ਹੈ, ਮੁਕਾਇਆ ਜਾਂਦਾ ਹੈ । ੨ ।

ਅਰਾਧਹਿ—ਆਰਾਧਦੇ ਹਨ [ਬਹੁ ਵਚਨ]। ਸੇ—ਉਹ ਮਨੁੱਖ [ਬਹੁ ਵਚਨ]। ਧੰਨ ਜਨ—[ਧਨ੍ਯ] ਭਾਗਾਂ ਵਾਲੇ ਮਨੁੱਖ। ਕਹੀਅਹਿ—ਆਖੇ ਜਾਂਦੇ ਹਨ। ਮਸਤਕਿ—ਮੱਥੇ ਉੱਤੇ। ਧੁਰਿ—ਧੁਰ-ਦਰਗਾਹ ਤੋਂ। ਭਾਗੁ ਲਿਖਿ ਪਾਵੀਐ—ਚੰਗੀ ਕਿਸਮਤ ਲਿਖ ਕੇ ਪਾਈ ਜਾਂਦੀ ਹੈ। ਤਿਨ ਵੇਖੇ—ਉਹਨਾਂ ਨੂੰ ਵੇਖਿਆਂ। ਬਿਗਸੈ—ਖਿੜ ਆਉਂਦਾ ਹੈ, ਖ਼ੁਸ਼ ਹੁੰਦਾ ਹੈ। ਸੁਤੁ—ਪੁੱਤਰ। ਮਿਲਿ ਮਾਤ—ਮਾਂ ਨੂੰ ਮਿਲ ਕੇ। ਗਲਿ—ਗਲ ਨਾਲ। ਲਾਵੀਐ—ਲਾਇਆ ਜਾਂਦਾ ਹੈ। ੩।

ਬਾਰਿਕ—ਬੱਚੇ, ਬਾਲਕ [ਬਹੁ ਵਚਨ]। ਪ੍ਰਭ—ਹੇ ਪ੍ਰਭੂ! ਮੋ ਕਉ—ਮੈਨੂੰ। ਮਤੀ—ਸਿੱਖਿਆ। ਜਿਤੁ—ਜਿਸ (ਮਤਿ) ਦੀ ਰਾਹੀਂ। ਪਾਵੀਐ—ਲੱਭਿਆ ਜਾ ਸਕਦਾ ਹੈ। ਬਛੁਰਾ—ਵੱਛਾ। ਦੇਖਿ—ਵੇਖ ਕੇ। ਗਊ ਸੁਖੁ ਮਾਨੈ—ਗਾਂ ਸੁਖ ਮੰਨਦੀ ਹੈ, ਗਾਂ ਖ਼ੁਸ਼ ਹੁੰਦੀ ਹੈ। ਹਰਿ ਗਲਿ—ਹਰੀ ਦੇ ਗਲ ਨਾਲ। ਲਾਵੀਐ—ਲਾਇਆ ਜਾਂਦਾ ਹੈ। ੪।

ਅਰਥ:—ਹੇ ਮੇਰੇ ਮਨ! ਪਰਮਾਤਮਾ ਦਾ ਨਾਮ ਸਦਾ ਸਿਮਰਨਾ ਚਾਹੀਦਾ ਹੈ। ਹੇ ਮਨ! ਉਹ ਪਰਮਾਤਮਾ ਅਪਹੁੰਚ ਹੈ, ਗਿਆਨ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ,(ਮਨੁੱਖ ਦੀ ਆਪਣੀ ਅਕਲ ਨਾਲ ਉਹ) ਸਮਝਿਆ ਨਹੀਂ ਜਾ ਸਕਦਾ। ਜਦੋਂ ਪੂਰਾ ਗੁਰੂ ਮਿਲਦਾ ਹੈ ਤਦੋਂ ਉਸ ਨੂੰ ਸਮਝਿਆ ਜਾ ਸਕਦਾ ਹੈ। ਰਹਾਉ।

ਹੇ ਮੇਰੇ ਮਨ! ਮੇਰਾ ਮਾਲਕ-ਪ੍ਰਭੂ ਜਿਸ ਮਨੁੱਖ ਉੱਤੇ ਆਪ ਹੀ ਕਿਰਪਾ ਕਰਦਾ ਹੈ, ਉਸ ਮਨੁੱਖ ਨੂੰ ਪ੍ਰਭੂ (ਆਪਣੇ ਚਰਨਾਂ ਦਾ) ਪਿਆਰ ਲਾਂਦਾ ਹੈ। ਹੇ ਮਨ! (ਆਪਣੇ ਵੱਲੋਂ) ਹਰੇਕ ਜੀਵ ਪਰਮਾਤਮਾ ਦੀ ਭਗਤੀ ਕਰਦਾ ਹੈ, ਪਰ ਉਹ ਮਨੁੱਖ (ਉਸ ਦੇ ਦਰ ਤੇ) ਪਰਵਾਨ ਹੁੰਦਾ ਹੈ ਜਿਹੜਾ ਉਸ ਨੂੰ ਪਿਆਰਾ ਲੱਗਦਾ ਹੈ। ੧।

ਹੇ ਮੇਰੇ ਮਨ! ਪਰਮਾਤਮਾ ਦਾ ਨਾਮ ਕਿਸੇ ਦੁਨੀਆਵੀ ਮੁੱਲ ਤੋਂ ਨਹੀਂ ਮਿਲ ਸਕਦਾ, (ਉਸ ਦਾ ਇਹ ਨਾਮ ਉਸ) ਪਰਮਾਤਮਾ ਦੇ (ਆਪਣੇ) ਪਾਸ ਹੈ। ਜਦੋਂ ਪਰ-ਮਾਤਮਾ (ਕਿਸੇ ਨੂੰ ਨਾਮ ਦੀ ਦਾਤਿ) ਦੇਂਦਾ ਹੈ, ਤਦੋਂ ਹੀ ਸਿਮਰਿਆ ਜਾ ਸਕਦਾ ਹੈ।

ਹੇ ਮਨ! ਮੇਰਾ ਮਾਲਕ-ਪ੍ਰਭੂ ਜਿਸ ਮਨੁੱਖ ਨੂੰ ਆਪਣਾ ਨਾਮ ਦੇਂਦਾ ਹੈ ਉਸ (ਦੇ ਪਿਛਲੇ ਕੀਤੇ ਕਰਮਾਂ ਦਾ) ਸਾਰਾ ਹਿਸਾਬ ਮੁੱਕ ਜਾਂਦਾ ਹੈ। ੨।

ਹੇ ਮੇਰੇ ਮਨ! ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਸਿਮਰਦੇ ਹਨ, ਉਹ ਮਨੁੱਖ ਵੱਡੇ ਭਾਗਾਂ ਵਾਲੇ ਆਖੇ ਜਾਂਦੇ ਹਨ। ਉਹਨਾਂ ਦੇ ਮੱਥੇ ਉੱਤੇ ਧੁਰੋਂ ਪ੍ਰਭੂ ਦੀ ਹਜ਼ੂਰੀ ਤੋਂ ਲਿਖੀ ਚੰਗੀ ਕਿਸਮਤ ਉਹਨਾਂ ਨੂੰ ਪ੍ਰਾਪਤ ਹੋ ਜਾਂਦੀ ਹੈ। ਹੇ ਭਾਈ! ਉਹਨਾਂ ਦਾ ਦਰਸਨ ਕੀਤਿਆਂ ਮੇਰਾ ਮਨ (ਇਉਂ) ਖ਼ੁਸ਼ ਹੁੰਦਾ ਹੈ, ਜਿਵੇਂ ਪੁੱਤਰ (ਆਪਣੀ) ਮਾਂ ਨੂੰ ਮਿਲ ਕੇ (ਖ਼ੁਸ਼ ਹੁੰਦਾ ਹੈ), ਉਹ ਮਾਂ ਦੇ ਗਲ ਨਾਲ ਚੰਬੜ ਜਾਂਦਾ ਹੈ। ੩।

ਹੇ ਮੇਰੇ ਪਿਤਾ ਪ੍ਰਭੂ! ਅਸੀ ਜੀਵ ਤੇਰੇ ਬੱਚੇ ਹਾਂ। (ਹੇ ਪ੍ਰਭੂ!) ਮੈਨੂੰ ਅਜਿਹੀ

ਮਤਿ ਦੇਹ, ਜਿਸ ਦੀ ਰਾਹੀਂ ਤੇਰਾ ਨਾਮ ਪ੍ਰਾਪਤ ਹੋ ਸਕੇ ।

ਹੇ ਨਾਨਕ! ਜਿਵੇਂ ਗਾਂ (ਆਪਣੇ) ਵੱਛੇ ਨੂੰ ਵੇਖ ਕੇ ਖ਼ੁਸ਼ ਹੁੰਦੀ ਹੈ ਤਿਵੇਂ ਉਹ ਵੱਡ-ਭਾਗੀ ਮਨੁੱਖ ਸੁਖ ਪ੍ਰਤੀਤ ਕਰਦਾ ਹੈ ਜਿਸ ਨੂੰ ਪਰਮਾਤਮਾ ਆਪਣੇ ਗਲ ਨਾਲ ਲਾ ਲੈਂਦਾ ਹੈ ।੪।੧।

ਕੇਦਾਰਾ ਮਹਲਾ ੪ ਘਰੁ ੧

ੴ ਸਤਿਗੁਰਪ੍ਰਸਾਦਿ ॥ ਮੇਰੇ ਮਨ ਹਰਿ ਹਰਿ ਗੁਨ ਕਹੁ ਰੇ ॥ ਸਤਿਗੁਰੂ ਕੇ ਚਰਨ ਧੋਇ ਧੋਇ ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਰਹਾਉ ॥ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ ॥ ਮਿਲਿ ਸਤ ਸੰਗਤਿ ਕੀਜੈ ਹਰਿ ਗੋਸਟਿ, ਸਾਧੂ ਸਿਉ ਗੋਸਟਿ, ਹਰਿ ਪ੍ਰੇਮ ਰਸਾਇਣੁ, ਰਾਮਨਾਮੁ ਰਸਾਇਣੁ, ਹਰਿ ਰਾਮ ਨਾਮ ਰਾਮ ਰਮਹੁ ਰੇ ॥ ੧ ॥ ਅੰਤਰ ਕਾ ਅਭਿਮਾਨੁ ਜੋਰੁ ਤੂ ਕਿਛੁ ਕਿਛੁ ਕਿਛੁ ਜਾਨਤਾ ਇਹੁ ਦੂਰਿ ਕਰਹੁ ਆਪਨ ਗਹੁ ਰੇ ॥ ਜਨ ਨਾਨਕ ਕਉ ਹਰਿ ਦਇਆਲ ਹੋਹੁ ਸੁਆਮੀ ਹਰਿ ਸੰਤਨ ਕੀ ਧੂਰਿ ਕਰਿ ਹਰੇ ॥ ੨ ॥ ੧ ॥ ੨ ॥

ਪਦ ਅਰਥ:—ਰੇ ਮੇਰੇ ਮਨ—ਹੇ ਮੇਰੇ ਮਨ ! ਕਹੁ—ਉਚਾਰਿਆ ਕਰ । ਧੋਇ—ਧੋ ਕੇ । ਇਨ ਬਿਧਿ—ਇਸ ਤਰ੍ਹਾਂ । ਲਹੁ—ਲੱਭ ਲੈ । ਰਹਾਉ ।

ਅਭਿਮਾਨੁ—ਅਹੰਕਾਰ । ਬਿਖੈ ਰਸ—ਵਿਸ਼ਿਆਂ ਦੇ ਸੁਆਦ । ਇਨ ਸੰਗਤਿ ਤੇ—ਇਹਨਾਂ ਦੀ ਸੰਗਤਿ ਤੋਂ । ਰਹੁ—ਹਟ ਜਾਹ । ਮਿਲਿ—ਮਿਲ ਕੇ । ਕੀਜੈ—ਕਰਨੀ ਚਾਹੀਦੀ ਹੈ । ਗੋਸਟਿ—ਵਿਚਾਰ । ਹਰਿ ਗੋਸਟਿ—ਪਰਮਾਤਮਾ ਦੇ ਗੁਣਾਂ ਦੀ ਵਿਚਾਰ । ਸਾਧੂ ਸਿਉ—ਗੁਰੂ ਨਾਲ, ਗੁਰਸਿੱਖ ਨਾਲ । ਰਸਾਇਣੁ—[ਰਸ-ਅਯਨ] ਸਾਰੇ ਰਸਾਂ ਦਾ ਘਰ, ਸਭ ਤੋਂ ਸ੍ਰੇਸ਼ਟ ਰਸ । ਰਮਹੁ—ਸਿਮਰੋ । ੧ ।

ਅੰਤਰ ਕਾ—ਅੰਦਰ ਦਾ । ਜੋਰੁ—ਹੈਂਕੜ । ਆਪਨ ਗਹੁ—ਆਪਣੇ ਆਪ ਨੂੰ ਵੱਸ ਵਿਚ ਰੱਖੋ । ਕਉ—ਨੂੰ, ਉਤੇ । ਸੁਆਮੀ—ਹੇ ਸੁਆਮੀ ! ਹਰੇ—ਹੇ ਹਰੀ ! ਕਰਿ—ਬਣਾ ਦੇਹ । ੨ ।

ਅਰਥ:—ਹੇ ਮੇਰੇ ਮਨ ! ਪਰਮਾਤਮਾ ਦੇ ਗੁਣ ਗਾਇਆ ਕਰ । ਗੁਰੂ ਦੇ ਚਰਨ ਧੋ ਧੋ ਕੇ ਪੂਜਿਆ ਕਰ (ਭਾਵ, ਅਹੰਕਾਰ ਛੱਡ ਕੇ ਗੁਰੂ ਦੀ ਸਰਨ ਪਿਆ ਰਹੁ) । ਹੇ ਮਨ ! ਇਸ ਤਰੀਕੇ ਨਾਲ ਪਿਆਰੇ ਪ੍ਰਭੂ ਨੂੰ ਲੱਭ ਲੈ । ਰਹਾਉ ।

ਹੇ ਮਨ ! ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਵਿਸ਼ਿਆ ਦੇ ਚਸਕੇ—ਇਹਨਾਂ ਦੇ ਸਾਥ ਤੋਂ ਸਦਾ ਪਰੇ ਟਿਕਿਆ ਰਹੁ । ਹੇ ਮਨ ! ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ

ਦੇ ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ, ਗੁਰਮੁਖਾਂ ਨਾਲ ਮਿਲ ਕੇ ਹਰਿ-ਗੁਣਾਂ ਦੀ ਵਿਚਾਰ ਕਰਨੀ ਚਾਹੀਦੀ ਹੈ। ਹੇ ਮੇਰੇ ਮਨ ! ਪਰਮਾਤਮਾ ਦਾ ਪਿਆਰ ਸਭ ਰਸਾਂ ਨਾਲੋਂ ਸ੍ਰੇਸ਼ਟ ਰਸ ਹੈ, ਪਰਮਾਤਮਾ ਦਾ ਨਾਮ ਸਾਰੇ ਰਸਾਂ ਦਾ ਘਰ ਹੈ। ਸਦਾ ਪਰਮਾਤਮਾ ਦਾ ਨਾਮ ਸਿਮਰਿਆ ਕਰ। ੧।

ਹੇ ਭਾਈ ! ਆਪਣੇ ਅੰਦਰ ਦਾ ਇਹ ਮਾਣ ਹੈਂਕੜ ਦੂਰ ਕਰ ਕਿ ਤੂੰ ਬਹੁਤ ਕੁਝ ਜਾਣਦਾ ਹੈਂ (ਕਿ ਤੂੰ ਬੜਾ ਸਿਆਣਾ ਹੈਂ)। ਹੇ ਭਾਈ ! ਆਪਣੇ ਆਪ ਨੂੰ ਵੱਸ ਵਿਚ ਰੱਖ।

ਹੇ ਹਰੀ ! ਹੇ ਸੁਆਮੀ ! ਦਾਸ ਨਾਨਕ ਉਤੇ ਦਇਆਵਾਨ ਹੋਹੁ। (ਦਾਸ ਨਾਨਕ ਨੂੰ) ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਾਈ ਰੱਖ। ੨। ੧। ੨।

ਕੇਦਾਰਾ ਮਹਲਾ ੫ ਘਰੁ ੨

੧ ਓ ਸਤਿਗੁਰਪ੍ਰਸਾਦਿ ॥ ਮਾਈ ਸੰਤ ਸੰਗਿ ਜਾਗੀ ॥ ਪ੍ਰਿਅ ਰੰਗ ਦੇਖੈ ਜਪਤੀ ਨਾਮੁ ਨਿਧਾਨੀ ॥ ਰਹਾਉ ॥ ਦਰਸਨ ਪਿਆਸ ਲੋਚਨ ਤਾਰ ਲਾਗੀ ॥ ਬਿਸਰੀ ਤਿਆਸ ਬਿਡਾਨੀ ॥ ੧ ॥ ਅਬ ਗੁਰੁ ਪਾਇਓ ਹੈ ਸਹਜ ਸੁਖਦਾਇਕ ਦਰਸਨੁ ਪੇਖਤ ਮਨੁ ਲਪਟਾਨੀ ॥ ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ ॥ ੨ ॥ ੧ ॥

ਪਦ ਅਰਥ :–ਮਾਈ–ਹੇ ਮਾਂ ! ਸੰਤ ਸੰਗਿ–ਗੁਰੂ ਦੀ ਸੰਗਤਿ ਵਿਚ। ਜਾਗੀ–(ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦੀ ਹੈ। ਪ੍ਰਿਅ ਰੰਗ–ਪਿਆਰੇ (ਪ੍ਰਭੂ) ਦੇ ਕੌਤਕ [ਬਹੁ ਵਚਨ]। ਦੇਖੈ–ਵੇਖਦੀ ਹੈ। ਜਪਤੀ–ਜਪਦੀ ਜਪਦੀ। ਨਿਧਾਨੀ–ਨਿਧਾਨ ਵਾਲੀ, ਖ਼ਜ਼ਾਨੇ ਵਾਲੀ, ਖ਼ਜ਼ਾਨੇ ਦੀ ਮਾਲਕ, ਸੁਖਾਂ ਦੇ ਖ਼ਜ਼ਾਨੇ ਦੀ ਮਾਲਕ। ਰਹਾਉ।

ਪਿਆਸ–ਤਾਂਘ। ਲੋਚਨ–ਅੱਖਾਂ। ਲੋਚਨ ਤਾਰ–ਅੱਖਾਂ ਦੀ ਤਾਰ। ਤਿਆਸ–ਤ੍ਰਿਹ, ਪਿਆਸ। ਬਿਡਾਨੀ–ਬਿਗਾਨੀ, ਹੋਰ ਹੋਰ ਪਾਸੇ ਦੀ। ੧।

ਅਬ–ਹੁਣ। ਸਹਜ–ਆਤਮਕ ਅਡੋਲਤਾ। ਦਾਇਕ–ਦੇਣ ਵਾਲਾ। ਪੇਖਤ–ਵੇਖਦਿਆਂ। ਲਪਟਾਨੀ–ਮਗਨ ਹੋ ਜਾਂਦਾ ਹੈ। ਦੇਖਿ–ਵੇਖ ਕੇ। ਦਮੋਦਰ–[ਦਾਮ-ਉਦਰ। ਦਾਮ–ਰੱਸੀ, ਤੜਾਗੀ। ਉਦਰ–ਪੇਟ। ਜਿਸ ਦੇ ਲੱਕ ਦੇ ਦੁਆਲੇ ਤੜਾਗੀ ਹੈ, ਕ੍ਰਿਸ਼ਨ] ਪਰਮਾਤਮਾ। ਨਾਨਕ–ਹੇ ਨਾਨਕ ! ਪ੍ਰਿਅ ਬਾਨੀ–ਪਿਆਰੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੀ। ਰਹਸੁ–ਹੁਲਾਸ, ਖ਼ੁਸ਼ੀ। ੨।

ਅਰਥ :–ਹੇ ਮਾਂ ! (ਜਿਹੜੀ ਜੀਵ-ਇਸਤ੍ਰੀ) ਗੁਰੂ ਦੀ ਸੰਗਤਿ ਵਿਚ (ਟਿਕ ਕੇ ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦੀ ਹੈ, (ਉਹ ਹਰ ਪਾਸੇ) ਪਿਆਰੇ ਪ੍ਰਭੂ ਦੇ ਹੀ (ਕੀਤੇ) ਕੌਤਕ ਵੇਖਦੀ ਹੈ, (ਉਹ ਜੀਵ-ਇਸਤ੍ਰੀ ਪਰਮਾਤਮਾ ਦਾ) ਨਾਮ ਜਪਦੀ

ਜਪਦੀ ਸੁਖਾਂ ਦੇ ਖ਼ਜ਼ਾਨੇ ਵਾਲੀ ਬਣ ਜਾਂਦੀ ਹੈ। ਰਹਾਉ।

ਹੇ ਮਾਂ! (ਜਿਹੜੀ ਜੀਵ-ਇਸਤ੍ਰੀ ਗੁਰੂ ਦੀ ਸੰਗਤਿ ਵਿਚ ਟਿਕ ਕੇ ਮਾਇਆ ਦੇ ਮੋਹ ਦੀ ਨੀਂਦ ਤੋਂ ਜਾਗ ਪੈਂਦੀ ਹੈ, ਉਸ ਦੇ ਅੰਦਰ ਪਰਮਾਤਮਾ ਦੇ) ਦਰਸਨ ਦੀ ਤਾਂਘ ਬਣੀ ਰਹਿੰਦੀ ਹੈ (ਦਰਸਨ ਦੀ ਉਡੀਕ ਵਿਚ ਹੀ ਉਸ ਦੀਆਂ) ਅੱਖਾਂ ਦੀ ਤਾਰ ਬੱਝੀ ਰਹਿੰਦੀ ਹੈ। ਉਸ ਨੂੰ ਹੋਰ ਹੋਰ ਪਾਸੇ ਦੀ ਪਿਆਸ ਭੁੱਲ ਜਾਂਦੀ ਹੈ।੧।

ਹੇ ਮਾਂ! (ਮੈਨੂੰ ਭੀ) ਹੁਣ ਆਤਮਕ ਅਡੋਲਤਾ ਦਾ ਆਨੰਦ ਦੇਣ ਵਾਲਾ ਗੁਰੂ ਮਿਲ ਪਿਆ ਹੈ। (ਉਸ ਦਾ) ਦਰਸਨ ਕਰ ਕੇ (ਮੇਰਾ) ਮਨ (ਉਸ ਦੇ ਚਰਨਾਂ ਵਿਚ) ਲਪਟ ਗਿਆ ਹੈ।

ਹੇ ਨਾਨਕ! (ਆਖ—ਹੇ ਮਾਂ!) ਪਰਮਾਤਮਾ ਦਾ ਦਰਸਨ ਕਰ ਕੇ ਮਨ ਵਿਚ ਹੁਲਾਸ ਪੈਦਾ ਹੋ ਜਾਂਦਾ ਹੈ। ਹੇ ਮਾਂ! ਪਿਆਰੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਆਤਮਕ ਜੀਵਨ ਦੇਣ ਵਾਲੀ ਹੈ।੨।੧।

ਕੇਦਾਰਾ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥ ਦੀਨ ਬਿਨਉ ਸੁਨੁ ਦਇਆਲ ॥ ਪੰਚ ਦਾਸ ਤੀਨਿ ਦੋਖੀ ਏਕ ਮਨੁ ਅਨਾਥ ਨਾਥ ॥ ਰਾਖੁ ਹੋ ਕਿਰਪਾਲ ॥ ਰਹਾਉ ॥ ਅਨਿਕ ਜਤਨ ਗਵਨੁ ਕਰਉ ॥ ਖਟੁ ਕਰਮ ਜੁਗਤਿ ਧਿਆਨੁ ਧਰਉ ॥ ਉਪਾਵ ਸਗਲ ਕਰਿ ਹਾਰਿਓ ਨਹ ਨਹ ਹੁਟਹਿ ਬਿਕਰਾਲ ॥ ੧ ॥ ਸਰਣਿ ਬੰਦਨ ਕਰੁਣਾਪਤੇ ॥ ਭਵ ਹਰਣ ਹਰਿ ਹਰਿ ਹਰਿ ਹਰੇ ॥ ਏਕ ਤੂ ਹੀ ਦੀਨ ਦਇਆਲ ॥ ਪ੍ਰਭ ਚਰਨ ਨਾਨਕ ਆਸਰੋ ॥ ਉਧਰੇ ਭ੍ਰਮ ਮੋਹ ਸਾਗਰ॥ ਲਗਿ ਸੰਤਨਾ ਪਗ ਪਾਲ ॥ ੨ ॥ ੧ ॥ ੨ ॥

ਪਦ ਅਰਥ :—ਦੀਨ ਬਿਨਉ—ਦੀਨ ਦੀ ਬੇਨਤੀ, ਗਰੀਬ ਦੀ ਬੇਨਤੀ। ਦਇਆਲ—ਹੇ ਦਇਆਲ! ਪੰਚ ਦਾਸ—ਕਾਮਾਦਿਕ ਪੰਜਾਂ ਦਾ ਗੁਲਾਮ। ਤੀਨਿ—ਰਜੋ, ਸਤੋ, ਤਮੋ—ਇਹ ਤਿੰਨੇ ਹੀ। ਦੋਖੀ—ਵੈਰੀ। ਅਨਾਥ ਨਾਥ—ਹੇ ਅਨਾਥਾਂ ਦੇ ਨਾਥ! ਹੋ ਕਿਰਪਾਲ—ਹੇ ਕਿਰਪਲ! ਰਹਾਉ।

ਗਵਨੁ ਕਰਉ—(ਮੈਂ ਤੀਰਥਾਂ ਤੇ) ਗਵਨ ਕਰਦਾ ਹਾਂ। ਅਨਿਕ ਜਤਨ ਕਰਉ—ਮੈਂ ਕਈ ਜਤਨ ਕਰਦਾ ਹਾਂ। ਖਟੁ ਕਰਮ—ਬ੍ਰਾਹਮਣਾਂ ਵਾਸਤੇ ਜ਼ਰੂਰੀ ਮਿਥੇ ਹੋਏ ਛੇ ਕਰਮ—

[अध्यापनमध्ययनं, यजनं याजनं तथा।
दानं प्रतिग्रहश्चैव, षट् कर्माण्यग्रजन्मनः M. S. 10. 75]

ਜੁਗਤਿ—ਮਰਯਾਦਾ। ਧਿਆਨੁ ਧਰਉ—ਮੈਂ ਸਮਾਧੀ ਲਾਂਦਾ ਹਾਂ। ਉਪਾਵ ਸਗਲ

–ਸਾਰੇ ਹੀਲੇ । ਕਰਿ–ਕਰ ਕੇ । ਨਹ ਹੁਟਹਿ–ਥੱਕਦੇ ਨਹੀਂ ਹਨ । ਬਿਕਰਾਲ–ਡਰਾਉਣੇ (ਕਾਮਾਦਿਕ) । ੧ ।

ਬੰਦਨ–ਸਿਰ ਨਿਵਾਉਣਾ । ਕਰੁਣਾਪਤੇ–ਹੇ ਕਰੁਣਾ ਦੇ ਪਤੀ ! [ਕਰੁਣਾ–ਤਰਸ] ਹੇ ਤਰਸ ਦੇ ਮਾਲਕ ਪ੍ਰਭੂ ! ਭਵ ਹਰਣ–ਹੇ ਜਨਮ ਮਰਨ ਦਾ ਗੇੜ ਨਾਸ ਕਰਨ ਵਾਲੇ ! ਹਰੇ–ਹੇ ਹਰੀ ! ਦੀਨ ਦਇਆਲ–ਹੇ ਦੀਨਾਂ ਉਤੇ ਦਇਆ ਕਰਨ ਵਾਲੇ ! ਉਧਰੇ–ਬਚ ਗਏ । ਸਾਗਰ–ਸਮੁੰਦਰ । ਲਗਿ–ਲੱਗ ਕੇ । ਪਗ–ਪੈਰੀਂ । ਪਾਲ–ਪੱਲੇ । ੨ ।

ਅਰਥ :–ਹੇ ਦਇਆਲ ਪ੍ਰਭੂ ! ਹੇ ਅਨਾਥਾਂ ਦੇ ਨਾਥ ਪ੍ਰਭੂ ! ਮੇਰੀ ਗਰੀਬ ਦੀ ਬੇਨਤੀ ਸੁਣ–(ਮੇਰਾ ਇਹ) ਇੱਕ ਮਨ ਹੈ, (ਕਾਮਾਦਿਕ) ਪੰਜਾਂ ਦਾ ਗ਼ੁਲਾਮ (ਬਣਿਆ ਪਿਆ) ਹੈ, ਮਾਇਆ ਦੇ ਤਿੰਨ ਗੁਣ ਇਸ ਦੇ ਵੈਰੀ ਹਨ । ਹੇ ਕਿਰਪਾਲ ਪ੍ਰਭੂ ! (ਮੈਨੂੰ ਇਹਨਾਂ ਤੋਂ) ਬਚਾ ਲੈ । ਰਹਾਉ ।

ਹੇ ਪ੍ਰਭੂ ! (ਇਹਨਾਂ ਤੋਂ ਬਚਣ ਲਈ) ਮੈਂ ਕਈ ਜਤਨ ਕਰਦਾ ਹਾਂ, ਮੈਂ ਤੀਰਥਾਂ ਤੇ ਜਾਂਦਾ ਹਾਂ, ਮੈਂ ਛੇ (ਰੋਜ਼ਾਨਾ) ਕਰਮਾਂ ਦੀ ਮਰਯਾਦਾ ਨਿਬਾਹੁੰਦਾ ਹਾਂ, ਮੈਂ ਸਮਾਧੀਆਂ ਲਾਂਦਾ ਹਾਂ । ਹੇ ਪ੍ਰਭੂ ! ਮੈਂ ਸਾਰੇ ਹੀਲੇ ਕਰ ਕੇ ਥੱਕ ਗਿਆ ਹਾਂ, ਪਰ ਇਹ ਡਰਾਉਣੇ ਵਿਕਾਰ (ਮੇਰੇ ਉੱਤੇ ਹੱਲੇ ਕਰਨੋਂ) ਥੱਕਦੇ ਨਹੀਂ ਹਨ । ੧ ।

ਹੇ ਦਇਆ ਦੇ ਮਾਲਕ ਪ੍ਰਭੂ ! ਹੇ ਜਨਮ ਮਰਨ ਦਾ ਗੇੜ ਦੂਰ ਕਰਨ ਵਾਲੇ ਹਰੀ! ਮੈਂ ਤੇਰੀ ਸਰਨ ਆਇਆ ਹਾਂ, ਮੈਂ ਤੇਰੇ ਦਰ ਤੇ ਸਿਰ ਨਿਵਾਉਂਦਾ ਹਾਂ । ਹੇ ਦੀਨਾਂ ਉਤੇ ਦਇਆ ਕਰਨ ਵਾਲੇ ! (ਮੇਰਾ) ਸਿਰਫ ਤੂੰ ਹੀ (ਰਾਖਾ) ਹੈਂ । ਹੇ ਪ੍ਰਭੂ ! ਨਾਨਕ ਨੂੰ ਤੇਰੇ ਹੀ ਚਰਨਾਂ ਦਾ ਆਸਰਾ ਹੈ ।

ਹੇ ਪ੍ਰਭੂ ! ਤੇਰੇ ਸੰਤ ਜਨਾਂ ਦੀ ਚਰਨੀਂ ਲੱਗ ਕੇ, ਤੇਰੇ ਸੰਤ ਜਨਾਂ ਦਾ ਪੱਲਾ ਫੜ ਕੇ (ਅਨੇਕਾਂ ਜੀਵ) ਭਰਮ ਤੇ ਮੋਹ ਦੇ ਸਮੁੰਦਰ (ਵਿਚ ਡੁੱਬਣ) ਤੋਂ ਬਚ ਗਏ ।੨।੧।੨।

ਕੇਦਾਰਾ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥ ਸਰਨੀ ਆਇਓ ਨਾਥ ਨਿਧਾਨ॥ ਨਾਮ ਪ੍ਰੀਤਿ ਲਾਗੀ ਮਨ ਭੀਤਰਿ ਮਾਗਨ ਕਉ ਹਰਿ ਦਾਨ ॥ ੧ ॥ ਰਹਾਉ ॥ ਸੁਖਦਾਈ ਪੂਰਨ ਪਰਮੇਸੁਰ ਕਰਿ ਕਿਰਪਾ ਰਾਖਹੁ ਮਾਨ ॥ ਦੇਹੁ ਪ੍ਰੀਤਿ ਸਾਧੂ ਸੰਗਿ ਸੁਆਮੀ ਹਰਿ ਗੁਨ ਰਸਨ ਬਖਾਨ ॥ ੧ ॥ ਗੋਪਾਲ ਦਇਆਲ ਗੋਬਿਦ ਦਮੋਦਰ ਨਿਰਮਲ ਕਥਾ ਗਿਆਨ ॥ ਨਾਨਕ ਕਉ ਹਰਿ ਕੈ ਰੰਗਿ ਰਾਗਹੁ ਚਰਨ ਕਮਲ ਸੰਗਿ ਧਿਆਨ ॥ ੨ ॥ ੧ ॥ ੩ ॥

ਪਦ ਅਰਥ :–ਨਾਥ–ਹੇ ਨਾਥ ! ਨਿਧਾਨ–ਹੇ (ਸਭ ਸੁਖਾਂ ਦੇ) ਖ਼ਜ਼ਾਨੇ ! ਮਨ

ਭੀਤਰਿ—ਮਨ ਵਿਚ । ਮਾਗਨ ਕਉ—ਮੰਗਣ ਵਾਸਤੇ । ੧ । ਰਹਾਉ ।

ਪੂਰਨ—ਹੇ ਸਭ ਗੁਣਾਂ ਨਾਲ ਭਰਪੂਰ ! ਪਰਮੇਸੁਰ—ਹੇ ਪਰਮ ਈਸੁਰ ! ਹੇ ਸਭ ਤੋਂ ਉੱਚੇ ਮਾਲਕ ! ਮਾਨ—ਲਾਜ ! ਸਾਧੂ ਸੰਗਿ—ਗੁਰੂ ਦੀ ਸੰਗਤਿ ਵਿਚ । ਸੁਆਮੀ—ਹੇ ਮਾਲਕ ! ਰਸਨ—ਜੀਭ (ਨਾਲ) । ਬਖਾਨ—ਉਚਾਰਨੇ । ੧ ।

ਗੋਪਾਲ—ਹੇ ਗੋਪਾਲ ! ਦਮੋਦਰ—ਹੇ ਦਮੋਦਰ! ਕਥਾ—ਸਿਫ਼ਤਿ ਸਾਲਾਹ । ਗਿਆਨ—ਸੂਝ । ਰੰਗਿ—ਰੰਗ ਵਿਚ । ਰਾਗਹੁ—ਰਾਂਗਹੁ, ਰੰਗ ਦੇਹ । ਸੰਗਿ—ਨਾਲ । ਧਿਆਨੁ—ਸੁਰਤਿ । ੨ ।

ਅਰਥ:—ਹੇ ਨਾਥ ! ਹੇ (ਸਭ ਸੁਖਾਂ ਦੇ) ਖ਼ਜ਼ਾਨੇ ! ਮੇਰੇ ਮਨ ਵਿਚ ਤੇਰੇ ਨਾਮ ਦਾ ਪਿਆਰ ਪੈਦਾ ਹੋ ਗਿਆ ਹੈ । ਹੇ ਹਰੀ ! ਤੇਰੇ ਨਾਮ ਦਾ ਦਾਨ ਮੰਗਣ ਲਈ ਮੈਂ ਤੇਰੀ ਸਰਨ ਆਇਆ ਹਾਂ । ੧ । ਰਹਾਉ ।

ਹੇ ਸੁਖ ਦਾਤੇ ! ਹੇ ਸਰਬ ਗੁਣ ਭਰਪੂਰ ! ਹੇ ਸਭ ਤੋਂ ਉੱਚੇ ਮਾਲਕ ! ਮਿਹਰ ਕਰ, (ਮੇਰੀ ਸਰਨ ਪਏ ਦੀ) ਲਾਜ ਰੱਖ । ਹੇ ਸੁਆਮੀ ! ਗੁਰੂ ਦੀ ਸੰਗਤਿ ਵਿਚ (ਰੱਖ ਕੇ ਮੈਨੂੰ ਆਪਣਾ) ਪਿਆਰ ਬਖ਼ਸ਼ । ਹੇ ਹਰੀ ! ਮੇਰੀ ਜੀਭ ਤੇਰੇ ਗੁਣ ਉਚਾਰਦੀ ਰਹੇ।੧।

ਹੇ ਗੋਪਾਲ ! ਹੇ ਦਇਆਲ ! ਹੇ ਗੋਬਿੰਦ ! ਹੇ ਦਮੋਦਰ ! ਮੈਨੂੰ ਆਪਣੀ ਪਵਿੱਤਰ ਸਿਫ਼ਤਿ ਸਾਲਾਹ ਦੀ ਸੂਝ (ਬਖ਼ਸ਼) । ਹੇ ਹਰੀ ! ਨਾਨਕ ਨੂੰ ਆਪਣੇ (ਪਿਆਰ-) ਰੰਗ ਵਿਚ ਰੰਗ ਦੇਹ । (ਨਾਨਕ ਦੀ) ਸੁਰਤਿ ਤੇਰੇ ਸੋਹਣੇ ਚਰਨਾਂ ਵਿਚ ਟਿਕੀ ਰਹੇ ।੨।੧।੩।

ਕੇਦਾਰਾ ਮਹਲਾ ੫ ॥ ਹਰਿ ਕੇ ਦਰਸਨ ਕੋ ਮਨਿ ਚਾਉ ॥ ਕਰਿ ਕਿਰਪਾ ਸਤਸੰਗਿ ਮਿਲਾਵਹੁ ਤੁਮ ਦੇਵਹੁ ਅਪਨੋ ਨਾਉ ॥ ਰਹਾਉ ॥ ਕਰਉ ਸੇਵਾ ਸਤ ਪੁਰਖ ਪਿਆਰੇ ਜਤ ਸੁਨੀਐ ਤਤ ਮਨਿ ਰਹਸਾਉ ॥ ਵਾਰੀ ਫੇਰੀ ਸਦਾ ਘੁਮਾਈ ਕਵਨੁ ਅਨੂਪੁ ਤੇਰੋ ਠਾਉ ॥ ੧ ॥ ਸਰਬ ਪ੍ਰਤਿਪਾਲਹਿ ਸਗਲ ਸਮਾਲਹਿ ਸਗਲਿਆ ਤੇਰੀ ਛਾਉ ॥ ਨਾਨਕ ਕੇ ਪ੍ਰਭ ਪੁਰਖ ਬਿਧਾਤੇ ਘਟਿ ਘਟਿ ਤੁਝਹਿ ਦਿਖਾਉ ॥ ੨ ॥ ੨ ॥ ੪ ॥

ਪਦ ਅਰਥ:—ਕੋ—ਦਾ । ਮਨਿ—ਮਨ ਵਿਚ । ਕਰਿ—ਕਰ ਕੇ । ਸਤ ਸੰਗਿ—ਸਾਧ ਸੰਗਤਿ ਵਿਚ । ਰਹਾਉ ।

ਕਰਉ—ਕਰਉਂ, ਮੈਂ ਕਰਾਂ । ਸੇਵਾ ਸਤ ਪੁਰਖ—ਗੁਰਮੁਖਾਂ ਦੀ ਸੇਵਾ । ਪਿਆਰੇ—ਹੇ ਪਿਆਰੇ ਪ੍ਰਭੂ! ਜਤ—[ਯਤ੍ਰ] ਜਿੱਥੇ । ਸੁਨੀਐ—ਸੁਣਿਆ ਜਾਂਦਾ ਹੈ । ਤਤ—ਉਥੇ । ਮਨਿ—ਮਨ ਵਿਚ । ਰਹਸਾਉ—ਰਹਸੁ, ਖਿੜਾਉ। ਵਾਰੀ, ਫੇਰੀ, ਘੁਮਾਈ—ਮੈਂ ਸਦਕੇ ਜਾਂਦਾ ਹਾਂ । ਅਨੂਪੁ—[ਅਨ-ਊਪ] ਜਿਸ ਵਰਗਾ ਹੋਰ ਕੋਈ ਨਹੀਂ, ਬਹੁਤ ਹੀ ਸੁੰਦਰ । ਠਾਉ—ਥਾਂ।੧।

ਪ੍ਰਤਿਪਾਲਹਿ–ਤੂੰ ਪਾਲਦਾ ਹੈਂ। ਸਮਾਲਹਿ–ਤੂੰ ਸੰਭਾਲ ਕਰਦਾ ਹੈਂ। ਛਾਉ–ਆਸਰਾ। ਪੁਰਖ–ਹੇ ਸਰਬ-ਵਿਆਪਕ! ਬਿਧਾਤੇ–ਹੇ ਸਿਰਜਣਹਾਰ! ਘਟਿ ਘਟਿ–ਹਰੇਕ ਘਟ ਵਿਚ। ਦਿਖਾਉ–ਮੈਂ ਵੇਖਦਾ ਹਾਂ। ੨।

ਅਰਥ:–ਹੇ ਭਾਈ! ਮੇਰੇ ਮਨ ਵਿਚ ਹਰੀ ਦੇ ਦਰਸਨ ਦੀ ਤਾਂਘ ਹੈ। ਹੇ ਹਰੀ! ਮਿਹਰ ਕਰ ਕੇ ਮੈਨੂੰ ਸਾਧ ਸੰਗਤਿ ਵਿਚ ਮਿਲਾਈ ਰੱਖ, (ਤੇ ਉਥੇ ਰੱਖ ਕੇ) ਮੈਨੂੰ ਆਪਣਾ ਨਾਮ ਬਖ਼ਸ਼। ਰਹਾਉ।

ਹੇ ਪਿਆਰੇ ਹਰੀ! (ਮਿਹਰ ਕਰ) ਮੈਂ ਗੁਰਮੁਖਾਂ ਦੀ ਸੇਵਾ ਕਰਦਾ ਰਹਾਂ (ਕਿਉਂਕਿ ਗੁਰਮੁਖਾਂ ਦੀ ਸੰਗਤਿ ਵਿਚ) ਜਿਥੇ ਭੀ ਤੇਰਾ ਨਾਮ ਸੁਣਿਆ ਜਾਂਦਾ ਹੈ ਉਥੇ ਹੀ ਮਨ ਵਿਚ ਖ਼ੁਸ਼ੀ ਪੈਦੀ ਹੁੰਦੀ ਹੈ। ਹੇ ਪ੍ਰਭੂ! ਮੈਂ ਤੈਥੋਂ ਵਾਰਨੇ ਜਾਂਦਾ ਹਾਂ, ਤੈਥੋਂ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ, (ਜਿੱਥੇ ਤੂੰ ਵੱਸਦਾ ਹੈਂ) ਤੇਰਾ (ਉਹ) ਥਾਂ ਬਹੁਤ ਹੀ ਸੋਹਣਾ ਹੈ।੧।

ਹੇ ਪ੍ਰਭੂ! ਤੂੰ ਸਭ ਜੀਵਾਂ ਦੀ ਪਾਲਣਾ ਕਰਦਾ ਹੈਂ, ਤੂੰ ਸਭ ਦੀ ਸੰਭਾਲ ਕਰਦਾ ਹੈਂ, ਸਭ ਜੀਵਾਂ ਨੂੰ ਤੇਰਾ ਹੀ ਆਸਰਾ ਹੈ। ਹੇ ਨਾਨਕ ਦੇ ਪ੍ਰਭੂ! ਹੇ ਸਰਬ-ਵਿਆਪਕ ਸਿਰਜਣਹਾਰ! (ਮਿਹਰ ਕਰ) ਮੈਂ ਤੈਨੂੰ ਹੀ ਹਰੇਕ ਸਰੀਰ ਵਿਚ ਵੇਖਦਾ ਰਹਾਂ। ੨। ੨। ੪।

ਕੇਦਾਰਾ ਮਹਲਾ ੫॥ ਪ੍ਰਿਅ ਕੀ ਪ੍ਰੀਤਿ ਪਿਆਰੀ ॥ ਮਗਨ ਮਨੈ ਮਹਿ ਚਿਤਵਉ ਆਸਾ ਨੈਨਹੁ ਤਾਰ ਤੁਹਾਰੀ ॥ ਰਹਾਉ ॥ ਓਇ ਦਿਨ ਪਹਰ ਮੂਰਤ ਪਲ ਕੈਸੇ ਓਇ ਪਲ ਘਰੀ ਕਿਹਾਰੀ॥ ਖੂਲੇ ਕਪਟ ਧਪਟ ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ ॥ ੧ ॥ ਕਉਨੁ ਸੁ ਜਤਨੁ ਉਪਾਉ ਕਿਨੇਹਾ ਸੇਵਾ ਕਉਨ ਬੀਚਾਰੀ ॥ ਮਾਨੁ ਅਭਿਮਾਨੁ ਮੋਹੁ ਤਜਿ ਨਾਨਕ ਸੰਤਹ ਸੰਗਿ ਉਧਾਰੀ ॥ ੨ ॥ ੩ ॥ ੫ ॥

ਪਦ ਅਰਥ:–ਪ੍ਰਿਅ ਕੀ–ਪਿਆਰੇ ਪ੍ਰਭੂ ਦੀ। ਪਿਆਰੀ–(ਮਨ ਨੂੰ) ਚੰਗੀ ਲੱਗਦੀ ਹੈ। ਮਗਨ–ਮਸਤ। ਮਨੈ ਮਹਿ–ਮਨ ਮਹਿ ਹੀ, ਮਨ ਵਿਚ ਹੀ। ਚਿਤਵਉ–ਚਿਤਵਉਂ, ਮੈਂ ਚਿਤਵਦਾ ਹਾਂ। ਨੈਨਹੁ–(ਮੇਰੀਆਂ) ਅੱਖਾਂ ਵਿਚ। ਤਾਰ ਤੁਹਾਰੀ–ਤੇਰੀ ਹੀ ਖਿੱਚ। ਰਹਾਉ।

ਓਇ–[ਲਫ਼ਜ਼ 'ਓਹ' ਤੋਂ ਬਹੁ ਵਚਨ]। ਮੂਰਤ–ਮੁਹੂਰਤ। ਕੈਸੇ–ਕਿਹੋ ਜਿਹੇ? ਬੜੇ ਹੀ ਸੁਹਾਵਣੇ। ਘਰੀ–ਘੜੀ। ਕਿਹਾਰੀ–ਕਿਹੋ ਜਿਹੀ? ਬੜੀ ਹੀ ਸੋਹਣੀ। ਕਪਟ ਕਿਵਾੜ। ਧਪਟ–ਝਟਪਟ। ਬੁਝਿ–ਬੁਝ ਕੇ। ਜੀਵਉ–ਜੀਵਉਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ। ਪੇਖਿ–ਵੇਖ ਕੇ। ੧।

ਸੁ–ਉਹ। ਉਪਾਉ–ਹੀਲਾ। ਬੀਚਾਰੀ–ਬੀਚਾਰੀਂ, ਮੈਂ ਵਿਚਾਰਾਂ। ਤਜਿ–ਤਿਆਗ

ਕੇ । ਸੰਗਿ–ਸੰਗਤਿ ਵਿਚ । ਉਧਾਰੀ–ਉਧਾਰ, ਪਾਰ-ਉਤਾਰਾ । ੨ ।

ਅਰਥ :–ਹੇ ਭਾਈ ! ਪਿਆਰੇ ਪ੍ਰਭੂ ਦੀ ਪ੍ਰੀਤ ਮੇਰੇ ਮਨ ਨੂੰ ਖਿੱਚ ਪਾਂਦੀ ਰਹਿੰਦੀ ਹੈ। ਹੇ ਪ੍ਰਭੂ ! ਆਪਣੇ ਮਨ ਵਿਚ ਹੀ ਮਸਤ (ਰਹਿ ਕੇ) ਮੈਂ (ਤੇਰੇ ਦਰਸਨ ਦੀਆਂ) ਆਸਾਂ ਚਿਤਵਦਾ ਰਹਿੰਦਾ ਹਾਂ, ਮੇਰੀਆਂ ਅੱਖਾਂ ਵਿਚ (ਤੇਰੇ ਹੀ ਦਰਸਨ ਦੀ) ਤਾਂਘ-ਭਰੀ ਉਡੀਕ ਬਣੀ ਰਹਿੰਦੀ ਹੈ । ਰਹਾਉ ।

ਹੇ ਭਾਈ ! ਉਹ ਦਿਹਾੜੇ, ਉਹ ਪਹਰ, ਉਹ ਮੁਹੂਰਤ, ਉਹ ਪਲ ਬੜੇ ਹੀ ਭਾਗਾਂ ਵਾਲੇ ਹੁੰਦੇ ਹਨ, ਉਹ ਘੜੀ ਭੀ ਬੜੀ ਭਾਗਾਂ ਵਾਲੀ ਹੁੰਦੀ ਹੈ, ਜਦੋਂ (ਮਨੁੱਖ ਦੇ ਅੰਦਰੋਂ) ਮਾਇਆ ਦੀ ਤ੍ਰਿਸ਼ਨਾ ਮਿਟ ਕੇ ਉਸ ਦੇ (ਮਨ ਦੇ ਬੰਦ ਹੋ ਚੁਕੇ) ਕਿਵਾੜ ਝਟਪਟ ਖੁਲ੍ ਜਾਂਦੇ ਹਨ । ਹੇ ਭਾਈ ! ਪ੍ਰਭੂ ਦਾ ਦਰਸਨ ਕਰ ਕੇ (ਮੇਰੇ ਅੰਦਰ ਤਾਂ) ਆਤਮਕ ਜੀਵਨ ਪੈਦਾ ਹੁੰਦਾ ਹੈ। ੧ ।

ਹੇ ਨਾਨਕ ! (ਆਖ–ਹੇ ਭਾਈ !) ਮੈਂ ਉਹ ਕਿਹੜਾ ਜਤਨ ਦੱਸਾਂ ? ਉਹ ਕਿਹੜਾ ਹੀਲਾ ਦੱਸਾਂ ? ਮੈਂ ਉਹ ਕਿਹੜੀ ਸੇਵਾ ਵਿਚਾਰਾਂ (ਜਿੰਨ੍ਹਾਂ ਦਾ ਸਦਕਾ ਪਿਆਰੇ ਪ੍ਰਭੂ ਦਾ ਦਰਸਨ ਹੋ ਸਕਦਾ ਹੈ) ।

ਹੇ ਭਾਈ ! ਸੰਤ ਜਨਾਂ ਦੀ ਸੰਗਤਿ ਵਿਚ ਮਾਣ ਅਹੰਕਾਰ ਮੋਹ ਤਿਆਗ ਕੇ ਹੀ ਪਾਰ-ਉਤਾਰਾ ਹੁੰਦਾ ਹੈ (ਤੇ ਪ੍ਰਭੂ ਦਾ ਮਿਲਾਪ ਹੁੰਦਾ ਹੈ) । ੨ । ੩ । ੫ ।

ਕੇਦਾਰਾ ਮਹਲਾ ੫ ॥ ਹਰਿ ਹਰਿ ਹਰਿ ਗੁਨ ਗਾਵਹੁ । ਕਰਹੁ ਕ੍ਰਿਪਾ ਗੋਪਾਲ ਗੋਬਿਦੇ ਅਪਨਾ ਨਾਮੁ ਜਪਾਵਹੁ ॥ ਰਹਾਉ ॥ ਕਾਢਿ ਲੀਏ ਪ੍ਰਭ ਆਨ ਬਿਖੈ ਤੇ ਸਾਧ ਸੰਗਿ ਮਨੁ ਲਾਵਹੁ ॥ ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥ ੧ ॥ ਸਭ ਕੀ ਰੇਨ ਹੋਇ ਮਨੁ ਮੇਰਾ ਅਹੰਬੁਧਿ ਤਜਾਵਹੁ ॥ ਅਪਨੀ ਭਗਤਿ ਦੇਹਿ ਦਇਆਲਾ ਵਡਭਾਗੀ ਨਾਨਕ ਹਰਿ ਪਾਵਹੁ ॥ ੨ ॥ ੪ ॥ ੬ ॥

ਪਦ ਅਰਥ :–ਗੋਪਾਲ–ਹੇ ਗੋਪਾਲ ! ਜਪਾਵਹੁ–ਜਪਣ ਵਿਚ ਸਹਾਇਤਾ ਕਰੋ । ਰਹਾਉ ।

ਪ੍ਰਭ–ਹੇ ਪ੍ਰਭੂ ! ਤੇ–ਤੋਂ । ਆਨ–ਹੋਰ ਹੋਰ [अन्य] । ਆਨ ਬਿਖੈ ਤੇ–ਹੋਰ ਹੋਰ ਵਿਸ਼ਿਆਂ ਤੋਂ । ਸਾਧ ਸੰਗਿ–ਗੁਰੂ ਦੀ ਸੰਗਤਿ ਵਿਚ । ਲਾਵਹੁ–(ਹੇ ਪ੍ਰਭੂ !) ਤੂੰ ਜੋੜਦਾ ਹੈਂ । ਕਟਿਓ–ਕੱਟਿਆ ਜਾਂਦਾ ਹੈ । ਗੁਰ ਬਚਨੀ–ਗੁਰੂ ਦੇ ਬਚਨਾਂ ਦੀ ਰਾਹੀਂ । ਦਿਖਾਵਹੁ–ਤੂੰ ਦਿਖਾਂਦਾ ਹੈਂ । ੧ ।

ਰੇਨ–ਚਰਨ-ਧੂੜ । ਅਹੰਬੁਧਿ–ਹਉਮੈ ਵਾਲੀ ਬਧਿ । ਤਜਾਵਹੁ–ਛੱਡਣ ਵਿਚ

ਸਹਾਇਤਾ ਕਰੋ। ਦਇਆਲਾ—ਹੇ ਦਇਆਲ ! ਵਡਭਾਗੀ—ਵੱਡੇ ਭਾਗਾਂ ਨਾਲ। ਪਾਵਹੁ—(ਮਿਲਾਪ) ਹਾਸਲ ਕਰ ਸਕੋਗੇ। ੨।

ਅਰਥ :—ਹੇ ਭਾਈ ! ਸਦਾ ਪਰਮਾਤਮਾ ਦੇ ਗੁਣ ਗਾਂਦੇ ਰਿਹਾ ਕਰੋ।

ਹੇ ਗੋਪਾਲ ! ਹੇ ਗੋਬਿੰਦ ! (ਮੇਰੇ ਉਤੇ) ਮਿਹਰ ਕਰ, ਮੈਨੂੰ ਆਪਣਾ ਨਾਮ ਜਪਣ ਵਿਚ ਸਹਾਇਤਾ ਕਰ। ਰਹਾਉ।

ਹੇ ਪ੍ਰਭੂ ! ਤੂੰ ਜਿਨ੍ਹਾਂ ਮਨੁੱਖਾਂ ਦਾ ਮਨ ਸਾਧ ਸੰਗਤਿ ਵਿਚ ਲਾਂਦਾ ਹੈਂ, ਉਹਨਾਂ ਨੂੰ ਤੂੰ ਹੋਰ ਹੋਰ ਵਿਸ਼ਿਆਂ ਵਿਚੋਂ ਕੱਢ ਲਿਆ ਹੈ। ਹੇ ਪ੍ਰਭੂ ! ਜਿਨ੍ਹਾਂ ਨੂੰ ਤੂੰ ਆਪਣਾ ਦਰਸਨ ਦੇਂਦਾ ਹੈਂ, ਗੁਰੂ ਦੇ ਬਚਨਾਂ ਦੀ ਰਾਹੀਂ ਉਹਨਾਂ ਦਾ ਭਰਮ ਉਹਨਾਂ ਦਾ ਡਰ ਉਹਨਾਂ ਦਾ ਮੋਹ ਕੱਟਿਆ ਜਾਂਦਾ ਹੈ। ੧।

ਹੇ ਦਇਆਲ ਪ੍ਰਭੂ ! (ਮਿਹਰ ਕਰ, ਮੈਨੂੰ) ਆਪਣੀ ਭਗਤੀ (ਦੀ ਦਾਤਿ) ਬਖ਼ਸ਼ (ਮਿਹਰ ਕਰ, ਮੇਰੇ ਅੰਦਰੋਂ) ਹਉਮੈ ਦੂਰ ਕਰ, ਮੇਰਾ ਮਨ ਸਭਨਾਂ ਦੇ ਚਰਨਾਂ ਦੀ ਧੂੜ ਹੋਇਆ ਰਹੇ।

ਹੇ ਨਾਨਕ ! (ਆਖ—ਹੇ ਭਾਈ !) ਤੁਸੀ ਵੱਡੇ ਭਾਗਾਂ ਨਾਲ (ਹੀ) ਪਰਮਾਤਮਾ ਦਾ ਮਿਲਾਪ ਹਾਸਲ ਕਰ ਸਕਦੇ ਹੋ। ੨। ੪। ੬।

ਕੇਦਾਰਾ ਮਹਲਾ ੫ ॥ ਹਰਿ ਬਿਨੁ ਜਨਮੁ ਅਕਾਰਥ ਜਾਤ ॥ ਤਜਿ ਗੋਪਾਲ ਆਨ ਰੰਗਿ ਰਾਚਤ ਮਿਥਿਆ ਪਹਿਰਤ ਖਾਤ ॥ ਰਹਾਉ ॥ ਧਨੁ ਜੋਬਨੁ ਸੰਪੈ ਸੁਖ ਭੋੁਗਵੈ ਸੰਗਿ ਨ ਨਿਬਹਤ ਮਾਤ ॥ ਮ੍ਰਿਗ ਤ੍ਰਿਸਨਾ ਦੇਖਿ ਰਚਿਓ ਬਾਵਰ ਦ੍ਰੁਮ ਛਾਇਆ ਰੰਗਿ ਰਾਤ ॥ ੧ ॥ ਮਾਨ ਮੋਹ ਮਹਾ ਮਦ ਮੋਹਤ ਕਾਮ ਕ੍ਰੋਧ ਕੇ ਖਾਤ ॥ ਕਰੁ ਗਹਿ ਲੇਹੁ ਦਾਸ ਨਾਨਕ ਕਉ ਪ੍ਰਭ ਜੀਉ ਹੋਇ ਸਹਾਤ ॥ ੨ ॥ ੫ ॥ ੭ ॥

ਪਦ ਅਰਥ :—ਅਕਾਰਥ—ਵਿਅਰਥ। ਜਾਤ—ਜਾਂਦਾ ਹੈ। ਤਜਿ—ਛੱਡ ਕੇ, ਭੁਲਾ ਕੇ। ਆਨ ਰੰਗਿ—ਹੋਰ (ਪਦਾਰਥਾਂ) ਦੇ ਪਿਆਰ ਵਿਚ। ਰਾਚਤ—ਮਸਤ। ਮਿਥਿਆ—ਵਿਅਰਥ। ਪਹਿਰਤ—ਪਹਿਨਦਾ। ਖਾਤ—ਖਾਂਦਾ। ਰਹਾਉ।

ਜੋਬਨੁ—ਜੁਆਨੀ। ਸੰਪੈ—ਦੌਲਤ। ਭੋੁਗਵੈ—[ਅੱਖਰ 'ਭ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ। ਅਸਲ ਪਾਠ ਹੈ 'ਭੋਗਵੈ'। ਇਥੇ 'ਭੁਗਵੈ' ਪੜ੍ਹਨਾ ਹੈ]। ਸੰਗਿ—ਨਾਲ। ਮਾਤ—ਮਾਤ੍ਰ, ਰਤਾ ਭਰ ਭੀ। ਮ੍ਰਿਗ ਤ੍ਰਿਸਨਾ—ਠਗਨੀਰਾ [ਰੇਤਲੇ ਇਲਾਕਿਆਂ ਵਿਚ ਸੂਰਜ ਦੀਆਂ ਕਿਰਨਾਂ ਨਾਲ ਰੇਤ ਇਉਂ ਜਾਪਦੀ ਹੈ ਜਿਵੇਂ ਪਾਣੀ ਠਾਠਾਂ ਮਾਰ ਰਿਹਾ ਹੈ। ਤ੍ਰਿਹ ਨਾਲ ਘਾਬਰੇ ਹੋਏ ਮ੍ਰਿਗ ਆਦਿਕ ਪਸ਼ੂ ਉਸ ਰੇਤ-ਥਲੇ ਨੂੰ ਪਾਣੀ ਸਮਝ ਕੇ ਉਸ

ਵਲ ਦੌੜਦੇ ਹਨ। ਨੇੜੇ ਦਾ ਰੇਤ-ਥਲਾ ਤਾਂ ਧਰਤੀ ਹੀ ਦਿੱਸਦਾ ਹੈ, ਪਰ ਦੂਰ ਵਾਲਾ ਰੇਤ-ਥਲਾ ਪਾਣੀ ਜਾਪਦਾ ਹੈ। ਤਿਹਾਇਆ ਮ੍ਰਿਗ ਪਾਣੀ ਦੀ ਖ਼ਾਤਰ ਦੌੜ ਦੌੜ ਕੇ ਕਈ ਵਾਰੀ ਜਾਨ ਗਵਾ ਬੈਠਦਾ ਹੈ]। ਬਾਵਰ–ਕਮਲਾ, ਝੱਲਾ। ਦ੍ਰੁਮ–ਰੁੱਖ। ਰਾਤ–ਰੱਤਾ ਹੋਇਆ, ਮਸਤ।੧।

ਮਦ–ਨਸ਼ਾ। ਕੈ ਖਾਤ–ਦੇ ਟੋਏ ਵਿਚ। ਕਰੁ–ਹੱਥ [ਇਕ ਵਚਨ]। ਗਹਿ ਲੇਹੁ–ਫੜ ਲੈ। ਹੋਇ–ਹੋ ਕੇ। ਸਹਾਤ–ਸਹਾਈ। ਪ੍ਰਭ–ਹੇ ਪ੍ਰਭੂ ! ੨।

ਅਰਥ :–ਹੇ ਭਾਈ ! ਪਰਮਾਤਮਾ (ਦੇ ਭਜਨ) ਤੋਂ ਬਿਨਾ ਜ਼ਿੰਦਗੀ ਵਿਅਰਥ ਚਲੀ ਜਾਂਦੀ ਹੈ। (ਜਿਹੜਾ ਮਨੁੱਖ) ਪਰਮਾਤਮਾ (ਦੀ ਯਾਦ) ਭੁਲਾ ਕੇ ਹੋਰ ਹੋਰ ਰੰਗ ਵਿਚ ਮਸਤ ਰਹਿੰਦਾ ਹੈ, ਉਸ ਦਾ ਪਹਿਨਣਾ ਖਾਣਾ ਸਭ ਕੁਝ ਵਿਅਰਥ ਹੈ। ਰਹਾਉ।

ਹੇ ਭਾਈ ! (ਮਨੁੱਖ ਇਥੇ) ਧਨ ਦੌਲਤ (ਇਕੱਠੀ ਕਰਦਾ ਹੈ), ਜੁਆਨੀ ਸੁਖ ਮਾਣਦਾ ਹੈ (ਪਰ ਇਹਨਾਂ ਵਿਚੋਂ ਕੋਈ ਭੀ ਚੀਜ਼ ਜਗਤ ਤੋਂ ਤੁਰਨ ਵੇਲੇ) ਰਤਾ ਭਰ ਭੀ (ਮਨੁੱਖ ਦੇ) ਨਾਲ ਨਹੀਂ ਜਾਂਦੀ। ਝੱਲਾ ਮਨੁੱਖ (ਮਾਇਆ ਦੇ ਇਸ) ਠਗ-ਨੀਰੇ ਨੂੰ ਵੇਖ ਕੇ ਇਸ ਵਿਚ ਮਸਤ ਰਹਿੰਦਾ ਹੈ (ਮਾਨੋ) ਰੁੱਖ ਦੀ ਛਾਂ ਦੀ ਮੌਜ ਵਿਚ ਮਸਤ ਹੈ।੧।

ਹੇ ਭਾਈ ! ਮਨੁੱਖ (ਦੁਨੀਆ ਦੇ) ਮਾਣ ਮੋਹ ਦੇ ਭਾਰੇ ਨਸ਼ੇ ਵਿਚ ਮੋਹਿਆ ਰਹਿੰਦਾ ਹੈ, ਕਾਮ ਕ੍ਰੋਧ ਦੇ ਟੋਏ ਵਿਚ ਡਿੱਗਾ ਰਹਿੰਦਾ ਹੈ।

ਹੇ ਪ੍ਰਭੂ ਜੀ ! (ਨਾਨਕ ਦਾ) ਸਹਾਈ ਬਣ ਕੇ ਦਾਸ ਨਾਨਕ ਨੂੰ ਹੱਥ ਫੜ ਕੇ (ਇਸ ਟੋਏ ਵਿਚ ਡਿੱਗਣੋਂ) ਬਚਾ ਲੈ।੨।੫।੭।

ਕੇਦਾਰਾ ਮਹਲਾ ੫ ॥ ਹਰਿ ਬਿਨੁ ਕੋਇ ਨ ਚਾਲਸਿ ਸਾਥ ॥ ਦੀਨਾ ਨਾਥ ਕਰੁਣਾਪਤਿ ਸੁਆਮੀ ਅਨਾਥਾ ਕੇ ਨਾਥ ॥ ਰਹਾਉ ॥ ਸੁਤ ਸੰਪਤਿ ਬਿਖਿਆ ਰਸ ਭੁੋਗਵਤ ਨਹ ਨਿਬਹਤ ਜਮ ਕੈ ਪਾਥ ॥ ਨਾਮੁ ਨਿਧਾਨੁ ਗਾਉ ਗੁਨ ਗੋਬਿੰਦ ਉਧਰੁ ਸਾਗਰ ਕੇ ਖਾਤ ॥ ੧ ॥ ਸਰਨਿ ਸਮਰਥ ਅਕਥ ਅਗੋਚਰ ਹਰਿ ਸਿਮਰਤ ਦੁਖ ਲਾਥ ॥ ਨਾਨਕ ਦੀਨ ਧੂਰਿ ਜਨ ਬਾਂਛਤ ਮਿਲੈ ਲਿਖਤ ਧੁਰਿ ਮਾਥ ॥ ੨ ॥ ੬ ॥ ੮ ॥

ਪਦ ਅਰਥ :–ਸਾਥ–ਨਾਲ। ਨ ਚਾਲਸਿ–ਨਹੀਂ ਜਾਂਦਾ। ਦੀਨਾ ਨਾਥ–ਹੇ ਗਰੀਬਾਂ ਦੇ ਖਸਮ ! ਕਰੁਣਾਪਤਿ–ਹੇ ਤਰਸ ਦੇ ਮਾਲਕ ! ਹੇ ਮਿਹਰਾਂ ਦੇ ਸਾਈਂ ! ਅਨਾਥਾ ਕੇ ਨਾਥ–ਹੇ ਨਿਆਸਰਿਆਂ ਦੇ ਆਸਰੇ ! ਰਹਾਉ।

ਸੁਤ–ਪੁੱਤਰ। ਸੰਪਤਿ–ਧਨ। ਬਿਖਿਆ–ਮਾਇਆ। ਭੁੋਗਵਤ–[ਅੱਖਰ 'ਭ' ਦੇ

ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਭੋਗਵਤ'। **ਇਥੇ 'ਭੁਗਵਤ'** ਪੜ੍ਹਨਾ ਹੈ]। ਪਾਥ—ਰਸਤਾ। ਜਮ ਕੈ ਪਾਥ—ਜਮਰਾਜ ਦੇ ਰਸਤੇ ਪਿਆਂ। ਨਿਧਾਨੁ—ਖ਼ਜ਼ਾਨਾ। ਗਾਉ—ਗਾਇਆ ਕਰ। ਉਧਰੁ—(ਆਪਣੇ ਆਪ ਨੂੰ) ਬਚਾ ਲੈ। ਸਾਗਰ—(ਸੰਸਾਰ-) ਸਮੁੰਦਰ। ਖਾਤ—(ਵਿਕਾਰਾਂ ਦਾ) ਗੜ੍ਹਾ, ਟੋਆ। ੧।

ਸਮਰਥ—ਹੇ ਸਭ ਤਾਕਤਾਂ ਦੇ ਮਾਲਕ! ਅਕਥ—ਜਿਸ ਦੇ ਸਹੀ ਸਰੂਪ ਦਾ ਬਿਆਨ ਨਾਹ ਹੋ ਸਕੇ। ਅਗੋਚਰ—[ਅ-ਗੋ-ਚਰ। ਗੋ—ਗਿਆਨ ਇੰਦ੍ਰੇ] ਜੋ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ। ਲਾਥ—ਲਹਿ ਜਾਂਦੇ ਹਨ। ਦੀਨ-ਗਰੀਬ। ਧੂਰਿ ਜਨ—ਸੰਤ ਜਨਾਂ ਦੀ ਚਰਨ-ਧੂੜ। ਬਾਂਛਤ—ਮੰਗਦਾ। ਲਿਖਤ ਧੁਰਿ ਮਾਥ—ਧੁਰ-ਦਰਗਾਹ ਤੋਂ ਮੱਥੇ ਉਤੇ ਲਿਖੇ ਅਨੁਸਾਰ। ੨।

ਅਰਥ :—ਹੇ ਭਾਈ! (ਜਗਤ ਤੋਂ ਤੁਰਨ ਵੇਲੇ) ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਕੋਈ (ਜੀਵ ਦੇ) ਨਾਲ ਨਹੀਂ ਜਾਂਦਾ। ਹੇ ਦੀਨਾਂ ਦੇ ਨਾਥ! ਹੇ ਮਿਹਰਾਂ ਦੇ ਸਾਈਂ! ਹੇ ਸੁਆਮੀ! ਹੇ ਅਨਾਥਾਂ ਦੇ ਨਾਥ! (ਤੇਰਾ ਨਾਮ ਹੀ ਅਸਲ ਸਾਥੀ ਹੈ)। ਰਹਾਉ।

ਹੇ ਭਾਈ! (ਮਨੁੱਖ ਦੇ ਪਾਸ) ਪੁੱਤਰ (ਹੁੰਦੇ ਹਨ), ਧਨ (ਹੁੰਦਾ ਹੈ), (ਮਨੁੱਖ) ਮਾਇਆ ਦੇ ਅਨੇਕਾਂ ਰਸ ਭੋਗਦਾ ਹੈ, ਪਰ ਜਮਰਾਜ ਦੇ ਰਸਤੇ ਤੁਰਨ ਵੇਲੇ ਕੋਈ ਸਾਥ ਨਹੀਂ ਨਿਬਾਹੁੰਦਾ। ਹੇ ਭਾਈ! ਪਰਮਾਤਮਾ ਦਾ ਨਾਮ ਹੀ(ਨਾਲ ਨਿਭਣ ਵਾਲਾ ਅਸਲ) ਖ਼ਜ਼ਾਨਾ ਹੈ। ਗੋਬਿੰਦ ਦੇ ਗੁਣ ਗਾਇਆ ਕਰ, (ਇਸ ਤਰ੍ਹਾਂ ਆਪਣੇ ਆਪ ਨੂੰ) ਸੰਸਾਰ-ਸਮੁੰਦਰ ਦੇ (ਵਿਕਾਰਾਂ ਦੇ) ਟੋਏ (ਵਿਚ ਡਿੱਗਣ) ਤੋਂ ਬਚਾ ਲੈ। ੧।

ਹੇ ਸਮਰਥ! ਹੇ ਅਕੱਥ! ਹੇ ਅਗੋਚਰ! ਹੇ ਹਰੀ! (ਮੈਂ ਤੇਰੀ) ਸਰਨ(ਆਇਆ ਹਾਂ), (ਤੇਰਾ ਨਾਮ) ਸਿਮਰਦਿਆਂ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਹੇ ਨਾਨਕ! (ਆਖ—ਹੇ ਪ੍ਰਭੂ!) ਦਾਸ ਗਰੀਬ ਤੇਰੇ ਸੰਤ ਜਨਾਂ ਦੀ ਚਰਨ-ਧੂੜ ਮੰਗਦਾ ਹੈ। ਇਹ ਚਰਨ-ਧੂੜ ਉਸ ਮਨੁੱਖ ਨੂੰ ਮਿਲਦੀ ਹੈ, ਜਿਸ ਦੇ ਮੱਥੇ ਉਤੇ ਧੁਰ-ਦਰਗਾਹ ਤੋਂ ਲਿਖੀ ਹੁੰਦੀ ਹੈ। ੨। ੬। ੮।

ਕੇਦਾਰਾ ਮਹਲਾ ੫ ਘਰੁ ੫

ੴ ਸਤਿਗੁਰ ਪ੍ਰਸਾਦਿ॥ ਬਿਸਰਤ ਨਾਹਿ ਮਨ ਤੇ ਹਰੀ॥ ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ॥ ਰਹਾਉ॥ ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਤ ਨ ਘਰੀ॥ ਗੁਨ ਗੋਪਾਲ ਉਚਾਰੁ ਰਸਨਾ, ਟੇਵ ਏਹ ਪਰੀ॥ ੧॥ ਮਹਾ ਨਾਦ ਕੁਰੰਕ ਮੋਹਿਓ ਬੇਧਿ ਤੀਖਨ

ਸਰੀ ॥ ਪ੍ਰਭ ਚਰਨ ਕਮਲ ਰਸਾਲ ਨਾਨਕ ਗਾਠਿ ਬਾਧਿ ਧਰੀ ॥ ੨ ॥ ੧ ॥ ੯ ॥

ਪਦ ਅਰਥ :–ਤੇ–ਤੋਂ । ਹਰੀ–ਪਰਮਾਤਮਾ । ਅਬ–ਹੁਣ । ਮਹਾ–ਬਹੁਤ । ਪ੍ਰਬਲ–ਤਕੜੀ । ਆਨ–[ਅਨ੍ਯ] ਹੋਰ । ਬਿਖੈ–ਵਿਸ਼ੇ । ਜਰੀ–ਸੜ ਗਏ । ਰਹਾਉ ।

ਬੂੰਦ–(ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ) ਕਣੀ । ਕਹਾ ਤਿਆਗਿ–ਕਿੱਥੇ ਤਿਆਗ ਸਕਦਾ ਹੈ ? ਨਹੀਂ ਛੱਡ ਸਕਦਾ । ਚਾਤ੍ਰਿਕ–ਪਪੀਹਾ । ਮੀਨ–ਮੱਛੀ । ਘਰੀ–ਘੜੀ । ਰਸਨਾ–ਜੀਭ ਨਾਲ । ਟੇਵ–ਆਦਤ । ਪਰੀ–ਪੈ ਜਾਂਦੀ ਹੈ । ੧ ।

ਨਾਦ–(ਘੰਡੇਹੇੜੇ ਦੀ) ਆਵਾਜ਼ । ਕੁਰੰਕ–ਹਰਨ । ਬੇਧਿ–ਵਿੰਨ੍ਹਿਆ ਜਾਂਦਾ ਹੈ । ਸਰ–ਤੀਰ । ਤੀਖਨ ਸਰੀ–ਤੇਜ਼ ਤੀਰਾਂ ਨਾਲ । ਰਸਾਲ–[ਰਸ-ਆਲਯ–ਰਸਾਂ ਦਾ ਘਰ] ਮਿੱਠੇ । ਗਾਠਿ–ਗੰਢ । ਬਾਧਿ ਧਰੀ–ਬੰਨ੍ਹ ਲਈ । ੨ ।

ਅਰਥ :–ਹੇ ਭਾਈ ! (ਜਿਸ ਮਨੁੱਖ ਦੇ) ਮਨ ਤੋਂ ਪਰਮਾਤਮਾ ਨਹੀਂ ਭੁੱਲਦਾ, ਉਸ ਦੇ ਅੰਦਰ ਆਖ਼ਰ ਇਹ ਪਿਆਰ ਇਤਨਾ ਬਲਵਾਨ ਹੋ ਜਾਂਦਾ ਹੈ ਕਿ ਹੋਰ ਸਾਰੇ ਵਿਸ਼ੇ (ਇਸ ਪ੍ਰੀਤ-ਅਗਨੀ ਵਿਚ) ਸੜ ਜਾਂਦੇ ਹਨ । ਰਹਾਉ ।

ਹੇ ਭਾਈ ! (ਵੇਖੋ ਪ੍ਰੀਤ ਦੇ ਕਾਰਨਾਮੇ !) ਪਪੀਹਾ (ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ) ਬੂੰਦ ਛੱਡ ਕੇ ਕਿਸੇ ਹੋਰ ਬੂੰਦ ਨਾਲ ਤ੍ਰਿਪਤ ਨਹੀਂ ਹੁੰਦਾ । ਮੱਛੀ (ਦਾ ਪਾਣੀ ਨਾਲ ਇਤਨਾ ਪਿਆਰ ਹੈ ਕਿ ਉਹ ਪਾਣੀ ਤੋਂ ਬਿਨਾ) ਇਕ ਘੜੀ ਭੀ ਜੀਊ ਨਹੀਂ ਸਕਦੀ । ਹੇ ਭਾਈ! ਆਪਣੀ ਜੀਭ ਨਾਲ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੇ ਗੁਣ ਗਾਇਆ ਕਰ । (ਜਿਹੜਾ ਮਨੁੱਖ ਸਦਾ ਹਰਿ-ਗੁਣ ਉਚਾਰਦਾ ਹੈ, ਉਸ ਨੂੰ) ਇਹ ਆਦਤ ਹੀ ਬਣ ਜਾਂਦੀ ਹੈ (ਫਿਰ ਉਹ ਗੁਣ ਉਚਾਰਨ ਤੋਂ ਬਿਨਾ ਰਹਿ ਹੀ ਨਹੀਂ ਸਕਦਾ) । ੧ ।

ਹੇ ਭਾਈ ! (ਪ੍ਰੀਤ ਦਾ ਹੋਰ ਕਾਰਨਾਮਾ ਵੇਖ !) ਹਰਨ (ਘੰਡੇਹੜੇ ਦੀ) ਆਵਾਜ਼ ਨਾਲ ਮੋਹਿਆ ਜਾਂਦਾ ਹੈ (ਉਸ ਵਿਚ ਇਤਨਾ ਮਸਤ ਹੁੰਦਾ ਹੈ ਕਿ ਸ਼ਿਕਾਰੀ ਦੇ) ਤ੍ਰਿੱਖੇ ਤੀਰਾਂ ਨਾਲ ਵਿੱਝ ਜਾਂਦਾ ਹੈ । (ਇਸੇ ਤਰ੍ਹਾਂ) ਹੇ ਨਾਨਕ ! (ਜਿਸ ਮਨੁੱਖ ਨੂੰ) ਪ੍ਰਭੂ ਦੇ ਸੋਹਣੇ ਚਰਨ ਮਿੱਠੇ ਲੱਗਦੇ ਹਨ, (ਉਹ ਮਨੁੱਖ ਇਹਨਾਂ ਚਰਨਾਂ ਨਾਲ ਆਪਣੇ ਮਨ ਦੀ ਪੱਕੀ) ਗੰਢ ਬੰਨ੍ਹ ਲੈਂਦਾ ਹੈ । ੨ । ੧ । ੯ ।

ਕੇਦਾਰਾ ਮਹਲਾ ੫ ॥ ਪ੍ਰੀਤਮ ਬਸਤ ਰਿਦ ਮਹਿ ਖੋਰ ॥ ਭਰਮ ਭੀਤਿ ਨਿਵਾਰਿ ਠਾਕੁਰ ਗਹਿ ਲੇਹੁ ਅਪਨੀ ਓਰ ॥ ੧ ॥ ਰਹਾਉ ॥ ਅਧਿਕ ਗਰਤ ਸੰਸਾਰ ਸਾਗਰ ਕਰਿ ਦਇਆ ਚਾਰਹੁ ਧੋਰ ॥ ਸੰਤ ਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ ॥ ੧ ॥ ਗਰਭ ਕੁੰਟ ਮਹਿ ਜਿਨਹਿ ਧਾਰਿਓ ਨਹੀ

ਬਿਖੈ ਬਨ ਮਹਿ ਹੋਰ ॥ ਹਰਿ ਸਕਤ ਸਰਨ ਸਮਰਥ ਨਾਨਕ ਆਨ ਨਹੀ ਨਿਹੋਰ ॥ ੨ ॥ ੨ ॥ ੧੦ ॥

ਪਦ ਅਰਥ :—ਪ੍ਰੀਤਮ—ਹੇ ਪ੍ਰੀਤਮ ! ਰਿਦ ਮਹਿ—(ਮੇਰੇ) ਹਿਰਦੇ ਵਿਚ । ਬਸਤ—ਵੱਸ ਰਹੀ ਹੈ । ਖੋਰ—ਖੋਟ, ਕੋਰਾ-ਪਨ । ਭੀਤਿ—ਕੰਧ । ਨਿਵਾਰਿ—ਦੂਰ ਕਰ । ਠਾਕੁਰ—ਹੇ ਠਾਕੁਰ ! ਗਹਿ ਲੇਹੁ—(ਮੇਰੀ ਬਾਂਹ) ਫੜ ਲੈ । ਓਰ—ਪਾਸੇ । ੧ । ਰਹਾਉ ।

ਅਧਿਕ—ਕਈ, ਬਥੇਰੇ । ਗਰਤ—ਟੋਏ, ਗੜ੍ਹੇ । ਸਾਗਰ—ਸਮੁੰਦਰ । ਚਾਰਹੁ—ਚਾੜ੍ਹ ਲਵੋ । ਧੋਰ—ਕੰਢੇ ਤੇ । ਸੰਗਿ—ਸੰਗਤਿ ਵਿਚ । ਬੋਹਿਥ—ਜਹਾਜ਼ । ਉਧਰਤੇ—ਬਚਾ ਲੈਂਦੇ ਹਨ । ਮੋਰ ਲੈ—ਮੈਨੂੰ ਲੈ ਕੇ । ੧ ।

ਗਰਭ ਕੁੰਟ ਮਹਿ—ਗਰਭ ਕੁੰਡ ਵਿਚ, ਮਾਂ ਦੇ ਪੇਟ ਵਿਚ । ਜਿਨਹਿ—ਜਿਸ (ਹਰੀ) ਨੇ । ਧਾਰਿਓ—ਬਚਾਈ ਰੱਖਿਆ । ਬਨ—[वनं काननं जलं] ਪਾਣੀ । ਬਿਖੈ ਬਨ—ਵਿਸ਼ਿਆਂ ਦਾ ਸਮੁੰਦਰ । ਸਕਤ—ਸ਼ਕਤੀ ਵਾਲਾ । ਸਰਨ ਸਮਰਥ—ਸ਼ਰਨ ਪਿਆਂ ਨੂੰ ਬਚਾਣ ਦੀ ਤਾਕਤ ਵਾਲਾ । ਨਿਹੋਰ—ਮੁਥਾਜੀ । ਆਨ—ਹੋਰ । ੨ ।

ਅਰਥ :—ਹੇ ਪ੍ਰੀਤਮ ਪ੍ਰਭੂ ! (ਮੇਰੇ) ਹਿਰਦੇ ਵਿਚ ਕੋਰਾ-ਪਨ ਵੱਸ ਰਿਹਾ ਹੈ (ਜੋ ਤੇਰੇ ਚਰਨਾਂ ਨਾਲ ਪਿਆਰ ਬਣਨ ਨਹੀਂ ਦੇਂਦਾ) । ਹੇ ਠਾਕੁਰ ! (ਮੇਰੇ ਅੰਦਰੋਂ) ਭਟਕਣਾ ਦੀ ਕੰਧ ਦੂਰ ਕਰ (ਇਹ ਕੰਧ ਮੈਨੂੰ ਤੇਰੇ ਨਾਲੋਂ ਪਰੇ ਰੱਖ ਰਹੀ ਹੈ) । (ਮੇਰਾ ਹੱਥ) ਫੜ ਕੇ ਮੈਨੂੰ ਆਪਣੇ ਪਾਸੇ (ਜੋੜ) ਲੈ (ਆਪਣੇ ਚਰਨਾਂ ਵਿਚ ਜੋੜ ਲੈ) । ੧ । ਰਹਾਉ ।

ਹੇ ਪ੍ਰੀਤਮ ! (ਤੇਰੇ ਇਸ) ਸੰਸਾਰ-ਸਮੁੰਦਰ ਵਿਚ (ਵਿਕਾਰਾਂ ਦੇ) ਅਨੇਕਾਂ ਗੜ੍ਹੇ ਹਨ, ਮਿਹਰ ਕਰ (ਮੈਨੂੰ ਇਹਨਾਂ ਤੋਂ ਬਚਾ ਕੇ) ਕੰਢੇ ਤੇ ਚਾੜ੍ਹ ਲੈ । ਹੇ ਹਰੀ ! ਸੰਤ ਜਨਾਂ ਦੀ ਸੰਗਤਿ ਵਿਚ (ਰੱਖ ਕੇ ਮੈਨੂੰ ਆਪਣੇ) ਚਰਨਾਂ ਦੇ ਜਹਾਜ਼ (ਵਿਚ ਚਾੜ੍ਹ ਲੈ), (ਤੇਰੇ ਇਹ ਚਰਨ) ਮੈਨੂੰ ਪਾਰ ਲੰਘਾਣ ਦੇ ਸਮਰਥ ਹਨ । ੧ ।

ਹੇ ਭਾਈ ! ਜਿਸ ਪਰਮਾਤਮਾ ਨੇ ਮਾਂ ਦੇ ਪੇਟ ਵਿਚ ਬਚਾਈ ਰੱਖਿਆ, ਵਿਸ਼ੇ ਵਿਕਾਰਾਂ ਦੇ ਸਮੁੰਦਰ ਵਿਚ (ਡੁਬਦੇ ਨੂੰ ਬਚਾਣ ਵਾਲਾ ਭੀ ਉਸ ਤੋਂ ਬਿਨਾ) ਕੋਈ ਹੋਰ ਨਹੀਂ ਹੈ । ਹੇ ਨਾਨਕ ! ਪਰਮਾਤਮਾ ਸਭ ਤਾਕਤਾਂ ਦਾ ਮਾਲਕ ਹੈ, ਸਰਨ ਪਏ ਨੂੰ ਬਚਾ ਸਕਣ ਵਾਲਾ ਹੈ, (ਜਿਹੜਾ ਮਨੁੱਖ ਉਸ ਦੀ ਸਰਨ ਆ ਪੈਂਦਾ ਹੈ, ਉਸ ਨੂੰ) ਕੋਈ ਹੋਰ ਮੁਥਾਜੀ ਨਹੀਂ ਰਹਿ ਜਾਂਦੀ । ੨ । ੨ । ੧੦ ।

ਕੇਦਾਰਾ ਮਹਲਾ ੫ ॥ ਰਸਨਾ ਰਾਮ ਰਾਮ ਬਖਾਨੁ ॥ ਗੁਨ ਗੋੁਪਾਲ ਉਚਾਰੁ ਦਿਨੁ ਰੈਨਿ ਭਏ ਕਲਮਲ ਹਾਨ ॥ ਰਹਾਉ ॥ ਤਿਆਗਿ ਚਲਨਾ ਸਗਲ ਸੰਪਤ ਕਾਲੁ ਸਿਰ ਪਰਿ ਜਾਨੁ ॥ ਮਿਥਨ ਮੋਹ ਦੁਰੰਤ ਆਸਾ ਝੂਠੁ

ਸਰਪਰ ਮਾਨੁ ॥੧॥ ਸਤਿ ਪੁਰਖ ਅਕਾਲ ਮੂਰਤਿ ਰਿਦੈ ਧਾਰਹੁ ਧਿਆਨੁ ॥ ਨਾਮੁ ਨਿਧਾਨੁ ਲਾਭੁ ਨਾਨਕ ਬਸਤੁ ਇਹ ਪਰਵਾਨੁ ॥੨॥ ੩॥੧੧॥

ਪਦ ਅਰਥ :—ਰਸਨਾ—ਜੀਭ (ਨਾਲ)। ਬਖਾਨੁ—ਉਚਾਰਿਆ ਕਰ। ਗੁੋਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਗੋਪਾਲ'। ਇਥੇ 'ਗੁਪਾਲ' ਪੜ੍ਹਨਾ ਹੈ]। ਰੈਨਿ—ਰਾਤ। ਕਲਮਲ—ਪਾਪ। ਭਏ ਹਾਨ—ਨਾਸ ਹੋ ਗਏ। ਰਹਾਉ।

ਤਿਆਗਿ—ਛੱਡ ਕੇ। ਸੰਪਤ—ਧਨ-ਪਦਾਰਥ। ਕਾਲੁ—ਮੌਤ। ਪਰਿ—ਉੱਤੇ। ਜਾਨੁ—ਸਮਝ ਰੱਖ। ਮਿਥਨ ਮੋਹ—ਨਾਸਵੰਤ ਪਦਾਰਥਾਂ ਦਾ ਮੋਹ। ਦੁਰੰਤ—[ਦੁਰ-ਅੰਤ] ਕਦੇ ਨਾਹ ਮੁੱਕਣ ਵਾਲੀਆਂ। ਝੂਠੁ—ਨਾਸਵੰਤ। ਸਰਪਰ—ਜ਼ਰੂਰ। ਮਾਨ—ਮੰਨ। ੧।

ਸਤਿ—ਸਦਾ ਕਾਇਮ ਰਹਿਣ ਵਾਲਾ। ਪੁਰਖ—ਸਰਬ-ਵਿਆਪਕ। ਅਕਾਲ—ਅ-ਕਾਲ, ਮੌਤ-ਰਹਿਤ। ਮੂਰਤਿ—ਸਰੂਪ। ਅਕਾਲ ਮੂਰਤਿ—ਜਿਸ ਦੀ ਹਸਤੀ ਮੌਤ-ਰਹਿਤ ਹੈ। ਰਿਦੈ—ਹਿਰਦੇ ਵਿਚ। ਨਿਧਾਨੁ—ਖ਼ਜ਼ਾਨਾ। ਬਸਤੁ—ਚੀਜ਼। ਪਰਵਾਨੁ—ਕਬੂਲ। ੨।

ਅਰਥ :—ਹੇ ਭਾਈ! (ਆਪਣੀ) ਜੀਭ ਨਾਲ ਹਰ ਵੇਲੇ ਪਰਮਾਤਮਾ ਦਾ ਨਾਮ ਜਪਿਆ ਕਰ, ਦਿਨ ਰਾਤ ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਦੇ ਗੁਣ ਗਾਇਆ ਕਰ। (ਜਿਹੜਾ ਮਨੁੱਖ ਇਹ ਉੱਦਮ ਕਰਦਾ ਹੈ, ਉਸ ਦੇ ਸਾਰੇ) ਪਾਪ ਨਾਸ ਹੋ ਜਾਂਦੇ ਹਨ। ਰਹਾਉ।

ਹੇ ਭਾਈ! ਸਾਰਾ ਧਨ-ਪਦਾਰਥ ਛੱਡ ਕੇ (ਆਖ਼ਿਰ ਹਰੇਕ ਪ੍ਰਾਣੀ ਨੇ ਇਥੋਂ) ਚਲੇ ਜਾਣਾ ਹੈ। ਹੇ ਭਾਈ! ਮੌਤ ਨੂੰ (ਸਦਾ ਆਪਣੇ) ਸਿਰ ਉਤੇ (ਖਲੋਤੀ) ਸਮਝ। ਹੇ ਭਾਈ! ਨਾਸਵੰਤ ਪਦਾਰਥਾਂ ਦਾ ਮੋਹ, ਕਦੇ ਨਾਹ ਮੁੱਕਣ ਵਾਲੀਆਂ ਆਸਾਂ—ਇਹਨਾਂ ਨੂੰ ਨਿਸ਼ਚੇ ਕਰ ਕੇ ਨਾਸਵੰਤ ਮੰਨ। ੧।

ਹੇ ਭਾਈ! (ਆਪਣੇ) ਹਿਰਦੇ ਵਿਚ ਉਸ ਪਰਮਾਤਮਾ ਦਾ ਧਿਆਨ ਧਰਿਆ ਕਰ ਜਿਹੜਾ ਸਦਾ ਕਾਇਮ ਰਹਿਣ ਵਾਲਾ ਹੈ ਜਿਹੜਾ ਸਰਬ-ਵਿਆਪਕ ਹੈ ਅਤੇ ਜਿਹੜਾ ਨਾਸ-ਰਹਿਤ ਹੋਂਦ ਵਾਲਾ ਹੈ। ਹੇ ਨਾਨਕ! (ਆਖ—ਹੇ ਭਾਈ!) ਪਰਮਾਤਮਾ ਦਾ ਨਾਮ (ਹੀ ਅਸਲ) ਖ਼ਜ਼ਾਨਾ ਹੈ (ਅਸਲ) ਖੱਟੀ ਹੈ। ਇਹ ਚੀਜ਼ (ਪਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਹੁੰਦੀ ਹੈ। ੨। ੩। ੧੧।

ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਕੋ ਆਧਾਰੁ ॥ ਕਲਿ ਕਲੇਸ ਨ ਕਛੁ ਬਿਆਪੈ ਸੰਤ ਸੰਗਿ ਬਿਉਹਾਰੁ ॥ ਰਹਾਉ ॥ ਕਰਿ ਅਨੁਗ੍ਰਹੁ ਆਪਿ

ਰਾਖਿਓ ਨਹ ਉਪਜਤਉ ਬੇਕਾਰੁ ॥ ਜਿਸੁ ਪਰਾਪਤਿ ਹੋਇ ਸਿਮਰੈ ਤਿਸੁ ਦਹਤ ਨਹ ਸੰਸਾਰੁ ॥ ੧ ॥ ਸੁਖ ਮੰਗਲ ਆਨੰਦ ਹਰਿ ਹਰਿ ਪ੍ਰਭ ਚਰਨ ਅੰਮ੍ਰਿਤ ਸਾਰੁ ॥ ਨਾਨਕ ਦਾਸ ਸਰਨਾਗਤੀ ਤੇਰੇ ਸੰਤਨਾ ਕੀ ਛਾਰੁ ॥ ੨ ॥ ੪ ॥ ੧੨ ॥

ਪਦ ਅਰਥ :–ਕੋ–ਦਾ। ਆਧਾਰੁ–ਆਸਰਾ। ਕਲਿ–ਝਗੜੇ। ਕਛੁ–ਕੋਈ ਭੀ (ਵਿਕਾਰ)। ਨ ਬਿਆਪੈ–ਜ਼ੋਰ ਨਹੀਂ ਪਾ ਸਕਦਾ। ਸੰਗਿ–ਨਾਲ, ਸੰਗਤਿ ਵਿਚ। ਬਿਉਹਾਰੁ–(ਹਰਿ-ਨਾਮ ਦਾ) ਵਣਜ। ਰਹਾਉ।

ਕਰਿ–ਕਰ ਕੇ। ਅਨੁਗ੍ਰਹੁ–ਕਿਰਪਾ। ਰਾਖਿਓ–ਰੱਖਿਆ ਕੀਤੀ। ਉਪਜਤਉ–ਪੈਦਾ ਹੁੰਦਾ। ਬੇਕਾਰੁ–(ਕੋਈ) ਵਿਕਾਰ। ਪਰਾਪਤਿ ਹੋਇ–ਧੁਰੋਂ ਮਿਲੇ। ਦਹਤ ਨਹ–ਨਹੀਂ ਸਾੜਦਾ। ਸੰਸਾਰੁ–ਸੰਸਾਰ ਦੇ ਵਿਕਾਰਾਂ ਦੀ ਅੱਗ। ੧।

ਮੰਗਲ–ਖ਼ੁਸ਼ੀਆਂ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੇ। ਸਾਰੁ–ਸੰਭਾਲ (ਹਿਰਦੇ ਵਿਚ)। ਨਾਨਕ–ਹੇ ਨਾਨਕ! (ਆਖ–)। ਸਰਨਾਗਤੀ–ਸਰਨ ਆਇਆ ਹੈ। ਛਾਰੁ–ਚਰਨਾਂ ਦੀ ਧੂੜ। ੨।

ਅਰਥ :–ਹੇ ਭਾਈ! (ਜਿਸ ਮਨੁੱਖ ਨੂੰ ਸਦਾ) ਪਰਮਾਤਮਾ ਦੇ ਨਾਮ ਦਾ ਆਸਰਾ ਰਹਿੰਦਾ ਹੈ, ਜਿਹੜਾ ਮਨੁੱਖ ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ ਹਰਿ-ਨਾਮ ਦਾ ਵਣਜ ਕਰਦਾ ਹੈ, (ਦੁਨੀਆ ਦੇ) ਝਗੜੇ ਕਲੇਸ਼ (ਇਹਨਾਂ ਵਿਚੋਂ) ਕੋਈ ਭੀ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ਰਹਾਉ।

ਹੇ ਭਾਈ! ਪਰਮਾਤਮਾ ਆਪ ਮਿਹਰ ਕਰ ਕੇ ਜਿਸ ਮਨੁੱਖ ਦੀ ਰੱਖਿਆ ਕਰਦਾ ਹੈ, ਉਸ ਦੇ ਅੰਦਰ ਕੋਈ ਵਿਕਾਰ ਪੈਦਾ ਨਹੀਂ ਹੁੰਦਾ। ਹੇ ਭਾਈ! ਜਿਸ ਮਨੁੱਖ ਨੂੰ ਨਾਮ ਦੀ ਦਾਤਿ ਧੁਰ-ਦਰਗਾਹ ਤੋਂ ਮਿਲਦੀ ਹੈ, ਉਹੀ ਹਰਿ-ਨਾਮ ਸਿਮਰਦਾ ਹੈ, ਫਿਰ ਉਸ (ਦੇ ਆਤਮਕ ਜੀਵਨ) ਨੂੰ ਸੰਸਾਰ (ਭਾਵ, ਸੰਸਾਰ ਦੇ ਵਿਕਾਰਾਂ ਦੀ ਅੱਗ) ਸਾੜ ਨਹੀਂ ਸਕਦੀ। ੧।

ਹੇ ਭਾਈ! ਹਰੀ ਪ੍ਰਭੂ ਦੇ ਚਰਨ ਆਤਮਕ ਜੀਵਨ ਦੇਣ ਵਾਲੇ ਹਨ, ਇਹਨਾਂ ਨੂੰ ਆਪਣੇ ਹਿਰਦੇ ਵਿਚ ਸੰਭਾਲ, (ਤੇਰੇ ਅੰਦਰ) ਆਤਮਕ ਸੁਖ ਖ਼ੁਸ਼ੀਆਂ ਆਨੰਦ (ਪੈਦਾ ਹੋਣਗੇ)।

ਹੇ ਨਾਨਕ! (ਆਖ–ਹੇ ਪ੍ਰਭੂ!) ਤੇਰਾ ਦਾਸ ਤੇਰੀ ਸਰਨ ਆਇਆ ਹੈ, ਤੇਰੇ ਸੰਤ ਜਨਾਂ ਦੀ ਚਰਨ-ਧੂੜ (ਮੰਗਦਾ ਹੈ)। ੨। ੪। ੧੨।

ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਬਿਨੁ ਧ੍ਰਿਗੁ ਸ੍ਰੋਤ ॥ ਜੀਵਨ ਰੂਪ ਬਿਸਾਰਿ ਜੀਵਹਿ ਤਿਹ ਕਤ ਜੀਵਨ ਹੋਤ ॥ ਰਹਾਉ ॥ ਖਾਤ ਪੀਤ

ਅਨੇਕ ਬਿੰਜਨ ਜੈਸੇ ਭਾਰ ਬਾਹਕ ਖੋਤ ॥ ਆਠ ਪਹਰ ਮਹਾ ਸ੍ਰਮੁ ਪਾਇਆ ਜੈਸੇ ਬਿਰਖ ਜੰਤੀ ਜੋਤ ॥ ੧ ॥ ਤਜਿ ਗੋੁਪਾਲ ਜਿ ਆਨ ਲਾਗੇ ਸੇ ਬਹੁ ਪ੍ਰਕਾਰੀ ਰੋਤ ॥ ਕਰ ਜੋਰਿ ਨਾਨਕ ਦਾਨੁ ਮਾਗੈ ਹਰਿ ਰਖਉ ਕੰਠਿ ਪਰੋਤ ॥ ੨॥੫॥੧੩॥

ਪਦ ਅਰਥ :—ਧ੍ਰਿਗੁ—ਫਿਟਕਾਰ-ਜੋਗ । ਸ੍ਰੋਤ—ਕੰਨ । ਜੀਵਨ ਰੂਪ—ਉਹ ਪ੍ਰਭੂ ਜੋ ਨਿਰਾ ਜੀਵਨ ਹੀ ਜੀਵਨ ਹੈ, ਜੋ ਸਭ ਦਾ ਜੀਵਨ ਹੈ । ਬਿਸਾਰਿ—ਭੁਲਾ ਕੇ । ਜੀਵਹਿ—(ਜੋ ਮਨੁੱਖ) ਜੀਊਂਦੇ ਹਨ । ਤਿਨ—ਉਹਨਾਂ ਦਾ । ਕਤ—ਕਾਹਦਾ ? ਰਹਾਉ ।

ਬਿੰਜਨ—ਭੋਜਨ । ਬਾਹਕ—ਚੁੱਕਣ ਵਾਲੇ, ਢੋਣ ਵਾਲੇ । ਖੋਤ—ਖੋਤੇ । ਸ੍ਰਮੁ—ਥਕੇਵਾਂ। ਬਿਰਖ—[ਵ੍ਰਿਸ਼ਭ] ਬਲਦ । ਜੰਤੀ—ਕੋਹਲੂ (ਅੱਗੇ) । ਜੋਤ—ਜੋਇਆ ਹੁੰਦਾ ਹੈ । ੧ ।

ਤਜਿ—ਤਜ ਕੇ, ਭੁਲਾ ਕੇ । ਗੋੁਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ । ਅਸਲ ਲਫ਼ਜ਼ ਹੈ 'ਗੋਪਾਲ' । ਇਥੇ ਪੜ੍ਹਨਾ ਹੈ 'ਗੁਪਾਲ'] । ਜਿ—ਜਿਹੜੇ ਮਨੁੱਖ । ਆਨ—ਹੋਰ ਹੋਰ ਪਾਸੇ । ਸੇ—ਉਹ ਬੰਦੇ । ਰੋਤ—ਰੋਂਦੇ ਹਨ, ਦੁਖੀ ਹੁੰਦੇ ਹਨ। ਕਰ—ਹੱਥ [ਬਹੁ ਵਚਨ] । ਜੋਰਿ—ਜੋੜ ਕੇ । ਮਾਗੈ—ਮੰਗਦਾ ਹੈ । ਰਖਉ—ਰਖਉਂ, ਮੈਂ ਰੱਖਾਂ । ਕੰਠਿ—ਗਲੇ ਵਿਚ । ਪਰੋਤ—ਪਰੋ ਕੇ । ੨ ।

ਅਰਥ :—ਹੇ ਭਾਈ ! ਪਰਮਾਤਮਾ ਦਾ ਨਾਮ ਸੁਣਨ ਤੋਂ ਬਿਨਾ (ਮਨੁੱਖ ਦੇ) ਕੰਨ ਫਿਟਕਾਰ-ਜੋਗ ਹਨ (ਕਿਉਂਕਿ ਫਿਰ ਇਹ ਨਿੰਦਾ-ਚੁਗਲੀ ਵਿਚ ਹੀ ਰੁੱਝੇ ਰਹਿੰਦੇ ਹਨ)। ਹੇ ਭਾਈ ! ਜਿਹੜੇ ਮਨੁੱਖ ਸਾਰੇ ਜਗਤ ਦੇ ਜੀਵਨ ਪ੍ਰਭੂ ਨੂੰ ਭੁਲਾ ਕੇ ਜੀਊਂਦੇ ਹਨ (ਜ਼ਿੰਦਗੀ ਦੇ ਦਿਨ ਗੁਜ਼ਾਰਦੇ ਹਨ), ਉਹਨਾਂ ਦਾ ਜੀਊਣ ਕਾਹਦਾ ਹੈ ? (ਉਹਨਾਂ ਦੇ ਜੀਊਣ ਨੂੰ ਜੀਊਣਾ ਨਹੀਂ ਕਿਹਾ ਜਾ ਸਕਦਾ) । ਰਹਾਉ ।

ਹੇ ਭਾਈ ! (ਹਰਿ-ਨਾਮ ਨੂੰ ਵਿਸਾਰ ਕੇ ਜਿਹੜੇ ਮਨੁੱਖ) ਅਨੇਕਾਂ ਚੰਗੇ ਚੰਗੇ ਖਾਣੇ ਖਾਂਦੇ ਪੀਂਦੇ ਹਨ, (ਉਹ ਇਉਂ ਹੀ ਹਨ) ਜਿਵੇਂ ਭਾਰ ਢੋਣ ਵਾਲੇ ਖੋਤੇ । (ਹਰਿ-ਨਾਮ ਨੂੰ ਵਿਸਾਰਨ ਵਾਲੇ) ਅੱਠੇ ਪਹਰ (ਮਾਇਆ ਦੀ ਖ਼ਾਤਰ ਦੌੜ-ਭੱਜ ਕਰਦੇ ਹੋਏ) ਬੜਾ ਥਕੇਵਾਂ ਸਹਾਰਦੇ ਹਨ, ਜਿਵੇਂ ਕੋਈ ਬਲਦ ਕੋਹਲੂ ਅੱਗੇ ਜੋਇਆ ਹੁੰਦਾ ਹੈ । ੧ ।

ਹੇ ਭਾਈ ! ਸ੍ਰਿਸ਼ਟੀ ਦੇ ਪਾਲਣਹਾਰ (ਦਾ ਨਾਮ) ਤਿਆਗ ਕੇ ਜਿਹੜੇ ਮਨੁੱਖ ਹੋਰ ਹੋਰ ਆਹਰਾਂ ਵਿਚ ਲੱਗੇ ਰਹਿੰਦੇ ਹਨ, ਉਹ ਕਈ ਤਰੀਕਿਆਂ ਨਾਲ ਦੁਖੀ ਹੁੰਦੇ ਰਹਿੰਦੇ ਹਨ । ਹੇ ਨਾਨਕ ! (ਆਖ—) ਹੇ ਹਰੀ ! (ਤੇਰਾ ਦਾਸ ਦੋਵੇ) ਹੱਥ ਜੋੜ ਕੇ (ਤੇਰੇ ਨਾਮ ਦਾ) ਦਾਨ ਮੰਗਦਾ ਹੈ (ਆਪਣਾ ਨਾਮ ਦੇਹ), ਮੈਂ (ਇਸ ਨੂੰ ਆਪਣੇ) ਗਲੇ ਵਿਚ ਪ੍ਰੋ ਕੇ ਰੱਖਾਂ ।੨।੫।੧੩।

ਕੇਦਾਰਾ ਮਹਲਾ ੫ ॥ ਸੰਤਹ ਧੂਰਿ ਲੇ ਮੁਖਿ ਮਲੀ ॥ ਗੁਣਾ ਅਚੁਤ

ਸਦਾ ਪੂਰਨ, ਨਹ ਦੋਖ ਬਿਆਪਹਿ ਕਲੀ ॥ ਰਹਾਉ ॥ ਗੁਰ ਬਚਨਿ ਕਾਰਜ ਸਰਬ ਪੂਰਨ ਈਤ ਊਤ ਨ ਹਲੀ ॥ ਪ੍ਰਭ ਏਕ ਅਨਿਕ ਸਰਬਤ ਪੂਰਨ ਬਿਖੈ ਅਗਨਿ ਨ ਜਲੀ ॥ ੧ ॥ ਗਹਿ ਭੁਜਾ ਲੀਨੋ ਦਾਸੁ ਅਪਨੋ ਜੋਤਿ ਜੋਤੀ ਰਲੀ ॥ ਪ੍ਰਭ ਚਰਨ ਸਰਨ ਅਨਾਥੁ ਆਇਓ ਨਾਨਕ ਹਰਿ ਸੰਗਿ ਚਲੀ ॥ ੨॥੬॥੧੪॥

ਪਦ ਅਰਥ :–ਧੂਰਿ–ਚਰਨ-ਧੂੜ । ਲੇ–(ਜਿਸ ਨੇ) ਲੈ ਕੇ । **ਮੁਖਿ**–(ਆਪਣੇ) ਮੂੰਹ ਉੱਤੇ । ਅਚੁਤ–[ਚ੍ਯੁ to fall] ਅਬਿਨਾਸ਼ੀ । ਗੁਣਾ ਅਚੁਤ–ਅਬਿਨਾਸ਼ੀ ਪ੍ਰਭੂ ਦੇ ਗੁਣ (ਹਿਰਦੇ ਵਿਚ ਵਸਾਣ) ਨਾਲ । ਪੂਰਨ–ਸਰਬ-ਵਿਆਪਕ । ਦੋਖ ਕਲੀ–ਕਲਿਜੁਗ ਦੇ ਵਿਕਾਰ, ਜਗਤ ਦੇ ਵਿਕਾਰ [ਨੋਟ ! ਲਫ਼ਜ਼ 'ਕਲੀ' ਇਥੇ ਕਿਸੇ ਖਾਸ 'ਜੁਗ' ਦਾ ਲਖਾਇਕ ਨਹੀਂ ਹੈ] । ਰਹਾਉ ।

ਬਚਨਿ–ਬਚਨ ਦੀ ਰਾਹੀਂ । ਸਰਬ–ਸਾਰੇ । ਈਤ ਊਤ–ਇਧਰ ਉਧਰ । ਹਲੀ–ਡੋਲਦਾ । ਬਿਖੈ ਅਗਨਿ–ਵਿਸ਼ਿਆਂ ਦੀ ਅੱਗ (ਵਿਚ) । ਜਲੀ–ਸੜਦਾ । ੧ ।

ਗਹਿ–ਫੜ ਕੇ । ਭੁਜਾ–ਬਾਂਹ । ਜੋਤਿ–ਜਿੰਦ । ਜੋਤੀ–ਪ੍ਰਭੂ ਦੀ ਜੋਤਿ ਵਿਚ । ਅਨਾਥੁ–ਨਿਮਾਣਾ । ਸੰਗਿ–ਨਾਲ । ੨ ।

ਅਰਥ :–ਹੇ ਭਾਈ ! (ਜਿਸ ਮਨੁੱਖ ਨੇ) ਸੰਤ ਜਨਾਂ ਦੇ ਚਰਨਾਂ ਦੀ ਧੂੜ ਲੈ ਕੇ (ਆਪਣੇ) ਮੱਥੇ ਉੱਤੇ ਮਲ ਲਈ (ਤੇ, ਸੰਤਾਂ ਦੀ ਸੰਗਤਿ ਵਿਚ ਜਿਸ ਨੇ ਪਰਮਾਤਮਾ ਦੇ ਗੁਣ ਗਾਇ), ਅਬਿਨਾਸ਼ੀ ਤੇ ਸਰਬ-ਵਿਆਪਕ ਪ੍ਰਭੂ ਦੇ ਗੁਣ ਹਿਰਦੇ ਵਿਚ ਵਸਾਣ ਦੀ ਬਰਕਤਿ ਨਾਲ ਜਗਤ ਦੇ ਵਿਕਾਰ ਉਸ ਉੱਤੇ ਆਪਣਾ ਜ਼ੋਰ ਨਹੀਂ ਪਾ ਸਕਦੇ ।ਰਹਾਉ ।

ਹੇ ਭਾਈ ! (ਜਿਸ ਮਨੁੱਖ ਨੇ ਸੰਤ ਜਨਾਂ ਦੀ ਚਰਨ-ਧੂੜ ਆਪਣੇ ਮੱਥੇ ਤੇ ਲਾਈ) ਗੁਰੂ ਦੇ ਉਪਦੇਸ਼ ਦਾ ਸਦਕਾ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ, ਉਸ ਦਾ ਮਨ ਇਧਰ ਉਧਰ ਨਹੀਂ ਡੋਲਦਾ, (ਉਸ ਨੂੰ ਇਉਂ ਦਿੱਸ ਪੈਂਦਾ ਹੈ ਕਿ) ਇੱਕ ਪਰਮਾਤਮਾ ਅਨੇਕਾਂ ਰੂਪਾਂ ਵਿਚ ਸਭ ਥਾਈਂ ਵਿਆਪਕ ਹੈ, ਉਹ ਮਨੁੱਖ ਵਿਕਾਰਾਂ ਦੀ ਅੱਗ ਵਿਚ ਨਹੀਂ ਸੜਦਾ (ਉਸ ਦਾ ਆਤਮਕ ਜੀਵਨ ਵਿਕਾਰਾਂ ਦੀ ਅੱਗ ਵਿਚ ਤਬਾਹ ਨਹੀਂ ਹੁੰਦਾ) । ੧ ।

ਹੇ ਨਾਨਕ ! (ਆਖ–ਹੇ ਭਾਈ !) ਪ੍ਰਭੂ ਆਪਣੇ ਜਿਸ ਦਾਸ ਨੂੰ (ਉਸ ਦੀ) ਬਾਂਹ ਫੜ ਕੇ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ, ਉਸ ਦੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ । ਜਿਹੜਾ ਅਨਾਥ (ਪ੍ਰਾਣੀ ਭੀ) ਪ੍ਰਭੂ ਦੇ ਚਰਨਾਂ ਦੀ ਸਰਨ ਵਿਚ ਆ ਜਾਂਦਾ ਹੈ, ਉਹ ਪ੍ਰਾਣੀ ਪ੍ਰਭੂ ਦੀ ਯਾਦ ਵਿਚ ਹੀ ਜੀਵਨ-ਰਾਹ ਉਤੇ ਤੁਰਦਾ ਹੈ ।੨।੬।੧੪।

ਕੇਦਾਰਾ ਮਹਲਾ ੫ ॥ ਹਰਿ ਕੇ ਨਾਮ ਕੀ ਮਨ ਰੁਚੈ ॥ ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥ ਰਹਾਉ ॥ ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥ ਰੇਨੁ ਜਨ ਕੀ ਲਗੀ ਮਸਤਕਿ ਅਨਿਕ ਤੀਰਥ ਸੁਚੈ ॥ ੧ ॥ ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥ ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥ ੨ ॥ ੭ ॥ ੧੫ ॥

ਪਦ ਅਰਥ :—ਮਨ—ਮਨ ਨੂੰ । ਰੁਚੈ—ਰੁਚੀ, ਚਾਹ, ਲਗਨ । ਕੋਟਿ—ਕਿਲ੍ਹੇ ਵਿਚ, ਹਿਰਦੇ ਦੇ ਕਿਲ੍ਹੇ ਵਿਚ । ਜਲਤ—(ਵਿਕਾਰਾਂ ਦੀ) ਬਲ ਰਹੀ (ਅੱਗ) । ਛਾਤੀ—ਹਿਰਦਾ । ਬੁਝੈ—(ਅੱਗ) ਬੁੱਝ ਜਾਂਦੀ ਹੈ । ਰਹਾਉ ।

ਸੰਤ ਮਾਰਗਿ—ਗੁਰੂ ਦੇ (ਦੱਸੇ) ਰਾਹ ਉਤੇ । ਚਲਤ—ਤੁਰ ਰਿਹਾ । ਪਤਿਤ—ਵਿਕਾਰਾਂ ਵਿਚ ਡਿੱਗੇ ਹੋਏ । ਮੁਚੈ—ਬਹੁਤ, ਅਨੇਕਾਂ । ਉਧਰੇ—(ਵਿਕਾਰਾਂ ਤੋਂ) ਬਚ ਜਾਂਦੇ ਹਨ । ਰੇਨੁ—ਚਰਨ-ਧੂੜ । ਜਨ—ਪ੍ਰਭੂ ਦਾ ਭਗਤ । ਮਸਤਕਿ—ਮੱਥੇ ਉੱਤੇ । ਸੁਚੈ—ਸੁੱਚ, ਪਵਿੱਤ੍ਰਤਾ । ੧ ।

ਭੀਤਰਿ—ਵਿਚ । ਧਿਆਨ ਭੀਤਰਿ—ਧਿਆਨ ਵਿਚ, ਯਾਦ ਵਿਚ । ਘਟਿ—ਘਟ ਵਿਚ । ਘਟਿ ਘਟਹਿ—ਹਰੇਕ ਸਰੀਰ ਵਿਚ । ਸੁਝੈ—ਦਿੱਸਦਾ ਹੈ । ਦੇਵ—ਪ੍ਰਕਾਸ਼-ਰੂਪ ਪ੍ਰਭੂ । ਅਪਾਰ—ਬੇਅੰਤ । ਬਹੁਰਿ—ਮੁੜ । ਲੁਝੈ—ਝਗੜਦਾ । ੨ ।

ਅਰਥ :—ਹੇ ਭਾਈ ! ਜਿਸ ਮਨੁੱਖ ਦੇ ਮਨ ਨੂੰ ਪਰਮਾਤਮਾ ਦੇ ਨਾਮ ਦੀ ਲਗਨ ਲੱਗ ਜਾਂਦੀ ਹੈ, ਉਸ ਦੇ ਹਿਰਦੇ ਵਿਚ ਪੂਰਨ ਸ਼ਾਂਤੀ ਆਨੰਦ ਬਣਿਆ ਰਹਿੰਦਾ ਹੈ, ਉਸ ਦੇ ਹਿਰਦੇ ਵਿਚ (ਵਿਕਾਰਾਂ ਦੀ ਪਹਿਲੀ) ਬਲ ਰਹੀ ਅੱਗ ਬੁੱਝ ਜਾਂਦੀ ਹੈ । ਰਹਾਉ ।

ਹੇ ਭਾਈ ! ਜਿਹੜਾ ਮਨੁੱਖ ਗੁਰੂ ਦੇ ਦੱਸੇ ਰਸਤੇ ਉਤੇ ਤੁਰਦਾ ਹੈ, (ਉਸ ਦੀ ਸੰਗਤਿ ਵਿਚ ਰਹਿ ਕੇ) ਅਨੇਕਾਂ ਵਿਕਾਰੀ ਮਨੁੱਖ (ਵਿਕਾਰਾਂ ਤੋਂ) ਬਚ ਜਾਂਦੇ ਹਨ । ਜਿਸ ਮਨੁੱਖ ਦੇ ਮੱਥੇ ਉਤੇ ਪਰਮਾਤਮਾ ਦੇ ਸੇਵਕ ਦੀ ਚਰਨ-ਧੂੜ ਲੱਗਦੀ ਹੈ, (ਉਸ ਦੇ ਅੰਦਰ, ਮਾਨੋ) ਅਨੇਕਾਂ ਤੀਰਥਾਂ (ਦੇ ਇਸ਼ਨਾਨ) ਦੀ ਪਵਿੱਤ੍ਰਤਾ ਹੋ ਜਾਂਦੀ ਹੈ । ੧ ।

ਹੇ ਭਾਈ ! ਜਿਸ ਮਨੁੱਖ ਦੀ ਸੁਰਤਿ ਪ੍ਰਭੂ ਦੇ ਸੋਹਣੇ ਚਰਨਾਂ ਦੇ ਧਿਆਨ ਵਿਚ ਟਿਕੀ ਰਹਿੰਦੀ ਹੈ, ਉਸ ਨੂੰ ਮਾਲਕ-ਪ੍ਰਭੂ ਹਰੇਕ ਸਰੀਰ ਵਿਚ ਵੱਸਦਾ ਦਿੱਸ ਪੈਂਦਾ ਹੈ । ਹੇ ਨਾਨਕ ! ਜਿਹੜਾ ਮਨੁੱਖ ਚਾਨਣ-ਰੂਪ ਬੇਅੰਤ ਪ੍ਰਭੂ ਦੀ ਸਰਨ ਵਿਚ ਆ ਜਾਂਦਾ ਹੈ, ਜਮਦੂਤ ਮੁੜ ਉਸ ਨਾਲ ਕੋਈ ਝਗੜਾ ਨਹੀਂ ਪਾਂਦਾ ।੨।੭।੧੫।

ਕੇਦਾਰਾ ਛੰਤ ਮਹਲਾ ੫

ੴ ਸਤਿਗੁਰ ਪ੍ਰਸਾਦਿ ॥ ਮਿਲੁ ਮੇਰੇ ਪ੍ਰੀਤਮ ਪਿਆਰਿਆ ॥ ਰਹਾਉ ॥ ਪੂਰਿ ਰਹਿਆ ਸਰਬਤ੍ਰ ਮੈ ਸੋ ਪੁਰਖੁ ਬਿਧਾਤਾ ॥ ਮਾਰਗੁ ਪ੍ਰਭ ਕਾ ਹਰਿ ਕੀਆ ਸੰਤਨ ਸੰਗਿ ਜਾਤਾ ॥ ਸੰਤਨ ਸੰਗਿ ਜਾਤਾ ਪੁਰਖੁ ਬਿਧਾਤਾ ਘਟਿ ਘਟਿ ਨਦਰਿ ਨਿਹਾਲਿਆ ॥ ਜੋ ਸਰਨੀ ਆਵੈ ਸਰਬ ਸੁਖ ਪਾਵੈ ਤਿਲੁ ਨਹੀ ਭੰਨੈ ਘਾਲਿਆ ॥ ਹਰਿ ਗੁਣ ਨਿਧਿ ਗਾਏ ਸਹਜ ਸੁਭਾਏ ਪ੍ਰੇਮ ਮਹਾ ਰਸ ਮਾਤਾ ॥ ਨਾਨਕ ਦਾਸ ਤੇਰੀ ਸਰਣਾਈ ਤੂ ਪੂਰਨ ਪੁਰਖੁ ਬਿਧਾਤਾ ॥ ੧ ॥

ਪਦ ਅਰਥ :–ਪ੍ਰੀਤਮ–ਹੇ ਪ੍ਰੀਤਮ ! ਰਹਾਉ ।

ਪੂਰਿ ਰਹਿਆ–ਮੌਜੂਦ ਹੈ । ਸਰਬਤ੍ਰ ਮੈ–ਸਭ ਥਾਈਂ, ਸਭਨਾਂ ਵਿਚ । ਪੁਰਖੁ–ਸਰਬ-ਵਿਆਪਕ ਪ੍ਰਭੂ । ਬਿਧਾਤਾ–ਸਿਰਜਣਹਾਰ । ਮਾਰਗੁ–ਰਸਤਾ । ਹਰਿ ਕੀਆ–ਹਰੀ ਨੇ ਹੀ ਬਣਾਇਆ । ਸੰਗਿ–ਸੰਗਤਿ ਵਿਚ । ਜਾਤਾ–ਜਾਣਿਆ ਜਾਂਦਾ ਹੈ ।

ਘਟਿ ਘਟਿ–ਹਰੇਕ ਸਰੀਰ ਵਿਚ । ਨਦਰਿ–ਨਜ਼ਰ ਨਾਲ । ਨਿਹਾਲਿਆ–ਵੇਖਿਆ ਜਾਂਦਾ ਹੈ । ਸਰਬ ਸੁਖ–ਸਾਰੇ ਸੁਖ । ਤਿਲੁ–ਰਤਾ ਭਰ ਭੀ । ਘਾਲਿਆ–ਕੀਤੀ ਹੋਈ ਮਿਹਨਤ ।

ਨਿਧਿ–ਖ਼ਜ਼ਾਨਾ । ਗਾਏ–ਜੋ ਗਾਂਦਾ ਹੈ । ਸਹਜ ਸੁਭਾਏ–ਆਤਮਕ ਅਡੋਲਤਾ ਅਤੇ ਪ੍ਰੇਮ ਵਿਚ । ਮਾਤਾ–ਮਸਤ । ੧ ।

ਅਰਥ :–ਹੇ ਮੇਰੇ ਪਿਆਰੇ ! ਹੇ ਮੇਰੇ ਪ੍ਰੀਤਮ ! (ਮੈਨੂੰ) ਮਿਲ । ਰਹਾਉ ।

ਹੇ ਭਾਈ ! ਉਹ ਸਰਬ-ਵਿਆਪਕ ਸਿਰਜਣਹਾਰ ਸਭ ਥਾਈਂ ਮੌਜੂਦ ਹੈ । ਹੇ ਭਾਈ ! ਪ੍ਰਭੂ (ਨੂੰ ਮਿਲਣ) ਦਾ ਰਸਤਾ ਪ੍ਰਭੂ ਨੇ ਆਪ ਹੀ ਬਣਾਇਆ ਹੈ (ਉਹ ਰਸਤਾ ਇਹ ਹੈ ਕਿ) ਸੰਤ ਜਨਾਂ ਦੀ ਸੰਗਤਿ ਵਿਚ ਹੀ ਉਸ ਨਾਲ ਡੂੰਘੀ ਸਾਂਝ ਪੈ ਸਕਦੀ ਹੈ ।

ਹੇ ਭਾਈ ! ਸੰਤ ਜਨਾਂ ਦੀ ਸੰਗਤਿ ਵਿਚ ਹੀ ਸਿਰਜਣਹਾਰ ਅਕਾਲ ਪੁਰਖ ਨਾਲ ਜਾਣ-ਪਛਾਣ ਹੋ ਸਕਦੀ ਹੈ । (ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ ਹੀ ਉਸ ਨੂੰ) ਹਰੇਕ ਸਰੀਰ ਵਿਚ ਅੱਖੀਂ ਵੇਖਿਆ ਜਾ ਸਕਦਾ ਹੈ । ਜਿਹੜਾ ਮਨੁੱਖ (ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ ਪ੍ਰਭੂ ਦੀ) ਸਰਨ ਆਉਂਦਾ ਹੈ, ਉਹ ਸਾਰੇ ਸੁਖ ਹਾਸਲ ਕਰ ਲੈਂਦਾ ਹੈ । ਪ੍ਰਭੂ ਉਸ ਮਨੁੱਖ ਦੀ ਕੀਤੀ ਹੋਈ ਮਿਹਨਤ ਨੂੰ ਰਤਾ ਭਰ ਭੀ ਨਹੀਂ ਗਵਾਂਦਾ ।

ਹੇ ਭਾਈ ! ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪਿਆਰ ਨਾਲ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਗੁਣ ਗਾਂਦਾ ਹੈ, ਉਹ ਸਭ ਤੋਂ ਉੱਚੇ ਪ੍ਰੇਮ-ਰਸ ਵਿਚ ਮਸਤ

ਰਹਿੰਦਾ ਹੈ। ਹੇ ਨਾਨਕ ! (ਆਖ—ਹੇ ਪ੍ਰਭੂ !) ਤੇਰੇ ਦਾਸ ਤੇਰੀ ਸਰਨ ਵਿਚ ਰਹਿੰਦੇ ਹਨ। ਤੂੰ ਸਭ ਗੁਣਾਂ ਨਾਲ ਭਰਪੂਰ ਹੈਂ, ਤੂੰ ਸਰਬ-ਵਿਆਪਕ ਹੈਂ, ਤੂੰ (ਸਾਰੇ ਜਗਤ ਦਾ) ਰਚਨਹਾਰ ਹੈਂ। ੧।

ਹਰਿ ਪ੍ਰੇਮ ਭਗਤਿ ਜਨ ਬੇਧਿਆ ਸੇ ਆਨ ਕਤ ਜਾਹੀ ॥ ਮੀਨੁ ਬਿਛੋਹਾ ਨਾ ਸਹੈ ਜਲ ਬਿਨੁ ਮਰਿ ਪਾਹੀ ॥ ਹਰਿ ਬਿਨੁ ਕਿਉ ਰਹੀਐ ਦੂਖ ਕਿਨਿ ਸਹੀਐ ਚਾਤ੍ਰਿਕ ਬੂੰਦ ਪਿਆਸਿਆ ॥ ਕਬ ਰੈਨਿ ਬਿਹਾਵੈ ਚਕਵੀ ਸੁਖੁ ਪਾਵੈ ਸੂਰਜ ਕਿਰਣਿ ਪ੍ਰਗਾਸਿਆ ॥ ਹਰਿ ਦਰਸਿ ਮਨੁ ਲਾਗਾ ਦਿਨਸੁ ਸਭਾਗਾ ਅਨਦਿਨੁ ਹਰਿ ਗੁਣ ਗਾਹੀ ॥ ਨਾਨਕ ਦਾਸੁ ਕਹੈ ਬੇਨੰਤੀ ਕਤ ਹਰਿ ਬਿਨੁ ਪ੍ਰਾਣ ਟਿਕਾਹੀ ॥ ੨ ॥

ਪਦ ਅਰਥ :—ਜਨ—ਜਿਹੜੇ ਮਨੁੱਖ [ਬਹੁ ਵਚਨ]। ਬੇਧਿਆ—ਵਿੰਨ੍ਹੇ ਜਾਂਦੇ ਹਨ। ਸੇ—ਉਹ ਮਨੁੱਖ [ਬਹੁ ਵਚਨ]। ਆਨ ਕਤ—ਹੋਰ ਕਿੱਥੇ ? ਕਿਸੇ ਭੀ ਹੋਰ ਥਾਂ ਨਹੀਂ। ਜਾਹੀ—ਜਾਹਿ, ਜਾਂਦੇ, ਜਾ ਸਕਦੇ। ਮੀਨੁ—ਮੱਛੀ। ਬਿਛੋਹਾ—(ਪਾਣੀ ਦਾ) ਵਿਛੋੜਾ। ਮਰਿ ਪਾਹੀ—ਮਰਿ ਪਾਹਿ, (ਮੱਛੀਆਂ) ਮਰ ਜਾਂਦੀਆਂ ਹਨ [ਬਹੁ ਵਚਨ]।

ਕਿਉ ਰਹੀਐ—ਕਿਵੇਂ ਰਿਹਾ ਜਾ ਸਕਦਾ ਹੈ ? ਨਹੀਂ ਰਿਹਾ ਜਾ ਸਕਦਾ। ਕਿਨਿ—ਕਿਸ ਪਾਸੋਂ ? ਕਿਸੇ ਭੀ ਪਾਸੋਂ ਨਹੀਂ। ਕਿਨਿ ਸਹੀਐ—ਕਿਸ ਪਾਸੋਂ ਸਹਾਰਿਆ ਜਾ ਸਕਦਾ ਹੈ ? ਕਿਸੇ ਪਾਸੋਂ ਭੀ ਸਹਾਰਿਆ ਨਹੀਂ ਜਾ ਸਕਦਾ। ਚਾਤ੍ਰਿਕ—ਪਪੀਹਾ। ਬੂੰਦ—(ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ) ਕਣੀ। ਰੈਨਿ—ਰਾਤ। ਕਬ—ਕਦੋਂ? ਪ੍ਰਗਾਸਿਆ—ਚਾਨਣ ਕਰੇ।

ਦਰਸਿ—ਦਰਸਨ ਵਿਚ। ਸਭਾਗਾ—ਭਾਗਾਂ ਵਾਲਾ। ਅਨਦਿਨੁ—ਹਰ ਰੋਜ਼, ਹਰ ਵੇਲੇ। ਗਾਹੀ—ਗਾਹਿ, ਗਾਂਦੇ ਹਨ। ਕਹੈ—ਆਖਦਾ ਹੈ। ਕਤ—ਕਿੱਥੇ ? ਟਿਕਾਹੀ—ਟਿਕਾਹਿ, ਟਿਕਹਿ, ਟਿਕ ਸਕਦੇ ਹਨ। ੨।

ਅਰਥ :—ਹੇ ਭਾਈ ! ਜਿਹੜੇ ਮਨੁੱਖ ਹਰੀ ਦੀ ਪ੍ਰੇਮਾ-ਭਗਤੀ ਵਿਚ ਵਿੱਝ ਜਾਂਦੇ ਹਨ, ਉਹ (ਹਰੀ ਨੂੰ ਛੱਡ ਕੇ) ਕਿਸੇ ਹੋਰ ਥਾਂ ਨਹੀਂ ਜਾ ਸਕਦੇ। (ਜਿਵੇਂ) ਮੱਛੀ (ਪਾਣੀ ਦਾ) ਵਿਛੋੜਾ ਸਹਾਰ ਨਹੀਂ ਸਕਦੀ, ਪਾਣੀ ਤੋਂ ਬਿਨਾ ਮੱਛੀਆਂ ਮਰ ਜਾਂਦੀਆਂ ਹਨ।

ਹੇ ਭਾਈ ! (ਜਿਨ੍ਹਾਂ ਦੇ ਮਨ ਪ੍ਰੇਮ-ਭਗਤੀ ਵਿਚ ਵਿੱਝ ਗਏ ਹਨ, ਉਹਨਾਂ ਵਿਚੋਂ ਕਿਸੇ ਪਾਸੋਂ ਭੀ) ਪਰਮਾਤਮਾ (ਦੀ ਯਾਦ) ਤੋਂ ਬਿਨਾ ਰਿਹਾ ਨਹੀਂ ਜਾ ਸਕਦਾ, ਕਿਸੇ ਪਾਸੋਂ ਭੀ ਵਿਛੋੜੇ ਦਾ ਦੁੱਖ ਸਹਾਰਿਆ ਨਹੀਂ ਜਾ ਸਕਦਾ (ਜਿਵੇਂ) ਪਪੀਹਾ ਹਰ ਵੇਲੇ ਸ੍ਵਾਂਤੀ ਬੂੰਦ ਲਈ ਤਰਸਦਾ ਹੈ (ਜਿਵੇਂ) ਜਦ ਤਕ ਰਾਤ ਨਾਹ ਮੁੱਕੇ, ਜਦ ਤਕ ਸੂਰਜ ਦੀ

ਕਿਰਨ ਲੋ ਨ ਕਰੇ, ਚਕਵੀ ਨੂੰ ਸੁਖ ਨਹੀਂ ਮਿਲ ਸਕਦਾ ।

ਹੇ ਭਾਈ ! (ਪ੍ਰਭੂ-ਪ੍ਰੇਮ ਵਿਚ ਵਿੱਝੇ ਹੋਏ ਮਨੁੱਖਾਂ ਲਈ) **ਉਹ ਦਿਨ ਭਾਗਾਂ ਵਾਲਾ** ਹੁੰਦਾ ਹੈ ਜਦੋਂ ਉਹਨਾਂ ਦਾ ਮਨ ਪ੍ਰਭੂ ਦੇ ਦੀਦਾਰ ਵਿਚ ਜੁੜਦਾ ਹੈ, ਉਹ ਹਰ ਵੇਲੇ ਪ੍ਰਭੂ ਦੇ ਗੁਣ ਗਾਂਦੇ ਰਹਿੰਦੇ ਹਨ । ਦਾਸ ਨਾਨਕ ਬੇਨਤੀ ਕਰਦਾ ਹੈ-(ਹੇ ਭਾਈ ! **ਜਿਨ੍ਹਾਂ ਦੇ ਮਨ** ਪ੍ਰਭੂ-ਪ੍ਰੇਮ ਵਿਚ ਵਿੱਝੇ ਹੋਏ ਹਨ, ਉਹਨਾਂ ਦੇ) ਪ੍ਰਾਣ ਪਰਮਾਤਮਾ ਦੀ ਯਾਦ ਤੋਂ ਬਿਨਾ ਕਿਤੇ ਭੀ ਧੀਰਜ ਨਹੀਂ ਪਾ ਸਕਦੇ । ੨ ।

ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ ॥ ਦਰਸ ਬਿਹੂਨਾ ਸਾਧ ਜਨੁ ਖਿਨੁ ਟਿਕਣੁ ਨ ਆਵੈ ॥ ਹਰਿ ਬਿਨੁ ਜੋ ਰਹਣਾ ਨਰਕੁ ਸੋ ਸਹਣਾ ਚਰਨ ਕਮਲ ਮਨੁ ਬੇਧਿਆ ॥ ਹਰਿ ਰਸਿਕ ਬੈਰਾਗੀ ਨਾਮਿ ਲਿਵ ਲਾਗੀ ਕਤਹੁ ਨ ਜਾਇ ਨਿਖੇਧਿਆ ॥ ਹਰਿ ਸਿਉ ਜਾਇ ਮਿਲਣਾ ਸਾਧ ਸੰਗਿ ਰਹਣਾ ਸੋ ਸੁਖੁ ਅੰਕਿ ਨ ਮਾਵੈ ॥ ਹੋਹੁ ਕ੍ਰਿਪਾਲ ਨਾਨਕ ਕੇ ਸੁਆਮੀ ਹਰਿ ਚਰਨਹ ਸੰਗਿ ਸਮਾਵੈ ॥ ੩ ॥

ਪਦ ਅਰਥ :—ਸਾਸ—ਸਾਹ । ਦੇਹੁਰੀ—ਸਰੀਰ । ਕਤ ਪਾਵੈ—ਕਿਥੇ ਪਾ ਸਕਦੀ ਹੈ? ਨਹੀਂ ਪਾ ਸਕਦੀ । ਦਰਸ ਬਿਹੂਨਾ—ਪ੍ਰਭੂ ਦੇ ਦਰਸਨ ਤੋਂ ਬਿਨਾ ।

ਰਹਣਾ—ਜੀਊਣਾ । ਚਰਨ ਕਮਲ—ਸੋਹਣੇ ਚਰਨਾਂ ਵਿਚ। ਬੇਧਿਆ—ਵਿੱਝ ਗਿਆ। ਰਸਿਕ—ਰਸੀਆ, ਪ੍ਰੇਮੀ। ਬੈਰਾਗੀ—ਵੈਰਾਗਵਾਨ । ਨਾਮਿ—ਨਾਮ ਵਿਚ । ਲਿਵ—ਲਗਨ । ਕਤਹੁ—ਕਿਤੋਂ ਭੀ । ਨਿਖੇਧਿਆ—ਨਿਰਾਦਰਿਆ ।

ਸਿਉ—ਨਾਲ । ਜਾਇ—ਜਾ ਕੇ । ਅੰਕਿ—ਸਰੀਰ ਵਿਚ । ਮਾਵੈ—ਮਿਉਂਦਾ, ਸਮਾਉਂਦਾ । ਹੋਹੁ—ਤੁਸੀ ਹੁੰਦੇ ਹੋ । ਸੁਆਮੀ—ਹੇ ਸੁਆਮੀ ! ਸੰਗਿ—ਨਾਲ । ਸਮਾਵੈ—ਲੀਨ ਰਹਿੰਦਾ ਹੈ । ੩ ।

ਅਰਥ:—ਹੇ ਭਾਈ ! ਜਿਵੇਂ ਸਾਹ (ਆਉਣ) ਤੋਂ ਬਿਨਾ ਮਨੁੱਖ ਦਾ ਸਰੀਰ ਕਿਤੇ ਸੋਭਾ ਨਹੀਂ ਪਾ ਸਕਦਾ, (ਤਿਵੇਂ ਪਰਮਾਤਮਾ ਦੇ) ਦਰਸਨ ਤੋਂ ਬਿਨਾ ਸਾਧੂ-ਜਨ (ਸੋਭਾ ਨਹੀਂ ਪਾ ਸਕਦਾ) । (ਪ੍ਰਭੂ ਦੇ ਦਰਸਨ ਤੋਂ ਬਿਨਾ ਮਨੁੱਖ ਦਾ ਮਨ) ਇਕ ਖਿਨ ਲਈ ਭੀ ਟਿਕ ਨਹੀਂ ਸਕਦਾ ।

ਹੇ ਭਾਈ ! ਪਰਮਾਤਮਾ ਦੇ ਨਾਮ ਤੋਂ ਬਿਨਾ ਜੋ ਜੀਊਣ ਹੈ, ਉਹ ਜੀਊਣ ਨਰਕ (ਦਾ ਦੁੱਖ) ਸਹਾਰਨ (ਦੇ ਤੁੱਲ) ਹੈ । ਪਰ ਜਿਸ ਮਨੁੱਖ ਦਾ ਮਨ ਪਰਮਾਤਮਾ ਦੇ ਸੋਹਣੇ ਚਰਨਾਂ ਵਿਚ ਵਿੱਛ ਜਾਂਦਾ ਹੈ, ਉਹ ਪਰਮਾਤਮਾ ਦੇ ਨਾਮ ਦਾ ਰਸੀਆ ਹੋ ਜਾਂਦਾ ਹੈ, ਹਰਿ-ਨਾਮ ਦਾ ਪ੍ਰੇਮੀ ਹੋ ਜਾਂਦਾ ਹੈ, ਹਰਿ-ਨਾਮ ਵਿਚ ਉਸ ਦੀ ਲਗਨ ਲੱਗੀ ਰਹਿੰਦੀ ਹੈ, ਉਸ

ਦੀ ਕਿਤੇ ਭੀ ਨਿਰਾਦਰੀ ਨਹੀਂ ਹੁੰਦੀ ।

ਹੇ ਭਾਈ ! ਸਾਧ ਸੰਗਤਿ ਵਿਚ ਟਿਕੇ ਰਹਿਣਾ (ਤੇ, ਸਾਧ ਸੰਗਤਿ ਦੀ ਬਰਕਤਿ ਨਾਲ) ਪ੍ਰਭੂ ਨਾਲ ਮਿਲਾਪ ਹੋ ਜਾਣਾ (ਇਸ ਤੋਂ ਐਸਾ ਆਤਮਕ ਆਨੰਦ ਪੈਦਾ ਹੁੰਦਾ ਹੈ ਕਿ) ਉਹ ਆਨੰਦ ਲੁਕਿਆ ਨਹੀਂ ਰਹਿ ਸਕਦਾ ।

ਹੇ ਨਾਨਕ ਦੇ ਮਾਲਕ-ਪ੍ਰਭੂ ! ਜਿਸ ਮਨੁੱਖ ਉੱਤੇ ਤੂੰ ਦਇਆਵਾਨ ਹੁੰਦਾ ਹੈਂ, ਉਹ ਤੇਰੇ ਚਰਨਾਂ ਵਿਚ ਲੀਨ ਰਹਿੰਦਾ ਹੈ । ੩ ।

ਖੋਜਤ ਖੋਜਤ ਪ੍ਰਭ ਮਿਲੇ ਹਰਿ ਕਰੁਣਾ ਧਾਰੇ ॥ ਨਿਰਗੁਣੁ ਨੀਚੁ ਅਨਾਥੁ ਮੈ ਨਹੀ ਦੋਖ ਬੀਚਾਰੇ ॥ ਨਹੀ ਦੋਖ ਬੀਚਾਰੇ, ਪੂਰਨ ਸੁਖ ਸਾਰੇ, ਪਾਵਨ ਬਿਰਦੁ ਬਖਾਨਿਆ ॥ ਭਗਤਿ ਵਛਲੁ ਸੁਨਿ ਅੰਚਲੋੁ ਗਹਿਆ ਘਟਿ ਘਟਿ ਪੂਰ ਸਮਾਨਿਆ ॥ ਸੁਖ ਸਾਗਰੋੁ ਪਾਇਆ ਸਹਜ ਸੁਭਾਇਆ ਜਨਮ ਮਰਨ ਦੁਖ ਹਾਰੇ ॥ ਕਰੁ ਗਹਿ ਲੀਨੇ ਨਾਨਕ ਦਾਸ ਅਪਨੇ ਰਾਮ ਨਾਮ ਉਰਿ ਹਾਰੇ ॥ ੪ ॥ ੧ ॥

ਪਦ ਅਰਥ:—ਪ੍ਰਭ ਮਿਲੇ—ਪ੍ਰਭੂ ਜੀ ਮਿਲ ਪਏ [ਆਦਰ-ਬੋਧਕ ਬਹੁ ਵਚਨ] । ਕਰੁਣਾ—ਤਰਸ, ਦਇਆ । ਧਾਰੇ—ਧਾਰਿ, ਧਾਰ ਕੇ । ਨਿਰਗੁਣੁ—ਗੁਣ-ਹੀਨ । ਅਨਾਥੁ—ਨਿਮਾਣਾ । ਦੋਖ—ਐਬ, ਉਕਾਈਆਂ । ਸਾਰੇ—ਸੌਂਪ ਦਿੱਤੇ । ਪਾਵਨ—ਪਵਿੱਤਰ (ਕਰਨਾ)। ਬਿਰਦੁ—ਮੁੱਢ-ਕਦੀਮਾਂ ਦਾ ਸੁਭਾਉ । ਬਖਾਨਿਆ—ਕਿਹਾ ਜਾਂਦਾ ਹੈ । ਭਗਤਿ ਵਛਲੁ—ਭਗਤੀ ਨੂੰ ਪਿਆਰ ਕਰਨ ਵਾਲਾ । ਸੁਨਿ—ਸੁਣ ਕੇ । ਅੰਚਲੋੁ—ਪੱਲਾ [ਅੱਖਰ 'ਲ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫ਼ਜ਼ ਹੈ 'ਅੰਚਲੁ' । ਇਥੇ 'ਅੰਚਲੋ' ਪੜ੍ਹਨਾ ਹੈ] । ਗਹਿਆ—(ਮੈਂ) ਫੜ ਲਿਆ । ਘਟਿ ਘਟਿ—ਹਰੇਕ ਸਰੀਰ ਵਿਚ । ਪੂਰ—ਪੂਰਨ ਤੌਰ ਤੇ ।

ਸਾਗਰੋੁ—ਸਮੁੰਦਰ [ਅਸਲ ਲਫ਼ਜ਼ 'ਸਾਗਰੁ' ਹੈ । ਇਥੇ 'ਸਾਗਰੋ' ਪੜ੍ਹਨਾ ਹੈ] । ਸਹਜ ਸੁਭਾਇਆ—ਆਤਮਕ ਅਡੋਲਤਾ ਦੇ ਸੁਭਾਉ ਨਾਲ, ਬਿਨਾ ਕਿਸੇ ਹਠ ਆਦਿਕ ਦੇ ਜਤਨ ਨਾਲ । ਹਾਰੇ—ਥੱਕ ਗਏ । ਕਰੁ—ਹੱਥ [ਇਕ ਵਚਨ] । ਗਹਿ—ਫੜ ਕੇ । ਉਰਿ—ਹਿਰਦੇ ਵਿਚ । ਹਾਰੇ—ਹਾਰ । ੪ ।

ਅਰਥ:—ਹੇ ਭਾਈ ! (ਪ੍ਰਭੂ ਜੀ ਦੀ) ਭਾਲ ਕਰਦਿਆਂ ਕਰਦਿਆਂ (ਆਖ਼ਰ) ਪ੍ਰਭੂ ਜੀ (ਆਪ ਹੀ) ਦਇਆ ਕਰ ਕੇ (ਮੈਨੂੰ) ਮਿਲ ਪਏ (ਪ੍ਰਭੂ ਦਾ ਮਿਲਾਪ ਪ੍ਰਭੂ ਜੀ ਦੀ ਮਿਹਰ ਨਾਲ ਹੀ ਹੁੰਦਾ ਹੈ) । ਮੇਰੇ ਵਿਚ ਕੋਈ ਗੁਣ ਨਹੀਂ ਸੀ, ਮੈਂ ਨੀਵੇਂ ਜੀਵਨ ਵਾਲਾ ਸਾਂ, ਮੈਂ ਅਨਾਥ ਸਾਂ । ਪਰ ਪ੍ਰਭੂ ਜੀ ਨੇ ਮੇਰੇ ਔਗਣਾਂ ਵਲ ਧਿਆਨ ਨਹੀਂ ਦਿੱਤਾ ।

ਹੇ ਭਾਈ ! ਪ੍ਰਭੂ ਨੇ ਮੇਰੇ ਔਗਣ ਨਹੀਂ ਵਿਚਾਰੇ, ਮੈਨੂੰ ਪੂਰਨ ਸੁਖ ਉਸ ਨੇ ਦੇ ਦਿੱਤੇ, (ਤਾਹੀਏਂ ਤਾਂ ਇਹ) ਕਿਹਾ ਜਾਂਦਾ ਹੈ ਕਿ (ਪਤਿਤਾਂ ਨੂੰ) ਪਵਿੱਤਰ ਕਰਨਾ (ਪ੍ਰਭੂ ਦਾ) ਮੁੱਢ-ਕਦੀਮਾਂ ਦਾ ਸੁਭਾਉ ਹੈ। ਇਹ ਸੁਣ ਕੇ ਕਿ ਪ੍ਰਭੂ ਭਗਤੀ ਨੂੰ ਪਿਆਰ ਕਰਨ ਵਾਲਾ ਹੈ, ਮੈਂ ਉਸ ਦਾ ਪੱਲਾ ਫੜ ਲਿਆ (ਤੇ ਭਗਤੀ ਦੀ ਦਾਤਿ ਮੰਗੀ)। ਹੇ ਭਾਈ ! ਪ੍ਰਭੂ ਹਰੇਕ ਸਰੀਰ ਵਿਚ ਪੂਰਨ ਤੌਰ ਤੇ ਵਿਆਪਕ ਹੈ।

ਹੇ ਭਾਈ ! ਜਦੋਂ ਮੈਂ ਉਸ ਦਾ ਪੱਲਾ ਫੜ ਲਿਆ, ਤਾਂ ਉਹ ਸੁਖਾਂ ਦਾ ਸਮੁੰਦਰ ਪ੍ਰਭੂ ਮੈਨੂੰ ਆਪ-ਮੁਹਾਰਾ ਹੀ ਮਿਲ ਪਿਆ। ਜਨਮ ਤੋਂ ਮਰਨ ਤਕ ਦੇ ਮੇਰੇ ਸਾਰੇ ਹੀ ਦੁੱਖ ਥੱਕ ਗਏ (ਮੁੱਕ ਗਏ)। ਹੇ ਨਾਨਕ ! (ਆਖ—ਹੇ ਭਾਈ !) ਪ੍ਰਭੂ ਆਪਣੇ ਦਾਸਾਂ ਦਾ ਹੱਥ ਫੜ ਕੇ ਉਹਨਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ। ਪਰਮਾਤਮਾ ਦਾ ਨਾਮ (ਉਹਨਾਂ ਸੇਵਕਾਂ ਦੇ) ਹਿਰਦੇ ਵਿਚ ਹਾਰ ਬਣਿਆ ਰਹਿੰਦਾ ਹੈ। ੪। ੧।

—o—

ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਬਾਣੀ ਕਬੀਰ ਜੀਉ ਕੀ

ਉਸਤਤਿ ਨਿੰਦਾ ਦੋਊ ਬਿਬਰਜਿਤ,ਤਜਹੁ ਮਾਨੁ ਅਭਿਮਾਨਾ ॥ ਲੋਹਾ ਕੰਚਨੁ ਸਮ ਕਰਿ ਜਾਨਹਿ, ਤੇ ਮੂਰਤਿ ਭਗਵਾਨਾ ॥ ੧ ॥ ਤੇਰਾ ਜਨੁ, ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ,ਹਰਿ ਪਦੁ ਚੀਨ੍ਹੈ ਸੋਈ॥੧॥ ਰਹਾਉ ॥ ਰਜ ਗੁਣ,ਤਮ ਗੁਣ,ਸਤ ਗੁਣ ਕਹੀਐ,ਇਹ ਤੇਰੀ ਸਭ ਮਾਇਆ ॥ ਚਉਥੇ ਪਦ ਕਉ ਜੋ ਨਰੁ ਚੀਨ੍ਹੈ, ਤਿਨ ਹੀ ਪਰਮ ਪਦੁ ਪਾਇਆ ॥ ੨ ॥ ਤੀਰਥ ਬਰਤ ਨੇਮ ਸੁਚਿ ਸੰਜਮ, ਸਦਾ ਰਹੈ ਨਿਹਕਾਮਾ ॥ ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ, ਚਿਤਵਤ ਆਤਮ ਰਾਮਾ ॥ ੩ ॥ ਜਿਹ ਮੰਦਰਿ ਦੀਪਕੁ ਪਰਗਾਸਿਆ, ਅੰਧਕਾਰੁ ਤਹ ਨਾਸਾ ॥ ਨਿਰਭਉ ਪੂਰਿ ਰਹੇ ਭ੍ਰਮੁ ਭਾਗਾ, ਕਹਿ ਕਬੀਰ ਜਨ ਦਾਸਾ ॥ ੪ ॥ ੧ ॥

ਪਦ ਅਰਥ:-ਬਿਬਰਜਿਤ-ਮਨ੍ਹਾ, ਵਰਜੇ ਹੋਏ, ਮਾੜੇ । ਉਸਤਤਿ-ਵਡਿਆਈ, ਕਿਸੇ ਬੰਦੇ ਦੀ ਵਡਿਆਈ, ਖ਼ੁਸ਼ਾਮਦ । ਅਭਿਮਾਨਾ-ਅਹੰਕਾਰ । ਕੰਚਨੁ-ਸੋਨਾ । ਸਮ-ਬਰਾਬਰ । ਤੇ-ਉਹ ਬੰਦੇ । ੧ ।

ਏਕੁ ਆਧੁ-ਕੋਈ ਵਿਰਲਾ । ਹਰ ਪਦੁ-ਰੱਬੀ ਮਿਲਾਪ ਦੀ ਅਵਸਥਾ । ਚੀਨ੍ਹੈ-ਪਛਾਣਦਾ ਹੈ । ੧ । ਰਹਾਉ ।

ਰਜ ਗੁਣ-ਮਾਇਆ ਦਾ ਉਹ ਗੁਣ ਜੋ ਮੋਹ ਅਹੰਕਾਰ ਆਦਿਕ ਦਾ ਮੂਲ ਹੈ । ਤਮ ਗੁਣ-ਉਹ ਗੁਣ ਜਿਸ ਦੇ ਕਾਰਨ ਆਤਮਕ ਜੀਵਨ ਦਾ ਸਾਹ ਘੁੱਟਿਆ ਜਾਏ । (ਤਮ-ਸਾਹ ਘੁੱਟਿਆ ਜਾਣਾ) । ਸਤੋ ਗੁਣ-ਮਾਇਆ ਦੇ ਗੁਣਾਂ ਵਿਚੋਂ ਪਹਿਲਾ ਗੁਣ ਜਿਸ ਦਾ ਨਤੀਜਾ ਸ਼ਾਂਤੀ, ਦਇਆ, ਦਾਨ, ਖਿਮਾ, ਪ੍ਰਸੰਨਤਾ ਆਦਿਕ ਹੈ । ਇਸ ਅਵਸਥਾ ਵਿਚ ਮਨੁੱਖ ਸ਼ਾਂਤੀ, ਦਇਆ ਆਦਿਕ ਕੰਮਾਂ ਤੇ ਜ਼ੋਰ ਦੇਂਦਾ ਹੈ, ਤੇ ਇਹਨਾਂ ਦੇ ਕਰਨ ਨਾਲ ਹੀ ਉਸ ਨੂੰ ਜੀਵਨ-ਹੁਲਾਰਾ ਆਉਂਦਾ ਹੈ । ੨ ।

ਨਿਹਕਾਮਾ-ਕਾਮਨਾ-ਰਹਿਤ । ਸੁਚਿ-ਪਵਿੱਤ੍ਰਤਾ, ਸਰੀਰਕ ਸੁਚ । ਸੰਜਮ-ਇੰਦ੍ਰਿਆਂ ਨੂੰ ਕਾਬੂ ਕਰਨ ਦੇ ਜਤਨ । ਚਿਤਵਤ-ਸਿਮਰਦਿਆਂ । ੩ ।

ਮੰਦਰਿ-ਮੰਦਰ ਵਿਚ, ਘਰ ਵਿਚ । ਦੀਪਕੁ-ਦੀਵਾ । ਪਰਗਾਸਿਆ-ਜਗ ਪਿਆ। ਤਹ-ਉੱਥੇ । ਪੂਰਿ ਰਹੇ-ਪਰਗਟ ਹੋਏ । ੪ ।

ਅਰਥ :—ਹੇ ਭਾਈ ! ਕਿਸੇ ਮਨੁੱਖ ਦੀ ਖ਼ੁਸ਼ਾਮਦ ਕਰਨੀ ਜਾਂ ਕਿਸੇ ਦੇ ਐਬ ਫਰੋਲਣੇ—ਇਹ ਦੋਵੇਂ ਕੰਮ ਮਾੜੇ ਹਨ। (ਇਹ ਖ਼ਿਆਲ ਭੀ) ਛੱਡ ਦਿਉ (ਕਿ ਕੋਈ ਤੁਹਾਡਾ) ਆਦਰ (ਕਰਦਾ ਹੈ ਜਾਂ ਕੋਈ) ਆਕੜ (ਵਿਖਾਉਂਦਾ ਹੈ)। ਜੋ ਮਨੁੱਖ ਲੋਹੇ ਤੇ ਸੋਨੇ ਨੂੰ ਇਕੋ ਜਿਹਾ ਜਾਣਦੇ ਹਨ, ਉਹ ਭਗਵਾਨ ਦਾ ਰੂਪ ਹਨ। [ਸੋਨਾ—ਆਦਰ। ਲੋਹਾ—ਨਿਰਾਦਰੀ]।੧।

ਹੇ ਪ੍ਰਭੂ ! ਕੋਈ ਵਿਰਲਾ ਮਨੁੱਖ ਤੇਰਾ ਹੋ ਕੇ ਰਹਿੰਦਾ ਹੈ। (ਜੋ ਤੇਰਾ ਬਨਦਾ ਹੈ) ਉਸ ਨੂੰ ਕਾਮ, ਕ੍ਰੋਧ, ਲੋਭ, ਮੋਹ (ਆਦਿਕ ਵਿਕਾਰ) ਮਾੜੇ ਲੱਗਦੇ ਹਨ। (ਜੋ ਮਨੁੱਖ ਇਹਨਾਂ ਨੂੰ ਤਿਆਗਦਾ ਹੈ) ਉਹੀ ਮਨੁੱਖ ਪ੍ਰਭੂ-ਮਿਲਾਪ ਵਾਲੀ ਅਵਸਥਾ ਨਾਲ ਸਾਂਝ ਪਾਂਦਾ ਹੈ।੧। ਰਹਾਉ।

ਕੋਈ ਜੀਵ ਰਜੋ ਗੁਣ ਵਿਚ ਹਨ, ਕੋਈ ਤਮੋ ਗੁਣ ਵਿਚ ਹਨ, ਕੋਈ ਸਤੋ ਗੁਣ ਵਿਚ ਹਨ। ਪਰ (ਜੀਵਾਂ ਦੇ ਕੀਹ ਵੱਸ ?) ਇਹ ਸਭ ਕੁਝ, ਹੇ ਪ੍ਰਭੂ! ਤੇਰੀ ਮਾਇਆ ਹੀ ਕਹੀ ਜਾ ਸਕਦੀ ਹੈ। ਜੋ ਮਨੁੱਖ (ਇਹਨਾਂ ਤੋਂ ਉਤਾਂਹ) ਚੌਥੀ ਅਵਸਥਾ (ਪ੍ਰਭੂ-ਮਿਲਾਪ) ਨਾਲ ਜਾਣ-ਪਛਾਣ ਕਰਦਾ ਹੈ, ਉਸੇ ਨੂੰ ਹੀ ਉੱਚੀ ਆਤਮਕ ਅਵਸਥਾ ਪ੍ਰਾਪਤ ਹੁੰਦੀ ਹੈ।੨।

ਜੋ ਮਨੁੱਖ ਸਦਾ ਸਰਬ-ਵਿਆਪਕ ਪ੍ਰਭੂ ਨੂੰ ਸਿਮਰਦਾ ਹੈ, ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਤੇ ਭਟਕਣਾ ਦੂਰ ਹੋ ਜਾਂਦੀ ਹੈ, ਇਸ ਲਈ ਉਹ ਸਦਾ ਤੀਰਥ ਵਰਤ ਸੁੱਚ ਸੰਜਮ ਆਦਿਕ ਨੇਮਾਂ ਵਲੋਂ ਨਿਸ਼ਕਾਮ ਰਹਿੰਦਾ ਹੈ, (ਭਾਵ,ਇਹਨਾਂ ਕਰਮਾਂ ਦੇ ਕਰਨ ਦੀ ਉਸ ਨੂੰ ਚਾਹ ਨਹੀਂ ਰਹਿੰਦੀ)।੩।

ਪ੍ਰਭੂ ਦਾ ਜਨ, ਪ੍ਰਭੂ ਦਾ ਦਾਸ ਕਬੀਰ ਆਖਦਾ ਹੈ—ਜਿਸ ਘਰ ਵਿਚ ਦੀਵਾ ਜਗ ਪਏ, ਉੱਥੋਂ ਹਨੇਰਾ ਦੂਰ ਹੋ ਜਾਂਦਾ ਹੈ, ਤਿਵੇਂ ਹੀ ਜਿਸ ਹਿਰਦੇ ਵਿਚ ਨਿਰਭਉ ਪ੍ਰਭੂ ਪਰਗਟ ਹੋ ਜਾਏ ਉਸ ਦੀ ਭਟਕਣਾ ਮਿਟ ਜਾਂਦੀ ਹੈ।੪।੧।

ਸ਼ਬਦ ਦਾ ਭਾਵ :—ਸੰਤ ਦਾ ਕਰਤੱਬ—ਵਿਕਾਰਾਂ ਤੋਂ ਮਨੁੱਖ ਪਰਹੇਜ਼ ਕਰਦਾ ਹੈ; ਨਾਹ ਕਿਸੇ ਦੀ ਨਿੰਦਾ, ਨਾਹ ਕਿਸੇ ਦੀ ਖ਼ੁਸ਼ਾਮਦ, ਤੀਰਥ ਵਰਤ ਆਦਿਕ ਵਲੋਂ ਬੇ-ਪਰਵਾਹ; ਕੋਈ ਭਟਕਣਾ ਨਹੀਂ ਰਹਿ ਜਾਂਦੀ।

ਕਿਨ ਹੀ ਬਨਜਿਆ ਕਾਂਸੀ ਤਾਂਬਾ, ਕਿਨ ਹੀ ਲਉਗ ਸੁਪਾਰੀ॥ ਸੰਤਹੁ ਬਨਜਿਆ ਨਾਮੁ ਗੋਬਿਦ ਕਾ, ਐਸੀ ਖੇਪ ਹਮਾਰੀ॥੧॥ ਹਰਿ ਕੇ ਨਾਮ ਕੇ ਬਿਆਪਾਰੀ॥ ਹੀਰਾ ਹਾਥਿ ਚੜਿਆ ਨਿਰਮੋਲਕੁ, ਛੂਟਿ ਗਈ ਸੰਸਾਰੀ॥੧॥ ਰਹਾਉ॥ ਸਾਚੇ ਲਾਏ ਤਉ ਸਚ ਲਾਗੇ, ਸਾਚੇ ਕੇ ਬਿਉਪਾਰੀ॥ ਸਾਚੀ ਬਸਤੁ ਕੇ ਭਾਰ ਚਲਾਏ, ਪਹੁਚੇ ਜਾਇ ਭੰਡਾਰੀ॥੨॥ ਆਪਹਿ

ਰਤਨ ਜਵਾਹਰ ਮਾਨਿਕ, ਆਪੈ ਹੈ ਪਾਸਾਰੀ ॥ ਆਪੈ ਦਹਦਿਸ ਆਪ ਚਲਾਵੈ, ਨਿਹਚਲੁ ਹੈ ਬਿਆਪਾਰੀ ॥ ੩ ॥ ਮਨੁ ਕਰਿ ਬੈਲੁ ਸੁਰਤਿ ਕਰਿ ਪੈਡਾ, ਗਿਆਨ ਗੋਨਿ ਭਰਿ ਡਾਰੀ॥ ਕਹਤੁ ਕਬੀਰ ਸੁਨਹੁ ਰੇ ਸੰਤਹੁ,ਨਿਬਹੀ ਖੇਪ ਹਮਾਰੀ ॥ ੪ ॥ ੨ ॥

ਪਦ ਅਰਥ :–ਬਨਜਿਆ–ਵਣਜ ਕੀਤਾ। ਸੰਤਹੁ–ਸੰਤਾਂ ਨੇ। ਖੇਪ–ਸੌਦਾ ।੧।

ਬਿਆਪਾਰੀ–ਵਪਾਰੀ। ਹਾਥਿ ਚੜਿਆ–ਲੱਭ ਪਿਆ । ਸੰਸਾਰੀ–ਸੰਸਾਰ ਵਿਚ ਗ੍ਰਸੇ ਰਹਿਣ ਵਾਲੀ ਸੁਰਤ। ੧ । ਰਹਾਉ।

ਬਿਉਹਾਰੀ–ਵਪਾਰੀ। ਚਲਾਇ–ਲੱਦ ਲਏ। ਭੰਡਾਰੀ–(ਰੱਬੀ) ਖ਼ਜ਼ਾਨੇ ਵਿਚ ।੨।

ਆਪਹਿ–ਪ੍ਰਭੂ ਆਪ ਹੀ। ਪਾਸਾਰੀ–ਪਸਾਰੀ, ਸੌਦਾ ਵੇਚਣ ਵਾਲਾ। ਦਹਦਿਸ–ਦਸੀਂ ਪਾਸੀਂ। ਨਿਹਚਲੁ–ਸਦਾ ਥਿਰ ਰਹਿਣ ਵਾਲਾ। ੩ ।

ਸੁਰਤਿ–(ਪ੍ਰਭੂ-ਚਰਨਾਂ ਵਿਚ ਜੁੜੀ ਹੋਈ) ਸੁਰਤ । ਗੋਨਿ–ਛੱਟ। ਭਰਿ ਡਾਰੀ–ਭਰ ਲਈ। ਨਿਬਹੀ–ਤੋੜ ਪਹੁੰਚ ਗਈ ਹੈ। ੪ ।

ਅਰਥ :–ਕਈ ਲੋਕ ਕੈਂਹ ਤਾਂਬੇ ਆਦਿਕ ਦਾ ਵਣਜ ਕਰਦੇ ਹਨ, ਕਈ ਲੌਂਗ ਸੁਪਾਰੀ ਆਦਿਕ ਵਣਜਦੇ ਹਨ। ਪ੍ਰਭੂ ਦੇ ਸੰਤਾਂ ਨੇ ਪਰਮਾਤਮਾ ਦਾ ਨਾਮ ਵਣਜਿਆ ਹੈ; ਮੈਂ ਭੀ ਇਹੀ ਸੌਦਾ ਲੱਦਿਆ ਹੈ ।੧।

ਜੋ ਮਨੁੱਖ ਪ੍ਰਭੂ ਦੇ ਨਾਮ ਦਾ ਵਣਜ ਕਰਦੇ ਹਨ, ਉਹਨਾਂ ਨੂੰ ਪ੍ਰਭੂ ਦਾ ਨਾਮ-ਰੂਪ ਅਮੋਲਕ ਹੀਰਾ ਲੱਭ ਪੈਂਦਾ ਹੈ। ਤੇ, ਉਹਨਾਂ ਦੀ ਉਹ ਬਿਰਤੀ ਮੁੱਕ ਜਾਂਦੀ ਹੈ, ਜੋ ਸਦਾ ਸੰਸਾਰ ਵਿਚ ਹੀ ਜੋੜੀ ਰੱਖਦੀ ਹੈ ।੧।ਰਹਾਉ।

ਸੱਚੇ ਨਾਮ ਦਾ ਵਪਾਰ ਕਰਨ ਵਾਲੇ ਬੰਦੇ ਤਦੋਂ ਹੀ ਸੱਚੇ ਨਾਮ ਵਿਚ ਲੱਗਦੇ ਹਨ, ਜਦੋਂ ਪ੍ਰਭੂ ਆਪ ਉਹਨਾਂ ਨੂੰ ਇਸ ਵਣਜ ਵਿਚ ਲਾਂਦਾ ਹੈ। ਉਹ ਮਨੁੱਖ ਇਸ ਸਦਾ ਥਿਰ ਰਹਿਣ ਵਾਲੀ ਨਾਮ-ਵਸਤ ਦੇ ਲੱਦੇ ਲੱਦ ਤੁਰਦੇ ਹਨ, ਤੇ ਪ੍ਰਭੂ ਦੀ ਹਜ਼ੂਰੀ ਵਿਚ ਜਾ ਅੱਪੜਦੇ ਹਨ ।੨।

ਪ੍ਰਭੂ ਆਪ ਹੀ ਰਤਨ ਹੈ, ਆਪ ਹੀ ਹੀਰਾ ਹੈ, ਆਪ ਹੀ ਮੋਤੀ ਹੈ, ਉਹ ਆਪ ਹੀ ਇਸ ਦਾ ਹੱਟ ਚਲਾ ਰਿਹਾ ਹੈ; ਉਹ ਆਪ ਹੀ ਸਦਾ ਥਿਰ ਰਹਿਣ ਵਾਲਾ ਸੌਦਾਗਰ ਹੈ, ਉਹ ਆਪ ਹੀ ਜੀਵ-ਵਣਜਾਰਿਆਂ ਨੂੰ (ਜਗਤ ਵਿਚ) ਦਸੀਂ ਪਾਸੀਂ ਤੋਰ ਰਿਹਾ ਹੈ ।੩।

ਕਬੀਰ ਆਖਦਾ ਹੈ–ਹੇ ਸੰਤ ਜਨੋ ! ਸੁਣੋ, ਮੇਰਾ ਵਣਜਿਆ ਹੋਇਆ ਨਾਮ-ਵੱਖਰ ਬੜਾ ਲਾਹੇ-ਵੰਦਾ ਹੋਇਆ ਹੈ। ਮੈਂ ਆਪਣੇ ਮਨ ਨੂੰ ਬਲਦ ਬਣਾ ਕੇ, (ਪ੍ਰਭੂ-ਚਰਨਾਂ ਵਿਚ

ਜੁੜੀ ਆਪਣੀ) ਸੁਰਤ ਦੀ ਰਾਹੀਂ ਜੀਵਨ-ਪੰਧ ਤੁਰ ਕੇ (ਗੁਰੂ ਦੇ ਦੱਸੇ) ਗਿਆਨ ਦੀ ਛੱਟ ਭਰ ਲਈ ਹੈ ।੪।੨।

ਸ਼ਬਦ ਦਾ ਭਾਵ :—ਸੰਤ ਦਾ ਕਰਤੱਬ—ਸੰਸਾਰ ਵਲ ਸਦਾ ਦੌੜਦੀ ਸੁਰਤ ਪ੍ਰਭੂ ਵਿਚ ਟਿਕ ਜਾਂਦੀ ਹੈ। ਜਿਵੇਂ ਦੁਨੀਆਦਾਰ ਮਾਇਕ ਵਣਜ-ਵਪਾਰ ਵਾਸਤੇ ਤਨੋਂ-ਮਨੋਂ ਦੌੜ-ਭੱਜ ਕਰਦਾ ਹੈ, ਤਿਵੇਂ ਪ੍ਰਭੂ-ਚਰਨਾਂ ਵਿਚ ਜੁੜਿਆ ਬੰਦਾ ਪ੍ਰਭੂ-ਪ੍ਰੀਤ ਨੂੰ ਹੀ ਆਪਣੇ ਜੀਵਨ ਦਾ ਨਿਸ਼ਾਨਾ ਸਮਝਦਾ ਹੈ।

ਰੀ ਕਲਵਾਰਿ ਗਵਾਰਿ ਮੂਢ ਮਤਿ, ਉਲਟੋ ਪਵਨੁ ਫਿਰਾਵਉ ॥ ਮਨੁ ਮਤਵਾਰ, ਮੇਰ ਸਰ ਭਾਠੀ, ਅੰਮ੍ਰਿਤ ਧਾਰ ਚੁਆਵਉ ॥ ੧॥ ਬੋਲਹੁ ਭਈਆ, ਰਾਮ ਕੀ ਦੁਹਾਈ ॥ ਪੀਵਹੁ ਸੰਤ ਸਦਾ ਮਤਿ ਦੁਰਲਭ, ਸਹਜੇ ਪਿਆਸ ਬੁਝਾਈ ॥ ੧ ॥ ਰਹਾਉ ॥ ਭੈ ਬਿਚਿ ਭਾਉ, ਭਾਇ ਕੋਊ ਬੂਝਹਿ, ਹਰਿ ਰਸੁ ਪਾਵੈ ਭਾਈ ॥ ਜੇਤੇ ਘਟ ਅੰਮ੍ਰਿਤੁ ਸਭ ਹੀ ਮਹਿ, ਭਾਵੈ ਤਿਸਹਿ ਪੀਆਈ ॥ ੨ ॥ ਨਗਰੀ ਏਕੈ, ਨਉ ਦਰਵਾਜੇ, ਧਾਵਤੁ ਬਰਜਿ ਰਹਾਈ ॥ ਤ੍ਰਿਕੁਟੀ ਛੂਟੈ, ਦਸਵਾ ਦਰੁ ਖੂਲ੍ਹੈ, ਤਾ ਮਨੁ ਖੀਵਾ ਭਾਈ ॥ ੩ ॥ ਅਭੈ ਪਦ ਪੂਰਿ, ਤਾਪ ਤਹ ਨਾਸੇ, ਕਹਿ ਕਬੀਰ ਬੀਚਾਰੀ ॥ ਉਬਟ ਚਲੰਤੇ ਇਹੁ ਮਦੁ ਪਾਇਆ, ਜੈਸੇ ਖੋਂਦ ਖੁਮਾਰੀ ॥੪॥੩॥

ਪਦ ਅਰਥ :—ਭਈਆ—ਹੇ ਭਾਈ ! ਹੇ ਸੱਜਣ ! ਦੁਹਾਈ—ਹੋਰ ਗੱਲਾਂ ਛੱਡ ਕੇ ਇੱਕੋ ਹੀ ਗੱਲ ਨੂੰ ਮੁੜ ਮੁੜ ਆਖੀ ਜਾਣ ਨੂੰ ਦੁਹਾਈ ਪਾ ਦੇਣਾ ਆਖੀਦਾ ਹੈ। ਰਾਮ ਕੀ ਦੁਹਾਈ—ਹੋਰ ਖ਼ਿਆਲ ਛੱਡ ਕੇ ਪਰਮਾਤਮਾ ਦੇ ਨਾਮ ਦਾ ਮੁੜ ਮੁੜ ਉੱਚਾਰਨ। ਬੋਲਹੁ ਰਾਮ ਕੀ ਦੁਹਾਈ—ਮੁੜ ਮੁੜ ਪ੍ਰਭੂ ਦੇ ਨਾਮ ਦਾ ਜਾਪ ਜਪੋ। ਸੰਤ—ਹੇ ਸੰਤ ਜਨੋ ! ਪੀਵਹੁ —(ਪ੍ਰਭੂ ਦੇ ਨਾਮ ਦਾ ਜਾਪ-ਰੂਪ ਅੰਮ੍ਰਿਤ) ਪੀਓ। ਦੁਰਲਭ—ਜੋ ਬਹੁਤ ਮੁਸ਼ਕਲ ਨਾਲ ਲੱਭੇ। ਸਦਾ ਮਤਿ ਦੁਰਲਭ—(ਹੇ ਸੰਤ ਜਨੋ ! ਰਾਮ ਕੀ ਦੁਹਾਈ-ਰੂਪ ਅੰਮ੍ਰਿਤ ਪੀਣ ਨਾਲ) ਤੁਹਾਡੀ ਮਤ ਸਦਾ ਲਈ ਐਸੀ ਬਣ ਜਾਇਗੀ ਜੋ ਮੁਸ਼ਕਲ ਨਾਲ ਮਿਲਦੀ ਹੈ। ਸਹਜੇ-ਸਹਜ ਅਵਸਥਾ ਵਿਚ (ਅਪੜਾ ਕੇ)। ਪਿਆਸ ਬੁਝਾਈ—(ਇਹ ਅੰਮ੍ਰਿਤ ਮਾਇਆ ਦੀ) ਪਿਆਸ ਬੁਝਾ ਦੇਂਦਾ ਹੈ ।੧।ਰਹਾਉ।

ਰੀ—['ਇਸਤ੍ਰੀ-ਲਿੰਗ' ਹੈ, ਇਸ ਦੇ ਟਾਕਰੇ ਤੇ ਲਫ਼ਜ਼ 'ਰੇ' ਪੁਲਿੰਗ ਹੈ। 'ਰੇ ਲੋਈ !' ਵਿਚ ਲਫ਼ਜ਼ 'ਲੋਈ' ਪੁਲਿੰਗ ਹੀ ਹੋ ਸਕਦਾ ਹੈ। ਸੋ, ਰਾਗ ਆਸਾ ਦੇ ਸ਼ਬਦ "ਕਰਵਤੁ ਭਲਾ......" ਵਿਚ ਲਫ਼ਜ਼ 'ਲੋਈ' ਕਬੀਰ ਜੀ ਦੀ ਵਹੁਟੀ ਵਾਸਤੇ ਨਹੀਂ ਹੈ]।

ਰੀ ਕਲਵਾਰਿ–ਹੇ ਕਲਾਲਣ ! ਰੀ ਗਵਾਰਿ–ਹੇ ਗੰਵਾਰਨ ! ਮੂਢ–ਮੂਰਖ । ਪਵਨੁ–ਚੰਚਲ (ਮਨ) ["ਸੰਤਹੁ ਮਨ ਪਵਨੈ ਸੁਖੁ ਬਨਿਆ–" ਸੋਰਠ ਕਬੀਰ]। ਉਲਟੋ ਪਵਨੁ–ਉਲਟਿਆ ਹੋਇਆ ਚੰਚਲ (ਮਨ), ਵਿਗੜਿਆ ਹੋਇਆ ਚੰਚਲ ਮਨ । ਫਿਰਾਵਉ–ਫਿਰਾਵਉਂ, ਮੈਂ ਫਿਰਾ ਰਿਹਾ ਹਾਂ, ਮੈਂ ਮੋੜ ਰਿਹਾ ਹਾਂ, ਮੈਂ ਵਿਗਾੜ ਵਲੋਂ ਵਰਜ ਰਿਹਾ ਹਾਂ । ਮਤਵਾਰ–ਮਤਵਾਲਾ, ਮਸਤ । ਮੇਰ–ਸਭ ਤੋਂ ਉੱਚਾ ਪਰਬਤ ਜਿਸ ਵਿਚ ਸੋਨਾ ਤੇ ਹੀਰੇ ਆਦਿਕ ਮਿਲਦੇ ਮੰਨੇ ਗਏ ਹਨ; (੨) ਮਾਲਾ ਦਾ ਸਭ ਤੋਂ ਉਪਰਲਾ ਮਣਕਾ; (੩) ਸਰੀਰ ਦਾ ਸਭ ਤੋਂ ਉੱਚਾ ਸ਼ਿਰੋਮਣੀ ਹਿੱਸਾ, ਦਿਮਾਗ਼ ਦਸਮ-ਦੁਆਰ । ਸਰ–ਬਰਾਬਰ, ਵਰਗਾ । ਭਾਠੀ–ਭੱਠੀ, ਜਿਸ ਵਿਚ ਅਰਕ ਸ਼ਰਾਬ ਆਦਿਕ ਕੱਢੇ ਜਾਂਦੇ ਹਨ । ਅੰਮ੍ਰਿਤ ਧਾਰ–(ਨਾਮ) ਅੰਮ੍ਰਿਤ ਦੀਆਂ ਧਾਰਾਂ । ਚੁਆਵਉ–ਮੈਂ ਚੁਆ ਰਿਹਾ ਹਾਂ, ਮੈਂ ਕੱਢ ਰਿਹਾ ਹਾਂ।੧।

ਭੈ ਬਿਚਿ–ਪ੍ਰਭੂ ਦੇ ਅਦਬ ਵਿਚ (ਰਿਹਾਂ) । ਭਾਉ–(ਪ੍ਰਭੂ ਨਾਲ) ਪਿਆਰ। ਭਾਇ –(ਉਸ) ਪਿਆਰ ਦੀ ਰਾਹੀਂ । ਕੋਊ–ਕੋਈ ਵਿਰਲੇ ਵਿਰਲੇ । ਹਰਿ ਰਸੁ–ਹਰਿ-ਨਾਮ ਅੰਮ੍ਰਿਤ ਦਾ ਸੁਆਦ । ਭਾਈ–ਹੇ ਭਾਈ ! ਘਰ–ਸਰੀਰ, ਜੀਵ । ਭਾਵੈ–(ਜੋ ਉਸ ਪ੍ਰਭੂ ਨੂੰ) ਚੰਗਾ ਲੱਗਦਾ ਹੈ । ਤਿਸਹਿ–ਉਸ ਨੂੰ ਹੀ । ੨ ।

ਨਗਰੀ ਏਕੈ–ਇਸ ਆਪਣੇ ਸਰੀਰ-ਰੂਪ ਨਗਰ ਵਿਚ ਹੀ । ਧਾਵਤੁ–ਭਟਕਦੇ ਮਨ ਨੂੰ । ਤ੍ਰਿਕੁਟੀ–ਤ੍ਰਿਊੜੀ, ਖਿੱਝ । ਦਸਵਾ ਦਰੁ–ਦਸਵਾਂ ਦਰਵਾਜ਼ਾ, ਦਿਮਾਗ਼। ਖੂਲ੍ਹਿ–ਖੁਲ੍ਹ ਜਾਂਦਾ ਹੈ, (ਪ੍ਰਭੂ-ਚਰਨਾਂ ਨਾਲ) ਸੰਬੰਧ ਪੈਦਾ ਕਰ ਲੈਂਦਾ ਹੈ । ਖੀਵਾ–ਮਸਤ । ਭਾਈ–ਹੇ ਸੱਜਣ ! ੩ ।

ਅਭੈ ਪਦ–ਨਿਰਭੈਤਾ ਵਾਲੀ ਅਵਸਥਾ, ਮਨ ਦੀ ਉਹ ਹਾਲਤ ਜਿੱਥੇ ਦੁਨੀਆ ਦੇ ਕੋਈ ਡਰ ਨਹੀਂ ਪੋਂਹਦੇ । ਤਹ–ਉਸ ਅਵਸਥਾ ਵਿਚ, ਉੱਥੇ । ਕਹਿ–ਕਹੈ, ਆਖਦਾ ਹੈ । ਬੀਚਾਰੀ–ਵਿਚਾਰ ਕੇ, ਸੋਚ-ਸਮਝ ਕੇ । ਉਬਟ–[skt. उद्वत्–An elevation, hill, ਪ੍ਰਾਕ੍ਰਿਤ-ਰੂਪ ਹੈ 'ਉਬਟ'] ਔਖੀ ਘਾਟੀ, ਔਖੇ ਚੜ੍ਹਾਈ ਵਾਲੇ ਪਾਸੇ । ਮਦੁ–ਨਸ਼ਾ । ਖੁਮਾਰੀ–ਮਸਤੀ, ਨਸ਼ਾ । ਖੋਂਦ–(क्षौद्र) ਦਾਖ ਦਾ ਰਸ, ਅੰਗੂਰੀ ਸ਼ਰਾਬ । ਖੋਂਦ ਖੁਮਾਰੀ–ਅੰਗੂਰੀ ਸ਼ਰਾਬ ਦਾ ਨਸ਼ਾ । ੪ ।

ਅਰਥ :–ਹੇ ਭਾਈ ! ਮੁੜ ਮੁੜ ਪ੍ਰਭੂ ਦੇ ਨਾਮ ਦਾ ਜਾਪ ਜਪੋ; ਹੇ ਸੰਤ ਜਨੋ !(ਪ੍ਰਭੂ ਦੇ ਨਾਮ ਦਾ ਜਾਪ-ਰਸ ਅੰਮ੍ਰਿਤ) ਪੀਓ । ਇਸ ਨਾਮ-ਰਸ ਅੰਮ੍ਰਿਤ ਦੇ ਪੀਣ ਨਾਲ) ਤੁਹਾਡੀ ਮਤ ਸਦਾ ਲਈ ਐਸੀ ਬਣ ਜਾਇਗੀ ਜੋ ਮੁਸ਼ਕਲ ਨਾਲ ਬਣਿਆ ਕਰਦੀ ਹੈ, (ਇਹ ਅੰਮ੍ਰਿਤ) ਸਹਿਜ ਅਵਸਥਾ ਵਿਚ (ਅਪੜਾ ਕੇ, ਮਾਇਆ ਦੀ) ਪਿਆਸ ਬੁਝਾ ਦੇਂਦਾ ਹੈ ।੧।ਰਹਾਉ।

ਹੇ (ਮਾਇਆ ਦਾ) ਨਸ਼ਾ ਵੰਡਣ ਵਾਲੀ ! ਹੇ ਗੰਵਾਰਨ ! ਹੇ ਮੇਰੀ ਮੂਰਖ ਅਕਲ !

ਮੈਂ ਤਾਂ (ਨਾਮ-ਅੰਮ੍ਰਿਤ ਦੀ ਮੌਜ ਵਿਚ) ਆਪਣੇ ਵਿੰਗੇ ਜਾਂਦੇ ਚੰਚਲ ਮਨ ਨੂੰ (ਮਾਇਆ ਵਲੋਂ) ਵਰਜ ਰਿਹਾ ਹਾਂ। (ਪ੍ਰਭੂ-ਚਰਨਾਂ ਵਿਚ ਜੁੜੀ) ਸੁਰਤ ਦੀ ਭੱਠੀ ਬਣਾ ਕੇ ਮੈਂ ਜਿਉਂ ਜਿਉਂ (ਨਾਮ-) ਅੰਮ੍ਰਿਤ ਦੀਆਂ ਧਾਰਾਂ ਚੋਂਦਾ ਹਾਂ, ਤਿਉਂ ਤਿਉਂ ਮੇਰਾ ਮਨ (ਉਸ ਵਿਚ) ਮਸਤ ਹੁੰਦਾ ਜਾ ਰਿਹਾ ਹੈ। ੧।

ਹੇ ਭਾਈ! ਜੋ ਜੋ ਮਨੁੱਖ ਇਸ ਹਰਿ-ਨਾਮ ਅੰਮ੍ਰਿਤ ਦਾ ਸੁਆਦ ਚੱਖਦਾ ਹੈ, ਪ੍ਰਭੂ ਦੇ ਡਰ ਵਿਚ ਰਹਿ ਕੇ ਉਸ ਦੇ ਅੰਦਰ ਪ੍ਰਭੂ ਦਾ ਪ੍ਰੇਮ ਪੈਦਾ ਹੁੰਦਾ ਹੈ। ਉਸ ਪ੍ਰੇਮ ਦੀ ਬਰਕਤਿ ਨਾਲ ਉਹ ਵਿਰਲੇ (ਭਾਗਾਂ ਵਾਲੇ) ਬੰਦੇ ਇਹ ਗੱਲ ਸਮਝ ਲੈਂਦੇ ਹਨ ਕਿ ਜਿਤਨੇ ਭੀ ਜੀਵ ਹਨ, ਉਹਨਾਂ ਸਭਨਾਂ ਦੇ ਅੰਦਰ ਇਹ ਨਾਮ-ਅੰਮ੍ਰਿਤ ਮੌਜੂਦ ਹੈ। ਪਰ, ਜੋ ਜੀਵ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ਉਸੇ ਨੂੰ ਹੀ ਉਹ ਅੰਮ੍ਰਿਤ ਪਿਆਲਦਾ ਹੈ। ੨।

ਹੇ ਭਾਈ! ("ਰਾਮ ਕੀ ਦੁਹਾਈ" ਦੀ ਬਰਕਤਿ ਨਾਲ) ਜੋ ਮਨੁੱਖ ਇਸ ਨੌਂ-ਗੋਲਕੀ ਸਰੀਰ ਦੇ ਅੰਦਰ ਹੀ ਭਟਕਦੇ ਮਨ ਨੂੰ ਮਾਇਆ ਵਲੋਂ ਵਰਜ ਕੇ ਰੋਕ ਰੱਖਦਾ ਹੈ, ਉਸ ਦੀ ਤ੍ਰਿਊੜੀ ਮੁੱਕ ਜਾਂਦੀ ਹੈ (ਭਾਵ, ਮਾਇਆ ਦੇ ਕਾਰਨ ਪੈਦਾ ਹੋਈ ਖਿੱਝ ਖ਼ਤਮ ਹੋ ਜਾਂਦੀ ਹੈ), ਉਸ ਦੀ ਸੁਰਤ ਪ੍ਰਭੂ-ਚਰਨਾਂ ਵਿਚ ਜੁੜ ਜਾਂਦੀ ਹੈ ਤੇ (ਉਸ ਮਿਲਾਪ ਵਿਚ ਉਸ ਦਾ) ਮਨ ਮਗਨ ਰਹਿੰਦਾ ਹੈ। ੩।

ਹੁਣ ਕਬੀਰ ਇਹ ਗੱਲ ਬੜੇ ਯਕੀਨ ਨਾਲ ਆਖਦਾ ਹੈ—('ਰਾਮ ਕੀ ਦੁਹਾਈ' ਦੀ ਬਰਕਤਿ ਨਾਲ) ਮਨ ਵਿਚ ਉਹ ਹਾਲਤ ਪੈਦਾ ਹੋ ਜਾਂਦੀ ਹੈ ਜਿੱਥੇ ਇਸ ਨੂੰ ਦੁਨੀਆ ਦੇ ਕੋਈ) ਡਰ ਨਹੀਂ ਪੋਂਹਚੇ, ਮਨ ਦੇ ਸਾਰੇ ਕਲੇਸ਼ ਨਾਸ ਹੋ ਜਾਂਦੇ ਹਨ। (ਪਰ ਇਹ ਨਾਮ-ਅੰਮ੍ਰਿਤ ਹਾਸਲ ਕਰਨ ਵਾਲਾ ਰਾਹ, ਔਖਾ ਪਹਾੜੀ ਰਾਹ ਹੈ) ਇਸ ਔਖੇ ਚੜ੍ਹਾਈ ਦੇ ਰਾਹ ਚੜ੍ਹਦਿਆਂ ਹੀ ਇਹ ਨਸ਼ਾ ਪ੍ਰਾਪਤ ਹੁੰਦਾ ਹੈ (ਤੇ ਇਹ ਨਸ਼ਾ ਇਉਂ ਹੈ) ਜਿਵੇਂ ਅੰਗੂਰੀ ਸ਼ਰਾਬ ਦਾ ਨਸ਼ਾ ਹੁੰਦਾ ਹੈ।੪।੩।

ਨੋਟ—ਸ਼ਬਦ ਦਾ ਮੁੱਖ-ਭਾਵ 'ਰਹਾਉ' ਦੀ ਤੁਕ ਵਿਚ ਹੋਇਆ ਕਰਦਾ ਹੈ। ਸਾਰੇ ਸ਼ਬਦ ਵਿਚ "ਰਾਮ ਕੀ ਦੁਹਾਈ" ਦਾ ਵਿਕਾਸ ਹੈ। ਸਿਮਰਨ ਦੀ ਬਰਕਤਿ ਨਾਲ ਜੋ ਤਬਦੀਲੀ ਜੀਵਨ ਵਿਚ ਪੈਦਾ ਹੁੰਦੀ ਹੈ, ਉਸ ਦਾ ਜ਼ਿਕਰ ਸ਼ਬਦ ਦੇ ਚਹੁਆਂ ਬੰਦਾਂ ਵਿਚ ਹੈ। ਲਫ਼ਜ਼ ਤ੍ਰਿਕੁਟੀ ਪਵਨ ਆਦਿਕ ਤੋਂ ਕਾਹਲੀ ਨਾਲ ਇਹ ਨਤੀਜਾ ਕੱਢ ਲੈਣਾ ਠੀਕ ਨਹੀਂ ਹੈ ਕਿ ਕਬੀਰ ਜੀ ਕਿਸੇ ਜੋਗ-ਅੱਭਿਆਸ ਜਾਂ ਪ੍ਰਾਣਾਯਾਮ ਦੀ ਹਾਮੀ ਭਰਦੇ ਹਨ।

ਸ਼ਬਦ ਦਾ ਭਾਵ :—ਸਿਮਰਨ ਦਾ ਸਿੱਟਾ—ਮਾਇਆ ਦੀ ਤ੍ਰਿਸ਼ਨਾ ਮੁੱਕ ਜਾਂਦੀ ਹੈ, ਮਨ ਨਾਮ-ਅੰਮ੍ਰਿਤ ਦੀ ਧਾਰ ਵਿਚ ਮਸਤ ਰਹਿੰਦਾ ਹੈ, ਮਾਇਆ ਦੇ ਮੋਹ ਦੇ ਕਾਰਨ ਉਪਜੀ ਖਿੱਝ ਦੂਰ ਹੋ ਜਾਂਦੀ ਹੈ।

ਕਾਮ ਕ੍ਰੋਧ ਤ੍ਰਿਸਨਾ ਕੇ ਲੀਨੇ, ਗਤਿ ਨਹੀ ਏਕੈ ਜਾਨੀ॥ ਫੂਟੀ

ਆਖੈ ਕਛੂ ਨ ਸੂਝੈ, ਬੂਡਿ ਮੂਏ ਬਿਨੁ ਪਾਨੀ ॥ ੧ ॥ ਚਲਤ ਕਤ ਟੇਢੇ ਟੇਢੇ ਟੇਢੇ ॥ ਅਸਤਿ ਚਰਮ ਬਿਸਟਾ ਕੇ ਮੂੰਦੇ, ਦੁਰਗੰਧ ਹੀ ਕੇ ਬੇਢੇ ॥੧॥ਰਹਾਉ॥ ਰਾਮ ਨ ਜਪਹੁ, ਕਵਨ ਭ੍ਰਮ ਭੂਲੇ, ਤੁਮ ਤੇ ਕਾਲੁ ਨ ਦੂਰੇ ॥ ਅਨਿਕ ਜਤਨ ਕਰਿ ਇਹ ਤਨੁ ਰਾਖਹੁ, ਰਹੈ ਅਵਸਥਾ ਪੂਰੇ ॥ ੨ ॥ ਆਪਨ ਕੀਆ ਕਛੂ ਨ ਹੋਵੈ, ਕਿਆ ਕੋ ਕਰੈ ਪਰਾਨੀ ॥ ਜਾ ਤਿਸੁ ਭਾਵੈ ਸਤਿਗੁਰੁ ਭੇਟੈ, ਏਕੋ ਨਾਮੁ ਬਖਾਨੀ ॥ ੩ ॥ ਬਲੂਆ ਕੇ ਘਰੂਆ ਮਹਿ ਬਸਤੇ,ਫੁਲਵਤ ਦੇਹ ਅਇਆਨੇ॥ ਕਹੁ ਕਬੀਰ, ਜਿਹ ਰਾਮੁ ਨ ਚੇਤਿਓ, ਬੂਡੇ ਬਹੁਤੁ ਸਿਆਨੇ ॥੪॥੪॥

ਪਦ ਅਰਥ :–ਲੀਨੇ–ਗ੍ਰਸੇ ਹੋਏ। ਏਕੈ ਗਤਿ–ਇੱਕ ਪ੍ਰਭੂ(ਦੇ ਮੇਲ)ਦੀ ਅਵਸਥਾ। ਫੂਟੀ ਆਖੈ–ਅੱਖਾਂ ਫੁੱਟ ਜਾਣ ਕਰਕੇ, ਅੰਨ੍ਹਾ ਹੋ ਜਾਣ ਦੇ ਕਾਰਨ। ਬੂਡਿ ਮੂਏ–ਡੁੱਬ ਮੂਏ।੧।

ਕਤ–ਕਾਹਦੇ ਲਈ ? ਕਿਉਂ ? ਅਸਤਿ–[Skt. अस्थि]ਹੱਡੀ। ਚਰਮ–ਚੰਮੜੀ। ਮੂੰਦੇ–ਭਰੇ ਹੋਏ। ਬੇਢੇ–ਵੇੜ੍ਹੇ ਹੋਏ, ਲਿੱਬੜੇ ਹੋਏ ।੧।ਰਹਾਉ।

ਤੁਮ ਤੇ–ਤੈਥੋਂ। ਰਾਖਹੁ–ਪਾਲ ਰਹੇ ਹੋ, ਰਾਖੀ ਕਰ ਰਹੇ ਹੋ। ਰਹੈ–ਰਹਿ ਜਾਂਦਾ ਹੈ, ਨਾਸ ਹੋ ਜਾਂਦਾ ਹੈ। ਅਵਸਥਾ–ਉਮਰ। ੨।

ਪਰਾਨੀ–ਜੀਵ। ਭੇਟੈ–ਮਿਲਦਾ ਹੈ। ਬਖਾਨੀ–ਉਚਾਰਦਾ ਹੈ। ੩।

ਬਲੂਆ–ਰੇਤ। ਘਰੂਆ–ਨਿੱਕਾ ਜਿਹਾ ਘਰ। ਫੁਲਵਤ–ਫੁੱਲਦਾ, ਮਾਣ ਕਰਦਾ। ਦੇਹ–ਸਰੀਰ। ਅਇਆਨੇ–ਹੇ ਅੰਞਾਣ ! ਜਿਹ–ਜਿਨ੍ਹਾਂ ਨੇ। ੪।

ਅਰਥ :-(ਹੇ ਅੰਞਾਣ ਜੀਵ !) ਕਿਉਂ ਆਕੜ ਆਕੜ ਕੇ ਤੁਰਦਾ ਹੈਂ ? ਹੈਂ ਤਾਂ ਤੂੰ ਹੱਡੀਆਂ, ਚੰਮੜੀ ਤੇ ਵਿਸ਼ਟੇ ਨਾਲ ਹੀ ਭਰਿਆ ਹੋਇਆ, ਤੇ ਦੁਰਗੰਧ ਨਾਲ ਹੀ ਲਿੱਬੜਿਆ ਹੋਇਆ ।੧। ਰਹਾਉ।

(ਹੇ ਅੰਞਾਣ !) ਕਾਮ, ਕ੍ਰੋਧ,ਤ੍ਰਿਸ਼ਨਾ ਆਦਿਕ ਵਿਚ ਗ੍ਰਸੇ ਰਹਿ ਕੇ ਤੂੰ ਇਹ ਨਹੀਂ ਸਮਝਿਆ ਕਿ ਪ੍ਰਭੂ ਨਾਲ ਮੇਲ ਕਿਵੇਂ ਹੋ ਸਕੇਗਾ। ਮਾਇਆ ਵਿਚ ਤੂੰ ਅੰਨ੍ਹਾ ਹੋ ਰਿਹਾ ਹੈਂ, (ਮਾਇਆ ਤੋਂ ਬਿਨਾ) ਕੁਝ ਹੋਰ ਤੈਨੂੰ ਸੁੱਝਦਾ ਹੀ ਨਹੀਂ। ਤੂੰ ਪਾਣੀ ਤੋਂ ਬਿਨਾ ਹੀ (ਰੜੇ ਹੀ) ਡੁੱਬ ਮੋਇਓਂ ।੧।

(ਹੇ ਅੰਞਾਣ !) ਤੂੰ ਪ੍ਰਭੂ ਨੂੰ ਨਹੀਂ ਸਿਮਰਦਾ, ਕਿਹੜੇ ਭੁਲੇਖਿਆਂ ਵਿਚ ਭੁੱਲਿਆ ਹੈਂ ? (ਕੀ ਤੇਰਾ ਇਹ ਖ਼ਿਆਲ ਹੈ ਕਿ ਮੌਤ ਨਹੀਂ ਆਵੇਗੀ ?) ਮੌਤ ਤੈਥੋਂ ਦੂਰ ਨਹੀਂ। ਜਿਸ ਸਰੀਰ ਨੂੰ ਅਨੇਕਾਂ ਜਤਨ ਕਰ ਕੇ ਪਾਲ ਰਿਹਾ ਹੈਂ,ਇਹ ਉਮਰ ਪੂਰੀ ਹੋਣ ਤੇ ਢਹਿ

ਪਏਗਾ । ੨ ।

(ਪਰ) ਜੀਵ ਦੇ ਭੀ ਕੀਹ ਵੱਸ? ਜੀਵ ਦਾ ਆਪਣਾ ਕੀਤਾ ਕੁਝ ਨਹੀਂ ਹੋ ਸਕਦਾ। ਜਦੋਂ ਪ੍ਰਭੂ ਦੀ ਰਜ਼ਾ ਹੁੰਦੀ ਹੈ (ਜੀਵ ਨੂੰ) ਗੁਰੂ ਮਿਲਦਾ ਹੈ (ਤੇ, ਗੁਰੂ ਦੀ ਮਿਹਰ ਨਾਲ) ਇਹ ਪ੍ਰਭੂ ਦੇ ਨਾਮ ਨੂੰ ਹੀ ਸਿਮਰਦਾ ਹੈ । ੩ ।

ਹੇ ਅੰਞਾਣ ! (ਇਹ ਤੇਰਾ ਸਰੀਰ ਰੇਤ ਦੇ ਘਰ ਸਮਾਨ ਹੈ) ਤੂੰ ਰੇਤ ਦੇ ਘਰ ਵਿਚ ਵੱਸਦਾ ਹੈਂ, ਤੇ ਇਸ ਸਰੀਰ ਉੱਤੇ ਮਾਣ ਕਰਦਾ ਹੈਂ । ਹੇ ਕਬੀਰ ! ਆਖ–ਜਿਨ੍ਹਾਂ ਬੰਦਿਆਂ ਨੇ ਪ੍ਰਭੂ ਦਾ ਸਿਮਰਨ ਨਹੀਂ ਕੀਤਾ, ਉਹ ਬੜੇ ਬੜੇ ਸਿਆਣੇ ਭੀ (ਸੰਸਾਰ-ਸਮੁੰਦਰ) ਵਿਚ ਡੁੱਬ ਗਏ । ੪ । ੪ ।

ਸ਼ਬਦ ਦਾ ਭਾਵ–ਅਸਾਰਤਾ–ਸਰੀਰ ਦੇ ਮਾਣ ਵਿਚ ਰੱਬ ਨੂੰ ਵਿਸਾਰ ਦੇਣਾ ਮੂਰਖਤਾ ਹੈ । ਇਹ ਤਾਂ ਰੇਤ ਦੇ ਘਰ ਵਰਗਾ ਹੈ ।

ਟੇਢੀ ਪਾਗ ਟੇਢੇ ਚਲੇ, ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ, ਮੇਰੋ ਕਾਮੁ ਦੀਵਾਨ ॥੧॥ ਰਾਮੁ ਬਿਸਾਰਿਓ ਹੈ ਅਭਿਮਾਨਿ॥ ਕਨਿਕ ਕਾਮਨੀ ਮਹਾ ਸੁੰਦਰੀ, ਪੇਖਿ ਪੇਖਿ ਸਚੁ ਮਾਨਿ ॥ ੧ ॥ ਰਹਾਉ ॥ ਲਾਲਚ ਝੂਠ ਬਿਕਾਰ ਮਹਾ ਮਦ, ਇਹ ਬਿਧਿ ਅਉਧ ਬਿਹਾਨਿ ॥ ਕਹਿ ਕਬੀਰ ਅੰਤ ਕੀ ਬੇਰ, ਆਇ ਲਾਗੋ ਕਾਲੁ ਨਿਦਾਨਿ ॥੨॥੫॥

ਪਦ ਅਰਥ :–ਟੇਢੀ–ਵਿੰਗੀ । ਚਲੇ–ਤੁਰਦੇ ਹਨ । ਬੀਰੇ–ਪਾਨ ਦੇ ਬੀੜੇ । ਖਾਨ ਲਾਗੇ–ਖਾਣ ਲੱਗਦੇ ਹਨ, ਖਾਣ ਵਿਚ ਮਸਤ ਹਨ । ਭਾਉ–ਪਿਆਰ । ਸਿਉ–ਨਾਲ । ਕਛੂਐ ਕਾਜੁ ਨ–ਕੋਈ ਕੰਮ ਨਹੀਂ, ਕੋਈ ਲੋੜ ਨਹੀਂ । ਦੀਵਾਨ–ਕਚਹਿਰੀ, ਹਕੂਮਤ । ੧ ।

ਅਭਿਮਾਨਿ–ਅਹੰਕਾਰ ਵਿਚ। ਕਨਿਕ–ਸੋਨਾ । ਕਾਮਨੀ–ਇਸਤ੍ਰੀ। ਮਹਾ–ਬੜੀ । ਪੇਖਿ–ਵੇਖ ਕੇ । ਸਚੁ–ਸਦਾ ਟਿਕੇ ਰਹਿਣ ਵਾਲੇ । ਮਾਨਿ–ਮਾਨੈ, ਮੰਨਦਾ ਹੈ, ਸਮਝਦਾ ਹੈ। ੧। ਰਹਾਉ ।

ਮਦ–ਅਹੰਕਾਰ। ਇਹ ਬਿਧਿ–ਇਹਨੀਂ ਢੰਗੀਂ, ਇਹਨਾਂ ਤਰੀਕਿਆਂ ਨਾਲ । ਅਉਧ–ਉਮਰ। ਬਿਹਾਨਿ–ਗੁਜ਼ਰਦੀ ਹੈ, ਬੀਤਦੀ ਹੈ। ਕਹਿ–ਕਹੇ, ਆਖਦਾ ਹੈ। ਬੇਰ–ਸਮੇ। ਆਇ ਲਾਗੋ–ਆ ਅੱਪੜਦਾ ਹੈ । ਕਾਲੁ–ਮੌਤ । ਨਿਦਾਨਿ–ਓੜਕ ਨੂੰ । ੨ ।

ਅਰਥ :–ਮਨੁੱਖ ਅਹੰਕਾਰ ਵਿਚ (ਆ ਕੇ)ਪਰਮਾਤਮਾ ਨੂੰ ਭੁਲਾ ਦੇਂਦਾ ਹੈ। ਸੋਨਾ ਤੇ ਬੜੀ ਸੁਹਣੀ ਇਸਤ੍ਰੀ ਵੇਖ ਵੇਖ ਕੇ ਇਹ ਮੰਨ ਬੈਠਦਾ ਹੈ ਕਿ ਇਹ ਸਦਾ ਰਹਿਣ

ਵਾਲੇ ਹਨ । ੧ । ਰਹਾਉ ।

(ਅਹੰਕਾਰ ਵਿਚ) ਵਿੰਗੀ ਪੱਗ ਬੰਨ੍ਹਦਾ ਹੈ, ਆਕੜ ਕੇ ਤੁਰਦਾ ਹੈ, ਪਾਨ ਦੇ ਬੀੜੇ ਖਾਂਦਾ ਹੈ, (ਤੇ ਆਖਦਾ ਹੈ–) ਮੇਰਾ ਕੰਮ ਹੈ ਹਕੂਮਤ ਕਰਨੀ, ਪਰਮਾਤਮਾ ਨਾਲ ਪਿਆਰ ਜਾਂ ਪ੍ਰਭੂ ਦੀ ਭਗਤੀ ਦੀ ਮੈਨੂੰ ਕੋਈ ਲੋੜ ਨਹੀਂ । ੧ ।

(ਮਾਇਆ ਦਾ) ਲਾਲਚ, ਝੂਠ, ਵਿਕਾਰ, ਬੜਾ ਅਹੰਕਾਰ–ਇਹਨੀਂ ਗੱਲੀਂ ਹੀ (ਸਾਰੀ) ਉਮਰ ਗੁਜ਼ਰ ਜਾਂਦੀ ਹੈ । ਕਬੀਰ ਆਖਦਾ ਹੈ–ਆਖ਼ਰ ਉਮਰ ਮੁੱਕਣ ਤੇ ਮੌਤ (ਸਿਰ ਤੇ) ਆ ਹੀ ਅੱਪੜਦੀ ਹੈ । ੨ । ੫ ।

ਸ਼ਬਦ ਦਾ ਭਾਵ–ਅਸਾਰਤਾ–ਧਨ, ਇਸਤ੍ਰੀ, ਹਕੂਮਤ ਦੇ ਮਾਣ ਵਿਚ ਰੱਬ ਨੂੰ ਵਿਸਾਰ ਕੇ ਮਨੁੱਖ ਜੀਵਨ ਅਜਾਈਂ ਗਵਾ ਲੈਂਦਾ ਹੈ ।

ਚਾਰਿ ਦਿਨ, ਅਪਨੀ ਨਉਬਤਿ ਚਲੇ ਬਜਾਇ ।। ਇਤਨਕੁ ਖਟੀਆ ਗਠੀਆ ਮਟੀਆ, ਸੰਗਿ ਨ ਕਛੁ ਲੈ ਜਾਇ ॥ ੧ ॥ ਰਹਾਉ ॥ ਦੇਹਰੀ ਬੈਠੀ ਮਿਹਰੀ ਰੋਵੈ, ਦੁਆਰੈ ਲਉ ਸੰਗਿ ਮਾਇ॥ ਮਰਹਟ ਲਗਿ ਸਭੁ ਲੋਗੁ ਕੁਟੰਬੁ ਮਿਲਿ, ਹੰਸੁ ਇਕੇਲਾ ਜਾਇ ॥ ੧ ॥ ਵੈ ਸੁਤ, ਵੈ ਬਿਤ, ਵੈ ਪੁਰ ਪਾਟਨ, ਬਹੁਰਿ ਨ ਦੇਖੈ ਆਇ ।। ਕਹਤੁ ਕਬੀਰੁ, ਰਾਮੁ ਕੀ ਨ ਸਿਮਰਹੁ, ਜਨਮੁ ਅਕਾਰਥ ਜਾਇ ॥ ੨ ॥ ੬ ॥

ਪਦ ਅਰਥ :–ਨਉਬਤਿ ਬਜਾਇ–ਹਕੂਮਤ ਦਾ ਨਗਾਰਾ ਵਜਾ ਕੇ, ਹਕੂਮਤ ਕਰ ਕੇ । ਚਲੇ–ਤੁਰ ਪਏ । ਇਤਨਕੁ ਖਟੀਆ–ਮਾਇਆ ਇਤਨੀ ਕਮਾਈ। ਗਠੀਆ–ਗੰਢਾਂ ਬੰਨ੍ਹ ਲਈਆਂ । ਮਟੀਆ–ਮਿੱਟੀ ਵਿਚ (ਦੱਬ ਰੱਖੀ) । ੧ । ਰਹਾਉ ।

ਦੇਹਰੀ–ਦਲੀਜ਼ । ਮਿਹਰੀ–ਮਹਿਲੀ, ਵਹੁਟੀ। ਦੁਆਰੈ–ਬਾਹਰਲੇ ਦਰਵਾਜ਼ੇ ਤਕ। ਮਾਇ–ਮਾਂ । ਮਰਹਟ–ਮਰਘਟ, ਮਸਾਣ । ਹੰਸੁ–ਜਿੰਦ । ੧ ।

ਵੈ–ਉਹ । ਬਿਤ–ਧਨ । ਪੁਰ–ਨਗਰ । ਪਾਟਨ–ਸ਼ਹਿਰ । ਬਹੁਰਿ–ਫਿਰ ਕਦੇ । ਆਇ–ਆ ਕੇ । ਕੀ ਨ–ਕਿਉਂ ਨਹੀਂ ? ਅਕਾਰਥ–ਵਿਅਰਥ । ੨ ।

ਅਰਥ :–ਮਨੁੱਖ (ਜੇ ਰਾਜਾ ਭੀ ਬਣ ਜਾਏ ਤਾਂ ਭੀ) ਥੋੜੇ ਹੀ ਦਿਨ ਰਾਜ ਮਾਣ ਕੇ ਇੱਥੋਂ) ਤੁਰ ਪੈਂਦਾ ਹੈ । ਜੇ ਇਤਨਾ ਧਨ ਭੀ ਜੋੜ ਲਏ ਕਿ ਗੰਢਾਂ ਬੰਨ੍ਹ ਲਏ, ਜ਼ਮੀਨ ਵਿਚ ਦੱਬ ਰੱਖੇ, ਤਾਂ ਭੀ ਕੋਈ ਚੀਜ਼ (ਅੰਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ । ੧ । ਰਹਾਉ ।

(ਜਦੋਂ ਮਰ ਜਾਂਦਾ ਹੈ ਤਾਂ) ਘਰ ਦੀ ਦਲੀਜ਼ ਉੱਤੇ ਬੈਠੀ ਵਹੁਟੀ ਰੋਂਦੀ ਹੈ, ਬਾਹਰਲੇ ਬੂਹੇ ਤਕ ਉਸ ਦੀ ਮਾਂ (ਉਸ ਦੇ ਮੁਰਦਾ ਸਰੀਰ ਦਾ) ਸਾਥ ਕਰਦੀ ਹੈ, ਮਸਾਣਾਂ ਤਕ

ਹੋਰ ਲੋਕ ਤੇ ਪਰਵਾਰ ਦੇ ਬੰਦੇ ਜਾਂਦੇ ਹਨ। ਪਰ ਜਿੰਦ ਇਕੱਲੀ ਹੀ ਜਾਂਦੀ ਹੈ। ੧।

ਉਹ (ਆਪਣੇ) ਪੁੱਤਰ, ਧਨ,ਨਗਰ ਸ਼ਹਿਰ ਮੁੜ ਕਦੇ ਆ ਕੇ ਨਹੀਂ ਵੇਖ ਸਕਦਾ। ਕਬੀਰ ਆਖਦਾ ਹੈ–(ਹੇ ਭਾਈ !) ਪਰਮਾਤਮਾ ਦਾ ਸਿਮਰਨ ਕਿਉਂ ਨਹੀਂ ਕਰਦਾ ? (ਸਿਮਰਨ ਤੋਂ ਬਿਨਾ) ਜੀਵਨ ਵਿਅਰਥ ਚਲਾ ਜਾਂਦਾ ਹੈ। ੨। ੬।

ਸ਼ਬਦ ਦਾ ਭਾਵ–ਅਸਾਰਤਾ–ਧਨ, ਹਕੂਮਤ, ਪੁੱਤਰ, ਇਸਤ੍ਰੀ ਆਦਿਕ ਸਭ ਨਾਲੋਂ ਆਖ਼ਰ ਸਾਥ ਟੁੱਟ ਜਾਂਦਾ ਹੈ। ਇਹਨਾਂ ਦੇ ਮੋਹ ਵਿਚ ਹੀ ਫਸੇ ਰਹਿਣ ਨਾਲ ਜੀਵਨ ਵਿਅਰਥ ਜਾਂਦਾ ਹੈ।

ਨੋਟ–ਸਧਾਰਨ ਤੌਰ ਤੇ ਦੁਨੀਆ ਦੀ ਅਸਾਰਤਾ ਦਾ ਜ਼ਿਕਰ ਕਰਦਿਆਂ ਭੀ ਕਬੀਰ ਜੀ ਹੋਂਦਕਾ ਲਫ਼ਜ਼ 'ਮਰਹਟ' (ਮਰਘਟ) ਵਰਤਦੇ ਹਨ। ਜੰਮ-ਪਲ ਜੁ ਹਿੰਦੂ-ਘਰ ਦੇ ਹੋਏ ।

—o—

ੴ ਸਤਿਗੁਰ ਪ੍ਰਸਾਦਿ ॥

ਰਾਗੁ ਕੇਦਾਰਾ ਬਾਣੀ ਰਵਿਦਾਸ ਜੀਉ ਕੀ

ਖਟੁ ਕਰਮ ਕੁਲ ਸੰਜੁਗਤੁ ਹੈ, ਹਰਿ ਭਗਤਿ ਹਿਰਦੈ ਨਾਹਿ ॥ ਚਰਨਾਰਬਿੰਦ ਨ ਕਥਾ ਭਾਵੈ, ਸੁਪਚ ਤੁਲਿ ਸਮਾਨਿ ॥ ੧ ॥ ਰੇ ਚਿਤ ਚੇਤਿ ਚੇਤ ਅਚੇਤ ॥ ਕਾਹੇ ਨ ਬਾਲਮੀਕਹਿ ਦੇਖ ॥ ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ, ਰਾਮ ਭਗਤਿ ਬਿਸੇਖ ॥ ੧ ॥ ਰਹਾਉ ॥ ਸੁਆਨ ਸਤ੍ਰੁ ਅਜਾਤੁ ਸਭ ਤੇ, ਕ੍ਰਿਸ੍ਨ ਲਾਵੈ ਹੇਤੁ ॥ ਲੋਗੁ ਬਪੁਰਾ ਕਿਆ ਸਰਾਹੈ, ਤੀਨਿ ਲੋਕ ਪ੍ਰਵੇਸ ॥ ੨ ॥ ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੈ ਪਾਸ॥ ਐਸੇ ਦੁਰਮਤਿ ਨਿਸਤਰੇ, ਤੂ ਕਿਉ ਨ ਤਰਹਿ ਰਵਿਦਾਸ ॥੩॥੧॥

ਪਦ ਅਰਥ :—ਖਟੁ ਕਰਮ—ਮਨੂ-ਸਿਮ੍ਰਿਤੀ ਵਿਚ ਦੱਸੇ ਛੇ ਕਰਮ ਜੋ ਹਰੇਕ ਬ੍ਰਾਹਮਣ ਲਈ ਜ਼ਰੂਰੀ ਹਨ ।

[अध्यापनमध्यनं यजनं याजनं तथा ।
दान प्रतिग्रहश्चैव, षट् कर्माणयग्रजन्मन :। ms. 10. 75]

ਵਿੱਦਿਆ ਪੜ੍ਹਨੀ ਤੇ ਪੜ੍ਹਾਣੀ, ਜੱਗ ਕਰਨਾ ਤੇ ਕਰਾਣਾ, ਦਾਨ ਦੇਣਾ ਤੇ ਲੈਣਾ । ਸੰਯੁਕਤੁ—ਸਮੇਤ, ਸਹਿਤ । ਚਰਨਾਰਬਿੰਦ—ਚਰਨ+ਅਰਬਿੰਦ, ਚਰਨ ਕਮਲ । ਸੁਪਚ—[ਸ਼੍ਵ+ਪਚ] ਚੰਡਾਲ, ਜੋ ਕੁੱਤੇ ਨੂੰ ਰਿੰਨ੍ਹ ਲਏ । ਤੁਲਿ—ਬਰਾਬਰ । ਸਮਾਨਿ—ਵਰਗਾ।੧।

ਰੇ ਅਚੇਤ ਚਿਤ—ਹੇ ਗ਼ਾਫ਼ਲ ਮਨ ! ਕਾਹੇ ਨ—ਕਿਉਂ ਨਹੀਂ ? ਪਦਹਿ—ਦਰਜੇ ਉੱਤੇ । ਅਮਰਿਓ—ਅੱਪੜਿਆ । ਬਿਸੇਖ—ਵਿਸ਼ੇਸ਼ਤਾ, ਵਡਿਆਈ । ੧ । ਰਹਾਉ ।

ਸੁਆਨ ਸਤ੍ਰੁ—ਕੁੱਤਿਆਂ ਦਾ ਵੈਰੀ, ਕੁੱਤੇ ਨੂੰ ਮਾਰ ਕੇ ਖਾ ਜਾਣ ਵਾਲਾ । ਅਜਾਤੁ—ਨੀਚ, ਚੰਡਾਲ । ਹੇਤੁ—ਪਿਆਰ । ਬਪੁਰਾ—ਵਿਚਾਰਾ, ਨਿਮਾਣਾ । ਸਰਾਹੈ—ਸਿਫ਼ਤਿ ਕਰੇ । ੨ ।

ਲੁਭਤੁ—ਲੁਬਧਕ, ਸ਼ਿਕਾਰੀ । ਕੁੰਚਰੁ—ਹਾਥੀ । ਦੁਰਮਤਿ—ਭੈੜੀ ਮੱਤ ਵਾਲੇ । ੩ ।

ਅਜਾਮਲ—ਕਨੌਜ ਦੇਸ਼ ਦਾ ਇਕ ਦੁਰਾਚਾਰੀ ਬ੍ਰਾਹਮਣ, ਜਿਸ ਨੇ ਇਕ ਵੇਸਵਾ ਨਾਲ ਵਿਆਹ ਕੀਤਾ ਸੀ । ਉਸ ਵੇਸਵਾ ਦੇ ਉਦਰ ਤੋਂ ੧੦ ਪੁੱਤਰ ਜਨਮੇ । ਛੋਟੇ ਪੁੱਤਰ ਦਾ ਨਾਮ ਨਾਰਾਇਣ ਹੋਣ ਕਰਕੇ ਅਜਾਮਲ ਨਾਰਾਇਣ ਦਾ ਭਗਤ ਬਣ ਗਿਆ, ਅਤੇ ਮੁਕਤੀ ਦਾ ਅਧਿਕਾਰੀ ਹੋ ਗਿਆ ।

ਕੁੰਚਰੁ—ਹਾਥੀ, ਗਜ । ਇਕ ਗੰਧਰਵ ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ

ਬਣ ਗਿਆ ਸੀ। ਵਰੁਣ ਦੇਵਤੇ ਦੇ ਤਲਾਬ ਵਿਚ ਤੰਦੂਏ ਨੇ ਇਸ ਨੂੰ ਗ੍ਰਸ ਲਿਆ ਸੀ। ਜਦੋਂ ਨਿਰਬਲ ਹੋ ਕੇ ਇਹ ਡੁੱਬਣ ਲੱਗਾ, ਤਦ ਕਮਲ ਸੁੰਡ ਵਿਚ ਲੈ ਕੇ ਈਸ਼੍ਵਰ ਨੂੰ ਅਰਾਧਦੇ ਹੋਏ ਨੇ ਸਹਾਇਤਾ ਲਈ ਪੁਕਾਰ ਕੀਤੀ ਸੀ। ਭਗਵਾਨ ਨੇ ਤੰਦੂਏ ਦੇ ਬੰਧਨਾਂ ਤੋਂ ਗਜਰਾਜ ਨੂੰ ਮੁਕਤ ਕੀਤਾ ਸੀ। ਇਹ ਕਥਾ ਭਾਗਵਤ ਦੇ ਅਠਵੇਂ ਅਸਕੰਧ ਦੇ ਦੂਜੇ ਅਧਿਆਇ ਵਿਚ ਹੈ।

ਪਿੰਗੁਲਾ-ਜਨਕਪੁਰੀ ਵਿਚ ਇਕ ਗਨਕਾ ਰਹਿੰਦੀ ਸੀ, ਜਿਸ ਦਾ ਨਾਮ ਪਿੰਗੁਲਾ ਸੀ। ਉਸ ਨੇ ਇਕ ਦਿਨ ਇਕ ਧਨੀ ਸੁੰਦਰ ਜਵਾਨ ਵੇਖਿਆ, ਉਸ ਉੱਤੇ ਮੋਹਿਤ ਹੋ ਗਈ। ਪਰ ਉਹ ਉਸ ਪਾਸ ਨਾਹ ਆਇਆ। ਪਿੰਗੁਲਾ ਦੀ ਸਾਰੀ ਰਾਤ ਬੇਚੈਨੀ ਵਿਚ ਬੀਤੀ। ਅੰਤ ਨੂੰ ਉਸ ਦੇ ਮਨ ਵਿਚ ਵੈਰਾਗ ਪੈਦਾ ਹੋਇਆ ਕਿ ਜੇ ਅਜਿਹਾ ਪ੍ਰੇਮ ਮੈਂ ਪਰਮੇਸ਼ਰ ਵਿਚ ਲਾਂਦੀ, ਤਾਂ ਕਿਹਾ ਚੰਗਾ ਫਲ ਮਿਲਦਾ। ਪਿੰਗੁਲਾ ਕਰਤਾਰ ਦੇ ਸਿਮਰਨ ਵਿਚ ਲੱਗ ਕੇ ਮੁਕਤ ਹੋ ਗਈ।

ਅਰਥ :-ਹੇ ਮੇਰੇ ਗ਼ਾਫ਼ਲ ਮਨ! ਪ੍ਰਭੂ ਨੂੰ ਸਿਮਰ। ਹੇ ਮਨ! ਤੂੰ ਬਾਲਮੀਕ ਵਲ ਕਿਉਂ ਨਹੀਂ ਵੇਖਦਾ? ਇਕ ਨੀਵੀਂ ਜਾਤ ਤੋਂ ਬੜੇ ਵੱਡੇ ਦਰਜੇ ਉੱਤੇ ਅੱਪੜ ਗਿਆ-ਇਹ ਵਡਿਆਈ ਪਰਮਾਤਮਾ ਦੀ ਭਗਤੀ ਦੇ ਕਾਰਨ ਹੀ ਸੀ। ੧। ਰਹਾਉ।

ਜੇ ਕੋਈ ਮਨੁੱਖ ਉੱਚੀ ਬ੍ਰਾਹਮਣ ਕੁਲ ਦਾ ਹੋਵੇ, ਤੇ, ਨਿੱਤ ਛੇ ਕਰਮ ਕਰਦਾ ਹੋਵੇ; ਪਰ ਜੇ ਉਸ ਦੇ ਹਿਰਦੇ ਵਿਚ ਪਰਮਾਤਮਾ ਦੀ ਭਗਤੀ ਨਹੀਂ, ਜੇ ਉਸ ਨੂੰ ਪ੍ਰਭੂ ਦੇ ਸੋਹਣੇ ਚਰਨਾਂ ਦੀਆਂ ਗੱਲਾਂ ਚੰਗੀਆਂ ਨਹੀਂ ਲੱਗਦੀਆਂ, ਤਾਂ ਉਹ ਚੰਡਾਲ ਦੇ ਬਰਾਬਰ ਹੈ, ਚੰਡਾਲ ਵਰਗਾ ਹੈ। ੧।

(ਬਾਲਮੀਕ) ਕੁੱਤਿਆਂ ਦਾ ਵੈਰੀ ਸੀ, ਸਭ ਲੋਕਾਂ ਨਾਲੋਂ ਚੰਡਾਲ ਸੀ, ਪਰ ਉਸ ਨੇ ਪ੍ਰਭੂ ਨਾਲ ਪਿਆਰ ਕੀਤਾ। ਵਿਚਾਰਾ ਜਗਤ ਉਸ ਦੀ ਕੀਹ ਵਡਿਆਈ ਕਰ ਸਕਦਾ ਹੈ? ਉਸ ਦੀ ਸੋਭਾ ਤ੍ਰਿਲੋਕੀ ਵਿਚ ਖਿੱਲਰ ਗਈ। ੨।

ਅਜਾਮਲ, ਪਿੰਗਲਾ, ਸ਼ਿਕਾਰੀ, ਕੁੰਚਰ-ਇਹ ਸਾਰੇ (ਮੁਕਤ ਹੋ ਕੇ) ਪ੍ਰਭੂ-ਚਰਨਾਂ ਵਿਚ ਜਾ ਅੱਪੜੇ। ਹੇ ਰਵਿਦਾਸ! ਜੇ ਅਜਿਹੀ ਭੈੜੀ ਮੱਤ ਵਾਲੇ ਤਰ ਗਏ ਤਾਂ ਤੂੰ (ਇਸ ਸੰਸਾਰ-ਸਾਗਰ ਤੋਂ) ਕਿਉਂ ਨ ਪਾਰ ਲੰਘੇਂਗਾ? । ੩ । ੧ ।

ਸ਼ਬਦ ਦਾ ਭਾਵ-ਸਿਮਰਨ ਦੀ ਵਡਿਆਈ। ਸਿਮਰਨ ਵੱਡੇ ਵੱਡੇ ਪਾਪੀਆਂ ਨੂੰ ਤਾਰ ਦੇਂਦਾ ਹੈ। ਸਿਮਰਨ ਤੋਂ ਸੱਖਣਾ ਮਨੁੱਖ ਹੀ ਅਸਲ ਨੀਚ ਹੈ।

ਰਾਗੁ ਭੈਰਉ ਮਹਲਾ ੧ ਘਰੁ ੧ ਚਉਪਦੇ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਤੁਝ ਤੇ ਬਾਹਰਿ ਕਿਛੂ ਨ ਹੋਇ ॥ ਤੂ ਕਰਿ ਕਰਿ ਦੇਖਹਿ ਜਾਣਹਿ ਸੋਇ ॥ ੧ ॥ ਕਿਆ ਕਹੀਐ ਕਿਛੁ ਕਹੀ ਨ ਜਾਇ ॥ ਜੋ ਕਿਛੁ ਅਹੈ ਸਭ ਤੇਰੀ ਰਜਾਇ ॥ ੧ ॥ ਰਹਾਉ ॥ ਜੋ ਕਿਛੁ ਕਰਣਾ ਸੁ ਤੇਰੈ ਪਾਸਿ ॥ ਕਿਸੁ ਆਗੈ ਕੀਚੈ ਅਰਦਾਸਿ ॥ ੨ ॥ ਆਖਣੁ ਸੁਨਣਾ ਤੇਰੀ ਬਾਣੀ ॥ ਤੂ ਆਪੇ ਜਾਣਹਿ ਸਰਬ ਵਿਡਾਣੀ ॥ ੩ ॥ ਕਰੇ ਕਰਾਏ ਜਾਣੈ ਆਪਿ ॥ ਨਾਨਕ ਦੇਖੈ ਥਾਪਿ ਉਥਾਪਿ ॥ ੪ ॥ ੧ ॥

ਪਦ ਅਰਥ :–ਤੁਝ ਤੇ ਬਾਹਰਿ–ਤੇਰੀ ਮਰਜ਼ੀ ਦੇ ਉਲਟ। ਦੇਖਹਿ–ਤੂੰ ਸੰਭਾਲ ਕਰਦਾ ਹੈਂ। ਜਾਣਹਿ ਸੋਇ–ਤੂੰ ਹੀ ਉਸ (ਆਪਣੇ ਕੀਤੇ) ਨੂੰ ਸਮਝਦਾ ਹੈਂ।੧।

ਅਹੈ–ਹੈ, ਹੋ ਰਿਹਾ ਹੈ। ਰਜਾਇ–ਮਰਜ਼ੀ, ਹੁਕਮ, ਮਰਯਾਦਾ।੧। ਰਹਾਉ।

ਕੀਚੈ–ਕੀਤੀ ਜਾਏ। ੨।

ਬਾਣੀ–ਸਿਫਤਿ ਸਾਲਾਹ। ਵਿਡਾਣ–ਅਸਚਰਜ ਕੌਤਕ। ਵਿਡਾਣੀ–ਅਚਰਜ ਕੌਤਕ ਕਰਨ ਵਾਲਾ। ਸਰਬ ਵਿਡਾਣੀ–ਹੇ ਸਾਰੇ ਅਚਰਜ ਕੌਤਕ ਕਰਨ ਵਾਲੇ!੩।

ਥਾਪਿ–ਬਣਾ ਕੇ, ਪੈਦਾ ਕਰ ਕੇ। ਉਥਾਪਿ–ਢਾਹ ਕੇ। ੪।

ਅਰਥ :–(ਹੇ ਪ੍ਰਭੂ! ਜਗਤ ਵਿਚ) ਜੋ ਕੁਝ ਹੋ ਰਿਹਾ ਹੈ ਸਭ ਤੇਰੀ ਮਰਜ਼ੀ ਅਨੁਸਾਰ ਹੋ ਰਿਹਾ ਹੈ (ਚਾਹੇ ਉਹ ਜੀਵਾਂ ਵਾਸਤੇ ਸੁਖ ਹੈ ਚਾਹੇ ਦੁੱਖ ਹੈ। ਜੇ ਜੀਵਾਂ ਨੂੰ ਕੋਈ ਕਸ਼ਟ ਮਿਲ ਰਿਹਾ ਹੈ, ਤਾਂ ਭੀ ਉਸ ਦੇ ਵਿਰੁੱਧ ਰੋਸ ਵਜੋਂ) ਅਸੀ ਜੀਵ ਕੀਹ ਆਖ ਸਕਦੇ ਹਾਂ? (ਸਾਨੂੰ ਤੇਰੀ ਰਜ਼ਾ ਦੀ ਸਮਝ ਨਹੀਂ ਹੈ, ਇਸ ਵਾਸਤੇ ਸਾਥੋਂ ਜੀਵਾਂ ਪਾਸੋਂ) ਕੋਈ ਗਿਲ੍ਹਾ ਕੀਤਾ ਨਹੀਂ ਜਾ ਸਕਦਾ (ਕੋਈ ਗਿਲ੍ਹਾ ਫਬਦਾ ਨਹੀਂ ਹੈ)।੧। ਰਹਾਉ।

(ਜਗਤ ਵਿਚ) ਕੋਈ ਭੀ ਕੰਮ ਤੇਰੀ ਮਰਜ਼ੀ ਦੇ ਵਿਰੁੱਧ ਨਹੀਂ ਹੋ ਰਿਹਾ। ਤੂੰ ਆਪ ਹੀ ਸਭ ਕੁਝ ਕਰ ਕਰ ਕੇ ਸੰਭਾਲ ਕਰਦਾ ਹੈਂ ਤੇ ਤੂੰ ਆਪ ਹੀ(ਆਪਣੇ ਕੀਤੇ ਨੂੰ) ਸਮਝਦਾ ਹੈਂ।੧।

(ਜੇ ਤੇਰੀ ਰਜ਼ਾ ਵਿਚ ਕੋਈ ਐਸੀ ਘਟਨਾ ਵਾਪਰੇ ਜੋ ਸਾਨੂੰ ਜੀਵਾਂ ਨੂੰ ਦੁਖਦਾਈ

ਜਾਪੇ, ਤਾਂ ਭੀ ਤੈਥੋਂ ਬਿਨਾ) ਕਿਸੇ ਹੋਰ ਅੱਗੇ ਅਰਜ਼ੋਈ ਨਹੀਂ ਕੀਤੀ ਜਾ ਸਕਦੀ, ਸੋ ਅਸਾਂ ਜੀਵਾਂ ਨੇ ਜੇਹੜਾ ਭੀ ਕੋਈ ਤਰਲਾ ਕਰਨਾ ਹੈ ਤੇਰੇ ਪਾਸ ਹੀ ਕਰਨਾ ਹੈ ।੨।

ਹੇ ਸਾਰੇ ਅਚਰਜ ਕੌਤਕ ਕਰਨ ਵਾਲੇ ਪ੍ਰਭੂ ! ਤੂੰ ਆਪ ਹੀ(ਆਪਣੇ ਕੀਤੇ ਕੰਮਾਂ ਦੇ ਰਾਜ਼) ਸਮਝਦਾ ਹੈਂ (ਸਾਨੂੰ ਜੀਵਾਂ ਨੂੰ) ਇਹੀ ਫਬਦਾ ਹੈ ਕਿ ਅਸੀ ਤੇਰੀ ਸਿਫ਼ਤਿ ਸਾਲਾਹ ਹੀ ਕਰੀਏ ਤੇ ਸੁਣੀਏ ।੩।

ਹੇ ਨਾਨਕ ! ਜਗਤ ਨੂੰ ਰਚ ਕੇ ਭੀ ਤੇ ਢਾਹ ਕੇ ਭੀ ਪ੍ਰਭੂ ਆਪ ਹੀ ਸੰਭਾਲ ਕਰਦਾ ਹੈ। ਪ੍ਰਭੂ ਆਪ ਹੀ ਸਭ ਕੁਝ ਕਰਦਾ ਹੈ ਆਪ ਹੀ (ਜੀਵਾਂ ਪਾਸੋਂ) ਕਰਾਂਦਾ ਹੈ ਤੇ ਆਪ ਹੀ (ਸਾਰੇ ਭੇਦ ਨੂੰ) ਸਮਝਦਾ ਹੈ(ਕਿ ਕਿਉਂ ਇਹ ਕੁਝ ਕਰ ਤੇ ਕਰਾ ਰਿਹਾ ਹੈ) ।੪।੧।

ਰਾਗੁ ਭੈਰਉ ਮਹਲਾ ੧ ਘਰੁ ੨ ॥

ੴ ਸਤਿਗੁਰ ਪ੍ਰਸਾਦਿ ॥ **ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦ੍ਰਾਦਿਕ ਬ੍ਰਹਮਾਦਿ ਤਰੇ ॥ ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥ ੧ ॥ ਭਵਜਲੁ ਬਿਨੁ ਸਬਦੈ ਕਿਉ ਤਰੀਐ ॥ ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ ਡੁਬਿ ਡੁਬਿ ਮਰੀਐ ॥ ੧ ॥ ਰਹਾਉ ॥ ਗੁਰੁ ਦੇਵਾ ਗੁਰੁ ਅਲਖ ਅਭੇਵਾ ਤ੍ਰਿਭਵਣ ਸੋਝੀ ਗੁਰ ਕੀ ਸੇਵਾ ॥ ਆਪੇ ਦਾਤਿ ਕਰੀ ਗੁਰਿ ਦਾਤੈ ਪਾਇਆ ਅਲਖ ਅਭੇਵਾ ॥ ੨ ॥ ਮਨੁ ਰਾਜਾ ਮਨੁ ਮਨ ਤੇ ਮਾਨਿਆ ਮਨਸਾ ਮਨਹਿ ਸਮਾਈ ॥ ਮਨੁ ਜੋਗੀ ਮਨੁ ਬਿਨਸਿ ਬਿਓਗੀ ਮਨੁ ਸਮਝੈ ਗੁਣ ਗਾਈ ॥ ੩ ॥ ਗੁਰ ਤੇ ਮਨੁ ਮਾਰਿਆ ਸਬਦੁ ਵੀਚਾਰਿਆ ਤੇ ਵਿਰਲੇ ਸੰਸਾਰਾ ॥ ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ ॥ ੪ ॥ ੧ ॥ ੨ ॥**

ਪਦ ਅਰਥ :–ਸਬਦਿ–ਸ਼ਬਦ ਦੀ ਰਾਹੀਂ। ਕੈ ਸਬਦਿ–ਦੇ ਸ਼ਬਦ ਦੀ ਰਾਹੀਂ। ਮੁਨਿ–ਮੋਨਧਾਰੀ ਸਾਧੂ, ਸਦਾ ਚੁੱਪ ਸਾਧੀ ਰੱਖਣ ਵਾਲੇ। ਕੇਤੇ–ਕਿਤਨੇ ਹੀ, ਬੇਅੰਤ। ਇੰਦ੍ਰਾਦਿਕ–ਇੰਦ੍ਰ ਆਦਿਕ, ਇੰਦ੍ਰ ਅਤੇ ਉਸ ਵਰਗੇ ਹੋਰ। ਬ੍ਰਹਮਾਦਿ–ਬ੍ਰਹਮਾ ਆਦਿ, ਬ੍ਰਹਮਾ ਅਤੇ ਉਸ ਵਰਗੇ ਹੋਰ। ਸਨਕ, ਸਨੰਦਨ–ਬ੍ਰਹਮਾ ਦੇ ਪੁੱਤਰ। ਪਾਰਿ ਪਰੇ–(ਭਵਜਲ ਤੋਂ) ਪਾਰ ਲੰਘ ਗਏ ।੧।

ਭਵਜਲੁ–ਸੰਸਾਰ-ਸਮੁੰਦਰ। ਕਿਉ ਤਰੀਐ–ਕਿਵੇਂ ਤਰਿਆ ਜਾਏ ? ਨਹੀਂ ਤਰਿਆ ਜਾ ਸਕਦਾ। ਰੋਗਿ–ਰੋਗ ਵਿਚ, ਦੁਬਿਧਾ ਦੇ ਰੋਗ ਵਿਚ। ਬਿਆਪਿਆ–

ਗ੍ਰਸਿਆ ਹੋਇਆ, ਫਸਿਆ ਹੋਇਆ। ਦੁਬਿਧਾ—ਦੋ-ਕਿਸਮਾ-ਪਨ, ਮੇਰ-ਤੇਰ। ਡੁਬਿ—ਡੁੱਬ ਕੇ। ਡੁਬਿ ਡੁਬਿ—ਮੁੜ ਮੁੜ ਡੁੱਬ ਕੇ। ਮਰੀਐ—ਆਤਮਕ ਮੌਤ ਸਹੇੜ ਲਈਦੀ ਹੈ। ੧। ਰਹਾਉ।

ਦੇਵਾ—ਪ੍ਰਕਾਸ਼-ਰੂਪ, ਚਾਨਣ ਦਾ ਸੋਮਾ। ਅਭੇਵਾ—ਜਿਸ ਦਾ ਭੇਤ ਨ ਪੈ ਸਕੇ। ਗੁਰਿ—ਗੁਰੂ ਨੇ। ਦਾਤੈ—ਦਾਤੇ ਨੇ। ੨।

ਰਾਜਾ—ਬਲੀ ਹਾਕਮ, ਇੰਦ੍ਰਿਆਂ ਦਾ ਮਾਲਕ, ਇੰਦ੍ਰਿਆਂ ਉਤੇ ਕਾਬੂ ਪਾ ਸਕਣ ਵਾਲਾ। ਮਨ ਤੇ—ਮਨ ਤੋਂ, ਮਨ (ਦੇ ਮਾਇਕ ਫੁਰਨਿਆਂ) ਤੋਂ। ਮਾਨਿਆ—ਮੰਨ ਗਿਆ, ਵਰਜਿਆ ਗਿਆ। ਮਨਸਾ—ਮਨ ਦੀ ਵਾਸਨਾ। ਮਨਹਿ—ਮਨਿ ਹੀ, ਮਨ ਵਿਚ ਹੀ। ਜੋਗੀ—ਪ੍ਰਭੂ-ਚਰਨਾਂ ਵਿਚ ਮਿਲਿਆ ਹੋਇਆ। ਬਿਨਸਿ—ਬਿਨਸ ਕੇ, ਮਰ ਕੇ, ਆਪਾ-ਭਾਵ ਵਲੋਂ ਖ਼ਤਮ ਹੋ ਕੇ। ਬਿਓਗੀ—ਬਿਰਹੀ, ਪ੍ਰੇਮੀ। ਗਾਈ—ਗਾਇ, ਗਾਂਦਾ ਹੈ। ੩।

ਗੁਰ ਤੇ—ਗੁਰੂ ਤੋਂ, ਗੁਰੂ ਤੋਂ ਉਪਦੇਸ਼ ਲੈ ਕੇ। ਤੇ—ਉਹ ਬੰਦੇ। ਭਰਿਪੁਰਿ—ਸਾਰੇ ਜਗਤ ਵਿਚ ਨਕਾ-ਨਕ ਭਰਿਆ ਹੋਇਆ। ਲੀਣ—ਸਾਰੇ ਜਗਤ ਵਿਚ ਵਿਆਪਕ। ਸਬਦਿ—ਸ਼ਬਦ ਵਿਚ ਜੁੜਿਆਂ। ੪।

ਅਰਥ :—ਗੁਰੂ ਦੇ ਸ਼ਬਦ (ਦੀ ਅਗਵਾਈ) ਤੋਂ ਬਿਨਾ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘ ਸਕੀਦਾ, (ਕਿਉਂਕਿ) ਪਰਮਾਤਮਾ ਦੇ ਨਾਮ ਤੋਂ ਵਾਂਜਿਆ ਰਹਿ ਕੇ ਜਗਤ (ਮੇਰ-ਤੇਰ ਵਿਤਕਰੇ ਦੇ) ਰੋਗ ਵਿਚ ਫਸਿਆ ਰਹਿੰਦਾ ਹੈ, ਤੇ ਮੇਰ-ਤੇਰ (ਦੇ ਡੂੰਘੇ ਪਾਣੀਆਂ) ਵਿਚ ਮੁੜ ਮੁੜ ਡੁੱਬ ਕੇ (ਗੋਤੇ ਖਾ ਕੇ ਆਖ਼ਿਰ)ਆਤਮਕ ਮੌਤ ਸਹੇੜ ਲਈਦੀ ਹੈ। ੧। ਰਹਾਉ।

ਇੰਦ੍ਰ ਬ੍ਰਹਮਾ ਅਤੇ ਉਹਨਾਂ ਵਰਗੇ ਹੋਰ ਅਨੇਕਾਂ ਸਮਾਧੀਆਂ ਲਾਣ ਵਾਲੇ ਸਾਧੂ ਗੁਰੂ ਦੇ ਸ਼ਬਦ ਵਿਚ ਜੁੜ ਕੇ ਹੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘਦੇ ਰਹੇ, (ਬ੍ਰਹਮਾ ਦੇ ਪੁਤ੍ਰ) ਸਨਕ ਸਨੰਦਨ ਤੇ ਹੋਰ ਅਨੇਕਾਂ ਤਪੀ ਸਾਧੂ ਗੁਰੂ ਦੀ ਮੇਹਰ ਨਾਲ ਹੀ ਭਵਜਲ ਤੋਂ ਪਾਰ ਲੰਘੇ। ੧।

ਗੁਰੂ (ਆਤਮਕ ਜੀਵਨ ਦੇ)ਚਾਨਣ ਦਾ ਸੋਮਾ ਹੈ, ਗੁਰੂ ਅਲੱਖ ਅਭੇਵ ਪਰਮਾਤਮਾ (ਦਾ ਰੂਪ) ਹੈ, (ਗੁਰੂ ਦੇ ਦੱਸੇ ਰਸਤੇ ਤੇ ਤੁਰਿਆਂ ਹੀ) ਗੁਰੂ ਦੀ ਦੱਸੀ ਹੋਈ ਕਾਰ ਕਮਾਇਆਂ ਹੀ ਤਿੰਨਾਂ ਭਵਣਾਂ (ਵਿਚ ਵਿਆਪਕ ਪ੍ਰਭੂ) ਦੀ ਸੂਝ ਪੈਂਦੀ ਹੈ। ਨਾਮ ਦੀ ਦਾਤਿ ਦੇਣ ਵਾਲੇ ਗੁਰੂ ਨੇ ਜਿਸ ਮਨੁੱਖ ਨੂੰ ਆਪ (ਨਾਮ ਦੀ) ਦਾਤਿ ਦਿੱਤੀ, ਉਸ ਨੂੰ ਅਲੱਖ ਅਭੇਵ ਪ੍ਰਭੂ ਲੱਭ ਪਿਆ। ੨।

(ਗੁਰੂ ਦੀ ਮੇਹਰ ਨਾਲ) ਜੇਹੜਾ ਮਨ ਆਪਣੇ ਸਰੀਰਕ ਇੰਦ੍ਰਿਆਂ ਉਤੇ ਕਾਬੂ

ਪਾਣ-ਜੋਗਾ ਹੋ ਗਿਆ; ਉਹ ਮਨ ਮਾਇਕ ਫੁਰਨਿਆਂ ਦੇ ਪਿਛੇ ਦੌੜ-ਭੱਜ ਬੰਦ ਕਰਨੀ ਮੰਨ ਗਿਆ, ਉਸ ਮਨ ਦੀ ਵਾਸਨਾ ਉਸ ਦੇ ਆਪਣੇ ਹੀ ਅੰਦਰ ਲੀਨ ਹੋ ਗਈ। (ਗੁਰੂ ਦੀ ਮੇਹਰ ਨਾਲ ਉਹ) ਮਨ ਪ੍ਰਭੂ-ਚਰਨਾਂ ਦਾ ਮਿਲਾਪੀ ਹੋ ਗਿਆ, ਉਹ ਮਨ ਆਪਾ-ਭਾਵ ਵਲੋਂ ਖ਼ਤਮ ਹੋ ਕੇ ਪ੍ਰਭੂ (-ਦੀਦਾਰ) ਦਾ ਪ੍ਰੇਮੀ ਹੋ ਗਿਆ, ਉਹ ਮਨ ਉੱਚੀ ਸੂਝ ਵਾਲਾ ਹੋ ਗਿਆ, ਤੇ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨ ਲੱਗ ਪਿਆ। ੩।

(ਪਰ,) ਹੇ ਨਾਨਕ ! ਜਗਤ ਵਿਚ ਉਹ ਵਿਰਲੇ ਬੰਦੇ ਹਨ ਜਿੰਨ੍ਹਾਂ ਨੇ ਗੁਰੂ ਦੀ ਸਰਨ ਪੈ ਕੇ ਆਪਣਾ ਮਨ ਵੱਸ ਵਿਚ ਕੀਤਾ ਹੈ ਤੇ ਗੁਰੂ ਦੇ ਸ਼ਬਦ ਨੂੰ ਆਪਣੇ ਅੰਦਰ ਵਸਾਇਆ ਹੈ (ਜਿੰਨ੍ਹਾਂ ਇਹ ਪਦਵੀ ਪਾ ਲਈ ਹੈ), ਉਹਨਾਂ ਨੂੰ ਮਾਲਿਕ-ਪ੍ਰਭੂ ਸਾਰੇ ਜਗਤ ਵਿਚ (ਨਕਾ-ਨਕ) ਵਿਆਪਕ ਦਿੱਸ ਪੈਂਦਾ ਹੈ, ਗੁਰੂ ਦੇ ਸੱਚੇ ਸ਼ਬਦ ਦੀ ਬਰਕਤਿ ਨਾਲ (ਸੰਸਾਰ-ਸਮੁੰਦਰ ਦੇ ਮੇਰ-ਤੋਰ ਦੇ ਡੂੰਘੇ ਪਾਣੀਆਂ ਵਿਚੋਂ) ਉਹ ਪਾਰ ਲੰਘ ਜਾਂਦੇ ਹਨ। ੪। ੧। ੨।

ਨੋਟ—'ਘਰੁ ੨' ਦਾ ਇਹ ਪਹਿਲਾ ਸ਼ਬਦ ਹੈ। ਅੰਕ ੧ ਦਾ ਇਹੀ ਭਾਵ ਹੈ।

ਭੈਰਉ ਮਹਲਾ ੧ ॥ ਨੈਨੀ ਦ੍ਰਿਸਟਿ ਨਹੀ, ਤਨੁ ਹੀਨਾ, ਜਰਿ ਜੀਤਿਆ, ਸਿਰਿ ਕਾਲੋ ॥ ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥ ੧ ॥ ਪ੍ਰਾਣੀ ਹਰਿ ਜਪਿ, ਜਨਮੁ ਗਇਓ ॥ ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥ ੧ ॥ ਰਹਾਉ ॥ ਤਨ ਮਹਿ ਕਾਮੁ ਕ੍ਰੋਧੁ ਹਉ ਮਮਤਾ ਕਠਿਨ ਪੀਰ ਅਤਿ ਭਾਰੀ ॥ ਗੁਰਮੁਖਿ ਰਾਮ ਜਪਹੁ ਰਸੁ ਰਸਨਾ ਇਨ ਬਿਧਿ ਤਰੁ ਤੂ ਤਾਰੀ ॥ ੨ ॥ ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥ ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥ ੩ ॥ ਰਹੈ ਉਦਾਸੁ ਆਸ ਨਿਰਾਸਾ ਸਹਜ ਧਿਆਨਿ ਬੈਰਾਗੀ॥ ਪ੍ਰਣਵਤਿ ਨਾਨਕ ਗੁਰਮੁਖਿ ਛੂਟਸਿ ਰਾਮ ਨਾਮਿ ਲਿਵ ਲਾਗੀ ॥ ੪ ॥ ੨ ॥ ੩ ॥

ਪਦ ਅਰਥ :—ਨੈਨੀ—ਅੱਖਾਂ ਵਿਚ। ਦ੍ਰਿਸਟਿ—ਵੇਖਣ ਦੀ ਤਾਕਤ। ਹੀਨਾ—ਕਮਜ਼ੋਰ, ਲਿੱਸਾ। ਜਰਿ—ਜਰ ਨੇ, ਬੁਢੇਪੇ ਨੇ। ਸਿਰਿ—ਸਿਰ ਉਤੇ। ਕਾਲੋ—ਕਾਲੁ, ਮੌਤ। ਰਹਸੁ—ਖਿੜਾਉ। ਸਾਚਾ—ਸਦਾ ਕਾਇਮ ਰਹਿਣ ਵਾਲਾ, ਟੱਬੀ। ਜਮ ਜਾਲੋ—ਜਮ ਦਾ ਜਾਲ, ਜਮ ਦੀ ਫਾਹੀ। ੧।

ਜਨਮੁ—ਮਨੁੱਖਾ ਜਨਮ। ਗਇਓ—ਲੰਘਦਾ ਜਾ ਰਿਹਾ ਹੈ। ਨ ਛੂਟਸਿ—ਤੂੰ (ਜਮ-ਜਾਲ ਤੋਂ) ਖਲਾਸੀ ਨਹੀਂ ਪਾ ਸਕੇਂਗਾ। ੧। ਰਹਾਉ।

ਹਉ–ਮੈਂ ਮੈਂ, ਮੈਂ ਵੱਡਾ ਮੈਂ ਵੱਡਾ, ਹਉਮੈ। ਮਮ–ਮੇਰਾ। ਮਮਤਾ–ਮਲਕੀਅਤਾਂ ਦੀ ਤਾਂਘ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਰਸੁ–(ਸਿਮਰਨ ਦਾ) ਸੁਆਦ। ਰਸਨਾ –ਜੀਭ (ਨਾਲ)। ਇਨ ਬਿਧਿ–ਇਹਨਾਂ ਤਰੀਕਿਆਂ ਨਾਲ ।੨।

ਬਹਰੇ–ਬੋਲੇ। ਕਰਨ–ਕੰਨ। ਅਕਲਿ–ਮਤਿ, ਸਮਝ । ਹੋਛੀ-ਥੋੜ੍ਹ-ਵਿਤੀ । ਸਹਜੁ–ਅਡੋਲ ਅਵਸਥਾ, ਸ਼ਾਂਤ-ਰਸ। ਸਬਦ ਸਹਜੁ–ਸਿਫ਼ਤਿ-ਸਾਲਾਹ ਦਾ ਸ਼ਾਂਤ-ਰਸ। ਮਨਮੁਖਿ–ਮਨ ਵਲ ਮੂੰਹ ਕਰ ਕੇ, ਮਨ ਦੇ ਪਿੱਛੇ ਤੁਰ ਕੇ। ਅੰਧੁ–ਅੰਨ੍ਹਾ।੩।

ਉਦਾਸੁ–ਉਪਰਾਮ, ਨਿਰਲੇਪ । ਨਿਰਾਸਾ–ਆਸਾਂ ਤੋਂ ਨਿਰਾਲਾ । ਸਹਜ ਧਿਆਨਿ–ਅਡੋਲਤਾ ਦੀ ਸਮਾਧੀ ਵਿਚ। ਧਿਆਨਿ–ਧਿਆਨ ਵਿਚ, ਸਮਾਧੀ ਵਿਚ। ਬੈਰਾਗੀ–ਵੈਰਾਗਵਾਨ, ਨਿਰਮੋਹ। ਛੂਟਸਿ–ਮਾਇਆ ਦੇ ਮੋਹ ਤੋਂ ਬਚੇਗਾ। ਨਾਮਿ–ਨਾਮ ਵਿਚ।੪।

ਅਰਥ :–ਹੇ ਪ੍ਰਾਣੀ ! ਪਰਮਾਤਮਾ ਦਾ ਸਿਮਰਨ ਕਰ। ਜ਼ਿੰਦਗੀ ਬੀਤਦੀ ਜਾ ਰਹੀ ਹੈ। ਪਰਮਾਤਮਾ ਦੀ ਸਿਫ਼ਤਿ ਸਾਲਾਹ ਤੋਂ ਵਾਂਜਿਆ ਰਹਿ ਕੇ (ਮਾਇਆ ਦੇ ਮੋਹ ਤੋਂ, ਜਮ ਦੇ ਜਾਲ ਤੋਂ) ਤੂੰ ਕਦੇ ਭੀ ਬਚਿਆ ਨਹੀਂ ਰਹਿ ਸਕੇਂਗਾ। ਤੇਰੀ ਜ਼ਿੰਦਗੀ ਵਿਅਰਥ ਹੀ ਚਲੀ ਜਾਇਗੀ ।੧। ਰਹਾਉ।

ਹੇ ਪ੍ਰਾਣੀ ! ਤੇਰੀਆਂ ਅੱਖਾਂ ਵਿਚ ਵੇਖਣ ਦੀ (ਪੂਰੀ) ਤਾਕਤ ਨਹੀਂ ਰਹੀ, ਤੇਰਾ ਸਰੀਰ ਲਿੱਸਾ ਹੋ ਗਿਆ ਹੈ, ਬੁਢੇਪੇ ਨੇ ਤੈਨੂੰ ਜਿੱਤ ਲਿਆ ਹੈ (ਬੁਢੇਪੇ ਨੇ ਜ਼ੋਰ ਪਾ ਦਿੱਤਾ ਹੈ)। ਤੇਰੇ ਸਿਰ ਉਤੇ ਹੁਣ ਮੌਤ ਕੂਕ ਰਹੀ ਹੈ। ਨਾਹ ਤੇਰਾ ਰੱਬੀ ਰੂਪ ਬਣਿਆ, ਨਾਹ ਤੈਨੂੰ ਰੱਬੀ ਰੰਗ ਚੜ੍ਹਿਆ, ਨਾਹ ਤੇਰੇ ਅੰਦਰ ਰੱਬੀ ਖੇੜਾ ਆਇਆ,(ਦੱਸ) ਜਮ ਦਾ ਜਾਲ ਤੈਨੂੰ ਕਿਵੇਂ ਛੱਡੇਗਾ ? ੧।

ਹੇ ਪ੍ਰਾਣੀ ! ਤੇਰੇ ਸਰੀਰ ਵਿਚ ਕਾਮ (ਜ਼ੋਰ ਪਾ ਰਿਹਾ) ਹੈ, ਕ੍ਰੋਧ (ਪ੍ਰਬਲ) ਹੈ, ਹਉਮੈ ਹੈ, ਮਲਕੀਅਤਾਂ ਦੀ ਤਾਂਘ ਹੈ, ਇਹਨਾਂ ਸਭਨਾਂ ਦੀ ਵੱਡੀ ਔਖੀ ਪੀੜ ਉਠ ਰਹੀ ਹੈ (ਇਹਨਾਂ ਵਿਕਾਰਾਂ ਵਿਚ ਡੁੱਬਣੋਂ ਤੇਰਾ ਬਚਾ ਕਿਵੇਂ ਹੋਵੇ ?)।

ਹੇ ਭਾਈ ! ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਭਜਨ ਕਰ, ਜੀਭ ਨਾਲ(ਸਿਮਰਨ ਦਾ) ਸੁਆਦ ਲੈ। ਇਹਨਾਂ ਤਰੀਕਿਆਂ ਨਾਲ (ਇਹਨਾਂ ਵਿਕਾਰਾਂ ਦੇ ਡੂੰਘੇ ਪਾਣੀਆਂ ਵਿਚੋਂ ਸਿਮਰਨ ਦੀ) ਤਾਰੀ ਲਾ ਕੇ ਪਾਰ ਲੰਘ।੨।

ਹੇ ਪ੍ਰਾਣੀ ! (ਸਿਫ਼ਤਿ ਸਾਲਾਹ ਵਲੋਂ) ਤੇਰੇ ਕੰਨ ਬੋਲੇ (ਹੀ ਰਹੇ), ਤੇਰੀ ਮਤਿ ਥੋੜ੍ਹ-ਵਿਤੀ ਹੋ ਗਈ ਹੈ (ਰਤਾ ਰਤਾ ਗੱਲ ਤੇ ਛਿੱਥਾ ਪੈਣ ਦਾ ਤੇਰਾ ਸੁਭਾਉ ਬਣ ਗਿਆ ਹੈ), ਸਿਫ਼ਤਿ ਸਾਲਾਹ ਦਾ ਸ਼ਾਂਤ-ਰਸ ਤੂੰ ਸਮਝ ਨਹੀਂ ਸਕਿਆ। ਆਪਣੇ ਮਨ ਦੇ ਪਿੱਛੇ ਲੱਗ ਕੇ ਤੂੰ ਕੀਮਤੀ ਮਨੁੱਖਾ ਜਨਮ ਗਵਾ ਲਿਆ ਹੈ। ਗੁਰੂ ਦੀ ਸਰਨ ਨਾਹ ਆਉਣ ਕਰ-

ਕੇ ਤੂੰ (ਆਤਮਕ ਜੀਵਨ ਵਲੋਂ) ਅੰਨ੍ਹਾ ਹੀ ਰਿਹਾ, ਤੈਨੂੰ (ਆਤਮਕ ਜੀਵਨ ਦੀ) ਸਮਝ ਨਾਹ ਆਈ । ੩ ।

(ਹੇ ਪ੍ਰਾਣੀ !) ਨਾਨਕ ਬੇਨਤੀ ਕਰਦਾ ਹੈ (ਤੇ ਤੈਨੂੰ ਸਮਝਾਂਦਾ ਹੈ ਕਿ) ਜੋ ਮਨੁੱਖ ਗੁਰੂ ਦੇ ਦੱਸੇ ਰਾਹ ਉਤੇ ਤੁਰਦਾ ਹੈ ਉਹ (ਵਿਕਾਰਾਂ ਦੀ ਫਾਹੀਂ ਤੋਂ) ਖਲਾਸੀ ਪਾ ਲੈਂਦਾ ਹੈ, ਪ੍ਰਭੂ ਦੇ ਨਾਮ ਵਿਚ ਉਸ ਦੀ ਸੁਰਤਿ ਟਿਕੀ ਰਹਿੰਦੀ ਹੈ, ਉਹ (ਦੁਨੀਆ ਵਿਚ ਵਰਤਦਾ ਹੋਇਆ ਭੀ ਦੁਨੀਆ ਵਲੋਂ) ਉਪਰਾਮ ਰਹਿੰਦਾ ਹੈ,ਆਸਾਂ ਤੋਂ ਨਿਰਲੇਪ ਰਹਿੰਦਾ ਹੈ, ਅਡੋਲਤਾ ਦੀ ਸਮਾਧੀ ਵਿਚ ਟਿਕਿਆ ਰਹਿ ਕੇ ਉਹ (ਦੁਨੀਆ ਤੋਂ) ਨਿਰਮੋਹ ਰਹਿੰਦਾ ਹੈ । ੪ । ੨ । ੩ ।

ਭੈਰਉ ਮਹਲਾ ੧ ॥ ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ।। ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ॥੧॥ ਅੰਧੁਲੇ ਕਿਆ ਪਾਇਆ ਜਗਿ ਆਇ ॥ ਰਾਮੁ ਰਿਦੈ ਨਹੀ ਗੁਰ ਕੀ ਸੇਵਾ ਚਾਲੇ ਮੂਲੁ ਗਵਾਇ ॥ ੧ ॥ ਰਹਾਉ ।॥ ਜਿਹਵਾ ਰੰਗਿ ਨਹੀ ਹਰਿ ਰਾਤੀ ਜਬ ਬੋਲੈ ਤਬ ਫੀਕੇ ॥ ਸੰਤ ਜਨਾ ਕੀ ਨਿੰਦਾ ਵਿਆਪਸਿ ਪਸੂ ਭਏ ਕਦੇ ਹੋਹਿ ਨ ਨੀਕੇ ।। ੨ ।। ਅੰਮ੍ਰਿਤ ਕਾ ਰਸੁ ਵਿਰਲੀ ਪਾਇਆ ਸਤਿਗੁਰ ਮੇਲਿ ਮਿਲਾਏ ॥ ਜਬ ਲਗੁ ਸਬਦ ਭੇਦੁ ਨਹੀ ਆਇਆ ਤਬ ਲਗੁ ਕਾਲੁ ਸੰਤਾਏ॥ ੩ ।। ਅਨ ਕੋ ਦਰੁ ਘਰੁ ਕਬਹੂ ਨ ਜਾਨਸਿ ਏਕੋ ਦਰੁ ਸਚਿਆਰਾ ।। ਗੁਰ ਪਰਸਾਦਿ ਪਰਮ ਪਦੁ ਪਾਇਆ ਨਾਨਕੁ ਕਹੈ ਵਿਚਾਰਾ ।। ੪ ।। ੩ ।। ੪ ।।

ਪਦ ਅਰਥ:—ਭੂੰਡੀ—ਕੋਝੀ, ਬੇ-ਢਬੀ,ਭੱਦੀ । ਕਰ—ਹੱਥ । ਖਿਸਰੇ—ਢਿੱਲੇ ਹੋ ਗਏ। ਤੁਚਾ—ਚਮੜੀ । ਦੇਹ—ਸਰੀਰ (ਦੀ)। ਨੇਤ੍ਰੀ—ਅੱਖਾਂ ਵਿਚ । ਕਰਨ—ਕੰਨ । ਬਹਰੇ—ਬੋਲੇ । ਮਨਮੁਖਿ—ਮਨ ਦੇ ਪਿੱਛੇ ਤੁਰਨ ਵਾਲਾ ਬੰਦਾ । ੧ ।

ਜਗਿ—ਜਗਤ ਵਿਚ । ਆਇ—ਆ ਕੇ, ਜਨਮ ਲੈ ਕੇ । ਰਿਦੈ—ਹਿਰਦੇ ਵਿਚ । ਮੂਲੁ—ਰਾਸਿ-ਪੂੰਜੀ । ੧ । ਰਹਾਉ ।

ਰੰਗਿ—ਰੰਗ ਵਿਚ, ਪ੍ਰੇਮ ਵਿਚ । ਰਾਤੀ—ਰੱਤੀ,ਰੰਗੀ । ਫੀਕੇ—ਖਰ੍ਹਵੇ । ਵਿਆਪਸਿ—ਰੁੱਝਾ ਰਹਿੰਦਾ ਹੈ । ਨੀਕੇ—ਚੰਗੇ । ੨ ।

ਸਤਿਗੁਰ ਮੇਲਿ—ਗੁਰੂ ਦੀ ਸੰਗਤਿ ਵਿਚ । ਸਬਦ ਭੇਦੁ—ਸ਼ਬਦ ਦਾ ਭੇਦ, ਸ਼ਬਦ ਦਾ ਰਸ । ਕਾਲੁ—ਮੌਤ (ਦਾ ਡਰ) । ੩ ।

ਅਨ ਕੋ—(ਪ੍ਰਭੂ ਤੋਂ ਬਿਨਾ) ਕਿਸੇ ਹੋਰ ਦਾ । ਸਚਿਆਰਾ—ਸਦਾ ਕਾਇਮ ਰਹਿਣ

ਵਾਲੇ ਪ੍ਰਭੂ ਦਾ। ਪਰਸਾਦਿ—ਕਿਰਪਾ ਨਾਲ। ਪਰਮ ਪਦੁ—ਸਭ ਤੋਂ ਉੱਚਾ ਆਤਮਕ ਦਰਜਾ। ਵਿਚਾਰਾ—ਵਿਚਾਰ ਦੀ ਗੱਲ। ੪।

ਅਰਥ:—ਹੇ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਜੀਵ! ਤੂੰ ਜਗਤ ਵਿਚ ਜਨਮ ਲੈ ਕੇ (ਆਤਮਕ ਜੀਵਨ ਦੇ ਅਸਲੀ ਲਾਭ ਵਜੋਂ) ਕੁਝ ਭੀ ਨਾਹ ਖੱਟਿਆ, ਸਗੋਂ ਤੂੰ ਮੂਲ ਭੀ ਗਵਾ ਲਿਆ (ਜੇਹੜਾ ਪਹਿਲਾਂ ਕੋਈ ਆਤਮਕ ਜੀਵਨ ਸੀ ਉਹ ਭੀ ਨਾਸ ਕਰ ਲਿਆ, ਕਿਉਂਕਿ) ਤੂੰ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਨਹੀਂ ਵਸਾਇਆ, ਤੇ ਤੂੰ ਗੁਰੂ ਦੀ ਦੱਸੀ ਕਾਰ ਨਹੀਂ ਕੀਤੀ। ੧। ਰਹਾਉ।

(ਹੇ ਅੰਨ੍ਹੇ ਜੀਵ! ਹੁਣ ਬੁਢੇਪੇ ਵਿਚ) ਤੇਰੀ ਤੋਰ ਬੇ-ਢਬੀ ਹੋ ਚੁਕੀ ਹੈ, ਤੇਰੇ ਪੈਰ ਹੱਥ ਢਿਲਕ ਪਏ ਹਨ, ਤੇਰੇ ਸਰੀਰ ਦੀ ਚਮੜੀ ਉਤੇ ਝੁਰੜੀਆਂ ਪੈ ਰਹੀਆਂ ਹਨ, ਤੇਰੀਆਂ ਅੱਖਾਂ ਅੱਗੇ ਹਨੇਰਾ ਹੋਣ ਲੱਗ ਪਿਆ ਹੈ, ਤੇਰੇ ਕੰਨ ਬੋਲੇ ਹੋ ਚੁਕੇ ਹਨ, ਪਰ ਅਜੇ ਭੀ ਆਪਣੇ ਮਨ ਦੇ ਪਿੱਛੇ ਤੁਰ ਕੇ ਤੂੰ ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀਂ ਪਾਈ। ੧।

(ਹੇ ਅੰਨ੍ਹੇ ਜੀਵ!) ਤੇਰੀ ਜੀਭ ਪ੍ਰਭੂ ਦੀ ਯਾਦ ਦੇ ਪਿਆਰ ਵਿਚ ਨਹੀਂ ਭਿੱਜੀ, ਜਦੋਂ ਭੀ ਬੋਲਦੀ ਹੈ ਫਿੱਕੇ ਬੋਲ ਹੀ ਬੋਲਦੀ ਹੈ। ਤੂੰ ਸਦਾ ਭਲੇ ਬੰਦਿਆਂ ਦੀ ਨਿੰਦਿਆ ਵਿਚ ਰੁੱਝਾ ਰਹਿੰਦਾ ਹੈਂ, ਤੇਰੇ ਸਾਰੇ ਕੰਮ ਪਸ਼ੂਆਂ ਵਾਲੇ ਹੋਏ ਪਏ ਹਨ, (ਇਸੇ ਤਰ੍ਹਾਂ ਰਿਹਾਂ) ਇਹ ਕਦੇ ਭੀ ਚੰਗੇ ਨਹੀਂ ਹੋ ਸਕਣਗੇ। ੨।

(ਪਰ ਜੀਵਾਂ ਦੇ ਭੀ ਕੀਹ ਵੱਸ?) ਆਤਮਕ ਜੀਵਨ ਦੇਣ ਵਾਲੇ ਸ੍ਰੇਸ਼ਟ ਨਾਮ ਦੇ ਜਾਪ ਦਾ ਸੁਆਦ ਉਹਨਾਂ ਵਿਰਲਿਆਂ ਬੰਦਿਆਂ ਨੂੰ ਅਉਂਦਾ ਹੈ ਜਿੰਨ੍ਹਾਂ ਨੂੰ (ਪਰਮਾਤਮਾ ਆਪ) ਸਤਿਗੁਰੂ ਦੀ ਸੰਗਤਿ ਵਿਚ ਮਿਲਾਂਦਾ ਹੈ। ਮਨੁੱਖ ਨੂੰ ਜਦੋਂ ਤਕ ਸਿਫ਼ਤਿ ਸਾਲਾਹ ਦਾ ਰਸ ਨਹੀਂ ਆਉਂਦਾ ਤਦੋਂ ਤਕ (ਇਹ ਅਜੇਹੇ ਕੰਮ ਕਰਦਾ ਰਹਿੰਦਾ ਹੈ ਜਿਨ੍ਹਾਂ ਕਰ-ਕੇ) ਇਸ ਨੂੰ ਮੌਤ ਦਾ ਡਰ ਦੁਖੀ ਕਰਦਾ ਰਹਿੰਦਾ ਹੈ। ੩।

ਨਾਨਕ ਇਹ ਵਿਚਾਰ ਦੀ ਗੱਲ ਆਖਦਾ ਹੈ ਕਿ ਗੁਰੂ ਦੀ ਕਿਰਪਾ ਨਾਲ ਜੋ ਮਨੁੱਖ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦਾ ਦਰ ਹੀ ਮੱਲੀ ਰੱਖਦਾ ਹੈ ਤੇ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਦਾ ਦਰਵਾਜ਼ਾ ਕਿਸੇ ਹੋਰ ਦਾ ਘਰ ਨਹੀਂ ਭਾਲਦਾ ਉਹ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਕਰ ਲੈਂਦਾ ਹੈ। ੪। ੩। ੪।

ਭੈਰਉ ਮਹਲਾ ੧ ॥ ਸਗਲੀ ਰੈਣਿ ਸੋਵਤ ਗਲਿ ਫਾਹੀ ਦਿਨਸੁ ਜੰਜਾਲਿ ਗਵਾਇਆ ॥ ਖਿਨੁ ਪਲੁ ਘੜੀ ਨਹੀ ਪ੍ਰਭੁ ਜਾਨਿਆ ਜਿਨਿ ਇਹੁ ਜਗਤੁ ਉਪਾਇਆ ॥ ੧ ॥ ਮਨ ਰੇ ਕਿਉ ਛੂਟਸਿ ਦੁਖੁ ਭਾਰੀ ॥ ਕਿਆ ਲੇ ਆਵਸਿ ਕਿਆ ਲੇ ਜਾਵਸਿ ਰਾਮੁ ਜਪਹੁ ਗੁਣਕਾਰੀ ॥ ੧ ॥

ਰਹਾਉ ॥ ਊਂਧਉ ਕਵਲੁ ਮਨਮੁਖ ਮਤਿ ਹੋਛੀ ਮਨਿ ਅੰਧੈ ਸਿਰਿ ਧੰਧਾ ॥ ਕਾਲੁ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾਵੈ ਗਲਿ ਫੰਧਾ ॥ ੨ ॥ ਡਗਰੀ ਚਾਲ ਨੇਤ੍ਰ ਫੁਨਿ ਅੰਧੁਲੇ ਸਬਦ ਸੁਰਤਿ ਨਹੀ ਭਾਈ ॥ ਸਾਸਤ੍ਰ ਬੇਦ ਤ੍ਰੈ ਗੁਣ ਹੈ ਮਾਇਆ ਅੰਧੁਲਉ ਧੰਧੁ ਕਮਾਈ ॥ ੩ ॥ ਖੋਇਓ ਮੂਲੁ ਲਾਭੁ ਕਹ ਪਾਵਸਿ ਦੁਰਮਤਿ ਗਿਆਨ ਵਿਹੂਣੇ ॥ ਸਬਦੁ ਬੀਚਾਰਿ ਰਾਮ ਰਸੁ ਚਾਖਿਆ ਨਾਨਕ ਸਾਚਿ ਪਤੀਣੇ ॥ ੪ ॥ ੪ ॥ ੫ ॥

ਪਦ ਅਰਥ:—ਰੈਣਿ—ਰਾਤ। ਸੋਵਤ—ਕਾਮਾਦਿਕ ਵਿਕਾਰਾਂ ਵਿਚ ਮਸਤ ਰਹਿੰਦਾ ਹੈ। ਗਲਿ—ਗਲ ਵਿਚ। ਜੰਜਾਲਿ—ਮਾਇਆ ਇਕੱਠੀ ਕਰਨ ਦੇ ਧੰਧੇ ਵਿਚ। ਜਾਨਿਆ—ਸਾਂਝ ਪਾਈ। ਜਿਨਿ—ਜਿਸ (ਪ੍ਰਭੂ) ਨੇ। ੧।

ਦੁਖੁ—ਮਾਇਆ ਦੇ ਮੋਹ ਦਾ ਦੁੱਖ। ਕਿਆ ਲੇ ਆਵਸਿ—ਕੀਹ ਨਾਲ ਲੈ ਕੇ ਆਉਂਦਾ ਹੈ ? ਖ਼ਾਲੀ-ਹੱਥ ਆਉਂਦਾ ਹੈ। ਗੁਣ ਕਾਰੀ—ਆਤਮਕ ਗੁਣ ਪੈਦਾ ਕਰਨ ਵਾਲਾ। ੧। ਰਹਾਉ।

ਊਂਧਉ—ਉਲਟਾ, ਪੁੱਠਾ। ਕਵਲੁ—ਹਿਰਦਾ-ਕਵਲ। ਹੋਛੀ—ਥੋੜ-ਵਿਤੀ। ਮਨਿ—ਮਨ ਦੀ ਰਾਹੀਂ। ਮਨਿ ਅੰਧੈ—ਅੰਨ੍ਹੇ ਮਨ ਦੀ ਰਾਹੀਂ। ਧੰਧਾ—ਜੰਜਾਲ, ਮਾਇਆ ਦੇ ਮੋਹ ਦਾ ਝੰਬੇਲਾ। ਬਿਕਾਲੁ—ਬਿ-ਕਾਲੁ, (ਮੌਤ ਦੇ ਉਲਟ) ਜਨਮ। ੨।

ਡਗਰੀ—ਹੈਂਕੜ-ਭਰੀ। ਫੁਨਿ—ਭੀ। ਅੰਧੁਲੇ—(ਵਿਕਾਰਾਂ ਵਿਚ) ਅੰਨ੍ਹੇ। ਨਹੀ ਭਾਈ—ਚੰਗੀ ਨਹੀਂ ਲੱਗੀ। ਤ੍ਰੈਗੁਣ ਮਾਇਆ—ਤ੍ਰਿਗੁਣੀ ਮਾਇਆ ਦਾ (ਪ੍ਰਭਾਵ)। ਅੰਧੁਲਉ—ਮਾਇਆ ਵਿਚ ਅੰਨ੍ਹਾ ਹੋਇਆ ਜੀਵ। ਧੰਧੁ—ਮਾਇਆ ਦੀ ਖ਼ਾਤਰ ਦੌੜ-ਭੱਜ। ੩।

ਮੂਲੁ—ਉਹ ਆਤਮਕ ਜੀਵਨ ਜੋ ਪਹਿਲਾਂ ਪੱਲੇ ਸੀ। ਕਹ—ਕਿਥੋਂ ? ਬੀਚਾਰਿ—ਵਿਚਾਰ ਕੇ। ਸਾਚਿ—ਸਦਾ-ਥਿਰ ਪ੍ਰਭੂ (ਦੀ ਯਾਦ) ਵਿਚ। ਪਤੀਣੇ—ਪਤੀਜੇ ਹੋਏ, ਪ੍ਰਸੰਨ। ੪।

ਅਰਥ:—ਹੇ ਮਨ ! ਤੂੰ ਮਾਇਆ ਦੇ ਮੋਹ ਦਾ ਭਾਰੀ ਦੁੱਖ ਸਹਾਰ ਰਿਹਾ ਹੈਂ (ਜੇ ਤੂੰ ਪ੍ਰਭੂ-ਸਿਮਰਨ ਨਹੀਂ ਕਰਦਾ ਤਾਂ ਇਸ ਦੁੱਖ ਤੋਂ) ਕਿਵੇਂ ਖਲਾਸੀ ਪਾਏਂਗਾ ? (ਦਿਨ ਰਾਤ ਮਾਇਆ ਦੀ ਖ਼ਾਤਰ ਭਟਕ ਰਿਹਾ ਹੈਂ, ਦੱਸ, ਜਦੋਂ ਜੰਮਿਆ ਸੀ) ਕੇਹੜੀ ਮਾਇਆ ਆਪਣੇ ਨਾਲ ਲੈ ਕੇ ਆਇਆ ਸੀ ? ਇਥੋਂ ਤੁਰਨ ਲੱਗਾ ਭੀ ਕੋਈ ਚੀਜ਼ ਨਾਲ ਨਹੀਂ ਲੈ ਜਾ ਸਕੇਂਗਾ। ਪਰਮਾਤਮਾ ਦਾ ਨਾਮ ਜਪ, ਇਹੀ ਹੈ ਆਤਮਕ ਜੀਵਨ ਦੇ ਗੁਣ ਪੈਦਾ ਕਰਨ ਵਾਲਾ। ੧। ਰਹਾਉ।

ਹੇ ਭਾਈ ! ਸਾਰੀ ਰਾਤ ਕਾਮਾਦਿਕ ਵਿਕਾਰਾਂ ਦੀ ਨੀਂਦ ਵਿਚ ਰਹਿੰਦਾ ਹੈਂ,

(ਇਹਨਾਂ ਵਿਕਾਰਾਂ ਦੇ ਸੰਸਕਾਰਾਂ ਦੀ) ਫਾਹੀ ਤੇਰੇ ਗਲ ਵਿਚ ਪੈਂਦੀ ਜਾਂਦੀ ਹੈ। ਸਾਰਾ ਦਿਨ ਮਾਇਆ ਕਮਾਣ ਦੇ ਧੰਧੇ ਵਿਚ ਗੁਜ਼ਾਰ ਦੇਂਦਾ ਹੈਂ। ਇਕ ਖਿਨ ਇਕ ਪਲ ਇਕ ਘੜੀ ਤੂੰ ਉਸ ਪਰਮਾਤਮਾ ਨਾਲ ਸਾਂਝ ਨਹੀਂ ਪਾਂਦਾ ਜਿਸ ਨੇ ਇਹ ਸਾਰਾ ਸੰਸਾਰ ਪੈਦਾ ਕੀਤਾ ਹੈ। ੧।

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਦੇ ਕਾਰਨ ਤੇਰਾ ਹਿਰਦਾ-ਕਵਲ ਪ੍ਰਭੂ ਦੀ ਯਾਦ ਵਲੋਂ ਉਲਟਿਆ ਪਿਆ ਹੈ,ਤੇਰੀ ਸਮਝ ਥੋੜ੍ਹ-ਵਿਤੀ ਹੋਈ ਪਈ ਹੈ,(ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਮਨ (ਦੀ ਅਗਵਾਈ) ਦੇ ਕਾਰਨ ਤੇਰੇ ਸਿਰ ਉਤੇ ਮਾਇਆ ਦੇ ਜੰਜਾਲਾਂ ਦੀ ਪੰਡ ਬੱਝੀ ਪਈ ਹੈ। ਜਨਮ ਮਰਨ (ਦਾ ਗੇੜ) ਸਦਾ ਤੇਰੇ ਸਿਰ ਉਤੇ ਟਿਕਿਆ ਪਿਆ ਹੈ। ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਤੇਰੇ ਗਲ ਵਿਚ ਮੋਹ ਦੀ ਫਾਹੀ ਪਈ ਹੋਈ ਹੈ। ੨।

ਹੈਂਕੜ-ਭਰੀ ਤੇਰੀ ਚਾਲ ਹੈ, ਤੇਰੀਆਂ ਅੱਖਾਂ ਭੀ (ਵਿਕਾਰਾਂ ਵਿਚ) ਅੰਨ੍ਹੀਆਂ ਹੋਈਆਂ ਪਈਆਂ ਹਨ, ਪਰਮਾਤਮਾ ਦੀ ਸਿਫ਼ਤਿ ਸਾਲਾਹ ਵਲ ਧਿਆਨ ਦੇਣਾ ਤੈਨੂੰ ਚੰਗਾ ਨਹੀਂ ਲੱਗਦਾ। ਵੇਦ ਸ਼ਾਸਤ੍ਰ ਪੜ੍ਹਦਾ ਭੀ ਤ੍ਰੈਗੁਣੀ ਮਾਇਆ ਦੇ ਮੋਹ ਵਿਚ ਫਸਿਆ ਪਿਆ ਹੈਂ। ਤੂੰ (ਮੋਹ ਵਿਚ)ਅੰਨ੍ਹਾ ਹੋਇਆ ਪਿਆ ਹੈਂ, ਤੇ ਮਾਇਆ ਦੀ ਖ਼ਾਤਰ ਹੀ ਦੌੜ-ਭੱਜ ਕਰਦਾ ਹੈਂ। ੩।

ਹੇ ਗਿਆਨ-ਹੀਣ ਜੀਵ ! ਭੈੜੀ ਮੱਤੇ ਲੱਗ ਕੇ ਤੂੰ ਉਹ ਆਤਮਕ ਜੀਵਨ ਭੀ ਗਵਾ ਬੈਠਾ ਹੈਂ ਜੋ ਪਹਿਲਾਂ ਤੇਰੇ ਪੱਲੇ ਸੀ (ਇਥੇ ਜਨਮ ਲੈ ਕੇ ਹੋਰ) ਆਤਮਕ ਲਾਭ ਤੂੰ ਕਿਥੋਂ ਖੱਟਣਾ ਸੀ ? ਹੇ ਨਾਨਕ ! ਜਿਨ੍ਹਾਂ ਬੰਦਿਆਂ ਨੇ ਸਿਫ਼ਤਿ ਸਾਲਾਹ ਦੀ ਬਾਣੀ ਨੂੰ ਮਨ ਵਿਚ ਵਸਾ ਕੇ ਪ੍ਰਭੂ-ਨਾਮ (ਦੇ ਸਿਮਰਨ) ਦਾ ਸੁਆਦ ਚੱਖਿਆ, ਉਹ ਉਸ ਸਦਾ-ਥਿਰ ਪ੍ਰਭੂ (ਦੀ ਯਾਦ) ਵਿਚ ਮਸਤ ਰਹਿੰਦੇ ਹਨ। ੪। ੪। ੫।

ਭੈਰਉ ਮਹਲਾ ੧ ॥ ਗੁਰ ਕੈ ਸੰਗਿ ਰਹੈ ਦਿਨੁ ਰਾਤੀ ਰਾਮੁ ਰਸਨਿ ਰੰਗਿ ਰਾਤਾ ॥ ਅਵਰੁ ਨ ਜਾਣਸਿ ਸਬਦੁ ਪਛਾਣਸਿ ਅੰਤਰਿ ਜਾਣਿ ਪਛਾਤਾ ॥ ੧ ॥ ਸੋ ਜਨੁ ਐਸਾ ਮੈ ਮਨਿ ਭਾਵੈ ॥ ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥ ੧ ॥ ਰਹਾਉ ॥ ਅੰਤਰਿ ਬਾਹਰਿ ਪੁਰਖੁ ਨਿਰੰਜਨੁ ਆਦਿ ਪੁਰਖ ਆਦੇਸੋ ॥ ਘਟ ਘਟ ਅੰਤਰਿ ਸਰਬ ਨਿਰੰਤਰਿ ਰਵਿ ਰਹਿਆ ਸਚੁ ਵੇਸੋ ॥੨॥ ਸਾਚਿ ਰਤੇ ਸਚੁ ਅੰਮ੍ਰਿਤੁ ਜਿਹਵਾ ਮਿਥਿਆ ਮੈਲੁ ਨ ਰਾਈ ॥ ਨਿਰਮਲ ਨਾਮੁ ਅੰਮ੍ਰਿਤ ਰਸੁ ਚਾਖਿਆ ਸਬਦਿ ਰਤੇ ਪਤਿ ਪਾਈ ॥ ੩ ॥ ਗੁਣੀ ਗੁਣੀ ਮਿਲਿ ਲਾਹਾ ਪਾਵਸਿ ਗੁਰਮੁਖਿ ਨਾਮਿ ਵਡਾਈ ॥ ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥ ੪

॥੫॥੬॥

ਪਦ ਅਰਥ :—ਕੈ ਸੰਗਿ—ਦੀ ਸੰਗਤਿ ਵਿਚ। ਗੁਰ ਕੈ ਸੰਗਿ—ਗੁਰੂ ਦੀ ਯਾਦ ਵਿਚ। ਰਸਨਿ—ਰਸਨਾ ਉਤੇ, ਜੀਭ ਉਤੇ। ਰੰਗਿ—ਪ੍ਰੇਮ ਵਿਚ। ਰਾਤਾ—ਰੰਗਿਆ, ਮਸਤ। ਅੰਤਰਿ—ਅੰਦਰ-ਵੱਸਦਾ। ਜਾਨਿ—ਜਾਣ ਕੇ, ਸਮਝ ਕੇ।੧।

ਜਨੁ—ਦਾਸ। ਮੈ ਮਨਿ—ਮੇਰੇ ਮਨ ਵਿਚ। ਭਾਵੈ—ਪਿਆਰਾ ਲੱਗਦਾ ਹੈ। ਆਪੁ—ਆਪਾ-ਭਾਵ। ਅਪਰੰਪਰਿ—ਅਪਰੰਪਰ ਵਿਚ, ਬੇਅੰਤ ਪ੍ਰਭੂ ਵਿਚ, ਉਸ ਵਿਚ ਜੋ ਪਰੇ ਤੋਂ ਪਰੇ ਹੈ।੧। ਰਹਾਉ।

ਪੁਰਖੁ—ਵਿਆਪਕ। ਨਿਰੰਜਨੁ—ਮਾਇਆ ਦੇ ਪ੍ਰਭਾਵ ਤੋਂ ਰਹਿਤ ਪ੍ਰਭੂ। ਪੁਰਖ ਆਦੇਸੋ—ਵਿਆਪਕ ਪ੍ਰਭੂ ਨੂੰ ਨਮਸਕਾਰ। ਘਟ—ਸਰੀਰ, ਹਿਰਦਾ। ਸਰਬ ਨਿਰੰਤਰਿ—ਇਕ-ਰਸ ਸਭ ਵਿਚ। ਸਚੁ ਵੇਸੋ- ਜਿਸ ਦਾ ਸਰੂਪ ਸਦਾ ਕਾਇਮ ਰਹਿਣ ਵਾਲਾ ਹੈ।੨।

ਮਿਥਿਆ—ਝੂਠ। ਰਾਈ—ਰਤਾ ਭਰ ਭੀ। ਸਬਦਿ—ਸ਼ਬਦ ਵਿਚ। ਪਤਿ—ਇੱਜ਼ਤ।੩।

ਗੁਣੀ—ਗੁਣਵਾਨ। ਮਿਲਿ—ਮਿਲ ਕੇ। ਲਾਹਾ—ਲਾਭ। ਨਾਮਿ—ਨਾਮ ਵਿਚ (ਜੁੜ ਕੇ)। ਮਿਟਹਿ—ਮਿਟ ਜਾਂਦੇ ਹਨ। ਸਖਾਈ—ਮਿਤ੍ਰ।੪।

ਅਰਥ :—ਮੇਰੇ ਮਨ ਵਿਚ ਤਾਂ (ਪਰਮਾਤਮਾ ਦਾ) ਅਜੇਹਾ ਦਾਸ ਪਿਆਰਾ ਲੱਗਦਾ ਹੈ ਜੋ ਆਪਾ-ਭਾਵ (ਸੁਆਰਥ) ਮੁਕਾ ਕੇ ਬੇਅੰਤ ਪ੍ਰਭੂ (ਦੇ ਪਿਆਰ) ਵਿਚ ਮਸਤ ਰਹਿੰਦਾ ਹੈ ਤੇ ਸਤਿਗੁਰੂ ਦੀ ਦੱਸੀ ਕਾਰ ਕਰਦਾ ਹੈ (ਉਹਨਾਂ ਪੂਰਨਿਆਂ ਤੇ ਤੁਰਦਾ ਹੈ ਜੋ ਗੁਰੂ ਨੇ ਪਾ ਦਿੱਤੇ ਹਨ)।੧। ਰਹਾਉ।

ਅਜੇਹਾ ਦਾਸ ਦਿਨ ਰਾਤ ਗੁਰੂ ਦੀ ਸੰਗਤਿ ਵਿਚ ਰਹਿੰਦਾ ਹੈ (ਭਾਵ, ਗੁਰੂ ਨੂੰ ਆਪਣੇ ਮਨ ਵਿਚ ਵਸਾਈ ਰੱਖਦਾ ਹੈ), ਪਰਮਾਤਮਾ (ਦੇ ਨਾਮ) ਨੂੰ ਆਪਣੀ ਜੀਭ ਉਤੇ ਰੱਖਦਾ ਹੈ, ਤੇ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ। ਉਹ ਦਾਸ ਸਦਾ ਸਿਫ਼ਤਿ ਸਾਲਾਹ ਨਾਲ ਸਾਂਝ ਪਾਂਦਾ ਹੈ (ਨਿੰਦਿਆ ਆਦਿਕ ਕਿਸੇ) ਹੋਰ (ਬੋਲ) ਨੂੰ ਨਹੀਂ ਜਾਣਦਾ, ਪ੍ਰਭੂ ਨੂੰ ਆਪਣੇ ਅੰਦਰ ਵੱਸਦਾ ਜਾਣ ਕੇ ਸਦਾ ਉਸ ਨਾਲ ਸਾਂਝ ਪਾਈ ਰੱਖਦਾ ਹੈ।੧।

(ਮੈਨੂੰ ਉਹ ਦਾਸ ਪਿਆਰਾ ਲੱਗਦਾ ਹੈ ਜੋ) ਉਸ ਅਕਾਲ ਪੁਰਖ ਨੂੰ (ਸਦਾ) ਨਮਸਕਾਰ ਕਰਦਾ ਹੈ ਜੋ ਸਾਰੇ ਸੰਸਾਰ ਦਾ ਮੁੱਢ ਹੈ। (ਉਸ ਦਾਸ ਨੂੰ ਪਰਮਾਤਮਾ) ਅੰਦਰ ਬਾਹਰ ਹਰ ਥਾਂ ਵਿਆਪਕ ਦਿੱਸਦਾ ਹੈ, ਉਸ ਪ੍ਰਭੂ ਉਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ। (ਉਸ ਸੇਵਕ ਨੂੰ) ਉਹ ਸਦਾ-ਥਿਰ-ਸਰੂਪ ਪ੍ਰਭੂ ਹਰੇਕ ਸਰੀਰ ਵਿਚ ਇੱਕ-ਰਸ ਸਭ ਜੀਵਾਂ ਦੇ ਅੰਦਰ ਮੌਜੂਦ ਪ੍ਰਤੀਤ ਹੁੰਦਾ ਹੈ।੨।

ਜੇਹੜੇ ਬੰਦੇ ਸਦਾ-ਥਿਰ ਪ੍ਰਭੂ (ਦੇ ਪਿਆਰ) ਵਿਚ ਮਸਤ ਰਹਿੰਦੇ ਹਨ, ਜਿਨ੍ਹਾਂ ਦੀ ਜੀਭ ਉਤੇ ਆਤਮਕ ਜੀਵਨ ਦੇਣ ਵਾਲਾ ਨਾਮ ਟਿਕਿਆ ਰਹਿੰਦਾ ਹੈ, ਝੂਠ ਦੀ ਮੈਲ ਉਹਨਾਂ ਦੇ ਅੰਦਰ ਰਤਾ ਭੀ ਨਹੀਂ ਹੁੰਦੀ। ਉਹ ਬੰਦੇ ਪਵਿੱਤ੍ਰ ਨਾਮ (ਜਪਦੇ ਹਨ), ਆਤਮਕ ਜੀਵਨ ਦੇਣ ਵਾਲੇ ਨਾਮ ਦਾ ਸੁਆਦ ਚੱਖਦੇ ਹਨ, ਸਿਫ਼ਤਿ ਸਾਲਾਹ ਦੀ ਬਾਣੀ ਵਿਚ ਸਦਾ ਮਸਤ ਰਹਿੰਦੇ ਹਨ, ਤੇ (ਲੋਕ ਪਰਲੋਕ ਵਿਚ) ਇੱਜ਼ਤ ਖੱਟਦੇ ਹਨ। ੩।

ਗੁਣਵਾਨ (ਸੇਵਕ) ਗੁਣਵਾਨ (ਸੇਵਕ) ਨੂੰ ਮਿਲ ਕੇ (ਨਾਮ ਸਿਮਰਨ ਦੀ ਸਾਂਝ ਬਣਾ ਕੇ) ਪ੍ਰਭੂ-ਨਾਮ ਦਾ ਲਾਭ ਖੱਟਦਾ ਹੈ, ਗੁਰੂ ਦੇ ਦੱਸੇ ਰਾਹ ਉਤੇ ਤੁਰ ਕੇ ਨਾਮ ਵਿਚ ਜੁੜ ਕੇ ਇੱਜ਼ਤ ਪਾਂਦਾ ਹੈ, ਗੁਰੂ ਦੀ ਦੱਸੀ ਕਾਰ ਕਰ ਕੇ ਉਸ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ; ਹੇ ਨਾਨਕ! ਪ੍ਰਭੂ ਦਾ ਨਾਮ ਉਸ ਦਾ (ਸਦਾ ਦਾ) ਮਿੱਤਰ ਬਣ ਜਾਂਦਾ ਹੈ। ੪। ੫। ੬।

ਭੈਰਉ ਮਹਲਾ ੧ ॥ ਹਿਰਦੈ ਨਾਮੁ ਸਰਬ ਧਨੁ ਧਾਰਣੁ ਗੁਰ ਪਰਸਾਦੀ ਪਾਈਐ ॥ ਅਮਰ ਪਦਾਰਥ ਤੇ ਕਿਰਤਾਰਥ ਸਹਜ ਧਿਆਨਿ ਲਿਵ ਲਾਈਐ ॥ ੧ ॥ ਮਨ ਰੇ ਰਾਮ ਭਗਤਿ ਚਿਤੁ ਲਾਈਐ ॥ ਗੁਰਮੁਖਿ ਰਾਮ ਨਾਮੁ ਜਪਿ ਹਿਰਦੈ ਸਹਜ ਸੇਤੀ ਘਰਿ ਜਾਈਐ ॥ ੧ ॥ ਰਹਾਉ॥ ਭਰਮੁ ਭੇਦੁ ਭਉ ਕਬਹੁ ਨ ਛੂਟਸਿ ਆਵਤ ਜਾਤ ਨ ਜਾਨੀ ॥ ਬਿਨੁ ਹਰਿ ਨਾਮ ਕੋ ਮੁਕਤਿ ਨ ਪਾਵਸਿ ਡੂਬਿ ਮੁਏ ਬਿਨੁ ਪਾਨੀ ॥ ੨ ॥ ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ ॥ ਬਿਨੁ ਗੁਰ ਸਬਦ ਮੁਕਤਿ ਨਹੀ ਕਬਹੀ ਅੰਧੁਲੇ ਧੰਧੁ ਪਸਾਰਾ ॥ ੩ ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਮਨ ਹੀ ਤੇ ਮਨੁ ਮੂਆ ॥ ਅੰਤਰਿ ਬਾਹਰਿ ਏਕੋ ਜਾਨਿਆ ਨਾਨਕ ਅਵਰੁ ਨ ਦੂਆ ॥੪॥੬॥੭॥

ਪਦ ਅਰਥ :—ਸਰਬ—ਸਾਰੇ ਜੀਵਾਂ ਦਾ। ਧਾਰਣੁ—ਆਸਰਾ, ਸਹਾਰਾ। ਪਰਸਾਦੀ—ਕਿਰਪਾ ਨਾਲ। ਪਾਈਐ—ਮਿਲਦਾ ਹੈ। ਅਮਰ ਪਦਾਰਥ ਤੇ—ਆਤਮਕ ਜੀਵਨ ਦੇਣ ਵਾਲੀ ਇਸ ਕੀਮਤੀ ਚੀਜ਼ ਦੀ ਬਰਕਤਿ ਨਾਲ। ਤੇ—ਤੋਂ, ਦੀ ਰਾਹੀਂ। ਕਿਰਤਾਰਥ—[ਕ੍ਰਿਤ-ਅਰਥ] ਜਿਸ ਦਾ ਮਨੋਰਥ ਪੂਰਾ ਹੋ ਗਿਆ, ਸਫਲ, ਕਾਮਯਾਬ ਜੀਵਨ ਵਾਲਾ। ਧਿਆਨਿ—ਧਿਆਨ ਵਿਚ, ਸਮਾਧੀ ਵਿਚ, ਟਿਕਾਓ ਵਿਚ (ਟਿਕ ਕੇ)। ਸਹਜ ਧਿਆਨਿ—ਆਤਮਕ ਅਡੋਲਤਾ ਦੇ ਟਿਕਾਓ ਵਿਚ (ਟਿਕ ਕੇ)।੧।

ਗੁਰਮੁਖਿ—ਗੁਰੂ ਵਲ ਮੂੰਹ ਕਰ ਕੇ, ਗੁਰੂ ਦੇ ਦੱਸੇ ਰਾਹ ਤੇ ਤੁਰ ਕੇ। ਸਹਜ—ਅਡੋਲਤਾ, ਸ਼ਾਂਤੀ। ਸੇਤੀ—ਨਾਲ। ਸਹਜ ਸੇਤੀ—ਸ਼ਾਂਤੀ ਵਾਲਾ ਜੀਵਨ ਗੁਜ਼ਾਰਦਿਆਂ।

ਘਰਿ—ਘਰ ਵਿਚ, ਆਪਣੇ ਮੂਲ ਵਿਚ, ਪ੍ਰਭੂ-ਚਰਨਾਂ ਵਿਚ ।੧।ਰਹਾਉ।

ਭਰਮੁ—ਭਟਕਣਾ । ਭੇਦੁ—(ਪ੍ਰਭੂ ਨਾਲੋਂ) ਵਿੱਥ। ਭਉ—ਡਰ ਸਹਮ । ਆਵਤ ਜਾਤ—ਜੰਮਦਿਆਂ ਮਰਦਿਆਂ । ਡੂਬਿ ਮੁਏ—(ਵਿਕਾਰਾਂ ਦੇ ਪਾਣੀਆਂ ਵਿਚ) ਗੋਤੇ ਖਾ ਖਾ ਕੇ ਆਤਮਕ ਮੌਤ ਸਹੇੜ ਲਈ । ਬਿਨੁ ਪਾਨੀ—ਪਾਣੀ ਤੋਂ ਖ਼ਾਲੀ ਹੀ ਰਹੇ, ਵਿਸ਼ਿਆਂ ਨਾਲ ਤ੍ਰਿਪਤੀ ਭੀ ਨਾਹ ਹੋਈ । ੨ ।

ਪਤਿ—ਇੱਜ਼ਤ । ਧੰਧਾ—ਮਾਇਆ ਦੀ ਖ਼ਾਤਰ ਦੌੜ-ਭੱਜ । ਭਰਮੁ—ਭਟਕਣਾ । ਗਵਾਰਾ—ਹੇ ਮੂਰਖ ! ਅੰਧੁਲੇ—ਹੇ ਅੰਨ੍ਹੇ ! ਪਸਾਰਾ—ਖਿਲਾਰਾ, ਸ੍ਰਿਸ਼ਟਿ ਦਾ ਖਿੰਡਾਉ ।੩।

ਅਕੁਲ—ਉਹ ਜਿਸ ਦੀ ਕੋਈ ਖ਼ਾਸ ਕੁਲ ਨਹੀਂ । ਨਿਰੰਜਨ—ਜਿਸ ਉਤੇ ਮਾਇਆ ਦਾ ਪ੍ਰਭਾਵ ਨਹੀਂ [ਨਿਰ-ਅੰਜਨ । ਅੰਜਨ—ਕਾਲਖ, ਮਾਇਆ ਦੀ ਕਾਲਖ] । ਸਿਉ—ਨਾਲ । ਮਾਨਿਆ—ਗਿੱਝ ਗਿਆ । ਮਨ ਤੇ—ਮਨ ਤੋਂ, ਮਨ ਦੇ ਮਾਇਕ ਫੁਰਨਿਆਂ ਵਲੋਂ। ਮਨੁ ਮੂਆ—ਮਨ ਮਰ ਜਾਂਦਾ ਹੈ, ਮਨ ਦਾ ਚਾਉ-ਉਤਸ਼ਾਹ ਮੁੱਕ ਜਾਂਦਾ ਹੈ ।੪।

ਅਰਥ :—ਹੇ ਮਨ ! ਪਰਮਾਤਮਾ ਦੀ ਭਗਤੀ ਵਿਚ ਜੁੜਨਾ ਚਾਹੀਦਾ ਹੈ । ਹੇ ਮਨ! ਗੁਰੂ ਦੇ ਦੱਸੇ ਜੀਵਨ-ਰਾਹ ਤੇ ਤੁਰ ਕੇ ਪਰਮਾਤਮਾ ਦਾ ਨਾਮ ਹਿਰਦੇ ਵਿਚ ਸਿਮਰ,(ਇਸ ਤਰ੍ਹਾਂ) ਸ਼ਾਂਤੀ ਵਾਲਾ ਜੀਵਨ ਗੁਜ਼ਾਰਦਿਆਂ ਪਰਮਾਤਮਾ ਦੇ ਚਰਨਾਂ ਵਿਚ ਪਹੁੰਚ ਜਾਈਦਾ ਹੈ ।੧।ਰਹਾਉ।

(ਜਿਵੇਂ ਦੁਨੀਆ ਵਾਲਾ ਧਨ-ਪਦਾਰਥ ਇਨਸਾਨ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ, ਤਿਵੇਂ) ਪਰਮਾਤਮਾ ਦਾ ਨਾਮ ਹਿਰਦੇ ਵਿਚ ਟਿਕਾਣਾ ਸਭ ਜੀਵਾਂ ਲਈ (ਆਤਮਕ ਲੋੜਾਂ ਪੂਰੀਆਂ ਕਰਨ ਵਾਸਤੇ) ਧਨ ਹੈ (ਆਤਮਕ ਜੀਵਨ ਦਾ) ਸਹਾਰਾ ਬਣਦਾ ਹੈ, (ਪਰ ਇਹ ਧਨ) ਗੁਰੂ ਦੀ ਕਿਰਪਾ ਨਾਲ ਮਿਲਦਾ ਹੈ । ਆਤਮਕ ਜੀਵਨ ਦੇਣ ਵਾਲੇ ਇਸ ਕੀਮਤੀ ਧਨ ਦੀ ਬਰਕਤਿ ਨਾਲ ਕਾਮਯਾਬ ਜ਼ਿੰਦਗੀ ਵਾਲਾ ਹੋ ਜਾਈਦਾ ਹੈ, ਆਤਮਕ ਅਡੋਲਤਾ ਦੇ ਟਿਕਾਓ ਵਿਚ ਟਿਕੇ ਰਹਿ ਕੇ ਸੁਰਤਿ (ਪ੍ਰਭੂ-ਚਰਨਾਂ ਵਿਚ) ਜੁੜੀ ਰਹਿੰਦੀ ਹੈ । ੧ ।

(ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ) ਭਟਕਣਾ, ਪ੍ਰਭੂ ਨਾਲੋਂ ਵਿੱਥ, ਡਰ-ਸਹਮ ਕਦੇ ਨਹੀਂ ਮੁੱਕਦਾ, ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ, (ਸਹੀ ਜੀਵਨ ਦੀ) ਸਮਝ ਨਹੀਂ ਪੈਂਦੀ । ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ ਕੋਈ ਬੰਦਾ (ਮਾਇਆ ਦੀ ਤ੍ਰਿਸ਼ਨਾ ਤੋਂ) ਖਲਾਸੀ ਨਹੀਂ ਪ੍ਰਾਪਤ ਕਰ ਸਕਦਾ । (ਵਿਕਾਰਾਂ ਦੇ ਪਾਣੀ ਵਿਚ) ਗੋਤੇ ਖਾ ਖਾ ਕੇ ਆਤਮਕ ਮੌਤ ਸਹੇੜ ਲੈਂਦਾ ਹੈ, ਵਿਸ਼ਿਆਂ ਨਾਲ ਤ੍ਰਿਪਤੀ ਭੀ ਨਹੀਂ ਹੁੰਦੀ । ੨ ।

ਹੇ ਮੂਰਖ (ਮਨ) ! (ਨਿਰੀ) ਮਾਇਆ ਦੀ ਖ਼ਾਤਰ ਦੌੜ-ਭੱਜ ਕਰਦਿਆਂ ਤੂੰ

ਆਪਣੀ ਇੱਜ਼ਤ ਗਵਾ ਲਏਂਗਾ, (ਇਸ ਤਰ੍ਹਾਂ) ਤੇਰੀ ਭਟਕਣਾ ਨਹੀਂ ਮੁੱਕੇਗੀ। ਹੇ ਅੰਨ੍ਹੇ (ਮਨ)! ਗੁਰੂ ਦੇ ਸ਼ਬਦ (ਨਾਲ ਪਿਆਰ ਕਰਨ) ਤੋਂ ਬਿਨਾ (ਮਾਇਆ ਦੀ ਤ੍ਰਿਸ਼ਨਾ ਤੋਂ) ਕਦੇ ਖਲਾਸੀ ਨਹੀਂ ਹੋਵੇਗੀ। ਇਹ ਦੌੜ-ਭੱਜ ਟਿਕੀ ਰਹੇਗੀ, ਸੁਰਤਿ ਦਾ ਇਹ ਖਿੰਡਾਉ ਬਣਿਆ ਰਹੇਗਾ। ੩।

ਜੇਹੜਾ ਮਨ ਉਸ ਪ੍ਰਭੂ ਨਾਲ ਗਿੱਝ ਜਾਂਦਾ ਹੈ ਜੋ ਮਾਇਆ ਦੇ ਪ੍ਰਭਾਵ ਤੋਂ ਪਰੇ ਹੈ ਅਤੇ ਜਿਸ ਦੀ ਕੋਈ ਖਾਸ ਕੁਲ ਨਹੀਂ ਹੈ,ਮਾਇਕ ਫੁਰਨਿਆਂ ਵਲੋਂ ਉਸ ਮਨ ਦਾ ਚਾਉ-ਉਤਸ਼ਾਹ ਹੀ ਮੁੱਕ ਜਾਂਦਾ ਹੈ। ਹੇ ਨਾਨਕ! ਉਹ ਮਨ ਆਪਣੇ ਅੰਦਰ ਤੇ ਸਾਰੇ ਸੰਸਾਰ ਵਿਚ ਇਕ ਪਰਮਾਤਮਾ ਨੂੰ ਹੀ ਪਛਾਣਦਾ ਹੈ, ਉਸ ਪ੍ਰਭੂ ਤੋਂ ਬਿਨਾ ਕੋਈ ਹੋਰ ਉਸ ਨੂੰ ਨਹੀਂ ਸੁੱਝਦਾ।੪।੬।੭।

ਭੈਰਉ ਮਹਲਾ ੧ ॥ ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ ॥ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ ॥ ੧ ॥ ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ ॥ ਬਿਖੁ ਖਾਵੈ ਬਿਖੁ ਬੋਲੀ ਬੋਲੈ ਬਿਨੁ ਨਾਵੈ ਨਿਹਫਲੁ ਮਰਿ ਭ੍ਰਮਨਾ ॥ ੧ ॥ ਰਹਾਉ ॥ ਪੁਸਤਕ ਪਾਠ ਬਿਆਕਰਣ ਵਖਾਣੈ ਸੰਧਿਆ ਕਰਮ ਤਿਕਾਲ ਕਰੈ ॥ ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ॥ ੨ ॥ ਡੰਡ ਕਮੰਡਲ ਸਿਖਾ ਸੂਤੁ ਧੋਤੀ ਤੀਰਥਿ ਗਵਨੁ ਅਤਿ ਭ੍ਰਮਨੁ ਕਰੈ ॥ ਰਾਮ ਨਾਮ ਬਿਨੁ ਸਾਂਤਿ ਨ ਆਵੈ ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ ॥ ੩ ॥ ਜਟਾ ਮੁਕਟੁ ਤਨਿ ਭਸਮ ਲਗਾਈ ਬਸਤ੍ਰ ਛੋਡਿ ਤਨਿ ਨਗਨੁ ਭਇਆ ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੈ ਬਾਂਧੈ ਭੇਖੁ ਭਇਆ ॥ ੪ ॥ ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਤੂ ਸਰਬ ਜੀਆ ॥ ਗੁਰ ਪਰਸਾਦਿ ਰਾਖਿ ਲੇ ਜਨ ਕਉ ਹਰਿ ਰਸੁ ਨਾਨਕ ਝੋਲਿ ਪੀਆ ॥ ੫ ॥ ੭ ॥ ੮ ॥

ਪਦ ਅਰਥ :—ਹੋਮ—ਹਵਨ। ਦੇਹ—ਸਰੀਰ । ਮੁਕਤਿ—(ਦੁੱਖਾਂ ਤੋਂ) ਖਲਾਸੀ। ਨਾਮਿ—ਨਾਮ ਵਿਚ (ਜੁੜ ਕੇ)। ਗੁਰਮੁਖਿ—ਗੁਰੂ ਦੇ ਦੱਸੇ ਰਸਤੇ ਤੁਰ ਕੇ। ੧।

ਬਿਰਥੇ—ਵਿਅਰਥ। ਜਗਿ—ਜਗਤ ਵਿਚ। ਬਿਖੁ—ਜ਼ਹਰ, ਵਿਕਾਰਾਂ ਦੀ ਜ਼ਹਰ। ਮਰਿ—ਮਰੇ, ਆਤਮਕ ਮੌਤ ਮਰਦਾ ਹੈ, ਉੱਚੇ ਆਤਮਕ ਗੁਣ ਗਵਾ ਲੈਂਦਾ ਹੈ। ਭ੍ਰਮਨਾ—ਭਟਕਣਾ। ੧। ਰਹਾਉ।

ਵਖਾਣੈ—(ਹੋਰਨਾਂ ਨੂੰ) ਸਮਝਾਂਦਾ ਹੈ। ਤਿ ਕਾਲ—ਤਿੰਨ ਵੇਲੇ (ਸਵੇਰੇ, ਦੁਪਹਰ,

ਤੇ ਸ਼ਾਮ)। ਕਹਾ–ਕਿੱਥੇ ? ਪ੍ਰਾਣੀ–ਹੇ ਪ੍ਰਾਣੀ ! ਉਰਝਿ–ਉਲਝ ਕੇ, (ਵਿਕਾਰਾਂ ਵਿਚ) ਫਸ ਕੇ। ੨।

ਡੰਡ–(ਜੋਗੀ ਵਾਲਾ) ਡੰਡਾ। ਕਮੰਡਲ–ਖੱਪਰ, ਚਿੱਪੀ। ਸਿਖਾ–ਬੋਦੀ, ਚੋਟੀ। ਸੂਤੁ–ਜਨੇਊ। ਤੀਰਥਿ ਗਵਨੁ–ਤੀਰਥ ਉਤੇ ਜਾਣਾ, ਤੀਰਥ-ਜਾਤ੍ਰਾ। ਭ੍ਰਮਨੁ–(ਧਰਤੀ ਉਤੇ) ਭੌਣਾ। ੩।

ਜਟਾ ਮੁਕਟੁ–ਜਟਾਂ ਦਾ ਜੂੜਾ। ਤਨਿ–ਸਰੀਰ ਉਤੇ। ਭਸਮ–ਸੁਆਹ। ਛੋਡਿ–ਛੱਡ ਕੇ। ਨਗਨੁ–ਨੰਗਾ। ਬਾਂਧੈ–ਬੱਧੇ ਹੋਏ (ਮਨੁੱਖ) ਨੂੰ। ਕਿਰਤ–ਕੀਤੇ ਹੋਏ ਕਰਮਾਂ ਦੇ ਸੰਸਕਾਰ। ਕਿਰਤ ਕੈ ਬਾਂਧੈ -ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੱਧੇ ਮਨੁੱਖ ਨੂੰ। ਭੇਖੁ–ਧਾਰਮਿਕ ਲਿਬਾਸ। ੪।

ਜੇਤੇ ਜੀਅ–ਜਿਤਨੇ ਭੀ ਜੀਵ ਹਨ। ਜਲਿ–ਜਲ ਵਿਚ। ਥਲਿ–ਧਰਤੀ ਵਿਚ। ਮਹੀਅਲਿ–ਮਹੀ ਤਲਿ, ਧਰਤੀ ਦੇ ਤਲ ਉਪਰ, ਧਰਤੀ ਦੇ ਉਪਰਲੇ ਪੁਲਾੜ ਵਿਚ, ਆਕਾਸ਼ ਵਿਚ। ਜਤ੍ਰ ਕਤ੍ਰ–ਜਿਥੇ ਕਿਥੇ, ਹਰ ਥਾਂ। ਜਨ ਕਉ–(ਆਪਣੇ) ਦਾਸ ਨੂੰ। ਰਾਖਿ ਲੇ–ਰੱਖ ਲੈਂਦਾ ਹੈ। ਝੋਲਿ–ਹਿਲਾ ਕੇ, ਸੁਆਦ ਨਾਲ। ੫।

ਅਰਥ:–ਪਰਮਾਤਮਾ ਦਾ ਨਾਮ ਜਪਣ ਤੋਂ ਵਾਂਜੇ ਰਹਿ ਕੇ ਮਨੁੱਖ ਦਾ ਜਗਤ ਵਿਚ ਜਨਮ (ਲੈਣਾ) ਵਿਅਰਥ ਹੋ ਜਾਂਦਾ ਹੈ। ਜੇਹੜਾ ਮਨੁੱਖ ਵਿਸ਼ਿਆਂ ਦੀ ਜ਼ਹਰ ਖਾਂਦਾ ਰਹਿੰਦਾ ਹੈ, ਵਿਸ਼ਿਆਂ ਦੀਆਂ ਹੀ ਨਿੱਤ ਗੱਲਾਂ ਕਰਦਾ ਰਹਿੰਦਾ ਹੈ ਤੇ ਪ੍ਰਭੂ-ਸਿਮਰਨ ਤੋਂ ਖਾਲੀ ਰਹਿੰਦਾ ਹੈ, ਉਸ ਦੀ ਜ਼ਿੰਦਗੀ ਵਿਅਰਥ ਰਹਿੰਦੀ ਹੈ ਉਹ ਆਤਮਕ ਮੌਤੇ ਮਰ ਜਾਂਦਾ ਹੈ ਅਤੇ ਸਦਾ ਭਟਕਦਾ ਰਹਿੰਦਾ ਹੈ। ੧। ਰਹਾਉ।

(ਵਿਕਾਰਾਂ ਤੋਂ ਅਤੇ ਵਿਕਾਰਾਂ ਤੋਂ ਪੈਦਾ ਹੋਏ ਦੁੱਖਾਂ ਤੋਂ) ਖਲਾਸੀ ਕੋਈ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਬਿਨਾ ਨਹੀਂ ਪ੍ਰਾਪਤ ਕਰ ਸਕਦਾ, ਇਹ ਖਲਾਸੀ ਗੁਰੂ ਦੀ ਸਰਨ ਪੈ ਕੇ ਪ੍ਰਭੂ-ਨਾਮ ਵਿਚ ਜੁੜਿਆਂ ਹੀ ਮਿਲਦੀ ਹੈ। (ਜੇ ਮਨੁੱਖ ਪ੍ਰਭੂ ਦਾ ਸਿਮਰਨ ਨਹੀਂ ਕਰਦਾ ਤਾਂ) ਜੱਗ ਹਵਨ ਪੁੰਨ-ਦਾਨ, ਤਪ ਪੂਜਾ ਆਦਿਕ ਕਰਮ ਕੀਤਿਆਂ ਸਰੀਰ (ਫਿਰ ਭੀ) ਦੁਖੀ ਹੀ ਰਹਿੰਦਾ ਹੈ ਦੁੱਖ ਹੀ ਸਹਾਰਦਾ ਹੈ।੧।

(ਪੰਡਿਤ ਸੰਸਕ੍ਰਿਤ) ਪੁਸਤਕਾਂ ਦੇ ਪਾਠ ਤੇ ਵਿਆਕਰਨ ਆਦਿਕ (ਆਪਣੇ ਵਿਦਿਆਰਥੀਆਂ ਆਦਿਕਾਂ ਨੂੰ)ਸਮਝਾਂਦਾ ਹੈ, ਤਿੰਨ ਵੇਲੇ (ਹਰ ਰੋਜ਼) ਸੰਧਿਆ-ਕਰਮ ਭੀ ਕਰਦਾ ਹੈ, ਪਰ, ਹੇ ਪ੍ਰਾਣੀ ! ਗੁਰੂ ਦੇ ਸ਼ਬਦ ਤੋਂ ਬਿਨਾ ਉਸ ਨੂੰ (ਵਿਸ਼ਿਆਂ ਦੇ ਜ਼ਹਰ ਤੋਂ) ਖਲਾਸੀ ਬਿਲਕੁਲ ਨਹੀਂ ਮਿਲ ਸਕਦੀ। ਪਰਮਾਤਮਾ ਦੇ ਨਾਮ ਤੋਂ ਵਾਂਜਿਆ ਉਹ ਵਿਕਾਰਾਂ ਵਿਚ ਫਸਿਆ ਰਹਿ ਕੇ ਆਤਮਕ ਮੌਤ ਸਹੇੜ ਲੈਂਦਾ ਹੈ। ੨।

(ਜੋਗੀ ਹੱਥ ਵਿਚ) ਡੰਡਾ ਤੇ ਖੱਪਰ ਫੜ ਲੈਂਦਾ ਹੈ, ਬ੍ਰਾਹਮਣ ਬੋਦੀ ਰੱਖਦਾ ਹੈ,

ਜਨੇਊ ਤੇ ਧੋਤੀ ਪਹਿਨਦਾ ਹੈ, (ਜੋਗੀ) ਤੀਰਥ-ਜਾਤ੍ਰਾ ਤੇ ਧਰਤੀ-ਭ੍ਰਮਨ ਕਰਦਾ ਹੈ। (ਪਰ ਇਹਨੀਂ ਕੰਮੀਂ) ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ (ਮਨ ਨੂੰ) ਸ਼ਾਂਤੀ ਨਹੀਂ ਆ ਸਕਦੀ। ਜੋ ਮਨੁੱਖ ਹਰੀ ਦਾ ਨਾਮ ਸਦਾ ਸਿਮਰਦਾ ਹੈ, ਉਹ (ਵਿਸ਼ੇ ਵਿਕਾਰਾਂ ਦੇ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ। ੩।

ਜਟਾਂ ਦਾ ਜੂੜਾ ਕਰ ਲਿਆ, ਪਿੰਡੇ ਤੇ ਸੁਆਹ ਮਲ ਲਈ, ਸਰੀਰ ਉਤੋਂ ਕੱਪੜੇ ਉਤਾਰ ਕੇ ਨੰਗਾ ਰਹਿਣ ਲੱਗ ਪਿਆ, ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੱਝੇ ਹੋਏ ਲਈ (ਇਹ ਸਾਰਾ ਅਡੰਬਰ) ਨਿਰਾ ਬਾਹਰਲਾ ਧਾਰਮਿਕ ਲਿਬਾਸ ਹੀ ਹੈ। ਪ੍ਰਭੂ ਦਾ ਨਾਮ ਜਪਣ ਤੋਂ ਬਿਨਾ ਮਾਇਆ ਦੀ ਤ੍ਰਿਸ਼ਨਾ ਵਲੋਂ ਮਨ ਰੱਜਦਾ ਨਹੀਂ। ੪।

(ਪਰ ਹੇ ਪ੍ਰਭੂ! ਜੀਵਾਂ ਦੇ ਕੁਝ ਵੱਸ ਨਹੀਂ ਹੈ) ਪਾਣੀ ਵਿਚ ਧਰਤੀ ਵਿਚ ਆਕਾਸ਼ ਵਿਚ ਜਿਤਨੇ ਭੀ ਜੀਵ ਵੱਸਦੇ ਹਨ ਸਭਨਾਂ ਵਿਚ ਤੂੰ ਆਪ ਹੀ ਹਰ ਥਾਂ ਮੌਜੂਦ ਹੈਂ।

ਹੇ ਨਾਨਕ! ਜਿਸ ਜੀਵ ਨੂੰ ਪ੍ਰਭੂ ਗੁਰੂ ਦੀ ਕਿਰਪਾ ਦੀ ਰਾਹੀਂ (ਵਿਸ਼ੇ ਵਿਕਾਰਾਂ ਤੋਂ) ਬਚਾਂਦਾ ਹੈ ਉਹ ਪਰਮਾਤਮਾ ਦੇ ਨਾਮ ਦਾ ਰਸ ਬੜੇ ਸੁਆਦ ਨਾਲ ਪੀਂਦਾ ਹੈ। ੫। ੭। ੮।

ਰਾਗ ਭੈਰਉ ਮਹਲਾ ੩ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਜਾਤਿ ਕਾ ਗਰਬੁ ਨ ਕਰੀਅਹੁ ਕੋਈ ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ ॥ ੧ ॥ ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ ੧ ॥ ਰਹਾਉ ॥ ਚਾਰੇ ਵਰਨ ਆਖੈ ਸਭੁ ਕੋਈ ॥ ਬ੍ਰਹਮੁ ਬਿੰਦ ਤੇ ਸਭ ਓਪਤਿ ਹੋਈ ॥ ੨ ॥ ਮਾਟੀ ਏਕ ਸਗਲ ਸੰਸਾਰਾ ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ ॥ ੩ ॥ ਪੰਚ ਤਤੁ ਮਿਲਿ ਦੇਹੀ ਕਾ ਆਕਾਰਾ ॥ ਘਟਿ ਵਧਿ ਕੋ ਕਰੈ ਬੀਚਾਰਾ ॥ ੪ ॥ ਕਹਤੁ ਨਾਨਕ ਇਹੁ ਜੀਉ ਕਰਮ ਬੰਧੁ ਹੋਈ ॥ ਬਿਨੁ ਸਤਿਗੁਰ ਭੇਟੇ ਮੁਕਤਿ ਨ ਹੋਈ ॥੫॥੧॥

ਪਦ ਅਰਥ :—ਗਰਬੁ—ਅਹੰਕਾਰ। ਬ੍ਰਹਮੁ—ਪਰਮਾਤਮਾ। ਬਿੰਦੇ—(ਜੋ) ਜਾਣਦਾ ਹੈ, ਸਾਂਝ ਪਾ ਲੈਂਦਾ ਹੈ। ੧।

ਮੂਰਖ—ਹੇ ਮੂਰਖ! ਤੇ—ਤੋਂ [ਲਫ਼ਜ਼ 'ਗਰਬੁ' ਅਤੇ 'ਗਰਬ' ਦਾ ਵਿਆਕਰਨਿਕ ਫ਼ਰਕ ਵੇਖਣਾ]। ਵਿਕਾਰਾ—ਭੈੜ। ੧। ਰਹਾਉ।

ਚਾਰੇ—ਚਾਰ ਹੀ। ਵਰਨ—ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ। ਸਭੁ ਕੋਈ—ਹਰੇਕ

ਮਨੁੱਖ । ਤੇ–ਤੋਂ । ਬਿੰਦ–ਵੀਰਜ, ਅਸਲਾ । ਬ੍ਰਹਮੁ ਬਿੰਦ ਤੇ–ਪਰਮਾਤਮਾ ਦੀ ਜੋਤਿ-ਰੂਪ ਅਸਲੇ ਤੋਂ । ਸਭ–ਸਾਰੀ । ਓਪਤਿ–ਉਤਪੱਤੀ । ੨ ।

ਸਗਲ–ਸਾਰਾ । ਬਹੁ ਬਿਧਿ–ਕਈ ਕਿਸਮਾਂ ਦੇ । ਘੜੈ–ਘੜਦਾ ਹੈ । ੩ ।

ਮਿਲਿ–ਮਿਲ ਕੇ । ਦੇਹੀ–ਸਰੀਰ । ਆਕਾਰਾ–ਸ਼ਕਲ । ਕੋ ਕਰੈ–ਕੌਣ ਕਰ ਸਕਦਾ ਹੈ ? ਘਟਿ–ਥੋੜ੍ਹੇ । ਵਧਿ–ਵਧੀਕ, ਬਹੁਤੇ । ੪ ।

ਕਹਤੁ–ਆਖਦਾ ਹੈ । ਜੀਉ–ਜੀਵ । ਕਰਮ ਬੰਧੁ–ਆਪਣੇ ਕੀਤੇ ਕਰਮਾਂ ਦਾ ਬੱਧਾ ਹੋਇਆ । ਭੇਟੇ–ਮਿਲਿਆਂ । ਮੁਕਤਿ–(ਕਰਮਾਂ ਦੇ ਬੰਧਨਾਂ ਤੋਂ) ਖ਼ਲਾਸੀ । ੫ ।

ਅਰਥ :–ਹੇ ਮੂਰਖ ! ਹੇ ਗੰਵਾਰ ! (ਉੱਚੀ) ਜਾਤਿ ਦਾ ਮਾਣ ਨਾਹ ਕਰ। ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿਚ) ਕਈ ਵਿਗਾੜ ਚੱਲ ਪੈਂਦੇ ਹਨ ।੧। ਰਹਾਉ ।

ਹੇ ਭਾਈ ! ਕੋਈ ਭੀ ਧਿਰ (ਉੱਚੀ) ਜਾਤਿ ਦਾ ਮਾਣ ਨਾਹ ਕਰਿਓ । ('ਜਾਤਿ' ਦੇ ਆਸਰੇ ਬ੍ਰਾਹਮਣ ਨਹੀਂ ਬਣੀਦਾ)ਉਹ ਮਨੁੱਖ ਬ੍ਰਾਹਮਣ ਬਣ ਜਾਂਦਾ ਹੈ ਜਿਹੜਾ ਬ੍ਰਹਮ (ਪਰਮਾਤਮਾ) ਨਾਲ ਡੂੰਘੀ ਸਾਂਝ ਪਾ ਲੈਂਦਾ ਹੈ ।੧।

ਹੇ ਭਾਈ ! ਹਰੇਕ ਮਨੁੱਖ ਇਹੀ ਆਖਦਾ ਹੈ ਕਿ (ਬ੍ਰਾਹਮਣ, ਖੱਤ੍ਰੀ, ਵੈਸ਼, ਸ਼ੂਦਰ, ਇਹ) ਚਾਰ ਹੀ (ਵਖ ਵਖ) ਵਰਨ ਹਨ । (ਪਰ ਇਹ ਲੋਕ ਇਹ ਨਹੀਂ ਸਮਝਦੇ ਕਿ) ਪਰਮਾਤਮਾ ਦੀ ਜੋਤਿ-ਰੂਪ ਅਸਲੇ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੁੰਦੀ ਹੈ ।੨।

ਹੇ ਭਾਈ ! (ਜਿਵੇਂ ਕੋਈ) ਘੁਮਿਆਰ ਇਕੋ ਮਿੱਟੀ ਤੋਂ ਕਈ ਕਿਸਮਾਂ ਦੇ ਭਾਂਡੇ ਘੜ ਲੈਂਦਾ ਹੈ, (ਤਿਵੇਂ) ਇਹ ਸਾਰਾ ਸੰਸਾਰ ਹੈ (ਪਰਮਾਤਮਾ ਨੇ ਆਪਣੀ ਹੀ ਜੋਤਿ ਤੋਂ ਬਣਾਇਆ ਹੋਇਆ) ।੩।

ਹੇ ਭਾਈ ! ਪੰਜ ਤੱਤ ਮਿਲ ਕੇ ਸਰੀਰ ਦੀ ਸ਼ਕਲ ਬਣਦੀ ਹੈ । ਕੋਈ ਇਹ ਨਹੀਂ ਆਖ ਸਕਦਾ ਕਿ ਕਿਸੇ (ਵਰਨ ਵਾਲੇ) ਵਿਚ ਬਹੁਤੇ ਤੱਤ ਹਨ, ਤੇ, ਕਿਸੇ (ਵਰਨ ਵਾਲੇ) ਵਿਚ ਥੋੜ੍ਹੇ ਤੱਤ ਹਨ ।੪।

ਨਾਨਕ ਆਖਦਾ ਹੈ–(ਭਾਵੇਂ ਕੋਈ ਬ੍ਰਾਹਮਣ ਹੈ, ਭਾਵੇਂ ਕੋਈ ਸ਼ੂਦਰ ਹੈ) ਹਰੇਕ ਜੀਵ ਆਪੋ ਆਪਣੇ ਕੀਤੇ ਕਰਮਾਂ (ਦੇ ਸੰਸਕਾਰਾਂ) ਦਾ ਬੱਝਾ ਹੋਇਆ ਹੈ । ਗੁਰੂ ਨੂੰ ਮਿਲਣ ਤੋਂ ਬਿਨਾ (ਕੀਤੇ ਕਰਮਾਂ ਦੇ ਸੰਸਕਾਰਾਂ ਦੇ ਬੰਧਨਾਂ ਤੋਂ) ਖ਼ਲਾਸੀ ਨਹੀਂ ਹੁੰਦੀ ।੫।੧।

ਭੈਰਉ ਮਹਲਾ ੩ ।। ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥ ਏ ਸੂਤੇ ਅਪਣੈ ਅਹੰਕਾਰੀ ॥ ੧ ॥ ਮਾਇਆ ਮਦਿ ਮਾਤਾ ਰਹਿਆ ਸੋਇ ।। ਜਾਗਤੁ

ਰਹੈ ਨ ਮੂਸੈ ਕੋਇ ॥ ੧ ॥ ਰਹਾਉ ॥ ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥ ਪੰਚ ਦੂਤ ਓਹੁ ਵਸਗਤਿ ਕਰੈ ॥ ੨ ॥ ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥ ੩ ॥ ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥ ੪ ॥ ਚਹੁ ਵਰਨਾ ਵਿਚਿ ਜਾਗੈ ਕੋਇ ॥ ਜਮੈ ਕਾਲੈ ਤੇ ਛੂਟੈ ਸੋਇ ॥ ੫ ॥ ਕਹਤ ਨਾਨਕ ਜਨੁ ਜਾਗੈ ਸੋਇ ॥ ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥ ੬ ॥ ੨ ॥

ਪਦ ਅਰਥ :–ਗ੍ਰਿਹੀ–ਗ੍ਰਿਹਸਤੀ। ਪੰਡਿਤ–[ਬਹੁ ਵਚਨ]। ਭੇਖਧਾਰੀ–ਛੇ ਭੇਖਾਂ ਦੇ ਸਾਧੂ। ਏ–[ਬਹੁ ਵਚਨ] ਇਹ ਸਾਰੇ। ਸੂਤੇ–ਸੁੱਤੇ ਹੋਏ ਹਨ। ਅਪਣੈ ਅਹੰਕਾਰੀ–ਅਪਣੈ ਅਹੰਕਾਰਿ, ਆਪੋ ਆਪਣੇ ਅਹੰਕਾਰ ਵਿਚ। ੧।

ਮਦਿ–ਨਸ਼ੇ ਵਿਚ। ਮਾਤਾ–ਮਸਤ। ਰਹਿਆ ਸੋਇ–ਸੌਂ ਰਿਹਾ ਹੈ। ਜਾਗਤੁ ਰਹੈ –ਜਿਹੜਾ ਸੁਚੇਤ ਰਹਿੰਦਾ ਹੈ। ਮੂਸੈ–ਠੱਗਦਾ। ੧। ਰਹਾਉ।

ਜਿਸੁ–ਜਿਸ ਨੂੰ। ਦੂਤ–ਵੈਰੀ। ਓਹੁ–ਉਹ ਮਨੁੱਖ। ਵਸਗਤਿ–ਵੱਸ ਵਿਚ। ੨।

ਤਤੁ–ਜਗਤ ਦਾ ਅਸਲਾ, ਪਰਮਾਤਮਾ। ਬੀਚਾਰੈ–ਮਨ ਵਿਚ ਵਸਾਂਦਾ ਹੈ। ਮਰੈ–(ਵਿਕਾਰਾਂ ਵਲੋਂ) ਮਰਦਾ ਹੈ। ਅਵਰਾ–ਅਵਰਾਂ, ਹੋਰਨਾਂ ਨੂੰ। ੩।

ਏਕੋ–ਸਿਰਫ਼ ਪਰਮਾਤਮਾ ਨੂੰ। ਜਾਣੈ–ਡੂੰਘੀ ਸਾਂਝ ਪਾਂਦਾ ਹੈ। ਪਰਕਿਰਤਿ–[ਪ੍ਰਕ੍ਰਿਤਿ–ਮਾਇਆ] ਮਾਇਆ (ਦਾ ਮੋਹ)। ੪।

ਕੋਇ–ਕੋਈ ਵਿਰਲਾ। ਜਮੈ ਤੇ–ਜਮ ਤੋਂ। ਕਾਲੈ ਤੇ–ਕਾਲ ਤੋਂ। ਜਮੈ ਕਾਲੈ ਤੇ–ਜਨਮ ਮਰਨ ਦੇ ਗੇੜ ਤੋਂ, ਆਤਮਕ ਮੌਤ ਤੋਂ। ਛੂਟੈ–ਬਚ ਜਾਂਦਾ ਹੈ। ੫।

ਜਨੁ ਸੋਇ–ਉਹੀ ਮਨੁੱਖ। ਜਾ ਕੀ ਨੇਤ੍ਰੀ–ਜਿਸ ਦੀਆਂ ਅੱਖਾਂ ਵਿਚ। ਗਿਆਨ–ਆਤਮਕ ਜੀਵਨ ਦੀ ਸੂਝ। ਅੰਜਨੁ–ਸੁਰਮਾ। ੬।

ਅਰਥ :–ਹੇ ਭਾਈ! ਜੀਵ ਮਾਇਆ ਦੇ (ਮੋਹ ਦੇ) ਨਸ਼ੇ ਵਿਚ ਮਸਤ ਹੋ ਕੇ ਪ੍ਰਭੂ ਦੀ ਯਾਦ ਵਲੋਂ ਗ਼ਾਫ਼ਿਲ ਹੋਇਆ ਰਹਿੰਦਾ ਹੈ (ਤੇ, ਇਸ ਦੇ ਆਤਮਕ ਜੀਵਨ ਦੀ ਰਾਸ-ਪੂੰਜੀ ਨੂੰ ਕਾਮਾਦਿਕ ਲੁੱਟਦੇ ਰਹਿੰਦੇ ਹਨ)। ਪਰ ਜਿਹੜਾ ਮਨੁੱਖ (ਪ੍ਰਭੂ ਦੀ ਯਾਦ ਦੀ ਬਰਕਤਿ ਨਾਲ) ਸੁਚੇਤ ਰਹਿੰਦਾ ਹੈ, ਉਸ ਨੂੰ ਕੋਈ ਵਿਕਾਰ ਲੁੱਟ ਨਹੀਂ ਸਕਦਾ। ੧। ਰਹਾਉ।

ਹੇ ਭਾਈ! ਜੋਗੀ, ਗ੍ਰਿਹਸਤੀ, ਪੰਡਿਤ, ਭੇਖਾਂ ਦੇ ਸਾਧੂ–ਇਹ ਸਾਰੇ ਆਪੋ ਆਪਣੇ (ਕਿਸੇ) ਅਹੰਕਾਰ ਵਿਚ (ਪੈ ਕੇ ਪ੍ਰਭੂ ਦੀ ਯਾਦ ਵਲੋਂ) ਗ਼ਾਫ਼ਿਲ ਹੋਏ ਰਹਿੰਦੇ

ਹਨ । ੧ ।

ਹੇ ਭਾਈ ! ਸਿਰਫ਼ ਉਹ ਮਨੁੱਖ ਸੁਚੇਤ ਰਹਿੰਦਾ ਹੈ ਜਿਸ ਨੂੰ ਗੁਰੂ ਮਿਲ ਪੈਂਦਾ ਹੈ । ਉਹ ਮਨੁੱਖ (ਸਿਮਰਨ ਦੀ ਬਰਕਤਿ ਨਾਲ) ਕਾਮਾਦਿਕ ਪੰਜੇ ਵੈਰੀਆਂ ਨੂੰ ਆਪਣੇ ਵੱਸ ਵਿਚ ਕਰੀ ਰੱਖਦਾ ਹੈ । ੨ ।

ਹੇ ਭਾਈ ! ਸਿਰਫ਼ ਉਹ ਮਨੁੱਖ ਸੁਚੇਤ ਰਹਿੰਦਾ ਹੈ, ਜੋ ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਂਦਾ ਹੈ । ਉਹ ਮਨੁੱਖ (ਵਿਕਾਰਾਂ ਵਲੋਂ)ਆਪਣੇ ਆਪ ਨੂੰ ਬਚਾਈ ਰੱਖਦਾ ਹੈ, ਉਹ ਮਨੁੱਖ ਹੋਰਨਾਂ ਉਤੇ ਧੱਕਾ-ਵਧੀਕੀ ਨਹੀਂ ਕਰਦਾ । ੩ ।

ਹੇ ਭਾਈ ! ਸਿਰਫ਼ ਉਹ ਮਨੁੱਖ (ਮਾਇਆ ਦੇ ਮੋਹ ਦੀ ਨੀਂਦ ਵਲੋਂ) ਸੁਚੇਤ ਰਹਿੰਦਾ ਹੈ ਜਿਹੜਾ ਸਿਰਫ਼ ਪਰਮਾਤਮਾ ਨਾਲ ਡੂੰਘੀ ਸਾਂਝ ਪਾਂਦਾ ਹੈ, ਜਿਹੜਾ ਮਾਇਆ (ਦੇ ਮੋਹ) ਨੂੰ ਤਿਆਗਦਾ ਹੈ, ਅਤੇ ਆਪਣੇ ਅਸਲੇ-ਪ੍ਰਭੂ ਨਾਲ ਜਾਣ-ਪਛਾਣ ਬਣਾਂਦਾ ਹੈ । ੪ ।

ਹੇ ਭਾਈ ! (ਕੋਈ ਬ੍ਰਾਹਮਣ ਹੋਵੇ ਖੱਤ੍ਰੀ ਹੋਵੇ ਵੈਸ਼ ਹੋਵੇ ਸ਼ੂਦਰ ਹੋਵੇ) ਚੌਹਾਂ ਵਰਨਾਂ ਵਿਚੋਂ ਕੋਈ ਵਿਰਲਾ (ਮਾਇਆ ਦੇ ਮੋਹ ਦੀ ਨੀਂਦ ਤੋਂ) ਸੁਚੇਤ ਰਹਿੰਦਾ ਹੈ (ਕਿਸੇ ਖ਼ਾਸ ਵਰਨ ਦਾ ਕੋਈ ਲਿਹਾਜ਼ ਨਹੀਂ) । (ਜਿਹੜਾ ਜਾਗਦਾ ਹੈ, ਉਹ) ਆਤਮਕ ਮੌਤ ਤੋਂ ਬਚਿਆ ਰਹਿੰਦਾ ਹੈ । ੫ ।

ਨਾਨਕ ਆਖਦਾ ਹੈ–ਉਹ ਮਨੁੱਖ ਮਾਇਆ ਦੇ ਮੋਹ ਦੀ ਨੀਂਦ ਤੋਂ ਜਾਗਦਾ ਹੈ ਜਿਸ ਦੀਆਂ ਅੱਖਾਂ ਵਿਚ ਆਤਮਕ ਜੀਵਨ ਦੀ ਸੂਝ ਦਾ ਸੁਰਮਾ ਪਿਆ ਹੁੰਦਾ ਹੈ । ੬ । ੨ ।

ਭੈਰਉ ਮਹਲਾ ੩ ॥ ਜਾ ਕਉ ਰਾਖੈ ਅਪਣੀ ਸਰਣਾਈ ॥ ਸਾਚੇ ਲਾਗੈ ਸਾਚਾ ਫਲੁ ਪਾਈ ॥੧॥ ਰੇ ਜਨ ਕੈ ਸਿਉ ਕਰਹੁ ਪੁਕਾਰਾ ॥ ਹੁਕਮੇ ਹੋਆ ਹੁਕਮੇ ਵਰਤਾਰਾ ॥ ੧ ॥ ਰਹਾਉ ॥ ਏਹੁ ਆਕਾਰੁ ਤੇਰਾ ਹੈ ਧਾਰਾ॥ ਖਿਨ ਮਹਿ ਬਿਨਸੈ ਕਰਤ ਨ ਲਾਗੈ ਬਾਰਾ ॥ ੨ ॥ ਕਰਿ ਪ੍ਰਸਾਦੁ ਇਕੁ ਖੇਲੁ ਦਿਖਾਇਆ ॥ ਗੁਰ ਕਿਰਪਾ ਤੇ ਪਰਮ ਪਦੁ ਪਾਇਆ ॥ ੩ ॥ ਕਹਤੁ ਨਾਨਕੁ ਮਾਰਿ ਜੀਵਾਲੇ ਸੋਇ ॥ ਐਸਾ ਬੂਝਹੁ ਭਰਮਿ ਨ ਭੂਲਹੁ ਕੋਇ ॥੪॥੩॥

ਪਦ ਅਰਥ :–ਜਾ ਕਉ–ਜਿਸ (ਮਨੁੱਖ) ਨੂੰ । ਸਾਚੇ–ਸਾਚਿ ਹੀ, ਸਦਾ-ਥਿਰ ਹਰਿ-ਨਾਮ ਵਿਚ । ਸਾਚਾ ਫਲੁ–ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ ਫਲ । ਪਾਈ –ਹਾਸਲ ਕਰਦਾ ਹੈ । ੧ ।

ਰੇ ਜਨ–ਹੇ ਭਾਈ ! ਕੈ ਸਿਉ–(ਪਰਮਾਤਮਾ ਨੂੰ ਛੱਡ ਕੇ ਹੋਰ) ਕਿਸ ਅੱਗੇ ? ਕਰਹੁ

—ਤੁਸੀ ਕਰਦੇ ਹੋ। ਹੁਕਮੇ—ਹੁਕਮ ਵਿਚ ਹੀ। ਹੋਆ—(ਜਗਤ) ਬਣਿਆ। ਵਰਤਾਰਾ—ਹਰੇਕ ਕਾਰ-ਵਿਹਾਰ। ੧। ਰਹਾਉ।

ਆਕਾਰੁ—ਜਗਤ। ਧਾਰਾ—ਟਿਕਾਇਆ ਹੋਇਆ। ਬਿਨਸੈ—ਨਾਸ ਹੋ ਜਾਂਦਾ ਹੈ। ਕਰਤ—ਪੈਦਾ ਕਰਦਿਆਂ। ਬਾਰਾ—ਬਾਰ, ਦੇਰ, ਚਿਰ। ੨।

ਕਰਿ—ਕਰ ਕੇ। ਪ੍ਰਸਾਦੁ—ਕਿਰਪਾ। ਤੇ—ਤੋਂ, ਦੀ ਰਾਹੀਂ। ਪਰਮ ਪਦੁ—ਸਭ ਤੋਂ ਉੱਚਾ ਆਤਮਕ ਦਰਜਾ। ੩।

ਮਾਰਿ ਜੀਵਾਲੇ—ਮਾਰੇ ਜੀਵਾਲੇ, ਮਾਰਦਾ ਹੈ ਜਿਵਾਲਦਾ ਹੈ। ਸੋਇ—ਉਹ (ਆਪ) ਹੀ। ਭਰਮਿ—ਭਟਕਣਾ ਵਿਚ (ਪੈ ਕੇ)। ਨ ਭੂਲਹੁ—ਕੁਰਾਹੇ ਨਾਹ ਪਵੋ। ੪।

ਅਰਥ :—ਹੇ ਭਾਈ! (ਕੋਈ ਔਕੜ ਆਉਣ ਤੇ ਤੁਸੀ ਪਰਮਾਤਮਾ ਨੂੰ ਛੱਡ ਕੇ) ਕਿਸੇ ਹੋਰ ਅੱਗੇ ਤਰਲੇ ਨਾਹ ਕਰਦੇ ਫਿਰੋ। ਪਰਮਾਤਮਾ ਦੇ ਹੁਕਮ ਵਿਚ ਹੀ ਇਹ ਜਗਤ ਬਣਿਆ ਹੈ, ਉਸ ਦੇ ਹੁਕਮ ਵਿਚ ਹੀ ਹਰੇਕ ਘਟਨਾ ਵਾਪਰ ਰਹੀ ਹੈ। ੧। ਰਹਾਉ।

ਹੇ ਭਾਈ! ਪਰਮਾਤਮਾ ਜਿਸ ਮਨੁੱਖ ਨੂੰ ਆਪਣੇ ਚਰਨਾਂ ਵਿਚ ਜੋੜੀ ਰੱਖਦਾ ਹੈ, ਉਹ ਮਨੁੱਖ ਸਦਾ-ਥਿਰ ਹਰਿ-ਨਾਮ ਵਿਚ ਜੁੜਿਆ ਰਹਿੰਦਾ ਹੈ, ਉਹ ਮਨੁੱਖ ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ ਹਾਸਲ ਕਰਦਾ ਹੈ। ੧।

ਹੇ ਪ੍ਰਭੂ! ਇਹ ਸਾਰਾ ਜਗਤ ਤੇਰੇ ਹੀ ਆਸਰੇ ਹੈ। (ਜਦੋਂ ਤੂੰ ਚਾਹੇਂ) ਇਹ ਇਕ ਛਿਨ ਵਿਚ ਨਾਸ ਹੋ ਜਾਂਦਾ ਹੈ, ਇਸ ਨੂੰ ਪੈਦਾ ਕਰਦਿਆਂ ਭੀ (ਤੈਨੂੰ) ਚਿਰ ਨਹੀਂ ਲੱਗਦਾ। ੨।

ਹੇ ਭਾਈ! (ਪਰਮਾਤਮਾ ਨੇ) ਮਿਹਰ ਕਰ ਕੇ (ਜਿਸ ਮਨੁੱਖ ਨੂੰ ਇਹ ਸੰਸਾਰ) ਇਕ ਤਮਾਸ਼ਾ ਜਿਹਾ ਹੀ ਵਿਖਾਲ ਦਿੱਤਾ ਹੈ, ਉਹ ਮਨੁੱਖ ਗੁਰੂ ਦੀ ਕਿਰਪਾ ਨਾਲ ਸਭ ਤੋਂ ਉੱਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ। ੩।

ਨਾਨਕ ਆਖਦਾ ਹੈ—(ਹੇ ਭਾਈ!) ਉਹ (ਪਰਮਾਤਮਾ) ਹੀ (ਜੀਵਾਂ ਨੂੰ) ਮਾਰਦਾ ਹੈ ਤੇ ਜਿਵਾਲਦਾ ਹੈ। ਇਸ ਤਰ੍ਹਾਂ (ਅਸਲੀਅਤ ਨੂੰ) ਸਮਝੋ, ਤੇ, ਕੋਈ ਧਿਰ ਭਟਕਣਾ ਵਿਚ ਪੈ ਕੇ ਕੁਰਾਹੇ ਨਾਹ ਪਵੋ। ੪। ੩।

ਭੈਰਉ ਮਹਲਾ ੩ ॥ ਮੈ ਕਾਮਣਿ ਮੇਰਾ ਕੰਤੁ ਕਰਤਾਰੁ ॥ ਜੇਹਾ ਕਰਾਏ ਤੇਹਾ ਕਰੀ ਸੀਗਾਰੁ ॥ ੧ ॥ ਜਾਂ ਤਿਸੁ ਭਾਵੈ ਤਾਂ ਕਰੇ ਭੋਗੁ ॥ ਤਨੁ ਮਨੁ ਸਾਚੇ ਸਾਹਿਬ ਜੋਗੁ ॥ ੧ ॥ ਰਹਾਉ ॥ ਉਸਤਤਿ ਨਿੰਦਾ ਕਰੇ ਕਿਆ ਕੋਈ ॥ ਜਾਂ ਆਪੇ ਵਰਤੈ ਏਕੋ ਸੋਈ ॥ ੨ ॥ ਗੁਰ ਪਰਸਾਦੀ ਪਿਰਮ ਕਸਾਈ ॥ ਮਿਲਉਗੀ ਦਇਆਲ ਪੰਚ ਸਬਦ ਵਜਾਈ ॥ ੩ ॥ ਭਨਤਿ ਨਾਨਕੁ ਕਰੇ

ਕਿਆ ਕੋਇ ॥ ਜਿਸ ਨੋ ਆਪਿ ਮਿਲਾਵੈ ਸੋਇ ॥੪॥੪॥

ਪਦ ਅਰਥ :–ਕਾਮਨਿ–ਇਸਤ੍ਰੀ, ਜੀਵ-ਇਸਤ੍ਰੀ । ਕੰਤੁ–ਖਸਮ । ਕਰੀ–ਕਰੀਂ, ਮੈਂ ਕਰਦੀ ਹਾਂ । ਸੀਗਾਰੁ–(ਆਤਮਕ ਜੀਵਨ ਦਾ) ਸ਼ਿੰਗਾਰ । ੧ ।

ਜਾਂ–ਜਦੋਂ । ਤਿਸੁ ਭਾਵੈ–ਉਸ (ਪ੍ਰਭੂ-ਪਤੀ) ਨੂੰ ਚੰਗਾ ਲੱਗਦਾ ਹੈ । ਤਾਂ–ਤਦੋਂ । ਕਰੇ ਭੋਗੁ–(ਮੈਨੂੰ) ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ । ਸਾਚੇ ਸਾਹਿਬ ਜੋਗੁ–ਸਦਾ ਕਾਇਮ ਰਹਿਣ ਵਾਲੇ ਮਾਲਕ ਜੋਗਾ,ਸਦਾ-ਥਿਰ ਪ੍ਰਭੂ-ਪਤੀ ਦੇ ਹਵਾਲੇ ਕਰ ਦਿੱਤਾ ਹੈ । ੧ । ਰਹਾਉ ।

ਉਸਤਤਿ–ਸੋਭਾ। ਕਰੇ ਕਿਆ ਕੋਈ–ਕਿਸੇ ਦੀ ਕੀਤੀ ਦਾ ਮੇਰੇ ਉਤੇ ਅਸਰ ਨਹੀਂ ਹੁੰਦਾ । ਆਪੇ–ਪ੍ਰਭੂ ਆਪ ਹੀ। ਵਰਤੈ–(ਉਸਤਤਿ ਕਰਨ ਵਾਲੇ ਅਤੇ ਨਿੰਦਾ ਕਰਨ ਵਾਲੇ ਵਿਚ) ਮੌਜੂਦ ਹੈ । ਸੋਈ–ਉਹ ਆਪ ਹੀ । ੨ ।

ਪਰਸਾਦੀ–ਪਰਸਾਦਿ, ਕਿਰਪਾ ਨਾਲ । ਪਿਰਮ ਕਸਾਈ–ਪਿਆਰ ਦੀ ਖਿੱਚ । ਮਿਲਉਗੀ–ਮਿਲਉਂ ਗੀ, ਮੈਂ ਮਿਲਾਂਗੀ । ਪੰਚ ਸਬਦ ਵਜਾਈ–ਪੰਚ ਸਬਦ ਵਜਾਇ, (ਜਿਵੇਂ) ਪੰਜਾਂ ਕਿਸਮਾਂ ਦੇ ਸਾਜ ਵਜਾ ਕੇ (ਬੜਾ ਵਧੀਆ ਸੰਗੀਤਕ ਰਸ ਬਣਦਾ ਹੈ, ਤਿਵੇਂ ਪੂਰਨ ਖਿੜਾਉ-ਆਨੰਦ ਨਾਲ) । ੩ ।

ਭਨਤਿ–ਆਖਦਾ ਹੈ । ਕਰੇ ਕਿਆ ਕੋਇ–ਕੋਇ ਕਿਆ ਕਰੇ ? ਕੋਈ ਕੀਹ ਵਿਗਾੜ ਸਕਦਾ ਹੈ ? ਜਿਸ ਨੋ–[ਲਫ਼ਜ਼ 'ਜਿਸੁ' ਦਾ ੂ ਸੰਬੰਧਕ 'ਨੋ' ਦੇ ਕਾਰਨ ਉੱਡ ਗਿਆ ਹੈ] । ੪ ।

ਅਰਥ :–ਹੇ ਸਖੀ ! ਮੈਂ ਆਪਣਾ ਤਨ ਆਪਣਾ ਮਨ ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਦੇ ਹਵਾਲੇ ਕਰ ਚੁਕੀ ਹਾਂ, ਜਦੋਂ ਉਸ ਦੀ ਰਜ਼ਾ ਹੁੰਦੀ ਹੈ ਮੈਨੂੰ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ । ੧ । ਰਹਾਉ ।

ਹੇ ਸਖੀ ! ਮੈਂ (ਜੀਵ-) ਇਸਤ੍ਰੀ ਹਾਂ, ਕਰਤਾਰ ਮੇਰਾ ਪਤੀ ਹੈ, ਮੈਂ ਉਹੋ ਜਿਹਾ ਹੀ ਸਿੰਗਾਰ ਕਰਦੀ ਹਾਂ ਜਿਹੋ ਜਿਹਾ ਆਪ ਕਰਾਂਦਾ ਹੈ (ਮੈਂ ਆਪਣੇ ਜੀਵਨ ਨੂੰ ਉਤਨਾ ਕੁ ਸੋਹਣਾ ਹੀ ਬਣਾ ਸਕਦੀ ਹਾਂ, ਜਿਤਨਾ ਉਹ ਬਣਵਾਂਦਾ ਹੈ) । ੧ ।

ਹੇ ਸਖੀ ! ਜਦੋਂ (ਹੁਣ ਮੈਨੂੰ ਨਿਸਚਾ ਹੋ ਗਿਆ ਕਿ) ਇਕ ਪਰਮਾਤਮਾ ਹੀ ਸਭ ਵਿਚ ਬੈਠਾ ਪ੍ਰੇਰਨਾ ਕਰ ਰਿਹਾ ਹੈ(ਉਸਤਤਿ ਕਰਨ ਵਾਲਿਆਂ ਵਿਚ ਭੀ ਉਹੀ,ਨਿੰਦਾ ਕਰਨ ਵਾਲਿਆਂ ਵਿਚ ਭੀ ਉਹੀ), ਕਿਸੇ ਦੀ ਕੀਤੀ ਉਸਤਤਿ ਜਾਂ ਨਿੰਦਾ ਦਾ ਹੁਣ ਮੇਰੇ ਉਤੇ ਕੋਈ ਅਸਰ ਨਹੀਂ ਪੈਂਦਾ । ੨ ।

ਹੇ ਸਖੀ ! ਗੁਰੂ ਦੀ ਕਿਰਪਾ ਨਾਲ (ਮੇਰੇ ਅੰਦਰ ਪ੍ਰਭੂ-ਪਤੀ ਵਾਸਤੇ) ਪਿਆਰ ਦੀ ਖਿੱਚ ਬਣ ਗਈ ਹੈ, ਹੁਣ ਮੈਂ ਉਸ ਦਇਆ ਦੇ ਸੋਮੇ ਪ੍ਰਭੂ ਨੂੰ ਪੂਰਨ ਖਿੜਾਉ-ਆਨੰਦ

ਨਾਲ ਮਿਲਦੀ ਹਾਂ ।੩।

ਨਾਨਕ ਆਖਦਾ ਹੈ—(ਹੇ ਸਖੀ!) ਜਿਸ ਜੀਵ ਨੂੰ ਉਹ ਪ੍ਰਭੂ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ, ਕੋਈ ਭੀ ਹੋਰ ਜੀਵ ਉਸ ਦਾ ਕੁਝ ਵਿਗਾੜ ਨਹੀਂ ਸਕਦਾ ।੪।੪।

ਜ਼ਰੂਰੀ ਨੋਟ—ਇਸੇ ਹੀ ਰਾਗ ਵਿਚ ਭਗਤ ਨਾਮਦੇਵ ਜੀ ਦਾ ਸ਼ਬਦ ਨੰ: ੪ ਪੜ੍ਹੋ, ਜਿਸ ਦੀ ਪਹਿਲੀ ਤੁਕ ਹੈ "ਮੈ ਬਉਰੀ ਮੇਰਾ ਰਾਮੁ ਭਤਾਰੁ"। ਭਗਤ ਨਾਮਦੇਵ ਜੀ ਦੀ ਬਾਣੀ ਦੇ ਟੀਕੇ ਵਿਚ ਇਹਨਾਂ ਦੋਹਾਂ ਸ਼ਬਦਾਂ ਦੀ ਸਾਂਝ ਬਾਰੇ ਵਿਚਾਰ ਪੜ੍ਹੋ।

ਭੈਰਉ ਮਹਲਾ ੩ ॥ ਸੋ ਮੁਨਿ ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥ ੧ ॥ ਇਸੁ ਮਨ ਕਉ ਕੋਈ ਖੋਜਹੁ ਭਾਈ ॥ ਮਨੁ ਖੋਜਤ ਨਾਮੁ ਨਉਨਿਧਿ ਪਾਈ ॥ ੧ ॥ ਰਹਾਉ ॥ ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੋੁਲਾਇਆ ॥ ੨ ॥ ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥ ੩ ॥ ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥ ੪ ॥ ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤੁ ਅਨਰਾਗੀ ॥ ੫ ॥ ਕਹਤੁ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ੬ ॥ ੫ ॥

ਪਦ ਅਰਥ:—ਮੁਨਿ—ਮੋਨ-ਧਾਰੀ ਸਾਧੂ। ਜਿ—ਜਿਹੜਾ। ਦੁਬਿਧਾ—ਦੁ-ਕਿਸਮਾ-ਪਨ, ਮੇਰ-ਤੇਰ। ਬ੍ਰਹਮੁ—ਪਰਮਾਤਮਾ। ਬੀਚਾਰੇ—ਮਨ ਵਿਚ ਵਸਾਂਦਾ ਹੈ।੧।

ਕਉ—ਨੂੰ। ਖੋਜਹੁ—ਪੜਤਾਲ ਕਰਦੇ ਰਹੋ। ਭਾਈ—ਹੇ ਭਾਈ! ਖੋਜਤ—ਪੜਤਾਲ ਕਰਦਿਆਂ। ਨਉ ਨਿਧਿ—(ਧਰਤੀ ਦੇ ਸਾਰੇ) ਨੌਂ ਖ਼ਜ਼ਾਨੇ। ਪਾਈ—ਪ੍ਰਾਪਤ ਹੋ ਜਾਂਦਾ ਹੈ। ੧। ਰਹਾਉ।

ਮੂਲੁ—ਮੁੱਢ। ਕਰਿ—ਬਣਾ ਕੇ। ਕਰਤੈ—ਕਰਤਾਰ ਨੇ। ਮਮਤਾ—[ਮਮ—ਮੇਰਾ] ਮਲਕੀਅਤ ਬਣਾਣ ਦਾ ਸੁਭਾਉ, ਅਪਣੱਤ। ਭਰਮਿ—ਭਰਮ ਵਿਚ, ਭਟਕਣਾ ਵਿਚ। ਭੋੁਲਾਇਆ—[ਅੱਖਰ 'ਭ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਭੁਲਾਇਆ'। ਇਥੇ 'ਭੋਲਾਇਆ' ਪੜ੍ਹਨਾ ਹੈ]।੨।

ਤੇ—ਤੋਂ। ਮਨ ਤੇ—ਮਨ ਤੋਂ, ਮਨ ਦੇ ਸੰਸਕਾਰਾਂ ਤੋਂ। ਪਿੰਡ ਪਰਾਣਾ—ਸ਼ਰੀਰ ਤੇ ਪ੍ਰਾਣ, ਜਨਮ ਮਰਨ ਦਾ ਗੇੜ। ਕੈ ਵੀਚਾਰਿ—ਦੇ ਵਿਚਾਰ ਦੀ ਰਾਹੀਂ। ਬੁਝਿ—ਸਮਝ ਕੇ। ਸਮਾਣਾ—(ਜਨਮ ਮਰਨ) ਮੁੱਕ ਜਾਂਦਾ ਹੈ।੩।

ਕਰਮੁ–(ਪਰਮਾਤਮਾ ਦੀ) ਮਿਹਰ। ਜਾਗੈ–ਸੁਚੇਤ ਹੋ ਜਾਂਦਾ। ਮਰੈ–ਮੁੱਕ ਜਾਂਦੀ ਹੈ। ੪।

ਸੁਭਾਉ–ਅਸਲਾ। ਬੈਰਾਗੀ–ਮਾਇਆ ਤੋਂ ਨਿਰਲੇਪ। ਅਤੀਤੁ–ਵਿਰਕਤ। ਅਨਰਾਗੀ–ਰਾਗ-ਰਹਿਤ [ਅਨ-ਰਾਗੀ] ਨਿਰਮੋਹ। ੫।

ਭੇਉ–ਭੇਤ। ਪੁਰਖੁ–ਸਰਬ-ਵਿਆਪਕ ਪ੍ਰਭੂ। ਨਿਰੰਜਨ–[ਨਿਰ-ਅੰਜਨ। ਅੰਜਨ –ਮਾਇਆ ਦੇ ਮੋਹ ਦੀ ਕਾਲਖ] ਨਿਰਲੇਪ। ਦੇਉ–ਪ੍ਰਕਾਸ਼-ਰੂਪ ਪ੍ਰਭੂ। ੬।

ਅਰਥ:–ਹੇ ਭਾਈ! ਅਪਣੇ ਇਸ ਮਨ ਨੂੰ ਖੋਜਦੇ ਰਿਹਾ ਕਰੋ। ਮਨ (ਦੀ ਦੌੜ-ਭੱਜ) ਦੀ ਪੜਤਾਲ ਕਰਦਿਆਂ ਪਰਮਾਤਮਾ ਦਾ ਨਾਮ ਮਿਲ ਜਾਂਦਾ ਹੈ, ਇਹ ਨਾਮ ਹੀ (ਮਾਨੋ) ਧਰਤੀ ਦੇ ਸਾਰੇ ਨੌ ਖ਼ਜ਼ਾਨੇ ਹੈ। ੧। ਰਹਾਉ।

ਹੇ ਭਾਈ! ਅਸਲ ਮੋਨ-ਧਾਰੀ ਸਾਧੂ ਉਹ ਹੈ ਜਿਹੜਾ (ਆਪਣੇ) ਮਨ ਦੀ ਮੇਰ-ਤੇਰ ਮੁਕਾ ਦੇਂਦਾ ਹੈ, ਅਤੇ ਮੇਰ-ਤੇਰ ਮੁਕਾ ਕੇ (ਉਸ ਮੇਰ-ਤੇਰ ਦੇ ਥਾਂ) ਪਰਮਾਤਮਾ ਨੂੰ (ਆਪਣੇ) ਮਨ ਵਿਚ ਵਸਾਂਦਾ ਹੈ। ੧।

ਹੇ ਭਾਈ! (ਜਗਤ-ਰਚਨਾ ਦੇ) ਮੁੱਢ ਮੋਹ ਨੂੰ ਬਣਾ ਕੇ ਕਰਤਾਰ ਨੇ ਜਗਤ ਪੈਦਾ ਕੀਤਾ। ਜੀਵਾਂ ਨੂੰ ਅਪਣੱਤ ਚੰਬੋੜ ਕੇ (ਮਾਇਆ ਦੀ ਖ਼ਾਤਰ) ਭਟਕਣਾ ਵਿਚ ਪਾ ਕੇ (ਉਸ ਨੇ ਆਪ ਹੀ) ਕੁਰਾਹੇ ਪਾ ਦਿੱਤਾ। ੨।

ਹੇ ਭਾਈ! ਇਸ ਮਨ (ਦੇ ਮੇਰ-ਤੇਰ ਅਪਣੱਤ ਆਦਿਕ ਦੇ ਸੰਸਕਾਰਾਂ) ਤੋਂ ਹੀ ਸਾਰਾ ਜਨਮ ਮਰਨ ਦਾ ਸਿਲਸਿਲਾ ਬਣਦਾ ਹੈ। ਮਨ ਦੇ (ਸੁਚੱਜੇ) ਵੀਚਾਰ ਦੀ ਰਾਹੀਂ ਪਰਮਾਤਮਾ ਦੀ ਰਜ਼ਾ ਨੂੰ ਸਮਝ ਕੇ ਜੀਵ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ੩।

ਹੇ ਭਾਈ! ਜਦੋਂ ਪਰਮਾਤਮਾ ਦੀ ਮਿਹਰ ਹੁੰਦੀ ਹੈ, ਗੁਰੂ (ਜੀਵ ਉੱਤੇ) ਕਿਰਪਾ ਕਰਦਾ ਹੈ, (ਜੀਵ ਦਾ) ਇਹ ਮਨ (ਮਾਇਆ ਦੇ ਮੋਹ ਦੀ ਨੀਂਦ ਵਿਚੋਂ) ਜਾਗ ਪੈਂਦਾ ਹੈ, ਇਸ ਮਨ ਦੀ ਮੇਰ-ਤੇਰ ਮੁੱਕ ਜਾਂਦੀ ਹੈ। ੪।

ਹੇ ਭਾਈ! (ਜੀਵ ਦੇ) ਮਨ ਦਾ ਅਸਲਾ ਉਹ ਪ੍ਰਭੂ ਹੈ ਜੋ ਮਾਇਆ ਤੋਂ ਸਦਾ ਨਿਰਲੇਪ ਰਹਿੰਦਾ ਹੈ। ਜੋ ਸਭ ਵਿਚ ਵੱਸਦਾ ਹੈ ਜੋ ਵਿਰਕਤ ਹੈ ਜੋ ਨਿਰਮੋਹ ਹੈ। ੫।

ਨਾਨਕ ਆਖਦਾ ਹੈ–ਜਿਹੜਾ ਮਨੁੱਖ (ਆਪਣੇ ਇਸ ਅਸਲੇ ਬਾਰੇ) ਇਹ ਭੇਤ ਸਮਝ ਲੈਂਦਾ ਹੈ ਉਹ (ਪਰਮਾਤਮਾ ਦੀ ਯਾਦ ਵਿਚ ਜੁੜ ਕੇ ਪਰਮਾਤਮਾ ਦੇ ਨਾਮ ਦੀ ਬਰਕਤਿ ਨਾਲ ਆਪਣੇ ਅੰਦਰੋਂ ਮਮਤਾ ਦੁਬਿਧਾ ਆਦਿਕ ਨੂੰ ਮੁਕਾ ਕੇ) ਉਸ ਪਰਮਾਤਮਾ ਦਾ ਰੂਪ ਬਣ ਜਾਂਦਾ ਹੈ ਜੋ ਸਭ ਦਾ ਮੁੱਢ ਹੈ ਜੋ ਸਭ ਵਿਚ ਵਿਆਪਕ ਹੈ ਅਤੇ ਜੋ ਮਾਇਆ ਦੇ ਮੋਹ ਤੋਂ ਨਿਰਲੇਪ ਚਾਨਣ-ਰੂਪ ਹੈ। ੬। ੫।

ਭੈਰਉ ਮਹਲਾ ੩ ॥ ਰਾਮ ਨਾਮੁ ਜਗਤ ਨਿਸਤਾਰਾ ॥ ਭਵਜਲੁ ਪਾਰਿ

ਉਤਾਰਣਹਾਰਾ ॥ ੧ ॥ ਗੁਰ ਪਰਸਾਦੀ ਹਰਿ ਨਾਮੁ ਸਮ੍ਹਾਲਿ ॥ ਸਦ ਹੀ ਨਿਬਹੈ ਤੇਰੈ ਨਾਲਿ ॥ ੧ ॥ ਰਹਾਉ॥ ਨਾਮੁ ਨ ਚੇਤਹਿ ਮਨਮੁਖ ਗਾਵਾਰਾ॥ ਬਿਨੁ ਨਾਵੈ ਕੈਸੇ ਪਾਵਹਿ ਪਾਰਾ ॥ ੨ ॥ ਆਪੇ ਦਾਤਿ ਕਰੇ ਦਾਤਾਰੁ ॥ ਦੇਵਣਹਾਰੇ ਕਉ ਜੈਕਾਰੁ ॥ ੩ ॥ ਨਦਰਿ ਕਰੇ ਸਤਿਗੁਰੂ ਮਿਲਾਏ ॥ ਨਾਨਕ ਹਿਰਦੈ ਨਾਮੁ ਵਸਾਏ ॥੪॥੬॥

ਪਦ ਅਰਥ:—ਜਗਤ ਨਿਸਤਾਰਾ—ਸੰਸਾਰ ਦਾ ਪਾਰ-ਉਤਾਰਾ ਕਰਦਾ ਹੈ। ਭਵਜਲੁ—ਸੰਸਾਰ-ਸਮੁੰਦਰ। ਉਤਾਰਣਹਾਰਾ—(ਪਾਰ) ਉਤਰਾਨ ਦੀ ਸਮਰਥਾ ਵਾਲਾ। ੧।

ਪਰਸਾਦੀ—ਪਰਸਾਦਿ, ਕਿਰਪਾ ਨਾਲ। ਸਮ੍ਹਾਲਿ—ਹਿਰਦੇ ਵਿਚ ਵਸਾਓ। ਸਦ—ਸਦਾ। ਨਿਬਹੈ—ਸਾਥ ਦੇਂਦਾ ਹੈ। ੧। ਰਹਾਉ।

ਨ ਚੇਤਹਿ—ਯਾਦ ਨਹੀਂ ਕਰਦੇ [ਬਹੁ ਵਚਨ]। ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਬੰਦੇ। ਗਾਵਾਰਾ—ਮੂਰਖ ਬੰਦੇ। ਕੈਸੇ ਪਾਵਹਿ ਪਾਰਾ—ਪਾਰਲਾ ਬੰਨਾ ਕਿਵੇਂ ਲੱਭ ਸਕਦੇ ਹਨ? ੨।

ਆਪੇ—ਆਪ ਹੀ। ਦਾਤਿ—(ਨਾਮ ਦੀ) ਬਖ਼ਸ਼ਸ਼। ਦਾਤਾਰੁ—ਦਾਤਾਂ ਦੇਣ ਵਾਲਾ ਪ੍ਰਭੂ। ਕਉ—ਨੂੰ। ਜੈਕਾਰੁ—ਸਿਫ਼ਤਿ ਸਾਲਾਹ ਕਰੋ। ੩।

ਨਦਰਿ—(ਮਿਹਰ ਦੀ) ਨਿਗਾਹ। ਨਾਨਕ—ਹੇ ਨਾਨਕ! ਹਿਰਦੈ—ਹਿਰਦੇ ਵਿਚ। ੪।

ਅਰਥ:—ਹੇ ਭਾਈ! ਪਰਮਾਤਮਾ ਦਾ ਨਾਮ ਦੁਨੀਆ ਦਾ ਪਾਰ-ਉਤਾਰਾ ਕਰਦਾ ਹੈ (ਜੀਵਾਂ ਨੂੰ) ਸੰਸਾਰ-ਸਮੁੰਦਰ ਤੋਂ ਪਾਰ ਲੰਘਾਣ ਦੀ ਸਮਰਥਾ ਰੱਖਣ ਵਾਲਾ ਹੈ। ੧।

ਹੇ ਭਾਈ! ਗੁਰੂ ਦੀ ਕਿਰਪਾ ਨਾਲ (ਗੁਰੂ ਦੀ ਕਿਰਪਾ ਦਾ ਪਾਤ੍ਰ ਬਣ ਕੇ) ਪਰਮਾਤਮਾ ਦਾ ਨਾਮ (ਆਪਣੇ ਹਿਰਦੇ ਵਿਚ) ਸੰਭਾਲ। ਇਹ ਹਰਿ-ਨਾਮ ਸਦਾ ਹੀ ਤੇਰੇ ਨਾਲ ਸਾਥ ਦੇਵੇਗਾ। ੧। ਰਹਾਉ।

ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮੂਰਖ ਮਨੁੱਖ ਪਰਮਾਤਮਾ ਦਾ ਨਾਮ ਨਹੀਂ ਸਿਮਰਦੇ। ਨਾਮ ਤੋਂ ਬਿਨਾ ਉਹ ਕਿਸੇ ਤਰ੍ਹਾਂ ਭੀ (ਸੰਸਾਰ ਦੇ ਵਿਕਾਰਾਂ ਤੋਂ) ਪਾਰ ਨਹੀਂ ਲੰਘ ਸਕਦੇ। ੨।

(ਪਰ, ਹੇ ਭਾਈ! ਇਹ ਕਿਸੇ ਦੇ ਵੱਸ ਦੀ ਗੱਲ ਨਹੀਂ) ਨਾਮ ਦੀ ਬਖ਼ਸ਼ਸ਼ ਦਾਤਾਰ ਪ੍ਰਭੂ ਆਪ ਹੀ ਕਰਦਾ ਹੈ,(ਇਸ ਵਾਸਤੇ)ਦੇਣ ਦੀ ਸਮਰਥਾ ਵਾਲੇ ਪ੍ਰਭੂ ਦੇ ਅੱਗੇ ਹੀ ਸਿਰ ਨਿਵਾਉਣਾ ਚਾਹੀਦਾ ਹੈ (ਪ੍ਰਭੂ ਪਾਸੋਂ ਹੀ ਨਾਮ ਦੀ ਦਾਤਿ ਮੰਗਣੀ ਚਾਹੀਦੀ ਹੈ)। ੩।

ਹੇ ਨਾਨਕ! ਜਿਸ ਮਨੁੱਖ ਉਤੇ ਪ੍ਰਭੂ ਮਿਹਰ ਦੀ ਨਿਗਾਹ ਕਰਦਾ ਹੈ, ਉਸ ਨੂੰ ਗੁਰੂ

ਮਿਲਾਂਦਾ ਹੈ, ਤੇ ਉਹ ਮਨੁੱਖ ਆਪਣੇ ਹਿਰਦੇ ਵਿਚ ਪ੍ਰਭੂ ਦਾ ਨਾਮ ਵਸਾਂਦਾ ਹੈ। ੪। ।੬।

ਭੈਰਉ ਮਹਲਾ ੩ ॥ ਨਾਮੇ ਉਧਰੇ ਸਭਿ ਜਿਤਨੇ ਲੋਅ ॥ ਗੁਰਮੁਖਿ ਜਿਨਾ ਪਰਾਪਤਿ ਹੋਇ ॥ ੧ ॥ ਹਰਿ ਜੀਉ ਅਪਣੀ ਕ੍ਰਿਪਾ ਕਰੇਇ ॥ ਗੁਰਮੁਖਿ ਨਾਮੁ ਵਡਿਆਈ ਦੇਇ ॥ ੧ ॥ ਰਹਾਉ॥ ਰਾਮ ਨਾਮਿ ਜਿਨ ਪ੍ਰੀਤਿ ਪਿਆਰੁ ॥ ਆਪਿ ਉਧਰੇ ਸਭਿ ਕੁਲ ਉਧਾਰਣਹਾਰੁ ॥ ੨ ॥ ਬਿਨੁ ਨਾਵੈ ਮਨਮੁਖ ਜਮਪੁਰਿ ਜਾਹਿ ॥ ਅਉਖੇ ਹੋਵਹਿ ਚੋਟਾ ਖਾਹਿ ॥ ੩ ॥ ਆਪੇ ਕਰਤਾ ਦੇਵੈ ਸੋਇ ॥ ਨਾਨਕ ਨਾਮੁ ਪਰਾਪਤਿ ਹੋਇ ॥੪॥੭॥

ਪਦ ਅਰਥ :—ਨਾਮੇ—ਨਾਮਿ ਹੀ, ਨਾਮ ਦੀ ਰਾਹੀਂ ਹੀ। ਉਧਰੇ—ਵਿਕਾਰਾਂ ਤੋਂ ਬਚੇ ਹਨ। ਸਭਿ—ਸਾਰੇ। ਲੋਅ—(ਚੌਦਾਂ) ਲੋਕ, ਚੌਦਾਂ ਲੋਕਾਂ ਦੇ ਜੀਵ। ਗੁਰਮੁਖਿ—ਗੁਰੂ ਦੀ ਰਾਹੀਂ, ਗੁਰੂ ਦੀ ਸਰਨ ਪੈ ਕੇ। ਪਰਾਪਤਿ ਹੋਇ—(ਹਰਿ-ਨਾਮ) ਮਿਲਦਾ ਹੈ। ੧।

ਕਰੇਇ—ਕਰਦਾ ਹੈ। ਵਡਿਆਈ—ਇੱਜ਼ਤ। ਦੇਇ—ਦੇਂਦਾ ਹੈ। ੧। ਰਹਾਉ।

ਰਾਮ ਨਾਮਿ—ਪਰਮਾਤਮਾ ਦੇ ਨਾਮ ਵਿਚ। ਸਭਿ ਕੁਲ—ਸਾਰੀਆਂ ਕੁਲਾਂ ਨੂੰ।ਉਧਾ-ਰਣਹਾਰੁ—ਵਿਕਾਰਾਂ ਤੋਂ ਬਚਾਣ ਦੀ ਸਮਰੱਥਾ ਵਾਲਾ [ਇਕ ਵਚਨ]। ੨।

ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ। ਜਮਪੁਰਿ—ਜਮਰਾਜ ਦੇ ਦੇਸ ਵਿਚ। ਜਾਹਿ—ਜਾਂਦੇ ਹਨ [ਬਹੁ ਵਚਨ]। ਅਉਖੇ—ਦੁਖੀ। ਖਾਹਿ—ਖਾਂਦੇ ਹਨ। ੩।

ਆਪੇ—ਆਪ ਹੀ। ਸੋਇ ਕਰਤਾ—ਉਹ ਕਰਤਾਰ ਹੀ। ਨਾਨਕ—ਹੇ ਨਾਨਕ ! ੪।

ਅਰਥ :—ਹੇ ਭਾਈ ! (ਜਿਸ ਮਨੁੱਖ ਉੱਤੇ) ਪਰਮਾਤਮਾ ਆਪਣੀ ਕਿਰਪਾ ਕਰਦਾ ਹੈ, ਉਸ ਨੂੰ ਗੁਰੂ ਦੀ ਸਰਨ ਪਾ ਕੇ (ਆਪਣਾ) ਨਾਮ ਦੇਂਦਾ ਹੈ (ਇਹੀ ਹੈ ਅਸਲ) ਇੱਜ਼ਤ। ੧। ਰਹਾਉ।

ਹੇ ਭਾਈ ! ਜਿਨ੍ਹਾਂ ਮਨੁੱਖਾਂ ਨੂੰ ਗੁਰੂ ਦੀ ਰਾਹੀਂ ਪਰਮਾਤਮਾ ਦਾ ਨਾਮ ਮਿਲ ਜਾਂਦਾ ਹੈ (ਉਹ ਵਿਕਾਰਾਂ ਤੋਂ ਬਚ ਜਾਂਦੇ ਹਨ)। ਹੇ ਭਾਈ ! ਚੌਦਾਂ ਭਵਨਾਂ ਦੇ ਜਿਤਨੇ ਭੀ ਜੀਵ ਹਨ, ਉਹ ਸਾਰੇ ਪਰਮਾਤਮਾ ਦੇ ਨਾਮ ਦੀ ਰਾਹੀਂ ਵਿਕਾਰਾਂ ਤੋਂ ਬਚਦੇ ਹਨ। ੧।

ਹੇ ਭਾਈ ! ਪਰਮਾਤਮਾ ਦੇ ਨਾਮ ਵਿਚ ਜਿਨ੍ਹਾਂ ਮਨੁੱਖਾਂ ਦੀ ਪ੍ਰੀਤ ਹੈ ਜਿਨ੍ਹਾਂ ਦਾ ਪਿਆਰ ਹੈ, ਉਹ ਆਪ ਵਿਕਾਰਾਂ ਤੋਂ ਬਚ ਗਏ। (ਉਹਨਾਂ ਵਿਚੋਂ ਹਰੇਕ ਆਪਣੀਆਂ) ਸਾਰੀਆਂ ਕੁਲਾਂ ਨੂੰ ਬਚਾਣ-ਜੋਗਾ ਹੋ ਗਿਆ। ੨।

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਪਰਮਾਤਮਾ ਦੇ ਨਾਮ ਤੋਂ ਖੁੰਝ ਕੇ ਜਮਰਾਜ ਦੇ ਦੇਸ ਵਿਚ ਜਾਂਦੇ ਹਨ, ਉਹ ਦੁਖੀ ਹੁੰਦੇ, (ਤੇ ਨਿੱਤ ਵਿਕਾਰਾਂ ਦੀਆਂ)

ਸੱਟਾਂ ਸਹਾਰਦੇ ਹਨ । ੩ ।

ਹੇ ਨਾਨਕ ! ਜਿਸ ਮਨੁੱਖ ਨੂੰ ਕਰਤਾਰ ਆਪ ਹੀ (ਨਾਮ ਦੀ ਦਾਤਿ) ਦੇਂਦਾ ਹੈ (ਉਸ ਨੂੰ ਹੀ ਉਸ ਦਾ) ਨਾਮ ਮਿਲਦਾ ਹੈ । ੪ । ੭ ।

ਭੈਰਉ ਮਹਲਾ ੩ ॥ ਗੋਵਿੰਦ ਪ੍ਰੀਤਿ ਸਨਕਾਦਿਕ ਉਧਾਰੇ ॥ ਰਾਮ ਨਾਮ ਸਬਦਿ ਬੀਚਾਰੇ ॥ ੧ ॥ ਹਰਿ ਜੀਉ ਅਪਣੀ ਕਿਰਪਾ ਧਾਰੁ॥ ਗੁਰਮੁਖਿ ਨਾਮੇ ਲਗੈ ਪਿਆਰੁ ॥ ੧ ॥ ਰਹਾਉ ॥ ਅੰਤਰਿ ਪ੍ਰੀਤਿ ਭਗਤਿ ਸਾਚੀ ਹੋਇ ॥ ਪੂਰੈ ਗੁਰਿ ਮੇਲਾਵਾ ਹੋਇ ॥ ੨ ॥ ਨਿਜ ਘਰਿ ਵਸੈ ਸਹਜਿ ਸੁਭਾਇ ॥ ਗੁਰਮੁਖਿ ਨਾਮੁ ਵਸੈ ਮਨਿ ਆਇ ॥ ੩ ॥ ਆਪੇ ਵੇਖੈ ਵੇਖਣਹਾਰੁ॥ ਨਾਨਕ ਨਾਮੁ ਰਖਹੁ ਉਰਧਾਰਿ ॥ ੪ ॥ ੮ ॥

ਪਦ ਅਰਥ :—ਸਨਕਾਦਿਕ—ਸਨਕ ਆਦਿਕ, ਸਨਕ, ਸਨੰਦਨ, ਸਨਤਕੁਮਾਰ, ਸਨਾਤਨ—ਬ੍ਰਹਮਾ ਦੇ ਚਾਰ ਪੁੱਤਰ । ਉਧਾਰੇ—(ਸੰਸਾਰ-ਸਮੁੰਦਰ ਤੋਂ) ਬਚਾਏ । ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ । ਬੀਚਾਰੇ—ਵਿਚਾਰ ਕੀਤੀ, ਆਪਣੇ ਮਨ ਵਿਚ ਵਸਾਏ । ੧ ।

ਹਰਿ ਜੀਉ—ਹੇ ਹਰੀ ! ਧਾਰੁ—ਕਰ । ਗੁਰਮੁਖਿ—ਗੁਰੂ ਦੀ ਰਾਹੀਂ । ਨਾਮੇ—ਨਾਮ ਵਿਚ ਹੀ । ਲਗੈ—ਬਣਿਆ ਰਹੇ । ੧ । ਰਹਾਉ ।

ਅੰਤਰਿ—(ਜਿਸ ਮਨੁੱਖ ਦੇ) ਅੰਦਰ । ਸਾਚੀ—ਸਦਾ ਕਾਇਮ ਰਹਿਣ ਵਾਲੀ । ਪੂਰੈ ਗੁਰਿ—ਪੂਰੇ ਗੁਰੂ ਦੀ ਰਾਹੀਂ । ਮੇਲਾਵਾ—ਮਿਲਾਪ । ੨ ।

ਨਿਜ ਘਰਿ—ਆਪਣੇ (ਅਸਲ)ਘਰ ਵਿਚ, ਪ੍ਰਭੂ-ਚਰਨਾਂ ਵਿਚ । ਸਹਜਿ—ਆਤਮਕ ਅਡੋਲਤਾ ਵਿਚ । ਸੁਭਾਇ—ਪ੍ਰੇਮ ਵਿਚ । ਮਨਿ—ਮਨ ਵਿਚ । ੩ ।

ਆਪੇ—ਆਪ ਹੀ । ਵੇਖੈ—ਸੰਭਾਲ ਕਰਦਾ ਹੈ । ਵੇਖਣਹਾਰੁ—ਸੰਭਾਲ ਕਰ ਸਕਣ ਵਾਲਾ ਪ੍ਰਭੂ । ਉਰ—ਹਿਰਦਾ । ਧਾਰਿ—ਧਾਰ ਕੇ, ਟਿਕਾ ਕੇ । ੪ ।

ਅਰਥ :—ਹੇ ਪ੍ਰਭੂ ਜੀ ! (ਮੇਰੇ ਉਤੇ) ਆਪਣੀ ਕਿਰਪਾ ਕਰੀ ਰੱਖ, ਤਾ ਕਿ ਗੁਰੂ ਦੀ ਸਰਨ ਪੈ ਕੇ (ਮੇਰਾ) ਪਿਆਰ (ਤੇਰੇ) ਨਾਮ ਵਿਚ ਹੀ ਬਣਿਆ ਰਹੇ । ੧ । ਰਹਾਉ।

ਹੇ ਭਾਈ ! ਸਨਕ, ਸਨੰਦਨ, ਸਨਾਤਨ, ਸਨਤਕੁਮਾਰ—ਬ੍ਰਹਮਾ ਦੇ ਇਹਨਾਂ ਚਾਰ ਪੁੱਤਰਾਂ—ਨੇ ਗੁਰੂ ਦੇ ਸ਼ਬਦ ਦੀ ਰਾਹੀਂ ਪਰਮਾਤਮਾ ਦੇ ਨਾਮ ਨੂੰ ਆਪਣੇ ਮਨ ਵਿਚ ਵਸਾਇਆ, ਪਰਮਾਤਮਾ ਦੇ (ਚਰਨਾਂ ਦੇ ਇਸ) ਪਿਆਰ ਨੇ ਉਹਨਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ । ੧ ।

ਹੇ ਭਾਈ ! ਪੂਰੇ ਗੁਰੂ ਦੀ ਰਾਹੀਂ ਜਿਸ ਮਨੁੱਖ ਦੇ ਅੰਦਰ ਪਰਮਾਤਮਾ ਦੀ ਸਦਾ

ਕਾਇਮ ਰਹਿਣ ਵਾਲੀ ਪ੍ਰੀਤਿ-ਭਗਤੀ ਪੈਦਾ ਹੁੰਦੀ ਹੈ, ਪਰਮਾਤਮਾ ਨਾਲ ਉਸ ਦਾ ਮਿਲਾਪ ਹੋ ਜਾਂਦਾ ਹੈ। ੨।

ਹੇ ਭਾਈ! ਗੁਰੂ ਦੀ ਸਰਨ ਪੈ ਕੇ (ਜਿਸ ਮਨੁੱਖ ਦੇ) ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ, ਪ੍ਰਭੂ-ਪਿਆਰ ਵਿਚ ਟਿਕ ਕੇ, ਪ੍ਰਭੂ ਦੀ ਹਜ਼ੂਰੀ ਵਿਚ ਨਿਵਾਸ ਕਰੀ ਰੱਖਦਾ ਹੈ। ੩।

ਹੇ ਨਾਨਕ! ਸਭ ਜੀਵਾਂ ਦੀ ਸੰਭਾਲ ਕਰਨ ਦੇ ਸਮਰੱਥ ਜਿਹੜਾ ਪ੍ਰਭੂ ਆਪ ਹੀ (ਸਭ ਦੀ) ਸੰਭਾਲ ਕਰ ਰਿਹਾ ਹੈ, ਉਸ ਦਾ ਨਾਮ ਆਪਣੇ ਹਿਰਦੇ ਵਿਚ ਪ੍ਰੋ ਕੇ ਰੱਖ। ੪। ।੮।

ਭੈਰਉ ਮਹਲਾ ੩ ॥ ਕਲਜੁਗ ਮਹਿ ਰਾਮ ਨਾਮੁ ਉਰਧਾਰੁ ॥ ਬਿਨੁ ਨਾਵੈ ਮਾਥੈ ਪਾਵੈ ਛਾਰੁ ॥੧॥ ਰਾਮਨਾਮੁ ਦੁਲਭੁ ਹੈ ਭਾਈ ॥ ਗੁਰ ਪਰਸਾਦਿ ਵਸੈ ਮਨਿ ਆਈ ॥ ੧ ॥ ਰਹਾਉ ॥ ਰਾਮਨਾਮੁ ਜਨ ਭਾਲਹਿ ਸੋਇ ॥ ਪੂਰੇ ਗੁਰ ਤੇ ਪ੍ਰਾਪਤਿ ਹੋਇ ॥ ੨ ॥ ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ ॥ ਗੁਰ ਕੈ ਸਬਦਿ ਨਾਮ ਨੀਸਾਣੁ ॥ ੩ ॥ ਸੋ ਸੇਵਹੁ ਜੋ ਕਲ ਰਹਿਆ ਧਾਰਿ ॥ ਨਾਨਕ ਗੁਰਮੁਖਿ ਨਾਮੁ ਪਿਆਰਿ ॥੪॥੯॥

ਪਦ ਅਰਥ :—ਕਲਜੁਗ ਮਹਿ—ਕਲਜੁਗ ਵਿਚ, ਵਿਕਾਰਾਂ-ਭਰੇ ਜਗਤ ਵਿਚ [ਨੋਟ! ਕਿਸੇ ਖਾਸ 'ਜੁਗ' ਦਾ ਜ਼ਿਕਰ ਨਹੀਂ ਕਰ ਰਹੇ]। ਉਰ—ਹਿਰਦਾ। ਧਾਰੁ—ਵਸਾਈ ਰੱਖ। ਮਾਥੈ—(ਆਪਣੇ) ਮੱਥੇ ਉਤੇ, ਮੂੰਹ ਉੱਤੇ। ਪਾਵੈ—(ਉਹ ਮਨੁੱਖ) ਪਾਂਦਾ ਹੈ। ਛਾਰੁ—(ਲੋਕ ਪਰਲੋਕ ਦੀ ਨਿਰਾਦਰੀ ਦੀ) ਸੁਆਹ, ਮੁਕਾਲਖ। ਮਾਥੈ ਪਾਵੈ—ਆਪਣੇ ਮੂੰਹ ਉੱਤੇ ਪਾਂਦਾ ਹੈ, ਖੱਟਦਾ ਹੈ। ੧।

ਦੁਲਭੁ—ਦੁਰਲੱਭ, ਮੁਸ਼ਕਿਲ ਨਾਲ ਮਿਲਣ ਵਾਲਾ। ਭਾਈ—ਹੇ ਭਾਈ! ਪਰਸਾਦਿ—ਕਿਰਪਾ ਨਾਲ। ਮਨਿ—ਮਨ ਵਿਚ। ੧। ਰਹਾਉ।

ਜਨ ਸੋਇ—[ਬਹੁ ਵਚਨ] ਉਹ ਮਨੁੱਖ। ਭਾਲਹਿ—ਭਾਲਦੇ ਹਨ, ਖੋਜਦੇ ਹਨ, ਭਾਲ ਕਰਦੇ ਹਨ। ਤੇ—ਤੋਂ ।ਪ੍ਰਾਪਤਿ—ਪ੍ਰਾਪਤੀ, ਮੇਲ, ਸੰਜੋਗ। ੨।

ਮੰਨਹਿ—ਠੀਕ ਸਮਝਦੇ ਹਨ। ਸੇ ਜਨ—[ਬਹੁ ਵਚਨ] ਉਹ ਮਨੁੱਖ। ਪਰਵਾਣੁ—ਕਬੂਲ, ਸਤਕਾਰੇ ਜਾਂਦੇ ਹਨ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਨੀਸਾਣੁ—ਪਰਵਾਨਾ, ਰਾਹਦਾਰੀ। ਨਾਮ ਨੀਸਾਣੁ—ਹਰਿ-ਨਾਮ ਦਾ ਪਰਵਾਨਾ ।੩।

ਸੋ—ਉਸ ਪਰਮਾਤਮਾ ਨੂੰ। ਸੇਵਹੁ—ਸਿਮਰੋ । ਕਲ—ਕਲਾ, ਸੱਤਿਆ। ਰਹਿਆ ਧਾਰਿ—ਟਿਕਾ ਰਿਹਾ ਹੈ । ਪਿਆਰਿ—ਪਿਆਰ ਕਰ, ਪਿਆਰ ਨਾਲ ਹਿਰਦੇ ਵਿਚ

ਵਸਾਓ । ੪ ।

ਅਰਥ :–ਹੇ ਭਾਈ ! (ਹੋਰ ਪਦਾਰਥਾਂ ਦੇ ਟਾਕਰੇ ਤੇ) ਪਰਮਾਤਮਾ ਦਾ ਨਾਮ ਬੜੀ ਮੁਸ਼ਕਿਲ ਨਾਲ ਮਿਲਦਾ ਹੈ। (ਇਹ ਤਾਂ) ਗੁਰੂ ਦੀ ਕਿਰਪਾ ਨਾਲ (ਕਿਸੇ ਭਾਗਾਂ ਵਾਲੇ ਦੇ) ਮਨ ਵਿਚ ਆ ਕੇ ਵੱਸਦਾ ਹੈ। ੧ । ਰਹਾਉ ।

ਹੇ ਭਾਈ ! ਇਸ ਵਿਕਾਰਾਂ-ਭਰੇ ਜਗਤ ਵਿਚ (ਵਿਕਾਰਾਂ ਤੋਂ ਬਚਣ ਲਈ) ਪਰਮਾਤਮਾ ਦਾ ਨਾਮ (ਆਪਣੇ) ਹਿਰਦੇ ਵਿਚ ਵਸਾਈ ਰੱਖ। (ਜਿਹੜਾ ਮਨੁੱਖ) ਨਾਮ ਤੋਂ ਖ਼ਾਲੀ (ਰਹਿੰਦਾ ਹੈ, ਉਹ ਲੋਕ ਪਰਲੋਕ ਦੀ) ਨਿਰਾਦਰੀ ਹੀ ਖੱਟਦਾ ਹੈ ।੧।

ਪਰ, ਹੇ ਭਾਈ ! (ਕਿਸੇ ਦੇ ਵੱਸ ਦੀ ਗੱਲ ਨਹੀਂ) ਪੂਰੇ ਗੁਰੂ ਪਾਸੋਂ (ਜਿਨ੍ਹਾਂ ਮਨੁੱਖਾਂ ਦੇ ਭਾਗਾਂ ਵਿਚ) ਹਰਿ-ਨਾਮ ਦੀ ਪ੍ਰਾਪਤੀ (ਲਿਖੀ ਹੋਈ ਹੈ), ਸਿਰਫ਼ ਉਹ ਮਨੁੱਖ ਹੀ ਪਰਮਾਤਮਾ ਦਾ ਨਾਮ ਭਾਲਦੇ ਹਨ ।੨।

ਹੇ ਭਾਈ ! ਗੁਰੂ ਦੇ ਸ਼ਬਦ ਦੀ ਬਰਕਤਿ ਨਾਲ (ਜਿਨ੍ਹਾਂ ਮਨੁੱਖਾਂ ਨੂੰ) ਹਰਿ-ਨਾਮ (ਦੀ ਪਰਾਪਤੀ) ਦਾ ਪਰਵਾਨਾ (ਮਿਲ ਜਾਂਦਾ ਹੈ) ਉਹ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ (ਮਿੱਠਾ ਕਰਕੇ) ਮੰਨਦੇ ਹਨ, ਉਹ ਮਨੁੱਖ (ਪਰਮਾਤਮਾ ਦੀ ਹਜ਼ੂਰੀ ਵਿਚ) ਸਤਕਾਰੇ ਜਾਂਦੇ ਹਨ । ੩ ।

ਹੇ ਨਾਨਕ ! ਜਿਹੜਾ ਪਰਮਾਤਮਾ ਸਾਰੀ ਸ੍ਰਿਸ਼ਟੀ ਦੀ ਮਰਯਾਦਾ ਨੂੰ ਆਪਣੀ ਸੱਤਿਆ ਨਾਲ ਤੋਰ ਰਿਹਾ ਹੈ ਉਸ ਦੀ ਸੇਵਾ-ਭਗਤੀ ਕਰੋ, ਗੁਰੂ ਦੀ ਰਾਹੀਂ ਉਸ ਦੇ ਨਾਮ ਨੂੰ ਪਿਆਰ ਕਰੋ ; ੪ । ੯ ।

ਭੈਰਉ ਮਹਲਾ ੩ ॥ ਕਲਜੁਗ ਮਹਿ ਬਹੁ ਕਰਮ ਕਮਾਹਿ ॥ ਨਾ ਰੁਤਿ ਨ ਕਰਮ ਥਾਇ ਪਾਹਿ ॥ ੧ ॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ॥ ਗੁਰਮੁਖਿ ਸਾਚਾ ਲਗੈ ਪਿਆਰੁ ॥ ੧ ॥ ਰਹਾਉ ॥ ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮਨਾਮਿ ਚਿਤੁ ਲਾਇਆ ॥ ੨ ॥ ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮਨਾਮੁ ਰਵਿ ਰਹਿਆ ਤਿਹੁ ਲੋਇ ॥ ੩ ॥ ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥ ਨਾਨਕ ਗੁਰਮੁਖਿ ਹਿਰਦੈ ਰਾਮਨਾਮੁ ਲੇਹੁ ਜਮਾਈ ॥੪॥੧੦॥

ਪਦ ਅਰਥ :–ਕਮਾਹਿ–ਕਮਾਂਦੇ ਹਨ। ਰੁਤਿ–ਮੌਸਮ। ਥਾਇ ਪਾਹਿ–ਕਬੂਲ ਹੁੰਦੇ। ੧ ।

ਸਾਰੁ–ਸ੍ਰੇਸ਼ਟ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਸਾਚਾ–ਸਦਾ ਕਾਇਮ ਰਹਿਣ ਵਾਲਾ। ੧। ਰਹਾਉ।

ਖੋਜਿ–ਖੋਜ ਕੇ। ਘਰੈ ਮਹਿ–ਹਿਰਦੇ-ਘਰ ਵਿਚ ਹੀ। ਨਾਮਿ–ਨਾਮ ਵਿਚ।੨।

ਗਿਆਨ ਅੰਜਨੁ–ਆਤਮਕ ਜੀਵਨ ਦੀ ਸੂਝ ਦਾ ਸੁਰਮਾ। ਤੇ–ਤੋਂ, ਪਾਸੋਂ। ਰਵਿ ਰਹਿਆ–ਵਿਆਪਕ ਹੈ। ਤਿਹੁ ਲੋਇ–ਤਿੰਨਾਂ ਹੀ ਲੋਕਾਂ ਵਿਚ। ੩।

ਹਿਰਦੈ–ਹਿਰਦੇ ਵਿਚ। ਲੇਹੁ ਜਮਾਈ–ਬੀਜ ਲਵੋ। ੪।

ਅਰਥ :–(ਜੇ ਸ਼ਾਸਤਰਾਂ ਦੀ ਮਰਯਾਦਾ ਵਲ ਭੀ ਵੇਖੋ, ਤਾਂ ਭੀ) ਕਲਜੁਗ ਵਿਚ ਪਰਮਾਤਮਾ ਦਾ ਨਾਮ (ਜਪਣਾ ਹੀ) ਸ੍ਰੇਸ਼ਟ (ਕੰਮ) ਹੈ। ਗੁਰੂ ਦੀ ਸਰਨ ਪੈ ਕੇ (ਨਾਮ ਸਿਮਰਿਆਂ ਪਰਮਾਤਮਾ ਨਾਲ) ਸਦਾ ਕਾਇਮ ਰਹਿਣ ਵਾਲਾ ਪਿਆਰ ਬਣ ਜਾਂਦਾ ਹੈ। ੧। ਰਹਾਉ।

ਜਿਹੜੇ (ਕਰਮ-ਕਾਂਡੀ ਲੋਕ) ਕਲਜੁਗ ਵਿਚ ਭੀ ਹੋਰ ਹੋਰ (ਮਿਥੇ ਧਾਰਮਿਕ) ਕਰਮ ਕਰਦੇ ਹਨ, ਉਹਨਾਂ ਦੇ ਉਹ ਕਰਮ (ਪਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਨਹੀਂ ਹੁੰਦੇ (ਕਿਉਂਕਿ ਸ਼ਾਸਤ੍ਰਾਂ ਅਨੁਸਾਰ ਭੀ ਸਿਮਰਨ ਤੋਂ ਬਿਨਾ ਹੋਰ ਕਿਸੇ ਕਰਮ ਦੀ ਹੁਣ) ਰੁੱਤ ਨਹੀਂ ਹੈ। ੧।

ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੇ ਨਾਮ ਵਿਚ ਚਿੱਤ ਜੋੜਿਆ, ਉਸ ਨੇ ਆਪਣਾ ਤਨ ਆਪਣਾ ਮਨ ਖੋਜ ਕੇ ਹਿਰਦੇ-ਘਰ ਵਿਚ ਹੀ ਪ੍ਰਭੂ ਨੂੰ ਲੱਭ ਲਿਆ। ੨।

ਆਤਮਕ ਜੀਵਨ ਦੀ ਸੂਝ ਦੇਣ ਵਾਲਾ ਸੁਰਮਾ ਜਿਸ ਮਨੁੱਖ ਨੂੰ ਗੁਰੂ ਪਾਸੋਂ ਮਿਲ ਗਿਆ, ਉਸ ਨੂੰ ਸਾਰੇ ਜਗਤ ਵਿਚ ਪਰਮਾਤਮਾ ਦਾ ਨਾਮ ਹੀ ਵਿਆਪਕ ਦਿੱਸਦਾ ਹੈ।੩।

(ਸ਼ਾਸਤ੍ਰਾਂ ਅਨੁਸਾਰ ਭੀ) ਕਲਜੁਗ ਵਿਚ ਸਿਰਫ਼ ਹਰਿ-ਨਾਮ ਸਿਮਰਨ ਦੀ ਹੀ ਰੁੱਤ ਹੈ,ਕਿਸੇ ਹੋਰ ਕਰਮ ਕਾਂਡ ਦੇ ਕਰਨ ਦੀ ਰੁੱਤ ਨਹੀਂ। (ਤਾਂ ਤੇ) ਹੇ ਨਾਨਕ! (ਆਖ– ਹੇ ਭਾਈ!) ਗੁਰੂ ਦੀ ਸਰਨ ਪੈ ਕੇ ਆਪਣੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਬੀਜ ਬੀਜ ਲਵੋ। ੪। ੧੦।

ਨੋਟ ! ਕਿਸੇ ਕਰਮ-ਕਾਂਡੀ ਨੂੰ ਸਮਝਾ ਰਹੇ ਹਨ ਜੋ ਸਿਮਰਨ ਤੋਂ ਖੁੰਝ ਕੇ ਸਿਰਫ਼ ਕਰਮ-ਕਾਂਡ ਨੂੰ ਹੀ ਜੀਵਨ ਦਾ ਸਹੀ ਰਸਤਾ ਸਮਝ ਰਿਹਾ ਹੈ।

ਭੈਰਉ ਮਹਲਾ ੩ ਘਰੁ ੨

੧ੴ ਸਤਿਗੁਰਪ੍ਰਸਾਦਿ ॥ ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥ ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ

ਗਵਾਈ ॥ ੧ ॥ ਮੇਰੇ ਪ੍ਰੀਤਮ ਕਰਿ ਕਿਰਪਾ ਦੇਹੁ ਬੁਝਾਈ ॥ ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ ॥ ੧ ॥ ਰਹਾਉ ॥ ਸਿੰਮ੍ਰਿਤਿ ਸਾਸਤ੍ਰ ਪੜਹਿ ਮੁਨਿ ਕੇਤੇ ਬਿਨੁ ਸਬਦੈ ਸੁਰਤਿ ਨ ਪਾਈ ॥ ਤ੍ਰੈ ਗੁਣ ਸਭੇ ਰੋਗਿ ਵਿਆਪੇ ਮਮਤਾ ਸੁਰਤਿ ਗਵਾਈ ॥ ੨ ॥ ਇਕਿ ਆਪੇ ਕਾਢਿ ਲਏ ਪ੍ਰਭਿ ਆਪੇ ਗੁਰ ਸੇਵਾ ਪ੍ਰਭਿ ਲਾਏ ॥ ਹਰਿ ਕਾ ਨਾਮੁ ਨਿਧਾਨੋ ਪਾਇਆ ਸੁਖੁ ਵਸਿਆ ਮਨਿ ਆਏ ॥ ੩ ॥ ਚਉਥੀ ਪਦਵੀ ਗੁਰਮੁਖਿ ਵਰਤਹਿ ਤਿਨ ਨਿਜ ਘਰਿ ਵਾਸਾ ਪਾਇਆ ॥ ਪੂਰੈ ਸਤਿਗੁਰਿ ਕਿਰਪਾ ਕੀਨੀ ਵਿਚਹੁ ਆਪੁ ਗਵਾਇਆ ॥੪॥ ਏਕਸੁ ਕੀ ਸਿਰਿ ਕਾਰ ਏਕ ਜਿਨਿ ਬ੍ਰਹਮਾ ਬਿਸਨੁ ਰੁਦ੍ਰੁ ਉਪਾਇਆ॥ ਨਾਨਕ ਨਿਹਚਲੁ ਸਾਚਾ ਏਕੋ ਨਾ ਓਹੁ ਮਰੈ ਨ ਜਾਇਆ ॥੫॥੧॥੧੧॥

ਪਦ ਅਰਥ :—ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਦੁਬਿਧਾ ਰੋਗਿ—ਮੇਰ-ਤੇਰ ਦੇ ਆਤਮਕ ਰੋਗ ਵਿਚ। ਵਿਆਪੇ—ਫਸੇ ਹੋਏ। ਜਲਹਿ—ਸੜਦੇ ਹਨ। ਅਧਿਕਾਈ—ਬਹੁਤ। ਮਰਿ—ਮਰ ਕੇ। ਠਉਰ—ਜਨਮ ਮਰਨ ਦੇ ਚੱਕਰ ਤੋਂ ਟਿਕਾਣਾ। ਗਵਾਈ—ਗਵਾਇ, ਗਵਾ ਕੇ। ੧।

ਪ੍ਰੀਤਮ—ਹੇ ਪ੍ਰੀਤਮ ! ਬੁਝਾਈ—ਆਤਮਕ ਜੀਵਨ ਦੀ ਸੂਝ। ਉਪਾਇਆ—ਬਣਾ ਦਿੱਤਾ ਹੈ। ਨ ਜਾਈ—ਦੂਰ ਨਹੀਂ ਹੁੰਦਾ। ੧। ਰਹਾਉ।

ਮੁਨਿ—ਰਿਸ਼ੀ, ਮੋਨਧਾਰੀ ਸਾਧੂ। ਕੇਤੇ—ਅਨੇਕਾਂ। ਸੁਰਤਿ—ਆਤਮਕ ਜੀਵਨ ਦੀ ਸੂਝ। ਨ ਪਾਈ—ਨਹੀਂ ਮਿਲਦੀ। ਤ੍ਰੈ ਗੁਣ ਸਭੇ—ਸਾਰੇ ਤ੍ਰੈ-ਗੁਣੀ ਜੀਵ। ਮਮਤਾ—ਅਪਣੱਤ (ਨੇ)। ਸੁਰਤਿ ਗਵਾਈ—(ਉਹਨਾਂ ਦੀ) ਹੋਸ਼ ਭੁਲਾ ਰੱਖੀ ਹੈ।੨।

ਇਕਿ—[ਲਫ਼ਜ਼ 'ਇਕ' ਤੋਂ ਬਹੁ ਵਚਨ] ਕਈ। ਪ੍ਰਭਿ ਆਪੇ—ਪ੍ਰਭੂ ਨੇ ਆਪ ਹੀ। ਨਿਧਾਨੋ—ਖ਼ਜ਼ਾਨਾ। ਮਨਿ—ਮਨ ਵਿਚ। ਆਏ—ਆਇ। ੩।

ਚਉਥੀ ਪਦਵੀ—ਤਿੰਨਾਂ ਗੁਣਾਂ ਦੇ ਅਸਰ ਤੋਂ ਉਤਲੇ ਆਤਮਕ ਮੰਡਲ ਵਿਚ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ। ਨਿਜ ਘਰਿ—ਆਪਣੇ (ਅਸਲ) ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ। ਸਤਿਗੁਰਿ—ਸਤਿਗੁਰ ਨੇ। ਵਿਚਹੁ—ਆਪਣੇ ਅੰਦਰੋਂ। ਆਪੁ—ਆਪਾ-ਭਾਵ। ੪।

ਸਿਰਿ—ਸਿਰ ਉੱਤੇ। ਏਕਸੁ ਕੀ—ਇਕ ਪਰਮਾਤਮਾ ਦੀ ਹੀ। ਜਿਨਿ—ਜਿਸ (ਪਰਮਾਤਮਾ) ਨੇ। ਨਿਹਚਲੁ—ਅਟੱਲ। ਸਾਚਾ—ਸਦਾ ਕਾਇਮ ਰਹਿਣ ਵਾਲਾ। ਨ ਜਾਇਆ—ਨਾਹ ਜੰਮਦਾ ਹੈ। ੫।

ਅਰਥ :—ਹੇ ਮੇਰੇ ਪ੍ਰੀਤਮ ਪ੍ਰਭੂ ! (ਮੇਰੇ ਉੱਤੇ) ਮਿਹਰ ਕਰ, (ਮੈਨੂੰ ਆਤਮਕ ਜੀਵਨ ਦੀ) ਸੂਝ ਬਖ਼ਸ਼। ਹੇ ਪ੍ਰਭੂ ! ਹਉਮੈ ਨੇ ਸਾਰੇ ਜਗਤ ਨੂੰ (ਆਤਮਕ ਤੌਰ ਤੇ) ਰੋਗੀ ਬਣਾ ਰੱਖਿਆ ਹੈ। ਇਹ ਰੋਗ ਗੁਰੂ ਦੇ ਸ਼ਬਦ ਤੋਂ ਬਿਨਾ ਦੂਰ ਨਹੀਂ ਹੋ ਸਕਦਾ। ੧। ਰਹਾਉ।

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਵਿਤਕਰੇ ਦੇ ਆਤਮਕ ਰੋਗ ਵਿਚ ਜਕੜੇ ਪਏ ਹਨ, ਮਾਇਆ ਦੇ ਲਾਲਚ ਦੀ ਅੱਗ ਵਿਚ ਬਹੁਤ ਸੜਦੇ ਹਨ (ਇਸ ਤਰ੍ਹਾਂ ਹੀ ਆਪਣਾ ਕੀਮਤੀ) ਜਨਮ ਵਿਅਰਥ ਗਵਾ ਕੇ ਜੰਮਣ ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ, ਇਸ ਗੇੜ ਵਿਚੋਂ ਉਹਨਾਂ ਨੂੰ ਖ਼ੁਲ੍ਹੀਰ ਨਹੀਂ ਮਿਲਦੀ।੧।

ਹੇ ਭਾਈ ! ਅਨੇਕਾਂ ਮੁਨੀ ਲੋਕ ਸਿੰਮ੍ਰਿਤੀਆਂ ਪੜ੍ਹਦੇ ਹਨ ਸ਼ਾਸਤ੍ਰ ਭੀ ਪੜ੍ਹਦੇ ਹਨ, ਪਰ ਗੁਰੂ ਦੇ ਸ਼ਬਦ ਤੋਂ ਬਿਨਾ ਆਤਮਕ ਜੀਵਨ ਦੀ ਸੂਝ ਕਿਸੇ ਨੂੰ ਪ੍ਰਾਪਤ ਨਹੀਂ ਹੁੰਦੀ। ਸਾਰੇ ਹੀ ਤ੍ਰੈ-ਗੁਣੀ ਜੀਵ ਹਉਮੈ ਦੇ ਰੋਗ ਵਿਚ ਫਸੇ ਪਏ ਹਨ, ਮਮਤਾ ਨੇ ਉਹਨਾਂ ਦੀ ਹੋਸ਼ ਭੁਲਾ ਰੱਖੀ ਹੈ ।੨।

ਪਰ, ਹੇ ਭਾਈ ! ਕਈ ਐਸੇ (ਭਾਗਾਂ ਵਾਲੇ) ਹਨ ਜਿਨ੍ਹਾਂ ਨੂੰ ਪ੍ਰਭੂ ਨੇ ਆਪ ਹੀ (ਮਮਤਾ ਵਿਚੋਂ) ਬਚਾ ਰੱਖਿਆ ਹੈ, ਪ੍ਰਭੂ ਨੇ ਉਹਨਾਂ ਨੂੰ ਗੁਰੂ ਦੀ ਸੇਵਾ ਵਿਚ ਲਾ ਰੱਖਿਆ ਹੈ। ਉਹਨਾਂ ਪਰਮਾਤਮਾ ਦਾ ਨਾਮ-ਖ਼ਜ਼ਾਨਾ ਲੱਭ ਲਿਆ ਹੈ, (ਇਸ ਵਾਸਤੇ ਉਹਨਾਂ ਦੇ) ਮਨ ਵਿਚ ਆਤਮਕ ਆਨੰਦ ਆ ਵੱਸਿਆ ਹੈ।੩।

ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਤਿੰਨਾਂ ਗੁਣਾਂ ਦੇ ਅਸਰ ਤੋਂ ਉਤਲੇ ਆਤਮਕ ਮੰਡਲ ਵਿਚ ਰਹਿ ਕੇ ਜਗਤ ਨਾਲ ਵਰਤਣ-ਵਿਹਾਰ ਰੱਖਦੇ ਹਨ। ਉਹ ਸਦਾ ਪ੍ਰਭੂ-ਚਰਨਾਂ ਵਿਚ ਟਿਕੇ ਰਹਿੰਦੇ ਹਨ। ਪੂਰੇ ਗੁਰੂ ਨੇ ਉਹਨਾਂ ਉਤੇ ਮਿਹਰ ਕੀਤੀ ਹੋਈ ਹੈ, (ਇਸ ਵਾਸਤੇ ਉਹਨਾਂ ਨੇ ਆਪਣੇ) ਅੰਦਰੋਂ ਆਪਾ-ਭਾਵ ਦੂਰ ਕਰ ਲਿਆ ਹੈ।੪।

(ਪਰ, ਹੇ ਭਾਈ ! ਜੀਵਾਂ ਦੇ ਕੀਹ ਵੱਸ ?) ਜਿਸ ਪਰਮਾਤਮਾ ਨੇ ਬ੍ਰਹਮਾ ਵਿਸ਼ਨੂ ਸ਼ਿਵ (ਵਰਗੇ ਵੱਡੇ ਵੱਡੇ ਦੇਵਤੇ) ਪੈਦਾ ਕੀਤੇ, ਉਸੇ ਦਾ ਹੀ ਹੁਕਮ ਹਰੇਕ ਜੀਵ ਦੇ ਸਿਰ ਉੱਤੇ ਚੱਲ ਰਿਹਾ ਹੈ। ਹੇ ਨਾਨਕ ! ਸਦਾ ਕਾਇਮ ਰਹਿਣ ਵਾਲਾ ਸਦਾ ਅਟੱਲ ਰਹਿਣ ਵਾਲਾ ਇਕ ਪਰਮਾਤਮਾ ਹੀ ਹੈ, ਉਹ ਨਾਹ ਕਦੇ ਮਰਦਾ ਹੈ ਨਾਹ ਜੰਮਦਾ ਹੈ।੫।੧।੧੧।

ਭੈਰਉ ਮਹਲਾ ੩ ॥ ਮਨਮੁਖਿ ਦੂਬਿਧਾ ਸਦਾ ਹੈ ਰੋਗੀ ਰੋਗੀ ਸਗਲ ਸੰਸਾਰਾ ॥ ਗੁਰਮੁਖਿ ਬੂਝਹਿ ਰੋਗੁ ਗਵਾਵਹਿ ਗੁਰ ਸਬਦੀ ਵੀਚਾਰਾ ॥ ੧ ॥

ਹਰਿ ਜੀਉ ਸਤ ਸੰਗਤਿ ਮੇਲਾਇ ।। ਨਾਨਕ ਤਿਸ ਨੋ ਦੇਇ ਵਡਿਆਈ ਜੋ ਰਾਮਨਾਮਿ ਚਿਤੁ ਲਾਇ ।। ੧ ।। ਰਹਾਉ ।। ਮਮਤਾ ਕਾਲਿ ਸਭਿ ਰੋਗਿ ਵਿਆਪੇ ਤਿਨ ਜਮ ਕੀ ਹੈ ਸਿਰਿ ਕਾਰਾ ॥ ਗੁਰਮੁਖਿ ਪ੍ਰਾਣੀ ਜਮੁ ਨੇੜਿ ਨ ਆਵੈ ਜਿਨ ਹਰਿ ਰਾਖਿਆ ਉਰਿ ਧਾਰਾ ।। ੨ ।। ਜਿਨ ਹਰਿ ਕਾ ਨਾਮੁ ਨ ਗੁਰਮੁਖਿ ਜਾਤਾ ਸੇ ਜਗ ਮਹਿ ਕਾਹੇ ਆਇਆ ॥ ਗੁਰ ਕੀ ਸੇਵਾ ਕਦੇ ਨ ਕੀਨੀ ਬਿਰਥਾ ਜਨਮੁ ਗਵਾਇਆ ॥ ੩ ॥ ਨਾਨਕ ਸੇ ਪੂਰੇ ਵਡਭਾਗੀ ਸਤਿਗੁਰ ਸੇਵਾ ਲਾਇ ।। ਜੋ ਇਛਹਿ ਸੋਈ ਫਲੁ ਪਾਵਹਿ ਗੁਰਬਾਣੀ ਸੁਖੁ ਪਾਇ ॥੪॥੨॥੧੨॥

ਪਦ ਅਰਥ :–ਮਨਮੁਖਿ–ਆਪਣੇ ਮਨ ਦੇ ਪਿੱਛੇ ਤੁਰਨ ਵਾਲਾ । ਦੁਬਿਧਾ ਰੋਗੀ –ਮੇਰ-ਤੇਰ ਦੇ ਰੋਗ ਵਿਚ ਫਸਿਆ ਹੋਇਆ । ਸਗਲ–ਸਾਰਾ । ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ । ਬੂਝਹਿ–(ਸਹੀ ਜੀਵਨ-ਜੁਗਤਿ ਨੂੰ) ਸਮਝ ਲੈਂਦੇ ਹਨ । ਗੁਰ ਸਬਦੀ–ਗੁਰੂ ਦੇ ਸ਼ਬਦ ਦੀ ਰਾਹੀਂ । ੧ ।

ਹਰਿ ਜੀਉ–ਹੇ ਪ੍ਰਭੂ ਜੀ ! ਨਾਨਕ–ਹੇ ਨਾਨਕ ! ਤਿਸ ਨੋ–[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ] । ਦੇਇ–ਦੇਂਦਾ ਹੈ। ਨਾਮਿ–ਨਾਮ ਵਿਚ। ਲਾਇ–ਜੋੜਦਾ ਹੈ । ੧ । ਰਹਾਉ ।

ਕਾਲਿ–ਮੌਤ ਵਿਚ, ਆਤਮਕ ਮੌਤ ਵਿਚ । ਸਭਿ–ਸਾਰੇ ਜੀਵ । ਰੋਗਿ–(ਦੁਬਿਧਾ ਦੇ) ਰੋਗ ਵਿਚ । ਵਿਆਪੇ–ਗ੍ਰਸੇ ਹੋਏ । ਸਿਰਿ–ਸਿਰ ਉਤੇ। ਕਾਰਾ–ਹਕੂਮਤ, ਦਬਦਬਾ। ਜਿਨ–ਜਿਨ੍ਹਾਂ ਨੇ । ਉਰਿ–ਹਿਰਦੇ ਵਿਚ । ੨ ।

ਗੁਰਮੁਖਿ–ਗੁਰੂ ਦੀ ਰਾਹੀਂ । ਜਾਤਾ–ਜਾਣਿਆ, ਡੂੰਘੀ ਸਾਂਝ ਪਾਈ । ਕਾਹੇ–ਕਾਹਦੇ ਲਈ ? ਵਿਅਰਥ ਹੀ । ਕੀਨੀ–ਕੀਤੀ । ਬਿਰਥਾ–ਵਿਅਰਥ । ੩ ।

ਸੇ–ਉਹ ਮਨੁੱਖ [ਬਹੁ ਵਚਨ] । ਇਛਹਿ–ਲੋੜਦੇ ਹਨ, ਚਾਹੁੰਦੇ ਹਨ, ਮੰਗਦੇ ਹਨ [ਬਹੁ ਵਚਨ] । ਪਾਏ–ਪ੍ਰਾਪਤ ਕਰਦਾ ਹੈ [ਇਕ ਵਚਨ] । ੪ ।

ਅਰਥ :–ਹੇ ਪ੍ਰਭੂ ਜੀ ! (ਮੈਨੂੰ) ਸਾਧ ਸੰਗਤਿ ਦਾ ਮੇਲ ਮਿਲਾ । ਹੇ ਨਾਨਕ ! (ਆਖ–ਹੇ ਭਾਈ !) ਜਿਹੜਾ ਮਨੁੱਖ (ਸਾਧ ਸੰਗਤਿ ਵਿਚ ਮਿਲ ਕੇ) ਪਰਮਾਤਮਾ ਦੇ ਨਾਮ ਵਿਚ (ਆਪਣਾ) ਚਿੱਤ ਜੋੜਦਾ ਹੈ (ਪਰਮਾਤਮਾ) ਉਸ ਨੂੰ (ਲੋਕ ਪਰਲੋਕ ਦੀ) ਇੱਜ਼ਤ ਬਖ਼ਸ਼ਦਾ ਹੈ । ੧ । ਰਹਾਉ ।

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਸਦਾ ਮੇਰ-ਤੇਰ ਦੇ ਰੋਗ ਵਿਚ ਫਸਿਆ ਰਹਿੰਦਾ ਹੈ, (ਮਨ ਦਾ ਮੁਰੀਦ) ਸਾਰਾ ਜਗਤ ਹੀ ਇਸ ਰੋਗ ਦਾ ਸ਼ਿਕਾਰ

ਹੋਇਆ ਰਹਿੰਦਾ ਹੈ। ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ (ਸਹੀ ਜੀਵਨ-ਜੁਗਤਿ ਨੂੰ) ਸਮਝ ਲੈਂਦੇ ਹਨ, ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਵਿਚਾਰ ਕਰ ਕੇ ਉਹ (ਇਹ) ਰੋਗ (ਆਪਣੇ ਅੰਦਰੋਂ) ਦੂਰ ਕਰ ਲੈਂਦੇ ਹਨ ।੧।

ਹੇ ਭਾਈ! ਮਮਤਾ ਵਿਚ ਫਸੇ ਹੋਏ ਜੀਵ ਸਾਰੇ ਆਤਮਕ ਮੌਤ ਦੇ ਰੋਗ ਵਿਚ ਫਸੇ ਰਹਿੰਦੇ ਹਨ, ਉਹਨਾਂ ਦੇ ਸਿਰ ਉਤੇ (ਮਾਨੋ) ਜਮਰਾਜ ਦਾ ਹੁਕਮ ਚੱਲ ਰਿਹਾ ਹੈ। ਪਰ ਗੁਰੂ ਦੇ ਸਨਮੁਖ ਰਹਿਣ ਵਾਲੇ ਜਿੰਨ੍ਹਾਂ ਮਨੁੱਖਾਂ ਨੇ ਪਰਮਾਤਮਾ (ਦੀ ਯਾਦ) ਨੂੰ ਆਪਣੇ ਹਿਰਦੇ ਵਿਚ ਵਸਾ ਰੱਖਿਆ ਹੈ, ਜਮਰਾਜ ਉਹਨਾਂ ਦੇ ਨੇੜੇ ਨਹੀਂ ਢੁਕਦਾ ।੨।

ਹੇ ਭਾਈ! ਜਿੰਨ੍ਹਾਂ ਮਨੁੱਖਾਂ ਨੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੇ ਨਾਮ ਨਾਲ ਸਾਂਝ ਨਹੀਂ ਪਾਈ, ਉਹਨਾਂ ਦਾ ਜਗਤ ਵਿਚ ਆਉਣਾ ਵਿਅਰਥ ਚਲਾ ਜਾਂਦਾ ਹੈ। ਜਿੰਨ੍ਹਾਂ ਨੇ ਕਦੇ ਭੀ ਗੁਰੂ ਦੀ ਸੇਵਾ ਨਹੀਂ ਕੀਤੀ, ਉਹਨਾਂ ਜੀਵਨ ਅਜਾਈਂ ਹੀ ਗਵਾ ਲਿਆ ।੩।

ਹੇ ਨਾਨਕ! ਉਹ ਮਨੁੱਖ (ਗੁਣਾਂ ਦੇ) ਪੂਰੇ (ਭਾਂਡੇ) ਹਨ, ਵਡੇ ਭਾਗਾਂ ਵਾਲੇ ਹਨ, ਜਿੰਨ੍ਹਾਂ ਨੂੰ (ਪਰਮਾਤਮਾ ਨੇ) ਗੁਰੂ ਦੀ ਸੇਵਾ ਵਿਚ ਜੋੜ ਦਿੱਤਾ ਹੈ, ਉਹ ਮਨੁੱਖ (ਪਰਮਾਤਮਾ ਪਾਸੋਂ) ਜੋ ਕੁਝ ਮੰਗਦੇ ਹਨ ਉਹੀ ਪ੍ਰਾਪਤ ਕਰ ਲੈਂਦੇ ਹਨ। ਹੇ ਭਾਈ! ਜਿਹੜਾ ਭੀ ਮਨੁੱਖ ਗੁਰੂ ਦੀ ਬਾਣੀ ਦਾ ਆਸਰਾ ਲੈਂਦਾ ਹੈ, ਉਹ ਆਤਮਕ ਆਨੰਦ ਮਾਣਦਾ ਹੈ। ੪ ।੨।੧੨।

ਭੈਰਉ ਮਹਲਾ ੩ ॥ ਦੁਖ ਵਿਚਿ ਜੰਮੈ ਦੁਖਿ ਮਰੈ ਦੁਖ ਵਿਚਿ ਕਾਰ ਕਮਾਇ ॥ ਗਰਭ ਜੋਨੀ ਵਿਚਿ ਕਦੇ ਨਾ ਨਿਕਲੈ ਬਿਸਟਾ ਮਾਹਿ ਸਮਾਇ ॥ ੧ ॥ ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥ ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥ ੧ ॥ ਰਹਾਉ ॥ ਗੁਰ ਕਾ ਸਬਦੁ ਸਭਿ ਰੋਗ ਗਵਾਏ ਜਿਸ ਨੋ ਹਰਿ ਜੀਉ ਲਾਏ ॥ ਨਾਮੇ ਨਾਮਿ ਮਿਲੈ ਵਡਿਆਈ ਜਿਸ ਨੋ ਮੰਨਿ ਵਸਾਏ ॥ ੨ ॥ ਸਤਿਗੁਰੁ ਭੇਟੈ ਤਾ ਫਲੁ ਪਾਏ ਸਚੁ ਕਰਣੀ ਸੁਖ ਸਾਰੁ ॥ ਸੇ ਜਨ ਨਿਰਮਲ ਜੋ ਹਰਿ ਲਾਗੇ ਹਰਿ ਨਾਮੇ ਧਰਹਿ ਪਿਆਰੁ ॥ ੩ ॥ ਤਿਨ ਕੀ ਰੇਣੁ ਮਿਲੈ ਤਾਂ ਮਸਤਕਿ ਲਾਈ ਜਿਨ ਸਤਿਗੁਰੁ ਪੂਰਾ ਧਿਆਇਆ ॥ ਨਾਨਕ ਤਿਨ ਕੀ ਰੇਣੁ ਪੂਰੈ ਭਾਗਿ ਪਾਈਐ ਜਿਨੀ ਰਾਮਨਾਮਿ ਚਿਤੁ ਲਾਇਆ ॥੪॥੩॥੧੩॥

ਪਦ ਅਰਥ :—ਜੰਮੈ—ਜੰਮਦਾ ਹੈ [ਇਕ ਵਚਨ]। ਦੁਖਿ—ਦੁੱਖ ਵਿਚ। ਕਮਾਇ—

ਕਮਾਂਦਾ ਹੈ, ਕਟਦਾ ਹੈ। ਗਰਭ ਜੋਨੀ ਵਿਚਿ—ਜਨਮ ਮਟਨ ਦੇ ਗੇੜ ਵਿਚ (ਸਦਾ ਪਿਆ ਰਹਿੰਦਾ ਹੈ)। ਬਿਸਟਾ—(ਵਿਕਾਰਾਂ ਦਾ) ਗੰਦ। ਸਮਾਇ—ਲੀਨ ਰਹਿੰਦਾ ਹੈ। ੧।

ਧ੍ਰਿਗੁ—ਫਿਟਕਾਰ-ਜੋਗ। ਮਨਮੁਖਿ—ਮਨਮੁਖ ਨੇ, ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਨੇ। ਨ ਭਾਇਆ—ਪਿਆਰਾ ਨਾਹ ਲੱਗਾ। ੧। ਰਹਾਉ।

ਸਭਿ—ਸਾਰੇ। ਜਿਸ ਨੋ—[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਜਿਸੁ' ਦਾ ੁ ਉੱਡ ਗਿਆ ਹੈ]। ਲਾਏ—(ਲਗਨ) ਲਾਂਦਾ ਹੈ। ਨਾਮੇ ਨਾਮਿ—ਹਰ ਵੇਲੇ ਹਰਿ-ਨਾਮ ਵਿਚ। ਮੰਨਿ—ਮਨਿ, ਮਨ ਵਿਚ। ੨।

ਭੇਟੈ—ਮਿਲ ਪੈਂਦਾ ਹੈ। ਸਚੁ—ਸਦਾ-ਥਿਰ ਹਰਿ-ਨਾਮ (ਦਾ ਸਿਮਰਨ)। ਕਰਣੀ—[ਕਰਣੀਯ] ਕਰਨ-ਜੋਗ ਕੰਮ, ਕਰਤੱਬ। ਸੁਖ ਸਾਰੁ—ਸੁਖਾਂ ਦਾ ਤੱਤ, ਸਭ ਤੋਂ ਸ੍ਰੇਸ਼ਟ ਸੁਖ। ਨਾਮੇ—ਨਾਮ ਵਿਚ ਹੀ। ਧਰਹਿ—ਧਰਦੇ ਹਨ [ਬਹੁ ਵਚਨ]। ੩।

ਰੇਣੁ—ਚਰਨ-ਧੂੜ। ਮਸਤਕਿ—ਮੱਥੇ ਉਤੇ। ਲਾਈ—ਲਾਈਂ, ਮੈਂ ਲਾਵਾਂ। ਪੂਰੈ ਭਾਗਿ—ਪੂਰੀ ਕਿਸਮਤ ਨਾਲ। ਪਾਈਐ—ਪਾਈਦੀ ਹੈ, ਮਿਲਦੀ ਹੈ। ੪।

ਅਰਥ :—ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਆਪਣਾ ਜੀਵਨ ਗਵਾ ਲੈਂਦਾ ਹੈ, ਉਸ ਨੂੰ (ਲੋਕ ਪਰਲੋਕ ਵਿਚ) ਫਿਟਕਾਰਾਂ ਹੀ ਪੈਂਦੀਆਂ ਹਨ (ਉਸ ਨੇ ਸਾਰੀ ਉਮਰ) ਨਾਹ ਪੂਰੇ ਗੁਰੂ ਦਾ ਆਸਰਾ ਲਿਆ ਅਤੇ ਨਾਹ ਹੀ ਪਰਮਾਤਮਾ ਦਾ ਨਾਮ ਉਸ ਨੂੰ ਪਿਆਰਾ ਲੱਗਾ। ੧। ਰਹਾਉ।

ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਦੁਖ ਵਿਚ ਜੰਮਦਾ ਹੈ ਦੁਖ ਵਿਚ ਮਰਦਾ ਹੈ ਦੁਖ ਵਿਚ (ਸਾਰੀ ਉਮਰ) ਕਾਰ-ਵਿਹਾਰ ਕਰਦਾ ਹੈ। ਉਹ ਸਦਾ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ, (ਜਦ ਤਕ ਉਹ ਮਨ ਦਾ ਮੁਰੀਦ ਹੈ ਤਦ ਤਕ) ਕਦੇ ਭੀ ਉਹ (ਇਸ ਗੇੜ ਵਿਚੋਂ) ਨਿਕਲ ਨਹੀਂ ਸਕਦਾ (ਕਿਉਂਕਿ ਉਹ) ਸਦਾ ਵਿਕਾਰਾਂ ਦੇ ਗੰਦ ਵਿਚ ਜੁੜਿਆ ਰਹਿੰਦਾ ਹੈ। ੧।

ਹੇ ਭਾਈ! ਗੁਰੂ ਦਾ ਸ਼ਬਦ ਸਾਰੇ ਰੋਗ ਦੂਰ ਕਰ ਦੇਂਦਾ ਹੈ, (ਪਰ ਗੁਰ-ਸ਼ਬਦ ਵਿਚ ਉਹੀ ਜੁੜਦਾ ਹੈ) ਜਿਸ ਨੂੰ ਪਰਮਾਤਮਾ (ਸਬਦ ਦੀ ਲਗਨ) ਲਾਂਦਾ ਹੈ। ਹੇ ਭਾਈ! ਜਿਸ ਮਨੁੱਖ ਨੂੰ (ਸ਼ਬਦ ਦੀ ਲਗਨ ਲਾ ਕੇ ਉਸ ਦੇ) ਮਨ ਵਿਚ (ਆਪਣਾ ਨਾਮ) ਵਸਾਂਦਾ ਹੈ, ਸਦਾ ਹਰਿ-ਨਾਮ ਵਿਚ ਟਿਕੇ ਰਹਿਣ ਕਰਕੇ ਉਸ ਨੂੰ (ਲੋਕ ਪਰਲੋਕ ਦੀ) ਇੱਜ਼ਤ ਮਿਲਦੀ ਹੈ। ੨।

ਹੇ ਭਾਈ! ਸਦਾ-ਥਿਰ ਹਰਿ-ਨਾਮ ਦਾ ਸਿਮਰਨ ਹੀ (ਅਸਲ) ਕਰਤੱਬ ਹੈ, (ਨਾਮ-ਸਿਮਰਨ ਹੀ) ਸਭ ਤੋਂ ਸ੍ਰੇਸ਼ਟ ਸੁਖ ਹੈ, ਪਰ ਇਹ (ਹਰਿ-ਨਾਮ-ਸਿਮਰਨ) ਫਲ

ਮਨੁੱਖ ਨੂੰ ਤਦੋਂ ਹੀ ਮਿਲਦਾ ਹੈ ਜਦੋਂ ਇਸ ਨੂੰ ਗੁਰੂ ਮਿਲਦਾ ਹੈ। ਹੇ ਭਾਈ! ਜਿਹੜੇ ਮਨੁੱਖ ਪਰਮਾਤਮਾ ਦੀ ਯਾਦ ਵਿਚ ਜੁੜਦੇ ਹਨ, ਪਰਮਾਤਮਾ ਦੇ ਨਾਮ ਵਿਚ ਪਿਆਰ ਪਾਂਦੇ ਹਨ, ਉਹ ਮਨੁੱਖ ਪਵਿੱਤਰ ਜੀਵਨ ਵਾਲੇ ਹੋ ਜਾਂਦੇ ਹਨ। ੩।

ਹੇ ਭਾਈ! ਜਿਹੜੇ ਮਨੁੱਖ ਪੂਰੇ ਗੁਰੂ ਨੂੰ ਹਿਰਦੇ ਵਿਚ ਵਸਾਂਦੇ ਹਨ, ਜੇ ਮੈਨੂੰ ਉਹਨਾਂ ਦੀ ਚਰਨ-ਧੂੜ ਮਿਲ ਜਾਏ, ਤਾਂ ਉਹ ਧੂੜ ਮੈਂ ਆਪਣੇ ਮੱਥੇ ਉਤੇ ਲਾਵਾਂ। ਹੇ ਨਾਨਕ! ਜਿਹੜੇ ਮਨੁੱਖ ਸਦਾ ਆਪਣਾ ਚਿੱਤ ਪਰਮਾਤਮਾ ਦੇ ਨਾਮ ਵਿਚ ਜੋੜੀ ਰੱਖਦੇ ਹਨ, ਉਹਨਾਂ ਦੇ ਚਰਨਾਂ ਦੀ ਧੂੜ ਪੂਰੀ ਕਿਸਮਤ ਨਾਲ ਹੀ ਮਿਲਦੀ ਹੈ।੪।੩।੧੩।

ਭੈਰਉ ਮਹਲਾ ੩ ॥ ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ ॥ ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ ॥ ੧ ॥ ਭਗਤੁ ਭਗਤੁ ਕਹੈ ਸਭੁ ਕੋਈ ॥ ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ ਮਿਲੈ ਪ੍ਰਭੁ ਸੋਈ ॥ ੧ ॥ ਰਹਾਉ ॥ ਮਨਮੁਖ ਮੂਲੁ ਗਵਾਵਹਿ ਲਾਭੁ ਮਾਗਹਿ ਲਾਹਾ ਲਾਭੁ ਕਿਦੂ ਹੋਈ ॥ ਜਮਕਾਲੁ ਸਦਾ ਹੈ ਸਿਰ ਊਪਰਿ ਦੂਜੈ ਭਾਇ ਪਤਿ ਖੋਈ ॥ ੨ ॥ ਬਹਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ॥ ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥ ੩ ॥ ਸਤਿਗੁਰੁ ਸੇਵਹਿ ਪਰਮ ਗਤਿ ਪਾਵਹਿ ਨਾਮਿ ਮਿਲੈ ਵਡਿਆਈ ॥ ਨਾਨਕ ਨਾਮੁ ਜਿਨਾ ਮਨਿ ਵਸਿਆ ਦਰਿ ਸਾਚੈ ਪਤਿ ਪਾਈ ॥੪॥੪॥੧੪॥

ਪਦ ਅਰਥ:—ਬੀਚਾਰੇ—ਮਨ ਵਿਚ ਵਸਾਂਦਾ ਹੈ। ਸਾਚਾ—ਟਿਕਵੇਂ ਜੀਵਨ ਵਾਲਾ, (ਮਾਇਆ ਦੇ ਹੱਲਿਆਂ ਵਲੋਂ) ਅਡੋਲ-ਚਿੱਤ। ਕੈ ਹਿਰਦੈ—ਦੇ ਹਿਰਦੇ ਵਿਚ। ਸਾਚਾ—ਸਦਾ ਕਾਇਮ ਰਹਿਣ ਵਾਲਾ ਪਰਮਾਤਮਾ। ਸਾਚੀ ਭਗਤਿ—ਸਦਾ-ਥਿਰ ਪ੍ਰਭੂ ਦੀ ਭਗਤੀ। ਕਰਹਿ—ਕਰਦੇ ਹਨ [ਬਹੁ ਵਚਨ]। ਤਨਿ—ਸਰੀਰ ਵਿਚ। ਨ ਹੋਈ—ਪੈਦਾ ਨਹੀਂ ਹੁੰਦਾ ।੧।

ਕਹੈ—ਆਖਦਾ ਹੈ [ਇਕ ਵਚਨ]। ਸਭੁ ਕੋਈ—ਹਰੇਕ ਮਨੁੱਖ। ਮਿਲੈ—ਮਿਲਦਾ ਹੈ।੧। ਰਹਾਉ।

ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਮੂਲੁ—ਰਾਸ-ਪੂੰਜੀ, ਸਰਮਾਇਆ। ਲਾਭੁ—ਨਫ਼ਾ। ਮਾਗਹਿ—ਮੰਗਦੇ ਹਨ [ਬਹੁ ਵਚਨ]। ਕਿਦੂ—ਕਿਵੇਂ? ਜਮਕਾਲੁ—ਆਤਮਕ ਮੌਤ। ਦੂਜੈ ਭਾਇ—ਮਾਇਆ ਦੇ ਪਿਆਰ ਵਿਚ। ਪਤਿ—ਇੱਜ਼ਤ। ਖੋਈ—ਗਵਾ ਲਈ।੨।

ਬਹਲੇ—ਕਈ, ਅਨੇਕਾਂ। ਭਵਹਿ—ਭੌਂਦੇ ਹਨ (ਤੀਰਥ ਆਦਿਕਾਂ ਤੇ)। ਨ ਜਾਈ—ਦੂਰ ਨਹੀਂ ਹੁੰਦਾ। ਪੜਿ—ਪੜ੍ਹ ਕੇ। ਲੂਝਹਿ—ਝਗੜਦੇ ਹਨ, ਬਹਸਾਂ ਕਰਦੇ ਹਨ, ਸ਼ਾਸਤ੍ਰਾਰਥ ਕਰਦੇ ਹਨ। ਬਾਦੁ—ਝਗੜਾ, ਬਹਸ, ਚਰਚਾ। ਵਖਾਣਹਿ—ਉਚਾਰਦੇ ਹਨ, ਬੋਲਦੇ ਹਨ। ਮਿਲਿ—ਮਿਲ ਕੇ। ਸੁਰਤਿ—ਆਤਮਕ ਜੀਵਨ ਵਾਲੇ ਪਾਸੇ ਦੀ ਹੋਸ਼।੩।

ਸੇਵਹਿ—ਸਰਨ ਪੈਂਦੇ ਹਨ। ਪਰਮ ਗਤਿ—ਸਭ ਤੋਂ ਉੱਚੀ ਆਤਮਕ ਅਵਸਥਾ। ਨਾਮਿ—ਨਾਮ ਵਿਚ (ਜੁੜੇ ਰਹਿਣ ਦੇ ਕਾਰਨ)। ਵਡਿਆਈ—(ਲੋਕ ਪਰਲੋਕ ਦੀ) ਇੱਜ਼ਤ। ਮਨਿ—ਮਨ ਵਿਚ। ਦਰਿ—ਦਰ ਤੇ। ਦਰਿ ਸਾਚੈ—ਸਦਾ-ਥਿਰ ਪ੍ਰਭੂ ਦੇ ਦਰ ਤੇ। ਪਤਿ—ਇੱਜ਼ਤ।੪।

ਅਰਥ:—ਹੇ ਭਾਈ! ਗੁਰੂ ਦੀ ਸਰਨ ਪੈਣ ਤੋਂ ਬਿਨਾ ਪਰਮਾਤਮਾ ਦੀ ਭਗਤੀ ਨਹੀਂ ਹੋ ਸਕਦੀ। ਹੇ ਭਾਈ! ਪੂਰੀ ਕਿਸਮਤ ਨਾਲ ਹੀ (ਕਿਸੇ ਮਨੁੱਖ ਨੂੰ) ਉਹ ਪਰਮਾਤਮਾ ਮਿਲਦਾ ਹੈ, (ਜਿਸ ਮਨੁੱਖ ਨੂੰ ਮਿਲ ਪੈਂਦਾ ਹੈ, ਉਸ ਬਾਰੇ) ਹਰ ਕੋਈ ਆਖਦਾ ਹੈ ਕਿ ਇਹ ਭਗਤ ਹੈ ਭਗਤ ਹੈ।੧।ਰਹਾਉ।

ਹੇ ਭਾਈ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ (ਆਪਣੇ) ਮਨ ਵਿਚ ਵਸਾਂਦਾ ਹੈ, ਉਹ ਮਨੁੱਖ (ਮਾਇਆ ਦੇ ਹੱਲਿਆਂ ਵੱਲੋਂ) ਅਡੋਲ-ਚਿੱਤ ਹੋ ਜਾਂਦਾ ਹੈ। ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਵੱਸ ਪੈਂਦਾ ਹੈ, ਜਿਹੜੇ ਮਨੁੱਖ ਦਿਨ ਰਾਤ ਸਦਾ-ਥਿਰ ਪ੍ਰਭੂ ਦੀ ਭਗਤੀ ਕਰਦੇ ਹਨ, ਉਹਨਾਂ ਦੇ ਸਰੀਰ ਵਿਚ ਕੋਈ (ਵਿਕਾਰ-) ਦੁੱਖ ਪੈਦਾ ਨਹੀਂ ਹੁੰਦਾ।੧।

ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਆਪਣਾ) ਸਰਮਾਇਆ (ਹੀ) ਗਵਾ ਲੈਂਦੇ ਹਨ, ਪਰ ਮੰਗਦੇ ਹਨ (ਆਤਮਕ) ਲਾਭ। (ਦੱਸੋ, ਉਹਨਾਂ ਨੂੰ) ਖੱਟੀ ਕਿਵੇਂ ਹੋ ਸਕਦੀ ਹੈ? ਲਾਭ ਕਿਥੋਂ ਮਿਲੇ? ਆਤਮਕ ਮੌਤ ਸਦਾ ਉਹਨਾਂ ਦੇ ਸਿਰ ਉੱਤੇ ਸਵਾਰ ਰਹਿੰਦੀ ਹੈ। ਮਾਇਆ ਦੇ ਪਿਆਰ ਵਿਚ (ਫਸ ਕੇ ਉਹਨਾਂ ਨੇ ਲੋਕ ਪਰਲੋਕ ਦੀ) ਇੱਜ਼ਤ ਗਵਾ ਲਈ ਹੁੰਦੀ ਹੈ।੨।

ਹੇ ਭਾਈ! ਜਿਹੜੇ ਮਨੁੱਖ ਕਈ (ਧਾਰਮਿਕ) ਭੇਖ ਕਰ ਕੇ ਹੀ ਦਿਨ ਰਾਤ (ਥਾਂ ਥਾਂ) ਭੌਂਦੇ ਫਿਰਦੇ ਹਨ (ਉਹਨਾਂ ਨੂੰ ਆਪਣੇ ਇਸ ਤਿਆਗ ਦੀ ਹਉਮੈ ਹੋ ਜਾਂਦੀ ਹੈ, ਉਹਨਾਂ ਦਾ ਇਹ) ਹਉਮੈ ਦਾ ਰੋਗ ਦੂਰ ਨਹੀਂ ਹੁੰਦਾ। (ਤੇ, ਜਿਹੜੇ ਪੰਡਿਤ ਆਦਿਕ ਲੋਕ ਵੇਦ ਸ਼ਾਸਤ੍ਰ ਆਦਿਕ) ਪੜ੍ਹ ਪੜ੍ਹ ਕੇ (ਫਿਰ ਆਪੋ ਵਿਚ) ਮਿਲ ਕੇ ਬਹਸ ਕਰਦੇ ਹਨ ਚਰਚਾ ਕਰਦੇ ਹਨ ਉਹਨਾਂ ਨੇ ਭੀ ਮਾਇਆ ਦੇ ਮੋਹ ਦੇ ਕਾਰਨ (ਆਤਮਕ ਜੀਵਨ ਵਲੋਂ ਆਪਣੀ) ਹੋਸ਼ ਗਵਾ ਲਈ ਹੁੰਦੀ ਹੈ।੩।

ਹੇ ਭਾਈ! ਜਿਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ, ਉਹ ਸਭ ਤੋਂ ਉੱਚਾ

ਆਤਮਕ ਦਰਜਾ ਹਾਸਲ ਕਰ ਲੈਂਦੇ ਹਨ, (ਪਰਮਾਤਮਾ ਦੇ) ਨਾਮ ਵਿਚ ਜੁੜੇ ਰਹਿਣ ਕਰਕੇ ਉਹਨਾਂ ਨੂੰ (ਲੋਕ ਪਰਲੋਕ ਦੀ) ਇੱਜ਼ਤ ਮਿਲ ਜਾਂਦੀ ਹੈ। ਹੇ ਨਾਨਕ! ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਿਆ, ਉਹਨਾਂ ਨੇ ਸਦਾ-ਥਿਰ ਪ੍ਰਭੂ ਦੇ ਦਰ ਤੇ ਇੱਜ਼ਤ ਖੱਟ ਲਈ।੪।੪।੧੪।

ਭੈਰਉ ਮਹਲਾ ੩ ॥ ਮਨਮੁਖ ਆਸਾ ਨਹੀ ਉਤਰੈ ਦੂਜੈ ਭਾਇ ਖੁਆਏ॥ ਉਦਰੁ ਨੈ ਸਾਣੁ ਨ ਭਰੀਐ ਕਬਹੂ ਤ੍ਰਿਸਨਾ ਅਗਨਿ ਪਚਾਏ ॥ ੧ ॥ ਸਦਾ ਅਨੰਦੁ ਰਾਮ ਰਸਿ ਰਾਤੇ॥ ਹਿਰਦੈ ਨਾਮੁ ਦੁਬਿਧਾ ਮਨਿ ਭਾਗੀ ਹਰਿ ਹਰਿ ਅੰਮ੍ਰਿਤੁ ਪੀ ਤ੍ਰਿਪਤਾਤੇ ॥ ੧ ॥ ਰਹਾਉ ॥ ਆਪੇ ਪਾਰਬ੍ਰਹਮੁ ਸ੍ਰਿਸਟਿ ਜਿਨਿ ਸਾਜੀ ਸਿਰਿ ਸਿਰਿ ਧੰਧੈ ਲਾਏ ॥ ਮਾਇਆ ਮੋਹੁ ਕੀਆ ਜਿਨਿ ਆਪੇ ਆਪੇ ਦੂਜੈ ਲਾਏ ॥ ੨ ॥ ਤਿਸ ਨੋ ਕਿਹੁ ਕਹੀਐ ਜੇ ਦੂਜਾ ਹੋਵੈ ਸਭਿ ਤੁਧੈ ਮਾਹਿ ਸਮਾਏ ॥ ਗੁਰਮੁਖਿ ਗਿਆਨੁ ਤਤੁ ਬੀਚਾਰਾ ਜੋਤੀ ਜੋਤਿ ਮਿਲਾਏ ॥ ੩ ॥ ਸੋ ਪ੍ਰਭੁ ਸਾਚਾ ਸਦ ਹੀ ਸਾਚਾ ਸਾਚਾ ਸਭੁ ਆਕਾਰਾ ॥ ਨਾਨਕ ਸਤਿਗੁਰਿ ਸੋਝੀ ਪਾਈ ਸਚਿ ਨਾਮਿ ਨਿਸਤਾਰਾ ॥ ੪ ॥ ੫ ॥ ੧੫ ॥

ਪਦ ਅਰਥ :—ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਆਸਾ—(ਹੋਰ ਹੋਰ ਮਾਇਆ ਜੋੜਨ ਦੀ) ਤਾਂਘ। ਉਤਰੈ—ਮੁੱਕਦੀ। ਦੂਜੈ ਭਾਇ—ਮਾਇਆ ਦੇ ਪਿਆਰ ਵਿਚ। ਖੁਆਏ—(ਸਹੀ ਜੀਵਨ-ਰਾਹ ਤੋਂ) ਖੁੰਝੇ ਹੋਏ ਹਨ। ਉਦਰੁ—ਪੇਟ। ਨੈ—ਨਦੀ। ਸਾਣੁ—ਵਾਂਗ। ਪਚਾਏ—(ਉਹਨਾਂ ਨੂੰ) ਸਾੜਦੀ ਹੈ।੧।

ਰਸਿ—ਸੁਆਦ ਵਿਚ। ਰਾਤੇ—ਰੱਤੇ ਹੋਏ, ਮਸਤ। ਹਿਰਦੈ—ਹਿਰਦੇ ਵਿਚ। ਦੁਬਿਧਾ—ਮੇਰ-ਤੇਰ। ਮਨਿ—ਮਨ ਵਿਚ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਪੀ—ਪੀ ਕੇ। ਤ੍ਰਿਪਤਾਤੇ—ਰੱਜ ਜਾਂਦੇ ਹਨ।੧।ਰਹਾਉ।

ਜਿਨਿ—ਜਿਸ ਨੇ। ਸਾਜੀ—ਪੈਦਾ ਕੀਤੀ, ਰਚੀ। ਸਿਰਿ ਸਿਰਿ—ਹਰੇਕ ਦੇ ਸਿਰ ਉਤੇ, ਹਰੇਕ ਦੇ ਕੀਤੇ ਅਨੁਸਾਰ। ਧੰਧੈ—ਧੰਧੇ ਵਿਚ। ਆਪੇ—ਆਪ ਹੀ। ਦੂਜੈ—ਮਾਇਆ (ਦੇ ਮੋਹ) ਵਿਚ।੨।

ਤਿਸ ਨੋ—[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ]। ਕਿਹੁ—ਕੁਝ। ਸਭਿ—ਸਾਰੇ ਜੀਵ। ਮਾਹਿ—ਵਿਚ। ਗੁਰਮੁਖਿ—ਗੁਰੂ ਦੀ ਰਾਹੀਂ। ਗਿਆਨੁ—ਆਤਮਕ ਜੀਵਨ ਦੀ ਸੂਝ। ਬੀਚਾਰਾ—ਮਨ ਵਿਚ ਵਸਾਇਆ। ਜੋਤੀ—ਪ੍ਰਭੂ ਦੀ ਜੋਤਿ ਵਿਚ।੩।

ਸਾਚਾ—ਸਦਾ ਕਾਇਮ ਰਹਿਣ ਵਾਲਾ। ਸਦ—ਸਦਾ। ਸਾਚਾ—ਹੋਂਦ ਵਾਲਾ।

ਆਕਾਰਾ—ਜਗਤ। ਸਤਿਗੁਰਿ—ਗੁਰੂ ਨੇ। ਸਚਿ ਨਾਮਿ—ਸਦਾ-ਥਿਰ ਹਰਿ-ਨਾਮ ਵਿਚ (ਜੋੜ ਕੇ)। ਨਿਸਤਾਰਾ—ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦਿੱਤਾ। ੪।

ਅਰਥ :—ਹੇ ਭਾਈ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ-ਰਸ ਵਿਚ ਭਿੱਜੇ ਰਹਿੰਦੇ ਹਨ, ਉਹਨਾਂ ਦੇ ਅੰਦਰ ਸਦਾ ਆਨੰਦ ਬਣਿਆ ਰਹਿੰਦਾ ਹੈ। (ਮਾਇਆ ਦੇ ਮੋਹ ਦੇ ਕਾਰਨ ਮਨੁੱਖ ਦੇ) ਮਨ ਵਿਚ ਮੇਰ-ਤੇਰ ਟਿਕੀ ਰਹਿੰਦੀ ਹੈ, ਪਰ ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹਨਾਂ ਦੀ ਮੇਰ-ਤੇਰ ਦੂਰ ਹੋ ਜਾਂਦੀ ਹੈ। ਪਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪੀ ਕੇ ਉਹ (ਮਾਇਆ ਵਲੋਂ ਸਦਾ) ਰੱਜੇ ਰਹਿੰਦੇ ਹਨ। ੧। ਰਹਾਉ।

ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖਾਂ ਦੇ ਅੰਦਰੋਂ (ਹੋਰ ਹੋਰ ਮਾਇਆ ਜੋੜਨ ਦੀ) ਲਾਲਸਾ ਦੂਰ ਨਹੀਂ ਹੁੰਦੀ। ਮਾਇਆ ਦੇ ਪਿਆਰ ਵਿਚ ਉਹ ਸਹੀ ਜੀਵਨ-ਰਾਹ ਤੋਂ ਖੁੰਝੇ ਰਹਿੰਦੇ ਹਨ। ਨਦੀ ਵਾਂਗ ਉਹਨਾਂ ਦਾ ਪੇਟ (ਮਾਇਆ ਨਾਲ) ਕਦੇ ਰੱਜਦਾ ਨਹੀਂ। ਤ੍ਰਿਸ਼ਨਾ ਦੀ ਅੱਗ ਉਹਨਾਂ ਨੂੰ ਸਾੜਦੀ ਰਹਿੰਦੀ ਹੈ।੧।

ਪਰ, ਹੇ ਭਾਈ! (ਜੀਵਾਂ ਦੇ ਕੀਹ ਵੱਸ?) ਜਿਸ (ਪਰਮਾਤਮਾ)ਨੇ ਜਗਤ ਰਚਿਆ ਹੈ ਉਹ ਪਰਮਾਤਮਾ ਆਪ ਹੀ ਸਭ ਜੀਵਾਂ ਨੂੰ ਪਿਛਲੀ ਕੀਤੀ ਕਮਾਈ ਅਨੁਸਾਰ ਮਾਇਆ ਦੀ ਦੌੜ-ਭੱਜ ਵਿਚ ਲਾਈ ਰੱਖਦਾ ਹੈ। ਜਿਸ ਪ੍ਰਭੂ ਨੇ ਮਾਇਆ ਦਾ ਮੋਹ ਬਣਾਇਆ ਹੈ, ਉਹ ਆਪ ਹੀ (ਜੀਵਾਂ ਨੂੰ) ਮਾਇਆ ਦੇ ਮੋਹ ਵਿਚ ਜੋੜੀ ਰੱਖਦਾ ਹੈ। ੨।

ਹੇ ਭਾਈ! (ਮਾਇਆ ਦੇ ਮੋਹ ਬਾਰੇ) ਉਸ ਪਰਮਾਤਮਾ ਨੂੰ ਕੁਝ ਤਾਂ ਹੀ ਕਿਹਾ ਜਾ ਸਕਦਾ ਹੈ ਜੇ ਉਹ ਸਾਥੋਂ ਓਪਰਾ ਹੋਵੇ। ਹੇ ਪ੍ਰਭੂ! ਸਾਰੇ ਜੀਵ ਤੇਰੇ ਵਿਚ ਹੀ ਲੀਨ ਹਨ (ਜਿਵੇਂ ਦਰੀਆ ਦੀਆਂ ਲਹਿਰਾਂ ਦਰੀਆ ਵਿਚ)। ਹੇ ਭਾਈ! ਜਿਸ ਮਨੁੱਖ ਨੇ ਆਤਮਕ ਜੀਵਨ ਦੀ ਅਸਲ ਸੂਝ ਨੂੰ ਵਿਚਾਰਿਆ ਹੈ, ਉਸ ਦੀ ਜਿੰਦ ਪ੍ਰਭੂ ਦੀ ਜੋਤਿ ਵਿਚ ਜੁੜੀ ਰਹਿੰਦੀ ਹੈ। ੩।

ਹੇ ਭਾਈ! ਉਹ ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ, ਸਦਾ ਹੀ ਹੋਂਦ ਵਾਲਾ ਹੈ; ਇਹ ਸਾਰਾ ਜਗਤ ਭੀ ਸਦਾ ਹੋਂਦ ਵਾਲਾ ਹੈ (ਕਿਉਂਕਿ ਇਸ ਵਿਚ ਪਰਮਾਤਮਾ ਹੀ ਸਭ ਥਾਂ ਵਿਆਪਕ ਹੈ)। ਹੇ ਨਾਨਕ! ਜਿਸ ਮਨੁੱਖ ਨੂੰ ਗੁਰੂ ਨੇ (ਆਤਮਕ ਜੀਵਨ ਦੀ) ਸਮਝ ਬਖ਼ਸ਼ੀ ਹੈ, ਉਸ ਨੂੰ ਉਸ ਨੇ ਪਰਮਾਤਮਾ ਦੇ ਨਾਮ ਵਿਚ ਜੋੜ ਕੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦਿੱਤਾ ਹੈ। ੪। ੫। ੧੫।

ਭੈਰਉ ਮਹਲਾ ੩ ॥ ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ ਸਤਜੁਗਿ ਪਰਮਹੰਸ ਬੀਚਾਰੀ ॥ ਦੁਆਪੁਰਿ ਤ੍ਰੇਤੈ ਮਾਣਸ ਵਰਤਹਿ ਵਿਰਲੈ

ਹਉਮੈ ਮਾਰੀ ॥ ੧ ॥ ਕਲਿ ਮਹਿ ਰਾਮ ਨਾਮਿ ਵਡਿਆਈ ॥ ਜੁਗਿ ਜੁਗਿ ਗੁਰਮੁਖਿ ਏਕੋ ਜਾਤਾ ਵਿਣੁ ਨਾਵੈ ਮੁਕਤਿ ਨ ਪਾਈ ॥ ੧ ॥ ਰਹਾਉ ॥ ਹਿਰਦੈ ਨਾਮੁ ਲਖੈ ਜਨੁ ਸਾਚਾ ਗੁਰਮੁਖਿ ਮੰਨਿ ਵਸਾਈ ॥ ਆਪਿ ਤਰੇ ਸਗਲੇ ਕੁਲ ਤਾਰੇ ਜਿਨੀ ਰਾਮ ਨਾਮਿ ਲਿਵ ਲਾਈ ॥ ੨ ॥ ਮੇਰਾ ਪ੍ਰਭੁ ਹੈ ਗੁਣ ਕਾ ਦਾਤਾ ਅਵਗਣ ਸਬਦਿ ਜਲਾਏ ॥ ਜਿਨ ਮਨਿ ਵਸਿਆ ਸੇ ਜਨ ਸੋਹੇ ਹਿਰਦੈ ਨਾਮੁ ਵਸਾਏ ॥ ੩ ॥ ਘਰੁ ਦਰੁ ਮਹਲੁ ਸਤਿਗੁਰੂ ਦਿਖਾਇਆ ਰੰਗ ਸਿਉ ਰਲੀਆ ਮਾਣੈ ॥ ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ ॥ ੪ ॥ ੬ ॥ ੧੬ ॥

ਪਦ ਅਰਥ :—ਕਲਿ—ਕਲਜੁਗ । ਪ੍ਰੇਤ—ਭੂਤ-ਪ੍ਰੇਤ, ਉਹ ਰੂਹਾਂ ਜਿਨ੍ਹਾਂ ਦੀ ਗਤੀ ਨਹੀਂ ਹੋਈ । ਪਛਾਤਾ—ਸਾਂਝ ਪਾਈ । ਸਤਜੁਗਿ—ਸਤਜੁਗ ਵਿਚ, ਪਰਮ ਹੰਸ—ਸਭ ਤੋਂ ਉੱਚੇ ਹੰਸ, ਸਭ ਤੋਂ ਚੰਗੇ ਜੀਵਨ ਵਾਲੇ, ਮਹਾ ਪੁਰਖ । ਬੀਚਾਰੀ—ਵਿਚਾਰਵਾਨ, ਜਿਨ੍ਹਾਂ ਨੇ ਨਾਮ ਨੂੰ ਮਨ ਵਿਚ ਵਸਾਇਆ ਹੈ । ਦੁਆਪੁਰਿ—ਦੁਆਪੁਰ ਵਿਚ । ਤ੍ਰੇਤੈ—ਤ੍ਰੇਤੇ ਵਿਚ । ਮਾਨਸ—ਮਨੁੱਖ [ਬਹੁ ਵਚਨ] । ਵਰਤਹਿ—ਵਰਤਣ-ਵਿਹਾਰ ਕਰਦੇ ਹਨ । ਵਿਰਲੈ—ਕਿਸੇ ਵਿਰਲੇ ਨੇ । ੧ ।

ਜੁਗਿ—ਜੁਗ ਵਿਚ । ਜੁਗਿ ਜੁਗਿ—ਹਰੇਕ ਜੁਗ ਵਿਚ । ਗੁਰਮੁਖਿ—ਗੁਰੂ ਦੇ ਸਨ-ਮੁਖ ਰਹਿਣ ਵਾਲੇ ਮਨੁੱਖ ਨੇ । ਜਾਤਾ—ਜਾਣਿਆ, ਡੂੰਘੀ ਸਾਂਝ ਪਾਈ । ਮੁਕਤਿ—ਵਿਕਾਰਾਂ ਤੋਂ ਖ਼ਲਾਸੀ। ਨ ਪਾਈ—(ਕਿਸੇ ਮਨੁੱਖ ਨੇ ਭੀ)ਹਾਸਲ ਨਹੀਂ ਕੀਤੀ।੧।ਰਹਾਉ।

ਹਿਰਦੈ—ਹਿਰਦੇ ਵਿਚ । ਲਖੈ—ਵੇਖ ਲੈਂਦਾ ਹੈ, ਵੱਸਦਾ ਸਹੀ ਕਰ ਲੈਂਦਾ ਹੈ। ਜਨੁ—(ਜਿਹੜਾ) ਮਨੁੱਖ । ਸਾਚਾ—ਸਦਾ-ਥਿਰ । ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ । ਮੰਨਿ—ਮਨਿ, ਮਨ ਵਿਚ । ਤਰੇ—(ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ। ਸਗਲੇ ਕੁਲ—ਸਾਰੀਆਂ ਕੁਲਾਂ । ਨਾਮਿ—ਨਾਮ ਵਿਚ । ਲਿਵ—ਲਗਨ । ੨ ।

ਸਬਦਿ—ਗੁਰੂ ਦੇ ਸ਼ਬਦ ਵਿਚ (ਜੋੜ ਕੇ) । ਜਲਾਏ—ਸਾੜਦਾ ਹੈ । ਮਨਿ—ਮਨ ਵਿਚ । ਸੇ—[ਬਹੁ ਵਚਨ] ਉਹ । ਸੋਹੇ—ਸੋਹਣੇ ਜੀਵਨ ਵਾਲੇ ਬਣ ਗਏ । ਵਸਾਏ—ਵਸਾਇ, ਵਸਾ ਕੇ । ੩ ।

ਘਰੁ—(ਪ੍ਰਭੂ ਦਾ) ਘਰ । ਦਰੁ—(ਪ੍ਰਭੂ ਦਾ)ਦਰਵਾਜ਼ਾ। ਮਹਲੁ—(ਪ੍ਰਭੂ ਦਾ)ਟਿਕਾਣਾ। ਰੰਗ ਸਿਉ—ਆਤਮਕ ਆਨੰਦ ਨਾਲ । ਕਰਿ—ਕਰ ਕੇ, ਸਮਝ ਕੇ । ਨਾਨਕ—ਹੇ ਨਾਨਕ! ਵਖਾਣੈ—(ਸਦਾ) ਉਚਾਰਦਾ ਹੈ । ੪ ।

ਅਰਥ :—ਹੇ ਭਾਈ ! (ਜੁਗ ਭਾਵੇਂ ਕੋਈ ਭੀ ਹੋਵੇ) ਹਰੇਕ ਜੁਗ ਵਿਚ ਗੁਰੂ ਦੀ ਸਰਨ ਪੈਣ ਵਾਲੇ ਮਨੁੱਖ ਨੇ (ਹੀ) ਪਰਮਾਤਮਾ ਨਾਲ ਡੂੰਘੀ ਸਾਂਝ ਪਾਈ ਹੈ । (ਕਿਸੇ ਭੀ ਜੁਗ ਵਿਚ) ਪਰਮਾਤਮਾ ਦੇ ਨਾਮ ਤੋਂ ਬਿਨਾ ਕਿਸੇ ਨੇ ਭੀ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਨਹੀਂ ਕੀਤੀ । (ਇਸ ਤਰ੍ਹਾਂ) ਕਲਜੁਗ ਵਿਚ ਭੀ ਪਰਮਾਤਮਾ ਦੇ ਨਾਮ ਵਿਚ

ਜੁੜਿਆਂ ਹੀ (ਲੋਕ ਪਰਲੋਕ ਦੀ) ਇੱਜ਼ਤ ਮਿਲਦੀ ਹੈ ।੧। ਰਹਾਉ ।

ਹੇ ਭਾਈ ! ਕਲਜੁਗ ਵਿਚ ਪ੍ਰੇਤ (ਸਿਰਫ਼ ਉਹੀ) ਹਨ, ਜਿਨ੍ਹਾਂ ਨੇ ਪਰਮਾਤਮਾ ਨੂੰ (ਆਪਣੇ ਹਿਰਦੇ ਵਿਚ ਵੱਸਦਾ) ਨਹੀਂ ਪਛਾਣਿਆ। ਸਤਜੁਗ ਵਿਚ ਸਭ ਤੋਂ ਉੱਚੇ ਜੀਵਨ ਵਾਲੇ ਉਹੀ ਹਨ, ਜਿਹੜੇ ਆਤਮਕ ਜੀਵਨ ਦੀ ਸੂਝ ਵਾਲੇ ਹੋ ਗਏ (ਸਾਰੇ ਲੋਕ ਸਤਜੁਗ ਵਿਚ ਭੀ ਪਰਮ ਹੰਸ ਨਹੀਂ)। ਦੁਆਪੁਰ ਵਿਚ ਤ੍ਰੇਤੇ ਵਿਚ ਭੀ (ਸਤਜੁਗ ਅਤੇ ਕਲਜੁਗ ਵਰਗੇ ਹੀ) ਮਨੁੱਖ ਵੱਸਦੇ ਹਨ। (ਤਦੋਂ ਭੀ) ਕਿਸੇ ਵਿਰਲੇ ਨੇ ਹੀ (ਆਪਣੇ ਅੰਦਰੋਂ) ਹਉਮੈ ਦੂਰ ਕੀਤੀ ।੧।

ਹੇ ਭਾਈ ! ਜਿਹੜਾ ਮਨੁੱਖ ਸਦਾ-ਥਿਰ ਹਰਿ-ਨਾਮ (ਆਪਣੇ ਅੰਦਰ ਵੱਸਦਾ) ਸਹੀ ਕਰ ਲੈਂਦਾ ਹੈ, ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ (ਹਰਿ-ਨਾਮ ਨੂੰ ਆਪਣੇ) ਮਨ ਵਿਚ ਵਸਾ ਲੈਂਦਾ ਹੈ, (ਉਹ ਮਨੁੱਖ ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ। ਹੇ ਭਾਈ ! ਜਿਨ੍ਹਾਂ ਭੀ ਮਨੁੱਖਾਂ ਨੇ ਪਰਮਾਤਮਾ ਦੇ ਨਾਮ ਵਿਚ ਲਗਨ ਬਣਾਈ, ਉਹ ਆਪ ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ, ਉਹਨਾਂ ਆਪਣੀਆਂ ਸਾਰੀਆਂ ਕੁਲਾਂ ਭੀ ਪਾਰ ਲੰਘਾ ਲਈਆਂ ।੨।

ਹੇ ਭਾਈ ! ਮੇਰਾ ਪਰਮਾਤਮਾ ਗੁਣ ਬਖ਼ਸ਼ਣ ਵਾਲਾ ਹੈ, ਉਹ (ਜੀਵ ਨੂੰ ਗੁਰੂ ਦੇ) ਸ਼ਬਦ ਵਿਚ (ਜੋੜ ਕੇ ਉਸ ਦੇ ਸਾਰੇ) ਔਗਣ ਸਾੜ ਦੇਂਦਾ ਹੈ। ਹੇ ਭਾਈ ! ਜਿਨ੍ਹਾਂ ਦੇ ਮਨ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹ ਹਿਰਦੇ ਵਿਚ ਨਾਮ ਨੂੰ ਵਸਾ ਕੇ ਸੋਹਣੇ ਜੀਵਨ ਵਾਲੇ ਬਣ ਜਾਂਦੇ ਹਨ ।੩।

ਹੇ ਭਾਈ ! ਜਿਸ ਮਨੁੱਖ ਨੂੰ ਗੁਰੂ ਪਰਮਾਤਮਾ ਦਾ ਘਰ ਪਰਮਾਤਮਾ ਦਾ ਦਰ ਪਰਮਾਤਮਾ ਦਾ ਮਹਲ ਵਿਖਾ ਦੇਂਦਾ ਹੈ, ਉਹ ਮਨੁੱਖ ਪ੍ਰੇਮ ਨਾਲ ਪ੍ਰਭੂ-ਚਰਨਾਂ ਦਾ ਮਿਲਾਪ ਮਾਣਦਾ ਹੈ। ਹੇ ਨਾਨਕ ! ਗੁਰੂ ਉਸ ਮਨੁੱਖ ਨੂੰ ਜਿਹੜਾ ਉਪਦੇਸ਼ ਦੇਂਦਾ ਹੈ, ਉਹ ਮਨੁੱਖ ਉਸ ਨੂੰ ਭਲਾ ਜਾਣ ਕੇ ਮੰਨ ਲੈਂਦਾ ਹੈ ਅਤੇ ਪਰਮਾਤਮਾ ਦਾ ਨਾਮ ਸਿਮਰਦਾ ਰਹਿੰਦਾ ਹੈ ।੪।੬।੧੬।

ਭੈਰਉ ਮਹਲਾ ੩ ॥ ਮਨਸਾ ਮਨਹਿ ਸਮਾਇ ਲੇ ਗੁਰ ਸਬਦੀ ਵੀਚਾਰ ॥ ਗੁਰ ਪੂਰੇ ਤੇ ਸੋਝੀ ਪਵੈ ਫਿਰਿ ਮਰੈ ਨ ਵਾਰੋ ਵਾਰ ॥੧॥ ਮਨ ਮੇਰੇ ਰਾਮ ਨਾਮੁ ਆਧਾਰੁ ॥ ਗੁਰ ਪਰਸਾਦਿ ਪਰਮ ਪਦੁ ਪਾਇਆ ਸਭ ਇਛ ਪੁਜਾਵਣਹਾਰੁ ॥੧॥ ਰਹਾਉ ॥ ਸਭ ਮਹਿ ਏਕੋ ਰਵਿ ਰਹਿਆ ਗੁਰ ਬਿਨੁ ਬੂਝ ਨ ਪਾਇ ॥ ਗੁਰਮੁਖਿ ਪ੍ਰਗਟੁ ਹੋਆ ਮੇਰਾ ਹਰਿ ਪ੍ਰਭੁ ਅਨਦਿਨੁ ਹਰਿ ਗੁਣ ਗਾਇ ॥੨॥ ਸੁਖਦਾਤਾ ਹਰਿ ਏਕੁ ਹੈ ਹੋਰਥੈ ਸੁਖੁ ਨ ਪਾਹਿ ॥

ਸਤਿਗੁਰੁ ਜਿਨੀ ਨ ਸੇਵਿਆ ਦਾਤਾ, ਸੇ ਅੰਤਿ ਗਏ ਪਛੁਤਾਹਿ ॥ ੩ ॥ ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਫਿਰਿ ਦੁਖੁ ਨ ਲਾਗੈ ਧਾਇ ॥ ਨਾਨਕ ਹਰਿ ਭਗਤਿ ਪਰਾਪਤਿ ਹੋਈ ਜੋਤੀ ਜੋਤਿ ਸਮਾਇ ॥ ੪ ॥ ੭ ॥ ੧੭ ॥

ਪਦ ਅਰਥ :–ਮਨਸਾ-ਮਨ ਦਾ ਫੁਰਨਾ [ਮਨੀਸ਼ਾ]। ਮਨਹਿ–ਮਨ ਵਿਚ ਹੀ। ਸਮਾਇ ਲੈ–ਲੀਨ ਕਰ ਦੇਹ। ਗੁਰ ਸਬਦੀ–ਗੁਰੂ ਦੇ ਸ਼ਬਦ ਦੀ ਰਾਹੀਂ। ਵੀਚਾਰ–(ਪਰਮਾਤਮਾ ਦੇ ਗੁਣਾਂ ਦੀ) ਵਿਚਾਰ। ਤੇ–ਤੋਂ, ਪਾਸੋਂ। ਪਵੈ–ਪੈਂਦੀ ਹੈ। ਵਾਰੋ ਵਾਰ–ਮੁੜ ਮੁੜ। ੧।

ਮਨ–ਹੇ ਮਨ ! ਆਧਾਰੁ–ਆਸਰਾ। ਪਰਸਾਦਿ–ਕਿਰਪਾ ਨਾਲ। ਪਰਮ ਪਦੁ–ਸਭ ਤੋਂ ਉੱਚਾ ਆਤਮਕ ਦਰਜਾ। ਪੁਜਾਵਣਹਾਰੁ–ਪੂਰੀਆਂ ਕਰ ਸਕਣ ਵਾਲਾ ਹੈ। ੧। ਰਹਾਉ।

ਏਕੋ–ਇਕ ਪਰਮਾਤਮਾ ਹੀ। ਰਵਿ ਰਹਿਆ–ਵਿਆਪਕ ਹੈ। ਬੂਝ–ਸਮਝ। ਗੁਰਮੁਖਿ–ਗੁਰੂ ਦੀ ਰਾਹੀਂ। ਅਨਦਿਨੁ–ਹਰ ਰੋਜ਼, ਹਰ ਵੇਲੇ। ਗਾਇ–ਗਾਂਦਾ ਹੈ। ੨।

ਹੋਰਥੈ–ਕਿਸੇ ਹੋਰ ਥਾਂ ਤੋਂ। ਨ ਪਾਹਿ–ਨਹੀਂ ਪਾ ਸਕਦੇ [ਬਹੁ ਵਚਨ]। ਪਛੁ-ਤਾਹਿ–ਪਛੁਤਾਂਦੇ ਹਨ [ਬਹੁ ਵਚਨ]। ੩।

ਧਾਇ–ਧਾ ਕੇ, ਦੌੜ ਕੇ, ਹੱਲਾ ਕਰ ਕੇ। ਪਰਾਪਤਿ ਹੋਈ–ਭਾਗਾਂ ਅਨੁਸਾਰ ਮਿਲ ਗਈ। ਜੋਤਿ–ਜਿੰਦ। ਜੋਤੀ–ਪਰਮਾਤਮਾ ਦੀ ਜੋਤਿ ਵਿਚ। ਸਮਾਇ–ਲੀਨ ਹੋ ਜਾਂਦੀ ਹੈ [ਇਕ ਵਚਨ]। ੪।

ਅਰਥ :–ਹੇ ਮੇਰੇ ਮਨ ! ਪਰਮਾਤਮਾ ਦੇ ਨਾਮ ਨੂੰ (ਆਪਣਾ) ਆਸਰਾ ਬਣਾ। (ਜਿਹੜਾ ਮਨੁੱਖ ਹਰਿ-ਨਾਮ ਨੂੰ ਆਪਣਾ ਆਸਰਾ ਬਣਾਂਦਾ ਹੈ) ਉਹ ਗੁਰੂ ਦੀ ਕਿਰਪਾ ਨਾਲ ਸਭ ਤੋਂ ਉੱਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ। ਹੇ ਮਨ ! ਪਰਮਾਤਮਾ ਹਰੇਕ ਇੱਛਾ ਪੂਰੀ ਕਰ ਸਕਣ ਵਾਲਾ ਹੈ। ੧। ਰਹਾਉ।

ਹੇ ਭਾਈ ! ਗੁਰੂ ਦੇ ਸ਼ਬਦ ਦੀ ਰਾਹੀਂ (ਪਰਮਾਤਮਾ ਦੇ ਗੁਣਾਂ ਨੂੰ) ਮਨ ਵਿਚ ਵਸਾ ਕੇ ਮਨ ਦੇ (ਮਾਇਕ) ਫੁਰਨਿਆਂ ਨੂੰ (ਅੰਦਰ) ਮਨ ਵਿਚ ਹੀ ਲੀਨ ਕਰ ਦੇਹ। ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਪਾਸੋਂ ਇਹ ਸਮਝ ਹਾਸਲ ਹੋ ਜਾਂਦੀ ਹੈ, ਉਹ ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ। ੧।

ਹੇ ਭਾਈ ! ਸਭ ਜੀਵਾਂ ਵਿਚ ਇਕ ਪਰਮਾਤਮਾ ਹੀ ਵਿਆਪਕ ਹੈ, ਪਰ ਗੁਰੂ ਤੋਂ ਬਿਨਾ ਇਹ ਸਮਝ ਨਹੀਂ ਆਉਂਦੀ। ਜਿਸ ਮਨੁੱਖ ਦੇ ਅੰਦਰ ਗੁਰੂ ਦੀ ਰਾਹੀਂ

ਪਰਮਾਤਮਾ ਪਰਗਟ ਹੋ ਜਾਂਦਾ ਹੈ, ਉਹ ਹਰ ਵੇਲੇ ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ। ੨।

ਹੇ ਭਾਈ! ਸੁਖ ਦੇਣ ਵਾਲਾ ਸਿਰਫ਼ ਪਰਮਾਤਮਾ ਹੀ ਹੈ (ਜਿਹੜੇ ਮਨੁੱਖ ਪਰਮਾਤਮਾ ਦਾ ਆਸਰਾ ਨਹੀਂ ਲੈਂਦੇ) ਉਹ ਹੋਰ ਹੋਰ ਥਾਂ ਤੋਂ ਸੁਖ ਪ੍ਰਾਪਤ ਨਹੀਂ ਕਰ ਸਕਦੇ। ਹੇ ਭਾਈ! ਗੁਰੂ (ਪਰਮਾਤਮਾ ਦੇ ਨਾਮ ਦੀ ਦਾਤਿ) ਦੇਣ ਵਾਲਾ ਹੈ, ਜਿੰਨ੍ਹਾਂ ਨੇ ਗੁਰੂ ਦੀ ਸਰਨ ਨਹੀਂ ਲਈ, ਉਹ ਆਖ਼ਰ ਇਥੋਂ ਜਾਣ ਵੇਲੇ ਹੱਥ ਮਲਦੇ ਹਨ। ੩।

ਹੇ ਭਾਈ! ਜਿਸ ਮਨੁੱਖ ਨੇ ਗੁਰੂ ਦਾ ਆਸਰਾ ਲਿਆ, ਉਸ ਨੇ ਸਦਾ ਆਨੰਦ ਮਾਣਿਆ। ਕੋਈ ਭੀ ਦੁੱਖ ਹੱਲਾ ਕਰ ਕੇ ਉਸ ਨੂੰ ਨਹੀਂ ਚੰਬੜ ਸਕਦਾ। ਹੇ ਨਾਨਕ! ਜਿਸ ਮਨੁੱਖ ਨੂੰ ਭਾਗਾਂ ਨਾਲ ਪਰਮਾਤਮਾ ਦੀ ਭਗਤੀ ਪ੍ਰਾਪਤ ਹੋ ਗਈ, ਉਸ ਦੀ ਜਿੰਦ ਪਰਮਾਤਮਾ ਦੀ ਜੋਤਿ ਵਿਚ ਲੀਨ ਰਹਿੰਦੀ ਹੈ। ੪। ੧। ੧੭।

ਭੈਰਉ ਮਹਲਾ ੩ ॥ ਬਾਝੁ ਗੁਰੂ ਜਗਤੁ ਬਉਰਾਨਾ ਭੂਲਾ ਚੋਟਾ ਖਾਈ॥ ਮਰਿ ਮਰਿ ਜੰਮੈ ਸਦਾ ਦੁਖੁ ਪਾਏ ਦਰ ਕੀ ਖਬਰਿ ਨ ਪਾਈ ॥ ੧ ॥ ਮੇਰੇ ਮਨ ਸਦਾ ਰਹਹੁ ਸਤਿਗੁਰ ਕੀ ਸਰਣਾ ॥ ਹਿਰਦੈ ਹਰਿ ਨਾਮੁ ਮੀਠਾ ਸਦ ਲਾਗਾ ਗੁਰ ਸਬਦੇ ਭਵਜਲੁ ਤਰਣਾ ॥ ੧ ॥ ਰਹਾਉ ॥ ਭੇਖ ਕਰੈ ਬਹੁਤੁ ਚਿਤੁ ਡੋਲੈ ਅੰਤਰਿ ਕਾਮੁ ਕ੍ਰੋਧੁ ਅਹੰਕਾਰੁ ॥ ਅੰਤਰਿ ਤਿਸਾ ਭੂਖ ਅਤਿ ਬਹੁਤੀ ਭਉਕਤ ਫਿਰੈ ਦਰ ਬਾਰੁ ॥ ੨ ॥ ਗੁਰ ਕੈ ਸਬਦਿ ਮਰਹਿ ਫਿਰਿ ਜੀਵਹਿ ਤਿਨ ਕਉ ਮੁਕਤਿ ਦੁਆਰਿ ॥ ਅੰਤਰਿ ਸਾਂਤਿ ਸਦਾ ਸੁਖੁ ਹੋਵੈ ਹਰਿ ਰਾਖਿਆ ਉਰ ਧਾਰਿ ॥ ੩ ॥ ਜਿਉ ਤਿਸੁ ਭਾਵੈ ਤਿਵੈ ਚਲਾਵੈ ਕਰਣਾ ਕਿਛੂ ਨ ਜਾਈ ॥ ਨਾਨਕ ਗੁਰਮੁਖਿ ਸਬਦੁ ਸਮ੍ਹਾਲੇ ਰਾਮ ਨਾਮਿ ਵਡਿਆਈ ॥ ੪ ॥ ੯ ॥ ੧੯ ॥

ਪਦ ਅਰਥ :-ਬਉਰਾਨਾ-ਕਮਲਾ, ਝੱਲਾ। ਭੂਲਾ-ਕੁਰਾਹੇ ਪਿਆ ਹੋਇਆ। ਖਾਈ-ਖਾਂਦਾ ਹੈ। ਮਰਿ ਮਰਿ ਜੰਮੈ-ਮੁੜ ਮੁੜ ਮਰ ਕੇ ਜੰਮਦਾ ਹੈ, ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ। ਦਰ ਕੀ-ਪਰਮਾਤਮਾ ਦੇ ਦਰ ਦੀ। ਖਬਰਿ-ਸੂਝ। ੧।

ਮਨ-ਹੇ ਮਨ! ਹਿਰਦੈ-ਹਿਰਦੇ ਵਿਚ। ਸਦ-ਸਦਾ। ਸਬਦੇ-ਸ਼ਬਦ ਦੀ ਰਾਹੀਂ। ਭਵਜਲੁ-ਸੰਸਾਰ-ਸਮੁੰਦਰ। ੧। ਰਹਾਉ।

ਡੋਲੈ-ਡੋਲਦਾ ਹੈ। ਅੰਤਰਿ-(ਉਸ ਦੇ) ਅੰਦਰ। ਤਿਸਾ-ਤ੍ਰਿਸ਼ਨਾ। ਫਿਰੈ-

ਫਿਰਦਾ ਹੈ। ਦਰ ਬਾਰੁ—(ਹਰੇਕ ਘਰ ਦੇ) ਦਰ ਦਾ ਬੂਹਾ (ਖੜਕਾਂਦਾ ਹੈ)। ੨।

ਸਬਦਿ—ਸ਼ਬਦ ਦੀ ਰਾਹੀਂ। ਮਰਹਿ—ਮਰਦੇ ਹਨ, ਦੁਨੀਆ ਦੀਆਂ ਖਾਹਸ਼ਾਂ ਵਲੋਂ ਮਰਦੇ ਹਨ। ਜੀਵਹਿ—ਆਤਮਕ ਜੀਵਨ ਹਾਸਲ ਕਰ ਲੈਂਦੇ ਹਨ। ਮੁਕਤਿ—ਵਿਕਾਰਾਂ ਤੋਂ ਖ਼ਲਾਸੀ। ਦੁਆਰਿ—ਪ੍ਰਭੂ ਦੇ ਦਰ ਤੇ (ਪਹੁੰਚ)। ਉਰ—ਹਿਰਦਾ। ਧਾਰਿ—ਧਾਰ ਕੇ। ੩।

ਤਿਸੁ—ਉਸ (ਪਰਮਾਤਮਾ) ਨੂੰ। ਭਾਵੈ—ਚੰਗਾ ਲੱਗਦਾ ਹੈ। ਚਲਾਵੈ—ਜੀਵਨ-ਰਾਹ ਤੇ ਤੋਰਦਾ ਹੈ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਸਮ੍ਾਲੇ—ਹਿਰਦੇ ਵਿਚ ਵਸਾਂਦਾ ਹੈ। ਨਾਮਿ—ਨਾਮ ਦੀ ਰਾਹੀਂ। ੪।

ਅਰਥ :—ਹੇ ਮੇਰੇ ਮਨ ! ਸਦਾ ਗੁਰੂ ਦੀ ਸਰਨ ਪਿਆ ਰਹੁ। (ਜਿਹੜਾ ਮਨੁੱਖ ਗੁਰੂ ਦੀ ਸਰਨ ਵਿਚ ਟਿਕਿਆ ਰਹਿੰਦਾ ਹੈ, ਉਸ ਨੂੰ ਆਪਣੇ) ਹਿਰਦੇ ਵਿਚ ਪਰਮਾਤਮਾ ਦਾ ਨਾਮ ਸਦਾ ਪਿਆਰਾ ਲੱਗਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ੧। ਰਹਾਉ।

ਹੇ ਮਨ ! ਗੁਰੂ ਦੀ ਸਰਨ ਤੋਂ ਬਿਨਾ ਜਗਤ (ਵਿਕਾਰਾਂ ਵਿਚ) ਝੱਲਾ ਹੋਇਆ ਫਿਰਦਾ ਹੈ, ਕੁਰਾਹੇ ਪੈ ਕੇ (ਵਿਕਾਰਾਂ ਦੀਆਂ) ਸੱਟਾਂ ਖਾਂਦਾ ਰਹਿੰਦਾ ਹੈ, ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ, ਸਦਾ ਦੁੱਖ ਸਹਿੰਦਾ ਹੈ, ਪਰਮਾਤਮਾ ਦੇ ਦਰ ਦੀ ਉਸ ਨੂੰ ਕੋਈ ਸਮਝ ਨਹੀਂ ਪੈਂਦੀ। ੧।

ਹੇ ਮਨ ! (ਜਿਹੜਾ ਮਨੁੱਖ ਗੁਰੂ ਦੀ ਸਰਨ ਤੋਂ ਖੁੰਝ ਕੇ) ਕਈ (ਧਾਰਮਿਕ) ਭੇਖ ਬਣਾਂਦਾ ਹੈ, ਉਸ ਦਾ ਮਨ (ਵਿਕਾਰਾਂ ਵਿਚ ਹੀ) ਡੋਲਦਾ ਰਹਿੰਦਾ ਹੈ, ਉਸ ਦੇ ਅੰਦਰ ਕਾਮ (ਦਾ ਜ਼ੋਰ) ਹੈ, ਕ੍ਰੋਧ (ਦਾ ਜ਼ੋਰ) ਹੈ, ਅਹੰਕਾਰ (ਦਾ ਜ਼ੋਰ) ਹੈ, ਉਸ ਦੇ ਅੰਦਰ ਮਾਇਆ ਦੀ ਬੜੀ ਤ੍ਰਿਸ਼ਨਾ ਹੈ, ਮਾਇਆ ਦੀ ਬੜੀ ਭੁੱਖ ਹੈ, ਉਹ (ਕੁੱਤੇ ਵਾਂਗ ਰੋਟੀ ਦੀ ਖ਼ਾਤਰ) ਭੌਂਕਦਾ ਫਿਰਦਾ ਹੈ, (ਹਰੇਕ ਘਰ ਦੇ) ਦਰ ਦਾ ਬੂਹਾ (ਖੜਕਾਂਦਾ ਫਿਰਦਾ ਹੈ)। ੨।

ਹੇ ਭਾਈ ! ਜਿਹੜੇ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਵਿਕਾਰਾਂ ਵਲੋਂ) ਮਰਦੇ ਹਨ, ਉਹ ਫਿਰ ਆਤਮਕ ਜੀਵਨ ਹਾਸਲ ਕਰ ਲੈਂਦੇ ਹਨ, ਉਹਨਾਂ ਨੂੰ ਵਿਕਾਰਾਂ ਤੋਂ ਖਲਾਸੀ ਮਿਲ ਜਾਂਦੀ ਹੈ, ਪਰਮਾਤਮਾ ਦੇ ਦਰ ਤੇ (ਉਹਨਾਂ ਦੀ ਪਹੁੰਚ ਹੋ ਜਾਂਦੀ ਹੈ)। ਉਹਨਾਂ ਦੇ ਅੰਦਰ ਸ਼ਾਂਤੀ ਬਣੀ ਰਹਿੰਦੀ ਹੈ ਉਹਨਾਂ ਦੇ ਅੰਦਰ ਸਦਾ ਆਨੰਦ ਬਣਿਆ ਰਹਿੰਦਾ ਹੈ, (ਕਿਉਂਕਿ ਉਹਨਾਂ ਨੇ) ਪਰਮਾਤਮਾ (ਦੇ ਨਾਮ) ਨੂੰ ਆਪਣੇ ਹਿਰਦੇ ਵਿਚ ਟਿਕਾ ਰੱਖਿਆ ਹੁੰਦਾ ਹੈ। ੩।

ਪਰ, ਹੇ ਭਾਈ ! (ਜੀਵਾਂ ਦੇ ਕੁਝ ਵੱਸ ਨਹੀਂ) ਜਿਵੇਂ ਪਰਮਾਤਮਾ ਨੂੰ ਚੰਗਾ

ਲੱਗਦਾ ਹੈ, ਉਸੇ ਤਰ੍ਹਾਂ ਉਹ ਜੀਵਾਂ ਨੂੰ ਜੀਵਨ-ਰਾਹ ਉਤੇ ਤੋਰਦਾ ਹੈ, ਅਸਾਂ ਜੀਵਾਂ ਦਾ ਉਸ ਦੇ ਸਾਹਮਣੇ ਕੋਈ ਜ਼ੋਰ ਨਹੀਂ ਚੱਲ ਸਕਦਾ। ਹੇ ਨਾਨਕ! ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ ਗੁਰੂ ਦਾ ਸ਼ਬਦ ਹਿਰਦੇ ਵਿਚ ਵਸਾਂਦਾ ਹੈ, ਪਰਮਾਤਮਾ ਦੇ ਨਾਮ ਵਿਚ ਜੁੜਨ ਕਰਕੇ ਉਸ ਨੂੰ (ਲੋਕ ਪਰਲੋਕ ਦੀ) ਇੱਜ਼ਤ ਮਿਲ ਜਾਂਦੀ ਹੈ।੪।੮।੧੮।

ਭੈਰਉ ਮਹਲਾ ੩ ॥ ਹਉਮੈ ਮਾਇਆ ਮੋਹਿ ਖੁਆਇਆ ਦੁਖੁ ਖਟੇ ਦੁਖ ਖਾਇ ॥ ਅੰਤਰਿ ਲੋਭ ਹਲਕੁ ਦੁਖੁ ਭਾਰੀ ਬਿਨੁ ਬਿਬੇਕ ਭਰਮਾਇ ॥ ੧ ॥ ਮਨਮੁਖਿ ਧ੍ਰਿਗੁ ਜੀਵਣੁ ਸੈਸਾਰਿ ॥ ਰਾਮਨਾਮੁ ਸੁਪਨੈ ਨਹੀ ਚੇਤਿਆ, ਹਰਿ ਸਿਉ ਕਦੇ ਨ ਲਾਗੈ ਪਿਆਰੁ ॥ ੧ ॥ ਰਹਾਉ ॥ ਪਸੂਆ ਕਰਮ ਕਰੈ ਨਹੀ ਬੂਝੈ ਕੂੜੁ ਕਮਾਵੈ ਕੂੜੋ ਹੋਇ ॥ ਸਤਿਗੁਰੁ ਮਿਲੈ ਤ ਉਲਟੀ ਹੋਵੈ ਖੋਜਿ ਲਹੈ ਜਨੁ ਕੋਇ ॥ ੨ ॥ ਹਰਿ ਹਰਿ ਨਾਮੁ ਰਿਦੈ ਸਦ ਵਸਿਆ ਪਾਇਆ ਗੁਣੀ ਨਿਧਾਨੁ ॥ ਗੁਰ ਪਰਸਾਦੀ ਪੂਰਾ ਪਾਇਆ ਚੂਕਾ ਮਨ ਅਭਿਮਾਨੁ ॥ ੩ ॥ ਆਪੇ ਕਰਤਾ ਕਰੇ ਕਰਾਏ ਆਪੇ ਮਾਰਗਿ ਪਾਏ ॥ ਆਪੇ ਗੁਰਮੁਖਿ ਦੇ ਵਡਿਆਈ ਨਾਨਕ ਨਾਮਿ ਸਮਾਏ ॥ ੪ ॥ ੯ ॥ ੧੯ ॥

ਪਦ ਅਰਥ :–ਮੋਹਿ–ਮੋਹ ਵਿਚ (ਫਸ ਕੇ)। ਖੁਆਇਆ–(ਜੀਵਨ-ਰਾਹ ਤੋਂ) ਖੁੰਝ ਗਿਆ। ਖਾਇ–ਖਾਂਦਾ ਹੈ, ਸਹਾਰਦਾ ਹੈ। ਅੰਤਰਿ–ਅੰਦਰ। ਬਿਬੇਕ––(ਚੰਗੀ ਮੰਦੇ ਕੰਮ ਦੀ) ਪਰਖ ਕਰਨ ਦੀ ਸਮਰਥਾ। ਭਰਮਾਇਆ–ਭਟਕਦਾ ਫਿਰਦਾ ਹੈ।੧।

ਮਨਮੁਖਿ–ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ। ਧ੍ਰਿਗੁ–ਫਿਟਕਾਰ-ਜੋਗ। ਸੈਸਾਰਿ–ਸੰਸਾਰ ਵਿਚ। ਸੁਪਨੈ–ਸੁਪਨੇ ਵਿਚ ਭੀ, ਕਦੇ ਹੀ। ਸਿਉ–ਨਾਲ।੧। ਰਹਾਉ।

ਪਸੂਆ ਕਰਮ–ਪਸ਼ੂਆਂ ਵਾਲੇ ਕੰਮ। ਕਰੈ–ਕਰਦਾ ਹੈ [ਇਕ ਵਚਨ]। ਕੂੜੋ–ਕੂੜ ਹੀ। ਤ–ਤਾਂ, ਤਦੋਂ। ਉਲਟੀ ਹੋਵੈ–ਮਾਇਆ ਦੇ ਮੋਹ ਵਲੋਂ ਸੁਰਤਿ ਪਰਤਦੀ ਹੈ। ਜਨੁ ਕੋਇ–ਕੋਈ ਵਿਰਲਾ ਮਨੁੱਖ। ਲਹੈ–ਲੱਭ ਲੈਂਦਾ ਹੈ।੨।

ਰਿਦੈ–ਹਿਰਦੇ ਵਿਚ। ਸਦ–ਸਦਾ। ਨਿਧਾਨੁ–ਖ਼ਜ਼ਾਨਾ। ਪਰਸਾਦੀ–ਪਰਸਾਦਿ, ਕਿਰਪਾ ਨਾਲ। ਪੂਰਾ–ਅਭੁੱਲ ਪਰਮਾਤਮਾ। ਮਨ ਅਭਿਮਾਨੁ–ਮਨ ਦਾ ਅਹੰਕਾਰ। ਚੂਕਾ–ਮੁੱਕ ਗਿਆ।੩।

ਆਪੇ–ਆਪ ਹੀ। ਮਾਰਗਿ–ਰਸਤੇ ਉਤੇ। ਗੁਰਮੁਖਿ–ਗੁਰੂ ਦੀ ਰਾਹੀਂ। ਦੇ–ਦੇਂਦਾ ਹੈ। ਨਾਮਿ–ਨਾਮ ਵਿਚ।੪।

ਅਰਥ :–ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ ਜਗਤ ਵਿਚ

ਜੀਵਨ (-ਢੰਗ) ਇਹੋ ਜਿਹਾ ਹੀ ਰਹਿੰਦਾ ਹੈ ਕਿ ਉਸ ਨੂੰ ਫਿਟਕਾਰਾਂ ਪੈਂਦੀਆਂ ਰਹਿੰਦੀਆਂ ਹਨ । ਉਹ ਪਰਮਾਤਮਾ ਦਾ ਨਾਮ ਕਦੇ ਭੀ ਯਾਦ ਨਹੀਂ ਕਰਦਾ, ਪਰਮਾਤਮਾ ਨਾਲ ਉਸ ਦਾ ਕਦੇ ਭੀ ਪਿਆਰ ਨਹੀਂ ਬਣਦਾ ।੧।ਰਹਾਉ।

ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਹਉਮੈ ਦੇ ਕਾਰਨ ਮਾਇਆ ਦੇ ਮੋਹ ਦੇ ਕਾਰਨ ਜੀਵਨ-ਰਾਹ ਤੋਂ ਖੁੰਝਿਆ ਰਹਿੰਦਾ ਹੈ। ਉਹ ਉਹੀ ਕੁਝ ਕਰਦਾ ਰਹਿੰਦਾ ਹੈ ਜਿਸ ਤੋਂ ਉਹ ਦੁੱਖ ਹੀ ਸਹੇੜਦਾ ਹੈ ਦੁੱਖ ਹੀ ਸਹਾਰਦਾ ਹੈ। ਉਸ ਦੇ ਅੰਦਰ ਲੋਭ (ਟਿਕਿਆ ਰਹਿੰਦਾ ਹੈ ਜਿਵੇਂ ਕੁੱਤੇ ਨੂੰ) ਹਲਕ (ਹੋ ਜਾਂਦਾ) ਹੈ (ਕੁੱਤਾ ਆਪ ਭੀ ਦੁਖੀ ਹੁੰਦਾ ਹੈ ਲੋਕਾਂ ਨੂੰ ਭੀ ਦੁਖੀ ਕਰਦਾ ਹੈ। ਇਸੇ ਤਰ੍ਹਾਂ ਲੋਭੀ ਨੂੰ) ਬਹੁਤ ਦੁੱਖ ਬਣਿਆ ਰਹਿੰਦਾ ਹੈ। ਚੰਗੇ ਮੰਦੇ ਕੰਮ ਦੀ ਪਰਖ ਨਾਹ ਕਰ ਸਕਣ ਕਰਕੇ ਉਹ (ਮਾਇਆ ਦੀ ਖ਼ਾਤਰ) ਭਟਕਦਾ ਫਿਰਦਾ ਹੈ। ੧ ।

ਹੇ ਭਾਈ ! ਮਨ ਦਾ ਮੁਰੀਦ ਮਨੁੱਖ ਪਸ਼ੂਆਂ ਵਾਲੇ ਕੰਮ ਕਰਦਾ ਹੈ, ਉਸ ਨੂੰ ਸਮਝ ਨਹੀਂ ਆਉਂਦੀ (ਕਿ ਇਹ ਜੀਵਨ-ਰਾਹ ਗ਼ਲਤ ਹੈ)। ਨਾਸਵੰਤ ਮਾਇਆ ਦੀ ਖ਼ਾਤਰ ਦੌੜ-ਭੱਜ ਕਰਦਾ ਕਰਦਾ ਉਸੇ ਦਾ ਰੂਪ ਹੋਇਆ ਰਹਿੰਦਾ ਹੈ। ਪਰ ਜੇ ਉਸ ਨੂੰ ਗੁਰੂ ਮਿਲ ਪਏ, ਤਾਂ ਉਸ ਦੀ ਸੁਰਤਿ ਮਾਇਆ ਵਲੋਂ ਪਰਤ ਜਾਂਦੀ ਹੈ (ਫਿਰ ਉਹ) ਖੋਜ ਕਰ ਕੇ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਲੈਂਦਾ ਹੈ (ਪਰ ਅਜਿਹਾ ਹੁੰਦਾ) ਕੋਈ ਵਿਰਲਾ ਹੀ ਹੈ। ੨ ।

ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਸਦਾ ਵੱਸਿਆ ਰਹਿੰਦਾ ਹੈ, ਉਹ ਮਨੁੱਖ ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਨੂੰ ਮਿਲ ਪੈਂਦਾ ਹੈ। ਗੁਰੂ ਦੀ ਕਿਰਪਾ ਨਾਲ ਉਸ ਨੂੰ ਪੂਰਨ ਪ੍ਰਭੂ ਮਿਲ ਪੈਂਦਾ ਹੈ, ਉਸ ਦੇ ਮਨ ਦਾ ਅਹੰਕਾਰ ਦੂਰ ਹੋ ਜਾਂਦਾ ਹੈ। ੩ ।

(ਪਰ, ਹੇ ਭਾਈ ! ਮਨਮੁਖ ਦੇ ਭੀ ਕੀਹ ਵੱਸ ?) ਪਰਮਾਤਮਾ ਆਪ ਹੀ ਸਭ ਕੁਝ ਕਰਦਾ ਹੈ, ਆਪ ਹੀ (ਜੀਵਾਂ ਪਾਸੋਂ) ਕਰਾਂਦਾ ਹੈ, ਆਪ ਹੀ (ਜੀਵਾਂ ਨੂੰ) ਸਹੀ ਜੀਵਨ-ਰਾਹ ਤੇ ਪਾਂਦਾ ਹੈ, ਆਪ ਹੀ ਗੁਰੂ ਦੀ ਰਾਹੀਂ ਇੱਜ਼ਤ ਬਖ਼ਸ਼ਦਾ ਹੈ। ਹੇ ਨਾਨਕ! (ਜਿਸ ਉਤੇ ਪਰਮਾਤਮਾ ਮਿਹਰ ਕਰਦਾ ਹੈ), ਉਹ ਹਰਿ-ਨਾਮ ਵਿਚ ਲੀਨ ਰਹਿੰਦਾ ਹੈ। ੪।੯।੧੯।

ਭੈਰਉ ਮਲਹਾ ੩ ॥ ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥ ਦੂਜੈ ਭਾਇ ਫਾਥੇ ਜਮ ਜਾਲਾ ॥ ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥ ਹਰਿ ਸੁਖਦਾਤਾ ਮੇਰੈ ਨਾਲਾ ॥ ੧ ॥ ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥ ਸਾਸਨਾ ਤੇ ਬਾਲਕੁ ਗਮੁ ਨ ਕਰੈ ॥੧॥ ਰਹਾਉ॥ ਮਾਤਾ ਉਪਦੇਸੈ ਪ੍ਰਹਿਲਾਦ

ਪਿਆਰੇ ॥ ਪੁਤ੍ਰ ਰਾਮਨਾਮੁ ਛੋਡਹੁ ਜੀਉ ਲੇਹੁ ਉਬਾਰੇ ॥ ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥ ਰਾਮਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥ ੨ ॥ ਸੰਡਾ ਮਰਕਾ ਸਭਿ ਜਾਇ ਪੁਕਾਰੇ ॥ ਪ੍ਰਹਿਲਾਦੁ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ॥ ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥ ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ ॥ ੩ ॥ ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥ ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥ ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ਹ ਉਪਾੜਿ ॥ ਹਰਣਾਖਸੁ ਨਖੀ ਬਿਦਾਰਿਆ ਪ੍ਰਹਿਲਾਦੁ ਲੀਆ ਉਬਾਰਿ ॥੪॥ ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥ ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੇ॥ ਨਾਨਕ ਰਾਮਨਾਮਿ ਸੰਤ ਨਿਸਤਾਰੇ ।੫॥੧੦॥੨੦॥

ਪਦ ਅਰਥ :–ਦੂਜੈ ਭਾਇ–(ਪ੍ਰਭੂ ਨੂੰ ਛੱਡ ਕੇ) ਹੋਰ ਦੇ ਪਿਆਰ ਵਿਚ (ਰਹਿਣ ਵਾਲੇ) । ਜਮ ਜਾਲਾ–ਜਮ ਦਾ ਜਾਲ, ਆਤਮਕ ਮੌਤ ਦਾ ਜਾਲ । ਪ੍ਰਤਿਪਾਲਾ–ਰੱਖੀ । ੧ ।

ਉਪਦੇਸਿ–ਉਪਦੇਸ ਨਾਲ । ਉਚਰੈ–ਉਚਾਰਦਾ ਹੈ, ਜਪਦਾ ਹੈ । ਸਾਸਨਾ–ਤਾੜਨਾ, ਦੰਡ, ਸਰੀਰਕ ਕਸ਼ਟ । ਤੇ–ਤੋਂ । ਗਮੁ–ਗ਼ਮ । ਗਮੁ ਨ ਕਰੈ–ਘਾਬਰਦਾ ਨਹੀਂ, ਡਰਦਾ ਨਹੀਂ ।੧।ਰਹਾਉ।

ਉਪਦੇਸੈ–ਸਮਝਾਂਦੀ ਹੈ । ਪ੍ਰਹਿਲਾਦ–ਹੇ ਪ੍ਰਹਿਲਾਦ ! ਪੁਤ੍ਰ–ਹੇ ਪੁੱਤਰ ! ਜੀਉ–ਜਿੰਦ । ਲੇਹੁ ਉਬਾਰੇ–ਬਚਾ ਲੈ । ਮਾਇ–ਹੇ ਮਾਂ ! ਨ ਛੋਡਾ–ਨ ਛੋਡਾਂ, ਮੈਂ ਨਹੀਂ ਛੱਡਦਾ । ਗੁਰਿ–ਗੁਰੂ ਨੇ । ਦੀਆ ਬੁਝਾਇ–ਸਮਝਾ ਦਿੱਤਾ ਹੈ । ੨ ।

ਸੰਡਾ ਮਰਕਾ–ਸੰਡ ਅਤੇ ਅਮਰਕ । ਸਭਿ–ਸਾਰੇ । ਜਾਇ–ਜਾ ਕੇ। ਚਾਟੜੇ–ਪੜ੍ਹਨ ਵਾਲੇ ਮੁੰਡੇ । ਮਹਿ–ਵਿਚ । ਮੰਤ੍ਰੁ ਪਕਾਇਆ–ਸਲਾਹ ਪੱਕੀ ਕੀਤੀ । ਰਘੁਰਾਇਆ–ਪਰਮਾਤਮਾ । ੩ ।

ਹਾਥਿ–ਹੱਥ ਵਿਚ । ਖੜਗੁ–ਤਲਵਾਰ । ਕਰਿ–ਕਰ ਕੇ, ਲੈ ਕੇ । ਅਤਿ ਅਹੰਕਾਰਿ –ਬੜੇ ਹੀ ਅਹੰਕਾਰ ਨਾਲ । ਕਹਾ–ਕਹਾਂ ? ਕਿੱਥੇ ? ਲਏ ਉਬਾਰਿ–ਉਬਾਰਿ ਲਏ, (ਜੋ ਤੈਨੂੰ) ਬਚਾ ਲਏ । ਭੈਆਨ–ਭਿਆਨਕ । ਉਪਾੜਿ–ਪਾੜ ਕੇ । ਨਖੀ–ਨਖੀਂ, ਨਹੁਆਂ ਨਾਲ । ਬਿਦਾਰਿਆ–ਚੀਰ ਦਿੱਤਾ । ੪ ।

ਕਾਰਜ–ਸਾਰੇ ਕੰਮ । ਉਧਾਰੇ–ਬਚਾ ਲਏ । ਕੈ ਸਬਦਿ–ਦੇ ਸ਼ਬਦ ਦੀ ਰਾਹੀਂ । ਬਿਖੁ–ਜ਼ਹਰ, ਆਤਮਕ ਮੌਤ ਲਿਆਉਣ ਵਾਲੀ ਜ਼ਹਰ । ਨਾਮਿ–ਨਾਮ ਵਿਚ (ਜੋੜ ਕੇ)।

ਨਿਸਤਾਰੇ–ਪਾਰ ਲੰਘਾਂਦਾ ਹੈ । ੫ ।

ਅਰਥ :–ਹੇ ਭਾਈ ! (ਆਪਣੇ) ਗੁਰੂ ਦੀ ਸਿੱਖਿਆ ਉੱਤੇ ਤੁਰ ਕੇ ਪ੍ਰਹਿਲਾਦ ਪਰਮਾਤਮਾ ਦਾ ਨਾਮ ਜਪਦਾ ਹੈ । ਬਾਲਕ (ਪ੍ਰਹਿਲਾਦ) ਕਿਸੇ ਭੀ ਸਰੀਰਕ ਕਸ਼ਟ ਤੋਂ ਡਰਦਾ ਨਹੀਂ । ੧ । ਰਹਾਉ ।

ਹੇ ਭਾਈ ! (ਪ੍ਰਹਿਲਾਦ ਆਪਣੇ ਪੜ੍ਹਾਉਣ ਵਾਲਿਆਂ ਨੂੰ ਨਿੱਤ ਆਖਦਾ ਹੈ–) ਮੇਰੀ ਪੱਟੀ ਉਤੇ ਹਰੀ ਦਾ ਨਾਮ ਲਿਖ ਦਿਉ, ਗੋਬਿੰਦ ਦਾ ਨਾਮ ਲਿਖ ਦਿਉ, ਗੋਪਾਲ ਦਾ ਨਾਮ ਲਿਖ ਦਿਉ । ਜਿਹੜੇ ਮਨੁੱਖ ਨਿਰੇ ਮਾਇਆ ਦੇ ਪਿਆਰ ਵਿਚ ਰਹਿੰਦੇ ਹਨ, ਉਹ ਆਤਮਕ ਮੌਤ ਦੇ ਜਾਲ ਵਿਚ ਫਸੇ ਰਹਿੰਦੇ ਹਨ । ਮੇਰਾ ਗੁਰੂ ਮੇਰੀ ਰੱਖੀ ਕਰ ਰਿਹਾ ਹੈ । ਸਾਰੇ ਸੁਖ ਦੇਣ ਵਾਲਾ ਪਰਮਾਤਮਾ (ਹਰ ਵੇਲੇ) ਮੇਰੇ ਅੰਗ-ਸੰਗ ਵੱਸਦਾ ਹੈ । ੧ ।

ਹੇ ਭਾਈ ! (ਪ੍ਰਹਿਲਾਦ ਨੂੰ ਉਸ ਦੀ) ਮਾਂ ਸਮਝਾਂਦੀ ਹੈ–ਹੇ ਪਿਆਰੇ ਪ੍ਰਹਿਲਾਦ ! ਹੇ (ਮੇਰੇ) ਪੁੱਤਰ ! ਪਰਮਾਤਮਾ ਦਾ ਨਾਮ ਛੱਡ ਦੇਹ, ਆਪਣੀ ਜਿੰਦ ਬਚਾ ਲੈ । (ਅੱਗੋਂ) ਪ੍ਰਹਿਲਾਦ ਆਖਦਾ ਹੈ–ਹੇ ਮੇਰੀ ਮਾਂ ! ਸੁਣ, ਮੈਂ ਪਰਮਾਤਮਾ ਦਾ ਨਾਮ ਨਹੀਂ ਛੱਡਾਂਗਾ (ਇਹ ਨਾਮ ਜਪਣਾ ਮੈਨੂੰ ਮੇਰੇ) ਗੁਰੂ ਨੇ ਸਮਝਾਇਆ ਹੈ । ੨ ।

ਹੇ ਭਾਈ ! ਸੰਡ ਅਮਰਕ ਅਤੇ ਹੋਰ ਸਾਰਿਆਂ ਨੇ ਜਾ ਕੇ (ਹਰਨਾਖਸ਼ ਕੋਲ) ਪੁਕਾਰ ਕੀਤੀ–ਪ੍ਰਹਿਲਾਦ ਆਪ ਵਿਗੜਿਆ ਹੋਇਆ ਹੈ, (ਉਸ ਨੇ) ਸਾਰੇ ਮੁੰਡੇ ਭੀ ਵਿਗਾੜ ਦਿੱਤੇ ਹਨ । ਹੇ ਭਾਈ ! (ਇਹ ਸੁਣ ਕੇ) ਉਹਨਾਂ ਦੁਸ਼ਟਾਂ ਨੇ ਰਲ ਕੇ ਸਲਾਹ ਪੱਕੀ ਕੀਤੀ (ਕਿ ਪ੍ਰਹਿਲਾਦ ਨੂੰ ਮਾਰ ਮੁਕਾਈਏ । ਪਰ) ਪ੍ਰਹਿਲਾਦ ਦਾ ਰਾਖਾ ਆਪ ਪਰਮਾਤਮਾ ਬਣ ਗਿਆ । ੩ ।

ਹੇ ਭਾਈ ! (ਹਰਨਾਖਸ) ਹੱਥ ਵਿਚ ਤਲਵਾਰ ਫੜ ਕੇ ਬੜੇ ਅਹੰਕਾਰ ਨਾਲ (ਪ੍ਰਹਿਲਾਦ ਉੱਤੇ) ਟੁੱਟ ਪਿਆ (ਅਤੇ ਕਹਿਣ ਲੱਗਾ–ਦੱਸ) ਕਿੱਥੇ ਹੈ ਤੇਰਾ ਹਰੀ ਜਿਹੜਾ (ਤੈਨੂੰ) ਬਚਾ ਲਏ ? (ਇਹ ਆਖਣ ਦੀ ਵਿੱਲ ਸੀ ਕਿ ਝੱਟ) ਇਕ ਖਿਨ ਵਿਚ ਹੀ (ਪਰਮਾਤਮਾ) ਭਿਆਨਕ ਰੂਪ (ਧਾਰ ਕੇ) ਥੰਮ੍ਹ ਪਾੜ ਕੇ ਨਿਕਲ ਆਇਆ । (ਉਸ ਨੇ ਨਰਸਿੰਘ ਰੂਪ ਵਿਚ) ਹਰਨਾਖਸ ਨੂੰ (ਆਪਣੇ) ਨਹੁਆਂ ਨਾਲ ਚੀਰ ਦਿੱਤਾ, ਤੇ, ਪ੍ਰਹਿਲਾਦ ਨੂੰ ਬਚਾ ਲਿਆ । ੪ ।

ਹੇ ਭਾਈ ! ਪਰਮਾਤਮਾ ਸਦਾ ਆਪਣੇ ਭਗਤਾਂ ਦੇ ਸਾਰੇ ਕੰਮ ਸਵਾਰਦਾ ਹੈ (ਵੇਖ ! ਉਸ ਨੇ) ਪ੍ਰਹਿਲਾਦ ਦੀਆਂ ਇੱਕੀ ਕੁਲਾਂ (ਭੀ) ਤਾਰ ਦਿੱਤੀਆਂ । ਹੇ ਨਾਨਕ ! ਪਰਮਾ-ਤਮਾ ਆਪਣੇ ਸੰਤਾਂ ਨੂੰ ਗੁਰੂ ਦੇ ਸ਼ਬਦ ਵਿਚ ਜੋੜ ਕੇ (ਉਹਨਾਂ ਦੇ ਅੰਦਰੋਂ) ਆਤਮਕ ਮੌਤ ਲਿਆਉਣ ਵਾਲੀ ਹਉਮੈ ਮੁਕਾ ਦੇਂਦਾ ਹੈ, ਤੇ, ਹਰਿ-ਨਾਮ ਵਿਚ ਜੋੜ ਕੇ ਉਹਨਾਂ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ । ੫ । ੧੦ । ੨੦ ।

ਭੈਰਉ ਮਹਲਾ ੩ ॥ ਆਪੇ ਦੈਤ ਲਾਇ ਦਿਤੇ ਸੰਤ ਜਨਾ ਕਉ, ਆਪੇ ਰਾਖਾ ਸੋਈ ॥ ਜੋ ਤੇਰੀ ਸਦਾ ਸਰਣਾਈ ਤਿਨ ਮਨਿ ਦੁਖੁ ਨ ਹੋਈ ॥ ੧ ॥ ਜੁਗਿ ਜੁਗਿ ਭਗਤਾ ਕੀ ਰਖਦਾ ਆਇਆ ॥ ਦੈਤ ਪੁਤ੍ਰੁ ਪ੍ਰਹਲਾਦੁ ਗਾਇਤ੍ਰੀ ਤਰਪਣੁ ਕਿਛੂ ਨ ਜਾਣੈ ਸਬਦੇ ਮੇਲਿ ਮਿਲਾਇਆ ॥ ੧ ॥ ਰਹਾਉ ॥ ਅਨਦਿਨੁ ਭਗਤਿ ਕਰਹਿ ਦਿਨ ਰਾਤੀ ਦੁਬਿਧਾ ਸਬਦੇ ਖੋਈ ॥ ਸਦਾ ਨਿਰਮਲ ਹੈ ਜੋ ਸਚਿ ਰਾਤੇ ਸਚੁ ਵਸਿਆ ਮਨਿ ਸੋਈ ॥ ੨ ॥ ਮੂਰਖ ਦੁਬਿਧਾ ਪੜ੍ਹਹਿ ਮੂਲੁ ਨ ਪਛਾਣਹਿ ਬਿਰਥਾ ਜਨਮੁ ਗਵਾਇਆ ॥ ਸੰਤ ਜਨਾ ਕੀ ਨਿੰਦਾ ਕਰਹਿ ਦੁਸਟੁ ਦੈਤੁ ਚਿੜਾਇਆ ॥ ੩ ॥ ਪ੍ਰਹਲਾਦੁ ਦੁਬਿਧਾ ਨ ਪੜੈ ਹਰਿਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ॥ਸੰਤ ਜਨਾ ਕਾ ਹਰਿ ਜੀਉ ਰਾਖਾ ਦੈਤੈ ਕਾਲੁ ਨੇੜਾ ਆਇਆ ॥ ੪ ॥ ਆਪਣੀ ਪੈਜ ਆਪੇ ਰਾਖੈ ਭਗਤਾਂ ਦੇਇ ਵਡਿਆਈ ॥ ਨਾਨਕ ਹਰਣਾਖਸੁ ਨਖੀ ਬਿਦਾਰਿਆ, ਅੰਧੈ ਦਰ ਕੀ ਖਬਰਿ ਨ ਪਾਈ ॥ ੫ ॥ ੧੧ ॥ ੨੧ ॥

ਪਦ ਅਰਥ :-ਦੈਤ-ਦੈਂਤ, ਦੁਸ਼ਟ, ਦੁਰਜਨ । ਆਪੇ-ਆਪ ਹੀ (ਪਰਮਾਤਮਾ ਨੇ) । ਤਿਨ ਮਨਿ-ਉਹਨਾਂ ਦੇ ਮਨ ਵਿਚ । ੧ ।

ਜੁਗਿ ਜੁਗਿ-ਹਰੇਕ ਜੁਗ ਵਿਚ । ਦੈਤ ਪੁਤ੍ਰੁ-ਦੈਂਤ (ਹਰਨਾਖਸ) ਦਾ ਪੁੱਤਰ । ਤਰਪਣੁ-ਪਿਤਰਾਂ ਨਿਮਿਤ ਪਾਣੀ ਅਰਪਣ ਕਰਨਾ-ਇਹ ਹਰ ਰੋਜ਼ ਕੀਤੇ ਜਾਣ ਵਾਲੇ ਪੰਜ ਜੱਗਾਂ ਵਿਚੋਂ ਇਕ ਹੈ। ਹਰੇਕ ਹਿੰਦੂ ਇਸ ਦਾ ਕਰਨਾ ਜ਼ਰੂਰੀ ਸਮਝਦਾ ਹੈ।

ਗਾਇਤ੍ਰੀ-ਇਕ ਬੜੀ ਪਵਿਤ੍ਰ ਤੁਕ, ਜਿਸ ਦਾ ਪਾਠ ਹਰੇਕ ਬ੍ਰਾਹਮਣ ਸਵੇਰੇ ਸ਼ਾਮ ਕਰਦਾ ਹੈ। ਇਸ ਦੇ ਮੁੜ ਮੁੜ ਪਾਠ ਨਾਲ ਵੱਡੇ ਵੱਡੇ ਪਾਪ ਭੀ ਨਾਸ ਹੋ ਜਾਂਦੇ ਮੰਨੇ ਗਏ ਹਨ-

नत्सवितु र्वरेण्यं भर्गो देवस्य धीमही धियो यो नः प्रचोदयात्

R V. 3. 62. 10

ਸਬਦੇ-ਗੁਰੂ ਦੇ ਸ਼ਬਦ ਵਿਚ । ਮੇਲਿ-ਜੋੜ ਕੇ । ਮਿਲਾਇਆ-ਆਪਣੇ ਨਾਲ ਮਿਲਾ ਲਿਆ । ੧ । ਰਹਾਉ ।

ਅਨਦਿਨੁ-ਹਰ ਰੋਜ਼, ਹਰ ਵੇਲੇ । ਕਰਹਿ-ਕਰਦੇ ਹਨ [ਬਹੁ ਵਚਨ]। ਦੁਬਿਧਾ -ਮੇਰ-ਤੇਰ, ਵਿਤਕਰਾ । ਖੋਈ-ਮੁਕਾ ਲਈ । ਨਿਰਮਲ-ਪਵਿੱਤਰ । ਸਚਿ-ਸਦਾ-ਥਿਰ ਹਰਿ-ਨਾਮ ਵਿਚ । ਰਾਤੇ-ਰੰਗੇ ਹੋਏ, ਮਸਤ, ਰੱਤੇ ਹੋਏ । ਸਚੁ-ਸਦਾ ਕਾਇਮ ਰਹਿਣ ਵਾਲਾ ਪ੍ਰਭੂ । ਮਨਿ-(ਉਹਨਾਂ ਦੇ) ਮਨ ਵਿਚ । ੨ ।

ਪੜਹਿ—ਪੜ੍ਹਦੇ ਹਨ [ਬਹੁ ਵਚਨ]। ਦੁਬਿਧਾ ਪੜਹਿ—ਵਿਤਕਰੇ ਪੈਦਾ ਕਰਨ ਵਾਲੀ ਵਿੱਦਿਆ ਪੜ੍ਹਦੇ ਹਨ। ਮੂਲੁ—ਜਗਤ ਦਾ ਪੈਦਾ ਕਰਨ ਵਾਲਾ। ਬਿਰਥਾ—ਵਿਅਰਥ । ਦੁਸਟੁ ਦੈਤੁ—ਦੁਸ਼ਟ (ਹਰਨਾਖਸ) ਦੈਂਤ ਨੂੰ । ਚਿੜਾਇਆ—ਚੁੱਕਿਆ, (ਪ੍ਰਹਿਲਾਦ ਦੇ ਵਿਰੁੱਧ) ਗੁੱਸੇ ਵਿਚ ਲਿਆਂਦਾ । ੩ ।

ਪੜੈ—ਪੜ੍ਹਦਾ ਹੈ [ਇਕ ਵਚਨ] । ਕਾਲੁ—ਮੌਤ। ਦੈਤੈ—ਦੈਂਤ ਦਾ । ੪ ।

ਪੈਜ—ਲਾਜ, ਇੱਜ਼ਤ। ਦੇਇ—ਦੇਂਦਾ ਹੈ। ਨਖੀ—ਨਖੀਂ, ਨਹੁਆਂ ਨਾਲ। ਬਿਦਾਰਿਆ—ਚੀਰ ਦਿੱਤਾ। ਅੰਧੇ—(ਅਹੰਕਾਰ ਵਿਚ) ਅੰਨ੍ਹੇ ਹੋ ਚੁਕੇ ਨੇ । ਦਰ—ਪਰਮਾਤਮਾ ਦਾ ਦਰ। ਖਬਰਿ—ਸੂਝ। ੫ ।

ਅਰਥ :—ਹੇ ਭਾਈ ! ਹਰੇਕ ਜੁਗ ਵਿਚ (ਪਰਮਾਤਮਾ ਆਪਣੇ) ਭਗਤਾਂ ਦੀ (ਇੱਜ਼ਤ) ਰੱਖਦਾ ਆਇਆ ਹੈ । (ਵੇਖੋ) ਦੈਂਤ (ਹਰਨਾਖਸ) ਦਾ ਪੁੱਤਰ ਪ੍ਰਹਿਲਾਦ ਗਾਇਤ੍ਰੀ (ਮੰਤ੍ਰ ਦਾ ਪਾਠ ਕਰਨਾ; ਪਿਤਰਾਂ ਦੀ ਪ੍ਰਸੰਨਤਾ ਵਾਸਤੇ) ਪੂਜਾ-ਅਰਚਾ (ਕਰਨੀ—) ਇਹ ਕੁਝ ਭੀ ਨਹੀਂ ਸੀ ਜਾਣਦਾ। (ਪਰਮਾਤਮਾ ਨੇ ਉਸ ਨੂੰ ਗੁਰੂ ਦੇ) ਸ਼ਬਦ ਵਿਚ ਜੋੜ ਕੇ (ਆਪਣੇ ਚਰਨਾਂ ਵਿਚ) ਜੋੜ ਲਿਆ। ੧। ਰਹਾਉ ।

ਹੇ ਭਾਈ ! ਪਰਮਾਤਮਾ ਆਪ ਹੀ (ਆਪਣੇ) ਸੰਤ ਜਨਾਂ ਨੂੰ (ਦੁੱਖ ਦੇਣ ਲਈ ਉਹਨਾਂ ਨੂੰ) ਦੈਂਤ ਚੰਬੋੜ ਦੇਂਦਾ ਹੈ, ਪਰ ਉਹ ਪ੍ਰਭੂ ਆਪ ਹੀ (ਸੰਤ ਜਨਾਂ ਦਾ) ਰਾਖਾ ਬਣਦਾ ਹੈ। ਹੇ ਪ੍ਰਭੂ ! ਜਿਹੜੇ ਮਨੁੱਖ ਤੇਰੀ ਸਰਨ ਵਿਚ ਸਦਾ ਟਿਕੇ ਰਹਿੰਦੇ ਹਨ (ਦੁਸ਼ਟ ਭਾਵੇਂ ਕਿਤਨੇ ਹੀ ਕਸ਼ਟ ਉਹਨਾਂ ਨੂੰ ਦੇਣ)ਉਹਨਾਂ ਦੇ ਮਨ ਵਿਚ ਕੋਈ ਤਕਲੀਫ਼ ਨਹੀਂ ਹੁੰਦੀ । ੧ ।

ਹੇ ਭਾਈ ! ਜਿਹੜੇ ਮਨੁੱਖ ਦਿਨ ਰਾਤ ਹਰ ਵੇਲੇ ਪਰਮਾਤਮਾ ਦੀ ਭਗਤੀ ਕਰਦੇ ਹਨ, ਉਹਨਾਂ ਨੇ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰੋਂ) ਮੇਰ-ਤੇਰ ਮੁਕਾ ਲਈ ਹੁੰਦੀ ਹੈ। ਹੇ ਭਾਈ ! ਜਿਹੜੇ ਮਨੁੱਖ ਸਦਾ-ਥਿਰ ਹਰਿ-ਨਾਮ ਵਿਚ ਰੱਤੇ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਉਹ ਸਦਾ-ਥਿਰ ਪ੍ਰਭੂ ਹੀ ਵੱਸਿਆ ਰਹਿੰਦਾ ਹੈ ਉਹਨਾਂ ਦਾ ਜੀਵਨ ਸਦਾ ਪਵਿੱਤਰ ਟਿਕਿਆ ਰਹਿੰਦਾ ਹੈ। ੨ ।

ਹੇ ਭਾਈ ! ਮੂਰਖ ਲੋਕ ਮੇਰ-ਤੇਰ (ਪੈਦਾ ਕਰਨ ਵਾਲੀ ਵਿੱਦਿਆ ਹੀ ਨਿੱਤ)ਪੜ੍ਹਦੇ ਹਨ, ਰਚਨਹਾਰ ਕਰਤਾਰ ਨਾਲ ਸਾਂਝ ਨਹੀਂ ਪਾਂਦੇ, ਸੰਤ ਜਨਾਂ ਦੀ ਨਿੰਦਾ (ਭੀ) ਕਰਦੇ ਹਨ (ਇਸ ਤਰ੍ਹਾਂ ਆਪਣਾ) ਜੀਵਨ ਵਿਅਰਥ ਗਵਾ ਦੇਂਦੇ ਹਨ। (ਇਹੋ ਜਿਹੇ ਮੂਰਖ ਸੰਡ ਅਮਰਕ ਆਦਿਕਾਂ ਨੇ ਹੀ) ਦੁਸ਼ਟ ਦੈਂਤ (ਹਰਨਾਖਸ) ਨੂੰ (ਪ੍ਰਹਿਲਾਦ ਦੇ ਵਿਰੁਧ) ਭੜਕਾਇਆ ਸੀ। ੩ ।

ਪਰ ਹੇ ਭਾਈ ! ਪ੍ਰਹਿਲਾਦ ਮੇਰ-ਤੇਰ (ਪੈਦਾ ਕਰਨ ਵਾਲੀ ਵਿੱਦਿਆ) ਨਹੀਂ

ਪੜ੍ਹਦਾ, ਉਹ ਪਰਮਾਤਮਾ ਦਾ ਨਾਮ ਨਹੀਂ ਛੱਡਦਾ, ਉਹ ਕਿਸੇ ਦਾ ਡਰਾਇਆ ਡਰਦਾ ਨਹੀਂ । ਹੇ ਭਾਈ ! ਪਰਮਾਤਮਾ ਆਪਣੇ ਸੰਤ ਜਨਾਂ ਦਾ ਰਖਵਾਲਾ ਆਪ ਹੈ । (ਪ੍ਰਹਿਲਾਦ ਨਾਲ ਅੱਡਾ ਲਾ ਕੇ ਮੂਰਖ ਹਰਨਾਖਸ਼) ਦੈਂਤ ਦਾ ਕਾਲ (ਸਗੋਂ) ਨੇੜੇ ਆ ਪਹੁੰਚਿਆ । ੪ ।

ਹੇ ਭਾਈ ! (ਭਗਤਾਂ ਦੀ ਇੱਜ਼ਤ ਤੇ ਪਰਮਾਤਮਾ ਦੀ ਇੱਜ਼ਤ ਸਾਂਝੀ ਹੈ । ਭਗਤਾਂ ਦੀ ਇੱਜ਼ਤ ਨੂੰ ਆਪਣੀ ਇੱਜ਼ਤ ਜਾਣ ਕੇ) ਪਰਮਾਤਮਾ (ਭਗਤਾਂ ਦੀ ਮਦਦ ਕਰ ਕੇ) ਆਪਣੀ ਇੱਜ਼ਤ ਆਪ ਬਚਾਂਦਾ ਹੈ, (ਆਪਣੇ) ਭਗਤਾਂ ਨੂੰ (ਸਦਾ) ਵਡਿਆਈ ਬਖ਼ਸ਼ਦਾ ਹੈ । (ਤਾਹੀਏਂ) ਹੇ ਨਾਨਕ ! (ਪਰਮਾਤਮਾ ਨੇ ਨਰਸਿੰਘ ਰੂਪ ਧਾਰ ਕੇ) ਹਰਨਾਖਸ ਨੂੰ (ਆਪਣੇ) ਨਹੁਆਂ ਨਾਲ ਚੀਰ ਦਿੱਤਾ । (ਤਾਕਤ ਦੇ ਮਾਣ ਵਿਚ) ਅੰਨ੍ਹੇ ਹੋ ਚੁਕੇ (ਹਰਨਾ-ਖਸ) ਨੇ ਪਰਮਾਤਮਾ ਦੇ ਦਰ ਦਾ ਭੇਤ ਨਾਹ ਸਮਝਿਆ । ੫ । ੧੧ । ੨੧ । ੮ । ੨੧। । ੨੯ ।

ਵੇਰਵਾ ਸ਼ਬਦਾਂ ਦਾ—

ਭੈਰਉ ਮਹਲਾ ੧— ੮

ਭੈਰਉ ਮਹਲਾ ੩—੨੧

———

ਜੋੜ ੨੯

ਰਾਗੁ ਭੈਰਉ ਮਹਲਾ ੪ ਚਉਪਦੇ ਘਰੁ ੧

੧ ਓ ਸਤਿਗੁਰਪ੍ਰਸਾਦਿ ॥ ਹਰਿ ਜਨ ਸੰਤ ਕਰਿ ਕਿਰਪਾ ਪਗਿ ਲਾਇਣੁ ॥ ਗੁਰ ਸਬਦੀ ਹਰਿ ਭਜੁ ਸੁਰਤਿ ਸਮਾਇਣੁ ॥ ੧ ॥ ਮੇਰੇ ਮਨ ਹਰਿ ਭਜੁ ਨਾਮੁ ਨਰਾਇਣੁ ॥ ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਭਵਜਲੁ ਹਰਿਨਾਮਿ ਤਰਾਇਣੁ ॥ ੧ ॥ ਰਹਾਉ ॥ ਸੰਗਤਿ ਸਾਧ ਮੇਲਿ ਹਰਿ ਗਾਇਣੁ ॥ ਗੁਰਮਤੀ ਲੇ ਰਾਮ ਰਸਾਇਣੁ ॥ ੨ ॥ ਗੁਰ ਸਾਧੂ ਅੰਮ੍ਰਿਤ ਗਿਆਨ ਸਰਿ ਨਾਇਣੁ ॥ ਸਭਿ ਕਿਲਵਿਖ ਪਾਪ ਗਏ ਗਾਵਾਇਣੁ ॥ ੩ ॥ ਤੂ ਆਪੇ ਕਰਤਾ ਸ੍ਰਿਸਟਿ ਧਰਾਇਣੁ ॥ ਜਨੁ ਨਾਨਕੁ ਮੇਲਿ ਤੇਰਾ ਦਾਸ ਦਸਾਇਣੁ ॥ ੪ ॥ ੧ ॥

ਪਦ ਅਰਥ:—ਕਰਿ—ਕਰ ਕੇ । ਪਗਿ—ਪੈਰ ਵਿਚ, ਚਰਨੀਂ । ਲਾਇਣੁ—ਲਾਣ

ਵਾਲਾ ਹੈ । ਗੁਰ ਸਬਦੀ—ਗੁਰੂ ਦੇ ਸ਼ਬਦ ਦੀ ਰਾਹੀਂ । ਭਜੁ—ਜਪਿਆ ਕਰ। ਸਮਾਇਣੁ—ਜਾਗ (ਨਾਮ ਦੀ) । ੧ ।

ਮਨ—ਹੇ ਮਨ ! ਸੁਖਦਾਤਾ—ਸੁਖਾਂ ਦਾ ਦਾਤਾ । ਗੁਰਮੁਖਿ—ਗੁਰੂ ਦੀ ਰਾਹੀਂ । ਭਵਜਲੁ—ਸੰਸਾਰ-ਸਮੁੰਦਰ । ਨਾਮਿ—ਨਾਮ ਵਿਚ (ਜੋੜ ਕੇ) । ੧ । ਰਹਉ ।

ਮੇਲਿ—ਮੇਲ ਵਿਚ । ਹਰਿ ਗਾਇਣੁ—ਹਰੀ ਦੀ ਸਿਫ਼ਤਿ ਸਾਲਾਹ । ਗੁਰਮਤੀ—ਗੁਰੂ ਦੀ ਮਤਿ ਉਤੇ ਤੁਰ ਕੇ । ਰਸਾਇਣੁ—[ਰਸ-ਅਯਨ] ਸਾਰੇ ਰਸਾਂ ਦਾ ਘਰ । ੨ ।

ਗਿਆਨ ਸਰਿ—ਗਿਆਨ ਦੇ ਸਰੋਵਰ ਵਿਚ । ਸਾਧੂ—ਗੁਰੂ । ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ । ਨਾਇਣੁ—ਇਸ਼ਨਾਨ । ਸਭਿ—ਸਾਰੇ । ਕਿਲਵਿਖ—ਪਾਪ । ੩ ।

ਆਪੇ—ਆਪ ਹੀ । ਧਰਾਇਣੁ—ਆਸਰਾ । ਮੇਲਿ—ਮਿਲਾ (ਆਪਣੇ ਚਰਨਾਂ ਵਿਚ)। ਦਾਸ ਦਸਾਇਣੁ—ਦਾਸਾਂ ਦਾ ਦਾਸ । ੪ ।

ਅਰਥ :—ਹੇ ਮੇਰੇ ਮਨ! ਹਰੀ ਦਾ ਨਾਮ ਜਪਿਆ ਕਰ,ਨਾਰਾਇਣ ਨਾਰਾਇਣ ਜਪਿਆ ਕਰ । ਸਾਰੇ ਸੁਖਾਂ ਦਾ ਦੇਣ ਵਾਲਾ ਪਰਮਾਤਮਾ ਜਿਸ ਮਨੁੱਖ ਉਤੇ ਕਿਰਪਾ ਕਰਦਾ ਹੈ, ਉਸ ਨੂੰ ਗੁਰੂ ਦੀ ਸਰਨ ਵਿਚ ਰੱਖ ਕੇ ਆਪਣੇ ਨਾਮ ਦੀ ਰਾਹੀਂ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ । ੧। ਰਹਾਉ ।

ਹੇ ਮੇਰੇ ਮਨ ! (ਪਰਮਾਤਮਾ ਆਪ) ਕਿਰਪਾ ਕਰ ਕੇ (ਜਿਸ ਮਨੁੱਖ ਨੂੰ ਆਪਣੇ) ਸੰਤ ਜਨਾਂ ਦੀ ਚਰਨੀਂ ਲਾਂਦਾ ਹੈ (ਉਹ ਮਨੁੱਖ ਹਰਿ ਨਾਮ ਜਪਦਾ ਹੈ)। ਹੇ ਮਨ ! (ਤੂੰ ਭੀ ਗੁਰੂ ਦੀ ਸਰਨ ਪਉ, ਤੇ) ਗੁਰੂ ਦੇ ਸ਼ਬਦ ਦੀ ਰਾਹੀਂ ਪਰਮਾਤਮਾ ਦਾ ਨਾਮ ਜਪ, ਆਪਣੀ ਸੁਰਤਿ ਵਿਚ ਹਰਿ-ਨਾਮ ਦੀ ਜਾਗ ਲਾ । ੧ ।

ਹੇ ਮੇਰੇ ਮਨ ! ਸਾਧ ਸੰਗਤਿ ਦੇ ਮੇਲ ਵਿਚ ਟਿਕ ਕੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਿਆ ਕਰ, ਗੁਰੂ ਦੀ ਮਤਿ ਉਤੇ ਤੁਰ ਕੇ ਪਰਮਾਤਮਾ ਦਾ ਨਾਮ ਜਪਿਆ ਕਰ, ਇਹ ਨਾਮ ਹੀ ਸਾਰੇ ਰਸਾਂ ਦਾ ਘਰ ਹੈ । ੨ ।

ਹੇ ਮੇਰੇ ਮਨ ! ਜਿਹੜਾ ਮਨੁੱਖ ਗੁਰੂ ਦੇ ਆਤਮਕ ਜੀਵਨ ਦੇਣ ਵਾਲੇ ਗਿਆਨ-ਸਰੋਵਰ ਵਿਚ ਇਸ਼ਨਾਨ ਕਰਦਾ ਹੈ, ਉਸ ਦੇ ਸਾਰੇ ਪਾਪ ਸਾਰੇ ਐਬ ਦੂਰ ਹੋ ਜਾਂਦੇ ਹਨ । ੩ ।

ਹੇ ਪ੍ਰਭੂ ! ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਹੈਂ, ਤੂੰ ਆਪ ਹੀ ਸਾਰੀ ਸ੍ਰਿਸ਼ਟੀ ਦਾ ਆਸਰਾ ਹੈਂ । ਦਾਸ ਨਾਨਕ ਨੂੰ (ਆਪਣੇ ਚਰਨਾਂ ਵਿਚ) ਮਿਲਾਈ ਰੱਖ, (ਨਾਨਕ) ਤੇਰੇ ਦਾਸਾਂ ਦਾ ਦਾਸ ਹੈ । ੪ । ੧ ।

ਭੈਰਉ ਮਹਲਾ ੪ ॥ ਬੋਲਿ ਹਰਿਨਾਮੁ ਸਫਲ ਸਾ ਘਰੀ ॥ ਗੁਰ

ਉਪਦੇਸਿ ਸਭਿ ਦੁਖ ਪਰਹਰੀ ॥ ੧ ॥ ਮੇਰੇ ਮਨ ਹਰਿ ਭਜੁ ਨਾਮੁ ਨਰਹਰੀ॥ ਕਰਿ ਕਿਰਪਾ ਮੇਲਹੁ ਗੁਰੁ ਪੂਰਾ ਸਤ ਸੰਗਤਿ ਸੰਗਿ ਸਿੰਧੁ ਭਉ ਤਰੀ ॥ ੧ ॥ ਰਹਾਉ ॥ ਜਗ ਜੀਵਨੁ ਧਿਆਇ ਮਨਿ ਹਰਿ ਸਿਮਰੀ ॥ ਕੋਟ ਕੋਟੰਤਰ ਤੇਰੇ ਪਾਪ ਪਰਹਰੀ ॥ ੨ ॥ ਸਤਸੰਗਤਿ ਸਾਧ ਧੂਰਿ ਮੁਖਿ ਪਰੀ॥ ਇਸਨਾਨੁ ਕੀਓ ਅਠਸਠਿ ਸੁਰਸਰੀ ॥ ੩ ॥ ਹਮ ਮੂਰਖ ਕਉ ਹਰਿ ਕਿਰਪਾ ਕਰੀ ॥ ਜਨੁ ਨਾਨਕੁ ਤਾਰਿਓ ਤਾਰਣ ਹਰੀ ॥ ੪ ॥ ੨ ॥

ਪਦ ਅਰਥ :–ਬੋਲਿ–ਬੋਲਿਆ ਕਰ, ਜਪਿਆ ਕਰ। ਸਾ ਘਰੀ–ਉਹ ਘੜੀ। ਉਪਦੇਸਿ–ਉਪਦੇਸ਼ ਦੀ ਰਾਹੀਂ। ਸਭਿ ਦੁਖ–ਸਾਰੇ ਦੁਖ। ਪਰਹਰੀ–ਪਰਹਰਿ, ਦੂਰ ਕਰ ਲੈ। ੧।

ਮਨ–ਹੇ ਮਨ! ਨਾਮੁ ਨਰਹਰੀ–ਪਰਮਾਤਮਾ ਦਾ ਨਾਮ [ਨਰਹਰੀ–ਨਰਸਿੰਘ]। ਕਰਿ–ਕਰ ਕੇ। ਮੇਲਹੁ–ਤੂੰ ਮਿਲਾਂਦਾ ਹੈਂ। ਸੰਗਿ–ਨਾਲ। ਸਿੰਧੁ ਭਉ–ਭਵਸਾਗਰ [ਸੰਧੁ–ਸਾਗਰ, ਸਮੁੰਦਰ]। ਤਰੀ–ਤਰ ਜਾਂਦਾ ਹੈ। ੧। ਰਹਾਉ।

ਜਗ ਜੀਵਨੁ–ਜਗਤ ਦਾ ਆਸਰਾ। ਮਨਿ–ਮਨ ਵਿਚ। ਸਿਮਰੀ–ਸਿਮਰਿ। ਕੋਟੁ–ਕਿਲ੍ਹਾ, ਸਰੀਰ-ਕਿਲ੍ਹਾ [ਇਕ ਵਚਨ]। ਕੋਟ–[ਬਹੁ ਵਚਨ] (ਅਨੇਕਾਂ) ਸਰੀਰ। ਕੋਟ ਕੋਟੰਤਰ–ਕੋਟ ਕੋਟ ਅੰਤਰ, ਹੋਰ ਹੋਰ ਅਨੇਕਾਂ ਸਰੀਰ। ਕੋਟ ਕੋਟੰਤਰ ਪਾਪ–ਅਨੇਕਾਂ ਜਨਮਾਂ ਦੇ ਪਾਪ। ਪਰਹਰੀ–ਦੂਰ ਕਰ ਦੇਵੇਗਾ। ੨।

ਮੁਖਿ–ਮੂੰਹ ਉਤੇ, ਮੱਥੇ ਉਤੇ। ਪਰੀ–ਪੈਂਦੀ ਹੈ। ਅਠਸਠਿ–ਅਠਾਹਠ (ਤੀਰਥ)। ਸੁਰਸਰੀ–ਗੰਗਾ। ੩।

ਹਮ ਮੂਰਖ ਕਉ–ਮੈਂ ਮੂਰਖ ਉੱਤੇ। ਕਰੀ–ਕੀਤੀ ਹੈ। ਤਾਰਿਓ–ਤਾਰ ਲਿਆ ਹੈ। ਤਾਰਣ ਹਰੀ–ਤਾਰਣਹਾਰ ਹਰੀ ਨੇ। ੪।

ਅਰਥ :–ਹੇ ਮੇਰੇ ਮਨ! ਹਰੀ ਦਾ, ਪਰਮਾਤਮਾ ਦਾ ਨਾਮ ਜਪਿਆ ਕਰ (ਤੇ, ਆਖਿਆ ਕਰ–ਹੇ ਪ੍ਰਭੂ!) ਕਿਰਪਾ ਕਰ ਕੇ ਜਿਸ ਮਨੁੱਖ ਨੂੰ ਤੂੰ ਪੂਰਾ ਗੁਰੂ ਮਿਲਾਂਦਾ ਹੈਂ ਉਹ ਸਤਸੰਗਤਿ ਨਾਲ (ਮਿਲ ਕੇ ਤੇਰਾ ਨਾਮ ਜਪ ਕੇ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ੧। ਰਹਾਉ।

ਹੇ ਮੇਰੇ ਮਨ! ਪਰਮਾਤਮਾ ਦਾ ਨਾਮ ਜਪਿਆ ਕਰ (ਜਿਸ ਘੜੀ ਨਾਮ ਜਪੀਦਾ ਹੈ) ਉਹ ਘੜੀ ਸੁਲੱਖਣੀ ਹੁੰਦੀ ਹੈ। ਹੇ ਮਨ! ਗੁਰੂ ਦੇ ਉਪਦੇਸ਼ ਦੀ ਰਾਹੀਂ (ਹਰਿ-ਨਾਮ ਜਪ ਕੇ ਆਪਣੇ) ਸਾਰੇ ਦੁੱਖ ਦੂਰ ਕਰ ਲੈ। ੧।

ਹੇ ਭਾਈ! ਜਗਤ ਦੇ ਆਸਰੇ ਪਰਮਾਤਮਾ ਦਾ ਧਿਆਨ ਧਰਿਆ ਕਰ, ਆਪਣੇ

ਮਨ ਵਿਚ ਹਰਿ-ਨਾਮ ਸਿਮਰਿਆ ਕਰ। ਪਰਮਾਤਮਾ ਤੇਰੇ ਅਨੇਕਾਂ ਜਨਮਾਂ ਦੇ ਪਾਪ ਦੂਰ ਕਰ ਦੇਵੇਗਾ। ੨।

ਹੇ ਮੇਰੇ ਮਨ! ਜਿਸ ਮਨੁੱਖ ਦੇ ਮੱਥੇ ਉੱਤੇ ਸਾਧ ਸੰਗਤਿ ਦੀ ਚਰਨ-ਧੂੜ ਲੱਗਦੀ ਹੈ, ਉਸ ਨੇ (ਮਾਨੋ) ਅਠਾਹਠ ਤੀਰਥਾਂ ਦਾ ਇਸ਼ਨਾਨ ਕਰ ਲਿਆ, ਗੰਗਾ ਦਾ ਇਸ਼ਨਾਨ ਕਰ ਲਿਆ। ੩।

ਹੇ ਭਾਈ! ਸਭ ਨੂੰ ਤਾਰਨ ਦੀ ਸਮਰਥਾ ਵਾਲੇ ਹਰੀ ਨੇ ਮੈਂ ਮੂਰਖ ਉੱਤੇ ਭੀ ਕਿਰਪਾ ਕੀਤੀ, ਤੇ (ਮੈਨੂੰ) ਦਾਸ ਨਾਨਕ ਨੂੰ ਭੀ ਉਸ ਨੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲਿਆ (ਆਪਣਾ ਨਾਮ ਦੇ ਕੇ)। ੪। ੨।

ਭੈਰਉ ਮਹਲਾ ੪ ॥ ਸੁਕ੍ਰਿਤੁ ਕਰਣੀ ਸਾਰੁ ਜਪਮਾਲੀ ॥ ਹਿਰਦੈ ਫੇਰਿ ਚਲੈ ਤੁਧੁ ਨਾਲੀ ॥ ੧ ॥ ਹਰਿ ਹਰਿ ਨਾਮੁ ਜਪਹੁ ਬਨਵਾਲੀ ॥ ਕਰਿ ਕਿਰਪਾ ਮੇਲਹੁ ਸਤ ਸੰਗਤਿ ਤੂਟਿ ਗਈ ਮਾਇਆ ਜਮਜਾਲੀ ॥ ੧ ॥ ਰਹਾਉ ॥ ਗੁਰਮੁਖਿ ਸੇਵਾ ਘਾਲ ਜਿਨਿ ਘਾਲੀ ॥ ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥ ੨ ॥ ਹਰਿ ਅਗਮ ਅਗੋਚਰੁ ਗੁਰਿ ਅਗਮ ਦਿਖਾਲੀ ॥ ਵਿਚਿ ਕਾਇਆ ਨਗਰ ਲਧਾ ਹਰਿ ਭਾਲੀ ॥ ੩ ॥ ਹਮ ਬਾਰਿਕ ਹਰਿ ਪਿਤਾ ਪ੍ਰਤਿਪਾਲੀ ॥ ਜਨ ਨਾਨਕ ਤਾਰਹੁ ਨਦਰਿ ਨਿਹਾਲੀ ॥ ੪ ॥ ੩ ॥

ਪਦ ਅਰਥ :—ਕਰਣੀ—[ਕ੍ਰਣੀਯ] ਕਰਨ-ਜੋਗ ਕੰਮ। ਸੁਕ੍ਰਿਤੁ ਕਰਣੀ—ਸਭ ਤੋਂ ਸ੍ਰੇਸ਼ਟ ਕਰਨ-ਜੋਗ ਕੰਮ। ਸਾਰੁ—(ਹਿਰਦੇ ਵਿਚ) ਸੰਭਾਲ ਲੈ। ਜਪਮਾਲੀ—ਮਾਲਾ। ਹਿਰਦੈ—ਹਿਰਦੇ ਵਿਚ। ਫੇਰਿ—ਫੇਰਿਆ ਕਰ (ਇਸ ਮਾਲਾ ਨੂੰ)। ਨਾਲੀ—ਨਾਲ। ੧।

ਨਾਮੁ ਬਨਵਾਲੀ—ਪਰਮਾਤਮਾ ਦਾ ਨਾਮ। ਕਰਿ—ਕਰ ਕੇ। ਜਮ ਜਾਲੀ—ਜਮ ਦੀ ਜਾਲੀ, ਆਤਮਕ ਮੌਤ ਲਿਆਉਣ ਵਾਲੀ ਫਾਹੀ। ੧। ਰਹਾਉ।

ਗੁਰਮੁਖਿ—ਗੁਰੂ ਦੀ ਸਰਨ ਪੈ ਕੇ। ਜਿਨਿ—ਜਿਸ (ਮਨੁੱਖ) ਨੇ। ਸੇਵਾ ਘਾਲ ਘਾਲੀ—ਸੇਵਾ-ਭਗਤੀ ਦੀ ਮਿਹਨਤ ਕੀਤੀ। ਤਿਸੁ ਸਬਦੁ—ਉਸ ਦਾ ਸ਼ਬਦ। ਘੜੀਐ—ਘੜਿਆ ਜਾਂਦਾ ਹੈ। ਤਿਸੁ ਘੜੀਐ ਸਬਦੁ—ਉਸ ਦਾ ਸਿਮਰਨ ਦਾ ਉੱਦਮ ਸੋਹਣਾ ਰੂਪ ਧਾਰ ਲੈਂਦਾ ਹੈ। ਸਚੀ ਟਕਸਾਲੀ—ਜਤ, ਧੀਰਜ, ਉੱਚੀ ਮਤਿ, ਆਤਮਕ ਜੀਵਨ ਦੀ ਸੂਝ, ਭਉ, ਆਦਿਕ ਦੀ ਸਦਾ-ਥਿਰ ਟਕਸਾਲ ਵਿਚ। ੨।

ਅਗਮ—ਅਪਹੁੰਚ। ਅਗੋਚਰੁ—[ਅ-ਗੋ-ਚਰੁ] ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਗੁਰਿ—ਗੁਰੂ ਨੇ। ਦਿਖਾਲੀ—ਦਰਸਨ ਕਰਾ ਦਿੱਤਾ। ਕਾਇਆ—ਸਰੀਰ। ਭਾਲੀ—ਭਾਲਿ, ਭਾਲ ਕੇ, ਖੋਜ ਕੇ। ੩।

ਹਮ–ਅਸੀ ਜੀਵ। ਬਾਰਿਕ–ਬੱਚੇ। ਨਦਰਿ–ਮਿਹਰ ਦੀ ਨਿਗਾਹ ਨਾਲ। ਨਿਹਾਲੀ–ਨਿਹਾਲਿ, ਤੱਕ ਕੇ। ੪।

ਅਰਥ:–ਹੇ ਭਾਈ! ਸਦਾ ਪਰਮਾਤਮਾ ਦਾ ਨਾਮ ਜਪਦੇ ਰਿਹਾ ਕਰੋ (ਤੇ,ਅਰਦਾਸ ਕਰਿਆ ਕਰੋ–ਹੇ ਪ੍ਰਭੂ! ਸਾਨੂੰ ਸਤ ਸੰਗਤਿ ਵਿਚ ਮਿਲਾਈ ਰੱਖ) ਜਿਸ ਨੂੰ ਤੂੰ ਕਿਰਪਾ ਕਰ ਕੇ ਸਾਧ ਸੰਗਤਿ ਵਿਚ ਟਿਕਾਏ ਰੱਖਦਾ ਹੈਂ, ਉਸ ਦੀ ਮਾਇਆ ਦੇ ਮੋਹ ਦੀ ਆਤਮਕ ਮੌਤ ਲਿਆਉਣ ਵਾਲੀ ਫਾਹੀ ਟੁੱਟ ਜਾਂਦੀ ਹੈ। ੧। ਰਹਾਉ।

ਹੇ ਭਾਈ! (ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ) ਸੰਭਾਲ ਰੱਖ, ਇਹੀ ਹੈ ਸਭ ਤੋਂ ਸ੍ਰੇਸ਼ਟ ਕਰਨ-ਜੋਗ ਕੰਮ, ਇਹੀ ਹੈ ਮਾਲਾ। (ਇਸ ਹਰਿ-ਨਾਮ ਸਿਮਰਨ ਦੀ ਮਾਲਾ ਨੂੰ ਆਪਣੇ) ਹਿਰਦੇ ਵਿਚ ਫੇਰਿਆ ਕਰ। ਇਹ ਹਰਿ-ਨਾਮ ਤੇਰੇ ਨਾਲ ਸਾਥ ਕਰੇਗਾ। ੧।

ਹੇ ਭਾਈ! ਜਿਸ (ਮਨੁੱਖ) ਨੇ ਗੁਰੂ ਦੀ ਸਰਨ ਪੈ ਕੇ ਹਰਿ-ਨਾਮ-ਸਿਮਰਨ ਦੀ ਮਿਹਨਤ ਕੀਤੀ, (ਜਤ, ਧੀਰਜ, ਉੱਚੀ ਮਤਿ, ਆਤਮਕ ਜੀਵਨ ਦੀ ਸੂਝ, ਭਉ ਆਦਿਕ ਦੀ) ਸਦਾ ਥਿਰ ਰਹਿਣ ਵਾਲੀ ਟਕਸਾਲ ਵਿਚ ਉਸ ਮਨੁੱਖ ਦਾ ਹਰਿ-ਨਾਮ ਸਿਮਰਨ ਦਾ ਉੱਦਮ ਸੋਹਣਾ ਰੂਪ ਧਾਰ ਲੈਂਦਾ ਹੈ। ੨।

ਹੇ ਭਾਈ! (ਜਿਸ ਮਨੁੱਖ ਨੇ ਹਰਿ-ਨਾਮ-ਸਿਮਰਨ ਦੀ ਮਾਲਾ ਹਿਰਦੇ ਵਿਚ ਫੇਰੀ) ਗੁਰੂ ਨੇ ਉਸ ਨੂੰ ਅਪਹੁੰਚ ਤੇ ਅਗੋਚਰ ਪਰਮਾਤਮਾ (ਉਸ ਦੇ ਅੰਦਰ ਹੀ) ਵਿਖਾਲ ਦਿੱਤਾ, (ਗੁਰੂ ਦੀ ਸਹਾਇਤਾ ਨਾਲ) ਉਸ ਨੇ ਪਰਮਾਤਮਾ ਨੂੰ ਆਪਣੇ ਸਰੀਰ-ਨਗਰ ਦੇ ਅੰਦਰ ਹੀ ਭਾਲ ਕੇ ਲੱਭ ਲਿਆ। ੩।

ਹੇ ਨਾਨਕ! (ਆਖ–) ਹੇ ਹਰੀ! ਅਸੀ ਜੀਵ ਤੇਰੇ ਬੱਚੇ ਹਾਂ ਤੂੰ ਸਾਡਾ ਪਾਲਣ-ਹਾਰ ਪਿਤਾ ਹੈਂ। ਮਿਹਰ ਦੀ ਨਿਗਾਹ ਕਰ ਕੇ (ਸਾਨੂੰ) ਦਾਸਾਂ ਨੂੰ (ਆਪਣੇ ਨਾਮ ਦੀ ਮਾਲਾ ਦੇ ਕੇ) ਸੰਸਾਰ-ਸਮੁੰਦਰ ਤੋਂ ਪਾਰ ਲੰਘਾਓ। ੪। ੩।

ਭੈਰਉ ਮਹਲਾ ੪ ॥ ਸਭਿ ਘਟ ਤੇਰੇ ਤੂ ਸਭਨਾ ਮਾਹਿ ॥ ਤੁਝ ਤੇ ਬਾਹਰਿ ਕੋਈ ਨਾਹਿ ॥ ੧ ॥ ਹਰਿ ਸੁਖਦਾਤਾ ਮੇਰੇ ਮਨ ਜਾਪੁ ॥ ਹਉ ਤੁਧੁ ਸਾਲਾਹੀ ਤੂ ਮੇਰਾ ਹਰਿ ਪ੍ਰਭੁ ਬਾਪੁ ॥ ੧ ॥ ਰਹਾਉ ॥ ਜਹ ਜਹ ਦੇਖਾ ਤਹ ਹਰਿ ਪ੍ਰਭੁ ਸੋਇ ॥ ਸਭ ਤੇਰੈ ਵਸਿ ਦੂਜਾ ਅਵਰੁ ਨ ਕੋਇ ॥ ੨ ॥ ਜਿਸ ਕਉ ਤੁਮ ਹਰਿ ਰਾਖਿਆ ਭਾਵੈ ॥ ਤਿਸ ਕੈ ਨੇੜੈ ਕੋਇ ਨ ਜਾਵੈ ॥ ੩ ॥ ਤੂ ਜਲਿ ਥਲਿ ਮਹੀਅਲਿ ਸਭਤੈ ਭਰਪੂਰਿ ॥ ਜਨ ਨਾਨਕ ਹਰਿ ਜਪਿ ਹਾਜਰਾ ਹਜੂਰਿ ॥ ੪ ॥ ੪ ॥

ਪਦ ਅਰਥ:—ਸਭਿ—ਸਾਰੇ। ਘਟ—ਘੜੇ, ਸਰੀਰ [ਬਹੁ ਵਚਨ]। ਮਾਹਿ—ਵਿਚ। ਤੇ—ਤੋਂ। ੧।

ਮਨ—ਹੇ ਮਨ! ਹਉ—ਮੈਂ। ਸਾਲਾਹੀ—ਸਾਲਾਹੀਂ, ਸਾਲਾਹੁੰਦਾ ਹਾਂ। ਪ੍ਰਭੂ—ਮਾਲਕ। ੧। ਰਹਾਉ।

ਜਹ ਜਹ—ਜਿੱਥੇ ਜਿੱਥੇ। ਦੇਖਾ—ਦੇਖਾਂ, ਮੈਂ ਵੇਖਦਾ ਹਾਂ। ਸੋਇ—ਉਹੀ। ਵਸਿ—ਵੱਸ ਵਿਚ। ਅਵਰੁ—ਹੋਰ। ੨।

ਜਿਸ ਕਉ—[ਸੰਬੰਧਕ 'ਕਉ' ਦੇ ਕਾਰਨ ਲਫ਼ਜ਼ 'ਜਿਸੁ' ਦਾ ੁ ਉੱਡ ਗਿਆ ਹੈ]। ਰਾਖਿਆ ਭਾਵੈ—ਰੱਖਣਾ ਚਾਹੇ। ਤਿਸ ਕੈ—[ਸੰਬੰਧਕ 'ਕੈ' ਦੇ ਕਾਰਨ 'ਤਿਸੁ' ਦਾ ੁ ਉੱਡ ਗਿਆ ਹੈ]। ੩।

ਜਲਿ—ਜਲ ਵਿਚ। ਥਲਿ—ਥਲ ਵਿਚ। ਮਹੀਅਲਿ—ਮਹੀ ਤਲਿ, ਧਰਤੀ ਦੇ ਤਲ ਉਪਰ, ਪੁਲਾੜ ਵਿਚ, ਆਕਾਸ਼ ਵਿਚ। ਸਭਤੈ—ਹਰ ਥਾਂ। ਜਨ ਨਾਨਕ—ਹੇ ਦਾਸ ਨਾਨਕ! ੪।

ਅਰਥ:—ਹੇ ਮੇਰੇ ਮਨ! ਪਰਮਾਤਮਾ ਦਾ ਨਾਮ ਜਪਿਆ ਕਰ (ਉਹੀ) ਸਾਰੇ ਸੁਖ ਦੇਣ ਵਾਲਾ ਹੈ। ਹੇ ਹਰੀ! (ਮਿਹਰ ਕਰ) ਮੈਂ ਤੇਰੀ ਸਿਫ਼ਤਿ ਸਾਲਾਹ ਕਰਦਾ ਰਹਾਂ, ਤੂੰ ਮੇਰਾ ਮਾਲਕ ਹੈਂ, ਤੂੰ ਮੇਰਾ ਪਿਉ ਹੈਂ। ੧। ਰਹਾਉ।

ਹੇ ਪ੍ਰਭੂ! ਸਾਰੇ ਸਰੀਰ ਤੇਰੇ (ਬਣਾਏ ਹੋਏ) ਹਨ, ਤੂੰ (ਇਹਨਾਂ) ਸਾਰਿਆਂ ਵਿਚ ਵੱਸਦਾ ਹੈਂ। ਕੋਈ ਭੀ ਸਰੀਰ ਤੇਰੀ ਜੋਤਿ ਤੋਂ ਬਿਨਾ ਨਹੀਂ ਹੈ। ੧।

ਹੇ ਭਾਈ! ਮੈਂ ਜਿਧਰ ਜਿਧਰ ਵੇਖਦਾ ਹਾਂ, ਉਧਰ ਉਧਰ ਉਹ ਹਰੀ ਪ੍ਰਭੂ ਹੀ ਵੱਸ ਰਿਹਾ ਹੈ। ਹੇ ਪ੍ਰਭੂ! ਸਾਰੀ ਸ੍ਰਿਸ਼ਟੀ ਤੇਰੇ ਵੱਸ ਵਿਚ ਹੈ,(ਤੈਥੋਂ ਬਿਨਾ ਤੇਰੇ ਵਰਗਾ) ਹੋਰ ਕੋਈ ਨਹੀਂ ਹੈ। ੨।

ਹੇ ਹਰੀ! ਜਿਸ ਦੀ ਤੂੰ ਰੱਖਿਆ ਕਰਨੀ ਚਾਹੇਂ, ਕੋਈ (ਵੈਰੀ ਆਦਿਕ) ਉਸ ਦੇ ਨੇੜੇ ਨਹੀਂ ਆਉਂਦਾ। ੩।

ਹੇ ਹਰੀ! ਤੂੰ ਜਲ ਵਿਚ ਹੈਂ, ਤੂੰ ਧਰਤੀ ਵਿਚ ਹੈਂ, ਤੂੰ ਆਕਾਸ਼ ਵਿਚ ਹੈਂ ਤੂੰ ਹਰ ਥਾਂ ਵਿਆਪਕ ਹੈਂ। ਹੇ ਦਾਸ ਨਾਨਕ! ਉਸ ਹਰੀ ਦਾ ਨਾਮ ਜਪਿਆ ਕਰ, ਜੋ ਹਰ ਥਾਂ ਹਾਜ਼ਰ-ਨਾਜ਼ਰ (ਪ੍ਰਤੱਖ ਦਿੱਸ ਰਿਹਾ) ਹੈ। ੪। ੪।

ਭੈਰਉ ਮਹਲਾ ੪ ਘਰੁ ੨

ੴ ਸਤਿਗੁਰਪ੍ਰਸਾਦਿ ॥ ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ ਜਿਸੁ ਹਿਰਦੈ ਹਰਿਨਾਮੁ ਮੁਰਾਰਿ ॥ ਮਸਤਕਿ ਭਾਗੁ ਹੋਵੈ ਜਿਸੁ ਲਿਖਿਆ ਸੋ ਗੁਰਮਤਿ ਹਿਰਦੈ ਹਰਿਨਾਮੁ ਸਮ੍ਹਾਰਿ ॥ ੧ ॥ ਮਧੁਸੂਦਨੁ ਜਪੀਐ

ਉਰਧਾਰਿ ॥ ਦੇਹੀ ਨਗਰਿ ਤਸਕਰ ਪੰਚ ਧਾਤੂ ਗੁਰ ਸਬਦੀ ਹਰਿ ਕਾਢੇ ਮਾਰਿ ॥ ੧ ॥ ਰਹਾਉ ॥ ਜਿਨ ਕਾ ਹਰਿ ਸੇਤੀ ਮਨੁ ਮਾਨਿਆ ਤਿਨ ਕਾਰਜ ਹਰਿ ਆਪਿ ਸਵਾਰਿ ॥ ਤਿਨ ਚੂਕੀ ਮੁਹਤਾਜੀ ਲੋਕਨ ਕੀ ਹਰਿ ਅੰਗੀਕਾਰੁ ਕੀਆ ਕਰਤਾਰਿ ॥ ੨ ॥ ਮਤਾ ਮਸੂਰਤਿ ਤਾਂ ਕਿਛੁ ਕੀਜੈ ਜੇ ਕਿਛੁ ਹੋਵੈ ਹਰਿ ਬਾਹਰਿ ॥ ਜੋ ਕਿਛੁ ਕਰੇ ਸੋਈ ਭਲ ਹੋਸੀ ਹਰਿ ਧਿਆਵਹੁ ਅਨਦਿਨੁ ਨਾਮੁ ਮੁਰਾਰਿ ॥ ੩ ॥ ਹਰਿ ਜੋ ਕਿਛੁ ਕਰੇ ਸੁ ਆਪੇ ਆਪੇ ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥ ਨਾਨਕ ਸੋ ਪ੍ਰਭੁ ਸਦਾ ਧਿਆਈਐ ਜਿਨਿ ਮੇਲਿਆ ਸਤਿਗੁਰੁ ਕਿਰਪਾ ਧਾਰਿ ॥ ੪ ॥ ੧ ॥ ੫ ॥

ਪਦ ਅਰਥ :—ਮੂਰਤਿ—ਸਰੂਪ । ਹਿਰਦੈ—ਹਿਰਦੇ ਵਿਚ । ਮੁਰਾਰਿ—[ਮੁਰ-ਅਰਿ । ਅਰਿ—ਵੈਰੀ] ਪਰਮਾਤਮਾ । ਜਿਸੁ ਮਸਤਕਿ—ਜਿਸ ਦੇ ਮੱਥੇ ਉਤੇ । ਭਾਗੁ—ਚੰਗੀ ਕਿਸਮਤ । ਗੁਰਮਤਿ—ਗੁਰੂ ਦੀ ਸਿੱਖਿਆ ਅਨੁਸਾਰ। ਸਮ੍ਹਾਰਿ—ਸਮ੍ਹਾਰੇ, ਸੰਭਾਲਦਾ ਹੈ । ੧ ।

ਮਧੁ ਸੂਦਨੁ—[ਮਧੁ ਦੈਂਤ ਨੂੰ ਮਾਰਨ ਵਾਲਾ] ਪਰਮਾਤਮਾ । ਉਰ—ਹਿਰਦਾ । ਧਾਰਿ—ਟਿਕਾ ਕੇ, ਵਸਾ ਕੇ । ਦੇਹੀ—ਸਰੀਰ । ਨਗਰਿ—ਨਗਰ ਵਿਚ । ਤਸਕਰ—[ਬਹੁ ਵਚਨ] ਚੋਰ । ਧਾਤੂ—ਧਾਵਨ ਵਾਲੇ, ਭਟਕਣਾ ਵਿਚ ਪਾਣ ਵਾਲੇ । ਸਬਦੀ—ਸ਼ਬਦ ਦੀ ਰਾਹੀਂ । ਕਾਢੇ ਮਾਰਿ—ਮਾਰ ਕੇ ਕੱਢ ਦਿੱਤੇ । ੧ । ਰਹਾਉ ।

ਸੇਤੀ—ਨਾਲ । ਮਾਨਿਆ—ਗਿੱਝ ਗਿਆ । ਕਾਰਜ—[ਬਹੁ ਵਚਨ] ਸਾਰੇ ਕੰਮ । ਸਵਾਰਿ—ਸਵਾਰੇ, ਸਵਾਰਦਾ ਹੈ । ਚੂਕੀ—ਮੁੱਕ ਗਈ । ਮੁਹਤਾਜੀ—ਗ਼ਰਜ਼ । ਅੰਗੀਕਾਰੁ—ਸਹਾਇਤਾ । ਕਰਤਾਰਿ—ਕਰਤਾਰ ਨੇ । ੨ ।

ਮਤਾ—ਆਪਣੇ ਮਨ ਦੀ ਸਲਾਹ । ਮਸੂਰਤਿ—ਮਸ਼ਵਰਾ । ਕੀਜੈ—ਕੀਤਾ ਜਾ ਸਕਦਾ ਹੈ । ਹਰਿ ਬਾਹਰਿ—ਪਰਮਾਤਮਾ ਤੋਂ ਬਾਹਰਾ । ਭਲ—ਭਲਾ । ਹੋਸੀ—ਹੋਵੇਗਾ । ਅਨਦਿਨੁ—ਹਰ ਰੋਜ਼, ਹਰ ਵੇਲੇ । ੩ ।

ਆਪੇ—ਆਪ ਹੀ । ਪੂਛਿ—ਪੁੱਛ ਕੇ । ਬੀਚਾਰਿ—ਵਿਚਾਰ ਕਰ ਕੇ । ਜਿਨਿ—ਜਿਸ (ਪ੍ਰਭੂ) ਨੇ । ਧਾਰਿ—ਧਾਰ ਕੇ । ੪ ।

ਅਰਥ :—ਹੇ ਭਾਈ ! (ਦੈਂਤਾਂ ਦੇ ਨਾਸ ਕਰਨ ਵਾਲੇ) ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾ ਕੇ ਜਪਣਾ ਚਾਹੀਦਾ ਹੈ । (ਜਿਹੜਾ ਮਨੁੱਖ ਨਾਮ ਜਪਦਾ ਹੈ) ਉਹ ਗੁਰੂ ਦੇ ਸ਼ਬਦ ਦੀ ਬਰਕਤਿ ਨਾਲ (ਆਪਣੇ) ਸਰੀਰ-ਨਗਰ ਵਿਚ (ਵੱਸ ਰਹੇ) ਭਟਕਣਾ

ਵਿਚ ਪਾਣ ਵਾਲੇ (ਕਾਮਾਦਿਕ) ਪੰਜਾਂ ਚੋਰਾਂ ਨੂੰ ਮਾਰ ਕੇ ਬਾਹਰ ਕੱਢ ਦੇਂਦਾ ਹੈ।੧। ਰਹਾਉ ।

ਹੇ ਭਾਈ ! ਪਰਮਾਤਮਾ ਦਾ ਭਗਤ ਜਿਸ ਦੇ ਹਿਰਦੇ ਵਿਚ (ਸਦਾ) ਪਰਮਾਤਮਾ ਦਾ ਨਾਮ ਵੱਸਦਾ ਹੈ ਪਰਮਾਤਮਾ ਦਾ ਹੀ ਰੂਪ ਹੋ ਜਾਂਦਾ ਹੈ। ਪਰ ਉਹੀ ਮਨੁੱਖ ਗੁਰੂ ਦੀ ਮਤਿ ਲੈ ਕੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਸੰਭਾਲਦਾ ਹੈ ਜਿਸ ਦੇ ਮੱਥੇ ਉਤੇ (ਧੁਰੋਂ) ਚੰਗੀ ਕਿਸਮਤ (ਦਾ ਲੇਖ) ਲਿਖਿਆ ਹੁੰਦਾ ਹੈ।੧।

ਹੇ ਭਾਈ ! ਜਿਨ੍ਹਾਂ ਮਨੁੱਖਾਂ ਦਾ ਮਨ ਪਰਮਾਤਮਾ (ਦੀ ਯਾਦ) ਨਾਲ ਗਿੱਝ ਜਾਂਦਾ ਹੈ, ਉਹਨਾਂ ਦੇ ਸਾਰੇ ਕੰਮ ਪਰਮਾਤਮਾ ਆਪ ਸਵਾਰਦਾ ਹੈ। ਕਰਤਾਰ ਨੇ ਸਦਾ ਉਹਨਾਂ ਦੀ ਸਹਾਇਤਾ ਕੀਤੀ ਹੁੰਦੀ ਹੈ (ਇਸ ਵਾਸਤੇ) ਉਹਨਾਂ ਦੇ ਅੰਦਰੋਂ ਲੋਕਾਂ ਦੀ ਮੁਥਾਜੀ ਮੁੱਕ ਚੁਕੀ ਹੁੰਦੀ ਹੈ ।੨।

ਹੇ ਭਾਈ ! ਆਪਣੇ ਮਨ ਦੀ ਸਲਾਹ ਆਪਣੇ ਮਨ ਦਾ ਮਸ਼ਵਰਾ ਤਦੋਂ ਹੀ ਕੋਈ ਕੀਤਾ ਜਾ ਸਕਦਾ ਹੈ ਜੇ ਪਰਮਾਤਮਾ ਤੋਂ ਬਾਹਰਾ ਕੋਈ ਕੰਮ ਹੋ ਹੀ ਸਕਦਾ ਹੋਵੇ। ਹੇ ਭਾਈ ! ਜੋ ਕੁਝ ਪਰਮਾਤਮਾ ਕਰਦਾ ਹੈ ਉਹ ਸਾਡੇ ਭਲੇ ਵਾਸਤੇ ਹੀ ਹੁੰਦਾ ਹੈ। (ਇਸ ਵਾਸਤੇ, ਹੇ ਭਾਈ !) ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਦੇ ਰਿਹਾ ਕਰੋ ।੩।

ਹੇ ਭਾਈ ! ਪਰਮਾਤਮਾ ਜੋ ਕੁਝ ਕਰਦਾ ਹੈ ਆਪ ਹੀ ਕਰਦਾ ਹੈ ਆਪ ਹੀ ਕਰਦਾ ਹੈ, ਉਹ ਕਿਸੇ ਪਾਸੋਂ ਪੁੱਛ ਕੇ ਨਹੀਂ ਕਰਦਾ ਕਿਸੇ ਨਾਲ ਵਿਚਾਰ ਕਰ ਕੇ ਨਹੀਂ ਕਰਦਾ। ਹੇ ਨਾਨਕ ! ਉਸ ਪਰਮਾਤਮਾ ਦਾ ਨਾਮ ਸਦਾ ਸਿਮਰਨਾ ਚਾਹੀਦਾ ਹੈ ਜਿਸ ਨੇ ਮਿਹਰ ਕਰ ਕੇ (ਅਸਾਨੂੰ) ਗੁਰੂ ਮਿਲਾਇਆ ਹੈ।੪।੧।੫।

ਭੈਰਉ ਮਹਲਾ ੪ ॥ ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥ ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥ ੧ ॥ ਹਰਿ ਹਿਰਦੈ ਜਪਿ ਨਾਮੁ ਮੁਰਾਰੀ ॥ ਕ੍ਰਿਪਾ ਕ੍ਰਿਪਾ ਕਰਿ ਜਗਤ ਪਿਤ ਸੁਆਮੀ ਹਮ ਦਾਸਨਿ ਦਾਸ ਕੀਜੈ ਪਨਿਹਾਰੀ ॥ ੧ ॥ ਰਹਾਉ ॥ ਤਿਨ ਮਤਿ ਊਤਮ ਤਿਨ ਪਤਿ ਊਤਮ ਜਿਨ ਹਿਰਦੈ ਵਸਿਆ ਬਨਵਾਰੀ ॥ ਤਿਨ ਕੀ ਸੇਵਾ ਲਾਇ ਹਰਿ ਸੁਆਮੀ ਤਿਨ ਸਿਮਰਤ ਗਤਿ ਹੋਇ ਹਮਾਰੀ ॥ ੨ ॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਹਰਿ ਦਰਗਹ ਕਾਢੇ ਮਾਰੀ ॥ ਤੇ ਨਰ ਨਿੰਦਕ ਸੋਭ ਨ ਪਾਵਹਿ ਤਿਨ ਨਕ ਕਾਟੇ ਸਿਰਜਨਹਾਰੀ ॥ ੩ ॥ ਹਰਿ ਆਪਿ ਬੁਲਾਵੈ ਆਪੇ ਬੋਲੈ ਹਰਿ ਆਪਿ ਨਿਰੰਜਨੁ ਨਿਰੰਕਾਰੁ ਨਿਰਾਹਾਰੀ ॥ ਹਰਿ ਜਿਸੁ ਤੂ ਮੇਲਹਿ ਸੋ

ਤੁਧੁ ਮਿਲਸੀ ਜਨ ਨਾਨਕ ਕਿਆ ਏਹਿ ਜੰਤ ਵਿਚਾਰੀ ॥੪॥੨॥੬॥

ਪਦ ਅਰਥ :-ਤੇ-ਉਹ [ਬਹੁ ਵਚਨ] । ਹਰਿ-ਹੇ ਹਰੀ! ਸੁਆਮੀ-ਹੇ ਸੁਆਮੀ! ਜਿਨ ਜਪਿਆ-ਜਿਨ੍ਹਾਂ ਨੂੰ ਯਾਦ ਕੀਤਿਆਂ ['ਜਿਨ' ਬਹੁ ਵਚਨ] । ਗਤਿ-ਉੱਚੀ ਆਤਮਕ ਅਵਸਥਾ । ਤਿਨ-[ਬਹੁ ਵਚਨ] । ਦੇਖਿ-ਵੇਖ ਕੇ । ਬਿਗਸੈ-ਖਿੜ ਪੈਂਦਾ ਹੈ। ਤਿਨ ਕਉ-[ਬਹੁ ਵਚਨ] ਉਹਨਾਂ ਉਤੋਂ । ਹਉ-ਹਉਂ, ਮੈਂ । ਬਲਿਹਾਰੀ-ਕੁਰਬਾਨ ।੧।

ਹਿਰਦੈ-ਹਿਰਦੇ ਵਿਚ । ਜਪਿ-ਜਪੀਂ, ਮੈਂ ਜਪਾਂ । ਮੁਰਾਰੀ ਨਾਮੁ-[ਮੁਰ-ਅਰਿ । ਅਰਿ-ਵੈਰੀ] ਪਰਮਾਤਮਾ ਦਾ ਨਾਮ । ਜਗਤ ਪਿਤ-ਹੇ ਜਗਤ ਦੇ ਪਿਤਾ ! ਸੁਆਮੀ-ਹੇ ਸੁਆਮੀ ! ਦਾਸਨਿ ਦਾਸ ਕੀਜੈ-ਦਾਸਾਂ ਦਾ ਦਾਸ ਬਣਾ ਲੈ । ਪਨਿਹਾਰੀ-ਪਾਣੀ ਢੋਣ ਵਾਲਾ ਸੇਵਕ ।੧। ਰਹਾਉ ।

ਪਤਿ-ਇੱਜ਼ਤ । ਜਿਨ ਹਿਰਦੈ-ਜਿਨ੍ਹਾਂ ਦੇ ਹਿਰਦੇ ਵਿਚ । ਬਨਵਾਰੀ-[ਸਾਰੀ ਬਨਸਪਤੀ ਹੈ ਮਾਲਾ ਜਿਸ ਦੀ) ਪਰਮਾਤਮਾ । ਹਰਿ ਸੁਆਮੀ-ਹੇ ਹਰੀ ! ਹੇ ਸੁਆਮੀ ! ਲਾਇ-ਜੋੜੀ ਰੱਖ । ਤਿਨ ਸਿਮਰਤ-ਉਨ੍ਹਾਂ ਨੂੰ ਯਾਦ ਕੀਤਿਆਂ ।੨।

ਜਿਨ-ਜਿਨ੍ਹਾਂ (ਮਨੁੱਖਾਂ) ਨੇ । ਤੇ-ਉਹ ਬੰਦੇ । ਕਾਢੇ ਮਾਰੀ-ਮਾਰ ਕੇ ਕੱਢੇ ਜਾਂਦੇ ਹਨ । ਸੋਭ-ਸੋਭਾ । ਸਿਰਜਨਹਾਰੀ-ਸਿਰਜਨਹਾਰ ਨੇ ।

ਨਿਰੰਜਨੁ-ਨਿਰ-ਅੰਜਨੁ, ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ [ਅੰਜਨੁ-ਕਾਲਖ] । ਨਿਰੰਕਾਰੁ-ਆਕਾਰ-ਰਹਿਤ; ਜਿਸ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ । ਨਿਰਾਹਾਰੀ-ਨਿਰ-ਆਹਾਰੀ [ਆਹਾਰ-ਖ਼ੁਰਾਕ] ਜਿਸ ਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ ਪੈਂਦੀ । ਹਰਿ-ਹੇ ਹਰੀ ! ਤੁਧੁ-ਤੈਨੂੰ । ਏਹਿ-[ਲਫ਼ਜ਼ 'ਏਹ' ਤੋਂ ਬਹੁ ਵਚਨ] । ਵਿਚਾਰੀ-ਵਿਚਾਰੇ, ਨਿਮਾਣੇ ।੪।

ਅਰਥ :-ਹੇ ਹਰੀ ! ਹੇ ਜਗਤ ਦੇ ਪਿਤਾ ! ਹੇ ਸੁਆਮੀ ! (ਮੇਰੇ ਉਤੇ ਮਿਹਰ ਕਰ) ਮੈਂ (ਸਦਾ) ਤੇਰਾ ਨਾਮ ਜਪਦਾ ਰਹਾਂ । (ਮੇਰੇ ਉਤੇ) ਮਿਹਰ ਕਰ, ਮਿਹਰ ਕਰ, ਮੈਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈ, ਮੈਨੂੰ ਆਪਣੇ ਦਾਸਾਂ ਦਾ ਪਾਣੀ ਢੋਣ ਵਾਲਾ ਸੇਵਕ ਬਣਾ ਲੈ ।੧। ਰਹਾਉ ।

ਹੇ ਹਰੀ ! ਹੇ ਸੁਆਮੀ ! ਮੈਨੂੰ ਉਹਨਾਂ ਗੁਰਮੁਖਾਂ ਦਾ ਮਿਲਾਪ ਕਰਾ ਦੇਹ, ਜਿਨ੍ਹਾਂ ਨੂੰ ਯਾਦ ਕੀਤਿਆਂ ਮੇਰੀ ਉੱਚੀ ਆਤਮਕ ਅਵਸਥਾ ਬਣ ਜਾਏ, ਉਹਨਾਂ ਦਾ ਦਰਸਨ ਕਰ ਕੇ ਮੇਰਾ ਮਨ ਖਿੜਿਆ ਰਹੇ । ਹੇ ਹਰੀ ! ਮੈਂ ਇਕ ਇਕ ਛਿਨ ਉਹਨਾਂ ਤੋਂ ਸਦਕੇ ਜਾਂਦਾ ਹਾਂ ।੧।

ਹੇ ਭਾਈ ! ਜਿਨ੍ਹਾਂ (ਗੁਰਮੁਖਾਂ) ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ (ਸਦਾ)

ਵੱਸਦਾ ਹੈ, ਉਹਨਾਂ ਦੀ ਮਤਿ ਸ੍ਰੇਸ਼ਟ ਹੁੰਦੀ ਹੈ, ਉਹਨਾਂ ਨੂੰ (ਲੋਕ ਪਰਲੋਕ ਵਿਚ) ਉੱਚੀ ਇੱਜ਼ਤ ਮਿਲਦੀ ਹੈ। ਹੇ ਹਰੀ! ਹੇ ਸੁਆਮੀ! ਮੈਨੂੰ ਉਹਨਾਂ (ਗੁਰਮੁਖਾਂ ਦੀ) ਸੇਵਾ ਵਿਚ ਲਾਈ ਰੱਖ, ਉਹਨਾਂ ਨੂੰ ਯਾਦ ਕੀਤਿਆਂ ਮੈਨੂੰ ਉੱਚੀ ਆਤਮਕ ਅਵਸਥਾ ਮਿਲ ਸਕਦੀ ਹੈ। ੨।

ਹੇ ਭਾਈ! (ਜਿਸ ਗੁਰੂ ਦੀ ਸਰਨ ਪਿਆਂ ਉੱਚੀ ਆਤਮਕ ਅਵਸਥਾ ਮਿਲ ਜਾਂਦੀ ਹੈ) ਜਿਨ੍ਹਾਂ ਮਨੁੱਖਾਂ ਨੂੰ ਅਜਿਹਾ ਸਾਧੂ ਗੁਰੂ ਨਹੀਂ ਮਿਲਿਆ, ਉਹ ਮਨੁੱਖ ਪਰਮਾਤਮਾ ਦੀ ਹਜ਼ੂਰੀ ਵਿਚੋਂ ਧੱਕੇ ਮਾਰ ਕੇ ਕੱਢੇ ਜਾਂਦੇ ਹਨ। ਉਹ ਨਿੰਦਕ ਮਨੁੱਖ (ਕਿਤੇ ਭੀ) ਸੋਭਾ ਨਹੀਂ ਪਾਂਦੇ। ਸਿਰਜਨਹਾਰ ਨੇ (ਆਪ) ਉਹਨਾਂ ਦਾ ਨੱਕ ਕੱਟ ਦਿੱਤਾ ਹੋਇਆ ਹੈ। ੩।

(ਪਰ ਜੀਵਾਂ ਦੇ ਕੀਹ ਵੱਸ?) ਜਿਹੜਾ ਪਰਮਾਤਮਾ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿੰਦਾ ਹੈ, ਜਿਸ ਪਰਮਾਤਮਾ ਦਾ ਕੋਈ ਖ਼ਾਸ ਸਰੂਪ ਨਹੀਂ ਦੱਸਿਆ ਜਾ ਸਕਦਾ, ਜਿਸ ਪਰਮਾਤਮਾ ਨੂੰ (ਜੀਵਾਂ ਵਾਂਗ) ਕਿਸੇ ਖ਼ੁਰਾਕ ਦੀ ਲੋੜ ਨਹੀਂ, ਉਹ ਪਰਮਾਤਮਾ ਆਪ ਹੀ (ਸਭ ਜੀਵਾਂ ਨੂੰ) ਬੋਲਣ ਦੀ ਪ੍ਰੇਰਨਾ ਕਰਦਾ ਹੈ, ਉਹ ਪਰਮਾਤਮਾ ਆਪ ਹੀ (ਸਭ ਜੀਵਾਂ ਵਿਚ ਬੈਠਾ) ਬੋਲਦਾ ਹੈ।

ਹੇ ਨਾਨਕ! (ਆਖ–) ਹੇ ਹਰੀ! ਜਿਸ ਮਨੁੱਖ ਨੂੰ ਤੂੰ (ਆਪਣੇ ਨਾਲ) ਮਿਲਾਂਦਾ ਹੈਂ, ਉਹੀ ਤੈਨੂੰ ਮਿਲ ਸਕਦਾ ਹੈ। ਇਹਨਾਂ ਨਿਮਾਣੇ ਜੀਵਾਂ ਦੇ ਵੱਸ ਕੁਝ ਨਹੀਂ ਹੈ। ੪। ੨। ੬।

ਭੈਰਉ ਮਹਲਾ ੪ ॥ ਸਤਸੰਗਤਿ ਸਾਈ ਹਰਿ ਤੇਰੀ ਜਿਤੁ ਹਰਿ ਕੀਰਤਿ ਹਰਿ ਸੁਨਣੇ ॥ ਜਿਨ ਹਰਿ ਨਾਮੁ ਸੁਣਿਆ ਮਨੁ ਭੀਨਾ ਤਿਨ ਹਮ ਸ੍ਰੇਵਹ ਨਿਤ ਚਰਣੇ ॥ ੧ ॥ ਜਗ ਜੀਵਨੁ ਹਰਿ ਧਿਆਇ ਤਰਣੇ ॥ ਅਨੇਕ ਅਸੰਖ ਨਾਮ ਹਰਿ ਤੇਰੇ ਨ ਜਾਹੀ ਜਿਹਵਾ ਇਤੁ ਗਨਣੇ ॥ ੧ ॥ ਰਹਾਉ ॥ ਗੁਰਸਿਖ ਹਰਿ ਬੋਲਹੁ ਹਰਿ ਗਾਵਹੁ ਲੇ ਗੁਰਮਤਿ ਹਰਿ ਜਪਣੇ ॥ ਜੋ ਉਪਦੇਸੁ ਸੁਣੇ ਗੁਰ ਕੇਰਾ ਸੋ ਜਨੁ ਪਾਵੈ ਹਰਿ ਸੁਖ ਘਣੇ ॥ ੨ ॥ ਧੰਨੁ ਸੁ ਵੰਸੁ ਧੰਨੁ ਸੁ ਪਿਤਾ ਧੰਨੁ ਸੁ ਮਾਤਾ ਜਿਨਿ ਜਨ ਜਣੇ ॥ ਜਿਨ ਸਾਸਿ ਗਿਰਾਸਿ ਧਿਆਇਆ ਮੇਰਾ ਹਰਿ ਹਰਿ ਸੇ ਸਾਚੀ ਦਰਗਹ ਹਰਿ ਜਨ ਬਣੇ ॥ ੩ ॥ ਹਰਿ ਹਰਿ ਅਗਮ ਨਾਮ ਹਰਿ ਤੇਰੇ ਵਿਚਿ ਭਗਤਾ ਹਰਿ ਧਰਣੇ ॥ ਨਾਨਕ ਜਨਿ ਪਾਇਆ ਮਤਿ ਗੁਰਮਤਿ ਜਪਿ ਹਰਿ ਹਰਿ ਪਾਰਿ ਪਵਣੇ ॥ ੪ ॥ ੩ ॥ ੭ ॥

ਪਦ ਅਰਥ :—ਸਾਈ—ਉਹੀ [ਇਸਤ੍ਰੀ ਲਿੰਗ]। ਜਿਤੁ—ਜਿਸ ਵਿਚ। ਕੀਰਤਿ—ਸਿਫਤਿ ਸਾਲਾਹ। ਸੁਨਣੇ—ਸੁਣੀ ਜਾਏ। ਭੀਨਾ—ਭਿੱਜ ਗਿਆ। ਤਿਨ ਚਰਣੇ—ਉਹਨਾਂ ਦੇ ਚਰਨ। ਹਮ ਸ੍ਰੇਵਹ—ਅਸੀ ਸੇਵੀਏ, ਮੈਂ ਸੇਵਾਂ। ੧।

ਜਗ ਜੀਵਨੁ—ਜਗਤ ਦਾ ਆਸਰਾ ਪ੍ਰਭੂ। ਧਿਆਇ—ਸਿਮਰ ਕੇ। ਤਰਣੇ—(ਸੰਸਾਰ-ਸਮੁੰਦਰ ਤੋਂ) ਪਾਰ ਲੰਘੀਦਾ ਹੈ। ਅਸੰਖ—ਅਣ-ਗਿਣਤ [ਸੰਖਿਆ—ਗਿਣਤੀ]। ਹਰਿ—ਹੇ ਹਰੀ ! ਜਿਹਵਾ—ਜੀਭ। ਇਤੁ—ਇਸ ਦੀ ਰਾਹੀਂ। ਜਿਹਵਾ ਇਤੁ—ਇਸ ਜੀਭ ਨਾਲ। ੧। ਰਹਾਉ।

ਗੁਰਸਿਖ—ਹੇ ਗੁਰੂ ਦੇ ਸਿੱਖੋ ! ਲੇ—ਲੈ ਕੇ। ਕੇਰਾ—ਦਾ। ਘਣੇ—ਬਹੁਤ। ੨।

ਧੰਨੁ—ਸੋਭਾ ਵਾਲਾ। ਵੰਸੁ—ਕੁਲ, ਖ਼ਾਨਦਾਨ। ਜਿਨਿ—ਜਿਸ ਨੇ। ਜਨ—ਭਗਤ। ਜਣੇ—ਜੰਮੇ, ਜਨਮ ਦਿੱਤਾ। ਜਿਨ—ਜਿੰਨ੍ਹਾਂ ਨੇ [ਬਹੁ ਵਚਨ]। 'ਜਿਨਿ' [ਇਕ ਵਚਨ]। ਸਾਸਿ—(ਹਰੇਕ)-ਸਾਹ ਨਾਲ। ਗਿਰਾਸਿ—(ਹਰੇਕ) ਗਿਰਾਹੀ ਨਾਲ। ਸੇ—ਉਹ [ਬਹੁ ਵਚਨ]। ਸਾਚੀ—ਸਦਾ ਕਾਇਮ ਰਹਿਣ ਵਾਲੀ। ਬਣੇ—ਸੋਭਾ ਵਾਲੇ ਹੋਏ। ੩।

ਅਗਮ—ਅਪਹੁੰਚ। ਧਰਣੇ—ਰੱਖੇ ਹੋਏ ਹਨ। ਜਨਿ—ਜਨ ਨੇ, (ਜਿਸ) ਸੇਵਕ ਨੇ। ਪਾਰਿ ਪਵਣੇ—ਪਾਰ ਲੰਘ ਜਾਂਦੇ ਹਨ। ੪।

ਅਰਥ :—ਹੇ ਭਾਈ ! ਜਗਤ ਦੇ ਜੀਵਨ ਪ੍ਰਭੂ ਨੂੰ ਹਰੀ ਨੂੰ ਸਿਮਰ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ। ਹੇ ਹਰੀ ! (ਤੇਰੀਆਂ ਸਿਫ਼ਤਾਂ ਤੋਂ ਬਣੇ ਹੋਏ) ਤੇਰੇ ਨਾਮ ਅਨੇਕਾਂ ਹਨ ਅਣਗਿਣਤ ਹਨ, ਇਸ ਜੀਭ ਨਾਲ ਗਿਣੇ ਨਹੀਂ ਜਾ ਸਕਦੇ। ੧। ਰਹਾਉ।

ਹੇ ਹਰੀ ! (ਉਹੀ ਇਕੱਠ) ਤੇਰੀ ਸਾਧ ਸੰਗਤਿ (ਅਖਵਾ ਸਕਦਾ) ਹੈ, ਜਿਸ ਵਿਚ, ਹੇ ਹਰੀ ! ਤੇਰੀ ਸਿਫ਼ਤਿ ਸਾਲਾਹ ਸੁਣੀ ਜਾਂਦੀ ਹੈ। ਹੇ ਭਾਈ ! (ਸਾਧ ਸੰਗਤਿ ਵਿਚ ਰਹਿ ਕੇ) ਜਿਨ੍ਹਾਂ ਮਨੁੱਖਾਂ ਨੇ ਪਰਮਾਤਮਾ ਦਾ ਨਾਮ ਸੁਣਿਆ ਹੈ (ਸਾਧ ਸੰਗਤਿ ਵਿਚ ਟਿਕ ਕੇ) ਜਿਨ੍ਹਾਂ ਦਾ ਮਨ (ਹਰਿ-ਨਾਮ ਅੰਮ੍ਰਿਤ ਵਿਚ) ਭਿੱਜ ਗਿਆ ਹੈ, ਮੈਂ ਉਹਨਾਂ ਦੇ ਚਰਨਾਂ ਦੀ ਸੇਵਾ ਕਰਨੀ (ਆਪਣੀ) ਸੁਭਾਗਤਾ ਸਮਝਦਾ ਹਾਂ। ੧।

ਹੇ ਗੁਰੂ ਦੇ ਸਿੱਖੋ ! ਗੁਰੂ ਦੀ ਸਿੱਖਿਆ ਲੈ ਕੇ ਪਰਮਾਤਮਾ ਦਾ ਨਾਮ ਉਚਾਰਿਆ ਕਰੋ, ਪਰਮਾਤਮਾ ਦੀ ਸਿਫ਼ਤਿ ਸਾਲਾਹ ਗਾਵਿਆ ਕਰੋ, ਹਰੀ ਦਾ ਨਾਮ ਜਪਿਆ ਕਰੋ। ਹੇ ਗੁਰਸਿੱਖੋ ! ਜਿਹੜਾ ਮਨੁੱਖ ਗੁਰੂ ਦਾ ਉਪਦੇਸ਼ (ਸਰਧਾ ਨਾਲ) ਸੁਣਦਾ ਹੈ, ਉਹ ਹਰੀ ਦੇ ਦਰ ਤੋਂ ਬਹੁਤ ਸੁਖ ਪ੍ਰਾਪਤ ਕਰਦਾ ਹੈ। ੨।

ਹੇ ਭਾਈ ! ਭਾਗਾਂ ਵਾਲੀ ਹੈ ਉਹ ਕੁਲ, ਧੰਨ ਹੈ ਉਹ ਪਿਉ ਤੇ ਧੰਨ ਹੈ ਉਹ ਮਾਂ ਜਿਸ ਨੇ ਭਗਤ-ਜਨਾਂ ਨੂੰ ਜਨਮ ਦਿੱਤਾ। ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਆਪਣੇ ਹਰੇਕ

ਸਾਹ ਦੇ ਨਾਲ ਆਪਣੀ ਹਰੇਕ ਗਿਰਾਹੀ ਦੇ ਨਾਲ ਪਰਮਾਤਮਾ ਦਾ ਨਾਮ ਸਿਮਰਿਆ ਹੈ, ਉਹ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਦਰਗਾਹ ਵਿਚ ਸੋਭਾ ਵਾਲੇ ਬਣ ਜਾਂਦੇ ਹਨ । ੩ ।

ਹੇ ਹਰੀ ! (ਤੇਰੇ ਬੇਅੰਤ ਗੁਣਾਂ ਦੇ ਕਾਰਨ) ਤੇਰੇ ਬੇਅੰਤ ਹੀ ਨਾਮ ਹਨ, ਤੂੰ ਆਪਣੇ ਉਹ ਨਾਮ ਆਪਣੇਂ ਭਗਤਾਂ ਦੇ ਹਿਰਦੇ ਵਿਚ ਟਿਕਾਏ ਹੋਏ ਹਨ । ਹੇ ਨਾਨਕ ! ਜਿਸ ਜਿਸ ਸੇਵਕ ਨੇ ਗੁਰੂ ਦੀ ਮਤਿ ਉਤੇ ਤੁਰ ਕੇ ਪਰਮਾਤਮਾ ਦਾ ਨਾਮ ਪ੍ਰਾਪਤ ਕੀਤਾ ਹੈ, ਉਹ ਸਦਾ ਨਾਮ ਜਪ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ ।੪।੩।੭।

ਭੈਰਉ ਮਹਲਾ ੫ ਘਰੁ ੧

ੴ ਸਤਿਗੁਰ ਪ੍ਰਸਾਦਿ ।। ਸਗਲੀ ਥੀਤਿ ਪਾਸਿ ਡਾਰਿ ਰਾਖੀ ।। ਅਸਟਮ ਥੀਤਿ ਗੋਵਿੰਦ ਜਨਮਾਸੀ ॥ ੧ ॥ ਭਰਮਿ ਭੂਲੇ ਨਰ ਕਰਤ ਕਚਰਾਇਣ ॥ ਜਨਮ ਮਰਣ ਤੇ ਰਹਤ ਨਾਰਾਇਣ ॥ ੧ ॥ ਰਹਾਉ ॥ ਕਰਿ ਪੰਜੀਰੁ ਖਵਾਇਓ ਚੋਰ ।। ਓਹੁ ਜਨਮਿ ਨ ਮਰੈ ਰੇ ਸਾਕਤ ਢੋਰ ॥ ੨ ॥ ਸਗਲ ਪਰਾਧ ਦੇਹਿ ਲੋਰੋਨੀ ।। ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥ ੩ ॥ ਜਨਮਿ ਨ ਮਰੈ ਨ ਆਵੈ ਨ ਜਾਇ ।। ਨਾਨਕ ਕਾ ਪ੍ਰਭੁ ਰਹਿਓ ਸਮਾਇ ।।੪।।੧।।

ਪਦ ਅਰਥ :—ਸਗਲੀ ਥੀਤਿ—ਸਾਰੀਆਂ ਥਿੱਤਾਂ । ਥੀਤਿ—[ਤਿਥਿ] ਚੰਦ੍ਰਮਾ ਦੇ ਹਿਸਾਬ ਨਾਲ ਗਿਣੇ ਹੋਏ ਦਿਨ । ਮੱਸਿਆ ਤੋਂ ਪੂਰਨਮਾਸ਼ੀ ਤਕ ਸ਼ੁਕਲ ਪੱਖ (ਸੁਦੀ), ਪੂਰਨਮਾਸ਼ੀ ਤੋਂ ਮੱਸਿਆ ਤਕ ਕ੍ਰਿਸ਼ਨ ਪੱਖ (ਵਦੀ) । ਮਹਾ ਪੁਰਖਾਂ ਦੇ ਜਨਮ-ਦਿਨ ਆਮ ਤੌਰ ਤੇ ਇਹਨਾਂ ਥਿੱਤਾਂ ਅਨੁਸਾਰ ਗਿਣੀਦੇ ਆ ਰਹੇ ਹਨ । ਕ੍ਰਿਸ਼ਨ ਜੀ ਦਾ ਜਨਮ ਭਾਦਰੋਂ ਵਦੀ ਅਸ਼ਟਮੀ ਹੈ [ਭਾਦਰੋਂ ਦੀ ਪੂਰਨਮਾਸ਼ੀ ਤੋਂ ਪਿੱਛੋਂ ਅਠਵਾਂ ਦਿਨ] । ਅਸਟਮ—ਅਠਵੀਂ । ਗੋਵਿੰਦ ਜਨਮਾਸੀ—(ਕ੍ਰਿਸ਼ਨ-ਰੂਪ ਵਿਚ) ਪਰਮਾਤਮਾ ਦਾ ਜਨਮ । ੧ ।

ਭਰਮਿ—ਭੁਲੇਖੇ ਵਿਚ । ਭੂਲੇ ਨਰ—ਹੇ ਕੁਰਾਹੇ ਪਏ ਹੋਏ ਮਨੁੱਖ । ਕਚਰਾਇਣ—ਕੱਚੀਆਂ ਗੱਲਾਂ । ਤੇ—ਤੋਂ । ਨਾਰਾਇਣ—ਪਰਮਾਤਮਾ । ੧ । ਰਹਾਉ ।

ਕਰਿ—ਬਣਾ ਕੇ । ਚੋਰ—ਚੋਰੀ ਚੋਰੀ, ਲੁਕਾ ਕੇ । ਜਨਮਿ ਨ ਮਰੈ—ਜੰਮ ਕੇ ਨਹੀਂ ਮਰਦਾ, ਨਾਹ ਜੰਮਦਾ ਹੈ ਨਾਹ ਮਰਦਾ ਹੈ । ਰੇ ਸਾਕਤ—ਹੇ ਰੱਬ ਤੋਂ ਟੁੱਟੇ ਹੋਏ ! ਰੇ ਢੋਰ—ਹੇ ਮਹਾ ਮੂਰਖ ! ੨ ।

ਸਗਲ ਪਰਾਧ—ਸਾਰੇ ਅਪਰਾਧਾਂ (ਦਾ ਮੂਲ) । ਦੇਹਿ—ਦੇਹਿਂ, ਤੂੰ ਦੇਂਦਾ ਹੈਂ ।

ਲੋਰੋਨੀ—ਲੋਰੀ। ਸੋ—ਉਹ। ਜਲਉ—[ਹੁਕਮੀ ਭਵਿੱਖਤ, ਅੱਨ ਪੁਰਖ, ਇਕ ਵਚਨ] ਸੜ ਜਾਏ। ਜਿਤੁ—ਜਿਸ (ਮੂੰਹ) ਨਾਲ। ਕਹਹਿ—ਤੂੰ ਆਖਦਾ ਹੈਂ, ਕਹਹਿਂ। ੩।

ਨ ਆਵੈ ਨ ਜਾਇ—ਨਾਹ ਆਉਂਦਾ ਹੈ ਨਾਹ ਜਾਂਦਾ ਹੈ। ਸਮਾਇ ਰਹਿਓ—ਸਭ ਥਾਂ ਵਿਆਪਕ ਹੈ। ੪।

ਅਰਥ :—ਭਟਕਣਾ ਦੇ ਕਾਰਨ ਕੁਰਾਹੇ ਪਏ ਹੋਏ ਹੇ ਮਨੁੱਖ! ਤੂੰ ਇਹ ਕੱਚੀਆਂ ਗੱਲਾਂ ਕਰ ਰਿਹਾ ਹੈਂ (ਕਿ ਪਰਮਾਤਮਾ ਨੇ ਭਾਦਰੋਂ ਵਦੀ ਅਸ਼ਟਮੀ ਨੂੰ ਕ੍ਰਿਸ਼ਨ-ਰੂਪ ਵਿਚ ਜਨਮ ਲਿਆ)। ਪਰਮਾਤਮਾ ਜੰਮਣ ਮਰਨ ਤੋਂ ਪਰੇ ਹੈ। ੧। ਰਹਾਉ।

ਹੇ ਭਾਈ! (ਤੇਰੀ ਇਹ ਕੱਚੀ ਗੱਲ ਹੈ ਕਿ) ਪਰਮਾਤਮਾ ਨੇ ਹੋਰ ਸਾਰੀਆਂ ਥਿੱਤਾਂ ਲਾਂਭੇ ਰਹਿਣ ਦਿੱਤੀਆਂ, ਅਤੇ (ਭਾਦਰੋਂ ਵਦੀ) ਅਸ਼ਟਮੀ ਥਿੱਤ ਨੂੰ ਉਸ ਨੇ ਜਨਮ ਲਿਆ। ੧।

ਹੇ ਭਾਈ! ਪੰਜੀਰ ਬਣਾ ਕੇ ਤੂੰ ਲੁਕਾ ਕੇ (ਆਪਣੇ ਵਲੋਂ ਪਰਮਾਤਮਾ ਨੂੰ ਕ੍ਰਿਸ਼ਨ-ਮੂਰਤੀ ਦੇ ਰੂਪ ਵਿਚ) ਖਵਾਂਦਾ ਹੈਂ। ਹੇ ਰੱਬ ਤੋਂ ਟੁੱਟੇ ਹੋਏ ਮੂਰਖ! ਪਰਮਾਤਮਾ ਨਾਹ ਜੰਮਦਾ ਹੈ ਨਾਹ ਮਰਦਾ ਹੈ। ੨।

ਹੇ ਭਾਈ! ਤੂੰ (ਕ੍ਰਿਸ਼ਨ-ਮੂਰਤੀ ਨੂੰ) ਲੋਰੀ ਦੇਂਦਾ ਹੈਂ (ਆਪਣੇ ਵਲੋਂ ਤੂੰ ਪਰਮਾਤਮਾ ਨੂੰ ਲੋਰੀ ਦੇਂਦਾ ਹੈਂ, ਤੇਰਾ ਇਹ ਕੰਮ) ਸਾਰੇ ਅਪਰਾਧਾਂ (ਦਾ ਮੂਲ ਹੈ)। ਸੜ ਜਾਏ (ਤੇਰਾ) ਉਹ ਮੂੰਹ ਜਿਸ ਦੀ ਰਾਹੀਂ ਤੂੰ ਆਖਦਾ ਹੈਂ ਕਿ ਮਾਲਕ-ਪ੍ਰਭੂ ਜੂਨਾਂ ਵਿਚ ਆਉਂਦਾ ਹੈ। ੩।

ਹੇ ਭਾਈ! ਨਾਨਕ ਦਾ ਪਰਮਾਤਮਾ ਸਭ ਥਾਈਂ ਵਿਆਪਕ ਹੈ, ਉਹ ਨਾਹ ਜੰਮਦਾ ਹੈ ਨਾਹ ਮਰਦਾ ਹੈ, ਨਾਹ ਆਉਂਦਾ ਹੈ ਨਾਹ ਜਾਂਦਾ ਹੈ। ੪। ੧।

ਭੈਰਉ ਮਹਲਾ ੫ ॥ ਊਠਤ ਸੁਖੀਆ ਬੈਠਤ ਸੁਖੀਆ ॥ ਭਉ ਨਹੀ ਲਾਗੈ ਜਾਂ ਐਸੇ ਬੁਝੀਆ ॥ ੧ ॥ ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ ੧ ॥ ਰਹਾਉ ॥ ਸੋਇ ਅਚਿੰਤਾ ਜਾਗਿ ਅਚਿੰਤਾ ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ ॥ ੨ ॥ ਘਰਿ ਸੁਖਿ ਵਸਿਆ ਬਾਹਰਿ ਸੁਖੁ ਪਾਇਆ ॥ ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥ ੩ ॥ ੨ ॥

ਪਦ ਅਰਥ :—ਊਠਤ ਬੈਠਤ—ਉਠਦਾ ਬੈਠਦਾ ਹਰ ਵੇਲੇ। ਸੁਖੀਆ—ਆਤਮਕ ਆਨੰਦ ਵਿਚ। ਭਉ—(ਕਿਸੇ ਕਿਸਮ ਦਾ) ਡਰ। ਜਾਂ—ਜਦੋਂ। ਐਸੇ—ਇਸ ਤਰ੍ਹਾਂ। ਬੁਝੀਆ—(ਮਨੁੱਖ) ਸਮਝਦਾ ਹੈ। ੧।

ਹਮਾਰਾ—ਅਸਾਂ ਜੀਵਾਂ ਦਾ। ਸੁਆਮੀ—ਮਾਲਕ। ਘਟਾ ਕਾ—ਘਟਾਂ ਕਾ, ਸਰੀਰਾਂ ਦਾ। ਅੰਤਰਜਾਮੀ—ਦਿਲ ਦੀ ਜਾਣਨ ਵਾਲਾ। ੧। ਰਹਾਉ।

ਸੋਇ—ਸੌਂਦਾ ਹੈ। ਜਾਗਿ—ਜਾਗੇ, ਜਾਗਦਾ ਹੈ। ਅਚਿੰਤਾ—ਚਿੰਤਾ-ਰਹਿਤ ਹੋ ਕੇ। ਜਹਾ ਕਹਾਂ—ਜਿੱਥੇ ਕਿੱਥੇ, ਹਰ ਥਾਂ। ਪ੍ਰਭੁ ਤੂੰ—ਤੂੰ ਪ੍ਰਭੂ ਹੀ। ਵਰਤੰਤਾ—ਮੌਜੂਦ ਹੈਂ। ੨।

ਘਰਿ—ਘਰ ਵਿਚ। ਸੁਖਿ—ਆਨੰਦ ਵਿਚ। ਬਾਹਰਿ—ਘਰੋਂ ਬਾਹਰ। ਸੁਖੁ—ਆਨੰਦ। ਕਹੁ—ਆਖ। ਨਾਨਕ—ਹੇ ਨਾਨਕ! ਗੁਰਿ—ਗੁਰੂ ਨੇ। ਮੰਤ੍ਰੁ—ਉਪਦੇਸ਼। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ। ੩।

ਅਰਥ :—ਹੇ ਭਾਈ! ਅਸਾਂ ਜੀਵਾਂ ਦਾ ਰਾਖਾ ਇਕ ਮਾਲਕ-ਪ੍ਰਭੂ ਹੀ ਹੈ। ਸਾਡਾ ਉਹ ਮਾਲਕ ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਹੈ। ੧। ਰਹਾਉ।

ਹੇ ਭਾਈ! ਜਦੋਂ ਕੋਈ ਮਨੁੱਖ ਇਉਂ ਸਮਝ ਲੈਂਦਾ ਹੈ (ਕਿ ਪਰਮਾਤਮਾ ਹੀ ਸਭ ਦਾ ਰਾਖਾ ਹੈ) ਤਦੋਂ ਉਸ ਨੂੰ ਕਿਸੇ ਕਿਸਮ ਦਾ ਕੋਈ (ਮੌਤ ਆਦਿਕ ਦਾ) ਡਰ ਪੋਹ ਨਹੀਂ ਸਕਦਾ; ਉਹ ਉਠਦਾ ਬੈਠਦਾ ਹਰ ਵੇਲੇ ਆਤਮਕ ਆਨੰਦ ਮਾਣਦਾ ਹੈ। ੧।

ਹੇ ਭਾਈ! (ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਇਕ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ, ਤਦੋਂ ਮਨੁੱਖ ਹਰ ਵੇਲੇ ਇਹ ਆਖਣ ਲੱਗ ਪੈਂਦਾ ਹੈ ਕਿ ਹੇ ਸੁਆਮੀ!) ਤੂੰ ਪ੍ਰਭੂ ਹੀ ਹਰ ਥਾਂ ਮੌਜੂਦ ਹੈਂ, ਤਾਂ ਉਹ ਮਨੁੱਖ ਨਿਸਚਿੰਤ ਹੋ ਕੇ ਸੌਂਦਾ ਹੈ ਨਿਸਚਿੰਤ ਹੋ ਕੇ ਜਾਗਦਾ ਹੈ। ੨।

ਹੇ ਨਾਨਕ! ਆਖ—ਗੁਰੂ ਨੇ ਜਿਸ ਮਨੁੱਖ ਦੇ ਹਿਰਦੇ ਵਿਚ (ਇਹ) ਉਪਦੇਸ਼ ਪੱਕਾ ਕਰ ਦਿੱਤਾ (ਕਿ ਪਰਮਾਤਮਾ ਹੀ ਅਸਾਂ ਸਭ ਜੀਵਾਂ ਦਾ ਰਾਖਾ ਹੈ,) ਉਹ ਮਨੁੱਖ ਆਪਣੇ ਘਰ ਵਿਚ (ਭੀ) ਸੁਖੀ ਵੱਸਦਾ ਹੈ, ਉਹ ਘਰੋਂ ਬਾਹਰ (ਜਾ ਕੇ) ਭੀ ਆਨੰਦ ਮਾਣਦਾ ਹੈ। ੩। ੨।

ਭੈਰਉ ਮਹਲਾ ੫ ॥ ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥ ੧ ॥ ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥ ੧ ॥ ਰਹਾਉ ॥ ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ ॥ ੨ ॥ ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ ੩ ॥ ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ ੪ ॥ ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥ ੫ ॥ ੩ ॥

ਨੋਟ—ਇਸ ਸ਼ਬਦ ਦਾ ਸਿਰਲੇਖ ਹੈ 'ਮਹਲਾ ਪ'। ਪਰ ਅਖ਼ੀਰ ਤੇ ਲਫ਼ਜ਼ 'ਨਾਨਕ' ਦੇ ਥਾਂ 'ਕਬੀਰ' ਹੈ। ਇਸ ਦਾ ਭਾਵ ਇਹ ਹੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਲਿਖਿਆ ਹੋਇਆ ਹੈ, ਪਰ ਹੈ ਇਹ ਕਬੀਰ ਜੀ ਦੇ ਕਿਸੇ ਸ਼ਬਦ ਦੇ ਪਰਥਾਇ। ਹੁਣ ਵੇਖੋ ਇਸੇ ਰਾਗ ਵਿਚ ਕਬੀਰ ਜੀ ਦਾ ਸ਼ਬਦ ਨੰਬਰ ੭। ਉਸ ਵਿਚੋਂ ਹੇਠ-ਲਿਖੀਆਂ ਤੁਕਾਂ ਪੜ੍ਹ ਕੇ ਗੁਰੂ ਅਰਜਨ ਸਾਹਿਬ ਦੇ ਇਸ ਸ਼ਬਦ ਨਾਲ ਰਲਾਓ—

'ਹਮਰਾ ਝਗਰਾ ਰਹਾ ਨ ਕੋਊ। ਪੰਡਿਤ ਮੁਲਾਂ ਛਾਡੇ ਦੋਊ ।੧। ਰਹਾਉ।

... ...'

ਪੰਡਿਤ ਮੁਲਾਂ ਜੋ ਲਿਖਿ ਦੀਆ। ਛਾਡਿ ਚਲੇ ਹਮ ਕਛੂ ਨ ਲੀਆ ।੩।

ਗੁਰੂ ਅਰਜਨ ਸਾਹਿਬ ਆਪਣੇ ਸ਼ਬਦ ਵਿਚ ਕਬੀਰ ਜੀ ਦੇ ਦਿੱਤੇ ਖ਼ਿਆਲ ਦੀ ਵਿਆਖਿਆ ਕਰ ਰਹੇ ਹਨ।

ਪਦ ਅਰਥ :—ਰਹਉ—ਰਹਉਂ, ਮੈਂ ਰਹਿੰਦਾ ਹਾਂ। ਮਹ ਰਮਦਾਨਾ—ਮਾਹ ਰਮਜ਼ਾਨਾ, ਰਮਜ਼ਾਨ ਦਾ ਮਹੀਨਾ (ਜਦੋਂ ਰੋਜ਼ੇ ਰੱਖੇ ਜਾਂਦੇ ਹਨ)। ਤਿਸੁ—ਉਸ ਪ੍ਰਭੂ ਨੂੰ। ਸੇਵੀ—ਸੇਵੀਂ, ਮੈਂ ਸਿਮਰਦਾ ਹਾਂ। ਰਖੈ—ਰੱਖਿਆ ਕਰਦਾ ਹੈ। ਨਿਦਾਨਾ—ਆਖ਼ਰ ਨੂੰ ।੧।

ਗੁਸਾਈ—ਗੋ-ਸਾਈਂ, ਧਰਤੀ ਦਾ ਖਸਮ। ਅਲਹੁ—ਅੱਲਾ (ਮੁਸਲਮਾਨਾਂ ਦਾ ਨਾਮ ਪਰਮਾਤਮਾ ਵਾਸਤੇ)। ਦੁਹਾਂ ਨੇਬੇਰਾ—ਦੁਹਾਂ ਤੋਂ (ਸੰਬੰਧ) ਨਿਬੇੜ ਲਿਆ ਹੈ, ਦੋਹਾਂ ਨਾਲੋਂ ਮੁਕਾ ਲਿਆ ਹੈ।੧। ਰਹਾਉ।

ਜਾਉ ਨ—ਜਾਉਂ ਨ, ਮੈਂ ਨਹੀਂ ਜਾਂਦਾ। ਏਕੋ ਸੇਵੀ—ਇਕ ਪਰਮਾਤਮਾ ਨੂੰ ਹੀ ਮੈਂ ਸਿਮਰਦਾ ਹਾਂ।੨।

ਕਰਉ ਨ—ਕਰਉਂ ਨ, ਮੈਂ ਨਹੀਂ ਕਰਦਾ। ਨਿਵਾਜ—ਨਿਮਾਜ਼। ਨ ਗੁਜਾਰਉ—ਨ ਗੁਜਾਰਉਂ, ਮੈਂ ਨਹੀਂ ਗੁਜ਼ਾਰਦਾ, ਮੈਂ (ਨਿਮਾਜ਼) ਨਹੀਂ ਪੜ੍ਹਦਾ। ਲੈ—ਲੈ ਕੇ। ਰਿਦੈ—ਹਿਰਦੇ ਵਿਚ। ਨਮਸਕਾਰਉ—ਨਮਸਕਾਰਉਂ, ਮੈਂ ਸਿਰ ਨਿਵਾਂਦਾ ਹਾਂ ।੩।

ਹਮ—ਅਸੀ। ਪਿੰਡ—ਸਰੀਰ। ਪਰਾਨ—ਪ੍ਰਾਣ, ਜਿੰਦ। ਕੇ—ਦੇ (ਦਿੱਤੇ ਹੋਏ) ।੪।

ਕਹੁ—ਆਖ। ਕਬੀਰ—ਹੇ ਕਬੀਰ! ਗੁਰ ਮਿਲਿ—ਗੁਰੂ ਨੂੰ ਮਿਲ ਕੇ। ਪੀਰ ਮਿਲਿ—ਪੀਰ ਨੂੰ ਮਿਲ ਕੇ। ਖੁਦਿ—ਆਪਣਾ।੫।

ਅਰਥ :—ਹੇ ਭਾਈ! (ਆਤਮਕ ਜੀਵਨ ਦੀ ਅਗਵਾਈ ਦੇ ਸੰਬੰਧ ਵਿਚ) ਮੈਂ

ਹਿੰਦੂ ਅਤੇ ਤੁਰਕ ਦੋਹਾਂ ਨਾਲੋਂ ਹੀ ਸਾਂਝ ਮੁਕਾ ਲਈ ਹੈ। ਮੇਰਾ ਤਾਂ ਸਿਰਫ਼ ਉਹ ਹੈ (ਜਿਸ ਨੂੰ ਹਿੰਦੂ) ਗੁਸਾਈਂ (ਆਖਦਾ ਹੈ ਅਤੇ ਜਿਸ ਨੂੰ ਮੁਸਲਮਾਨ) ਅੱਲਾ (ਆਖਦਾ ਹੈ) ।੧। ਰਹਾਉ।

ਹੇ ਭਾਈ! ਨਾਹ ਮੈਂ (ਹਿੰਦੂ ਦੇ) ਵਰਤਾਂ ਦਾ ਆਸਰਾ ਲੈਂਦਾ ਹਾਂ, ਨਾਹ ਮੈਂ (ਮੁਸਲਮਾਨ ਦੇ) ਰਮਜ਼ਾਨ ਦੇ ਮਹੀਨੇ (ਵਿਚ ਰੱਖੇ ਰੋਜ਼ਿਆਂ ਦਾ)। ਮੈਂ ਤਾਂ (ਸਿਰਫ਼) ਉਸ ਪਰਮਾਤਮਾ ਨੂੰ ਸਿਮਰਦਾ ਹਾਂ ਜਿਹੜਾ ਆਖ਼ਿਰ (ਹਰੇਕ ਦੀ) ਰੱਖਿਆ ਕਰਦਾ ਹੈ ।੧।

ਹੇ ਭਾਈ! ਮੈਂ ਨਾਹ ਕਾਬੇ ਦਾ ਹੱਜ ਕਰਨ ਜਾਂਦਾ ਹਾਂ (ਜਿਵੇਂ ਮੁਸਲਮਾਨ ਜਾਂਦੇ ਹਨ), ਨਾਹ ਮੈਂ (ਹਿੰਦੂਆਂ ਵਾਂਗ) ਤੀਰਥਾਂ ਤੇ ਪੂਜਾ ਕਰਨ ਜਾਂਦਾ ਹਾਂ। ਮੈਂ ਤਾਂ ਸਿਰਫ਼ ਇੱਕ ਪਰਮਾਤਮਾ ਨੂੰ ਸਿਮਰਦਾ ਹਾਂ, ਕਿਸੇ ਹੋਰ ਦੂਜੇ ਨੂੰ ਨਹੀਂ (ਸਿਮਰਦਾ) ।੨।

ਹੇ ਭਾਈ! ਮੈਂ ਨਾਹ (ਹਿੰਦੂਆਂ ਵਾਂਗ ਦੇਵ-) ਪੂਜਾ ਕਰਦਾ ਹਾਂ, ਨਾਹ (ਮੁਸਲ-ਮਾਨਾਂ ਵਾਂਗ) ਨਿਮਾਜ਼ ਪੜ੍ਹਦਾ ਹਾਂ। ਮੈਂ ਤਾਂ ਸਿਰਫ਼ ਨਿਰੰਕਾਰ ਨੂੰ ਹਿਰਦੇ ਵਿਚ ਵਸਾ ਕੇ (ਉਸ ਅੱਗੇ) ਸਿਰ ਨਿਵਾਂਦਾ ਹਾਂ ।੩।

ਹੇ ਭਾਈ! (ਆਤਮਕ ਜੀਵਨ ਦੀ ਅਗਵਾਈ ਵਾਸਤੇ) ਨਾਹ ਅਸੀ ਹਿੰਦੂ (ਦੇ ਮੁਥਾਜ) ਹਾਂ, ਨਾਹ ਅਸੀ ਮੁਸਲਮਾਨ (ਦੇ ਮੁਥਾਜ) ਹਾਂ। ਸਾਡੇ ਇਹ ਸਰੀਰ ਸਾਡੀ ਇਹ ਜਿੰਦ (ਉਸ ਪਰਮਾਤਮਾ) ਦੇ ਦਿੱਤੇ ਹੋਏ ਹਨ (ਜਿਸ ਨੂੰ ਮੁਸਲਮਾਨ) ਅੱਲਾ (ਆਖਦਾ ਹੈ, ਜਿਸ ਨੂੰ ਹਿੰਦੂ) ਰਾਮ (ਆਖਦਾ ਹੈ)।੪।

ਹੇ ਕਬੀਰ! ਆਖ–(ਹੇ ਭਾਈ!) ਮੈਂ ਤਾਂ ਇਹ ਗੱਲ ਖੋਲ੍ਹ ਕੇ ਦੱਸਦਾ ਹਾਂ ਕਿ ਮੈਂ ਆਪਣੇ ਗੁਰੂ-ਪੀਰ ਨੂੰ ਮਿਲ ਕੇ ਆਪਣੇ ਖਸਮ-ਪ੍ਰਭੂ ਨਾਲ ਡੂੰਘੀ ਸਾਂਝ ਪਾ ਰੱਖੀ ਹੈ ।੫।੩।

ਭੈਰਉ ਮਹਲਾ ੫॥ ਦਸ ਮਿਰਗੀ ਸਹਜੇ ਬੰਧਿ ਆਨੀ॥ ਪਾਂਚ ਮਿਰਗ ਬੇਧੇ ਸਿਵ ਕੀ ਬਾਨੀ॥੧॥ ਸੰਤ ਸੰਗਿ ਲੇ ਚੜਿਓ ਸਿਕਾਰ॥ ਮ੍ਰਿਗ ਪਕਰੇ ਬਿਨੁ ਘੋਰ ਹਥੀਆਰ॥੧॥ ਰਹਾਉ॥ ਆਖੇਰ ਬਿਰਤਿ ਬਾਹਰਿ ਆਇਓ ਧਾਇ॥ ਅਹੇਰਾ ਪਾਇਓ ਘਰ ਕੈ ਗਾਂਇ॥੨॥ ਮ੍ਰਿਗ ਪਕਰੇ ਘਰਿ ਆਣੇ ਹਾਟਿ॥ ਚੁਖ ਚੁਖ ਲੇ ਗਏ ਬਾਂਢੇ ਬਾਟਿ॥੩॥ ਏਹੁ ਅਹੇਰਾ ਕੀਨੋ ਦਾਨੁ॥ ਨਾਨਕ ਕੈ ਘਰਿ ਕੇਵਲ ਨਾਮੁ॥੪॥੪॥

ਪਦ ਅਰਥ:–ਮਿਰਗੀ–ਹਿਰਨੀਆਂ। ਦਸ ਮਿਰਗੀ–ਦਸ ਹਿਰਨੀਆਂ, ਦਸ

ਇੰਦ੍ਰੀਆਂ । ਸਹਜੇ—ਆਤਮਕ ਅਡੋਲਤਾ ਵਿਚ (ਟਿਕ ਕੇ) । ਬੰਧਿ—ਬੰਨ੍ ਕੇ । ਆਨੀ—ਲੈ ਆਂਦੀਆਂ । ਪਾਂਚ ਮਿਰਗ—(ਕਾਮਾਦਿਕ) ਪੰਜ ਹਿਰਨ । ਬੇਧੇ—ਵਿੰਨ੍ ਲਏ । ਸਿਵ ਕੀ ਬਾਨੀ—ਸ਼ਿਵ ਦੇ ਤੀਰਾਂ ਨਾਲ, ਕਦੇ ਖ਼ਤਾ ਨਾਹ ਖਾਣ ਵਾਲੇ ਤੀਰਾਂ ਨਾਲ, ਗੁਰੂ ਦੀ ਬਾਣੀ ਨਾਲ । ੧ ।

ਸੰਤ ਸੰਗਿ ਲੇ—ਸੰਤ ਜਨਾਂ ਨੂੰ (ਆਪਣੇ) ਨਾਲ ਲੈ ਕੇ, ਸਾਧ ਸੰਗਤਿ ਵਿਚ ਟਿਕ ਕੇ । ਚੜਿਓ ਸਿਕਾਰ—ਸ਼ਿਕਾਰ ਖੇਡਣ ਲਈ ਚੜ੍ਹ ਪਿਆ, ਕਾਮਾਦਿਕ ਹਿਰਨਾਂ ਨੂੰ ਫੜਨ ਲਈ ਤਿਆਰੀ ਕਰ ਲਈ । ਮ੍ਰਿਗ ਪਕਰੇ—(ਪੰਜੇ ਕਾਮਾਦਿਕ) ਹਿਰਨ ਕਾਬੂ ਕਰ ਲਏ । ਘੋਰ—ਘੋੜੇ । ੧ । ਰਹਾਉ ।

ਆਖੇਰ—ਆਖੇਟ, (Hunting) ਸ਼ਿਕਾਰ ਖੇਡਣਾ । ਬਿਰਤਿ—[वृत्ति—Profession] ਕਿੱਤਾ, ਸੁਭਾਉ । ਆਖੇਰ ਬਿਰਤਿ—[आखेट वृत्ति—Profession of hunting] (ਵਿਸ਼ੇ-ਵਿਕਾਰਾਂ ਦਾ) ਸ਼ਿਕਾਰ ਖੇਡਣ ਦਾ ਕਸਬ (ਸੁਭਾਉ) । ਧਾਇ—ਧਾ ਕੇ, ਦੌੜ ਕੇ। ਅਹੇਰਾ—ਸ਼ਿਕਾਰ, ਜਿਸ ਨੂੰ ਪਕੜਨਾ ਸੀ ਉਹ (ਮਨ) । ਕੈ ਗਾਂਇ—ਦੇ ਗ੍ਰਾਮ ਵਿਚ, ਦੇ ਪਿੰਡ ਵਿਚ । ਘਰ ਕੈ ਗਾਂਇ—ਸਰੀਰ-ਘਰ ਦੇ ਪਿੰਡ ਵਿਚ, ਸਰੀਰ ਦੇ ਅੰਦਰ ਹੀ ।੨।

ਮ੍ਰਿਗ—(ਕਾਮਾਦਿਕ ਪੰਜੇ) ਹਿਰਨ । ਘਰਿ—ਘਰ ਵਿਚ । ਘਰਿ ਆਣੇ—ਘਰ ਵਿਚ ਲੈ ਆਂਦੇ । ਹਾਟਿ ਆਣੇ—ਹੱਟੀ ਵਿਚ ਲੈ ਆਂਦੇ । ਘਰਿ ਆਣੇ ਹਾਟਿ—ਘਰ ਵਿਚ ਹੱਟੀ ਵਿਚ ਲੈ ਆਂਦੇ, ਵੱਸ ਵਿਚ ਕਰ ਲਏ । ਚੁਖ ਚੁਖ—ਰਤਾ ਰਤਾ ਕਰ ਕੇ । ਲੇ ਗਏ—(ਸੰਤ ਜਨ) ਲੈ ਗਏ । ਬਾਂਢੇ ਬਾਟਿ—ਬਿਗਾਨੇ ਰਸਤੇ ਵਿਚ, ਓਪਰੇ ਪਿੰਡ ਵਿਚ (ਮੇਰੇ ਅੰਦਰੋਂ ਕੱਢ ਕੇ) ਹੋਰ ਥਾਂ (ਲੈ ਗਏ), (ਮੇਰੇ ਅੰਦਰੋਂ ਸੰਤ ਜਨਾਂ ਨੇ) ਉਹਨਾਂ ਨੂੰ ਉੱਕਾ ਹੀ ਕੱਢ ਦਿੱਤਾ । ੩ ।

ਅਹੇਰਾ—ਸ਼ਿਕਾਰ, ਜਿਸ (ਮਨ) ਨੂੰ ਫੜਨਾ ਸੀ ਉਹ । ਕੈ ਘਰਿ—ਦੇ ਘਰ ਵਿਚ, ਦੇ ਹਿਰਦੇ ਵਿਚ । ੪ ।

ਅਰਥ :—ਹੇ ਭਾਈ ! ਸੰਤ ਜਨਾਂ ਨੂੰ ਨਾਲ ਲੈ ਕੇ ਮੈਂ ਸ਼ਿਕਾਰ ਖੇਡਣ ਚੜ੍ਹ ਪਿਆ (ਸਾਧ ਸੰਗਤਿ ਵਿਚ ਟਿਕ ਕੇ ਮੈਂ ਕਾਮਾਦਿਕ ਹਿਰਨਾਂ ਨੂੰ ਫੜਨ ਲਈ ਤਿਆਰੀ ਕਰ ਲਈ) । ਬਿਨਾ ਘੋੜਿਆਂ ਤੋਂ ਬਿਨਾ ਹਥਿਆਰਾਂ ਤੋਂ (ਉਹ ਕਾਮਾਦਿਕ) ਹਿਰਨ ਮੈਂ ਫੜ ਲਏ (ਵੱਸ ਵਿਚ ਕਰ ਲਏ) । ੧ । ਰਹਾਉ ।

ਹੇ ਭਾਈ ! (ਸੰਤ ਜਨਾਂ ਦੀ ਸਹਾਇਤਾ ਨਾਲ, ਸਾਧ ਸੰਗਤਿ ਦੀ ਬਰਕਤਿ ਨਾਲ) ਆਤਮਕ ਅਡੋਲਤਾ ਵਿਚ ਟਿਕ ਕੇ ਮੈਂ ਦਸੇ ਹਿਰਨੀਆਂ (ਇੰਦ੍ਰੀਆਂ) ਬੰਨ੍ ਕੇ ਲੈ ਆਂਦੀਆਂ (ਵੱਸ ਵਿਚ ਕਰ ਲਈਆਂ) । ਕਦੇ ਖ਼ਤਾ ਨਾਹ ਖਾਣ ਵਾਲੇ ਗੁਰ-ਸ਼ਬਦ-ਤੀਰਾਂ ਨਾਲ ਮੈਂ ਪੰਜ (ਕਾਮਾਦਿਕ) ਹਿਰਨ (ਭੀ) ਵਿੰਨ੍ ਲਏ । ੧ ।

ਹੇ ਭਾਈ ! (ਸਾਧ ਸੰਗਤਿ ਦੀ ਬਰਕਤਿ ਨਾਲ, ਸੰਤ ਜਨਾਂ ਦੀ ਸਹਾਇਤਾ ਨਾਲ) ਵਿਸ਼ੇ-ਵਿਕਾਰਾਂ ਦਾ ਸ਼ਿਕਾਰ ਖੇਡਣ ਵਾਲਾ ਸੁਭਾਉ (ਮੇਰੇ ਅੰਦਰੋਂ) ਦੌੜ ਕੇ ਬਾਹਰ ਨਿਕਲ ਗਿਆ। (ਜਿਸ ਮਨ ਨੂੰ ਪਕੜਨਾ ਸੀ ਉਹ ਮਨ-) ਸ਼ਿਕਾਰ ਮੈਨੂੰ ਆਪਣੇ ਸਰੀਰ ਦੇ ਅੰਦਰ ਹੀ ਲੱਭ ਪਿਆ (ਤੇ, ਮੈਂ ਉਸ ਨੂੰ ਕਾਬੂ ਕਰ ਲਿਆ)।੨।

ਹੇ ਭਾਈ! (ਪੰਜਾਂ) ਹਿਰਨਾਂ ਨੂੰ ਫੜ ਕੇ ਮੈਂ ਆਪਣੇ ਘਰ ਵਿਚ ਲੈ ਆਂਦਾ, ਆਪਣੀ ਹੱਟੀ ਵਿਚ ਲੈ ਆਂਦਾ। (ਸੰਤ ਜਨ ਉਹਨਾਂ ਨੂੰ) ਰਤਾ ਰਤਾ ਕਰ ਕੇ (ਮੇਰੇ ਅੰਦਰੋਂ) ਦੂਰ-ਦੁਰਾਡੇ ਥਾਂ ਲੈ ਗਏ (ਮੇਰੇ ਅੰਦਰੋਂ ਸੰਤ ਜਨਾਂ ਨੇ ਪੰਜਾਂ ਕਾਮਾਦਿਕ ਹਿਰਨਾਂ ਨੂੰ ਉੱਕਾ ਹੀ ਕੱਢ ਦਿੱਤਾ)।੩।

ਹੇ ਭਾਈ ! ਸੰਤ ਜਨਾਂ ਨੇ ਇਹ ਫੜਿਆ ਹੋਇਆ ਸ਼ਿਕਾਰ (ਇਹ ਵੱਸ ਵਿਚ ਕੀਤਾ ਹੋਇਆ ਮੇਰਾ ਮਨ) ਮੈਨੂੰ ਬਖ਼ਸ਼ੀਸ਼ ਦੇ ਤੌਰ ਤੇ ਦੇ ਦਿੱਤਾ। ਹੁਣ ਮੈਂ ਨਾਨਕ ਦੇ ਹਿਰਦੇ ਵਿਚ ਸਿਰਫ਼ ਪਰਮਾਤਮਾ ਦਾ ਨਾਮ ਹੀ ਨਾਮ ਹੈ (ਮਨ ਵੱਸ ਵਿਚ ਆ ਗਿਆ ਹੈ, ਤੇ ਕਾਮਾਦਿਕ ਭੀ ਆਪਣਾ ਜ਼ੋਰ ਨਹੀਂ ਪਾ ਸਕਦੇ)।੪।੪।

ਭੈਰਉ ਮਹਲਾ ੫ ॥ ਜੇ ਸਉ ਲੋਚਿ ਲੋਚਿ ਖਾਵਾਇਆ ॥ ਸਾਕਤ ਹਰਿ ਹਰਿ ਚੀਤਿ ਨ ਆਇਆ ॥੧॥ ਸੰਤ ਜਨਾ ਕੀ ਲੇਹੁ ਮਤੇ ॥ ਸਾਧਸੰਗਿ ਪਾਵਹੁ ਪਰਮ ਗਤੇ ॥੧॥ ਰਹਾਉ ॥ ਪਾਥਰ ਕਉ ਬਹੁ ਨੀਰੁ ਪਵਾਇਆ ॥ ਨਹ ਭੀਗੈ ਅਧਿਕ ਸੂਕਾਇਆ ॥ ੨ ॥ ਖਟੁ ਸਾਸਤ੍ਰ ਮੂਰਖੈ ਸੁਨਾਇਆ ॥ ਜੈਸੇ ਦਹਦਿਸ ਪਵਨੁ ਝੁਲਾਇਆ ॥ ੩ ॥ ਬਿਨੁ ਕਣ ਖਲਹਾਨੁ ਜੈਸੇ ਗਾਹਨ ਪਾਇਆ ॥ ਤਿਉ ਸਾਕਤ ਤੇ ਕੋ ਨ ਬਰਾਸਾਇਆ ॥ ੪॥ ਤਿਤ ਹੀ ਲਾਗਾ ਜਿਤੁ ਕੋ ਲਾਇਆ ॥ ਕਹੁ ਨਾਨਕ ਪ੍ਰਭਿ ਬਣਤ ਬਣਾਇਆ ॥ ੫ ॥ ੫ ॥

ਪਦ ਅਰਥਪਦ :–ਸਉ–ਸੌ ਵਾਰੀ। ਲੋਚਿ–ਲੋਚ ਕੇ, ਤਾਂਘ ਨਾਲ। ਲੋਚਿ ਲੋਚਿ–ਬੜੀ ਤਾਂਘ ਨਾਲ। ਜੇ ਖਾਵਾਇਆ–ਜੇ (ਨਾਮ-ਭੋਜਨ) ਖਵਾਲਿਆ ਜਾਏ। ਸਾਕਤ ਚੀਤਿ–ਸਾਕਤ ਦੇ ਚਿੱਤ ਵਿਚ। ਸਾਕਤ–ਪਰਮਾਤਮਾ ਨਾਲੋਂ ਟੁੱਟਾ ਹੋਇਆ ਮਨੁੱਖ।੧।

ਮਤੇ–ਮਤਿ, ਸਿੱਖਿਆ। ਸਾਧ ਸੰਗਿ–ਸਾਧ ਸੰਗਤਿ ਵਿਚ। ਪਰਮ ਗਤੇ–ਸਭ ਤੋਂ ਉੱਚੀ ਆਤਮਕ ਅਵਸਥਾ।੧। ਰਹਾਉ।

ਕਉ–ਨੂੰ। ਨੀਰੁ–ਪਾਣੀ। ਭੀਗੈ–ਭਿੱਜਦਾ। ਅਧਿਕ–ਬਹੁਤ।੨।

ਖਟੁ–ਛੇ। ਮੂਰਖੈ–ਮੂਰਖ ਨੂੰ। ਦਹ ਦਿਸ–ਦਸੀਂ ਪਾਸੀਂ। ਦਿਸ–ਪਾਸਾ। ਪਵਨੁ

–ਹਵਾ । ੩ ।

ਕਣ–ਅੰਨ ਦੇ ਦਾਣੇ । ਖਲਹਾਨੁ–ਖਲਵਾੜਾ । ਗਾਹਨ ਪਾਇਆ–ਗਾਹਿਆ ਜਾਏ । ਤੇ–ਤੋਂ । ਕੋ–ਕੋਈ ਭੀ ਮਨੁੱਖ । ਬਰਾਸਾਇਆ–ਲਾਭ ਉਠਾ ਸਕਦਾ । ੪ ।

ਤਿਤ ਹੀ–ਤਿਤੁ ਹੀ[ਕ੍ਰਿਆ ਵਿਸ਼ੇਸ਼ਣ 'ਹੀ'ਦੇ ਕਾਰਨ ਲਫ਼ਜ਼ 'ਤਿਤੁ' ਦਾ ੁ ਉੱਡ ਗਿਆ ਹੈ] ਉਸ (ਕੰਮ) ਵਿਚ ਹੀ । ਜਿਤੁ–ਜਿਸ (ਕੰਮ) ਵਿਚ । ਕੋ–ਕੋਈ ਮਨੁੱਖ। ਨਾਨਕ–ਹੇ ਨਾਨਕ ! ਪ੍ਰਭਿ–ਪ੍ਰਭੂ ਨੇ । ਬਣਤ–ਮਰਯਾਦਾ । ੫ ।

ਅਰਥ :–ਹੇ ਭਾਈ!(ਪਰਮਾਤਮਾ ਦੇ ਚਰਨਾਂ ਨਾਲੋਂ ਟੁੱਟੇ ਹੋਏ ਬੰਦਿਆਂ ਦੀ ਸੰਗਤਿ ਕਰਨ ਦੇ ਥਾਂ) ਸੰਤ ਜਨਾਂ ਪਾਸੋਂ (ਸਹੀ ਜੀਵਨ-ਜੁਗਤਿ ਦੀ) ਸਿੱਖਿਆ ਲਿਆ ਕਰੋ। ਸੰਤ ਜਨਾਂ ਦੀ ਸੰਗਤਿ ਵਿਚ (ਰਹਿ ਕੇ) ਤੁਸੀ ਸਭ ਤੋਂ ਉੱਚੀ ਆਤਮਕ ਅਵਸਥਾ ਪ੍ਰਾਪਤ ਕਰ ਲਵੋਗੇ । ੧ । ਰਹਾਉ ।

ਹੇ ਭਾਈ ! ਪਰਮਾਤਮਾ ਤੋਂ ਟੁੱਟੇ ਹੋਏ ਮਨੁੱਖ ਨੂੰ ਜੇ ਸੌ ਵਾਰੀ ਭੀ ਬੜੀ ਤਾਂਘ ਨਾਲ (ਉਸ ਦਾ ਆਤਮਕ ਜੀਵਨ ਕਾਇਮ ਰੱਖਣ ਲਈ ਨਾਮ-) ਭੋਜਨ ਖਵਾਲਣ ਦਾ ਜਤਨ ਕੀਤਾ ਜਾਏ, ਤਾਂ ਭੀ ਉਸ ਦੇ ਚਿੱਤ ਵਿਚ ਪਰਮਾਤਮਾ ਦਾ ਨਾਮ (-ਭੋਜਨ) ਟਿਕ ਨਹੀਂ ਸਕਦਾ । ੧ ।

ਹੇ ਭਾਈ ! ਜੇ ਕਿਸੇ ਪੱਥਰ ਉੱਤੇ ਬਹੁਤ ਸਾਰਾ ਪਾਣੀ ਸੁਟਾਇਆ ਜਾਏ, (ਤਾਂ ਭੀ ਉਹ ਪੱਥਰ ਅੰਦਰੋਂ) ਭਿੱਜਦਾ ਨਹੀਂ, (ਅੰਦਰੋਂ ਉਹ) ਬਿਲਕੁਲ ਸੁੱਕਾ ਹੀ ਰਹਿੰਦਾ ਹੈ (ਇਹੀ ਹਾਲ ਹੈ ਸਾਕਤ ਦਾ) । ੨ ।

ਹੇ ਭਾਈ ! ਜੇ ਕਿਸੇ ਅਨਪੜ੍ਹ ਮੂਰਖ ਨੂੰ ਛੇ ਸ਼ਾਸਤ੍ਰ ਸੁਣਾਏ ਜਾਣ (ਉਹ ਅਨਪੜ੍ਹ ਵਿਚਾਰਾ ਕੀਹ ਸਮਝੇ ਉਹਨਾਂ ਸ਼ਾਸਤ੍ਰਾਂ ਨੂੰ ? ਉਸ ਦੇ ਭਾਣੇ ਤਾਂ ਇਉਂ ਹੈ) ਜਿਵੇਂ ਉਸ ਦੇ ਦਸੀਂ ਪਾਸੀਂ (ਨਿਰੀ) ਹਵਾ ਹੀ ਚੱਲ ਰਹੀ ਹੈ (ਇਹੀ ਹਾਲ ਹੈ ਸਾਕਤ ਦਾ)। ੩ ।

ਹੇ ਭਾਈ ! ਜਿਵੇਂ ਅੰਨ ਦੇ ਦਾਣਿਆਂ ਤੋਂ ਬਿਨ. ਕੋਈ ਖਲਵਾੜਾ ਗਾਹਿਆ ਜਾਏ (ਉਸ ਵਿਚੋਂ ਦਾਣਿਆਂ ਦਾ ਬੋਹਲ ਨਹੀਂ ਬਣੇਗਾ), ਤਿਵੇਂ ਹੀ ਪਰਮਾਤਮਾ ਦੇ ਚਰਨਾਂ ਨਾਲੋਂ ਟੁੱਟੇ ਹੋਏ ਮਨੁੱਖ ਪਾਸੋਂ ਕੋਈ ਮਨੁੱਖ ਆਤਮਕ ਜੀਵਨ ਦੀ ਖ਼ੁਰਾਕ ਪ੍ਰਾਪਤ ਨਹੀਂ ਕਰ ਸਕਦਾ । ੪ ।

ਪਰ, ਹੇ ਭਾਈ ! (ਸਾਕਤ ਦੇ ਭੀ ਕੀਹ ਵੱਸ ?) ਹਰ ਕੋਈ ਉਸ (ਕੰਮ) ਵਿਚ ਹੀ ਲੱਗਦਾ ਹੈ ਜਿਸ ਵਿਚ (ਪਰਮਾਤਮਾ ਵਲੋਂ) ਉਹ ਲਾਇਆ ਜਾਂਦਾ ਹੈ । ਹੇ ਨਾਨਕ ! ਆਖ–(ਕੋਈ ਸਾਕਤ ਹੈ ਤੇ ਕੋਈ ਸੰਤ ਹੈ–ਇਹ) ਖੇਡ ਪ੍ਰਭੂ ਨੇ ਆਪ ਹੀ ਬਣਾਈ ਹੋਈ ਹੈ । ੫ । ੫ ।

ਭੈਰਉ ਮਹਲਾ ੫ ॥ ਜੀਉ ਪ੍ਰਾਣ ਜਿਨਿ ਰਚਿਓ ਸਰੀਰ ॥ ਜਿਨਹਿ

ਉਪਾਏ ਤਿਸ ਕਉ ਪੀਰ ॥ ੧ ॥ ਗੁਰੁ ਗੋਬਿੰਦੁ ਜੀਅ ਕੈ ਕਾਮ ॥ ਹਲਤਿ ਪਲਤਿ ਜਾ ਕੀ ਸਦ ਛਾਮ ॥ ੧ ॥ ਰਹਾਉ ॥ ਪ੍ਰਭੁ ਆਰਾਧਨ ਨਿਰਮਲ ਰੀਤਿ ॥ ਸਾਧ ਸੰਗਿ ਬਿਨਸੀ ਬਿਪਰੀਤਿ ॥ ੨ ॥ ਮੀਤ ਹੀਤ ਧਨੁ ਨਹ ਪਾਰਣਾ ॥ ਧੰਨਿ ਧੰਨਿ ਮੇਰੇ ਨਾਰਾਇਣਾ ॥ ੩ ॥ ਨਾਨਕੁ ਬੋਲੈ ਅੰਮ੍ਰਿਤ ਬਾਣੀ ॥ ਏਕ ਬਿਨਾ ਦੂਜਾ ਨਹੀ ਜਾਣੀ ॥ ੪ ॥ ੬ ॥

ਪਦ ਅਰਥ :–ਜੀਉ–ਜਿੰਦ । ਜਿਨਿ–ਜਿਸ (ਪਰਮਾਤਮਾ) ਨੇ । ਰਚਿਓ–ਬਣਾਇਆ ਹੈ । ਜਿਨਹਿ–ਜਿਨਿ ਹੀ [ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਜਿਨਿ' ਦੀ ਿ ਉੱਡ ਗਈ ਹੈ] । ਤਿਸ ਕਉ–[ਸੰਬੰਧਕ 'ਕਉ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ] । ਪੀਰ–ਦਰਦ-ਸਨੇਹ । ੧ ।

ਜੀਅ ਕੈ ਕਾਮ–ਜਿੰਦ ਦੇ ਕੰਮ, ਜਿੰਦ ਵਾਸਤੇ ਲਾਭਦਾਇਕ । ਹਲਤਿ–ਇਸ ਲੋਕ ਵਿਚ । ਪਲਤਿ–ਪਰਲੋਕ ਵਿਚ । ਜਾ ਕੀ–ਜਿਸ (ਪਰਮਾਤਮਾ) ਦੀ । ਸਦ–ਸਦਾ । ਛਾਮ –ਛਾਂ, ਸਾਮ, ਆਸਰਾ । ੧ । ਰਹਾਉ ।

ਰੀਤਿ–ਜੀਵਨ-ਮਰਯਾਦਾ, ਜੀਵਨ-ਜੁਗਤਿ । ਨਿਰਮਲ–ਪਵਿੱਤਰ । ਸੰਗਿ–ਸੰਗਤਿ ਵਿਚ । ਬਿਨਸੀ–ਨਾਸ ਹੋ ਜਾਂਦੀ ਹੈ । ਬਿਪਰੀਤਿ–(ਸਿਮਰਨ ਤੋਂ) ਉਲਟੀ ਜੀਵਨ-ਜੁਗਤਿ । ੨ ।

ਹੀਤ–ਹਿਤੂ, ਸਨੇਹੀ । ਪਾਰਣਾ–ਪਰਨਾ, ਆਸਰਾ । ਧੰਨਿ–ਸਲਾਹੁਣ-ਜੋਗ । ਨਾਰਾਇਣਾ–ਹੇ ਨਾਰਾਇਣ ! ਹੇ ਪਰਮਾਤਮਾ ! ੩ ।

ਨਾਨਕੁ ਬੋਲੈ–ਨਾਨਕ ਬੋਲਦਾ ਹੈ । ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੀ । ਜਾਣੀ–ਜਾਣਿ । ੪ ।

ਅਰਥ :–ਹੇ ਭਾਈ ! ਜਿਸ (ਗੁਰੂ) ਦਾ ਜਿਸ (ਗੋਬਿੰਦ) ਦਾ ਇਸ ਲੋਕ ਵਿਚ ਅਤੇ ਪਰਲੋਕ ਵਿਚ ਸਦਾ (ਮਨੁੱਖ ਨੂੰ) ਆਸਰਾ ਹੈ, ਉਹ ਗੁਰੂ (ਹੀ) ਉਹ ਗੋਬਿੰਦ (ਹੀ) ਜਿੰਦ ਦੀ ਸਹਾਇਤਾ ਕਰਨ ਵਾਲਾ ਹੈ । ੧ । ਰਹਾਉ ।

ਹੇ ਭਾਈ ! ਜਿਸ (ਪਰਮਾਤਮਾ) ਨੇ ਜਿੰਦ ਪ੍ਰਾਣ (ਦੇ ਕੇ ਜੀਵਾਂ ਦੇ) ਸਰੀਰ ਰਚੇ ਹਨ, ਹੇ ਭਾਈ ! ਜਿਸ ਪਰਮਾਤਮਾ ਨੇ ਜੀਵ ਪੈਦਾ ਕੀਤੇ ਹਨ, ਉਸ ਨੂੰ ਹੀ (ਜੀਵਾਂ ਦਾ) ਦਰਦ ਹੈ । ੧ ।

ਹੇ ਭਾਈ ! ਉਸ ਪਰਮਾਤਮਾ ਨੂੰ ਸਿਮਰਨਾ ਹੀ ਪਵਿੱਤਰ ਜੀਵਨ-ਜੁਗਤਿ ਹੈ (ਇਹ ਜੀਵਨ-ਜੁਗਤਿ ਸਾਧ ਸੰਗਤਿ ਵਿਚ ਪ੍ਰਾਪਤ ਹੁੰਦੀ ਹੈ) । ਹੇ ਭਾਈ ! ਸਾਧ ਸੰਗਤਿ ਵਿਚ ਰਹਿ ਕੇ (ਸਿਮਰਨ ਤੋਂ) ਉਲਟੀ ਜੀਵਨ-ਜੁਗਤਿ ਨਾਸ ਹੋ ਜਾਂਦੀ ਹੈ

(ਭਾਵ, ਸਿਮਰਨ ਨਾਹ ਕਰਨ ਦੀ ਮਾੜੀ ਵਾਦੀ ਖ਼ਤਮ ਹੋ ਜਾਂਦੀ ਹੈ)। ੨।

ਹੇ ਭਾਈ! ਮਿੱਤਰ, ਹਿਤੂ, ਧਨ—ਇਹ (ਮਨੁੱਖ ਦੀ ਜਿੰਦ ਦਾ) ਸਹਾਰਾ ਨਹੀਂ ਹਨ। ਹੇ ਮੇਰੇ ਪਰਮਾਤਮਾ! (ਤੂੰ ਹੀ ਅਸਾਂ ਜੀਵਾਂ ਦਾ ਆਸਰਾ ਹੈਂ) ਤੂੰ ਹੀ ਸਲਾਹੁਣ-ਜੋਗ ਹੈਂ, ਤੂੰ ਹੀ ਸਲਾਹੁਣ-ਜੋਗ ਹੈਂ। ੩।

ਹੇ ਭਾਈ! ਨਾਨਕ ਆਤਮਕ ਜੀਵਨ ਦੇਣ ਵਾਲਾ (ਇਹ) ਬਚਨ ਆਖਦਾ ਹੈ ਕਿ ਇਕ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਨੂੰ (ਜ਼ਿੰਦਗੀ ਦਾ ਸਹਾਰਾ) ਨਾਹ ਸਮਝੀਂ। ੪। ੬।

ਭੈਰਉ ਮਹਲਾ ੫ ॥ ਆਗੈ ਦਯੁ ਪਾਛੈ ਨਾਰਾਇਣ ॥ ਮਧਿ ਭਾਗਿ ਹਰਿ ਪ੍ਰੇਮ ਰਸਾਇਣ ॥੧॥ ਪ੍ਰਭੂ ਹਮਾਰੈ ਸਾਸਤ੍ਰ ਸਉਣ ॥ ਸੂਖ ਸਹਜ ਆਨੰਦ ਗ੍ਰਿਹ ਭਉਣ ॥੧॥ ਰਹਾਉ ॥ ਰਸਨਾ ਨਾਮੁ ਕਰਨ ਸੁਣਿ ਜੀਵੇ ॥ ਪ੍ਰਭੁ ਸਿਮਰਿ ਸਿਮਰਿ ਅਮਰ ਥਿਰੁ ਥੀਵੇ ॥੨॥ ਜਨਮ ਜਨਮ ਕੇ ਦੂਖ ਨਿਵਾਰੇ ॥ ਅਨਹਦ ਸਬਦ ਵਜੇ ਦਰਬਾਰੇ ॥੩॥ ਕਰਿ ਕਿਰਪਾ ਪ੍ਰਭਿ ਲੀਏ ਮਿਲਾਏ ॥ ਨਾਨਕ ਪ੍ਰਭ ਸਰਣਾਗਤਿ ਆਏ ॥੪॥੭॥

ਪਦ ਅਰਥ :—ਆਗੈ—ਅਗਾਂਹ ਆਉਣ ਵਾਲੇ ਸਮੇ ਵਿਚ। ਪਾਛੈ—ਪਿਛਲੇ ਲੰਘ ਚੁਕੇ ਸਮੇ ਵਿਚ। ਦਯੁ—[दय्—To love, feel pity] ਤਰਸ ਕਰਨ ਵਾਲਾ ਪ੍ਰਭੂ। ਮਧਿ ਭਾਗਿ—ਵਿਚਕਾਰਲੇ ਹਿੱਸੇ ਵਿਚ, ਹੁਣ ਭੀ। ਰਸਾਇਣ—ਸਾਰੇ ਰਸਾਂ ਦਾ ਘਰ, ਸਾਰੇ ਸੁਖ ਦੇਣ ਵਾਲਾ। ੧।

ਹਮਾਰੈ—ਸਾਡੇ ਵਾਸਤੇ। ਸਉਣ—ਸਗਨ, ਚੰਗਾ ਮੁਹੂਰਤ। ਸਾਸਤ੍ਰ ਸਉਣ—ਸਗਨ ਦੱਸਣ ਵਾਲਾ ਸ਼ਾਸਤ੍ਰ। ਭਉਣ—ਭਵਨ, ਘਰ। ੧। ਰਹਾਉ।

ਰਸਨਾ—ਜੀਭ (ਨਾਲ)। ਕਰਨ—ਕੰਨਾਂ ਨਾਲ। ਸੁਣਿ—ਸੁਣ ਕੇ। ਜੀਵੇ—ਆਤਮਕ ਜੀਵਨ ਹਾਸਲ ਕਰ ਗਏ। ਸਿਮਰਿ ਸਿਮਰਿ—ਸਦਾ ਸਿਮਰ ਕੇ। ਅਮਰ—ਅ-ਮਰ, ਆਤਮਕ ਮੌਤ ਤੋਂ ਬਚੇ ਹੋਏ। ਥਿਰੁ—(ਵਿਕਾਰਾਂ ਵਲੋਂ) ਅਡੋਲ-ਚਿੱਤ। ਥੀਵੇ—ਹੋ ਗਏ। ੨।

ਨਿਵਾਰੇ—ਦੂਰ ਕਰ ਲਏ। ਅਨਹਦ—[अनाहत—अन् आहत] ਬਿਨਾ ਵਜਾਏ, ਇਕ-ਰਸ। ਸਬਦ—(ਪੰਜਾਂ ਕਿਸਮਾਂ ਦੇ ਸਾਜਾਂ ਦੇ) ਆਵਾਜ਼। ਦਰਬਾਰੇ—ਦਰਬਾਰ ਵਿਚ, ਹਿਰਦੇ ਵਿਚ। ੩।

ਕਰਿ—ਕਰ ਕੇ। ਪ੍ਰਭਿ—ਪ੍ਰਭੂ ਨੇ। ਨਾਨਕ—ਹੇ ਨਾਨਕ! ੪।

ਅਰਥ :—ਹੇ ਭਾਈ ! ਪ੍ਰਭੂ ਦਾ ਨਾਮ ਹੀ ਸਾਡੇ ਵਾਸਤੇ ਚੰਗਾ ਮੁਹੂਰਤ ਦੱਸਣ ਵਾਲਾ ਸ਼ਾਸਤ੍ਰ ਹੈ (ਜਿਸ ਹਿਰਦੇ ਵਿਚ ਪ੍ਰਭੂ ਦਾ ਨਾਮ ਵੱਸਦਾ ਹੈ, ਉਸ) ਹਿਰਦੇ-ਘਰ ਵਿਚ ਸਦਾ ਆਤਮਕ ਅਡੋਲਤਾ ਦੇ ਸੁਖ ਹਨ ਆਨੰਦ ਹਨ । ੧ । ਰਹਾਉ ।

ਹੇ ਭਾਈ ! ਅਗਾਂਹ ਆਉਣ ਵਾਲੇ ਸਮੇ ਵਿਚ ਪਰਮਾਤਮਾ ਹੀ (ਅਸਾਂ ਜੀਵਾਂ ਉਤੇ) ਤਰਸ ਕਰਨ ਵਾਲਾ ਹੈ, ਪਿੱਛੇ ਲੰਘ ਚੁਕੇ ਸਮੇ ਵਿਚ ਭੀ ਪਰਮਾਤਮਾ ਹੀ (ਸਾਡਾ ਰਾਖਾ ਸੀ) । ਹੁਣ ਭੀ ਸਾਰੇ ਸੁਖਾਂ ਦਾ ਦਾਤਾ ਪ੍ਰਭੂ ਹੀ (ਸਾਡੇ ਨਾਲ) ਪਿਆਰ ਕਰਨ ਵਾਲਾ ਹੈ । ੧ ।

ਹੇ ਭਾਈ ! ਜੀਭ ਨਾਲ ਨਾਮ (ਜਪ ਕੇ), ਕੰਨਾਂ ਨਾਲ (ਨਾਮ) ਸੁਣ ਕੇ (ਅਨੇਕਾਂ ਹੀ ਜੀਵ) ਆਤਮਕ ਜੀਵਨ ਪ੍ਰਾਪਤ ਕਰ ਗਏ । ਪਰਮਾਤਮਾ ਦਾ ਨਾਮ ਸਦਾ ਸਿਮਰ ਕੇ (ਅਨੇਕਾਂ ਜੀਵ) ਆਤਮਕ ਮੌਤ ਤੋਂ ਬਚ ਗਏ, (ਵਿਕਾਰਾਂ ਦੇ ਟਾਕਰੇ ਤੇ) ਅਡੋਲ-ਚਿੱਤ ਬਣੇ ਰਹੇ । ੨ ।

ਹੇ ਭਾਈ ! (ਜਿੰਨ੍ਹਾਂ ਨੇ ਪਰਮਾਤਮਾ ਦੇ ਨਾਮ ਨੂੰ ਜੀਵਨ ਦਾ ਆਸਰਾ ਬਣਾਇਆ, ਉਹਨਾਂ ਨੇ ਆਪਣੇ) ਅਨੇਕਾਂ ਹੀ ਜਨਮਾਂ ਦੇ ਦੁੱਖ-ਪਾਪ ਦੂਰ ਕਰ ਲਏ, ਉਹਨਾਂ ਦੇ ਹਿਰਦੇ-ਦਰਬਾਰ ਵਿਚ ਇਉਂ ਇਕ-ਰਸ ਆਨੰਦ ਬਣ ਗਿਆ ਜਿਵੇਂ ਪੰਜਾਂ ਹੀ ਕਿਸਮਾਂ ਦੇ ਸਾਜ ਵੱਜਣ ਨਾਲ ਸੰਗੀਤਕ ਰਸ ਬਣਦਾ ਹੈ । ੩ ।

ਹੇ ਨਾਨਕ ! (ਜਿਹੜੇ ਮਨੁੱਖ ਸਗਨ ਆਦਿਕਾਂ ਦੇ ਭਰਮ ਛੱਡ ਕੇ ਸਿੱਧੇ)ਪਰਮਾਤਮਾ ਦੀ ਸਰਨ ਆ ਪਏ, ਪਰਮਾਤਮਾ ਨੇ ਕਿਰਪਾ ਕਰ ਕੇ ਉਹਨਾਂ ਨੂੰ ਆਪਣੇ ਚਰਨਾਂ ਵਿਚ ਜੋੜ ਲਿਆ । ੪ । ੭ ।

ਭੈਰਉ ਮਹਲਾ ੫ ॥ ਕੋਟਿ ਮਨੋਰਥ ਆਵਹਿ ਹਾਥ ॥ ਜਮ ਮਾਰਗ ਕੈ ਸੰਗੀ ਪਾਂਥ ॥ ੧ ॥ ਗੰਗਾ ਜਲੁ ਗੁਰ ਗੋਬਿੰਦ ਨਾਮ ॥ ਜੋ ਸਿਮਰੈ ਤਿਸ ਕੀ ਗਤਿ ਹੋਵੈ ਪੀਵਤ ਬਹੁੜਿ ਨ ਜੋਨਿ ਭ੍ਰਮਾਮ ॥ ੧ ॥ ਰਹਾਉ ॥ ਪੂਜਾ ਜਾਪ ਤਾਪ ਇਸਨਾਨ ॥ ਸਿਮਰਤ ਨਾਮ ਭਏ ਨਿਹਕਾਮ ॥ ੨ ॥ ਰਾਜ ਮਾਲ ਸਾਦਨ ਦਰਬਾਰ ॥ ਸਿਮਰਤ ਨਾਮ ਪੂਰਨ ਆਚਾਰ ॥ ੩ ॥ ਨਾਨਕ ਦਾਸ ਇਹੁ ਕੀਆ ਬੀਚਾਰੁ ॥ ਬਿਨੁ ਹਰਿਨਾਮ ਮਿਥਿਆ ਸਭ ਛਾਰੁ ॥ ੪ ॥ ੮ ॥

ਪਦ ਅਰਥ :—ਕੋਟਿ—ਕ੍ਰੋੜਾਂ । ਮਨੋਰਥ—ਮਨ ਦੇ ਰਥ, ਮਨ ਦੀਆਂ ਮੰਗਾਂ । ਆਵਹਿ ਹਾਥ—ਹੱਥਾਂ ਵਿਚ ਆ ਜਾਂਦੇ ਹਨ, ਮਿਲ ਜਾਂਦੇ ਹਨ । ਪਾਂਥ—ਪੰਧ ਵਿਚ ਸਾਥ ਦੇਣ ਵਾਲਾ [ਪੰਥ—ਰਸਤਾ, ਪੰਧ—ਸਫ਼ਰ] । ਸੰਗੀ—ਸਾਥੀ । ਜਮ ਮਾਰਗ ਕੈ—ਮੌਤ ਦੇ

ਰਸਤੇ ਉਤੇ, ਮਰਨ ਤੋਂ ਪਿੱਛੋਂ ।੧।

ਗੋਬਿੰਦ ਨਾਮ—ਪਰਮਾਤਮਾ ਦਾ ਨਾਮ। ਜੋ—ਜਿਹੜਾ ਮਨੁੱਖ। ਤਿਸ ਕੀ—[ਸੰਬੰਧਕ 'ਕੀ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ]। ਗਤਿ—ਉੱਚੀ ਆਤਮਕ ਅਵਸਥਾ, ਮੁਕਤੀ। ਬਹੁੜਿ—ਮੁੜ, ਫਿਰ। ਭ੍ਰਮਾਮ-ਭਟਕਣਾ।੧। ਰਹਾਉ।

ਨਿਹਕਾਮ—ਵਾਸਨਾ-ਰਹਿਤ ।੨।

ਸਾਦਨ—[ਸਦਨ] ਘਰ। ਪੂਰਨ ਆਚਾਰ—ਸੁੱਚਾ ਆਚਰਨ ।੩।

ਦਾਸ—ਦਾਸਾਂ ਨੇ। ਮਿਥਿਆ—ਨਾਸਵੰਤ। ਛਾਰੁ—ਸੁਆਹ (ਦੇ ਤੁੱਲ)।੪।

ਅਰਥ :—ਹੇ ਭਾਈ! ਗੁਰ-ਗੋਬਿੰਦ ਦਾ ਨਾਮ (ਹੀ ਅਸਲ) ਗੰਗਾ-ਜਲ ਹੈ। ਜਿਹੜਾ ਮਨੁੱਖ (ਗੋਬਿੰਦ ਦਾ ਨਾਮ) ਸਿਮਰਦਾ ਹੈ, ਉਸ ਦੀ ਉੱਚੀ ਆਤਮਕ ਅਵਸਥਾ ਬਣ ਜਾਂਦੀ ਹੈ, ਜਿਹੜਾ (ਇਸ ਨਾਮ-ਜਲ ਗੰਗਾ-ਜਲ ਨੂੰ) ਪੀਂਦਾ ਹੈ ਉਹ ਮੁੜ ਜੂਨਾਂ ਵਿਚ ਨਹੀਂ ਭਟਕਦਾ।੧। ਰਹਾਉ।

ਹੇ ਭਾਈ! (ਜਿਹੜਾ ਮਨੁੱਖ ਨਾਮ ਜਪਦਾ ਹੈ ਉਸ ਦੇ) ਮਨ ਦੀਆਂ ਕ੍ਰੋੜਾਂ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ। ਮਰਨ ਤੋਂ ਪਿੱਛੋਂ ਭੀ ਇਹ ਨਾਮ ਹੀ ਉਸ ਦਾ ਸਾਥੀ ਬਣਦਾ ਹੈ ਸਹਾਇਕ ਬਣਦਾ ਹੈ ।੧।

ਹੇ ਭਾਈ! ਹਰਿ-ਨਾਮ ਹੀ (ਦੇਵ-) ਪੂਜਾ ਹੈ, ਨਾਮ ਹੀ ਜਪ-ਤਪ ਹੈ, ਨਾਮ ਹੀ ਤੀਰਥ-ਇਸ਼ਨਾਨ ਹੈ। ਨਾਮ ਸਿਮਰਦਿਆਂ (ਸਿਮਰਨ ਕਰਨ ਵਾਲੇ) ਦੁਨੀਆ ਵਾਲੀਆਂ ਵਾਸਨਾਂ ਤੋਂ ਰਹਿਤ ਹੋ ਜਾਂਦੇ ਹਨ।੨।

ਹੇ ਭਾਈ! ਰਾਜ, ਮਾਲ, ਮਹਲ-ਮਾੜੀਆਂ, ਦਰਬਾਰ ਲਾਉਣੇ (ਜੋ ਸੁਖ ਇਹਨਾਂ ਵਿਚ ਹਨ, ਨਾਮ ਸਿਮਰਨ ਵਾਲਿਆਂ ਨੂੰ ਉਹ ਸੁਖ ਨਾਮ-ਸਿਮਰਨ ਤੋਂ ਪ੍ਰਾਪਤ ਹੁੰਦੇ ਹਨ)। ਹੇ ਭਾਈ! ਹਰਿ-ਨਾਮ ਸਿਮਰਦਿਆਂ ਮਨੁੱਖ ਦਾ ਆਚਰਨ ਸੁੱਚਾ ਬਣ ਜਾਂਦਾ ਹੈ ।੩।

ਹੇ ਨਾਨਕ! ਪ੍ਰਭੂ ਦੇ ਸੇਵਕਾਂ ਨੇ ਇਹ ਨਿਸ਼ਚਾ ਕੀਤਾ ਹੁੰਦਾ ਹੈ ਕਿ ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਸਾਰੀ (ਮਾਇਆ) ਨਾਸਵੰਤ ਹੈ ਸੁਆਹ (ਦੇ ਤੁੱਲ) ਹੈ।੪।੮।

ਭੈਰਉ ਮਹਲਾ ੫ ॥ ਲੇਪੁ ਨ ਲਾਗੋ ਤਿਲ ਕਾ ਮੂਲਿ ॥ ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥ ੧ ॥ ਹਰਿ ਜਨ ਰਾਖੇ ਪਾਰਬ੍ਰਹਮਿ ਆਪਿ ॥ ਪਾਪੀ ਮੂਆ ਗੁਰ ਪਰਤਾਪਿ ॥ ੧ ॥ ਰਹਾਉ ॥ ਅਪਣਾ ਖਸਮੁ ਜਨਿ ਆਪਿ ਧਿਆਇਆ ॥ ਇਆਣਾ ਪਾਪੀ ਓਹੁ ਆਪਿ ਪਚਾਇਆ ॥ ੨ ॥ ਪ੍ਰਭੁ ਮਾਤ ਪਿਤਾ ਅਪਣੇ ਦਾਸ ਕਾ ਰਖਵਾਲਾ ॥ ਨਿੰਦਕ ਕਾ ਮਾਥਾ ਈਹਾਂ ਊਹਾ

ਕਾਲਾ ॥ ੩ ॥ ਜਨ ਨਾਨਕ ਕੀ ਪਰਮੇਸਰਿ ਸੁਣੀ ਅਰਦਾਸਿ ॥ ਮਲੇਛੁ ਪਾਪੀ ਪਚਿਆ ਭਇਆ ਨਿਰਾਸੁ ॥ ੪ ॥ ੯ ॥

ਪਦ ਅਰਥ :—ਲੇਪੁ—ਮਾੜਾ ਅਸਰ। ਤਿਲ ਕਾ—ਤਿਲ ਜਿਤਨਾ ਭੀ, ਰਤਾ ਭੀ। ਨ ਮੂਲਿ—ਬਿਲਕੁਲ ਨਹੀਂ। ਦੁਸਟੁ—ਪਾਪੀ, ਭੈੜਾ-ਚੰਦਰਾ। ੧।

ਹਰਿ ਜਨ—ਪਰਮਾਤਮਾ ਦੇ ਭਗਤ, ਪਰਮਾਤਮਾ ਦੇ ਸੇਵਕ। ਪਾਰਬ੍ਰਹਮਿ—ਪਰਮਾਤਮਾ ਨੇ। ਗੁਰ ਪਰਤਾਪਿ—ਗੁਰੂ ਦੇ ਪਰਤਾਪ ਨਾਲ। ੧। ਰਹਾਉ।

ਜਨਿ—ਜਨ ਨੇ, ਸੇਵਕ ਨੇ। ਇਆਨਾ—ਮੂਰਖ। ਪਚਾਇਆ—ਸਾੜਿਆ, ਨਾਸ ਕੀਤਾ। ੨।

ਈਹਾਂ ਊਹਾ—ਇਸ ਲੋਕ ਅਤੇ ਪਰਲੋਕ ਵਿਚ। ਮਾਥਾ ਕਾਲਾ—ਮੂੰਹ ਕਾਲਾ। ੩।

ਪਰਮੇਸਰਿ—ਪਰਮੇਸਰ ਨੇ। ਮਲੇਛੁ—ਭੈੜੀ ਨੀਅਤ ਵਾਲਾ। ਪਚਿਆ—ਮਰਿਆ। ਨਿਰਾਸੁ—ਜਿਸ ਦੀ ਆਸ ਪੂਰੀ ਨਾਹ ਹੋ ਸਕੀ। ੪।

ਅਰਥ :—ਹੇ ਭਾਈ! ਪਰਮਾਤਮਾ ਨੇ ਆਪਣੇ ਸੇਵਕਾਂ ਦੀ ਰੱਖਿਆ (ਸਦਾ ਹੀ) ਆਪ ਕੀਤੀ ਹੈ। (ਵੇਖੋ, ਵਿਸਾਹ-ਘਾਤੀ ਬ੍ਰਾਹਮਣ) ਦੁਸ਼ਟ ਗੁਰੂ ਦੇ ਪਰਤਾਪ ਨਾਲ (ਆਪ ਹੀ) ਮਰ ਗਿਆ ਹੈ। ੧। ਰਹਾਉ।

ਹੇ ਭਾਈ! (ਪਰਮਾਤਮਾ ਦੀ ਮਿਹਰ ਆਪਣੇ ਸੇਵਕ ਉੱਤੇ ਹੋਈ ਹੈ, ਬਾਲਕ (ਗੁਰੂ) ਹਰਿਗੋਬਿੰਦ ਉੱਤੇ ਉਸ ਦੁਸ਼ਟ ਦੀ ਮੰਦੀ ਕਰਤੂਤ ਦਾ) ਬਿਲਕੁਲ ਰਤਾ ਭਰ ਭੀ ਮਾੜਾ ਅਸਰ ਨਹੀਂ ਹੋ ਸਕਿਆ (ਪਰ ਗੁਰੂ ਦੇ ਪਰਤਾਪ ਨਾਲ ਉਹ) ਚੰਦਰਾ ਬ੍ਰਾਹਮਣ (ਪੇਟ ਵਿਚ) ਸੂਲ ਉੱਠਣ ਨਾਲ ਮਰ ਗਿਆ ਹੈ। ੧।

ਹੇ ਭਾਈ! (ਪਰਮਾਤਮਾ ਨੇ ਆਪਣੇ ਸੇਵਕ ਦੀ ਆਪ ਰੱਖਿਆ ਕੀਤੀ ਹੈ, ਕਿਉਂਕਿ) ਸੇਵਕ ਨੇ ਆਪਣੇ ਮਾਲਕ-ਪ੍ਰਭੂ ਨੂੰ ਸਦਾ ਆਪਣੇ ਹਿਰਦੇ ਵਿਚ ਵਸਾਇਆ ਹੈ। ਉਹ ਬੇਸਮਝ ਦੁਸ਼ਟ (ਇਸ ਰੱਬੀ ਭੇਤ ਨੂੰ ਸਮਝ ਨਾਹ ਸਕਿਆ, ਤੇ ਪਰਮਾਤਮਾ ਨੇ) ਆਪ ਹੀ ਉਸ ਨੂੰ ਮਾਰ ਮੁਕਾਇਆ। ੨।

ਹੇ ਭਾਈ! ਮਾਂ ਪਿਉ (ਵਾਂਗ) ਪ੍ਰਭੂ ਆਪਣੇ ਸੇਵਕ ਦਾ ਸਦਾ ਆਪ ਰਾਖਾ ਬਣਦਾ ਹੈ (ਤਾਹੀਏਂ ਪ੍ਰਭੂ ਦੇ ਸੇਵਕ ਦੇ) ਦੋਖੀ ਦਾ ਮੂੰਹ ਲੋਕ ਪਰਲੋਕ ਦੁਹੀਂ ਸਰਾਈਂ ਕਾਲਾ ਹੁੰਦਾ ਹੈ। ੩।

ਹੇ ਨਾਨਕ! (ਆਖ—ਹੇ ਭਾਈ!) ਆਪਣੇ ਸੇਵਕ ਦੀ ਪਰਮੇਸਰ ਨੇ (ਸਦਾ ਹੀ) ਅਰਦਾਸ ਸੁਣੀ ਹੈ (ਵੇਖੋ, ਪਰਮੇਸਰ ਦੇ ਸੇਵਕ ਉੱਤੇ ਵਾਰ ਕਰਨ ਵਾਲਾ) ਦੁਸ਼ਟ ਪਾਪੀ (ਆਪ ਹੀ) ਮਰ ਮਿਟਿਆ, ਤੇ, ਬੇ-ਮੁਰਾਦਾ ਹੀ ਰਿਹਾ। ੪। ੯।

ਭੈਰਉ ਮਹਲਾ ੫ ॥ ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥ ੧ ॥ ਰਹਾਉ ॥ ਨਗਜ ਤੇਰੇ ਬੰਦੇ ਦੀਦਾਰੁ ਅਪਾਰੁ ॥ ਨਾਮ ਬਿਨਾ ਸਭ ਦੁਨੀਆ ਛਾਰੁ ॥ ੧ ॥ ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥ ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ ॥ ੨ ॥ ਨੀਧਰਿਆ ਧਰ ਪਨਹ ਖੁਦਾਇ ॥ ਗਰੀਬ ਨਿਵਾਜੁ ਦਿਨੁ ਰੈਣਿ ਧਿਆਇ ॥ ੩ ॥ ਨਾਨਕ ਕਉ ਖੁਦਿ ਖਸਮ ਮਿਹਰਵਾਨ ॥ ਅਲਹੁ ਨ ਵਿਸਰੈ ਦਿਲ ਜੀਅ ਪਰਾਨ ॥ ੪ ॥ ੧੦ ॥

ਪਦ ਅਰਥ :–ਖੂਬੁ–ਸੋਹਣਾ, ਚੰਗਾ, ਮਿੱਠਾ। ਝੂਠੁ–ਛੇਤੀ ਮੁੱਕ ਜਾਣ ਵਾਲਾ। ਦੁਨੀ–ਦੁਨੀਆ ਦਾ। ਗੁਮਾਨੁ–ਮਾਣ। ੧। ਰਹਾਉ।

ਨਗਜ–ਨਗ਼ਜ਼, ਸੋਹਣੇ, ਸੁੰਦਰ। ਅਪਾਰੁ–ਬੇਅੰਤ (ਸੋਹਣਾ)। ਸਭ–ਸਾਰੀ। ਛਾਰੁ–ਸੁਆਹ (ਦੇ ਤੁੱਲ)। ੧।

ਅਚਰਜੁ–ਹੈਰਾਨ ਕਰਨ ਵਾਲਾ ਕੰਮ। ਕਦਮ–ਚਰਨ। ਸਲਾਹ–ਸਲਾਹੁਣ-ਜੋਗ। ਗਨੀਵ–ਗ਼ਨੀਮਤ, ਅਮੋਲਕ। ਸਚੇ–ਹੇ ਸਦਾ ਕਾਇਮ ਰਹਿਣ ਵਾਲੇ ! ੨।

ਨੀਧਰਿਆ ਧਰ–ਨਿਆਸਰਿਆਂ ਦਾ ਆਸਰਾ। ਪਨਹ–ਪਨਾਹ, ਓਟ। ਖੁਦਾਇ–ਪਰਮਾਤਮਾ। ਗਰੀਬ ਨਿਵਾਜੁ–ਗਰੀਬਾਂ ਉਤੇ ਮਿਹਰ ਕਰਨ ਵਾਲਾ। ਰੈਣਿ–ਰਾਤ। ਧਿਆਇ–ਸਿਮਰਿਆ ਕਰ। ੩।

ਨਾਨਕ ਕਉ–ਹੇ ਨਾਨਕ ! ਜਿਸ ਕਉ, ਹੇ ਨਾਨਕ ! ਜਿਸ ਮਨੁੱਖ ਉੱਤੇ। ਖੁਦਿ –ਖ਼ੁਦਿ, ਆਪ। ਅਲਹੁ–ਅੱਲ੍ਹਾ, ਪਰਮਾਤਮਾ। ਜੀਅ–ਜਿੰਦ ਤੋਂ। ੪।

ਅਰਥ :–ਹੇ ਪ੍ਰਭੂ ! ਤੇਰਾ ਨਾਮ ਸੋਹਣਾ ਹੈ, ਤੇਰਾ ਨਾਮ ਮਿੱਠਾ ਹੈ, ਤੇਰਾ ਨਾਮ ਚੰਗਾ ਹੈ। (ਪਰ ਹੇ ਭਾਈ !) ਦੁਨੀਆ ਦਾ ਮਾਣ ਝੂਠਾ ਹੈ, ਛੇਤੀ ਮੁੱਕ ਜਾਣ ਵਾਲਾ ਹੈ, ਦੁਨੀਆ ਦੇ ਮਾਣ ਦਾ ਕੀਹ ਭਰੋਸਾ ? ੧। ਰਹਾਉ।

ਹੇ ਪ੍ਰਭੂ ! ਤੇਰੀ ਭਗਤੀ ਕਰਨ ਵਾਲੇ ਬੰਦੇ ਸੋਹਣੇ ਹਨ, ਉਹਨਾਂ ਦਾ ਦਰਸਨ ਬੇਅੰਤ (ਅਮੋਲਕ) ਹੈ। ਹੇ ਪ੍ਰਭੂ ! ਤੇਰੇ ਨਾਮ ਤੋਂ ਬਿਨਾ (ਜੀਵ ਵਾਸਤੇ) ਸਾਰੀ ਦੁਨੀਆ (ਦਾ ਧਨ-ਪਦਾਰਥ) ਸੁਆਹ (ਦੇ ਤੁੱਲ) ਹੈ। ੧।

ਹੇ ਪ੍ਰਭੂ ! ਤੇਰੀ ਰਚੀ ਕੁਦਰਤਿ ਇਕ ਹੈਰਾਨ ਕਰਨ ਵਾਲਾ ਤਮਾਸ਼ਾ ਹੈ, ਤੇਰੇ ਚਰਨ ਸਲਾਹੁਣ-ਜੋਗ ਹਨ। ਹੇ ਸਦਾ ਕਾਇਮ ਰਹਿਣ ਵਾਲੇ ਪਾਤਿਸ਼ਾਹ ! ਤੇਰੀ ਸਿਫ਼ਤਿ ਸਾਲਾਹ (ਇਕ) ਅਮੋਲਕ (ਖ਼ਜ਼ਾਨਾ) ਹੈ। ੨।

ਹੇ ਭਾਈ ! ਦਿਨ ਰਾਤ ਉਸ ਪਰਮਾਤਮਾ ਦਾ ਨਾਮ ਸਿਮਰਿਆ ਕਰ,ਉਹ ਗਰੀਬਾਂ

ਉੱਤੇ ਮਿਹਰ ਕਰਨ ਵਾਲਾ ਹੈ, ਉਹ ਨਿਆਸਰਿਆਂ ਦਾ ਆਸਰਾ ਹੈ (ਨਿਓਟਿਆਂ ਦੀ) ਓਟ ਹੈ। ੩।

ਹੇ ਨਾਨਕ ! ਜਿਸ ਮਨੁੱਖ ਉੱਤੇ ਮਾਲਕ-ਪ੍ਰਭੂ ਆਪ ਦਇਆਵਾਨ ਹੁੰਦਾ ਹੈ, ਉਸ ਦੀ ਜਿੰਦ ਤੋਂ, ਉਸ ਦੇ ਦਿਲ ਤੋਂ, ਉਸ ਦੇ ਪ੍ਰਾਣਾਂ ਤੋਂ ਉਹ ਕਦੇ ਭੀ ਨਹੀਂ ਵਿਸਰਦਾ ।੪।੧੦।

ਭੈਰਉ ਮਹਲਾ ੫ ॥ ਸਾਚ ਪਦਾਰਥੁ ਗੁਰਮੁਖਿ ਲਹਹੁ ॥ ਪ੍ਰਭ ਕਾ ਭਾਣਾ ਸਤਿ ਕਰਿ ਸਹਹੁ ॥ ੧ ॥ ਜੀਵਤ ਜੀਵਤ ਜੀਵਤ ਰਹਹੁ ॥ ਰਾਮ ਰਸਾਇਣੁ ਨਿਤ ਉਠਿ ਪੀਵਹੁ ॥ ਹਰਿ ਹਰਿ ਹਰਿ ਹਰਿ ਰਸਨਾ ਕਹਹੁ ॥ ੧ ॥ ਰਹਾਉ ॥ ਕਲਿਜੁਗ ਮਹਿ ਇਕ ਨਾਮਿ ਉਧਾਰੁ ॥ ਨਾਨਕੁ ਬੋਲੈ ਬ੍ਰਹਮ ਬੀਚਾਰੁ ॥ ੨ ॥ ੧੧ ॥

ਪਦ ਅਰਥ :—ਸਾਚ—ਸਦਾ ਕਾਇਮ ਰਹਿਣ ਵਾਲਾ। ਗੁਰਮੁਖਿ—ਗੁਰੂ ਦੀ ਸਰਨ ਪੈ ਕੇ। ਲਹਹੁ—ਲੱਭ ਲਵੋ। ਭਾਣਾ—ਰਜ਼ਾ, ਉਹ ਗੱਲ ਜੋ ਪ੍ਰਭੂ ਨੂੰ ਚੰਗੀ ਲੱਗਦੀ ਹੈ। ਸਤਿ ਕਰਿ—ਸਹੀ ਜਾਣ ਕੇ, ਆਪਣੇ ਭਲੇ ਵਾਸਤੇ ਸਮਝ ਕੇ। ਸਹਹੁ—ਸਹਾਰੋ ।੧।

ਜੀਵਤ ਜੀਵਤ ਜੀਵਤ—ਸਦਾ ਹੀ ਆਤਮਕ ਜੀਵਨ ਵਾਲੇ। ਰਸਾਇਣੁ—ਰਸ-ਅਯਨ, ਰਸਾਂ ਦਾ ਘਰ, ਸਭ ਤੋਂ ਸ੍ਰੇਸ਼ਟ ਰਸ। ਨਿਤ ਉਠਿ—ਸਦਾ ਉੱਠ ਕੇ, ਸਦਾ ਆਹਰ ਨਾਲ। ਰਸਨਾ—ਜੀਭ ਨਾਲ। ੧। ਰਹਾਉ।

ਕਲਿਜੁਗ ਮਹਿ—ਕਲਜੁਗ ਵਿਚ, ਜਗਤ ਵਿਚ [ਨੋਟ ! ਇਥੇ ਜੁਗਾਂ ਦੇ ਨਿਖੇੜੇ ਦਾ ਜ਼ਿਕਰ ਨਹੀਂ ਚੱਲ ਰਿਹਾ। ਸਾਧਾਰਨ ਤੌਰ ਤੇ ਹੀ ਉਹ ਨਾਮ ਵਰਤਿਆ ਹੈ ਜੋ ਹਿੰਦੂ ਜਨਤਾ ਵਿਚ ਆਪ ਪ੍ਰਚਲਤ ਹੈ]। ਨਾਮਿ—ਨਾਮ ਦੀ ਰਾਹੀਂ। ਉਧਾਰੁ—ਸੰਸਾਰ-ਸਮੁੰਦਰ ਤੋਂ ਪਾਰ-ਉਤਾਰਾ। ਬ੍ਰਹਮ ਬੀਚਾਰੁ—ਪਰਮਾਤਮਾ ਦੇ ਮਿਲਾਪ ਦੀ ਸੋਚ। ੨।

ਅਰਥ :—ਹੇ ਭਾਈ ! ਸਦਾ ਹੀ ਪਰਮਾਤਮਾ ਦਾ ਨਾਮ ਆਪਣੀ ਜੀਭ ਨਾਲ ਉਚਾਰਦੇ ਰਹੋ। ਹੇ ਭਾਈ ! ਸਦਾ ਆਹਰ ਨਾਲ ਸਭ ਰਸਾਂ ਤੋਂ ਸ੍ਰੇਸ਼ਟ ਨਾਮ-ਰਸ ਪੀਂਦੇ ਰਹੋ, (ਇਸ ਤਰ੍ਹਾਂ) ਸਦਾ ਆਤਮਕ ਜੀਵਨ ਵਾਲੇ ਬਣੇ ਰਹੋ। ੧। ਰਹਾਉ।

ਹੇ ਭਾਈ ! (ਇਹ) ਸਦਾ ਕਾਇਮ ਰਹਿਣ ਵਾਲਾ (ਹਰਿ-ਨਾਮ) ਧਨ ਗੁਰੂ ਦੀ ਸਰਨ ਪੈ ਕੇ ਹਾਸਲ ਕਰੋ। ਪਰਮਾਤਮਾ ਵਲੋਂ ਵਰਤੀ ਰਜ਼ਾ ਨੂੰ (ਆਪਣੇ) ਭਲੇ ਵਾਸਤੇ ਜਾਣ ਕੇ ਸਹਾਰੋ। ੧।

ਹੇ ਭਾਈ ! ਸਿਰਫ਼ ਹਰਿ-ਨਾਮ ਦੀ ਰਾਹੀਂ ਹੀ ਜਗਤ ਵਿਚ ਸੰਸਾਰ-ਸਮੁੰਦਰ ਤੋਂ ਪਾਰ-ਉਤਾਰਾ ਹੁੰਦਾ ਹੈ, ਨਾਨਕ (ਤੁਹਾਨੂੰ) ਪਰਮਾਤਮਾ ਨਾਲ ਮਿਲਾਪ ਦੀ (ਇਹੀ)

ਜੁਗਤਿ ਦੱਸਦਾ ਹੈ। ੨। ੧੧।

ਭੈਰਉ ਮਹਲਾ ੫ ॥ ਸਤਿਗੁਰੁ ਸੇਵਿ ਸਰਬ ਫਲ ਪਾਏ ॥ ਜਨਮ ਜਨਮ ਕੀ ਮੈਲੁ ਮਿਟਾਏ ॥ ੧ ॥ ਪਤਿਤ ਪਾਵਨ ਪ੍ਰਭ ਤੇਰੋ ਨਾਉ ॥ ਪੂਰਬਿ ਕਰਮ ਲਿਖੇ ਗੁਣ ਗਾਉ ॥ ੧ ॥ ਰਹਾਉ ॥ ਸਾਧੂ ਸੰਗਿ ਹੋਵੈ ਉਧਾਰੁ ॥ ਸੋਭਾ ਪਾਵੈ ਪ੍ਰਭ ਕੈ ਦੁਆਰ ॥ ੨ ॥ ਸਰਬ ਕਲਿਆਣ ਚਰਣ ਪ੍ਰਭ ਸੇਵਾ ॥ ਧੂਰਿ ਬਾਛਹਿ ਸਭਿ ਸੁਰਿ ਨਰ ਦੇਵਾ ॥ ੩ ॥ ਨਾਨਕ ਪਾਇਆ ਨਾਮ ਨਿਧਾਨੁ ॥ ਹਰਿ ਜਪਿ ਜਪਿ ਉਧਰਿਆ ਸਗਲ ਜਹਾਨੁ ॥੪॥੧੨॥

ਪਦ ਅਰਥ :—ਸੇਵਿ—ਸੇਵ ਕੇ, ਸਰਨ ਪੈ ਕੇ। ਸਰਬ ਫਲ—ਸਾਰੇ ਫਲ (ਦੇਣ ਵਾਲਾ ਹਰਿ-ਨਾਮ)। ਪਾਏ—ਹਾਸਲ ਕਰ ਲੈਂਦਾ ਹੈ। ੧।

ਪਤਿਤ ਪਾਵਨ—(ਵਿਕਾਰਾਂ ਵਿਚ) ਡਿੱਗੇ ਹੋਇਆਂ ਨੂੰ ਪਵਿੱਤਰ ਕਰਨ ਵਾਲਾ। ਪ੍ਰਭ—ਹੇ ਪ੍ਰਭੂ! ਗੁਣ ਗਾਉ—ਗੁਣਾਂ ਦਾ ਗਾਵਣਾ। ਪੂਰਬਿ—ਪਿਛਲੇ ਜਨਮ ਵਿਚ। ਕਰਮ ਲਿਖੇ—ਕੀਤੇ ਕਰਮਾਂ ਦੇ ਲਿਖੇ ਸੰਸਕਾਰਾਂ ਅਨੁਸਾਰ। ੧। ਰਹਾਉ।

ਸਾਧੂ ਸੰਗਿ—ਗੁਰੂ ਦੀ ਸੰਗਤਿ ਵਿਚ। ਉਧਾਰੁ—ਪਾਰ-ਉਤਾਰਾ। ਪ੍ਰਭ ਕੈ ਦੁਆਰ—ਪ੍ਰਭੂ ਦੇ ਦਰ ਤੇ। ੨।

ਸਰਬ ਕਲਿਆਣ—ਸਾਰੇ ਸੁਖ। ਬਾਛਹਿ—ਲੋਚਦੇ ਹਨ। ਸਭਿ—ਸਾਰੇ। ਸੁਰਿ ਨਰ—ਦੈਵੀ ਗੁਣਾਂ ਵਾਲੇ ਮਨੁੱਖ। ੩।

ਨਿਧਾਨੁ—ਖ਼ਜ਼ਾਨਾ। ਜਪਿ ਜਪਿ—ਹਰ ਵੇਲੇ ਜਪ ਕੇ। ਉਧਰਿਆ—ਪਾਰ ਲੰਘ ਗਿਆ। ੪।

ਅਰਥ :—ਹੇ ਪ੍ਰਭੂ! ਤੇਰਾ ਨਾਮ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ ਹੈ। ਪਰ ਤੇਰੇ ਗੁਣ ਗਾਵਣ ਦੀ ਦਾਤਿ ਉਸੇ ਨੂੰ ਮਿਲਦੀ ਹੈ ਜਿਸ ਦੇ ਪੂਰਬਲੇ ਜਨਮ ਵਿਚ ਕੀਤੇ ਕਰਮਾਂ ਅਨੁਸਾਰ (ਗੁਰੂ ਦੀ ਪ੍ਰਾਪਤੀ ਉਸ ਦੇ ਭਾਗਾਂ ਵਿਚ) ਲਿਖੀ ਹੈ। ੧। ਰਹਾਉ।

ਹੇ ਭਾਈ! (ਜਿਸ ਨੂੰ ਗੁਰੂ ਮਿਲ ਪੈਂਦਾ ਹੈ, ਉਹ) ਗੁਰੂ ਦੀ ਸਰਨ ਪੈ ਕੇ ਸਾਰੇ ਫਲ (ਦੇਣ ਵਾਲਾ ਹਰਿ-ਨਾਮ) ਪ੍ਰਾਪਤ ਕਰ ਲੈਂਦਾ ਹੈ (ਤੇ, ਇਸ ਤਰ੍ਹਾਂ) ਜਨਮਾਂ ਜਨਮਾਂ ਦੇ ਵਿਕਾਰਾਂ ਦੀ ਮੈਲ ਦੂਰ ਕਰ ਲੈਂਦਾ ਹੈ। ੧।

ਹੇ ਭਾਈ! ਗੁਰੂ ਦੀ ਸੰਗਤਿ ਵਿਚ ਰਿਹਾਂ ਸੰਸਾਰ-ਸਮੁੰਦਰ ਤੋਂ ਪਾਰ-ਉਤਾਰਾ ਹੋ ਜਾਂਦਾ ਹੈ, (ਜਿਸ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ, ਉਹ) ਪਰਮਾਤਮਾ ਦੇ ਦਰ ਤੇ ਸੋਭਾ ਖੱਟਦਾ ਹੈ। ੨।

ਹੇ ਭਾਈ! ਪ੍ਰਭੂ ਦੇ ਚਰਨਾਂ ਦੀ ਸੇਵਾ-ਭਗਤੀ ਤੋਂ ਸਾਰੇ ਸੁਖ ਪ੍ਰਾਪਤ ਹੁੰਦੇ ਹਨ,

(ਜਿਹੜਾ ਮਨੁੱਖ ਪ੍ਰਭੂ ਦੇ ਚਰਨਾਂ ਦੀ ਸਰਨ ਲੈਂਦਾ ਹੈ) ਉਸ ਦੇ ਚਰਨਾਂ ਦੀ ਧੂੜ ਸਾਰੇ ਦੇਵਤੇ ਸਾਰੇ ਦੈਵੀ ਗੁਣਾਂ ਵਾਲੇ ਮਨੁੱਖ ਲੋੜਦੇ ਹਨ। ੩।

ਹੇ ਨਾਨਕ! (ਗੁਰੂ ਦੀ ਸਰਨ ਵਿਚ ਰਹਿ ਕੇ) ਨਾਮ-ਖ਼ਜ਼ਾਨਾ ਮਿਲ ਜਾਂਦਾ ਹੈ। (ਗੁਰੂ ਦੀ ਸੰਗਤਿ ਵਿਚ) ਹਰਿ-ਨਾਮ ਜਪ ਜਪ ਕੇ ਸਾਰਾ ਜਗਤ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। ੪। ੧੨।

ਭੈਰਉ ਮਹਲਾ ੫ ॥ ਅਪਣੇ ਦਾਸ ਕਉ ਕੰਠਿ ਲਗਾਵੈ ॥ ਨਿੰਦਕ ਕਉ ਅਗਨਿ ਮਹਿ ਪਾਵੈ ॥ ੧ ॥ ਪਾਪੀ ਤੇ ਰਾਖੇ ਨਾਰਾਇਣ॥ ਪਾਪੀ ਕੀ ਗਤਿ ਕਤਹੂ ਨਾਹੀ ਪਾਪੀ ਪਚਿਆ ਆਪ ਕਮਾਇਣ ॥ ੧ ॥ ਰਹਾਉ॥ ਦਾਸ ਰਾਮ ਜੀਉ ਲਾਗੀ ਪ੍ਰੀਤਿ ॥ ਨਿੰਦਕ ਕੀ ਹੋਈ ਬਿਪ੍ਰੀਤਿ ॥੨॥ ਪਾਰਬ੍ਰਹਮਿ ਅਪਣਾ ਬਿਰਦੁ ਪ੍ਰਗਟਾਇਆ ॥ ਦੋਖੀ ਅਪਣਾ ਕੀਤਾ ਪਾਇਆ ॥ ੩ ॥ ਆਇ ਨ ਜਾਈ ਰਹਿਆ ਸਮਾਈ ॥ ਨਾਨਕ ਦਾਸ ਹਰਿ ਕੀ ਸਰਣਾਈ ॥ ੪ ॥ ੧੩ ॥

ਪਦ ਅਰਥ :-ਕਉ-ਨੂੰ। ਕੰਠਿ-ਗਲ ਨਾਲ। ਅਗਨਿ ਮਹਿ-(ਨਿੰਦਾ ਦੀ) ਅੱਗ ਵਿਚ [ਨਿੰਦਾ ਕਰਨ ਵੇਲੇ ਨਿੰਦਕ ਦੇ ਆਪਣੇ ਅੰਦਰ ਈਰਖਾ ਦੀ ਅੱਗ ਬਲ ਰਹੀ ਹੁੰਦੀ ਹੈ]। ਪਾਵੈ-ਪਾਈ ਰੱਖਦਾ ਹੈ। ੧।

ਤੇ-ਤੋਂ। ਰਾਖੇ-ਰੱਖਿਆ ਕਰਦਾ ਹੈ। ਗਤਿ-ਉੱਚੀ ਆਤਮਕ ਅਵਸਥਾ। ਕਤਹੂ-ਕਿਤੇ ਭੀ। ਪਚਿਆ-ਸੜਿਆ ਰਹਿੰਦਾ ਹੈ, ਅੰਦਰੇ-ਅੰਦਰ ਸੜਦਾ-ਭੁੱਜਦਾ ਰਹਿੰਦਾ ਹੈ। ਆਪ ਕਮਾਇਣ-ਨਿੰਦਾ-ਈਰਖਾ ਦੇ ਆਪਣੇ ਕਮਾਏ ਕਰਮਾਂ ਦੇ ਕਾਰਨ।੧ । ਰਹਾਉ।

ਬੀਪ੍ਰੀਤਿ-[ਬਿ-ਪ੍ਰੀਤਿ] ਉਲਟੇ ਪਾਸੇ ਪ੍ਰੀਤ, ਭੈੜੇ ਕੰਮਾਂ ਨਾਲ ਪਿਆਰ। ੨।

ਪਾਰਬ੍ਰਹਮਿ-ਪਰਮਾਤਮਾ ਨੇ। ਬਿਰਦੁ-ਮੁੱਢ-ਕਦੀਮਾਂ ਦਾ ਸੁਭਾਉ। ਦੋਖੀ-ਨਿੰਦਕ । ੩।

ਆਇ ਨ ਜਾਈ-ਜਿਹੜਾ ਪ੍ਰਭੂ ਨਾਹ ਜੰਮਦਾ ਹੈ ਨਾਹ ਮਰਦਾ ਹੈ। ਰਹਿਆ ਸਮਾਈ-ਜਿਹੜਾ ਪ੍ਰਭੂ ਸਭ ਥਾਂ ਵਿਆਪਕ ਹੈ। ਨਾਨਕ-ਹੇ ਨਾਨਕ! ੪।

ਅਰਥ :-ਹੇ ਭਾਈ! ਨਿੰਦਕ-ਦੋਖੀ ਪਾਸੋਂ ਪਰਮਾਤਮਾ (ਆਪਣੇ ਸੇਵਕ ਨੂੰ ਸਦਾ ਆਪ) ਬਚਾਂਦਾ ਹੈ। ਨਿੰਦਕ-ਦੋਖੀ ਦੀ ਆਤਮਕ ਅਵਸਥਾ ਕਿਤੇ ਭੀ ਉੱਚੀ ਨਹੀਂ ਹੋ ਸਕਦੀ, (ਕਿਉਂਕਿ) ਨਿੰਦਕ-ਦੋਖੀ ਆਪਣੇ ਕ੍ਰਮਾਏ ਕਰਮਾਂ ਅਨੁਸਾਰ (ਸਦਾ ਨਿੰਦਾ-ਈਰਖਾ ਦੀ ਅੱਗ ਵਿਚ ਅੰਦਰੇ ਅੰਦਰ) ਸੜਦਾ ਰਹਿੰਦਾ ਹੈ। ੧। ਰਹਾਉ।

ਹੇ ਭਾਈ ! ਪਰਮਾਤਮਾ ਆਪਣੇ ਸੇਵਕ ਨੂੰ (ਸਦਾ ਆਪਣੇ) ਗਲ ਨਾਲ ਲਾਈ ਰੱਖਦਾ ਹੈ, ਅਤੇ (ਆਪਣੇ ਸੇਵਕ ਦੇ) ਦੋਖੀ ਨੂੰ (ਈਰਖਾ ਦੀ ਅੰਦਰੇ-ਅੰਦਰ ਧੁਖ ਰਹੀ) ਅੱਗ ਵਿਚ ਪਾਈ ਰੱਖਦਾ ਹੈ । ੧ ।

ਹੇ ਭਾਈ ! ਪਰਮਾਤਮਾ ਦੇ ਸੇਵਕ ਦੀ ਪਰਮਾਤਮਾ ਨਾਲ ਪ੍ਰੀਤ ਬਣੀ ਰਹਿੰਦੀ ਹੈ, ਪਰ ਸੇਵਕ ਦੇ ਦੋਖੀ ਦਾ (ਨਿੰਦਾ-ਈਰਖਾ ਆਦਿਕ) ਭੈੜੇ ਕੰਮਾਂ ਨਾਲ ਪਿਆਰ ਬਣਿਆ ਰਹਿੰਦਾ ਹੈ । ੨ ।

ਹੇ ਭਾਈ ! (ਸਦਾ ਹੀ) ਪਰਮਾਤਮਾ ਨੇ (ਆਪਣੇ ਸੇਵਕ ਦੀ ਲਾਜ ਰੱਖ ਕੇ) ਆਪਣਾ ਮੁੱਢ-ਕਦੀਮਾਂ ਦਾ (ਇਹ) ਸੁਭਾਉ (ਜਗਤ ਵਿਚ) ਪਰਗਟ ਕੀਤਾ ਹੈ, (ਸੇਵਕ ਦੇ) ਨਿੰਦਕ-ਦੋਖੀ ਨੇ (ਭੀ ਸਦਾ) ਆਪਣੇ ਕੀਤੇ ਮੰਦੇ ਕਰਮ ਦਾ ਫਲ ਭੁਗਤਿਆ ਹੈ।੩।

ਹੇ ਨਾਨਕ ! ਜਿਹੜਾ ਪਰਮਾਤਮਾ ਨਾਹ ਜੰਮਦਾ ਹੈ ਨਾਹ ਮਰਦਾ ਹੈ ਜਿਹੜਾ ਪਰਮਾਤਮਾ ਸਭ ਥਾਈਂ ਵਿਆਪਕ ਹੈ, ਉਸ ਦੇ ਦਾਸ (ਸਦਾ) ਉਸ ਦੀ ਸਰਨ ਪਏ ਰਹਿੰਦੇ ਹਨ ।੪।੧੩।

ਰਾਗੁ ਭੈਰਉ ਮਹਲਾ ੫ ਚਉਪਦੇ ਘਰੁ ੨

ੴ ਸਤਿਗੁਰਪ੍ਰਸਾਦਿ ॥ ਸ੍ਰੀਧਰ ਮੋਹਨ ਸਗਲ ਉਪਾਵਨ ਨਿਰੰਕਾਰ ਸੁਖਦਾਤਾ ॥ ਐਸਾ ਪ੍ਰਭੁ ਛੋਡਿ ਕਰਹਿ ਅਨ ਸੇਵਾ ਕਵਨ ਬਿਖਿਆ ਰਸ ਮਾਤਾ ॥ ੧ ॥ ਰੇ ਮਨ ਮੇਰੇ ਤੂ ਗੋਵਿਦ ਭਾਜੁ ॥ ਅਵਰ ਉਪਾਵ ਸਗਲ ਮੈ ਦੇਖੇ ਜੋ ਚਿਤਵੀਐ ਤਿਤੁ ਬਿਗਰਸਿ ਕਾਜੁ ॥ ੧ ॥ ਰਹਾਉ ॥ ਠਾਕੁਰੁ ਛੋਡਿ ਦਾਸੀ ਕਉ ਸਿਮਰਹਿ ਮਨਮੁਖ ਅੰਧ ਅਗਿਆਨਾ ॥ ਹਰਿ ਕੀ ਭਗਤਿ ਕਰਹਿ ਤਿਨ ਨਿੰਦਹਿ ਨਿਗੁਰੇ ਪਸੂ ਸਮਾਨਾ ॥ ੨ ॥ ਜੀਉ ਪਿੰਡੁ ਤਨੁ ਧਨੁ ਸਭੁ ਪ੍ਰਭ ਕਾ ਸਾਕਤ ਕਹਤੇ ਮੇਰਾ ॥ ਅਹੰਬੁਧਿ ਦੁਰਮਤਿ ਹੈ ਮੈਲੀ ਬਿਨੁ ਗੁਰ ਭਵਜਲਿ ਫੇਰਾ ॥ ੩ ॥ ਹੋਮ ਜਗ ਜਪ ਤਪ ਸਭਿ ਸੰਜਮ ਤਟਿ ਤੀਰਥਿ ਨਹੀ ਪਾਇਆ ॥ ਮਿਟਿਆ ਆਪੁ ਪਏ ਸਰਣਾਈ ਗੁਰਮੁਖਿ ਨਾਨਕ ਜਗਤੁ ਤਰਾਇਆ ॥੪॥੧॥੧੪॥

ਪਦ ਅਰਥ :—ਸ੍ਰੀ—ਸ੍ਰੀ, ਲੱਛਮੀ । ਸ੍ਰੀਧਰ—ਲੱਛਮੀ ਦਾ ਆਸਰਾ, ਪਰਮਾਤਮਾ । ਸਗਲ ਉਪਾਵਨ—ਸਭਨਾਂ ਨੂੰ ਪੈਦਾ ਕਰਨ ਵਾਲਾ । ਨਿਰੰਕਾਰ—ਉਹ ਜਿਸ ਦਾ ਕੋਈ ਖਾਸ ਸਰੂਪ ਦੱਸਿਆ ਨਹੀਂ ਜਾ ਸਕਦਾ । ਛੋਡਿ—ਛੱਡ ਕੇ । ਕਰਹਿ—ਤੂੰ ਕਰਦਾ ਹੈਂ । ਅਨ ਸੇਵਾ—[अन्य] ਕਿਸੇ ਹੋਰ ਦੀ ਸੇਵਾ-ਭਗਤੀ । ਬਿਖਿਆ—ਮਾਇਆ । ਕਵਨ ਰਸ—ਕਿਹੜੇ ਰਸਾਂ ਵਿਚ ? ਕੋਝੇ ਸੁਆਦਾਂ ਵਿਚ । ਮਾਤਾ—ਮਸਤ । ੧ ।

ਭਾਜੁ—ਭਜੁ, ਜਪਿਆ ਕਰ। ਉਪਾਵ—[ਬਹੁ ਵਚਨ ਲਫ਼ਜ਼ 'ਉਪਾਉ' ਤੋਂ] ਹੀਲੇ। ਜੋ—ਜਿਹੜਾ ਭੀ ਉਪਾਉ। ਚਿਤਵੀਐ—ਸੋਚਿਆ ਜਾਂਦਾ ਹੈ। ਤਿਤੁ—ਉਸ (ਉਪਾਉ) ਨਾਲ। ਬਿਗਰਸਿ—ਵਿਗੜ ਜਾਂਦਾ ਹੈ। ੧। ਰਹਾਉ।

ਦਾਸੀ ਕਉ—ਮਾਇਆ-ਦਾਸੀ ਨੂੰ। ਸਿਮਰਹਿ—ਸਿਮਰਦੇ ਹਨ। ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ। ਅੰਧ—ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਮਨੁੱਖ। ਅਗਿਆਨਾ—ਆਤਮਕ ਜੀਵਨ ਦੀ ਸੂਝ ਤੋਂ ਸੱਖਣੇ। ਤਿਨ—ਉਹਨਾਂ ਨੂੰ। ਪਸੂ ਸਮਾਨਾ—ਪਸ਼ੂਆਂ ਵਰਗੇ ਜੀਵਨ ਵਾਲੇ। ੨।

ਜੀਉ—ਜਿੰਦ। ਪਿੰਡੁ—ਸਰੀਰ। ਸਾਕਤ—ਪਰਮਾਤਮਾ ਨਾਲੋਂ ਟੁੱਟੇ ਹੋਏ। ਅਹੰਬੁਧਿ—ਹਉਮੈ ਵਾਲੀ ਅਕਲ ਦੇ ਕਾਰਨ। ਦੁਰਮਤਿ—ਖੋਟੀ ਮਤਿ। ਭਵਜਲਿ—ਸੰਸਾਰ-ਸਮੁੰਦਰ ਵਿਚ। ੩।

ਸਭਿ—ਸਾਰੇ। ਸੰਜਮ—ਇੰਦ੍ਰਿਆਂ ਨੂੰ ਵੱਸ ਵਿਚ ਰੱਖਣ ਦੇ ਸਾਧਨ। ਤਟਿ—(ਨਦੀ ਦੇ) ਕੰਢੇ ਉਤੇ। ਤੀਰਥਿ—ਤੀਰਥ ਉਤੇ। ਆਪੁ—ਆਪਾ-ਭਾਵ। ਗੁਰਮੁਖਿ—ਗੁਰੂ ਦੀ ਰਾਹੀਂ। ੪।

ਅਰਥ :—ਹੇ ਮੇਰੇ ਮਨ ! ਤੂੰ (ਸਦਾ) ਪਰਮਾਤਮਾ ਦਾ ਨਾਮ ਜਪਿਆ ਕਰ। (ਸਿਮਰਨ ਤੋਂ ਬਿਨਾ) ਹੋਰ ਸਾਰੇ ਹੀਲੇ (ਕਰਦੇ ਲੋਕ) ਮੈਂ ਵੇਖੇ ਹਨ (ਇਹੀ ਨਤੀਜਾ ਨਿਕਲਦਾ ਵੇਖਿਆ ਹੈ ਕਿ) ਹੋਰ ਜਿਹੜਾ ਭੀ ਹੀਲਾ ਸੋਚਿਆ ਜਾਂਦਾ ਹੈ ਉਸ (ਹੀਲੇ) ਨਾਲ (ਆਤਮਕ ਜੀਵਨ ਦਾ) ਕੰਮ (ਸਗੋਂ) ਵਿਗੜਦਾ (ਹੀ) ਹੈ। ੧। ਰਹਾਉ।

ਹੇ ਮਨ ! ਜਿਹੜਾ ਸੋਹਣਾ ਪ੍ਰਭੂ ਲੱਛਮੀ ਦਾ ਆਸਰਾ ਹੈ, ਜਿਹੜਾ ਆਕਾਰ-ਰਹਿਤ ਪ੍ਰਭੂ ਸਭਨਾਂ ਨੂੰ ਪੈਦਾ ਕਰਨ ਵਾਲਾ ਹੈ, ਜਿਹੜਾ ਸਾਰੇ ਸੁਖ ਦੇਣ ਵਾਲਾ ਹੈ, ਉਸ ਨੂੰ ਛੱਡ ਕੇ ਤੂੰ ਹੋਰ ਹੋਰ ਦੀ ਸੇਵਾ-ਪੂਜਾ ਕਰਦਾ ਹੈਂ, ਤੂੰ ਮਾਇਆ ਦੇ ਕੋਝੇ ਸੁਆਦਾਂ ਵਿਚ ਮਸਤ ਹੈਂ। ੧।

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ, ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਮਨੁੱਖ, ਆਤਮਕ ਜੀਵਨ ਦੀ ਸੂਝ ਤੋਂ ਸੱਖਣੇ ਮਨੁੱਖ ਮਾਲਕ-ਪ੍ਰਭੂ ਨੂੰ ਛੱਡ ਕੇ ਉਸ ਦੀ ਦਾਸੀ (ਮਾਇਆ) ਨੂੰ ਹੀ ਹਰ ਵੇਲੇ ਚੇਤੇ ਰੱਖਦੇ ਹਨ। ਅਜਿਹੇ ਨਿਗੁਰੇ ਮਨੁੱਖ, ਪਸ਼ੂਆਂ ਵਰਗੇ ਜੀਵਨ ਵਾਲੇ ਮਨੁੱਖ ਉਹਨਾਂ ਬੰਦਿਆਂ ਨੂੰ ਨਿੰਦਦੇ ਹਨ ਜਿਹੜੇ ਪਰਮਾਤਮਾ ਦੀ ਭਗਤੀ ਕਰਦੇ ਹਨ। ੨।

ਹੇ ਭਾਈ ! ਇਹ ਜਿੰਦ ਇਹ ਸਰੀਰ ਇਹ ਧਨ—ਇਹ ਸਭ ਕੁਝ ਪਰਮਾਤਮਾ ਦਾ ਦਿੱਤਾ ਹੋਇਆ ਹੈ, ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ ਆਖਦੇ ਰਹਿੰਦੇ ਹਨ ਕਿ ਇਹ ਹਰੇਕ ਚੀਜ਼ ਸਾਡੀ ਹੈ। ਹਉਮੈ ਵਾਲੀ ਬੁੱਧੀ ਦੇ ਕਾਰਨ ਉਹਨਾਂ ਦੀ ਅਕਲ ਖੋਟੀ

ਹੋਈ ਰਹਿੰਦੀ ਹੈ ਮੈਲੀ ਹੋਈ ਰਹਿੰਦੀ ਹੈ, ਗੁਰੂ ਦੀ ਸਰਨ ਤੋਂ ਬਿਨਾ ਸੰਸਾਰ-ਸਮੁੰਦਰ ਵਿਚ ਉਹਨਾਂ ਦਾ ਗੇੜ ਬਣਿਆ ਰਹਿੰਦਾ ਹੈ। ੩।

ਹੇ ਨਾਨਕ! ਹੋਮ, ਜੱਗ, ਜਪ-ਤਪ ਸਾਧਨਾਂ ਨਾਲ, ਇੰਦ੍ਰਿਆਂ ਨੂੰ ਵੱਸ ਵਿਚ ਕਰਨ ਵਾਲੇ ਸਾਰੇ ਸਾਧਨਾਂ ਨਾਲ, ਕਿਸੇ ਪਵਿੱਤਰ ਨਦੀ ਦੇ ਕੰਢੇ ਉਤੇ ਕਿਸੇ ਤੀਰਥ ਉਤੇ (ਇਸ਼ਨਾਨ ਕੀਤਿਆਂ) ਪਰਮਾਤਮਾ ਦਾ ਮਿਲਾਪ ਨਹੀਂ ਹੋ ਸਕਦਾ। ਜਿਹੜੇ ਮਨੁੱਖ ਪਰਮਾਤਮਾ ਦੀ ਸਰਨ ਪੈਂਦੇ ਹਨ ਉਹਨਾਂ ਦੇ ਅੰਦਰੋਂ ਆਪਾ-ਭਾਵ ਮਿਟ ਜਾਂਦਾ ਹੈ। ਹੇ ਨਾਨਕ! (ਪਰਮਾਤਮਾ) ਗੁਰੂ ਦੀ ਸਰਨ ਪਾ ਕੇ ਜਗਤ (ਜਗਤ ਦੇ ਜੀਵਾਂ) ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ। ੪। ੧। ੧੪।

ਭੈਰਉ ਮਹਲਾ ੫ ॥ ਬਨ ਮਹਿ ਪੇਖਿਓ ਤ੍ਰਿਣ ਮਹਿ ਪੇਖਿਓ ਗ੍ਰਿਹਿ ਪੇਖਿਓ ਉਦਾਸਾਏ ॥ ਦੰਡਧਾਰ ਜਟਧਾਰੈ ਪੇਖਿਓ ਵਰਤ ਨੇਮ ਤੀਰਥਾਏ ॥ ੧ ॥ ਸੰਤ ਸੰਗਿ ਪੇਖਿਓ ਮਨ ਮਾਏਂ ॥ ਊਭ ਪਇਆਲ ਸਰਬ ਮਹਿ ਪੂਰਨ ਰਸਿ ਮੰਗਲ ਗੁਣ ਗਾਏ ॥ ੧ ॥ ਰਹਾਉ ॥ ਜੋਗ ਭੇਖ ਸੰਨਿਆਸੈ ਪੇਖਿਓ ਜਤਿ ਜੰਗਮ ਕਾਪੜਾਏ ॥ ਤਪੀ ਤਪੀਸੁਰ ਮੁਨਿ ਮਹਿ ਪੇਖਿਓ ਨਟ ਨਾਟਿਕ ਨਿਰਤਾਏ ॥ ੨ ॥ ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸ ਅਸਟੀ ਸਿੰਮ੍ਰਿਤਾਏ ॥ ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਏ ॥ ੩ ॥ ਅਗਹ ਅਗਹ ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥ ਜਨ ਨਾਨਕ ਤਿਨ੍ ਕੈ ਬਲਿ ਬਲਿ ਜਾਈਐ ਜਿਹ ਘਟਿ ਪਰਗਟੀਆਏ ॥ ੪ ॥ ੨ ॥ ੧੫ ॥

ਪਦ ਅਰਥ :-ਬਨ ਮਹਿ-ਜੰਗਲ ਵਿਚ। ਤ੍ਰਿਣ-ਘਾਹ ਦਾ ਤੀਲਾ, ਬਨਸਪਤੀ। ਗ੍ਰਿਹਿ-ਘਰ ਵਿਚ। ਉਦਾਸਾਏ-ਘਰਾਂ ਤੋਂ ਉਦਾਸ ਤਿਆਗੀਆਂ ਵਿਚ। ਦੰਡਧਾਰ-ਹੱਥ ਵਿਚ ਡੰਡਾ ਰੱਖਣ ਵਾਲੇ ਜੋਗੀਆਂ ਵਿਚ। ਜਟਧਾਰੈ-ਜਟਾ-ਧਾਰੀ ਜੋਗੀ ਵਿਚ। ੧।

ਸੰਤ ਸੰਗਿ-ਸੰਤ ਜਨਾਂ ਦੀ ਸੰਗਤਿ ਵਿਚ। ਮਨ ਮਾਏਂ-ਮਨ ਮਾਹਿ, ਆਪਣੇ ਮਨ ਵਿਚ ਹੀ। ਊਭ-ਆਕਾਸ਼ ਵਿਚ। ਪਇਆਲ-ਪਾਤਾਲ ਵਿਚ। ਪੂਰਨ-ਵਿਆਪਕ। ਰਸਿ-ਆਨੰਦ ਨਾਲ। ਮੰਗਲ ਗੁਣ-ਆਤਮਕ ਆਨੰਦ ਦੇਣ ਵਾਲੇ ਗੁਣ। ਗਾਏ-ਗਾਇ, ਗਾ ਕੇ। ੧। ਰਹਾਉ।

ਸੰਨਿਆਸੈ-ਸੰਨਿਆਸ ਵਿਚ। ਕਾਪੜਾਏ-ਕਾਪੜੀਏ ਸਾਧੂਆਂ ਵਿਚ। ਤਪੀਸੁਰ-[ਤਪੀ-ਈਸੁਰ] ਵੱਡੇ ਵੱਡੇ ਤਪੀ। ੨।

ਚਹੁ ਮਹਿ—ਚਾਰ ਵੇਦਾਂ ਵਿਚ। ਖਟ ਮਹਿ—ਛੇ ਸ਼ਾਸਤ੍ਰਾਂ ਵਿਚ। ਦਸ ਅਸਟੀ—ਅਠਾਰਾਂ ਪੁਰਾਣਾਂ ਵਿਚ। ਮਿਲਿ—ਮਿਲ ਕੇ। ਵਖਾਨਹਿ—ਆਖਦੇ ਹਨ। ਤਉ—ਤਦੋਂ, ਤਾਂ। ਕਹਉ—ਕਹਉਂ, ਮੈਂ ਆਖਾਂ। ਕਿਸ ਤੇ—[ਸੰਬੰਧਕ 'ਤੇ' ਦੇ ਕਾਰਨ ਲਫ਼ਜ਼ 'ਕਿਸੁ' ਦਾ _ ੁ ਉੱਡ ਗਿਆ ਹੈ] ਕਿਸ ਤੋਂ ? ਦੁਰਾਏ—ਦੂਰ, ਲੁਕਿਆ ਹੋਇਆ। ੩।

ਅਗਹ—ਅਥਾਹ। ਕੀਮ—ਕੀਮਤ, ਮੁੱਲ। ਤਿਨ ਕੈ—ਉਹਨਾਂ ਤੋਂ। ਬਲਿ ਬਲਿ—ਸਦਕੇ, ਕੁਰਬਾਨ। ਜਾਈਐ—ਜਾਣਾ ਚਾਹੀਦਾ ਹੈ। ਜਿਹ ਘਟਿ—ਜਿਸ (ਜਿਸ) ਦੇ ਹਿਰਦੇ ਵਿਚ। ਪਰਗਟੀਆਏ—ਪਰਗਟ ਹੋ ਪਿਆ ਹੈ ॥੪।

ਅਰਥ :—ਹੇ ਭਾਈ ! ਜਦੋਂ ਸੰਤ ਜਨਾਂ ਦੀ ਸੰਗਤਿ ਵਿਚ ਪਰਮਾਤਮਾ ਦੇ ਆਨੰਦ ਦੇਣ ਵਾਲੇ ਗੁਣ ਸੁਆਦ ਨਾਲ ਗਾ ਕੇ ਮੈਂ ਉਸ ਨੂੰ ਆਪਣੇ ਮਨ ਵਿਚ ਹੀ ਵੱਸਦਾ ਵੇਖ ਲਿਆ, ਤਾਂ ਆਕਾਸ਼ ਪਾਤਾਲ ਸਭਨਾਂ ਵਿਚ ਉਹ ਵਿਆਪਕ ਦਿੱਸ ਪਿਆ। ੧। ਰਹਾਉ।

ਹੇ ਭਾਈ ! (ਤਦੋਂ ਮੈਂ) ਜੰਗਲ ਵਿਚ, ਬਨਸਪਤੀ ਵਿਚ (ਪ੍ਰਭੂ ਨੂੰ ਹੀ ਵੱਸਦਾ) ਵੇਖ ਲਿਆ, ਘਰ ਵਿਚ ਭੀ ਉਸੇ ਨੂੰ ਵੇਖ ਲਿਆ, ਤੇ, ਤਿਆਗੀ ਵਿਚ ਭੀ ਉਸੇ ਨੂੰ ਵੇਖ ਲਿਆ। ਤਦੋਂ ਮੈਂ ਉਸ ਨੂੰ ਡੰਡ-ਧਾਰੀਆਂ ਵਿਚ, ਜਟਾ-ਧਾਰੀਆਂ ਵਿਚ ਵੱਸਦਾ ਵੇਖ ਲਿਆ, ਵਰਤ-ਨੇਮ ਅਤੇ ਤੀਰਥ-ਜਾਤ੍ਰਾ ਕਰਨ ਵਾਲਿਆਂ ਵਿਚ ਭੀ ਵੇਖ ਲਿਆ। ੧।

ਹੇ ਭਾਈ ! (ਜਦੋਂ ਮੈਂ ਪਰਮਾਤਮਾ ਨੂੰ ਆਪਣੇ ਅੰਦਰ ਵੱਸਦਾ ਵੇਖਿਆ, ਤਦੋਂ ਮੈਂ ਉਸ ਪਰਮਾਤਮਾ ਨੂੰ) ਜੋਗੀਆਂ ਵਿਚ, ਸਾਰੇ ਭੇਖਾਂ ਵਿਚ, ਸੰਨਿਆਸੀਆਂ ਵਿਚ, ਜਤੀਆਂ ਵਿਚ, ਜੰਗਮਾਂ ਵਿਚ, ਕਾਪੜੀਏ ਸਾਧੂਆਂ ਵਿਚ ਸਭਨਾਂ ਵਿਚ ਵੱਸਦਾ ਵੇਖ ਲਿਆ। ਤਦੋਂ ਮੈਂ ਉਸ ਨੂੰ ਤਪੀਆਂ ਵਿਚ, ਵੱਡੇ ਵੱਡੇ ਤਪੀਆਂ ਵਿਚ, ਮੁਨੀਆਂ ਵਿਚ, ਨਾਟਕ ਕਰਨ ਵਾਲੇ ਨਟਾਂ ਵਿਚ, ਰਾਸਧਾਰੀਆਂ ਵਿਚ (ਸਭਨਾਂ ਵਿਚ ਵੱਸਦਾ) ਵੇਖ ਲਿਆ। ੨।

ਹੇ ਭਾਈ ! (ਜਦੋਂ ਸਾਧ ਸੰਗਤਿ ਦੀ ਕਿਰਪਾ ਨਾਲ ਮੈਂ ਪਰਮਾਤਮਾ ਨੂੰ ਆਪਣੇ ਅੰਦਰ ਵੱਸਦਾ ਵੇਖਿਆ, ਤਦੋਂ ਮੈਂ ਉਸ ਨੂੰ) ਚਾਰ ਵੇਦਾਂ ਵਿਚ, ਛੇ ਸ਼ਾਸਤ੍ਰਾਂ ਵਿਚ, ਅਠਾਰਾਂ ਪੁਰਾਣਾਂ ਵਿਚ, (ਸਾਰੀਆਂ) ਸਿੰਮ੍ਰਿਤੀਆਂ ਵਿਚ ਵੱਸਦਾ ਵੇਖ ਲਿਆ। (ਜਦੋਂ ਮੈਂ ਇਹ ਵੇਖ ਲਿਆ ਕਿ) ਸਾਰੇ ਜੀਅ-ਜੰਤ ਮਿਲ ਕੇ ਸਿਰਫ਼ ਇਕ ਪਰਮਾਤਮਾ ਦੇ ਹੀ ਗੁਣ ਗਾ ਰਹੇ ਹਨ, ਤਾਂ ਹੁਣ ਮੈਂ ਉਸ ਨੂੰ ਕਿਸ ਪਾਸੋਂ ਦੂਰ ਬੈਠਾ ਆਖ ਸਕਦਾ ਹਾਂ ? ੩।

ਹੇ ਭਾਈ ! ਪਰਮਾਤਮਾ ਅਥਾਹ ਹੈ, ਅਥਾਹ ਹੈ, ਬੇਅੰਤ ਹੈ, ਉਸ ਦਾ ਮੁੱਲ ਨਹੀਂ

ਪੈ ਸਕਦਾ, ਉਹ ਕਿਸੇ ਦੁਨੀਆਵੀ ਪਦਾਰਥ ਦੇ ਬਦਲੇ ਨਹੀਂ ਮਿਲ ਸਕਦਾ। ਹੇ ਦਾਸ ਨਾਨਕ! (ਆਖ—ਹੇ ਭਾਈ! ਉਹ ਪ੍ਰਭੂ ਵੱਸਦਾ ਤਾਂ ਸਭਨਾਂ ਵਿਚ ਹੀ ਹੈ, ਪਰ) ਜਿਸ ਜਿਸ (ਵਡ-ਭਾਗੀ) ਦੇ ਹਿਰਦੇ ਵਿਚ ਉਹ ਪਰਤੱਖ ਹੋ ਗਿਆ ਹੈ, ਉਹਨਾਂ ਤੋਂ ਸਦਕੇ ਕੁਰਬਾਨ ਜਾਣਾ ਚਾਹੀਦਾ ਹੈ।੪।੨।੧੫।

ਭੈਰਉ ਮਹਲਾ ੫॥ ਨਿਕਟਿ ਬੁਝੈ ਸੋ ਬੁਰਾ ਕਿਉ ਕਰੈ॥ ਬਿਖੁ ਸੰਚੈ ਨਿਤ ਡਰਤਾ ਫਿਰੈ॥ ਹੈ ਨਿਕਟੇ ਅਰੁ ਭੇਦੁ ਨ ਪਾਇਆ॥ ਬਿਨੁ ਸਤਿਗੁਰ ਸਭ ਮੋਹੀ ਮਾਇਆ॥ ੧॥ ਨੇੜੈ ਨੇੜੈ ਸਭੁ ਕੋ ਕਹੈ॥ ਗੁਰਮੁਖਿ ਭੇਦੁ ਵਿਰਲਾ ਕੋ ਲਹੈ॥ ੧॥ ਰਹਾਉ॥ ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ॥ ਦਰਬੁ ਹਿਰੈ ਮਿਥਿਆ ਕਰਿ ਖਾਇ॥ ਪਈ ਠਗਉਰੀ ਹਰਿ ਸੰਗਿ ਨ ਜਾਨਿਆ॥ ਬਾਝੁ ਗੁਰੂ ਹੈ ਭਰਮਿ ਭੁਲਾਨਿਆ॥ ੨॥ ਨਿਕਟਿ ਨ ਜਾਨੈ ਬੋਲੈ ਕੂੜੁ॥ ਮਾਇਆ ਮੋਹਿ ਮੂਠਾ ਹੈ ਮੂੜੁ॥ ਅੰਤਰਿ ਵਸਤੁ ਦਿਸੰਤਰਿ ਜਾਇ॥ ਬਾਝੁ ਗੁਰੂ ਹੈ ਭਰਮਿ ਭੁਲਾਇ॥ ੩॥ ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ॥ ਸਤਿਗੁਰੁ ਸੇਵੇ ਖੁਲੇ ਕਪਾਟ॥ ਅੰਤਰਿ ਬਾਹਰਿ ਨਿਕਟੇ ਸੋਇ॥ ਜਨ ਨਾਨਕ ਆਵੈ ਨ ਜਾਵੈ ਕੋਇ॥ ੪॥ ੩॥ ੧੬॥

ਪਦ ਅਰਥ :—ਨਿਕਟਿ—(ਆਪਣੇ) ਨੇੜੇ (ਵੱਸਦਾ)। ਬੁਝੈ—(ਜਿਹੜਾ ਮਨੁੱਖ) ਸਮਝਦਾ ਹੈ। ਕਿਉ ਕਰੈ—ਨਹੀਂ ਕਰ ਸਕਦਾ। ਬਿਖੁ—ਜ਼ਹਰ, ਆਤਮਕ ਮੌਤ ਲਿਆਉਣ ਵਾਲੀ ਮਾਇਆ। ਸੰਚੈ—ਇਕੱਠੀ ਕਰਦਾ ਹੈ। ਨਿਕਟੇ-ਨੇੜੇ ਹੀ। ਅਰੁ—ਅਤੇ, ਪਰ। ਸਭ—ਸਾਰੀ-ਲੁਕਾਈ।੧।

ਸਭੁ ਕੋ—ਹਰੇਕ ਪ੍ਰਾਣੀ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਲਹੈ—ਲੱਭਦਾ ਹੈ। ੧। ਰਹਾਉ।

ਪਰ ਗ੍ਰਿਹਿ—ਪਰਾਏ ਘਰ ਵਿਚ। ਜਾਇ—ਜਾਂਦਾ ਹੈ। ਦਰਬੁ—ਧਨ। ਹਿਰੈ—ਚੁਰਾਂਦਾ ਹੈ। ਮਿਥਿਆ—ਨਾਸਵੰਤ। ਮਿਥਿਆ ਕਰਿ—ਇਹ ਆਖ ਆਖ ਕੇ ਭੀ ਕਿ ਸਭ ਕੁਝ ਨਾਸਵੰਤ ਹੈ। ਠਗਉਰੀ—ਠਗ-ਮੂਰੀ, ਠਗ-ਬੂਟੀ, ਧਤੂਰਾ, ਸੂਝ-ਬੂਝ ਮੁਕਾ ਦੇਣ ਵਾਲੀ ਬੂਟੀ। ਸੰਗਿ—(ਆਪਣੇ) ਨਾਲ। ਭਰਮਿ—ਭਟਕਣਾ ਵਿਚ (ਪੈ ਕੇ)। ਭੁਲਾਨਿਆ—ਕੁਰਾਹੇ ਪਿਆ ਰਹਿੰਦਾ ਹੈ।੨।

ਕੂੜੁ—ਝੂਠ। ਮੋਹਿ—ਮੋਹ ਵਿਚ। ਮੂਠਾ ਹੈ—ਠੱਗਿਆ ਜਾ ਰਿਹਾ ਹੈ। ਮੂੜੁ—ਮੂਰਖ ਮਨੁੱਖ [ਇਕ ਵਚਨ]। ਅੰਤਰਿ—ਅੰਦਰ। ਦਿਸੰਤਰਿ—ਦੇਸ ਅੰਤਰਿ, ਹੋਰ ਦੇਸ ਵਿਚ,

ਬਾਹਰ । ੩ ।

ਮਸਤਕਿ—ਮੱਥੇ ਉਤੇ । ਕਰਮੁ—ਬਖ਼ਸ਼ਸ਼, ਪਰਮਾਤਮਾ ਦੀ ਮਿਹਰ (ਦਾ ਲੇਖ) । ਲਿਲਾਟ—ਮੱਥੇ (ਉਤੇ) । ਸਿਵੇ—ਸਰਨ ਪੈਂਦਾ ਹੈ । ਕਪਾਟ—ਕਵਾੜ, ਬੰਦ ਹੋਏ ਹੋਏ ਭਿੱਤ । ਸੋਇ—ਉਹ (ਪਰਮਾਤਮਾ) ਹੀ । ਜਨ ਨਾਨਕ—ਹੇ ਦਾਸ ਨਾਨਕ ! ਕੋਇ—(ਪਰਮਾਤਮਾ ਤੋਂ ਬਿਨਾ) ਕੋਈ (ਹੋਰ) । ੪ ।

ਅਰਥ :—ਹੇ ਭਾਈ ! (ਆਖਣ ਨੂੰ ਤਾਂ) ਹਰੇਕ ਪ੍ਰਾਣੀ (ਇਹ) ਆਖ ਦੇਂਦਾ ਹੈ (ਕਿ ਪਰਮਾਤਮਾ ਸਭ ਦੇ) ਨੇੜੇ ਹੈ (ਸਭ ਦੇ) ਨੇੜੇ ਹੈ । ਪਰ ਕੋਈ ਵਿਰਲਾ ਮਨੁੱਖ ਗੁਰੂ ਦੀ ਸਰਨ ਪੈ ਕੇ ਇਸ ਡੂੰਘੀ ਗੱਲ ਨੂੰ ਸਮਝਦਾ ਹੈ । ੧ । ਰਹਾਉ ।

ਹੇ ਭਾਈ ! (ਜਿਹੜਾ ਮਨੁੱਖ ਪਰਮਾਤਮਾ ਨੂੰ ਆਪਣੇ) ਨੇੜੇ (ਵੱਸਦਾ) ਸਮਝਦਾ ਹੈ ਉਹ (ਕਿਸੇ ਨਾਲ ਕੋਈ) ਬੁਰਾਈ ਨਹੀਂ ਕਰ ਸਕਦਾ । ਪਰ ਜਿਹੜਾ ਮਨੁੱਖ ਆਤਮਕ ਮੌਤ ਲਿਆਉਣ ਵਾਲੀ ਮਾਇਆ ਨੂੰ ਹਰ ਵੇਲੇ ਜੋੜਦਾ ਰਹਿੰਦਾ ਹੈ, ਉਹ ਮਨੁੱਖ (ਹਰੇਕ ਪਾਸੋਂ) ਸਦਾ ਡਰਦਾ ਫਿਰਦਾ ਹੈ । ਹੇ ਭਾਈ ! ਪਰਮਾਤਮਾ ਹਰੇਕ ਦੇ ਨੇੜੇ ਤਾਂ ਜ਼ਰੂਰ ਵੱਸਦਾ ਹੈ, ਪਰ (ਨਿੱਤ ਮਾਇਆ ਜੋੜਨ ਵਾਲਾ ਮਨੁੱਖ) ਇਹ ਭੇਤ ਸਮਝਦਾ ਨਹੀਂ । ਗੁਰੂ ਦੀ ਸਰਨ ਪੈਣ ਤੋਂ ਬਿਨਾ ਸਾਰੀ ਲੁਕਾਈ ਮਾਇਆ ਦੇ ਮੋਹ ਵਿਚ ਫਸੀ ਰਹਿੰਦੀ ਹੈ । ੧ ।

ਹੇ ਭਾਈ ! (ਉਹੀ ਮਨੁੱਖ) ਪਰਾਏ ਘਰ ਵਿਚ (ਚੋਰੀ ਦੀ ਨੀਅਤ ਨਾਲ) ਜਾਂਦਾ ਹੈ,ਜਿਹੜਾ ਪਰਮਾਤਮਾ ਨੂੰ ਆਪਣੇ ਨੇੜੇ-ਵੱਸਦਾ ਨਹੀਂ ਵੇਖਦਾ । ਉਹ ਮਨੁੱਖ ਪਰਾਇਆ ਧਨ ਚੁਰਾਂਦਾ ਹੈ, ਤੇ, ਧਨ ਨੂੰ ਨਾਸਵੰਤ ਆਖ ਆਖ ਕੇ ਭੀ ਪਰਾਇਆ ਮਾਲ ਖਾਈ ਜਾਂਦਾ ਹੈ । ਹੇ ਭਾਈ ! ਗੁਰੂ ਦੀ ਸਰਨ ਪੈਣ ਤੋਂ ਬਿਨਾ ਭਟਕਣਾ ਵਿਚ ਪੈ ਕੇ ਮਨੁੱਖ ਕੁਰਾਹੇ ਪਿਆ ਰਹਿੰਦਾ ਹੈ,ਮਾਇਆ-ਠਗਬੂਟੀ ਉਸ ਉਤੇ ਆਪਣਾ ਪ੍ਰਭਾਵ ਪਾਈ ਰੱਖਦੀ ਹੈ, (ਇਸ ਵਾਸਤੇ ਉਹ ਪਰਮਾਤਮਾ ਨੂੰ ਆਪਣੇ) ਨਾਲ ਵੱਸਦਾ ਨਹੀਂ ਸਮਝਦਾ । ੨ ।

ਹੇ ਭਾਈ ! (ਉਹੀ ਮਨੁੱਖ) ਝੂਠ ਬੋਲਦਾ ਹੈ ਜਿਹੜਾ ਪਰਮਾਤਮਾ ਨੂੰ ਆਪਣੇ ਨਾਲ ਵੱਸਦਾ ਨਹੀਂ ਸਮਝਦਾ, ਉਹ ਮੂਰਖ ਮਾਇਆ ਦੇ ਮੋਹ ਵਿਚ ਫਸ ਕੇ (ਆਪਣੀ ਆਤ-ਮਕ ਰਾਸ-ਪੂੰਜੀ) ਲੁਟਾਈ ਜਾਂਦਾ ਹੈ । ਪਰਮਾਤਮਾ ਦਾ ਨਾਮ-ਧਨ ਉਸ ਦੇ ਹਿਰਦੇ ਵਿਚ ਵੱਸਦਾ ਹੈ, ਪਰ ਉਹ (ਨਿਰੀ ਮਾਇਆ ਦੀ ਖ਼ਾਤਰ ਹੀ) ਬਾਹਰ ਭਟਕਦਾ ਫਿਰਦਾ ਹੈ । ਹੇ ਭਾਈ ! ਗੁਰੂ ਦੀ ਸਰਨ ਤੋਂ ਬਿਨਾ (ਜਗਤ) ਭਟਕਣਾ ਦੇ ਕਾਰਨ ਕੁਰਾਹੇ ਪਿਆ ਰਹਿੰਦਾ ਹੈ । ੩ ।

ਹੇ ਦਾਸ ਨਾਨਕ ! ਜਿਸ ਮਨੁੱਖ ਦੇ ਮੱਥੇ ਉਤੇ ਲਿਲਾਟ ਉਤੇ (ਪਰਮਾਤਮਾ ਦੀ) ਬਖ਼ਸ਼ਸ਼ (ਦਾ ਲੇਖ) ਲਿਖਿਆ ਉੱਘੜ ਪੈਂਦਾ ਹੈ, ਉਹ ਗੁਰੂ ਦੀ ਸਰਨ ਆ ਪੈਂਦਾ ਹੈ,

ਉਸ ਦੇ ਮਨ ਦੇ ਕਿਵਾੜ ਖੁਲ੍ਹ ਜਾਂਦੇ ਹਨ। ਉਸ ਨੂੰ ਆਪਣੇ ਅੰਦਰ ਤੇ ਬਾਹਰ ਜਗਤ ਵਿਚ ਇਕ ਪਰਮਾਤਮਾ ਹੀ ਵੱਸਦਾ ਦਿੱਸਦਾ ਹੈ, (ਉਸ ਨੂੰ ਇਉਂ ਜਾਪਦਾ ਹੈ ਕਿ ਪਰਮਾਤਮਾ ਤੋਂ ਬਿਨਾ ਹੋਰ) ਕੋਈ ਨਾਹ ਜੰਮਦਾ ਹੈ ਨਾਹ ਮਰਦਾ ਹੈ। ੪। ੩। ੧੬।

ਭੈਰਉ ਮਹਲਾ ੫ ॥ ਜਿਸੁ ਤੂ ਰਾਖਹਿ ਤਿਸੁ ਕਉਨੁ ਮਾਰੈ ॥ ਸਭ ਤੁਝ ਹੀ ਅੰਤਰਿ ਸਗਲ ਸੰਸਾਰੈ ॥ ਕੋਟਿ ਉਪਾਵ ਚਿਤਵਤ ਹੈ ਪ੍ਰਾਣੀ ॥ ਸੋ ਹੋਵੈ ਜਿ ਕਰੈ ਚੋਜ ਵਿਡਾਣੀ ॥ ੧ ॥ ਰਾਖਹੁ ਰਾਖਹੁ ਕਿਰਪਾ ਧਾਰਿ ॥ ਤੇਰੀ ਸਰਣਿ ਤੇਰੈ ਦਰਵਾਰਿ ॥੧॥ ਰਹਾਉ ॥ ਜਿਨਿ ਸੇਵਿਆ ਨਿਰਭਉ ਸੁਖਦਾਤਾ॥ ਤਿਨਿ ਭਉ ਦੂਰਿ ਕੀਆ ਏਕੁ ਪਰਾਤਾ ॥ ਜੋ ਤੂ ਕਰਹਿ ਸੋਈ ਫੁਨਿ ਹੋਇ॥ ਮਾਰੈ ਨ ਰਾਖੈ ਦੂਜਾ ਕੋਇ ॥ ੨ ॥ ਕਿਆ ਤੂ ਸੋਚਹਿ ਮਾਣਸ ਬਾਣਿ ॥ ਅੰਤਰਜਾਮੀ ਪੁਰਖੁ ਸੁਜਾਣੁ ॥ ਏਕ ਟੇਕ ਏਕੋ ਆਧਾਰੁ ॥ ਸਭ ਕਿਛੁ ਜਾਣੈ ਸਿਰਜਣਹਾਰੁ ॥ ੩ ॥ ਜਿਸੁ ਊਪਰਿ ਨਦਰਿ ਕਰੇ ਕਰਤਾਰੁ ॥ ਤਿਸੁ ਜਨ ਕੇ ਸਭਿ ਕਾਜ ਸਵਾਰਿ ॥ ਤਿਸ ਕਾ ਰਾਖਾ ਏਕੋ ਸੋਇ ॥ ਜਨ ਨਾਨਕ ਅਪੜਿ ਨ ਸਾਕੈ ਕੋਇ ॥ ੪ ॥ ੪ ॥ ੧੭ ॥

ਪਦ ਅਰਥ:—ਸੰਸਾਰੈ—ਸੰਸਾਰ ਵਿਚ। ਕੋਟਿ—ਕ੍ਰੋੜਾਂ। ਉਪਾਵ—[ਲਫ਼ਜ਼ 'ਉਪਾਉ' ਤੋਂ ਬਹੁ ਵਚਨ]। ਚੋਜ ਵਿਡਾਣੀ—ਅਸਚਰਜ ਚੋਜਾਂ ਵਾਲਾ। ੧।

ਧਾਰਿ—ਧਾਰ ਕੇ, ਕਰ ਕੇ। ਦਰਵਾਰਿ—ਦਰ ਦੇ ਬੂਹੇ ਤੇ, ਦਰ ਤੇ। ੧। ਰਹਾਉ।

ਜਿਨਿ—ਜਿਸ (ਮਨੁੱਖ) ਨੇ। ਤਿਨਿ—ਉਸ (ਮਨੁੱਖ) ਨੇ।ਏਕੁ ਪਰਾਤਾ—ਇੱਕ ਪਰਮਾਤਮਾ ਨੂੰ ਪਛਾਣਿਆ। ਫੁਨਿ—ਮੁੜ। ੨।

ਬਾਣਿ—ਆਦਤ। ਸੁਜਾਣੁ—ਸਿਆਣਾ। ਆਧਾਰੁ—ਆਸਰਾ। ੩।

ਸਭਿ—ਸਾਰੇ। ਸਵਾਰਿ—ਸਵਾਰੇ, ਸਵਾਰਦਾ ਹੈ। ਤਿਸ ਕਾ—[ਸੰਬੰਧਕ 'ਕਾ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ]। ੪।

ਅਰਥ:—ਹੇ ਪ੍ਰਭੂ! ਮੈਂ ਤੇਰੀ ਸਰਨ ਆਇਆ ਹਾਂ,ਮੈਂ ਤੇਰੇ ਦਰ ਤੇ ਆਇਆ ਹਾਂ, ਮਿਹਰ ਕਰ ਕੇ ਮੇਰੀ ਰੱਖਿਆ ਕਰ, ਰੱਖਿਆ ਕਰ। ੧। ਰਹਾਉ।

ਹੇ ਪ੍ਰਭੂ! ਜਿਸ ਨੂੰ ਤੂੰ ਬਚਾਏਂ, ਉਸ ਨੂੰ ਕੋਈ ਮਾਰ ਨਹੀਂ ਸਕਦਾ, (ਕਿਉਂਕਿ) ਸਾਰੇ ਸੰਸਾਰ ਵਿਚ ਸਾਰੀ (ਉਤਪੱਤੀ) ਤੇਰੇ ਹੀ ਅਧੀਨ ਹੈ। ਹੇ ਭਾਈ! ਜੀਵ (ਆਪਣੇ ਵਾਸਤੇ) ਕ੍ਰੋੜਾਂ ਹੀਲੇ ਸੋਚਦਾ ਰਹਿੰਦਾ ਹੈ, ਪਰ ਉਹੀ ਕੁਝ ਹੁੰਦਾ ਹੈ ਜੋ ਅਚਰਜ ਚੋਜ ਕਰਨ ਵਾਲਾ ਪਰਮਾਤਮਾ ਕਰਦਾ ਹੈ। ੧।

ਹੇ ਭਾਈ! ਜਿਸ ਮਨੁੱਖ ਨੇ ਨਿਰਭਉ ਅਤੇ ਸਾਰੇ ਸੁਖ ਦੇਣ ਵਾਲੇ ਪਰਮਾਤਮਾ ਦੀ

ਸਰਨ ਲਈ, ਉਸ ਨੇ (ਆਪਣਾ ਹਰੇਕ) ਡਰ ਦੂਰ ਕਰ ਲਿਆ, ਉਸ ਨੇ ਇਕ ਪਰਮਾ-ਤਮਾ ਨਾਲ ਹੀ ਡੂੰਘੀ ਸਾਂਝ ਪਾ ਲਈ। ਹੇ ਪ੍ਰਭੂ ! ਜੋ ਕੁਝ ਤੂੰ ਕਰਦਾ ਹੈਂ, ਉਹੀ ਹੁੰਦਾ ਹੈ। (ਤੈਥੋਂ ਬਿਨਾ) ਕੋਈ ਦੂਜਾ ਨਾਹ ਕਿਸੇ ਨੂੰ ਮਾਰ ਸਕਦਾ ਹੈ ਨਾਹ ਬਚਾ ਸਕਦਾ ਹੈ।੨।

ਹੇ ਭਾਈ ! (ਆਪਣੇ) ਮਨੁੱਖਾ ਸੁਭਾਉ ਅਨੁਸਾਰ ਤੂੰ ਕੀਹ ਸੋਚਾਂ ਸੋਚਦਾ ਰਹਿੰਦਾ ਹੈਂ ? ਸਰਬ-ਵਿਆਪਕ ਪਰਮਾਤਮਾ ਹਰੇਕ ਦੇ ਦਿਲ ਦੀ ਜਾਣਨ ਵਾਲਾ ਹੈ ਸਿਆਣਾ ਹੈ। (ਅਸਾਂ ਜੀਵਾਂ ਦੀ) ਉਹੀ ਟੇਕ ਹੈ ਉਹੀ ਆਸਰਾ ਹੈ। ਜੀਵਾਂ ਨੂੰ ਪੈਦਾ ਕਰਨ ਵਾਲਾ ਉਹ ਪ੍ਰਭੂ ਸਭ ਕੁਝ ਜਾਣਦਾ ਹੈ। ੩।

ਹੇ ਭਾਈ ! ਕਰਤਾਰ ਜਿਸ ਮਨੁੱਖ ਉੱਤੇ ਮਿਹਰ ਦੀ ਨਿਗਾਹ ਕਰਦਾ ਹੈ, ਉਸ ਸੇਵਕ ਦੇ ਉਹ ਸਾਰੇ ਕੰਮ ਸਵਾਰਦਾ ਹੈ। ਉਸ ਮਨੁੱਖ ਦਾ ਰਾਖਾ ਉਹ ਪਰਮਾਤਮਾ ਆਪ ਹੀ ਬਣਿਆ ਰਹਿੰਦਾ ਹੈ। ਹੇ ਦਾਸ ਨਾਨਕ ! (ਜਗਤ ਦਾ ਕੋਈ ਜੀਵ)ਉਸ ਦੀ ਬਰਾਬਰੀ ਨਹੀਂ ਕਰ ਸਕਦਾ। ੪। ੪। ੧੭।

ਭੈਰਉ ਮਹਲਾ ੫ ॥ ਤਉ ਕੜੀਐ ਜੇ ਹੋਵੈ ਬਾਹਰਿ ॥ ਤਉ ਕੜੀਐ ਜੇ ਵਿਸਰੈ ਨਰਹਰਿ ॥ ਤਉ ਕੜੀਐ ਜੇ ਦੂਜਾ ਭਾਏ ॥ ਕਿਆ ਕੜੀਐ ਜਾਂ ਰਹਿਆ ਸਮਾਏ ॥ ੧ ॥ ਮਾਇਆ ਮੋਹਿ ਕੜੇ ਕੜਿ ਪਚਿਆ ॥ ਬਿਨੁ ਨਾਵੈ ਭ੍ਰਮਿ ਭ੍ਰਮਿ ਭ੍ਰਮਿ ਖਪਿਆ ॥ ੧ ॥ ਰਹਾਉ ॥ ਤਉ ਕੜੀਐ ਜੇ ਦੂਜਾ ਕਰਤਾ॥ ਤਉ ਕੜੀਐ ਜੇ ਅਨਿਆਇ ਕੋ ਮਰਤਾ ॥ ਤਉ ਕੜੀਐ ਜੇ ਕਿਛੁ ਜਾਣੈ ਨਾਹੀ ॥ ਕਿਆ ਕੜੀਐ ਜਾਂ ਭਰਪੂਰਿ ਸਮਾਹੀ ॥ ੨ ॥ ਤਉ ਕੜੀਐ ਜੇ ਕਿਛੁ ਹੋਇ ਧਿਙਾਣੈ ॥ ਤਉ ਕੜੀਐ ਜੇ ਭੂਲਿ ਰੰਞਾਣੈ ॥ ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ ॥ ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ॥ ੩ ॥ ਪ੍ਰਭ ਤੂ ਹੈ ਠਾਕੁਰੁ ਸਭੁ ਕੋ ਤੇਰਾ ॥ ਜਿਉ ਭਾਵੈ ਤਿਉ ਕਰਹਿ ਨਿਬੇਰਾ ॥ ਦੁਤੀਆ ਨਾਸਤਿ ਇਕੁ ਰਹਿਆ ਸਮਾਇ ॥ ਰਾਖਹੁ ਪੈਜ ਨਾਨਕ ਸਰਣਾਇ ॥ ੪ ॥ ੫ ॥ ੧੮ ॥

ਪਦ ਅਰਥ :-ਤਉ-ਤਦੋਂ, ਤਾਂ ਹੀ। ਕੜੀਐ-ਚਿੰਤਾ ਕਰੀਦੀ ਹੈ, ਖਿੱਝੀਦਾ ਹੈ। ਵਿਸਰੈ-ਭੁੱਲ ਜਾਂਦਾ ਹੈ। ਨਰਹਰਿ-ਪਰਮਾਤਮਾ। ਭਾਏ-ਚੰਗਾ ਲੱਗਦਾ ਹੈ। ਕਿਆ ਕੜੀਐ-ਝੂਰਨ ਦੀ ਲੋੜ ਨਹੀਂ ਪੈਂਦੀ। ਜਾਂ-ਜਦੋਂ। ੧।

ਮੋਹਿ-ਮੋਹ ਵਿਚ (ਫਸ ਕੇ)। ਕੜੇ ਕੜਿ-ਕੜਿ ਕੜਿ,ਖਿੱਝ ਖਿੱਝ ਕੇ। ਪਚਿਆ-ਸੜ ਮਰਦਾ ਹੈ। ਭ੍ਰਮਿ-ਭਟਕ ਕੇ। ਖਪਿਆ-ਦੁਖੀ ਹੁੰਦਾ ਹੈ। ੧। ਰਹਾਉ।

ਅਨਿਆਇ—ਅ-ਨਿਆਇ, ਨਿਆਂ ਦੇ ਉਲਟ, ਪਰਮਾਤਮਾ ਦੇ ਹੁਕਮ ਤੋਂ ਬਾਹਰਾ। ਕੋ—ਕੋਈ ਜੀਵ। ਭਰਪੂਰਿ—ਹਰ ਥਾਂ, ਨਕਾ-ਨਕ। ਸਮਾਹੀ—(ਹੇ ਪ੍ਰਭੂ!) ਤੂੰ ਵਿਆਪਕ ਹੈਂ। ੨।

ਧਿਙਾਣੈ—ਬਦੋ ਬਦੀ, ਪਰਮਾਤਮਾ ਤੋਂ ਬੇ-ਵੱਸਾ। ਭੂਲਿ—ਭੁੱਲ ਕੇ, ਭੁਲੇਖੇ ਨਾਲ। ਰੰਞਾਣੈ—ਦੁਖੀ ਕਰਦਾ ਹੈ। ਗੁਰਿ—ਗੁਰੂ ਨੇ। ਪ੍ਰਭ ਤੇ—ਪ੍ਰਭੂ ਤੋਂ, ਪ੍ਰਭੂ ਦੇ ਹੁਕਮ ਨਾਲ। ਕਾੜ੍ਹਾ—ਖਿੱਝ, ਚਿੰਤਾ। ਛੋਡਿ—ਛੱਡ ਕੇ। ਅਚਿੰਤ—ਬੇ-ਫ਼ਿਕਰ। ਸੋਤੇ—ਸੌਂਦੇ ਹਾਂ, ਰਹਿੰਦੇ ਹਾਂ। ੩।

ਪ੍ਰਭ—ਹੇ ਪ੍ਰਭੂ! ਠਾਕੁਰੁ—ਮਾਲਕ। ਸਭੁ ਕੋ—ਹਰੇਕ ਜੀਵ। ਕਰਹਿ—ਤੂੰ ਕਰਦਾ ਹੈਂ। ਨਿਬੇਰਾ—ਫ਼ੈਸਲਾ। ਦੁਤੀਆ—ਦੂਜਾ, ਤੈਥੋਂ ਬਿਨਾ ਕੋਈ ਹੋਰ। ਨਾਸਤਿ—ਨ ਅਸਤਿ, ਨਹੀਂ ਹੈ [ਅਸ੍ਤਿ]। ਪੈਜ—ਲਾਜ, ਇੱਜ਼ਤ। ੪।

ਅਰਥ :—ਹੇ ਭਾਈ! ਮਾਇਆ ਦੇ ਮੋਹ ਵਿਚ ਫਸਿਆ ਹੋਇਆ ਮਨੁੱਖ ਖਿੱਝ ਖਿੱਝ ਕੇ ਆਤਮਕ ਮੌਤੇ ਮਰਦਾ ਰਹਿੰਦਾ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾ (ਮਾਇਆ ਦੀ ਖ਼ਾਤਰ) ਭਟਕ ਕੇ ਭਟਕ ਕੇ ਭਟਕ ਕੇ ਖ਼ੁਆਰ ਹੁੰਦਾ ਰਹਿੰਦਾ ਹੈ। ੧। ਰਹਾਉ।

ਹੇ ਭਾਈ! ਜੇ (ਜੀਵ ਨੂੰ ਇਹ ਖ਼ਿਆਲ ਬਣਿਆ ਰਹੇ ਕਿ ਪਰਮਾਤਮਾ ਮੈਥੋਂ ਵੱਖਰਾ) ਕਿਤੇ ਦੂਰ ਹੈ, ਤਦੋਂ (ਹਰ ਗੱਲੇ) ਚਿੰਤਾ ਕਰੀਦੀ ਹੈ। ਤਦੋਂ ਭੀ ਝੁਰਦੇ ਰਹੀਦਾ ਹੈ ਜੇ ਪਰਮਾਤਮਾ (ਸਾਡੇ ਮਨੋਂ) ਭੁੱਲ ਜਾਏ। ਜਦੋਂ (ਪਰਮਾਤਮਾ ਤੋਂ ਬਿਨਾ) ਕੋਈ ਹੋਰ ਪਦਾਰਥ (ਪਰਮਾਤਮਾ ਨਾਲੋਂ ਵਧੀਕ) ਪਿਆਰਾ ਲੱਗਣ ਲੱਗ ਪੈਂਦਾ ਹੈ, ਤਦੋਂ (ਭੀ) ਝੁਰਦੇ ਰਹੀਦਾ ਹੈ। ਪਰ ਜਦੋਂ (ਇਹ ਯਕੀਨ ਬਣਿਆ ਰਹੇ ਕਿ ਪਰਮਾਤਮਾ) ਹਰੇਕ ਥਾਂ ਵਿਆਪਕ ਹੈ, ਤਦੋਂ ਚਿੰਤਾ-ਝੋਰਾ ਮਿਟ ਜਾਂਦਾ ਹੈ। ੧।

ਹੇ ਭਾਈ! ਜੇ (ਇਹ ਖ਼ਿਆਲ ਟਿਕਿਆ ਰਹੇ ਕਿ ਪਰਮਾਤਮਾ ਤੋਂ ਬਿਨਾ) ਕੋਈ ਹੋਰ ਕੁਝ ਕਰ ਸਕਣ ਵਾਲਾ ਹੈ, ਤਦੋਂ ਚਿੰਤਾ-ਫ਼ਿਕਰ ਵਿਚ ਫਸੇ ਰਹੀਦਾ ਹੈ। ਤਦੋਂ ਭੀ ਝੁਰੀਦਾ ਹੈ ਜੇ ਇਹ ਖ਼ਿਆਲ ਬਣੇ ਕਿ ਕੋਈ ਪ੍ਰਾਣੀ ਪਰਮਾਤਮਾ ਦੇ ਹੁਕਮ ਤੋਂ ਬਾਹਰਾ ਮਰ ਸਕਦਾ ਹੈ। ਜੇ ਇਹ ਯਕੀਨ ਟਿਕ ਜਾਏ ਕਿ ਪਰਮਾਤਮਾ ਸਾਡੀਆਂ ਲੋੜਾਂ ਜਾਣਦਾ ਨਹੀਂ ਹੈ, ਤਾਂ ਭੀ ਝੁਰਦੇ ਰਹੀਦਾ ਹੈ। ਪਰ, ਹੇ ਪ੍ਰਭੂ! ਤੂੰ ਤਾਂ ਹਰ ਥਾਂ ਮੌਜੂਦ ਹੈਂ, ਫਿਰ ਅਸੀ ਚਿੰਤਾ-ਫ਼ਿਕਰ ਕਿਉਂ ਕਰੀਏ? ੨।

ਹੇ ਭਾਈ! ਕੁਝ ਭੀ ਪਰਮਾਤਮਾ ਦੇ ਹੁਕਮ ਤੋਂ ਬਾਹਰਾ ਨਹੀਂ ਹੁੰਦਾ, ਕਿਸੇ ਨੂੰ ਭੀ ਉਹ ਭੁਲੇਖੇ ਨਾਲ ਦੁਖੀ ਨਹੀਂ ਕਰਦਾ, ਫਿਰ ਚਿੰਤਾ-ਫ਼ਿਕਰ ਕਿਉਂ ਕੀਤਾ ਜਾਏ? ਹੇ ਭਾਈ! ਗੁਰੂ ਨੇ ਇਹ ਦੱਸਿਆ ਹੈ ਕਿ ਜੋ ਕੁਝ ਹੁੰਦਾ ਹੈ ਸਭ ਪ੍ਰਭੂ ਦੇ ਹੁਕਮ ਨਾਲ ਹੀ ਹੁੰਦਾ ਹੈ। ਇਸ ਵਾਸਤੇ ਅਸੀ ਤਾਂ ਚਿੰਤਾ-ਫ਼ਿਕਰ ਛੱਡ ਕੇ (ਉਸ ਦੀ ਰਜ਼ਾ ਵਿਚ) ਬੇ-ਫ਼ਿਕਰ

ਟਿਕੇ ਹੋਏ ਹਾਂ । ੩ ।

ਹੇ ਪ੍ਰਭੂ ! ਤੂੰ ਸਭ ਜੀਵਾਂ ਦਾ ਮਾਲਕ ਹੈਂ, ਹਰੇਕ ਜੀਵ ਤੇਰਾ(ਪੈਦਾ ਕੀਤਾ ਹੋਇਆ) ਹੈ। ਜਿਵੇਂ ਤੇਰੀ ਰਜ਼ਾ ਹੁੰਦੀ ਹੈ, ਤੂੰ (ਜੀਵਾਂ ਦੀ ਕਿਸਮਤ ਦਾ) ਫੈਸਲਾ ਕਰਦਾ ਹੈਂ । ਹੇ ਪ੍ਰਭੂ ! ਤੈਥੋਂ ਬਿਨਾ (ਤੇਰੇ ਬਰਾਬਰ ਦਾ)ਹੋਰ ਕੋਈ ਨਹੀਂ ਹੈ, ਤੂੰ ਹੀ ਹਰ ਥਾਂ ਵਿਆਪਕ ਹੈਂ । ਹੇ ਨਾਨਕ! (ਪ੍ਰਭੂ ਦੇ ਦਰ ਤੇ ਹੀ ਅਰਦਾਸ ਕਰਿਆ ਕਰ ਕਿ, ਹੇ ਪ੍ਰਭੂ!) ਮੈਂ ਤੇਰੀ ਸਰਨ ਆਇਆ ਹਾਂ, ਮੇਰੀ ਲਾਜ ਰੱਖ । ੪ । ੫ । ੧੮ ।

ਭੈਰਉ ਮਹਲਾ ੫ ।। ਬਿਨੁ ਬਾਜੇ ਕੈਸੋ ਨਿਰਤਕਾਰੀ ॥ ਬਿਨੁ ਕੰਠੈ ਕੈਸੇ ਗਾਵਨਹਾਰੀ ॥ ਜੀਲ ਬਿਨਾ ਕੈਸੇ ਬਜੈ ਰਬਾਬ ॥ ਨਾਮ ਬਿਨਾ ਬਿਰਥੇ ਸਭਿ ਕਾਜ ।। ੧ ।। ਨਾਮ ਬਿਨਾ ਕਹਹੁ ਕੋ ਤਰਿਆ ।। ਬਿਨੁ ਸਤਿਗੁਰ ਕੈਸੇ ਪਾਰਿ ਪਰਿਆ ॥ ੧ ॥ ਰਹਾਉ ॥ ਬਿਨੁ ਜਿਹਵਾ ਕਹਾ ਕੋ ਬਕਤਾ ॥ ਬਿਨੁ ਸ੍ਰਵਨਾ ਕਹਾ ਕੋ ਸੁਨਤਾ ॥ ਬਿਨੁ ਨੇਤ੍ਰਾ ਕਹਾ ਕੋ ਪੇਖੈ ॥ ਨਾਮ ਬਿਨਾ ਨਰੁ ਕਹੀ ਨ ਲੇਖੈ ॥ ੨ ॥ ਬਿਨੁ ਬਿਦਿਆ ਕਹਾ ਕੋਈ ਪੰਡਿਤ ॥ ਬਿਨੁ ਅਮਰੈ ਕੈਸੇ ਰਾਜ ਮੰਡਿਤ ।। ਬਿਨੁ ਬੂਝੇ ਕਹਾ ਮਨੁ ਠਹਰਾਨਾ ।। ਨਾਮ ਬਿਨਾ ਸਭੁ ਜਗੁ ਬਉਰਾਨਾ ॥ ੩ ॥ ਬਿਨੁ ਬੈਰਾਗ ਕਹਾ ਬੈਰਾਗੀ ।। ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ।। ਬਿਨੁ ਬਸਿ ਪੰਚ ਕਹਾ ਮਨ ਚੂਰੇ ।। ਨਾਮ ਬਿਨਾ ਸਦ ਸਦ ਹੀ ਝੂਰੇ ॥੪॥ ਬਿਨੁ ਗੁਰ ਦੀਖਿਆ ਕੈਸੇ ਗਿਆਨੁ॥ ਬਿਨੁ ਪੇਖੇ ਕਹੁ ਕੈਸੋ ਧਿਆਨੁ ।। ਬਿਨੁ ਭੈ ਕਥਨੀ ਸਰਬ ਬਿਕਾਰ ।। ਕਹੁ ਨਾਨਕ ਦਰ ਕਾ ਬੀਚਾਰ ॥੫॥੬॥੧੯॥

ਪਦ ਅਰਥ :—ਕੈਸੇ—ਕਿਹੋ ਜਿਹਾ ? ਫਬਦਾ ਨਹੀਂ । ਨਿਰਤਕਾਰੀ—ਨਾਚ । ਕੰਠ—ਗਲਾ । ਜੀਲ—ਤੰਦੀ । ਸਭਿ—ਸਾਰੇ । ੧ ।

ਕਹਹੁ—ਦੱਸੋ । ਕੋ—ਕੌਣ ? ਕੈਸੇ—ਕਿਵੇਂ ? ੧ । ਰਹਾਉ ।

ਜਿਹਵਾ—ਜੀਭ । ਕਹਾ—ਕਹਾਂ ? ਕਿੱਥੇ ? ਕੋ—ਕੋਈ । ਬਕਤਾ—ਬੋਲਣ-ਜੋਗਾ । ਸ੍ਰਵਨ—ਕੰਨ । ਪੇਖੈ—ਵੇਖ ਸਕਦਾ ਹੈ । ਕਹੀ ਨ ਲੇਖੈ—ਕਿਤੇ ਭੀ ਲੇਖੇ ਵਿਚ ਨਹੀਂ, ਕਿਤੇ ਭੀ ਇੱਜ਼ਤ ਨਹੀਂ ਪਾ ਸਕਦਾ ! ੨ ।

ਅਮਰ—ਹੁਕਮ । ਰਾਜ ਮੰਡਿਤ—ਰਾਜ ਦੀ ਸਜਾਵਟ । ਠਹਰਾਨਾ—ਟਿਕ ਸਕਦਾ ਹੈ । ਬਉਰਾਨਾ—ਝੱਲਾ । ੩ ।

ਬੈਰਾਗ—ਉਪਰਾਮਤਾ, ਨਿਰਮੋਹਤਾ । ਹਉ—ਹਉਮੈ । ਬਸਿ—ਵੱਸ ਵਿਚ । ਪੰਚ—ਕਾਮਾਦਿਕ ਪੰਜੇ । ਚੂਰੇ—ਮਾਰਿਆ ਜਾ ਸਕੇ । ਸਦ—ਸਦਾ । ੪ ।

ਦੀਖਿਆ—ਉਪਦੇਸ਼। ਗਿਆਨੁ—ਆਤਮਕ ਜੀਵਨ ਦੀ ਸੂਝ। ਬਿਨੁ ਪੇਖੇ—ਵੇਖਣ ਤੋਂ ਬਿਨਾ। ਕਹੁ—ਦੱਸੋ। ਕੈਸੋ—ਕਿਹੋ ਜਿਹਾ? ਬਿਨੁ ਭੈ—ਡਰ-ਅਦਬ ਤੋਂ ਬਿਨਾ। ਕਥਨੀ ਸਰਬ—ਸਾਰੀ ਕਹਣੀ। ਵਿਕਾਰ—ਵਿਕਾਰਾਂ ਦਾ ਮੂਲ। ਨਾਨਕ—ਹੇ ਨਾਨਕ!੫।

ਅਰਥ :—ਹੇ ਭਾਈ! ਦੱਸ, ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਕੌਣ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕਦਾ ਹੈ? ਗੁਰੂ ਦੀ ਸਰਨ ਪੈਣ ਤੋਂ ਬਿਨਾ ਕਿਵੇਂ ਕੋਈ ਪਾਰ ਲੰਘ ਸਕਦਾ ਹੈ? ੧। ਰਹਾਉ।

ਹੇ ਭਾਈ! (ਨਾਚ ਦੇ ਨਾਲ) ਸਾਜਾਂ ਤੋਂ ਬਿਨਾ ਨਾਚ ਫਬਦਾ ਨਹੀਂ। ਗਲੇ ਤੋਂ ਬਿਨਾ ਕੋਈ ਗਵਈਆ ਗਾ ਨਹੀਂ ਸਕਦਾ। ਤੰਦੀ ਤੋਂ ਬਿਨਾ ਰਬਾਬ ਨਹੀਂ ਵੱਜ ਸਕਦੀ। (ਇਸੇ ਤਰ੍ਹਾਂ) ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ (ਦੁਨੀਆ ਵਾਲੇ ਹੋਰ) ਸਾਰੇ ਕੰਮ ਵਿਅਰਥ ਚਲੇ ਜਾਂਦੇ ਹਨ। ੧।

ਹੇ ਭਾਈ! ਜੀਭ ਤੋਂ ਬਿਨਾ ਕੋਈ ਬੋਲਣ-ਜੋਗਾ ਨਹੀਂ ਹੋ ਸਕਦਾ, ਕੰਨਾਂ ਤੋਂ ਬਿਨਾ ਕੋਈ ਸੁਣ ਨਹੀਂ ਸਕਦਾ। ਅੱਖਾਂ ਤੋਂ ਬਿਨਾ ਕੋਈ ਵੇਖ ਨਹੀਂ ਸਕਦਾ। (ਇਸੇ ਤਰ੍ਹਾਂ) ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਮਨੁੱਖ ਕਿਸੇ ਪੁੱਛ-ਗਿਛ ਵਿਚ ਨਹੀਂ ਹੈ। ੨।

ਹੇ ਭਾਈ! ਵਿੱਦਿਆ ਪ੍ਰਾਪਤ ਕਰਨ ਤੋਂ ਬਿਨਾ ਕੋਈ ਪੰਡਿਤ ਨਹੀਂ ਬਣ ਸਕਦੇ। (ਰਾਜਿਆਂ ਦੇ) ਹੁਕਮ ਚੱਲਣ ਤੋਂ ਬਿਨਾ ਰਾਜ ਦੀਆਂ ਸਜਾਵਟਾਂ ਕਿਸੇ ਕੰਮ ਨਹੀਂ। (ਆਤਮਕ ਜੀਵਨ ਦੀ) ਸੂਝ ਤੋਂ ਬਿਨਾ ਮਨੁੱਖ ਦਾ ਮਨ ਕਿਤੇ ਟਿਕ ਨਹੀਂ ਸਕਦਾ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਸਾਰਾ ਜਗਤ ਝੱਲਾ ਹੋਇਆ ਫਿਰਦਾ ਹੈ। ੩।

ਹੇ ਭਾਈ! ਜੇ ਵੈਰਾਗੀ ਦੇ ਅੰਦਰ ਮਾਇਆ ਵਲੋਂ ਨਿਰਮੋਹਤਾ ਨਹੀਂ, ਤਾਂ ਉਹ ਵੈਰਾਗੀ ਕਾਹਦਾ? ਹਉਮੈ ਨੂੰ ਤਿਆਗਣ ਤੋਂ ਬਿਨਾ ਕੋਈ ਤਿਆਗੀ ਨਹੀਂ ਅਖਵਾ ਸਕਦਾ। ਕਾਮਾਦਿਕ ਪੰਜਾਂ ਨੂੰ ਵੱਸ ਕਰਨ ਤੋਂ ਬਿਨਾ ਮਨ ਮਾਰਿਆ ਨਹੀਂ ਜਾ ਸਕਦਾ। ਹੇ ਭਾਈ! ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਮਨੁੱਖ ਸਦਾ ਹੀ ਸਦਾ ਹੀ ਚਿੰਤਾ-ਫ਼ਿਕਰਾਂ ਵਿਚ ਪਿਆ ਰਹਿੰਦਾ ਹੈ। ੪।

ਹੇ ਭਾਈ! ਗੁਰੂ ਦੇ ਉਪਦੇਸ਼ ਤੋਂ ਬਿਨਾ ਆਤਮਕ ਜੀਵਨ ਦੀ ਸੂਝ ਨਹੀਂ ਪੈ ਸਕਦੀ। ਹੇ ਭਾਈ! ਉਹ ਸਮਾਧੀ ਕਾਹਦੀ, ਜੇ ਆਪਣੇ ਇਸ਼ਟ ਦਾ ਦਰਸਨ ਨਹੀਂ ਹੁੰਦਾ? ਹੇ ਭਾਈ! ਪਰਮਾਤਮਾ ਦਾ ਡਰ-ਅਦਬ ਹਿਰਦੇ ਵਿਚ ਰੱਖਣ ਤੋਂ ਬਿਨਾ ਮਨੁੱਖ ਦੀ ਸਾਰੀ ਚੁੰਚ-ਗਿਆਨਤਾ ਵਿਕਾਰਾਂ ਦਾ ਮੂਲ ਹੈ। ਹੇ ਨਾਨਕ! ਆਖ—ਹੇ ਭਾਈ! ਪਰਮਾਤਮਾ ਦੇ ਦਰ ਤੇ ਪਹੁੰਚਾਣ ਵਾਲੀ ਇਹ ਵਿਚਾਰ ਹੈ। ੫। ੬। ੧੯।

ਭੈਰਉ ਮਹਲਾ ੫ ॥ ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥ ੧ ॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥ ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥ ਹੇਤ ਰੋਗ ਕਾ ਸਗਲ ਸੰਸਾਰਾ ॥ ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥ ੨ ॥ ਰੋਗੇ ਮਰਤਾ ਰੋਗੇ ਜਨਮੈ ॥ ਰੋਗੇ ਫਿਰਿ ਫਿਰਿ ਜੋਨੀ ਭਰਮੈ ॥ ਰੋਗ ਬੰਧ ਰਹਨੁ ਰਤੀ ਨ ਪਾਵੈ ॥ ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥ ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥ ਤੂਟੇ ਬੰਧਨ ਸਾਧਸੰਗੁ ਪਾਇਆ ॥ ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥੪॥੭॥੨੦॥

ਪਦ ਅਰਥ :—ਕਉ—ਨੂੰ। ਰੋਗਿ—ਰੋਗ ਨੇ। ਮੈਗਲੁ—ਹਾਥੀ। ਬਸਿ—ਵੱਸ ਵਿਚ। ਰੋਗਿ—ਰੋਗ ਵਿਚ। ਪਚਿ ਮੁਏ—ਸੜ ਮੁਏ। ਦ੍ਰਿਸਟਿ ਰੋਗਿ—ਵੇਖਣ ਦੇ ਰੋਗ ਵਿਚ। ਨਾਦ—(ਘੰਡੇ ਹੇੜੇ ਦੀ) ਆਵਾਜ਼(ਹਿਰਨਾਂ ਨੂੰ ਫੜਨ ਲਈ ਮੜ੍ਹੇ ਹੋਏ ਘੜੇ ਦੀ)ਆਵਾਜ਼। ਕੁਰੰਗਾ—ਹਿਰਨ। ੧।

ਜੋਗੀ—(ਪ੍ਰਭੂ ਵਿਚ) ਜੁੜਿਆ ਹੋਇਆ। ੧। ਰਹਾਉ।

ਮੀਨੁ—ਮੱਛ [ਪੁਲਿੰਗ]। ਗ੍ਰਸਿਆਨੋ—ਪਕੜਿਆ ਹੋਇਆ। ਬਾਸਨ—ਸੁਗੰਧੀ। ਹੇਤ—ਮੋਹ। ਤ੍ਰਿਬਿਧਿ ਰੋਗ ਮਹਿ—ਤ੍ਰਿਗੁਣੀ ਮਾਇਆ ਦੇ ਮੋਹ ਵਿਚ। ਬਧੇ—ਬੱਝੇ ਹੋਏ। ਬਿਕਾਰਾ—ਵਿਕਾਰ, ਐਬ। ੨।

ਰੋਗੇ—ਰੋਗ ਵਿਚ ਹੀ। ਫਿਰਿ ਫਿਰਿ—ਮੁੜ ਮੁੜ। ਭਰਮੈ—ਭਟਕਦਾ ਹੈ। ਬੰਧੁ—ਬੰਧਨ। ਰਹਨੁ—ਭਟਕਣਾ ਤੋਂ ਖ਼ਲਾਸੀ, ਸ਼ਾਂਤੀ, ਟਿਕਾਉ। ਰਤੀ—ਰਤਾ ਭਰ ਭੀ। ਕਤਹਿ—ਕਿਸੇ ਤਰ੍ਹਾਂ ਭੀ। ੩।

ਪਾਰਬ੍ਰਹਮਿ—ਪਾਰਬ੍ਰਹਮ ਨੇ। ਪਕੜਿ—ਫੜ ਕੇ। ਰੋਗਹੁ—ਰੋਗ ਤੋਂ। ਗੁਰਿ—ਗੁਰੂ ਨੇ। ੪।

ਅਰਥ :—ਹੇ ਭਾਈ ! ਜਿਹੜਾ ਜਿਹੜਾ ਜੀਵ (ਜਗਤ ਵਿਚ) ਦਿੱਸ ਰਿਹਾ ਹੈ, ਹਰੇਕ ਕਿਸੇ ਨ ਕਿਸੇ ਰੋਗ ਵਿਚ ਫਸਿਆ ਹੋਇਆ ਹੈ। (ਅਸਲ) ਜੋਗੀ ਮੇਰਾ ਸਤਿਗੁਰੂ (ਸਭ) ਰੋਗਾਂ ਤੋਂ ਰਹਿਤ ਹੈ। ੧। ਰਹਾਉ।

ਹੇ ਭਾਈ ! (ਪਰਮਾਤਮਾ ਨੇ) ਮਨੁੱਖ ਨੂੰ ਹਉਮੈ ਦਾ ਰੋਗ ਦੇ ਰੱਖਿਆ ਹੈ, ਕਾਮ-ਵਾਸਨਾ ਦੇ ਰੋਗ ਨੇ ਹਾਥੀ ਨੂੰ ਆਪਣੇ ਵੱਸ ਵਿਚ ਕੀਤਾ ਹੋਇਆ ਹੈ। (ਦੀਵੇ ਦੀ ਲਾਟ

ਨੂੰ) ਵੇਖਣ ਦੇ ਰੋਗ ਦੇ ਕਾਰਨ ਪਤੰਗੇ (ਦੀਵੇ ਦੀ ਲਾਟ ਉਤੇ) ਸੜ ਮਰਦੇ ਹਨ। (ਘੰਡੇ ਹੇੜੇ ਦੀ) ਆਵਾਜ਼ (ਸੁਣਨ) ਦੇ ਰੋਗ ਦੇ ਕਾਰਨ ਹਿਰਨ ਖ਼ੁਆਰ ਹੁੰਦੇ ਹਨ।੧।

ਹੇ ਭਾਈ! ਜੀਭ ਦੇ ਰੋਗ ਦੇ ਕਾਰਨ ਮੱਛੀ ਫੜੀ ਜਾਂਦੀ ਹੈ, ਸੁਗੰਧੀ ਦੇ ਰੋਗ ਦੇ ਕਾਰਨ (ਫੁੱਲ ਦੀ ਸੁਗੰਧੀ ਲੈਣ ਦੇ ਰਸ ਦੇ ਕਾਰਨ) ਭੌਰਾ (ਫੁੱਲ ਵਿਚ ਮੀਟਿਆ ਜਾ ਕੇ) ਨਾਸ ਹੋ ਜਾਂਦਾ ਹੈ। ਹੇ ਭਾਈ! ਸਾਰਾ ਜਗਤ ਮੋਹ ਦੇ ਰੋਗ ਦਾ ਸ਼ਿਕਾਰ ਹੋਇਆ ਪਿਆ ਹੈ, ਤ੍ਰਿਗੁਣੀ ਮਾਇਆ ਦੇ ਮੋਹ ਦੇ ਰੋਗ ਵਿਚ ਬੱਝੇ ਹੋਏ ਜੀਵ ਅਨੇਕਾਂ ਵਿਕਾਰ ਕਰਦੇ ਹਨ।੨।

ਹੇ ਭਾਈ! (ਮਨੁੱਖ ਕਿਸੇ ਨ ਕਿਸੇ ਆਤਮਕ) ਰੋਗ ਵਿਚ (ਫਸਿਆ ਹੋਇਆ) ਹੀ ਮਰ ਜਾਂਦਾ ਹੈ, (ਕਿਸੇ ਨ ਕਿਸੇ ਆਤਮਕ) ਰੋਗ ਵਿਚ (ਗ੍ਰਸਿਆ ਹੋਇਆ) ਹੀ ਜੰਮਦਾ ਹੈ, ਉਸ ਰੋਗ ਦੇ ਕਾਰਨ ਹੀ ਮੁੜ ਮੁੜ ਜੂਨਾਂ ਵਿਚ ਭਟਕਦਾ ਰਹਿੰਦਾ ਹੈ, ਰੋਗ ਦੇ ਬੰਧਨਾਂ ਦੇ ਕਾਰਨ (ਜੂਨਾਂ ਵਿਚ) ਭਟਕਣ ਤੋਂ ਰਤਾ ਭਰ ਭੀ ਖ਼ਲਾਸੀ ਨਹੀਂ ਪਾ ਸਕਦਾ। ਹੇ ਭਾਈ! ਗੁਰੂ ਦੀ ਸਰਨ ਤੋਂ ਬਿਨਾ (ਇਹ) ਰੋਗ ਕਿਸੇ ਤਰ੍ਹਾਂ ਭੀ ਦੂਰ ਨਹੀਂ ਹੁੰਦਾ।੩।

ਹੇ ਭਾਈ! ਜਿਸ ਮਨੁੱਖ ਉਤੇ ਪਰਮਾਤਮਾ ਨੇ ਮਿਹਰ ਕਰ ਦਿੱਤੀ, ਉਸ ਨੂੰ ਉਸ ਨੇ ਬਾਂਹ ਫੜ ਕੇ ਰੋਗ ਵਿਚੋਂ ਬਚਾ ਲਿਆ। ਜਦੋਂ ਉਸ ਨੇ ਗੁਰੂ ਦੀ ਸੰਗਤਿ ਪ੍ਰਾਪਤ ਕੀਤੀ, ਉਸ ਦੇ (ਆਤਮਕ ਰੋਗਾਂ ਦੇ ਸਾਰੇ) ਬੰਧਨ ਟੁੱਟ ਗਏ। ਹੇ ਨਾਨਕ! ਆਖ– (ਜਿਹੜਾ ਭੀ ਮਨੁੱਖ ਗੁਰੂ ਦੀ ਸਰਨ ਪਿਆ,) ਗੁਰੂ ਨੇ (ਉਸ ਦਾ) ਰੋਗ ਮਿਟਾ ਦਿੱਤਾ। ੪।੭।੨੦।

ਭੈਰਉ ਮਹਲਾ ੫॥ ਚੀਤਿ ਆਵੈ ਤਾਂ ਮਹਾ ਅਨੰਦ॥ ਚੀਤਿ ਆਵੈ ਤਾਂ ਸਭਿ ਦੁਖ ਭੰਜ॥ ਚੀਤਿ ਆਵੈ ਤਾਂ ਸਰਧਾ ਪੂਰੀ॥ ਚੀਤਿ ਆਵੈ ਤਾਂ ਕਬਹਿ ਨ ਝੂਰੀ॥੧॥ ਅੰਤਰਿ ਰਾਮਰਾਇ ਪ੍ਰਗਟੇ ਆਇ॥ ਗੁਰਿ ਪੂਰੈ ਦੀਓ ਰੰਗੁ ਲਾਇ॥੧॥ ਰਹਾਉ॥ ਚੀਤਿ ਆਵੈ ਤਾਂ ਸਰਬ ਕੋ ਰਾਜਾ॥ ਚੀਤਿ ਆਵੈ ਤਾਂ ਪੂਰੇ ਕਾਜਾ॥ਚੀਤਿ ਆਵੈ ਤਾਂ ਰੰਗਿ ਗੁਲਾਲ॥ਚੀਤਿ ਆਵੈ ਤਾਂ ਸਦਾ ਨਿਹਾਲ॥੨॥ ਚੀਤਿ ਆਵੈ ਤਾਂ ਸਦ ਧਨਵੰਤਾ॥ ਚੀਤਿ ਆਵੈ ਤਾਂ ਸਦ ਨਿਭਰੰਤਾ॥ ਚੀਤਿ ਆਵੈ ਤਾਂ ਸਭਿ ਰੰਗ ਮਾਣੇ॥ ਚੀਤਿ ਆਵੈ ਤਾਂ ਚੂਕੀ ਕਾਣੇ॥੩॥ ਚੀਤਿ ਆਵੈ ਤਾਂ ਸਹਜ ਘਰੁ ਪਾਇਆ॥ ਚੀਤਿ ਆਵੈ ਤਾਂ ਸੁੰਨਿ ਸਮਾਇਆ॥ ਚੀਤਿ ਆਵੈ ਸਦ ਕੀਰਤਨੁ ਕਰਤਾ॥ ਮਨੁ ਮਾਨਿਆ ਨਾਨਕ ਭਗਵੰਤਾ॥੪॥੮॥੨੧॥

ਪਦ ਅਰਥ:—ਚੀਤਿ—ਚਿੱਤ ਵਿਚ। ਆਵੈ—(ਪਰਮਾਤਮਾ) ਆ ਵੱਸਦਾ ਹੈ। ਸਭਿ —ਸਾਰੇ। ਭੰਜ—ਨਾਸ। ਨ ਝੂਰੀ—ਚਿੰਤਾ ਫਿਕਰ ਨਹੀਂ ਕਰਦਾ। ੧।

ਅੰਤਰਿ—(ਜਿਸ ਮਨੁੱਖ ਦੇ) ਹਿਰਦੇ ਵਿਚ। ਰਾਮਰਾਇ—ਪ੍ਰਭੂ-ਪਾਤਿਸ਼ਾਹ। ਆਇ —ਆ ਕੇ। ਗੁਰਿ ਪੂਰੈ—ਪੂਰੇ ਗੁਰੂ ਦੀ ਰਾਹੀਂ। ਰੰਗੁ—ਆਤਮਕ ਅਨੰਦ। ੧। ਰਹਾਉ।

ਕੋ—ਦਾ। ਪੂਰੇ—ਸਿਰੇ ਚੜ੍ਹ ਜਾਂਦੇ ਹਨ। ਰੰਗਿ—ਰੰਗ ਵਿਚ। ਨਿਹਾਲ—ਪ੍ਰਸੰਨ, ਖਿੜੇ-ਮੱਥੇ। ੨।

ਸਦ—ਸਦਾ। ਨਿਭਰੰਤਾ—ਭ੍ਰਾਂਤੀ ਤੋਂ ਬਿਨਾ, ਭਟਕਣਾ ਤੋਂ ਬਚ ਜਾਂਦਾ ਹੈ। ਚੂਕੀ —ਮੁੱਕ ਜਾਂਦੀ ਹੈ। ਕਾਣੇ—ਕਾਣਿ, ਮੁਥਾਜੀ। ੩।

ਸਹਜ ਘਰੁ—ਆਤਮਕ ਅਡੋਲਤਾ ਦਾ ਟਿਕਾਣਾ। ਸੁੰਨਿ—ਸੁੰਨ ਵਿਚ, ਉਸ ਅਵ-ਸਥਾ ਵਿਚ ਜਿੱਥੇ ਮਾਇਕ ਫੁਰਨਿਆਂ ਵਲੋਂ ਸੁੰਞ ਹੀ ਸੁੰਞ ਹੈ, ਅਫੁਰ ਅਵਸਥਾ ਵਿਚ। ਕੀਰਤਨੁ—ਸਿਫ਼ਤਿ ਸਾਲਾਹ। ਮਾਨਿਆ—ਪਤੀਜ ਜਾਂਦਾ ਹੈ, ਗਿੱਝ ਜਾਂਦਾ ਹੈ। ੪।

ਅਰਥ :—ਹੇ ਭਾਈ! ਪੂਰੇ ਗੁਰੂ ਦੀ ਰਾਹੀਂ ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ-ਪਾਤਿਸ਼ਾਹ ਪਰਗਟ ਹੋ ਜਾਂਦਾ ਹੈ,ਉਸ ਦੇ ਅੰਦਰ ਰੰਗ ਲਾ ਦੇਂਦਾ ਹੈ (ਆਤਮਕ ਆਨੰਦ ਬਣਾ ਦੇਂਦਾ ਹੈ)। ੧। ਰਹਾਉ।

ਹੇ ਭਾਈ! (ਜਦੋਂ ਕਿਸੇ ਮਨੁੱਖ ਦੇ) ਹਿਰਦੇ ਵਿਚ ਪਰਮਾਤਮਾ ਆ ਵੱਸਦਾ ਹੈ, ਤਦੋਂ ਉਸ ਦੇ ਅੰਦਰ ਬੜਾ ਆਨੰਦ ਬਣ ਜਾਂਦਾ ਹੈ, ਤਦੋਂ ਉਸ ਦੇ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ, ਤਦੋਂ ਉਸ ਦੀ ਹਰੇਕ ਸੱਧਰ ਪੂਰੀ ਹੋ ਜਾਂਦੀ ਹੈ, ਤਦੋਂ ਉਹ ਕਦੇ ਭੀ ਕੋਈ ਚਿੰਤਾ-ਫ਼ਿਕਰ ਨਹੀਂ ਕਰਦਾ। ੧।

ਹੇ ਭਾਈ! (ਜਦੋਂ ਕਿਸੇ ਮਨੁੱਖ ਦੇ) ਹਿਰਦੇ ਵਿਚ ਪਰਮਾਤਮਾ ਆ ਵੱਸਦਾ ਹੈ, ਤਦੋਂ ਉਹ (ਮਾਨੋ) ਸਭ ਦਾ ਰਾਜਾ ਬਣ ਜਾਂਦਾ ਹੈ, ਤਦੋਂ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ, ਤਦੋਂ ਉਹ ਗੂੜ੍ਹੇ ਆਤਮਕ ਆਨੰਦ ਵਿਚ ਮਸਤ ਰਹਿੰਦਾ ਹੈ,ਤਦੋਂ ਉਹ ਸਦਾ ਹੀ ਖਿੜੇ-ਮੱਥੇ ਰਹਿੰਦਾ ਹੈ। ੨।

ਹੇ ਭਾਈ! (ਜਦੋਂ ਪਰਮਾਤਮਾ ਕਿਸੇ ਮਨੁੱਖ ਦੇ) ਹਿਰਦੇ ਵਿਚ ਆ ਵੱਸਦਾ ਹੈ, ਤਦੋਂ ਉਹ ਸਦਾ ਲਈ ਨਾਮ-ਧਨ ਦਾ ਸ਼ਾਹ ਬਣ ਜਾਂਦਾ ਹੈ, ਤਦੋਂ ਉਹ ਸਦਾ ਲਈ ਮਾਇਆ ਦੀ ਖ਼ਾਤਰ ਭਟਕਣਾ ਤੋਂ ਬਚ ਜਾਂਦਾ ਹੈ, ਤਦੋਂ ਉਹ ਸਾਰੇ (ਆਤਮਕ) ਆਨੰਦ ਮਾਣਦਾ ਹੈ, ਤਦੋਂ ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਰਹਿ ਜਾਂਦੀ। ੩।

ਹੇ ਭਾਈ! (ਜਦੋਂ ਪਰਮਾਤਮਾ ਕਿਸੇ ਮਨੁੱਖ ਦੇ) ਹਿਰਦੇ ਵਿਚ ਆ ਪਰਗਟਦਾ ਹੈ, ਤਦੋਂ ਉਹ ਮਨੁੱਖ ਆਤਮਕ ਅਡੋਲਤਾ ਦਾ ਟਿਕਾਣਾ ਲੱਭ ਲੈਂਦਾ ਹੈ, ਤਦੋਂ ਉਹ ਉਸ ਆਤਮਕ ਅਵਸਥਾ ਵਿਚ ਲੀਨ ਰਹਿੰਦਾ ਹੈ ਜਿਥੇ ਮਾਇਆ ਵਾਲੇ ਫੁਰਨੇ ਨਹੀਂ ਉੱਠਦੇ,

ਤਦੋਂ ਉਹ ਸਦਾ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦਾ ਹੈ, ਹੇ ਨਾਨਕ ! ਤਦੋਂ ਉਸ ਦਾ ਮਨ ਪਰਮਾਤਮਾ ਨਾਲ ਗਿੱਝ ਜਾਂਦਾ ਹੈ । ੪ । ੮ । ੨੧ ।

ਭੈਰਉ ਮਹਲਾ ੫ ।। ਬਾਪੁ ਹਮਾਰਾ ਸਦ ਚਰੰਜੀਵੀ ॥ ਭਾਈ ਹਮਾਰੇ ਸਦ ਹੀ ਜੀਵੀ ।। ਮੀਤ ਹਮਾਰੇ ਸਦਾ ਅਬਿਨਾਸੀ ॥ ਕੁਟੰਬੁ ਹਮਾਰਾ ਨਿਜ ਘਰਿ ਵਾਸੀ ।। ੧ ।। ਹਮ ਸੁਖੁ ਪਾਇਆ ਤਾਂ ਸਭਹਿ ਸੁਹੇਲੇ ॥ ਗੁਰਿ ਪੂਰੈ ਪਿਤਾ ਸੰਗਿ ਮੇਲੇ ॥ ੧ ॥ ਰਹਾਉ ॥ ਮੰਦਰ ਮੇਰੇ ਸਭ ਤੇ ਊਚੇ ॥ ਦੇਸ ਮੇਰੇ ਬੇਅੰਤ ਅਪੂਛੇ ॥ ਰਾਜੁ ਹਮਾਰਾ ਸਦ ਹੀ ਨਿਹਚਲੁ ॥ ਮਾਲੁ ਹਮਾਰਾ ਅਖੂਟੁ ਅਬੇਚਲੁ ॥ ੨ ॥ ਸੋਭਾ ਮੇਰੀ ਸਭ ਜੁਗ ਅੰਤਰਿ ।। ਬਾਜ ਹਮਾਰੀ ਥਾਨ ਥਨੰਤਰਿ ॥ ਕੀਰਤਿ ਹਮਰੀ ਘਰਿ ਘਰਿ ਹੋਈ ।। ਭਗਤਿ ਹਮਾਰੀ ਸਭਨੀ ਲੋਈ ॥ ੩ ॥ ਪਿਤਾ ਹਮਾਰੇ ਪ੍ਰਗਟੇ ਮਾਝ ॥ ਪਿਤਾ ਪੂਤ ਰਲਿ ਕੀਨੀ ਸਾਂਝ॥ ਕਹੁ ਨਾਨਕ ਜਉ ਪਿਤਾ ਪਤੀਨੇ ॥ ਪਿਤਾ ਪੂਤ ਏਕੈ ਰੰਗਿ ਲੀਨੇ ॥ ੪ ॥ ੯ ॥ ੨੨ ॥

ਪਦ ਅਰਥ :—ਬਾਪੁ—ਪਿਤਾ, ਪ੍ਰਭੂ-ਪਿਤਾ । ਸਦ—ਸਦਾ । ਸਦ ਚਰੰਜੀਵੀ—ਸਦਾ ਚਿਰੰਜੀਵੀ, ਸਦਾ ਹੀ ਕਾਇਮ ਰਹਿਣ ਵਾਲਾ । ਭਾਈ—ਸਤਸੰਗੀ, ਆਤਮਕ ਜੀਵਨ ਦੀ ਸਾਂਝ ਰੱਖਣ ਵਾਲੇ । ਜੀਵੀ—ਆਤਮਕ ਜੀਵਨ ਵਾਲੇ । ਅਬਿਨਾਸੀ—ਅਟੱਲ ਆਤਮਕ ਜੀਵਨ ਵਾਲੇ । ਕੁਟੰਬੁ—ਪਰਵਾਰ, ਇੰਦ੍ਰੀਆਂ, ਬ੍ਰਿਤੀਆਂ । ਨਿਜ ਘਰਿ—ਆਪਣੇ (ਅਸਲ) ਘਰ ਵਿਚ, ਪ੍ਰਭੂ-ਚਰਨਾਂ ਵਿਚ । ਵਾਸੀ—ਵੱਸਣ ਵਾਲਾ, ਟਿਕੇ ਰਹਿਣ ਵਾਲਾ । ੧ ।

ਹਮ—ਅਸਾਂ । ਸੁਖੁ—ਆਤਮਕ ਆਨੰਦ । ਸਭਹਿ—ਸਾਰੇ (ਭਾਈ, ਮੀਤ, ਕੁਟੰਬ) । ਸੁਹੇਲੇ—ਸੁਖੀ । ਗੁਰਿ ਪੂਰੈ—ਪੂਰੇ ਗੁਰੂ ਨੇ । ਸੰਗਿ—ਨਾਲ । ਮੇਲੇ—ਮਿਲਾ ਦਿੱਤਾ । ੧ । ਰਹਾਉ ।

ਮੰਦਰ ਮੇਰੇ—ਮੇਰੇ ਘਰ, ਮੇਰੀ ਜਿੰਦ ਦੇ ਟਿਕੇ ਰਹਿਣ ਵਾਲੇ ਆਤਮਕ ਅਸਥਾਨ, ਉਹ ਅਵਸਥਾ ਜਿੱਥੇ ਮੇਰੀ ਜਿੰਦ ਟਿਕੀ ਰਹਿੰਦੀ ਹੈ । ਤੇ—ਤੋਂ । ਦੇਸ ਮੇਰੇ—ਮੇਰੀ ਜਿੰਦ ਦੇ ਆਤਮਕ ਟਿਕਾਣੇ । ਅਪੂਛੇ—(ਜਮ ਦੀ) ਪੁੱਛ ਤੋਂ ਪਰੇ । ਨਿਹਚਲੁ—ਸਦਾ ਕਾਇਮ ਰਹਿਣ ਵਾਲਾ । ਰਾਜੁ—ਹਕੂਮਤ, ਆਪਣੇ ਇੰਦ੍ਰਿਆਂ ਉੱਤੇ ਹਕੂਮਤ । ਮਾਲੁ—ਸਰਮਾਇਆ, ਹਰਿ-ਨਾਮ-ਸਰਮਾਇਆ । ਅਖੂਟੁ—ਕਦੇ ਨਾਹ ਮੁੱਕਣ ਵਾਲਾ । ਅਬੇਚਲੁ—ਅਬਿਚਲੁ, ਸਦਾ ਕਾਇਮ ਰਹਿਣ ਵਾਲਾ । ੨ ।

ਸਭ ਜੁਗ ਅੰਤਰਿ—ਸਾਰੇ ਜੁਗਾਂ ਵਿਚ । ਬਾਜ—ਮਸ਼ਹੂਰੀ । ਥਾਨ ਥਨੰਤਰਿ—ਥਾਨ

ਥਾਨ ਅੰਤਰਿ, ਹਰੇਕ ਥਾਂ ਵਿਚ। ਕੀਰਤਿ—ਵਡਿਆਈ। ਘਰਿ ਘਰਿ—ਹਰੇਕ ਘਰ ਵਿਚ। ਭਗਤਿ—ਸੇਵਾ-ਮਾਨਤਾ। ਲੋਈ—ਲੋਕਾਂ ਵਿਚ। ੩।

ਮਾਝ—(ਸਾਡੇ) ਹਿਰਦੇ ਵਿਚ। ਰਲਿ—ਰਲ ਕੇ, ਮਿਲ ਕੇ। ਸਾਂਝ—ਪਿਆਰ। ਜਉ —ਜਦੋਂ। ਪਤੀਨੇ—(ਪੁੱਤਰ ਉੱਤੇ) ਪ੍ਰਸੰਨ ਹੋ ਗਏ। ਏਕੈ ਰੰਗਿ—ਇਕੋ ਪਿਆਰ ਵਿਚ। ਲੀਨੇ—ਲੀਨ ਹੋ ਗਏ, ਇਕ-ਮਿਕ ਹੋ ਗਏ। ੪।

ਅਰਥ :—ਹੇ ਭਾਈ! ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ-ਪਿਤਾ ਦੇ ਨਾਲ ਮਿਲਾ ਦਿੱਤਾ, ਮੈਨੂੰ ਆਤਮਕ ਆਨੰਦ ਪ੍ਰਾਪਤ ਹੋ ਗਿਆ, ਤਦੋਂ (ਮੇਰੇ ਨਾਲ ਸੰਬੰਧ ਰੱਖਣ ਵਾਲੇ ਮੀਤ ਭਾਈ ਸਾਰੇ ਇੰਦ੍ਰੇ—ਇਹ) ਸਾਰੇ ਹੀ (ਆਤਮਕ ਆਨੰਦ ਦੀ ਬਰਕਤਿ ਨਾਲ) ਸੁਖੀ ਹੋ ਗਏ। ੧। ਰਹਾਉ।

ਹੇ ਭਾਈ! (ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ-ਪਿਤਾ ਨਾਲ ਮਿਲਾ ਦਿਤਾ, ਤਦੋਂ ਮੈਨੂੰ ਨਿਸ਼ਚਾ ਬਣ ਗਿਆ ਕਿ) ਅਸਾਂ ਜੀਵਾਂ ਦਾ ਪ੍ਰਭੂ-ਪਿਤਾ ਸਦਾ ਕਾਇਮ ਰਹਿਣ ਵਾਲਾ ਹੈ, ਮੇਰੇ ਨਾਲ ਆਤਮਕ ਜੀਵਨ ਦੀ ਸਾਂਝ ਰੱਖਣ ਵਾਲੇ ਭੀ ਸਦਾ ਹੀ ਆਤਮਕ ਜੀਵਨ ਵਾਲੇ ਬਣ ਗਏ, ਮੇਰੇ ਨਾਲ ਹਰਿ-ਨਾਮ-ਸਿਮਰਨ ਦਾ ਪ੍ਰੇਮ ਰੱਖਣ ਵਾਲੇ ਸਦਾ ਲਈ ਅਟੱਲ ਜੀਵਨ ਵਾਲੇ ਹੋ ਗਏ, (ਸਾਰੀਆਂ ਇੰਦ੍ਰੀਆਂ ਦਾ) ਮੇਰਾ ਪਰਵਾਰ ਪ੍ਰਭੂ-ਚਰਨਾਂ ਵਿਚ ਟਿਕੇ ਰਹਿਣ ਵਾਲਾ ਬਣ ਗਿਆ। ੧।

ਹੇ ਭਾਈ! (ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ-ਪਿਤਾ ਦੇ ਨਾਲ ਮਿਲਾ ਦਿੱਤਾ, ਤਦੋਂ ਮੇਰੀ ਜਿੰਦ ਦੇ ਟਿਕੇ ਰਹਿਣ ਵਾਲੇ) ਟਿਕਾਣੇ ਸਾਰੀਆਂ (ਮਾਇਕ ਪ੍ਰੇਰਨਾ) ਤੋਂ ਉੱਚੇ ਹੋ ਗਏ, ਮੇਰੀ ਜਿੰਦ ਦੇ ਆਤਮਕ ਅਸਥਾਨ ਇਤਨੇ ਉੱਚੇ ਹੋ ਗਏ ਕਿ ਜਮ-ਰਾਜ ਉੱਥੇ ਕੁਝ ਪੁੱਛਣ-ਜੋਗਾ ਹੀ ਨਾਹ ਰਿਹਾ। ਤਦੋਂ ਮੇਰੀ ਆਪਣੇ ਇੰਦ੍ਰਿਆਂ ਉੱਤੇ ਹਕੂਮਤ ਸਦਾ ਲਈ ਅਟੱਲ ਹੋ ਗਈ, ਤਦੋਂ ਮੇਰੇ ਪਾਸ ਇਤਨਾ ਨਾਮ-ਖ਼ਜ਼ਾਨਾ ਇਕੱਠਾ ਹੋ ਗਿਆ, ਜੋ ਮੁੱਕ ਹੀ ਨਾਹ ਸਕੇ, ਜੋ ਸਦਾ ਲਈ ਕਾਇਮ ਰਹੇ। ੨।

ਹੇ ਭਾਈ! (ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ-ਪਿਤਾ ਨਾਲ ਮਿਲਾ ਦਿੱਤਾ, ਮੈਨੂੰ ਸਮਝ ਆ ਗਈ ਕਿ ਇਹ ਜੋ ਪ੍ਰਭੂ ਦੀ ਸੋਭਾ) ਸਾਰੇ ਜੁਗਾਂ ਵਿਚ ਹੋ ਰਹੀ ਹੈ ਮੇਰੇ ਵਾਸਤੇ ਭੀ ਇਹੀ ਸੋਭਾ ਹੈ (ਇਹ ਜੋ) ਹਰੇਕ ਥਾਂ ਵਿਚ (ਪ੍ਰਭੂ ਦੀ) ਵਡਿਆਈ ਹੋ ਰਹੀ ਹੈ ਮੇਰੇ ਲਈ ਭੀ ਇਹੀ ਵਡਿਆਈ ਹੈ, (ਇਹ ਜੋ) ਹਰੇਕ ਘਰ ਵਿਚ (ਪ੍ਰਭੂ ਦੀ) ਸਿਫ਼ਤਿ ਸਾਲਾਹ ਹੋ ਰਹੀ ਹੈ, ਮੇਰੇ ਲਈ ਭੀ ਇਹੀ ਹੈ, (ਇਹ ਜੋ) ਸਭਨਾਂ ਲੋਕਾਂ ਵਿਚ (ਪ੍ਰਭੂ ਦੀ) ਭਗਤੀ ਹੋ ਰਹੀ ਹੈ ਮੇਰੇ ਲਈ ਭੀ ਇਹੀ ਹੈ (ਪ੍ਰਭੂ-ਚਰਨਾਂ ਵਿਚ ਮਿਲਾਪ ਦੀ ਬਰਕਤਿ ਨਾਲ ਮੈਨੂੰ ਕਿਸੇ ਸੋਭਾ ਮਸ਼ਹੂਰੀ ਕੀਰਤੀ ਮਾਣ-ਆਦਰ ਦੀ ਵਾਸਨਾ ਨਹੀਂ ਰਹੀ)।੩।

ਹੇ ਭਾਈ!(ਜਦੋਂ ਪੂਰੇ ਗੁਰੂ ਨੇ ਮੈਨੂੰ ਪ੍ਰਭੂ-ਪਿਤਾ ਨਾਲ ਮਿਲਾ ਦਿੱਤਾ)ਪ੍ਰਭੂ-ਪਿਤਾ ਜੀ

ਮੇਰੇ ਹਿਰਦੇ ਵਿਚ ਪਰਗਟ ਹੋ ਪਏ, ਪ੍ਰਭੂ-ਪਿਤਾ ਨੇ ਮੇਰੇ ਨਾਲ ਇਉਂ ਪਿਆਰ ਪਾ ਲਿਆ ਜਿਵੇਂ ਪਿਉ ਆਪਣੇ ਪੁੱਤਰ ਨਾਲ ਪਿਆਰ ਬਣਾਂਦਾ ਹੈ।

ਹੇ ਨਾਨਕ ! ਆਖ—ਜਦੋਂ ਪਿਤਾ-ਪ੍ਰਭੂ (ਆਪਣੇ ਕਿਸੇ ਪੁੱਤਰ ਉੱਤੇ)ਦਇਆਵਾਨ ਹੁੰਦਾ ਹੈ, ਤਦੋਂ ਪ੍ਰਭੂ-ਪਿਤਾ ਤੇ ਜੀਵ-ਪੁੱਤਰ ਇੱਕੋ ਪਿਆਰ ਵਿਚ ਇਕ-ਮਿਕ ਹੋ ਜਾਂਦੇ ਹਨ ।੪।੯।੨੨।

ਭੈਰਉ ਮਹਲਾ ੫ ॥ ਨਿਰਵੈਰ ਪੁਰਖ ਸਤਿਗੁਰ ਪ੍ਰਭ ਦਾਤੇ ॥ ਹਮ ਅਪਰਾਧੀ ਤੁਮ ਬਖਸਾਤੇ ॥ ਜਿਸੁ ਪਾਪੀ ਕਉ ਮਿਲੈ ਨ ਢੋਈ ॥ ਸਰਣਿ ਆਵੈ ਤਾਂ ਨਿਰਮਲੁ ਹੋਈ ॥ ੧ ॥ ਸੁਖੁ ਪਾਇਆ ਸਤਿਗੁਰੂ ਮਨਾਇ ॥ ਸਭ ਫਲ ਪਾਏ ਗੁਰੂ ਧਿਆਇ ॥ ੧ ॥ ਰਹਾਉ ॥ ਪਾਰਬ੍ਰਹਮ ਸਤਿਗੁਰ ਆਦੇਸੁ ॥ ਮਨੁ ਤਨੁ ਤੇਰਾ ਸਭੁ ਤੇਰਾ ਦੇਸੁ ॥ ਚੂਕਾ ਪੜਦਾ ਤਾਂ ਨਦਰੀ ਆਇਆ ॥ ਖਸਮੁ ਤੂ ਹੈ ਸਭਨਾ ਕੇ ਰਾਇਆ ॥ ੨ ॥ ਤਿਸੁ ਭਾਣਾ ਸੂਕੇ ਕਾਸਟ ਹਰਿਆ ॥ ਤਿਸੁ ਭਾਣਾ ਤਾਂ ਥਲ ਸਿਰਿ ਸਰਿਆ॥ ਤਿਸੁ ਭਾਣਾ ਤਾਂ ਸਭਿ ਫਲ ਪਾਏ ॥ ਚਿੰਤ ਗਈ ਲਗਿ ਸਤਿਗੁਰ ਪਾਏ ॥ ੩ ॥ ਹਰਾਮਖੋਰ ਨਿਰਗੁਣ ਕਉ ਤੂਠਾ॥ ਮਨੁ ਤਨੁ ਸੀਤਲੁ ਮਨਿ ਅੰਮ੍ਰਿਤੁ ਵੂਠਾ॥ ਪਾਰਬ੍ਰਹਮ ਗੁਰ ਭਏ ਦਇਆਲਾ ॥ ਨਾਨਕ ਦਾਸ ਦੇਖਿ ਭਏ ਨਿਹਾਲਾ ॥ ੪ ॥ ੧੦ ॥ ੨੩ ॥

ਪਦ ਅਰਥ :—ਨਿਰਵੈਰ—ਹੇ ਕਿਸੇ ਨਾਲ ਵੈਰ ਨਾਹ ਰੱਖਣ ਵਾਲੇ ! ਦਾਤੇ—ਹੇ ਦਾਤਾਰ ! ਬਖਸਾਤੇ—ਬਖ਼ਸ਼ਣ ਵਾਲੇ। ਕਉ—ਨੂੰ। ਢੋਈ—ਆਸਰਾ । ਨਿਰਮਲੁ—ਪਵਿੱਤਰ ।੧।

ਮਨਾਇ—ਮਨਾ ਕੇ, ਪ੍ਰਸੰਨ ਕਰ ਕੇ। ਪਾਏ—ਹਾਸਲ ਕਰ ਲਏ ।੧। ਰਹਾਉ।

ਪਾਰਬ੍ਰਹਮ—ਹੇ ਪਾਰਬ੍ਰਹਮ ! ਆਦੇਸੁ—ਨਮਸਕਾਰ। ਚੂਕਾ—ਮੁੱਕ ਗਿਆ। ਪੜਦਾ—ਮਾਇਆ ਦੇ ਮੋਹ ਵਾਲੀ ਵਿੱਥ। ਨਦਰੀ ਆਇਆ—ਦਿੱਸ ਪਿਆ । ਰਾਇਆ—ਹੇ ਪਾਤਿਸ਼ਾਹ !੨।

ਤਿਸੁ ਭਾਣਾ—ਉਸ (ਪ੍ਰਭੂ) ਨੂੰ ਚੰਗਾ ਲੱਗੇ। ਕਾਸਟ—ਕਾਠ, ਲੱਕੜ। ਥਲ ਸਿਰਿ—ਥਲ ਦੇ ਸਿਰ ਉੱਤੇ। ਸਰਿਆ—ਸਰ, ਸਰੋਵਰ। ਸਭਿ—ਸਾਰੇ। ਸਤਿਗੁਰ ਪਾਏ—ਗੁਰੂ ਦੀ ਚਰਨੀਂ ।੩।

ਹਰਾਮਖੋਰ—ਬਿਗਾਨਾ ਹੱਕ ਖਾਣ ਵਾਲਾ। ਤੂਠਾ—ਦਇਆਲ ਹੋ ਜਾਂਦਾ ਹੈ। ਸੀਤਲੁ—ਠੰਢਾ, ਸ਼ਾਂਤ। ਮਨਿ—ਮਨ ਵਿਚ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ

ਨਾਮ-ਜਲ। ਵੂਠਾ—ਵੱਸ ਪਿਆ। ਦੇਖਿ—ਵੇਖ ਕੇ। ਨਿਹਾਲਾ—ਪ੍ਰਸੰਨ। ੪।

ਅਰਥ :—ਹੇ ਭਾਈ! ਗੁਰੂ ਨੂੰ ਹਿਰਦੇ ਵਿਚ ਵਸਾ ਕੇ (ਮਨੁੱਖ) ਸਾਰੇ (ਇੱਛਿਤ) ਫਲ ਹਾਸਲ ਕਰ ਲੈਂਦਾ ਹੈ। ਗੁਰੂ ਨੂੰ ਪ੍ਰਸੰਨ ਕਰ ਕੇ (ਮਨੁੱਖ) ਆਤਮਕ ਆਨੰਦ ਪ੍ਰਾਪਤ ਕਰ ਲੈਂਦਾ ਹੈ। ੧। ਰਹਾਉ।

ਹੇ ਕਿਸੇ ਨਾਲ ਵੈਰ ਨਾਹ ਰੱਖਣ ਵਾਲੇ ਗੁਰੂ ਪੁਰਖ! ਹੇ ਦਾਤਾਰ ਪ੍ਰਭੂ! ਅਸੀ (ਜੀਵ) ਭੁੱਲਾਂ ਕਰਨ ਵਾਲੇ ਹਾਂ, ਤੁਸੀ (ਸਾਡੀਆਂ) ਭੁੱਲਾਂ ਬਖ਼ਸ਼ਣ ਵਾਲੇ ਹੋ। ਹੇ ਸਤਿਗੁਰੂ! ਜਿਸ ਪਾਪੀ ਨੂੰ ਹੋਰ ਕਿਤੇ ਆਸਰਾ ਨਹੀਂ ਮਿਲਦਾ, ਜਦੋਂ ਉਹ ਤੇਰੀ ਸਰਨ ਆ ਜਾਂਦਾ ਹੈ, ਤਾਂ ਉਹ ਪਵਿੱਤਰ ਜੀਵਨ ਵਾਲਾ ਬਣ ਜਾਂਦਾ ਹੈ। ੧।

ਹੇ ਗੁਰੂ! ਹੇ ਪ੍ਰਭੂ! (ਤੈਨੂੰ ਮੇਰੀ) ਨਮਸਕਾਰ ਹੈ। (ਅਸਾਂ ਜੀਵਾਂ ਦਾ ਇਹ) ਮਨ (ਇਹ) ਤਨ ਤੇਰਾ ਹੀ ਦਿੱਤਾ ਹੋਇਆ ਹੈ (ਜੋ ਕੁਝ ਦਿੱਸ ਰਿਹਾ ਹੈ) ਸਾਰਾ ਤੇਰਾ ਹੀ ਦੇਸ ਹੈ (ਹਰ ਥਾਂ ਤੂੰ ਹੀ ਵੱਸ ਰਿਹਾ ਹੈਂ)। ਹੇ ਸਭ ਜੀਵਾਂ ਦੇ ਪਾਤਿਸ਼ਾਹ! ਤੂੰ (ਸਭ ਦਾ) ਖਸਮ ਹੈਂ। (ਜਦੋਂ ਕਿਸੇ ਜੀਵ ਦੇ ਅੰਦਰੋਂ ਮਾਇਆ ਦੇ ਮੋਹ ਦਾ) ਪਰਦਾ ਮੁੱਕ ਜਾਂਦਾ ਹੈ ਤਦੋਂ ਤੂੰ ਉਸ ਨੂੰ ਦਿੱਸ ਪੈਂਦਾ ਹੈਂ। ੨।

ਹੇ ਭਾਈ! ਜੇ ਉਸ ਪ੍ਰਭੂ ਨੂੰ ਚੰਗਾ ਲੱਗੇ ਤਾਂ ਸੁੱਕੇ ਕਾਠ ਹਰੇ ਹੋ ਜਾਂਦੇ ਹਨ, ਥਲ ਉੱਤੇ ਸਰੋਵਰ ਬਣ ਜਾਂਦਾ ਹੈ। ਜਦੋਂ ਕੋਈ ਮਨੁੱਖ ਉਸ ਪ੍ਰਭੂ ਨੂੰ ਚੰਗਾ ਲੱਗ ਪਏ,ਤਦੋਂ ਉਹ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ, ਗੁਰੂ ਦੀ ਚਰਨੀਂ ਲੱਗ ਕੇ (ਉਸ ਦੇ ਅੰਦਰੋਂ) ਚਿੰਤਾ ਦੂਰ ਹੋ ਜਾਂਦੀ ਹੈ। ੩।

ਹੇ ਭਾਈ! ਪਰਾਇਆ ਹੱਕ ਖਾਣ ਵਾਲੇ ਗੁਣ-ਹੀਨ ਮਨੁੱਖ ਉੱਤੇ ਭੀ ਜਦੋਂ ਪਰਮਾਤਮਾ ਦਇਆਵਾਨ ਹੋ ਜਾਂਦਾ ਹੈ, ਉਸ ਦਾ ਮਨ ਉਸ ਦਾ ਤਨ ਸ਼ਾਂਤ ਹੋ ਜਾਂਦਾ ਹੈ, ਉਸ ਦੇ ਮਨ ਵਿਚ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਆ ਵੱਸਦਾ ਹੈ। ਹੇ ਨਾਨਕ! ਜਿਨ੍ਹਾਂ ਸੇਵਕਾਂ ਉਤੇ ਗੁਰੂ ਪਰਮਾਤਮਾ ਦਇਆਲ ਹੁੰਦੇ ਹਨ, ਉਹ ਦਰਸਨ ਕਰ ਕੇ ਨਿਹਾਲ ਹੋ ਜਾਂਦੇ ਹਨ। ੪। ੧੦। ੨੩।

ਭੈਰਉ ਮਹਲਾ ੫ ॥ ਸਤਿਗੁਰੁ ਮੇਰਾ ਬੇਮੁਹਤਾਜੁ ॥ ਸਤਿਗੁਰ ਮੇਰੇ ਸਚਾ ਸਾਜੁ ॥ ਸਤਿਗੁਰੁ ਮੇਰਾ ਸਭਸ ਕਾ ਦਾਤਾ ॥ ਸਤਿਗੁਰੁ ਮੇਰਾ ਪੁਰਖੁ ਬਿਧਾਤਾ ॥ ੧ ॥ ਗੁਰ ਜੈਸਾ ਨਾਹੀ ਕੋ ਦੇਵ ॥ ਜਿਸੁ ਮਸਤਕਿ ਭਾਗੁ ਸੁ ਲਾਗਾ ਸੇਵ ॥ ੧ ॥ ਰਹਾਉ ॥ ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ ॥ ਸਤਿਗੁਰੁ ਮੇਰਾ ਮਾਰਿ ਜੀਵਾਲੈ ॥ ਸਤਿਗੁਰ ਮੇਰੇ ਕੀ ਵਡਿਆਈ ॥ ਪ੍ਰਗਟੁ ਭਈ ਹੈ ਸਭਨੀ ਥਾਈ ॥ ੨ ॥ ਸਤਿਗੁਰੁ ਮੇਰਾ ਤਾਣੁ ਨਿਤਾਣੁ ॥ ਸਤਿਗੁਰੁ ਮੇਰਾ

ਘਰਿ ਦੀਬਾਣੁ ॥ ਸਤਿਗੁਰ ਕੈ ਹਉ ਸਦ ਬਲਿ ਜਾਇਆ ॥ ਪ੍ਰਗਟੁ ਮਾਰਗੁ ਜਿਨਿ ਕਰਿ ਦਿਖਲਾਇਆ ॥ ੩ ॥ ਜਿਨਿ ਗੁਰੁ ਸੇਵਿਆ ਤਿਸੁ ਭਉ ਨ ਬਿਆਪੈ ॥ ਜਿਨਿ ਗੁਰੁ ਸੇਵਿਆ ਤਿਸੁ ਦੁਖੁ ਨ ਸੰਤਾਪੈ ॥ ਨਾਨਕ ਸੋਧੇ ਸਿੰਮ੍ਰਿਤਿ ਬੇਦ ॥ ਪਾਰਬ੍ਰਹਮ ਗੁਰ ਨਾਹੀ ਭੇਦ ॥ ੪ ॥ ੧੧ ॥ ੨੪ ॥

ਪਦ ਅਰਥ :–ਬੇ-ਮੁਹਤਾਜੁ–ਕਿਸੇ ਦਾ ਅਰਥੀਆ ਨਹੀਂ । ਸਚਾ–ਸਦਾ ਕਾਇਮ ਰਹਿਣ ਵਾਲਾ । ਸਾਜੁ–ਮਰਯਾਦਾ । ਸਭਸ ਕਾ–ਸਭ ਜੀਵਾਂ ਦਾ । ਬਿਧਾਤਾ–ਸਿਰਜਣ-ਹਾਰ ਪ੍ਰਭੂ (ਦਾ ਰੂਪ) । ੧ ।

ਕੋ–ਕੋਈ । ਦੇਵ–ਦੇਵਤਾ । ਮਸਤਕਿ–ਮੱਥੇ ਉੱਤੇ । ਭਾਗੁ–ਚੰਗੀ ਕਿਸਮਤ । ੧ । ਰਹਾਉ ।

ਪ੍ਰਤਿਪਾਲੈ–ਪਾਲਣਾ ਕਰਦਾ ਹੈ । ਮਾਰਿ–(ਮਾਇਆ ਦੇ ਮੋਹ ਵੱਲੋਂ) ਮਾਰ ਕੇ । ਜੀਵਾਲੈ–ਆਤਮਕ ਜੀਵਨ ਦੇਂਦਾ ਹੈ । ਵਡਿਆਈ–ਸੋਭਾ । ੨ ।

ਤਾਣੁ–ਸਹਾਰਾ । ਨਿਤਾਣੁ–ਨਿਆਸਰਾ ਮਨੁੱਖ । ਘਰਿ–ਹਿਰਦੇ-ਘਰ ਵਿਚ । ਦੀਬਾਣੁ–ਆਸਰਾ । ਕੈ–ਤੋਂ । ਹਉ–ਮੈਂ । ਸਦ–ਸਦਾ । ਬਲਿ ਜਾਇਆ–ਸਦਕੇ ਹਾਂ । ਜਿਨਿ–ਜਿਸ (ਗੁਰੂ) ਨੇ । ਪ੍ਰਗਟੁ–ਪਰਤੱਖ, ਸਿੱਧਾ । ਮਾਰਗੁ–ਰਸਤਾ । ੩ ।

ਜਿਨਿ–ਜਿਸ (ਮਨੁੱਖ) ਨੇ । ਨ ਬਿਆਪੈ–ਜ਼ੋਰ ਨਹੀਂ ਪਾ ਸਕਦਾ । ਨ ਸੰਤਾਪੈ–ਦੁਖੀ ਨਹੀਂ ਕਰ ਸਕਦਾ । ਸੋਧੇ–ਖੋਜ ਵੇਖੇ ਹਨ । ਭੇਦ–ਫ਼ਰਕ, ਵਿੱਥ । ੪ ।

ਅਰਥ:–ਹੇ ਭਾਈ ! ਗੁਰੂ ਵਰਗਾ ਹੋਰ ਕੋਈ ਦੇਵਤਾ ਨਹੀਂ ਹੈ । ਜਿਸ (ਮਨੁੱਖ) ਦੇ ਮੱਥੇ ਉਤੇ ਚੰਗੀ ਕਿਸਮਤ (ਜਾਗ ਪਏ) ਉਹ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ । ੧ । ਰਹਾਉ ।

ਹੇ ਭਾਈ ! ਪਿਆਰੇ ਗੁਰੂ ਨੂੰ ਕਿਸੇ ਦੀ ਮੁਥਾਜੀ ਨਹੀਂ (ਗੁਰੂ ਦੀ ਕੋਈ ਆਪਣੀ ਜ਼ਾਤੀ ਗਰਜ਼ ਨਹੀਂ)–ਗੁਰੂ ਦੀ ਇਹ ਸਦਾ ਕਾਇਮ ਰਹਿਣ ਵਾਲੀ ਮਰਯਾਦਾ ਹੈ (ਕਿ ਉਹ ਸਦਾ ਬੇ-ਗ਼ਰਜ਼ ਹੈ) । ਹੇ ਭਾਈ ! ਗੁਰੂ ਸਭ ਜੀਵਾਂ ਨੂੰ (ਦਾਤਾਂ) ਦੇਣ ਵਾਲਾ ਹੈ । ਗੁਰੂ ਅਤੇ ਸਿਰਜਣਹਾਰ ਅਕਾਲ ਪੁਰਖ ਇੱਕ-ਰੂਪ ਹੈ । ੧ ।

ਹੇ ਭਾਈ ! ਪਿਆਰਾ ਗੁਰੂ ਸਭ ਜੀਵਾਂ ਦੀ ਰੱਖਿਆ ਕਰਦਾ ਹੈ, (ਜਿਹੜਾ ਮਨੁੱਖ ਉਸ ਦੇ ਦਰ ਤੇ ਆਉਂਦਾ ਹੈ, ਉਸ ਨੂੰ ਮਾਇਆ ਦੇ ਮੋਹ ਵੱਲੋਂ) ਮਾਰ ਕੇ ਆਤਮਕ ਜੀਵਨ ਦੇ ਦੇਂਦਾ ਹੈ । ਹੇ ਭਾਈ ! ਗੁਰੂ ਦੀ ਇਹ ਉੱਚੀ ਸੋਭਾ ਸਭਨੀਂ ਥਾਈਂ ਰੌਸ਼ਨ ਹੋ ਗਈ ਹੈ । ੨ ।

ਹੇ ਭਾਈ ! ਜਿਸ ਮਨੁੱਖ ਦਾ ਹੋਰ ਕੋਈ ਭੀ ਆਸਰਾ ਨਹੀਂ (ਜਦੋਂ ਉਹ ਗੁਰੂ ਦੀ ਸਰਨ ਆ ਪੈਂਦਾ ਹੈ) ਗੁਰੂ (ਉਸ ਦਾ) ਆਸਰਾ ਬਣ ਜਾਂਦਾ ਹੈ, ਗੁਰੂ ਉਸ ਦੇ ਹਿਰਦੇ-

ਘਰ ਵਿਚ ਸਹਾਰਾ ਦੇਂਦਾ ਹੈ। ਹੇ ਭਾਈ! ਜਿਸ (ਗੁਰੂ) ਨੇ (ਆਤਮਕ ਜੀਵਨ ਦਾ) ਸਿੱਧਾ ਰਾਹ ਵਿਖਾਲ ਦਿੱਤਾ ਹੈ, ਮੈਂ ਉਸ ਤੋਂ ਸਦਾ ਕੁਰਬਾਨ ਜਾਂਦਾ ਹਾਂ। ੩।

ਹੇ ਭਾਈ! ਜਿਸ (ਮਨੁੱਖ) ਨੇ ਗੁਰੂ ਦੀ ਸਰਨ ਲਈ ਹੈ, ਕੋਈ ਡਰ ਉਸ ਉਤੇ ਆਪਣਾ ਜੋਰ ਨਹੀਂ ਪਾ ਸਕਦਾ, ਕੋਈ ਦੁੱਖ-ਕਲੇਸ਼ ਉਸ ਨੂੰ ਸਤਾ ਨਹੀਂ ਸਕਦਾ। ਹੇ ਨਾਨਕ! (ਆਖ—ਹੇ ਭਾਈ!) ਸਿੰਮ੍ਰਿਤੀਆਂ ਵੇਦ (ਆਦਿਕ ਧਰਮ-ਪੁਸਤਕ) ਖੋਜ ਵੇਖੇ ਹਨ (ਗੁਰੂ ਸਭ ਤੋਂ ਉੱਚਾ ਹੈ) ਗੁਰੂ ਅਤੇ ਪਰਮਾਤਮਾ ਵਿਚ ਕੋਈ ਭੀ ਫ਼ਰਕ ਨਹੀਂ ਹੈ। ੪।੧੧।੨੪।

ਭੈਰਉ ਮਹਲਾ ੫ ॥ ਨਾਮੁ ਲੈਤ ਮਨੁ ਪਰਗਟੁ ਭਇਆ ॥ ਨਾਮੁ ਲੈਤ ਪਾਪੁ ਤਨ ਤੇ ਗਇਆ ॥ ਨਾਮੁ ਲੈਤ ਸਗਲ ਪੁਰਬਾਇਆ ॥ ਨਾਮੁ ਲੈਤ ਅਠਸਠਿ ਮਜਨਾਇਆ ॥ ੧ ॥ ਤੀਰਥੁ ਹਮਰਾ ਹਰਿ ਕੋ ਨਾਮੁ ॥ ਗੁਰਿ ਉਪਦੇਸਿਆ ਤਤੁ ਗਿਆਨ ॥੧॥ ਰਹਾਉ ॥ ਨਾਮੁ ਲੈਤ ਦੁਖੁ ਦੂਰਿ ਪਰਾਨਾ ॥ ਨਾਮੁ ਲੈਤ ਅਤਿ ਮੂੜ ਸੁਗਿਆਨਾ ॥ ਨਾਮੁ ਲੈਤ ਪਰਗਟਿ ਉਜੀਆਰਾ ॥ ਨਾਮੁ ਲੈਤ ਛੁਟੇ ਜੰਜਾਰਾ ॥ ੨ ॥ ਨਾਮੁ ਲੈਤ ਜਮੁ ਨੇੜਿ ਨ ਆਵੈ ॥ ਨਾਮੁ ਲੈਤ ਦਰਗਹ ਸੁਖੁ ਪਾਵੈ ॥ ਨਾਮੁ ਲੈਤ ਪ੍ਰਭੁ ਕਹੈ ਸਾਬਾਸਿ॥ ਨਾਮੁ ਹਮਾਰੀ ਸਾਚੀ ਰਾਸਿ ॥ ੩ ॥ ਗੁਰਿ ਉਪਦੇਸੁ ਕਹਿਓ ਇਹੁ ਸਾਰੁ ॥ ਹਰਿ ਕੀਰਤਿ ਮਨ ਨਾਮੁ ਅਧਾਰੁ ॥ ਨਾਨਕ ਉਧਰੇ ਨਾਮ ਪੁਨਹਚਾਰ ॥ ਅਵਰਿ ਕਰਮ ਲੋਕਹ ਪਤੀਆਰ ॥ ੪ ॥ ੧੨ ॥ ੨੫ ॥

ਪਦ ਅਰਥ :—ਲੈਤ—ਲੈਂਦਿਆਂ, ਜਪਦਿਆਂ। ਪਰਗਟੁ—ਰੌਸ਼ਨ। ਤਨ ਤੇ—ਸਰੀਰ ਤੋਂ। ਸਗਲ ਪੁਰਬਾਇਆ—ਸਾਰੇ ਪੁਰਬ, ਸਾਰੇ ਪਵਿੱਤਰ ਦਿਹਾੜੇ। ਅਠਸਠਿ—ਅਠਾਹਠ (ਤੀਰਥ)। ਮਜਨਾਇਆ—ਇਸ਼ਨਾਨ (ਹੋ ਜਾਂਦਾ ਹੈ)। ੧।

ਹਮਰਾ—ਸਾਡਾ। ਕੋ—ਦਾ। ਗੁਰਿ—ਗੁਰੂ ਨੇ। ਤਤੁ ਗਿਆਨ—ਗਿਆਨ ਦਾ ਤੱਤ, ਆਤਮਕ ਜੀਵਨ ਦੀ ਸੂਝ ਦਾ ਨਿਚੋੜ। ੧। ਰਹਾਉ।

ਦੂਰਿ ਪਰਾਨਾ—ਦੂਰ ਹੋ ਜਾਂਦਾ ਹੈ। ਅਤਿ ਮੂੜ—ਵੱਡਾ ਮੂਰਖ। ਸੁਗਿਆਨਾ—ਚੰਗਾ ਸਿਆਣਾ। ਪਰਗਟਿ—ਪਰਗਟੇ, ਪਰਗਟ ਹੋ ਜਾਂਦਾ ਹੈ। ਛੁਟੇ—ਮੁੱਕ ਜਾਂਦੇ ਹਨ। ਜੰਜਾਰਾ—ਜੰਜਾਲ, ਮਨ ਦੀਆਂ ਮੋਹ ਦੀਆਂ ਫਾਹੀਆਂ। ੨।

ਨੇੜਿ—ਨੇੜੇ। ਦਰਗਹ—ਪਰਮਾਤਮਾ ਦੀ ਹਜ਼ੂਰੀ ਵਿਚ। ਕਹੈ ਸਾਬਾਸਿ—ਆਦਰ-

ਸਤਕਾਰ ਕਰਦਾ ਹੈ । ਸਾਚੀ—ਸਦਾ ਕਾਇਮ ਰਹਿਣ ਵਾਲੀ। ਰਾਸਿ—ਪੂੰਜੀ, ਸਰਮਾਇਆ । ੩ ।

ਗੁਰਿ—ਗੁਰੂ ਨੇ । ਸਾਰੁ—ਸ੍ਰੇਸ਼ਟ । ਕੀਰਤਿ—ਸਿਫ਼ਤਿ ਸਾਲਾਹ । ਅਧਾਰੁ—ਆਸਰਾ। ਉਧਰੇ—ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ । ਪੁਨਹਚਾਰ—ਕੀਤੇ ਪਾਪਾਂ ਦੀ ਨਵਿਰਤੀ ਲਈ ਪ੍ਰਾਸ਼ਚਿਤ ਕਰਮ । ਅਵਰਿ—ਹੋਰ [ਬਹੁ ਵਚਨ ਲਫ਼ਜ਼ 'ਅਵਰ' ਤੋਂ]। ਲੋਕਹ ਪਤੀਆਰ—ਲੋਕਾਂ ਨੂੰ (ਆਪਣੇ ਧਾਰਮਿਕ ਹੋਣ ਦੀ) ਤਸੱਲੀ ਦੇਣ ਲਈ । ੪ ।

ਅਰਥ :—ਹੇ ਭਾਈ ! ਪਰਮਾਤਮਾ ਦਾ ਨਾਮ ਹੀ ਸਾਡਾ ਤੀਰਥ ਹੈ। ਗੁਰੂ ਨੇ (ਸਾਨੂੰ) ਆਤਮਕ ਜੀਵਨ ਦੀ ਸੂਝ ਦਾ ਇਹ ਨਿਚੋੜ ਸਮਝਾ ਦਿੱਤਾ ਹੈ । ੧ । ਰਹਾਉ ।

ਹੇ ਭਾਈ ! ਪਰਮਾਤਮਾ ਦਾ ਨਾਮ ਜਪਦਿਆਂ (ਮਨੁੱਖ ਦਾ) ਮਨ (ਵਿਕਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ) ਰੌਸ਼ਨ ਹੋ ਜਾਂਦਾ ਹੈ (ਕਿਉਂਕਿ) ਨਾਮ ਸਿਮਰਦਿਆਂ (ਹਰੇਕ ਕਿਸਮ ਦਾ) ਪਾਪ ਸਰੀਰ ਤੋਂ ਦੂਰ ਹੋ ਜਾਂਦਾ ਹੈ। ਹੇ ਭਾਈ ! ਨਾਮ ਸਿਮਰਦਿਆਂ(ਮਾਨੋਂ) ਸਾਰੇ ਪੁਰਬ ਮਨਾਏ ਗਏ, ਨਾਮ ਜਪਦਿਆਂ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ । ੧ ।

ਹੇ ਭਾਈ ! ਪਰਮਾਤਮਾ ਦਾ ਨਾਮ ਜਪਦਿਆਂ (ਹਰੇਕ) ਦੁੱਖ ਦੂਰ ਹੋ ਜਾਂਦਾ ਹੈ, ਨਾਮ ਜਪਦਿਆਂ ਵੱਡਾ ਭਾਰਾ ਮੂਰਖ ਭੀ ਆਤਮਕ ਜੀਵਨ ਦੀ ਸੋਹਣੀ ਸੂਝ ਵਾਲਾ ਹੋ ਜਾਂਦਾ ਹੈ। ਹੇ ਭਾਈ ! ਨਾਮ ਸਿਮਰਦਿਆਂ (ਮਨ ਵਿਚ ਆਤਮਕ ਜੀਵਨ ਦਾ) ਚਾਨਣ ਹੋ ਜਾਂਦਾ ਹੈ (ਕਿਉਂਕਿ) ਨਾਮ ਜਪਦਿਆਂ (ਮਨ ਦੀਆਂ ਮਾਇਆ ਦੇ ਮੋਹ ਦੀਆਂ ਸਾਰੀਆਂ) ਫਾਹੀਆਂ ਮੁੱਕ ਜਾਂਦੀਆਂ ਹਨ। ੨ ।

ਹੇ ਭਾਈ ! ਪਰਮਾਤਮਾ ਦਾ ਨਾਮ ਜਪਦਿਆਂ ਜਮ (ਮਨੁੱਖ ਦੇ) ਨੇੜੇ ਨਹੀਂ ਆਉਂਦਾ, ਮਨੁੱਖ ਪਰਮਾਤਮਾ ਦੀ ਹਜ਼ੂਰੀ ਵਿਚ ਟਿਕ ਕੇ ਆਤਮਕ ਆਨੰਦ ਮਾਣਦਾ ਹੈ, ਨਾਮ ਸਿਮਰਦਿਆਂ ਪਰਮਾਤਮਾ (ਭੀ) ਆਦਰ-ਮਾਣ ਦੇਂਦਾ ਹੈ। ਹੇ ਭਾਈ ! ਪਰਮਾਤਮਾ ਦਾ ਨਾਮ ਹੀ ਅਸਾਂ ਜੀਵਾਂ ਵਾਸਤੇ ਸਦਾ ਕਾਇਮ ਰਹਿਣ ਵਾਲਾ ਸਰਮਾਇਆ ਹੈ। ੩ ।

ਹੇ ਭਾਈ ! ਗੁਰੂ ਨੇ (ਮੈਨੂੰ) ਇਹ ਸਭ ਤੋਂ ਵਧੀਆ ਉਪਦੇਸ਼ ਦੇ ਦਿੱਤਾ ਹੈ ਕਿ ਪਰਮਾਤਮਾ ਦੀ ਸਿਫ਼ਤਿ ਸਾਲਾਹ ਪਰਮਾਤਮਾ ਦਾ ਨਾਮ (ਹੀ) ਮਨ ਦਾ ਆਸਰਾ ਹੈ। ਹੇ ਨਾਨਕ ! ਉਹ ਮਨੁੱਖ (ਵਿਕਾਰਾਂ ਦੀਆਂ ਲਹਿਰਾਂ ਤੋਂ) ਪਾਰ ਲੰਘ ਜਾਂਦੇ ਹਨ ਜਿਹੜੇ ਨਾਮ ਜਪਣ ਦੇ ਪ੍ਰਾਸ਼ਚਿਤ ਕਰਮ ਕਰਦੇ ਹਨ। ਹੋਰ ਸਾਰੇ (ਪ੍ਰਾਸ਼ਚਿਤ) ਕਰਮ ਲੋਕਾਂ ਦੀ ਤਸੱਲੀ ਕਰਾਣ ਵਾਸਤੇ ਹਨ (ਕਿ ਅਸੀ ਧਾਰਮਿਕ ਬਣ ਗਏ ਹਾਂ) । ੪ । ੧੨ । ੨੫ ।

ਭੈਰਉ ਮਹਲਾ ੫ ॥ ਨਮਸਕਾਰ ਤਾ ਕਉ ਲਖ ਬਾਰ ॥ ਇਹੁ ਮਨੁ ਦੀਜੈ ਤਾ ਕਉ ਵਾਰਿ ॥ ਸਿਮਰਨਿ ਤਾ ਕੈ ਮਿਟਹਿ ਸੰਤਾਪ ॥ ਹੋਇ ਅਨੰਦੁ

ਨ ਵਿਆਪਹਿ ਤਾਪ ॥ ੧ ॥ ਐਸੋ ਹੀਰਾ ਨਿਰਮਲ ਨਾਮ ॥ ਜਾਸੁ ਜਪਤ ਪੂਰਨ ਸਭਿ ਕਾਮ ॥ ੧ ॥ ਰਹਾਉ ॥ ਜਾ ਕੀ ਦ੍ਰਿਸਟਿ ਦੂਖ ਡੇਰਾ ਢਹੈ ॥ ਅੰਮ੍ਰਿਤ ਨਾਮੁ ਸੀਤਲੁ ਮਨਿ ਗਹੈ ॥ ਅਨਿਕ ਭਗਤ ਜਾ ਕੇ ਚਰਨ ਪੂਜਾਰੀ॥ ਸਗਲ ਮਨੋਰਥ ਪੂਰਨਹਾਰੀ ॥ ੨ ॥ ਖਿਨ ਮਹਿ ਊਣੇ ਸੁਭਰ ਭਰਿਆ ॥ ਖਿਨ ਮਹਿ ਸੂਕੇ ਕੀਨੇ ਹਰਿਆ ॥ ਖਿਨ ਮਹਿ ਨਿਥਾਵੇ ਕਉ ਦੀਨੋ ਥਾਨੁ ॥ ਖਿਨ ਮਹਿ ਨਿਮਾਣੇ ਕਉ ਦੀਨੋ ਮਾਨੁ ॥ ੩ ॥ ਸਭ ਮਹਿ ਏਕੁ ਰਹਿਆ ਭਰਪੂਰਾ ॥ ਸੋ ਜਾਪੈ ਜਿਸੁ ਸਤਿਗੁਰੁ ਪੂਰਾ ॥ ਹਰਿ ਕੀਰਤਨੁ ਤਾ ਕੋ ਆਧਾਰੁ ॥ ਕਹੁ ਨਾਨਕ ਜਿਸੁ ਆਪਿ ਦਇਆਰੁ ॥ ੪ ॥ ੧੩ ॥ ੨੬ ॥

ਪਦ ਅਰਥ :–ਤਾ ਕਉ–ਉਸ (ਪਰਮਾਤਮਾ) ਨੂੰ। ਬਾਰ–ਵਾਰੀ। ਵਾਰਿ ਦੀਜੈ–ਸਦਕੇ ਕਰ ਦੇਈਏ। ਤਾ ਕੈ ਸਿਮਰਨਿ–ਉਸ (ਪ੍ਰਭੂ) ਦੇ ਸਿਮਰਨ ਦੀ ਬਰਕਤ ਨਾਲ। ਮਿਟਹਿ–ਮਿਟ ਜਾਂਦੇ ਹਨ [ਬਹੁ ਵਚਨ]। ਸੰਤਾਪ–ਦੁੱਖ-ਕਲੇਸ਼। ਨ ਵਿਆਪਹਿ–ਆਪਣਾ ਜ਼ੋਰ ਨਹੀਂ ਪਾ ਸਕਦੇ। ੧।

ਹੀਰਾ–ਕੀਮਤੀ ਪਦਾਰਥ। ਨਿਰਮਲ–ਪਵਿੱਤਰ (ਕਰਨ ਵਾਲਾ)। ਜਾਸੁ ਜਪਤ–ਜਿਸ ਨੂੰ ਜਪਦਿਆਂ। ਸਭਿ–ਸਾਰੇ। ਕਾਮ–ਕੰਮ। ੧। ਰਹਾਉ।

ਜਾ ਕੀ ਦ੍ਰਿਸਟਿ–ਜਿਸ ਦੀ (ਮਿਹਰ ਦੀ) ਨਿਗਾਹ ਨਾਲ। ਢਹੈ–ਢਹਿ ਜਾਂਦਾ ਹੈ [ਇਕ ਵਚਨ]। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ। ਸੀਤਲੁ–ਠੰਢਾ, ਸ਼ਾਂਤੀ ਦੇਣ ਵਾਲਾ। ਮਨਿ–ਮਨ ਵਿਚ। ਗਹੈ–ਫੜ ਰੱਖਦਾ ਹੈ। ਪੂਜਾਰੀ–ਪੂਜਾ ਕਰਨ ਵਾਲੇ। ਮਨੋਰਥ–ਮੰਗਾਂ, ਲੋੜਾਂ। ਪੂਰਨਹਾਰੀ–ਪੂਰੀਆਂ ਕਰਨ ਵਾਲਾ। ੨।

ਊਣੇ–ਖ਼ਾਲੀ। ਸੁਭਰ–ਨਕਾ-ਨਕ। ੩।

ਰਹਿਆ ਭਰਪੂਰਾ–ਪੂਰਨ ਤੌਰ ਤੇ ਵੱਸ ਰਿਹਾ ਹੈ। ਜਾਪੈ–ਜਪਦਾ ਹੈ। ਤਾ ਕੈ–ਉਸ ਦੇ ਹਿਰਦੇ ਵਿਚ। ਆਧਾਰੁ–ਆਸਰਾ। ਦਇਆਰੁ–ਦਇਆਵਾਨ। ੪।

ਅਰਥ :–ਹੇ ਭਾਈ! (ਜੀਵਾਂ ਦੇ ਹਿਰਦੇ) ਪਵਿੱਤਰ ਕਰਨ ਵਾਲਾ ਹਰਿ-ਨਾਮ ਅਜਿਹਾ ਕੀਮਤੀ ਪਦਾਰਥ ਹੈ ਕਿ ਉਸ ਨੂੰ ਜਪਦਿਆਂ ਸਾਰੇ ਕੰਮ ਸਫਲ ਹੋ ਜਾਂਦੇ ਹਨ। ੧। ਰਹਾਉ।

ਹੇ ਭਾਈ! ਉਸ ਪਰਮਾਤਮਾ ਅੱਗੇ ਲੱਖਾਂ ਵਾਰੀ ਸਿਰ ਨਿਵਾਣਾ ਚਾਹੀਦਾ ਹੈ, ਆਪਣਾ ਇਹ ਮਨ ਉਸ ਪਰਮਾਤਮਾ ਦੇ ਅੱਗੇ ਭੇਟਾ ਕਰ ਦੇਣਾ ਚਾਹੀਦਾ ਹੈ। ਹੇ ਭਾਈ! ਉਸ ਪਰਮਾਤਮਾ ਦਾ ਨਾਮ ਸਿਮਰਨ ਦੀ ਬਰਕਤ ਨਾਲ (ਸਾਰੇ) ਦੁੱਖ-ਕਲੇਸ਼ ਮਿਟ ਜਾਂਦੇ

ਹਨ, (ਮਨ ਵਿਚ) ਖ਼ੁਸ਼ੀ ਪੈਦਾ ਹੁੰਦੀ ਹੈ, ਕੋਈ ਭੀ ਦੁੱਖ ਆਪਣਾ ਜ਼ੋਰ ਨਹੀਂ ਪਾ ਸਕਦੇ ।੧।

ਹੇ ਭਾਈ! ਜਿਸ ਪਰਮਾਤਮਾ ਦੀ ਮਿਹਰ ਦੀ ਨਿਗਾਹ ਨਾਲ (ਮਨੁੱਖ ਦੇ ਅੰਦਰੋਂ) ਦੁੱਖਾਂ ਦਾ ਡੇਰਾ ਢਹਿ ਜਾਂਦਾ ਹੈ, (ਜਿਹੜਾ ਮਨੁੱਖ ਉਸ ਦਾ) ਆਤਮਕ ਜੀਵਨ ਦੇਣ ਵਾਲਾ ਨਾਮ (ਆਪਣੇ) ਮਨ ਵਿਚ ਵਸਾਂਦਾ ਹੈ (ਉਸ ਦਾ ਹਿਰਦਾ) ਠੰਢਾ-ਠਾਰ ਹੋ ਜਾਂਦਾ ਹੈ। ਹੇ ਭਾਈ! ਅਨੇਕਾਂ ਹੀ ਭਗਤ ਜਿਸ ਪਰਮਾਤਮਾ ਦੇ ਚਰਨ ਪੂਜ ਰਹੇ ਹਨ, ਉਹ ਪ੍ਰਭੂ (ਆਪਣੇ ਭਗਤਾਂ ਦੇ) ਸਾਰੇ ਮਨੋਰਥ ਪੂਰੇ ਕਰਨ ਵਾਲਾ ਹੈ। ੨।

ਹੇ ਭਾਈ! (ਉਸ ਪਰਮਾਤਮਾ ਦਾ ਨਾਮ) ਖ਼ਾਲੀ (ਹਿਰਦਿਆਂ) ਨੂੰ ਇਕ ਖਿਨ ਵਿਚ (ਗੁਣਾਂ ਨਾਲ) ਨਕਾ-ਨਕ ਭਰ ਦੇਂਦਾ ਹੈ, (ਆਤਮਕ ਜੀਵਨ ਵਲੋਂ) ਸੁੱਕੇ ਹੋਇਆਂ ਨੂੰ ਇਕ ਖਿਨ ਵਿਚ ਹਰੇ ਕਰ ਦੇਂਦਾ ਹੈ। ਜਿਸ ਮਨੁੱਖ ਨੂੰ ਕਿਤੇ ਆਸਰਾ ਨਹੀਂ ਮਿਲਦਾ, ਪਰਮਾਤਮਾ ਉਸ ਨੂੰ ਇਕ ਖਿਨ ਵਿਚ ਸਹਾਰਾ ਦੇ ਦੇਂਦਾ ਹੈ, ਜਿਸ ਨੂੰ ਕਿਤੇ ਕੋਈ ਆਦਰ-ਸਤਕਾਰ ਨਹੀਂ ਦੇਂਦਾ, ਉਹ ਪਰਮਾਤਮਾ ਉਸ ਨੂੰ ਇਕ ਖਿਨ ਵਿਚ ਮਾਣ-ਆਦਰ ਬਖ਼ਸ਼ ਦੇਂਦਾ ਹੈ। ੩।

ਹੇ ਭਾਈ! ਸਭ ਜੀਵਾਂ ਵਿਚ ਉਹ ਪਰਮਾਤਮਾ ਹੀ ਪੂਰਨ ਤੌਰ ਤੇ ਵੱਸ ਰਿਹਾ ਹੈ। (ਪਰ ਉਸ ਦਾ ਨਾਮ) ਉਹ ਮਨੁੱਖ (ਹੀ) ਜਪਦਾ ਹੈ, ਜਿਸ ਨੂੰ ਪੂਰਾ ਗੁਰੂ (ਪ੍ਰੇਰਨਾ ਕਰਦਾ ਹੈ)। ਹੇ ਨਾਨਕ! ਆਖ–ਹੇ ਭਾਈ! ਜਿਸ ਮਨੁੱਖ ਉਤੇ ਪਰਮਾਤਮਾ ਆਪ ਦਇਆਵਾਨ ਹੁੰਦਾ ਹੈ ਉਸ ਦੇ ਹਿਰਦੇ ਵਿਚ ਪਰਮਾਤਮਾ ਦੀ ਸਿਫ਼ਤਿ ਸਾਲਾਹ ਆਸਰਾ ਬਣ ਜਾਂਦੀ ਹੈ। ੪। ੧੩। ੨੬।

ਭੈਰਉ ਮਹਲਾ ੫ ॥ ਮੋਹਿ ਦੁਹਾਗਨਿ ਆਪਿ ਸੀਗਾਰੀ ॥ ਰੂਪ ਰੰਗ ਦੇ ਨਾਮਿ ਸਵਾਰੀ ॥ ਮਿਟਿਓ ਦੁਖੁ ਅਰੁ ਸਗਲ ਸੰਤਾਪ ॥ ਗੁਰ ਹੋਏ ਮੇਰੇ ਮਾਈ ਬਾਪ ॥ ੧ ॥ ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ ॥ ਕਰਿ ਕਿਰਪਾ ਭੇਟੇ ਮੋਹਿ ਕੰਤ ॥ ੧ ॥ ਰਹਾਉ ॥ ਤਪਤਿ ਬੁਝੀ ਪੂਰਨ ਸਭ ਆਸਾ ॥ ਮਿਟੇ ਅੰਧੇਰ ਭਏ ਪਰਗਾਸਾ ॥ ਅਨਹਦ ਸਬਦ ਅਚਰਜ ਬਿਸਮਾਦ ॥ ਗੁਰੁ ਪੂਰਾ ਪੂਰਾ ਪਰਸਾਦ ॥ ੨ ॥ ਜਾ ਕਉ ਪ੍ਰਗਟ ਭਏ ਗੋਪਾਲ ॥ ਤਾ ਕੈ ਦਰਸਨਿ ਸਦਾ ਨਿਹਾਲ ॥ ਸਰਬ ਗੁਣਾ ਤਾ ਕੈ ਬਹੁਤੁ ਨਿਧਾਨ ॥ ਜਾ ਕਉ ਸਤਿਗੁਰਿ ਦੀਓ ਨਾਮੁ ॥ ੩ ॥ ਜਾ ਕਉ ਭੇਟਿਓ ਠਾਕੁਰੁ ਅਪਨਾ ॥ ਮਨੁ ਤਨੁ ਸੀਤਲੁ ਹਰਿ ਹਰਿ ਜਪਨਾ ॥ ਕਹੁ ਨਾਨਕ ਜੋ ਜਨ ਪ੍ਰਭ ਭਾਏ ॥ ਤਾ ਕੀ ਰੇਨੁ

ਬਿਰਲਾ ਕੋ ਪਾਏ ॥ ੪ ॥ ੧੪ ॥ ੨੭ ॥

ਪਦ ਅਰਥ :—ਮੋਹਿ—ਮੈਨੂੰ । ਦੋਹਾਗਨਿ—[ਦੁਰਭਾਗਿਨੀ] ਮੰਦੇ ਭਾਗਾਂ ਵਾਲੀ ਨੂੰ । ਸੀਗਾਰੀ—ਸਿੰਗਾਰ ਲਿਆ, ਸਜਾ ਲਿਆ । ਦੇ—ਦੇ ਕੇ । ਨਾਮਿ—ਨਾਮ ਵਿਚ (ਜੋੜ ਕੇ) । ਸਵਾਰੀ—ਸੋਹਣੀ ਬਣਾ ਲਿਆ । ਅਰੁ—ਅਤੇ [ਅਰਿ—ਵੈਰੀ] ਸੰਤਾਪ—ਕਲੇਸ਼ । ਮਾਈ—ਮਾਂ । ੧ ।

ਸਖੀ—ਹੇ ਸਖੀਓ ! ਸਹੇਰੀ—ਹੇ ਸਹੇਲੀਹੋ ! ਮੈਰੈ ਗ੍ਰਸਤਿ—ਮੇਰੇ (ਹਿਰਦੇ-) ਘਰ ਵਿਚ । ਕਰਿ—ਕਰ ਕੇ । ਭੇਟੇ—ਮਿਲ ਪਏ ਹਨ । ਮੋਹਿ—ਮੈਨੂੰ । ਕੰਤ—ਖਸਮ (-ਪ੍ਰਭੂ) ਜੀ । ੧ । ਰਹਾਉ ।

ਤਪਤਿ—(ਤ੍ਰਿਸ਼ਨਾ-ਅੱਗ ਦੀ) ਸੜਨ । ਪਰਗਾਸਾ—ਚਾਨਣ । ਅਨਹਦ ਸਬਦ—ਇਕ-ਰਸ ਸਾਰੇ ਸਾਜ਼ਾਂ ਦਾ ਰਾਗ । ਬਿਸਮਾਦ—ਹੈਰਾਨ ਕਰ ਦੇਣ ਵਾਲੀ ਅਵਸਥਾ । ਪਰਸਾਦ—ਕਿਰਪਾ । ੨ ।

ਜਾ ਕਉ—ਜਿਸ ਨੂੰ, ਜਿਸ ਦੇ ਹਿਰਦੇ ਵਿਚ । ਤਾ ਕੈ ਦਰਸਨਿ—ਉਸ ਦੇ ਦਰਸਨ ਨਾਲ । ਨਿਹਾਲ—ਪ੍ਰਸੰਨ । ਤਾ ਕੈ—ਉਸ ਦੇ ਅੰਦਰ । ਨਿਧਾਨ—ਖ਼ਜ਼ਾਨਾ । ਸਤਿਗੁਰਿ—ਗੁਰੂ ਨੇ । ੩ ।

ਭੇਟਿਓ—ਮਿਲ ਪਿਆ । ਸੀਤਲੁ—ਸ਼ਾਂਤ । ਜਪਨਾ—ਜਪਦਿਆਂ । ਭਾਏ—ਪਿਆਰੇ ਲੱਗੇ । ਤਾ ਕੀ—ਉਹਨਾਂ ਦੀ । ਰੇਨੁ—ਚਰਨ-ਧੂੜ । ਬਿਰਲਾ ਕੋ—ਕੋਈ ਵਿਰਲਾ ਮਨੁੱਖ । ੪ ।

ਅਰਥ :—ਹੇ ਮੇਰੀ ਸਖੀਓ ! ਹੇ ਮੇਰੀ ਸਹੇਲੀਓ ! ਮੇਰੇ (ਹਿਰਦੇ-) ਘਰ ਵਿਚ ਆਤਮਕ ਆਨੰਦ ਬਣ ਗਿਆ ਹੈ, (ਕਿਉਂਕਿ) ਮੇਰੇ ਖਸਮ (-ਪ੍ਰਭੂ) ਜੀ ਮਿਹਰ ਕਰ ਕੇ ਮੈਨੂੰ ਮਿਲ ਪਏ ਹਨ । ੧ । ਰਹਾਉ ।

ਹੇ ਸਹੇਲੀਓ ! (ਮੈਂ) ਮੰਦੇ ਭਾਗਾਂ ਵਾਲੀ (ਸਾਂ) ਮੈਨੂੰ (ਖਸਮ-ਪ੍ਰਭੂ ਨੇ) ਆਪ (ਆਤਮਕ ਜੀਵਨ ਦੇ ਗਹਿਣਿਆਂ ਨਾਲ) ਸਜਾ ਲਿਆ, (ਮੈਨੂੰ ਸੋਹਣਾ ਆਤਮਕ) ਰੂਪ ਦੇ ਕੇ (ਸੋਹਣਾ) ਪ੍ਰੇਮ ਬਖ਼ਸ਼ ਕੇ (ਆਪਣੇ) ਨਾਮ ਵਿਚ (ਜੋੜ ਕੇ ਉਸ ਨੇ ਮੈਨੂੰ) ਸੋਹਣੇ ਆਤਮਕ ਜੀਵਨ ਵਾਲੀ ਬਣਾ ਲਿਆ । ਹੇ ਸਹੇਲੀਓ ! (ਮੇਰੇ ਅੰਦਰੋਂ) ਦੁੱਖ ਮਿਟ ਗਿਆ ਹੈ ਸਾਰੇ ਕਲੇਸ਼ ਮਿਟ ਗਏ ਹਨ (ਇਹ ਸਾਰੀ ਮਿਹਰ ਗੁਰੂ ਨੇ ਕਰਾਈ ਹੈ, ਗੁਰੂ ਨੇ ਹੀ ਕੰਤ-ਪ੍ਰਭੂ ਨਾਲ ਮਿਲਾਇਆ ਹੈ) ਸਤਿਗੁਰੂ ਹੀ (ਮੇਰੇ ਵਾਸਤੇ) ਮੇਰੀ ਮਾਂ ਮੇਰਾ ਪਿਉ ਬਣਿਆ ਹੈ । ੧ ।

ਹੇ ਸਹੇਲੀਓ ! (ਹੁਣ ਮੇਰੇ ਅੰਦਰੋਂ ਤ੍ਰਿਸ਼ਨਾ-ਅੱਗ ਦੀ) ਸੜਨ ਬੁੱਝ ਗਈ ਹੈ, ਮੇਰੀ ਹਰੇਕ ਆਸ ਪੂਰੀ ਹੋ ਗਈ ਹੈ, (ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸਾਰੇ) ਹਨੇਰੇ

ਮਿਟ ਗਏ ਹਨ, (ਮੇਰੇ ਅੰਦਰ ਆਤਮਕ ਜੀਵਨ ਦੀ ਸੂਝ ਦਾ) ਚਾਨਣ ਹੋ ਗਿਆ ਹੈ (ਹੁਣ ਇਉਂ ਹੋ ਗਿਆ ਹੈ ਜਿਵੇਂ) ਇਕ-ਰਸ ਸਾਰੇ ਸਾਜਾਂ ਦਾ ਰਾਗ (ਮੇਰੇ ਅੰਦਰ ਹੋ ਰਿਹਾ ਹੈ) (ਮੇਰੇ ਅੰਦਰ) ਅਚਰਜ ਤੇ ਹੈਰਾਨ ਕਰਨ ਵਾਲੀ (ਉੱਚੀ ਆਤਮਕ ਅਵਸਥਾ ਬਣ ਗਈ ਹੈ)। (ਹੇ ਸਹੇਲੀਓ ! ਇਹ ਸਭ ਕੁਝ) ਪੂਰਾ ਗੁਰੂ ਹੀ (ਕਰਨ ਵਾਲਾ ਹੈ, ਇਹ) ਪੂਰੇ (ਗੁਰੂ ਦੀ ਹੀ) ਮਿਹਰ ਹੋਈ ਹੈ। ੨।

ਹੇ ਸਹੇਲੀਓ ! ਜਿਸ (ਸੁਭਾਗੀ) ਦੇ ਅੰਦਰ ਗੋਪਾਲ-ਪ੍ਰਭੂ ਪਰਗਟ ਹੋ ਜਾਂਦਾ ਹੈ, ਉਸ ਦੇ ਦਰਸਨ ਦੀ ਬਰਕਤ ਨਾਲ ਸਦਾ ਨਿਹਾਲ ਹੋ ਜਾਈਦਾ ਹੈ। ਹੇ ਸਹੇਲੀਓ ! ਜਿਸ ਮਨੁੱਖ ਨੂੰ ਗੁਰੂ ਨੇ ਪਰਮਾਤਮਾ ਦਾ ਨਾਮ (-ਖ਼ਜ਼ਾਨਾ) ਦੇ ਦਿੱਤਾ, ਉਸ ਦੇ ਹਿਰਦੇ ਵਿਚ ਸਾਰੇ (ਆਤਮਕ) ਗੁਣ ਪੈਦਾ ਹੋ ਜਾਂਦੇ ਹਨ ਉਸ ਦੇ ਅੰਦਰ (ਮਾਨੋ) ਭਾਰਾ ਖ਼ਜ਼ਾਨਾ ਇਕੱਠਾ ਹੋ ਜਾਂਦਾ ਹੈ। ੩।

ਹੇ ਸਹੇਲੀਓ ! ਜਿਸ ਮਨੁੱਖ ਨੂੰ ਆਪਣਾ ਮਾਲਕ-ਪ੍ਰਭੂ ਮਿਲ ਪੈਂਦਾ ਹੈ, ਪਰਮਾਤਮਾ ਦਾ ਨਾਮ ਹਰ ਵੇਲੇ ਜਪਦਿਆਂ ਉਸ ਦਾ ਮਨ ਉਸ ਦਾ ਤਨ ਠੰਢਾ-ਠਾਰ ਹੋ ਜਾਂਦਾ ਹੈ।

ਹੇ ਨਾਨਕ ! ਆਖ—ਹੇ ਭਾਈ ! ਜਿਹੜੇ ਮਨੁੱਖ ਪਰਮਾਤਮਾ ਨੂੰ ਪਿਆਰੇ ਲੱਗਣ ਲੱਗ ਪੈਂਦੇ ਹਨ, ਕੋਈ ਵਿਰਲਾ (ਵਡਭਾਗੀ) ਮਨੁੱਖ ਉਹਨਾਂ ਦੇ ਚਰਨਾਂ ਦੀ ਧੂੜ ਹਾਸਲ ਕਰਦਾ ਹੈ। ੪। ੧੪। ੨੭।

ਭੈਰਉ ਮਹਲਾ ੫ ॥ ਚਿਤਵਤ ਪਾਪ ਨ ਆਲਕੁ ਆਵੈ ॥ ਬੇਸੁਆ ਭਜਤ ਕਿਛੁ ਨਹ ਸਰਮਾਵੈ ॥ ਸਾਰੋ ਦਿਨਸੁ ਮਜੂਰੀ ਕਰੈ ॥ ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ ॥ ੧ ॥ ਮਾਇਆ ਲਗਿ ਭੂਲੋ ਸੰਸਾਰੁ ॥ ਆਪਿ ਭੁਲਾਇਆ ਭੁਲਾਵਣਹਾਰੈ ਰਾਚਿ ਰਹਿਆ ਬਿਰਥਾ ਬਿਉਹਾਰ ॥੧॥ਰਹਾਉ ॥ ਪੇਖਤ ਮਾਇਆ ਰੰਗ ਬਿਹਾਇ ॥ ਗੜਬੜ ਕਰੈ ਕਉਡੀ ਰੰਗੁ ਲਾਇ ॥ ਅੰਧ ਬਿਉਹਾਰ ਬੰਧ ਮਨੁ ਧਾਵੈ ॥ ਕਰਣੈਹਾਰੁ ਨ ਜੀਅ ਮਹਿ ਆਵੈ ॥ ੨ ॥ ਕਰਤ ਕਰਤ ਇਵ ਹੀ ਦੁਖੁ ਪਾਇਆ ॥ ਪੂਰਨ ਹੋਤ ਨ ਕਾਰਜ ਮਾਇਆ ॥ ਕਾਮਿ ਕ੍ਰੋਧਿ ਲੋਭਿ ਮਨੁ ਲੀਨਾ ॥ ਤੜਫਿ ਮੂਆ ਜਿਉ ਜਲ ਬਿਨੁ ਮੀਨਾ॥ ੩ ॥ ਜਿਸ ਕੇ ਰਾਖੇ ਹੋਏ ਹਰਿ ਆਪਿ ॥ ਹਰਿ ਹਰਿ ਨਾਮੁ ਸਦਾ ਜਪੁ ਜਾਪਿ॥ ਸਾਧ ਸੰਗਿ ਹਰਿ ਕੇ ਗੁਣ ਗਾਇਆ ॥ ਨਾਨਕ ਸਤਿਗੁਰੁ ਪੂਰਾ ਪਾਇਆ ॥ ੪ ॥ ੧੫ ॥ ੨੮ ॥

ਪਦ ਅਰਥ :—ਚਿਤਵਤ—ਚਿਤਵਦਿਆਂ, ਸੋਚਦਿਆਂ। ਆਲਕੁ—ਆਲਸ। ਭਜਤ—ਭੋਗਦਿਆਂ। ਬਜਰ—ਬਿਜਲੀ। ਸਿਰਿ—ਸਿਰ ਉਤੇ। ੧।

ਲਗਿ—ਲੱਗ ਕੇ, ਪੈ ਕੇ। ਭੂਲੋ—ਕੁਰਾਹੇ ਪਿਆ ਹੋਇਆ ਹੈ। ਭੁਲਾਵਣਹਾਰੈ—ਕੁਰਾਹੇ ਪਾਣ ਦੀ ਸਮਰਥਾ ਵਾਲੇ ਹਰੀ ਨੇ। ਰਾਚਿ ਰਹਿਆ—ਮਗਨ ਹੋ ਰਿਹਾ ਹੈ। ਬਿਉਹਾਰ—ਵਿਹਾਰਾਂ ਵਿਚ। ੧। ਰਹਾਉ।

ਮਾਇਆ ਰੰਗ—ਮਾਇਆ ਦੇ ਚੋਜ-ਤਮਾਸ਼ੇ। ਬਿਹਾਇ—(ਉਮਰ) ਬੀਤਦੀ ਹੈ। ਗੜਬੜ—(ਹਿਸਾਬ ਵਿਚ) ਹੇਰਾ ਫੇਰੀ। ਰੰਗੁ—ਪਿਆਰ। ਕਉਡੀ—ਤੁੱਛ ਮਾਇਆ ਵਿਚ। ਲਾਇ—ਲਾ ਕੇ। ਅੰਧ ਬਿਉਹਾਰ—(ਮਾਇਆ ਦੇ ਮੋਹ ਵਿਚ) ਅੰਨ੍ਹੇ ਕਰ ਦੇਣ ਵਾਲੇ ਕਾਰ-ਵਿਹਾਰ। ਬੰਧ—ਬੰਧਨ। ਧਾਵੈ—ਦੌੜਦਾ ਹੈ। ਜੀਅ ਮਹਿ—ਹਿਰਦੇ ਵਿਚ। ੨।

ਕਰਤ ਕਰਤ—ਕਰਦਿਆਂ ਕਰਦਿਆਂ। ਇਵ ਹੀ—ਇਸੇ ਤਰ੍ਹਾਂ। ਕਾਰਜ—ਕੰਮ [ਬਹੁ ਵਚਨ]। ਕਾਮਿ—ਕਾਮ-ਵਾਸਨਾ ਵਿਚ। ਤੜਫਿ ਮੂਆ—ਦੁਖੀ ਹੋ ਹੋ ਕੇ ਆਤਮਕ ਮੌਤ ਸਹੇੜੀ ਜਾਂਦਾ ਹੈ। ਮੀਨਾ—ਮੱਛੀ। ੩।

ਜਾਪਿ—ਜਾਪੇ, ਜਪਦਾ ਹੈ। ਸਾਧ ਸੰਗਿ—ਗੁਰੂ ਦੀ ਸੰਗਤਿ ਵਿਚ। ਨਾਨਕ—ਹੇ ਨਾਨਕ! ੪।

ਅਰਥ :—ਹੇ ਭਾਈ! ਜਗਤ ਮਾਇਆ ਦੇ ਮੋਹ ਵਿਚ ਫਸ ਕੇ ਕੁਰਾਹੇ ਪਿਆ ਰਹਿੰਦਾ ਹੈ। (ਪਰ ਜਗਤ ਦੇ ਭੀ ਕੀਹ ਵੱਸ?) ਕੁਰਾਹੇ ਪਾ ਸਕਣ ਵਾਲੇ ਪਰਮਾਤਮਾ ਨੇ ਆਪ (ਹੀ ਜਗਤ ਨੂੰ) ਕੁਰਾਹੇ ਪਾਇਆ ਹੋਇਆ ਹੈ (ਇਸ ਵਾਸਤੇ ਜਗਤ) ਵਿਅਰਥ ਵਿਹਾਰਾਂ ਵਿਚ ਹੀ ਮਗਨ ਰਹਿੰਦਾ ਹੈ। ੧। ਰਹਾਉ।

ਹੇ ਭਾਈ! (ਕੁਰਾਹੇ ਪਿਆ ਹੋਇਆ ਮਨੁੱਖ) ਪਾਪ ਸੋਚਦਿਆਂ (ਰਤਾ ਭੀ) ਢਿੱਲ ਨਹੀਂ ਕਰਦਾ, ਵੇਸੁਆ ਦੇ ਦੁਆਰੇ ਤੇ ਜਾਣੋਂ ਭੀ ਰਤਾ ਸ਼ਰਮ ਨਹੀਂ ਕਰਦਾ। (ਮਾਇਆ ਦੀ ਖ਼ਾਤਰ) ਸਾਰਾ ਹੀ ਦਿਨ ਮਜੂਰੀ ਕਰ ਸਕਦਾ ਹੈ, ਪਰ ਜਦੋਂ ਪਰਮਾਤਮਾ ਦੇ ਸਿਮਰਨ ਦਾ ਵੇਲਾ ਹੁੰਦਾ ਹੈ (ਤਦੋਂ ਇਉਂ ਹੁੰਦਾ ਹੈ ਜਿਵੇਂ ਇਸ ਦੇ) ਸਿਰ ਉਤੇ ਬਿਜਲੀ ਪੈ ਜਾਂਦੀ ਹੈ। ੧।

ਹੇ ਭਾਈ! ਮਾਇਆ ਦੇ ਚੋਜ-ਤਮਾਸ਼ੇ ਵੇਖਦਿਆਂ ਹੀ (ਕੁਰਾਹੇ ਪਏ ਮਨੁੱਖ ਦੀ ਉਮਰ) ਬੀਤ ਜਾਂਦੀ ਹੈ, ਤੁੱਛ ਜਿਹੀ ਮਾਇਆ ਵਿਚ ਪਿਆਰ ਪਾ ਕੇ (ਰੋਜ਼ਾਨਾ ਕਾਰ-ਵਿਹਾਰ ਵਿਚ ਭੀ) ਹੇਰਾ-ਫੇਰੀ ਕਰਦਾ ਰਹਿੰਦਾ ਹੈ। ਹੇ ਭਾਈ! ਮਾਇਆ ਦੇ ਮੋਹ ਵਿਚ ਅੰਨ੍ਹਾ ਕਰ ਦੇਣ ਵਾਲੇ ਕਾਰ-ਵਿਹਾਰਾਂ ਦੇ ਬੰਧਨਾਂ ਵਲ (ਕੁਰਾਹੇ ਪਏ ਮਨੁੱਖ ਦਾ) ਮਨ ਦੌੜਦਾ ਰਹਿੰਦਾ ਹੈ, ਪਰ ਪੈਦਾ ਕਰਨ ਵਾਲਾ ਪਰਮਾਤਮਾ ਇਸ ਦੇ ਹਿਰਦੇ ਵਿਚ ਨਹੀਂ ਯਾਦ ਆਉਂਦਾ। ੨।

ਹੇ ਭਾਈ! (ਕੁਰਾਹੇ ਪਿਆ ਮਨੁੱਖ) ਇਸੇ ਤਰ੍ਹਾਂ ਕਰਦਿਆਂ ਕਰਦਿਆਂ ਦੁੱਖ ਭੋਗਦਾ

ਹੈ, ਮਾਇਆ ਵਾਲੇ (ਇਸ ਦੇ) ਕੰਮ ਕਦੇ ਮੁੱਕਦੇ ਹੀ ਨਹੀਂ । ਕਾਮ-ਵਾਸਨਾ ਵਿਚ, ਕ੍ਰੋਧ ਵਿਚ, ਲੋਭ ਵਿਚ (ਇਸ ਦਾ) ਮਨ ਡੁੱਬਾ ਰਹਿੰਦਾ ਹੈ; ਜਿਵੇਂ ਮੱਛੀ ਪਾਣੀ ਤੋਂ ਬਿਨਾ ਤੜਫ ਮਰਦੀ ਹੈ, ਤਿਵੇਂ ਨਾਮ ਤੋਂ ਬਿਨਾ ਵਿਕਾਰਾਂ ਵਿਚ ਲੁਛ ਲੁਛ ਕੇ ਇਹ ਆਤਮਕ ਮੌਤ ਸਹੇੜ ਲੈਂਦਾ ਹੈ । ੩ ।

ਪਰ, ਹੇ ਭਾਈ ! ਪ੍ਰਭੂ ਜੀ ਆਪ ਜਿਸ ਮਨੁੱਖ ਦੇ ਰਖਵਾਲੇ ਬਣ ਗਏ, ਉਹ ਮਨੁੱਖ ਸਦਾ ਹੀ ਪ੍ਰਭੂ ਦਾ ਨਾਮ ਜਪਦਾ ਹੈ । ਹੇ ਨਾਨਕ ! ਜਿਸ ਮਨੁੱਖ ਨੂੰ (ਪ੍ਰਭੂ ਦੀ ਕਿਰਪਾ ਨਾਲ) ਪੂਰਾ ਗੁਰੂ ਮਿਲ ਪੈਂਦਾ ਹੈ, ਉਹ ਸਾਧ ਸੰਗਤਿ ਵਿਚ ਰਹਿ ਕੇ ਪਰਮਾਤਮਾ ਦੇ ਗੁਣ ਗਾਂਦਾ ਹੈ । ੪ । ੧੫ । ੨੮ ।

ਭੈਰਉ ਮਹਲਾ ੫ ।। ਅਪਣੀ ਦਇਆ ਕਰੇ ਸੋ ਪਾਏ ।। ਹਰਿ ਕਾ ਨਾਮੁ ਮੰਨਿ ਵਸਾਏ ।। ਸਾਚ ਸਬਦੁ ਹਿਰਦੇ ਮਨ ਮਾਹਿ ।। ਜਨਮ ਜਨਮ ਕੇ ਕਿਲਵਿਖ ਜਾਹਿ ।। ੧ ।। ਰਾਮ ਨਾਮੁ ਜੀਅ ਕੋ ਆਧਾਰੁ ।। ਗੁਰ ਪਰਸਾਦਿ ਜਪਹੁ ਨਿਤ ਭਾਈ ਤਾਰਿ ਲਏ ਸਾਗਰ ਸੰਸਾਰੁ ॥ ੧ ॥ ਰਹਾਉ ॥ ਜਿਨ ਕਉ ਲਿਖਿਆ ਹਰਿ ਏਹੁ ਨਿਧਾਨੁ ॥ ਸੇ ਜਨ ਦਰਗਹ ਪਾਵਹਿ ਮਾਨੁ॥ ਸੂਖ ਸਹਜ ਆਨੰਦ ਗੁਣ ਗਾਉ ।। ਆਗੈ ਮਿਲੈ ਨਿਥਾਵੇ ਥਾਉ ।। ੨ ।। ਜੁਗਹ ਜੁਗੰਤਰਿ ਇਹੁ ਤਤੁ ਸਾਰੁ ।। ਹਰਿ ਸਿਮਰਣੁ ਸਾਚਾ ਬੀਚਾਰੁ ।। ਜਿਸੁ ਲੜਿ ਲਾਇ ਲਏ ਸੋ ਲਾਗੈ ।। ਜਨਮ ਜਨਮ ਕਾ ਸੋਇਆ ਜਾਗੈ ।। ੩ ।। ਤੇਰੇ ਭਗਤ ਭਗਤਨ ਕਾ ਆਪਿ ॥ ਅਪਣੀ ਮਹਿਮਾ ਆਪੇ ਜਾਪਿ ॥ ਜੀਅ ਜੰਤ ਸਭਿ ਤੇਰੈ ਹਾਥਿ ।। ਨਾਨਕ ਕੇ ਪ੍ਰਭ ਸਦ ਹੀ ਸਾਥਿ ॥ ੪ ॥ ੧੬ ॥ ੨੯ ॥

ਪਦ ਅਰਥ :—ਕਰੇ—(ਪਰਮਾਤਮਾ) ਕਰਦਾ ਹੈ । ਸੋ ਪਾਏ—ਉਹ (ਮਨੁੱਖ ਹਰਿ-ਨਾਮ) ਪ੍ਰਾਪਤ ਕਰ ਲੈਂਦਾ ਹੈ । ਮੰਨਿ—ਮਨਿ, ਮਨ ਵਿਚ । ਸਾਚ ਸਬਦੁ—ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ । ਕਿਲਵਿਖ—(ਸਾਰੇ) ਪਾਪ । ਜਾਹਿ—ਦੂਰ ਹੋ ਜਾਂਦੇ ਹਨ [ਬਹੁ ਵਚਨ] । ੧ ।

ਜੀਅ ਕੋ—ਜਿੰਦ ਦਾ । ਆਧਾਰੁ—ਆਸਰਾ । ਪਰਸਾਦਿ—ਕਿਰਪਾ ਨਾਲ । ਭਾਈ—ਹੇ ਭਾਈ ! ਸਾਗਰ—ਸਮੁੰਦਰ । ੧ । ਰਹਾਉ ।

ਨਿਧਾਨੁ—ਖ਼ਜ਼ਾਨਾ । ਸੇ ਜਨ—ਉਹ ਬੰਦੇ [ਬਹੁ ਵਚਨ] । ਮਾਨੁ—ਆਦਰ । ਸਹਜ—ਆਤਮਕ ਅਡੋਲਤਾ । ਆਗੈ—ਪਰਮਾਤਮਾ ਦੀ ਹਜ਼ੂਰੀ ਵਿਚ । ੨ ।

ਜੁਗਹ ਜੁਗੰਤਰਿ—ਜੁਗਹ ਜੁਗ ਅੰਤਰਿ, ਹਰੇਕ ਜੁਗ ਵਿਚ । ਤਤੁ—ਅਸਲੀਅਤ ।

ਸਾਰੁ—ਤੱਤ, ਅਸਲੀਅਤ, ਨਿਚੋੜ। ਸਾਚਾ—ਸਦਾ ਕਾਇਮ ਰਹਿਣ ਵਾਲਾ। ਲੜਿ—ਪੱਲੇ ਨਾਲ। ਜਾਗੈ—ਜਾਗ ਪੈਂਦਾ ਹੈ। ੩।

ਮਹਿਮਾ—ਵਡਿਆਈ, ਸੋਭਾ। ਆਪੇ—ਆਪ ਹੀ। ਜਾਪਿ—(ਤੂੰ) ਜਪਦਾ ਹੈਂ। ਸਭਿ—ਸਾਰੇ। ਹਾਥਿ—ਹੱਥ ਵਿਚ, ਵੱਸ ਵਿਚ। ਪ੍ਰਭ—ਹੇ ਪ੍ਰਭੂ! ਸਦ—ਸਦਾ। ਸਾਥਿ—ਨਾਲ। ੪।

ਅਰਥ :—ਹੇ ਭਾਈ! ਪਰਮਾਤਮਾ ਦਾ ਨਾਮ (ਮਨੁੱਖ ਦੀ) ਜਿੰਦ ਦਾ ਆਸਰਾ ਹੈ। (ਇਸ ਵਾਸਤੇ) ਗੁਰੂ ਦੀ ਕਿਰਪਾ ਨਾਲ (ਇਹ ਨਾਮ) ਸਦਾ ਜਪਿਆ ਕਰੋ, (ਪ੍ਰਭੂ ਦਾ ਨਾਮ) ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ। ੧। ਰਹਾਉ।

ਹੇ ਭਾਈ! (ਜਿਸ ਮਨੁੱਖ ਉੱਤੇ) ਪਰਮਾਤਮਾ ਆਪਣੀ ਮਿਹਰ ਕਰਦਾ ਹੈ, ਉਹ ਮਨੁੱਖ (ਹਰਿ-ਨਾਮ ਦਾ ਸਿਮਰਨ) ਪ੍ਰਾਪਤ ਕਰ ਲੈਂਦਾ ਹੈ, ਉਹ ਮਨੁੱਖ ਪਰਮਾਤਮਾ ਦਾ ਨਾਮ ਆਪਣੇ ਮਨ ਵਿਚ ਵਸਾ ਲੈਂਦਾ ਹੈ, ਉਹ ਮਨੁੱਖ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦਾ ਸ਼ਬਦ ਆਪਣੇ ਹਿਰਦੇ ਵਿਚ ਆਪਣੇ ਮਨ ਵਿਚ ਟਿਕਾਈ ਰੱਖਦਾ ਹੈ (ਜਿਸ ਦੀ ਬਰਕਤਿ ਨਾਲ ਮਨੁੱਖ ਦੇ) ਅਨੇਕਾਂ ਜਨਮਾਂ ਦੇ ਪਾਪ ਦੂਰ ਹੋ ਜਾਂਦੇ ਹਨ। ੧।

ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਮੱਥੇ ਉੱਤੇ ਪਰਮਾਤਮਾ ਨੇ ਇਸ ਨਾਮ-ਖ਼ਜ਼ਾਨੇ ਦੀ ਪ੍ਰਾਪਤੀ ਲਿਖੀ ਹੁੰਦੀ ਹੈ, ਉਹ ਮਨੁੱਖ (ਨਾਮ ਜਪ ਕੇ) ਪਰਮਾਤਮਾ ਦੀ ਹਜ਼ੂਰੀ ਵਿਚ ਆਦਰ ਪਾਂਦੇ ਹਨ। ਹੇ ਭਾਈ! ਪਰਮਾਤਮਾ ਦੇ ਗੁਣ ਗਾਇਆ ਕਰੋ, (ਗੁਣ ਗਾਵਣ ਦੀ ਬਰਕਤਿ ਨਾਲ) ਆਤਮਕ ਅਡੋਲਤਾ ਦੇ ਸੁਖ ਆਨੰਦ (ਪ੍ਰਾਪਤ ਹੁੰਦੇ ਹਨ), (ਜਿਸ ਮਨੁੱਖ ਨੂੰ ਜਗਤ ਵਿਚ) ਕੋਈ ਜੀਵ ਭੀ ਸਹਾਰਾ ਨਹੀਂ ਦੇਂਦਾ, ਉਸ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਥਾਂ ਮਿਲਦੀ ਹੈ। ੨।

ਹੇ ਭਾਈ! (ਜੁਗ ਕੋਈ ਭੀ ਹੋਵੇ) ਹਰੇਕ ਜੁਗ ਵਿਚ ਪਰਮਾਤਮਾ ਦਾ ਸਿਮਰਨ ਹੀ (ਆਤਮਕ ਜੀਵਨ ਜੀਊਣ ਦੀ) ਸਹੀ ਵਿਚਾਰ ਹੈ (ਇਹ ਨਾਮ-ਸਿਮਰਨ ਹੀ ਜੀਵਨ-ਜੁਗਤਿ ਦਾ) ਤੱਤ ਹੈ ਨਿਚੋੜ ਹੈ। ਪਰ, ਜਿਸ ਮਨੁੱਖ ਨੂੰ ਪਰਮਾਤਮਾ ਆਪ ਆਪਣੇ ਲੜ ਲਾ ਲੈਂਦਾ ਹੈ, ਉਹੀ ਲੱਗਦਾ ਹੈ, ਉਹੀ ਮਨੁੱਖ (ਮਾਇਆ ਦੇ ਮੋਹ ਦੀ ਨੀਂਦ ਵਿਚ) ਅਨੇਕਾਂ ਜਨਮਾਂ ਦਾ ਸੁੱਤਾ ਹੋਇਆ ਜਾਗ ਪੈਂਦਾ ਹੈ। ੩।

ਹੇ ਪ੍ਰਭੂ! ਤੇਰੇ ਭਗਤ (ਤੇਰੇ ਸਹਾਰੇ ਹਨ), ਤੂੰ ਆਪ ਆਪਣੇ ਭਗਤਾਂ ਦਾ (ਸਦਾ ਰਾਖਾ ਹੈਂ)। (ਭਗਤਾਂ ਵਿਚ ਬੈਠ ਕੇ) ਤੂੰ ਆਪ ਹੀ ਆਪਣੀ ਵਡਿਆਈ ਕਰਦਾ ਹੈਂ। ਹੇ ਨਾਨਕ ਦੇ ਪ੍ਰਭੂ! ਸਾਰੇ ਹੀ ਜੀਅ ਜੰਤ ਤੇਰੇ ਵੱਸ ਵਿਚ ਹਨ, ਤੂੰ ਸਭ ਜੀਵਾਂ ਦੇ ਸਦਾ ਅੰਗ-ਸੰਗ ਰਹਿੰਦਾ ਹੈਂ। ੪। ੧੬। ੨੯।

ਭੈਰਉ ਮਹਲਾ ੫॥ ਨਾਮੁ ਹਮਾਰੈ ਅੰਤਰਜਾਮੀ॥ ਨਾਮੁ ਹਮਾਰੈ

ਆਵੈ ਕਾਮੀ ॥ ਰੋਮਿ ਰੋਮਿ ਰਵਿਆ ਹਰਿਨਾਮੁ ॥ ਸਤਿਗੁਰ ਪੂਰੈ ਕੀਨੋ ਦਾਨੁ ॥ ੧ ॥ ਨਾਮੁ ਰਤਨੁ ਮੇਰੈ ਭੰਡਾਰ ॥ ਅਗਮ ਅਮੋਲਾ ਅਪਰ ਅਪਾਰ ॥ ੧ ॥ ਰਹਾਉ ॥ ਨਾਮੁ ਹਮਾਰੈ ਨਿਹਚਲ ਧਨੀ ॥ ਨਾਮ ਕੀ ਮਹਿਮਾ ਸਭ ਮਹਿ ਬਨੀ ॥ ਨਾਮੁ ਹਮਾਰੈ ਪੂਰਾ ਸਾਹੁ ॥ ਨਾਮੁ ਹਮਾਰੈ ਬੇਪਰਵਾਹੁ ॥ ੨ ॥ ਨਾਮੁ ਹਮਾਰੈ ਭੋਜਨ ਭਾਉ ॥ ਨਾਮੁ ਹਮਾਰੈ ਮਨ ਕਾ ਸੁਆਉ ॥ ਨਾਮੁ ਨ ਵਿਸਰੈ ਸੰਤ ਪ੍ਰਸਾਦਿ ॥ ਨਾਮੁ ਲੈਤ ਅਨਹਦ ਪੂਰੇ ਨਾਦ ॥ ੩ ॥ ਪ੍ਰਭ ਕਿਰਪਾ ਤੇ ਨਾਮੁ ਨਉਨਿਧਿ ਪਾਈ॥ ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥ ਧਨਵੰਤੇ ਸੇਈ ਪਰਧਾਨ ॥ ਨਾਨਕ ਜਾ ਕੈ ਨਾਮੁ ਨਿਧਾਨ ॥ ੪ ॥ ੧੭ ॥ ੩੦ ॥

ਪਦ ਅਰਥ :—ਹਮਾਰੈ—ਮੇਰੇ ਹਿਰਦੇ ਵਿਚ, ਮੇਰੇ ਵਾਸਤੇ । ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਣਨ ਵਾਲਾ । ਆਵੈ ਕਾਮੀ—ਕੰਮ ਆਉਂਦਾ ਹੈ, ਹਰੇਕ ਕੰਮ ਸਵਾਰਦਾ ਹੈ । ਰੋਮਿ ਰੋਮਿ—ਹਰੇਕ ਰੋਮ ਵਿਚ । ਰਵਿਆ—ਰਚ ਗਿਆ ਹੈ । ਸਤਿਗੁਰ ਪੂਰੈ—ਪੂਰੇ ਗੁਰੂ ਨੇ । ੧ ।

ਮੇਰੈ—ਮੇਰੇ ਵਾਸਤੇ, ਮੇਰੇ ਹਿਰਦੇ ਵਿਚ । ਰਤਨੁ—ਕੀਮਤੀ ਪਦਾਰਥ । ਭੰਡਾਰ—ਖ਼ਜ਼ਾਨੇ । ਅਗਮ—ਅਪਹੁੰਚ । ਅਮੋਲਾ—ਜੋ ਕਿਸੇ ਦੁਨੀਆਵੀ ਪਦਾਰਥ ਦੇ ਵੱਟੇ ਨਾਹ ਮਿਲ ਸਕੇ । ਅਪਰ ਅਪਾਰ-ਬੇਅੰਤ । ੧ । ਰਹਾਉ ।

ਨਿਹਚਲ ਧਨੀ—ਸਦਾ ਕਾਇਮ ਰਹਿਣ ਵਾਲਾ ਮਾਲਕ । ਮਹਿਮਾ—ਵਡਿਆਈ । ਪੂਰਾ ਸਾਹੁ—ਉਹ ਸ਼ਾਹ ਜਿਸ ਦੇ ਘਰ ਵਿਚ ਕੋਈ ਕਿਸੇ ਤਰ੍ਹਾਂ ਦੀ ਕਮੀ ਨਾਹ ਹੋਵੇ । ਵੇਪਰਵਾਹੁ—ਬੇ-ਮੁਥਾਜ । ੨ ।

ਭਾਉ—ਪਿਆਰ । ਸੁਆਉ—ਸੁਆਰਥ, ਮਨੋਰਥ, ਮੰਗ । ਸੰਤ ਪ੍ਰਸਾਦਿ—ਗੁਰੂ-ਸੰਤ ਦੀ ਕਿਰਪਾ ਨਾਲ । ਅਨਹਦ ਨਾਦ—ਇਕ-ਰਸ ਵੱਜ ਰਹੇ ਵਾਜੇ । ੩ ।

ਤੇ—ਤੋਂ, ਨਾਲ । ਨਉਨਿਧਿ—ਧਰਤੀ ਦੇ ਸਾਰੇ ਨੌ ਹੀ ਖ਼ਜ਼ਾਨੇ । ਸਿਉ—ਨਾਲ । ਸੇਈ—ਉਹ ਬੰਦੇ । ਜਾ ਕੈ—ਜਿਨ੍ਹਾਂ ਦੇ ਹਿਰਦੇ ਵਿਚ । ਨਿਧਾਨ-ਖ਼ਜ਼ਾਨਾ । ੪ ।

ਅਰਥ :—ਹੇ ਭਾਈ ! (ਪੂਰੇ ਗੁਰੂ ਦੀ ਕਿਰਪਾ ਨਾਲ) ਅਪਹੁੰਚ ਤੇ ਬੇਅੰਤ ਪਰਮਾਤਮਾ ਦਾ ਕੀਮਤੀ ਨਾਮ ਮੇਰੇ ਹਿਰਦੇ ਵਿਚ ਆ ਵੱਸਿਆ ਹੈ, ਇਹ ਐਸਾ ਖ਼ਜ਼ਾਨਾ ਹੈ ਜੋ ਕਿਸੇ ਕੀਮਤ ਤੋਂ ਨਹੀਂ ਮਿਲ ਸਕਦਾ । ੧ । ਰਹਾਉ ।

ਹੇ ਭਾਈ ! ਪੂਰੇ ਗੁਰੂ ਨੇ ਮੈਨੂੰ (ਹਰਿ-ਨਾਮ ਰਤਨ ਦਾ) ਦਾਨ ਦਿੱਤਾ ਹੈ, (ਹੁਣ) ਸਭ ਦੇ ਦਿਲ ਦੀ ਜਾਣਨ ਵਾਲੇ ਹਰੀ ਦਾ ਨਾਮ ਮੇਰੇ ਹਿਰਦੇ ਵਿਚ ਵੱਸ ਰਿਹਾ ਹੈ, ਹਰਿ-

ਨਾਮ ਮੇਰੇ ਸਾਰੇ ਕੰਮ ਸਵਾਰ ਰਿਹਾ ਹੈ, (ਗੁਰੂ ਦੀ ਕਿਰਪਾ ਨਾਲ) ਹਰਿ-ਨਾਮ ਮੇਰੇ ਰੋਮ ਰੋਮ ਵਿਚ ਵੱਸ ਪਿਆ ਹੈ । ੧ ।

ਹੇ ਭਾਈ ! ਹੁਣ ਪਰਮਾਤਮਾ ਦਾ ਨਾਮ ਹੀ (ਮੇਰੇ ਸਿਰ ਉਤੇ) ਸਦਾ ਕਾਇਮ ਰਹਿਣ ਵਾਲਾ ਮਾਲਕ ਹੈ । ਹਰਿ-ਨਾਮ ਦੀ ਵਡਿਆਈ ਹੀ ਸਭ ਜੀਵਾਂ ਦੇ ਅੰਦਰ ਸੋਭ ਰਹੀ ਹੈ । ਹੇ ਭਾਈ ! ਹੁਣ ਪਰਮਾਤਮਾ ਦਾ ਨਾਮ ਹੀ (ਮੇਰੇ ਵਾਸਤੇ ਉਹ) ਸ਼ਾਹ ਹੈ ਜਿਸ ਦੇ ਘਰ ਵਿਚ ਕੋਈ ਕਮੀ ਨਹੀਂ, ਹਰਿ-ਨਾਮ ਹੀ (ਮੇਰੇ ਸਿਰ ਉਤੇ ਉਹ) ਮਾਲਕ ਹੈ ਜਿਸ ਨੂੰ ਕਿਸੇ ਦੀ ਮੁਥਾਜੀ ਨਹੀਂ । ੨ ।

ਹੇ ਭਾਈ ! (ਜਦੋਂ ਤੋਂ ਪੂਰੇ ਗੁਰੂ ਨੇ ਮੈਨੂੰ ਨਾਮ ਦਾ ਦਾਨ ਦਿੱਤਾ ਹੈ, ਤਦੋਂ ਤੋਂ) ਪਰਮਾਤਮਾ ਦਾ ਨਾਮ ਪਰਮਾਤਮਾ ਦੇ ਨਾਮ ਦਾ ਪਿਆਰ ਹੀ ਮੇਰੀ ਆਤਮਕ ਖ਼ੁਰਾਕ ਬਣ ਗਈ ਹੈ । ਹਰਿ-ਨਾਮ ਮੇਰੇ ਮਨ ਦੀ ਹਰ ਵੇਲੇ ਦੀ ਮੰਗ ਹੋ ਗਈ ਹੈ । ਹੇ ਭਾਈ ! ਗੁਰੂ-ਸੰਤ ਦੀ ਕਿਰਪਾ ਨਾਲ ਪਰਮਾਤਮਾ ਦਾ ਨਾਮ ਮੈਨੂੰ ਕਦੇ ਨਹੀਂ ਭੁੱਲਦਾ । ਹੇ ਭਾਈ ! ਨਾਮ ਜਪਦਿਆਂ (ਅੰਤਰ ਆਤਮੇ ਇਉਂ ਪ੍ਰਤੀਤ ਹੁੰਦਾ ਹੈ ਕਿ) ਸਾਰੇ ਸੰਗੀਤਕ ਸਾਜ ਇਕ-ਰਸ ਵੱਜਣ ਲੱਗ ਪਏ ਹਨ । ੩ ।

ਹੇ ਭਾਈ ! ਪਰਮਾਤਮਾ ਦੀ ਕਿਰਪਾ ਨਾਲ ਮੈਨੂੰ (ਉਸ ਦਾ) ਨਾਮ ਮਿਲ ਗਿਆ ਹੈ (ਜੋ ਮੇਰੇ ਲਈ, ਮਾਨੋ, ਧਰਤੀ ਦੇ ਸਾਰੇ) ਨੌ ਖ਼ਜ਼ਾਨੇ ਹੈ । ਗੁਰੂ ਦੀ ਕਿਰਪਾ ਨਾਲ ਮੇਰਾ ਪਿਆਰ ਪਰਮਾਤਮਾ ਦੇ ਨਾਮ ਨਾਲ ਬਣ ਗਿਆ ਹੈ ।

ਹੇ ਨਾਨਕ ! ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਨਾਮ-ਖ਼ਜ਼ਾਨਾ (ਆ ਵੱਸਦਾ ਹੈ), ਉਹੀ (ਅਸਲ) ਧਨਾਢ ਹਨ, ਉਹੀ (ਲੋਕ ਪਰਲੋਕ ਵਿਚ) ਤੁਰਨੇ-ਸਿਰ ਮਨੁੱਖ ਹਨ । ੪ । ੧੭ । ੩੦ ।

ਭੈਰਉ ਮਹਲਾ ੫ ॥ ਤੂ ਮੇਰਾ ਪਿਤਾ ਤੂ ਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥ ਤੂ ਮੇਰਾ ਠਾਕੁਰੁ ਹਉ ਦਾਸੁ ਤੇਰਾ ॥ ਤੁਝ ਬਿਨੁ ਅਵਰੁ ਨਹੀ ਕੋ ਮੇਰਾ ॥ ੧ ॥ ਕਰਿ ਕਿਰਪਾ ਕਰਹੁ ਪ੍ਰਭ ਦਾਤਿ ॥ ਤੁਮ੍ਹਰੀ ਉਸਤਤਿ ਕਰਉ ਦਿਨ ਰਾਤਿ ॥ ੧ ॥ ਰਹਾਉ ॥ ਹਮ ਤੇਰੇ ਜੰਤ ਤੂ ਬਜਾਵਨਹਾਰਾ ॥ ਹਮ ਤੇਰੇ ਭਿਖਾਰੀ ਦਾਨੁ ਦੇਹਿ ਦਾਤਾਰਾ ॥ ਤਉ ਪਰਸਾਦਿ ਰੰਗ ਰਸ ਮਾਣੇ ॥ ਘਟ ਘਟ ਅੰਤਰਿ ਤੁਮਹਿ ਸਮਾਣੇ ॥ ੨ ॥ ਤੁਮਰੀ ਕ੍ਰਿਪਾ ਤੇ ਜਪੀਐ ਨਾਉ ॥ ਸਾਧ ਸੰਗਿ ਤੁਮਰੇ ਗੁਣ ਗਾਉ ॥ ਤੁਮ੍ਹਰੀ ਦਇਆ ਤੇ ਹੋਇ ਦਰਦ ਬਿਨਾਸੁ ॥ ਤੁਮਰੀ ਮਇਆ ਤੇ ਕਮਲ ਬਿਗਾਸੁ ॥ ੩ ॥ ਹਉ ਬਲਿਹਾਰਿ ਜਾਉ ਗੁਰਦੇਵ ॥ ਸਫਲ ਦਰਸਨੁ ਜਾ ਕੀ ਨਿਰਮਲ

ਸੇਵ ॥ ਦਇਆ ਕਰਹੁ ਠਾਕੁਰ ਪ੍ਰਭ ਮੇਰੇ ॥ ਗੁਣ ਗਾਵੈ ਨਾਨਕੁ ਨਿਤ ਤੇਰੇ ॥ ੪ ॥ ੧੯ ॥ ੩੨ ॥

ਪਦ ਅਰਥ :—ਜੀਅ ਦਾਤਾ—ਜਿੰਦ ਦੇਣ ਵਾਲਾ । ਪ੍ਰਾਨ ਦਾਤਾ—ਪ੍ਰਾਣ ਦੇਣ ਵਾਲਾ । ਸੁਖ ਦਾਤਾ—ਸਾਰੇ ਸੁਖ ਦੇਣ ਵਾਲਾ । ਠਾਕੁਰੁ—ਮਾਲਕ । ਹਉ—ਮੈਂ । ਅਵਰੁ ਕੋ—ਕੋਈ ਹੋਰ । ੧ ।

ਕਰਿ—ਕਰ ਕੇ । ਪ੍ਰਭ—ਹੇ ਪ੍ਰਭੂ ! ਉਸਤਤਿ—ਸਿਫ਼ਤਿ ਸਾਲਾਹ । ਕਰਉ—ਕਰਉਂ, ਮੈਂ ਕਰਦਾ ਰਹਾਂ । ੧ । ਰਹਾਉ ।

ਜੰਤ—ਜੰਤ੍ਰ, ਸਾਜ । ਭਿਖਾਰੀ—ਮੰਗਤੇ । ਦੇਹਿ—ਦੇਹਿਂ, ਤੂੰ ਦੇਂਦਾ ਹੈਂ । ਤਉ ਪਰਸਾਦਿ—ਤੇਰੀ ਕਿਰਪਾ ਨਾਲ । ਘਟ ਘਟ ਅੰਤਰਿ—ਹਰੇਕ ਸਰੀਰ ਵਿਚ । ਤੁਮਹਿ—ਤੂੰ ਹੀ । ੨ ।

ਤੇ—ਤੋਂ, ਨਾਲ । ਜਪੀਐ—ਜਪਿਆ ਜਾ ਸਕਦਾ ਹੈ। ਸਾਧ ਸੰਗਿ—ਗੁਰੂ ਦੀ ਸੰਗਤਿ ਵਿਚ । ਗਾਉ—ਗਾਉਂ, ਮੈਂ ਗਾਂਦਾ ਰਹਾਂ । ਦਰਦ ਬਿਨਾਸੁ—ਦਰਦ ਦਾ ਨਾਸ। ਮਇਆ—ਕਿਰਪਾ । ਬਿਗਾਸੁ—ਖੇੜਾ, ਖਿੜਾਉ । ੩ ।

ਹਉ—ਮੈਂ । ਜਾਉ—ਜਾਉਂ, ਮੈਂ ਜਾਵਾਂ । ਸਫਲ—ਫਲ ਦੇਣ ਵਾਲਾ । ਨਿਰਮਲ—ਪਵਿੱਤਰ ਕਰਨ ਵਾਲੀ । ਪ੍ਰਭ—ਹੇ ਪ੍ਰਭੂ ! ਗਾਵੈ—ਗਾਂਦਾ ਰਹੇ । ੪ ।

ਅਰਥ :—ਹੇ ਪ੍ਰਭੂ ! ਮਿਹਰ ਕਰ ਕੇ (ਮੈਨੂੰ ਇਹ) ਦਾਤਿ ਬਖ਼ਸ਼ (ਕਿ) ਮੈਂ ਦਿਨ ਰਾਤ ਤੇਰੀ ਸਿਫ਼ਤਿ ਸਾਲਾਹ ਕਰਦਾ ਰਹਾਂ । ੧ । ਰਹਾਉ ।

ਹੇ ਪ੍ਰਭੂ ! ਮੇਰੇ ਵਾਸਤੇ ਤੂੰ ਹੀ ਪਿਤਾ ਹੈਂ, ਮੇਰੇ ਵਾਸਤੇ ਤੂੰ ਹੀ ਮਾਂ ਹੈਂ । ਤੂੰ ਹੀ ਮੈਨੂੰ ਜਿੰਦ ਦੇਣ ਵਾਲਾ ਹੈਂ, ਤੂੰ ਹੀ ਮੈਨੂੰ ਪ੍ਰਾਣ ਦੇਣ ਵਾਲਾ ਹੈਂ, ਤੂੰ ਹੀ ਮੈਨੂੰ ਸਾਰੇ ਸੁਖ ਦੇਣ ਵਾਲਾ ਹੈਂ । ਤੂੰ ਮੇਰਾ ਮਾਲਕ ਹੈਂ, ਮੈਂ ਤੇਰਾ ਸੇਵਕ ਹਾਂ । ਤੈਥੋਂ ਬਿਨਾ ਹੋਰ ਕੋਈ ਮੇਰਾ (ਆਸਰਾ) ਨਹੀਂ ਹੈ । ੧ ।

ਹੇ ਪ੍ਰਭੂ ! ਅਸੀ ਜੀਵ ਤੇਰੇ (ਸੰਗੀਤਕ) ਸਾਜ ਹਾਂ, ਤੂੰ (ਇਹਨਾਂ ਸਾਜਾਂ ਨੂੰ) ਵਜਾਣ ਵਾਲਾ ਹੈਂ । ਹੇ ਦਾਤਾਰ ! ਅਸੀ ਤੇਰੇ (ਦਰ ਦੇ) ਮੰਗਤੇ ਹਾਂ, ਤੂੰ ਸਾਨੂੰ ਦਾਨ ਦੇਂਦਾ ਹੈਂ । ਤੇਰੀ ਮਿਹਰ ਨਾਲ ਹੀ ਅਸੀ (ਬੇਅੰਤ) ਰੰਗ ਰਸ ਮਾਣਦੇ ਆ ਰਹੇ ਹਾਂ । ਹੇ ਪ੍ਰਭੂ ! ਹਰੇਕ ਸਰੀਰ ਵਿਚ ਤੂੰ ਹੀ ਮੌਜੂਦ ਹੈਂ । ੨ ।

ਹੇ ਪ੍ਰਭੂ ! ਤੇਰੀ ਮਿਹਰ ਨਾਲ (ਹੀ) ਤੇਰਾ ਨਾਮ ਜਪਿਆ ਜਾ ਸਕਦਾ ਹੈ, (ਮਿਹਰ ਕਰ ਕਿ) ਮੈਂ ਸਾਧ ਸੰਗਤਿ ਵਿਚ ਟਿਕ ਕੇ ਤੇਰੇ ਗੁਣ ਗਾਂਦਾ ਰਹਾਂ। ਹੇ ਪ੍ਰਭੂ! ਤੇਰੀ ਮਿਹਰ ਨਾਲ (ਹੀ) ਮੇਰੇ ਹਰੇਕ ਦਰਦ ਦਾ ਨਾਸ ਹੁੰਦਾ ਹੈ, ਤੇਰੀ ਮਿਹਰ ਨਾਲ (ਹੀ)ਮੇਰੇ ਹਿਰਦੇ-ਕੌਲ ਦਾ ਖਿੜਾਉ ਹੁੰਦਾ ਹੈ । ੩ ।

ਹੇ ਭਾਈ! ਮੈਂ ਆਪਣੇ ਗੁਰੂ ਤੋਂ ਸਦਕੇ ਜਾਂਦਾ ਹਾਂ, ਉਸ ਗੁਰੂ ਦਾ ਦਰਸਨ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ, ਉਸ ਗੁਰੂ ਦੀ ਸੇਵਾ ਜੀਵਨ ਨੂੰ ਪਵਿੱਤਰ ਬਣਾਂਦੀ ਹੈ। ਹੇ ਮੇਰੇ ਠਾਕੁਰ! ਹੇ ਮੇਰੇ ਪ੍ਰਭੂ! ਮਿਹਰ ਕਰ, (ਤੇਰਾ ਦਾਸ)ਨਾਨਕ ਸਦਾ ਤੇਰੇ ਗੁਣ ਗਾਂਦਾ ਰਹੇ। ੪। ੧੮। ੩੧।

ਭੈਰਉ ਮਹਲਾ ੫ ।। ਸਭ ਤੇ ਊਚ ਜਾ ਕਾ ਦਰਬਾਰੁ ।। ਸਦਾ ਸਦਾ ਤਾ ਕਉ ਜੋਹਾਰੁ ।। ਊਚੇ ਤੇ ਊਚਾ ਜਾ ਕਾ ਥਾਨ ॥ ਕੋਟਿ ਅਘਾ ਮਿਟਹਿ ਹਰਿਨਾਮ ।। ੧ ।। ਤਿਸੁ ਸਰਣਾਈ ਸਦਾ ਸੁਖੁ ਹੋਇ ॥ ਕਰਿ ਕਿਰਪਾ ਜਾ ਕਉ ਮੇਲੈ ਸੋਇ ।। ੧ ।। ਰਹਾਉ ।। ਜਾ ਕੇ ਕਰਤਬ ਲਖੇ ਨ ਜਾਹਿ ॥ ਜਾ ਕਾ ਭਰਵਾਸਾ ਸਭ ਘਟ ਮਾਹਿ ॥ ਪ੍ਰਗਟ ਭਇਆ ਸਾਧੂ ਕੈ ਸੰਗਿ ॥ ਭਗਤ ਅਰਾਧਹਿ ਅਨਦਿਨੁ ਰੰਗਿ ।। ੨ ।। ਦੇਦੇ ਤੋਟਿ ਨਹੀ ਭੰਡਾਰ ॥ ਖਿਨ ਮਹਿ ਥਾਪਿ ਉਥਾਪਨਹਾਰ ॥ ਜਾ ਕਾ ਹੁਕਮੁ ਨ ਮੇਟੈ ਕੋਇ ।। ਸਿਰਿ ਪਾਤਿਸਾਹਾ ਸਾਚਾ ਸੋਇ ॥ ੩ ॥ ਜਿਸ ਕੀ ਓਟਿ ਤਿਸੈ ਕੀ ਆਸਾ ।। ਦੁਖੁ ਸੁਖੁ ਹਮਰਾ ਤਿਸ ਹੀ ਪਾਸਾ ॥ ਰਾਖਿ ਲੀਨੋ ਸਭੁ ਜਨ ਕਾ ਪੜਦਾ ।। ਨਾਨਕੁ ਤਿਸ ਕੀ ਉਸਤਤਿ ਕਰਦਾ ॥ ੪ ॥ ੧੯ ॥ ੩੨ ॥

ਪਦ ਅਰਥ :–ਸਭ ਤੇ–ਸਭ (ਪਾਤਿਸ਼ਾਹਾਂ ਦੇ ਦਰਬਾਰਾਂ) ਤੋਂ। ਜਾ ਕਾ–ਜਿਸ (ਪ੍ਰਭੂ-ਪਾਤਿਸ਼ਾਹ) ਦਾ। ਤਾ ਕਉ–ਉਸ ਨੂੰ। ਜੋਹਾਰੁ–ਨਮਸਕਾਰ। ਕੋਟਿ–ਕ੍ਰੋੜਾਂ। ਅਘਾ –ਅਘਾਂ, ਪਾਪ। ਮਿਟਹਿ–ਮਿਟ ਜਾਂਦੇ ਹਨ [ਬਹੁ ਵਚਨ]।

ਸਰਣਾਈ–ਸਰਨ ਪਿਆਂ। ਜਾ ਕਉ–ਜਿਸ (ਮਨੁੱਖ) ਨੂੰ। ਸੋਇ–ਉਹ (ਪ੍ਰਭੂ ਆਪ) ਹੀ। ੧। ਰਹਾਉ।

ਲਖੇ ਨ ਜਾਹਿ–ਸਮਝੇ ਨਹੀਂ ਜਾ ਸਕਦੇ। ਭਰਵਾਸਾ–ਸਹਾਰਾ। ਘਟ–ਹਿਰਦਾ। ਸਾਧੂ ਕੈ ਸੰਗਿ–ਗੁਰੂ ਦੀ ਸੰਗਤਿ ਵਿਚ। ਅਰਾਧਹਿ–ਆਰਾਧਦੇ ਹਨ, ਨਾਮ ਜਪਦੇ ਹਨ। ਅਨਦਿਨੁ–ਹਰ ਰੋਜ਼, ਹਰ ਵੇਲੇ। ਰੰਗਿ–ਪ੍ਰੇਮ ਨਾਲ। ੨।

ਦੇਦੇ–ਦੇਂਦੇ, ਦੇਂਦਿਆਂ। ਤੋਟਿ–ਘਾਟਾ, ਕਮੀ। ਥਾਪਿ–ਪੈਦਾ ਕਰ ਕੇ। ਉਥਾਪਨ-ਹਾਰ–ਨਾਸ ਕਰ ਸਕਣ ਵਾਲਾ। ਨ ਮੇਟੈ–ਮੋੜ ਨਹੀਂ ਸਕਦਾ। ਸਿਰਿ ਪਾਤਿਸ਼ਾਹਾ–(ਸਾਰੇ) ਪਾਤਿਸ਼ਾਹਾਂ ਦੇ ਸਿਰ ਉੱਤੇ। ਸਾਚਾ–ਸਦਾ ਕਾਇਮ ਰਹਿਣ ਵਾਲਾ। ੩।

ਜਿਸ ਕੀ–[ਸੰਬੰਧਕ 'ਕੀ' ਦੇ ਕਰਨ ਲਫ਼ਜ਼ 'ਜਿਸੁ' ਦਾ _ ਉੱਡ ਗਿਆ ਹੈ]। ਤਿਸ ਹੀ–[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ਸਭੁ–ਸਾਰਾ, ਹਰ ਥਾਂ। ੪।

ਅਰਥ:—ਹੇ ਭਾਈ ! ਉਹ ਪ੍ਰਭੂ ਆਪ ਹੀ ਮਿਹਰ ਕਰ ਕੇ ਜਿਸ ਮਨੁੱਖ ਨੂੰ ਆਪਣੇ ਚਰਨਾ ਵਿਚ ਜੋੜਦਾ ਹੈ, ਉਸ (ਪ੍ਰਭੂ) ਦੀ ਸਰਨ ਵਿਚ (ਰਹਿ ਕੇ) ਉਸ ਨੂੰ ਸਦਾ ਆਨੰਦ ਬਣਿਆ ਰਹਿੰਦਾ ਹੈ । ੧ । ਰਹਾਉ ।

ਹੇ ਭਾਈ ! ਜਿਸ (ਪਰਮਾਤਮਾ) ਦਾ ਦਰਬਾਰ ਸਭ (ਪਾਤਿਸ਼ਾਹਾਂ ਦੇ ਦਰਬਾਰਾਂ) ਨਾਲੋਂ ਉੱਚਾ ਹੈ, ਉਸ (ਪ੍ਰਭੂ-ਪਾਤਿਸ਼ਾਹ) ਨੂੰ ਸਦਾ ਹੀ ਸਦਾ ਨਮਸਕਾਰ ਕਰਨੀ ਚਾਹੀਦੀ ਹੈ । ਹੇ ਭਾਈ ! ਜਿਸ ਪ੍ਰਭੂ-ਪਾਤਿਸ਼ਾਹ ਦਾ ਮਹੱਲ ਉੱਚੇ ਤੋਂ ਉੱਚਾ ਹੈ, ਉਸ ਹਰੀ-ਪਾਤਿਸ਼ਾਹ ਦੇ ਨਾਮ ਦੀ ਬਰਕਤਿ ਨਾਲ ਕ੍ਰੋੜਾਂ ਪਾਪ ਖ਼ਤਮ ਹੋ ਜਾਂਦੇ ਹਨ । ੧ ।

ਹੇ ਭਾਈ ! ਜਿਸ ਪ੍ਰਭੂ-ਪਾਤਿਸ਼ਾਹ ਦੇ ਚੋਜ-ਤਮਾਸ਼ੇ ਸਮਝੇ ਨਹੀਂ ਜਾ ਸਕਦੇ, ਜਿਸ ਪਰਮਾਤਮਾ ਦਾ ਸਹਾਰਾ ਹਰੇਕ ਜੀਵ ਦੇ ਹਿਰਦੇ ਵਿਚ ਹੈ, ਉਹ ਪ੍ਰਭੂ-ਪਾਤਿਸ਼ਾਹ ਗੁਰੂ ਦੀ ਸੰਗਤਿ ਵਿਚ ਰਿਹਾਂ (ਮਨੁੱਖ ਦੇ ਹਿਰਦੇ ਵਿਚ) ਪਰਗਟ ਹੋ ਜਾਂਦਾ ਹੈ । ਉਸ ਦੇ ਭਗਤ ਹਰ ਵੇਲੇ ਪ੍ਰੇਮ ਨਾਲ ਉਸ ਦਾ ਨਾਮ ਜਪਦੇ ਰਹਿੰਦੇ ਹਨ । ੨ ।

ਹੇ ਭਾਈ ! (ਦੁਨੀਆ ਦੇ) ਪਾਤਿਸ਼ਾਹਾਂ ਦੇ ਸਿਰ ਉੱਤੇ ਸਦਾ ਕਾਇਮ ਰਹਿਣ ਵਾਲਾ (ਪਾਤਿਸ਼ਾਹ) ਉਹ (ਪਰਮਾਤਮਾ) ਹੀ ਹੈ, (ਜੀਵਾਂ ਨੂੰ ਬੇਅੰਤ ਦਾਤਾਂ) ਦੇਂਦਿਆਂ ਭੀ (ਉਸ ਦੇ) ਖ਼ਜ਼ਾਨਿਆਂ ਵਿਚ ਕਮੀ ਨਹੀਂ ਹੁੰਦੀ, ਉਹ ਇਕ ਖਿਨ ਵਿਚ ਪੈਦਾ ਕਰ ਕੇ ਨਾਸ ਕਰਨ ਦੀ ਸਮਰਥਾ ਵਾਲਾ ਹੈ । ਹੇ ਭਾਈ ! ਕੋਈ ਭੀ ਜੀਵ ਉਸ ਦਾ ਹੁਕਮ ਮੋੜ ਨਹੀਂ ਸਕਦਾ । ੩ ।

ਹੇ ਭਾਈ ! (ਦੁੱਖਾਂ ਤੋਂ ਬਚਣ ਲਈ ਅਸਾਂ ਜੀਵਾਂ ਨੂੰ) ਜਿਸ (ਪਰਮਾਤਮਾ) ਦਾ ਆਸਰਾ ਹੈ, (ਸੁਖਾਂ ਦੀ ਪ੍ਰਾਪਤੀ ਲਈ ਭੀ) ਉਸੇ ਦੀ (ਸਹਾਇਤਾ ਦੀ) ਆਸ ਹੈ । ਹੇ ਭਾਈ ! ਦੁੱਖ (ਤੋਂ ਬਚਣ ਲਈ, ਤੇ) ਸੁਖ (ਦੀ ਪ੍ਰਾਪਤੀ ਲਈ) ਅਸਾਂ ਜੀਵਾਂ ਦੀ ਉਸ ਦੇ ਪਾਸ ਹੀ (ਸਦਾ ਅਰਦਾਸ) ਹੈ । ਹੇ ਭਾਈ ! ਆਪਣੇ ਸੇਵਕ ਦੀ ਇੱਜ਼ਤ ਪਰਮਾਤਮਾ ਹਰ ਥਾਂ ਰੱਖ ਲੈਂਦਾ ਹੈ, ਨਾਨਕ ਉਸ ਦੀ (ਹੀ ਸਦਾ) ਸਿਫ਼ਤਿ ਸਾਲਾਹ ਕਰਦਾ ਹੈ । ੪। । ੧੯ । ੩੨ ।

ਭੈਰਉ ਮਹਲਾ ੫ ॥ ਰੋਵਨਹਾਰੀ ਰੋਜੁ ਬਨਾਇਆ ॥ ਬਲਨ ਬਰਤਨ ਕਉ ਸਨਬੰਧੁ ਚਿਤਿ ਆਇਆ ॥ ਬੂਝਿ ਬੈਰਾਗੁ ਕਰੇ ਜੇ ਕੋਇ ॥ ਜਨਮ ਮਰਣ ਫਿਰਿ ਸੋਗੁ ਨ ਹੋਇ ॥ ੧ ॥ ਬਿਖਿਆ ਕਾ ਸਭੁ ਧੰਧੁ ਪਸਾਰੁ ॥ ਵਿਰਲੈ ਕੀਨੋ ਨਾਮ ਅਧਾਰੁ ॥ ੧ ॥ ਰਹਾਉ ॥ ਤ੍ਰਿਬਿਧਿ ਮਾਇਆ ਰਹੀ ਬਿਆਪਿ ॥ ਜੋ ਲਪਟਾਨੋ ਤਿਸੁ ਦੂਖ ਸੰਤਾਪ ॥ ਸੁਖੁ ਨਾਹੀ ਬਿਨੁ ਨਾਮ ਧਿਆਏ ॥ ਨਾਮ ਨਿਧਾਨੁ ਬਡਭਾਗੀ ਪਾਏ ॥ ੨ ॥ ਸ੍ਵਾਂਗੀ ਸਿਉ ਜੋ ਮਨੁ

ਰੀਝਾਵੈ ॥ ਸ੍ਵਾਗਿ ਉਤਾਰਿਐ ਫਿਰਿ ਪਛੁਤਾਵੈ ॥ ਮੇਘ ਕੀ ਛਾਇਆ ਜੈਸੇ ਬਰਤਨਹਾਰ ॥ ਤੈਸੋ ਪਰਪੰਚੁ ਮੋਹ ਬਿਕਾਰ ॥ ੩ ॥ ਏਕ ਵਸਤੁ ਜੇ ਪਾਵੈ ਕੋਇ ॥ ਪੂਰਨ ਕਾਜੁ ਤਾਹੀ ਕਾ ਹੋਇ ॥ ਗੁਰ ਪ੍ਰਸਾਦਿ ਜਿਨਿ ਪਾਇਆ ਨਾਮੁ ॥ ਨਾਨਕ ਆਇਆ ਸੋ ਪਰਵਾਨੁ ॥ ੪ ॥ ੨੦ ॥ ੩੩ ॥

ਪਦ ਅਰਥ:–ਰੋਜੁ–ਹਰ ਰੋਜ਼ ਦਾ ਨੇਮ। ਬਲਨ–ਵਲੇਵਾ। ਬਲਨ ਬਰਤਨ ਕਉ –ਵਰਤਣ-ਵਿਹਾਰ ਦੀ ਖ਼ਾਤਰ। ਚਿਤਿ–ਚਿੱਤ ਵਿਚ। ਬੂਝਿ–(ਜਗਤ ਦੇ ਸੰਬੰਧ ਨੂੰ) ਸਮਝ ਕੇ। ਕੋਇ–ਕੋਈ ਮਨੁੱਖ। ਬੈਰਾਗੁ–ਨਿਰਮੋਹਤਾ। ਸੋਗੁ–ਗ਼ਮ। ੧।

ਬਿਖਿਆ–ਮਾਇਆ। ਧੰਧੁ–ਖਲਜਗਨ। ਅਧਾਰੁ–ਆਸਰਾ। ੧। ਰਹਾਉ।

ਤ੍ਰਿਬਿਧਿ–ਤਿੰਨਾਂ ਗੁਣਾਂ ਵਾਲੀ। ਰਹੀ ਬਿਆਪਿ–(ਆਪਣਾ) ਜੋਰ ਪਾ ਰਹੀ ਹੈ। ਲਪਟਾਨੋ–ਚੰਬੜਦਾ ਹੈ। ਸੰਤਾਪ–(ਅਨੇਕਾਂ) ਕਲੇਸ਼। ਨਿਧਾਨੁ–ਖ਼ਜ਼ਾਨਾ। ੨।

ਸਿਉ–ਨਾਲ। ਰੀਝਾਵੈ–ਪਰਚਾਂਦਾ ਹੈ। ਸ੍ਵਾਗਿ ਉਤਾਰਿਐ–ਜਦੋਂ ਸਾਂਗ ਲਾਹ ਦਿੱਤਾ ਜਾਂਦਾ ਹੈ। ਮੇਘ–ਬੱਦਲ। ਪਰਪੰਚੁ–ਜਗਤ-ਪਸਾਰਾ। ੩।

ਵਸਤੁ–ਨਾਮ-ਪਦਾਰਥ। ਤਾਹੀ ਕਾ–ਉਸੇ ਦਾ। ਪ੍ਰਸਾਦਿ–ਕਿਰਪਾ ਨਾਲ। ਜਿਨਿ–ਜਿਸ (ਮਨੁੱਖ) ਨੇ। ਆਇਆ–ਜਗਤ ਵਿਚ ਜੰਮਿਆ। ੪।

ਅਰਥ:–ਹੇ ਭਾਈ! (ਜਗਤ ਵਿਚ) ਮਾਇਆ ਦਾ ਹੀ ਸਾਰਾ ਧੰਧਾ ਹੈ, ਮਾਇਆ ਦਾ ਹੀ ਸਾਰਾ ਖਿਲਾਰਾ ਹੈ। ਕਿਸੇ ਵਿਰਲੇ ਮਨੁੱਖ ਨੇ (ਮਾਇਆ ਦਾ ਆਸਰਾ ਛੱਡ ਕੇ) ਪਰਮਾਤਮਾ ਦੇ ਨਾਮ ਦਾ ਆਸਰਾ ਲਿਆ ਹੈ। ੧। ਰਹਾਉ।

ਹੇ ਭਾਈ! (ਕਿਸੇ ਸੰਬੰਧੀ ਦੇ ਮਰਨ ਤੇ ਮਾਇਕ ਸੰਬੰਧਾਂ ਦੇ ਕਾਰਨ ਹੀ) ਰੋਣ ਵਾਲੀ ਇਸਤ੍ਰੀ (ਰੋਣ ਨੂੰ) ਹਰ ਰੋਜ਼ ਦਾ ਨੇਮ ਬਣਾਈ ਰੱਖਦੀ ਹੈ (ਕਿਉਂਕਿ ਉਸ ਨੂੰ ਵਿਛੁੜੇ ਸੰਬੰਧੀ ਦੇ ਨਾਲ) ਵਰਤਣ-ਵਿਹਾਰ ਦਾ ਸੰਬੰਧ ਚੇਤੇ ਆਉਂਦਾ ਰਹਿੰਦਾ ਹੈ। ਪਰ ਜੇ ਕੋਈ ਪ੍ਰਾਣੀ (ਇਹ) ਸਮਝ ਕੇ (ਕਿ ਇਹ ਮਾਇਕ ਸੰਬੰਧ ਸਦਾ ਕਾਇਮ ਨਹੀਂ ਰਹਿ ਸਕਦੇ ਆਪਣੇ ਅੰਦਰ) ਨਿਰਮੋਹਤਾ ਪੈਦਾ ਕਰ ਲਏ, ਤਾਂ ਉਸ ਨੂੰ (ਕਿਸੇ ਦੇ) ਜਨਮ (ਦੀ ਖ਼ੁਸ਼ੀ, ਤੇ, ਕਿਸੇ ਦੇ) ਮਰਨ ਦਾ ਗ਼ਮ ਨਹੀਂ ਵਿਆਪਦਾ। ੧।

ਹੇ ਭਾਈ! ਇਹ ਤ੍ਰਿਗੁਣੀ ਮਾਇਆ (ਸਾਰੇ ਜੀਵਾਂ ਉਤੇ ਆਪਣਾ) ਜ਼ੋਰ ਪਾ ਰਹੀ ਹੈ। ਜਿਹੜਾ ਮਨੁੱਖ (ਇਸ ਮਾਇਆ ਨੂੰ) ਚੰਬੜਿਆ ਰਹਿੰਦਾ ਹੈ, ਉਸ ਨੂੰ (ਅਨੇਕਾਂ) ਕਲੇਸ਼ ਵਿਆਪਦੇ ਰਹਿੰਦੇ ਹਨ। ਹੇ ਭਾਈ! ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਸੁਖ ਨਹੀਂ ਹੋ ਸਕਦਾ। ਕੋਈ ਵਿਰਲਾ ਕਿਸਮਤ ਵਾਲਾ ਮਨੁੱਖ ਹੀ ਨਾਮ-ਖ਼ਜ਼ਾਨਾ ਹਾਸਲ ਕਰਦਾ ਹੈ। ੨।

ਹੇ ਭਾਈ ! ਜਿਹੜਾ ਮਨੁੱਖ ਕਿਸੇ ਸਾਂਗ-ਧਾਰੀ ਨਾਲ ਪਿਆਰ ਪਾ ਲੈਂਦਾ ਹੈ, ਜਦੋਂ ਉਹ ਸਾਂਗ ਲਾਹ ਦਿੱਤਾ ਜਾਂਦਾ ਹੈ ਤਦੋਂ ਉਹ (ਪਿਆਰ ਪਾਣ ਵਾਲਾ ਅਸਲੀਅਤ ਵੇਖ ਕੇ) ਪਛੁਤਾਂਦਾ ਹੈ। ਹੇ ਭਾਈ ! ਜਿਵੇਂ ਬੱਦਲਾਂ ਦੀ ਛਾਂ (ਨੂੰ ਟਿਕਵੀਂ ਛਾਂ ਸਮਝ ਕੇ ਉਸ) ਨਾਲ ਵਰਤਣ ਕਰਨਾ ਹੈ, ਤਿਵੇਂ ਹੀ ਇਹ ਜਗਤ-ਪਸਾਰਾ ਮੋਹ ਆਦਿਕ ਵਿਕਾਰਾਂ ਦਾ ਮੂਲ ਹੈ। ੩।

ਹੇ ਭਾਈ ! ਜੇ ਕੋਈ ਮਨੁੱਖ ਪਰਮਾਤਮਾ ਦਾ ਨਾਮ-ਖ਼ਜ਼ਾਨਾ ਪ੍ਰਾਪਤ ਕਰ ਲਏ, ਉਸੇ ਦਾ ਹੀ (ਜੀਵਨ ਦਾ ਅਸਲ) ਕੰਮ ਕਿਸੇ ਸਿਰੇ ਚੜ੍ਹਦਾ ਹੈ। ਹੇ ਨਾਨਕ ! ਜਗਤ ਵਿਚ ਜੰਮਿਆ ਉਹੀ ਮਨੁੱਖ (ਲੋਕ ਪਰਲੋਕ ਵਿਚ) ਕਬੂਲ ਹੁੰਦਾ ਹੈ ਜਿਸ ਨੇ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦਾ ਨਾਮ ਹਾਸਲ ਕਰ ਲਿਆ ਹੈ। ੪। ੨੦। ੩੩।

ਭੈਰਉ ਮਹਲਾ ੫ ॥ ਸੰਤ ਕੀ ਨਿੰਦਾ ਜੋਨੀ ਭਵਨਾ ॥ ਸੰਤ ਕੀ ਨਿੰਦਾ ਰੋਗੀ ਕਰਨਾ ॥ ਸੰਤ ਕੀ ਨਿੰਦਾ ਦੂਖ ਸਹਾਮ ॥ ਡਾਨੁ ਦੈਤ ਨਿੰਦਕ ਕਉ ਜਾਮ ॥ ੧ ॥ ਸੰਤ ਸੰਗਿ ਕਰਹਿ ਜੋ ਬਾਦੁ ॥ ਤਿਨ ਨਿੰਦਕ ਨਾਹੀ ਕਿਛੁ ਸਾਦੁ ॥ ੧ ॥ ਰਹਾਉ ॥ ਭਗਤ ਕੀ ਨਿੰਦਾ ਕੰਧੁ ਛੇਦਾਵੈ ॥ ਭਗਤ ਕੀ ਨਿੰਦਾ ਨਰਕੁ ਭੁੰਚਾਵੈ ॥ ਭਗਤ ਕੀ ਨਿੰਦਾ ਗਰਭ ਮਹਿ ਗਲੈ ॥ ਭਗਤ ਕੀ ਨਿੰਦਾ ਰਾਜ ਤੇ ਟਲੈ ॥ ੨ ॥ ਨਿੰਦਕ ਕੀ ਗਤਿ ਕਤਹੂ ਨਾਹਿ ॥ ਆਪਿ ਬੀਜਿ ਆਪੇ ਹੀ ਖਾਹਿ ॥ ਚੋਰ ਜਾਰ ਜੂਆਰ ਤੇ ਬੁਰਾ ॥ ਅਣਹੋਦਾ ਭਾਰੁ ਨਿੰਦਕਿ ਸਿਰਿ ਧਰਾ ॥ ੩ ॥ ਪਾਰਬ੍ਰਹਮ ਕੇ ਭਗਤ ਨਿਰਵੈਰ ॥ ਸੋ ਨਿਸਤਰੈ ਜੋ ਪੂਜੈ ਪੈਰ ॥ ਆਦਿ ਪੁਰਖਿ ਨਿੰਦਕੁ ਭੋਲਾਇਆ ॥ ਨਾਨਕ ਕਿਰਤੁ ਨ ਜਾਇ ਮਿਟਾਇਆ ॥ ੪ ॥ ੨੧ ॥ ੩੪ ॥

ਪਦ ਅਰਥ:—ਨਿੰਦਾ—ਆਚਰਨ ਉੱਤੇ ਦੂਸ਼ਣ ਲਾਣੇ। ਸਹਾਮ—ਸਹਾਰਨੇ ਪੈਂਦੇ ਹਨ। ਡਾਨੁ—ਡੰਨ, ਸਜ਼ਾ। ਜਾਮ—ਜਮਰਾਜ। ੧।

ਸੰਗਿ—ਨਾਲ। ਕਰਹਿ—ਕਰਦੇ ਹਨ [ਬਹੁ ਵਚਨ]। ਬਾਦੁ—ਝਗੜਾ। ਸਾਦੁ—ਸੁਆਦ, ਆਨੰਦ। ੧। ਰਹਾਉ।

ਕੰਧੁ—ਸਰੀਰ। ਛੇਦਾਵੈ—(ਵਿਕਾਰਾਂ ਨਾਲ) ਧ੍ਰੋ ਦੇਂਦੀ ਹੈ। ਭੁੰਚਾਵੈ—ਭੋਗਾਂਦੀ ਹੈ। ਗਰਭ ਮਹਿ—ਅਨੇਕਾਂ ਜੂਨਾਂ ਵਿਚ। ਰਾਜ ਤੇ—ਉੱਚੀ ਆਤਮਕ ਪਦਵੀ ਤੋਂ। ਟਲੈ—ਹੇਠਾਂ ਡਿੱਗ ਪੈਂਦਾ ਹੈ। ੨।

ਗਤਿ—ਉੱਚੀ ਆਤਮਕ ਅਵਸਥਾ। ਖਾਇ—ਖਾਂਦਾ ਹੈ, ਫਲ ਪਾਂਦਾ ਹੈ। ਤੇ—ਤੋਂ।

ਜਾਰ–ਵਿਭਚਾਰੀ। ਅਣਹੋਦਾ ਭਾਰੁ–ਉਹਨਾਂ ਵਿਕਾਰਾਂ ਦਾ ਭਾਰ ਜੋ ਪਹਿਲਾਂ ਉਸ ਦੇ ਆਪਣੇ ਅੰਦਰ ਨਹੀਂ ਸਨ। ਨਿੰਦਕਿ–ਨਿੰਦਕ ਨੇ। ਸਿਰਿ–ਸਿਰ ਉਤੇ। ੩।

ਨਿਰਵੈਰ–ਕਿਸੇ ਨਾਲ ਭੀ ਵੈਰ ਨਾਹ ਕਰਨ ਵਾਲੇ। ਨਿਸਤਰੈ–ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ [ਇਕ ਵਚਨ]। ਪੈਰ–(ਭਗਤਾਂ ਦੇ) ਪੈਰ। ਆਦਿ ਪੁਰਖਿ–ਆਦਿ ਪੁਰਖ ਨੇ। ਭੋਲਾਇਆ–ਕੁਰਾਹੇ ਪਾ ਦਿੱਤਾ ਹੈ। ਕਿਰਤੁ–ਕੀਤਾ ਹੋਇਆ ਕਰਮ, ਕੀਤੇ ਕਰਮਾਂ ਦੇ ਸੰਸਕਾਰਾਂ ਦਾ ਸਮੂਹ। ੪।

ਅਰਥ:–ਹੇ ਭਾਈ! ਜਿਹੜੇ ਮਨੁੱਖ ਪਰਮਾਤਮਾ ਦੇ ਭਗਤ ਨਾਲ ਝਗੜਾ ਖੜਾ ਕਰੀ ਰੱਖਦੇ ਹਨ, ਉਹਨਾਂ ਨਿੰਦਕਾਂ ਨੂੰ ਜੀਵਨ ਦਾ ਕੋਈ ਆਤਮਕ ਆਨੰਦ ਨਹੀਂ ਆਉਂਦਾ। ੧। ਰਹਾਉ।

ਹੇ ਭਾਈ! ਕਿਸੇ ਗੁਰਮੁਖ ਦੇ ਆਚਰਨ ਉਤੇ ਅਣਹੋਏ ਦੂਸ਼ਣ ਲਾਣ ਨਾਲ ਮਨੁੱਖ ਕਈ ਜੂਨਾਂ ਵਿਚ ਭਟਕਦਾ ਫਿਰਦਾ ਹੈ, ਕਿਉਂਕਿ ਉਹ ਮਨੁੱਖ ਉਹਨਾਂ ਦੂਸ਼ਣਾਂ ਦਾ ਜ਼ਿਕਰ ਕਰਦਾ ਕਰਦਾ ਆਪ ਹੀ ਆਪਣੇ ਆਪ ਨੂੰ ਉਹਨਾਂ ਦੂਸ਼ਣਾਂ ਦਾ ਸ਼ਿਕਾਰ ਬਣਾ ਲੈਂਦਾ ਹੈ, (ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਇਥੇ ਜਗਤ ਵਿਚ ਉਹ ਮਨੁੱਖ ਉਸ) ਨਿੰਦਾ ਦੇ ਕਾਰਨ (ਕਈ ਆਤਮਕ) ਦੁੱਖ ਸਹਾਰਦਾ ਰਹਿੰਦਾ ਹੈ (ਤੇ ਅਗਾਂਹ ਪਰ-ਲੋਕ ਵਿਚ ਭੀ) ਨਿੰਦਕ ਨੂੰ ਜਮਰਾਜ ਸਜ਼ਾ ਦੇਂਦਾ ਹੈ। ੧।

ਹੇ ਭਾਈ! ਕਿਸੇ ਗੁਰਮੁਖ ਉੱਤੇ ਚਿੱਕੜ ਸੁੱਟਣ ਨਾਲ ਮਨੁੱਖ ਆਪਣੇ ਹੀ ਸਰੀਰ ਨੂੰ ਉਹਨਾਂ ਦੂਸ਼ਣਾਂ ਨਾਲ ਪ੍ਰੋ ਲੈਂਦਾ ਹੈ (ਇਸ ਤਰ੍ਹਾਂ) ਗੁਰਮੁਖ ਦੀ ਨਿੰਦਾ (ਨਿੰਦਾ ਕਰਨ ਵਾਲੇ ਨੂੰ) ਨਰਕ (ਦਾ ਦੁੱਖ) ਭੋਗਾਂਦੀ ਹੈ, ਉਸ ਨਿੰਦਾ ਦੇ ਕਾਰਨ ਮਨੁੱਖ ਅਨੇਕਾਂ ਜੂਨਾਂ ਵਿਚ ਗਲਦਾ ਫਿਰਦਾ ਹੈ, ਤੇ, ਉੱਚੀ ਆਤਮਕ ਪਦਵੀ ਤੋਂ ਹੇਠਾਂ ਡਿੱਗ ਪੈਂਦਾ ਹੈ।੨।

ਹੇ ਭਾਈ! ਦੂਜਿਆਂ ਉੱਤੇ ਸਦਾ ਚਿੱਕੜ ਸੁੱਟਣ ਵਾਲੇ ਮਨੁੱਖ ਦੀ ਆਪਣੀ ਉੱਚੀ ਆਤਮਕ ਅਵਸਤਾ ਕਦੇ ਭੀ ਨਹੀਂ ਬਣਦੀ (ਇਸ ਤਰ੍ਹਾਂ ਨਿੰਦਕ ਨਿੰਦਾ ਦਾ ਇਹ ਮਾੜਾ ਬੀਜ) ਬੀਜ ਕੇ ਆਪ ਹੀ ਉਸ ਦਾ ਫਲ ਖਾਂਦਾ ਹੈ। ਹੇ ਭਾਈ! ਨਿੰਦਾ ਕਰਨ ਵਾਲਾ ਮਨੁੱਖ ਚੋਰ ਨਾਲੋਂ ਵਿਭਚਾਰੀ ਨਾਲੋਂ ਜੁਆਰੀਏ ਨਾਲੋਂ ਭੀ ਭੈੜਾ ਸਾਬਤ ਹੁੰਦਾ ਹੈ, ਕਿਉਂਕਿ ਨਿੰਦਕ ਨੇ ਆਪਣੇ ਸਿਰ ਉਤੇ ਸਦਾ ਉਹਨਾਂ ਵਿਕਾਰਾਂ ਦਾ ਭਾਰ ਚੁੱਕਿਆ ਹੁੰਦਾ ਹੈ ਜੋ ਪਹਿਲਾਂ ਉਸ ਦੇ ਅੰਦਰ ਨਹੀਂ ਸਨ। ੩।

ਹੇ ਭਾਈ! ਪਰਮਾਤਮਾ ਦੇ ਭਗਤ ਕਿਸੇ ਨਾਲ ਭੀ ਵੈਰ ਨਹੀਂ ਰੱਖਦੇ। ਜਿਹੜਾ ਭੀ ਮਨੁੱਖ ਉਹਨਾਂ ਦੀ ਸਰਨ ਆਉਂਦਾ ਹੈ ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ। (ਪਰ ਨਿੰਦਕ ਦੇ ਭੀ ਕੀਹ ਵੱਸ?) ਪਰਮਾਤਮਾ ਨੇ ਆਪ ਹੀ ਨਿੰਦਕ ਨੂੰ ਗ਼ਲਤ ਰਸਤੇ ਪਾ ਰੱਖਿਆ ਹੈ। ਹੇ ਨਾਨਕ! ਪਿਛਲੇ ਅਨੇਕਾਂ ਜਨਮਾਂ ਦੇ ਕੀਤੇ ਹੋਏ ਨਿੰਦਾ ਦੇ ਕਰਮਾਂ

ਦੇ ਸੰਸਕਾਰਾਂ ਦਾ ਢੇਰ ਉਸ ਪਾਸੋਂ ਆਪਣੇ ਉੱਦਮ ਨਾਲ ਮਿਟਾਇਆ ਨਹੀਂ ਜਾ ਸਕਦਾ ।੪।੨੧।੩੪।

ਭੈਰਉ ਮਹਲਾ ੫ ॥ ਨਾਮੁ ਹਮਾਰੈ ਬੇਦ ਅਰ ਨਾਦ ॥ ਨਾਮੁ ਹਮਾਰੈ ਪੂਰੇ ਕਾਜ ॥ ਨਾਮੁ ਹਮਾਰੈ ਪੂਜਾ ਦੇਵ ॥ ਨਾਮੁ ਹਮਾਰੈ ਗੁਰ ਕੀ ਸੇਵ ॥੧॥ ਗੁਰਿ ਪੂਰੈ ਦ੍ਰਿੜਿਓ ਹਰਿਨਾਮੁ ॥ ਸਭ ਤੇ ਊਤਮੁ ਹਰਿ ਹਰਿ ਕਾਮੁ ॥੧॥ ਰਹਾਉ ॥ ਨਾਮੁ ਹਮਾਰੈ ਮਜਨ ਇਸਨਾਨੁ ॥ ਨਾਮੁ ਹਮਾਰੈ ਪੂਰਨ ਦਾਨੁ ॥ ਨਾਮੁ ਲੈਤ ਤੇ ਸਗਲ ਪਵੀਤ ॥ ਨਾਮੁ ਜਪਤ ਮੇਰੇ ਭਾਈ ਮੀਤ ॥੨॥ ਨਾਮੁ ਹਮਾਰੈ ਸਉਣ ਸੰਜੋਗ ॥ ਨਾਮੁ ਹਮਾਰੈ ਤ੍ਰਿਪਤਿ ਸੁ ਭੋਗ ॥ ਨਾਮੁ ਹਮਾਰੈ ਸਗਲ ਆਚਾਰ ॥ ਨਾਮੁ ਹਮਾਰੈ ਨਿਰਮਲ ਬਿਉਹਾਰ ॥੩॥ ਜਾ ਕੈ ਮਨਿ ਵਸਿਆ ਪ੍ਰਭੁ ਏਕੁ ॥ ਸਗਲ ਜਨਾ ਕੀ ਹਰਿ ਹਰਿ ਟੇਕ ॥ ਮਨਿ ਤਨਿ ਨਾਨਕ ਹਰਿ ਗੁਣ ਗਾਉ ॥ ਸਾਧ ਸੰਗਿ ਜਿਸੁ ਦੇਵੈ ਨਾਉ ॥੪॥੨੨॥੩੫॥

ਪਦ ਅਰਥ:—ਹਮਾਰੈ—ਸਾਡੇ ਵਾਸਤੇ, ਮੇਰੇ ਵਾਸਤੇ । ਬੇਦ—ਵੇਦ (ਸ਼ਾਸਤ੍ਰ ਆਦਿਕਾਂ ਦੀ ਚਰਚਾ) । ਨਾਦ—(ਜੋਗੀਆਂ ਦੇ ਸਿੰਙੀ ਆਦਿਕ) ਵਜਾਣੇ । ਅਰੁ—ਅਤੇ [ਅਰਿ—ਵੈਰੀ] । ਪੂਜਾ ਦੇਵ—ਦੇਵ-ਪੂਜਾ ।੧।

ਗੁਰਿ ਪੂਰੈ—ਪੂਰੇ ਗੁਰੂ ਨੇ । ਦ੍ਰਿੜਿਓ—(ਮੇਰੇ ਹਿਰਦੇ ਵਿਚ) ਪੱਕਾ ਕਰ ਦਿੱਤਾ ਹੈ। ਤੇ—ਤੋਂ ।੧। ਰਹਾਉ ।

ਮਜਨ—ਚੁੱਭੀ, ਇਸ਼ਨਾਨ । ਤੇ—ਉਹ ਬੰਦੇ [ਬਹੁ ਵਚਨ] । ਸਗਲ—ਸਾਰੇ । ਪਵੀਤ—ਚੰਗੇ ਆਚਰਨ ਵਾਲੇ ।੨।

ਸਉਣ—ਸਗਨ (ਵਿਚਾਰਨੇ) । ਸੰਜੋਗ—ਨੱਛਤ੍ਰਾਂ ਦਾ ਮੇਲ ਵਿਚਾਰਨਾ, ਮੁਹੂਰਤ ਵਿਚਾਰਨੇ । ਤ੍ਰਿਪਤਿ—ਰੱਜ । ਸੁਭੋਗ—ਸੁਆਦਲੇ ਭੋਗਾਂ ਦੀ । ਆਚਾਰ—ਕਰਮ-ਕਾਂਡ, ਤੀਰਥ-ਜਾਤ੍ਰਾ ਆਦਿਕ ਮਿਥੇ ਹੋਏ ਧਰਮ-ਕਰਮ । ਬਿਉਹਾਰ—ਕਾਰ-ਵਿਹਾਰ ।੩।

ਜਾ ਕੈ ਮਨਿ—ਜਿਸ (ਮਨੁੱਖ) ਦੇ ਮਨ ਵਿਚ । ਟੇਕ—ਆਸਰਾ । ਮਨਿ—ਮਨ ਵਿਚ । ਤਨਿ—ਸਰੀਰ ਵਿਚ । ਗੁਣ ਗਾਉ—ਸਿਫ਼ਤਿ ਸਾਲਾਹ, ਗੁਣਾਂ ਦਾ ਗਾਇਨ । ਸਾਧ ਸੰਗਿ—ਸਾਧ ਸੰਗਤਿ ਵਿਚ ।੪।

ਅਰਥ:—ਹੇ ਭਾਈ ! ਪੂਰੇ ਗੁਰੂ ਨੇ (ਮੇਰੇ ਹਿਰਦੇ ਵਿਚ) ਪਰਮਾਤਮਾ ਦਾ ਨਾਮ ਪੱਕਾ ਟਿਕਾ ਦਿੱਤਾ ਹੈ (ਹੁਣ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ) ਸਭਨਾਂ ਕੰਮਾਂ ਨਾਲੋਂ ਪਰਮਾਤਮਾ ਦਾ ਨਾਮ ਸਿਮਰਨ ਦਾ ਕੰਮ ਸ੍ਰੇਸ਼ਟ ਹੈ ।੧। ਰਹਾਉ ।

ਹੇ ਭਾਈ ! (ਜਦੋਂ ਤੋਂ ਗੁਰੂ ਨੇ ਮੇਰੇ ਅੰਦਰ ਹਰਿ-ਨਾਮ ਦ੍ਰਿੜ ਕੀਤਾ ਹੈ, ਤਦੋਂ ਤੋਂ) ਪਰਮਾਤਮਾ ਦਾ ਨਾਮ ਹੀ ਮੇਰੇ ਵਾਸਤੇ ਵੇਦ (ਸ਼ਾਸਤ੍ਰ ਆਦਿਕਾਂ ਦੀ ਚਰਚਾ ਹੈ) ਅਤੇ (ਜੋਗੀਆਂ ਦਾ ਸਿੰਙੀ ਆਦਿਕ) ਵਜਾਣਾ ਹੋ ਚੁਕਾ ਹੈ। ਪਰਮਾਤਮਾ ਦਾ ਨਾਮ ਮੇਰੇ ਸਾਰੇ ਕੰਮ ਸਿਰੇ ਚਾੜ੍ਹਦਾ ਹੈ, ਇਹ ਹਰਿ-ਨਾਮ ਹੀ ਮੇਰੇ ਵਾਸਤੇ ਦੇਵ-ਪੂਜਾ ਹੈ, ਹਰਿ ਨਾਮ ਸਿਮਰਨਾ ਹੀ ਮੇਰੇ ਵਾਸਤੇ ਗੁਰੂ ਦੀ ਸੇਵਾ-ਭਗਤੀ ਕਰਨੀ ਹੈ। ੧।

ਹੇ ਭਾਈ ! (ਗੁਰੂ ਨੇ ਮੇਰੇ ਹਿਰਦੇ ਵਿਚ ਨਾਮ ਦ੍ਰਿੜ੍ਹ ਕਰ ਦਿੱਤਾ ਹੈ, ਹੁਣ) ਹਰਿ-ਨਾਮ ਜਪਣਾ ਹੀ ਮੇਰੇ ਲਈ ਪੁਰਬਾਂ ਸਮੇ ਤੀਰਥ-ਇਸ਼ਨਾਨ ਹੈ, (ਤੀਰਥਾਂ ਤੇ ਜਾ ਕੇ) ਸਭ ਕੁਝ (ਬ੍ਰਾਹਮਣਾਂ ਨੂੰ) ਦਾਨ ਕਰ ਦੇਣਾ—ਇਹ ਭੀ ਮੇਰੇ ਵਾਸਤੇ ਨਾਮ-ਸਿਮਰਨ ਹੀ ਹੈ। ਹੇ ਭਾਈ ! ਜਿਹੜੇ ਮਨੁੱਖ ਨਾਮ ਜਪਦੇ ਹਨ ਉਹ ਸਾਰੇ ਸੁੱਚੇ ਆਚਰਨ ਵਾਲੇ ਬਣ ਜਾਂਦੇ ਹਨ, ਨਾਮ ਜਪਣ ਵਾਲੇ ਹੀ ਮੇਰੇ ਭਰਾ ਹਨ ਮੇਰੇ ਮਿੱਤਰ ਹਨ। ੨।

ਹੇ ਭਾਈ ! (ਕਾਰਾਂ-ਵਿਹਾਰਾਂ ਦੀ ਸਫਲਤਾ ਵਾਸਤੇ ਲੋਕ) ਸਗਨ (ਵਿਚਾਰਦੇ ਹਨ) ਮੁਹੂਰਤ (ਕਢਾਂਦੇ ਹਨ) ਪਰ ਮੇਰੇ ਵਾਸਤੇ ਤਾਂ ਹਰਿ-ਨਾਮ ਹੀ ਸਭ ਕੁਝ ਹੈ। ਦੁਨੀਆ ਦੇ ਸੁਆਦਲੇ ਪਦਾਰਥਾਂ ਨੂੰ ਖਾ ਖਾ ਕੇ ਰੱਜਣਾ—(ਇਹ ਸਾਰਾ ਸੁਆਦ) ਮੇਰੇ ਵਾਸਤੇ ਹਰਿ-ਨਾਮ ਦਾ ਸਿਮਰਨ ਹੈ। ਹੇ ਭਾਈ ! (ਤੀਰਥ-ਜਾਤ੍ਰਾ ਆਦਿਕ ਮਿਥੇ ਹੋਏ) ਸਾਰੇ ਧਰਮ-ਕਰਮ ਮੇਰੇ ਵਾਸਤੇ ਪਰਮਾਤਮਾ ਦਾ ਨਾਮ ਹੀ ਹੈ। ਇਹੀ ਹੈ ਮੇਰੇ ਲਈ ਪਵਿੱਤਰ ਕਾਰ-ਵਿਹਾਰ। ੩।

ਹੇ ਭਾਈ ! ਪਰਮਾਤਮਾ (ਦਾ ਨਾਮ) ਹੀ ਸਾਰੇ ਜੀਵਾਂ ਦਾ ਸਹਾਰਾ ਹੈ। ਹੇ ਨਾਨਕ! ਜਿਸ ਮਨੁੱਖ ਦੇ ਮਨ ਵਿਚ ਸਿਰਫ਼ ਪਰਮਾਤਮਾ ਆ ਵੱਸਿਆ ਹੈ ਜਿਹੜਾ ਮਨੁੱਖ ਮਨੋਂ ਤਨੋਂ ਪ੍ਰਭੂ ਦੀ ਸਿਫਤਿ ਸਾਲਾਹ ਕਰਦਾ ਰਹਿੰਦਾ ਹੈ (ਉਹ ਭਾਗਾਂ ਵਾਲਾ ਹੈ, ਪਰ ਇਹ ਕੰਮ ਉਹੀ ਮਨੁੱਖ ਕਰਦਾ ਹੈ) ਜਿਸ ਨੂੰ ਪਰਮਾਤਮਾ ਸਾਧ ਸੰਗਤਿ ਵਿਚ ਰੱਖ ਕੇ ਆਪਣੇ ਨਾਮ ਦੀ ਦਾਤਿ ਦੇਂਦਾ ਹੈ। ੪। ੨੨। ੩੫।

ਭੈਰਉ ਮਹਲਾ ੫ ॥ ਨਿਰਧਨ ਕਉ ਤੁਮ ਦੇਵਹੁ ਧਨਾ ॥ ਅਨਿਕ ਪਾਪ ਜਾਹਿ ਨਿਰਮਲ ਮਨਾ ॥ ਸਗਲ ਮਨੋਰਥ ਪੂਰਨ ਕਾਮ ॥ ਭਗਤ ਅਪੁਨੇ ਕਉ ਦੇਵਹੁ ਨਾਮ ॥੧॥ ਸਫਲ ਸੇਵਾ ਗੋਪਾਲ ਰਾਇ ॥ ਕਰਨ ਕਰਾਵਨਹਾਰ ਸੁਆਮੀ ਤਾ ਤੇ ਬਿਰਥਾ ਕੋਇ ਨ ਜਾਇ ॥ ੧ ॥ ਰਹਾਉ ॥ ਰੋਗੀ ਕਾ ਪ੍ਰਭ ਖੰਡਹੁ ਰੋਗੁ ॥ ਦੁਖੀਏ ਕਾ ਮਿਟਾਵਹੁ ਪ੍ਰਭ ਸੋਗੁ ॥ ਨਿਥਾਵੇ ਕਉ ਤੁਮ੍ ਥਾਨਿ ਬੈਠਾਵਹੁ ॥ ਦਾਸ ਅਪਨੇ ਕਉ ਭਗਤੀ ਲਾਵਹੁ ॥ ੨ ॥ ਨਿਮਾਣੇ ਕਉ ਪ੍ਰਭ ਦੇਤੋ ਮਾਨੁ ॥ ਮੂੜ ਮੁਗਧੁ ਹੋਇ ਚਤੁਰ ਸੁਗਿਆਨੁ ॥ ਸਗਲ ਭਇਆਨ ਕਾ

ਭਉ ਨਸੈ ॥ ਜਨ ਅਪਨੇ ਕੈ ਹਰਿ ਮਨਿ ਬਸੈ ॥ ੩ ॥ ਪਾਰਬ੍ਰਹਮ ਪ੍ਰਭ ਸੂਖ ਨਿਧਾਨ ॥ ਤਤੁ ਗਿਆਨੁ ਹਰਿ ਅੰਮ੍ਰਿਤ ਨਾਮ ॥ ਕਰਿ ਕਿਰਪਾ ਸੰਤ ਟਹਲੈ ਲਾਇ ॥ ਨਾਨਕ ਸਾਧੂ ਸੰਗਿ ਸਮਾਇ ॥ ੪ ॥ ੨੩ ॥ ੩੬ ॥

ਪਦ ਅਰਥ:–ਨਿਰਧਨ ਕਉ–ਕੰਗਾਲ ਨੂੰ। ਦੇਵਹੁ–ਤੂੰ ਦੇਂਦਾ ਹੈਂ। ਧਨਾ–ਨਾਮ-ਧਨ। ਜਾਹਿ–ਦੂਰ ਹੋ ਜਾਂਦੇ ਹਨ। ਨਿਰਮਲ–ਪਵਿੱਤਰ। ਮਨੋਰਥ–ਲੋੜਾਂ। ੧।

ਸੇਵਾ–ਭਗਤੀ। ਸਫਲ–ਫਲ ਦੇਣ ਵਾਲੀ। ਕਰਾਵਨਹਾਰ–(ਜੀਵਾਂ ਪਾਸੋਂ) ਕਰਾ ਸਕਣ ਵਾਲਾ। ਤਾ ਤੇ–ਉਸ (ਪ੍ਰਭੂ ਦੇ ਦਰ) ਤੋਂ। ਬਿਰਥਾ–ਖ਼ਾਲੀ, ਬੇ-ਮੁਰਾਦ। ੧। ਰਹਾਉ।

ਪ੍ਰਭ–ਹੇ ਪ੍ਰਭੂ! ਖੰਡਹੁ–ਤੂੰ ਨਾਸ ਕਰਦਾ ਹੈਂ। ਸੋਗੁ–ਗ਼ਮ। ਥਾਨਿ–(ਇੱਜ਼ਤ ਵਾਲੀ) ਥਾਂ ਤੇ। ੨।

ਦੇਤੋ–ਤੂੰ ਦੇਂਦਾ ਹੈਂ। ਮਾਨੁ–ਆਦਰ। ਮੂੜ ਮੁਗਧੁ–ਮਹਾਂ ਮੂਰਖ। ਚਤੁਰ–ਸਿਆਣਾ। ਸੁਗਿਆਨੁ–ਗਿਆਨ-ਵਾਨ। ਭਇਆਨ–ਡਰ ਦੇਣ ਵਾਲੇ, ਡਰਾਣ ਵਾਲੇ। ਭਉ–ਡਰ। ਜਨ ਕੈ ਮਨਿ–ਜਨ ਦੇ ਮਨ ਵਿਚ। ੩।

ਨਿਧਾਨ–ਖ਼ਜ਼ਾਨਾ। ਗਿਆਨੁ–ਆਤਮਕ ਜੀਵਨ ਦੀ ਸੂਝ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ। ਕਰਿ–ਕਰ ਕੇ। ਲਏ–ਲਾਂਦਾ ਹੈ। ਸੰਗਿ–ਸੰਗਤਿ ਵਿਚ। ਸਮਾਇ–ਲੀਨ ਰਹਿੰਦਾ ਹੈ। ੪।

ਅਰਥ:–ਹੇ ਭਾਈ! ਸ੍ਰਿਸ਼ਟੀ ਦੇ ਪਾਲਕ-ਪ੍ਰਭੂ-ਪਾਤਿਸ਼ਾਹ ਦੀ ਭਗਤੀ (ਸਦਾ) ਫਲ ਦੇਣ ਵਾਲੀ ਹੈ। ਉਹ ਮਾਲਕ-ਪ੍ਰਭੂ ਸਭ ਕੁਝ ਕਰਨ ਦੀ ਸਮਰਥਾ ਵਾਲਾ ਹੈ ਤੇ ਜੀਵਾਂ ਪਾਸੋਂ ਸਭ ਕੁਝ ਕਰਾ ਸਕਦਾ ਹੈ, ਉਸ ਦੇ ਦਰ ਤੋਂ ਕੋਈ ਜੀਵ ਖਾਲੀ ਨਹੀਂ ਜਾਂਦਾ। ੧। ਰਹਾਉ।

ਹੇ ਪ੍ਰਭੂ! ਤੂੰ (ਜਿਸ) ਕੰਗਾਲ ਨੂੰ (ਆਪਣਾ ਨਾਮ-) ਧਨ ਦੇਂਦਾ ਹੈਂ, ਉਸ ਦੇ ਅਨੇਕਾਂ ਪਾਪ ਦੂਰ ਹੋ ਜਾਂਦੇ ਹਨ, ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ, ਉਸ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ, ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ। ਹੇ ਪ੍ਰਭੂ! ਤੂੰ ਆਪਣੇ ਭਗਤ ਨੂੰ (ਆਪ ਹੀ) ਆਪਣਾ ਨਾਮ ਦੇਂਦਾ ਹੈਂ। ੧।

ਹੇ ਪ੍ਰਭੂ! ਤੂ (ਆਪਣਾ ਨਾਮ-ਦਾਰੂ ਦੇ ਕੇ) ਰੋਗੀ ਦਾ ਰੋਗ ਨਾਸ ਕਰ ਦੇਂਦਾ ਹੈਂ, ਦੁਖੀਏ ਦਾ ਗ਼ਮ ਮਿਟਾ ਦੇਂਦਾ ਹੈਂ, ਜਿਸ ਨੂੰ ਕਿਤੇ ਭੀ ਸਹਾਰਾ ਨਹੀਂ ਮਿਲਦਾ ਤੂੰ ਉਸ ਨੂੰ (ਆਪਣਾ ਨਾਮ ਬਖ਼ਸ਼ ਕੇ) ਇੱਜ਼ਤ ਵਾਲੀ ਥਾਂ ਤੇ ਬਿਠਾ ਦੇਂਦਾ ਹੈਂ। ਹੇ ਪ੍ਰਭੂ! ਆਪਣੇ ਸੇਵਕ ਨੂੰ ਤੂੰ ਆਪ ਹੀ ਆਪਣੀ ਭਗਤੀ ਵਿਚ ਜੋੜਦਾ ਹੈਂ। ੨।

ਹੇ ਪ੍ਰਭੂ! ਜਿਸ ਮਨੁਖ ਨੂੰ ਕਿਤੇ ਭੀ ਆਦਰ-ਸਤਕਾਰ ਨਹੀਂ ਮਿਲਦਾ, ਉਸ ਨੂੰ ਤੂੰ

(ਆਪਣੀ ਭਗਤੀ ਦੀ ਦਾਤਿ ਦੇ ਕੇ ਹਰ ਥਾਂ) ਇੱਜ਼ਤ ਬਖ਼ਸ਼ਦਾ ਹੈਂ, (ਤੇਰੀ ਭਗਤੀ ਦੀ ਬਰਕਤਿ ਨਾਲ) ਮਹਾਂ ਮੂਰਖ ਮਨੁੱਖ ਸਿਆਣਾ ਹੋ ਜਾਂਦਾ ਹੈ ਗਿਆਨਵਾਨ ਹੋ ਜਾਂਦਾ ਹੈ, (ਉਸ ਦੇ ਮਨ ਵਿਚੋਂ) ਸਾਰੇ ਡਰਾਣ ਵਾਲਿਆਂ ਦਾ ਡਰ ਦੂਰ ਹੋ ਜਾਂਦਾ ਹੈ। ਹੇ ਭਾਈ! ਪਰਮਾਤਮਾ ਆਪਣੇ ਸੇਵਕ ਦੇ (ਸਦਾ) ਮਨ ਵਿਚ ਵੱਸਦਾ ਹੈ। ੩।

ਹੇ ਨਾਨਕ! ਪਰਮੇਸਰ ਪ੍ਰਭੂ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ, ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਆਤਮਕ ਜੀਵਨ ਦੀ ਸੂਝ ਦੇਂਦਾ ਹੈ ਰਾਜ਼ ਸਮਝਾਂਦਾ ਹੈ। ਮਿਹਰ ਕਰ ਕੇ ਜਿਸ ਮਨੁੱਖ ਨੂੰ ਉਹ ਆਪ ਸੰਤ ਜਨਾਂ ਦੀ ਸੇਵਾ ਵਿਚ ਜੋੜਦਾ ਹੈ, ਉਹ ਮਨੁੱਖ (ਸਦਾ) ਸਾਧ ਸੰਗਤਿ ਵਿਚ ਟਿਕਿਆ ਰਹਿੰਦਾ ਹੈ। ੪। ੨੩। ੩੬।

ਭੈਰਉ ਮਹਲਾ ੫॥ ਸੰਤ ਮੰਡਲ ਮਹਿ ਹਰਿ ਮਨਿ ਵਸੈ॥ ਸੰਤ ਮੰਡਲ ਮਹਿ ਦੁਰਤੁ ਸਭੁ ਨਸੈ॥ ਸੰਤ ਮੰਡਲ ਮਹਿ ਨਿਰਮਲ ਰੀਤਿ॥ ਸੰਤ ਸੰਗਿ ਹੋਇ ਏਕ ਪਰੀਤਿ॥ ੧॥ ਸੰਤ ਮੰਡਲੁ ਤਹਾ ਕਾ ਨਾਉ॥ ਪਾਰਬ੍ਰਹਮ ਕੇਵਲ ਗੁਣ ਗਾਉ॥ ੧॥ ਰਹਾਉ॥ ਸੰਤ ਮੰਡਲ ਮਹਿ ਜਨਮ ਮਰਣੁ ਰਹੈ॥ ਸੰਤ ਮੰਡਲ ਮਹਿ ਜਮੁ ਕਿਛੂ ਨ ਕਹੈ॥ ਸੰਤ ਸੰਗਿ ਹੋਇ ਨਿਰਮਲ ਬਾਣੀ॥ ਸੰਤ ਮੰਡਲ ਮਹਿ ਨਾਮੁ ਵਖਾਣੀ॥ ੨॥ ਸੰਤ ਮੰਡਲ ਕਾ ਨਿਹਚਲ ਆਸਨੁ॥ ਸੰਤ ਮੰਡਲ ਮਹਿ ਪਾਪ ਬਿਨਾਸਨੁ॥ ਸੰਤ ਮੰਡਲ ਮਹਿ ਨਿਰਮਲ ਕਥਾ॥ ਸੰਤ ਸੰਗਿ ਹਉਮੈ ਦੁਖ ਨਸਾ॥ ੩॥ ਸੰਤ ਮੰਡਲ ਕਾ ਨਹੀ ਬਿਨਾਸੁ॥ ਸੰਤ ਮੰਡਲ ਮਹਿ ਹਰਿ ਗੁਣਤਾਸੁ॥ ਸੰਤ ਮੰਡਲ ਠਾਕੁਰ ਬਿਸ੍ਰਾਮੁ॥ ਨਾਨਕ ਓਤਿ ਪੋਤਿ ਭਗਵਾਨੁ॥ ੪॥ ੨੪॥ ੩੭॥

ਪਦ ਅਰਥ :—ਸੰਤ ਮੰਡਲ—ਸਾਧ ਸੰਗਤਿ। ਮਨਿ—ਮਨ ਵਿਚ। ਵਸੈ—ਆ ਵੱਸਦਾ ਹੈ। ਦੁਰਤੁ—[दुरित] ਪਾਪ। ਰੀਤਿ—ਜੀਵਨ-ਮਰਯਾਦਾ, ਜੀਵਨ-ਜੁਗਤਿ। ਨਿਰਮਲ—ਵਿਕਾਰਾਂ ਦੀ ਮੈਲ ਤੋਂ ਸਾਫ਼ (ਰੱਖਣ ਵਾਲੀ)। ਸੰਤ ਸੰਗਿ—ਸਾਧ ਸੰਗਤਿ ਵਿਚ। ਏਕ ਪਰੀਤਿ—ਇਕ ਪਰਮਾਤਮਾ ਦਾ ਪਿਆਰ। ੧।

ਤਹਾ ਕਾ—ਉਸ (ਥਾਂ) ਦਾ। ਕੇਵਲ—ਸਿਰਫ। ਗੁਣ ਗਾਉ—ਗੁਣਾਂ ਦਾ ਗਾਇਨ, ਸਿਫਤਿ ਸਾਲਾਹ। ੧। ਰਹਾਉ।

ਰਹੈ—ਮੁੱਕ ਜਾਂਦਾ ਹੈ। ਨਿਰਮਲ ਬਾਣੀ—ਪਵਿੱਤਰ ਕਰਨ ਵਾਲੀ ਬਾਣੀ (ਦਾ ਉਚਾਰ)। ਵਖਾਣੀ—ਉਚਾਰਿਆ ਜਾਂਦਾ ਹੈ। ੨।

ਨਿਹਚਲ—(ਵਿਕਾਰਾਂ ਵਲੋਂ) ਅਡੋਲ। ਆਸਨੁ—(ਹਿਰਦਾ-) ਆਸਣ। ਨਸਾ—

ਨੱਠ ਜਾਂਦਾ ਹੈ, ਦੂਰ ਹੋ ਜਾਂਦਾ ਹੈ । ੩ ।

ਗੁਣਤਾਸੁ—ਗੁਣਾਂ ਦਾ ਖ਼ਜ਼ਾਨਾ । ਠਾਕੁਰ ਬਿਸ੍ਰਾਮੁ—ਮਾਲਕ-ਪ੍ਰਭੂ ਦਾ ਨਿਵਾਸ। ਓਤਿ—ਉਣੇ ਹੋਏ ਵਿਚ । ਪੋਤਿ—ਪ੍ਰੋਤੇ ਹੋਏ ਵਿਚ । ਓਤਿ ਪੋਤਿ—ਤਾਣੇ ਪੇਟੇ ਵਿਚ, ਜਿਵੇਂ ਤਾਣੇ ਪੇਟੇ ਦੇ ਧਾਗੇ ਆਪੋ ਵਿਚ ਮਿਲੇ ਹੁੰਦੇ ਹਨ । ੪ ।

ਅਰਥ:—ਹੇ ਭਾਈ! ਸਾਧ ਸੰਗਤਿ ਉਸ ਥਾਂ ਦਾ ਨਾਮ ਹੈ ਜਿਥੇ ਸਿਰਫ਼ ਪਰਮਾਤਮਾ ਦੀ ਸਿਫ਼ਤਿ ਸਾਲਾਹ ਹੁੰਦੀ ਹੈ । ੧ । ਰਹਾਉ ।

ਹੇ ਭਾਈ ! ਸਾਧ ਸੰਗਤਿ ਵਿਚ (ਰਿਹਾਂ) ਪਰਮਾਤਮਾ (ਮਨੁੱਖ ਦੇ) ਮਨ ਵਿਚ ਆ ਵੱਸਦਾ ਹੈ (ਪਰਗਟ ਹੋ ਪੈਂਦਾ ਹੈ) । ਸਾਧ ਸੰਗਤਿ ਵਿਚ ਟਿਕਿਆਂ (ਹਿਰਦੇ ਵਿਚੋਂ) ਹਰੇਕ ਕਿਸਮ ਦਾ ਪਾਪ ਦੂਰ ਹੋ ਜਾਂਦਾ ਹੈ । ਸਾਧ ਸੰਗਤਿ ਵਿਚ ਰਿਹਾਂ (ਮਨੁੱਖ ਦੀ) ਜੀਵਨ-ਜੁਗਤਿ ਵਿਕਾਰਾਂ ਦੀ ਮੈਲ ਤੋਂ ਸਾਫ਼ ਰੱਖਣ ਵਾਲੀ ਬਣ ਜਾਂਦੀ ਹੈ, ਸਾਧ ਸੰਗਤਿ ਦੀ ਬਰਕਤਿ ਨਾਲ ਇਕ ਪਰਮਾਤਮਾ ਦਾ ਪਿਆਰ (ਹਿਰਦੇ ਵਿਚ ਪੈਦਾ) ਹੋ ਜਾਂਦਾ ਹੈ । ੧ ।

ਹੇ ਭਾਈ ! ਸਾਧ ਸੰਗਤਿ ਵਿਚ ਰਿਹਾਂ ਜਨਮ ਮਰਨ (ਦਾ ਗੇੜ) ਮੁੱਕ ਜਾਂਦਾ ਹੈ, ਸਾਧ ਸੰਗਤਿ ਵਿਚ ਰਿਹਾਂ ਜਮਰਾਜ ਕੋਈ ਡਰਾਵਾ ਨਹੀਂ ਦੇ ਸਕਦਾ (ਕਿਉਂਕਿ) ਸਾਧ ਸੰਗਤਿ ਵਿਚ (ਜੀਵਨ ਨੂੰ) ਪਵਿੱਤਰ ਕਰਨ ਵਾਲੀ ਬਾਣੀ ਦਾ ਉਚਾਰਨ ਹੁੰਦਾ ਹੈ,(ਉਥੇ) ਪਰਮਾਤਮਾ ਦਾ ਨਾਮ (ਹੀ) ਉਚਾਰਿਆ ਜਾਂਦਾ ਹੈ । ੨ ।

ਹੇ ਭਾਈ ! ਸਾਧ ਸੰਗਤਿ ਦਾ ਟਿਕਾਣਾ (ਐਸਾ ਹੈ ਕਿ ਉਥੇ ਟਿਕਣ ਵਾਲੇ ਵਿਕਾਰਾਂ ਦੇ ਹੱਲਿਆਂ ਤੋਂ) ਅਡੋਲ (ਰਹਿੰਦੇ ਹਨ), ਸਾਧ ਸੰਗਤਿ ਵਿਚ ਰਿਹਾਂ (ਸਾਰੇ) ਪਾਪਾਂ ਦਾ ਨਾਸ ਹੋ ਜਾਂਦਾ ਹੈ । ਸਾਧ ਸੰਗਤਿ ਵਿਚ ਪਰਮਾਤਮਾ ਦੀ ਸਿਫ਼ਤਿ ਸਾਲਾਹ ਹੁੰਦੀ ਰਹਿੰਦੀ ਹੈ ਜੋ (ਮਨੁੱਖ ਨੂੰ) ਵਿਕਾਰਾਂ ਦੀ ਮੈਲ ਤੋਂ ਬਚਾਈ ਰੱਖਦੀ ਹੈ । ਸਾਧ ਸੰਗਤਿ ਵਿਚ ਰਹਿ ਕੇ ਹਉਮੈ (ਤੋਂ ਪੈਦਾ ਹੋਣ ਵਾਲੇ ਸਾਰੇ) ਦੁੱਖ ਦੂਰ ਹੋ ਜਾਂਦੇ ਹਨ । ੩ ।

ਹੇ ਭਾਈ ! ਸਾਧ ਸੰਗਤਿ ਵਿਚ ਗੁਣਾਂ ਦਾ ਖ਼ਜ਼ਾਨਾ ਪਰਮਾਤਮਾ (ਸਦਾ) ਵੱਸਦਾ ਹੈ, (ਇਸ ਵਾਸਤੇ) ਸਾਧ ਸੰਗਤਿ ਦੇ ਵਾਯੂ-ਮੰਡਲ ਦਾ ਕਦੇ ਨਾਸ ਨਹੀਂ ਹੁੰਦਾ । ਹੇ ਨਾਨਕ ! ਸਾਧ ਸੰਗਤਿ ਵਿਚ ਸਦਾ ਮਾਲਕ-ਪ੍ਰਭੂ ਦਾ ਨਿਵਾਸ ਹੈ । ਭਗਵਾਨ-ਪ੍ਰਭੂ (ਸਾਧ ਸੰਗਤਿ ਵਿਚ) ਤਾਣੇ ਪੇਟੇ ਵਾਂਗ ਮਿਲਿਆ ਰਹਿੰਦਾ ਹੈ । ੪ । ੨੪ । ੩੭ ।

ਭੈਰਉ ਮਹਲਾ ੫ ।। ਰੋਗੁ ਕਵਨੁ ਜਾਂ ਰਾਖੈ ਆਪਿ ।। ਤਿਸੁ ਜਨ ਹੋਇ ਨ ਦੂਖੁ ਸੰਤਾਪੁ ॥ ਜਿਸੁ ਊਪਰਿ ਪ੍ਰਭੁ ਕਿਰਪਾ ਕਰੈ ।। ਤਿਸੁ ਊਪਰ ਤੇ ਕਾਲੁ ਪਰਹਰੈ ॥ ੧ ॥ ਸਦਾ ਸਖਾਈ ਹਰਿ ਹਰਿ ਨਾਮੁ ॥ ਜਿਸੁ ਚੀਤਿ

ਆਵੈ ਤਿਸੁ ਸਦਾ ਸੁਖੁ ਹੋਵੈ ਨਿਕਟਿ ਨ ਆਵੈ ਤਾ ਕੈ ਜਾਮੁ ॥ ੧ ॥ ਰਹਾਉ ॥ ਜਬ ਇਹੁ ਨ ਸੋ ਤਬ ਕਿਨਹਿ ਉਪਾਇਆ ॥ ਕਵਨ ਮੂਲ ਤੇ ਕਿਆ ਪ੍ਰਗਟਾਇਆ ॥ ਆਪਹਿ ਮਾਰਿ ਆਪਿ ਜੀਵਾਲੈ ॥ ਅਪਨੇ ਭਗਤ ਕਉ ਸਦਾ ਪ੍ਰਤਿਪਾਲੈ ॥ ੨ ॥ ਸਭ ਕਿਛੁ ਜਾਣਹੁ ਤਿਸ ਕੈ ਹਾਥ ॥ ਪ੍ਰਭੁ ਮੇਰੋ ਅਨਾਥ ਕੋ ਨਾਥ ॥ ਦੁਖ ਭੰਜਨੁ ਤਾ ਕਾ ਹੈ ਨਾਉ ॥ ਸੁਖ ਪਾਵਹਿ ਤਿਸ ਕੇ ਗੁਣ ਗਾਉ ॥ ੩ ॥ ਸੁਣਿ ਸੁਆਮੀ ਸੰਤਨ ਅਰਦਾਸਿ ॥ ਜੀਉ ਪ੍ਰਾਨ ਧਨੁ ਤੁਮ੍ਹਰੈ ਪਾਸਿ ॥ ਇਹੁ ਜਗੁ ਤੇਰਾ ਸਭ ਤੁਝਹਿ ਧਿਆਏ ॥ ਕਰਿ ਕਿਰਪਾ ਨਾਨਕ ਸੁਖੁ ਪਏ ॥ ੪ ॥ ੨੫ ॥ ੩੮ ॥

ਪਦ ਅਰਥ :—ਕਵਨੁ—ਕਿਹੜਾ ? ਜਾਂ—ਜਦੋਂ । ਸੰਤਾਪੁ—ਕਲੇਸ਼ ! ਤਿਸੁ ਊਪਰ ਤੇ—ਉਸ ਦੇ ਸਿਰ ਉੱਤੋਂ । ਕਾਲੁ—ਮੌਤ, ਮੌਤ ਦਾ ਡਰ । ਪਰਹਰੈ—ਦੂਰ ਕਰ ਦੇਂਦਾ ਹੈ । ੧ ।

ਸਖਾਈ—ਸਾਥੀ, ਮਿੱਤਰ । ਚੀਤਿ—ਚਿੱਤ ਵਿਚ । ਤਾ ਕੈ ਨਿਕਟਿ—ਉਸ ਦੇ ਨੇੜੇ । ਜਾਮੁ—ਜਮੁ । ੧ । ਰਹਾਉ ।

ਇਹੁ—ਇਹ ਜੀਵ । ਨ ਸੋ—ਨਹੀਂ ਸੀ । ਕਿਨਹਿ—ਕਿਸ ਨੇ ? ਮੂਲ ਤੇ—ਮੁੱਢ ਤੋਂ । ਕਿਆ—ਕੈਸਾ ਸੋਹਣਾ । ਆਪਹਿ—ਆਪ ਹੀ । ਮਾਰਿ—ਮਾਰੇ, ਮਾਰਦਾ ਹੈ । ਜੀਵਾਲੈ—ਜਿੰਦ ਪਾ ਦੇਂਦਾ ਹੈ । ਕਉ—ਨੂੰ ।·ਪ੍ਰਤਿਪਾਲੈ—ਰੱਖਿਆ ਕਰਦਾ ਹੈ । ੨ ।

ਸਭ ਕਿਛੁ—-ਹਰੇਕ ਤਾਕਤ । ਅਨਾਥ ਕੋ ਨਾਥ—ਨਿਖਸਮਿਆਂ ਦਾ ਖਸਮ । ਦੁਖ ਭੰਜਨੁ—ਦੁੱਖਾਂ ਦਾ ਨਾਸ਼ ਕਰਨ ਵਾਲਾ । ਤਾ ਕਾ—ਉਸ (ਪਰਮਾਤਮਾ) ਦਾ । ਪਾਵਹਿ—ਤੂੰ ਪ੍ਰਾਪਤ ਕਰੇਂਗਾ । ਤਿਸ ਕੇ—[ਸੰਬੰਧਕ 'ਕੇ' ਦੇ ਕਾਰਨ ਲਫ਼ਜ਼ 'ਤਿਸੁ' ਦਾ ੂ ਉੱਡ ਗਿਆ ਹੈ] । ਗਾਉ—ਗਾਇਆ ਕਰ । ੩ ।

ਸੁਆਮੀ—ਹੇ ਮਾਲਕ-ਪ੍ਰਭੂ ! ਜੀਉ—ਜਿੰਦ । ਪਾਸਿ—ਹਵਾਲੇ । ਸਭ—ਸਾਰੀ ਲੁਕਾਈ । ੪ ।

ਅਰਥ :—ਹੇ ਭਾਈ ! ਪਰਮਾਤਮਾ ਦਾ ਨਾਮ (ਹੀ ਮਨੁੱਖ ਦਾ) ਸਦਾ ਸਾਥੀ ਹੈ । ਜਿਸ ਮਨੁੱਖ ਦੇ ਚਿੱਤ ਵਿਚ ਹਰਿ-ਨਾਮ ਆ ਵੱਸਦਾ ਹੈ, ਉਹ ਸਦਾ ਆਤਮਕ ਆਨੰਦ ਮਾਣਦਾ ਹੈ,ਜਮਰਾਜ ਉਸ ਦੇ ਨੇੜੇ ਨਹੀਂ ਆਉਂਦਾ(ਉਸ ਨੂੰ ਮੌਤ ਦਾ ਡਰ ਨਹੀਂ ਰਹਿੰਦਾ। ਆਤਮਕ ਮੌਤ ਉਸ ਦੇ ਨੇੜੇ ਨਹੀਂ ਢੁਕਦੀ) । ੧ । ਰਹਾਉ ।

ਹੇ ਭਾਈ ! ਜਦੋਂ ਪਰਮਾਤਮਾ ਆਪ (ਕਿਸੇ ਮਨੁੱਖ ਦੀ) ਰੱਖਿਆ ਕਰਦਾ ਹੈ, ਉਸ ਨੂੰ ਕੋਈ ਰੋਗ ਵਿਆਪ ਨਹੀਂ ਸਕਦਾ, ਕੋਈ ਦੁੱਖ ਕੋਈ ਕਲੇਸ਼ ਉਸ ਨੂੰ ਪੋਹ ਨਹੀਂ

ਸਕਦਾ। ਹੇ ਭਾਈ! ਪਰਮਾਤਮਾ ਜਿਸ ਮਨੁੱਖ ਉੱਤੇ ਮਿਹਰ ਕਰਦਾ ਹੈ, ਉਸ ਦੇ ਸਿਰ ਉੱਤੋਂ ਉਹ ਮੌਤ (ਦਾ ਡਰ, ਆਤਮਕ ਮੌਤ) ਦੂਰ ਕਰ ਦੇਂਦਾ ਹੈ। ੧।

ਹੇ ਭਾਈ! ਜਦੋਂ ਇਹ ਜੀਵ ਪਹਿਲਾਂ ਹੈ ਹੀ ਨਹੀਂ ਸੀ ਤਦੋਂ (ਪਰਮਾਤਮਾ ਤੋਂ ਬਿਨਾ ਹੋਰ) ਕਿਸ ਨੇ ਇਸ ਨੂੰ ਪੈਦਾ ਕਰ ਸਕਣਾ ਸੀ? (ਵੇਖੋ,) ਕਿਸ ਮੁੱਢ ਤੋਂ (ਪਿਤਾ ਦੀ ਬੂੰਦ ਤੋਂ) ਇਸ ਦੀ ਕੈਸੀ ਸੋਹਣੀ ਸੂਰਤ (ਪਰਮਾਤਮਾ ਨੇ) ਬਣਾ ਦਿੱਤੀ। ਹੇ ਭਾਈ! ਉਹ ਆਪ ਹੀ (ਜੀਵ ਨੂੰ) ਮਾਰਦਾ ਹੈ ਆਪ ਹੀ ਪੈਦਾ ਕਰਦਾ ਹੈ। ਪਰਮਾਤਮਾ ਆਪਣੇ ਭਗਤ ਦੀ ਸਦਾ ਰੱਖਿਆ ਕਰਦਾ ਹੈ। ੨।

ਹੇ ਭਾਈ! ਇਹ ਸੱਚ ਜਾਣੋ ਕਿ ਹਰੇਕ ਤਾਕਤ ਉਸ ਪਰਮਾਤਮਾ ਦੇ ਹੱਥਾਂ ਵਿਚ ਹੈ। ਹੇ ਭਾਈ! ਉਹ ਪਿਆਰਾ ਪ੍ਰਭੂ ਨਿਖਸਮਿਆਂ ਦਾ ਖਸਮ ਹੈ। ਉਸ ਦਾ ਨਾਮ ਹੀ ਹੈ 'ਦੁਖ-ਭੰਜਨੁ' (ਭਾਵ, ਦੁੱਖਾਂ ਦਾ ਨਾਸ ਕਰਨ ਵਾਲਾ)। ਹੇ ਭਾਈ! ਉਸ ਦੇ ਗੁਣ ਗਾਇਆ ਕਰ, ਸਾਰੇ ਸੁਖ ਪ੍ਰਾਪਤ ਕਰੇਂਗਾ। ੩।

ਹੇ ਸੁਆਮੀ! ਤੂੰ ਆਪਣੇ ਸੰਤ ਜਨਾਂ ਦੀ ਅਰਜ਼ੋਈ ਸੁਣ ਲੈਂਦਾ ਹੈਂ। ਸੰਤ ਜਨ ਆਪਣੀ ਜਿੰਦ ਆਪਣੇ ਪ੍ਰਾਣ ਆਪਣਾ ਧਨ ਸਭ ਕੁਝ ਤੇਰੇ ਹਵਾਲੇ ਕਰੀ ਰੱਖਦੇ ਹਨ। ਹੇ ਪ੍ਰਭੂ! ਇਹ ਸਾਰਾ ਜਗਤ ਤੇਰਾ ਪੈਦਾ ਕੀਤਾ ਹੋਇਆ ਹੈ, ਸਾਰੀ ਲੁਕਾਈ ਤੇਰਾ ਹੀ ਧਿਆਨ ਧਰਦੀ ਹੈ। ਹੇ ਨਾਨਕ! (ਆਖ—ਹੇ ਪ੍ਰਭੂ!) ਮਿਹਰ ਕਰ ਕੇ (ਜਿਸ ਨੂੰ ਤੂੰ ਆਪਣਾ ਨਾਮ ਬਖ਼ਸ਼ਦਾ ਹੈਂ, ਉਹ ਮਨੁੱਖ) ਆਤਮਕ ਆਨੰਦ ਮਾਣਦਾ ਹੈ। ੪। ੨੫। ੩੮।

ਭੈਰਉ ਮਹਲਾ ੫ ॥ ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥ ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥ ੧ ॥ ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ ਸਾਹਿਬੁ ਏਕ ॥ ੧ ॥ ਰਹਾਉ ॥ ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰਮੰਤ ॥ ਤੇਰੀ ਟੇਕ ਤਰੀਐ ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥ ੨ ॥ ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥ ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥ ੩ ॥ ਤੇਰੀ ਟੇਕ ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ ॥ ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥ ਸਿਮਰਿ ਨਾਨਕ ਸਾਚੇ ਗੁਣਤਾਸਾ ॥ ੪ ॥ ੨੬ ॥ ੩੯ ॥

ਪਦ ਅਰਥ:—ਟੇਕ—ਆਸਰੇ। ਰਹਾ—ਰਹਾਂ, ਮੈਂ ਰਹਿੰਦਾ ਹਾਂ। ਕਲਿ ਮਾਹਿ—

ਵਿਕਾਰਾਂ-ਭਰੇ ਜਗਤ ਵਿਚ [ਨੋਟ—ਕਿਸੇ ਖਾਸ 'ਜੁਗ' ਦਾ ਜ਼ਿਕਰ ਨਹੀਂ ਹੈ। ਸਾਧਾਰਨ ਤੌਰ ਤੇ ਉਸੇ ਸਮੇ ਦਾ ਨਾਮ ਲੈ ਦਿੱਤਾ ਹੈ ਜਿਸ ਦਾ ਨਾਮ 'ਕਲਿਜੁਗ' ਪਿਆ ਹੋਇਆ ਹੈ]। ਗਾਹਿ—(ਜਿਹੜੇ ਮਨੁੱਖ) ਗਾਂਦੇ ਹਨ। ਕਾਲੁ—ਮੌਤ, ਆਤਮਕ ਮੌਤ। ਜੰਜਾਲੁ—ਮਾਇਆ ਦੇ ਮੋਹ ਦੀ ਫਾਹੀ ।੧।

ਦੀਨ ਦੁਨੀਆ—ਪਰਲੋਕ ਵਿਚ ਤੇ ਇਸ ਲੋਕ ਵਿਚ। ਸਭ ਮਹਿ—ਸਾਰੀ ਸ੍ਰਿਸ਼ਟੀ ਵਿਚ। ਰਵਿਆ—ਵਿਆਪਕ ਹੈ। ਸਾਹਿਬੁ—ਮਾਲਕ-ਪ੍ਰਭੂ ।੧। ਰਹਾਉ ।

ਕਰਉ—ਕਰਉਂ, ਮੈਂ ਕਰਦਾ ਹਾਂ, ਮੈਂ ਮਾਣਦਾ ਹਾਂ। ਜਪਉ—ਜਪਉਂ, ਮੈਂ ਜਪਦਾ ਹਾਂ। ਤਰੀਐ—ਪਾਰ ਲੰਘ ਜਾਈਦਾ ਹੈ। ਭਉ ਸਾਗਰੁ—ਸੰਸਾਰ-ਸਮੁੰਦਰ। ਰਾਖਣਹਾਰੁ—ਰੱਖਿਆ ਕਰ ਸਕਣ ਵਾਲਾ ।੨।

ਅੰਤਰਜਾਮੀ—ਸਭ ਦੇ ਦਿਲ ਦੀ ਜਾਣਨ ਵਾਲਾ। ਸਾਚਾ—ਸਦਾ-ਥਿਰ ਪ੍ਰਭੂ। ਸੋਇ—ਉਹ (ਪ੍ਰਭੂ) ਹੀ। ਮਨਿ—ਮਨ ਵਿਚ। ਤਾਣੁ—ਬਲ। ਈਹਾਂ ਊਹਾਂ—ਇਸ ਲੋਕ ਵਿਚ, ਤੇ, ਪਰਲੋਕ ਵਿਚ। ਦੀਬਾਣੁ—ਆਸਰਾ ।੩।

ਭਰਵਾਸਾ—ਸਹਾਰਾ। ਧਿਆਵਹਿ—ਸਿਮਰਦੇ ਹਨ [ਬਹੁ ਵਚਨ]। ਗੁਣਤਾਸਾ—ਗੁਣਾਂ ਦਾ ਖ਼ਜ਼ਾਨਾ। ਜਪਿ—ਜਪ ਕੇ। ਕਰਹਿ—ਕਰਦੇ ਹਨ ।੪।

ਅਰਥ :—ਹੇ ਪ੍ਰਭੂ! ਇਸ ਲੋਕ ਤੇ ਪਰਲੋਕ ਵਿਚ (ਅਸਾਂ ਜੀਵਾਂ ਨੂੰ) ਤੇਰਾ ਹੀ ਸਹਾਰਾ ਹੈ। ਹੇ ਭਾਈ! ਸਾਰੀ ਸ੍ਰਿਸ਼ਟੀ ਵਿਚ ਮਾਲਕ-ਪ੍ਰਭੂ ਹੀ ਵਿਆਪਕ ਹੈ ।੧। ਰਹਾਉ ।

ਹੇ ਪ੍ਰਭੂ! ਇਸ ਵਿਕਾਰ-ਭਰੇ ਜਗਤ ਵਿਚ ਮੈਂ ਤੇਰੇ ਆਸਰੇ ਹੀ ਜੀਊਂਦਾ ਹਾਂ। ਹੇ ਪ੍ਰਭੂ! (ਸਭ ਜੀਵ) ਤੇਰੇ ਹੀ ਸਹਾਰੇ ਹਨ, ਤੇਰੇ ਹੀ ਗੁਣ ਗਾਂਦੇ ਹਨ। ਹੇ ਪ੍ਰਭੂ! ਜਿਸ ਮਨੁੱਖ ਨੂੰ ਤੇਰਾ ਆਸਰਾ ਹੈ ਉਸ ਉਤੇ ਆਤਮਕ ਮੌਤ ਆਪਣਾ ਪ੍ਰਭਾਵ ਨਹੀਂ ਪਾ ਸਕਦੀ। ਤੇਰੇ ਆਸਰੇ (ਮਨੁੱਖ ਦੀ) ਮਾਇਆ ਦੇ ਮੋਹ ਦੀ ਫਾਹੀ ਟੁੱਟ ਜਾਂਦੀ ਹੈ ।੧।

ਹੇ ਪ੍ਰਭੂ! ਮੈਂ ਤੇਰੇ ਨਾਮ ਦਾ ਆਸਰਾ ਲੈ ਕੇ ਹੀ ਆਤਮਕ ਆਨੰਦ ਮਾਣਦਾ ਹਾਂ ਅਤੇ ਗੁਰੂ ਦਾ ਦਿੱਤਾ ਹੋਇਆ ਤੇਰਾ ਨਾਮ-ਮੰਤ੍ਰ ਜਪਦਾ ਰਹਿੰਦਾ ਹਾਂ। ਹੇ ਪ੍ਰਭੂ! ਤੇਰੇ (ਨਾਮ ਦੇ) ਸਹਾਰੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਤੂੰ ਸਭ ਦੀ ਰੱਖਿਆ ਕਰਨ ਦੇ ਸਮਰਥ ਹੈਂ, ਤੂੰ ਸਾਰੇ ਸੁਖਾਂ ਦਾ (ਮਾਨੋ) ਸਮੁੰਦਰ ਹੈਂ ।੨।

ਹੇ ਪ੍ਰਭੂ! ਜਿਸ ਨੂੰ ਤੇਰੇ ਨਾਮ ਦਾ ਆਸਰਾ ਹੈ ਉਸ ਨੂੰ ਕੋਈ ਡਰ ਵਿਆਪ ਨਹੀਂ ਸਕਦਾ। ਹੇ ਭਾਈ! ਉਹ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਹੀ ਸਭ ਦੇ ਦਿਲ ਦੀ ਜਾਣਨ ਵਾਲਾ ਹੈ। ਹੇ ਪ੍ਰਭੂ! ਸਭ ਜੀਵਾਂ ਨੂੰ ਤੇਰਾ ਹੀ ਆਸਰਾ ਹੈ, ਸਭ ਦੇ ਮਨ ਵਿਚ

ਤੇਰੇ ਨਾਮ ਦਾ ਹੀ ਸਹਾਰਾ ਹੈ। ਇਸ ਲੋਕ ਤੇ ਪਰਲੋਕ ਵਿਚ ਤੂੰ ਹੀ ਜੀਵਾਂ ਦਾ ਆਸਰਾ ਹੈਂ। ੩।

ਹੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ! (ਅਸਾਂ ਜੀਵਾਂ ਨੂੰ) ਤੇਰੀ ਹੀ ਟੇਕ ਹੈ ਤੇਰਾ ਹੀ ਆਸਰਾ ਹੈ, ਸਭ ਜੀਵ ਤੇਰਾ ਹੀ ਧਿਆਨ ਧਰਦੇ ਹਨ, ਤੇਰੇ ਦਾਸ ਤੇਰਾ ਨਾਮ ਜਪ ਜਪ ਕੇ ਆਤਮਕ ਆਨੰਦ ਮਾਣਦੇ ਹਨ। ਹੇ ਨਾਨਕ! (ਤੂੰ ਭੀ) ਸਦਾ ਕਾਇਮ ਰਹਿਣ ਵਾਲੇ ਅਤੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦਾ ਨਾਮ ਸਿਮਰਿਆ ਕਰ। ੪। ੨੬। ੩੯।

ਭੈਰਉ ਮਹਲਾ ੫ ॥ ਪ੍ਰਥਮੇ ਛੋਡੀ ਪਰਾਈ ਨਿੰਦਾ ॥ ਉਤਰਿ ਗਈ ਸਭ ਮਨ ਕੀ ਚਿੰਦਾ ॥ ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥ ੧ ॥ ਐਸੋ ਤਿਆਗੀ ਵਿਰਲਾ ਕੋਇ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥ ੧ ॥ ਰਹਾਉ ॥ ਅਹੰਬੁਧਿ ਕਾ ਛੋਡਿਆ ਸੰਗੁ ॥ ਕਾਮ ਕ੍ਰੋਧ ਕਾ ਉਤਰਿਆ ਰੰਗੁ ॥ ਨਾਮ ਧਿਆਏ ਹਰਿ ਹਰਿ ਹਰੇ ॥ ਸਾਧ ਜਨਾ ਕੈ ਸੰਗਿ ਨਿਸਤਰੇ ॥ ੨ ॥ ਬੈਰੀ ਮੀਤ ਹੋਏ ਸੰਮਾਨ ॥ ਸਰਬ ਮਹਿ ਪੂਰਨ ਭਗਵਾਨ॥ ਪ੍ਰਭ ਕੀ ਆਗਿਆ ਮਾਨਿ ਸੁਖੁ ਪਾਇਆ ॥ ਗੁਰਿ ਪੂਰੈ ਹਰਿਨਾਮੁ ਦ੍ਰਿੜਾਇਆ ॥ ੩ ॥ ਕਰਿ ਕਿਰਪਾ ਜਿਸੁ ਰਾਖੈ ਆਪਿ ॥ ਸੋਈ ਭਗਤੁ ਜਪੈ ਨਾਮ ਜਾਪ ॥ ਮਨਿ ਪ੍ਰਗਾਸੁ ਗੁਰ ਤੇ ਮਤਿ ਲਈ ॥ ਕਹੁ ਨਾਨਕ ਤਾ ਕੀ ਪੂਰੀ ਪਈ ॥ ੪ ॥ ੨੭ ॥ ੪੦ ॥

ਪਦ ਅਰਥ :—ਪ੍ਰਥਮੇ—ਸਭ ਤੋਂ ਪਹਿਲਾਂ। ਚਿੰਦਾ—ਚਿੰਤਾ। ਸਭੁ—ਸਾਰੇ ਦਾ ਸਾਰਾ। ਪਰਮ—ਸਭ ਤੋਂ ਉੱਚਾ। ਬੈਸਨੋ—ਵਿਸ਼ਨੂ ਦਾ ਭਗਤ, ਪਵਿੱਤਰ ਜੀਵਨ ਵਾਲਾ ਭਗਤ। ਪੇਖਿ—ਵੇਖ ਕੇ। ਹਜੂਰਿ—ਅੰਗ-ਸੰਗ। ੧।

ਐਸੋ—ਇਹੋ ਜਿਹਾ। ਜਨੁ ਸੋਇ—ਉਹੀ ਮਨੁੱਖ। ੧। ਰਹਾਉ।

ਅਹੰਬੁਧਿ—ਅਹੰਕਾਰ। ਸੰਗੁ—ਸਾਥ। ਰੰਗੁ—ਪ੍ਰਭਾਵ। ਧਿਆਏ—ਧਿਆਉਂਦਾ ਹੈ। ਸੰਗਿ—ਨਾਲ। ੨।

ਸੰਮਾਨ—ਇੱਕੋ ਜਿਹੇ, ਮਿੱਤਰਾਂ ਵਰਗੇ ਹੀ। ਪੂਰਨ—ਵਿਆਪਕ। ਆਗਿਆ—ਰਜ਼ਾ। ਮਾਨਿ—ਮੰਨ ਕੇ, ਮਿੱਠੀ ਜਾਣ ਕੇ। ਗੁਰਿ ਪੂਰੈ—ਪੂਰੇ ਗੁਰੂ ਨੇ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ। ੩।

ਕਰਿ—ਕਰ ਕੇ। ਮਨਿ—ਮਨ ਵਿਚ। ਪ੍ਰਗਾਸੁ—ਚਾਨਣ, ਆਤਮਕ ਜੀਵਨ ਦੀ ਸੂਝ ਦਾ ਚਾਨਣ। ਤੇ—ਤੋਂ। ਮਤਿ—ਸਿੱਖਿਆ। ਤਾ ਕੀ—ਉਸ ਮਨੁੱਖ ਦੀ। ਪੂਰੀ ਪਈ—ਸਫਲਤਾ ਹੋ ਗਈ। ੪।

ਅਰਥ :—ਹੇ ਭਾਈ ! ਪਰਮਾਤਮਾ ਨੂੰ ਅੰਗ-ਸੰਗ ਵੱਸਦਾ ਵੇਖ ਕੇ (ਮਨੁੱਖ) ਸਭ ਤੋਂ ਉੱਚਾ ਵੈਸ਼ਨਵ ਬਣ ਜਾਂਦਾ ਹੈ (ਉਹ ਮਨੁੱਖ ਬਾਹਰ ਦੀ ਸੁੱਚ ਦੇ ਥਾਂ ਅੰਦਰ ਦੀ ਪਵਿੱਤ੍ਰਤਾ ਕਾਇਮ ਰੱਖਣ ਵਾਸਤੇ) ਸਭ ਤੋਂ ਪਹਿਲਾਂ ਦੂਜਿਆਂ ਦੇ ਐਬ ਲੱਭਣੇ ਛੱਡ ਦੇਂਦਾ ਹੈ (ਇਸ ਤਰ੍ਹਾਂ ਉਸ ਦੇ ਆਪਣੇ) ਮਨ ਦੀ ਸਾਰੀ ਚਿੰਤਾ ਲਹਿ ਜਾਂਦੀ ਹੈ (ਮਨ ਤੋਂ ਵਿਕਾਰਾਂ ਦਾ ਚਿੰਤਨ ਲਹਿ ਜਾਂਦਾ ਹੈ), ਉਹ ਮਨੁੱਖ (ਆਪਣੇ ਅੰਦਰੋਂ) ਲੋਭ ਅਤੇ ਮੋਹ ਸਾਰੇ ਦਾ ਸਾਰਾ ਦੂਰ ਕਰ ਦੇਂਦਾ ਹੈ । ੧ ।

ਹੇ ਭਾਈ ! (ਇਹੋ ਜਿਹਾ ਵੈਸ਼ਨਵ ਹੀ ਅਸਲ ਤਿਆਗੀ ਹੈ, ਪਰ) ਇਹੋ ਜਿਹਾ ਤਿਆਗੀ (ਜਗਤ ਵਿਚ) ਕੋਈ ਵਿਰਲਾ ਮਨੁੱਖ ਹੀ ਹੁੰਦਾ ਹੈ, ਉਹੀ ਮਨੁੱਖ (ਸਹੀ ਅਰਥਾਂ ਵਿਚ) ਪਰਮਾਤਮਾ ਦਾ ਨਾਮ ਜਪਦਾ ਹੈ । ੧ । ਰਹਾਉ ।

ਹੇ ਭਾਈ ! (ਜਿਹੜਾ ਮਨੁੱਖ ਪਰਮਾਤਮਾ ਨੂੰ ਹਾਜ਼ਰ-ਨਾਜ਼ਰ ਵੇਖ ਕੇ ਅਸਲ ਵੈਸ਼ਨਵ ਬਣ ਜਾਂਦਾ ਹੈ, ਉਹ) ਅਹੰਕਾਰ ਦਾ ਸਾਥ ਛੱਡ ਦੇਂਦਾ ਹੈ, (ਉਸ ਦੇ ਮਨ ਤੋਂ) ਕਾਮ ਅਤੇ ਕ੍ਰੋਧ ਦਾ ਅਸਰ ਦੂਰ ਹੋ ਜਾਂਦਾ ਹੈ, ਉਹ ਮਨੁੱਖ ਸਦਾ ਪਰਮਾਤਮਾ ਦਾ ਨਾਮ ਸਿਮਰਦਾ ਹੈ । ਹੇ ਭਾਈ ! ਅਜਿਹੇ ਮਨੁੱਖ ਸਾਧ ਸੰਗਤਿ ਵਿਚ ਰਹਿ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ । ੨ ।

ਹੇ ਭਾਈ ! ਪੂਰੇ ਗੁਰੂ ਨੇ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਪੱਕੇ ਤੌਰ ਤੇ ਟਿਕਾ ਦਿੱਤਾ, ਉਸ ਨੇ ਪਰਮਾਤਮਾ ਦੀ ਰਜ਼ਾ ਨੂੰ ਮਿੱਠਾ ਜਾਣ ਕੇ ਸਦਾ ਆਤਮਕ ਆਨੰਦ ਮਾਣਿਆ ਹੈ, ਉਸ ਨੂੰ ਭਗਵਾਨ ਸਭ ਜੀਵਾਂ ਵਿਚ ਵਿਆਪਕ ਦਿੱਸਦਾ ਹੈ, ਇਸ ਵਾਸਤੇ ਉਸ ਨੂੰ ਵੈਰੀ ਅਤੇ ਮਿੱਤਰ ਇੱਕੋ ਜਿਹੇ (ਮਿੱਤਰ ਹੀ) ਦਿੱਸਦੇ ਹਨ ।੩।

ਹੇ ਭਾਈ ! ਪਰਮਾਤਮਾ ਆਪਣੀ ਮਿਹਰ ਕਰ ਕੇ ਜਿਸ ਮਨੁੱਖ ਦੀ ਆਪ ਰੱਖਿਆ ਕਰਦਾ ਹੈ, ਉਹੀ ਹੈ ਅਸਲ ਭਗਤ, ਉਹੀ ਉਸ ਦੇ ਨਾਮ ਦਾ ਜਾਪ ਜਪਦਾ ਹੈ । ਹੇ ਭਾਈ ! ਜਿਸ ਮਨੁੱਖ ਨੇ ਗੁਰੂ ਪਾਸੋਂ (ਜੀਵਨ-ਜੁਗਤਿ ਦੀ) ਸਿੱਖਿਆ ਲੈ ਲਈ ਉਸ ਦੇ ਮਨ ਵਿਚ (ਆਤਮਕ ਜੀਵਨ ਦੀ ਸੂਝ ਦਾ) ਚਾਨਣ ਹੋ ਗਿਆ । ਹੇ ਨਾਨਕ ! ਆਖ— ਉਸ ਮਨੁੱਖ ਦੀ ਜ਼ਿੰਦਗੀ ਕਾਮਯਾਬ ਹੋ ਗਈ । ੪ । ੨੭ । ੪੦ ।

ਭੈਰਉ ਮਹਲਾ ੫ ॥ ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥ ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥ ੧ ॥ ਸੂਖ ਸਹਜ ਆਨੰਦ ਲਹਹੁ ॥ ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮੁ ਕਹਹੁ ॥ ੧ ॥ ਰਹਾਉ ॥ ਬੰਧਨ ਮਾਤ ਪਿਤਾ ਸੁਤ ਬਨਿਤਾ ॥ ਬੰਧਨ ਕਰਮ ਧਰਮ ਹਉ ਕਰਤਾ ॥

ਬੰਧਨ ਕਾਟਨਹਾਰੁ ਮਨਿ ਵਸੈ ॥ ਤਉ ਸੁਖੁ ਪਾਵੈ ਨਿਜ ਘਰਿ ਬਸੈ ॥ ੨ ॥ ਸਭਿ ਜਾਚਿਕ ਪ੍ਰਭ ਦੇਵਨਹਾਰ ॥ ਗੁਣ ਨਿਧਾਨ ਬੇਅੰਤ ਅਪਾਰ ॥ ਜਿਸ ਨੋ ਕਰਮੁ ਕਰੇ ਪ੍ਰਭੁ ਅਪਨਾ ॥ ਹਰਿ ਹਰਿ ਨਾਮੁ ਤਿਨੈ ਜਨਿ ਜਪਨਾ ॥ ੩ ॥ ਗੁਰ ਅਪਨੇ ਆਗੈ ਅਰਦਾਸਿ ॥ ਕਰਿ ਕਿਰਪਾ ਪੁਰਖ ਗੁਣਤਾਸਿ ॥ ਕਹੁ ਨਾਨਕ ਤੁਮਰੀ ਸਰਣਾਈ ॥ ਜਿਉ ਭਾਵੈ ਤਿਉ ਰਖਹੁ ਗੁਸਾਈ ॥ ੪ ॥ ੨੮ ॥ ੪੧ ॥

ਪਦ ਅਰਥ :—ਧਨਿ ਖਾਟੈ—ਜੇ ਧਨ ਖੱਟਿਆ ਜਾਏ। ਬਹੁਤੈ ਧਨਿ ਖਾਟੈ—ਬਹੁਤਾ ਧਨ ਖੱਟਣ ਨਾਲ । ਪੇਖੇ—ਵੇਖਿਆਂ । ਨਿਰਤਿ—ਨਾਚ। ਨਾਟੇ—ਨਾਟਕ। ਕਮਾਏ—ਮੱਲਣ ਨਾਲ। ਸਰਬ—ਸਾਰੇ। ਗਾਏ—ਗਾਇਆਂ। ੧।

ਸਹਜ—ਆਤਮਕ ਅਡੋਲਤਾ। ਪਾਈਐ—ਪਾ ਸਕੀਦੀ ਹੈ। ਗੁਰਮੁਖਿ—ਗੁਰੂ ਦੀ ਸਰਨ ਪੈ ਕੇ। ੧। ਰਹਾਉ।

ਮਾਤ—ਮਾਂ। ਸੁਤ—ਪੁੱਤਰ। ਬਨਿਤਾ—ਇਸਤ੍ਰੀ । ਬੰਧਨ—ਮਾਇਆ ਦੇ ਮੋਹ ਦੀਆਂ ਫਾਹੀਆਂ। ਕਰਮ ਧਰਮ—ਮਿਥੇ ਹੋਏ ਧਾਰਮਿਕ ਕੰਮ (ਤੀਰਥ ਜਾਤ੍ਰਾ ਆਦਿਕ)। ਹਉ—ਹਉਂ, ਮੈਂ, ਹਉਮੈ, ਅਹੰਕਾਰ। ਕਾਟਨਹਾਰੁ—ਕੱਟ ਸਕਣ ਵਾਲਾ ਪ੍ਰਭੂ। ਮਨਿ—ਮਨ ਵਿਚ। ਤਉ—ਤਦੋਂ। ਨਿਜ ਘਰਿ—ਆਪਣੇ ਅਸਲ ਘਰ ਵਿਚ, ਪ੍ਰਭੂ-ਚਰਨਾਂ ਵਿਚ । ੨ ।

ਸਭਿ—ਸਾਰੇ। ਜਾਚਿਕ—ਮੰਗਤੇ [ਬਹੁ ਵਚਨ]। ਦੇਵਨਹਾਰ—ਸਭ ਕੁਝ ਦੇ ਸਕਣ ਵਾਲਾ। ਨਿਧਾਨੁ—ਖ਼ਜ਼ਾਨਾ। ਜਿਸ ਨੋ—[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਜਿਸੁ' ਦਾ ੁ ਉੱਡ ਗਿਆ ਹੈ]। ਕਰਮੁ—ਮਿਹਰ, ਬਖ਼ਸ਼ਸ਼। ਤਿਨੈ ਜਨਿ—ਉਸੇ ਜਨ ਨੇ, ਉਸੇ ਮਨੁੱਖ ਨੇ। ੩।

ਪੁਰਖ ਗੁਣਤਾਸਿ—ਹੇ ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖ! ਨਾਨਕ—ਹੇ ਨਾਨਕ! ਗੁਸਾਈ—ਹੇ ਸ੍ਰਿਸ਼ਟੀ ਦੇ ਮਾਲਕ! ੪।

ਅਰਥ :—ਹੇ ਭਾਈ! (ਸਾਧ ਸੰਗਤਿ ਵਿਚ) ਗੁਰੂ ਦੀ ਸਰਨ ਪੈ ਕੇ ਸਦਾ ਪਰਮਾਤਮਾ ਦਾ ਨਾਮ ਜਪੋ, (ਤੇ, ਇਸ ਤਰ੍ਹਾਂ) ਆਤਮਕ ਅਡੋਲਤਾ ਦੇ ਸੁਖ ਆਨੰਦ ਮਾਣੋ। ਪਰ ਹੇ ਭਾਈ! ਵੱਡੀ ਕਿਸਮਤ ਨਾਲ ਹੀ ਸਾਧ ਸੰਗਤਿ ਮਿਲਦੀ ਹੈ। ੧। ਰਹਾਉ।

ਹੇ ਭਾਈ! ਬਹੁਤਾ ਧਨ ਖੱਟਣ ਨਾਲ (ਆਤਮਕ) ਆਨੰਦ ਨਹੀਂ ਮਿਲਦਾ, ਨਾਟਕਾਂ ਦੇ ਨਾਚ ਵੇਖਿਆਂ ਭੀ ਆਤਮਕ ਆਨੰਦ ਨਹੀਂ ਪ੍ਰਾਪਤ ਹੁੰਦਾ। ਹੇ ਭਾਈ!

ਬਹੁਤੇ ਦੇਸ ਜਿੱਤ ਲੈਣ ਨਾਲ ਭੀ ਸੁਖ ਨਹੀਂ ਮਿਲਦਾ। ਪਰ, ਹੇ ਭਾਈ! ਪਰਮਾਤਮਾ ਦੀ ਸਿਫ਼ਤਿ ਸਾਲਾਹ ਕੀਤਿਆਂ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ।੧।

ਹੇ ਭਾਈ! ਮਾਂ, ਪਿਉ, ਪੁੱਤਰ, ਇਸਤ੍ਰੀ (ਆਦਿਕ ਸਨਬੰਧੀ) ਮਾਇਆ ਦੇ ਮੋਹ ਦੀਆਂ ਫਾਹੀਆਂ ਪਾਂਦੇ ਹਨ। (ਤੀਰਥ ਆਦਿਕ ਮਿਥੇ ਹੋਏ) ਧਾਰਮਿਕ ਕਰਮ ਭੀ ਫਾਹੀਆਂ ਪੈਦਾ ਕਰਦੇ ਹਨ (ਕਿਉਂਕਿ ਇਹਨਾਂ ਦੇ ਕਾਰਨ ਮਨੁੱਖ) ਅਹੰਕਾਰ ਕਰਦਾ ਹੈ (ਕਿ ਮੈਂ ਤੀਰਥ-ਜਾਤ੍ਰਾ ਆਦਿਕ ਕਰਮ ਕੀਤੇ ਹਨ)। ਪਰ ਜਦੋਂ ਇਹ ਫਾਹੀਆਂ ਕੱਟ ਸਕਣ ਵਾਲਾ ਪਰਮਾਤਮਾ (ਮਨੁੱਖ ਦੇ) ਮਨ ਵਿਚ ਆ ਵੱਸਦਾ ਹੈ ਤਦੋਂ (ਮਾਂ ਪਿਉ ਪੁੱਤਰ ਇਸਤ੍ਰੀ ਆਦਿਕ ਸੰਬੰਧੀਆਂ ਵਿਚ ਰਹਿੰਦਾ ਹੋਇਆ ਹੀ) ਆਤਮਕ ਆਨੰਦ ਮਾਣਦਾ ਹੈ (ਕਿਉਂਕਿ ਤਦੋਂ ਮਨੁੱਖ) ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।੨।

ਹੇ ਭਾਈ! ਸਾਰੇ ਜੀਵ ਸ਼ਭ ਕੁਝ ਦੇ ਸਕਣ ਵਾਲੇ ਪ੍ਰਭੂ (ਦੇ ਦਰ) ਦੇ (ਹੀ) ਮੰਗਤੇ ਹਨ, ਉਹ ਪਰਮਾਤਮਾ ਸਾਰੇ ਗੁਣਾਂ ਦਾ ਖ਼ਜ਼ਾਨਾ ਹੈ, ਬੇਅੰਤ ਹੈ, ਉਸ ਦੀ ਹਸਤੀ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ਹੇ ਭਾਈ! ਜਿਸ ਮਨੁੱਖ ਉਤੇ ਪਿਆਰਾ ਪ੍ਰਭੂ ਬਖ਼ਸ਼ਸ਼ ਕਰਦਾ ਹੈ, ਉਸੇ ਹੀ ਮਨੁੱਖ ਨੇ ਸਦਾ ਪਰਮਾਤਮਾ ਦਾ ਨਾਮ ਜਪਿਆ ਹੈ।੩।

ਹੇ ਨਾਨਕ! ਆਪਣੇ ਗੁਰੂ ਦੇ ਦਰ ਤੇ (ਸਦਾ) ਅਰਜ਼ੋਈ ਕਰਿਆ ਕਰ, ਤੇ, ਆਖਦਾ ਰਹੁ—ਹੇ ਸ੍ਰਿਸ਼ਟੀ ਦੇ ਮਾਲਕ! ਹੇ ਗੁਣਾਂ ਦੇ ਖ਼ਜ਼ਾਨੇ ਅਕਾਲ ਪੁਰਖ! ਮੈਂ ਤੇਰੀ ਸਰਨ ਆਇਆ ਹਾਂ, ਮਿਹਰ ਕਰ ਕੇ ਜਿਵੇਂ ਤੇਰੀ ਰਜ਼ਾ ਹੈ ਤਿਵੇਂ ਮੈਨੂੰ (ਆਪਣੇ ਚਰਨਾਂ ਵਿਚ) ਰੱਖ।੪।੨੯।੪੧।

ਭੈਰਉ ਮਹਲਾ ੫ ॥ ਗੁਰ ਮਿਲਿ ਤਿਆਗਿਓ ਦੂਜਾ ਭਾਉ ॥ ਗੁਰਮੁਖਿ ਜਪਿਓ ਹਰਿ ਕਾ ਨਾਉ ॥ ਬਿਸਰੀ ਚਿੰਤ ਨਾਮਿ ਰੰਗੁ ਲਾਗਾ ॥ ਜਨਮ ਜਨਮ ਕਾ ਸੋਇਆ ਜਾਗਾ ॥ ੧ ॥ ਕਰਿ ਕਿਰਪਾ ਅਪਨੀ ਸੇਵਾ ਲਾਏ ॥ ਸਾਧੂ ਸੰਗਿ ਸਰਬ ਸੁਖ ਪਾਏ ॥ ੧ ॥ ਰਹਾਉ ॥ ਰੋਗ ਦੋਖ ਗੁਰ ਸਬਦਿ ਨਿਵਾਰੇ ॥ ਨਾਮ ਅਉਖਧੁ ਮਨ ਭੀਤਰਿ ਸਾਰੇ ॥ ਗੁਰ ਭੇਟਤ ਮਨਿ ਭਇਆ ਅਨੰਦ ॥ ਸਰਬ ਨਿਧਾਨ ਨਾਮ ਭਗਵੰਤ ॥ ੨ ॥ ਜਨਮ ਮਰਣ ਕੀ ਮਿਟੀ ਜਮ ਤ੍ਰਾਸ ॥ ਸਾਧ ਸੰਗਤਿ ਊਂਧ ਕਮਲ ਬਿਗਾਸ ॥ ਗੁਣ ਗਾਵਤ ਨਿਹਚਲੁ ਬਿਸ੍ਰਾਮ ॥ ਪੂਰਨ ਹੋਏ ਸਗਲੇ ਕਾਮ ॥ ੩ ॥ ਦੁਲਭ ਦੇਹ ਆਈ ਪਰਵਾਨੁ ॥ ਸਫਲ ਹੋਈ ਜਪਿ ਹਰਿ ਹਰਿ ਨਾਮੁ ॥ ਕਹੁ ਨਾਨਕ ਪ੍ਰਭਿ ਕਿਰਪਾ ਕਰੀ ॥ ਸਾਸਿ ਗਿਰਾਸਿ ਜਪਉ ਹਰਿ ਹਰੀ ॥ ੪ ॥ ੨੯ ॥੪੨॥

ਪਦ ਅਰਥ :—ਗੁਰ ਮਿਲਿ—ਗੁਰੂ ਨੂੰ ਮਿਲ ਕੇ। ਭਾਉ—ਪਿਆਰ। ਦੂਜਾ ਭਾਉ—(ਪਰਮਾਤਮਾ ਤੋਂ ਬਿਨਾ) ਹੋਰ ਦਾ ਪਿਆਰ, ਮਾਇਆ ਦਾ ਮੋਹ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਨਾਮਿ—ਨਾਮ ਵਿਚ। ਰੰਗੁ—ਪ੍ਰੇਮ। ਜਨਮ ਜਨਮ ਕਾ—ਅਨੇਕਾਂ ਜਨਮਾਂ ਦਾ। ੧।

ਕਰਿ—ਕਰ ਕੇ। ਸਾਧੂ ਸੰਗਿ—ਗੁਰੂ ਦੀ ਸੰਗਤਿ ਵਿਚ। ੧। ਰਹਾਉ।

ਗੁਰ ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਨਿਵਾਰੇ—ਦੂਰ ਕਰ ਲਏ। ਅਉਖਧੁ—ਦਵਾਈ। ਭੀਤਰਿ—ਵਿਚ। ਸਾਰੇ—ਸੰਭਾਲਦਾ ਹੈ, ਸਾਂਭ ਕੇ ਰੱਖਦਾ ਹੈ। ਗੁਰ ਭੇਟਤ—ਗੁਰੂ ਨੂੰ ਮਿਲਦਿਆਂ। ਮਨਿ—ਮਨ ਵਿਚ। ਸਰਬ—ਸਾਰੇ। ਨਿਧਾਨ—ਖ਼ਜ਼ਾਨੇ। ਦੋਖ—ਐਬ, ਵਿਕਾਰ। ੨।

ਜਮ ਤ੍ਰਾਸ—ਜਮਰਾਜ ਦਾ ਸਹਮ। ਤ੍ਰਾਸ—ਡਰ, ਸਹਮ। ਊਂਧ—ਉਲਟਿਆ ਹੋਇਆ, ਮਾਇਆ ਵਾਲੇ ਪਾਸੇ ਪਰਤਿਆ ਹੋਇਆ। ਬਿਗਾਸ—ਖੇੜਾ, ਖਿੜਾਉ। ਗਾਵਤ—ਗਾਂਦਿਆਂ। ਨਿਹਚਲੁ—(ਮਾਇਆ ਦੇ ਹੱਲਿਆਂ ਵਲੋਂ) ਅਡੋਲ। ਬਿਸ੍ਰਾਮ—ਟਿਕਾਣਾ। ਕਾਮ—ਕੰਮ। ੩।

ਦੁਲਭ—ਬੜੀ ਮੁਸ਼ਕਿਲ ਨਾਲ ਮਿਲਣ ਵਾਲੀ। ਦੇਹ—ਕਾਂਇਆਂ, ਮਨੁੱਖਾ ਸਰੀਰ। ਆਈ ਪਰਵਾਨੁ—ਕਬੂਲ ਹੋ ਗਈ। ਜਪਿ—ਜਪ ਕੇ। ਨਾਨਕ—ਹੇ ਨਾਨਕ! ਪ੍ਰਭਿ—ਪ੍ਰਭੂ ਨੇ। ਸਾਸਿ—ਹਰੇਕ ਸਾਹ ਦੇ ਨਾਲ। ਗਿਰਾਸਿ—ਹਰੇਕ ਗਿਰਾਹੀ ਦੇ ਨਾਲ। ਜਪਉ—ਜਪਉਂ, ਮੈਂ ਜਪਦਾ ਹਾਂ। ੪।

ਅਰਥ :—ਹੇ ਭਾਈ! ਮਿਹਰ ਕਰ ਕੇ ਪਰਮਾਤਮਾ (ਜਿਸ ਮਨੁੱਖ ਨੂੰ) ਆਪਣੀ ਸੇਵਾ-ਭਗਤੀ ਵਿਚ ਜੋੜਦਾ ਹੈ, ਉਹ ਮਨੁੱਖ ਗੁਰੂ ਦੀ ਸੰਗਤਿ ਵਿਚ ਟਿਕ ਕੇ ਸਾਰੇ ਆਤਮਕ ਆਨੰਦ ਮਾਣਦਾ ਹੈ। ੧। ਰਹਾਉ।

ਹੇ ਭਾਈ! ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ (ਆਪਣੇ ਅੰਦਰੋਂ) ਮਾਇਆ ਦਾ ਮੋਹ ਛੱਡ ਦਿੱਤਾ, ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਨਾਮ ਜਪਣਾ ਸ਼ੁਰੂ ਕਰ ਦਿੱਤਾ, (ਉਸ ਦੇ ਮਨ ਦੀ) ਚਿੰਤਾ ਮੁੱਕ ਗਈ, ਪਰਮਾਤਮਾ ਦੇ ਨਾਮ ਵਿਚ ਉਸ ਦਾ ਪਿਆਰ ਬਣ ਗਿਆ, ਅਨੇਕਾਂ ਜਨਮਾਂ ਦਾ ਮਾਇਆ ਦੇ ਮੋਹ ਦੀ ਨੀਂਦ ਵਿਚ ਸੁੱਤਾ ਹੋਇਆ ਹੁਣ ਉਹ ਜਾਗ ਪਿਆ (ਉਸ ਨੂੰ ਜੀਵਨ-ਜੁਗਤਿ ਦੀ ਸਮਝ ਆ ਗਈ)। ੧।

ਹੇ ਭਾਈ! ਜਿਸ ਮਨੁੱਖ ਨੇ ਗੁਰੂ ਨੂੰ ਮਿਲ ਕੇ (ਆਪਣੇ ਮਨ ਵਿਚੋਂ) ਰੋਗ ਅਤੇ ਵਿਕਾਰ ਦੂਰ ਕਰ ਲਏ, ਜਿਹੜਾ ਮਨੁੱਖ ਨਾਮ-ਦਾਰੂ ਆਪਣੇ ਮਨ ਵਿਚ ਸਾਂਭ ਕੇ ਰੱਖਦਾ ਹੈ, ਗੁਰੂ ਨੂੰ ਮਿਲਿਆਂ ਉਸ ਦੇ ਮਨ ਵਿਚ ਆਨੰਦ ਬਣ ਆਉਂਦਾ ਹੈ। ਹੇ ਭਾਈ!

ਭਗਵਾਨ ਦਾ ਨਾਮ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ । ੨ ।

ਹੇ ਭਾਈ ! (ਮਿਹਰ ਕਰ ਕੇ ਪ੍ਰਭੂ ਜਿਸ ਮਨੁੱਖ ਨੂੰ ਆਪਣੀ ਸੇਵਾ-ਭਗਤੀ ਵਿਚ ਜੋੜਦਾ ਹੈ, ਉਸ ਦੇ ਮਨ ਵਿਚੋਂ) ਜਨਮ ਮਰਨ ਦੇ ਗੇੜ ਦਾ ਸਹਮ ਜਮ-ਰਾਜ ਦਾ ਡਰ ਮਿਟ ਜਾਂਦਾ ਹੈ, ਸਾਧ ਸੰਗਤਿ ਦੀ ਬਰਕਤਿ ਨਾਲ ਉਸ ਦਾ (ਪਹਿਲਾਂ ਮਾਇਆ ਦੇ ਮੋਹ ਵਲ) ਉਲਟਿਆ ਹੋਇਆ ਹਿਰਦਾ-ਕਮਲ ਖਿੜ ਪੈਂਦਾ ਹੈ। ਪਰਮਾਤਮਾ ਦੇ ਗੁਣ ਗਾਂਦਿਆਂ (ਉਸ ਨੂੰ ਉਹ ਆਤਮਕ) ਟਿਕਾਣਾ (ਮਿਲ ਜਾਂਦਾ ਹੈ ਜਿਹੜਾ ਮਾਇਆ ਦੇ ਹੱਲਿਆਂ ਦੇ ਟਾਕਰੇ ਤੇ) ਅਡੋਲ ਰਹਿੰਦਾ ਹੈ, ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ । ੩ ।

ਹੇ ਭਾਈ ! (ਮਿਹਰ ਕਰ ਕੇ ਪ੍ਰਭੂ ਜਿਸ ਮਨੁੱਖ ਨੂੰ ਆਪਣੀ ਸੇਵਾ-ਭਗਤੀ ਵਿਚ ਜੋੜਦਾ ਹੈ) ਪਰਮਾਤਮਾ ਦਾ ਨਾਮ ਸਦਾ ਜਪ ਕੇ ਉਸ ਦਾ ਇਹ ਦੁਰਲੱਭ ਸਰੀਰ (ਲੋਕ ਪਰਲੋਕ ਵਿਚ) ਕਬੂਲ ਹੋ ਜਾਂਦਾ ਹੈ, ਕਾਮਯਾਬ ਹੋ ਜਾਂਦਾ ਹੈ ।

ਹੇ ਨਾਨਕ ! ਆਖ-(ਹੇ ਭਾਈ !) ਪ੍ਰਭੂ ਨੇ (ਮੇਰੇ ਉੱਤੇ) ਮਿਹਰ ਕੀਤੀ ਹੈ, ਮੈਂ ਭੀ ਹਰੇਕ ਸਾਹ ਦੇ ਨਾਲ ਹਰੇਕ ਗਿਰਾਹੀ ਦੇ ਨਾਲ ਉਸ ਦਾ ਨਾਮ ਜਪ ਰਿਹਾ ਹਾਂ । ੪ । ੨੯ । ੪੨ ।

ਭੈਰਉ ਮਹਲਾ ੫ ॥ ਸਭ ਤੇ ਊਚਾ ਜਾ ਕਾ ਨਾਉ ॥ ਸਦਾ ਸਦਾ ਤਾ ਕੇ ਗੁਣ ਗਾਉ ॥ ਜਿਸੁ ਸਿਮਰਤ ਸਗਲਾ ਦੂਖੁ ਜਾਇ ॥ ਸਰਬ ਸੂਖ ਵਸਹਿ ਮਨਿ ਆਇ ॥ ੧ ॥ ਸਿਮਰਿ ਮਨਾ ਤੂ ਸਾਚਾ ਸੋਇ ॥ ਹਲਤਿ ਪਲਤਿ ਤੁਮਰੀ ਗਤਿ ਹੋਇ ॥ ੧ ॥ ਰਹਾਉ ॥ ਪੁਰਖ ਨਿਰੰਜਨ ਸਿਰਜਨਹਾਰ ॥ ਜੀਅ ਜੰਤ ਦੇਵੈ ਆਹਾਰ ॥ ਕੋਟਿ ਖਤੇ ਖਿਨ ਬਖਸਨਹਾਰ ॥ ਭਗਤਿ ਭਾਇ ਸਦਾ ਨਿਸਤਾਰ ॥ ੨ ॥ ਸਾਚਾ ਧਨੁ ਸਾਚੀ ਵਡਿਆਈ ॥ ਗੁਰ ਪੂਰੇ ਤੇ ਨਿਹਚਲ ਮਤਿ ਪਾਈ ॥ ਕਰਿ ਕਿਰਪਾ ਜਿਸੁ ਰਾਖਨਹਾਰਾ ॥ ਤਾ ਕਾ ਸਗਲ ਮਿਟੈ ਅੰਧਿਆਰਾ ॥ ੩ ॥ ਪਾਰਬ੍ਰਹਮ ਸਿਉ ਲਾਗੋ ਧਿਆਨ ॥ ਪੂਰਨ ਪੂਰਿ ਰਹਿਓ ਨਿਰਬਾਨ ॥ ਭ੍ਰਮ ਭਉ ਮੇਟਿ ਮਿਲੇ ਗੋਪਾਲ ॥ ਨਾਨਕ ਕਉ ਗੁਰ ਭਏ ਦਇਆਲ ॥੪॥੩੦॥੪੩॥

ਪਦ ਅਰਥ :–ਤੇ–ਤੋਂ । ਜਾ ਕਾ–ਜਿਸ (ਪਰਮਾਤਮਾ) ਦਾ । ਨਾਉ–ਨਾਮਣਾ, ਵਡਿਆਈ । ਤਾ ਕੇ–ਉਸ (ਪ੍ਰਭੂ)ਦੇ । ਗਾਉ–ਗਾਇਆ ਕਰ। ਸਿਮਰਤ–ਸਿਮਰਦਿਆਂ। ਸਗਲਾ–ਸਾਰਾ । ਸਰਬ ਸੂਖ–ਸਾਰੇ ਸੁਖ [ਬਹੁ ਵਚਨ] । ਵਸਹਿ–ਆ ਵੱਸਦੇ ਹਨ [ਬਹੁ ਵਚਨ] । ਮਨਿ–ਮਨ ਵਿਚ । ਆਇ–ਆ ਕੇ । ੧ ।

ਮਨਾ—ਹੇ ਮਨ ! ਸਾਚਾ—ਸਦਾ ਕਾਇਮ ਰਹਿਣ ਵਾਲਾ। ਸੋਇ—ਉਹ (ਪ੍ਰਭੂ) ਹੀ। ਹਲਤਿ—[ਅਤ੍ਰ] ਇਸ ਲੋਕ ਵਿਚ। ਪਲਤਿ—[ਧਰਤ੍ਰ] ਪਰਲੋਕ ਵਿਚ। ਗਤਿ—ਉੱਚੀ ਆਤਮਕ ਅਵਸਥਾ। ੧। ਰਹਾਉ।

ਪੁਰਖ—ਸਰਬ-ਵਿਆਪਕ। ਨਿਰੰਜਨ—[ਨਿਰ-ਅੰਜਨ] (ਮਾਇਆ ਦੇ ਮੋਹ ਦੀ) ਕਾਲਖ ਤੋਂ ਰਹਿਤ। ਆਹਾਰ—ਖ਼ੁਰਾਕ। ਕੋਟਿ—ਕ੍ਰੋੜਾਂ। ਖਤੇ—ਪਾਪ [ਬਹੁ ਵਚਨ]। ਭਾਇ—ਪਿਆਰ ਵਿਚ। [ਭਾਉ—ਪਿਆਰ]। ਨਿਸਤਾਰ—ਪਾਰ ਲੰਘਾਣ ਵਾਲਾ। ੨।

ਸਾਚੀ—ਸਦਾ ਕਾਇਮ ਰਹਿਣ ਵਾਲੀ। ਵਡਿਆਈ—ਇੱਜ਼ਤ। ਤੇ—ਤੋਂ। ਨਿਹਚਲ —(ਵਿਕਾਰਾਂ ਵਲ) ਨਾਹ ਡੋਲਣ ਵਾਲੀ। ਪਾਈ—ਪ੍ਰਾਪਤ ਕਰ ਲਈ। ਕਰਿ—ਕਰ ਕੇ। ਤਾ ਕਾ—ਉਸ (ਮਨੁੱਖ) ਦਾ। ਅੰਧਿਆਰਾ—(ਮਾਇਆ ਦੇ ਮੋਹ ਵਾਲਾ) ਹਨੇਰਾ। ੩।

ਸਿਉ—ਨਾਲ। ਨਿਰਬਾਨ—ਵਾਸਨਾ-ਰਹਿਤ। ਭ੍ਰਮ—ਭਟਕਣਾ। ਮੇਟਿ—ਮਿਟਾ ਕੇ, ਦੂਰ ਕਰ ਕੇ। ਨਾਨਕ ਕਉ—ਹੇ ਨਾਨਕ ! ਜਿਸ ਨੂੰ। ਦਇਆਲ—ਦਇਆਵਾਨ।੪।

ਅਰਥ :—ਹੇ (ਮੇਰੇ) ਮਨ ! ਤੂੰ ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਹੀ ਸਿਮਰਿਆ ਕਰ (ਸਿਮਰਨ ਦੀ ਬਰਕਤਿ ਨਾਲ) ਇਸ ਲੋਕ ਅਤੇ ਪਰਲੋਕ ਵਿਚ ਤੇਰੀ ਉੱਚੀ ਆਤਮਕ ਅਵਸਥਾ ਬਣੀ ਰਹੇਗੀ। ੧। ਰਹਾਉ।

ਹੇ ਭਾਈ ! ਜਿਸ ਪਰਮਾਤਮਾ ਦਾ ਨਾਮਣਾ ਸਭ ਨਾਲੋਂ ਉੱਚਾ ਹੈ, ਜਿਸ ਦਾ ਸਿਮਰਨ ਕਰਦਿਆਂ ਸਾਰਾ ਦੁੱਖ ਦੂਰ ਹੋ ਜਾਂਦਾ ਹੈ ਅਤੇ ਸਾਰੇ ਆਨੰਦ ਮਨ ਵਿਚ ਆ ਵੱਸਦੇ ਹਨ, ਤੂੰ ਸਦਾ ਹੀ ਉਸ ਦੇ ਗੁਣ ਗਾਇਆ ਕਰ। ੧।

ਹੇ ਮਨ ! (ਤੂੰ ਉਸ ਸਦਾ-ਥਿਰ ਪ੍ਰਭੂ ਦਾ ਸਿਮਰਨ ਕਰਿਆ ਕਰ) ਜੋ ਸਰਬ-ਵਿਆਪਕ ਹੈ, ਜੋ ਮਾਇਆ ਦੇ ਮੋਹ ਦੀ ਕਾਲਖ ਤੋਂ ਰਹਿਤ ਹੈ, ਜੋ ਸਭ ਨੂੰ ਪੈਦਾ ਕਰਨ ਵਾਲਾ ਹੈ, ਜੋ ਸਭ ਜੀਵਾਂ ਨੂੰ ਖਾਣ ਲਈ ਖ਼ੁਰਾਕ ਦੇਂਦਾ ਹੈ, ਜੋ (ਜੀਵਾਂ ਦੇ) ਕ੍ਰੋੜਾਂ ਪਾਪ ਇਕ ਖਿਨ ਵਿਚ ਬਖ਼ਸ਼ ਸਕਣ ਵਾਲਾ ਹੈ, ਜੋ ਉਹਨਾਂ ਜੀਵਾਂ ਨੂੰ ਸਦਾ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਂਦਾ ਹੈ ਜਿਹੜੇ ਪ੍ਰੇਮ ਵਿਚ ਟਿਕ ਕੇ ਉਸ ਦੀ ਭਗਤੀ ਕਰਦੇ ਹਨ। ੨।

ਹੇ ਭਾਈ ! ਜਿਸ ਮਨੁੱਖ ਨੇ ਪੂਰੇ ਗੁਰੂ ਪਾਸੋਂ ਵਿਕਾਰਾਂ ਵਲੋਂ ਅਡੋਲ ਰਹਿਣ ਵਾਲੀ ਸਿਮਰਨ ਦੀ ਮਤਿ ਪ੍ਰਾਪਤ ਕਰ ਲਈ, ਉਸ ਨੂੰ ਸਦਾ ਕਾਇਮ ਰਹਿਣ ਵਾਲਾ ਨਾਮ-ਧਨ ਲੱਭ ਪਿਆ, ਉਸ ਨੂੰ ਸਦਾ ਥਿਰ ਰਹਿਣ ਵਾਲੀ (ਲੋਕ ਪਰਲੋਕ ਦੀ) ਸੋਭਾ ਮਿਲ ਗਈ। ਹੇ ਭਾਈ ! ਰੱਖਿਆ ਕਰਨ ਵਾਲਾ ਪ੍ਰਭੂ ਜਿਸ ਮਨੁੱਖ ਨੂੰ ਮਿਹਰ ਕਰ ਕੇ (ਸਿਮਰਨ ਦੀ ਦਾਤਿ ਦੇਂਦਾ ਹੈ) ਉਸ ਦੇ ਅੰਦਰੋਂ ਮਾਇਆ ਦੇ ਮੋਹ ਦਾ ਸਾਰਾ ਹਨੇਰਾ ਦੂਰ ਹੋ ਜਾਂਦਾ ਹੈ। ੩।

ਹੇ ਨਾਨਕ ! ਜਿਸ ਮਨੁੱਖ ਉਤੇ ਸਤਿਗੁਰੂ ਜੀ ਦਇਆਵਾਨ ਹੁੰਦੇ ਹਨ, ਉਸ ਦੀ ਸੁਰਤਿ ਪਰਮਾਤਮਾ ਦੇ ਚਰਨਾਂ ਵਿਚ ਜੁੜੀ ਰਹਿੰਦੀ ਹੈ, ਉਸ ਨੂੰ ਵਾਸਨਾ-ਰਹਿਤ ਪ੍ਰਭੂ ਸਭ ਥਾਈਂ ਵਿਆਪਕ ਦਿੱਸਦਾ ਹੈ, ਉਹ ਮਨੁੱਖ (ਆਪਣੇ ਅੰਦਰੋਂ) ਹਰੇਕ ਕਿਸਮ ਦੀ ਭਟਕਣਾ ਅਤੇ ਡਰ ਮਿਟਾ ਕੇ ਸ੍ਰਿਸ਼ਟੀ ਦੇ ਪਾਲਕ-ਪ੍ਰਭੂ ਨੂੰ ਮਿਲ ਪੈਂਦਾ ਹੈ। ੪। ੩੦। ੪੩।

ਭੈਰਉ ਮਹਲਾ ੫ ।। ਜਿਸੁ ਸਿਮਰਤ ਮਨਿ ਹੋਇ ਪ੍ਰਗਾਸੁ ।। ਮਿਟਹਿ ਕਲੇਸ, ਸੁਖ ਸਹਜਿ ਨਿਵਾਸੁ ।। ਤਿਸਹਿ ਪਰਾਪਤਿ ਜਿਸੁ ਪ੍ਰਭੁ ਦੇਇ ।। ਪੂਰੇ ਗੁਰ ਕੀ ਪਾਏ ਸੇਵ ।। ੧ ।। ਸਰਬ ਸੁਖਾ ਪ੍ਰਭ ਤੇਰੋ ਨਾਉ ।। ਆਠ ਪਹਰ ਮੇਰੇ ਮਨ ਗਾਉ ।। ੧ ।। ਰਹਾਉ ।। ਜੋ ਇਛੈ ਸੋਈ ਫਲੁ ਪਾਏ ॥ ਹਰਿ ਕਾ ਨਾਮੁ ਮੰਨਿ ਵਸਾਏ ॥ ਆਵਣ ਜਾਣ ਰਹੇ ਹਰਿ ਧਿਆਇ ।। ਭਗਤਿ ਭਾਇ ਪ੍ਰਭ ਕੀ ਲਿਵ ਲਾਇ ॥ ੨ ॥ ਬਿਨਸੇ ਕਾਮ ਕ੍ਰੋਧ ਅਹੰਕਾਰ ॥ ਤੂਟੇ ਮਾਇਆ ਮੋਹ ਪਿਆਰ ॥ ਪ੍ਰਭ ਕੀ ਟੇਕ ਰਹੈ ਦਿਨੁ ਰਾਤਿ ॥ ਪਾਰਬ੍ਰਹਮੁ ਕਰੇ ਜਿਸੁ ਦਾਤਿ ॥ ੩ ॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਅਪਨੀ ਸੇਵਾ ਲਾਇ ॥ ਨਾਨਕ ਦਾਸ ਤੇਰੀ ਸਰਣਾਇ ॥ ੪ ॥ ੩੧ ॥ ੪੪ ॥

ਪਦ ਅਰਥ:-ਮਨਿ-ਮਨ ਵਿਚ। ਪ੍ਰਗਾਸੁ-ਚਾਨਣ, ਆਤਮਕ ਜੀਵਨ ਦੀ ਸੂਝ। ਮਿਟਹਿ-ਮਿਟ ਜਾਂਦੇ ਹਨ [ਬਹੁ ਵਚਨ]। ਸੁਖ ਨਿਵਾਸੁ-ਸੁਖਾਂ ਵਿਚ ਨਿਵਾਸ। ਸਹਜਿ -ਆਤਮਕ ਅਡੋਲਤਾ ਵਿਚ। ਤਿਸਹਿ-[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ] ਉਸ ਮਨੁੱਖ ਨੂੰ ਹੀ। ਦੇਇ-ਦੇਂਦਾ ਹੈ। ਪਾਇ-ਪਾਂਦਾ ਹੈ, ਜੋੜਦਾ ਹੈ। ੧।

ਪ੍ਰਭ-ਹੇ ਪ੍ਰਭੂ ! ਮਨ-ਹੇ ਮਨ ! ਗਾਉ-ਗਾਇਆ ਕਰ। ੧। ਰਹਾਉ।

ਇਛੈ-ਇੱਛਾ ਕਰਦਾ ਹੈ, ਲੋੜਦਾ ਹੈ, ਮੰਗਦਾ ਹੈ। ਮੰਨਿ-ਮਨਿ, ਮਨ ਵਿਚ। ਰਹੇ-ਮੁਕ ਜਾਂਦੇ ਹਨ। ਧਿਆਇ-ਸਿਮਰ ਕੇ। ਭਾਇ-ਪਿਆਰ ਨਾਲ [ਭਾਉ-ਪਿਆਰ]। ਲਿਵ-ਲਗਨ। ਲਾਇ-ਲਾ ਕੇ। ੨।

ਬਿਨਸੇ-ਨਾਸ ਹੋ ਗਏ। ਟੇਕ-ਆਸਰੇ। ਰਹੈ-ਰਹਿੰਦਾ ਹੈ। ਜਿਸੁ-ਜਿਸ ਮਨੁੱਖ ਨੂੰ। ੩।

ਸੁਆਮੀ-ਹੇ ਸੁਆਮੀ ! ਘਟ-ਸਰੀਰ, ਹਿਰਦਾ। ਅੰਤਰਜਾਮੀ-ਹੇ ਸਭ ਦੇ ਦਿਲ ਦੀ ਜਾਣਨ ਵਾਲੇ ! ਕਰਿ-ਕਰ ਕੇ। ਲਾਇ-ਲਾਈ ਰੱਖ। ਨਾਨਕ-ਹੇ ਨਾਨਕ ! ੪।

ਅਰਥ:—ਹੇ ਪ੍ਰਭੂ ! ਤੇਰਾ ਨਾਮ ਸਾਰੇ ਸੁਖਾਂ ਦਾ ਮੂਲ ਹੈ। ਹੇ ਮੇਰੇ ਮਨ ! ਅੱਠੇ ਪਹਰ (ਹਰ ਵੇਲੇ) ਪ੍ਰਭੂ ਦੇ ਗੁਣ ਗਾਇਆ ਕਰ। ੧। ਰਹਾਉ।

ਹੇ ਭਾਈ ! ਜਿਸ ਪਰਮਾਤਮਾ ਦਾ ਨਾਮ ਸਿਮਰਦਿਆਂ (ਮਨੁੱਖ ਦੇ) ਮਨ ਵਿਚ ਆਤਮਕ ਜੀਵਨ ਦੀ ਸੂਝ ਪੈਦਾ ਹੋ ਜਾਂਦੀ ਹੈ (ਜਿਸ ਦਾ ਸਿਮਰਨ ਕਰਦਿਆਂ ਸਾਰੇ) ਕਲੇਸ਼ ਮਿਟ ਜਾਂਦੇ ਹਨ, ਸੁਖਾਂ ਵਿਚ ਆਤਮਕ ਅਡੋਲਤਾ ਵਿਚ ਟਿਕਾਉ ਹੋ ਜਾਂਦਾ ਹੈ, ਉਹ ਪਰਮਾਤਮਾ ਜਿਸ ਮਨੁੱਖ ਨੂੰ (ਸਿਮਰਨ ਦੀ ਦਾਤਿ) ਦੇਂਦਾ ਹੈ ਉਸੇ ਨੂੰ ਮਿਲਦੀ ਹੈ, (ਪਰਮਾਤਮਾ ਉਸ ਮਨੁੱਖ ਨੂੰ) ਪੂਰੇ ਗੁਰੂ ਦੀ ਸੇਵਾ ਵਿਚ ਜੋੜ ਦੇਂਦਾ ਹੈ। ੧।

ਹੇ ਭਾਈ ! ਜਿਹੜਾ ਮਨੁੱਖ ਪਰਮਾਤਮਾ ਦਾ ਨਾਮ (ਆਪਣੇ) ਮਨ ਵਿਚ ਵਸਾਂਦਾ ਹੈ, ਉਹ ਮਨੁੱਖ ਜੋ ਕੁਝ (ਪਰਮਾਤਮਾ ਪਾਸੋਂ) ਮੰਗਦਾ ਹੈ ਉਹੀ ਫਲ ਹਾਸਲ ਕਰ ਲੈਂਦਾ ਹੈ। ਭਗਤੀ-ਭਾਵ ਨਾਲ ਪ੍ਰਭੂ ਵਿਚ ਸੁਰਤਿ ਜੋੜ ਕੇ ਪ੍ਰਭੂ ਦਾ ਧਿਆਨ ਧਰ ਕੇ ਉਸ ਦੇ ਜਨਮ ਮਰਨ ਦੇ ਗੇੜ ਮੁੱਕ ਜਾਂਦੇ ਹਨ। ੨।

ਹੇ ਭਾਈ! ਪਰਮਾਤਮਾ ਜਿਸ ਮਨੁੱਖ ਨੂੰ (ਆਪਣੇ ਨਾਮ ਦੀ) ਦਾਤਿ ਦੇਂਦਾ ਹੈ, ਉਹ ਮਨੁੱਖ ਦਿਨ ਰਾਤ ਪਰਮਾਤਮਾ ਦੇ ਹੀ ਆਸਰੇ ਰਹਿੰਦਾ ਹੈ (ਉਸ ਦੇ ਅੰਦਰੋਂ) ਮਾਇਆ ਦੇ ਮੋਹ ਦੀਆਂ ਤਣਾਵਾਂ ਟੁੱਟ ਜਾਂਦੀਆਂ ਹਨ, (ਉਸ ਦੇ ਅੰਦਰੋਂ) ਕਾਮ ਕ੍ਰੋਧ ਅਹੰਕਾਰ (ਇਹ ਸਾਰੇ ਵਿਕਾਰ) ਨਾਸ ਹੋ ਜਾਂਦੇ ਹਨ। ੩।

ਹੇ ਨਾਨਕ ! (ਪ੍ਰਭੂ ਦੇ ਦਰ ਤੇ ਅਰਦਾਸ ਕਰਿਆ ਕਰ ਤੇ ਆਖਿਆ ਕਰ—) ਹੇ ਸਭ ਕੁਝ ਕਰਨ ਜੋਗ ਸੁਆਮੀ ! ਹੇ ਜੀਵਾਂ ਪਾਸੋਂ ਸਭ ਕੁਝ ਕਰਾਵਣ ਦੇ ਸਮਰਥ ਸੁਆਮੀ ! ਹੇ ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲੇ ! ਮਿਹਰ ਕਰ ਕੇ (ਮੈਨੂੰ) ਆਪਣੀ ਸੇਵਾ-ਭਗਤੀ ਵਿਚ ਜੋੜੀ ਰੱਖ, (ਮੈਂ ਤੇਰਾ) ਦਾਸ ਤੇਰੀ ਸਰਨ ਆਇਆ ਹਾਂ। ੪। ।੩੧।੪੪।

ਭੈਰਉ ਮਹਲਾ ੫ ॥ ਲਾਜ ਮਰੈ ਜੋ ਨਾਮੁ ਨ ਲੇਵੈ ॥ ਨਾਮ ਬਿਹੂਨ ਸੁਖੀ ਕਿਉ ਸੋਵੈ ॥ ਹਰਿ ਸਿਮਰਨੁ ਛਾਡਿ ਪਰਮ ਗਤਿ ਚਾਹੈ ॥ ਮੂਲ ਬਿਨਾ ਸਾਖਾ ਕਤ ਆਹੈ ॥ ੧ ॥ ਗੁਰੁ ਗੋਵਿੰਦੁ ਮੇਰੇ ਮਨ ਧਿਆਇ ॥ ਜਨਮ ਜਨਮ ਕੀ ਮੈਲੁ ਉਤਾਰੈ ਬੰਧਨ ਕਾਟਿ ਹਰਿ ਸੰਗਿ ਮਿਲਾਇ ॥ ੧ ॥ ਰਹਾਉ ॥ ਤੀਰਥਿ ਨਾਇ ਕਹਾ ਸੁਚਿ ਸੈਲੁ ॥ ਮਨ ਕਉ ਵਿਆਪੈ ਹਉਮੈ ਮੈਲੁ ॥ ਕੋਟਿ ਕਰਮ ਬੰਧਨ ਕਾ ਮੂਲੁ ॥ ਹਰਿ ਕੇ ਭਜਨ ਬਿਨੁ ਬਿਰਥਾ ਪੂਲੁ ॥ ੨ ॥ ਬਿਨੁ ਖਾਏ ਬੂਝੈ ਨਹੀ ਭੂਖ ॥ ਰੋਗੁ ਜਾਇ ਤਾਂ ਉਤਰਹਿ ਦੂਖ ॥ ਕਾਮ ਕ੍ਰੋਧ ਲੋਭ ਮੋਹਿ ਬਿਆਪਿਆ ॥ ਜਿਨਿ ਪ੍ਰਭਿ ਕੀਨਾ ਸੋ ਪ੍ਰਭੁ ਨਹੀ ਜਾਪਿਆ ॥

ਤੇ ॥ ਧਨੁ ਧਨੁ ਸਾਧ ਧੰਨੁ ਹਰਿ ਨਾਉ ॥ ਆਠ ਪਹਰ ਕੀਰਤਨੁ ਗੁਣ ਗਾਉ॥ ਧਨੁ ਹਰਿ ਭਗਤਿ ਧਨੁ ਕਰਣੈਹਾਰ ॥ ਸਰਣਿ ਨਾਨਕ ਪ੍ਰਭ ਪੁਰਖ ਅਪਾਰ ॥੪॥੩੨॥੪੫॥

ਪਦ ਅਰਥ:—ਲਾਜ ਮਰੈ—ਸ਼ਰਮ ਨਾਲ ਮਰ ਜਾਂਦਾ ਹੈ, ਸ਼ਰਮ ਨਾਲ ਹੌਲੇ ਜੀਵਨ ਵਾਲਾ ਹੋ ਜਾਂਦਾ ਹੈ। ਕਿਉ ਸੋਵੈ—ਕਿਵੇਂ ਸੌਂ ਸਕਦਾ ਹੈ ? ਨਹੀਂ ਸੌਂ ਸਕਦਾ। ਛਾਡਿ—ਛੱਡ ਕੇ। ਪਰਮ ਗਤਿ—ਸਭ ਤੋਂ ਉੱਚੀ ਆਤਮਕ ਅਵਸਥਾ। ਮੂਲ—(ਰੁੱਖ ਦਾ) ਮੁੱਢ। ਸਾਖਾ—ਟਹਣੀ। ਕਤ—ਕਿੱਥੇ ? ਆਹੈ—ਹੈ, ਹੋ ਸਕਦੀ ਹੈ। ੧।

ਮਨ—ਹੇ ਮਨ ! ਧਿਆਇ—ਸਿਮਰਿਆ ਕਰ। ਉਤਾਰੈ—ਦੂਰ ਕਰ ਦੇਂਦਾ ਹੈ। ਬੰਧਨ—ਮਾਇਆ ਦੇ ਮੋਹ ਦੀਆਂ ਫਾਹੀਆਂ। ਸੰਗਿ—ਨਾਲ। ਮਿਲਾਇ—ਜੋੜ ਦੇਂਦਾ ਹੈ। ੧। ਰਹਾਉ।

ਤੀਰਥਿ—ਤੀਰਥ ਉੱਤੇ। ਨਾਇ—ਨ੍ਹਾਇ, ਨ੍ਹਾ ਕੇ। ਸੁਚਿ—ਪਵਿੱਤ੍ਰਤਾ। ਸੈਲੁ—ਪੱਥਰ, ਪੱਥਰ-ਦਿਲ ਮਨੁੱਖ। ਵਿਆਪੈ—ਜ਼ੋਰ ਪਾਈ ਰੱਖਦੀ ਹੈ। ਕੋਟਿ ਕਰਮ—ਕ੍ਰੋੜਾਂ (ਮਿਥੇ ਹੋਏ ਧਾਰਮਿਕ) ਕੰਮ। ਮੂਲੁ—ਕਾਰਨ, ਵਸੀਲਾ। ਪੂਲੁ—(ਕਰਮਾਂ ਦਾ) ਪੂਲਾ, ਪੰਡ।੨।

ਬੂਝੈ ਨਹੀ—ਨਹੀਂ ਬੁੱਝਦੀ। ਜਾਇ—ਜੇ ਦੂਰ ਹੋ ਜਾਏ। ਉਤਰਹਿ—ਲਹਿ ਜਾਂਦੇ ਹਨ [ਬਹੁ ਵਚਨ]। ਮੋਹਿ—ਮੋਹ ਵਿਚ। ਬਿਆਪਿਆ—ਫਸਿਆ ਹੋਇਆ। ਜਿਨਿ ਪ੍ਰਭਿ—ਜਿਸ ਪ੍ਰਭੂ ਨੇ। ੩।

ਧਨੁ ਧਨੁ—ਭਾਗਾਂ ਵਾਲੇ। ਗੁਣ ਗਾਉ—ਗੁਣਾਂ ਦਾ ਗਾਇਨ (ਕਰਦੇ ਹਨ)। ਧਨੁ—ਸਰਮਾਇਆ। ੪।

ਅਰਥ :—ਹੇ ਮੇਰੇ ਮਨ ! ਗੁਰੂ-ਨੂੰ ਗੋਵਿੰਦ ਨੂੰ (ਸਦਾ) ਸਿਮਰਿਆ ਕਰ। (ਏਹ ਸਿਮਰਨ) ਅਨੇਕਾਂ ਜਨਮਾਂ ਦੀ (ਵਿਕਾਰਾਂ ਦੀ) ਮੈਲ ਦੂਰ ਕਰ ਦੇਂਦਾ ਹੈ, ਮਾਇਆ ਦੇ ਮੋਹ ਦੀਆਂ ਫਾਹੀਆਂ ਕੱਟ ਕੇ (ਮਨੁੱਖ ਨੂੰ) ਪਰਮਾਤਮਾ ਦੇ ਨਾਲ ਜੋੜ ਦੇਂਦਾ ਹੈ। ੧। ਰਹਾਉ।

ਹੇ ਭਾਈ ! ਜਿਹੜਾ ਮਨੁੱਖ ਪਰਮਾਤਮਾ ਦਾ ਨਾਮ ਨਹੀਂ ਸਿਮਰਦਾ, ਉਹ ਆਪਣੇ ਆਪ ਵਿਚ ਸ਼ਰਮ ਨਾਲ ਹੌਲਾ ਪੈ ਜਾਂਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਮਨੁੱਖ ਸੁਖ ਦੀ ਨੀਂਦ ਨਹੀਂ ਸੌਂ ਸਕਦਾ। (ਜਿਹੜਾ ਮਨੁੱਖ) ਹਰਿ-ਨਾਮ ਦਾ ਸਿਮਰਨ ਛੱਡ ਕੇ ਸਭ ਤੋਂ ਉੱਚੀ ਆਤਮਕ ਅਵਸਥਾ (ਹਾਸਲ ਕਰਨੀ) ਚਾਹੁੰਦਾ ਹੈ (ਉਸ ਦੀ ਇਹ ਤਾਂਘ ਵਿਅਰਥ ਹੈ, ਜਿਵੇਂ ਰੁੱਖ ਦੇ) ਮੁੱਢ ਤੋਂ ਬਿਨਾ (ਉਸ ਉਤੇ) ਕੋਈ ਟਹਣੀ ਨਹੀਂ ਉੱਗ ਸਕਦੀ। ੧।

ਹੇ ਭਾਈ ! ਪੱਥਰ (ਪੱਥਰ-ਦਿਲ ਮਨੁੱਖ) ਤੀਰਥ ਉੱਤੇ ਇਸ਼ਨਾਨ ਕਰ ਕੇ (ਆਤਮਕ) ਪਵਿੱਤ੍ਰਤਾ ਹਾਸਲ ਨਹੀਂ ਕਰ ਸਕਦਾ, (ਉਸ ਦੇ) ਮਨ ਨੂੰ (ਇਹੀ) ਹਉਮੈ ਦੀ ਮੈਲ ਚੰਬੜੀ ਰਹਿੰਦੀ ਹੈ (ਕਿ ਮੈਂ ਤੀਰਥ-ਜਾਤ੍ਰਾ ਕਰ ਆਇਆ ਹਾਂ) । ਹੇ ਭਾਈ ! (ਤੀਰਥ-ਜਾਤ੍ਰਾ ਆਦਿਕ ਮਿਥੇ ਹੋਏ) ਕ੍ਰੋੜਾਂ ਧਾਰਮਿਕ ਕਰਮ (ਹਉਮੈ ਦੀਆਂ) ਫਾਹੀਆਂ ਦਾ (ਹੀ) ਕਾਰਨ ਬਣਦੇ ਹਨ । ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ (ਇਹ ਮਿਥੇ ਹੋਏ ਧਾਰਮਿਕ ਕਰਮ ਮਨੁੱਖ ਦੇ ਸਿਰ ਉੱਤੇ) ਵਿਆਰਥ ਪੰਡ ਹੀ ਹਨ । ੨ ।

ਹੇ ਭਾਈ ! (ਭੋਜਨ) ਖਾਣ ਤੋਂ ਬਿਨਾ (ਪੇਟ ਦੀ) ਭੁੱਖ (ਦੀ ਅੱਗ) ਨਹੀਂ ਬੁੱਝਦੀ (ਰੋਗ ਤੋਂ ਪੈਦਾ ਹੋਏ) ਸਰੀਰਕ ਦੁੱਖ ਤਦੋਂ ਹੀ ਦੂਰ ਹੁੰਦੇ ਹਨ, ਜੇ (ਅੰਦਰੋਂ) ਰੋਗ ਦੂਰ ਹੋ ਜਾਏ । ਹੇ ਭਾਈ ! ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ ਜਿਹੜਾ ਮਨੁੱਖ ਉਸ ਦਾ ਨਾਮ ਨਹੀਂ ਜਪਦਾ, ਉਹ ਸਦਾ ਕਾਮ ਕ੍ਰੋਧ ਲੋਭ ਮੋਹ ਵਿਚ ਫਸਿਆ ਰਹਿੰਦਾ ਹੈ । ੩ ।

ਹੇ ਭਾਈ ! ਉਹ ਗੁਰਮੁਖ ਮਨੁੱਖ ਭਾਗਾਂ ਵਾਲੇ ਹਨ, ਜਿਹੜੇ ਪਰਮਾਤਮਾ ਦਾ ਨਾਮ ਜਪਦੇ ਹਨ, ਜਿਹੜੇ ਅੱਠੇ ਪਹਰ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦੇ ਹਨ, ਪਰਮਾ-ਤਮਾ ਦੇ ਗੁਣਾਂ ਦਾ ਗਾਇਨ ਕਰਦੇ ਹਨ । ਹੇ ਨਾਨਕ ! ਜਿਹੜੇ ਮਨੁੱਖ ਬੇਅੰਤ ਤੇ ਸਰਬ-ਵਿਆਪਕ ਪ੍ਰਭੂ ਦੀ ਸਰਨ ਪਏ ਰਹਿੰਦੇ ਹਨ, ਉਹਨਾਂ ਦੇ ਪਾਸ ਪਰਮਾਤਮਾ ਦੀ ਭਗਤੀ ਦਾ ਧਨ ਸਿਰਜਣਹਾਰ ਦੇ ਨਾਮ ਦਾ ਧਨ (ਸਦਾ ਮੌਜੂਦ) ਹੈ । ੪ ੩੨ । ੪੫ ।

ਭੈਰਉ ਮਹਲਾ ੫ ॥ ਗੁਰ ਸੁਪ੍ਰਸੰਨ ਹੋਏ ਭਉ ਗਏ ॥ ਨਾਮ ਨਿਰੰਜਨ ਮਨ ਮਹਿ ਲਏ ॥ ਦੀਨ ਦਇਆਲ ਸਦਾ ਕਿਰਪਾਲ ॥ ਬਿਨਸਿ ਗਏ ਸਗਲੇ ਜੰਜਾਲ ॥ ੧ ॥ ਸੂਖ ਸਹਜ ਆਨੰਦ ਘਨੇ ॥ ਸਾਧ ਸੰਗਿ ਮਿਟੇ ਭੈ ਭਰਮਾ ਅੰਮ੍ਰਿਤੁ ਹਰਿ ਹਰਿ ਰਸਨ ਭਨੇ ॥ ੧ ॥ ਰਹਾਉ ॥ ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥ ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿਦ ਗੁਰ ਆਪਿ ॥ ੨ ॥ ਅਪਨੇ ਸੇਵਕ ਕਉ ਸਦਾ ਪ੍ਰਤਿਪਾਰੈ ॥ ਭਗਤ ਜਨਾ ਕੇ ਸਾਸ ਨਿਹਾਰੈ ॥ ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥ ੩ ॥ ਨਿਰਮਲ ਸੋਭਾ ਨਿਰਮਲ ਰੀਤਿ ॥ ਪਾਰਬ੍ਰਹਮੁ ਆਇਆ ਮਨਿ ਚੀਤਿ ॥ ਕਰਿ ਕਿਰਪਾ ਗੁਰਿ ਦੀਨੋ ਦਾਨੁ ॥ ਨਾਨਕ ਪਾਇਆ ਨਾਮੁ ਨਿਧਾਨੁ ॥ ੪ ॥ ੩੩ ॥ ੪੬ ॥

ਪਦ ਅਰਥ :—ਸੁਪ੍ਰਸੰਨ—ਚੰਗੀ ਤਰ੍ਹਾਂ ਖ਼ੁਸ਼ । ਭਉ ਗਏ—ਭਉ ਗਇਆ, ਹਰੇਕ ਡਰ ਦੂਰ ਹੋ ਗਿਆ । ਨਿਰੰਜਨ—[ਨਿਰ-ਅੰਜਨ] ਮਾਇਆ ਦੀ ਕਾਲਖ ਤੋਂ ਰਹਿਤ ਪ੍ਰਭੂ । ਲਏ—ਲੈਂਦਾ ਹੈ । ਸਗਲੇ—ਸਾਰੇ । ਜੰਜਾਲ—ਮਾਇਆ ਦੇ ਮੋਹ ਦੇ ਬੰਧਨ ।੧।

ਸਹਜ—ਆਤਮਕ ਅਡੋਲਤਾ। ਘਨੋ—ਬਹੁਤ। ਸੰਗਿ—ਸੰਗਤਿ ਵਿਚ। ਭੈ—['ਭਉ' ਤੋਂ ਬਹੁ ਵਚਨ] ਸਾਰੇ ਡਰ। ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ। ਰਸਨ—ਜੀਭ ਨਾਲ। ਭਨੈ—ਉਚਾਰਦਾ ਹੈ। ੧। ਰਹਾਉ।

ਹੇਤੁ—ਹਿਤ, ਪਿਆਰ। ਪਰੇਤੁ—ਅਸ਼ੁੱਧ ਸੁਭਾਉ, ਖੋਟਾ ਸੁਭਾਉ। ਜਾਪਿ—ਜਪਿਆ ਕਰ। ੨।

ਕਉ—ਨੂੰ। ਪ੍ਰਤਿਪਾਰੈ—ਪਾਲਦਾ ਹੈ। ਸਾਸ—ਸਾਹ [ਬਹੁ ਵਚਨ]। ਨਿਹਾਰੈ—ਵੇਖਦਾ ਹੈ, ਤੱਕਦਾ ਹੈ। ਮਾਨਸ—ਮਨੁੱਖ। ਕਹੁ—ਦੱਸ। ਕੇਤਕ ਬਾਤ—ਕੀਹ ਪਾਂਇਆਂ ? ਜਮ ਤੇ—ਜਮਾਂ ਤੋਂ। ਦੇ ਕਰਿ—ਦੇ ਕੇ। ੩।

ਨਿਰਮਲ—ਬੇ-ਦਾਗ਼। ਰੀਤਿ—ਜੀਵਨ-ਜੁਗਤਿ। ਮਨਿ—ਮਨ ਵਿਚ। ਚੀਤਿ—ਚਿੱਤ ਵਿਚ। ਗੁਰਿ—ਗੁਰੂ ਨੇ। ਨਿਧਾਨੁ—ਖ਼ਜ਼ਾਨਾ। ੪।

ਅਰਥ :—ਹੇ ਭਾਈ ! ਸਾਧ ਸੰਗਤਿ ਵਿਚ ਰਹਿ ਕੇ ਜਿਹੜਾ ਮਨੁੱਖ ਆਪਣੀ ਜੀਭ ਨਾਲ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਉਚਾਰਦਾ ਰਹਿੰਦਾ ਹੈ, ਉਸ ਦੇ ਸਾਰੇ ਡਰ ਵਹਮ ਦੂਰ ਹੋ ਜਾਂਦੇ ਹਨ, (ਉਸ ਦੇ ਅੰਦਰ) ਆਤਮਕ ਅਡੋਲਤਾ ਦੇ ਬੜੇ ਸੁਖ ਆਨੰਦ ਬਣੇ ਰਹਿੰਦੇ ਹਨ। ੧। ਰਹਾਉ।

ਹੇ ਭਾਈ ! ਸਤਿਗੁਰੂ ਜਿਸ ਮਨੁੱਖ ਉਤੇ ਬਹੁਤ ਪ੍ਰਸੰਨ ਹੁੰਦਾ ਹੈ, ਉਸ ਦਾ ਹਰੇਕ ਡਰ ਦੂਰ ਹੋ ਜਾਂਦਾ ਹੈ (ਕਿਉਂਕਿ) ਉਹ ਮਨੁੱਖ (ਹਰ ਵੇਲੇ)ਮਾਇਆ-ਰਹਿਤ ਪਰਮਾਤਮਾ ਦਾ ਨਾਮ ਆਪਣੇ ਮਨ ਵਿਚ ਵਸਾਈ ਰੱਖਦਾ ਹੈ। ਹੇ ਭਾਈ ! ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਜਿਸ ਮਨੁੱਖ ਉੱਤੇ ਕਿਰਪਾ ਕਰਦਾ ਹੈ, (ਉਸ ਦੇ ਅੰਦਰੋਂ) ਮਾਇਆ ਦੇ ਮੋਹ ਦੇ ਸਾਰੇ ਬੰਧਨ ਨਾਸ ਹੋ ਜਾਂਦੇ ਹਨ। ੧।

ਹੇ ਭਾਈ ! ਪ੍ਰਭੂ ਦੇ ਸੋਹਣੇ ਚਰਨਾਂ ਨਾਲ ਜਿਸ ਮਨੁੱਖ ਦਾ ਪਿਆਰ ਬਣ ਜਾਂਦਾ ਹੈ, ਉਸ ਦੇ ਅੰਦਰੋਂ (ਖੋਟਾ ਸੁਭਾਉ-ਰੂਪ) ਵੱਡਾ ਪ੍ਰੇਤ ਇਕ ਖਿਨ ਵਿਚ ਮੁੱਕ ਜਾਂਦਾ ਹੈ। ਹੇ ਭਾਈ ! ਤੂੰ ਅੱਠੇ ਪਹਰ ਪਰਮਾਤਮਾ ਦੇ ਨਾਮ ਦਾ ਜਾਪ ਜਪਿਆ ਕਰ, ਸਭ ਦੀ ਰੱਖਿਆ ਕਰ ਸਕਣ ਵਾਲਾ ਗੁਰੂ ਗੋਬਿੰਦ ਆਪ (ਤੇਰੀ ਭੀ ਰੱਖਿਆ ਕਰੇਗਾ)।੨।

ਹੇ ਭਾਈ ! ਪ੍ਰਭੂ ਆਪਣੇ ਸੇਵਕ ਦੀ ਆਪ ਰੱਖਿਆ ਕਰਦਾ ਹੈ, ਪ੍ਰਭੂ ਆਪਣੇ ਭਗਤਾਂ ਦੇ ਸੁਆਸਾਂ ਨੂੰ ਗਹੁ ਨਾਲ ਤੱਕਦਾ ਰਹਿੰਦਾ ਹੈ (ਭਾਵ, ਬੜੇ ਧਿਆਨ ਨਾਲ ਭਗਤ ਜਨਾਂ ਦੀ ਰਾਖੀ ਕਰਦਾ ਹੈ)। ਹੇ ਭਾਈ ! ਦੱਸ, ਮਨੁੱਖ ਵਿਚਾਰੇ ਭਗਤ ਜਨਾਂ ਦਾ ਕੀਹ ਵਿਗਾੜ ਸਕਦੇ ਹਨ ? ਪਰਮਾਤਮਾ ਤਾਂ ਉਹਨਾਂ ਨੂੰ ਹੱਥ ਦੇ ਕੇ ਜਮਾਂ ਤੋਂ ਭੀ ਬਚਾ ਲੈਂਦਾ ਹੈ। ੩।

ਹੇ ਭਾਈ ! ਜਿਸ ਮਨੁੱਖ ਦੇ ਮਨ ਵਿਚ ਚਿੱਤ ਵਿਚ ਪਰਮਾਤਮਾ ਆ ਵੱਸਦਾ ਹੈ,

ਉਸ ਦੀ ਹਰ ਥਾਂ ਬੇ-ਦਾਗ਼ ਸੋਭਾ ਬਣੀ ਰਹਿੰਦੀ ਹੈ, ਉਸ ਦੀ ਜੀਵਨ-ਜੁਗਤਿ ਸਦਾ ਪਵਿੱਤਰ ਹੁੰਦੀ ਹੈ। ਹੇ ਨਾਨਕ! (ਆਖ—ਹੇ ਭਾਈ!) ਮਿਹਰ ਕਰ ਕੇ ਗੁਰੂ ਨੇ ਜਿਸ ਮਨੁੱਖ ਨੂੰ (ਨਾਮ ਦੀ) ਦਾਤਿ ਬਖ਼ਸ਼ੀ, ਉਸ ਨੇ ਨਾਮ-ਖ਼ਜ਼ਾਨਾ ਹਾਸਲ ਕਰ ਲਿਆ। ੪।੩੩।੪੬।

ਭੈਰਉ ਮਹਲਾ ੫॥ ਕਰਣ ਕਾਰਣ ਸਮਰਥੁ ਗੁਰੁ ਮੇਰਾ ॥ ਜੀਅ ਪ੍ਰਾਣ ਸੁਖਦਾਤਾ ਨੇਰਾ ॥ ਭੈ ਭੰਜਨ ਅਬਿਨਾਸੀ ਰਾਇ ॥ ਦਰਸਨਿ ਦੇਖਿਐ ਸਭੁ ਦੁਖੁ ਜਾਇ ॥ ੧ ॥ ਜਤ ਕਤ ਪੇਖਉ ਤੇਰੀ ਸਰਣਾ ॥ ਬਲਿ ਬਲਿ ਜਾਈ ਸਤਿਗੁਰ ਚਰਣਾ ॥ ੧ ॥ ਰਹਾਉ ॥ ਪੂਰਨ ਕਾਮ ਮਿਲੇ ਗੁਰਦੇਵ ॥ ਸਭਿ ਫਲ ਦਾਤਾ ਨਿਰਮਲ ਸੇਵ ॥ ਕਰੁ ਗਹਿ ਲੀਨੇ ਅਪੁਨੇ ਦਾਸ ॥ ਰਾਮਨਾਮੁ ਰਿਦ ਦੀਓ ਨਿਵਾਸ ॥ ੨ ॥ ਸਦਾ ਅਨੰਦੁ, ਨਾਹੀ ਕਿਛੁ ਸੋਗੁ ॥ ਦੂਖੁ ਦਰਦੁ ਨਹ ਬਿਆਪੈ ਰੋਗੁ ॥ ਸਭੁ ਕਿਛੁ ਤੇਰਾ ਤੂ ਕਰਣੈਹਾਰੁ ॥ ਪਾਰਬ੍ਰਹਮ ਗੁਰ ਅਗਮ ਅਪਾਰ ॥ ੩ ॥ ਨਿਰਮਲ ਸੋਭਾ ਅਚਰਜ ਬਾਣੀ ॥ ਪਾਰਬ੍ਰਹਮ ਪੂਰਨ ਮਨਿ ਭਾਣੀ ॥ ਜਲਿ ਥਲਿ ਮਹੀਅਲਿ ਰਵਿਆ ਸੋਇ ॥ ਨਾਨਕ ਸਭੁ ਕਿਛੁ ਪ੍ਰਭ ਤੇ ਹੋਇ ॥ ੪ ॥ ੩੪ ॥ ੪੭ ॥

ਪਦ ਅਰਥ :—ਕਰਣ—ਜਗਤ, ਸ੍ਰਿਸ਼ਟੀ। ਕਾਰਣ—ਮੂਲ। ਸਮਰਥੁ—ਸਭ ਕੁਝ ਕਰ ਸਕਣ ਵਾਲਾ। ਜੀਅ ਦਾਤਾ—ਜਿੰਦ ਦੇਣ ਵਾਲਾ। ਪ੍ਰਾਣ ਦਾਤਾ—ਪ੍ਰਾਣ ਦੇਣ ਵਾਲਾ। ਸੁਖਦਾਤਾ—ਸਾਰੇ ਸੁਖ ਦੇਣ ਵਾਲਾ। ਨੇਰਾ—(ਸਭ ਦੇ) ਨੇੜੇ। ਭੈ ਭੰਜਨ—ਸਾਰੇ ਡਰਾਂ ਦਾ ਨਾਸ ਕਰਨ ਵਾਲਾ। ਰਾਇ—ਪਾਤਿਸ਼ਾਹ। ਦਰਸਨਿ ਦੇਖਿਐ—ਜੇ ਦਰਸਨ ਕਰ ਲਈਏ। ਜਾਇ—ਦੂਰ ਹੋ ਜਾਂਦਾ ਹੈ। ੧।

ਜਤ ਕਤ—ਜਿੱਥੇ ਕਿੱਥੇ, ਹਰ ਥਾਂ। ਪੇਖਉ—ਪੇਖਊਂ, ਮੈਂ ਵੇਖਦਾ ਹਾਂ। ਬਲਿ ਜਾਈ—ਬਲਿ ਜਾਈਂ, ਮੈਂ ਕੁਰਬਾਨ ਜਾਂਦਾ ਹਾਂ। ੧। ਰਹਾਉ।

ਕਾਮ—ਕਾਮਨਾ, ਇੱਛਾ। ਸਭਿ—ਸਾਰੇ [ਬਹੁ ਵਚਨ]। ਨਿਰਮਲ—ਜੀਵਨ ਨੂੰ ਪਵਿੱਤਰ ਕਰਨ ਵਾਲੀ। ਕਰੁ—ਹੱਥ [ਇਕ ਵਚਨ]। ਗਹਿ—ਫੜ ਕੇ। ਰਿਦ—ਹਿਰਦੇ ਵਿਚ। ੨।

ਸੋਗੁ—ਗਮ। ਬਿਆਪੈ—ਆਪਣਾ ਜੋਰ ਪਾ ਸਕਦਾ। ਕਰਣੈਹਾਰੁ—ਪੈਦਾ ਕਰਨ ਦੀ ਸਮਰਥਾ ਵਾਲਾ। ੩।

ਨਿਰਮਲ—ਬੇ-ਦਾਗ਼। ਅਚਰਜ ਬਾਣੀ—ਵਿਸਮਾਦ ਅਵਸਥਾ ਪੈਦਾ ਕਰਨ ਵਾਲੀ ਬਾਣੀ। ਪੂਰਨ—ਸਰਬ-ਵਿਆਪਕ। ਮਨਿ—(ਜਿਸ ਮਨੁੱਖ ਦੇ) ਮਨ ਵਿਚ। ਭਾਣੀ—

ਪਿਆਰੀ ਲੱਗ ਪੈਂਦੀ ਹੈ। ਜਲਿ—ਜਲ ਵਿਚ। ਥਲਿ—ਧਰਤੀ ਵਿਚ। ਮਹੀਅਲਿ—ਮਹੀ ਤਲਿ, ਧਰਤੀ ਦੇ ਤਲ ਉਤੇ, ਪੁਲਾੜ ਵਿਚ, ਆਕਾਸ਼ ਵਿਚ। ਰਵਿਆ—ਵਿਆਪਕ। ਤੇ—ਤੋਂ। ੪।

ਅਰਥ :—ਹੇ ਪ੍ਰਭੂ ! ਮੈਂ (ਆਪਣੇ) ਗੁਰੂ ਦੇ ਚਰਨਾਂ ਤੋਂ ਸਦਾ ਸਦਕੇ ਜਾਂਦਾ ਹਾਂ (ਜਿਸ ਨੇ ਮੈਨੂੰ ਤੇਰੇ ਚਰਨਾਂ ਵਿਚ ਜੋੜਿਆ ਹੈ, ਹੁਣ) ਮੈਂ ਹਰ ਥਾਂ ਤੇਰਾ ਹੀ ਆਸਰਾ ਤੱਕਦਾ ਹਾਂ। ੧। ਰਹਾਉ।

ਹੇ ਭਾਈ ! ਮੇਰਾ ਗੁਰੂ-ਪਰਮੇਸਰ ਸਾਰੀ ਸ੍ਰਿਸ਼ਟੀ ਦਾ ਮੂਲ ਹੈ, ਸਭ ਤਾਕਤਾਂ ਦਾ ਮਾਲਕ ਹੈ, (ਸਭ ਨੂੰ) ਜਿੰਦ ਦੇਣ ਵਾਲਾ ਹੈ, ਪ੍ਰਾਣ ਦੇਣ ਵਾਲਾ ਹੈ, ਸਾਰੇ ਸੁਖ ਦੇਣ ਵਾਲਾ ਹੈ, (ਸਭਨਾਂ ਦੇ) ਨੇੜੇ (ਵੱਸਦਾ ਹੈ)। ਹੇ ਭਾਈ ! ਉਹ ਪਾਤਿਸ਼ਾਹ (ਜੀਵਾਂ ਦੇ ਸਾਰੇ) ਡਰ ਦੂਰ ਕਰਨ ਵਾਲਾ ਹੈ, ਉਹ ਆਪ ਨਾਸ-ਰਹਿਤ ਹੈ, ਜੇ ਉਸ ਦਾ ਦਰਸਨ ਹੋ ਜਾਏ, (ਤਾਂ ਮਨੁੱਖ ਦਾ) ਸਾਰਾ ਦੁੱਖ ਦੂਰ ਹੋ ਜਾਂਦਾ ਹੈ। ੧।

ਹੇ ਭਾਈ ! ਗੁਰਦੇਵ-ਪ੍ਰਭੂ ਨੂੰ ਮਿਲਿਆਂ ਸਾਰੀਆਂ ਕਾਮਨਾਂ ਪੂਰੀਆਂ ਹੋ ਜਾਂਦੀਆਂ ਹਨ, ਉਹ ਪ੍ਰਭੂ ਸਾਰੇ ਫਲ ਦੇਣ ਵਾਲਾ ਹੈ, ਉਸ ਦੀ ਸੇਵਾ-ਭਗਤੀ ਜੀਵਨ ਨੂੰ ਪਵਿਤਰ ਕਰ ਦੇਂਦੀ ਹੈ। ਹੇ ਭਾਈ ! ਪ੍ਰਭੂ ਆਪਣੇ ਦਾਸਾਂ ਦਾ ਹੱਥ ਫੜ ਕੇ ਉਹਨਾਂ ਨੂੰ ਆਪਣੇ ਬਣਾ ਲੈਂਦਾ ਹੈ, ਅਤੇ ਉਹਨਾਂ ਦੇ ਹਿਰਦੇ ਵਿਚ ਆਪਣਾ ਨਾਮ ਟਿਕਾ ਦੇਂਦਾ ਹੈ। ੨।

ਹੇ ਗੁਰੂ-ਪਾਰਬ੍ਰਹਮ ! ਹੇ ਅਪਹੁਚ ! ਹੇ ਬੇਅੰਤ ! (ਜੋ ਕੁਝ ਦਿੱਸ ਰਿਹਾ ਹੈ, ਇਹ) ਸਭ ਕੁਝ ਤੇਰਾ ਪੈਦਾ ਕੀਤਾ ਹੋਇਆ ਹੈ, ਤੂੰ ਹੀ ਸਭ ਕੁਝ ਪੈਦਾ ਕਰਨ ਦੀ ਸਮਰਥਾ ਵਾਲਾ ਹੈਂ। (ਜਿਸ ਦੇ ਹਿਰਦੇ ਵਿਚ ਤੂੰ ਆਪਣਾ ਨਾਮ ਟਿਕਾਂਦਾ ਹੈਂ, ਉਸ ਦੇ ਅੰਦਰ) ਸਦਾ ਆਨੰਦ ਬਣਿਆ ਰਹਿੰਦਾ ਹੈ, ਉਸ ਨੂੰ ਕੋਈ ਗ਼ਮ (ਪੋਹ ਨਹੀਂ ਸਕਦਾ)। ਕੋਈ ਦੁੱਖ ਕੋਈ ਦਰਦ ਕੋਈ ਰੋਗ ਉਸ ਉਤੇ ਆਪਣਾ ਜ਼ੋਰ ਨਹੀਂ ਪਾ ਸਕਦਾ। ੩।

ਹੇ ਭਾਈ ! ਸਰਬ-ਵਿਆਪਕ ਪਰਮਾਤਮਾ ਦੀ ਵਿਸਮਾਦ ਪੈਦਾ ਕਰਨ ਵਾਲੀ ਸਿਫ਼ਤਿ ਸਾਲਾਹ ਜਿਸ ਮਨੁੱਖ ਦੇ ਮਨ ਵਿਚ ਮਿੱਠੀ ਲੱਗ ਪੈਂਦੀ ਹੈ, ਉਸ ਦੀ ਬੇ-ਦਾਗ਼ ਸੋਭਾ (ਹਰ ਥਾਂ ਪਸਰ ਜਾਂਦੀ ਹੈ)। ਹੇ ਨਾਨਕ ! ਉਹ ਪ੍ਰਭੂ ਜਲ ਵਿਚ ਧਰਤੀ ਵਿਚ ਆਕਾਸ਼ ਵਿਚ ਸਭ ਥਾਂ ਮੌਜੂਦ ਹੈ (ਜੋ ਕੁਝ ਜਗਤ ਵਿਚ ਹੋ ਰਿਹਾ ਹੈ) ਸਭ ਕੁਝ ਪ੍ਰਭੂ ਤੋਂ (ਪ੍ਰਭੂ ਦੇ ਹੁਕਮ ਨਾਲ ਹੀ) ਹੋ ਰਿਹਾ ਹੈ। ੪। ੩੪। ੪੭।

ਭੈਰਉ ਮਹਲਾ ੫ ॥ ਮਨੁ ਤਨੁ ਰਾਤਾ ਰਾਮ ਰੰਗਿ ਚਰਣੇ ॥ ਸਰਬ ਮਨੋਰਥ ਪੂਰਨ ਕਰਣੇ ॥ ਆਠ ਪਹਰ ਗਾਵਤ ਭਗਵੰਤੁ ॥ ਸਤਿਗੁਰਿ ਦੀਨੋ

ਪੂਰਾ ਮੰਤੁ ॥ ੧ ॥ ਸੋ ਵਡਭਾਗੀ ਜਿਸੁ ਨਾਮਿ ਪਿਆਰੁ ॥ ਤਿਸ ਕੈ ਸੰਗਿ ਤਰੈ ਸੰਸਾਰੁ ॥ ੧ ॥ ਰਹਾਉ ॥ ਸੋਈ ਗਿਆਨੀ ਜਿ ਸਿਮਰੈ ਏਕ ॥ ਸੋ ਧਨਵੰਤਾ ਜਿਸੁ ਬੁਧਿ ਬਿਬੇਕ ॥ ਸੋ ਕੁਲਵੰਤਾ ਜਿ ਸਿਮਰੈ ਸੁਆਮੀ ॥ ਸੋ ਪਤਿਵੰਤਾ ਜਿ ਆਪੁ ਪਛਾਨੀ ॥ ੨ ॥ ਗੁਰ ਪਰਸਾਦਿ ਪਰਮ ਪਦੁ ਪਾਇਆ ॥ ਗੁਣ ਗੁੋਪਾਲ ਦਿਨੁ ਰੈਨਿ ਧਿਆਇਆ ॥ ਤੂਟੇ ਬੰਧਨ ਪੂਰਨ ਆਸਾ ॥ ਹਰਿ ਕੇ ਚਰਣ ਰਿਦ ਮਾਹਿ ਨਿਵਾਸਾ ॥ ੩ ॥ ਕਹੁ ਨਾਨਕ ਜਾ ਕੇ ਪੂਰਨ ਕਰਮਾ ॥ ਸੋ ਜਨੁ ਆਇਆ ਪ੍ਰਭ ਕੀ ਸਰਨਾ॥ ਆਪਿ ਪਵਿਤੁ ਪਾਵਨ ਸਭਿ ਕੀਨੇ ॥ ਰਾਮ ਰਸਾਇਣੁ ਰਸਨਾ ਚੀਨ੍ਹੇ ॥ ੪ ॥ ੩੫ ॥ ੪੮ ॥

ਪਦ ਅਰਥ :–ਰਾਤਾ–ਰੰਗਿਆ ਗਿਆ। ਰਾਮ ਰੰਗਿ ਚਰਣੇ–ਰਾਮ ਦੇ ਚਰਨਾਂ ਦੇ ਪਿਆਰ ਵਿਚ। ਮਨੋਰਥ–ਲੋੜਾਂ, ਮੰਗਾਂ। ਗਾਵਤ–ਗਾਂਦਿਆਂ। ਸਤਿਗੁਰਿ–ਗੁਰੂ ਨੇ। ਮੰਤੁ–ਉਪਦੇਸ਼, ਨਾਮ-ਮੰਤ੍ਰ। ੧।

ਨਾਮਿ–ਨਾਮ ਵਿਚ। ਤਿਸ ਕੈ ਸੰਗਿ–ਉਸ ਦੀ ਸੰਗਤਿ ਵਿਚ [ਸੰਬੰਧਕ 'ਕੈ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ਤਰੈ–(ਵਿਕਾਰਾਂ ਦੇ ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ। ੧। ਰਹਾਉ।

ਗਿਆਨੀ–ਆਤਮਕ ਜੀਵਨ ਦੀ ਸੂਝ ਵਾਲਾ। ਜਿ–ਜਿਹੜਾ ਮਨੁੱਖ। ਬੁਧਿ ਬਿਬੇਕ–(ਚੰਗੇ ਮੰਦੇ ਕਰਮ ਦੀ) ਪਰਖ ਦੀ ਅਕਲ। ਕੁਲਵੰਤਾ–ਚੰਗੀ ਕੁਲ ਵਾਲਾ। ਪਤਿਵੰਤਾ–ਇੱਜ਼ਤ ਵਾਲਾ। ਆਪੁ–ਆਪਣੇ ਆਪ ਨੂੰ, ਆਪਣੇ ਆਚਰਨ ਨੂੰ। ੨।

ਪਰਸਾਦਿ–ਕਿਰਪਾ ਨਾਲ। ਪਰਮ–ਸਭ ਤੋਂ ਉੱਚਾ। ਪਦੁ–ਆਤਮਕ ਦਰਜਾ। ਗੁੋਪਾਲ–[ਅੱਖਰ 'ਗ' ਦੇ ਨਾਲ ਦੋ ਲਗਾਂ ਹਨ–ੋ ਅਤੇ ੁ। ਅਸਲ ਲਫ਼ਜ਼ ਹੈ 'ਗੋਪਾਲ', ਇਥੇ ਪੜ੍ਹਨਾ ਹੈ 'ਗੁਪਾਲ']। ਰੈਨਿ–ਰਾਤ। ਬੰਧਨ–ਮਾਇਆ ਦੇ ਮੋਹ ਦੀਆਂ ਫਾਹੀਆਂ। ਰਿਦ ਮਾਹਿ–ਹਿਰਦੇ ਵਿਚ। ੩।

ਜਾ ਕੇ–ਜਿਸ (ਮਨੁੱਖ) ਦੇ। ਪੂਰਨ ਕਰਮਾ–ਪੂਰੇ ਭਾਗ, ਚੰਗੀ ਕਿਸਮਤ। ਸੋ–ਉਹ [ਇਕ ਵਚਨ]। ਪਾਵਨ–ਪਵਿੱਤਰ ਜੀਵਨ ਵਾਲੇ। ਸਭਿ–ਸਾਰੇ। ਰਸਾਇਣੁ–[ਰਸ-ਅਯਨ। ਰਸਾਂ ਦਾ ਘਰ] ਸਭ ਰਸਾਂ ਤੋਂ ਸ੍ਰੇਸ਼ਟ ਰਸ। ਰਸਨਾ–ਜੀਭ (ਨਾਲ)। ਚੀਨ੍ਹੇ–ਪਛਾਣਿਆ, ਮਾਣਿਆ। ੪।

ਅਰਥ :–ਹੇ ਭਾਈ! ਜਿਸ ਮਨੁੱਖ ਦਾ ਪਰਮਾਤਮਾ ਦੇ ਨਾਮ ਵਿਚ ਪਿਆਰ ਬਣ ਗਿਆ ਹੈ, ਉਹ ਵੱਡੇ ਭਾਗਾਂ ਵਾਲਾ ਹੈ। ਉਸ (ਮਨੁੱਖ) ਦੀ ਸੰਗਤਿ ਵਿਚ ਸਾਰਾ ਜਗਤ

(ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ।੧। ਰਹਾਉ।

ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਨੇ (ਸਾਰੇ ਗੁਣਾਂ ਨਾਲ) ਭਰਪੂਰ ਨਾਮ-ਮੰਤ੍ਰ ਦੇ ਦਿੱਤਾ, (ਉਸ ਦੀ ਉਮਰ) ਅੱਠੇ ਪਹਰ ਭਗਵਾਨ ਦੇ ਗੁਣ ਗਾਂਦਿਆਂ (ਬੀਤਦੀ ਹੈ), ਪਰਮਾਤਮਾ ਉਸ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਰਹਿੰਦਾ ਹੈ, ਉਸ ਦਾ ਮਨ ਉਸ ਦਾ ਤਨ ਪਰਮਾਤਮਾ ਦੇ ਚਰਨਾਂ ਦੇ ਪਿਆਰ ਵਿਚ ਮਸਤ ਰਹਿੰਦਾ ਹੈ।੧।

ਹੇ ਭਾਈ! ਜਿਹੜਾ ਮਨੁੱਖ ਇਕ ਪ੍ਰਭੂ ਦਾ ਨਾਮ ਸਿਮਰਦਾ ਰਹਿੰਦਾ ਹੈ, ਉਹੀ ਆਤਮਕ ਜੀਵਨ ਦੀ ਸੂਝ ਵਾਲਾ ਹੁੰਦਾ ਹੈ। ਜਿਸ ਮਨੁੱਖ ਨੂੰ ਚੰਗੇ ਮੰਦੇ ਕਰਮ ਦੀ ਪਰਖ ਦੀ ਅਕਲ ਆ ਜਾਂਦੀ ਹੈ ਉਹ ਮਨੁੱਖ ਨਾਮ-ਧਨ ਦਾ ਮਾਲਕ ਬਣ ਜਾਂਦਾ ਹੈ। ਜਿਹੜਾ ਮਨੁੱਖ ਮਾਲਕ-ਪ੍ਰਭੂ ਨੂੰ ਯਾਦ ਕਰਦਾ ਰਹਿੰਦਾ ਹੈ ਉਹ (ਸਭ ਤੋਂ ਉੱਚੇ ਪ੍ਰਭੂ ਨਾਲ ਛੁਹ ਕੇ) ਉੱਚੀ ਕੁਲ ਵਾਲਾ ਬਣ ਗਿਆ। ਜਿਹੜਾ ਮਨੁੱਖ ਆਪਣੇ ਆਚ-ਰਨ ਨੂੰ ਪੜਤਾਲਦਾ ਰਹਿੰਦਾ ਹੈ ਉਹ (ਲੋਕ ਪਰਲੋਕ ਵਿਚ) ਇੱਜ਼ਤ ਵਾਲਾ ਹੋ ਜਾਂਦਾ ਹੈ।੨।

ਹੇ ਭਾਈ! ਜਿਸ ਮਨੁੱਖ ਨੇ ਗੁਰੂ ਦੀ ਕਿਰਪਾ ਨਾਲ ਦਿਨ ਰਾਤ (ਹਰ ਵੇਲੇ) ਪਰਮਾਤਮਾ ਦੇ ਗੁਣ ਗਾਣੇ ਸ਼ੁਰੂ ਕਰ ਦਿੱਤੇ, ਉਸ ਨੂੰ ਸਭ ਤੋਂ ਉੱਚਾ ਆਤਮਕ ਦਰਜਾ ਮਿਲ ਗਿਆ। ਉਸ ਦੀਆਂ ਮਾਇਆ ਦੇ ਮੋਹ ਦੀਆਂ ਸਭ ਫਾਹੀਆਂ ਟੁੱਟ ਗਈਆਂ, ਉਸ ਦੀਆਂ ਸਭ ਆਸਾਂ ਪੂਰੀਆਂ ਹੋ ਗਈਆਂ, ਪਰਮਾਤਮਾ ਦੇ ਚਰਨ ਉਸ ਦੇ ਹਿਰਦੇ ਵਿਚ (ਸਦਾ ਲਈ) ਟਿਕ ਗਏ।੩।

ਹੇ ਨਾਨਕ! ਆਖ—(ਹੇ ਭਾਈ!) ਜਿਸ ਮਨੁੱਖ ਦੇ ਪੂਰੇ ਭਾਗ ਜਾਗ ਪੈਂਦੇ ਹਨ, ਉਹ ਮਨੁੱਖ ਪਰਮਾਤਮਾ ਦੀ ਸਰਨ ਵਿਚ ਆ ਪੈਂਦਾ ਹੈ। ਉਹ ਮਨੁੱਖ ਆਪ ਸੁੱਚੇ ਆਚਰਨ ਵਾਲਾ ਬਣ ਜਾਂਦਾ ਹੈ (ਜਿਹੜੇ ਉਸ ਦੀ ਸੰਗਤਿ ਕਰਦੇ ਹਨ ਉਹਨਾਂ) ਸਾਰਿਆਂ ਨੂੰ ਭੀ ਪਵਿੱਤਰ ਜੀਵਨ ਵਾਲਾ ਬਣਾ ਲੈਂਦਾ ਹੈ। ਉਹ ਮਨੁੱਖ ਆਪਣੀ ਜੀਭ ਨਾਲ ਸਭ ਰਸਾਂ ਤੋਂ ਸ੍ਰੇਸ਼ਟ ਨਾਮ-ਰਸ ਨੂੰ ਚੱਖਦਾ ਰਹਿੰਦਾ ਹੈ।੪।੩੫।੪੮।

ਭੈਰਉ ਮਹਲਾ ੫ ॥ ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥ ਨਾਮੁ ਲੈਤ ਸਭ ਦੂਖਹ ਨਾਸੁ ॥ ਨਾਮੁ ਜਪਤ ਹਰਿ ਚਰਣ ਨਿਵਾਸੁ ॥ ੧ ॥ ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥ ਰਸਕਿ ਰਸਕਿ ਹਰਿ ਕੇ ਗੁਣ ਗਾਉ ॥ ੧ ॥ ਰਹਾਉ ॥ ਹਰਿ ਸਿਮਰਤ ਕਿਛੁ ਚਾਖੁ ਨ ਜੋਹੈ ॥ ਹਰਿ ਸਿਮਰਤ ਦੈਤ ਦੇਉ ਨ ਪੋਹੈ ॥ ਹਰਿ ਸਿਮਰਤ ਮੋਹੁ ਮਾਨੁ ਨ ਬਧੈ ॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ ॥ ੨ ॥ ਹਰਿ

ਸਿਮਰਨ ਕੀ ਸਗਲੀ ਬੇਲਾ ॥ ਹਰਿ ਸਿਮਰਨੁ ਬਹੁ ਮਾਹਿ ਇਕੇਲਾ॥ ਜਾਤਿ ਅਜਾਤਿ ਜਪੈ ਜਨੁ ਕੋਇ ॥ ਜੋ ਜਾਪੈ ਤਿਸ ਕੀ ਗਤਿ ਹੋਇ ॥ ੩ ॥ ਹਰਿ ਕਾ ਨਾਮੁ ਜਪੀਐ ਸਾਧ ਸੰਗਿ ॥ ਹਰਿ ਕੇ ਨਾਮ ਕਾ ਪੂਰਨ ਰੰਗੁ ॥ ਨਾਨਕ ਕਉ ਪ੍ਰਭ ਕਿਰਪਾ ਧਾਰਿ ॥ ਸਾਸਿ ਸਾਸਿ ਹਰਿ ਦੇਹੁ ਚਿਤਾਰਿ ॥ ੪ ॥ ੩੬ ॥ ੪੯ ॥

ਪਦ ਅਰਥ :–ਲੈਤ–ਲੈਂਦਿਆਂ, ਸਿਮਰਦਿਆਂ। ਬਿਘਨੁ–ਰੁਕਾਵਟ। ਦੂਖਹ–ਦੁੱਖਾਂ ਦਾ। ੧।

ਨਿਰਬਿਘਨ–ਵਿਘਨਾਂ ਤੋਂ ਬਚਾਣ ਵਾਲੀ। ਰਸਕਿ–ਆਨੰਦ ਨਾਲ, ਸੁਆਦ ਨਾਲ। ੧। ਰਹਾਉ।

ਚਾਖੁ–[ਚਕ੍ਸ਼ੁਸ੍] ਭੈੜੀ ਨਜ਼ਰ। ਜੋਹੈ–ਤੱਕ ਸਕਦੀ। ਦੈਤ ਦੇਉ–ਦੈਂਤ ਦੇਉ, (ਕਾਮਾਦਿਕ ਕੋਈ) ਵੱਡੇ ਤੋਂ ਵੱਡਾ ਦੇਉ। ਨ ਪੋਹੈ–ਆਪਣਾ ਜ਼ੋਰ ਨਹੀਂ ਪਾ ਸਕਦਾ। ਨ ਬਧੈ–ਨਹੀਂ ਮਾਰ ਸਕਦਾ, ਆਤਮਕ ਤੌਰ ਤੇ ਮਾਰ ਨਹੀਂ ਸਕਦਾ। ਰੁਧੈ–ਰੁੱਝਦਾ, ਫਸਦਾ। ਗਰਭ ਜੋਨਿ–ਜੂਨਾਂ ਦੇ ਗੇੜ ਵਿਚ। ੨।

ਸਗਲੀ ਬੇਲਾ–ਹਰੇਕ ਸਮਾ। ਬੇਲਾ–ਵੇਲਾ। ਇਕੇਲਾ–ਕੋਈ ਵਿਰਲਾ। ਅਜਾਤਿ –ਨੀਵੀਂ ਜਾਤਿ ਦਾ ਮਨੁੱਖ। ਜਨੁ ਕੋਇ–ਜਿਹੜਾ ਭੀ ਮਨੁੱਖ। ਤਿਸ ਕੀ–[ਸੰਬੰਧਕ 'ਕੀ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ਗਤਿ–ਉੱਚੀ ਆਤਮਕ ਅਵਸਥਾ। ੩।

ਜਪੀਐ–ਜਪਿਆ ਜਾ ਸਕਦਾ ਹੈ। ਸਾਧ ਸੰਗਿ–ਸਾਧ ਸੰਗਤਿ ਵਿਚ। ਪੂਰਨ–ਪੂਰਾ, ਮੁਕੰਮਲ। ਧਾਰਿ–ਕਰ। ਸਾਸਿ ਸਾਸਿ–ਹਰੇਕ ਸਾਹ ਦੇ ਨਾਲ। ਚਿਤਾਰਿ–ਚਿਤਾਰੀਂ, ਮੈਂ ਚੇਤੇ ਕਰਦਾ ਰਹਾਂ। ੪।

ਅਰਥ :–ਹੇ ਭਾਈ ! ਬੜੇ ਪ੍ਰੇਮ ਨਾਲ ਸਦਾ ਪਰਮਾਤਮਾ ਦੇ ਗੁਣ ਗਾਂਦਾ ਰਿਹਾ ਕਰ, ਸਦਾ ਹਰੀ ਦਾ ਨਾਮ ਜਪਦਾ ਰਿਹਾ ਕਰ। ਇਹ ਭਗਤੀ ਜ਼ਿੰਦਗੀ ਦੇ ਰਾਹ ਵਿਚ (ਵਿਕਾਰਾਂ ਦੀ) ਕੋਈ ਰੁਕਾਵਟ ਨਹੀਂ ਪੈਣ ਦੇਂਦੀ। ੧। ਰਹਾਉ।

ਹੇ ਭਾਈ ! ਪਰਮਾਤਮਾ ਦਾ ਨਾਮ ਜਪਦਿਆਂ (ਜ਼ਿੰਦਗੀ ਦੇ ਸਫ਼ਰ ਵਿਚ ਕਾਮਾਦਿਕ ਦੀ) ਕੋਈ ਰੁਕਾਵਟ ਨਹੀਂ ਪੈਂਦੀ। ਪਰਮਾਤਮਾ ਦਾ ਨਾਮ ਸੁਣਦਿਆਂ(ਜੀਵਨ ਇਤਨਾ ਉੱਚਾ ਹੋ ਜਾਂਦਾ ਹੈ ਕਿ ਨਾਮ ਜਪਣ ਵਾਲੇ ਮਨੁੱਖ ਪਾਸੋਂ) ਜਮਰਾਜ ਦੂਰੋਂ ਹੀ ਪਰੇ ਹਟ ਜਾਂਦਾ ਹੈ। ਨਾਮ ਜਪਦਿਆਂ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ, ਅਤੇ ਪਰਮਾਤਮਾ ਦੇ ਚਰਨਾਂ ਵਿਚ ਮਨ ਟਿਕਿਆ ਰਹਿੰਦਾ ਹੈ। ੧।

ਹੇ ਭਾਈ ! ਪਰਮਾਤਮਾ ਦਾ ਨਾਮ ਸਿਮਰਦਿਆਂ ਕੋਈ ਭੈੜੀ ਨਜ਼ਰ ਨਹੀਂ ਲੱਗਦੀ, ਕੋਈ ਦੈਂਤ ਕੋਈ ਦੇਉ ਆਪਣਾ ਜ਼ੋਰ ਨਹੀਂ ਪਾ ਸਕਦਾ, ਮਾਇਆ ਦਾ ਮੋਹ ਦੁਨੀਆ ਦਾ ਕੋਈ ਮਾਣ ਆਤਮਕ ਜੀਵਨ ਨੂੰ ਕੁਚਲ ਨਹੀਂ ਸਕਦਾ, ਪਰਮਾਤਮਾ ਦਾ ਨਾਮ ਸਿਮਰਦਿਆਂ ਮਨੁੱਖ ਜੂਨਾਂ ਦੇ ਗੇੜ ਵਿਚ ਨਹੀਂ ਫਸਦਾ । ੨ ।

ਹੇ ਭਾਈ ! (ਜਿਹੜਾ ਭੀ ਸਮਾ ਸਿਮਰਨ ਵਿਚ ਗੁਜ਼ਾਰਿਆ ਜਾਏ ਉਹੀ ਚੰਗਾ ਹੈ) ਹਰੇਕ ਸਮਾ ਸਿਮਰਨ ਵਾਸਤੇ ਢੁਕਵਾਂ ਹੈ, ਪਰ ਅਨੇਕਾਂ ਵਿਚੋਂ ਕੋਈ ਵਿਰਲਾ ਮਨੁੱਖ ਹੀ ਹਰਿ-ਨਾਮ ਦਾ ਸਿਮਰਨ ਕਰਦਾ ਹੈ । ਉੱਚੀ ਜਾਤਿ ਦਾ ਹੋਵੇ ਚਾਹੇ ਨੀਵੀਂ ਜਾਤਿ ਦਾ ਹੋਵੇ, ਜਿਹੜਾ ਭੀ ਮਨੁੱਖ ਨਾਮ ਜਪਦਾ ਹੈ ਉਸ ਦੀ ਆਤਮਕ ਅਵਸਥਾ ਉੱਚੀ ਹੋ ਜਾਂਦੀ ਹੈ । ੩ ।

ਹੇ ਭਾਈ ! ਪਰਮਾਤਮਾ ਦਾ ਨਾਮ ਸਾਧ ਸੰਗਤਿ ਵਿਚ (ਰਹਿ ਕੇ) ਜਪਿਆ ਜਾ ਸਕਦਾ ਹੈ, (ਸਾਧ ਸੰਗਤਿ ਦੀ ਸਹਾਇਤਾ ਨਾਲ ਹੀ) ਪਰਮਾਤਮਾ ਦੇ ਨਾਮ ਦਾ ਪੂਰਾ ਰੰਗ (ਮਨੁੱਖ ਦੀ ਜ਼ਿੰਦਗੀ ਉੱਤੇ ਚੜ੍ਹਦਾ ਹੈ) । ਹੇ ਪ੍ਰਭੂ ! (ਆਪਣੇ ਦਾਸ) ਨਾਨਕ ਉਤੇ ਮਿਹਰ ਕਰ, ਹੇ ਹਰੀ ! (ਮੈਨੂੰ ਆਪਣੇ ਨਾਮ ਦੀ ਦਾਤਿ) ਦੇਹ (ਤਾ ਕਿ) ਮੈਂ (ਆਪਣੇ) ਹਰੇਕ ਸਾਹ ਦੇ ਨਾਲ (ਤੇਰਾ ਨਾਮ) ਚੇਤੇ ਕਰਦਾ ਰਹਾਂ । ੪ । ੩੬ । ੪੯ ।

ਭੈਰਉ ਮਹਲਾ ੫ ॥ ਆਪੇ ਸਾਸਤੁ ਆਪੇ ਬੇਦੁ ॥ ਆਪੇ ਘਟਿ ਘਟਿ ਜਾਣੈ ਭੇਦੁ ॥ ਜੋਤਿ ਸਰੂਪ ਜਾ ਕੀ ਸਭ ਵਥੁ ॥ ਕਰਣ ਕਾਰਣ ਪੂਰਨ ਸਮਰਥੁ ॥ ੧ ॥ ਪ੍ਰਭ ਕੀ ਓਟ ਗਹਹੁ ਮਨ ਮੇਰੇ ॥ ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੇ ॥ ੧ ॥ ਰਹਾਉ ॥ ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ ॥ ਜਾ ਕੈ ਸੂਤਿ ਪਰੋਇਆ ਸੰਸਾਰੁ ॥ ਆਪੇ ਸਿਵ ਸਕਤੀ ਸੰਜੋਗੀ ॥ ਆਪਿ ਨਿਰਬਾਣੀ ਆਪੇ ਭੋਗੀ ॥ ੨ ॥ ਜਤ ਕਤ ਪੇਖਉ ਤਤ ਤਤ ਸੋਇ ॥ ਤਿਸੁ ਬਿਨੁ ਦੂਜਾ ਨਾਹੀ ਕੋਇ ॥ ਸਾਗਰੁ ਤਰੀਐ ਨਾਮ ਕੈ ਰੰਗਿ ॥ ਗੁਣ ਗਾਵੈ ਨਾਨਕੁ ਸਾਧ ਸੰਗਿ ॥ ੩ ॥ ਮੁਕਤਿ ਭੁਗਤਿ ਜੁਗਤਿ ਵਸਿ ਜਾ ਕੈ ॥ ਊਣਾ ਨਾਹੀ ਕਿਛੁ ਜਨ ਤਾ ਕੈ ॥ ਕਰਿ ਕਿਰਪਾ ਜਿਸੁ ਹੋਇ ਸੁਪ੍ਰਸੰਨ ॥ ਨਾਨਕ ਦਾਸ ਸੇਈ ਜਨ ਧੰਨ ॥੪॥੩੭॥੫੦॥

ਪਦ ਅਰਥ :—ਆਪੇ—(ਪ੍ਰਭੂ) ਆਪ ਹੀ, ਪ੍ਰਭੂ ਦਾ ਆਪਣਾ ਨਾਮ ਹੀ । ਘਟਿ—ਸਰੀਰ ਵਿਚ । ਘਟਿ ਘਟਿ—ਹਰੇਕ ਸਰੀਰ ਵਿਚ । ਜਾਣੈ—ਜਾਣਦਾ ਹੈ [ਇਕ ਵਚਨ] । ਜੋਤਿ ਸਰੂਪ—ਨਿਰੀ ਜੋਤਿ ਹੀ ਜੋਤਿ, ਨਿਰਾ ਚਾਨਣ ਹੀ ਚਾਨਣ । ਜਾ ਕੀ—ਜਿਸ (ਪਰਮਾਤਮਾ) ਦੀ । ਸਭ ਵਥੁ—ਸਾਰੀ ਵਸਤ, ਸਾਰੀ ਸ੍ਰਿਸ਼ਟੀ । ਕਰਣ ਕਾਰਣ—ਸਾਰੇ

ਜਗਤ ਦਾ ਮੂਲ। ਪੂਰਨ—ਸਰਬ-ਵਿਆਪਕ। ਸਮਰਥੁ—ਸਭ ਤਾਕਤਾਂ ਦਾ ਮਾਲਕ। ੧।

ਓਟ—ਆਸਰਾ, ਸਹਾਰਾ। ਗਹਹੁ—ਫੜੋ, ਲਵੋ। ਮਨ—ਹੇ ਮਨ! ਚਰਨ ਕਮਲ—ਕੌਲ-ਫੁੱਲਾਂ ਵਰਗੇ ਸੋਹਣੇ ਚਰਨ। ਗੁਰਮੁਖਿ—ਗੁਰੂ ਦੀ ਸਰਨ ਪੈ ਕੇ। ਦੁਸਮਨ—ਵੈਰੀ [ਬਹੁ ਵਚਨ]। ਆਵੈ—ਆਉਂਦਾ [ਇਕ ਵਚਨ]। ਨੇੜੇ—ਨੇੜੇ। ੧। ਰਹਾਉ।

ਆਪਿ—ਪ੍ਰਭੂ ਆਪ ਹੀ। ਵਣੁ—ਜੰਗਲ। ਤ੍ਰਿਣੁ—ਘਾਹ ਦਾ ਤੀਲਾ, ਬਨਸਪਤੀ। ਸਾਰੁ—ਤੱਤ, ਮੂਲ। ਜਾ ਕੈ ਸੂਤਿ—ਜਿਸ ਦੇ ਸੂਤ ਵਿਚ, ਜਿਸ ਦੀ ਮਰਯਾਦਾ ਵਿਚ, ਜਿਸ ਦੇ ਹੁਕਮ ਵਿਚ। ਸਿਵ—ਸ਼ਿਵ, ਆਤਮਾ। ਸਕਤੀ—ਸ਼ਕਤੀ, ਮਾਇਆ, ਪ੍ਰਕ੍ਰਿਤੀ। ਸੰਜੋਗੀ—ਮਿਲਾਣ ਵਾਲਾ। ਨਿਰਬਾਣੀ—[ਨਿਰਵਾਣ] ਵਾਸਨਾ-ਰਹਿਤ, ਨਿਰਲੇਪ। ਭੋਗੀ—ਭੋਗਣ ਵਾਲਾ, ਭੋਗਾਂ ਵਿਚ ਪ੍ਰਵਿਰਤ। ੨।

ਜਤ ਕਤ—[ਯਤ੍ਰ ਕੁਤ੍ਰ] ਜਿੱਥੇ ਕਿੱਥੇ, ਹਰ ਥਾਂ। ਪੇਖਉ—ਪੇਖਉਂ, ਮੈਂ ਵੇਖਦਾ ਹਾਂ। ਤਤ ਤਤ—ਉਥੇ ਉਥੇ। ਸੋਇ—ਉਹ (ਪਰਮਾਤਮਾ) ਹੀ। ਸਾਗਰੁ—(ਸੰਸਾਰ-) ਸਮੁੰਦਰ। ਤਰੀਐ—ਤਰਿਆ ਜਾ ਸਕਦਾ ਹੈ। ਕੈ ਰੰਗਿ—ਦੇ ਪ੍ਰੇਮ ਨਾਲ। ਗਾਵੈ—ਗਾਂਦਾ ਹੈ। ਸਾਧ ਸੰਗਿ—ਸਾਧ ਸੰਗਤਿ ਵਿਚ (ਰਹਿ ਕੇ)। ੩।

ਮੁਕਤਿ—(ਵਿਕਾਰਾਂ ਤੋਂ ਜਨਮ ਮਰਨ ਦੇ ਗੇੜ ਤੋਂ) ਖ਼ਲਾਸੀ। ਭੁਗਤਿ—ਭੋਜਨ ਆਦਿਕ। ਜੁਗਤਿ—ਜੀਊਣ ਦੀ ਜਾਚ। ਜਾ ਕੈ ਵਸਿ—ਜਿਸ (ਪਰਮਾਤਮਾ) ਦੇ ਵੱਸ ਵਿਚ। ਕਿਛੁ ਊਣਾ—ਕੋਈ ਕਮੀ। ਜਨ—ਹੇ ਜਨ! ਤਾ ਕੈ—ਉਸ (ਪ੍ਰਭੂ) ਦੇ ਘਰ ਵਿਚ। ਕਰਿ—ਕਰ ਕੇ। ਜਿਸੁ—ਜਿਸ ਜਿਸ ਉੱਤੇ। ਸੇਈ ਜਨ—ਉਹ ਬੰਦੇ [ਬਹੁ ਵਚਨ]। ਧੰਨ—ਭਾਗਾਂ ਵਾਲੇ। ੪।

ਅਰਥ :—ਹੇ ਮੇਰੇ ਮਨ! ਪਰਮਾਤਮਾ ਦਾ ਆਸਰਾ ਲਈ ਰੱਖ। ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੇ ਸੋਹਣੇ ਚਰਨਾਂ ਦਾ ਆਰਾਧਨ ਕਰਿਆ ਕਰ, (ਜਿਹੜਾ ਮਨੁੱਖ ਇਹ ਉੱਦਮ ਕਰਦਾ ਹੈ, ਕੋਈ) ਵੈਰੀ (ਉਸ ਦੇ) ਨੇੜੇ ਨਹੀਂ ਆਉਂਦੇ, ਕੋਈ ਦੁੱਖ (ਉਸ ਦੇ) ਨੇੜੇ ਨਹੀਂ ਆਉਂਦਾ। ੧। ਰਹਾਉ।

ਹੇ ਮੇਰੇ ਮਨ! ਉਹ (ਪਰਮਾਤਮਾ) ਆਪ ਹੀ (ਤੇਰੇ ਵਾਸਤੇ) ਸ਼ਾਸਤ੍ਰ ਹੈ, ਉਹ (ਪਰਮਾਤਮਾ) ਆਪ ਹੀ (ਤੇਰੇ ਵਾਸਤੇ) ਵੇਦ ਹੈ (ਭਾਵ, ਪਰਮਾਤਮਾ ਦਾ ਨਾਮ ਹੀ ਤੇਰੇ ਵਾਸਤੇ ਵੇਦ ਸ਼ਾਸਤ੍ਰ ਹੈ)। ਹੇ ਮਨ! ਉਹ ਪਰਮਾਤਮਾ ਆਪ ਹੀ ਹਰੇਕ ਸਰੀਰ ਵਿਚ (ਵੱਸ ਰਿਹਾ ਹੈ), ਉਹ ਆਪ ਹੀ (ਹਰੇਕ ਜੀਵ ਦੇ ਦਿਲ ਦਾ) ਭੇਦ ਜਾਣਦਾ ਹੈ। ਹੇ ਮੇਰੇ ਮਨ! ਇਹ ਸਾਰੀ ਸ੍ਰਿਸ਼ਟੀ ਜਿਸ (ਪਰਮਾਤਮਾ) ਦੀ (ਰਚੀ ਹੋਈ ਹੈ) ਉਹ ਨਿਰਾ ਨੂਰ ਹੀ ਨੂਰ ਹੈ। ਉਹ ਹੀ ਸਾਰੇ ਜਗਤ ਦਾ ਮੂਲ ਹੈ, ਉਹ ਸਭ ਥਾਈਂ ਮੌਜੂਦ ਹੈ, ਉਹ ਸਭ ਤਾਕਤਾਂ ਦਾ ਮਾਲਕ ਹੈ। ੧।

ਹੇ ਮੇਰੇ ਮਨ ! ਉਹ (ਪ੍ਰਭੂ) ਆਪ ਹੀ (ਹਰੇਕ) ਜੰਗਲ (ਨੂੰ ਪੈਦਾ ਕਰਨ ਵਾਲਾ) ਹੈ, (ਸਾਰੀ) ਵਨਸਪਤੀ (ਨੂੰ ਪੈਦਾ ਕਰਨ ਵਾਲਾ) ਹੈ, ਉਹ ਆਪ ਹੀ ਤਿੰਨਾਂ ਭਵਨਾਂ ਦਾ ਮੂਲ ਹੈ। (ਉਹ ਐਸਾ ਹੈ) ਜਿਸ ਦੇ ਹੁਕਮ ਵਿਚ ਸਾਰਾ ਜਗਤ ਪ੍ਰੋਤਾ ਹੋਇਆ ਹੈ। ਹੇ ਮਨ ! ਉਹ ਆਪ ਹੀ ਜੀਵਾਤਮਾ ਤੇ ਪ੍ਰਕ੍ਰਿਤੀ ਨੂੰ ਜੋੜਨ ਵਾਲਾ ਹੈ, ਉਹ ਆਪ ਹੀ (ਸਭ ਤੋਂ ਵੱਖਰਾ) ਵਾਸਨਾ-ਰਹਿਤ ਹੈ, ਉਹ ਆਪ ਹੀ (ਸਭ ਵਿਚ ਵਿਆਪਕ ਹੋ ਕੇ ਸਾਰੇ ਭੋਗ) ਭੋਗਣ ਵਾਲਾ ਹੈ। ੨।

ਹੇ ਭਾਈ ! ਮੈਂ ਜਿਧਰ ਕਿਧਰ ਵੇਖਦਾ ਹਾਂ, ਹਰ ਥਾਂ ਉਹ ਪ੍ਰਭੂ ਆਪ ਹੀ ਮੌਜੂਦ ਹੈ, ਉਸ ਤੋਂ ਬਿਨਾ (ਕਿਤੇ ਭੀ) ਕੋਈ ਹੋਰ ਦੂਜਾ ਨਹੀਂ ਹੈ। ਹੇ ਭਾਈ ! (ਉਸ ਪਰਮਾਤਮਾ ਦੇ) ਨਾਮ ਵਿਚ ਪਿਆਰ ਪਾਇਆਂ ਹੀ ਇਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ। ਨਾਨਕ (ਭੀ) ਸਾਧ ਸੰਗਤਿ ਵਿਚ (ਰਹਿ ਕੇ ਉਸੇ ਪਰਮਾਤਮਾ ਦੇ) ਗੁਣ ਗਾਂਦਾ ਹੈ। ੩।

ਹੇ ਭਾਈ ! (ਜੀਵਾਂ ਨੂੰ) ਮੁਕਤੀ (ਦੇਣੀ, ਜੀਵਾਂ ਨੂੰ ਖਾਣ-ਪੀਣ ਨੂੰ) ਭੋਜਨ (ਦੇਣਾ, ਜੀਵਾਂ ਨੂੰ) ਜੀਵਨ-ਤੋਰੇ ਤੋਰਨਾ—ਇਹ ਸਭ ਕੁਝ ਜਿਸ ਪਰਮਾਤਮਾ ਦੇ ਵੱਸ ਵਿਚ ਹੈ, ਉਸ ਦੇ ਘਰ ਵਿਚ (ਕਿਸੇ ਚੀਜ਼ ਦੀ) ਕੋਈ ਕਮੀ ਨਹੀਂ ਹੈ। ਹੇ ਦਾਸ ਨਾਨਕ ! ਮਿਹਰ ਕਰ ਕੇ ਜਿਸ ਜਿਸ ਮਨੁੱਖ ਉੱਤੇ ਪਰਮਾਤਮਾ ਦਇਆਵਾਨ ਹੁੰਦਾ ਹੈ, ਉਹੀ ਸਾਰੇ ਬੰਦੇ (ਅਸਲ) ਭਾਗਾਂ ਵਾਲੇ ਹਨ। ੪। ੩੭। ੫੦।

ਭੈਰਉ ਮਹਲਾ ੫ ॥ ਭਗਤਾ ਮਨਿ ਆਨੰਦੁ ਗੋਬਿੰਦ ॥ ਅਸਥਿਤਿ ਭਏ ਬਿਨਸੀ ਸਭ ਚਿੰਦ ॥ ਭੈ ਭ੍ਰਮ ਬਿਨਸਿ ਗਏ ਖਿਨ ਮਾਹਿ ॥ ਪਾਰਬ੍ਰਹਮੁ ਵਸਿਆ ਮਨਿ ਆਇ ॥ ੧ ॥ ਰਾਮ ਰਾਮ ਸੰਤ ਸਦਾ ਸਹਾਇ ॥ ਘਰਿ ਬਾਹਰਿ ਨਾਲੇ ਪਰਮੇਸਰੁ ਰਵਿ ਰਹਿਆ ਪੂਰਨ ਸਭ ਠਾਇ ॥ ੧ ॥ ਰਹਾਉ ॥ ਧਨੁ ਮਾਲੁ ਜੋਬਨੁ ਜੁਗਤਿ ਗੋਪਾਲ ॥ ਜੀਅ ਪ੍ਰਾਣ ਨਿਤ ਸੁਖ ਪ੍ਰਤਿਪਾਲ ॥ ਅਪਨੇ ਦਾਸ ਕਉ ਦੇ ਰਾਖੈ ਹਾਥ ॥ ਨਿਮਖ ਨ ਛੋਡੈ ਸਦ ਹੀ ਸਾਥ ॥੨॥ ਹਰਿ ਸਾ ਪ੍ਰੀਤਮੁ ਅਵਰੁ ਨ ਕੋਇ ॥ ਸਾਰਿ ਸਮ੍ਹਾਲੇ ਸਾਚਾ ਸੋਇ ॥ ਮਾਤ ਪਿਤਾ ਸੁਤ ਬੰਧੁ ਨਰਾਇਣੁ ॥ ਆਦਿ ਜੁਗਾਦਿ ਭਗਤ ਗੁਣ ਗਾਇਣੁ ॥ ੩ ॥ ਤਿਸ ਕੀ ਧਰ ਪ੍ਰਭ ਕਾ ਮਨਿ ਜੋਰੁ ॥ ਏਕ ਬਿਨਾ ਦੂਜਾ ਨਹੀ ਹੋਰੁ ॥ ਨਾਨਕ ਕੈ ਮਨਿ ਇਹੁ ਪੁਰਖਾਰਥੁ ॥ ਪ੍ਰਭੂ ਹਮਾਰਾ ਸਾਰੇ ਸੁਆਰਥੁ ॥੪॥੩੮॥੫੧॥

ਪਦ ਅਰਥ :—ਮਨਿ—ਮਨ ਵਿਚ। ਅਸਥਿਤਿ—(ਭੈ ਭਰਮ ਆਦਿਕਾਂ ਵਲੋਂ) ਅਡੋਲਤਾ। ਚਿੰਦ—(ਭੈ ਭਰਮਾਂ ਦਾ) ਚਿੰਤਨ, ਚਿਤ-ਚੇਤਾ। ਭੈ—[ਬਹੁ ਵਚਨ] ਸਾਰੇ

ਡਰ। ਆਇ–ਆ ਕੇ। ੧।

ਸਹਾਇ–ਸਹਾਈ, ਮਦਦਗਾਰ। ਨਾਲੇ–ਨਾਲ ਹੀ। ਰਵਿ ਰਹਿਆ–ਵਿਆਪਕ ਹੈ। ਪੂਰਨ–ਵਿਆਪਕ। ਸਭ ਠਾਇ–ਸਭ ਥਾਈਂ। ੧। ਰਹਾਉ।

ਜੁਗਤਿ–ਜੀਵਨ ਦੀ ਮਰਯਾਦਾ, ਜੀਊਣ ਦੀ ਜਾਚ। ਜੀਅ–ਜਿੰਦ। ਦੇ–ਦੇ ਕੇ। ਰਾਖੈ–ਰੱਖਿਆ ਕਰਦਾ ਹੈ। ਨਿਮਖ–[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਸਦ–ਸਦਾ। ੨।

ਸਾ–ਵਰਗਾ। ਪ੍ਰੀਤਮੁ–ਪਿਆਰ ਕਰਨ ਵਾਲਾ। ਸਾਰਿ–ਸਾਰ ਲੈ ਕੇ, ਗਹੁ ਨਾਲ। ਸਮ੍ਾਲੇ–ਸੰਭਾਲ ਕਰਦਾ ਹੈ। ਸਾਚਾ–ਸਦਾ ਕਾਇਮ ਰਹਿਣ ਵਾਲਾ। ਸੁਤ–ਪੁੱਤਰ। ਬੰਧੁ–ਸਨਬੰਧੀ। ਭਗਤ–ਪਰਮਾਤਮਾ ਦੇ ਸੇਵਕ। ਆਦਿ–ਮੁੱਢ ਤੋਂ। ਜੁਗਾਦਿ –ਜੁਗਾਂ ਦੇ ਮੁੱਢ ਤੋਂ। ੩।

ਧਰ–ਆਸਰਾ। ਤਿਸ ਕੀ–[ਸੰਬੰਧਕ 'ਕੀ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ]। ਮਨਿ–ਮਨ ਵਿਚ। ਜੋਰੁ–ਬਲ, ਸਹਾਰਾ। ਕੈ ਮਨਿ–ਦੇ ਮਨ ਵਿਚ। ਪੁਰਖਾਰਥੁ–ਹੌਸਲਾ। ਸਾਰੇ–ਸੁਆਰਦਾ ਹੈ। ੪।

ਅਰਥ :–ਹੇ ਭਾਈ! (ਜਿਹੜਾ) ਪਰਮਾਤਮਾ ਸਭਨੀਂ ਥਾਈਂ ਪੂਰਨ ਤੌਰ ਤੇ ਮੌਜੂਦ ਹੈ, (ਉਹ) ਪਰਮਾਤਮਾ ਆਪਣੇ ਸੰਤ ਜਨਾਂ ਦਾ ਸਦਾ ਮਦਦਗਾਰ ਹੈ, ਘਰ ਵਿਚ ਘਰੋਂ ਬਾਹਰ ਹਰ ਥਾਂ (ਸੰਤ ਜਨਾਂ ਦੇ ਨਾਲ) ਹੁੰਦਾ ਹੈ। ੧। ਰਹਾਉ।

ਹੇ ਭਾਈ! ਪਰਮਾਤਮਾ ਦੇ ਭਗਤਾਂ ਦੇ ਮਨ ਵਿਚ ਸਦਾ ਆਤਮਕ ਹੁਲਾਰਾ ਟਿਕਿਆ ਰਹਿੰਦਾ ਹੈ (ਦੁਨੀਆ ਦੇ ਡਰਾਂ, ਦੁਨੀਆਂ ਦੀਆਂ ਭਟਕਣਾਂ ਵਲੋਂ ਉਹਨਾਂ ਦੇ ਅੰਦਰ ਸਦਾ) ਅਡੋਲਤਾ ਰਹਿੰਦੀ ਹੈ (ਦੁਨੀਆ ਦੇ ਡਰਾਂ ਦਾ ਉਹਨਾਂ ਨੂੰ) ਚਿਤ-ਚੇਤਾ ਭੀ ਨਹੀਂ ਰਹਿੰਦਾ। ਹੇ ਭਾਈ! (ਜਿਸ ਮਨੁੱਖ ਦੇ) ਮਨ ਵਿਚ ਪਰਮਾਤਮਾ ਆ ਵੱਸਦਾ ਹੈ, ਇਕ ਖਿਨ ਵਿਚ ਉਸ ਦੇ ਸਾਰੇ ਡਰ ਸਹਮ ਦੂਰ ਹੋ ਜਾਂਦੇ ਹਨ। ੧।

ਹੇ ਭਾਈ! ਪਰਮਾਤਮਾ ਅੱਖ ਝਮਕਣ ਜਿਤਨੇ ਸਮੇ ਲਈ ਭੀ ਆਪਣੇ ਸੇਵਕ ਦਾ ਸਾਥ ਨਹੀਂ ਛੱਡਦਾ, ਸਦਾ ਉਸ ਦੇ ਨਾਲ ਰਹਿੰਦਾ ਹੈ, ਆਪਣੇ ਸੇਵਕ ਨੂੰ ਹੱਥ ਦੇ ਕੇ ਬਚਾਂਦਾ ਹੈ। ਹੇ ਭਾਈ! ਪਰਮਾਤਮਾ ਸੇਵਕ ਦੀ ਜਿੰਦ ਦੀ ਪਾਲਣਾ ਕਰਦਾ ਹੈ, ਸਦਾ ਉਸ ਦੇ ਪ੍ਰਾਣਾਂ ਦੀ ਰਾਖੀ ਕਰਦਾ ਹੈ, ਉਸ ਨੂੰ ਸਾਰੇ ਸੁਖ ਦੇਂਦਾ ਹੈ। (ਸੇਵਕ ਵਾਸਤੇ ਭੀ) ਪਰਮਾਤਮਾ ਦਾ ਨਾਮ ਹੀ ਧਨ ਹੈ, ਨਾਮ ਹੀ ਮਾਲ ਹੈ, ਨਾਮ ਹੀ ਜਵਾਨੀ ਹੈ ਅਤੇ ਨਾਮ ਜਪਣਾ ਹੀ ਜੀਊਣ ਦੀ ਸੁਚੱਜੀ ਜਾਚ ਹੈ। ੨।

ਹੇ ਭਾਈ! ਪਰਮਾਤਮਾ ਵਰਗਾ ਪਿਆਰ ਕਰਨ ਵਾਲਾ ਹੋਰ ਕੋਈ ਨਹੀਂ ਹੈ। ਉਹ ਸਦਾ-ਥਿਰ ਪ੍ਰਭੂ ਬੜੇ ਗਹੁ ਨਾਲ (ਆਪਣੇ ਭਗਤਾਂ ਦੀ) ਸੰਭਾਲ ਕਰਦਾ ਹੈ। ਹੇ

ਭਾਈ ! ਜਗਤ ਦੇ ਸ਼ੁਰੂ ਤੋਂ ਜੁਗਾਂ ਦੇ ਸ਼ੁਰੂ ਤੋਂ ਭਗਤ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦੇ ਆ ਰਹੇ ਹਨ, ਉਹਨਾਂ ਵਾਸਤੇ ਪਰਮਾਤਮਾ ਹੀ ਮਾਂ ਹੈ, ਪਰਮਾਤਮਾ ਹੀ ਪਿਉ ਹੈ, ਪਰਮਾਤਮਾ ਹੀ ਪੁੱਤਰ ਹੈ ਪਰਮਾਤਮਾ ਹੀ ਸਨਬੰਧੀ ਹੈ । ੩ ।

ਹੇ ਭਾਈ! ਭਗਤ ਜਨਾਂ ਦੇ ਮਨ ਵਿਚ ਪਰਮਾਤਮਾ ਦਾ ਹੀ ਆਸਰਾ ਹੈ ਪਰਮਾਤਮਾ ਦਾ ਹੀ ਤਾਣ ਹੈ । ਨਾਨਕ ਦੇ ਮਨ ਵਿਚ (ਭੀ) ਇਹੀ ਹੌਸਲਾ ਹੈ ਕਿ ਪਰਮਾਤਮਾ ਸਾਡਾ ਹਰੇਕ ਕੰਮ ਸੁਆਰਦਾ ਹੈ । ੪ । ੩੯ । ੫੧ ।

ਭੈਰਉ ਮਹਲਾ ੫ ॥ ਭੈ ਕਉ ਭਉ ਪੜਿਆ ਸਿਮਰਤ ਹਰਿਨਾਮ ॥ ਸਗਲ ਬਿਆਧਿ ਮਿਟੀ ਤ੍ਰਿਹੁ ਗੁਣ ਕੀ ਦਾਸ ਕੇ ਹੋਏ ਪੂਰਨ ਕਾਮ ॥੧॥ ਰਹਾਉ ॥ ਹਰਿ ਕੇ ਲੋਕ ਸਦਾ ਗੁਣ ਗਾਵਹਿ ਤਿਨ ਕਉ ਮਿਲਿਆ ਪੂਰਨ ਧਾਮ ॥ ਜਨ ਕਾ ਦਰਸੁ ਬਾਂਛੈ ਦਿਨ ਰਾਤੀ ਹੋਇ ਪੁਨੀਤ ਧਰਮਰਾਇ ਜਾਮ ॥ ੧ ॥ ਕਾਮ ਕ੍ਰੋਧ ਲੋਭ ਮਦ ਨਿੰਦਾ ਸਾਧ ਸੰਗਿ ਮਿਟਿਆ ਅਭਿਮਾਨ ॥ ਐਸੇ ਸੰਤ ਭੇਟਹਿ ਵਡਭਾਗੀ ਨਾਨਕ ਤਿਨ ਕੈ ਸਦ ਕੁਰਬਾਨ ॥ ੨ ॥ ੩੯ ॥ ੫੨ ॥

ਪਦ ਅਰਥ :—ਭੈ ਕਉ—ਡਰ ਨੂੰ [ਸੰਬੰਧਕ ਦੇ ਕਾਰਨ ਲਫ਼ਜ਼ 'ਭਉ' ਤੋਂ 'ਭੈ' ਬਣ ਜਾਂਦਾ ਹੈ] । ਪੜਿਆ—ਪੈ ਗਿਆ । ਸਿਮਰਤ—ਸਿਮਰਦਿਆਂ । ਸਗਲ ਬਿਆਧਿ—ਹਰੇਕ ਕਿਸਮ ਦੀ ਬੀਮਾਰੀ । ਤ੍ਰਿਹੁ ਗੁਣ ਕੀ—ਮਾਇਆ ਦੇ ਤਿੰਨਾਂ ਹੀ ਗੁਣਾਂ ਤੋਂ ਪੈਦਾ ਹੋਣ ਵਾਲੀ । ਕਾਮ—ਕੰਮ । ੧ । ਰਹਾਉ ।

ਗਾਵਹਿ—ਗਾਂਦੇ ਹਨ [ਬਹੁ ਵਚਨ] । ਪੂਰਨ ਧਾਮ—ਸਰਬ-ਵਿਆਪਕ ਪ੍ਰਭੂ ਦੇ ਚਰਨਾਂ ਦਾ ਟਿਕਾਣਾ । ਧਾਮ—ਘਰ, ਟਿਕਾਣਾ । ਬਾਂਛੈ—ਲੋੜਦਾ ਹੈ, ਚਾਹੁੰਦਾ ਹੈ [ਇਕ ਵਚਨ] । ਪੁਨੀਤ—ਪਵਿੱਤਰ । ਜਾਮ—ਜਮਰਾਜ । ੧ ।

ਮਦ—ਮਸਤੀ, ਮੋਹ । ਸਾਧ ਸੰਗਿ—ਸਾਧ ਸੰਗਤਿ ਵਿਚ । ਭੇਟਹਿ—ਮਿਲਦੇ ਹਨ [ਬਹੁ ਵਚਨ] । ਤਿਨ ਕੈ—ਉਹਨਾਂ ਤੋਂ । ਸਦ—ਸਦਾ । ੨ ।

ਅਰਥ :—ਹੇ ਭਾਈ ! ਪਰਮਾਤਮਾ ਦਾ ਨਾਮ ਸਿਮਰਦਿਆਂ ਡਰ ਨੂੰ ਭੀ ਡਰ ਪੈ ਜਾਂਦਾ ਹੈ (ਡਰ ਸਿਮਰਨ ਕਰਨ ਵਾਲੇ ਦੇ ਨੇੜੇ ਨਹੀਂ ਜਾਂਦਾ) । ਮਾਇਆ ਦੇ ਤਿੰਨਾਂ ਹੀ ਗੁਣਾਂ ਤੋਂ ਪੈਦਾ ਹੋਣ ਵਾਲੀ ਹਰੇਕ ਬੀਮਾਰੀ (ਭਗਤ ਜਨ ਦੇ ਅੰਦਰੋਂ) ਦੂਰ ਹੋ ਜਾਂਦੀ ਹੈ । ਪ੍ਰਭੂ ਦੇ ਸੇਵਕ ਦੇ ਸਾਰੇ ਕੰਮ ਸਿਰੇ ਚੜ੍ਹਦੇ ਰਹਿੰਦੇ ਹਨ ।੧। ਰਹਾਉ ।

ਹੇ ਭਾਈ ! ਪਰਮਾਤਮਾ ਦੇ ਭਗਤ ਸਦਾ ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ, ਉਹਨਾਂ ਨੂੰ ਸਰਬ-ਵਿਆਪਕ ਪ੍ਰਭੂ ਦੇ ਚਰਨਾਂ ਦਾ ਟਿਕਾਣਾ ਮਿਲਿਆ ਰਹਿੰਦਾ ਹੈ । ਹੇ

ਭਾਈ ! ਧਰਮਰਾਜ ਜਮਰਾਜ ਭੀ ਦਿਨ ਰਾਤ ਪਰਮਾਤਮਾ ਦੇ ਭਗਤ ਦਾ ਦਰਸਨ ਕਰਨਾ ਲੋੜਦਾ ਹੈ (ਕਿਉਂਕਿ ਉਸ ਦਰਸਨ ਨਾਲ ਉਹ) ਪਵਿੱਤਰ ਹੋ ਸਕਦਾ ਹੈ । ੧ ।

ਹੇ ਭਾਈ ! ਗੁਰਮੁਖਾਂ ਦੀ ਸੰਗਤਿ ਵਿਚ ਰਿਹਾਂ ਕਾਮ ਕ੍ਰੋਧ ਲੋਭ ਮੋਹ ਅਹੰਕਾਰ (ਹਰੇਕ ਵਿਕਾਰ ਮਨੁੱਖ ਦੇ ਅੰਦਰੋਂ) ਖ਼ਤਮ ਹੋ ਜਾਂਦਾ ਹੈ । ਪਰ ਇਹੋ ਜਿਹੇ ਸੰਤ ਜਨ ਵੱਡੇ ਭਾਗਾਂ ਨਾਲ ਹੀ ਮਿਲਦੇ ਹਨ । ਹੇ ਨਾਨਕ ! (ਆਖ–) ਮੈਂ ਉਹਨਾਂ ਸੰਤ ਜਨਾਂ ਤੋਂ ਸਦਾ ਸਦਕੇ ਜਾਂਦਾ ਹਾਂ । ੨ । ੩੯ । ੫੨ ।

ਭੈਰਉ ਮਹਲਾ ੫ ॥ ਪੰਚ ਮਜਮੀ ਜੋ ਪੰਚਨ ਰਾਖੈ ॥ ਮਿਥਿਆ ਰਸਨਾ ਨਿਤ ਉਠਿ ਭਾਖੈ ॥ ਚਕ੍ਰ ਬਣਾਇ ਕਰੈ ਪਾਖੰਡ ॥ ਝੁਰਿ ਝੁਰਿ ਪਚੈ ਜੈਸੇ ਤ੍ਰਿਅ ਰੰਡ ॥ ੧ ॥ ਹਰਿ ਕੇ ਨਾਮ ਬਿਨਾ ਸਭ ਝੂਠੁ ॥ ਬਿਨੁ ਗੁਰ ਪੂਰੇ ਮੁਕਤਿ ਨ ਪਾਈਐ ਸਾਚੀ ਦਰਗਹਿ ਸਾਕਤ ਮੂਠੁ ॥ ੧ ॥ ਰਹਾਉ ॥ ਸੋਈ ਕੁਚੀਲੁ ਕੁਦਰਤਿ ਨਹੀ ਜਾਨੈ ॥ ਲੀਪਿਐ ਥਾਇ ਨ ਸੁਚਿ ਹਰਿ ਮਾਨੈ ॥ ਅੰਤਰੁ ਮੈਲਾ ਬਾਹਰੁ ਨਿਤ ਧੋਵੈ ॥ ਸਾਚੀ ਦਰਗਹਿ ਅਪਨੀ ਪਤਿ ਖੋਵੈ ॥ ੨ ॥ ਮਾਇਆ ਕਾਰਣਿ ਕਰੈ ਉਪਾਉ ॥ ਕਬਹਿ ਨ ਘਾਲੈ ਸੀਧਾ ਪਾਉ ॥ ਜਿਨਿ ਕੀਆ ਤਿਸੁ ਚੀਤਿ ਨ ਆਣੈ ॥ ਕੂੜੀ ਕੂੜੀ ਮੁਖਹੁ ਵਖਾਣੈ ॥ ੩ ॥ ਜਿਸ ਨੋ ਕਰਮੁ ਕਰੇ ਕਰਤਾਰੁ ॥ ਸਾਧ ਸੰਗਿ ਹੋਇ ਤਿਸੁ ਬਿਉਹਾਰੁ ॥ ਹਰਿ ਨਾਮ ਭਗਤਿ ਸਿਉ ਲਾਗਾ ਰੰਗੁ ॥ ਕਹੁ ਨਾਨਕ ਤਿਸੁ ਜਨ ਨਹੀ ਭੰਗੁ ॥ ੪ ॥ ੪੦ ॥ ੫੩ ॥

ਪਦ ਅਰਥ:–ਪੰਚ ਮਜਮੀ–ਪੰਜ ਪੀਰਾਂ ਦਾ ਉਪਸਾਕ, ਕਾਮਾਦਿਕ ਪੰਜ ਪੀਰਾਂ ਦਾ ਉਪਾਸਕ । ਪੰਚਨ–ਕਾਮਾਦਿਕ ਪੰਜਾਂ ਨੂੰ । ਮਿਥਿਆ–ਝੂਠ । ਰਸਨਾ–ਜੀਭ (ਨਾਲ) । ਉਠਿ–ਉੱਠ ਕੇ । ਨਿਤ ਉਠਿ–ਸਦਾ ਹੀ ਹਰ ਰੋਜ਼ । ਭਾਖੈ–ਬੋਲਦਾ ਹੈ । ਚਕ੍ਰ–ਗਣੇਸ਼ ਆਦਿਕ ਦੇ ਨਿਸ਼ਾਨ । ਪਾਖੰਡ–ਧਰਮੀ ਹੋਣ ਦਾ ਵਿਖਾਵਾ । ਝੁਰਿ ਝੁਰਿ–ਮਾਇਆ ਦੀ ਖ਼ਾਤਰ ਤਰਲੇ ਲੈ ਲੈ ਕੇ । ਪਚੈ–ਅੰਦਰੇ ਅੰਦਰ ਸੜਦਾ ਹੈ । ਤ੍ਰਿਅ ਰੰਡ–ਵਿਧਵਾ ਇਸਤ੍ਰੀ, ਰੰਡੀ ਜ਼ਨਾਨੀ । ੧ ।

ਸਭ–ਸਾਰੀ (ਵਿਖਾਵੇ ਵਾਲੀ ਧਾਰਮਿਕ ਕ੍ਰਿਆ) । ਮੁਕਤਿ–ਵਿਕਾਰਾਂ ਤੋਂ ਖ਼ਲਾਸੀ । ਸਾਚੀ ਦਰਗਹਿ–ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਹਜ਼ੂਰੀ ਵਿਚ । ਸਾਕਤ ਮੂਠੁ–ਸਾਕਤਾਂ ਦਾ ਪਾਜ, ਸਾਕਤਾਂ ਦਾ ਠੱਗੀ ਦਾ ਪਾਜ, ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖਾਂ ਦੀ ਠੱਗੀ-ਠੋਰੀ । ੧ । ਰਹਾਉ ।

ਸੋਈ–ਉਹੀ ਮਨੁੱਖ । ਕੁਚੀਲੁ–ਗੰਦੀ ਰਹਿਣੀ ਵਾਲਾ । ਜਾਨੈ–ਪਛਾਣਦਾ ।

ਲੀਪਿਐ ਥਾਇ—ਜੇ ਚੌਂਕਾ ਪੋਚਿਆ ਜਾਏ । ਸੁਚਿ—ਪਵਿੱਤ੍ਰਤਾ । ਮਾਨੈ—ਮੰਨਦਾ । ਅੰਤਰੁ—ਅੰਦਰਲਾ, ਹਿਰਦਾ । ਬਾਹਰੁ—(ਸਰੀਰ ਦਾ) ਬਾਹਰਲਾ ਪਾਸਾ । ਪਤਿ—ਇੱਜ਼ਤ ।੨।

ਕਾਰਣਿ—ਕਮਾਣ ਵਾਸਤੇ । ਉਪਾਉ—ਹੀਲਾ, ਉੱਦਮ । ਘਾਲੈ—ਘੱਲਦਾ, ਧਰਦਾ । ਸੀਧਾ ਪਾਉ—ਸਿੱਧਾ ਪੈਰ । ਜਿਨਿ—ਜਿਸ (ਪਰਮਾਤਮਾ) ਨੇ । ਚੀਤਿ—ਚਿੱਤ ਵਿਚ । ਆਣੈ—ਲਿਆਉਂਦਾ । ਕੂੜੀ ਕੂੜੀ—ਝੂਠ-ਮੂਠ । ਮੁਖਹੁ—ਮੂੰਹੋਂ ।੩।

ਜਿਸ ਨੋ—[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ਉੱਡ ਗਿਆ ਹੈ] । ਕਰਮੁ—ਬਖ਼ਸ਼ਸ਼ । ਬਿਉਹਾਰੁ—ਵਰਤਣ-ਵਿਹਾਰ, ਮੇਲ-ਜੋਲ, ਬਹਿਣ-ਖਲੋਣ । ਸਿਉ—ਨਾਲ । ਰੰਗੁ—ਪਿਆਰ । ਭੰਗੁ—ਤੋਟ ।੪।

ਅਰਥ :—ਹੇ ਭਾਈ ! ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ (ਹੋਰ) ਸਾਰੀ (ਵਿਖਾਵੇ ਵਾਲੀ ਧਾਰਮਿਕ ਕ੍ਰਿਆ) ਝੂਠਾ ਉੱਦਮ ਹੈ । ਪੂਰੇ ਗੁਰੂ ਦੀ ਸਰਨ ਪੈਣ ਤੋਂ ਬਿਨਾ ਵਿਕਾਰਾਂ ਤੋਂ ਖ਼ਲਾਸੀ ਨਹੀਂ ਮਿਲਦੀ । ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਹਜ਼ੂਰੀ ਵਿਚ ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖਾਂ ਦਾ ਠੱਗੀ ਦਾ ਪਾਜ ਚੱਲ ਨਹੀਂ ਸਕਦਾ ।੧। ਰਹਾਉ ।

ਹੇ ਭਾਈ ! (ਨਾਮ-ਸਿਮਰਨ ਛੱਡ ਕੇ ਜਿਹੜਾ ਮਨੁੱਖ ਆਪਣੇ ਸਰੀਰ ਉੱਤੇ) ਗਣੇਸ਼ ਆਦਿਕ ਦੇ ਨਿਸ਼ਾਨ ਬਣਾ ਕੇ ਆਪਣੇ ਧਰਮੀ ਹੋਣ ਦਾ ਵਿਖਾਵਾ ਕਰਦਾ ਹੈ, ਉਹ (ਅਸਲ ਵਿਚ) ਅੰਦਰੇ ਅੰਦਰ ਮਾਇਆ ਦੀ ਖ਼ਾਤਰ ਤਰਲੇ ਲੈ ਲੈ ਕੇ ਸੜਦਾ ਰਹਿੰਦਾ ਹੈ, ਜਿਵੇਂ ਵਿਧਵਾ ਇਸਤ੍ਰੀ (ਪਤੀ ਤੋਂ ਬਿਨਾ ਸਦਾ ਦੁਖੀ ਰਹਿੰਦੀ ਹੈ) । ਉਹ ਮਨੁੱਖ (ਅਸਲ ਵਿਚ ਕਾਮਾਦਿਕ) ਪੰਜ ਪੀਰਾਂ ਦਾ ਉਪਾਸਕ ਹੁੰਦਾ ਹੈ ਕਿਉਂਕਿ ਉਹ ਇਹਨਾਂ ਪੰਜਾਂ ਨੂੰ (ਆਪਣੇ ਹਿਰਦੇ ਵਿਚ) ਸਾਂਭੀ ਰੱਖਦਾ ਹੈ, ਤੇ ਸਦਾ ਗਿਣ-ਮਿਥ ਕੇ ਆਪਣੀ ਜੀਭ ਨਾਲ ਝੂਠ ਬੋਲਦਾ ਰਹਿੰਦਾ ਹੈ ।੧।

ਹੇ ਭਾਈ ! ਅਸਲ ਵਿਚ ਉਹੀ ਮਨੁੱਖ ਗੰਦੀ ਰਹਿਣੀ ਵਾਲਾ ਹੈ ਜਿਹੜਾ ਇਸ ਸਾਰੀ ਰਚਨਾ ਵਿਚ (ਇਸ ਦੇ ਕਰਤਾਰ ਸਿਰਜਣਹਾਰ ਨੂੰ ਵੱਸਦਾ) ਨਹੀਂ ਪਛਾਣ ਸਕਦਾ। ਜੇ ਬਾਹਰਲਾ ਚੌਂਕਾ ਲਿਪਿਆ ਜਾਏ (ਤਾਂ ਇਸ ਬਾਹਰਲੀ ਸੁੱਚ ਨੂੰ) ਪਰਮਾਤਮਾ ਸੁੱਚ ਨਹੀਂ ਸਮਝਦਾ । ਜਿਸ ਮਨੁੱਖ ਦਾ ਹਿਰਦਾ ਤਾਂ ਵਿਕਾਰਾਂ ਨਾਲ ਗੰਦਾ ਹੋਇਆ ਪਿਆ ਹੈ, ਪਰ ਉਹ ਆਪਣੇ ਸਰੀਰ ਨੂੰ (ਸੁੱਚ ਦੀ ਖ਼ਾਤਰ) ਸਦਾ ਧੋਂਦਾ ਰਹਿੰਦਾ ਹੈ, ਉਹ ਮਨੁੱਖ ਸਦਾ-ਥਿਰ ਪ੍ਰਭੂ ਦੀ ਹਜ਼ੂਰੀ ਵਿਚ ਆਪਣੀ ਇੱਜ਼ਤ ਗਵਾ ਲੈਂਦਾ ਹੈ ।੨।

ਹੇ ਭਾਈ ! (ਆਪਣੇ ਧਰਮੀ ਹੋਣ ਦਾ ਵਿਖਾਵਾ ਕਰਨ ਵਾਲਾ ਮਨੁੱਖ ਅੰਦਰੋਂ) ਮਾਇਆ ਇਕੱਠੀ ਕਰਨ ਦੀ ਖ਼ਾਤਰ (ਭੇਖ ਤੇ ਸੁੱਚ ਆਦਿਕ ਦਾ) ਹੀਲਾ ਕਰਦਾ ਹੈ,

ਪਰ (ਪਵਿੱਤਰ ਜੀਵਨ ਵਾਲੇ ਰਸਤੇ ਉਤੇ) ਕਦੇ ਭੀ ਸਿੱਧਾ ਪੈਰ ਨਹੀਂ ਧਰਦਾ। ਜਿਸ ਪਰਮਾਤਮਾ ਨੇ ਪੈਦਾ ਕੀਤਾ ਹੈ, ਉਸ ਨੂੰ ਆਪਣੇ ਚਿੱਤ ਵਿਚ ਨਹੀਂ ਵਸਾਂਦਾ (ਹਾਂ) ਝੂਠ-ਮੂਠ (ਲੋਕਾਂ ਨੂੰ ਠੱਗਣ ਲਈ ਆਪਣੇ) ਮੂੰਹੋਂ (ਰਾਮ ਰਾਮ) ਉਚਾਰਦਾ ਰਹਿੰਦਾ ਹੈ।੩।

ਹੇ ਭਾਈ! ਜਿਸ ਮਨੁੱਖ ਉੱਤੇ ਕਰਤਾਰ-ਸਿਰਜਣਹਾਰ ਮਿਹਰ ਕਰਦਾ ਹੈ, ਸਾਧ ਸੰਗਤਿ ਵਿਚ ਉਸ ਮਨੁੱਖ ਦਾ ਬਹਿਣ-ਖਲੋਣ ਹੋ ਜਾਂਦਾ ਹੈ, ਪਰਮਾਤਮਾ ਦੇ ਨਾਮ ਨਾਲ ਪਰਮਾਤਮਾ ਦੀ ਭਗਤੀ ਨਾਲ ਉਸ ਦਾ ਪ੍ਰੇਮ ਬਣ ਜਾਂਦਾ ਹੈ। ਹੇ ਨਾਨਕ! ਉਸ ਮਨੁੱਖ ਨੂੰ (ਆਤਮਕ ਅਨੰਦ ਵਿਚ ਕਦੇ) ਤੋਟ ਨਹੀਂ ਆਉਂਦੀ। ੪। ੪੦। ੫੩।

ਭੈਰਉ ਮਹਲਾ ੫ ॥ ਨਿੰਦਕ ਕਉ ਫਿਟਕੇ ਸੰਸਾਰੁ ॥ ਨਿੰਦਕ ਕਾ ਝੂਠਾ ਬਿਉਹਾਰੁ ॥ ਨਿੰਦਕ ਕਾ ਮੈਲਾ ਆਚਾਰੁ ॥ ਦਾਸ ਅਪੁਨੇ ਕਉ ਰਾਖਨਹਾਰੁ ॥੧॥ ਨਿੰਦਕੁ ਮੁਆ ਨਿੰਦਕ ਕੈ ਨਾਲਿ ॥ ਪਾਰਬ੍ਰਹਮ ਪਰਮੇਸਰਿ ਜਨ ਰਾਖੇ ਨਿੰਦਕ ਕੈ ਸਿਰਿ ਕੜਕਿਓ ਕਾਲੁ ॥ ੧ ॥ ਰਹਾਉ ॥ ਨਿੰਦਕ ਕਾ ਕਹਿਆ ਕੋਇ ਨ ਮਾਨੈ ॥ ਨਿੰਦਕ ਝੂਠ ਬੋਲਿ ਪਛੁਤਾਨੇ ॥ ਹਾਥ ਪਛੋਰਹਿ ਸਿਰੁ ਧਰਨਿ ਲਗਾਹਿ ॥ ਨਿੰਦਕ ਕਉ ਦਈ ਛੋਡੈ ਨਾਹਿ ॥ ੨ ॥ ਹਰਿ ਕਾ ਦਾਸੁ ਕਿਛੁ ਬੁਰਾ ਨ ਮਾਗੈ ॥ ਨਿੰਦਕ ਕਉ ਲਾਗੈ ਦੁਖੁ ਸਾਂਗੈ ॥ ਬਗੁਲੇ ਜਿਉ ਰਹਿਆ ਪੰਖ ਪਸਾਰਿ॥ ਮੁਖ ਤੇ ਬੋਲਿਆ ਤਾਂ ਕਢਿਆ ਬੀਚਾਰਿ ॥ ੩ ॥ ਅੰਤਰਜਾਮੀ ਕਰਤਾ ਸੋਇ ॥ ਹਰਿ ਜਨੁ ਕਰੈ ਸੁ ਨਿਹਚਲੁ ਹੋਇ ॥ ਹਰਿ ਕਾ ਦਾਸੁ ਸਾਚਾ ਦਰਬਾਰਿ ॥ ਜਨ ਨਾਨਕ ਕਹਿਆ ਤਤੁ ਬੀਚਾਰਿ ॥ ੪ ॥ ੪੧ ॥ ੫੪ ॥

ਪਦ ਅਰਥ:-ਨਿੰਦਕ-ਦੂਜਿਆਂ ਉੱਤੇ ਚਿੱਕੜ ਸੁੱਟਣ ਵਾਲਾ, ਦੂਜਿਆਂ ਉੱਤੇ ਤੁਹਮਤਾਂ ਲਾਣ ਵਾਲਾ। ਕਉ-ਨੂੰ। ਫਿਟਕੇ-ਫਿਟਕਾਰਾਂ ਪਾਂਦਾ ਹੈ। ਬਿਉਹਾਰੁ-(ਤੁਹਮਤਾਂ ਲਾਣ ਵਾਲਾ) ਕਸਬ। ਮੈਲਾ-ਗੰਦਾ, ਵਿਕਾਰਾਂ-ਭਰਿਆ। ਆਚਾਰੁ-ਆਚਰਨ। ਰਾਖਨਹਾਰੁ-(ਵਿਕਾਰਾਂ ਤੋਂ) ਬਚਾ ਸਕਣ ਵਾਲਾ। ੧।

ਮੁਆ-ਆਤਮਕ ਮੌਤੇ ਮਰ ਜਾਂਦਾ ਹੈ। ਕੈ ਨਾਲਿ-ਦੀ ਸੁਹਬਤ ਵਿਚ। ਪਰਮੇਸਰਿ-ਪਰਮੇਸਰ ਨੇ। ਰਾਖੇ-(ਸਦਾ) ਰੱਖਿਆ ਕੀਤੀ। ਕੈ ਸਿਰਿ-ਦੇ ਸਿਰ ਉੱਤੇ। ਕੜਕਿਓ-ਕੂਕਦਾ ਰਹਿੰਦਾ ਹੈ। ਕਾਲੁ-ਆਤਮਕ ਮੌਤ। ੧। ਰਹਾਉ।

ਨ ਮਾਨੈ-ਇਤਬਾਰ ਨਹੀਂ ਕਰਦਾ। ਬੋਲਿ-ਬੋਲ ਕੇ। ਪਛੁਤਾਨੇ-ਅਫ਼ਸੋਸ ਕਰਦੇ ਹਨ। ਹਾਥ ਪਛੋਰਹਿ-(ਆਪਣੇ) ਹੱਥ (ਮੱਥੇ ਤੇ) ਮਾਰਦੇ ਹਨ। ਧਰਨਿ-ਧਰਤੀ। ਦਈ-ਪਰਮਾਤਮਾ। ੨।

ਨ ਮਾਗੈ—ਨਹੀਂ ਮੰਗਦਾ, ਨਹੀਂ ਚਾਹੁੰਦਾ। ਦੁਖੁ ਸਾਂਗੈ—ਬਰਛੀ (ਵੱਜਣ) ਦਾ ਦੁੱਖ। ਪੰਖ—ਖੰਭ। ਪਸਾਰਿ ਰਹਿਆ—ਖਿਲਾਰੀ ਰੱਖਦਾ ਹੈ। ਤੇ—ਤੋਂ। ਤਾਂ—ਤਦੋਂ। ਬੀਚਾਰਿ—ਵਿਚਾਰਿ, ਵਿਚਾਰ ਕੇ ।੩।

ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਣਨਵਾਲਾ। ਨਿਹਚਲੁ—ਅਟੱਲ, ਜ਼ਰੂਰ ਵਾਪਰਨ ਵਾਲਾ। ਸਾਚਾ—ਅਡੋਲ ਜੀਵਨ ਵਾਲਾ। ਦਰਬਾਰਿ—ਪ੍ਰਭੂ ਦੀ ਹਜ਼ੂਰੀ ਵਿਚ। ਤਤੁ—ਅਸਲੀਅਤ। ਨਾਨਕ—ਹੇ ਨਾਨਕ ! ੪।

ਅਰਥ:—ਹੇ ਭਾਈ ! (ਸੰਤ ਜਨਾਂ ਉਤੇ) ਤੁਹਮਤਾਂ ਲਾਣ ਵਾਲਾ ਮਨੁੱਖ ਤੁਹਮਤਾਂ ਲਾਣ ਵਾਲੇ ਦੀ ਸੁਹਬਤ ਵਿਚ ਰਹਿ ਕੇ ਆਤਮਕ ਮੌਤ ਸਹੇੜ ਲੈਂਦਾ ਹੈ। ਪ੍ਰਭੂ-ਪਰਮੇਸਰ ਨੇ (ਵਿਕਾਰਾਂ ਵਿਚ ਡਿੱਗਣ ਵਲੋਂ ਸਦਾ ਹੀ ਆਪਣੇ) ਸੇਵਕਾਂ ਦੀ ਰੱਖਿਆ ਕੀਤੀ ਹੈ, ਪਰ ਉਹਨਾਂ ਉਤੇ ਤੁਹਮਤਾਂ ਲਾਣ ਵਾਲਿਆਂ ਦੇ ਸਿਰ ਉੱਤੇ ਆਤਮਕ ਮੌਤ (ਸਦਾ) ਗੱਜਦੀ ਰਹਿੰਦੀ ਹੈ।੧।ਰਹਾਉ।

ਹੇ ਭਾਈ ! ਸੰਤ ਜਨਾਂ ਉਤੇ ਤੁਹਮਤਾਂ ਲਾਣ ਵਾਲੇ ਮਨੁੱਖ ਨੂੰ ਸਾਰਾ ਜਗਤ ਫਿਟਕਾਰਾਂ ਪਾਂਦਾ ਹੈ (ਕਿਉਂਕਿ ਜਗਤ ਜਾਣਦਾ ਹੈ ਕਿ) ਤੁਹਮਤਾਂ ਲਾਣ ਦਾ ਇਹ ਕਸਬ ਝੂਠਾ ਹੈ। ਹੇ ਭਾਈ ! (ਤੁਹਮਤਾਂ ਲਾ ਲਾ ਕੇ) ਤੁਹਮਤਾਂ ਲਾਣ ਵਾਲੇ ਦਾ ਆਪਣਾ ਆਚਰਨ ਹੀ ਗੰਦਾ ਹੋ ਜਾਂਦਾ ਹੈ। ਪਰ ਪਰਮਾਤਮਾ ਆਪਣੇ ਸੇਵਕ ਨੂੰ (ਵਿਕਾਰਾਂ ਵਿਚ ਡਿੱਗਣ ਤੋਂ) ਆਪ ਬਚਾਈ ਰੱਖਦਾ ਹੈ।੧।

ਹੇ ਭਾਈ ! ਸੰਤ ਜਨਾਂ ਉਤੇ ਤੁਹਮਤਾਂ ਲਾਣ ਵਾਲਿਆਂ ਦੀ ਗੱਲ ਨੂੰ ਕੋਈ ਭੀ ਮਨੁੱਖ ਸੱਚ ਨਹੀਂ ਮੰਨਦਾ ਤੁਹਮਤਾਂ ਲਾਣ ਵਾਲੇ ਝੂਠ ਬੋਲ ਕੇ (ਫਿਰ) ਅਫ਼ਸੋਸ ਹੀ ਕਰਦੇ ਹਨ, (ਨਸ਼ਰ ਹੋਣ ਤੇ ਨਿੰਦਕ) ਹੱਥ ਮੱਥੇ ਉਤੇ ਮਾਰਦੇ ਹਨ ਤੇ ਆਪਣਾ ਸਿਰ ਧਰਤੀ ਨਾਲ ਪਟਕਾਂਦੇ ਹਨ (ਭਾਵ, ਬਹੁਤ ਹੀ ਸ਼ਰਮਿੰਦੇ ਹੁੰਦੇ ਹਨ)। (ਪਰ ਊਜਾਂ ਲਾਣ ਦੀ ਵਾਦੀ ਵਿਚ ਦੋਖੀ ਮਨੁੱਖ ਅਜਿਹਾ ਫਸਦਾ ਹੈ ਕਿ) ਪਰਮਾਤਮਾ ਉਸ ਦੋਖੀ ਨੂੰ (ਉਸ ਦੇ ਆਪਣੇ ਤਣੇ ਨਿੰਦਾ ਦੇ ਜਾਲ ਵਿਚੋਂ) ਛੁਟਕਾਰਾ ਨਹੀਂ ਦੇਂਦਾ।੨।

ਹੇ ਭਾਈ ! ਪਰਮਾਤਮਾ ਦਾ ਭਗਤ (ਉਸ ਦੋਖੀ ਦਾ ਭੀ) ਰਤਾ ਭਰ ਭੀ ਬੁਰਾ ਨਹੀਂ ਮੰਗਦਾ (ਇਹ ਨਹੀਂ ਚਾਹੁੰਦਾ ਕਿ ਉਸ ਦਾ ਕੋਈ ਨੁਕਸਾਨ ਹੋਵੇ। ਫਿਰ ਭੀ) ਦੋਖੀ ਨੂੰ (ਆਪਣੀ ਹੀ ਕਰਤੂਤ ਦਾ ਅਜਿਹਾ) ਦੁੱਖ ਅੱਪੜਦਾ ਹੈ (ਜਿਵੇਂ) ਬਰਛੀ (ਲੱਗਣ) ਦਾ (ਦੁੱਖ ਹੁੰਦਾ ਹੈ)। ਹੇ ਭਾਈ ! ਸੰਤ ਜਨਾਂ ਉਤੇ ਊਜਾਂ ਲਾਣ ਵਾਲਾ ਮਨੁੱਖ ਆਪ ਬਗਲੇ ਵਾਂਗ ਖੰਭ ਖਿਲਾਰੀ ਰੱਖਦਾ ਹੈ (ਆਪਣੇ ਆਪ ਨੂੰ ਚੰਗੇ ਜੀਵਨ ਵਾਲਾ ਪਰਗਟ ਕਰਦਾ ਹੈ, ਪਰ ਜਦੋਂ ਹੀ ਉਹ) ਮੂਹੋਂ (ਤੁਹਮਤਾਂ ਦੇ) ਬਚਨ ਬੋਲਦਾ ਹੈ ਤਦੋਂ ਉਹ (ਝੂਠਾ ਦੋਖੀ) ਮਿਥਿਆ ਜਾ ਕੇ (ਲੋਕਾਂ ਵਲੋਂ) ਦੁਰਕਾਰਿਆ ਜਾਂਦਾ ਹੈ।੩।

ਹੇ ਭਾਈ ! ਉਹ ਕਰਤਾਰ ਆਪ ਹੀ ਹਰੇਕ ਦੇ ਦਿਲ ਦੀ ਜਾਣਦਾ ਹੈ। ਉਸ ਦਾ ਸੇਵਕ ਜੋ ਕੁਝ ਕਰਦਾ ਹੈ ਉਹ ਪੱਥਰ ਦੀ ਲਕੀਰ ਹੁੰਦਾ ਹੈ (ਉਸ ਵਿਚ ਰਤਾ ਭਰ ਝੂਠ ਨਹੀਂ ਹੁੰਦਾ,ਉਹ ਕਿਸੇ ਦੀ ਬੁਰਾਈ ਵਾਸਤੇ ਨਹੀਂ ਹੁੰਦਾ)। ਹੇ ਨਾਨਕ ! ਪ੍ਰਭੂ ਦੇ ਸੇਵਕਾਂ ਨੇ ਵਿਚਾਰ ਕੇ ਇਹ ਤੱਤ ਕਹਿ ਦਿੱਤਾ ਹੈ ਕਿ ਪਰਮਾਤਮਾ ਦਾ ਸੇਵਕ ਪਰਮਾਤਮਾ ਦੀ ਹਜ਼ੂਰੀ ਵਿਚ ਸੁਰਖ਼ਰੂ ਹੁੰਦਾ ਹੈ। ੪। ੪੧। ੫੪।

ਭੈਰਉ ਮਹਲਾ ੫ ॥ ਦੁਇ ਕਰ ਜੋਰਿ ਕਰਉ ਅਰਦਾਸਿ ॥ ਜੀਉ ਪਿੰਡੁ ਧਨੁ ਤਿਸ ਕੀ ਰਾਸਿ ॥ ਸੋਈ ਮੇਰਾ ਸੁਆਮੀ ਕਰਨੈਹਾਰੁ ॥ ਕੋਟਿ ਬਾਰ ਜਾਈ ਬਲਿਹਾਰ ॥ ੧ ॥ ਸਾਧੂ ਧੂਰਿ ਪੁਨੀਤ ਕਰੀ ॥ ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥ ੧ ॥ ਰਹਾਉ ॥ ਜਾ ਕੈ ਗ੍ਰਿਹ ਮਹਿ ਸਗਲ ਨਿਧਾਨ ॥ ਜਾ ਕੀ ਸੇਵਾ ਪਾਈਐ ਮਾਨੁ ॥ ਸਗਲ ਮਨੋਰਥ ਪੂਰਨਹਾਰ ॥ ਜੀਅ ਪ੍ਰਾਨ ਭਗਤਨ ਆਧਾਰ ॥ ੨ ॥ ਘਟਿ ਘਟਿ ਅੰਤਰਿ ਸਗਲ ਪ੍ਰਗਾਸ ॥ ਜਪਿ ਜਪਿ ਜੀਵਹਿ ਭਗਤ ਗੁਣਤਾਸ ॥ ਜਾ ਕੀ ਸੇਵ ਨ ਬਿਰਥੀ ਜਾਇ ॥ ਮਨ ਤਨ ਅੰਤਰਿ ਏਕੁ ਧਿਆਇ ॥ ੩ ॥ ਗੁਰ ਉਪਦੇਸਿ ਦਇਆ ਸੰਤੋਖੁ ॥ ਨਾਮੁ ਨਿਧਾਨੁ ਨਿਰਮਲੁ ਇਹੁ ਥੋਕੁ ॥ ਕਰਿ ਕਿਰਪਾ ਲੀਜੈ ਲੜਿ ਲਾਇ॥ ਚਰਨ ਕਮਲ ਨਾਨਕ ਨਿਤ ਧਿਆਇ॥ ੪ ॥ ੪੨ ॥ ੫੫ ॥

ਪਦ ਅਰਥ:–ਦੁਇ ਕਰ–ਦੋਵੇ ਹੱਥ [ਬਹੁ ਵਚਨ]। ਜੋਰਿ–ਜੋੜ ਕੇ। ਕਰਉ–ਕਰਉਂ, ਮੈਂ ਕਰਦਾ ਹਾਂ। ਜੀਉ–ਜਿੰਦ। ਪਿੰਡੁ–ਸਰੀਰ। ਤਿਸ ਕੀ–[ਸੰਬੰਧਕ 'ਕੀ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ਰਾਸਿ–ਪੂੰਜੀ, ਸਰਮਾਇਆ। ਕਰਨੈਹਾਰੁ –ਸਭ ਕੁਝ ਕਰਨ ਜੋਗਾ। ਕੋਟਿ ਬਾਰ–ਕ੍ਰੋੜਾਂ ਵਾਰੀ। ਜਾਈ–ਜਾਈਂ, ਮੈਂ ਜਾਂਦਾ ਹਾਂ। ਬਲਿਹਾਰ–ਸਦਕੇ। ੧।

ਸਾਧੂ ਧੂਰਿ–ਗੁਰੂ ਦੀ ਚਰਨ-ਧੂੜ। ਪੁਨੀਤ–ਪਵਿੱਤਰ (ਜੀਵਨ ਵਾਲਾ)। ਕਰੀ–ਬਣਾ ਦੇਂਦੀ ਹੈ। ਮਿਟਹਿ–ਮਿਟ ਜਾਂਦੇ ਹਨ [ਬਹੁ ਵਚਨ]। ਹਰੀ–ਦੂਰ ਹੋ ਜਾਂਦੀ ਹੈ। ੧। ਰਹਾਉ।

ਸਗਲ ਨਿਧਾਨ–ਸਾਰੇ ਖ਼ਜ਼ਾਨੇ। ਸੇਵਾ–ਭਗਤੀ। ਮਾਨੁ–ਇੱਜ਼ਤ। ਸਗਲ ਮਨੋਰਥ–ਸਾਰੀਆਂ ਲੋੜਾਂ। ਪੂਰਨਹਾਰ–ਪੂਰੀਆਂ ਕਰ ਸਕਣ ਵਾਲਾ। ਜੀਅ ਆਧਾਰ–ਜਿੰਦ ਦਾ ਆਸਰਾ। ੨।

ਘਟਿ–ਸਰੀਰ ਵਿਚ। ਘਟਿ ਘਟਿ–ਹਰੇਕ ਸਰੀਰ ਵਿਚ। ਅੰਤਰਿ ਸਗਲ–

ਸਭਨਾਂ ਦੇ ਅੰਦਰ। ਪ੍ਰਗਾਸ–ਚਾਨਣੁ। ਜਪਿ–ਜਪ ਕੇ। ਜੀਵਹਿ–ਆਤਮਕ ਜੀਵਨ ਹਾਸਲ ਕਰਦੇ ਹਨ। ਗੁਣ ਤਾਸ–ਗੁਣਾਂ ਦਾ ਖ਼ਜ਼ਾਨਾ ਪ੍ਰਭੂ। ਬਿਰਥੀ–ਖ਼ਾਲੀ,ਵਿਅਰਥ। ਧਿਆਇ–ਸਿਮਰਿਆ ਕਰ। ੩।

ਉਪਦੇਸਿ–ਉਪਦੇਸ਼ ਦੀ ਰਾਹੀਂ, ਉਪਦੇਸ਼ ਤੇ ਤੁਰਿਆਂ। ਨਿਧਾਨੁ–ਖ਼ਜ਼ਾਨਾ। ਨਿਰਮਲੁ–(ਜੀਵਨ ਨੂੰ) ਪਵਿੱਤਰ ਕਰਨ ਵਾਲਾ। ਥੋਕੁ–ਪਦਾਰਥ।ਕਰਿ–ਕਰ ਕੇ। ਲੜਿ –ਪੱਲੇ ਨਾਲ। ਲਾਇ ਲੀਜੈ–ਲਾ ਲੈ। ਧਿਆਇ–ਸਿਮਰਦਾ ਰਹੇ। ੪।

ਅਰਥ:–ਹੇ ਭਾਈ! ਗੁਰੂ ਦੀ ਚਰਨ-ਧੂੜ (ਮਨੁੱਖ ਦੇ ਜੀਵਨ ਨੂੰ) ਪਵਿੱਤਰ ਕਰ ਦੇਂਦੀ ਹੈ, (ਗੁਰੂ ਦੀ ਸਰਨ ਪੈ ਕੇ) ਪ੍ਰਭੂ ਦਾ ਨਾਮ ਸਿਮਰਦਿਆਂ (ਮਨੁੱਖ ਦੇ) ਮਨ ਦੇ ਵਿਕਾਰ ਦੂਰ ਹੋ ਜਾਂਦੇ ਹਨ, ਅਨੇਕਾਂ ਜਨਮਾਂ (ਦੇ ਕੀਤੇ ਕੁਕਰਮਾਂ) ਦੀ ਮੈਲ ਲਹਿ ਜਾਂਦੀ ਹੈ। ੧।ਰਹਾਉ।

ਹੇ ਭਾਈ! (ਗੁਰੂ ਦੀ ਸਰਨ ਦੀ ਬਰਕਤਿ ਨਾਲ) ਮੈਂ ਦੋਵੇ ਹੱਥ ਜੋੜ ਕੇ (ਪ੍ਰਭੂ ਦੇ ਦਰ ਤੇ) ਅਰਜ਼ੋਈ ਕਰਦਾ ਰਹਿੰਦਾ ਹਾਂ। ਮੇਰੀ ਇਹ ਜਿੰਦ, ਮੇਰਾ ਇਹ ਸਰੀਰ ਇਹ ਧਨ–ਸਭ ਕੁਝ ਉਸ ਪਰਮਾਤਮਾ ਦੀ ਬਖ਼ਸ਼ੀ ਪੂੰਜੀ ਹੈ। ਮੇਰਾ ਉਹ ਮਾਲਕ ਆਪ ਹੀ ਸਭ ਕੁਝ ਕਰਨ ਦੇ ਸਮਰੱਥ ਹੈ। ਮੈਂ ਕ੍ਰੋੜਾਂ ਵਾਰੀ ਉਸ ਤੋਂ ਸਦਕੇ ਜਾਂਦਾ ਹਾਂ।੧।

ਹੇ ਭਾਈ! (ਗੁਰੂ ਦੀ ਸਰਨ ਪਿਆਂ ਇਹ ਸਮਝ ਆਉਂਦੀ ਹੈ ਕਿ) ਜਿਸ ਪਰ-ਮਾਤਮਾ ਦੇ ਘਰ ਵਿਚ ਸਾਰੇ ਖ਼ਜ਼ਾਨੇ ਹਨ, ਜਿਸ ਦੀ ਸੇਵਾ-ਭਗਤੀ ਕੀਤਿਆਂ (ਲੋਕ ਪਰਲੋਕ ਵਿਚ) ਇੱਜ਼ਤ ਮਿਲਦੀ ਹੈ, ਉਹ ਪਰਮਾਤਮਾ (ਜੀਵਾਂ ਦੀਆਂ) ਸਾਰੀਆਂ ਲੋੜਾਂ ਪੂਰੀਆਂ ਕਰ ਸਕਣ ਵਾਲਾ ਹੈ, ਉਹ ਆਪਣੇ ਭਗਤਾਂ ਦੀ ਜਿੰਦ ਦਾ ਪ੍ਰਾਣਾਂ ਦਾ ਸਹਾਰਾ ਹੈ। ੨।

ਹੇ ਭਾਈ! (ਗੁਰੂ ਦੀ ਸਰਨ ਪਿਆਂ ਹੀ ਇਹ ਸੂਝ ਪੈਂਦੀ ਹੈ ਕਿ) ਪਰਮਾਤਮਾ ਹਰੇਕ.ਸਰੀਰ ਵਿਚ ਵੱਸ ਰਿਹਾ ਹੈ, ਸਭ ਜੀਵਾਂ ਦੇ ਅੰਦਰ (ਆਪਣੀ ਜੋਤਿ ਦਾ) ਚਾਨਣ ਕਰਦਾ ਹੈ। ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦਾ ਨਾਮ ਜਪ ਜਪ ਕੇ ਉਸ ਦੇ ਭਗਤ ਆਤਮਕ ਜੀਵਨ ਹਾਸਲ ਕਰਦੇ ਹਨ। ਹੇ ਭਾਈ! ਜਿਸ ਪ੍ਰਭੂ ਦੀ ਕੀਤੀ ਭਗਤੀ ਵਿਅਰਥ ਨਹੀਂ ਜਾਂਦੀ, ਤੂੰ ਆਪਣੇ ਮਨ ਵਿਚ ਆਪਣੇ ਤਨ ਵਿਚ ਉਸ ਇੱਕ ਦਾ ਨਾਮ ਸਿਮਰਿਆ ਕਰ। ੩।

ਹੇ ਭਾਈ! ਗੁਰੂ ਦੀ ਸਿੱਖਿਆ ਉੱਤੇ ਤੁਰਿਆਂ (ਮਨੁੱਖ ਦੇ ਹਿਰਦੇ ਵਿਚ) ਦਇਆ ਪੈਦਾ ਹੁੰਦੀ ਹੈ ਸੰਤੋਖ ਪੈਦਾ ਹੁੰਦਾ ਹੈ, ਨਾਮ-ਖ਼ਜ਼ਾਨਾ ਪਰਗਟ ਹੋ ਜਾਂਦਾ ਹੈ, ਇਹ (ਨਾਮ-ਖ਼ਜ਼ਾਨਾ ਅਜਿਹਾ) ਪਦਾਰਥ ਹੈ ਕਿ ਇਹ ਜੀਵਨ ਨੂੰ ਪਵਿੱਤਰ ਕਰ

ਦੇਂਦਾ ਹੈ।

ਹੇ ਨਾਨਕ ! (ਪ੍ਰਭੂ-ਦਰ ਤੇ ਅਰਦਾਸ ਕਰਿਆ ਕਰ ਤੇ ਆਖ—ਹੇ ਪ੍ਰਭੂ !) ਮਿਹਰ ਕਰ ਕੇ (ਮੈਨੂੰ ਆਪਣੇ) ਪੱਲੇ ਲਾਈ ਰੱਖ। (ਮੈਂ) ਤੇਰੇ ਸੋਹਣੇ ਚਰਨਾਂ ਦਾ ਸਦਾ ਧਿਆਨ ਧਰਦਾ ਰਹਾਂ। ੪। ੪੨। ੫੫।

ਭੈਰਉ ਮਹਲਾ ੫ ॥ ਸਤਿਗੁਰ ਅਪੁਨੇ ਸੁਨੀ ਅਰਦਾਸਿ ॥ ਕਾਜੁ ਆਇਆ ਸਗਲਾ ਰਾਸਿ ॥ ਮਨ ਤਨ ਅੰਤਰਿ ਪ੍ਰਭੂ ਧਿਆਇਆ ॥ ਗੁਰ ਪੂਰੇ ਡਰੁ ਸਗਲ ਚੁਕਾਇਆ ॥ ੧ ॥ ਸਭ ਤੇ ਵਡ ਸਮਰਥ ਗੁਰਦੇਵ ॥ ਸਭਿ ਸੁਖ ਪਾਈ ਤਿਸ ਕੀ ਸੇਵ ॥ ਰਹਾਉ ॥ ਜਾ ਕਾ ਕੀਆ ਸਭੁ ਕਿਛੁ ਹੋਇ ॥ ਤਿਸ ਕਾ ਅਮਰੁ ਨ ਮੇਟੈ ਕੋਇ ॥ ਪਾਰਬ੍ਰਹਮੁ ਪਰਮੇਸਰੁ ਅਨੂਪੁ ॥ ਸਫਲ ਮੂਰਤਿ ਗੁਰੁ ਤਿਸ ਕਾ ਰੂਪੁ ॥ ੨ ॥ ਜਾ ਕੈ ਅੰਤਰਿ ਬਸੈ ਹਰਿ ਨਾਮੁ ॥ ਜੋ ਜੋ ਪੇਖੈ ਸੁ ਬ੍ਰਹਮੁ ਗਿਆਨੁ ॥ ਬੀਸ ਬਿਸੁਏ ਜਾ ਕੈ ਮਨਿ ਪਰਗਾਸੁ ॥ ਤਿਸੁ ਜਨ ਕੈ ਪਾਰਬ੍ਰਹਮ ਕਾ ਨਿਵਾਸੁ ॥ ੩ ॥ ਤਿਸੁ ਗੁਰ ਕਉ ਸਦ ਕਰੀ ਨਮਸਕਾਰ ॥ ਤਿਸੁ ਗੁਰ ਕਉ ਸਦ ਜਾਉ ਬਲਿਹਾਰ ॥ ਸਤਿਗੁਰ ਕੇ ਚਰਨ ਧੋਇ ਧੋਇ ਪੀਵਾ ॥ ਗੁਰ ਨਾਨਕ ਜਪਿ ਜਪਿ ਸਦ ਜੀਵਾ ॥ ੪ ॥ ੪੩ ॥ ੫੬ ॥

ਪਦ ਅਰਥ :—ਸਤਿਗੁਰ ਅਪੁਨੇ—ਪਿਆਰੇ ਗੁਰੂ ਨੇ। ਅਰਦਾਸਿ—ਬੇਨਤੀ। ਕਾਰਜੁ—ਕੰਮ। ਆਇਆ ਰਾਸਿ—ਸਿਰੇ ਚੜ੍ਹ ਗਿਆ। ਅੰਤਰਿ—ਅੰਦਰ। ਗੁਰ ਪੂਰੈ—ਪੂਰੇ ਗੁਰੂ ਨੇ। ਸਗਲ—ਸਾਰਾ। ਚੁਕਾਇਆ—ਮੁਕਾ ਦਿੱਤਾ। ੧।

ਸਭ ਤੇ—ਸਭਨਾਂ ਨਾਲੋਂ। ਤੇ—ਤੋਂ। ਵਡ ਸਮਰਥ—ਵੱਡੀ ਤਾਕਤ ਵਾਲਾ। ਸਭਿ—ਸਾਰੇ। ਪਾਈ—ਪਾਈਂ, ਮੈਂ ਹਾਸਲ ਕਰਦਾ ਹਾਂ। ਤਿਸ ਕੀ—[ਸੰਬੰਧਕ 'ਕੀ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ਸੇਵ—ਸਰਨ। ਰਹਾਉ।

ਜਾ ਕਾ—ਜਿਸ (ਪਰਮਾਤਮਾ) ਦਾ। ਸਭੁ ਕਿਛੁ—ਹਰੇਕ ਕੰਮ। ਅਮਰੁ—ਹੁਕਮ। ਨ ਮੇਟੈ—ਮੋੜ ਨਹੀਂ ਸਕਦਾ। ਅਨੂਪੁ—[ਅਨ-ਊਪ] ਜਿਸ ਦੀ ਉਪਮਾ ਨਾਹ ਹੋ ਸਕੇ, ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ, ਬਹੁਤ ਹੀ ਸੁੰਦਰ। ਸਫਲ ਮੂਰਤਿ—ਜਿਸ ਦੀ ਹਸਤੀ ਸਾਰੇ ਫਲ ਦੇਣ ਵਾਲੀ ਹੈ। ਤਿਸ ਕਾ—[ਤਿਸੁ ਕਾ] ਉਸ ਪਰਮਾਤਮਾ ਦਾ। ੨।

ਜਾ ਕੈ ਅੰਤਰਿ—ਜਿਸ ਮਨੁੱਖ ਦੇ ਹਿਰਦੇ ਵਿਚ। ਜੋ ਜੋ—ਜੋ ਕੁਝ ਭੀ। ਪੇਖੈ—ਵੇਖਦਾ ਹੈ। ਸੁ—ਉਹ (ਵੇਖਿਆ ਹੋਇਆ ਪਦਾਰਥ)। ਬ੍ਰਹਮ ਗਿਆਨੁ—ਪਰਮਾਤਮਾ ਨਾਲ ਡੂੰਘੀ ਸਾਂਝ। ਬੀਸ ਬਿਸੁਏ—ਵੀਹ ਵਿਸਵੇ, ਪੂਰੇ ਤੌਰ ਤੇ। ਤਿਸੁ ਜਨ ਕੈ—ਉਸ ਮਨੁੱਖ

ਦੇ ਹਿਰਦੇ ਵਿਚ ।੩।

ਸਦ–ਸਦਾ। ਕਰੀ–ਕਰੀਂ, ਮੈਂ ਕਰਦਾ ਹਾਂ। ਜਾਉ–ਜਾਉਂ, ਮੈਂ ਜਾਂਦਾ ਹਾਂ। ਬਲਿਹਾਰ–ਸਦਕੇ। ਧੋਇ–ਧੋ ਕੇ। ਪੀਵਾ–ਪੀਵਾਂ, ਮੈਂ ਪੀਂਦਾ ਰਹਾਂ। ਨਾਨਕ–ਹੇ ਨਾਨਕ! ਜਪਿ–ਜਪ ਕੇ। ਜੀਵਾ–ਜੀਵਾਂ, ਮੈਂ ਆਤਮਕ ਜੀਵਨ ਹਾਸਲ ਕਰਦਾ ਰਹਾਂ ।੪।

ਅਰਥ :–ਹੇ ਭਾਈ! ਗੁਰੂ ਸਭਨਾਂ (ਦੇਵਤਿਆਂ) ਨਾਲੋਂ ਬਹੁਤ ਵੱਡੀ ਤਾਕਤ ਵਾਲਾ ਹੈ। ਮੈਂ (ਤਾਂ) ਉਸ (ਗੁਰੂ) ਦੀ ਸਰਨ ਪੈ ਕੇ ਸਾਰੇ ਸੁਖ ਪ੍ਰਾਪਤ ਕਰ ਰਿਹਾ ਹਾਂ ।੧। ਰਹਾਉ।

ਹੇ ਭਾਈ! ਪਿਆਰੇ ਗੁਰੂ ਨੇ (ਜਿਸ ਮਨੁੱਖ ਦੀ) ਬੇਨਤੀ ਸੁਣ ਲਈ, ਉਸ ਦਾ (ਹਰੇਕ) ਕੰਮ ਮੁਕੰਮਲ ਤੌਰ ਤੇ ਸਿਰੇ ਚੜ੍ਹ ਜਾਂਦਾ ਹੈ। ਉਹ ਮਨੁੱਖ ਆਪਣੇ ਮਨ ਵਿਚ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਧਿਆਨ ਧਰਦਾ ਰਹਿੰਦਾ ਹੈ। ਪੂਰਾ ਗੁਰੂ ਉਸ ਦਾ (ਹਰੇਕ) ਡਰ ਸਾਰੇ ਦਾ ਸਾਰਾ ਦੂਰ ਕਰ ਦੇਂਦਾ ਹੈ।੧।

ਹੇ ਭਾਈ! (ਜਗਤ ਵਿਚ) ਜਿਸ (ਪਰਮਾਤਮਾ) ਦਾ ਕੀਤਾ ਹੀ ਹਰੇਕ ਕੰਮ ਹੋ ਰਿਹਾ ਹੈ, ਉਸ (ਪਰਮਾਤਮਾ) ਦਾ ਹੁਕਮ ਕੋਈ ਜੀਵ ਮੋੜ ਨਹੀਂ ਸਕਦਾ। ਉਹ ਪ੍ਰਭੂ ਪਰਮੇਸਰ (ਐਸਾ ਹੈ ਕਿ ਉਸ) ਵਰਗਾ ਹੋਰ ਕੋਈ ਨਹੀਂ। ਉਸ ਦੇ ਸਰੂਪ ਦਾ ਦੀਦਾਰ ਸਾਰੇ ਮਨੋਰਥ ਪੂਰੇ ਕਰਦਾ ਹੈ। ਹੇ ਭਾਈ! ਗੁਰੂ ਉਸ ਪਰਮਾਤਮਾ ਦਾ ਰੂਪ ਹੈ।੨।

ਹੇ ਭਾਈ! (ਗੁਰੂ ਦੀ ਰਾਹੀਂ) ਜਿਸ (ਮਨੁੱਖ) ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, (ਉਹ ਮਨੁੱਖ ਜਗਤ ਵਿਚ) ਜੋ ਕੁਝ ਭੀ ਵੇਖਦਾ ਹੈ ਉਹ (ਵੇਖਿਆ ਪਦਾਰਥ ਉਸ ਦੀ) ਪਰਮਾਤਮਾ ਨਾਲ ਡੂੰਘੀ ਸਾਂਝ ਹੀ ਬਣਾਂਦਾ ਹੈ। ਹੇ ਭਾਈ! (ਗੁਰੂ ਦੀ ਰਾਹੀਂ) ਜਿਸ ਮਨੁੱਖ ਦੇ ਮਨ ਵਿਚ ਆਤਮਕ ਜੀਵਨ ਦਾ ਮੁਕੰਮਲ ਚਾਨਣ ਹੋ ਜਾਂਦਾ ਹੈ, ਉਸ ਮਨੁੱਖ ਦੇ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ।੩।

ਹੇ ਨਾਨਕ! (ਆਖ–ਹੇ ਭਾਈ!) ਉਸ ਗੁਰੂ ਨੂੰ ਮੈਂ ਸਦਾ ਸਿਰ ਨਿਵਾਂਦਾ ਰਹਿੰਦਾ ਹਾਂ ਉਸ ਗੁਰੂ ਤੋਂ ਮੈਂ ਸਦਾ ਕੁਰਬਾਨ ਜਾਂਦਾ ਹਾਂ। ਮੈਂ ਉਸ ਗੁਰੂ ਦੇ ਚਰਨ ਧੋ ਧੋ ਕੇ ਪੀਂਦਾ ਹਾਂ (ਭਾਵ, ਮੈਂ ਉਸ ਗੁਰੂ ਤੋਂ ਆਪਣਾ ਆਪਾ ਸਦਕੇ ਕਰਦਾ ਹਾਂ)। ਉਸ ਗੁਰੂ ਨੂੰ ਸਦਾ ਚੇਤੇ ਕਰ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਰਹਿੰਦਾ ਹਾਂ।੪। ੪੩।੫੬।

ਰਾਗੁ ਭੈਰਉ ਮਹਲਾ ੫ ਪੜਤਾਲ ਘਰੁ ੩

੧ ਓ ਸਤਿਗੁਰਪ੍ਰਸਾਦਿ ॥ ਪਰਤਿਪਾਲ ਪ੍ਰਭ ਕ੍ਰਿਪਾਲ ਕਵਨ ਗੁਨ ਗਨੀ ॥ ਅਨਿਕ ਰੰਗ ਬਹੁ ਤਰੰਗ ਸਰਬ ਕੋ ਧਨੀ ॥ ੧ ॥ ਰਹਾਉ ॥ ਅਨਿਕ

ਗਿਆਨ ਅਨਿਕ ਧਿਆਨ ਅਨਿਕ ਜਾਪ ਜਾਪ ਤਾਪ ॥ ਅਨਿਕ ਗੁਨਿਤ ਧੁਨਿਤ ਲਲਿਤ ਅਨਿਕ ਧਾਰ ਮੁਨੀ ॥ ੧ ॥ ਅਨਿਕ ਨਾਦ ਅਨਿਕ ਬਾਜ ਨਿਮਖ ਨਿਮਖ ਅਨਿਕ ਸ੍ਵਾਦ ਅਨਿਕ ਦੋਖ ਅਨਿਕ ਰੋਗ ਮਿਟਹਿ ਜਸ ਸੁਨੀ ॥ ਨਾਨਕ ਸੇਵ ਅਪਾਰ ਦੇਵ ਤਟਹ ਖਟਹ ਬਰਤ ਪੂਜਾ ਗਵਨ ਭਵਨ ਜਾਤ੍ਰ ਕਰਨ ਸਗਲ ਫਲ ਪੁਨੀ ॥੨॥੧॥੫੭॥੮॥੨੧॥੭॥੫੭॥੯੩॥

ਪਦ ਅਰਥ :—ਪਰਤਿਪਾਲ—ਹੇ ਪ੍ਰਤਿਪਾਲ ! ਹੇ ਪਾਲਣਹਾਰ ! ਕਵਨ ਗੁਨ—ਕਿਹੜੇ ਕਿਹੜੇ ਗੁਣ ? ਗਨੀ—ਗਨੀਂ, ਮੈਂ ਗਿਣਾਂ । ਤਰੰਗ—ਲਹਿਰਾਂ । ਕੋ—ਦਾ । ਧਨੀ—ਮਾਲਕ । ੧ । ਰਹਾਉ ।

ਅਨਿਕ—ਅਨੇਕਾਂ ਜੀਵ । ਗਿਆਨ—ਧਾਰਮਿਕ ਪੁਸਤਕਾਂ ਦੇ ਵਿਚਾਰ । ਧਿਆਨ—ਸਮਾਧੀਆਂ । ਜਾਪ—ਮੰਤ੍ਰਾਂ ਦੇ ਜਾਪ । ਤਾਪ—ਧੂਣੀਆਂ ਤਪਾਣੀਆਂ । ਗੁਨਿਤ—ਗੁਣਾਂ ਦੀ ਵਿਚਾਰ । ਲਲਿਤ—ਸੁੰਦਰ । ਧੁਨਿਤ ਲਲਿਤ—ਸੋਹਣੀਆਂ ਧੁਨਾਂ । ਧਾਰ ਮੁਨੀ—ਮੋਨ ਧਾਰਨ ਵਾਲੇ । ੧ ।

ਨਾਦ—ਆਵਾਜ਼ । ਬਾਜ—ਵਾਜੇ । ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ । ਦੋਖ—ਐਬ, ਵਿਕਾਰ । ਮਿਟਹਿ—ਮਿਟ ਜਾਂਦੇ ਹਨ, ਦੂਰ ਹੋ ਜਾਂਦੇ ਹਨ [ਬਹੁ ਵਚਨ] । ਜਸ—ਸਿਫ਼ਤਿ ਸਾਲਾਹ [ਬਹੁ ਵਚਨ] । ਸੁਨੀ—ਸੁਣਿਆਂ । ਨਾਨਕ—ਹੇ ਨਾਨਕ ! ਸੇਵ—ਸੇਵਾ-ਭਗਤੀ । ਅਪਾਰ ਦੇਵ—ਬੇਅੰਤ ਪ੍ਰਭੂ-ਦੇਵ ਜੀ । ਤਟਹ—ਤਟ, ਤੀਰਥਾਂ ਦੇ ਕੰਢੇ, ਤੀਰਥ-ਇਸ਼ਨਾਨ । ਖਟਹ—ਛੇ (ਸ਼ਾਸਤ੍ਰਾਂ ਦੇ ਵਿਚਾਰ) । ਪੂਜਾ—ਦੇਵ-ਪੂਜਾ । ਗਵਨ ਭਵਨ—ਸਾਰੀ ਧਰਤੀ ਦਾ ਰਟਨ । ਪੁਨੀ—ਪੁੰਨ । ੨ ।

ਅਰਥ :—ਹੇ ਸਭ ਦੇ ਪਾਲਣਹਾਰ ਪ੍ਰਭੂ ! ਹੇ ਕਿਰਪਾਲ ਪ੍ਰਭੂ ! ਮੈਂ ਤੇਰੇ ਕਿਹੜੇ ਕਿਹੜੇ ਗੁਣ ਬਿਆਨ ਕਰਾਂ ? (ਜਗਤ ਦੇ) ਅਨੇਕਾਂ ਰੰਗ-ਤਮਾਸ਼ੇ (ਤੇਰੇ ਹੀ ਰਚੇ ਹੋਏ ਹਨ), (ਤੂੰ ਇਕ ਬੇਅੰਤ ਸਮੁੰਦਰ ਹੈਂ, ਜਗਤ ਦੇ ਬੇਅੰਤ ਜੀਅ-ਜੰਤ ਤੇਰੇ ਵਿਚੋਂ ਹੀ) ਲਹਿਰਾਂ ਉੱਠੀਆਂ ਹੋਈਆਂ ਹਨ, ਤੂੰ ਸਭ ਜੀਵਾਂ ਦਾ ਮਾਲਕ ਹੈਂ । ੧ । ਰਹਾਉ ।

ਹੇ ਪਾਲਣਹਾਰ ਪ੍ਰਭੂ ! ਅਨੇਕਾਂ ਹੀ ਜੀਵ (ਧਾਰਮਿਕ ਪੁਸਤਕਾਂ ਦੇ) ਵਿਚਾਰ ਕਰ ਰਹੇ ਹਨ, ਅਨੇਕਾਂ ਹੀ ਜੀਵ ਸਮਾਧੀਆਂ ਲਾ ਰਹੇ ਹਨ, ਅਨੇਕਾਂ ਹੀ ਜੀਵ ਮੰਤ੍ਰਾਂ ਦੇ ਜਪ ਕਰ ਰਹੇ ਹਨ ਤੇ ਧੂਣੀਆਂ ਤਪ ਰਹੇ ਹਨ । ਅਨੇਕਾਂ ਜੀਵ ਤੇਰੇ ਗੁਣਾਂ ਨੂੰ ਵਿਚਾਰ ਰਹੇ ਹਨ, ਅਨੇਕਾਂ ਜੀਵ (ਤੇਰੇ ਕੀਰਤਨ ਵਿਚ) ਮਿਠੀਆਂ ਸੁਰਾਂ ਲਾ ਰਹੇ ਹਨ, ਅਨੇਕਾਂ ਹੀ ਜੀਵ ਮੋਨ ਧਾਰੀ ਬੈਠੇ ਹਨ । ੧ ।

ਹੇ ਪ੍ਰਭੂ ! (ਜਗਤ ਵਿਚ) ਅਨੇਕਾਂ ਰਾਗ ਹੋ ਰਹੇ ਹਨ, ਅਨੇਕਾਂ ਸਾਜ ਵੱਜ ਰਹੇ

ਹਨ, ਇਕ ਇਕ ਨਿਮਖ ਵਿਚ ਅਨੇਕਾਂ ਸੁਆਦ ਪੈਦਾ ਹੋ ਰਹੇ ਹਨ। ਹੇ ਪ੍ਰਭੂ! ਤੇਰੀ ਸਿਫ਼ਤਿ ਸਾਲਾਹ ਸੁਣਿਆਂ ਅਨੇਕਾਂ ਵਿਕਾਰ ਤੇ ਅਨੇਕਾਂ ਰੋਗ ਦੂਰ ਹੋ ਜਾਂਦੇ ਹਨ।

ਹੇ ਨਾਨਕ! ਬੇਅੰਤ ਪ੍ਰਭੂ-ਦੇਵ ਦੀ ਸੇਵਾ-ਭਗਤੀ ਹੀ ਤੀਰਥ-ਜਾਤ੍ਰਾ ਹੈ, ਭਗਤੀ ਹੀ ਛੇ ਸ਼ਾਸਤਰਾਂ ਦੀ ਵਿਚਾਰ ਹੈ, ਭਗਤੀ ਹੀ ਦੇਵ-ਪੂਜਾ ਹੈ, ਭਗਤੀ ਹੀ ਦੇਸ-ਰਟਨ ਤੇ ਤੀਰਥ-ਜਾਤ੍ਰਾ ਹੈ। ਸਾਰੇ ਫਲ ਸਾਰੇ ਪੁੰਨ ਪਰਮਾਤਮਾ ਦੀ ਸੇਵਾ-ਭਗਤੀ ਵਿਚ ਹੀ ਹਨ। ੨।੧।੫੭।੮।੨੧।੭।੫੭।੯੩।

ਨੋਟ! ਪੜਤਾਲ—ਕਈ ਤਾਲਾਂ ਦਾ ਪਰਤ ਪਰਤ ਕੇ ਵੱਜ ਸਕਣਾ। ਇਸ ਕਿਸਮ ਦੇ ਸ਼ਬਦ ਦੇ ਗਾਇਨ ਸਮੇ ਚਾਰ ਤਾਲ, ਤਿੰਨ ਤਾਲ, ਸੂਲ ਫ਼ਾਖ਼ਤਾ, ਝੱਪ ਤਾਲ ਆਦਿਕ ਕਈ ਤਾਲ ਪਰਤ ਪਰਤ ਕੇ ਵਜਾਏ ਜਾ ਸਕਦੇ ਹਨ।

ਅੰਕਾਂ ਦਾ ਵੇਰਵਾ—

ਸ਼ਬਦ ਮ: ੧— ੮
ਸ਼ਬਦ ਮ: ੩—੨੧
ਸ਼ਬਦ ਮ: ੪— ੭
ਸ਼ਬਦ ਮ: ੫—੫੭

————

ਜੋੜ—੯੩

—o—

ਭੈਰਉ ਅਸਟਪਦੀਆ ਮਹਲਾ ੧ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨ੍ਸਿ ਗੁਰ ਬੀਚਾਰਾ ॥ ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥ ੧ ॥ ਨਾਨਕ ਹਉਮੈ ਰੋਗ ਬੁਰੇ ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ ॥ ੧ ॥ ਰਹਾਉ ॥ ਆਪੇ ਪਰਖੇ ਪਰਖਣਹਾਰੈ ਬਹੁਰਿ ਸੂਲਾਕੁ ਨ ਹੋਈ ॥ ਜਿਨ੍ ਕਉ ਨਦਰਿ ਭਈ ਗੁਰਿ ਮੇਲੇ ਪ੍ਰਭ ਭਾਣਾ ਸਚੁ ਸੋਈ॥੨॥ਪਉਣੁ ਪਾਣੀ ਬੈਸੰਤਰੁ ਰੋਗੀ ਰੋਗੀ ਧਰਤਿ ਸਭੋਗੀ ॥ ਮਾਤ ਪਿਤਾ ਮਾਇਆ ਦੇਹ ਸਿ ਰੋਗੀ ਰੋਗੀ ਕੁਟੰਬ ਸੰਜੋਗੀ ॥ ੩ ॥ ਰੋਗੀ ਬ੍ਰਹਮਾ ਬਿਸਨੁ ਸਰੁਦ੍ਰਾ ਰੋਗੀ ਸਗਲ ਸੰਸਾਰਾ॥ਹਰਿ ਪਦੁ ਚੀਨਿ ਭਏ ਸੇ ਮੁਕਤੇ ਗੁਰ ਕਾ ਸਬਦੁ ਵੀਚਾਰਾ ॥੪॥ ਰੋਗੀ ਸਾਤ ਸਮੁੰਦ ਸਨਦੀਆ ਖੰਡ ਪਤਾਲ ਸਿ ਰੋਗਿ ਭਰੇ ॥ ਹਰਿ ਕੇ ਲੋਕ ਸਿ ਸਾਚਿ ਸੁਹੇਲੇ ਸਰਬੀ ਥਾਈ ਨਦਰਿ ਕਰੇ ॥ ੫ ॥ ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥ ੬ ॥ ਮਿਠ ਰਸੁ ਖਾਇ ਸੁ ਰੋਗਿ ਭਰੀਜੈ ਕੰਦ ਮੂਲਿ ਸੁਖੁ ਨਾਹੀ॥ ਨਾਮੁ ਵਿਸਾਰਿ ਚਲਹਿ ਅਨ ਮਾਰਗਿ ਅੰਤ ਕਾਲਿ ਪਛੁਤਾਹੀ ॥ ੭ ॥ ਤੀਰਥਿ ਭਰਮੈ ਰੋਗੁ ਨ ਛੂਟਸਿ ਪੜਿਆ ਬਾਦੁ ਬਿਬਾਦੁ ਭਇਆ ॥ ਦੁਬਿਧਾ ਰੋਗੁ ਸੁ ਅਧਿਕ ਵਡੇਰਾ ਮਾਇਆ ਕਾ ਮੁਹਤਾਜੁ ਭਇਆ ॥ ੮ ॥ ਗੁਰਮੁਖਿ ਸਾਚਾ ਸਬਦਿ ਸਲਾਹੈ ਮਨਿ ਸਾਚਾ ਤਿਸੁ ਰੋਗੁ ਗਇਆ ॥ ਨਾਨਕ ਹਰਿ ਜਨ ਅਨਦਿਨੁ ਨਿਰਮਲ ਜਿਨ ਕਉ ਕਰਮਿ ਨੀਸਾਣੁ ਪਇਆ ॥ ੯ ॥ ੧ ॥

ਪਦ ਅਰਥ :—ਆਤਮ ਮਹਿ—(ਹਰੇਕ) ਜੀਵਾਤਮਾ ਵਿਚ। ਚੀਨ੍ਸਿ—ਪਛਾਣ ਕਰਦਾ ਹੈ, ਸਮਝਦਾ ਹੈ। ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਹਉ—ਹਉਮੈ। ੧।

ਬੁਰੇ—ਬਹੁਤ ਭੈੜੇ। ਦੇਖਾਂ—ਮੈਂ ਵੇਖਦਾ ਹਾਂ। ਜਹ—ਜਿਥੇ। ਏਕਾ—ਇਹੀ। ਬੇਦਨ—ਪੀੜਾ, ਦੁੱਖ। ਧੁਰੇ—ਧੁਰ ਤੋਂ। ੧। ਰਹਾਉ।

ਪਰਖਣਹਾਰੈ—ਪਰਖਣ ਦੀ ਤਾਕਤ ਰੱਖਣ ਵਾਲੇ ਪਰਮਾਤਮਾ ਨੇ। ਬਹੁਰਿ—ਮੁੜ,

ਫਿਰ। ਸੂਲਾਕੁ—ਲੋਹੇ ਦੀ ਤ੍ਰਿਖੀ ਸੀਖ ਜਿਸ ਨਾਲ ਸੋਨੇ ਨੂੰ ਪਰਖਣ ਵੇਲੇ ਛੇਕ ਕੀਤੇ ਜਾਂਦੇ ਹਨ। ਗੁਰਿ—ਗੁਰੂ ਨੇ। ਸਚੁ—ਸਦਾ-ਥਿਰ ਪ੍ਰਭੂ (ਦਾ ਰੂਪ)। ੨।

ਬੈਸੰਤਰੁ—ਅੱਗ। ਸਭੋਗੀ—ਭੋਗਾਂ ਸਮੇਤ। ਦੇਹ—ਸਰੀਰ। ੩।

ਸਰੁਦ੍ਰਾ—ਸ-ਰੁਦ੍ਰਾ, ਸ਼ਿਵ ਸਮੇਤ। ਰੁਦ੍ਰ—ਸ਼ਿਵ। ਚੀਨਿ—ਪਛਾਣ ਕੇ। ੪।

ਸਨਦੀਆ—ਸ-ਨਦੀਆ, ਨਦੀਆਂ ਸਮੇਤ। ਰੋਗਿ—ਰੋਗ ਨਾਲ। ਸਾਚਿ—ਸਦਾ-ਥਿਰ ਪ੍ਰਭੂ ਵਿਚ (ਜੁੜ ਕੇ)। ੫।

ਖਟ—ਛੇ। ਦਰਸ਼ਨ—ਭੇਖ [ਜੋਗੀ, ਸੰਨਿਆਸੀ, ਜੰਗਮ, ਬੋਧੀ, ਸਰੇਵੜੇ, ਬੈਰਾਗੀ]। ਨਾਨਾ—ਅਨੇਕਾਂ। ਕਹ—ਕੀਹ? ਕਤੇਬ—ਪੱਛਮੀ ਧਰਮਾਂ ਦੀਆਂ ਪੁਸਤਕਾਂ [ਕੁਰਾਨ, ਅੰਜੀਲ, ਤੌਰੇਤ, ਜ਼ੰਬੂਰ]। ੬।

ਕੰਦ—ਜ਼ਿਮੀਨ ਵਿਚੋਂ ਪੈਦਾ ਹੋਈਆਂ ਗਾਜਰ ਮੂਲੀ ਆਦਿਕ। ਮੂਲਿ—ਸਬਜ਼ੀ ਦੀਆਂ ਜੜ੍ਹਾਂ (ਖਾਣ ਵਿਚ)। ਅਨ—ਹੋਰ [अन्य]। ੭।

ਬਾਦੁ ਬਿਬਾਦੁ—ਝਗੜਾ। ਅਧਿਕ—ਬਹੁਤ। ੮।

ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਸਾਚਾ—ਸਦਾ ਥਿਰ ਰਹਿਣ ਵਾਲਾ ਪ੍ਰਭੂ। ਮਨਿ—ਮਨ ਵਿਚ। ਅਨਦਿਨੁ—ਹਰ ਰੋਜ਼, ਹਰ ਵੇਲੇ। ਕਰਮਿ—(ਪ੍ਰਭੂ ਦੀ) ਮੇਹਰ ਨਾਲ। ਨੀਸਾਣੁ—(ਸਿਫ਼ਤਿ ਸਾਲਾਹ ਦਾ) ਨਿਸ਼ਾਨ। ੯।

ਅਰਥ :—ਹੇ ਨਾਨਕ! ਹਉਮੈ ਤੋਂ ਪੈਦਾ ਹੋਣ ਵਾਲੇ (ਆਤਮਕ) ਰੋਗ ਬਹੁਤ ਚੰਦਰੇ ਹਨ। ਮੈਂ ਤਾਂ (ਜਗਤ ਵਿਚ) ਜਿਧਰ ਵੇਖਦਾ ਹਾਂ ਉਧਰ ਇਹ ਹਉਮੈ ਦੀ ਪੀੜਾ ਹੀ ਵੇਖਦਾ ਹਾਂ। ਧੁਰੋਂ ਜਿਸ ਨੂੰ ਆਪ ਹੀ ਬਖ਼ਸ਼ਦਾ ਹੈ ਉਸ ਨੂੰ ਗੁਰੂ ਦੇ ਸ਼ਬਦ ਵਿਚ (ਜੋੜਦਾ ਹੈ)। ੧। ਰਹਾਉ।

(ਜਿਸ ਮਨੁੱਖ ਉਤੇ ਪ੍ਰਭੂ ਧੁਰੋਂ ਬਖਸ਼ਸ਼ ਕਰਦਾ ਹੈ ਉਹ) ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਇਹ ਪਛਾਣ ਲੈਂਦਾ ਹੈ ਕਿ ਹਰੇਕ ਜੀਵਾਤਮਾ ਵਿਚ ਪਰਮਾਤਮਾ ਮੌਜੂਦ ਹੈ, ਪਰਮਾਤਮਾ ਵਿਚ ਹੀ ਹਰੇਕ ਜੀਵ (ਜੀਊਂਦਾ) ਹੈ। ਉਹ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਕ ਜੀਵਨ ਦੇਣ ਵਾਲੀ ਸਿਫ਼ਤਿ ਸਾਲਾਹ ਦੀ ਬਾਣੀ ਦੀ ਕਦਰ ਸਮਝ ਲੈਂਦਾ ਹੈ, ਉਹ (ਆਪਣੇ ਅੰਦਰੋਂ) ਹਉਮੈ ਨੂੰ ਮੁਕਾ ਲੈਂਦਾ ਹੈ(ਤੇ ਹਉਮੈ ਤੋਂ ਪੈਦਾ ਹੋਣ ਵਾਲੇ ਸਾਰੇ) ਦੁਖ ਦੂਰ ਕਰ ਲੈਂਦਾ ਹੈ। ੧।

ਪਰਖਣ ਦੀ ਤਾਕਤ ਰੱਖਣ ਵਾਲੇ ਪਰਮਾਤਮਾ ਨੇ ਆਪ ਹੀ ਜਿਨ੍ਹਾਂ ਨੂੰ ਪਰਖ (ਕੇ ਪਰਵਾਨ ਕਰ) ਲਿਆ ਹੈ, ਉਹਨਾਂ ਨੂੰ ਮੁੜ (ਹਉਮੈ ਦਾ) ਕਸ਼ਟ ਨਹੀਂ ਹੁੰਦਾ। ਜਿਨ੍ਹਾਂ ਉਤੇ ਪਰਮਾਤਮਾ ਦੀ ਮੇਹਰ ਦੀ ਨਿਗਾਹ ਹੋ ਗਈ,ਉਹਨਾਂ ਨੂੰ ਗੁਰੂ ਨੇ(ਪ੍ਰਭੂ-ਚਰਨਾਂ ਵਿਚ) ਜੋੜ ਲਿਆ। ਜੇਹੜਾ ਮਨੁੱਖ ਪ੍ਰਭੂ ਨੂੰ ਪਿਆਰਾ ਲੱਗਣ ਲੱਗ ਪੈਂਦਾ ਹੈ, ਉਹ ਉਸ

ਸਦਾ-ਥਿਰ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ। ੨।

(ਹਉਮੈ ਦਾ ਰੋਗ ਇਤਨਾ ਬਲੀ ਹੈ ਕਿ) ਹਵਾ, ਪਾਣੀ, ਅੱਗ (ਆਦਿਕ ਤੱਤ ਭੀ) ਇਸ ਰੋਗ ਵਿਚ ਗ੍ਰਸੇ ਹੋਏ ਹਨ, ਇਹ ਧਰਤੀ ਭੀ ਹਉਮੈ-ਰੋਗ ਦਾ ਸ਼ਿਕਾਰ ਹੈ ਜਿਸ ਵਿਚੋਂ ਵਰਤਣ ਵਾਲੇ ਬੇਅੰਤ ਪਦਾਰਥ ਪੈਦਾ ਹੁੰਦੇ ਹਨ। (ਆਪੋ ਆਪਣੇ)ਪਰਵਾਰਾਂ ਦੇ ਸੰਬੰਧ ਦੇ ਕਾਰਨ ਮਾਂ ਪਿਉ, ਮਾਇਆ, ਸਰੀਰ—ਇਹ ਸਾਰੇ ਹੀ ਹਉਮੈ ਦੇ ਰੋਗ ਵਿਚ ਫਸੇ ਹੋਏ ਹਨ। ੩।

(ਸਾਧਾਰਨ ਜੀਵਾਂ ਦੀ ਗੱਲ ਹੀ ਕੀਹ ਹੈ? ਵੱਡੇ ਵੱਡੇ ਅਖਵਾਣ ਵਾਲੇ ਦੇਵਤੇ) ਬ੍ਰਹਮਾ, ਵਿਸ਼ਨੂ ਤੇ ਸ਼ਿਵ ਭੀ ਹਉਮੈ ਦੇ ਰੋਗ ਵਿਚ ਹਨ, ਸਾਰਾ ਸੰਸਾਰ ਹੀ ਇਸ ਰੋਗ ਵਿਚ ਗ੍ਰਸਿਆ ਹੋਇਆ ਹੈ। ਇਸ ਰੋਗ ਤੋਂ ਉਹੀ ਸੁਤੰਤਰ ਹੁੰਦੇ ਹਨ ਜਿਨ੍ਹਾਂ ਨੇ ਪਰ-ਮਾਤਮਾ ਨਾਲ ਮਿਲਾਪ-ਅਵਸਥਾ ਦੀ ਕਦਰ ਪਛਾਣ ਕੇ ਗੁਰੂ ਦੇ ਸ਼ਬਦ ਨੂੰ ਆਪਣੇ ਸੋਚ-ਮੰਡਲ ਵਿਚ ਟਿਕਾਇਆ ਹੈ। ੪।

ਸਾਰੀਆਂ ਨਦੀਆਂ ਸਮੇਤ ਸੱਤੇ ਸਮੁੰਦਰ (ਹਉਮੈ ਦੇ) ਰੋਗੀ ਹਨ, ਸਾਰੀਆਂ ਧਰਤੀਆਂ ਤੇ ਪਾਤਾਲ—ਇਹ ਭੀ (ਹਉਮੈ-) ਰੋਗ ਨਾਲ ਭਰੇ ਹੋਏ ਹਨ। ਜੇਹੜੇ ਬੰਦੇ ਪਰਮਾਤਮਾ ਦੇ ਹੋ ਜਾਂਦੇ ਹਨ ਉਹ ਉਸ ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦੇ ਹਨ ਤੇ ਸੁਖੀ ਜੀਵਨ ਗੁਜ਼ਾਰਦੇ ਹਨ, ਪ੍ਰਭੂ ਹਰ ਥਾਂ ਉਹਨਾਂ ਉਤੇ ਮੇਹਰ ਦੀ ਨਜ਼ਰ ਕਰਦਾ ਹੈ। ੫।

ਛੇ ਹੀ ਭੇਖਾਂ ਦੇ ਧਾਰਨੀ (ਜੋਗੀ ਜੰਗਮ ਆਦਿਕ) ਅਤੇ ਹੋਰ ਅਨੇਕਾਂ ਕਿਸਮਾਂ ਦੇ ਹਠ-ਸਾਧਨ ਕਰਨ ਵਾਲੇ ਭੀ ਹਉਮੈ-ਰੋਗ ਵਿਚ ਫਸੇ ਹੋਏ ਹਨ। ਵੇਦ ਤੇ ਕੁਰਾਨ ਆਦਿਕ ਧਰਮ-ਪੁਸਤਕ ਭੀ ਉਹਨਾਂ ਦੀ ਸਹੈਤਾ ਕਰਨ ਤੋਂ ਅਸਮਰਥ ਹੋ ਜਾਂਦੇ ਹਨ, ਕਿਉਂਕਿ ਉਹ ਉਸ ਪਰਮਾਤਮਾ ਨੂੰ ਨਹੀਂ ਪਛਾਣਦੇ ਜੋ ਇਕ ਆਪ ਹੀ ਆਪ (ਸਾਰੀ ਸ੍ਰਿਸ਼ਟੀ ਦਾ ਕਰਤਾ ਤੇ ਇਸ ਵਿਚ ਵਿਆਪਕ) ਹੈ। ੬।

ਜੇਹੜਾ ਮਨੁੱਖ (ਗ੍ਰਿਹਸਤ ਵਿਚ ਰਹਿ ਕੇ) ਹਰੇਕ ਕਿਸਮ ਦਾ ਸੁਆਦਲਾ ਪਦਾਰਥ ਖਾਂਦਾ ਹੈ ਉਹ (ਭੀ ਹਉਮੈ-) ਰੋਗ ਵਿਚ ਲਿੱਬੜਿਆ ਪਿਆ ਹੈ, ਜੇਹੜਾ ਮਨੁੱਖ (ਜਗਤ ਤਿਆਗ ਕੇ ਜੰਗਲ ਵਿਚ ਜਾ ਬੈਠਦਾ ਹੈ ਉਸ ਨੂੰ ਭੀ ਨਿਰੇ) ਗਾਜਰ ਮੂਲੀ (ਖਾ ਲੈਣ) ਨਾਲ ਆਤਮਕ ਸੁਖ ਨਹੀਂ ਮਿਲ ਜਾਂਦਾ। (ਗ੍ਰਿਹਸਤੀ ਹੋਣ, ਚਾਹੇ ਤਿਆਗੀ) ਪਰ-ਮਾਤਮਾ ਦਾ ਨਾਮ ਭੁਲਾ ਕੇ ਜੇਹੜੇ ਜੇਹੜੇ ਭੀ ਹੋਰ ਹੋਰ ਰਸਤੇ ਤੇ ਤੁਰਦੇ ਹਨ ਉਹ ਆਖ਼ਰ ਪਛੁਤਾਂਦੇ ਹੀ ਹਨ। ੭।

ਜੇਹੜਾ ਮਨੁੱਖ ਤੀਰਥ ਉਤੇ ਭਟਕਦਾ ਫਿਰਦਾ ਹੈ ਉਸ ਦਾ ਭੀ (ਹਉਮੈ-) ਰੋਗ ਨਹੀਂ ਮੁੱਕਦਾ, ਪੜ੍ਹਿਆ ਹੋਇਆ ਮਨੁੱਖ ਭੀ ਇਸ ਤੋਂ ਨਹੀਂ ਬਚਿਆ, ਉਸ ਨੂੰ ਝਗੜਾ-

ਬਹਸ (ਰੂਪ ਹੋ ਕੇ ਹਉਮੈ-ਰੋਗ) ਚੰਬੜਿਆ ਹੋਇਆ ਹੈ। ਪਰਮਾਤਮਾ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਇਕ ਬੜਾ ਭਾਰਾ ਰੋਗ ਹੈ, ਇਸ ਵਿਚ ਫਸਿਆ ਮਨੁੱਖ ਸਦਾ ਮਾਇਆ ਦਾ ਮੁਥਾਜ ਬਣਿਆ ਰਹਿੰਦਾ ਹੈ। ੮।

ਜੇਹੜਾ (ਵਡ-ਭਾਗੀ) ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਸਦਾ ਥਿਰ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦਾ ਹੈ, ਉਸ ਦੇ ਮਨ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਭੂ ਸਦਾ ਵੱਸਦਾ ਹੈ, ਇਸ ਵਾਸਤੇ ਉਸ ਦਾ (ਹਉਮੈ-) ਰੋਗ ਦੂਰ ਹੋ ਜਾਂਦਾ ਹੈ।

ਹੇ ਨਾਨਕ ! ਪਰਮਾਤਮਾ ਦੇ ਭਗਤ ਸਦਾ ਪਵਿਤ੍ਰ ਜੀਵਨ ਵਾਲੇ ਹੁੰਦੇ ਹਨ, ਕਿਉਂਕਿ ਪ੍ਰਭੂ ਦੀ ਮੇਹਰ ਨਾਲ ਉਹਨਾਂ ਦੇ ਮੱਥੇ ਤੇ ਨਾਮ-ਸਿਮਰਨ ਦਾ ਨਿਸ਼ਾਨ (ਚਮਕਾਂ ਮਾਰਦਾ) ਹੈ। ੯। ੧।

ਭੈਰਉ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਤਿਨਿ ਕਰਤੈ ਇਕੁ ਚਲਤੁ ਉਪਾਇਆ ॥ ਅਨਹਦ ਬਾਣੀ ਸਬਦੁ ਸੁਣਾਇਆ॥ ਮਨਮੁਖਿ ਭੂਲੇ ਗੁਰਮੁਖਿ ਬੁਝਾਇਆ ॥ ਕਾਰਣੁ ਕਰਤਾ ਕਰਦਾ ਆਇਆ ॥ ੧ ॥ ਗੁਰ ਕਾ ਸਬਦੁ ਮੇਰੈ ਅੰਤਰਿ ਧਿਆਨੁ ॥ ਹਉ ਕਬਹੁ ਨ ਛੋਡਉ ਹਰਿ ਕਾ ਨਾਮੁ ॥ ੧ ॥ ਰਹਾਉ ॥ ਪਿਤਾ ਪ੍ਰਹਲਾਦੁ ਪੜਣ ਪਠਾਇਆ ॥ ਲੈ ਪਾਟੀ ਪਾਧੇ ਕੈ ਆਇਆ ॥ ਨਾਮ ਬਿਨਾ ਨਹ ਪੜਉ ਅਚਾਰ ॥ ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ ॥ ੨ ॥ ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ॥ ਪਰਵਿਰਤਿ ਨ ਪੜਹੁ ਰਹੀ ਸਮਝਾਇ ॥ ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ॥ ਜੇ ਹਰਿ ਛੋਡਉ ਤਉ ਕੁਲਿ ਲਾਗੈ ਗਾਲਿ ॥ ੩ ॥ ਪ੍ਰਹਲਾਦਿ ਸਭਿ ਚਾਟੜੇ ਵਿਗਾਰੇ॥ ਹਮਾਰਾ ਕਹਿਆ ਨ ਸੁਣੈ ਆਪਣੇ ਕਾਰਜ ਸਵਾਰੇ ॥ ਸਭ ਨਗਰੀ ਮਹਿ ਭਗਤਿ ਦ੍ਰਿੜਾਈ ॥ ਦੁਸਟ ਸਭਾ ਕਾ ਕਿਛੁ ਨ ਵਸਾਈ ॥ ੪ ॥ ਸੰਡੈ ਮਰਕੈ ਕੀਈ ਪੂਕਾਰ ॥ ਸਭੇ ਦੈਤ ਰਹੇ ਝਖ ਮਾਰਿ ॥ ਭਗਤ ਜਨਾ ਕੀ ਪਤਿ ਰਾਖੈ ਸੋਈ ॥ ਕੀਤੇ ਕੈ ਕਹਿਐ ਕਿਆ ਹੋਈ ॥ ੫ ॥

ਪਦ ਅਰਥ :—ਤਿਨਿ—ਉਸ ਨੇ। ਤਿਨਿ ਕਰਤੈ—ਉਸ ਕਰਤਾਰ ਨੇ। ਚਲਤੁ—ਜਗਤ-ਤਮਾਸ਼ਾ। ਅਨਹਦ—ਇਕ-ਰਸ ਕਾਇਮ ਰਹਿਣ ਵਾਲਾ। ਬਾਣੀ—ਤਰੰਗ, ਵਲ-ਵਲਾ। ਅਨਹਦ ਬਾਣੀ—[ਲਫ਼ਜ਼ 'ਸ਼ਬਦੁ' ਦਾ ਵਿਸ਼ੇਸ਼ਣ] ਇਕ-ਰਸ ਵਲਵਲੇ ਵਾਲਾ।

ਸਬਦੁ—ਗੁਰ-ਸ਼ਬਦ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ। ਭੂਲੇ—ਕੁਰਾਹੇ ਪਏ ਰਹੇ, ਸਹੀ ਜੀਵਨ-ਰਾਹ ਤੋਂ ਖੁੰਝੇ ਰਹੇ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲੇ। ਕਾਰਣੁ—(ਇਹ) ਸਬਬ। ੧।

ਮੇਰੈ ਅੰਤਰਿ—ਮੇਰੇ ਅੰਦਰ, ਮੇਰੇ ਹਿਰਦੇ ਵਿਚ। ਧਿਆਨੁ—ਮੇਰਾ ਧਿਆਨ, ਮੇਰੀ ਸੁਰਤਿ, ਮੇਰੀ ਸੁਰਤਿ ਦਾ ਨਿਸ਼ਾਨਾ। ਹਉ—ਮੈਂ, ਹਉਂ। ਨ ਛੋਡਉ—ਨ ਛੋਡਉਂ, ਮੈਂ ਨਹੀਂ ਛੱਡਦਾ। ੧। ਰਹਾਉ।

ਪਠਾਇਆ- ਘੱਲਿਆ। ਲੈ—ਲੈ ਕੇ। ਪਾਟੀ—ਪੱਟੀ। ਕੈ—ਦੇ ਪਾਸ। ਨਹ ਪੜਉ —ਨਹ ਪੜਉਂ, ਮੈਂ ਨਹੀਂ ਪੜ੍ਹਦਾ। ਅਚਾਰ—ਹੋਰ ਵਿਹਾਰ-ਕਾਰ। ਮੁਰਾਰਿ—ਪਰਮਾਤਮਾ [ਮੁਰ-ਅਰਿ]। ੨।

ਸਿਉ—ਨਾਲ, ਨੂੰ। ਮਾਇ—ਮਾਂ ਨੇ। ਪਰਵਿਰਤਿ—ਉਹ ਜਿਸ ਵਿਚ ਤੂੰ ਲੱਗਾ ਹੋਇਆ ਹੈਂ। ਜੇ ਛੋਡਉ—ਜੇ ਮੈਂ ਛੱਡ ਦਿਆਂ [ਛੋਡਉਂ]। ਤਉ—ਤਾਂ। ਕੁਲਿ ਲਾਗੈ ਗਾਲਿ—ਕੁਲ ਨੂੰ ਗਾਲ ਲੱਗਦੀ ਹੈ, ਕੁਲ ਦੀ ਬਦਨਾਮੀ ਹੁੰਦੀ ਹੈ। ੩।

ਪ੍ਰਹਲਾਦਿ—ਪ੍ਰਹਲਾਦ ਨੇ। ਸਭਿ—ਸਾਰੇ। ਚਾਟੜੇ—ਪੜ੍ਹਨ ਵਾਲੇ ਮੁੰਡੇ। ਕਾਰਜ- ਕੰਮ [ਬਹੁ ਵਚਨ]। ਦ੍ਰਿੜਾਈ—ਪੱਕੀ ਕਰ ਦਿੱਤੀ ਹੈ। ਵਸਾਈ—ਵੱਸ, ਜ਼ੋਰ।੪।

ਸੰਡੈ—ਸੰਡ ਨੇ। ਮਰਕੈ—ਅਮਰਕ ਨੇ। ਮਾਰਿ—ਮਾਰ ਕੇ। ਰਹੇ ਮਾਰਿ—ਮਾਰ ਰਹੇ। ਪਤਿ—ਇੱਜ਼ਤ। ਕੈ ਕਹਿਐ—ਦੇ ਆਖਿਆਂ। ਕਿਆ ਹੋਈ—ਕੀਹ ਹੋ ਸਕਦਾ ਹੈ ? ਕੀਤੈ- ਪੈਦਾ ਕੀਤੇ ਹੋਏ। ੫।

ਅਰਥ :—ਹੇ ਭਾਈ ! (ਮੇਰੇ) ਗੁਰੂ ਦਾ ਸ਼ਬਦ ਮੇਰੇ ਅੰਦਰ ਵੱਸ ਰਿਹਾ ਹੈ, ਮੇਰੀ ਸੁਰਤਿ ਦਾ ਨਿਸ਼ਾਨਾ ਬਣ ਚੁਕਾ ਹੈ। (ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਾਪਤ ਕੀਤਾ ਹੋਇਆ) ਪਰਮਾਤਮਾ ਦਾ ਨਾਮ ਮੈਂ ਕਦੇ ਨਹੀਂ ਛੱਡਾਂਗਾ। ੧। ਰਹਾਉ।

ਹੇ ਭਾਈ ! (ਇਹ ਜਗਤ) ਉਸ ਕਰਤਾਰ ਨੇ ਇਕ ਤਮਾਸ਼ਾ ਰਚਿਆ ਹੋਇਆ ਹੈ, (ਉਸ ਨੇ ਆਪ ਹੀ ਗੁਰੂ ਦੀ ਰਾਹੀਂ ਜੀਵਾਂ ਨੂੰ) ਇਕ-ਰਸ ਵਲਵਲੇ ਵਾਲਾ ਗੁਰ-ਸ਼ਬਦ ਸੁਣਾਇਆ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਸਹੀ ਜੀਵਨ-ਰਾਹ ਤੋਂ) ਖੁੰਝੇ ਰਹਿੰਦੇ ਹਨ, ਗੁਰੂ ਦੇ ਸਨਮੁਖ ਰਹਿਣ ਵਾਲਿਆਂ ਨੂੰ (ਪਰਮਾਤਮਾ ਆਤਮਕ ਜੀਵਨ ਦੀ) ਸੂਝ ਬਖ਼ਸ਼ ਦੇਂਦਾ ਹੈ। ਇਹ ਸਬਬ ਕਰਤਾਰ (ਸਦਾ ਤੋਂ ਹੀ) ਬਣਾਂਦਾ ਆ ਰਿਹਾ ਹੈ। ੧।

ਹੇ ਭਾਈ ! (ਵੇਖੋ, ਪ੍ਰਹਲਾਦ ਦੇ) ਪਿਉ ਨੇ ਪ੍ਰਹਲਾਦ ਨੂੰ ਪੜ੍ਹਨ ਵਾਸਤੇ (ਪਾਠਸ਼ਾਲਾ ਵਿਚ) ਘੱਲਿਆ। ਪ੍ਰਹਲਾਦ ਪੱਟੀ ਲੈ ਕੇ ਪਾਂਧੇ ਕੋਲ ਪਹੁੰਚਿਆ। (ਪਾਂਧੇ ਤਾਂ ਕੁਝ ਹੋਰ ਪੜ੍ਹਾਣ ਲੱਗੇ, ਪਰ ਪ੍ਰਹਲਾਦ ਨੇ ਆਖਿਆ—) ਮੈਂ ਪਰਮਾਤਮਾ ਦੇ ਨਾਮ

ਤੋਂ ਬਿਨਾ ਹੋਰ ਕੋਈ ਕਾਰ-ਵਿਹਾਰ ਨਹੀਂ ਪੜ੍ਹਾਂਗਾ, ਤੁਸੀ ਮੇਰੀ ਪੱਟੀ ਉਤੇ ਪਰਮਾਤਮਾ ਦਾ ਨਾਮ ਹੀ ਲਿਖ ਦਿਹੁ ।੨।

ਹੇ ਭਾਈ ! ਮਾਂ ਨੇ (ਆਪਣੇ) ਪੁੱਤਰ ਪ੍ਰਹਲਾਦ ਨੂੰ ਆਖਿਆ—ਤੂੰ ਜਿਸ (ਹਰਿ-ਨਾਮ) ਵਿਚ ਰੁੱਝਾ ਪਿਆ ਹੈਂ ਉਹ ਨਾਹ ਪੜ੍ਹ, (ਬਥੇਰਾ) ਸਮਝਾ ਰਹੀ (ਪਰ ਪ੍ਰਹਲਾਦ ਨੇ ਇਹੀ ਉੱਤਰ ਦਿੱਤਾ–) ਕਿਸੇ ਪਾਸੋਂ ਨਾਹ ਡਰਨ ਵਾਲਾ ਪਰਮਾਤਮਾ (ਸਦਾ) ਮੇਰੇ ਨਾਲ ਹੈ, ਜੇ ਮੈਂ ਪਰਮਾਤਮਾ (ਦਾ ਨਾਮ) ਛੱਡ ਦਿਆਂ, ਤਾਂ ਸਾਰੀ ਕੁਲ ਨੂੰ ਹੀ ਦਾਗ ਲੱਗੇਗਾ ।੩।

ਹੇ ਭਾਈ ! (ਪਾਂਧਿਆਂ ਨੇ ਸੋਚਿਆ ਕਿ) ਪ੍ਰਹਲਾਦ ਨੇ (ਤਾਂ) ਸਾਰੇ ਹੀ ਮੁੰਡੇ ਵਿਗਾੜ ਦਿੱਤੇ ਹਨ, ਸਾਡਾ ਆਖਿਆ ਇਹ ਸੁਣਦਾ ਹੀ ਨਹੀਂ, ਆਪਣੇ ਕੰਮ ਠੀਕ ਕਰੀ ਜਾ ਰਿਹਾ ਹੈ, ਸਾਰੇ ਸ਼ਹਰ ਵਿਚ ਹੀ ਇਸ ਨੇ ਪਰਮਾਤਮਾ ਦੀ ਭਗਤੀ ਲੋਕਾਂ ਦੇ ਦਿਲਾਂ ਵਿਚ ਪੱਕੀ ਕਰ ਦਿੱਤੀ ਹੈ। ਹੇ ਭਾਈ ! ਦੁਸ਼ਟਾਂ ਦੀ ਜੁੰਡੀ ਦਾ (ਪ੍ਰਹਲਾਦ ਉੱਤੇ) ਕੋਈ ਜੋਰ ਨਹੀਂ ਸੀ ਚੱਲ ਰਿਹਾ ।੪।

ਹੇ ਭਾਈ ! (ਆਖ਼ਿਰ) ਸੰਡ ਨੇ ਤੇ ਅਮਰਕ ਨੇ (ਹਰਨਾਖਸ਼ ਪਾਸ) ਜਾ ਸ਼ਿਕੈਤ ਕੀਤੀ।ਸਾਰੇ ਦੈਂਤ ਆਪਣੀ ਵਾਹ ਲਾ ਥੱਕੇ (ਪਰ ਉਹਨਾਂ ਦੀ ਪੇਸ਼ ਨ ਗਈ) । ਹੇ ਭਾਈ! ਆਪਣੇ ਭਗਤਾਂ ਦੀ ਲਾਜ ਉਹ ਆਪ ਹੀ ਰੱਖਦਾ ਹੈ। ਉਸ ਦੇ ਪੈਦਾ ਕੀਤੇ ਹੋਏ ਕਿਸੇ (ਦੋਖੀ) ਦਾ ਜੋਰ ਨਹੀਂ ਚੱਲ ਸਕਦਾ ।੫।

ਕਿਰਤ ਸੰਜੋਗੀ ਦੈਤਿ ਰਾਜੁ ਚਲਾਇਆ ॥ ਹਰਿ ਨ ਬੂਝੈ ਤਿਨਿ ਆਪਿ ਭੁਲਾਇਆ ॥ ਪੁਤ੍ਰ ਪ੍ਰਹਲਾਦ ਸਿਉ ਵਾਦੁ ਰਚਾਇਆ ॥ ਅੰਧਾ ਨ ਬੂਝੈ ਕਾਲੁ ਨੇੜੈ ਆਇਆ ॥੬॥ ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ॥ ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ ॥ ਕੀਤਾ ਹੋਵੈ ਸਰੀਕੀ ਕਰੈ ਅਨਹੋਦਾ ਨਾਉ ਧਰਾਇਆ ॥ ਜੋ ਧੁਰਿ ਲਿਖਿਆ ਸੁ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ ॥੭॥ ਪਿਤਾ ਪ੍ਰਹਲਾਦ ਸਿਉ ਗੁਰਜ ਉਠਾਈ ॥ ਕਹਾਂ ਤੁਮ੍ਹਾਰਾ ਜਗਦੀਸ ਗੁਸਾਈ ॥ ਜਗ ਜੀਵਨੁ ਦਾਤਾ ਅੰਤਿ ਸਖਾਈ ॥ ਜਹ ਦੇਖਾ ਤਹ ਰਹਿਆ ਸਮਾਈ ॥੮॥ ਥੰਮ੍ਹੁ ਉਪਾੜਿ ਹਰਿ ਆਪੁ ਦਿਖਾਇਆ ॥ ਅਹੰਕਾਰੀ ਦੈਤੁ ਮਾਰਿ ਪਚਾਇਆ ॥ ਭਗਤਾ ਮਨਿ ਆਨੰਦੁ ਵਜੀ ਵਧਾਈ॥ ਅਪਨੇ ਸੇਵਕ ਕਉ ਦੇ ਵਡਿਆਈ ॥੯॥ ਜੰਮਣੁ ਮਰਣਾ ਮੋਹੁ ਉਪਾਇਆ ॥ ਆਵਣੁ ਜਾਣਾ

ਕਰਤੈ ਲਿਖਿ ਪਾਇਆ ॥ ਪ੍ਰਹਲਾਦ ਕੈ ਕਾਰਜਿ ਹਰਿ ਆਪੁ ਦਿਖਾਇਆ ॥ ਭਗਤਾ ਕਾ ਬੋਲੁ ਆਗੈ ਆਇਆ ॥ ੧੦ ॥

ਪਦ ਅਰਥ :—ਕਿਰਤ ਸੰਜੋਗੀ—(ਪਿਛਲੇ) ਕੀਤੇ ਹੋਏ ਕਰਮਾਂ ਦੇ ਸੰਜੋਗ ਨਾਲ। ਦੈਤਿ—ਦੈਂਤ (ਹਰਨਾਖਸ਼) ਨੇ। ਤਿਨਿ—ਉਸ (ਪਰਮਾਤਮਾ) ਨੇ। ਭੁਲਾਇਆ—ਕੁਰਾਹੇ ਪਾ ਰੱਖਿਆ ਸੀ। ਸਿਉ—ਨਾਲ। ਵਾਦੁ—ਝਗੜਾ। ਅੰਧਾ—(ਰਾਜ ਦੇ ਮਦ ਵਿਚ) ਅੰਨ੍ਹਾ ਹੋ ਚੁਕਾ। ਕਾਲੁ—ਮੌਤ। ੬।

ਬਾਰਿ—ਦਰਵਾਜ਼ੇ ਉਤੇ। ਤਾਲਾ—ਜੰਦਰਾ। ਮੂਲਿ—ਬਿਲਕੁਲ। ਡਰਈ—ਡਰੈ, ਡਰਦਾ। ਕੀਤਾ—(ਪ੍ਰਭੂ ਦਾ) ਪੈਦਾ ਕੀਤਾ ਹੋਇਆ। ਸਰੀਕੀ—(ਪ੍ਰਭੂ ਨਾਲ ਹੀ) ਬਰਾਬਰੀ। ਅਨਹੋਦਾ—(ਸਮਰਥਾ) ਨਾਹ ਹੁੰਦਿਆਂ। ਨਾਉ—ਵੱਡਾ ਨਾਮ। ਧੁਰਿ—ਧੁਰ ਦਰਗਾਹ ਤੋਂ। ਸੁ—[ਅਸਲ ਲਫ਼ਜ਼ ਹੈ 'ਸੋ'। ਇਥੇ ਪੜ੍ਹਨਾ ਹੈ ਸੁ]। ੭।

ਗੁਰਜ—ਗਦਾ [ਡੰਡੇ ਵਰਗਾ ਹੀ ਇਕ ਸ਼ਸਤ੍ਰ ਜਿਸ ਦਾ ਸਿਰਾ ਬਹੁਤ ਹੀ ਮੋਟਾ ਤੇ ਭਾਰਾ ਹੁੰਦਾ ਹੈ]। ਜਗਦੀਸ-ਜਗਤ ਦਾ ਮਾਲਕ। ਗੁਸਾਈ—ਧਰਤੀ ਦਾ ਸਾਈਂ। ਜਗਜੀਵਨੁ—ਜਗਤ ਦਾ ਜੀਵਨ। ਅੰਤਿ—ਅੰਤ ਵੇਲੇ। ਸਹਾਈ—ਸਹਾਇਕ। ਦੇਖਾ—ਦੇਖਾਂ, ਮੈਂ ਵੇਖਦਾ ਹਾਂ। ਤਹ—ਉਥੇ ਹੀ। ੮।

ਉਪਾੜਿ—ਪਾੜ ਕੇ। ਆਪੁ—ਆਪਣਾ ਆਪ। ਮਾਰਿ—ਮਾਰ ਕੇ। ਪਚਾਇਆ—ਖ਼ੁਆਰ ਕੀਤਾ। ਮਨਿ—ਮਨ ਵਿਚ। ਵਧਾਈ—ਦਿਲ-ਵਧੀ, ਚੜ੍ਹਦੀ ਕਲਾ। ਵਜੀ—ਵੱਜੀ, ਪ੍ਰਬਲ ਹੋ ਗਈ। ਦੇ—ਦੇਂਦਾ ਹੈ। ੯।

ਕਰਤੈ—ਕਰਤਾਰ ਨੇ। ਲਿਖਿ—(ਸਭ ਜੀਵਾਂ ਦੇ ਮੱਥੇ ਉਤੇ) ਲਿਖ ਕੇ। ਕੈ ਕਾਰਜਿ—ਦੇ ਕੰਮ ਵਾਸਤੇ। ਆਪੁ—ਆਪਣਾ ਆਪ। ਦਿਖਾਇਆ—ਪਰਗਟ ਕੀਤਾ। ਆਗੈ ਆਇਆ—ਪੂਰਾ ਹੋਇਆ। ੧੦।

ਅਰਥ :—ਹੇ ਭਾਈ! ਪਿਛਲੇ ਕੀਤੇ ਕਰਮਾਂ ਦੇ ਸੰਜੋਗ ਨਾਲ ਦੈਂਤ (ਹਰਨਾਖਸ਼) ਨੇ ਰਾਜ ਚਲਾ ਲਿਆ, (ਰਾਜ ਦੇ ਮਦ ਵਿਚ) ਉਹ ਪਰਮਾਤਮਾ ਨੂੰ (ਕੁਝ ਭੀ) ਨਹੀਂ ਸੀ ਸਮਝਦਾ (ਪਰ ਉਸ ਦੇ ਭੀ ਕੀਹ ਵੱਸ ?) ਉਸ ਕਰਤਾਰ ਨੇ (ਆਪ ਹੀ) ਉਸ ਨੂੰ ਕੁਰਾਹੇ ਪਾ ਰੱਖਿਆ ਸੀ। (ਸੋ) ਉਸ ਨੇ (ਆਪਣੇ) ਪੁੱਤਰ ਪ੍ਰਹਲਾਦ ਨਾਲ ਝਗੜਾ ਖੜਾ ਕਰ ਲਿਆ। (ਰਾਜ ਦੇ ਮਦ ਵਿਚ) ਅੰਨ੍ਹਾ ਹੋਇਆ (ਹਰਨਾਖਸ਼ ਇਹ) ਨਹੀਂ ਸੀ ਸਮਝਦਾ (ਕਿ ਉਸ ਦੀ) ਮੌਤ ਨੇੜੇ ਆ ਗਈ ਹੈ। ੬।

ਹੇ ਭਾਈ! (ਹਰਨਾਖਸ਼ ਨੇ) ਪ੍ਰਹਲਾਦ ਨੂੰ ਕੋਠੇ ਵਿਚ ਬੰਦ ਕਰਾ ਦਿੱਤਾ, ਤੇ ਦਰਵਾਜ਼ੇ ਨੂੰ ਜੰਦਰਾ ਲਵਾ ਦਿੱਤਾ। ਪਰ ਨਿਡਰ ਬਾਲਕ ਬਿਲਕੁਲ ਨਹੀਂ ਸੀ ਡਰਦਾ,

(ਉਹ ਆਖਦਾ ਸੀ–) ਮੇਰਾ ਗੁਰੂ ਮੇਰਾ ਪਰਮਾਤਮਾ ਮੇਰੇ ਹਿਰਦੇ ਵਿਚ ਵੱਸਦਾ ਹੈ। ਹੇ ਭਾਈ! ਪਰਮਾਤਮਾ ਦਾ ਪੈਦਾ ਕੀਤਾ ਹੋਇਆ ਜਿਹੜਾ ਮਨੁੱਖ ਪਰਮਾਤਮਾ ਨਾਲ ਬਰਾਬਰੀ ਕਰਨ ਲੱਗ ਪੈਂਦਾ ਹੈ, ਉਹ ਸਮਰਥਾ ਤੋਂ ਬਿਨਾ ਹੀ ਆਪਣਾ ਨਾਮ ਵੱਡਾ ਰਖਾ ਲੈਂਦਾ ਹੈ। (ਹਰਨਾਖਸ਼ ਨੇ) ਪ੍ਰਭੂ ਦੇ ਭਗਤ ਨਾਲ ਝਗੜਾ ਛੇੜ ਲਿਆ। ਧੁਰ ਦਰਗਾਹ ਤੋਂ ਜੋ ਭਾਵੀ ਲਿਖੀ ਸੀ, ਉਸ ਦਾ ਵੇਲਾ ਆ ਪਹੁੰਚਿਆ।੭।

ਸੋ, ਹੇ ਭਾਈ! ਪਿਉ (ਹਰਨਾਖਸ਼) ਨੇ ਪ੍ਰਹਲਾਦ ਉੱਤੇ ਗੁਰਜ ਚੁੱਕੀ, (ਤੇ ਆਖਣ ਲੱਗਾ–ਦੱਸ,) ਕਿੱਥੇ ਹੈ ਤੇਰਾ ਜਗਦੀਸ਼? ਕਿੱਥੇ ਹੈ ਤੇਰਾ ਗੁਸਾਈਂ? (ਜਿਹੜਾ ਤੈਨੂੰ ਹੁਣ ਬਚਾਏ)। (ਪ੍ਰਹਲਾਦ ਨੇ ਉੱਤਰ ਦਿੱਤਾ–) ਜਗਤ ਦਾ ਆਸਰਾ ਦਾਤਾਰ ਪ੍ਰਭੂ ਹੀ ਆਖ਼ਰ (ਹਰੇਕ ਜੀਵ ਦਾ) ਮਦਦਗਾਰ ਬਣਦਾ ਹੈ। ਮੈਂ ਤਾਂ ਜਿੱਧਰ ਵੇਖਦਾ ਹਾਂ, ਉਧਰ ਹੀ ਉਹ ਮੌਜੂਦ ਹੈ।੮।

ਹੇ ਭਾਈ! (ਉਸੇ ਵੇਲੇ) ਥੰਮ੍ਹ ਪਾੜ ਕੇ ਪਰਮਾਤਮਾ ਨੇ ਆਪਣੇ ਆਪ ਨੂੰ ਪਰਗਟ ਕਰ ਦਿੱਤਾ, (ਰਾਜ ਦੇ ਮਦ ਵਿਚ) ਮੱਤੇ ਹੋਏ (ਹਰਨਾਖਸ਼) ਦੈਂਤ ਨੂੰ ਉਸ ਮਾਰ ਮੁਕਾਇਆ। ਹੇ ਭਾਈ! ਭਗਤਾਂ ਦੇ ਮਨ ਵਿਚ (ਸਦਾ) ਆਨੰਦ (ਸਦਾ) ਚੜ੍ਹਦੀ ਕਲਾ ਬਣੀ ਰਹਿੰਦੀ ਹੈ। (ਭਗਤ ਜਾਣਦੇ ਹਨ ਕਿ) ਪਰਮਾਤਮਾ ਆਪਣੇ ਭਗਤ ਨੂੰ (ਲੋਕ ਪਰਲੋਕ ਵਿਚ) ਇੱਜ਼ਤ ਦੇਂਦਾ ਹੈ।੯।

ਹੇ ਭਾਈ! ਕਰਤਾਰ ਨੇ ਆਪ ਹੀ ਜਨਮ ਮਰਨ ਦਾ ਗੇੜ ਬਣਾਇਆ ਹੈ, ਆਪ ਹੀ ਜੀਵਾਂ ਦੇ ਅੰਦਰ ਮਾਇਆ ਦਾ ਮੋਹ ਪੈਦਾ ਕੀਤਾ ਹੋਇਆ ਹੈ। (ਜਗਤ ਵਿਚ) ਆਉਣਾ (ਜਗਤ ਤੋਂ) ਚਲੇ ਜਾਣਾ–ਇਹ ਲੇਖ ਕਰਤਾਰ ਨੇ ਆਪ ਹੀ ਹਰੇਕ ਜੀਵ ਦੇ ਮੱਥੇ ਉਤੇ ਲਿਖ ਰੱਖਿਆ ਹੈ। (ਹਰਨਾਖਸ਼ ਦੇ ਕੀਹ ਵੱਸ?) ਪ੍ਰਹਲਾਦ ਦਾ ਕੰਮ ਸੰਵਾਰਨ ਵਾਸਤੇ ਪਰਮਾਤਮਾ ਨੇ ਆਪਣੇ ਆਪ ਨੂੰ (ਨਰਸਿੰਘ ਰੂਪ ਵਿਚ) ਪਰਗਟ ਕੀਤਾ। (ਇਸ ਤਰ੍ਹਾਂ) ਭਗਤਾਂ ਦਾ ਬਚਨ ਪੂਰਾ ਹੋ ਗਿਆ (ਕਿ 'ਅਪੁਨੇ ਸੇਵਕ ਕਉ ਦੇ ਵਡਿਆਈ') ।੧੦।

ਦੇਵਕੁਲੀ ਲਖਿਮੀ ਕਉ ਕਰਹਿ ਜੈਕਾਰੁ ॥ ਮਾਤਾ ਨਰਸਿੰਘ ਕਾ ਰੂਪੁ ਨਿਵਾਰੁ ॥ ਲਖਿਮੀ ਭਉ ਕਰੈ ਨ ਸਾਕੈ ਜਾਇ ॥ ਪ੍ਰਹਲਾਦੁ ਜਨੁ ਚਰਣੀ ਲਾਗਾ ਆਇ ॥ ੧੧ ॥ ਸਤਿਗੁਰਿ ਨਾਮੁ ਨਿਧਾਨੁ ਦ੍ਰਿੜਾਇਆ॥ ਰਾਜੁ ਮਾਲੁ ਝੂਠੀ ਸਭ ਮਾਇਆ॥ਲੋਭੀ ਨਰ ਰਹੇ ਲਪਟਾਇ॥ ਹਰਿ ਕੇ ਨਾਮ ਬਿਨੁ ਦਰਗਹ ਮਿਲੈ ਸਜਾਇ ॥ ੧੨ ॥ ਕਹੈ ਨਾਨਕੁ ਸਭੁ ਕੋ

ਕਰੇ ਕਰਾਇਆ ॥ ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ॥ ਭਗਤਾ ਕਾ ਅੰਗੀਕਾਰੁ ਕਰਦਾ ਆਇਆ ॥ ਕਰਤੈ ਅਪਨਾ ਰੂਪੁ ਦਿਖਾਇਆ ॥ ੧੩ ॥ ੧ ॥ ੨ ॥

ਪਦ ਅਰਥ :—ਦੇਵ ਕੁਲੀ—ਦੇਵਤਿਆਂ ਦੀ ਸਾਰੀ ਕੁਲ, ਸਾਰੇ ਦੇਵਤੇ। ਲਖਿਮੀ—ਲੱਛਮੀ। ਕਉ—ਨੂੰ। ਕਰਹਿ—ਕਰਦੇ ਹਨ, ਕਰਨ ਲੱਗ ਪਏ। ਜੈਕਾਰੁ—ਨਮਸਕਾਰ, ਵਡਿਆਈ। ਮਾਤਾ—ਹੇ ਮਾਤਾ ! ਨਿਵਾਰੁ—ਦੂਰ ਕਰ। ਭਉ—ਡਰ। ਕਰੈ—ਕਰਦੀ ਹੈ। ਭਉ ਕਰੈ—ਡਰਦੀ ਹੈ, ਡਰਦੀ ਸੀ। ਨ ਜਾਇ ਸਾਕੈ—ਜਾ ਨਹੀਂ ਸਕਦੀ। ਆਇ—ਆ ਕੇ। ੧੧।

ਸਤਿਗੁਰਿ—ਗੁਰੂ ਨੇ। ਨਿਧਾਨੁ—ਖ਼ਜ਼ਾਨਾ। ਦ੍ਰਿੜਾਇਆ—ਹਿਰਦੇ ਵਿਚ ਪੱਕਾ ਕਰ ਦਿੱਤਾ। ਸਭ—ਸਾਰੀ। ਰਹੇ ਲਪਟਾਇ—ਚੰਬੜ ਰਹੇ ਹਨ। ਦਰਗਹ—ਪ੍ਰਭੂ ਦੀ ਹਜ਼ੂਰੀ ਵਿਚ। ੧੨।

ਸਭੁ ਕੋ—ਹਰੇਕ ਜੀਵ। ਕਰਾਇਆ—ਪਰਮਾਤਮਾ ਦਾ ਪ੍ਰੇਰਿਆ ਹੋਇਆ। ਸੇ—ਉਹ [ਬਹੁ ਵਚਨ]। ਸਿਉ—ਨਾਲ। ਅੰਗੀਕਾਰੁ—ਪੱਖ, ਸਹਾਇਤਾ। ਕਰਤੈ—ਕਰਤਾਰ ਨੇ। ੧੩।

ਅਰਥ :—ਹੇ ਭਾਈ ! ਸਾਰੇ ਦੇਵਤਿਆਂ ਨੇ ਲੱਛਮੀ ਦੀ ਵਡਿਆਈ ਕੀਤੀ (ਤੇ ਆਖਿਆ—) ਹੇ ਮਾਤਾ ! (ਪ੍ਰੇਰਨਾ ਕਰ ਤੇ ਆਖ—ਹੇ ਪ੍ਰਭੂ !) ਨਰਸਿੰਘ ਵਾਲਾ ਰੂਪ ਦੂਰ ਕਰ। (ਪਰ) ਲੱਛਮੀ ਭੀ ਡਰਦੀ ਸੀ, ਉਹ ਭੀ (ਨਰਸਿੰਘ ਦੇ ਨੇੜੇ) ਨਹੀਂ ਜਾ ਸਕਦੀ ਸੀ। (ਪਰਮਾਤਮਾ ਦਾ) ਭਗਤ ਪ੍ਰਹਲਾਦ (ਨਰਸਿੰਘ ਦੀ) ਚਰਨੀਂ ਆ ਲੱਗਾ। ੧੧।

ਹੇ ਭਾਈ ! ਗੁਰੂ ਨੇ (ਜਿਸ ਮਨੁੱਖ ਦੇ ਹਿਰਦੇ ਵਿਚ)ਪਰਮਾਤਮਾ ਦਾ ਨਾਮ ਖ਼ਜ਼ਾਨਾ ਪੱਕਾ ਕਰ ਦਿੱਤਾ (ਉਸ ਨੂੰ ਦਿੱਸ ਪੈਂਦਾ ਹੈ ਕਿ) ਦੁਨੀਆ ਦਾ ਰਾਜ ਮਾਲ ਤੇ ਸਾਰੀ ਮਾਇਆ—ਇਹ ਸਭ ਕੁਝ ਨਾਸਵੰਤ ਹੈ। ਪਰ ਲਾਲਚੀ ਬੰਦੇ ਸਦਾ ਇਸ ਨਾਲ ਹੀ ਚੰਬੜੇ ਰਹਿੰਦੇ ਹਨ। ਪਰਮਾਤਮਾ ਦੇ ਨਾਮ ਤੋਂ ਬਿਨਾ (ਉਹਨਾਂ ਨੂੰ)ਪਰਮਾਤਮਾ ਦੀ ਹਜ਼ੂਰੀ ਵਿਚ ਸਜ਼ਾ ਮਿਲਦੀ ਹੈ। ੧੨।

ਹੇ ਭਾਈ ! ਨਾਨਕ ਆਖਦਾ ਹੈ—(ਜੀਵਾਂ ਦੇ ਭੀ ਕੀਹ ਵੱਸ ?) ਹਰੇਕ ਜੀਵ ਪਰਮਾਤਮਾ ਦਾ ਪ੍ਰੇਰਿਆ ਹੋਇਆ ਹੀ ਕਰਦਾ ਹੈ। ਜਿੰਨ੍ਹਾਂ ਨੇ (ਇਥੇ) ਪਰਮਾਤਮਾ(ਦੇ ਨਾਮ) ਨਾਲ ਚਿੱਤ ਜੋੜਿਆ, ਉਹ ਪ੍ਰਭੂ ਦੀ ਹਜ਼ੂਰੀ ਵਿਚ ਕਬੂਲ ਹੋ ਗਏ। ਹੇ ਭਾਈ ! ਧੁਰ ਤੋਂ

ਹੀ ਪਰਮਾਤਮਾ ਆਪਣੇ ਭਗਤਾਂ ਦਾ ਪੱਖ ਕਰਦਾ ਆ ਰਿਹਾ ਹੈ। ਕਰਤਾਰ ਨੇ (ਸਦਾ ਹੀ ਆਪਣੇ ਭਗਤਾਂ ਨੂੰ) ਆਪਣਾ ਦਰਸਨ ਦਿੱਤਾ ਹੈ (ਤੇ ਉਹਨਾਂ ਦੀ ਸਹਾਇਤਾ ਕੀਤੀ ਹੈ) ।੧੩।੧।੨।

ਭੈਰਉ ਮਹਲਾ ੩ ॥ ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥ ਹਰਿ ਕਾ ਨਾਮੁ ਹ੍ਰਿਦੈ ਮਨਿ ਵਸਿਆ ਮਨਸਾ ਮਨਹਿ ਸਮਾਈ ॥ ੧ ॥ ਹਰਿ ਜੀਉ ਕ੍ਰਿਪਾ ਕਰਹੁ ਮੇਰੇ ਪਿਆਰੇ ॥ ਅਨਦਿਨੁ ਹਰਿ ਗੁਣ ਦੀਨ ਜਨੁ ਮਾਂਗੈ ਗੁਰ ਕੈ ਸਬਦਿ ਉਧਾਰੇ ॥ ੧ ॥ ਰਹਾਉ ॥ ਸੰਤ ਜਨਾ ਕਉ ਜਮੁ ਜੋਹਿ ਨ ਸਾਕੈ ਰਤੀ ਅੰਚ ਦੂਖ ਨ ਲਾਈ ॥ ਆਪਿ ਤਰਹਿ ਸਗਲੇ ਕੁਲ ਤਾਰਹਿ ਜੋ ਤੇਰੀ ਸਰਣਾਈ ॥ ੨ ॥ ਭਗਤਾ ਕੀ ਪੈਜ ਰਖਹਿ ਤੂ ਆਪੇ ਏਹ ਤੇਰੀ ਵਡਿਆਈ॥ ਜਨਮ ਜਨਮ ਕੇ ਕਿਲਵਿਖ ਦੁਖ ਕਾਟਹਿ ਦੁਬਿਧਾ ਰਤੀ ਨ ਰਾਈ ॥ ੩ ॥ ਹਮ ਮੂੜ ਮੁਗਧ ਕਿਛੁ ਬੂਝਹਿ ਨਾਹੀ ਤੂ ਆਪੇ ਦੇਹਿ ਬੁਝਾਈ ॥ ਜੋ ਤੁਧੁ ਭਾਵੈ ਸੋਈ ਕਰਸੀ ਅਵਰੁ ਨ ਕਰਣਾ ਜਾਈ ॥ ੪ ।.

ਪਦ ਅਰਥ :—ਤੇ—ਤੋਂ । ਗੁਰ ਸੇਵਾ ਤੇ—ਗੁਰੂ ਦੀ ਸੇਵਾ ਤੋਂ, ਗੁਰੂ ਦੀ ਸਰਨ ਪੈਣ ਨਾਲ । ਅੰਮ੍ਰਿਤ ਫਲੁ—ਆਤਮਕ ਜੀਵਨ ਦੇਣ ਵਾਲਾ ਨਾਮ-ਫਲ । ਤ੍ਰਿਸਨ—ਤ੍ਰਿਸ਼ਨਾ, ਮਾਇਆ ਦਾ ਲਾਲਚ । ਹ੍ਰਿਦੈ—ਹਿਰਦੇ ਵਿਚ । ਮਨਿ—ਮਨ ਵਿਚ । ਮਨਸਾ—ਮਨ ਦਾ ਫੁਰਨਾ [ਸੰਜੀਸ਼ਾ] । ਮਨਹਿ—ਮਨਿ ਹੀ, ਮਨ ਵਿਚ ਹੀ । ਸਮਾਈ—ਲੀਨ ਹੋ ਜਾਂਦੀ ਹੈ । ੧ ।

ਹਰਿ—ਹੇ ਹਰੀ ! ਅਨਦਿਨੁ—ਹਰ ਰੋਜ਼, ਹਰ ਵੇਲੇ । ਦੀਨ ਜਨੁ—ਗਰੀਬ ਸੇਵਕ । ਮਾਂਗੈ—ਮੰਗਦਾ ਹੈ [ਇਕ ਵਚਨ] । ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਉਧਾਰੇ—ਉਧਾਰਿ, (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ । ੧ । ਰਹਾਉ ।

ਕਉ—ਨੂੰ । ਜੋਹਿ ਨ ਸਾਕੈ—ਤੱਕ ਨਹੀਂ ਸਕਦਾ । ਰਤੀ—ਰਤਾ ਭਰ ਭੀ । ਅੰਚ—ਸੇਕ । ਨ ਲਾਈ—ਨਹੀਂ ਲਾਂਦਾ । ਤਰਹਿ—ਤਰ ਜਾਂਦੇ ਹਨ [ਬਹੁ ਵਚਨ] । ਸਗਲੇ—ਸਾਰੇ । ੨ ।

ਪੈਜ—ਲਾਜ, ਇੱਜ਼ਤ । ਆਪੇ—ਆਪ ਹੀ । ਵਡਿਆਈ—ਵਡ-ਦਿਲੀ। ਕਿਲਵਿਖ—ਪਾਪ । ਕਾਟਹਿ—ਤੂੰ ਕੱਟ ਦੇਂਦਾ ਹੈਂ । ਦੁਬਿਧਾ—ਮੇਰ-ਤੇਰ, ਦੁ-ਕਿਸਮਾ-ਪਨ । ਰਾਈ—ਰਤਾ ਭੀ । ੩ ।

ਹਮ—ਅਸੀ ਜੀਵ । ਮੁਗਧ—ਮੂਰਖ । ਬੂਝਹਿ—(ਅਸੀ) ਸਮਝਦੇ । ਦੇਹਿ—ਤੂੰ ਦੇਂਦਾ ਹੈਂ । ਬੁਝਾਈ—(ਆਤਮਕ ਜੀਵਨ ਦੀ) ਸਮਝ । ਜੋ—ਜੋ ਕੰਮ । ਤੁਧੁ ਭਾਵੈ—ਤੈਨੂੰ ਚੰਗਾ ਲੱਗਦਾ ਹੈ । ਕਰਸੀ—(ਹਰੇਕ ਜੀਵ) ਕਰੇਗਾ । ਅਵਰੁ—ਹੋਰ ਕੰਮ ।੪।

ਅਰਥ :—ਹੇ ਮੇਰੇ ਪਿਆਰੇ ਪ੍ਰਭੂ ਜੀ ! (ਮੈਂ ਗਰੀਬ ਉਤੇ) ਮਿਹਰ ਕਰ । (ਤੇਰੇ ਦਰ ਦਾ) ਗਰੀਬ ਸੇਵਕ (ਤੈਥੋਂ) ਹਰ ਵੇਲੇ ਤੇਰੇ ਗੁਣ (ਗਾਣ ਦੀ ਦਾਤਿ) ਮੰਗਦਾ ਹੈ । ਹੇ ਪ੍ਰਭੂ ! ਮੈਨੂੰ ਗੁਰੂ ਦੇ ਸ਼ਬਦ ਦੀ ਰਾਹੀਂ (ਵਿਕਾਰਾਂ ਤੋਂ) ਬਚਾਈ ਰੱਖ । ੧ । ਰਹਾਉ ।

ਹੇ ਭਾਈ ! ਜਿਸ ਮਨੁੱਖ ਨੇ ਗੁਰੂ ਦੀ ਸਰਨ ਪੈ ਕੇ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਫਲ ਪ੍ਰਾਪਤ ਕਰ ਲਿਆ, ਉਸ ਨੇ (ਆਪਣੇ ਅੰਦਰੋਂ) ਹਉਮੈ ਅਤੇ ਤ੍ਰਿਸ਼ਨਾ (ਦੀ ਅੱਗ) ਬੁਝਾ ਲਈ । ਪਰਮਾਤਮਾ ਦਾ ਨਾਮ ਉਸ ਦੇ ਹਿਰਦੇ ਵਿਚ ਉਸ ਦੇ ਮਨ ਵਿਚ ਵੱਸ ਪਿਆ, ਉਸ ਦੇ ਮਨ ਦਾ (ਮਾਇਕ) ਫੁਰਨਾ ਮਨ ਵਿਚ ਹੀ ਲੀਨ ਹੋ ਗਿਆ । ੧ ।

ਹੇ ਭਾਈ ! ਪਰਮਾਤਮਾ ਦੀ ਭਗਤੀ ਕਰਨ ਵਾਲੇ ਬੰਦਿਆਂ ਵਲ ਜਮਰਾਜ (ਭੀ) ਤੱਕ ਨਹੀਂ ਸਕਦਾ, (ਦੁਨੀਆ ਦੇ) ਦੁੱਖਾਂ ਦਾ ਰਤਾ ਭਰ ਭੀ ਸੇਕ (ਉਹਨਾਂ ਨੂੰ) ਲਾ ਨਹੀਂ ਸਕਦਾ । ਹੇ ਪ੍ਰਭੂ ! ਜਿਹੜੇ ਮਨੁੱਖ ਤੇਰੀ ਸਰਨ ਆ ਪੈਂਦੇ ਹਨ, ਉਹ ਆਪ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ, ਆਪਣੀਆਂ ਸਾਰੀਆਂ ਕੁਲਾਂ ਨੂੰ ਭੀ ਪਾਰ ਲੰਘਾ ਲੈਂਦੇ ਹਨ । ੨ ।

ਹੇ ਪ੍ਰਭੂ ! ਆਪਣੇ ਭਗਤਾਂ ਦੀ (ਲੋਕ ਪਰਲੋਕ ਵਿਚ) ਇੱਜ਼ਤ ਤੂੰ ਆਪ ਹੀ ਰੱਖਦਾ ਹੈਂ, ਇਹ ਤੇਰੀ ਬਜ਼ੁਰਗੀ ਹੈ । ਤੂੰ ਉਹਨਾਂ ਦੇ (ਪਿਛਲੇ) ਅਨੇਕਾਂ ਹੀ ਜਨਮਾਂ ਦੇ ਪਾਪ ਤੇ ਦੁੱਖ ਕੱਟ ਦੇਂਦਾ ਹੈਂ, ਉਹਨਾਂ ਦੇ ਅੰਦਰ ਰਤਾ ਭਰ ਰਾਈ ਭਰ ਭੀ ਮੇਰ-ਤੇਰ ਨਹੀਂ ਰਹਿ ਜਾਂਦੀ । ੩ ।

ਹੇ ਪ੍ਰਭੂ ! ਅਸੀ (ਜੀਵ) ਮੂਰਖ ਹਾਂ ਅੰਞਾਣ ਹਾਂ, ਅਸੀ (ਆਤਮਕ ਜੀਵਨ ਦਾ ਸਹੀ ਰਸਤਾ) (ਰਤਾ ਭੀ) ਨਹੀਂ ਸਮਝਦੇ, ਤੂੰ ਆਪ ਹੀ (ਸਾਨੂੰ ਇਹ) ਸਮਝ ਦੇਂਦਾ ਹੈਂ । ਹੇ ਪ੍ਰਭੂ ! ਜਿਹੜਾ ਕੰਮ ਤੈਨੂੰ ਚੰਗਾ ਲੱਗਦਾ ਹੈ, ਉਹੀ (ਹਰੇਕ ਜੀਵ) ਕਰਦਾ ਹੈ, (ਉਸ ਤੋਂ ਉਲਟ) ਹੋਰ ਕੋਈ ਕੰਮ ਨਹੀਂ ਕੀਤਾ ਜਾ ਸਕਦਾ । ੪ ।

ਜਗਤੁ ਉਪਾਇ ਤੁਧੁ ਧੰਧੈ ਲਾਇਆ ਭੂੰਡੀ ਕਾਰ ਕਮਾਈ ॥ ਜਨਮੁ ਪਦਾਰਥੁ ਜੂਐ ਹਾਰਿਆ ਸਬਦੈ ਸੁਰਤਿ ਨ ਪਾਈ ॥ ੫ ॥ ਮਨਮੁਖਿ ਮਰਹਿ ਤਿਨ ਕਿਛੂ ਨ ਸੂਝੈ ਦੁਰਮਤਿ ਅਗਿਆਨ ਅੰਧਾਰਾ ॥ ਭਵਜਲੁ

ਪਾਰਿ ਨ ਪਾਵਹਿ ਕਬ ਹੀ ਡੂਬਿ ਮੁਏ ਬਿਨੁ ਗੁਰ ਸਿਰਿ ਭਾਰਾ ॥ ੬ ॥ ਸਾਚੇ ਸਬਦਿ ਰਤੇ ਜਨ ਸਾਚੇ ਹਰਿ ਪ੍ਰਭਿ ਆਪਿ ਮਿਲਾਏ॥ ਗੁਰ ਕੀ ਬਾਣੀ ਸਬਦਿ ਪਛਾਤੀ ਸਾਚਿ ਰਹੇ ਲਿਵ ਲਾਏ ॥ ੭ ॥ ਤੂੰ ਆਪਿ ਨਿਰਮਲੁ ਤੇਰੇ ਜਨ ਹੈ ਨਿਰਮਲ ਗੁਰ ਕੈ ਸਬਦਿ ਵੀਚਾਰੇ ॥ ਨਾਨਕੁ ਤਿਨ੍ ਕੈ ਸਦ ਬਲਿਹਾਰੈ ਰਾਮਨਾਮੁ ਉਰਿਧਾਰੇ ॥ ੮ ॥ ੨ ॥ ੩ ॥

ਪਦ ਅਰਥ :–ਉਪਾਇ–ਪੈਦਾ ਕਰ ਕੇ। ਧੰਧੈ–(ਦੁਨੀਆ ਦੇ) ਧੰਧੇ ਵਿਚ। ਕੂੜੀ–ਭੈੜੀ। ਜੂਐ–ਜੂਏ ਵਿਚ। ਸਬਦੈ–ਸ਼ਬਦ ਦੀ ਰਾਹੀਂ। ਸੁਰਤਿ–ਆਤਮਕ ਜੀਵਨ ਦੀ ਸੂਝ। ੫।

ਮਨਮੁਖਿ–ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਮਰਹਿ–ਮਰ ਜਾਂਦੇ ਹਨ, ਆਤਮਕ ਮੌਤ ਸਹੇੜ ਲੈਂਦੇ ਹਨ। ਅਗਿਆਨ–ਆਤਮਕ ਜੀਵਨ ਵਲੋਂ ਬੇ-ਸਮਝੀ। ਅੰਧੇਰਾ–ਹਨੇਰਾ। ਭਵਜਲੁ–ਸੰਸਾਰ-ਸਮੁੰਦਰ। ਡੂਬਿ ਮੁਏ–(ਵਿਕਾਰਾਂ ਵਿਚ) ਡੁੱਬ ਕੇ ਆਤਮਕ ਮੌਤ ਸਹੇੜ ਲੈਂਦੇ ਹਨ। ਸਿਰਿ ਭਾਰਾ–ਸਿਰ-ਪਰਨੇ। ੬।

ਸਾਚੇ ਸਬਦਿ–ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਵਿਚ। ਰਤੇ–ਰੱਤੇ, ਰੰਗੇ ਹੋਏ। ਪ੍ਰਭਿ–ਪ੍ਰਭੂ ਨੇ। ਬਾਣੀ–ਆਤਮ ਤਰੰਗ, ਵਲਵਲਾ। ਸਬਦਿ–ਸ਼ਬਦ ਦੀ ਰਾਹੀਂ। ਪਛਾਤੀ–ਸਾਂਝ ਪਾ ਲਈ। ਸਾਚਿ–ਸਦਾ-ਥਿਰ ਪ੍ਰਭੂ ਵਿਚ। ਰਹੇ ਲਾਏ–ਲਾਇ ਰਹੇ, ਲਾਈ ਰੱਖਦੇ ਹਨ। ੭।

ਨਿਰਮਲੁ–ਪਵਿੱਤਰ ['ਨਿਰਮਲੁ' ਇਕ ਵਚਨ; 'ਨਿਰਮਲ' ਬਹੁ ਵਚਨ]। ਹੈ–ਹੈਂ, ਹਨ। ਵੀਚਾਰੇ–ਵਿਚਾਰਿ, ਗੁਣਾਂ ਦੀ ਵਿਚਾਰ ਕਰ ਕੇ। ਸਦ–ਸਦਾ। ਬਲਿਹਾਰੈ–ਸਦਕੇ। ਉਰਿ–ਹਿਰਦੇ ਵਿਚ। ੮।

ਅਰਥ :–ਹੇ ਪ੍ਰਭੂ! (ਤੂੰ ਆਪ ਹੀ) ਜਗਤ ਨੂੰ ਪੈਦਾ ਕਰ ਕੇ (ਤੂੰ ਆਪ ਹੀ ਇਸ ਨੂੰ ਮਾਇਆ ਦੇ) ਧੰਧੇ ਵਿਚ ਲਾ ਰੱਖਿਆ ਹੈ, (ਤੇਰੀ ਪ੍ਰੇਰਨਾ ਨਾਲ ਹੀ ਜਗਤ ਮਾਇਆ ਦੇ ਮੋਹ ਦੀ) ਭੈੜੀ ਕਾਰ ਕਰ ਰਿਹਾ ਹੈ। (ਮਾਇਆ ਦੇ ਮੋਹ ਵਿਚ ਫਸ ਕੇ ਜਗਤ ਨੇ) ਕੀਮਤੀ ਮਨੁੱਖਾ ਜਨਮ ਨੂੰ (ਜੁਆਰੀਏ ਵਾਂਗ) ਜੂਏ ਵਿਚ ਹਾਰ ਦਿੱਤਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ (ਜਗਤ ਨੇ) ਆਤਮਕ ਜੀਵਨ ਦੀ ਸੂਝ ਹਾਸਲ ਨਹੀਂ ਕੀਤੀ। ੫।

ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਆਤਮਕ ਮੌਤ ਸਹੇੜ ਲੈਂਦੇ ਹਨ, ਉਹਨਾਂ ਨੂੰ ਆਤਮਕ ਜੀਵਨ ਦੀ ਰਤਾ ਭੀ ਸਮਝ ਨਹੀਂ ਪੈਂਦੀ। ਭੈੜੀ ਮਤਿ ਦਾ, ਆਤਮਕ ਜੀਵਨ ਵਲੋਂ ਬੇ-ਸਮਝੀ ਦਾ (ਉਹਨਾਂ ਦੇ ਅੰਦਰ) ਹਨੇਰਾ ਪਿਆ ਰਹਿੰਦਾ

ਹੈ। ਉਹ ਮਨੁੱਖ ਗੁਰੂ ਦੀ ਸਰਨ ਪੈਣ ਤੋਂ ਬਿਨਾ ਵਿਕਾਰਾਂ ਵਿਚ ਸਿਰ-ਪਰਨੇ ਡੁੱਬ ਕੇ ਆਤਮਕ ਮੌਤ ਸਹੇੜ ਲੈਂਦੇ ਹਨ, ਉਹ ਕਦੇ ਭੀ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘ ਸਕਦੇ । ੬ ।

ਹੇ ਭਾਈ ! ਜਿਹੜੇ ਮਨੁੱਖ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਵਿਚ ਰੰਗੇ ਰਹਿੰਦੇ ਹਨ ਉਹ ਸਦਾ-ਥਿਰ ਪ੍ਰਭੂ ਦਾ ਰੂਪ ਹੋ ਜਾਂਦੇ ਹਨ। ਪ੍ਰਭੂ ਨੇ ਆਪ ਹੀ ਉਹਨਾਂ ਨੂੰ ਆਪਣੇ ਨਾਲ ਮਿਲਾ ਲਿਆ ਹੁੰਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ ਉਹਨਾਂ ਨੇ ਗੁਰੂ ਦੇ ਆਤਮ-ਤਰੰਗ ਨਾਲ ਸਾਂਝ ਪਾ ਲਈ ਹੁੰਦੀ ਹੈ। ਉਹ ਮਨੁੱਖ ਸਦਾ-ਥਿਰ ਪ੍ਰਭੂ ਵਿਚ ਸੁਰਤਿ ਜੋੜੀ ਰੱਖਦੇ ਹਨ । ੭ ।

ਹੇ ਪ੍ਰਭੂ ! ਤੂੰ ਆਪ ਪਵਿੱਤਰ ਸਰੂਪ ਹੈਂ । ਤੇਰੇ ਸੇਵਕ ਗੁਰੂ ਦੇ ਸ਼ਬਦ ਦੀ ਰਾਹੀਂ (ਤੇਰੇ ਗੁਣਾਂ ਦਾ) ਵਿਚਾਰ ਕਰ ਕੇ ਪਵਿੱਤਰ ਜੀਵਨ ਵਾਲੇ ਹੋ ਜਾਂਦੇ ਹਨ। ਹੇ ਭਾਈ ! ਨਾਨਕ ਉਹਨਾਂ ਮਨੁੱਖਾਂ ਤੋਂ ਸਦਾ ਸਦਕੇ ਜਾਂਦਾ ਹੈ, ਜਿਹੜੇ ਪਰਮਾਤਮਾ ਦਾ ਨਾਮ (ਆਪਣੇ) ਹਿਰਦੇ ਵਿਚ ਵਸਾਈ ਰੱਖਦੇ ਹਨ। ੮ । ੨ । ੩ ।

ਭੈਰਉ ਮਹਲਾ ੫ ਅਸਟਪਦੀਆ ਘਰੁ ੨

ੴ ਸਤਿਗੁਰ ਪ੍ਰਸਾਦਿ ।। ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ।। ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ।। ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥ ਨਾਮ ਬਿਨਾ ਜਨਮੁ ਬਿਰਥਾ ਜਾਏ ।। ੧ ।। ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ।। ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ।। ੧ ।। ਰਹਾਉ ॥ ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ।। ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥ ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥ ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ।। ੨ ।। ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥ ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥ ਜਿਸੁ ਨਾਮੁ ਰਿਦੈ ਤਿਨਿ ਨਉਨਿਧਿ ਪਾਈ ॥ ਨਾਮ ਬਿਨਾ ਭ੍ਰਮਿ ਆਵੈ ਜਾਈ ॥ ੩ ॥ ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ।। ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ।। ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ।। ਨਾਮ ਬਿਨਾ ਮਨਮੁਖ ਗਾਵਾਰਾ ।। ੪ ।।

ਪਦ ਅਰਥ :—ਜਿਸੁ ਰਿਦੈ—ਜਿਸ ਮਨੁੱਖ ਦੇ ਹਿਰਦੇ ਵਿਚ । ਕਾਜਾ—ਕੰਮ । ਤਿਨਿ —ਉਸ (ਮਨੁੱਖ) ਨੇ । ਕੋਟਿ—ਕ੍ਰੋੜਾਂ । ਕੋਟਿ ਧਨ—ਕ੍ਰੋੜਾਂ ਕਿਸਮਾਂ ਦੇ ਧਨ । ਬਿਰਥਾ—

ਵਿਅਰਥ। ੧।

ਤਿਸੁ—ਉਸ (ਮਨੁੱਖ) ਨੂੰ। ਸਾਲਾਹੀ—ਸਾਲਾਹੀਂ, ਮੈਂ ਸਲਾਹੁੰਦਾ ਹਾਂ। ਰਾਸਿ—ਸਰਮਾਇਆ, ਪੂੰਜੀ। ਜਿਸੁ ਮਸਤਕਿ—ਜਿਸ ਮਨੁੱਖ ਦੇ ਮੱਥੇ ਉਤੇ। ਗੁਰ ਹਾਥੁ—ਗੁਰੂ ਦਾ ਹੱਥ। ੧। ਰਹਾਉ।

ਕੋਟ ਕਈ—ਕਈ ਕਿਲ੍ਹੇ। ਸੈਨਾ—ਫ਼ੌਜਾਂ। ਸਹਜ ਸੁਖੈਨਾ—ਆਤਮਕ ਅਡੋਲਤਾ ਦੇ ਸੁਖ। ਮੂਆ—ਆਤਮਕ ਮੌਤੇ ਮਰਿਆ ਹੋਇਆ। ੨।

ਜੀਵਨ ਮੁਕਤਾ—ਜੀਊਂਦਾ ਮੁਕਤ, ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਤੋਂ ਬਚਿਆ ਹੋਇਆ। ਜੁਗਤਾ—ਸੁਚੱਜੇ ਜੀਵਨ ਦੀ ਜਾਚ। ਤਿਨਿ—ਉਸ ਨੇ। ਨਉਨਿਧਿ—(ਧਰਤੀ ਦੇ ਸਾਰੇ) ਨੌਂ ਖ਼ਜ਼ਾਨੇ। ਭ੍ਰਮਿ—ਭਟਕਣਾ ਵਿਚ (ਪੈ ਕੇ) । ੩।

ਸਦ—ਸਦਾ। ਲਾਹਾ—ਲਾਭ, ਆਤਮਕ ਜੀਵਨ ਦੀ ਖੱਟੀ। ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲਾ। ਗਾਵਾਰਾ—ਮੂਰਖ। ੪।

ਅਰਥ :—ਹੇ ਭਾਈ! ਮੈਂ ਉਸ ਮਨੁੱਖ ਨੂੰ ਵਡਿਆਉਂਦਾ ਹਾਂ ਜਿਸ ਦੇ ਪਾਸ ਪਰਮਾਤਮਾ ਦਾ ਨਾਮ-ਧਨ ਸਰਮਾਇਆ ਹੈ। ਜਿਸ ਮਨੁੱਖ ਦੇ ਮੱਥੇ ਉੱਤੇ ਗੁਰੂ ਦਾ ਹੱਥ ਟਿਕਿਆ ਹੋਇਆ ਹੋਵੇ, ਉਹ ਵੱਡੇ ਭਾਗਾਂ ਵਾਲਾ ਹੈ। ੧। ਰਹਾਉ।

ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ ਉਹੀ (ਸਭ ਰਾਜਿਆਂ ਤੋਂ) ਵੱਡਾ ਰਾਜਾ ਹੈ, ਉਸ ਮਨੁੱਖ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ, ਉਸ ਨੇ (ਮਾਨੋ) ਕ੍ਰੋੜਾਂ ਕਿਸਮਾਂ ਦੇ ਧਨ ਪ੍ਰਾਪਤ ਕਰ ਲਏ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਮਨੁੱਖ ਦਾ ਜੀਵਨ ਵਿਅਰਥ ਚਲਾ ਜਾਂਦਾ ਹੈ। ੧।

ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹ (ਮਾਨੋ) ਕਈ ਕਿਲ੍ਹਿਆਂ ਤੇ ਫ਼ੌਜਾਂ (ਦਾ ਮਾਲਕ ਹੋ ਜਾਂਦਾ ਹੈ), ਉਸ ਨੂੰ ਆਤਮਕ ਅਡੋਲਤਾ ਦੇ ਸਾਰੇ ਸੁਖ ਮਿਲ ਜਾਂਦੇ ਹਨ, ਉਸ ਦਾ ਹਿਰਦਾ (ਪੂਰਨ ਤੌਰ ਤੇ) ਸ਼ਾਂਤ ਰਹਿੰਦਾ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਮਨੁੱਖ ਆਤਮਕ ਮੌਤ ਸਹੇੜ ਲੈਂਦਾ ਹੈ ਉਸ ਦਾ ਜੀਵਨ ਫਿਟਕਾਰ-ਜੋਗ ਹੋ ਜਾਂਦਾ ਹੈ। ੨।

ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਆ ਵੱਸਦਾ ਹੈ, ਉਹ ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਹੀ ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿੰਦਾ ਹੈ, ਉਸ ਨੂੰ ਸੁਚੱਜੇ ਜੀਵਨ ਦੀ ਸਾਰੀ ਜਾਚ ਆ ਜਾਂਦੀ ਹੈ, ਉਸ ਮਨੁੱਖ ਨੇ (ਮਾਨੋ, ਧਰਤੀ ਦੇ ਸਾਰੇ ਹੀ) ਨੌ ਖ਼ਜ਼ਾਨੇ ਪ੍ਰਾਪਤ ਕਰ ਲਏ ਹੁੰਦੇ ਹਨ। ਹੇ ਭਾਈ! ਪਰਮਾਤਮਾ

ਦੇ ਨਾਮ ਤੋਂ ਬਿਨਾ ਮਨੁੱਖ ਮਾਇਆ ਦੀ ਭਟਕਣਾ ਵਿਚ ਪੈ ਕੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ । ੩ ।

ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹ ਬੇ-ਮੁਥਾਜ ਟਿਕਿਆ ਰਹਿੰਦਾ ਹੈ (ਕਿਸੇ ਦੀ ਖ਼ੁਸ਼ਾਮਦ ਨਹੀਂ ਕਰਦਾ), ਉਸ ਨੂੰ ਉੱਚੇ ਆਤਮਕ ਜੀਵਨ ਦੀ ਖੱਟੀ ਸਦਾ ਹੀ ਪ੍ਰਾਪਤ ਰਹਿੰਦੀ ਹੈ, ਉਸ ਮਨੁੱਖ ਦਾ ਵੱਡਾ ਪਰਵਾਰ ਬਣ ਜਾਂਦਾ ਹੈ (ਭਾਵ, ਸਾਰਾ ਜਗਤ ਹੀ ਉਸ ਨੂੰ ਆਪਣਾ ਦਿੱਸਦਾ ਹੈ) । ਹੇ ਭਾਈ ! ਪਰਮਾਤਮਾ ਦੇ ਨਾਮ ਤੋਂ ਬਿਨਾ ਮਨੁੱਖ ਆਪਣੇ ਮਨ ਦਾ ਮੁਰੀਦ ਬਣ ਜਾਂਦਾ ਹੈ, (ਜੀਵਨ-ਜਾਚ ਵਲੋਂ) ਮੂਰਖ ਹੀ ਰਹਿ ਜਾਂਦਾ ਹੈ । ੪ ।

ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥ ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥ ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥ ਨਾਮ ਹੀਣ ਨਾਹੀ ਪਤਿ ਵੇਸਾਹੁ ॥ ੫ ॥ ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥ ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥ ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥ ੬ ॥ ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥ ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥ ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਨਾਮ ਬਿਨਾ ਫਿਰਿ ਆਵਣ ਜਾਣੁ ॥ ੭ ॥ ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥ ਸਾਧ ਸੰਗਤਿ ਮਹਿ ਲਖੇ ਗੋਪਾਲ ॥ ਆਵਣ ਜਾਣ ਰਹੇ ਸੁਖੁ ਪਾਇਆ ॥ ਕਹੁ ਨਾਨਕ ਤਤੈ ਤਤੁ ਮਿਲਾਇਆ ॥ ੮ ॥ ੧ ॥ ੪ ॥

ਪਦ ਅਰਥ :—ਜਿਸੁ ਰਿਦੈ—ਜਿਸ (ਮਨੁਖ) ਦੇ ਹਿਰਦੇ ਵਿਚ । ਨਿਹਚਲ—ਨਾਹ ਡੋਲਣ ਵਾਲਾ, (ਮਾਇਆ ਦੇ ਹੱਲਿਆਂ ਵੱਲੋਂ) ਅਡੋਲ । ਆਸਨੁ—ਹਿਰਦਾ-ਤਖ਼ਤ । ਤਖਤਿ—ਤਖ਼ਤ ਉਤੇ । ਤਿਸੁ ਨਿਵਾਸਨੁ—ਉਸ (ਮਨੁੱਖ) ਦਾ ਆਤਮਕ ਟਿਕਾਣਾ । ਸਾਚਾ—ਸਦਾ ਕਾਇਮ ਰਹਿਣ ਵਾਲਾ । ਸਾਹੁ—ਨਾਮ-ਧਨ ਦਾ ਸਾਹੂਕਾਰ । ਪਤਿ—ਇੱਜ਼ਤ। ਵੇਸਾਹੁ—ਇਤਬਾਰ । ੫ ।

ਜਾਤਾ—ਜਾਣਿਆ ਜਾਂਦਾ ਹੈ, ਪਰਗਟ ਹੋ ਜਾਂਦਾ ਹੈ, ਸੋਭਾ ਪ੍ਰਾਪਤ ਕਰਦਾ ਹੈ । ਪੁਰਖੁ—ਸਰਬ-ਵਿਆਪਕ ਪ੍ਰਭੂ (ਦਾ ਰੂਪ) ।ਬਿਧਾਤਾ—ਸਿਰਜਣਹਾਰ (ਦਾ ਰੂਪ)। ਤੇ—ਤੋਂ। ਊਚਾ—ਉੱਚੇ ਆਤਮਕ ਜੀਵਨ ਵਾਲਾ । ਭ੍ਰਮਿ—ਭ੍ਰਮੇ, ਭਟਕਦਾ ਹੈ । ਮੂਚਾ—ਬਹੁਤ । ਜੋਨੀ ਮੂਚਾ—ਬਹੁਤ ਜੂਨਾਂ ਵਿਚ । ੬ ।

ਪਹਾਰਾ—ਦੁਕਾਨ, ਲੁਹਾਰ ਦੀ ਦੁਕਾਨ ਜਿਸ ਵਿਚ ਲੋਹੇ ਆਦਿਕ ਤੋਂ ਕੁਝ ਘੜੀਦਾ ਹੈ, ਆਤਮਕ ਜੀਵਨ ਦੀ ਘਾੜਤ ਦੀ ਮਿਹਨਤ। ਪ੍ਰਗਟਿ—ਪ੍ਰਗਟੈ, ਪਰਗਟ ਹੋ ਜਾਂਦੀ ਹੈ। ਅੰਧਾਰਾ—ਮਾਇਆ ਦੇ ਮੋਹ ਦਾ ਹਨੇਰਾ। ਪਰਵਾਣੁ—ਕਬੂਲ। ਫਿਰਿ—ਮੁੜ ਮੁੜ। ਆਵਣ ਜਾਨੁ—ਜਨਮ ਮਰਨ ਦਾ ਗੇੜ। ੭।

ਤਿਨਿ—ਉਸ (ਮਨੁੱਖ) ਨੇ। ਜਿਸੁ—ਜਿਸ (ਮਨੁੱਖ) ਉੱਤੇ। ਲਖੇ—ਸਮਝ ਲੈਂਦਾ ਹੈ, ਵੇਖ ਲੈਂਦਾ ਹੈ। ਗੋੁਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ 'ਗੋਪਾਲ' ਹੈ, ਇੱਥੇ 'ਗੁਪਾਲ' ਪੜ੍ਹਨਾ ਹੈ]। ਰਹੇ—ਮੁੱਕ ਜਾਂਦੇ ਹਨ। ਨਾਨਕ—ਹੇ ਨਾਨਕ! ਤਤੈ—ਜਗਤ ਦੇ ਮੂਲ ਪਰਮਾਤਮਾ ਵਿਚ। ਤਤੁ—ਜੀਵਾਤਮਾ। ੮।

ਅਰਥ :—ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਸ ਦਾ ਹਿਰਦਾ-ਤਖ਼ਤ ਮਾਇਆ ਦੇ ਹੱਲਿਆਂ ਵਲੋਂ ਅਡੋਲ ਹੋ ਜਾਂਦਾ ਹੈ, (ਆਤਮਕ ਅਡੋਲਤਾ ਦੇ ਉੱਚੇ) ਤਖ਼ਤ ਉੱਤੇ ਉਸ ਦਾ (ਸਦਾ ਲਈ) ਨਿਵਾਸ ਹੋ ਜਾਂਦਾ ਹੈ, ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਨਾਮ-ਧਨ ਦਾ ਸ਼ਾਹ ਬਣ ਜਾਂਦਾ ਹੈ। ਹੇ ਭਾਈ! ਨਾਮ ਤੋਂ ਸੱਖਣੇ ਮਨੁੱਖ ਦੀ ਨਾਹ ਕਿਤੇ ਇੱਜ਼ਤ ਹੁੰਦੀ ਹੈ, ਨਾਹ ਕਿਤੇ ਇਤਬਾਰ ਬਣਦਾ ਹੈ। ੫।

ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਹ ਸਭ ਲੋਕਾਂ ਵਿਚ ਸੋਭਾ ਖੱਟਦਾ ਹੈ, ਉਹ ਮਨੁੱਖ ਸਰਬ-ਵਿਆਪਕ ਸਿਰਜਣਹਾਰ ਦਾ ਰੂਪ ਹੋ ਜਾਂਦਾ ਹੈ, ਉਹ ਸਭ ਤੋਂ ਉੱਚੇ ਆਤਮਕ ਜੀਵਨ ਵਾਲਾ ਬਣ ਜਾਂਦਾ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਮਨੁੱਖ ਅਨੇਕਾਂ ਜੂਨਾਂ ਵਿਚ ਭਟਕਦਾ ਹੈ।੬।

ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਆ ਵੱਸਦਾ ਹੈ, ਉਸ ਦੀ ਆਤਮਕ ਜੀਵਨ ਦੀ ਘਾੜਤ ਦੀ ਮਿਹਨਤ (ਸਭ ਥਾਂ) ਪਰਗਟ ਹੋ ਜਾਂਦੀ ਹੈ, ਉਸ ਦੇ ਅੰਦਰੋਂ ਮਾਇਆ ਦੇ ਮੋਹ ਦਾ ਹਨੇਰਾ ਮਿਟ ਜਾਂਦਾ ਹੈ, ਉਹ ਮਨੁੱਖ (ਪਰਮਾਤਮਾ ਦੀ ਦਰਗਾਹ ਵਿਚ) ਕਬੂਲ ਹੋ ਜਾਂਦਾ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਮੁੜ ਮੁੜ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। ੭।

ਹੇ ਭਾਈ! ਜਿਸ ਮਨੁੱਖ ਉੱਤੇ ਪਰਮਾਤਮਾ ਦਇਆਵਾਨ ਹੋ ਗਿਆ, ਉਸ ਨੇ ਹਰਿ-ਨਾਮ ਹਾਸਲ ਕਰ ਲਿਆ, ਸਾਧ ਸੰਗਤਿ ਵਿਚ (ਟਿਕ ਕੇ) ਉਸ ਨੇ ਸ੍ਰਿਸ਼ਟੀ ਦੇ ਪਾਲਨਹਾਰ ਦਾ ਦਰਸਨ ਕਰ ਲਿਆ, ਉਸ ਦੇ ਜਨਮ ਮਰਨ ਦੇ ਗੇੜ ਮੁੱਕ ਗਏ, ਉਸ ਨੇ ਆਤਮਕ ਆਨੰਦ ਪ੍ਰਾਪਤ ਕਰ ਲਿਆ। ਹੇ ਨਾਨਕ! ਆਖ—ਉਸ ਮਨੁੱਖ ਦੀ ਜਿੰਦ ਪਰਮਾਤਮਾ ਦੇ ਨਾਲ ਇੱਕ-ਮਿਕ ਹੋ ਗਈ। ੮। ੧। ੧੪।

ਭੈਰਉ ਮਹਲਾ ੫ ॥ ਕੋਟਿ ਬਿਸਨ ਕੀਨੇ ਅਵਤਾਰ ॥ ਕੋਟਿ ਬ੍ਰਹ-

ਮੰਡ ਜਾ ਕੇ ਧ੍ਰਮਸਾਲ ॥ ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥ ੧ ॥ ਐਸੋ ਧਣੀ ਗੁਵਿੰਦੁ ਹਮਾਰਾ ॥ ਬਰਨਿ ਨ ਸਾਕਉ ਗੁਣ ਬਿਸਥਾਰਾ ॥ ੧ ॥ਰਹਾਉ॥ ਕੋਟਿ ਮਾਇਆ ਜਾ ਕੈ ਸੇਵਕਾਇ ॥ ਕੋਟਿ ਜੀਅ ਜਾ ਕੀ ਸਿਹਜਾਇ ॥ ਕੋਟਿ ਉਪਾਰਜਨਾ ਤੇਰੈ ਅੰਗਿ ॥ ਕੋਟਿ ਭਗਤ ਬਸਤ ਹਰਿ ਸੰਗਿ ॥ ੨ ॥ ਕੋਟਿ ਛਤ੍ਰਪਤਿ ਕਰਤ ਨਮਸਕਾਰ॥ ਕੋਟਿ ਇੰਦ੍ਰ ਠਾਢੇ ਹੈ ਦੁਆਰ ॥ ਕੋਟਿ ਬੈਕੁੰਠ ਜਾ ਕੀ ਦ੍ਰਿਸਟੀ ਮਾਹਿ ॥ ਕੋਟਿ ਨਾਮ ਜਾ ਕੀ ਕੀਮਤਿ ਨਾਹਿ ॥ ੩ ॥ ਕੋਟਿ ਪੂਰੀਅਤ ਹੈ ਜਾ ਕੈ ਨਾਦ ॥ ਕੋਟਿ ਅਖਾਰੇ ਚਲਿਤ ਬਿਸਮਾਦ॥ ਕੋਟਿ ਸਕਤਿ ਸਿਵ ਆਗਿਆਕਾਰ ॥ ਕੋਟਿ ਜੀਅ ਦੇਵੈ ਆਧਾਰ ॥ ੪ ॥

ਪਦ ਅਰਥ :—ਕੋਟਿ—ਕ੍ਰੋੜ । ਧ੍ਰਮਸਾਲ—ਧਰਮ ਕਮਾਣ ਦੇ ਥਾਂ । ਮਹੇਸ—ਸ਼ਿਵ । ਉਪਾਇ—ਪੈਦਾ ਕਰ ਕੇ । ਸਮਾਏ—ਲੀਨ ਕਰ ਲਏ । ਬ੍ਰਹਮੇ—[ਲਫ਼ਜ਼ 'ਬ੍ਰਹਮਾ' ਤੋਂ ਬਹੁ ਵਚਨ] । ਸਾਜਣ—ਪੈਦਾ ਕਰਨ ਦੇ ਕੰਮ ਤੇ । ੧ ।

ਧਣੀ—ਮਾਲਕ । ਬਰਨਿ ਨ ਸਾਕਉ—ਬਰਨਿ ਨ ਸਾਕਉਂ, ਮੈਂ ਬਿਆਨ ਨਹੀਂ ਕਰ ਸਕਦਾ । ੧ । ਰਹਾਉ ।

ਜਾ ਕੈ—ਜਿਸ ਦੇ ਦਰ ਤੇ । ਸੇਵਕਾਇ—ਦਾਸੀਆਂ । ਜੀਅ—ਜੀਵ [ਬਹੁ ਵਚਨ] । ਸਿਹਜਾਇ-ਸੇਜ । ਉਪਾਰਜਨਾ—ਉਤਪੱਤੀਆਂ । ਤੇਰੈ ਅੰਗਿ—ਤੇਰੇ ਅੰਗ ਵਿਚ, ਤੇਰੇ ਆਪੇ ਵਿਚ । ਸੰਗਿ—ਨਾਲ । ੨ ।

ਛਤ੍ਰਪਤਿ—ਰਾਜੇ । ਠਾਢੇ—ਖਲੋਤੇ ਹੋਏ । ਜਾ ਕੀ—ਜਿਸ ਪਰਮਾਤਮਾ ਦੀ । ਦ੍ਰਿਸਟੀ ਮਾਹਿ—ਨਿਗਾਹ ਵਿਚ । ੩ ।

ਜਾ ਕੈ—ਜਿਸ ਦੇ ਦਰ ਤੇ । ਅਖਾਰੇ—ਜਗਤ-ਅਖਾੜੇ । ਚਲਿਤ—ਤਮਾਸ਼ੇ ।ਬਿਸਮਾਦ —ਹੈਰਾਨ ਕਰਨ ਵਾਲੇ । ਸਕਤਿ—ਮਾਇਆ, ਲੱਛਮੀ । ਸਿਵ—ਸ਼ਿਵ,ਜੀਵ । ਜੀਅ—ਜੀਵ [ਬਹੁ ਵਚਨ] । ਆਧਾਰ—ਆਸਰਾ । ੪ ।

ਅਰਥ :—ਹੇ ਭਾਈ ! ਸਾਡਾ ਮਾਲਕ ਪ੍ਰਭੂ ਇਹੋ ਜਿਹਾ (ਬੇਅੰਤ) ਹੈ ਕਿ ਮੈਂ ਉਸ ਦੇ ਗੁਣਾਂ ਦਾ ਵਿਸਥਾਰ ਬਿਆਨ ਨਹੀਂ ਕਰ ਸਕਦਾ । ੧ । ਰਹਾਉ ।

ਹੇ ਭਾਈ ! (ਉਹ ਗੋਬਿੰਦ ਐਸਾ ਹੈ ਜਿਸ ਨੇ) ਕ੍ਰੋੜਾਂ ਹੀ ਵਿਸ਼ਨੂ-ਅਵਤਾਰ ਬਣਾਏ, ਕ੍ਰੋੜਾਂ ਬ੍ਰਹਮੰਡ ਜਿਸ ਦੇ ਧਰਮ-ਅਸਥਾਨ ਹਨ, ਜਿਹੜਾ ਕ੍ਰੋੜਾਂ ਸ਼ਿਵ ਪੈਦਾ ਕਰ ਕੇ(ਆਪਣੇ ਵਿਚ ਹੀ) ਲੀਨ ਕਰ ਦੇਂਦਾ ਹੈ, ਜਿਸ ਨੇ ਕ੍ਰੋੜਾਂ ਹੀ ਬ੍ਰਹਮੇ ਜਗਤ ਪੈਦਾ ਕਰਨ ਦੇ ਕੰਮ

ਤੇ ਲਾਏ ਹੋਏ ਹਨ । ੧ ।

ਹੇ ਭਾਈ ! (ਉਹ ਗੋਬਿੰਦ ਐਸਾ ਮਾਲਕ ਹੈ ਕਿ) ਕ੍ਰੋੜਾਂ ਹੀ ਲੱਛਮੀਆਂ ਉਸ ਦੇ ਘਰ ਵਿਚ ਦਾਸੀਆਂ ਹਨ, ਕ੍ਰੋੜਾਂ ਹੀ ਜੀਵ ਉਸ ਦੀ ਸੇਜ ਹਨ । ਹੇ ਪ੍ਰਭੂ ! ਕ੍ਰੋੜਾਂ ਹੀ ਉਤਪੱਤੀਆਂ ਤੇਰੇ ਆਪੇ ਵਿਚ ਸਮਾ ਜਾਂਦੀਆਂ ਹਨ । ਹੇ ਭਾਈ ! ਕ੍ਰੋੜਾਂ ਹੀ ਭਗਤ ਪ੍ਰਭੂ ਦੇ ਚਰਨਾਂ ਵਿਚ ਵੱਸਦੇ ਹਨ । ੨ ।

ਹੇ ਭਾਈ ! (ਉਹ ਗੋਬਿੰਦ ਐਸਾ ਮਾਲਕ ਹੈ ਕਿ) ਕ੍ਰੋੜਾਂ ਰਾਜੇ ਉਸ ਅੱਗੇ ਸਿਰ ਨਿਵਾਂਦੇ ਹਨ, ਕ੍ਰੋੜਾਂ ਇੰਦ੍ਰ ਉਸ ਦੇ ਦਰ ਤੇ ਖੜੇ ਹਨ, ਕ੍ਰੋੜਾਂ ਹੀ ਬੈਕੁੰਠ ਉਸ ਦੀ (ਮਿਹਰ ਦੀ) ਨਿਗਾਹ ਵਿਚ ਹਨ, ਉਸ ਦੇ ਕ੍ਰੋੜਾਂ ਹੀ ਨਾਮ ਹਨ, (ਉਹ ਐਸਾ ਹੈ) ਕਿ ਉਸ ਦਾ ਮੁੱਲ ਨਹੀਂ ਪੈ ਸਕਦਾ । ੩ ।

ਹੇ ਭਾਈ ! (ਉਹ ਗੋਬਿੰਦ ਐਸਾ ਹੈ ਕਿ) ਉਸ ਦੇ ਦਰ ਤੇ ਕ੍ਰੋੜਾਂ (ਸੰਖ ਆਦਿਕ) ਨਾਦ ਪੂਰੇ (ਵਜਾਏ) ਜਾਂਦੇ ਹਨ, ਉਸ ਦੇ ਕ੍ਰੋੜਾਂ ਹੀ ਜਗਤ-ਅਖਾੜੇ ਹਨ, ਉਸ ਦੇ ਰਚੇ ਕੌਤਕ-ਤਮਾਸ਼ੇ ਹੈਰਾਨ ਕਰਨ ਵਾਲੇ ਹਨ । ਕ੍ਰੋੜਾਂ ਸ਼ਿਵ ਤੇ ਕ੍ਰੋੜਾਂ ਸ਼ਕਤੀਆਂ ਉਸ ਦੇ ਹੁਕਮ ਵਿਚ ਤੁਰਨ ਵਾਲੇ ਹਨ । ਹੇ ਭਾਈ ! ਉਹ ਮਾਲਕ ਕ੍ਰੋੜਾਂ ਜੀਵਾਂ ਨੂੰ ਆਸਰਾ ਦੇ ਰਿਹਾ ਹੈ । ੪ ।

ਕੋਟਿ ਤੀਰਥ ਜਾ ਕੇ ਚਰਨ ਮਝਾਰ ॥ ਕੋਟਿ ਪਵਿਤ੍ਰ ਜਪਤ ਨਾਮ ਚਾਰ ॥ ਕੋਟਿ ਪੂਜਾਰੀ ਕਰਤੇ ਪੂਜਾ ॥ ਕੋਟਿ ਬਿਸਥਾਰਨੁ ਅਵਰੁ ਨ ਦੂਜਾ ॥ ੫ ॥ ਕੋਟਿ ਮਹਿਮਾ ਜਾ ਕੀ ਨਿਰਮਲ ਹੰਸ ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ ॥ ਕੋਟਿ ਪਰਲਉ ਓਪਤਿ ਨਿਮਖ ਮਾਹਿ ॥ ਕੋਟਿ ਗੁਣਾ ਤੇਰੇ ਗਣੇ ਨ ਜਾਹਿ ॥ ੬ ॥ ਕੋਟਿ ਗਿਆਨੀ ਕਥਹਿ ਗਿਆਨੁ ॥ ਕੋਟਿ ਧਿਆਨੀ ਧਰਤ ਧਿਆਨੁ ॥ ਕੋਟਿ ਤਪੀਸਰ ਤਪ ਹੀ ਕਰਤੇ ॥ ਕੋਟਿ ਮੁਨੀਸਰ ਮੋੁਨਿ ਮਹਿ ਰਹਤੇ ॥ ੭ ॥ ਅਵਿਗਤ ਨਾਥੁ ਅਗੋਚਰ ਸੁਆਮੀ ॥ ਪੂਰਿ ਰਹਿਆ ਘਟ ਅੰਤਰਜਾਮੀ ॥ ਜਤ ਕਤ ਦੇਖਉ ਤੇਰਾ ਵਾਸਾ ॥ ਨਾਨਕ ਕਉ ਗੁਰਿ ਕੀਓ ਪ੍ਰਗਾਸਾ ॥ ੮ ॥ ੨ ॥ ੫ ॥

ਪਦ ਅਰਥ :—ਮਝਾਰ—ਵਿਚ । ਪਵਿਤ੍ਰ—ਸੁੱਚੇ ਜੀਵਨ ਵਾਲੇ ਜੀਵ । ਬਿਸਥਾਰਨੁ—ਖਿਲਾਰਾ । ਅਵਰੁ—ਹੋਰ । ਚਾਰ—ਸੁੰਦਰ । ੫ ।

ਨਿਰਮਲ ਹੰਸ—ਪਵਿੱਤਰ ਜੀਵਨ ਵਾਲੇ ਜੀਵ । ਬ੍ਰਹਮੰਸ—(ਸਨਕ, ਸਨੰਦਨ, ਸਨਾਤਨ, ਸਨਤਕੁਮਾਰ) ਬ੍ਰਹਮਾ ਦੇ ਪੁੱਤਰ । ਪਰਲਉ—ਨਾਸ । ਓਪਤਿ—ਉਤਪੱਤੀ । ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ । ੬ ।

ਗਿਆਨੀ—ਸਿਆਣੇ ਮਨੁੱਖ, ਆਤਮਕ ਜੀਵਨ ਦੀ ਸੂਝ ਰੱਖਣ ਵਾਲੇ। ਗਿਆਨੁ—ਪਰਮਾਤਮਾ ਦੇ ਗੁਣਾਂ ਦਾ ਵਿਚਾਰ। ਧਿਆਨੀ—ਸਮਾਧੀ ਲਾਣ ਵਾਲੇ। ਤਪੀਸਰ—ਤਪੀ-ਈਸਰ, ਵੱਡੇ ਵੱਡੇ ਤਪੀ। ਮੁਨੀਸਰ—ਮੁਨੀ-ਈਸਰ, ਵੱਡੇ ਵੱਡੇ ਮੁਨੀ। ਮੋੁਨਿ—[ਅੱਖਰ 'ਮ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਮੋਨਿ'। ਇਥੇ 'ਮੁਨਿ' ਪੜ੍ਹਨਾ ਹੈ] ਚੁੱਪ।੭।

ਅਵਿਗਤ—[अव्यक्त] ਅਦ੍ਰਿਸ਼ਟ। ਨਾਥੁ—ਖਸਮ-ਪ੍ਰਭੂ। ਅਗੋਚਰ—[ਅ-ਗੋ-ਚਰ] ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ। ਘਟ—ਸਰੀਰ [ਬਹੁ ਵਚਨ]। ਅੰਤਰ-ਜਾਮੀ—ਸਭ ਦੇ ਦਿਲ ਦੀ ਜਾਣਨ ਵਾਲਾ। ਜਤ ਕਤ—ਜਿੱਥੇ ਕਿੱਥੇ। ਦੇਖਉ—ਵੇਖਉਂ, ਮੈਂ ਵੇਖਦਾ ਹਾਂ। ਕਉ—ਨੂੰ। ਗੁਰਿ—ਗੁਰੂ ਨੇ। ਪ੍ਰਗਾਸਾ—ਆਤਮਕ ਚਾਨਣ।੮।

ਅਰਥ :—ਹੇ ਭਾਈ! (ਸਾਡਾ ਉਹ ਗੋਬਿੰਦ ਐਸਾ ਧਣੀ ਹੈ) ਕਿ ਕ੍ਰੋੜਾਂ ਹੀ ਤੀਰਥ ਉਸ ਦੇ ਚਰਨਾਂ ਵਿਚ ਹਨ (ਉਸ ਦੇ ਚਰਨਾਂ ਵਿਚ ਜੁੜੇ ਰਹਿਣਾ ਹੀ ਕ੍ਰੋੜਾਂ ਤੀਰਥਾਂ ਦੇ ਇਸ਼ਨਾਨ ਬਰਾਬਰ ਹੈ), ਕ੍ਰੋੜਾਂ ਹੀ ਜੀਵ ਉਸ ਦਾ ਸੋਹਣਾ ਨਾਮ ਜਪਦਿਆਂ ਸੁੱਚੇ ਜੀਵਨ ਵਾਲੇ ਹੋ ਜਾਂਦੇ ਹਨ, ਕ੍ਰੋੜਾਂ ਪੁਜਾਰੀ ਉਸ ਦੀ ਪੂਜਾ ਕਰ ਰਹੇ ਹਨ, ਉਸ ਮਾਲਕ ਨੇ ਕ੍ਰੋੜਾਂ ਹੀ ਜੀਵਾਂ ਦਾ ਖਿਲਾਰਾ ਖਿਲਾਰਿਆ ਹੋਇਆ ਹੈ, (ਉਸ ਤੋਂ ਬਿਨਾ) ਕੋਈ ਹੋਰ ਦੂਜਾ ਨਹੀਂ ਹੈ।੫।

ਹੇ ਭਾਈ! (ਉਹ ਸਾਡਾ ਗੋਬਿੰਦ ਐਸਾ ਹੈ) ਕਿ ਕ੍ਰੋੜਾਂ ਹੀ ਪਵਿੱਤਰ ਜੀਵਨ ਵਾਲੇ ਜੀਵ ਉਸ ਦੀ ਮਹਿਮਾ ਕਰ ਰਹੇ ਹਨ, ਸਨਕ ਆਦਿਕ ਬ੍ਰਹਮਾ ਦੇ ਕ੍ਰੋੜਾਂ ਹੀ ਪੁੱਤਰ ਉਸ ਦੀ ਉਸਤਤਿ ਕਰ ਰਹੇ ਹਨ, ਉਹ ਗੋਬਿੰਦ ਅੱਖ ਦੇ ਇਕ ਫੋਰ ਵਿਚ ਕ੍ਰੋੜਾਂ (ਜੀਵਾਂ ਦੀ) ਉਤਪੱਤੀ ਤੇ ਨਾਸ (ਕਰਦਾ ਰਹਿੰਦਾ) ਹੈ। ਹੇ ਪ੍ਰਭੂ! ਤੇਰੇ ਕ੍ਰੋੜਾਂ ਹੀ ਗੁਣ ਹਨ, (ਅਸਾਂ ਜੀਵਾਂ ਪਾਸੋਂ) ਗਿਣੇ ਨਹੀਂ ਜਾ ਸਕਦੇ।੬।

ਹੇ ਭਾਈ! (ਸਾਡਾ ਉਹ ਗੋਬਿੰਦ ਐਸਾ ਹੈ ਕਿ) ਆਤਮਕ ਜੀਵਨ ਦੀ ਸੂਝ ਵਾਲੇ ਕ੍ਰੋੜਾਂ ਹੀ ਮਨੁੱਖ ਉਸ ਦੇ ਗੁਣਾਂ ਦਾ ਵਿਚਾਰ ਬਿਆਨ ਕਰਦੇ ਰਹਿੰਦੇ ਹਨ, ਸਮਾਧੀਆਂ ਲਾਣ ਵਾਲੇ ਕ੍ਰੋੜਾਂ ਹੀ ਸਾਧੂ (ਉਸ ਵਿਚ) ਸੁਰਤਿ ਜੋੜੀ ਰੱਖਦੇ ਹਨ, (ਉਸ ਦਾ ਦਰਸਨ ਕਰਨ ਲਈ) ਕ੍ਰੋੜਾਂ ਹੀ ਵੱਡੇ ਵੱਡੇ ਤਪੀ ਤਪ ਕਰਦੇ ਰਹਿੰਦੇ ਹਨ, ਕ੍ਰੋੜਾਂ ਹੀ ਵੱਡੇ ਵੱਡੇ ਮੁਨੀ ਮੋਨ ਧਾਰੀ ਰੱਖਦੇ ਹਨ।੭।

ਹੇ ਭਾਈ! ਸਾਡਾ ਉਹ ਖਸਮ-ਪ੍ਰਭੂ ਅਦ੍ਰਿਸ਼ਟ ਹੈ, ਸਾਡਾ ਉਹ ਸੁਆਮੀ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਸਭ ਜੀਵਾਂ ਦੇ ਦਿਲ ਦੀ ਜਾਣਨ ਵਾਲਾ ਉਹ ਪ੍ਰਭੂ ਸਭ ਸਰੀਰਾਂ ਵਿਚ ਮੌਜੂਦ ਹੈ। ਹੇ ਪ੍ਰਭੂ! (ਮੈਨੂੰ) ਨਾਨਕ ਨੂੰ ਗੁਰੂ ਨੇ (ਅਜਿਹਾ ਆਤ-

ਮਕ) ਚਾਨਣ ਬਖ਼ਸ਼ਿਆ ਹੈ ਕਿ ਮੈਂ ਜਿਧਰ ਕਿਧਰ ਵੇਖਦਾ ਹਾਂ ਮੈਨੂੰ ਤੇਰਾ ਹੀ ਨਿਵਾਸ ਦਿੱਸਦਾ ਹੈ। ੮। ੨। ੫।

ਭੈਰਉ ਮਹਲਾ ੫ ॥ ਸਤਿਗੁਰਿ ਮੋ ਕਉ ਕੀਨੋ ਦਾਨੁ ॥ ਅਮੋਲ ਰਤਨੁ ਹਰਿ ਦੀਨੋ ਨਾਮੁ ॥ ਸਹਜ ਬਿਨੋਦ ਚੋਜ ਆਨੰਤਾ ॥ ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ ॥ ੧ ॥ ਕਹੁ ਨਾਨਕ ਕੀਰਤਿ ਹਰਿ ਸਾਚੀ ॥ ਬਹੁਰਿ ਬਹੁਰਿ ਤਿਸੁ ਸੰਗਿ ਮਨੁ ਰਾਚੀ ॥ ੧ ॥ ਰਹਾਉ ॥ ਅਚਿੰਤ ਹਮਾਰੈ ਭੋਜਨ ਭਾਉ ॥ ਅਚਿੰਤ ਹਮਾਰੈ ਲੀਚੈ ਨਾਉ ॥ ਅਚਿੰਤ ਹਮਾਰੈ ਸਬਦਿ ਉਧਾਰ ॥ ਅਚਿੰਤ ਹਮਾਰੈ ਭਰੇ ਭੰਡਾਰ ॥੨॥ ਅਚਿੰਤ ਹਮਾਰੈ ਕਾਰਜ ਪੂਰੇ ॥ ਅਚਿੰਤ ਹਮਾਰੈ ਲਥੇ ਵਿਸੂਰੇ ॥ ਅਚਿੰਤ ਹਮਾਰੈ ਬੈਰੀ ਮੀਤਾ ॥ ਅਚਿੰਤੋ ਹੀ ਇਹੁ ਮਨੁ ਵਸਿ ਕੀਤਾ ॥ ੩ ॥ ਅਚਿੰਤ ਪ੍ਰਭੂ ਹਮ ਕੀਆ ਦਿਲਾਸਾ ॥ ਅਚਿੰਤ ਹਮਾਰੀ ਪੂਰਨ ਆਸਾ ॥ ਅਚਿੰਤ ਹਮ੍ਾ ਕਉ ਸਗਲ ਸਿਧਾਂਤੁ ॥ ਅਚਿੰਤੁ ਹਮ ਕਉ ਗੁਰਿ ਦੀਨੋ ਮੰਤੁ ॥ ੪ ॥

ਪਦ ਅਰਥ :—ਸਤਿਗੁਰਿ—ਗੁਰੂ ਨੇ। ਮੋ ਕਉ—ਮੈਨੂੰ।। ਅਮੋਲ—ਜੋ ਕਿਸੇ ਭੀ ਮੁੱਲ ਤੋਂ ਨਾਹ ਮਿਲ ਸਕੇ। ਸਹਜ ਬਿਨੋਦ—ਆਤਮਕ ਅਡੋਲਤਾ ਦੇ ਆਨੰਦ। ਆਨੰਤਾ —ਬੇਅੰਤ। ਅਚਿੰਤਾ—(ਜੀਵਾਂ ਦੇ ਮਨ ਦੀ) ਚਿੰਤਾ ਦੂਰ ਕਰਨ ਵਾਲਾ। ੧।

ਕਹੁ—ਆਖ। ਨਾਨਕ—ਹੇ ਨਾਨਕ ! ਕੀਰਤਿ—ਸਿਫ਼ਤਿ ਸਾਲਾਹ। ਸਾਚੀ—ਸਦਾ ਥਿਰ ਰਹਿਣ ਵਾਲੀ। ਬਹੁਰਿ ਬਹੁਰਿ—ਮੁੜ ਮੁੜ। ਤਿਸੁ ਸੰਗਿ—ਉਸ (ਸਿਫ਼ਤਿ ਸਾਲਾਹ) ਨਾਲ। ਰਾਚੀ—ਜੋੜੀ ਰੱਖ। ੧। ਰਹਾਉ।

ਅਚਿੰਤ ਭਾਉ—ਚਿੰਤਾ ਦੂਰ ਕਰਨ ਵਾਲੇ ਪਰਮਾਤਮਾ ਦਾ ਪਿਆਰ। ਹਮਾਰੈ—ਮੇਰੇ ਵਾਸਤੇ। ਲੀਚੈ—ਲਈਦਾ ਹੈ। ਅਚਿੰਤ ਨਾਉ—ਅਚਿੰਤ ਪ੍ਰਭੂ ਦਾ ਨਾਮ। ਅਚਿੰਤ ਸਬਦਿ —ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਰਾਹੀਂ। ਉਧਾਰ—ਪਾਰ-ਉਤਾਰਾ ।੨।

ਪੂਰੇ—ਸਫਲ ਹੁੰਦੇ ਹਨ। ਵਿਸੂਰੇ—ਚਿੰਤਾ-ਝੋਰੇ। ਮੀਤਾ—ਮਿੱਤਰ। ਅਚਿੰਤੋ ਹੀ— ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਲੈ ਕੇ ਹੀ। ਵਸਿ—ਕਾਬੂ ਵਿਚ। ੩।

ਹਮ—ਸਾਨੂੰ, ਮੈਨੂੰ। ਦਿਲਾਸਾ—ਹੌਸਲਾ। ਹਮ੍ਾ ਕਉ—ਮੇਰੇ ਵਾਸਤੇ। ਸਿਧਾਂਤੁ— ਸਿੱਧਾਂਤੁ, ਧਰਮ ਦਾ ਨਿਚੋੜ। ਅਚਿੰਤੁ—ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ। ਗੁਰਿ —ਗੁਰੂ ਨੇ। ਮੰਤੁ—ਉਪਦੇਸ਼। ੪।

ਅਰਥ:—ਹੇ ਨਾਨਕ ! (ਆਖ—ਹੇ ਭਾਈ !) ਪਰਮਾਤਮਾ ਦੀ ਸਦਾ ਕਾਇਮ ਰਹਿਣ ਵਾਲੀ ਵਡਿਆਈ ਕਰਿਆ ਕਰ। ਆਪਣੇ ਮਨ ਨੂੰ ਮੁੜ ਮੁੜ ਉਸ (ਸਿਫ਼ਤਿ ਸਾਲਾਹ) ਨਾਲ ਜੋੜੀ ਰੱਖ। ੧। ਰਹਾਉ।

ਹੇ ਭਾਈ ! ਗੁਰੂ ਨੇ ਮੈਨੂੰ (ਇਹ) ਦਾਤਿ ਬਖ਼ਸ਼ੀ ਹੈ, (ਗੁਰੂ ਨੇ ਮੈਨੂੰ ਉਹ) ਨਾਮ-ਰਤਨ ਦਿੱਤਾ ਹੈ ਜੋ ਕਿਸੇ ਭੀ ਮੁੱਲ ਤੋਂ ਨਹੀਂ ਮਿਲ ਸਕਦਾ। (ਮੈਨੂੰ) ਨਾਨਕ ਨੂੰ (ਗੁਰੂ ਦੀ ਕਿਰਪਾ ਨਾਲ) ਚਿੰਤਾ ਦੂਰ ਕਰਨ ਵਾਲਾ ਪਰਮਾਤਮਾ ਆ ਮਿਲਿਆ ਹੈ, (ਹੁਣ ਮੇਰੇ ਅੰਦਰ) ਆਤਮਕ ਅਡੋਲਤਾ ਦੇ ਬੇਅੰਤ ਆਨੰਦ-ਤਮਾਸ਼ੇ ਬਣੇ ਰਹਿੰਦੇ ਹਨ। ੧।

ਹੇ ਭਾਈ ! (ਗੁਰੂ ਦੀ ਕਿਰਪਾ ਨਾਲ ਹੁਣ) ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਪਿਆਰ ਹੀ ਮੇਰੇ ਵਾਸਤੇ (ਆਤਮਕ ਜੀਵਨ ਦੀ) ਖ਼ੁਰਾਕ ਹੈ, ਮੇਰੇ ਅੰਦਰ ਅਚਿੰਤ ਪ੍ਰਭੂ ਦਾ ਨਾਮ ਹੀ ਸਦਾ ਲਿਆ ਜਾ ਰਿਹਾ ਹੈ, ਅਚਿੰਤ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਦੀ ਰਾਹੀਂ ਵਿਕਾਰਾਂ ਤੋਂ ਮੇਰਾ ਬਚਾਉ ਹੋ ਰਿਹਾ ਹੈ। (ਗੁਰੂ ਦੀ ਕਿਰਪਾ ਨਾਲ) ਮੇਰੇ ਅੰਦਰ ਚਿੰਤਾ ਦੂਰ ਕਰਨ ਵਾਲੇ ਪਰਮਾਤਮਾ ਦੇ ਨਾਮ ਦੇ ਖ਼ਜ਼ਾਨੇ ਭਰੇ ਗਏ ਹਨ। ੨।

ਹੇ ਭਾਈ ! ਚਿੰਤਾ ਦੂਰ ਕਰਨ ਵਾਲੇ ਪਰਮਾਤਮਾ ਦੇ ਨਾਮ ਦੀ ਬਰਕਤਿ ਨਾਲ ਮੇਰੇ ਸਾਰੇ ਕੰਮ ਸਫਲ ਹੋ ਰਹੇ ਹਨ, (ਮੇਰੇ ਅੰਦਰੋਂ ਸਾਰੇ) ਚਿੰਤਾ-ਝੋਰੇ ਮੁੱਕ ਗਏ ਹਨ, ਹੁਣ ਮੈਨੂੰ ਵੈਰੀ ਭੀ ਮਿੱਤਰ ਦਿੱਸ ਰਹੇ ਹਨ। ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਲੈ ਕੇ ਹੀ ਮੈਂ ਆਪਣਾ ਇਹ ਮਨ ਵੱਸ ਵਿਚ ਕਰ ਲਿਆ ਹੈ। ੩।

ਹੇ ਭਾਈ ! ਚਿੰਤਾ ਦੂਰ ਕਰਨ ਵਾਲੇ ਪਰਮਾਤਮਾ ਨੇ ਮੈਨੂੰ ਹੌਸਲਾ ਬਖ਼ਸ਼ਿਆ ਹੈ, ਮੇਰੀਆਂ ਸਾਰੀਆਂ ਆਸਾਂ ਪੂਰੀਆਂ ਹੋ ਗਈਆਂ ਹਨ। ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ ਜਪਣਾ ਹੀ ਮੇਰੇ ਵਾਸਤੇ ਸਾਰੇ ਧਰਮਾਂ ਦਾ ਨਿਚੋੜ ਹੈ। ਹੇ ਭਾਈ ! ਇਹ ਨਾਮ-ਮੰਤ੍ਰ ਮੈਨੂੰ ਗੁਰੂ ਨੇ ਦਿੱਤਾ ਹੈ। ੪।

ਅਚਿੰਤ ਹਮਾਰੇ ਬਿਨਸੇ ਬੈਰ ॥ ਅਚਿੰਤ ਹਮਾਰੇ ਮਿਟੇ ਅੰਧੇਰ ॥ ਅਚਿੰਤੋ ਹੀ ਮਨਿ ਕੀਰਤਨੁ ਮੀਠਾ ॥ ਅਚਿੰਤੋ ਹੀ ਪ੍ਰਭੁ ਘਟਿ ਘਟਿ ਡੀਠਾ ॥ ੫ ॥ ਅਚਿੰਤ ਮਿਟਿਓ ਹੈ ਸਗਲੋ ਭਰਮਾ ॥ ਅਚਿੰਤ ਵਸਿਓ ਮਨਿ ਸੁਖ ਬਿਸ੍ਰਾਮਾ॥ ਅਚਿੰਤ ਹਮਾਰੈ ਅਨਹਤ ਵਾਜੈ ॥ ਅਚਿੰਤ ਹਮਾਰੈ ਗੋਬਿੰਦੁ ਗਾਜੈ ॥ ੬ ॥ ਅਚਿੰਤ ਹਮਾਰੈ ਮਨੁ ਪਤੀਆਨਾ ॥ ਨਿਹਚਲ ਧਨੀ ਅਚਿੰਤੁ ਪਛਾਨਾ ॥ ਅਚਿੰਤੋ ਉਪਜਿਓ ਸਗਲ ਬਿਬੇਕਾ ॥ ਅਚਿੰਤ ਚਰੀ ਹਥਿ ਹਰਿ ਹਰਿ ਟੇਕਾ॥ ੭ ॥ ਅਚਿੰਤ ਪ੍ਰਭੂ ਧੁਰਿ ਲਿਖਿਆ ਲੇਖੁ ॥ ਅਚਿੰਤ ਮਿਲਿਓ ਪ੍ਰਭੁ ਠਾਕੁਰੁ

ਏਕੁ ॥ ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥੮॥੩॥੬॥

ਪਦ ਅਰਥ:—ਬੈਰ—ਵੈਰ-ਵਿਰੋਧ [ਬਹੁ ਵਚਨ]। ਅੰਧੇਰ—ਮਾਇਆ ਦੇ ਮੋਹ ਦੇ ਹਨੇਰੇ। ਅਚਿੰਤੋ ਹੀ—ਚਿੰਤਾ ਦੂਰ ਕਰਨ ਵਾਲੇ ਪ੍ਰਭੂ ਦਾ ਨਾਮ (ਜਪ ਕੇ) ਹੀ। ਮਨਿ—ਮਨ ਵਿਚ। ਘਟਿ ਘਟਿ—ਹਰੇਕ ਸਰੀਰ ਵਿਚ। ੫।

ਸਗਲੋ—ਸਾਰਾ। ਬਿਸ੍ਰਾਮਾ—ਟਿਕਾਣਾ। ਅਨਹਤ—ਇਕ-ਰਸ, ਲਗਾਤਾਰ, ਬਿਨਾ ਸਾਜ ਵਜਾਇਆਂ। ਵਾਜੇ—ਵੱਜ ਰਿਹਾ ਹੈ, ਰਾਗ ਹੋ ਰਿਹਾ ਹੈ। ਗਾਜੈ—ਗੱਜ ਰਿਹਾ ਹੈ, ਪੂਰਾ ਪ੍ਰਭਾਵ ਪਾ ਰਿਹਾ ਹੈ। ੬।

ਪਤੀਆਨਾ—ਪਤੀਜ ਗਿਆ ਹੈ, ਭਟਕਣੋਂ ਹਟ ਗਿਆ ਹੈ। ਨਿਹਚਲ ਧਨੀ—ਸਦਾ ਕਾਇਮ ਰਹਿਣ ਵਾਲਾ ਮਾਲਕ। ਪਛਾਨਾ—ਪਛਾਣ ਲਿਆ ਹੈ, ਸਾਂਝ ਪਾ ਲਈ ਹੈ। ਬਿਬੇਕਾ—ਚੰਗੇ ਮਾੜੇ ਕੰਮ ਦੀ ਪਰਖ। ਚਰੀ—ਚੜ੍ਹੀ ਹੈ। ਹਥਿ—ਹੱਥ ਵਿਚ। ਟੇਕ—ਆਸਰਾ। ੭।

ਧੁਰਿ—ਧੁਰ ਦਰਗਾਹ ਤੋਂ। ਅਚਿੰਤਾ—ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ। ਚਿੰਤ ਸਗਲੀ—ਸਾਰੀ ਚਿੰਤਾ। ਪ੍ਰਭ ਮਈ—ਪ੍ਰਭੂ ਦਾ ਰੂਪ। ੮।

ਅਰਥ:—ਹੇ ਭਾਈ! ਚਿੰਤਾ ਦੂਰ ਕਰਨ ਵਾਲੇ ਪਰਮਾਤਮਾ ਦਾ ਨਾਮ ਜਪ ਕੇ (ਮੇਰੇ ਅੰਦਰੋਂ ਸਾਰੇ) ਵੈਰ-ਵਿਰੋਧ ਨਾਸ ਹੋ ਗਏ ਹਨ, (ਮੇਰੇ ਅੰਦਰੋਂ) ਮਾਇਆ ਦੇ ਮੋਹ ਦੇ ਹਨੇਰੇ ਦੂਰ ਹੋ ਗਏ ਹਨ। ਹੇ ਭਾਈ! ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਜਪ ਕੇ ਹੀ ਮੇਰੇ ਮਨ ਵਿਚ ਪਰਮਾਤਮਾ ਦੀ ਸਿਫ਼ਤਿ ਸਾਲਾਹ ਪਿਆਰੀ ਲੱਗ ਰਹੀ ਹੈ, ਅਤੇ ਉਸ ਪਰਮਾਤਮਾ ਨੂੰ ਮੈਂ ਹਰੇਕ ਹਿਰਦੇ ਵਿਚ ਵੱਸਦਾ ਵੇਖ ਲਿਆ ਹੈ। ੫।

ਹੇ ਭਾਈ! ਚਿੰਤਾ ਦੂਰ ਕਰਨ ਵਾਲੇ ਹਰਿ-ਨਾਮ ਦੀ ਬਰਕਤਿ ਨਾਲ ਮੇਰੀ ਸਾਰੀ ਭਟਕਣਾ ਮੁੱਕ ਗਈ ਹੈ, (ਜਦੋਂ ਤੋਂ) ਅਚਿੰਤ ਪ੍ਰਭੂ ਮੇਰੇ ਮਨ ਵਿਚ ਆ ਵੱਸਿਆ ਹੈ, ਮੇਰੇ ਅੰਦਰ ਆਤਮਕ ਆਨੰਦ ਦਾ (ਪੱਕਾ) ਟਿਕਾਣਾ ਬਣ ਗਿਆ ਹੈ। ਹੁਣ ਮੇਰੇ ਅੰਦਰ ਚਿੰਤਾ ਦੂਰ ਕਰਨ ਵਾਲੇ ਹਰਿ-ਨਾਮ ਦਾ ਇੱਕ-ਰਸ ਵਾਜਾ ਵੱਜ ਰਿਹਾ ਹੈ, ਮੇਰੇ ਅੰਦਰ ਗੋਬਿੰਦ ਦਾ ਨਾਮ ਹੀ ਹਰ ਵੇਲੇ ਗੱਜ ਰਿਹਾ ਹੈ। ੬।

ਹੇ ਭਾਈ! ਚਿੰਤਾ ਦੂਰ ਕਰਨ ਵਾਲੇ ਹਰਿ-ਨਾਮ ਦੀ ਬਰਕਤਿ ਨਾਲ ਮੇਰਾ ਮਨ ਭਟਕਣੋਂ ਹਟ ਗਿਆ ਹੈ, ਅਚਿੰਤ ਹਰਿ-ਨਾਮ ਜਪ ਕੇ ਮੈਂ ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਨਾਲ ਸਾਂਝ ਪਾ ਲਈ ਹੈ। ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਜਪ ਕੇ ਹੀ ਮੇਰੇ ਅੰਦਰ ਚੰਗੇ ਮਾੜੇ ਕੰਮ ਦੀ ਸਾਰੀ ਪਛਾਣ ਪੈਦਾ ਹੋ ਗਈ ਹੈ। ਇਸ ਅਚਿੰਤ ਹਰਿ-ਨਾਮ ਦੀ ਮੈਨੂੰ ਸਦਾ ਲਈ ਟੇਕ ਮਿਲ ਗਈ ਹੈ। ੭।

ਹੇ ਭਾਈ ! ਜਿਸ ਮਨੁੱਖ ਦੇ ਮੱਥੇ ਉਤੇ ਪ੍ਰਭੂ ਨੇ ਚਿੰਤਾ ਦੂਰ ਕਰਨ ਵਾਲੇ ਹਰਿ-ਨਾਮ ਦੀ ਪ੍ਰਾਪਤੀ ਦਾ ਲੇਖ ਧੁਰ ਦਰਗਾਹ ਤੋਂ ਲਿਖ ਦਿੱਤਾ ਹੈ, ਉਸ ਨੂੰ ਉਹ ਸਭ ਦਾ ਮਾਲਕ ਪ੍ਰਭੂ ਮਿਲ ਪੈਂਦਾ ਹੈ । ਹੇ ਭਾਈ ! ਚਿੰਤਾ ਦੂਰ ਕਰਨ ਵਾਲਾ ਹਰਿ-ਨਾਮ ਜਪ ਕੇ ਮੇਰੀ ਸਾਰੀ ਚਿੰਤਾ ਦੂਰ ਹੋ ਗਈ ਹੈ, ਹੁਣ ਮੈਂ ਨਾਨਕ ਸਦਾ ਲਈ ਪ੍ਰਭੂ ਵਿਚ ਲੀਨ ਹੋ ਗਿਆ ਹਾਂ ।੮।੩।੬।

ਅੰਕਾਂ ਦਾ ਵੇਰਵਾ

ਅਸਟਪਦੀ ਮਹਲਾ ੧—੧
ਅਸਟਪਦੀਆਂ ਮਹਲਾ ੩—੨
ਅਸਟਪਦੀਆਂ ਮਹਲਾ ੫—੩

ਜੋੜ—੬

—o—

੧ ੴ ਸਤਿਗੁਰ ਪ੍ਰਸਾਦਿ ॥

ਭੈਰਉ ਬਾਣੀ ਭਗਤਾਂ ਕੀ ਕਬੀਰ ਜੀਉ ਘਰੁ ੧

ਇਹੁ ਧਨੁ ਮੇਰੇ ਹਰਿ ਕੋ ਨਾਉ ॥ ਗਾਂਠਿ ਨ ਬਾਧਉ, ਬੇਚਿ ਨ ਖਾਉ ॥ ੧ ॥ ਰਹਾਉ ॥ ਨਾਉ ਮੇਰੇ ਖੇਤੀ, ਨਾਉ ਮੇਰੇ ਬਾਰੀ ॥ ਭਗਤਿ ਕਰਉ ਜਨੁ ਸਰਨਿ ਤੁਮ੍ਹਾਰੀ ॥ ੧ ॥ ਨਾਉ ਮੇਰੇ ਮਾਇਆ, ਨਾਉ ਮੇਰੇ ਪੂੰਜੀ ॥ ਤੁਮਹਿ ਛੋਡਿ, ਜਾਨਉ ਨਹੀ ਦੂਜੀ ॥ ੨ ॥ ਨਾਉ ਮੇਰੇ ਬੰਧਿਪ, ਨਾਉ ਮੇਰੇ ਭਾਈ ॥ ਨਾਉ ਮੇਰੇ ਸੰਗਿ, ਅੰਤਿ ਹੋਇ ਸਖਾਈ ॥ ੩ ॥ ਮਾਇਆ ਮਹਿ ਜਿਸੁ ਰਖੈ ਉਦਾਸੁ ॥ ਕਹਿ ਕਬੀਰ, ਹਉ ਤਾ ਕੋ ਦਾਸੁ ॥ ੪ ॥ ੧ ॥

ਪਦ ਅਰਥ :—ਮੇਰੇ—ਮੇਰੇ ਕੋਲ । ਕੋ—ਦਾ । ਗਾਂਠਿ—ਗੰਢ-ਪੱਲੇ । ਗਾਂਠਿ ਨ ਬਾਧਉ—ਮੈਂ ਪੱਲੇ ਨਹੀਂ ਬੰਨ੍ਹਦਾ, ਮੈਂ ਸ਼ੂਮਾਂ ਵਾਂਗ ਲੁਕਾ ਨਹੀਂ ਰੱਖਦਾ। ਬੇਚਿ ਨ ਖਾਉ—ਮੈਂ ਇਸ ਨੂੰ ਵੇਚ ਕੇ ਭੀ ਨਹੀਂ ਖਾਂਦਾ, ਮੈਂ ਇਸ ਧਨ ਨੂੰ ਫ਼ਜ਼ੂਲ ਭੀ ਨਹੀਂ ਖ਼ਰ-ਚਦਾ, ਮੈਂ ਇਸ ਧਨ ਦਾ ਵਿਖਾਵਾ ਭੀ ਨਹੀਂ ਕਰਦਾ । ੧ । ਰਹਾਉ ।

ਬਾਰੀ—ਵਾੜੀ, ਬਗ਼ੀਚੀ । ਕਰਉ—ਕਰਉਂ, ਮੈਂ ਕਰਦਾ ਹਾਂ। ਜਨੁ—(ਮੈਂ) ਦਾਸ ।੧।

ਮਾਇਆ—ਧਨ । ਪੂੰਜੀ—ਰਾਸ । ਦੂਜੀ—ਕੋਈ ਹੋਰ ਰਾਸ-ਪੂੰਜੀ । ੨ ।

ਬੰਧਿਪ—ਸੰਬੰਧੀ । ਭਾਈ—ਭਰਾ । ਸੰਗਿ—ਨਾਲ । ਸਖਾਈ—ਸਹਾਈ, ਸਹਾਇਤਾ ਕਰਨ ਵਾਲਾ । ੩ ।

ਜਿਸੁ—ਜਿਸ (ਮਨੁੱਖ) ਨੂੰ । ਉਦਾਸੁ—ਨਿਰਲੇਪ । ਤਾ ਕੋ—ਉਸ ਦਾ ।੪।

ਨੋਟ—ਮਨੁੱਖ ਜੀਵਨ-ਨਿਰਬਾਹ ਵਾਸਤੇ ਧਨ ਕਮਾਉਣਾ ਸ਼ੁਰੂ ਕਰਦਾ ਹੈ । ਸਹਿਜੇ ਸਹਿਜੇ ਇਸ ਨਾਲ ਇਤਨਾ ਮੋਹ ਬਣ ਜਾਂਦਾ ਹੈ ਕਿ ਧਨ ਹੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ । ਆਪਣੇ ਸਰੀਰ ਦੇ ਨਿਰਬਾਹ ਲਈ ਆਪਣੀ ਹੱਥੀਂ ਹੀ ਕਮਾਈ ਕਰਨੀ ਹੈ, ਕਿਸੇ ਹੋਰ ਉੱਤੇ ਆਪਣਾ ਭਾਰ ਨਹੀਂ ਪਾਣਾ, ਪਰ ਧਨ ਨੂੰ ਜ਼ਿੰਦਗੀ ਦਾ ਮਨੋਰਥ ਨਹੀਂ ਬਣਾ ਲੈਣਾ—ਇਹ ਹੈ ਉਪਦੇਸ਼ ਇਸ ਸ਼ਬਦ ਵਿਚ ।

ਅਰਥ :—ਪ੍ਰਭੂ ਦਾ ਇਹ ਨਾਮ ਹੀ ਮੇਰੇ ਲਈ ਧਨ ਹੈ (ਜਿਵੇਂ ਲੋਕ ਧਨ ਨੂੰ ਜੀਵਨ ਦਾ ਸਹਾਰਾ ਬਣਾ ਲੈਂਦੇ ਹਨ, ਮੇਰੇ ਜੀਵਨ ਦਾ ਸਹਾਰਾ ਪ੍ਰਭੂ ਦਾ ਨਾਮ ਹੀ ਹੈ,

ਪਰ) ਮੈਂ ਨਾਹ ਤਾਂ ਇਸ ਨੂੰ ਲੁਕਾ ਕੇ ਰੱਖਦਾ ਹਾਂ, ਤੇ ਨਾਹ ਹੀ ਵਿਖਾਵੇ ਲਈ ਵਰਤਦਾ ਹਾਂ। ੧। ਰਹਾਉ।

(ਕੋਈ ਮਨੁੱਖ ਖੇਤੀ-ਵਾੜੀ ਨੂੰ ਆਸਰਾ ਮੰਨਦਾ ਹੈ, ਪਰ) ਮੇਰੇ ਲਈ ਪ੍ਰਭੂ ਦਾ ਨਾਮ ਹੀ ਖੇਤੀ ਹੈ, ਤੇ ਨਾਮ ਹੀ ਬਗ਼ੀਚੀ ਹੈ। ਹੇ ਪ੍ਰਭੂ ! ਮੈਂ ਤੇਰਾ ਦਾਸ ਤੇਰੀ ਹੀ ਸ਼ਰਨ ਹਾਂ, ਤੇ ਤੇਰੀ ਭਗਤੀ ਕਰਦਾ ਹਾਂ। ੧।

ਹੇ ਪ੍ਰਭੂ ! ਤੇਰਾ ਨਾਮ ਹੀ ਮੇਰੇ ਲਈ ਮਾਇਆ ਹੈ ਤੇ ਰਾਸ-ਪੂੰਜੀ ਹੈ (ਵਪਾਰ ਕਰਨ ਲਈ। ਭਾਵ, ਵਪਾਰ ਸਰੀਰਕ ਨਿਰਬਾਹ ਵਾਸਤੇ ਹੈ, ਮੇਰੀ ਜ਼ਿੰਦਗੀ ਦਾ ਸਹਾਰਾ ਨਹੀਂ ਹੈ)। ਹੇ ਪ੍ਰਭੂ ! ਤੈਨੂੰ ਵਿਸਾਰ ਕੇ ਮੈਂ ਕਿਸੇ ਹੋਰ ਰਾਸ-ਪੂੰਜੀ ਨਾਲ ਸਾਂਝ ਨਹੀਂ ਬਣਾਂਦਾ। ੨।

ਪ੍ਰਭੂ ਦਾ ਨਾਮ ਹੀ ਮੇਰੇ ਲਈ ਰਿਸ਼ਤੇਦਾਰ ਹੈ, ਨਾਮ ਹੀ ਮੇਰਾ ਭਰਾ ਹੈ; ਨਾਮ ਹੀ ਮੇਰੇ ਨਾਲ ਆਖ਼ਰ ਨੂੰ ਸਹਾਇਤਾ ਕਰਨ ਵਾਲਾ ਬਣ ਸਕਦਾ ਹੈ। ੩।

ਕਬੀਰ ਆਖਦਾ ਹੈ—ਮੈਂ ਉਸ ਮਨੁੱਖ ਦਾ ਸੇਵਕ ਹਾਂ ਜਿਸ ਨੂੰ ਪ੍ਰਭੂ ਮਾਇਆ ਵਿਚ ਰਹਿੰਦੇ ਹੋਏ ਨੂੰ ਮਾਇਆ ਤੋਂ ਨਿਰਲੇਪ ਰੱਖਦਾ ਹੈ। ੪। ੧।

ਨਾਂਗੇ ਆਵਨੁ, ਨਾਂਗੇ ਜਾਨਾ ॥ ਕੋਇ ਨ ਰਹਿ ਹੈ, ਰਾਜਾ ਰਾਨਾ ॥ ੧ ॥ ਰਾਮੁ ਰਾਜਾ, ਨਉਨਿਧਿ ਮੇਰੈ ॥ ਸੰਪੈ ਹੇਤੁ ਕਲਤੁ ਧਨੁ ਤੇਰੈ ॥ ੧ ॥ ਰਹਾਉ ॥ ਆਵਤ ਸੰਗ, ਨ ਜਾਤ ਸੰਗਾਤੀ ॥ ਕਹਾ ਭਇਓ, ਦਰਿ ਬਾਂਧੇ ਹਾਥੀ ॥ ੨ ॥ ਲੰਕਾ ਗਢੁ ਸੋਨੇ ਕਾ ਭਇਆ ॥ ਮੂਰਖੁ ਰਾਵਨੁ ਕਿਆ ਲੇ ਗਇਆ ॥ ੩ ॥ ਕਹਿ ਕਬੀਰ, ਕਿਛੁ ਗੁਨੁ ਬੀਚਾਰਿ॥ ਚਲੈ ਜੁਆਰੀ, ਦੁਇ ਹਥ ਝਾਰਿ ॥ ੪ ॥ ੨ ॥

ਪਦ ਅਰਥ :—ਨ ਰਹਿ ਹੈ—ਨਹੀਂ ਰਹੇਗਾ। ੧।

ਰਾਮੁ ਰਾਜਾ—ਸਾਰੇ ਜਗਤ ਦਾ ਮਾਲਕ ਪ੍ਰਭੂ ! (ਨੋਟ—ਲਫ਼ਜ਼ 'ਰਾਜਾ' ਸੰਬੋਧਨ ਵਿਚ ਨਹੀਂ ਹੈ, ਉਹ ਹੈ 'ਰਾਜਨ'; ਜਿਵੇਂ 'ਰਾਜਨ ! ਕਉਨੁ ਤੁਮਾਰੈ ਆਵੈ')। ਨਉ ਨਿਧਿ—ਨੌਂ ਖ਼ਜ਼ਾਨੇ, ਜਗਤ ਦਾ ਸਾਰਾ ਧਨ-ਮਾਲ। ਮੇਰੈ—ਮੇਰੇ ਭਾਣੇ, ਮੇਰੇ ਲਈ, ਮੇਰੇ ਹਿਰਦੇ ਵਿਚ। ਸੰਪੈ ਹੇਤੁ—ਐਸ਼੍ਵਰਜ ਦਾ ਮੋਹ। ਕਲਤੁ—ਇਸਤ੍ਰੀ। ਤੇਰੈ—ਤੇਰੇ ਲਈ, ਤੇਰੇ ਮਨ ਵਿਚ। ੧। ਰਹਾਉ।

ਸੰਗਾਤੀ—ਨਾਲ। ਦਰਿ—ਬੂਹੇ ਤੇ। ੨।

ਗਢੁ—ਕਿਲ੍ਹਾ। ੩।

ਕਹਿ—ਕਹੈ, ਆਖਦਾ ਹੈ। ਗੁਨੁ—ਭਲਿਆਈ। ਦੁਇ ਹਥ ਝਾਰਿ—ਦੋਵੇਂ ਹੱਥ

ਝਾੜ ਕੇ, ਖ਼ਾਲੀ ਹੱਥੀਂ। ੪।

ਨੋਟ—ਲੋਕਾਂ ਦੇ ਆਮ ਪ੍ਰਚਲਤ ਖ਼ਿਆਲਾਂ ਨੂੰ ਉਹਨਾਂ ਦੇ ਸਾਹਮਣੇ ਰੱਖ ਕੇ ਹੀ ਭਗਤ ਜੀ ਜੀਵਨ ਦਾ ਸਹੀ ਰਾਹ ਦੱਸਦੇ ਹਨ। ਲੰਕਾ ਦਾ ਕਿਲ੍ਹਾ ਸਾਰੇ ਦਾ ਸਾਰਾ ਸੋਨੇ ਦਾ ਬਣਿਆ ਹੋਇਆ ਸੀ ਜਾਂ ਨਹੀਂ, ਇਸ ਗੱਲ ਨਾਲ ਭਗਤ ਜੀ ਦਾ ਵਾਸਤਾ ਨਹੀਂ ਹੈ। ਲੋਕਾਂ ਵਿਚ ਇਹੀ ਗੱਲ ਮਸ਼ਹੂਰ ਹੈ ਕਿ ਰਾਵਣ ਦੀ ਲੰਕਾ ਸੋਨੇ ਦੀ ਸੀ, ਤੇ ਲੋਕ ਰਾਵਣ ਦਾ ਅੰਤ ਦਾ ਹਾਲ ਭੀ ਜਾਣਦੇ ਹਨ ਕਿ ਮਹੱਲਾਂ ਵਿਚ ਕੋਈ ਦੀਵਾ ਜਗਾਣ ਜੋਗਾ ਭੀ ਨਾਹ ਰਹਿ ਗਿਆ। ਸੋ,ਇਹੀ ਪ੍ਰਸਿੱਧ ਕਹਾਣੀ ਸਾਹਮਣੇ ਰੱਖ ਕੇ ਸਮਝਾਂਦੇ ਹਨ ਕਿ ਧਨ-ਪਦਾਰਥ ਦਾ ਆਸਰਾ ਲੈਣਾ ਕੱਚੀ ਗੱਲ ਹੈ।

ਅਰਥ :—ਹੇ ਭਾਈ! ਮੇਰੇ ਲਈ ਤਾਂ ਜਗਤ ਦੇ ਮਾਲਕ ਪ੍ਰਭੂ ਦਾ ਨਾਮ ਹੀ ਜਗਤ ਦਾ ਸਾਰਾ ਧਨ-ਮਾਲ ਹੈ (ਭਾਵ, ਪ੍ਰਭੂ ਮੇਰੇ ਹਿਰਦੇ ਵਿਚ ਵੱਸਦਾ ਹੈ, ਇਹੀ ਮੇਰੇ ਲਈ ਸਭ ਕੁਝ ਹੈ)। ਪਰ ਤੇਰੇ ਭਾਣੇ ਐਸ਼੍ਵਰਜ ਦਾ ਮੋਹ, ਇਸਤ੍ਰੀ, ਧਨ—(ਇਹੀ ਜ਼ਿੰਦਗੀ ਦਾ ਸਹਾਰਾ ਹਨ)। ੧। ਰਹਾਉ।

(ਜਗਤ ਵਿਚ) ਨੰਗੇ ਆਈਦਾ ਹੈ, ਤੇ ਨੰਗੇ ਹੀ (ਇੱਥੋਂ) ਤੁਰ ਪਈਦਾ ਹੈ। ਕੋਈ ਰਾਜਾ ਹੋਵੇ, ਅਮੀਰ ਹੋਵੇ, ਕਿਸੇ ਨੇ ਇੱਥੇ ਸਦਾ ਨਹੀਂ ਰਹਿਣਾ। ੧।

ਜੇ ਬੂਹੇ ਉੱਤੇ ਹਾਥੀ ਬੱਝੇ ਹੋਏ ਹਨ, ਤਾਂ ਭੀ ਕੀਹ ਹੋਇਆ? (ਇਹਨਾਂ ਦਾ ਸਾਡੇ ਨਾਲ ਜਾਣਾ ਤਾਂ ਕਿਤੇ ਰਿਹਾ,ਇਹ ਆਪਣਾ ਸਰੀਰ ਭੀ)ਜੋ ਜਨਮ ਵੇਲੇ ਨਾਲ ਆਉਂਦਾ ਹੈ (ਤੁਰਨ ਵੇਲੇ) ਨਾਲ ਨਹੀਂ ਜਾਂਦਾ। ੨।

(ਲੋਕ ਆਖਦੇ ਹਨ ਕਿ) ਲੰਕਾ ਦਾ ਕਿਲ੍ਹਾ ਸੋਨੇ ਦਾ ਬਣਿਆ ਹੋਇਆ ਸੀ (ਪਰ ਇਸੇ ਦੇ ਮਾਣ ਉੱਤੇ ਰਹਿਣ ਵਾਲਾ) ਮੂਰਖ ਰਾਵਣ (ਮਰਨ ਵੇਲੇ) ਆਪਣੇ ਨਾਲ ਕੁਝ ਭੀ ਨਾਹ ਲੈ ਤੁਰਿਆ।੩।

ਕਬੀਰ ਆਖਦਾ ਹੈ—ਹੇ ਭਾਈ! ਕੋਈ ਭਲਿਆਈ ਦੀ ਗੱਲ ਭੀ ਵਿਚਾਰ, (ਧਨ ਉੱਤੇ ਮਾਣ ਕਰਨ ਵਾਲਾ ਬੰਦਾ) ਜੁਆਰੀਏ ਵਾਂਗ (ਜਗਤ ਤੋਂ) ਖ਼ਾਲੀ-ਹੱਥ ਤੁਰ ਪੈਂਦਾ ਹੈ। ੪। ੨।

ਮੈਲਾ ਬ੍ਰਹਮਾ, ਮੈਲਾ ਇੰਦੁ ॥ ਰਵਿ ਮੈਲਾ, ਮੈਲਾ ਹੈ ਚੰਦੁ ॥ ੧ ॥ ਮੈਲਾ ਮਲਤਾ ਇਹੁ ਸੰਸਾਰੁ ॥ ਇਕੁ ਹਰਿ ਨਿਰਮਲੁ, ਜਾ ਕਾ ਅੰਤੁ ਨ ਪਾਰੁ ॥ ੧ ॥ ਰਹਾਉ ॥ ਮੈਲੇ ਬ੍ਰਹਮੰਡਾਇ ਕੈ ਈਸ ॥ ਮੈਲੇ ਨਿਸਿ ਬਾਸੁਰ ਦਿਨ ਤੀਸ ॥ ੨ ॥ ਮੈਲਾ ਮੋਤੀ, ਮੈਲਾ ਹੀਰੁ ॥ ਮੈਲਾ ਪਵਨੁ ਪਾਵਕੁ ਅਰੁ ਨੀਰੁ ॥ ੩ ॥ ਮੈਲਾ ਸਿਵ ਸੰਕਰਾ ਮਹੇਸ ॥ ਮੈਲੇ ਸਿਧ ਸਾਧਿਕ ਅਰੁ

ਭੇਖ ॥ ੪ ॥ ਮੈਲੇ ਜੋਗੀ ਜੰਗਮ ਜਟਾ ਸਹੇਤਿ ॥ ਮੈਲੀ ਕਾਇਆ ਹੰਸ ਸਮੇਤਿ ॥ ੫ ॥ ਕਹਿ ਕਬੀਰ ਤੇ ਜਨ ਪਰਵਾਨ ॥ ਨਿਰਮਲ ਤੇ, ਜੋ ਰਾਮਹਿ ਜਾਨ ॥ ੬ ॥ ੩ ॥

ਪਦ ਅਰਥ :-ਇੰਦੁ-ਦੇਵਤਿਆਂ ਦਾ ਰਾਜਾ ਇੰਦਰ। ਰਵਿ-ਸੂਰਜ ।੧।

ਮਲਤਾ-ਮਲੀਨ । ੧ । ਰਹਾਉ ।

ਈਸ-ਰਾਜੇ। ਬ੍ਰਹਮੰਡਾਇ ਕੈ-ਬ੍ਰਹਮੰਡਾਂ ਦੇ। ਨਿਸਿ-ਰਾਤ । ਬਾਸੁਰ-ਦਿਨ। ਤੀਸ-ਤੀਹ । ੨ ।

ਹੀਰੁ-ਹੀਰਾ। ਪਾਵਕੁ-ਅੱਗ। ੩ ।

ਸੰਕਰਾ-ਸ਼ਿਵ। ਮਹੇਸ-ਸ਼ਿਵ। ਸਿਧ-ਜੋਗ ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਸਾਧਿਕ-ਜੋਗ ਦੇ ਸਾਧਨ ਕਰਨ ਵਾਲੇ। ਭੇਖ-ਕਈ ਭੇਖਾਂ ਦੇ ਸਾਧੂ ।੪।

ਜੰਗਮ-ਸ਼ੈਵ ਮਤ ਦਾ ਇਕ ਫ਼ਿਰਕਾ ਜੋ ਜੋਗੀਆਂ ਦੀ ਇਕ ਸ਼ਾਖ਼ ਹੈ। ਜੰਗਮ ਆਪਣੇ ਸਿਰ ਉੱਤੇ ਸੱਪ ਦੀ ਸ਼ਕਲ ਦੀ ਰੱਸੀ ਅਤੇ ਧਾਤ ਦਾ ਚੰਦ੍ਰਮਾ ਪਹਿਨਦੇ ਹਨ। ਕੰਨਾਂ ਵਿਚ ਮੁੰਦ੍ਰਾਂ ਦੀ ਥਾਂ ਪਿੱਤਲ ਦੇ ਫੁੱਲ ਮੋਰ-ਖੰਭਾਂ ਨਾਲ ਸਜਾਏ ਹੋਏ ਪਾਂਦੇ ਹਨ। ਜੰਗਮ ਦੋ ਹਿੱਸਿਆਂ ਵਿਚ ਵੰਡੇ ਹੋਏ ਹਨ-ਵਿਰਕਤ ਅਤੇ ਗ੍ਰਿਹਸਤੀ। ਸਹੇਤਿ-ਸਮੇਤ। ਕਾਇਆ -ਸਰੀਰ। ਹੰਸ-ਜੀਵਾਤਮਾ । ੫ ।

ਪਰਵਾਨ-ਕਬੂਲ । ਰਾਮਹਿ-ਪਰਮਾਤਮਾ ਨੂੰ ।੬।

ਅਰਥ :-ਇਹ (ਸਾਰਾ) ਸੰਸਾਰ ਮੈਲਾ ਹੈ, ਮਲੀਨ ਹੈ, ਕੇਵਲ ਪਰਮਾਤਮਾ ਹੀ ਪਵਿੱਤਰ ਹੈ, (ਇਤਨਾ ਪਵਿੱਤਰ ਹੈ ਕਿ ਉਸ ਦੀ ਪਵਿੱਤ੍ਰਤਾ ਦਾ) ਅੰਤ ਨਹੀਂ ਪਾਇਆ ਜਾ ਸਕਦਾ, ਪਾਰਲਾ ਬੰਨਾ ਨਹੀਂ ਲੱਭ ਸਕਦਾ। ੧ । ਰਹਾਉ ।

ਬ੍ਰਹਮਾ (ਭਾਵੇਂ ਜਗਤ ਦਾ ਪੈਦਾ ਕਰਨ ਵਾਲਾ ਮਿਥਿਆ ਜਾਂਦਾ ਹੈ ਪਰ) ਬ੍ਰਹਮਾ ਭੀ ਮੈਲਾ, ਇੰਦਰ ਭੀ ਮੈਲਾ (ਭਾਵੇਂ ਉਹ ਦੇਵਤਿਆਂ ਦਾ ਰਾਜਾ ਮਿਥਿਆ ਗਿਆ ਹੈ)। (ਦੁਨੀਆ ਨੂੰ ਚਾਨਣ ਦੇਣ ਵਾਲੇ) ਸੂਰਜ ਤੇ ਚੰਦ੍ਰਮਾ ਭੀ ਮੈਲੇ ਹਨ । ੧ ।

ਬ੍ਰਹਿਮੰਡਾਂ ਦੇ ਰਾਜੇ (ਭੀ ਹੋ ਜਾਣ ਤਾਂ ਭੀ) ਮੈਲੇ ਹਨ; ਰਾਤ ਦਿਨ, ਮਹੀਨੇ ਦੇ ਤ੍ਰੀਹੇ ਦਿਨ ਸਭ ਮੈਲੇ ਹਨ (ਬੇਅੰਤ ਜੀਅ-ਜੰਤ ਵਿਕਾਰਾਂ ਨਾਲ ਇਹਨਾਂ ਨੂੰ ਮੈਲਾ ਕਰੀ ਜਾ ਰਹੇ ਹਨ) ।੨।

(ਇਤਨੇ ਕੀਮਤੀ ਹੁੰਦੇ ਹੋਏ ਭੀ) ਮੋਤੀ ਤੇ ਹੀਰੇ ਭੀ ਮੈਲੇ ਹਨ, ਹਵਾ, ਅੱਗ ਤੇ ਪਾਣੀ ਭੀ ਮੈਲੇ ਹਨ । ੩ ।

ਸ਼ਿਵ-ਸ਼ੰਕਰ-ਮਹੇਸ਼ ਭੀ ਮੈਲੇ ਹਨ (ਭਾਵੇਂ ਇਹ ਵੱਡੇ ਦੇਵਤੇ ਮਿਥੇ ਗਏ ਹਨ)।

ਸਿੱਧ, ਸਾਧਕ ਤੇ ਭੇਖਧਾਰੀ ਸਾਧੂ ਸਭ ਮੈਲੇ ਹਨ ।੪।

ਜੋਗੀ, ਜੰਗਮ, ਜਟਾਧਾਰੀ ਸਭ ਅਪਵਿੱਤਰ ਹਨ; ਇਹ ਸਰੀਰ ਭੀ ਮੈਲਾ ਤੇ ਜੀਵਾਤਮਾ ਭੀ ਮੈਲਾ ਹੋਇਆ ਪਿਆ ਹੈ ।੫।

ਕਬੀਰ ਆਖਦਾ ਹੈ—ਸਿਰਫ਼ ਉਹ ਮਨੁੱਖ (ਪ੍ਰਭੂ ਦੇ ਦਰ ਤੇ) ਕਬੂਲ ਹਨ, ਸਿਰਫ਼ ਉਹ ਮਨੁੱਖ ਪਵਿੱਤਰ ਹਨ ਜਿਨ੍ਹਾਂ ਨੇ ਪਰਮਾਤਮਾ ਨਾਲ ਸਾਂਝ ਪਾਈ ਹੈ। ੬।੩।

ਮਨੁ ਕਰਿ ਮਕਾ, ਕਿਬਲਾ ਕਰਿ ਦੇਹੀ ।। ਬੋਲਨਹਾਰੁ ਪਰਮ ਗੁਰੁ ਏਹੀ ॥ ੧ ॥ ਕਹੁ, ਰੇ ਮੁਲਾਂ, ਬਾਂਗ ਨਿਵਾਜ ।। ਏਕ ਮਸੀਤਿ ਦਸੈ ਦਰਵਾਜ ।। ੧ ।। ਰਹਾਉ ॥ ਮਿਸਿਮਿਲਿ ਤਾਮਸੁ ਭਰਮੁ ਕਦੂਰੀ ।। ਭਾਖਿ ਲੇ ਪੰਚੇ, ਹੋਇ ਸਬੂਰੀ ॥ ੨ ॥ ਹਿੰਦੂ ਤੁਰਕ ਕਾ ਸਾਹਿਬੁ ਏਕ ।। ਕਹ ਕਰੈ ਮੁਲਾਂ, ਕਹ ਕਰੈ ਸੇਖ ।। ੩ ।। ਕਹਿ ਕਬੀਰ, ਹਉ ਭਇਆ ਦਿਵਾਨਾ ।। ਮੁਸਿ ਮੁਸਿ ਮਨੂਆ ਸਹਜਿ ਸਮਾਨਾ ॥ ੪ ॥ ੪ ॥

ਪਦ ਅਰਥ :—ਮਕਾ—ਮੱਕਾ, ਅਰਬ ਦੇਸ ਦਾ ਸ਼ਹਿਰ ਜਿੱਥੇ ਮੁਸਲਮਾਨ ਹੱਜ ਕਰਨ ਜਾਂਦੇ ਹਨ। ਕਿਬਲਾ—ਕਾਬੇ ਦੀ ਚਾਰ-ਦੀਵਾਰੀ ਜਿਸ ਦੀ ਜ਼ਿਆਰਤ ਕਰਦੇ ਹਨ। ਕਿਬਲਾ—(ਕ੍ਰਿ: ਵਿ:) ਸਾਹਮਣੇ, ਸਨਮੁਖ। (੨) ਜਿਸ ਵਲ ਮੂੰਹ ਕਰੀਏ, ਅਜਿਹਾ ਧਰਮ-ਮੰਦਰ, ਕਾਬਾ। ਮੱਕੇ ਵਿਚ ਮੁਸਲਮਾਨਾਂ ਦਾ ਪਰਸਿੱਧ ਮੰਦਰ। ਪਰਮ ਗੁਰੁ—ਵੱਡਾ ਪੀਰ।੧।

ਰੇ ਮੁਲਾਂ—ਹੇ ਮੁੱਲਾਂ ! ਦਸੈ ਦਰਵਾਜ—ਦਸ ਦਰਵਾਜ਼ਿਆਂ ਵਾਲੀ।੧। ਰਹਾਉ।

ਮਿਸਿਮਿਲਿ—[ਬਿਸਮਿਲ, ਬਿਸਮਿੱਲਾ, ਅੱਲਾ ਦੇ ਨਾਮ ਤੇ। ਬੱਕਰਾ ਆਦਿਕ ਪਸ਼ੂ ਮਾਰਨ ਵੇਲੇ ਮੁਸਲਮਾਨ ਮੂੰਹੋਂ 'ਬਿਸਮਿੱਲਾ' ਆਖਦਾ ਹੈ, ਭਾਵ ਇਹ, ਕਿ ਰੱਬ ਅੱਗੇ ਭੇਟ ਕਰਦਾ ਹੈ। ਇੱਥੋਂ ਇਸ ਦਾ ਅਰਥ 'ਜੀਵ ਨੂੰ ਕੋਹਣਾ' ਬਣ ਗਿਆ ਹੈ] ਮਾਰ ਦੇਹ। ਤਾਮਸੁ—ਤਮੋ ਵਾਲਾ ਸੁਭਾਉ, ਕ੍ਰੋਧ ਆਦਿਕ ਵਾਲਾ ਸੁਭਾਉ। ਕਦੂਰੀ—ਕਦੂਰਤਿ, ਮਨ ਦੀ ਮੈਲ। ਭਾਖਿ ਲੇ—ਖਾ ਲੈ, ਮੁਕਾ ਦੇਹ। ਪੰਚੇ—ਕਾਮਾਦਿਕ ਪੰਜਾਂ ਨੂੰ। ਸਬੂਰੀ—ਸਬਰ, ਧੀਰਜ, ਸ਼ਾਂਤੀ।੨।

ਕਹ—ਕੀਹ ? ੩।

ਦਿਵਾਨਾ—ਪਾਗਲ, ਕਮਲਾ। ਮੁਸਿ ਮੁਸਿ—ਸਹਿਜੇ ਸਹਿਜੇ। ਮਨੂਆ—ਅੰਞਾਣਾ ਮਨ। ਸਹਜਿ—ਸਹਿਜ ਅਵਸਥਾ ਵਿਚ।੪।

ਅਰਥ :—ਹੇ ਮੁੱਲਾਂ ! ਇਹ ਦਸ ਦਰਵਾਜ਼ਿਆਂ (ਇੰਦ੍ਰਿਆਂ) ਵਾਲਾ ਸਰੀਰ ਹੀ ਅਸਲ ਮਸੀਤ ਹੈ, ਇਸ ਵਿਚ ਟਿਕ ਕੇ ਬਾਂਗ ਦੇਹ ਤੇ ਨਿਮਾਜ਼ ਪੜ੍ਹ।੧।

ਰਹਾਉ ।

ਹੇ ਮੁੱਲਾਂ ! ਮਨ ਨੂੰ ਮੱਕਾ ਅਤੇ ਪਰਮਾਤਮਾ ਨੂੰ ਕਿਬਲਾ ਬਣਾ । (ਅੰਤਹਕਰਨ ਮੱਕਾ ਹੈ ਅਤੇ ਸਭ ਸਰੀਰਾਂ ਦਾ ਸੁਆਮੀ ਕਰਤਾਰ ਉਸ ਵਿਚ ਪੂਜਜ ਹੈ) । ਬੋਲਣਹਾਰ ਜੀਵਾਤਮਾ ਬਾਂਗ ਦੇਣ ਵਾਲਾ ਅਤੇ ਆਗੂ ਹੋ ਕੇ ਨਿਮਾਜ਼ ਪੜ੍ਹਣ ਵਾਲਾ ਪਰਮ ਗੁਰ (ਇਮਾਮ) ਹੈ । ੧ ।

(ਹੇ ਮੁੱਲਾਂ ! ਪਸ਼ੂ ਦੀ ਕੁਰਬਾਨੀ ਦੇਣ ਦੇ ਥਾਂ ਆਪਣੇ ਅੰਦਰੋਂ) ਕ੍ਰੋਧੀ ਸੁਭਾਉ, ਭਟਕਣਾ ਤੇ ਕਦੂਰਤ ਦੂਰ ਕਰ, ਕਾਮਾਦਿਕ ਪੰਜਾਂ ਨੂੰ ਮੁਕਾ ਦੇਹ, ਤੇਰੇ ਅੰਦਰ ਸ਼ਾਂਤੀ ਪੈਦਾ ਹੋਵੇਗੀ । ੨ ।

ਮੁੱਲਾਂ ਜਾਂ ਸ਼ੇਖ਼ (ਬਣਿਆਂ ਪ੍ਰਭੂ ਦੀ ਹਜ਼ੂਰੀ ਵਿਚ) ਕੋਈ ਖ਼ਾਸ ਵੱਡਾ ਮਰਤਬਾ ਨਹੀਂ ਮਿਲ ਜਾਂਦਾ । ਹਿੰਦੂ ਤੇ ਮੁਸਲਮਾਨ ਦੋਹਾਂ ਦਾ ਮਾਲਕ ਪ੍ਰਭੂ ਆਪ ਹੀ ਹੈ । ੩ ।

ਕਬੀਰ ਆਖਦਾ ਹੈ-(ਮੇਰੀਆਂ ਇਹ ਗੱਲਾਂ ਤੰਗ-ਦਿਲ ਲੋਕਾਂ ਨੂੰ ਪਾਗ਼ਲਾਂ ਵਾਲੀਆਂ ਜਾਪਦੀਆਂ ਹਨ; ਲੋਕਾਂ ਦੇ ਭਾਣੇ) ਮੈਂ ਪਾਗ਼ਲ ਹੋ ਗਿਆ ਹਾਂ, ਪਰ ਮੇਰਾ ਮਨ ਹੌਲੇ ਹੌਲੇ (ਅੰਦਰਲਾ ਹੱਜ ਕਰ ਕੇ ਹੀ) ਅਡੋਲ ਅਵਸਥਾ ਵਿਚ ਟਿਕ ਗਿਆ ਹੈ । ੪ । ੪ ।

ਗੰਗਾ ਕੈ ਸੰਗਿ ਸਲਿਤਾ ਬਿਗਰੀ ॥ ਸੋ ਸਲਿਤਾ, ਗੰਗਾ ਹੋਇ ਨਿਬਰੀ ॥ ੧ ॥ ਬਿਗਰਿਓ ਕਬੀਰਾ, ਰਾਮ ਦੁਹਾਈ ॥ ਸਾਚੁ ਭਇਓ, ਅਨ ਕਤਹਿ ਨ ਜਾਈ ॥ ੧ ॥ ਰਹਾਉ ॥ ਚੰਦਨ ਕੈ ਸੰਗਿ, ਤਰਵਰੁ ਬਿਗਰਿਓ ॥ ਸੋ ਤਰਵਰੁ, ਚੰਦਨੁ ਹੋਇ ਨਿਬਰਿਓ ॥ ੨ ॥ ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥ ਸੋ ਤਾਂਬਾ, ਕੰਚਨੁ ਹੋਇ ਨਿਬਰਿਓ ॥ ੩ ॥ ਸੰਤਨ ਸੰਗਿ ਕਬੀਰਾ ਬਿਗਰਿਓ ॥ ਸੋ ਕਬੀਰੁ, ਰਾਮੈ ਹੋਇ ਨਿਬਰਿਓ ॥ ੪ ॥ ੫ ॥

ਪਦ ਅਰਥ :-ਸਲਿਤਾ-ਨਦੀ । ਬਿਗਰੀ-ਵਿਗੜ ਗਈ । ਨਿਬਰੀ-ਨਿੱਬੜ ਗਈ, ਮੁੱਕ ਗਈ, ਆਪਾ ਮੁਕਾ ਗਈ । ੧ ।

ਰਾਮ ਦੁਹਾਈ-ਰਾਮ ਦੀ ਦੁਹਾਈ ਦੇ ਕੇ, ਪ੍ਰਭੂ ਦਾ ਨਾਮ ਸਿਮਰ ਸਿਮਰ ਕੇ । ਅਨ ਕਤਹਿ-ਹੋਰ ਕਿਸੇ ਭੀ ਥਾਂ । ੧ । ਰਹਾਉ ।

ਤਰਵਰੁ-ਰੁੱਖ । ੨ ।

ਕੰਚਨੁ-ਸੋਨਾ । ੩ ।

ਅਰਥ :—ਕਬੀਰ ਆਪਣੇ ਪ੍ਰਭੂ ਦਾ ਸਿਮਰਨ ਹਰ ਵੇਲੇ ਕਰ ਰਿਹਾ ਹੈ (ਪਰ ਲੋਕਾਂ ਦੇ ਭਾਣੇ) ਕਬੀਰ ਵਿਗੜ ਗਿਆ ਹੈ (ਲੋਕ ਨਹੀਂ ਜਾਣਦੇ ਕਿ ਰਾਮ ਦੀ ਦੁਹਾਈ ਦੇ ਦੇ ਕੇ) ਕਬੀਰ ਰਾਮ ਦਾ ਰੂਪ ਹੋ ਗਿਆ ਹੈ, ਹੁਣ (ਰਾਮ ਨੂੰ ਛੱਡ ਕੇ) ਕਿਸੇ ਹੋਰ ਪਾਸੇ ਨਹੀਂ ਭਟਕਦਾ। ੧। ਰਹਾਉ।

(ਜੇ ਜਿੰਦ ਦੇ ਮਾਲਕ ਪ੍ਰਭੂ ਦੀ ਚਰਨੀਂ ਲੱਗਣਾ ਵਿਗੜਨਾ ਹੀ ਹੈ ਤਾਂ) ਨਦੀ ਭੀ ਗੰਗਾ ਨਾਲ ਰਲ ਕੇ ਵਿਗੜ ਜਾਂਦੀ ਹੈ, ਪਰ ਉਹ ਨਦੀ ਤਾਂ ਗੰਗਾ ਦਾ ਰੂਪ ਹੋ ਕੇ ਆਪਣਾ ਆਪ ਮੁਕਾ ਦੇਂਦੀ ਹੈ। ੧।

(ਸਧਾਰਨ) ਰੁੱਖ ਭੀ ਚੰਦਨ ਦੇ ਨਾਲ (ਲੱਗ ਕੇ) ਵਿਗੜ ਜਾਂਦਾ ਹੈ,ਪਰ ਉਹ ਰੁੱਖ ਚੰਦਨ ਦਾ ਰੂਪ ਹੋ ਕੇ ਆਪਣਾ ਆਪ ਮੁਕਾ ਲੈਂਦਾ ਹੈ। ੨।

ਤਾਂਬਾ ਭੀ ਪਾਰਸ ਨਾਲ ਛੋਹ ਕੇ ਰੂਪ ਵਟਾ ਲੈਂਦਾ ਹੈ, ਪਰ ਉਹ ਤਾਂਬਾ ਸੋਨਾ ਹੀ ਬਣ ਜਾਂਦਾ ਹੈ ਤੇ ਆਪਣਾ ਆਪ ਮੁਕਾ ਦੇਂਦਾ ਹੈ। ੩।

(ਇਸੇ ਤਰ੍ਹਾਂ) ਕਬੀਰ ਭੀ ਸੰਤਾਂ ਦੀ ਸੰਗਤ ਵਿਚ ਰਹਿ ਕੇ ਵਿਗੜ ਗਿਆ ਹੈ। ਪਰ ਇਹ ਕਬੀਰ ਹੁਣ ਪ੍ਰਭੂ ਨਾਲ ਇੱਕ-ਮਿੱਕ ਹੋ ਗਿਆ ਹੈ, ਤੇ ਆਪਾ-ਭਾਵ ਮੁਕਾ ਚੁਕਿਆ ਹੈ। ੪। ੫।

ਮਾਥੇ ਤਿਲਕੁ, ਹਥਿ ਮਾਲਾ, ਬਾਨਾਂ ॥ ਲੋਗਨ, ਰਾਮੁ ਖਿਲਉਨਾ ਜਾਨਾਂ ॥ ੧ ॥ ਜਉ ਹਉ ਬਉਰਾ, ਤਉ ਰਾਮ ਤੋਰਾ ॥ ਲੋਗੁ, ਮਰਮੁ ਕਹ ਜਾਨੈ ਮੋਰਾ ॥ ੧ ॥ ਰਹਾਉ ॥ ਤੋਰਉ ਨ ਪਾਤੀ, ਪੂਜਉ ਨ ਦੇਵਾ ॥ ਰਾਮ ਭਗਤਿ ਬਿਨੁ, ਨਿਹਫਲ ਸੇਵਾ ॥ ੨ ॥ ਸਤਿਗੁਰੁ ਪੂਜਉ, ਸਦਾ ਸਦਾ ਮਨਾਵਉ ॥ ਐਸੀ ਸੇਵ ਦਰਗਹ ਸੁਖੁ ਪਾਵਉ ॥ ੩ ॥ ਲੋਗੁ ਕਹੈ, ਕਬੀਰੁ ਬਉਰਾਨਾ ॥ ਕਬੀਰ ਕਾ ਮਰਮੁ ਰਾਮ ਪਹਿਚਾਨਾਂ ॥ ੪ ॥ ੬ ॥

ਪਦ ਅਰਥ :—ਹਥਿ—ਹੱਥ ਵਿਚ। ਬਾਨਾਂ—ਧਾਰਮਿਕ ਪਹਿਰਾਵਾ। ਲੋਗਨ—ਲੋਕਾਂ ਨੇ। ੧।

ਜਉ—ਜੇ। ਹਉ—ਮੈਂ। ਰਾਮ—ਹੇ ਰਾਮ ! ਮਰਮੁ—ਭੇਤ। ੧। ਰਹਾਉ।

ਤੋਰਉ ਨ—ਮੈਂ ਨਹੀਂ ਤੋੜਦਾ। ਦੇਵਾ—ਦੇਵਤੇ। ੨।

ਪੂਜਉ—ਪੂਜਉਂ, ਮੈਂ ਪੂਜਦਾ ਹਾਂ। ਦਰਗਹ—ਪ੍ਰਭੂ ਦੀ ਹਜ਼ੂਰੀ ਵਿਚ [ਨੋਟ—ਇਸ ਤੁਕ ਵਿਚ ਲਫ਼ਜ਼ 'ਪੂਜਉ', ਮਨਾਵਉ' ਅਤੇ 'ਪਾਵਉ' ਵਰਤਮਾਨ ਕਾਲ ਇਕ ਵਚਨ ਵਿਚ ਹਨ। ਇਹਨਾਂ ਦਾ ਅਰਥ ਹੈ ਪੂਜਦਾ ਹਾਂ, ਮਨਾਂਦਾ ਹਾਂ, ਪਾਂਦਾ ਹੈ, ਜਿਵੇਂ 'ਗੁਰੂ ਨੂੰ ਪੂਜਣਾ ਅਤੇ ਮਨਾਣਾ' ਕੋਈ ਅਗਾਂਹ ਔਗੇ ਆਉਣ ਵਾਲੇ ਜਨਮ ਦਾ ਕੰਮ ਨਹੀਂ,

ਹੁਣ ਦੇ ਸਮੇ ਮਨੁੱਖਾ-ਜਨਮ ਦੇ ਵੇਲੇ ਦਾ ਕਰਤੱਬ ਹੈ, ਤਿਵੇਂ 'ਦਰਗਹ ਸੁਖੁ ਪਾਵਉ' ਭੀ ਹੁਣ ਦੇ ਸਮੇ ਨਾਲ ਹੀ ਸੰਬੰਧ ਰੱਖਦਾ ਹੈ, ਕਿਸੇ ਅਗਲੇ ਆਉਣ ਵਾਲੇ ਜਨਮ ਦੇ ਨਾਲ ਸੰਬੰਧ ਰੱਖਣ ਵਾਲੀ ਘਟਨਾ ਨਹੀਂ ਹੈ। ਸੋ, 'ਦਰਗਹ' ਦਾ ਭਾਵ ਹੈ 'ਪ੍ਰਭੂ ਦੇ ਚਰਨਾਂ ਵਿਚ ਜੁੜਨ ਵਾਲੀ ਅਵਸਥਾ'] । ੩ ।

ਅਰਥ :-(ਮੈਂ ਕੋਈ ਧਾਰਮਿਕ ਭੇਖ ਨਹੀਂ ਬਣਾਂਦਾ, ਮੈਂ ਮੰਦਰ ਆਦਿਕ ਵਿਚ ਜਾ ਕੇ ਕਿਸੇ ਦੇਵਤੇ ਦੀ ਪੂਜਾ ਨਹੀਂ ਕਰਦਾ, ਲੋਕ ਮੈਨੂੰ ਪਾਗ਼ਲ ਆਖਦੇ ਹਨ; ਪਰ ਹੇ ਮੇਰੇ ਰਾਮ ! ਜੇ ਮੈਂ (ਲੋਕਾਂ ਦੇ ਭਾਣੇ) ਪਾਗ਼ਲ ਹਾਂ, ਤਾਂ ਭੀ (ਮੈਨੂੰ ਇਹ ਠੰਢ ਹੈ ਕਿ) ਮੈਂ ਤੇਰਾ (ਸੇਵਕ) ਹਾਂ। ਦੁਨੀਆ ਭਲਾ ਮੇਰੇ ਦਿਲ ਦਾ ਭੇਤ ਕੀਹ ਜਾਣ ਸਕਦੀ ਹੈ? ।੧। ਰਹਾਉ ।

(ਲੋਕ) ਮੱਥੇ ਉੱਤੇ ਤਿਲਕ ਲਾ ਲੈਂਦੇ ਹਨ, ਹੱਥ ਵਿਚ ਮਾਲਾ ਫੜ ਲੈਂਦੇ ਹਨ, ਧਾਰਮਿਕ ਪਹਿਰਾਵਾ ਬਣਾ ਲੈਂਦੇ ਹਨ, (ਤੇ ਸਮਝਦੇ ਹਨ ਕਿ ਪਰਮਾਤਮਾ ਦੇ ਭਗਤ ਬਣ ਗਏ ਹਾਂ) ਲੋਕਾਂ ਨੇ ਪਰਮਾਤਮਾ ਨੂੰ ਖਿਡੌਣਾ(ਭਾਵ, ਅੰਞਾਣਾ ਬਾਲ) ਸਮਝ ਲਿਆ ਹੈ (ਕਿ ਇਹਨੀਂ ਗਲੀਂ ਉਸ ਨੂੰ ਪਰਚਾਇਆ ਜਾ ਸਕਦਾ ਹੈ) ।੧।

(ਦੇਵਤਿਆਂ ਅੱਗੇ ਭੇਟ ਧਰਨ ਲਈ) ਨਾਹ ਹੀ ਮੈਂ (ਫੁੱਲ) ਪੱਤਰ ਤੋੜਦਾ ਹਾਂ, ਨਾਹ ਮੈਂ ਕਿਸੇ ਦੇਵੀ ਦੇਵਤੇ ਦੀ ਪੂਜਾ ਕਰਦਾ ਹਾਂ, (ਮੈਂ ਜਾਣਦਾ ਹਾਂ ਕਿ) ਪ੍ਰਭੂ ਦੀ ਬੰਦਗੀ ਤੋਂ ਬਿਨਾ ਹੋਰ ਕਿਸੇ ਦੀ ਪੂਜਾ ਵਿਅਰਥ ਹੈ ।੨।

ਮੈਂ ਆਪਣੇ ਸਤਿਗੁਰੂ ਅੱਗੇ ਸਿਰ ਨਿਵਾਉਂਦਾ ਹਾਂ, ਉਸੇ ਨੂੰ ਸਦਾ ਪ੍ਰਸੰਨ ਕਰਦਾ ਹਾਂ, ਤੇ ਇਸ ਸੇਵਾ ਦੀ ਬਰਕਤਿ ਨਾਲ ਪ੍ਰਭੂ ਦੀ ਹਜ਼ੂਰੀ ਵਿਚ ਜੁੜ ਕੇ ਸੁਖ ਮਾਣਦਾ ਹਾਂ।੩।

(ਹਿੰਦੂ-) ਜਗਤ ਆਖਦਾ ਹੈ, ਕਬੀਰ ਪਾਗ਼ਲ ਹੋ ਗਿਆ ਹੈ (ਕਿਉਂਕਿ ਨਾਹ ਇਹ ਤਿਲਕ ਆਦਿਕ ਚਿਹਨ ਵਰਤਦਾ ਹੈ ਤੇ ਨਾਹ ਹੀ ਫੁੱਲ ਪੱਤਰ ਲੈ ਕੇ ਕਿਸੇ ਮੰਦਰ ਵਿਚ ਭੇਟ ਕਰਨ ਜਾਂਦਾ ਹੈ), ਪਰ ਕਬੀਰ ਦੇ ਦਿਲ ਦਾ ਭੇਤ ਕਬੀਰ ਦਾ ਪਰਮਾਤਮਾ ਜਾਣਦਾ ਹੈ।੪।੬।

ਉਲਟਿ, ਜਾਤਿ ਕੁਲ ਦੋਊ ਬਿਸਾਰੀ ॥ ਸੁੰਨ ਸਹਜ ਮਹਿ ਬੁਨਤ ਹਮਾਰੀ ॥ ੧ ॥ ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥ ੧ ॥ ਰਹਾਉ ॥ ਬੁਨਿ ਬੁਨਿ ਆਪ, ਆਪੁ ਪਹਿਰਾਵਉ ॥ ਜਹ ਨਹੀ ਆਪੁ, ਤਹਾ ਹੋਇ ਗਾਵਉ ॥ ੨ ॥ ਪੰਡਿਤ ਮੁਲਾਂ ਜੋ ਲਿਖਿ ਦੀਆ ॥ ਛਾਡਿ ਚਲੇ ਹਮ ਕਛੂ ਨ ਲੀਆ ॥ ੩ ॥ ਰਿਦੈ ਇਖਲਾਸੁ ਨਿਰਖਿ ਲੇ ਮੀਰਾ ॥

ਆਪੁ ਖੋਜਿ ਖੋਜਿ ਮਿਲੇ ਕਬੀਰਾ ॥ ੪ ॥ ੭ ॥

ਪਦ ਅਰਥ :—ਉਲਟਿ—(ਮਾਇਆ ਵਲੋਂ) ਪਰਤ ਕੇ। ਦੋਊ—ਜਾਤ ਅਤੇ ਕੁਲ ਦੋਵੇਂ। ਸੁੰਨਿ—ਅਫੁਰ ਅਵਸਥਾ। ਸਹਜ—ਅਡੋਲ ਅਵਸਥਾ। ਬੁਨਤ—ਤਾਣੀ, ਮਨ ਦੀ ਲਗਨ, ਲਿਵ। ੧।

ਝਗਰਾ—ਵਾਸਤਾ, ਸੰਬੰਧ। ਰਹਾਉ।

ਬੁਨਿ ਬੁਨਿ—ਉਣ ਉਣ ਕੇ, ਪ੍ਰਭੂ-ਚਰਨਾਂ ਵਿਚ ਲਿਵ ਲਾਣ ਦੀ ਤਾਣੀ ਉਣ ਉਣ ਕੇ। ਆਪੁ—ਆਪਣੇ ਆਪ ਨੂੰ। ਜਹ ਨਹੀ ਆਪੁ—ਜਿੱਥੇ ਆਪਾ-ਭਾਵ ਨਹੀਂ। ਤਹਾ ਹੋਇ—ਉਸ ਅਵਸਥਾ ਵਿਚ ਟਿਕ ਕੇ। ੨।

ਜੋ ਲਿਖਿ ਦੀਆ—(ਕਰਮ-ਕਾਂਡ ਤੇ ਸ਼ਰਹ ਦੀਆਂ ਗੱਲਾਂ) ਜੋ ਉਹਨਾਂ ਲਿਖ ਦਿੱਤੀਆਂ ਹਨ। ੩।

ਇਖਲਾਸੁ—ਪ੍ਰੇਮ, ਪਵਿਤ੍ਰਤਾ। ਨਿਰਖਿ ਲੇ—ਵੇਖ ਲੈ, ਦੀਦਾਰ ਕਰ ਲੈ, ਦੀਦਾਰ ਹੋ ਸਕਦਾ ਹੈ। ਮੀਰਾ—ਮੀਰ, ਪਰਮਾਤਮਾ। ੪।

ਨੋਟ :—ਕਬੀਰ ਜੀ ਜਾਤ ਦੇ ਜੁਲਾਹੇ ਸਨ। ਆਪਣੇ ਹੀ ਕਿੱਤੇ ਦਾ ਦ੍ਰਿਸ਼ਟਾਂਤ ਦੇ ਕੇ ਕਹਿੰਦੇ ਹਨ ਕਿ ਜਿਉਂ ਜਿਉਂ ਮੈਂ ਪ੍ਰਭੂ-ਚਰਨਾਂ ਵਿਚ ਸੁਰਤ ਜੋੜਨ ਦੀ ਤਾਣੀ ਉਣ ਰਿਹਾ ਹਾਂ, ਤਿਉਂ ਤਿਉਂ ਮੈਨੂੰ ਹਿੰਦੂਆਂ ਦੇ ਕਰਮ-ਕਾਂਡ ਅਤੇ ਮੁਸਲਮਾਨਾਂ ਦੀ ਸ਼ਰਹ ਦੀ ਲੋੜ ਨਹੀਂ ਰਹੀ। ਰੱਬ ਨੂੰ ਮਿਲਣ ਲਈ, ਬੱਸ, ਇੱਕੋ ਹੀ ਗੁਰ ਹੈ ਕਿ ਮਨੁੱਖ ਆਪਣੇ ਆਪ ਦੀ ਖੋਜ ਕਰੇ ਤੇ ਹਿਰਦੇ ਵਿਚ ਪ੍ਰਭੂ ਦਾ ਪ੍ਰੇਮ ਵਸਾਏ।

ਅਰਥ :—(ਜਿਉਂ ਜਿਉਂ ਮੈਂ ਨਾਮ ਸਿਮਰਨ ਦੀ ਤਾਣੀ ਉਣ ਰਿਹਾ ਹਾਂ) ਮੈਂ ਪੰਡਿਤ ਅਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ। ਦੋਹਾਂ (ਦੇ ਦੱਸੇ ਕਰਮ-ਕਾਂਡ ਤੇ ਸ਼ਰਹ ਦੇ ਰਸਤੇ) ਨਾਲ ਮੇਰਾ ਕੋਈ ਵਾਸਤਾ ਨਹੀਂ ਰਿਹਾ (ਭਾਵ, ਕਰਮ ਕਾਂਡ ਅਤੇ ਸ਼ਰਹ ਇਹ ਦੋਵੇਂ ਹੀ ਨਾਮ-ਸਿਮਰਨ ਦੇ ਟਾਕਰੇ ਤੇ ਤੁੱਛ ਹਨ)। ਰਹਾਉ।

(ਨਾਮ ਦੀ ਬਰਕਤਿ ਨਾਲ ਮਨ ਨੂੰ ਮਾਇਆ ਵਲੋਂ) ਉਲਟਾ ਕੇ ਮੈਂ ਜਾਤ ਤੇ ਕੁਲ ਦੋਵੇਂ ਵਿਸਾਰ ਦਿੱਤੀਆਂ ਹਨ (ਮੈਨੂੰ ਇਹ ਸਮਝ ਆ ਗਈ ਹੈ ਕਿ ਪ੍ਰਭੂ-ਮਿਲਾਪ ਦਾ ਕਿਸੇ ਖ਼ਾਸ ਜਾਤ ਜਾਂ ਕੁਲ ਨਾਲ ਸੰਬੰਧ ਨਹੀਂ ਹੈ)। ਮੇਰੀ ਲਿਵ ਹੁਣ ਉਸ ਅਵਸਥਾ ਵਿਚ ਟਿਕੀ ਹੋਈ ਹੈ, ਜਿੱਥੇ ਮਾਇਆ ਦੇ ਫੁਰਨੇ ਨਹੀਂ ਹਨ, ਜਿੱਥੇ ਅਡੋਲਤਾ ਹੀ ਅਡੋਲਤਾ ਹੈ। ੧।

(ਪ੍ਰਭੂ-ਚਰਨਾਂ ਵਿਚ ਟਿਕੀ ਸੁਰਤ ਦੀ ਤਾਣੀ) ਉਣ ਉਣ ਕੇ ਮੈਂ ਆਪਣੇ ਆਪ ਨੂੰ ਪਹਿਨਾ ਰਿਹਾ ਹਾਂ, ਮੈਂ ਉੱਥੇ ਪਹੁੰਚ ਕੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਰਿਹਾ ਹਾਂ ਜਿੱਥੇ ਆਪਾ-ਭਾਵ ਨਹੀਂ ਹੈ। ੨।

(ਕਰਮ-ਕਾਂਡ ਤੇ ਸ਼ਰਹ ਬਾਰੇ) ਪੰਡਿਤਾਂ ਅਤੇ ਮੌਲਵੀਆਂ ਨੇ ਜੋ ਕੁਝ ਲਿਖਿਆ ਹੈ, ਮੈਨੂੰ ਕਿਸੇ ਦੀ ਭੀ ਲੋੜ ਨਹੀਂ ਰਹੀ, ਮੈਂ ਇਹ ਸਭ ਕੁਝ ਛੱਡ ਦਿੱਤਾ ਹੈ ।੩।

ਜੇ ਹਿਰਦੇ ਵਿਚ ਪ੍ਰੇਮ ਹੋਵੇ, ਤਾਂ ਹੀ ਪ੍ਰਭੂ ਦਾ ਦੀਦਾਰ ਹੋ ਸਕਦਾ ਹੈ (ਕਰਮ-ਕਾਂਡ ਅਤੇ ਸ਼ਰਹ ਸਹਾਇਤਾ ਨਹੀਂ ਕਰਦੇ) । ਹੇ ਕਬੀਰ ! ਜੋ ਭੀ ਪ੍ਰਭੂ ਨੂੰ ਮਿਲੇ ਹਨ ਆਪਾ ਖੋਜ ਖੋਜ ਕੇ ਹੀ ਮਿਲੇ ਹਨ (ਕਰਮ-ਕਾਂਡ ਅਤੇ ਸ਼ਰਹ ਦੀ ਮਦਦ ਨਾਲ ਨਹੀਂ ਮਿਲੇ) ।੪, ੭।

ਨੋਟ :—ਜਿਹੜਾ ਮਹਾਂ-ਪੁਰਖ ਮੁਸਲਮਾਨੀ ਰਾਜ ਸਮੇਂ ਅਤੇ ਹਿੰਦੂ-ਸੱਭਿਅਤਾ ਦੇ ਗੜ੍ਹ ਕਾਂਸ਼ੀ ਵਿਚ ਰਹਿੰਦਾ ਹੋਇਆ ਇਤਨੀ ਦਲੇਰੀ ਨਾਲ ਸੱਚ ਦਾ ਹੋਕਾ ਦੇ ਸਕਦਾ ਹੈ, ਦੋਹਾਂ ਕੌਮਾਂ ਦੇ ਧਰਮ-ਰੱਖਿਆਂ ਦਾ ਉਸ ਦੇ ਵਿਰੁੱਧ ਹੋ ਜਾਣਾ ਅਚਰਜ ਗੱਲ ਨਹੀਂ ਹੈ ।

ਨੋਟ—ਇਸ ਸ਼ਬਦ ਦੀ 'ਰਹਾਉ' ਦੀ ਤੁਕ ਪੜ੍ਹਨ ਵੇਲੇ ਪਾਠਕਾਂ ਨੂੰ ਪਹਿਲਾਂ ਇਹ ਖ਼ਿਆਲ ਪੈਦਾ ਹੁੰਦਾ ਹੈ ਕਿ 'ਪੰਡਿਤ ਮੁਲਾਂ' ਛੱਡਣ ਦਾ ਭਾਵ ਚੰਗੀ ਤਰ੍ਹਾਂ ਸਾਫ਼ ਨਹੀਂ ਹੋਇਆ। ਪਰ ਬੰਦ ਨੰ:੩ ਵਿਚ ਜਾ ਕੇ ਇਹ ਪ੍ਰਸ਼ਨ ਕੁਝ ਕੁਝ ਹੱਲ ਹੋ ਜਾਂਦਾ ਹੈ ਕਿ ਪੰਡਿਤਾਂ ਦੇ ਦੱਸੇ ਕਰਮ-ਕਾਂਡ ਅਤੇ ਮੌਲਵੀਆਂ ਦੀ ਦੱਸੀ ਸ਼ਰਹ ਦਾ ਹੀ ਕਬੀਰ ਜੀ ਜ਼ਿਕਰ ਕਰ ਰਹੇ ਹਨ । ਉਂਞ ਕੋਈ ਐਸੀ ਰਮਜ਼ ਦੀ ਗੱਲ ਇੱਥੇ ਨਹੀਂ, ਜਿਸ ਨੂੰ ਸਮਝਣ ਲੱਗਿਆਂ ਕੋਈ ਭੁਲੇਖਾ ਪੈ ਜਾਏ ਅਤੇ ਕੋਈ ਉਲਟ-ਪੁਲਟ ਗੱਲ ਸਮਝੀ ਜਾਏ। ਸੋ, ਸਤਿਗੁਰੂ ਜੀ ਨੇ ਜਿਵੇਂ ਇਸੇ ਰਾਗ ਦੇ ਸਬਦ ਨੰ: ੧੧ ਦੇ ਨਾਲ ਆਪਣੇ ਵਲੋਂ ਇਕ ਸ਼ਬਦ ਦਰਜ ਕੀਤਾ ਹੈ, ਇੱਥੇ ਅਜਿਹੀ ਲੋੜ ਨਹੀਂ ਪਈ । ਪਰ, ਇਸ ਸ਼ਬਦ ਦੀ ਖੁਲ੍ਹੀ ਵਿਆਖਿਆ ਗੁਰੂ ਅਰਜਨ ਸਾਹਿਬ ਨੇ ਕਰ ਹੀ ਦਿੱਤੀ ਹੈ, ਤੇ ਇਸੇ ਹੀ ਰਾਗ ਦੇ ਆਪਣੇ ਸ਼ਬਦਾਂ ਵਿਚ ਉਸ ਸ਼ਬਦ ਨੂੰ ਦਰਜ ਕਰ ਦਿੱਤਾ ਹੈ । ਚੂੰਕਿ ਉਹ ਸ਼ਬਦ ਨਿਰੋਲ ਕਬੀਰ ਜੀ ਦੇ ਇਸ ਸ਼ਬਦ ਦੀ ਵਿਆਖਿਆ ਵਾਸਤੇ ਹੈ, ਇਸ ਲਈ ਉਸ ਵਿਚ ਅਖ਼ੀਰ ਤੇ ਕਬੀਰ ਜੀ ਦਾ ਹੀ ਨਾਮ ਉਹਨਾਂ ਦਿੱਤਾ ਹੈ ਜਿਵੇਂ ਸ਼ਬਦ ਨੰ: ੧੨ ਵਿਚ ਕੀਤਾ ਹੈ । ਸਿਰਲੇਖ "ਭੈਰਉ ਮਹਲਾ ੫" ਇਹ ਪੱਕਾ ਯਕੀਨ ਦਿਵਾਉਂਦਾ ਹੈ ਕਿ ਸ਼ਬਦ ਸਤਿਗੁਰੂ ਅਰਜਨ ਦੇਵ ਜੀ ਦਾ ਹੀ ਉਚਾਰਿਆ ਹੋਇਆ ਹੈ । ਉਹ ਸ਼ਬਦ ਇਉਂ ਹੈ :—

ਭੈਰਉ ਮਹਲਾ ੫ ।। ਵਰਤ ਨ ਰਹਉ, ਨ ਮਹ ਰਮਦਾਨਾ ।। ਤਿਸੁ ਸੇਵੀ, ਜੋ ਰਖੈ ਨਿਦਾਨਾ ॥ ੧ ॥ ਏਕੁ ਗੁਸਾਈ ਅਲਹੁ ਮੇਰਾ ।। ਹਿੰਦੂ ਤੁਰਕ ਦੁਹਾਂ ਨੇਬੇਰਾ ॥ ੧ ॥ ਰਹਾਉ ॥ ਹਜ ਕਾਬੈ ਜਾਉ ਨ ਤੀਰਥ ਪੂਜਾ ।। ਏਕੋ ਸੇਵੀ, ਅਵਰੁ ਨ ਦੂਜਾ ।। ੨ ।। ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥ ੩ ॥ ਨਾ ਹਮ ਹਿੰਦੂ, ਨ ਮੁਸਲਮਾਨ ॥

ਅਲਹ ਰਾਮ ਕੇ ਪਿੰਡ ਪਰਾਨ ॥ ੪ ॥ ਕਹੁ ਕਬੀਰ, ਇਹੁ ਕੀਆ ਵਖਾਨਾ॥ ਗੁਰ ਪੀਰ ਮਿਲਿ, ਖੁਦਿ ਖਸਮੁ ਪਛਾਨਾ ॥ ੫ ॥ ੩ ॥

ਇਹ ਗੱਲ ਪਰਤੱਖ ਹੈ ਕਿ ਗੁਰੂ ਅਰਜਨ ਸਾਹਿਬ ਦਾ ਇਹ ਸ਼ਬਦ ਕਬੀਰ ਜੀ ਦੇ ਉੱਪਰ-ਲਿਖੇ ਸ਼ਬਦ ਦੇ ਸੰਬੰਧ ਵਿਚ ਹੈ। ਇਹ ਤਦੋਂ ਹੀ ਹੋ ਸਕਦਾ ਸੀ ਜੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਤੋਂ ਕਾਫ਼ੀ ਸਮਾਂ ਪਹਿਲਾਂ ਕਬੀਰ ਜੀ ਦਾ ਇਹ ਸ਼ਬਦ ਸਤਿਗੁਰੂ ਜੀ ਦੇ ਪਾਸ ਮੌਜੂਦ ਹੋਵੇ। ਸੋ, ਇਹ ਖ਼ਿਆਲ ਗ਼ਲਤ ਹੈ ਕਿ ਜਦੋਂ 'ਬੀੜ' ਲਿਖੀ ਜਾ ਰਹੀ ਸੀ, ਤਦੋਂ ਭਗਤਾਂ ਦੀਆਂ ਰੂਹਾਂ ਨੇ ਆ ਕੇ ਨਾਲੋ ਨਾਲ ਆਪਣੇ ਸ਼ਬਦ ਲਿਖਾਏ ਸਨ। ਇਸ ਭੈਰਉ ਰਾਗ ਦੀ ਹੀ ਮਿਸਾਲ ਲਵੋ। 'ਬੀੜ' ਵਿਚ ਗੁਰੂ ਅਰਜਨ ਸਾਹਿਬ ਨੇ ਪਹਿਲਾਂ ਗੁਰੂ ਨਾਨਕ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਜੀ ਅਤੇ ਆਪਣੇ ਸ਼ਬਦ ਦਰਜ ਕੀਤੇ; ਅਸਟਪਦੀਆਂ ਤੇ ਛੰਤ ਆਦਿਕ ਭੀ ਦਰਜ ਕਰ ਲਏ। ਇਹ ਸ਼ਬਦ ਨੰ: ੩ ਭੀ ਦਰਜ ਹੋ ਗਿਆ। ਜੇ ਇਸ ਤੋਂ ਪਿੱਛੋਂ ਆਏ ਕਬੀਰ ਜੀ, ਤਾਂ ਉਹਨਾਂ ਦੇ ਇਸ ਸ਼ਬਦ ਨੰ: ੭ ਨਾਲ ਸੰਬੰਧ ਰੱਖਣ ਵਾਲਾ ਗੁਰੂ ਅਰਜਨ ਸਾਹਿਬ ਦਾ ਸ਼ਬਦ ਨੰ: ੩ ਕਬੀਰ ਜੀ ਦੇ ਆਉਣ ਤੋਂ ਪਹਿਲਾਂ ਹੀ ਕਿਵੇਂ ਉਚਾਰਿਆ ਗਿਆ ਅਤੇ ਦਰਜ ਹੋ ਗਿਆ? ਅਸਲ ਗੱਲ ਇਹ ਹੈ ਕਿ ਕਬੀਰ ਜੀ ਦੀ ਸਾਰੀ ਬਾਣੀ ਗੁਰੂ ਨਾਨਕ ਸਾਹਿਬ ਪਾਸ ਹੀ ਮੌਜੂਦ ਸੀ।

ਨਿਰਧਨ ਆਦਰੁ ਕੋਈ ਨ ਦੇਇ ॥ ਲਾਖ ਜਤਨ ਕਰੈ, ਓਹੁ ਚਿਤਿ ਨ ਧਰੇਇ ॥ ੧ ॥ ਰਹਾਉ ॥ ਜਉ ਨਿਰਧਨੁ ਸਰਧਨ ਕੈ ਜਾਇ ॥ਆਗੇ ਬੈਠਾ ਪੀਠਿ ਫਿਰਾਇ ॥ ੧ ॥ ਜਉ ਸਰਧਨੁ ਨਿਰਧਨ ਕੈ ਜਾਇ॥ ਦੀਆ ਆਦਰੁ ਲੀਆ ਬੁਲਾਇ ॥ ੨ ॥ ਨਿਰਧਨੁ ਸਰਧਨੁ ਦੋਨਉ ਭਾਈ ॥ ਪ੍ਰਭ ਕੀ ਕਲਾ ਨ ਮੇਟੀ ਜਾਈ ॥ ੩ ॥ ਕਹਿ ਕਬੀਰ, ਨਿਰਧਨੁ ਹੈ ਸੋਈ ॥ ਜਾ ਕੇ ਹਿਰਦੈ ਨਾਮੁ ਨ ਹੋਈ ॥ ੪ ॥ ੮ ॥

ਪਦ ਅਰਥ :—ਨਿਰਧਨ—ਧਨ-ਹੀਣ ਨੂੰ, ਕੰਗਾਲ ਨੂੰ। ਕੋਈ—ਕੋਈ ਧਨ ਵਾਲਾ ਮਨੁੱਖ। ਓਹੁ—ਉਹ ਧਨੀ ਮਨੁੱਖ। ਚਿਤਿ ਨ ਧਰੇਇ—ਕੰਗਾਲ ਦੇ ਜਤਨਾਂ ਨੂੰ ਚਿੱਤ ਵਿਚ ਭੀ ਨਹੀਂ ਲਿਆਉਂਦਾ। ੧। ਰਹਾਉ।

ਸਰਧਨ—ਧਨੀ। ਸਰਧਨ ਕੈ—ਧਨੀ ਮਨੁੱਖ ਦੇ ਘਰ। ੧।

ਕਲਾ—ਖੇਡ, ਰਜ਼ਾ। ੩।

ਜਾ ਕੈ ਹਿਰਦੈ—ਜਿਸ ਦੇ ਹਿਰਦੇ ਵਿਚ। ੪।

ਅਰਥ :—ਕੋਈ (ਧਨੀ) ਮਨੁੱਖ ਕਿਸੇ ਕੰਗਾਲ ਮਨੁੱਖ ਦਾ ਸਤਿਕਾਰ ਨਹੀਂ

ਕਰਦਾ। ਕੰਗਾਲ ਮਨੁੱਖ ਭਾਵੇਂ ਲੱਖਾਂ ਜਤਨ (ਧਨੀ ਨੂੰ ਖ਼ੁਸ਼ ਕਰਨ ਦੇ) ਕਰੇ, ਉਹ ਧਨੀ ਮਨੁੱਖ (ਉਸ ਦੇ ਜਤਨਾਂ ਦੀ) ਪਰਵਾਹ ਨਹੀਂ ਰੱਖਦਾ। ੧। ਰਹਾਉ।

ਜੇ ਕਦੇ ਕੋਈ ਗ਼ਰੀਬ ਬੰਦਾ ਕਿਸੇ ਧਨਵਾਨ ਦੇ ਘਰ ਚਲਾ ਜਾਏ, ਅੱਗੋਂ ਉਹ ਧਨੀ ਬੈਠਾ (ਉਸ ਗ਼ਰੀਬ ਵਲੋਂ) ਪਿੱਠ ਮੋੜ ਲੈਂਦਾ ਹੈ। ੧।

ਪਰ ਜੇ ਧਨੀ ਮਨੁੱਖ ਗ਼ਰੀਬ ਦੇ ਘਰ ਜਾਏ,ਉਹ ਆਦਰ ਦੇਂਦਾ ਹੈ, ਜੀ-ਆਇਆਂ ਆਖਦਾ ਹੈ। ੨।

ਪ੍ਰਭੂ ਦੀ ਇਹ ਰਜ਼ਾ (ਜਿਸ ਕਰਕੇ ਕੋਈ ਗ਼ਰੀਬ ਰਹਿ ਗਿਆ ਤੇ ਕੋਈ ਧਨੀ ਬਣ ਗਿਆ) ਮਿਟਾਈ ਨਹੀਂ ਜਾ ਸਕਦੀ, ਉਂਞ ਕੰਗਾਲ ਤੇ ਧਨੀ ਦੋਵੇਂ ਭਰਾ ਹੀ ਹਨ(ਧਨੀ ਨੂੰ ਇਤਨਾ ਮਾਣ ਨਹੀਂ ਕਰਨਾ ਚਾਹੀਦਾ)। ੩।

ਕਬੀਰ ਆਖਦਾ ਹੈ-(ਅਸਲ ਵਿਚ) ਉਹ ਮਨੁੱਖ ਹੀ ਕੰਗਾਲ ਹੈ ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਨਹੀਂ ਹੈ (ਕਿਉਂਕਿ ਧਨ ਇੱਥੇ ਹੀ ਰਹਿ ਜਾਂਦਾ ਹੈ, ਤੇ ਨਾਮ-ਧਨ ਨੇ ਨਾਲ ਨਿਭਣਾ ਹੈ ; ਦੂਜੇ, ਕਿਤਨਾ ਹੀ ਧਨ ਮਨੁੱਖ ਇਕੱਠਾ ਕਰੀ ਜਾਏ, ਕਦੇ ਰੱਜਦਾ ਨਹੀਂ, ਮਨ ਭੁੱਖਾ ਕੰਗਾਲ ਹੀ ਰਹਿੰਦਾ ਹੈ)। ੪। ੮।

ਗੁਰ ਸੇਵਾ ਤੇ, ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਇਸੁ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ, ਭਜੁ ਹਰਿ ਕੀ ਸੇਵ ॥ ੧ ॥ ਭਜਹੁ ਗੋੁਬਿੰਦ, ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥ ੧ ॥ ਰਹਾਉ ॥ ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥ ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ, ਰੇ ਮਨ, ਸਾਰਿਗਪਾਨੀ ॥ ੨ ॥ ਅਬ ਨ ਭਜਸਿ, ਭਜਸਿ ਕਬ ਭਾਈ ॥ ਆਵੈ ਅੰਤੁ, ਨ ਭਜਿਆ ਜਾਈ ॥ ਜੋ ਕਿਛੁ ਕਰਹਿ, ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ੩ ॥ ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥ ਗੁਰ ਮਿਲਿ, ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥ ੪ ॥ ਇਹੀ ਤੇਰਾ ਅਉਸਰੁ, ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥ ਕਹਤ ਕਬੀਰੁ, ਜੀਤਿ ਕੈ ਹਾਰਿ ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥ ੫ ॥ ੧ ॥ ੯ ॥

ਪਦ ਅਰਥ :—ਤੇ—ਤੋਂ, ਦੀ ਰਾਹੀਂ। ਦੇਹੀ—ਸਰੀਰ। ਪਾਈ—ਲੱਭੀ। ਦੇਹੀ ਕਉ ਸਰੀਰ ਦੀ ਖ਼ਾਤਰ। ੧।

ਗੁੋਵਿੰਦ–[ਅਸਲ ਲਫ਼ਜ਼ 'ਗੋਬਿੰਦ' ਹੈ, ਇੱਥੇ 'ਗੁਬਿੰਦ' ਪੜ੍ਹਨਾ ਹੈ] । ਲਾਹੁ–ਲਾਭ । ੧ । ਰਹਾਉ ।

ਜਰਾ–ਬੁਢੇਪਾ । ਕਾਲਿ–ਕਾਲ ਨੇ । ਗ੍ਰਸੀ–ਦਬੋਚ ਲਈ, ਪਕੜ ਲਈ । ਕਾਇਆ –ਸਰੀਰ । ਬਿਕਲ–ਬੇ-ਬਵ੍ਹੀ । ੨ ।

ਅਬ–ਹੁਣ । ਭਾਈ–ਹੇ ਭਾਈ ! ਅੰਤੁ–ਅਖ਼ੀਰਲਾ ਵੇਲਾ । ਸਾਰੁ–ਸੰਭਾਲ ਕਰ । ੩ ।

ਕਪਾਟ–ਕਵਾੜ, ਭਿੱਤ । ਬਾਟ–ਰਸਤਾ । ੪ ।

ਅਉਸਰੁ–ਸਮਾ, ਮੌਕਾ । ਬਾਰ–ਵਾਰੀ । ਕੈ–ਭਾਵੇਂ, ਚਾਹੇ, ਜਾਂ । ੫ ।

ਅਰਥ :–ਹੇ ਭਾਈ ! ਗੋਬਿੰਦ ਨੂੰ ਸਿਮਰੋ, ਇਹ ਗੱਲ ਭੁਲਾ ਨਾਹ ਦੇਣੀ । ਇਹ ਸਿਮਰਨ ਹੀ ਮਨੁੱਖਾ-ਜਨਮ ਦੀ ਖੱਟੀ ਕਮਾਈ ਹੈ । ੧ । ਰਹਾਉ ।

ਹੇ ਭਾਈ ! ਜੇ ਤੂੰ ਗੁਰੂ ਦੀ ਸੇਵਾ ਦੀ ਰਾਹੀਂ ਬੰਦਗੀ ਦੀ ਕਮਾਈ ਕਰੇਂ, ਤਾਂ ਹੀ ਇਹ ਮਨੁੱਖਾ-ਸਰੀਰ ਮਿਲਿਆ ਸਮਝ । ਇਸ ਸਰੀਰ ਦੀ ਖ਼ਾਤਰ ਦੇਵਤੇ ਭੀ ਤਾਂਘਦੇ ਹਨ । ਤੈਨੂੰ ਇਹ ਸਰੀਰ (ਮਿਲਿਆ ਹੈ, ਇਸ ਰਾਹੀਂ) ਨਾਮ ਸਿਮਰ, ਹਰੀ ਦਾ ਭਜਨ ਕਰ । ੧ ।

ਜਦੋਂ ਤਕ ਬੁਢੇਪਾ-ਰੂਪ ਰੋਗ ਨਹੀਂ ਆ ਗਿਆ, ਜਦ ਤਕ ਤੇਰੇ ਸਰੀਰ ਨੂੰ ਮੌਤ ਨੇ ਨਹੀਂ ਆ ਪਕੜਿਆ, ਜਦ ਤਕ ਤੇਰੀ ਜ਼ਬਾਨ ਥਿੜਕਣ ਨਹੀਂ ਲੱਗ ਪੈਂਦੀ, (ਉਸ ਤੋਂ ਪਹਿਲਾਂ ਪਹਿਲਾਂ ਹੀ) ਹੇ ਮੇਰੇ ਮਨ ! ਪਰਮਾਤਮਾ ਦਾ ਭਜਨ ਕਰ ਲੈ । ੨ ।

ਹੇ ਭਾਈ ! ਜੇ ਤੂੰ ਐਸ ਵੇਲੇ ਭਜਨ ਨਹੀਂ ਕਰਦਾ, ਤਾਂ ਫੇਰ ਕਦੋਂ ਕਰੇਂਗਾ ? ਜਦੋਂ ਮੌਤ (ਸਿਰ ਤੇ) ਆ ਅੱਪੜੀ ਉਸ ਵੇਲੇ ਤਾਂ ਭਜਨ ਨਹੀਂ ਹੋ ਸਕੇਗਾ । ਜੋ ਕੁਝ (ਭਜਨ ਸਿਮਰਨ) ਤੂੰ ਕਰਨਾ ਚਾਹੁੰਦਾ ਹੈਂ, ਹੁਣੇ ਹੀ ਕਰ ਲੈ, (ਜੇ ਸਮਾ ਲੰਘ ਗਿਆ) ਤਾਂ ਮੁੜ ਅਫ਼ਸੋਸ ਹੀ ਕਰੇਂਗਾ, ਤੇ ਇਸ ਪਛਤਾਵੇ ਵਿਚੋਂ ਖ਼ਲਾਸੀ ਨਹੀਂ ਹੋਵੇਗੀ ।੩।

(ਪਰ ਜੀਵ ਦੇ ਕੀਹ ਵੱਸ ?) ਜਿਸ ਮਨੁੱਖ ਨੂੰ ਪ੍ਰਭੂ ਆਪ ਹੀ ਬੰਦਗੀ ਵਿਚ ਜੋੜਦਾ ਹੈ, ਉਹੀ ਉਸ ਦਾ ਸੇਵਕ ਬਣਦਾ ਹੈ, ਉਸੇ ਨੂੰ ਪ੍ਰਭੂ ਮਿਲਦਾ ਹੈ, ਸਤਿਗੁਰੂ ਨੂੰ ਮਿਲ ਕੇ ਉਸੇ ਦੇ ਮਨ ਦੇ ਕਵਾੜ ਖੁਲ੍ਹਦੇ ਹਨ, ਤੇ ਉਹ ਮੁੜ ਜਨਮ (ਮਰਨ) ਦੇ ਗੇੜ ਵਿਚ ਨਹੀਂ ਆਉਂਦਾ । ੪ ।

ਕਬੀਰ ਆਖਦਾ ਹੈ–ਹੇ ਭਾਈ ! ਮੈਂ ਤੈਨੂੰ ਕਈ ਤਰੀਕਿਆਂ ਨਾਲ ਕੂਕ ਕੂਕ ਕੇ ਦੱਸ ਰਿਹਾ ਹਾਂ, (ਤੇਰੀ ਮਰਜ਼ੀ ਹੈ ਇਹ ਮਨੁੱਖਾ-ਜਨਮ ਦੀ ਬਾਜ਼ੀ) ਜਿੱਤ-ਕੇ ਜਾਹ ਚਾਹੇ ਹਾਰ ਕੇ ਜਾਹ । ਤੂੰ ਆਪਣੇ ਹਿਰਦੇ ਵਿਚ ਵਿਚਾਰ ਕੇ ਵੇਖ ਲੈ, (ਪ੍ਰਭੂ ਨੂੰ ਮਿਲਣ ਦਾ) ਇਹ ਮਨੁੱਖਾ-ਜਨਮ ਹੀ ਮੌਕਾ ਹੈ,ਇਹੀ ਵਾਰੀ ਹੈ (ਇੱਥੋਂ ਖੁੰਝ ਕੇ ਸਮਾ ਨਹੀਂ ਮਿਲਣਾ)

।੫।੧।੬।

ਸਿਵ ਕੀ ਪੁਰੀ ਬਸੈ ਬੁਧਿ ਸਾਰੁ ॥ ਤਹ ਤੁਮ ਮਿਲਿ ਕੈ ਕਰਹੁ ਬਿਚਾਰੁ ॥ ਈਤ ਊਤ ਕੀ ਸੋਝੀ ਪਰੈ ॥ ਕਉਨੁ ਕਰਮ ਮੇਰਾ ਕਰਿ ਕਰਿ ਮਰੈ ॥ ੧ ॥ ਨਿਜ ਪਦ ਊਪਰਿ ਲਾਗੋ ਧਿਆਨੁ ॥ ਰਾਜਾ ਰਾਮ ਨਾਮੁ ਮੋਰਾ ਬ੍ਰਹਮ ਗਿਆਨੁ ॥ ੧ ॥ ਰਹਾਉ ॥ ਮੂਲ ਦੁਆਰੈ ਬੰਧਿਆ ਬੰਧੁ ॥ ਰਵਿ ਊਪਰਿ ਗਹਿ ਰਾਖਿਆ ਚੰਦੁ॥ਪਛਮ ਦੁਆਰੈ ਸੂਰਜੁ ਤਪੈ ॥ ਮੇਰ ਡੰਡ ਸਿਰ ਊਪਰਿ ਬਸੈ ॥ ੨ ॥ ਪਸਚਮ ਦੁਆਰੇ ਕੀ ਸਿਲ ਓੜ ॥ ਤਿਹ ਸਿਲ ਊਪਰਿ ਖਿੜਕੀ ਅਉਰ ॥ ਖਿੜਕੀ ਊਪਰਿ ਦਸਵਾ ਦੁਆਰੁ॥ ਕਹਿ ਕਬੀਰ ਤਾ ਕਾ ਅੰਤੁ ਨ ਪਾਰੁ ॥ ੩ ॥ ੨ ॥ ੧੦ ॥

ਨੋਟ–ਸ਼ਬਦ ਦਾ ਮੁੱਖ-ਭਾਵ 'ਰਹਾਉ' ਦੀ ਤੁਕ ਵਿਚ ਹੋਇਆ ਕਰਦਾ ਹੈ, ਬਾਕੀ ਦੇ 'ਬੰਦ' ਰਹਾਉ ਦੀ ਤੁਕ ਦਾ ਵਿਕਾਸ਼ ਹੁੰਦੇ ਹਨ । 'ਰਹਾਉ' ਵਿਚ ਕਬੀਰ ਜੀ ਆਖਦੇ ਹਨ ਕਿ ਮੇਰੀ ਸੁਰਤ ਉਸ ਘਰ ਵਿਚ ਜੁੜੀ ਪਈ ਹੈ ਜੋ ਘਰ ਨਿਰੋਲ ਮੇਰਾ ਆਪਣਾ ਹੈ, ਪ੍ਰਕਾਸ਼-ਸਰੂਪ ਪਰਮਾਤਮਾ ਦਾ ਨਾਮ ਹਿਰਦੇ ਵਿਚ ਵਸਾਉਣਾ ਹੀ ਮੇਰੇ ਲਈ 'ਬ੍ਰਹਮ ਗਿਆਨ' ਹੈ। ਇਸ ਅਵਸਥਾ ਦਾ ਕੀਹ ਸਰੂਪ ਹੈ? ਇਸ ਅਵਸਥਾ ਵਿਚ ਅੱਪੜ ਕੇ ਅਮਲੀ ਜਵੀਨ ਕਿਹੋ ਜਿਹਾ ਬਣ ਜਾਂਦਾ ਹੈ?–ਇਸ ਦੀ ਵਿਆਖਿਆ ਸ਼ਬਦ ਦੇ ਤਿੰਨ 'ਬੰਦਾਂ' ਵਿਚ ਹੈ–(੧) ਮੱਤ ਸ੍ਰੇਸ਼ਟ ਹੋ ਕੇ ਪ੍ਰਭੂ ਵਿਚ ਟਿਕਦੀ ਹੈ ਤੇ 'ਮੇਰ-ਤੇਰ' ਮਿਟ ਦੇਂਦੀ ਹੈ; (੨) ਮਨ ਵਿਕਾਰਾਂ ਵਲੋਂ ਰੁਕ ਜਾਂਦਾ ਹੈ, ਅੰਦਰ ਠੰਢ ਪੈ ਜਾਂਦੀ ਹੈ, ਅਗਿਆ-ਨਤਾ ਦੂਰ ਹੋ ਜਾਂਦੀ ਹੈ, ਪ੍ਰਭੂ-ਚਰਨਾਂ ਵਲ ਲਗਨ ਬਣ ਜਾਂਦੀ ਹੈ; (੩) ਅਗਿਆਨਤਾ ਦੇ ਹਨੇਰੇ ਵਿਚੋਂ ਨਿਕਲ ਕੇ ਚਾਨਣ ਲੱਭ ਪੈਂਦਾ ਹੈ, ਸੁਰਤ ਅਜਿਹੀ ਉੱਚੀ ਹੋ ਜਾਂਦੀ ਹੈ ਕਿ ਸਦਾ ਇੱਕ-ਰਸ ਬਣੀ ਰਹਿੰਦੀ ਹੈ।

ਸ਼ਬਦ ਵਿਚ ਸਾਰੇ ਲਫ਼ਜ਼ ਜੋਗੀਆਂ ਵਾਲੇ ਵਰਤੇ ਹਨ, ਕਿਉਂਕਿ ਕਿਸੇ ਜੋਗੀ ਨਾਲ ਗੱਲ-ਬਾਤ ਕੀਤੀ ਗਈ ਹੈ। ਜੋਗੀ ਨੂੰ ਸਮਝਾਉਂਦੇ ਹਨ ਕਿ ਪ੍ਰਭੂ ਦਾ ਨਾਮ ਹਿਰਦੇ ਵਿਚ ਵੱਸਣਾ ਹੀ ਸਭ ਤੋਂ ਉੱਚਾ ਗਿਆਨ ਹੈ, ਤੇ ਇਹੀ ਨਾਮ ਜੀਵਨ ਵਿਚ ਸੁੰਦਰ ਤਬਦੀਲੀ ਲਿਆਉਂਦਾ ਹੈ।

ਪਦ ਅਰਥ:–ਸਿਵ ਕੀ ਪੁਰੀ–ਕੱਲਿਆਣ-ਸਰੂਪ ਪ੍ਰਭੂ ਦੇ ਸ਼ਹਿਰ ਵਿਚ। ਸਾਰੁ ਬੁਧਿ–ਸ੍ਰੇਸ਼ਟ ਹੋਈ ਮੱਤ। ਤਹ–ਉਸ ਸ਼ਿਵ-ਪੁਰੀ ਵਿਚ। ਤੁਮ–(ਹੇ ਜੋਗੀ!) ਤੁਸੀ ਭੀ। ਮਿਲਿ–ਮਿਲ ਕੇ, ਅੱਪੜ ਕੇ। ਈਤ ਊਤ ਕੀ ਸੋਝੀ–ਇਸ ਲੋਕ ਤੇ ਪਰਲੋਕ ਦੀ ਸਮਝ, ਇਹ ਸਮਝ ਕਿ ਹੁਣ ਦਾ ਜੀਵਨ ਕੈਸਾ ਬਣੇ ਤੇ ਪਰਲੋਕ ਦੇ ਜੀਵਨ ਉੱਤੇ ਇਸ ਦਾ ਕੀਹ

ਅਸਰ ਪਏਗਾ । ਕਰਮ ਮੇਰਾ—ਮੇਰਾ ਕੰਮ, ਅਪਣੱਤ ਦੇ ਕੰਮ, ਮਮਤਾ ਦੇ ਕੰਮ । ਮਰੇ-ਖ਼ੁਆਰ ਹੁੰਦਾ ਹੈ । ੧ ।

ਨਿਜ ਪਦ ਊਪਰਿ—ਉਸ ਘਰ ਵਿਚ ਜਿਹੜਾ ਨਿਰੋਲ ਮੇਰਾ ਆਪਣਾ ਹੈ। ਮੋਰਾ ਬ੍ਰਹਮ ਗਿਆਨੁ—ਮੇਰੇ ਲਈ ਬ੍ਰਹਮ ਗਿਆਨ ਹੈ। ੧ । ਰਹਾਉ ।

ਮੂਲ—ਜਗਤ ਦਾ ਮੂਲ-ਪ੍ਰਭੂ। ਮੂਲ ਦੁਆਰੈ—ਜਗਤ ਦੇ ਮੂਲ-ਪ੍ਰਭੂ ਦੇ ਦਰ ਤੇ (ਟਿਕ ਕੇ) । ਬੰਧਿਆ—ਮੈਂ ਬੰਨ੍ਹ ਲਿਆ ਹੈ। ਬੰਧੁ—ਬੰਨ੍ਹ, (ਮਾਇਆ ਦੇ ਹੜ ਨੂੰ ਰੋਕਣ ਲਈ) ਬੰਨ੍ਹ। ਰਵਿ—ਸੂਰਜ, ਸੂਰਜ ਦੀ ਤਪਸ਼, ਤਪਸ਼, ਤਮੋ-ਗੁਣੀ ਸੁਭਾਉ । ਗਹਿ—ਫੜ ਕੇ, ਹਾਸਲ ਕਰ ਕੇ। ਚੰਦੁ—ਠੰਢ, ਸੀਤਲਤਾ, ਸ਼ਾਂਤੀ। ਰਾਖਿਆ—ਮੈਂ ਰੱਖ ਦਿੱਤੀ ਹੈ, ਮੈਂ ਕਾਇਮ ਕਰ ਦਿੱਤੀ ਹੈ । ਪਛਮ ਦੁਆਰੈ—ਪੱਛੋਂ ਵਲ ਦੇ ਬੂਹੇ ਤੇ, ਉਸ ਪਾਸੇ ਜਿੱਧਰ ਹਨੇਰਾ ਹੈ (ਨੋਟ—ਸੂਰਜ ਚੜ੍ਹਦੇ ਵਲੋਂ ਚੜ੍ਹਨ ਕਰਕੇ ਪੱਛਮ ਵਲ ਉਸ ਵੇਲੇ ਹਨੇਰਾ ਹੁੰਦਾ ਹੈ), ਅਗਿਆਨਤਾ ਦੇ ਹਨੇਰੇ ਵਿਚ। ਸੂਰਜੁ ਤਪੈ—ਸੂਰਜ ਚਮਕ ਪੈਂਦਾ ਹੈ, ਗਿਆਨ ਦਾ ਸੂਰਜ ਚੜ੍ਹ ਪੈਂਦਾ ਹੈ। ਮੇਰ—[skt. मेरु Name of a fabulous mountain round which all the planets are said to revolve] ਇਕ ਪਹਾੜ ਜਿਸ ਦੇ ਦੁਆਲੇ ਅਕਾਸ਼ ਦੇ ਸਾਰੇ ਗ੍ਰਹਿ ਭੌਂਦੇ ਮਿਥੇ ਗਏ ਹਨ। ਡੰਡ—[Skt. दण्ड—The sceptre of a king, The rod as a symbol of authority and punishment] ਸ਼ਾਹੀ ਆਸਾ, ਸ਼ਾਹੀ ਚੋਬ (ਨੋਟ—ਰਾਜ-ਦਰਬਾਰਾਂ ਦੇ ਬੂਹੇ ਉੱਤੇ ਚੋਬਦਾਰ ਖੜਾ ਹੁੰਦਾ ਹੈ)। ਮੇਰ ਡੰਡ—ਉਹ ਜਿਸ ਦਾ 'ਡੰਡ' 'ਮੇਰ' ਵਰਗਾ ਹੈ, ਉਹ ਪ੍ਰਭੂ ਜਿਸ ਦਾ ਸ਼ਾਹੀ ਚੋਬ 'ਮੇਰ' ਵਰਗਾ ਹੈ [skt. मेरु इव दण्डो यस्य], ਉਹ ਪ੍ਰਭੂ ਜਿਸ ਦੇ ਸ਼ਾਹੀ ਚੋਬ ਦੇ ਦੁਆਲੇ ਸਾਰਾ ਜਗਤ ਭੌਂਦਾ ਹੈ ਜਿਵੇਂ ਸਾਰੇ ਗ੍ਰਹਿ ਮੇਰੂ ਦੇ ਦੁਆਲੇ । ਸਿਰ ਊਪਰਿ—ਦਸਮ-ਦੁਆਰ ਵਿਚ, ਦਿਮਾਗ਼ ਵਿਚ, ਮਨ ਵਿਚ ।੨।

ਪਸਚਮ ਦੁਆਰੇ ਕੀ—ਉਸ ਅਸਥਾਨ ਦੇ ਬੂਹੇ ਦੀ ਜਿੱਥੇ ਹਨੇਰਾ ਹੈ। ਸਿਲ ਓੜ—ਸਿਲ ਦਾ ਅਖ਼ੀਰਲਾ ਸਿਰਾ। ਪਸਚਮ......ਓੜ—ਉਸ ਸਿਲ ਦਾ ਅਖ਼ੀਰਲਾ ਸਿਰਾ (ਲੱਭ ਪਿਆ ਹੈ) ਜੋ ਹਨੇਰੇ ਅਸਥਾਨ ਦੇ ਬੂਹੇ ਅੱਗੇ (ਜੜੀ ਹੋਈ ਸੀ) । ਖਿੜਕੀ—ਤਾਕੀ, (ਨੋਟ—ਘਰਾਂ ਵਿਚ ਹਵਾ ਤੇ ਚਾਨਣ ਲਈ ਤਾਕੀਆਂ ਰੱਖੀਦੀਆਂ ਹਨ) ਚਾਨਣ ਦਾ ਵਸੀਲਾ ।੩।

ਅਰਥ:-(ਹੇ ਜੋਗੀ !) ਮੇਰੀ ਸੁਰਤ ਉਸ (ਪ੍ਰਭੂ ਦੇ ਚਰਨ-ਰੂਪ) ਘਰ ਵਿਚ ਜੁੜੀ ਹੋਈ ਹੈ ਜੋ ਮੇਰਾ ਆਪਣਾ ਅਸਲੀ ਘਰ ਹੈ, ਪ੍ਰਕਾਸ਼-ਰੂਪ ਪ੍ਰਭੂ ਦਾ ਨਾਮ (ਹਿਰਦੇ ਵਿਚ ਵੱਸਣਾ) ਹੀ ਮੇਰੇ ਲਈ ਬ੍ਰਹਮ-ਗਿਆਨ ਹੈ । ੧ । ਰਹਾਉ ।

(ਇਸ ਨਾਮ ਦੀ ਬਰਕਤ ਨਾਲ) ਮੇਰੀ ਮੱਤ ਸ੍ਰੇਸ਼ਟ (ਬਣ ਕੇ) ਕੱਲਿਆਨ-ਸਰੂਪ ਪ੍ਰਭੂ ਦੇ ਦੇਸ ਵਿਚ ਵੱਸਣ ਲੱਗ ਪਈ ਹੈ । (ਹੇ ਜੋਗੀ !) ਤੁਸੀ ਭੀ ਉਸ ਦੇਸ ਵਿਚ

ਅੱਪੜ ਕੇ ਪ੍ਰਭੂ ਦੇ ਨਾਮ ਦੀ ਹੀ ਵਿਚਾਰ ਕਰੋ, (ਜੋ ਮਨੁੱਖ ਉਸ ਦੇਸ ਵਿਚ ਅੱਪੜਦਾ ਹੈ, ਭਾਵ, ਜੋ ਮਨੁੱਖ ਪ੍ਰਭੂ-ਚਰਨਾਂ ਵਿਚ ਜੁੜਿਆ ਰਹਿੰਦਾ ਹੈ ਉਸ ਨੂੰ) ਇਹ ਸਮਝ ਪੈ ਜਾਂਦੀ ਹੈ ਕਿ ਹੁਣ ਵਾਲਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ, ਤੇ ਇਸ ਦਾ ਅਸਰ ਅਗਲੇ ਜੀਵਨ ਉਤੇ ਕੀਹ ਪੈਂਦਾ ਹੈ; ਉਸ ਦੇਸ ਵਿਚ ਅੱਪੜਿਆ ਹੋਇਆ ਕੋਈ ਭੀ ਮਨੁੱਖ ਮਮਤਾ ਵਿਚ ਫਸਣ ਵਾਲੇ ਕੰਮ ਨਹੀਂ ਕਰਦਾ । ੧ ।

(ਹੇ ਜੋਗੀ ! ਇਸ ਨਾਮ ਦੀ ਬਰਕਤਿ ਨਾਲ) ਮੈਂ ਜਗਤ-ਦੇ-ਮੂਲ-ਪ੍ਰਭੂ ਦੇ ਦਰ ਤੇ ਟਿਕ ਕੇ (ਮਾਇਆ ਦੇ ਹੜ੍ਹ ਅੱਗੇ) ਬੰਨ੍ਹ ਬੰਨ੍ਹ ਲਿਆ ਹੈ । ਮੈਂ ਸ਼ਾਂਤ-ਸੁਭਾਉ ਨੂੰ ਗ੍ਰਹਿਣ ਕਰ ਕੇ ਇਸ ਨੂੰ ਤਮੋਗੁਣੀ ਸੁਭਾਉ ਦੇ ਉੱਤੇ ਟਿਕਾ ਦਿੱਤਾ ਹੈ । ਜਿੱਥੇ (ਪਹਿਲਾਂ ਅਗਿ-ਆਨਤਾ ਦਾ) ਹਨੇਰਾ ਹੀ ਹਨੇਰਾ ਸੀ, ਉਸ ਦੇ ਬੂਹੇ ਉੱਤੇ ਹੁਣ ਗਿਆਨ ਦਾ ਸੂਰਜ ਚਮਕ ਰਿਹਾ ਹੈ । ਉਹ ਪ੍ਰਭੂ, ਜਿਸ ਦੇ ਹੁਕਮ ਵਿਚ ਸਾਰਾ ਜਗਤ ਹੈ, ਹੁਣ ਮੇਰੇ ਮਨ ਵਿਚ ਵੱਸ ਰਿਹਾ ਹੈ । ੨ ।

(ਨਾਮ ਦੀ ਬਰਕਤਿ ਨਾਲ, ਹੇ ਜੋਗੀ !) ਮੈਨੂੰ ਉਸ ਸਿਲ ਦਾ ਅਖ਼ੀਰਲਾ ਸਿਰਾ (ਲੱਭ ਪਿਆ ਹੈ) ਜੋ ਅਗਿਆਨਤਾ ਦੇ ਹਨੇਰੇ ਥਾਂ ਦੇ ਬੂਹੇ (ਅੱਗੇ ਜੜੀ ਹੋਈ ਸੀ), ਕਿਉਂਕਿ ਇਸ ਸਿਲ ਦੇ ਉੱਤੇ ਮੈਨੂੰ (ਚਾਨਣ ਦੇਣ ਵਾਲੀ) ਇਕ ਹੋਰ ਤਾਕੀ ਲੱਭ ਪਈ ਹੈ, ਇਸ ਤਾਕੀ ਦੇ ਉੱਤੇ ਹੀ ਹੈ ਉਹ ਦਸਵਾਂ ਦੁਆਰ (ਜਿੱਥੇ ਮੇਰਾ ਪ੍ਰਭੂ ਵੱਸਦਾ ਹੈ) । ਕਬੀਰ ਆਖਦਾ ਹੈ—ਹੁਣ ਐਸੀ ਦਸ਼ਾ ਬਣੀ ਪਈ ਹੈ ਜੋ ਮੁੱਕ ਨਹੀਂ ਸਕਦੀ ।੩।੨।੧੦।

ਸੋ ਮੁਲਾਂ ਜੋ ਮਨ ਸਿਉ ਲਰੈ ॥ ਗੁਰ ਉਪਦੇਸਿ ਕਾਲ ਸਿਉ ਜੁਰੈ ॥ ਕਾਲ ਪੁਰਖ ਕਾ ਮਰਦੈ ਮਾਨੁ ॥ ਤਿਸੁ ਮੁਲਾ ਕਉ ਸਦਾ ਸਲਾਮੁ ॥੧॥ ਹੈ ਹਜੂਰਿ, ਕਤ ਦੂਰਿ ਬਤਾਵਹੁ ॥ ਦੁੰਦਰ ਬਾਧਹੁ, ਸੁੰਦਰ ਪਾਵਹੁ ॥੧॥ ਰਹਾਉ ॥ ਕਾਜੀ ਸੋ, ਜੁ ਕਾਇਆ ਬੀਚਾਰੈ ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਰੈ ॥ ਸੁਪਨੈ, ਬਿੰਦੁ ਨ ਦੇਈ ਝਰਨਾ ॥ ਤਿਸੁ ਕਾਜੀ ਕਉ ਜਰਾ ਨ ਮਰਨਾ ॥ ੨ ॥ ਸੋ ਸੁਰਤਾਨੁ, ਜੁ ਦੁਇ ਸਰ ਤਾਨੈ ॥ ਬਾਹਰਿ ਜਾਤਾ ਭੀਤਰਿ ਆਨੈ ॥ ਗਗਨ ਮੰਡਲ ਮਹਿ ਲਸਕਰੁ ਕਰੈ ॥ ਸੋ ਸੁਰਤਾਨੁ ਛਤ੍ਰੁ ਸਿਰਿ ਧਰੈ ॥ ੩ ॥ ਜੋਗੀ ਗੋਰਖੁ ਗੋਰਖੁ ਕਰੈ ॥ਹਿੰਦੂ ਰਾਮ ਨਾਮੁ ਉਚਰੈ॥ ਮੁਸਲਮਾਨ ਕਾ ਏਕੁ ਖੁਦਾਇ ॥ ਕਬੀਰ ਕਾ ਸੁਆਮੀ ਰਹਿਆ ਸਮਾਇ ॥੪॥੩॥੧੧॥

ਪਦ ਅਰਥ :—ਨੋਟ—ਲਫ਼ਜ਼ 'ਮੁਲਾਂ' ਦੇ ਦੋਵੇਂ ਅੱਖਰ 'ਮ' ਅਤੇ 'ਲ' ਲੈ ਕੇ ਅਰਥ ਕੀਤੇ ਹਨ ; 'ਮਨ' ਅਤੇ 'ਲਰੈ' । ਕਾਲ ਸਿਉ—ਮੌਤ (ਦੇ ਸਹਿਮ) ਨਾਲ । ਜੁਰੈ—ਜੁੱਟ ਪਏ, ਲੜੇ, ਟਾਕਰਾ ਕਰੇ । ਕਾਲ—ਮੌਤ, ਜਮ । ਕਾਲ ਪੁਰਖ—ਜਮ-ਰਾਜ । ਮਾਨੁ

-ਅਹੰਕਾਰ। ਮਰਦੈ-ਮਲ ਦੇਵੇ। ੧।

ਦੂਰਿ-ਕਿਤੇ ਸਤਵੇਂ ਅਸਮਾਨ ਉੱਤੇ। ਢੂੰਦਰ-ਰੌਲਾ ਪਾਣ ਵਾਲੇ ਕਾਮਾਦਿਕ। ੧। ਰਹਾਉ।

ਕਾਇਆ ਕੀ ਅਗਨੀ ਬ੍ਰਹਮ-ਕਾਇਆ ਕੀ ਬ੍ਰਹਮ ਅਗਨਿ, ਕਾਇਆ ਵਿਚ ਪ੍ਰਭੂ ਦੀ ਜੋਤ। ਬ੍ਰਹਮ ਅਗਨਿ-ਪ੍ਰਭੂ ਦੀ ਜੋਤ। ਪਰਜਾਰੈ-ਚੰਗੀ ਤਰ੍ਹਾਂ ਰੌਸ਼ਨ ਕਰੇ। ਬਿੰਦੁ-ਬੀਰਜ। ਜਰਾ-ਬੁਢੇਪਾ। ੨।

ਸੁਰਤਾਨੁ-ਸੁਲਤਾਨ। ਦੁਇ ਸਰ-ਦੋ ਤੀਰ (ਗਿਆਨ ਅਤੇ ਵੈਰਾਗ)। ਆਨੈ-ਲਿਆਵੇ। ਗਗਨ ਮੰਡਲ-ਦਸਮ ਦੁਆਰ ਵਿਚ, ਦਿਮਾਗ਼ ਵਿਚ, ਮਨ ਵਿਚ। ਲਸਕਰੁ-ਸ਼ੁਭ ਗੁਣਾਂ ਦੀ ਫ਼ੌਜ। ੩।

ਰਾਮ ਨਾਮੁ-ਮੂਰਤੀ ਵਿਚ ਮਿਥੇ ਹੋਏ ਸ੍ਰੀ ਰਾਮ ਚੰਦਰ ਜੀ ਦਾ ਨਾਮ। ਏਕੁ-ਆਪਣਾ। ੪।

ਅਰਥ :-(ਹੇ ਮੁੱਲਾਂ !) ਰੱਬ ਹਰ ਥਾਂ ਹਾਜ਼ਰ-ਨਾਜ਼ਰ ਹੈ, ਤੁਸੀ ਉਸ ਨੂੰ ਦੂਰ (ਕਿਤੇ ਸਤਵੇਂ ਅਸਮਾਨ ਤੇ) ਕਿਉਂ (ਬੈਠਾ) ਦੱਸਦੇ ਹੋ? ਜੇ ਉਸ ਸੁਹਣੇ ਰੱਬ ਨੂੰ ਮਿਲਣਾ ਹੈ, ਤਾਂ ਕਾਮਾਦਿਕ ਰੌਲਾ ਪਾਣ ਵਾਲੇ ਵਿਕਾਰਾਂ ਨੂੰ ਕਾਬੂ ਵਿਚ ਰੱਖੋ। ੧। ਰਹਾਉ।

ਅਸਲ ਮੁੱਲਾਂ ਉਹ ਹੈ ਜੋ ਆਪਣੇ ਮਨ ਨਾਲ ਘੋਲ ਕਰਦਾ ਹੈ (ਭਾਵ, ਮਨ ਨੂੰ ਵੱਸ ਕਰਨ ਦੇ ਜਤਨ ਕਰਦਾ ਹੈ), ਗੁਰੂ ਦੇ ਦੱਸੇ ਹੋਏ ਉਪਦੇਸ਼ ਉੱਤੇ ਤੁਰ ਕੇ ਮੌਤ (ਦੇ ਸਹਿਮ) ਨਾਲ ਟਾਕਰਾ ਕਰਦਾ ਹੈ, ਜੋ ਜਮ-ਰਾਜ ਦਾ (ਇਹ) ਮਾਣ (ਕਿ ਸਾਰਾ ਜਗਤ ਉਸ ਤੋਂ ਥਰ-ਥਰ ਕੰਬਦਾ ਹੈ) ਨਾਸ ਕਰ ਦੇਂਦਾ ਹੈ। ਮੈਂ ਐਸੇ ਮੁੱਲਾਂ ਅੱਗੇ ਸਦਾ ਸਿਰ ਨਿਵਾਉਂਦਾ ਹਾਂ। ੧।

ਅਸਲ ਕਾਜ਼ੀ ਉਹ ਹੈ ਜੋ ਆਪਣੇ ਸਰੀਰ ਨੂੰ ਖੋਜੇ, ਸਰੀਰ ਵਿਚ ਪ੍ਰਭੂ ਦੀ ਜੋਤ ਨੂੰ ਰੌਸ਼ਨ ਕਰੇ, ਸੁਪਨੇ ਵਿਚ ਭੀ ਕਾਮ ਦੀ ਵਾਸ਼ਨਾ ਮਨ ਵਿਚ ਨਾਹ ਆਉਣ ਦੇਵੇ। ਅਜਿਹੇ ਕਾਜ਼ੀ ਨੂੰ ਬੁਢੇਪੇ ਤੇ ਮੌਤ ਦਾ ਡਰ ਨਹੀਂ ਰਹਿ ਜਾਂਦਾ। ੨।

ਅਸਲ ਸੁਲਤਾਨ (ਬਾਦਸ਼ਾਹ) ਉਹ ਹੈ ਜੋ (ਗਿਆਨ ਤੇ ਵੈਰਾਗ ਦੇ) ਦੋ ਤੀਰ ਤਾਣਦਾ ਹੈ, ਬਾਹਰ ਦੁਨੀਆ ਦੇ ਪਦਾਰਥਾਂ ਵਲ ਭਟਕਦੇ ਮਨ ਨੂੰ ਅੰਦਰ ਵਲ ਲੈ ਆਉਂਦਾ ਹੈ, ਪ੍ਰਭੂ-ਚਰਨਾਂ ਵਿਚ ਜੁੜ ਕੇ ਆਪਣੇ ਅੰਦਰ ਭਲੇ ਗੁਣ ਪੈਦਾ ਕਰਦਾ ਹੈ। ਉਹ ਸੁਲਤਾਨ ਆਪਣੇ ਸਿਰ ਤੇ (ਅਸਲ) ਛਤਰ ਝੁਲਵਾਉਂਦਾ ਹੈ। ੩।

ਜੋਗੀ (ਪ੍ਰਭੂ ਨੂੰ ਵਿਸਾਰ ਕੇ) ਗੋਰਖ ਗੋਰਖ ਜਪਦਾ ਹੈ, ਹਿੰਦੂ (ਸ੍ਰੀ ਰਾਮ ਚੰਦਰ

ਦੀ ਮੂਰਤੀ ਵਿਚ ਹੀ ਮਿਥੇ ਹੋਏ) ਰਾਮ ਦਾ ਨਾਮ ਉਚਾਰਦਾ ਹੈ, ਮੁਸਲਮਾਨ ਨੇ (ਸਤਵੇਂ ਅਸਮਾਨ ਵਿਚ ਬੈਠਾ ਹੋਇਆ) ਨਿਰਾ ਆਪਣਾ (ਮੁਸਲਮਾਨਾਂ ਦਾ ਹੀ) ਰੱਬ ਮੰਨ ਰੱਖਿਆ ਹੈ। ਪਰ ਮੇਰਾ ਕਬੀਰ ਦਾ ਪ੍ਰਭੂ ਉਹ ਹੈ, ਜੋ ਸਭ ਵਿਚ ਵਿਆਪਕ ਹੈ (ਤੇ ਸਭ ਦਾ ਸਾਂਝਾ ਹੈ)।੪।੩।੧੧।

ਨੋਟ—ਇਸ ਸ਼ਬਦ ਦੇ ਬੰਦ ਨੰ: ੨ ਦੀਆਂ ਤੁਕਾਂ ਨੂੰ ਸਾਹਮਣੇ ਰੱਖ ਕੇ ਰਾਮਕਲੀ ਕੀ ਵਾਰ ਮ: ੩ ਵਿਚ ਪਉੜੀ ਨੰ: ੧੨ ਦੇ ਨਾਲ ਦਰਜ ਕੀਤਾ ਗੁਰੂ ਨਾਨਕ ਦੇਵ ਜੀ ਦਾ ਸ਼ਲੋਕ ਨੰ: ੫ ਪੜ੍ਹ ਕੇ ਵੇਖੋ। ਇਕ ਤਾਂ ਤੁਕਾਂ ਹੀ ਸਾਂਝੀਆਂ ਹਨ; ਦੂਜੇ, ਪਖੰਡੀ ਆਦਿਕ ਲਫ਼ਜ਼ਾਂ ਦਾ ਅਰਥ ਕਰਨ ਵਿਚ ਉਹੀ ਤਰੀਕਾ ਵਰਤਿਆ ਹੈ ਜੋ ਕਬੀਰ ਜੀ ਨੇ ਲਫ਼ਜ਼ 'ਮੁਲਾਂ' ਆਦਿਕ ਲਈ।

ਮ: ੧ ॥ ਸੋ ਪਾਖੰਡੀ, ਜਿ ਕਾਇਆ ਪਖਾਲੇ॥ ਕਾਇਆ ਕੀ ਅਗਨਿ ਬ੍ਰਹਮੁ ਪਰਜਾਲੇ ॥ ਸੁਪਨੈ ਬਿੰਦੁ ਨ ਦੇਈ ਝਰਣਾ ॥ ਤਿਸੁ ਪਾਖੰਡੀ ਜਰਾ ਨ ਮਰਣਾ ॥ ੫ ॥ ੧੨ ॥

ਮਹਲਾ ੫ ॥ ਜੋ, ਪਾਥਰ ਕਉ ਕਹਤੇ ਦੇਵ ॥ ਤਾ ਕੀ ਬਿਰਥਾ ਹੋਵੈ ਸੇਵ ॥ ਜੋ, ਪਾਥਰ ਕੀ ਪਾਂਈ ਪਾਇ ॥ ਤਿਸ ਕੀ ਘਾਲ ਅਜਾਂਈ ਜਾਇ ॥ ੧ ॥ ਠਾਕੁਰੁ ਹਮਰਾ ਸਦ ਬੋਲੰਤਾ ॥ ਸਰਬ ਜੀਆ ਕਉ ਪ੍ਰਭੁ ਦਾਨੁ ਦੇਤਾ ॥ ੧ ॥ ਰਹਾਉ ॥ ਅੰਤਰਿ ਦੇਉ ਨ ਜਾਨੈ ਅੰਧੁ ॥ ਭ੍ਰਮ ਕਾ ਮੋਹਿਆ ਪਾਵੈ ਫੰਧੁ ॥ ਨ ਪਾਥਰੁ ਬੋਲੈ, ਨਾ ਕਿਛੁ ਦੇਇ ॥ ਫੋਕਟ ਕਰਮ ਨਿਹਫਲ ਹੈ ਸੇਵ ॥ ੨ ॥ ਜੇ ਮਿਰਤਕ ਕਉ ਚੰਦਨੁ ਚੜਾਵੈ ॥ ਉਸ ਤੇ ਕਹਹੁ ਕਵਨ ਫਲ ਪਾਵੈ ॥ ਜੇ ਮਿਰਤਕ ਕਉ ਬਿਸਟਾ ਮਾਹਿ ਰੁਲਾਈ ॥ ਤਾਂ ਮਿਰਤਕ ਕਾ ਕਿਆ ਘਟਿ ਜਾਈ ॥ ੩ ॥ ਕਹਤ ਕਬੀਰ, ਹਉ ਕਹਉ ਪੁਕਾਰਿ ॥ ਸਮਝਿ ਦੇਖੁ ਸਾਕਤ ਗਾਵਾਰ ॥ ਦੂਜੈ ਭਾਇ ਬਹੁਤੁ ਘਰ ਗਾਲੇ ॥ ਰਾਮ ਭਗਤ ਹੈ ਸਦਾ ਸੁਖਾਲੇ ॥ ੪ ॥ ੪ ॥ ੧੨ ॥

ਨੋਟ—ਸਿਰ-ਲੇਖ 'ਮਹਲਾ ੫' ਦੱਸਦਾ ਹੈ ਕਿ ਇਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਦਾ ਨਿਰੋਲ ਆਪਣਾ ਉੱਚਾਰਿਆ ਹੋਇਆ ਹੈ। ਇਹ ਅੰਦਾਜ਼ੇ ਲਾਉਣ ਲਈ ਸਾਡੇ ਪਾਸ ਗੁਰਬਾਣੀ ਵਿਚੋਂ ਕੋਈ ਐਸਾ ਸਬੂਤ ਨਹੀਂ ਹੈ ਕਿ ਸਤਿਗੁਰੂ ਜੀ ਨੇ ਕਬੀਰ ਜੀ ਦੇ ਕਿਸੇ ਸ਼ਬਦ ਦੀ ਅਦਲਾ-ਬਦਲੀ ਕਰ ਕੇ ਇਹ ਸ਼ਬਦ ਲਿਖਿਆ ਹੈ। ਇਤਨੀ ਵੱਡੀ ਮਿਕਦਾਰ ਵਿਚ ਬਾਣੀ ਉੱਚਾਰ ਸਕਣ ਵਾਲੇ ਸਤਿਗੁਰੂ ਨੂੰ ਕਬੀਰ ਜੀ ਦੇ ਕਿਸੇ ਇਕ

ਸ਼ਬਦ ਦਾ ਆਸਰਾ ਲੈਣ ਦੀ ਲੋੜ ਨਹੀਂ ਸੀ ਹੋ ਸਕਦੀ । ਇਹ ਸ਼ਬਦ ਸਤਿਗੁਰੂ ਜੀ ਦਾ ਨਿਰੋਲ ਆਪਣਾ ਹੈ, ਸਾਨੂੰ ਇਸ ਉੱਪਰ-ਲਿਖੇ ਸਿਰਲੇਖ 'ਮਹਲਾ ੫' ਉੱ-ਤੇ ਯਕੀਨ ਹੋਣਾ ਚਾਹੀਦਾ ਹੈ। ਜੇ 'ਰਲਵਾਂ ਸ਼ਬਦ' ਹੁੰਦਾ, ਤਾਂ ਸਿਰ-ਲੇਖ ਵਜੋਂ ਇਹ ਗੱਲ ਲਿਖ ਦੇਂਦੇ, ਜਿਵੇਂ ਗਉੜੀ ਰਾਗ ਵਿਚ ਕਬੀਰ ਜੀ ਦੇ ੧੪ਵੇਂ ਸ਼ਬਦ ਦਾ ਸਿਰਲੇਖ ਇਉਂ ਹੈ:–'ਗਉੜੀ ਕਬੀਰ ਜੀ ਕੀ ਨਾਲਿ ਰਲਾਇ ਲਿਖਿਆ ਮਹਲਾ ੫' । ਉਹ ਸ਼ਬਦ ਮਿਲਵਾਂ ਹੈ, ਤੇ ਉਸ ਦੀਆਂ ਅਖ਼ੀਰਲੀਆਂ ਦੋ ਤੁਕਾਂ ਗੁਰੂ ਅਰਜਨ ਸਾਹਿਬ ਜੀ ਦੀਆਂ ਹਨ।

ਫਿਰ, ਇਸ ਸ਼ਬਦ ਦੀ ਇੱਥੇ ਕੀਹ ਲੋੜ ਪਈ ?

ਕਬੀਰ ਜੀ ਦਾ ਸ਼ਬਦ ਨੰ: ੧੧ ਗਹੁ ਨਾਲ ਪੜ੍ਹ ਕੇ ਵੇਖੋ । ਸਾਰੇ ਸ਼ਬਦ ਵਿਚ ਮੁੱਲਾਂ ਕਾਜ਼ੀ ਆਦਿਕ ਦਾ ਹੀ ਜ਼ਿਕਰ ਹੈ, ਤੇ ਬ... ਸਾਫ਼ ਖੁਲ੍ਹਾ ਜ਼ਿਕਰ ਹੈ। ਅਖ਼ੀਰਲੇ ਬੰਦ ਵਿਚ ਹਿੰਦੂ ਦਾ ਇਸ਼ਾਰੇ-ਮਾਤਰ ਜ਼ਿਕਰ ਹੈ। ਲਿਖਿਆ ਹੈ 'ਹਿੰਦੂ ਰਾਮ ਨਾਮੁ ਉਚਰੈ' । ਖ਼ਿਆਲ ਨੂੰ ਚੰਗੀ ਤਰ੍ਹਾਂ ਖੋਲ੍ਹਿਆ ਨਹੀਂ ਹੈ। ਭਾਵੇਂ ਕਬੀਰ ਜੀ ਨੇ ਅਖ਼ੀਰਲੀ ਤੁਕ ਵਿਚ ਆਪਣਾ ਆਸ਼ਾ ਪਰਗਟ ਕਰ ਦਿੱਤਾ ਹੈ 'ਕਬੀਰ ਕਾ ਸੁਆਮੀ ਰਹਿਆ ਸਮਾਇ' । ਫਿਰ ਭੀ ਅੰਞਾਣ ਪਾਠਕ ਨੂੰ ਭੁਲੇਖਾ ਪੈ ਸਕਦਾ ਹੈ।

ਇਸ ਭੁਲੇਖੇ ਦੀ ਗੁੰਜਾਇਸ਼ ਨੂੰ ਦੂਰ ਕਰਨ ਲਈ ਸਤਿਗੁਰੂ ਅਰਜਨ ਦੇਵ ਜੀ ਨੇ ਸਾਫ਼ ਲਿਖ ਦਿੱਤਾ ਹੈ ਕਿ ਉਸ ਤੁਕ ('ਹਿੰਦੂ ਰਾਮ ਨਾਮੁ ਉਚਰੈ') ਤੋਂ ਕਬੀਰ ਜੀ ਦਾ ਭਾਵ 'ਰਾਮਚੰਦਰ ਜੀ ਦੀ ਮੂਰਤੀ' ਤੋਂ ਹੈ। ਕਿਸੇ ਇੱਕ ਮੂਰਤੀ ਵਿਚ ਰੱਬ ਨੂੰ ਬੈਠਾ ਮਿਥ ਲੈਣਾ ਭੁੱਲ ਹੈ।

ਪਦ ਅਰਥ :–ਪਾਂਈ–ਪੈਰੀਂ । ਘਾਲ–ਮਿਹਨਤ । ੧ ।

ਸਦ–ਸਦਾ । ੧ । ਰਹਾਉ ।

ਅੰਤਰਿ–ਅੰਦਰ-ਵੱਸਦਾ । ਦੇਉ–ਪ੍ਰਭੂ । ਅੰਧੁ–ਅੰਨ੍ਹਾ ਮਨੁੱਖ । ਫੰਧੁ–ਵੰਧਾ, ਜਾਲ। ਫੋਕਟ–ਫੋਕੇ । ੨ ।

ਪੁਕਾਰਿ–ਕੂਕ ਕੇ । ਸਾਕਤ–ਹੇ ਸਾਕਤ ! ਦੂਜੈ ਭਾਇ–ਪ੍ਰਭੂ ਨੂੰ ਛੱਡ ਕੇ ਕਿਸੇ ਹੋਰ ਦੇ ਪਿਆਰ ਵਿਚ । ੪ ।

ਅਰਥ :–ਸਾਡਾ ਠਾਕੁਰ ਸਦਾ ਬੋਲਦਾ ਹੈ, ਉਹ ਪ੍ਰਭੂ ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ। ੧। ਰਹਾਉ ।

ਜੋ ਮਨੁੱਖ ਪੱਥਰ (ਦੀ ਮੂਰਤੀ) ਨੂੰ ਰੱਬ ਆਖਦੇ ਹਨ, ਉਹਨਾਂ ਦੀ ਕੀਤੀ ਸੇਵਾ ਵਿਅਰਥ ਜਾਂਦੀ ਹੈ। ਜੋ ਮਨੁੱਖ ਪੱਥਰ (ਦੀ ਮੂਰਤੀ) ਦੇ ਪੈਰੀਂ ਪੈਂਦੇ ਹਨ, ਉਹਨਾਂ ਦੀ ਮਿਹਨਤ ਅਜਾਈਂ ਚਲੀ ਜਾਂਦੀ ਹੈ। ੧ ।

ਅੰਨ੍ਹਾ ਮੂਰਖ ਆਪਣੇ ਅੰਦਰ-ਵੱਸਦੇ ਰੱਬ ਨੂੰ ਨਹੀਂ ਪਛਾਣਦਾ, ਭਰਮ ਦਾ ਮਾਰਿਆ ਹੋਇਆ ਹੋਰ ਹੋਰ ਜਾਲ ਵਿਛਾਉਂਦਾ ਹੈ। ਇਹ ਪੱਥਰ ਨਾਹ ਬੋਲਦਾ ਹੈ, ਨਾਹ ਕੁਝ ਦੇ ਸਕਦਾ ਹੈ, (ਇਸ ਨੂੰ ਇਸ਼ਨਾਨ ਕਰਾਣ ਤੇ ਭੋਗ ਆਦਿਕ ਲਵਾਣ ਦੇ) ਸਾਰੇ ਕੰਮ ਵਿਅ-ਰਥ ਹਨ, ਇਸ ਦੀ ਸੇਵਾ ਵਿਚੋਂ ਕੋਈ ਫਲ ਨਹੀਂ ਮਿਲਦਾ। ੨।

ਜੇ ਕੋਈ ਮਨੁੱਖ ਮੁਰਦੇ ਨੂੰ ਚੰਦਨ (ਰਗੜ ਕੇ) ਲਾ ਦੇਵੇ, ਉਸ ਮੁਰਦੇ ਨੂੰ ਕੋਈ (ਇਸ ਸੇਵਾ ਦਾ) ਫਲ ਨਹੀਂ ਮਿਲ ਸਕਦਾ। ਤੇ, ਜੇ ਕੋਈ ਮੁਰਦੇ ਨੂੰ ਗੰਦ ਵਿਚ ਰੋਲ ਦੇਵੇ, ਤਾਂ ਭੀ ਉਸ ਮੁਰਦੇ ਦਾ ਕੋਈ ਵਿਗਾੜ ਨਹੀਂ ਹੋ ਸਕਦਾ। ੩।

ਕਬੀਰ ਆਖਦਾ ਹੈ—ਮੈਂ ਪੁਕਾਰ ਪੁਕਾਰ ਕੇ ਆਖਦਾ ਹਾਂ 'ਹੇ ਰੱਬ ਨਾਲੋਂ ਟੁੱਟੇ ਹੋਏ ਮੂਰਖ ! ਸਮਝ ਕੇ ਵੇਖ, ਰੱਬ ਨੂੰ ਛੱਡ ਕੇ ਹੋਰ ਹੋਰ ਵਿਚ ਪਿਆਰ ਪਾ ਕੇ ਬਥੇਰੇ ਜੀਵ ਤਬਾਹ ਹੋ ਗਏ। ਸਦਾ ਸੁਖੀ ਜੀਵਨ ਵਾਲੇ ਸਿਰਫ਼ ਉਹੀ ਹਨ ਜੋ ਪ੍ਰਭੂ ਦੇ ਭਗਤ ਹਨ'। ੪। ੪। ੧੨।

ਨੋਟ—ਗੁਰੂ ਅਰਜਨ ਦੇਵ ਜੀ ਨੇ ਭੀ ਲਫ਼ਜ਼ 'ਰਾਮ' ਹੀ ਵਰਤਿਆ ਹੈ 'ਰਾਮ ਭਗਤ ਹੈ ਸਦਾ ਸੁਖਾਲੇ'; ਕਬੀਰ ਜੀ ਨੇ ਭੀ ਹਿੰਦੂ ਰਾਮ ਨਾਮੁ ਉਚਰੈ' ਵਿਚ ਲਫ਼ਜ਼ 'ਰਾਮ' ਹੀ ਵਰਤਿਆ ਹੈ। ਪਰ ਸਤਿਗੁਰੂ ਜੀ ਨੇ 'ਕਬੀਰ ਕਾ ਸੁਆਮੀ ਰਹਿਆ ਸਮਾਇ' ਵਿਚ ਇਸ਼ਾਰੇ-ਮਾਤਰ ਦੱਸੀ ਗੱਲ ਨੂੰ ਆਪਣੇ ਇਸ ਸ਼ਬਦ ਵਿਚ ਵਿਸਥਾਰ ਨਾਲ ਸਮਝਾ ਦਿੱਤਾ ਹੈ ਕਿ ਹਿੰਦੂ ਤਾਂ ਸ੍ਰੀ ਰਾਮ ਚੰਦਰ ਜੀ ਦੀ ਮੂਰਤੀ ਦੀ ਪੂਜਾ ਕਰਦੇ ਹੋਏ 'ਰਾਮ ਰਾਮ' ਆਖਦੇ ਹਨ, ਪਰ ਕਬੀਰ ਜੀ ਉਸ 'ਰਾਮ' ਨੂੰ ਸਿਮਰਦੇ ਹਨ ਜੋ 'ਰਹਿਆ ਸਮਾਇ' ਅਤੇ ਜੋ 'ਸਰਬ ਜੀਆ ਕਉ ਦਾਨੁ ਦੇਤਾ'।

ਇਹ ਸ਼ਬਦ ਤਾਂ ਸਤਿਗੁਰੂ ਅਰਜਨ ਸਾਹਿਬ ਜੀ ਦਾ ਆਪਣਾ ਉਚਾਰਿਆ ਹੋਇਆ ਹੈ। ਪਰ ਇਸ ਦੇ ਅਖ਼ੀਰ ਤੇ ਲਫ਼ਜ਼ 'ਨਾਨਕ' ਦੇ ਥਾਂ ਲਫ਼ਜ਼ ਕਬੀਰ ਵਰਤਿਆ ਗਿਆ ਹੈ, ਕਿਉਂਕਿ ਇਹ ਸ਼ਬਦ ਕਬੀਰ ਜੀ ਦੇ ਸ਼ਬਦ ਨੰ: ੧੧ ਦੇ ਪਰਥਾਇ ਹੀ ਉਚਾਰਨ ਦੀ ਲੋੜ ਪਈ ਸੀ। ਇਸ ਗੱਲ ਨੂੰ ਹੋਰ ਵਧੀਕ ਚੰਗੀ ਤਰ੍ਹਾਂ ਸਮਝਣ ਲਈ ਮੇਰੀ ਪੁਸਤਕ 'ਗੁਰਮਤਿ ਪ੍ਰਕਾਸ਼' ਵਿਚ ਪੜ੍ਹੋ 'ਧੰਨੇ ਭਗਤ ਦੀ ਠਾਕੁਰ-ਪੂਜਾ ਅਤੇ 'ਸੂਰਦਾਸ'। ['ਸਿੰਘ ਬ੍ਰਦਰਜ਼' ਅੰਮ੍ਰਿਤਸਰ ਤੋਂ ਮਿਲੇਗੀ]।

ਜਲ ਮਹਿ ਮੀਨ ਮਾਇਆ ਕੇ ਬੇਧੇ॥ ਦੀਪਕ ਪਤੰਗ ਮਾਇਆ ਕੇ ਛੇਦੇ ॥ ਕਾਮ ਮਾਇਆ ਕੁੰਚਰ ਕਉ ਬਿਆਪੈ॥ ਭੁਇਅੰਗਮ ਭ੍ਰਿੰਗ ਮਾਇਆ ਮਹਿ ਖਾਪੇ ॥ ੧ ॥ ਮਾਇਆ ਐਸੀ ਮੋਹਨੀ, ਭਾਈ ॥ ਜੇਤੇ ਜੀਅ ਤੇਤੇ ਡਹਕਾਈ ॥ ੧ ॥ ਰਹਾਉ ॥ ਪੰਖੀ ਮ੍ਰਿਗ ਮਾਇਆ ਮਹਿ ਰਾਤੇ ॥ ਸਾਕਰ

ਮਾਖੀ ਅਧਿਕ ਸੰਤਾਪੇ ॥ ਤੁਰੇ ਉਸਟ ਮਾਇਆ ਮਹਿ ਭੇਲਾ ॥ ਸਿਧ ਚਉਰਾਸੀਹ ਮਾਇਆ ਮਹਿ ਖੇਲਾ ॥ ੨ ॥ ਛਿਅ ਜਤੀ ਮਾਇਆ ਕੇ ਬੰਦਾ॥ ਨਵੈ ਨਾਥ ਸੂਰਜ ਅਰੁ ਚੰਦਾ ॥ ਤਪੇ ਰਖੀਸਰ ਮਾਇਆ ਮਹਿ ਸੂਤਾ ॥ ਮਾਇਆ ਮਹਿ ਕਾਲੁ ਅਰੁ ਪੰਚ ਦੂਤਾ ॥ ੩ ॥ ਸੁਆਨ ਸਿਆਲ ਮਾਇਆ ਮਹਿ ਰਾਤਾ ॥ ਬੰਤਰ ਚੀਤੇ ਅਰੁ ਸਿੰਘਾਤਾ ॥ ਮਾਜਾਰ ਗਾਡਰ ਅਰੁ ਲੂਬਰਾ॥ ਬਿਰਖ ਮੂਲ ਮਾਇਆ ਮਹਿ ਪਰਾ ॥ ੪ ॥ ਮਾਇਆ ਅੰਤਰਿ ਭੀਨੇ ਦੇਵ ॥ ਸਾਗਰ ਇੰਦ੍ਰਾ ਅਰੁ ਧਰਤੇਵ॥ ਕਹਿ ਕਬੀਰ, ਜਿਸੁ ਉਦਰੁ, ਤਿਸੁ ਮਾਇਆ॥ ਤਬ ਛੂਟੇ, ਜਬ ਸਾਧੂ ਪਾਇਆ ॥ ੫ ॥ ੫ ॥ ੧੩ ॥

ਪਦ ਅਰਥ :—ਡਹਕਾਈ—ਭਰਮਾਉਂਦੀ ਹੈ, ਭਟਕਣਾ ਵਿਚ ਪਾਂਦੀ ਹੈ। ੧। ਰਹਾਉ ।

ਮੀਨ—ਮੱਛੀਆਂ। ਬੇਧੇ—ਵਿੰਨ੍ਹੇ ਹੋਏ। ਦੀਪਕ—ਦੀਵੇ। ਪਤੰਗ—ਭੰਬਟ। ਕੁੰਚਰ—ਹਾਥੀ। ਬਿਆਪੈ—ਦਬਾਉ ਪਾ ਲੈਂਦੀ ਹੈ। ਭੁਇਅੰਗਮ—ਸੱਪ। ਭ੍ਰਿੰਗ—ਭੌਰੇ। ਖਾਪੇ—ਖਪੇ ਹੋਏ। ੧।

ਮ੍ਰਿਗ—ਜੰਗਲ ਦੇ ਪਸ਼ੂ। ਸਾਕਰ—ਸੱਕਰ, ਮਿੱਠਾ। ਸੰਤਾਪੇ—ਦੁੱਖ ਦੇਂਦੀ ਹੈ। ਤੁਰੇ—ਘੋੜੇ। ਉਸਟ—ਊਠ। ਭੇਲਾ—ਘਿਰੇ ਹੋਏ, ਗ੍ਰਸੇ ਹੋਏ। ੨।

ਛਿਅ ਜਤੀ—ਛੇ ਜਤੀ, (ਹਨੂਮਾਨ, ਭੀਸ਼ਮ ਪਿਤਾਮਾ, ਲਛਮਨ, ਭੈਰਵ, ਗੋਰਖ, ਦੱਤਾਤ੍ਰੇਯ)। ਬੰਦਾ—ਗ਼ੁਲਾਮ। ਰਖੀਸਰ—ਵੱਡੇ ਵੱਡੇ ਰਿਸ਼ੀ।੩।

ਸਿਆਲ—ਗਿੱਦੜ। ਬੰਤਰ—ਬਾਂਦਰ। ਮਾਜਾਰ—ਬਿੱਲੇ। ਗਾਡਰ—ਭੇਡਾਂ।੪।

ਸਾਗਰ—ਸਮੁੰਦਰ (ਵਿਚ ਵੱਸਦੇ ਜੀਵ)। ਇੰਦ੍ਰਾ—ਇੰਦਰ (-ਪੁਰੀ, ਭਾਵ, ਸ੍ਵਰਗ ਵਿਚ ਰਹਿਣ ਵਾਲੇ ਦੇਵਤੇ ਆਦਿਕ)। ਧਰਤੇਵ—ਧਰਤੀ (ਦੇ ਜੀਵ)। ਉਦਰੁ—ਢਿੱਡ। ੫।

ਅਰਥ :—ਹੇ ਭਾਈ! ਮਾਇਆ ਇਤਨੀ ਬਲ ਵਾਲੀ, ਮੋਹਣ ਵਾਲੀ ਹੈ ਕਿ ਜਿਤਨੇ ਭੀ ਜੀਵ (ਜਗਤ ਵਿਚ) ਹਨ, ਸਭ ਨੂੰ ਭੁਲਾ ਦੇਂਦੀ ਹੈ। ੧। ਰਹਾਉ।

ਪਾਣੀ ਵਿਚ ਰਹਿਣ ਵਾਲੀਆਂ ਮੱਛੀਆਂ ਮਾਇਆ ਵਿਚ ਵਿੱਝੀਆਂ ਪਈਆਂ ਹਨ, ਦੀਵਿਆਂ ਉੱਤੇ (ਸੜਨ ਵਾਲੇ) ਭੰਬਟ ਮਾਇਆ ਵਿਚ ਪ੍ਰੋਤੇ ਹੋਏ ਹਨ। ਕਾਮ-ਵਾਸ਼ਨਾ ਰੂਪ ਮਾਇਆ ਹਾਥੀ ਉੱਤੇ ਦਬਾਉ ਪਾਂਦੀ ਹੈ; ਸੱਪ ਤੇ ਭੌਰੇ ਭੀ ਮਾਇਆ ਵਿਚ ਦੁਖੀ ਹੋ ਰਹੇ ਹਨ।

ਪੰਛੀ, ਜੰਗਲ ਦੇ ਪਸ਼ੂ ਸਭ ਮਾਇਆ ਵਿਚ ਰੰਗੇ ਪਏ ਹਨ। ਸ਼ੱਕਰ-ਰੂਪ ਮਾਇਆ

ਮੱਖੀ ਨੂੰ ਬੜਾ ਦੁਖੀ ਕਰ ਰਹੀ ਹੈ। ਘੋੜੇ ਊਠ ਸਭ ਮਾਇਆ ਵਿਚ ਫਸੇ ਪਏ ਹਨ। ਚੌਰਾਸੀਹ ਸਿੱਧ ਭੀ ਮਾਇਆ ਵਿਚ ਖੇਡ ਰਹੇ ਹਨ । ੨ ।

ਜਤੀ ਭੀ ਮਾਇਆ ਦੇ ਹੀ ਗ਼ੁਲਾਮ ਹਨ । ਨੌਂ ਨਾਥ ਸੂਰਜ (ਦੇਵਤਾ) ਅਤੇ ਚੰਦ੍ਰਮਾ (ਦੇਵਤਾ) ਵੱਡੇ ਵੱਡੇ ਤਪੀ ਤੇ ਰਿਸ਼ੀ ਸਭ ਮਾਇਆ ਵਿਚ ਸੁੱਤੇ ਪਏ ਹਨ। ਮੌਤ (ਦਾ ਸਹਿਮ) ਤੇ ਪੰਜੇ ਵਿਕਾਰ ਭੀ ਮਾਇਆ ਵਿਚ ਹੀ (ਜੀਵਾਂ ਨੂੰ ਵਿਆਪਦੇ ਹਨ) । ੩ ।

ਕੁੱਤੇ, ਗਿੱਦੜ, ਬਾਂਦਰ, ਚਿੱਤ੍ਰੇ, ਸ਼ੇਰ ਸਭ ਮਾਇਆ ਵਿਚ ਟੰਗੇ ਪਏ ਹਨ। ਬਿੱਲੇ, ਭੇਡਾਂ, ਲੂੰਬੜ, ਰੁੱਖ, ਕੰਦ-ਮੂਲ ਸਭ ਮਾਇਆ ਦੇ ਅਧੀਨ ਹਨ । ੪ ।

ਦੇਵਤੇ ਭੀ ਮਾਇਆ (ਦੇ ਮੋਹ) ਵਿਚ ਭਿੱਜੇ ਹੋਏ ਹਨ। ਸਮੁੰਦਰ, ਸੁਰਗ, ਧਰਤੀ ਇਹਨਾਂ ਸਭਨਾਂ ਦੇ ਜੀਵ ਮਾਇਆ ਵਿਚ ਹੀ ਹਨ। ਕਬੀਰ ਆਖਦਾ ਹੈ-(ਮੁੱਕਦੀ ਗੱਲ ਇਹ ਹੈ ਕਿ) ਜਿਸ ਨੂੰ ਢਿੱਡ ਲੱਗਾ ਹੋਇਆ ਹੈ ਉਸ ਨੂੰ (ਭਾਵ,ਹਰੇਕ ਜੀਵ ਨੂੰ)ਮਾਇਆ ਵਿਆਪ ਰਹੀ ਹੈ। ਜਦੋਂ ਗੁਰੂ ਮਿਲੇ ਤਦੋਂ ਹੀ ਜੀਵ ਮਾਇਆ ਦੇ ਪ੍ਰਭਾਵ ਤੋਂ ਬਚਦਾ ਹੈ । ੫ । ੫ । ੧੩ ।

ਜਬ ਲਗੁ ਮੇਰੀ ਮੇਰੀ ਕਰੈ ।। ਤਬ ਲਗੁ ਕਾਜੁ ਏਕੁ ਨਹੀ ਸਰੈ ।। ਜਬ ਮੇਰੀ ਮੇਰੀ ਮਿਟਿ ਜਾਇ ।। ਤਬ ਪ੍ਰਭ ਕਾਜੁ ਸਵਾਰਹਿ ਆਇ ॥ ੧ ॥ ਐਸਾ ਗਿਆਨੁ ਬਿਚਾਰੁ ਮਨਾ ।। ਹਰਿ ਕੀ ਨ ਸਿਮਰਹੁ ਦੁਖ ਭੰਜਨਾ ॥ ੧ ॥ ਰਹਾਉ ॥ ਜਬ ਲਗੁ ਸਿੰਘੁ ਰਹੈ ਬਨ ਮਾਹਿ ॥ ਤਬ ਲਗੁ ਬਨੁ ਫੂਲੈ ਹੀ ਨਾਹਿ ॥ ਜਬ ਹੀ ਸਿਆਰੁ ਸਿੰਘ ਕਉ ਖਾਇ ।। ਫੂਲਿ ਰਹੀ ਸਗਲੀ ਬਨਰਾਇ ।। ੨ ।। ਜੀਤੋ ਬੂਡੈ, ਹਾਰੋ ਤਿਰੈ ।। ਗੁਰ ਪਰਸਾਦੀ ਪਾਰਿ ਉਤਰੈ ।। ਦਾਸੁ ਕਬੀਰੁ ਕਹੈ ਸਮਝਾਇ ॥ ਕੇਵਲ ਰਾਮ ਰਹਹੁ ਲਿਵ ਲਾਇ ॥ ੩ ॥ ੬ ॥ ੧੪ ॥

ਪਦ ਅਰਥ :-ਨਹੀ ਸਰੈ-ਸਿਰੇ ਨਹੀਂ ਚੜ੍ਹਦਾ, ਸਫਲ ਨਹੀਂ ਹੁੰਦਾ ।੧।

ਕੀ ਨ-ਕਿਉਂ ਨਹੀਂ ? ਦੁਖ ਭੰਜਨਾ ਹਰਿ-ਦੁੱਖਾਂ ਦਾ ਨਾਸ ਕਰਨ ਵਾਲਾ ਪ੍ਰਭੂ । ੧ । ਰਹਾਉ ।

ਸਿੰਘੁ-(ਅਹੰਕਾਰ) ਸ਼ੇਰ । ਬਨ-ਹਿਰਦਾ-ਰੂਪ ਜੰਗਲ । ਸਿਆਰੁ-ਨਿਮ੍ਰਤਾ-ਰੂਪ ਗਿੱਦੜ । ੨ ।

ਬੂਡੈ-ਡੁੱਬ ਜਾਂਦਾ ਹੈ । ਤਿਰੈ-ਤਰਦਾ ਹੈ । ਦਾਸੁ ਕਬੀਰੁ-(ਨੋਟ-'ਦਾਸੁ' ਹਿੰਦੂ ਬੋਲੀ ਦਾ ਲਫ਼ਜ਼ ਹੈ, ਮੁਸਲਮਾਨ ਇਹ ਲਫ਼ਜ਼ ਨਹੀਂ ਵਰਤਦਾ । ਕਬੀਰ ਜੀ ਹਿੰਦੂ-ਘਰ

ਦੇ ਜੰਮੇ-ਪਲੇ ਸਨ, ਮੁਸਲਮਾਨ ਨਹੀਂ ਸਨ)। ੩।

ਅਰਥ :–ਹੇ ਮੇਰੇ ਮਨ ! ਸਭ ਦੁੱਖਾਂ ਦੇ ਨਾਸ ਕਰਨ ਵਾਲੇ ਪ੍ਰਭੂ ਨੂੰ ਕਿਉਂ ਨਹੀਂ ਸਿਮਰਦਾ ? ਹੇ ਮਨ ! ਕੋਈ ਅਜਿਹੀ ਉੱਚੀ ਸਮਝ ਦੀ ਗੱਲ ਸੋਚ (ਜਿਸ ਨਾਲ ਤੂੰ ਸਿਮਰਨ ਵਲ ਪਰਤ ਸਕੇਂ) ।੧। ਰਹਾਉ ।

ਜਦ ਤਕ ਮਨੁੱਖ ਮਮਤਾ ਦੇ ਗੇੜ ਵਿਚ ਰਹਿੰਦਾ ਹੈ,ਤਦ ਤਕ ਇਸ ਦਾ (ਆਤਮਕ ਜੀਵਨ ਦਾ) ਇੱਕ ਕੰਮ ਭੀ ਨਹੀਂ ਸੌਰਦਾ । ਜਦੋਂ ਇਸ ਦੀ ਮਮਤਾ ਮਿਟ ਜਾਂਦੀ ਹੈ, ਤਦੋਂ ਪ੍ਰਭੂ ਜੀ (ਇਸ ਦੇ ਹਿਰਦੇ ਵਿਚ) ਵੱਸ ਕੇ ਜੀਵਨ-ਮਨੋਰਥ ਪੂਰਾ ਕਰ ਦੇਂਦੇ ਹਨ। ੧।

ਜਦ ਤਾਈਂ ਇਸ ਹਿਰਦੇ-ਰੂਪ ਜੰਗਲ ਵਿਚ ਅਹੰਕਾਰ-ਸ਼ੇਰ ਰਹਿੰਦਾ ਹੈ ਤਦ ਤਾਈਂ ਇਹ ਹਿਰਦਾ-ਫੁਲਵਾੜੀ ਫੁੱਲਦੀ ਨਹੀਂ (ਹਿਰਦੇ ਵਿਚ ਕੋਮਲ ਗੁਣ ਉੱਘੜਦੇ ਨਹੀਂ) । ਪਰ, ਜਦੋਂ (ਨਿਮ੍ਰਤਾ-ਰੂਪ) ਗਿੱਦੜ (ਅਹੰਕਾਰ-) ਸ਼ੇਰ ਨੂੰ ਖਾ ਜਾਂਦਾ ਹੈ, ਤਾਂ (ਹਿਰਦੇ ਦੀ ਸਾਰੀ) ਬਨਸਪਤੀ ਨੂੰ ਫੁੱਲ ਲੱਗ ਪੈਂਦੇ ਹਨ।੨।

ਜੋ ਮਨੁੱਖ (ਕਿਸੇ ਮਾਣ ਵਿਚ ਆ ਕੇ) ਇਹ ਸਮਝਦਾ ਹੈ ਕਿ ਮੈਂ ਬਾਜ਼ੀ ਜਿੱਤ ਲਈ ਹੈ, ਉਹ ਸੰਸਾਰ-ਸਮੁੰਦਰ ਵਿਚ ਡੁੱਬ ਜਾਂਦਾ ਹੈ; ਪਰ ਜੋ ਮਨੁੱਖ ਗ਼ਰੀਬੀ ਸੁਭਾਵ ਵਿਚ ਤੁਰਦਾ ਹੈ, ਉਹ ਤਰ ਜਾਂਦਾ ਹੈ, ਉਹ ਆਪਣੇ ਗੁਰੂ ਦੀ ਮਿਹਰ ਨਾਲ ਪਾਰ ਲੰਘ ਜਾਂਦਾ ਹੈ। ਸੇਵਕ ਕਬੀਰ ਸਮਝਾ ਕੇ ਆਖਦਾ ਹੈ–ਹੇ ਭਾਈ ! ਸਿਰਫ਼ ਪਰਮਾਤਮਾ ਦੇ ਚਰਨਾਂ ਵਿਚ ਮਨ ਜੋੜੀ ਰੱਖੋ । ੩ । ੬ । ੧੪ ।

ਸਤਰਿ ਸੈਇ ਸਲਾਰ ਹੈ ਜਾ ਕੇ ।। ਸਵਾ ਲਾਖੁ ਪੈਕਾਬਰ ਤਾ ਕੇ ।। ਸੇਖ ਜੁ ਕਹੀਅਹਿ ਕੋਟਿ ਅਠਾਸੀ ।। ਛਪਨ ਕੋਟਿ ਜਾ ਕੇ ਖੇਲ ਖਾਸੀ ।। ੧ ।। ਮੋ ਗਰੀਬ ਕੀ, ਕੋ ਗੁਜਰਾਵੈ ॥ ਮਜਲਸਿ ਦੂਰਿ, ਮਹਲੁ ਕੋ ਪਾਵੈ ॥ ੧ ॥ ਰਹਾਉ ॥ ਤੇਤੀਸ ਕਰੋੜੀ ਹੈ ਖੇਲ ਖਾਨਾ ॥ ਚਉਰਾਸੀ ਲਖ ਫਿਰੈ ਦਿਵਾਨਾਂ ॥ ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ।। ਉਨਿ ਭੀ ਭਿਸਤਿ ਘਨੇਰੀ ਪਾਈ ॥ ੨ ॥ ਦਿਲ ਖਲਹਲੁ ਜਾ ਕੈ, ਜਰਦ ਰੂ ਬਾਨੀ ॥ ਛੋਡਿ ਕਤੇਬ ਕਰੈ ਸੈਤਾਨੀ ।। ਦੁਨੀਆ ਦੋਸੁ, ਰੋਸੁ ਹੈ ਲੋਈ ॥ ਅਪਨਾ ਕੀਆ ਪਾਵੈ ਸੋਈ ॥ ੩ ॥ ਤੁਮ ਦਾਤੇ ਹਮ ਸਦਾ ਭਿਖਾਰੀ ।। ਦੇਉ ਜਬਾਬੁ, ਹੋਇ ਬਜਗਾਰੀ ॥ ਦਾਸੁ ਕਬੀਰੁ ਤੇਰੀ ਪਨਹ ਸਮਾਨਾਂ ॥ ਭਿਸਤੁ, ਨਜੀਕਿ ਰਾਖੁ ਰਹਮਾਨਾ ॥ ੪ ॥ ੭ ॥ ੧੫ ॥

ਨੋਟ–ਸ਼ਬਦ ਨੂੰ ਗਹੁ ਨਾਲ ਪੜ੍ਹਿਆਂ ਇਉਂ ਜਾਪਦਾ ਹੈ, ਜਿਵੇਂ ਕੋਈ ਮੁਸਲਮਾਨ

ਮਨੁੱਖ ਕਬੀਰ ਜੀ ਨੂੰ ਪ੍ਰੇਰ ਰਿਹਾ ਹੈ ਮੁਸਲਮਾਨ ਬਣਨ ਲਈ, ਤੇ ਆਖਦਾ ਹੈ ਕਿ ਮੁਸਲਮਾਨ ਬਣਿਆਂ ਬਹਿਸ਼ਤ ਮਿਲੇਗਾ। ਆਪਣੇ ਖ਼ੁਦਾ ਦੀ ਬਜ਼ੁਰਗੀ ਭੀ ਉਹ ਦੱਸਦਾ ਹੈ ਕਿ ਉਸ ਦੇ ਸੱਤ ਹਜ਼ਾਰ ਫ਼ਰਿਸ਼ਤੇ ਹਨ, ਸਵਾ ਲੱਖ ਪੈਗ਼ੰਬਰ ਹਨ, ਇਤਿਆਦਿਕ; ਉਹ ਖ਼ੁਦਾ ਸਤਵੇਂ ਅਸਮਾਨ ਤੇ ਰਹਿੰਦਾ ਹੈ। ਕਬੀਰ ਜੀ ਇਸ ਸ਼ਬਦ ਵਿਚ ਉੱਤਰ ਦੇਂਦੇ ਹਨ ਕਿ ਮੈਂ ਇਕ ਗ਼ਰੀਬ ਜੁਲਾਹ ਹਾਂ, ਮੁਸਲਮਾਨ ਬਣਿਆਂ ਭੀ ਮੈਂ ਗ਼ਰੀਬ ਹੀ ਰਹਿਣਾ ਹੈ। ਤੁਸੀ ਆਪਣੇ ਖ਼ੁਦਾ ਦਾ ਦਰਬਾਰ ਸਤਵੇਂ ਅਸਮਾਨ ਤੇ ਦੱਸ ਰਹੇ ਹੋ; ਮੇਰੀ ਗ਼ਰੀਬ ਦੀ ਉੱਥੇ ਕਿਸੇ ਨੇ ਭੀ ਸਿਫ਼ਾਰਸ਼ ਨਹੀਂ ਅਪੜਾਉਣੀ ਤੇ ਨਾਹ ਹੀ ਮੈਂ ਆਪ ਇਤਨੀ ਦੂਰ ਅੱਪੜ ਸਕਾਂਗਾ। ਪ੍ਰਭੂ-ਚਰਨਾਂ ਵਿਚ ਜੁੜੇ ਰਹਿਣਾ ਹੀ ਮੇਰੇ ਲਈ ਬਹਿ-ਸ਼ਤ ਹੈ।

ਪਦ ਅਰਥ :—ਸਤਰਿ ਸੈਇ ਸਲਾਰ—ਸੱਤ ਹਜ਼ਾਰ ਫ਼ਰਿਸ਼ਤੇ ਜਿੰਨ੍ਹਾਂ ਨੂੰ ਖ਼ੁਦਾ ਨੇ ਜਬਰਾਈਲ ਫ਼ਰਿਸ਼ਤੇ ਦੇ ਨਾਲ ਹਜ਼ਰਤ ਮੁਹੰਮਦ ਸਾਹਿਬ ਪਾਸ ਵੱਡੀ ਆਇਤ ਅਪ-ੜਾਉਣ ਲਈ ਭੇਜਿਆ ਸੀ। ਖੇਲ ਖਾਸੀ—ਖ਼ਾਸ ਖ਼ੇਲ, ਹਾਜ਼ਰ-ਬਾਸ਼, ਮੁਸਾਹਿਬ। ਸੇਖ —ਬਜ਼ੁਰਗ, ਵਿਦਵਾਨ। ੧।

ਮਜਲਸਿ—ਦਰਬਾਰ। ਦੂਰਿ—(ਭਾਵ) ਸਤਵੇਂ ਅਸਮਾਨ ਤੇ। ਕੋ—ਕੌਣ? ੧। ਰਹਾਉ।

ਖੇਲ—ਖ਼ੇਲ, ਆਦਮੀਆਂ ਦਾ ਗਰੋਹ। ਦਿਵਾਨਾ—ਖ਼ਾਨਾ-ਬਦੋਸ਼। ਖੇਲ ਖਾਨਾ—(ਖ਼ੇਲ ਖ਼ਾਨਹ) ਘਰ ਵਿਚ ਰਹਿਣ ਵਾਲੇ ਸੇਵਕ। ਕਿਛੁ ਨਦਰਿ ਦਿਖਾਈ—ਰਤਾ ਕੁ ਅੱਖਾਂ ਦੱਸੀਆਂ। ਉਨਿ—ਉਸ ਆਦਮ ਨੇ। ਘਨੇਰੀ—ਥੋੜੇ ਹੀ ਚਿਰ ਲਈ। ਭਿਸਤਿ ਘਨੇਰੀ ਪਾਈ—ਬਹਿਸ਼ਤ ਵਿਚੋਂ ਛੇਤੀ ਕੱਢਿਆ ਗਿਆ। ੨।

ਖਲਹਲੁ—ਖਲਬਲੀ, ਘਬਰਾਹਟ, ਗੜਬੜ। ਜਾ ਕੈ ਦਿਲ—ਜਿਸ ਮਨੁੱਖ ਦੇ ਦਿਲ ਵਿਚ। ਜਰਦ—ਜ਼ਰਦ, ਪੀਲਾ। ਰੂ—ਮੂੰਹ। ਬਾਨੀ—ਵੰਨ, ਰੰਗਤ। ਲੋਈ—ਜਗਤ। ਰੋਸੁ—ਗੁੱਸਾ। ੩।

ਭਿਖਾਰੀ—ਮੰਗਤੇ। ਦੇਉ—ਦੇਉਂ, (ਜੇ) ਮੈਂ ਦਿਆਂ। ਜਬਾਬੁ—ਉੱਤਰ, ਨਾਹ-ਨੁੱਕਰ। ਦੇਉ ਜਬਾਬੁ—(ਜੋ ਕੁਝ, ਹੇ ਪ੍ਰਭੂ! ਤੂੰ ਦੇਂਦਾ ਹੈਂ, ਉਸ ਅੱਗੇ) ਜੇ ਮੈਂ ਨਾਹ-ਨੁੱਕਰ ਕਰਾਂ। ਬਜਗਾਰੀ—ਗੁਨਹਗਾਰੀ। ਪਨਹ—ਪਨਾਹ, ਓਟ, ਆਸਰਾ। ਨਜੀਕਿ—(ਆਪਣੇ) ਨੇੜੇ। ਭਿਸਤੁ—(ਇਹੀ ਹੈ ਮੇਰਾ) ਬਹਿਸ਼ਤ [ਨੋਟ—ਸੰਬੰਧਕ 'ਨਜੀਕਿ' ਦਾ ਲਫ਼ਜ਼ 'ਭਿਸਤੁ' ਨਾਲ ਕੋਈ ਸੰਬੰਧ ਨਹੀਂ ਹੈ। ਜੇ ਹੁੰਦਾ, ਤਾਂ ਉਸ ਦੇ ਅਖ਼ੀਰ ਤੇ (ੁ) ਨਾਹ ਰਹਿ ਜਾਂਦਾ। ਫਿਰ ਉਸ ਦੀ ਸ਼ਕਲ ਇਉਂ ਹੁੰਦੀ—'ਭਿਸਤ ਨਜੀਕਿ']। ਰਹਮਾਨਾ —ਹੇ ਰਹਿਮ ਕਰਨ ਵਾਲੇ! ੪।

ਅਰਥ :-(ਹੇ ਭਾਈ !) ਜਿਸ ਖ਼ੁਦਾ ਦੇ ਸੱਤ ਹਜ਼ਾਰ ਫ਼ਰਿਸ਼ਤੇ (ਤੂੰ ਦੱਸਦਾ ਹੈਂ), ਉਸ ਦੇ ਸਵਾ ਲੱਖ ਪੈਗ਼ੰਬਰ (ਤੂੰ ਆਖਦਾ ਹੈਂ), ਅਠਾਸੀ ਕਰੋੜ ਉਸ ਦੇ (ਦਰ ਤੇ ਰਹਿਣ ਵਾਲੇ) ਬਜ਼ੁਰਗ ਆਲਿਮ ਸ਼ੇਖ਼ ਕਹੇ ਜਾ ਰਹੇ ਹਨ, ਤੇ ਛਵੰਜਾ ਕਰੋੜ ਜਿਸ ਦੇ ਮੁਸਾਹਿਬ (ਤੂੰ ਦੱਸਦਾ ਹੈਂ, ਉਸ ਦੇ ਦਰਬਾਰ ਤਕ), ੧,

ਮੇਰੀ ਗ਼ਰੀਬ ਦੀ ਅਰਜ਼ ਕੌਣ ਅਪੜਾਵੇਗਾ ? (ਫਿਰ ਤੂੰ ਕਹਿੰਦਾ ਹੈਂ ਕਿ ਉਸ ਦਾ) ਦਰਬਾਰ ਦੂਰ (ਸਤਵੇਂ ਅਸਮਾਨ ਤੇ) ਹੈ । (ਮੈਂ ਤਾਂ ਗ਼ਰੀਬ ਜੁਲਾਹ ਹਾਂ, ਉਸ ਦਾ) ਘਰ (ਮੇਰਾ) ਕੌਣ ਲੱਭੇਗਾ ? ੧ । ਰਹਾਉ ।

(ਬੈਕੁੰਠ ਦੀਆਂ ਗੱਲਾਂ ਦੱਸਣ ਵਾਲੇ ਭੀ ਆਖਦੇ ਹਨ ਕਿ) ਤੇਤੀ ਕਰੋੜ ਦੇਵਤੇ ਉਸ ਦੇ ਸੇਵਕ ਹਨ (ਉਹਨਾਂ ਭੀ ਮੇਰੀ ਕਿੱਥੇ ਸੁਣਨੀ ਹੈ ?) । ਚੌਰਾਸੀਹ ਲੱਖ ਜੂਨੀਆਂ ਦੇ ਜੀਵ (ਉਸ ਤੋਂ ਖੁੰਝੇ ਹੋਏ) ਝੱਲੇ ਹੋਏ ਫਿਰਦੇ ਹਨ । (ਹੇ ਭਾਈ ! ਤੁਸੀ ਦੱਸਦੇ ਹੋ ਕਿ ਖ਼ੁਦਾ ਨੇ ਬਾਬਾ ਆਦਮ ਨੂੰ ਬਹਿਸ਼ਤ ਵਿਚ ਰੱਖਿਆ ਸੀ, ਪਰ ਤੁਹਾਡੇ ਹੀ ਆਖਣ ਅਨੁਸਾਰ) ਜਦੋਂ ਬਾਬਾ ਆਦਮ ਨੂੰ ਰੱਬ ਨੇ (ਉਸ ਦੀ ਹੁਕਮ-ਅਦੂਲੀ ਤੇ) ਰਤਾ ਕੁ ਅੱਖ ਵਿਖਾਈ, ਤਾਂ ਉਸ ਆਦਮ ਨੇ ਭੀ ਉਹ ਬਹਿਸ਼ਤ ਥੋੜਾ ਚਿਰ ਹੀ ਮਾਣਿਆ (ਉੱਥੋਂ ਛੇਤੀ ਕੱਢਿਆ ਗਿਆ, ਤੇ ਜੇ ਬਾਬਾ ਆਦਮ ਵਰਗੇ ਕੱਢੇ ਗਏ, ਤਾਂ ਦੱਸ, ਮੈਨੂੰ ਗ਼ਰੀਬ ਨੂੰ ਉੱਥੇ ਕੋਈ ਕਿਤਨਾ ਚਿਰ ਰਹਿਣ ਦੇਵੇਗਾ ?) ੨ ।

(ਹੇ ਭਾਈ !) ਜੋ ਭੀ ਮਨੁੱਖ ਆਪਣੇ ਧਰਮ-ਪੁਸਤਕਾਂ (ਦੇ ਦੱਸੇ ਰਾਹ) ਨੂੰ ਛੱਡ ਕੇ ਮੰਦੇ ਪਾਸੇ ਤੁਰਦਾ ਹੈ, ਜਿਸ ਦੇ ਭੀ ਦਿਲ ਵਿਚ (ਵਿਕਾਰਾਂ ਦੀ) ਗੜਬੜ ਹੈ, ਉਸ ਦੇ ਮੂੰਹ ਦੀ ਰੰਗਤ ਪੀਲੀ ਪੈ ਜਾਂਦੀ ਹੈ (ਭਾਵ, ਉਹ ਹੀ ਪ੍ਰਭੂ-ਦਰ ਤੋਂ ਧੱਕਿਆ ਜਾਂਦਾ ਹੈ); ਮਨੁੱਖ ਆਪਣਾ ਕੀਤਾ ਆਪ ਹੀ ਪਾਂਦਾ ਹੈ, ਪਰ (ਅੰਞਾਣ-ਪੁਣੇ ਵਿਚ) ਦੁਨੀਆ ਨੂੰ ਦੋਸ਼ ਦੇਂਦਾ ਹੈ, ਜਗਤ ਤੇ ਗੁੱਸਾ ਕਰਦਾ ਹੈ । ੩ ।

ਨੋਟ—ਚੂੰਕਿ ਕਿਸੇ ਮੁਸਲਮਾਨ ਨਾਲ ਗੱਲ ਹੋ ਰਹੀ ਹੈ, ਇਸ ਵਾਸਤੇ ਧਰਮ-ਪੁਸਤਕਾਂ ਦੇ ਥਾਂ ਲਫ਼ਜ਼ 'ਕਤੇਬ' ਵਰਤਿਆ ਹੈ ।

(ਹੇ ਮੇਰੇ ਪ੍ਰਭੂ ! ਮੈਨੂੰ ਕਿਸੇ ਬਹਿਸ਼ਤ ਬੈਕੁੰਠ ਦੀ ਲੋੜ ਨਹੀਂ ਹੈ) ਤੂੰ ਮੇਰਾ ਦਾਤਾ ਹੈਂ, ਮੈਂ ਸਦਾ (ਤੇਰੇ ਦਰ ਦਾ) ਮੰਗਤਾ ਹਾਂ (ਜੋ ਕੁਝ ਤੂੰ ਮੈਨੂੰ ਦੇ ਰਿਹਾ ਹੈਂ ਉਹੀ ਠੀਕ ਹੈ, ਤੇਰੀ ਕਿਸੇ ਭੀ ਦਾਤ ਅੱਗੇ) ਜੇ ਮੈਂ ਨਾਹ-ਨੁੱਕਰ ਕਰਾਂ ਤਾਂ ਇਹ ਮੇਰੀ ਗੁਨਹਗਾਰੀ ਹੋਵੇਗੀ । ਮੈਂ ਤੇਰਾ ਦਾਸ ਕਬੀਰ ਤੇਰੀ ਸ਼ਰਨ ਆਇਆ ਹਾਂ । ਹੇ ਰਹਿਮ ਕਰਨ ਵਾਲੇ ! ਮੈਨੂੰ ਆਪਣੇ ਚਰਨਾਂ ਦੇ ਨੇੜੇ ਰੱਖ, (ਇਹੀ ਮੇਰੇ ਲਈ) ਬਹਿਸ਼ਤ ਹੈ । ੪ । ੭ । ੧੫ ।

ਨੋਟ—ਲਫ਼ਜ਼ 'ਦਾਸੁ' ਦੀ ਵਰਤੋਂ ਦੱਸਦੀ ਹੈ ਕਿ ਕਬੀਰ ਜੀ ਹਿੰਦੂ-ਘਰ ਦੇ ਜੰਮੇ-ਪਲੇ ਹੋਏ ਸਨ, ਮੁਸਲਮਾਨ ਨਹੀਂ ਸਨ ।

ਨੋਟ—ਇਸ ਸ਼ਬਦ ਵਿਚ ਮੁਸਲਮਾਨਾਂ ਦੇ ਮਿਥੇ ਹੋਏ ਬਹਿਸ਼ਤ ਨੂੰ ਰੱਦ ਕੇ ਅਗਲੇ ਸ਼ਬਦ ਵਿਚ ਹਿੰਦੂਆਂ ਦੇ ਮਿਥੇ ਹੋਏ ਬੈਕੁੰਠ ਦਾ ਜ਼ਿਕਰ ਕਰਦੇ ਹਨ ।

ਸਭੁ ਕੋਈ ਚਲਨ ਕਹਤ ਹੈ ਊਹਾਂ ॥ ਨਾ ਜਾਨਉ, ਬੈਕੁੰਠੁ ਹੈ ਕਹਾਂ ॥ ੧ ॥ ਰਹਾਉ ॥ ਆਪ ਆਪ ਕਾ ਮਰਮੁ ਨ ਜਾਨਾਂ ॥ ਬਾਤਨ ਹੀ, ਬੈਕੁੰਠੁ ਬਖਾਨਾਂ ॥ ੧ ॥ ਜਬ ਲਗੁ ਮਨ ਬੈਕੁੰਠ ਕੀ ਆਸ ॥ ਤਬ ਲਗੁ ਨਾਹੀ ਚਰਨ ਨਿਵਾਸ ॥ ੨ ॥ ਖਾਈ ਕੋਟੁ ਨ ਪਰਲ ਪਗਾਰਾ ॥ ਨਾ ਜਾਨਉ ਬੈਕੁੰਠ ਦੁਆਰਾ ॥ ੩ ॥ ਕਹਿ ਕਬੀਰ ਅਬ ਕਹੀਐ ਕਾਹਿ ॥ ਸਾਧ ਸੰਗਤਿ ਬੈਕੁੰਠੈ ਆਹਿ ॥ ੪ ॥ ੮ ॥ ੧੬ ॥

ਪਦ ਅਰਥ :—ਸਭੁ ਕੋਈ—ਹਰ ਕੋਈ, ਹਰੇਕ ਬੰਦਾ । ਊਹਾਂ—ਉਸ ਬੈਕੁੰਠ ਵਿਚ। ਨਾ ਜਾਨਉ—ਮੈਂ ਨਹੀਂ ਜਾਣਦਾ, ਮੈਨੂੰ ਤਾਂ ਪਤਾ ਨਹੀਂ । ਕਹਾਂ—ਕਿੱਥੇ ? ੧ । ਰਹਾਉ ।

ਮਰਮੁ—ਭੇਦ । ਬਾਤਨ ਹੀ—ਨਿਰੀਆਂ ਗੱਲਾਂ ਨਾਲ । ਬਖਾਨਾਂ—ਬਿਆਨ ਕਰ ਰਹੇ ਹਨ । ੧ ।

ਮਨ—ਹੇ ਮਨ ! ੨ ।

ਖਾਈ—ਕਿਲ੍ਹੇ ਦੇ ਦੁਆਲੇ ਡੂੰਘੀ ਤੇ ਚੌੜੀ ਖਾਈ ਜੋ ਕਿਲ੍ਹੇ ਦੀ ਰੱਖੀ ਲਈ ਪਾਣੀ ਨਾਲ ਭਰੀ ਰੱਖੀਦੀ ਹੈ । ਕੋਟੁ—ਕਿਲ੍ਹਾ । ਪਰਲ—[skt .ਪਲ੍ਲ—A large granary. ਪਲ੍ਲਿ—A town, city] ਸ਼ਹਿਰ । ਪਗਾਰਾ—[skt .प्राकार—A rampart] ਫ਼ਸੀਲ, ਸ਼ਹਿਰ ਦੀ ਵੱਡੀ ਦੀਵਾਰ ਚੁਫੇਰੇ ਦੀ । ੩ ।

ਕਮੀਰ—ਕਬੀਰ । ਕਾਹਿ—ਕਿਸ ਨੂੰ ? ਆਹਿ—ਹੈ । ੪ ।

ਨੋਟ—ਕਈ ਸੱਜਨ 'ਪਰਲਪ ਗਾਰਾ' ਪਾਠ ਕਰ ਕੇ ਅਰਥ ਕਰਦੇ ਹਨ 'ਗਾਰੇ ਨਾਲ ਚੰਗੀ ਤਰ੍ਹਾਂ ਲਿਪਿਆ ਹੋਇਆ' । ਪਰ ਇਹ ਫਬਦਾ ਨਹੀਂ ਹੈ । ਕਿਲ੍ਹੇ ਨੂੰ ਗਾਰੇ ਨਾਲ ਲਿੰਬਣ ਵਿਚ ਕੋਈ ਖ਼ੂਬਸੂਰਤੀ ਨਹੀਂ ਜਾਪਦੀ । ਲੋਕਾਂ ਦਾ ਮਿਥਿਆ ਹੋਇਆ ਬੈਕੁੰਠ ਇਕ ਸੁੰਦਰ ਸੁਹਣਾ ਸ਼ਹਿਰ ਹੋਣਾ ਚਾਹੀਦਾ ਹੈ, ਗਾਰੇ ਨਾਲ ਲਿੰਬੇ ਹੋਏ ਕੱਚੇ ਕੋਠੇ ਤਾਂ ਧਰਤੀ ਉੱਤੇ ਭੀ ਕੰਗਾਲਾਂ ਗ਼ਰੀਬਾਂ ਦੇ ਹੀ ਹਨ । ਉਹ ਬੈਕੁੰਠ ਕਾਹਦਾ ਜਿੱਥੇ ਕੱਚੇ ਹੀ ਕੋਠੇ ਹੋਣਗੇ ?.

ਅਰਥ :—ਹਰ ਕੋਈ ਆਖ ਰਿਹਾ ਹੈ ਕਿ ਮੈਂ ਉਸ ਬੈਕੁੰਠ ਵਿਚ ਅੱਪੜਨਾ ਹੈ । ਪਰ ਮੈਨੂੰ ਤਾਂ ਸਮਝ ਨਹੀਂ ਆਈ, (ਇਹਨਾਂ ਦਾ ਉਹ) ਬੈਕੁੰਠ ਕਿੱਥੇ ਹੈ । ੧ । ਰਹਾਉ।

(ਇਹਨਾਂ ਲੋਕਾਂ ਨੇ) ਆਪਣੇ ਆਪ ਦਾ ਤਾਂ ਭੇਤ ਨਹੀਂ ਪਾਇਆ, ਨਿਰੀਆਂ ਗੱਲਾਂ ਨਾਲ ਹੀ 'ਬੈਕੁੰਠ ਬੈਕੁੰਠ' ਆਖ ਰਹੇ ਹਨ । ੧ ।

ਹੇ ਮਨ ! ਜਦ ਤਕ ਤੇਰੀਆਂ ਬੈਕੁੰਠ ਅੱਪੜਨ ਦੀਆਂ ਆਸਾਂ ਹਨ, ਤਦ ਤਕ ਪ੍ਰਭੂ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ ।੨।

ਮੈਨੂੰ ਤਾਂ ਪਤਾ ਨਹੀਂ (ਇਹਨਾਂ ਲੋਕਾਂ ਦੇ) ਬੈਕੁੰਠ ਦਾ ਬੂਹਾ ਕਿਹੋ ਜਿਹਾ ਹੈ, ਕਿਹੋ ਜਿਹਾ ਸ਼ਹਿਰ ਹੈ, ਕਿਹੋ ਜਿਹੀ ਉਸ ਦੀ ਫ਼ਸੀਲ ਹੈ, ਤੇ ਕਿਹੋ ਜਿਹੀ ਉਸ ਦੇ ਦੁਆਲੇ ਖਾਈ ਹੈ ।੩।

ਕਬੀਰ ਆਖਦਾ ਹੈ–(ਇਹ ਲੋਕ ਸਮਝਦੇ ਨਹੀਂ ਕਿ ਅਗਾਂਹ ਕਿਤੇ ਬੈਕੁੰਠ ਨਹੀਂ ਹੈ) ਕਿਸ ਨੂੰ ਹੁਣ ਆਖੀਏ ਕਿ ਸਾਧ-ਸੰਗਤ ਹੀ ਬੈਕੁੰਠ ਹੈ ? (ਤੇ ਉਹ ਬੈਕੁੰਠ ਇੱਥੇ ਹੀ ਹੈ) ।੪।੮।੧੬।

ਕਿਉ ਲੀਜੈ ਗਢੁ ਬੰਕਾ ਭਾਈ ॥ ਦੋਵਰ ਕੋਟ ਅਰੁ ਤੇਵਰ ਖਾਈ ॥੧॥ ਰਹਾਉ ॥ ਪਾਂਚ ਪਚੀਸ ਮੋਹ ਮਦ ਮਤਸਰ, ਆਡੀ ਪਰਬਲ ਮਾਇਆ ॥ ਜਨ ਗਰੀਬ ਕੋ ਜੋਰੁ ਨ ਪਹੁਚੈ, ਕਹਾ ਕਰਉ ਰਘੁਰਾਇਆ ॥੧॥ ਕਾਮੁ ਕਿਵਾਰੀ, ਦੁਖੁ ਸੁਖੁ ਦਰਵਾਨੀ, ਪਾਪੁ ਪੁੰਨੁ ਦਰਵਾਜਾ ॥ ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ, ਤਹ ਮਨੁ ਮਾਵਾਸੀ ਰਾਜਾ ॥੨॥ ਸ੍ਵਾਦ ਸਨਾਹੁ, ਟੋਪੁ ਮਮਤਾ ਕੋ, ਕੁਬੁਧਿ ਕਮਾਨ ਚਢਾਈ ॥ ਤਿਸਨਾ ਤੀਰ ਰਹੇ ਘਟ ਭੀਤਰਿ, ਇਉ ਗਢੁ ਲੀਓ ਨ ਜਾਈ ॥੩॥ ਪ੍ਰੇਮ ਪਲੀਤਾ, ਸੁਰਤਿ ਹਵਾਈ, ਗੋਲਾ ਗਿਆਨੁ ਚਲਾਇਆ ॥ ਬ੍ਰਹਮ ਅਗਨਿ ਸਹਜੇ ਪਰਜਾਲੀ, ਏਕਹਿ ਚੋਟ ਸਿਝਾਇਆ ॥੪॥ ਸਤੁ ਸੰਤੋਖੁ ਲੈ ਲਰਨੇ ਲਾਗਾ, ਤੋਰੇ ਦੁਇ ਦਰਵਾਜਾ ॥ ਸਾਧ ਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ, ਪਕਰਿਓ ਗਢ ਕੋ ਰਾਜਾ ॥੫॥ ਭਗਵਤ ਭੀਰਿ ਸਕਤਿ ਸਿਮਰਨ ਕੀ, ਕਟੀ ਕਾਲ ਭੈ ਫਾਸੀ ॥ ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ, ਰਾਜੁ ਲੀਓ ਅਬਨਾਸੀ ॥੬॥੯॥੧੭॥

ਪਦ ਅਰਥ :–ਕਿਉ ਲੀਜੈ–ਕਿਵੇਂ ਜਿੱਤਿਆ ਜਾਏ ? ਕਾਬੂ ਕਰਨਾ ਬੜਾ ਔਖਾ ਹੈ। ਗਢੁ–ਕਿਲ੍ਹਾ। ਬੰਕਾ–ਪੱਕਾ। ਭਾਈ–ਹੇ ਭਾਈ ! ਦੋਵਰ ਕੋਟ–ਦ੍ਵੈਤ ਦੀ ਦੋਹਰੀ ਕੰਧ (ਫ਼ਸੀਲ)। ਤੇਵਰ ਖਾਈ–ਤਿੰਨ ਗੁਣਾਂ ਦੀ ਤੇਹਰੀ ਖਾਈ ।ਖਾਈ–ਡੂੰਘੀ ਤੇ ਚੌੜੀ ਖ਼ਾਲੀ ਥਾਂ ਜੋ ਕਿਲ੍ਹੇ ਦੀ ਹਿਫ਼ਾਜ਼ਤ ਵਾਸਤੇ ਹੁੰਦੀ ਹੈ, ਤੇ ਪਾਣੀ ਨਾਲ ਭਰੀ ਰਹਿੰਦੀ ਹੈ ।੧। ਰਹਾਉ ।

ਪਾਂਚ–ਪੰਜ (ਕਾਮਾਦਿਕ)। ਪਚੀਸ–ਸਾਂਖ ਮਤ ਦੇ ਮਿਥੇ ੨੫ ਤੱਤ । ਮਦ–ਅਹੰਕਾਰ ਦਾ ਨਸ਼ਾ। ਮਤਸਰ–ਈਰਖਾ। ਆਡੀ–ਆੜ, ਛਹੀ, ਜਿਸ ਦਾ ਆਸਰਾ ਲੈ ਕੇ

ਫ਼ੌਜਾਂ ਲੜਦੀਆਂ ਹਨ ।੧।

ਕਿਵਾਰੀ—ਕਿਵਾੜ ਦਾ ਰਾਖਾ, ਕਿਵਾੜ ਖੋਲ੍ਹਣ ਵਾਲਾ । ਦਰਵਾਨੀ—ਪਹਿਰੇਦਾਰ। ਡੂੰਦਰ—ਲੜਾਕਾ । ਤਹ—ਉਸ ਕਿਲ੍ਹੇ ਵਿਚ । ਮਾਵਾਸੀ—ਆਕੀ ।੨।

ਸਨਾਹੁ—ਜ਼ਿਰਹ-ਬਕਤਰ, ਸੰਜੋਅ, ਲੋਹੇ ਦੀ ਜਾਲੀ ਦੀ ਪੁਸ਼ਾਕ ਜੋ ਜੰਗ ਸਮੇਂ ਪਹਿਨੀਦੀ ਹੈ । ਮਮਤਾ—ਅਪਣੱਤ । ਕੁਬੁਧਿ—ਖੋਟੀ ਮੱਤ । ਚਢਾਈ—ਤਾਣੀ ਹੋਈ ਹੈ । ਤਿਸਨਾ—ਤ੍ਰਿਸ਼ਨਾ, ਲਾਲਚ । ਘਟ ਭੀਤਰਿ—ਹਿਰਦੇ ਵਿਚ ।੩।

ਬ੍ਰਹਮ ਅਗਨਿ—ਰੱਬੀ-ਜੋਤ । ਸਹਜੇ—ਸਹਿਜ ਅਵਸਥਾ ਵਿਚ (ਅੱਪੜ ਕੇ) । ਪਰਜਾਲੀ—ਚੰਗੀ ਤਰ੍ਹਾਂ ਬਾਲੀ ।੪।

ਦੁਇ—ਦੋਵੇਂ ।੫।

ਭਗਵਤ ਭੀਰਿ—ਭਗਵਾਨ ਦਾ ਸਿਮਰਨ ਕਰਨ ਵਾਲਿਆਂ ਦੀ ਭੀੜ, ਸਾਧ-ਸੰਗਤ। ਸਕਤਿ—ਤਾਕਤ । ਅਬਨਾਸੀ—ਨਾਹ ਨਾਸ ਹੋਣ ਵਾਲਾ ।੬।

ਅਰਥ :—ਹੇ ਭਾਈ ! ਇਹ (ਸਰੀਰ-ਰੂਪ) ਪੱਕਾ ਕਿਲ੍ਹਾ ਕਾਬੂ ਕਰਨਾ ਬਹੁਤ ਔਖਾ ਹੈ । ਇਸ ਦੇ ਦੁਆਲੇ ਦ੍ਵੈਤ ਦੀ ਦੋਹਰੀ ਫ਼ਸੀਲ ਤੇ ਤਿੰਨ ਗੁਣਾਂ ਦੀ ਤੇਹਰੀ ਖਾਈ ਹੈ ।੧। ਰਹਾਉ ।

ਬਲ ਵਾਲੀ ਮਾਇਆ ਦਾ ਆਸਰਾ ਲੈ ਕੇ ਪੰਜ ਕਾਮਾਦਿਕ, ਪੰਜੀ ਤੱਤ, ਮੋਹ, ਅਹੰਕਾਰ, ਈਰਖਾ (ਦੀ ਫ਼ੌਜ ਲੜਨ ਨੂੰ ਤਿਆਰ ਹੈ) । ਹੇ ਪ੍ਰਭੂ ! ਮੇਰੀ ਗ਼ਰੀਬ ਦੀ ਕੋਈ ਪੇਸ਼ ਨਹੀਂ ਜਾਂਦੀ, (ਦੱਸ,) ਮੈਂ ਕੀਹ ਕਰਾਂ ? ੧ ।

ਕਾਮ (ਇਸ ਕਿਲ੍ਹੇ ਦੇ) ਬੂਹੇ ਦਾ ਮਾਲਕ ਹੈ, ਦੁਖ ਤੇ ਸੁਖ ਪਹਿਰੇਦਾਰ ਹਨ, ਪਾਪ ਤੇ ਪੁੰਨ (ਕਿਲ੍ਹੇ ਦੇ) ਦਰਵਾਜ਼ੇ ਹਨ, ਬੜਾ ਲੜਾਕਾ ਕ੍ਰੋਧ (ਕਿਲ੍ਹੇ ਦਾ) ਚੌਧਰੀ ਹੈ । ਅਜਿਹੇ ਕਿਲ੍ਹੇ ਵਿਚ ਮਨ ਰਾਜਾ ਆਕੀ ਹੋ ਕੇ ਬੈਠਾ ਹੈ ।੨।

(ਜੀਭ ਦੇ) ਚਸਕੇ (ਮਨ-ਰਾਜੇ ਨੇ) ਸੰਜੋਅ (ਪਹਿਨੀ ਹੋਈ ਹੈ), ਮਮਤਾ ਦਾ ਟੋਪ (ਪਾਇਆ ਹੋਇਆ ਹੈ), ਭੈੜੀ ਮੱਤ ਦੀ ਕਮਾਨ ਕੱਸੀ ਹੋਈ ਹੈ, ਤ੍ਰਿਸ਼ਨਾ ਦੇ ਤੀਰ ਅੰਦਰ ਹੀ ਅੰਦਰ ਕੱਸੇ ਹੋਏ ਹਨ । ਅਜਿਹਾ ਕਿਲ੍ਹਾ (ਮੈਥੋਂ) ਜਿੱਤਿਆ ਨਹੀਂ ਜਾ ਸਕਦਾ ।੩।

(ਪਰ ਜਦੋਂ ਮੈਂ ਪ੍ਰਭੂ-ਚਰਨਾਂ ਦੇ) ਪ੍ਰੇਮ ਦਾ ਪਲੀਤਾ ਲਾਇਆ, (ਪ੍ਰਭੂ-ਚਰਨਾਂ ਵਿਚ ਜੁੜੀ) ਸੁਰਤ ਨੂੰ ਹਵਾਈ ਬਣਾਇਆ, (ਗੁਰੂ ਦੇ ਬਖ਼ਸ਼ੇ) ਗਿਆਨ ਦਾ ਗੋਲਾ ਚਲਾਇਆ, ਸਹਿਜ ਅਵਸਥਾ ਵਿਚ ਅੱਪੜ ਕੇ ਅੰਦਰ ਰੱਬੀ-ਜੋਤ ਜਗਾਈ, ਤਾਂ ਇੱਕੋ ਹੀ ਸੱਟ ਨਾਲ ਕਾਮਯਾਬੀ ਹੋ ਗਈ ।੪।

ਸਤ ਤੇ ਸੰਤੋਖ ਲੈ ਕੇ ਮੈਂ (ਉਸ ਫ਼ੌਜ ਦੇ ਟਾਕਰੇ ਤੇ) ਲੜਨ ਲੱਗ ਪਿਆ, ਦੋਵੇਂ ਦਰਵਾਜ਼ੇ ਮੈਂ ਭੰਨ ਲਏ, ਸਤਿਗੁਰੂ ਤੇ ਸਤਸੰਗ ਦੀ ਮਿਹਰ ਨਾਲ ਮੈਂ ਕਿਲ੍ਹੇ ਦਾ (ਆਕੀ)

ਰਾਜਾ ਫੜ ਲਿਆ । ੫ ।

ਸਤਸੰਗ ਤੇ ਸਿਮਰਨ ਦੇ ਬਲ ਨਾਲ ਮੈਂ ਕਾਲ ਦੀ ਫਾਹੀ, ਦੁਨੀਆ ਦੇ ਡਰਾਂ ਦੀ ਫਾਹੀ, ਵੱਢ ਲਈ ਹੈ। ਪ੍ਰਭੂ ਦਾ ਦਾਸ ਕਬੀਰ ਹੁਣ ਕਿਲ੍ਹੇ ਦੇ ਉੱਪਰ ਚੜ੍ਹ ਬੈਠਾ ਹੈ (ਸਰੀਰ ਨੂੰ ਵੱਸ ਕਰ ਚੁਕਿਆ ਹੈ), ਤੇ ਕਦੇ ਨਾਹ ਨਾਸ ਹੋਣ ਵਾਲੀ ਆਤਮਕ ਬਾਦਸ਼ਾਹੀ ਲੈ ਚੁਕਾ ਹੈ। ੬ । ੯ । ੧੭ ।

ਨੋਟ—ਪਚੀਸ—ਸਾਂਖ ਮਤ ਦੇ ਮਿਥੇ ੨੫ ਤੱਤ:—

੧. ਪ੍ਰਕ੍ਰਿਤੀ (ਕੁਦਰਤ, ਜਿਸ ਤੋਂ ਸਭ ਵਸਤਾਂ ਬਣੀਆਂ ਹਨ ਅਤੇ ਜੋ ਆਪ ਕਿਸੇ ਤੋਂ ਨਹੀਂ ਬਣੀ ਅਤੇ ਜੋ ਸਤ-ਰਜ-ਤਮ ਤਿੰਨ ਗੁਣਾਂ ਦੀ ਸਮ ਅਵਸਥਾ-ਰੂਪ ਹੈ)।

੨.ਮਹੱਤੱਤ(ਇਹ ਤੱਤ ਸਰੀਰ ਵਿਚ ਬੁੱਧੀ ਰੂਪ ਵਿਚ ਟਿਕਿਆ ਹੋਇਆ ਹੈ;ਪ੍ਰਕ੍ਰਿਤੀ ਵਿਚ ਹਿਲਜੁਲ ਦੇ ਕਾਰਨ ਇਹ ਤੱਤ ਪੈਦਾ ਹੋਇਆ)।

੩. ਅਹੰਕਾਰ (ਜਿਸ ਦਾ ਰੂਪ 'ਹਉਮੈ' ਹੈ)।

੪—੮. ਪੰਜ ਤਨਮਾਤ੍ਰ (ਰੂਪ, ਰਸ, ਗੰਧ, ਸਪਰਸ਼, ਸ਼ਬਦ)। [ਤਨਮਾਤ੍ਰ—ਸਾਂਖ ਮਤ ਅਨੁਸਾਰ ਪੰਜ ਤੱਤਾਂ ਦਾ ਆਦਿ ਰੂਪ ਜਿਨ੍ਹਾਂ ਵਿਚ ਕੋਈ ਮਿਲਾਵਟ ਨਾਹ ਹੋਈ ਹੋਵੇ—ਰੂਪ, ਰਸ, ਗੰਧ, ਸਪਰਸ਼, ਸ਼ਬਦ। ਸਾਂਖ ਅਨੁਸਾਰ ਪ੍ਰਕ੍ਰਿਤੀ ਤੋਂ ਮਹੱਤੱਤ ਪੈਦਾ ਹੋਇਆ,ਮਹੱਤੱਤ ਤੋਂ ਅਹੰਕਾਰ ਅਤੇ ਅਹੰਕਾਰ ਤੋਂ ੧੬ਪਦਾਰਥ:—ਪੰਜ ਗਿਆਨ ਇੰਦ੍ਰੇ, ਕਰਮ ਇੰਦੇ, ਪੰਜ ਤਨਮਾਤ੍ਰ ਅਤੇ ਇਕ ਮਨ।]

੯—੧੯. ਗਿਆਰਾਂ ਇੰਦ੍ਰੀਆਂ—ਪੰਜ ਗਿਆਨ ਇੰਦ੍ਰੇ, ਪੰਜ ਕਰਮ ਇੰਦ੍ਰੇ, ਇੱਕ ਮਨ।

੨੦—੨੪. ਪੰਜ ਮਹਾ ਭੂਤ—ਪ੍ਰਿਥਵੀ, ਜਲ, ਅਗਨਿ, ਪਵਨ, ਆਕਾਸ਼।

੨੫. ਪੁਰਸ਼ (ਚੇਤਨ-ਸ਼ਕਤੀ)

ਸਾਂਖ ਅਨੁਸਾਰ ਜਗਤ ਨਿੱਤ ਹੈ, ਪਰਿਣਾਮ-ਰੂਪ ਪ੍ਰਵਾਹ ਨਾਲ ਸਦਾ ਬਦਲਦਾ ਰਹਿੰਦਾ ਹੈ। ਪ੍ਰਕ੍ਰਿਤੀ ਨੂੰ ਪੁਰਸ਼ ਦੀ, ਪੁਰਸ਼ ਨੂੰ ਪ੍ਰਕ੍ਰਿਤੀ ਦੀ ਸਹਾਇਤਾ ਦੀ ਲੋੜ ਰਹਿੰਦੀ ਹੈ। ਇਕੱਲੇ ਦੋਵੇਂ ਨਿਸਫਲ ਹਨ। ਜੀਵਾਤਮਾ ਹਰੇਕ ਸਰੀਰ ਵਿਚ ਵੱਖ ਵੱਖ ਹਨ।

ਬੁੱਧੀ, ਅਹੰਕਾਰ, ਗਿਆਰਾਂ ਇੰਦ੍ਰੀਆਂ, ਪੰਜ ਤਨਮਾਤ੍ਰ—ਇਹਨਾਂ ਅਠਾਰਾਂ ਦਾ ਸਮੁਦਾਈ ਸੂਖਮ ਸਰੀਰ ਹੈ। ਇਹੀ ਸੂਖਮ ਸਰੀਰ ਕਰਮ ਅਤੇ ਗਿਆਨ ਦਾ ਆਸਰਾ ਹੈ। ਸਥੂਲ ਸਰੀਰ ਦੇ ਨਾਸ ਹੋਇਆਂ ਇਸ ਦਾ ਨਾਸ ਨਹੀਂ ਹੁੰਦਾ। ਕਰਮ ਅਤੇ ਗਿਆਨ-ਵਾਸ਼ਨਾ ਦਾ ਪ੍ਰੇਰਿਆ ਹੋਇਆ ਸੂਖਮ ਸਰੀਰ ਇਕ ਸਥੂਲ ਸਰੀਰ ਵਿਚੋਂ ਨਿਕਲ ਕੇ ਦੂਜੇ ਵਿਚ ਜਾ ਪ੍ਰਵੇਸ਼ ਕਰਦਾ ਹੈ। ਪ੍ਰਲੋ ਤਕ ਇਸ ਦਾ ਨਾਸ ਨਹੀਂ ਹੁੰਦਾ। ਪ੍ਰਲੋ ਸਮੇਂ ਇਹ

ਪ੍ਰਕ੍ਰਿਤੀ ਵਿਚ ਲੀਨ ਹੋ ਜਾਂਦਾ ਹੈ। ਸ੍ਰਿਸ਼ਟੀ ਦੀ ਉਤਪੱਤੀ ਵੇਲੇ ਫਿਰ ਨਵੇਂ ਸਿਰੇ ਪੈਦਾ ਹੋ ਜਾਂਦਾ ਹੈ

ਜਦੋਂ ਪੁਰਸ਼ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤੀ ਅਤੇ ਉਸ ਦੇ ਕਾਰਜਾਂ ਤੋਂ ਵੱਖਰਾ ਵੇਖਦਾ ਹੈ, ਤਦੋਂ ਬੁੱਧੀ ਦੇ ਕਾਰਨ ਪ੍ਰਾਪਤ ਹੋਏ ਸੰਤਾਪਾਂ ਤੋਂ ਦੁਖੀ ਨਹੀਂ ਹੁੰਦਾ ਇਸ ਭਿੰਨਤਾ ਦਾ ਨਾਮ ਮੁਕਤੀ ਹੈ।

ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧ ॥ ਮਨੁ ਨ ਡਿਗੈ, ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥ ਗੰਗਾ ਕੀ ਲਹਰਿ ਮੇਟੀ ਟੂਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥ ੨ ॥ ਕਹਿ ਕਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥ ੩ ॥ ੧੦ ॥ ੧੮ ॥

ਨੋਟ–ਕਬੀਰ ਜੀ ਸਾਰੀ ਉਮਰ ਧਾਰਮਿਕ ਜ਼ਾਹਰਦਾਰੀ, ਭੇਖ, ਕਰਮ-ਕਾਂਡ ਆਦਿਕ ਨੂੰ ਵਿਅਰਥ ਆਖਦੇ ਰਹੇ। ਹਿੰਦੂ ਕੌਮ ਦੇ ਗੜ੍ਹ ਬਨਾਰਸ ਵਿਚ ਰਹਿੰਦੇ ਹੋਏ ਭੀ ਇਹਨਾਂ ਲੋਕਾਂ ਤੋਂ ਨਹੀਂ ਡਰੇ। ਇਹ ਕੁਦਰਤੀ ਗੱਲ ਸੀ ਕਿ ਉੱਚੀ ਜਾਤ ਦੇ ਲੋਕ ਇਹਨਾਂ ਦੇ ਵਿਰੋਧੀ ਬਣ ਜਾਣ। ਉਹਨਾਂ ਵਲੋਂ ਆਏ ਕਿਸੇ ਕਸ਼ਟ ਦਾ ਇਸ ਸ਼ਬਦ ਵਿਚ ਜ਼ਿਕਰ ਹੈ, ਤੇ ਫ਼ਰਮਾਂਦੇ ਹਨ ਕਿ ਜੋ ਮਨੁੱਖ ਪ੍ਰਭੂ-ਚਰਨਾਂ ਵਿਚ ਜੁੜਿਆ ਰਹੇ ਉਹ ਕਿਸੇ ਮੁਸੀਬਤ ਵਿਚ ਡੋਲਦਾ ਨਹੀਂ।

ਪਦ ਅਰਥ:–ਗੁਸਾਇਨਿ–ਜਗਤ ਦੀ ਮਾਤਾ। ਗੋਸਾਈ–ਜਗਤ ਦਾ ਮਾਲਕ। ਨੋਟ–ਲਫ਼ਜ਼ 'ਗੋਸਾਈ' ਤੋਂ 'ਗੁਸਾਇਨ' ਇਸਤ੍ਰੀ-ਲਿੰਗ ਹੈ। ਗਹਿਰ–ਡੂੰਘੀ। ਖਰੇ–ਲੈ ਗਏ। ਡਿਗੈ–ਡੋਲਦਾ। ਰਹਾਉ। ਮ੍ਰਿਗਛਾਲਾ–ਹਰਨ ਦੀ ਖੱਲ। ੨।

ਰਘੁਨਾਥ–ਪਰਮਾਤਮਾ। ੩।

ਅਰਥ:–(ਹੇ ਭਾਈ !) ਜਿਸ ਮਨੁੱਖ ਦਾ ਮਨ ਪ੍ਰਭੂ ਦੇ ਸੁਹਣੇ ਚਰਨਾਂ ਵਿਚ ਲੀਨ ਰਹੇ, ਉਸ ਦਾ ਮਨ (ਕਿਸੇ ਕਸ਼ਟ ਵੇਲੇ) ਡੋਲਦਾ ਨਹੀਂ, ਉਸ ਦੇ ਸਰੀਰ ਨੂੰ (ਕਸ਼ਟ ਦੇ ਕੇ) ਡਰਾਉਣ ਤੋਂ ਕੋਈ ਲਾਭ ਨਹੀਂ ਹੋ ਸਕਦਾ। ਰਹਾਉ।

(ਇਹ ਵਿਰੋਧੀ ਲੋਕ) ਮੈਨੂੰ ਕਬੀਰ ਨੂੰ ਜ਼ੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਭੀਰ ਗੰਗਾ ਮਾਤਾ ਵਿਚ (ਡੋਬਣ ਲਈ) ਲੈ ਗਏ (ਭਾਵ, ਉਸ ਗੰਗਾ ਵਿਚ ਲੈ ਗਏ ਜਿਸ ਨੂੰ ਇਹ 'ਮਾਤਾ' ਆਖਦੇ ਹਨ ਤੇ ਉਸ ਮਾਤਾ ਕੋਲੋਂ ਮੈਨੂੰ ਜਾਨੋਂ ਮਰਵਾਣ ਦਾ ਅਪਰਾਧ ਕਰਾਣ ਲੱਗੇ)। ੧।

(ਪਰ ਡੁੱਬਣ ਦੇ ਥਾਂ) ਗੰਗਾਂ ਦੀਆਂ ਲਹਿਰਾਂ ਨਾਲ ਮੇਰੀ ਜ਼ੰਜੀਰ ਟੁੱਟ ਗਈ, ਮੈਂ

ਕਬੀਰ (ਉਸ ਜਲ ਉੱਤੇ ਇਉਂ ਤਰਨ ਲੱਗ ਪਿਆ ਜਿਵੇਂ) ਮ੍ਰਿਗਛਾਲਾ ਉੱਤੇ ਬੈਠਾ ਹੋਇਆ ਹਾਂ । ੨ ।

ਕਬੀਰ ਆਖਦਾ ਹੈ—(ਹੇ ਭਾਈ ! ਤੁਹਾਡੇ ਮਿਥੇ ਹੋਏ ਕਰਮ-ਕਾਂਡ ਜਾਂ ਤੀਰਥ-ਇਸ਼ਨਾਨ) ਕੋਈ ਭੀ ਸੰਗੀ ਨਹੀਂ ਬਣ ਸਕਦੇ, ਕੋਈ ਭੀ ਸਾਥੀ ਨਹੀਂ ਹੋ ਸਕਦੇ । ਪਾਣੀ ਤੇ ਧਰਤੀ ਹਰ ਥਾਂ ਇਕ ਪਰਮਾਤਮਾ ਹੀ ਰੱਖਣ-ਜੋਗ ਹੈ । ੩ । ੧੦ । ੧੮ ।

ੴ ਸਤਿਗੁਰ ਪ੍ਰਸਾਦਿ ॥

ਭੈਰਉ ਕਬੀਰ ਜੀਉ ਅਸਟਪਦੀ ਘਰੁ ੨

ਅਗਮ ਦ੍ਰੁਗਮ ਗੜਿ ਰਚਿਓ ਬਾਸ ॥ ਜਾ ਮਹਿ ਜੋਤਿ ਕਰੇ ਪਰਗਾਸ॥ ਬਿਜੁਲੀ ਚਮਕੈ, ਹੋਇ ਅਨੰਦੁ ।। ਜਿਹ ਪਉੜੇ ਪ੍ਰਭ ਬਾਲ ਗੋਬਿੰਦ ॥ ੧ ॥ ਇਹੁ ਜੀਉ ਰਾਮ ਨਾਮ ਲਿਵ ਲਾਗੈ ॥ ਜਰਾ ਮਰਨੁ ਛੂਟੈ, ਭ੍ਰਮੁ ਭਾਗੈ ॥੧॥ ਰਹਾਉ ॥ ਅਬਰਨ ਬਰਨ ਸਿਉ ਮਨ ਹੀ ਪ੍ਰੀਤਿ ।। ਹਉਮੈ ਗਾਵਨਿ ਗਾਵਹਿ ਗੀਤ ।। ਅਨਹਦ ਸਬਦ ਹੋਤ ਝੁਨਕਾਰ ।। ਜਿਹ ਪਉੜੇ ਪ੍ਰਭ ਸ੍ਰੀ ਗੋਪਾਲ॥ ੨ ॥ ਖੰਡਲ ਮੰਡਲ ਮੰਡਲ ਮੰਡਾ ॥ ਤ੍ਰਿਅ ਅਸਥਾਨ ਤੀਨਿ ਤ੍ਰਿਅ ਖੰਡਾ ।। ਅਗਮ ਅਗੋਚਰੁ ਰਹਿਆ ਅਭ ਅੰਤ ॥ ਪਾਰੁ ਨ ਪਾਵੈ ਕੋ ਧਰਨੀਧਰ ਮੰਤ ॥ ੩ ॥ ਕਦਲੀ ਪੁਹਪ ਧੂਪ ਪਰਗਾਸ ।। ਰਜ ਪੰਕਜ ਮਹਿ ਲੀਓ ਨਿਵਾਸ ॥ ਦੁਆਦਸ ਦਲ ਅਭ ਅੰਤਰਿ ਮੰਤ ॥ ਜਹ ਪਉੜੇ ਸ੍ਰੀ ਕਮਲਾਕੰਤ ।। ੪ ।। ਅਰਧ ਉਰਧ ਮੁਖਿ ਲਾਗੋ ਕਾਸੁ ॥ ਸੁੰਨ ਮੰਡਲ ਮਹਿ ਕਰਿ ਪਰਗਾਸੁ ।। ਊਹਾਂ ਸੂਰਜ ਨਾਹੀ ਚੰਦ ।। ਆਦਿ ਨਿਰੰਜਨੁ ਕਰੈ ਅਨੰਦ ॥ ੫ ॥ ਸੋ ਬ੍ਰਹਮੰਡਿ, ਪਿੰਡਿ ਸੋ ਜਾਨੁ ॥ ਮਾਨਸਰੋਵਰਿ ਕਰਿ ਇਸਨਾਨੁ ।। ਸੋਹੰ ਸੋ ਜਾ ਕਉ ਹੈ ਜਾਪ ॥ ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ।। ੬ ।। ਅਬਰਨ ਬਰਨ ਘਾਮ ਨਹੀ ਛਾਮ ॥ ਅਵਨ ਨ ਪਾਈਐ, ਗੁਰ ਕੀ ਸਾਮ ।। ਟਾਰੀ ਨ ਟਰੈ, ਆਵੈ ਨ ਜਾਇ ॥ ਸੁੰਨ ਸਹਜ ਮਹਿ ਰਹਿਓ ਸਮਾਇ ॥ ੭ ॥ ਮਨ ਮਧੇ ਜਾਨੈ ਜੇ ਕੋਇ ॥ ਜੋ ਬੋਲੈ ਸੋ ਆਪੈ ਹੋਇ ॥ ਜੋਤਿ ਮੰਤ੍ਰਿ ਮਨਿ ਅਸਥਿਰੁ ਕਰੈ ।। ਕਹਿ ਕਬੀਰ ਸੋ ਪ੍ਰਾਨੀ ਤਰੈ ।। ੮ ।। ੧ ।।

ਪਦ ਅਰਥ :—ਅਗਮ—ਅ-ਗਮ, ਜਿਸ ਤਕ ਪਹੁੰਚ ਨਾਹ ਹੋ ਸਕੇ । ਦ੍ਰੁਗਮ—ਦੁਰਗਮ, ਜਿਸ ਤਕ ਅੱਪੜਨਾ ਮੁਸ਼ਕਲ ਹੋਵੇ । ਗੜਿ—ਕਿਲ੍ਹੇ ਵਿਚ । ਬਾਸ—

ਵਸੇਬਾ, ਰਿਹਾਇਸ਼। ਜਾ ਮਹਿ—ਜਿਸ (ਮਨੁੱਖ ਦੇ ਹਿਰਦੇ) ਵਿਚ । ਜਿਹ ਪਉੜੇ—ਜਿਸ ਟਿਕਾਣੇ ਤੇ, ਜਿਸ ਹਿਰਦੇ ਵਿਚ। ੧।

ਜੀਉ—ਜੀਵ। ਜਰਾ—ਬੁਢੇਪਾ। ਮਰਨੁ—ਮੌਤ। ਭ੍ਰਮੁ—ਭਟਕਣਾ। ੧। ਰਹਾਉ।

ਅਬਰਨ ਬਰਨ ਸਿਉ—ਨੀਵੀਂ ਤੇ ਉੱਚੀ ਜਾਤ ਨਾਲ । ਅਬਰਨ—ਨੀਵੀਂ ਜਾਤ। ਸਿਉ—ਨਾਲ ।ਹਉਮੈ ਗੀਤ ਗਾਵਨਿ—ਸਦਾ ਅਹੰਕਾਰ ਦੀਆਂ ਗੱਲਾਂ ਕਰਦੇ ਰਹਿੰਦੇ ਹਨ। ਅਨਹਦ—ਇੱਕ-ਰਸ। ਝੁਨਕਾਰ—ਸੁੰਦਰ ਰਾਗ। ੨।

ਮੰਡਾ—ਬਣਾਏ ਹਨ। ਤ੍ਰਿਅ ਅਸਥਾਨ—ਤਿੰਨੇ ਭਵਨ। ਅਭ ਅੰਤ—('ਰਾਮ ਨਾਮ' ਨਾਲ 'ਲਿਵ' ਲਾਣ ਵਾਲੇ ਦੇ) ਹਿਰਦੇ ਵਿਚ। ਅਭ—ਹਿਰਦਾ। ਅੰਤ- ਅੰਤਰਿ। ਧਰਨੀ-ਧਰ ਮੰਤ—ਧਰਤੀ-ਦੇ-ਆਸਰੇ-ਪ੍ਰਭੂ ਦੇ ਭੇਤ ਦਾ। ੩।

ਕਦਲੀ—ਕੇਲਾ। ਪੁਹਪ—ਫੁੱਲ। ਧੂਪ—ਸੁਗੰਧੀ । ਰਜ—ਮਕਰੰਦ, ਫੁੱਲ ਦੇ ਅੰਦਰ ਦੀ ਧੂੜ। ਪੰਕਜ—ਕੌਲ-ਫੁੱਲ। [ਪੰਕ—ਚਿੱਕੜ। ਜ—ਜੰਮਿਆ ਹੋਇਆ । ਚਿੱਕੜ ਵਿਚ ਉੱਗਿਆ ਹੋਇਆ]। ਦੁਆਦਸ ਦਲ ਅਭ—ਬਾਰ੍ਹਾਂ ਪੱਤੀਆਂ ਵਾਲਾ (ਕੌਲ-ਫੁੱਲ-ਰੂਪ) ਹਿਰਦਾ, ਪੂਰਨ ਤੌਰ ਤੇ ਖਿੜਿਆ ਹਿਰਦਾ । ਦੁਆਦਸ—ਬਾਰ੍ਹਾਂ । ਦਲ—ਪੱਤੀਆਂ। ਕਮਲਾ ਕੰਤ—ਲੱਛਮੀ ਦਾ ਪਤੀ, ਪਰਮਾਤਮਾ।੪।

ਅਰਧ—ਹੇਠਾਂ। ਉਰਧ-ਉਤਾਂਹ । ਮੁਖਿ ਲਾਗੋ—ਦਿੱਸਦਾ ਹੈ । ਕਾਸ—ਚਾਨਣ, ਪ੍ਰਕਾਸ਼। ੫।

ਬ੍ਰਹਮੰਡਿ—ਸਾਰੇ ਜਗਤ ਵਿਚ । ਪਿੰਡਿ—ਸਰੀਰ ਵਿਚ । ਜਾਨੁ—ਜਾਣਦਾ ਹੈ। ਮਾਨਸਰੋਵਰਿ—ਮਾਨਸਰੋਵਰ ਵਿਚ। ਕਰਿ—ਕਰੇ, ਕਰਦਾ ਹੈ । ਜਾ ਕਉ—ਜਿਸ ਮਨੁੱਖ ਦਾ। ਸੋ ਹੰ ਸੋ—ਉਹ ਮੈਂ ਉਹ। ੬।

ਘਾਮ—ਗਰਮੀ, ਧੁੱਪ। ਛਾਮ—ਛਾਂ। ਘਾਮ ਛਾਮ—ਦੁੱਖ-ਸੁਖ। ਸਾਮ—ਸ਼ਰਨ। ਟਾਰੀ—ਟਾਲੀ ਹੋਈ। ਨ ਟਰੈ—ਹਟਦੀ ਨਹੀਂ। ੭।

ਮੰਤ੍ਰਿ—(ਗੁਰੂ ਦੇ) ਮੰਤ੍ਰ ਦੁਆਰਾ। ਮਨਿ—ਮਨ ਵਿਚ। ੮।

ਨੋਟ—ਸ਼ਬਦ ਦਾ ਕੇਂਦਰੀ ਖ਼ਿਆਲ 'ਰਹਾਉ' ਦੀ ਤੁਕ ਵਿਚ ਹੈ।

ਅਰਥ:-(ਜਦੋਂ) ਇਹ ਜੀਵ ਪਰਮਾਤਮਾ ਦੇ ਨਾਮ ਵਿਚ ਸੁਰਤ ਜੋੜਦਾ ਹੈ, ਤਾਂ ਇਸ ਦਾ ਬੁਢੇਪਾ (ਬੁਢੇਪੇ ਦਾ ਡਰ) ਮੁੱਕ ਜਾਂਦਾ ਹੈ, ਮੌਤ (ਦਾ ਸਹਿਮ) ਮੁੱਕ ਜਾਂਦਾ ਹੈ ਅਤੇ ਭਟਕਣਾ ਦੂਰ ਹੋ ਜਾਂਦੀ ਹੈ। ੧। ਰਹਾਉ।

(ਨਾਮ ਸਿਮਰਨ ਦੀ ਬਰਕਤਿ ਨਾਲ) ਜਿਸ ਹਿਰਦੇ ਵਿਚ ਬਾਲ-ਸੁਭਾਉ ਪ੍ਰਭੂ ਗੋਬਿੰਦ ਆ ਵੱਸਦਾ ਹੈ, ਜਿਸ ਮਨੁੱਖ ਦੇ ਅੰਦਰ ਪ੍ਰਭੂ ਆਪਣੀ ਜੋਤ ਦਾ ਚਾਨਣ ਕਰਦਾ ਹੈ ਉਸ ਦੇ ਅੰਦਰ, ਮਾਨੋ, ਬਿਜਲੀ ਚਮਕ ਪੈਂਦੀ ਹੈ, ਉੱਥੇ ਸਦਾ ਖਿੜਾਉ ਹੀ ਖਿੜਾਉ

ਹੋ ਜਾਂਦਾ ਹੈ, ਉਹ ਮਨੁੱਖ ਇਕ ਐਸੇ ਕਿਲ੍ਹੇ ਵਿਚ ਵੱਸੋਂ ਬਣਾ ਲੈਂਦਾ ਹੈ ਜਿੱਥੇ (ਵਿਕਾਰ ਆਦਿਕਾਂ ਦੀ) ਪਹੁੰਚ ਨਹੀਂ ਹੋ ਸਕਦੀ, ਜਿੱਥੇ (ਵਿਕਾਰਾਂ ਲਈ) ਅੱਪੜਨਾ ਬੜਾ ਔਖਾ ਹੁੰਦਾ ਹੈ ।੧।

ਪਰ ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਇਸੇ ਖ਼ਿਆਲ ਦੀ ਲਗਨ ਹੈ ਕਿ ਫਲਾਣਾਂ ਨੀਵੀਂ ਜਾਤ ਦਾ ਤੇ ਫਲਾਣਾ ਉੱਚੀ ਜਾਤ ਦਾ ਹੈ, ਉਹ ਸਦਾ ਅਹੰਕਾਰ ਦੀਆਂ ਗੱਲਾਂ ਕਰਦੇ ਰਹਿੰਦੇ ਹਨ ।

ਜਿਸ ਹਿਰਦੇ ਵਿਚ ਸ੍ਰੀ ਗੋਪਾਲ ਪ੍ਰਭੂ ਜੀ ਵੱਸਦੇ ਹਨ, ਉੱਥੇ ਪ੍ਰਭੂ ਦੀ ਸਿਫ਼ਤਿ ਸਾਲਾਹ ਦਾ ਇੱਕ-ਰਸ, ਮਾਨੋ, ਰਾਗ ਹੁੰਦਾ ਰਹਿੰਦਾ ਹੈ ।੨।

ਜੋ ਪ੍ਰਭੂ ਸਾਰੇ ਖੰਡਾਂ ਦਾ, ਮੰਡਲਾਂ ਦਾ ਸਾਜਣ ਵਾਲਾ ਹੈ, ਜੋ (ਫਿਰ) ਤਿੰਨਾਂ ਭਵਨਾਂ ਦਾ, ਤਿੰਨਾਂ ਗੁਣਾਂ ਦਾ ਨਾਸ ਕਰਨ ਵਾਲਾ ਭੀ ਹੈ, ਜਿਸ ਤਕ ਮਨੁੱਖੀ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ, ਉਹ ਪ੍ਰਭੂ ਉਸ ਮਨੁੱਖ ਦੇ ਹਿਰਦੇ ਵਿਚ ਵੱਸਦਾ ਹੈ (ਜਿਸ ਨੇ ਪਰਮਾਤਮਾ ਦੇ ਨਾਮ ਨਾਲ ਲਿਵ ਲਾਈ ਹੋਈ ਹੈ)। ਪਰ, ਕੋਈ ਜੀਵ ਧਰਤੀ-ਦੇ-ਆਸਰੇ ਉਸ ਪ੍ਰਭੂ ਦੇ ਭੇਤ ਦਾ ਅੰਤ ਨਹੀਂ ਪਾ ਸਕਦਾ ।੩।

(ਸਿਮਰਨ ਦੀ ਬਰਕਤਿ ਨਾਲ) ਜਿਸ ਹਿਰਦੇ ਵਿਚ ਮਾਇਆ-ਦਾ-ਪਤੀ ਪ੍ਰਭੂ ਆ ਵੱਸਦਾ ਹੈ ਉਸ ਮਨੁੱਖ ਦੇ ਪੂਰਨ ਤੌਰ ਤੇ ਖਿੜੇ ਹੋਏ ਹਿਰਦੇ ਵਿਚ ਪ੍ਰਭੂ ਦਾ ਮੰਤਰ ਇਉਂ ਵੱਸ ਪੈਂਦਾ ਹੈ ਜਿਵੇਂ ਕੇਲੇ ਦੇ ਟੁੱਲਾਂ ਵਿਚ ਸੁਗੰਧੀ ਦਾ ਪ੍ਰਕਾਸ਼ ਹੁੰਦਾ ਹੈ, ਜਿਵੇਂ ਕੌਲ ਫੁੱਲ ਵਿਚ ਮਕਰੰਦ ਆ ਨਿਵਾਸ ਕਰਦਾ ਹੈ ।੪।

(ਜੋ ਮਨੁੱਖ ਪ੍ਰਭੂ ਦੇ ਨਾਮ ਵਿਚ ਲਿਵ ਲਾਂਦਾ ਹੈ) ਉਸ ਨੂੰ ਅਕਾਸ਼ ਪਤਾਲ ਹਰ ਥਾਂ ਪ੍ਰਭੂ ਦਾ ਹੀ ਪ੍ਰਕਾਸ਼ ਦਿੱਸਦਾ ਹੈ, ਉਸ ਦੀ ਅਫੁਰ ਸਮਾਧੀ ਵਿਚ (ਭਾਵ, ਉਸ ਦੇ ਟਿਕੇ ਹੋਏ ਮਨ ਵਿਚ) ਪਰਮਾਤਮਾ ਆਪਣਾ ਚਾਨਣ ਕਰਦਾ ਹੈ (ਇਤਨਾ ਚਾਨਣ ਕਿ) ਸੂਰਜ ਤੇ ਚੰਦ ਦਾ ਚਾਨਣ ਉਸ ਦੀ ਬਰਾਬਰੀ ਨਹੀਂ ਕਰ ਸਕਦਾ (ਉਹ ਚਾਨਣ ਸੂਰਜ ਚੰਦ ਦੇ ਚਾਨਣ ਵਰਗਾ ਨਹੀਂ ਹੈ) । ਸਾਰੇ ਜਗਤ ਦਾ ਮੂਲ ਮਾਇਆ-ਰਹਿਤ ਪ੍ਰਭੂ ਉਸ ਦੇ ਹਿਰਦੇ ਵਿਚ ਉਮਾਹ ਪੈਦਾ ਕਰਦਾ ਹੈ ।੫।

ਜਿਸ ਮਨੁੱਖ ਦੇ ਹਿਰਦੇ ਵਿਚ ਸਦਾ ਇਹ ਲਗਨ ਹੈ ਕਿ ਉਹ ਪ੍ਰਭੂ ਤੇ ਮੈਂ ਇੱਕ ਹਾਂ (ਭਾਵ, ਮੇਰੇ ਅੰਦਰ ਪ੍ਰਭੂ ਦੀ ਜੋਤ ਵੱਸ ਰਹੀ ਹੈ), (ਇਸ ਲਗਨ ਦੀ ਬਰਕਤਿ ਨਾਲ) ਜਿਸ ਉੱਤੇ ਨਾਹ ਪੁੰਨ ਨਾਹ ਪਾਪ ਕੋਈ ਭੀ ਪ੍ਰਭਾਵ ਨਹੀਂ ਪਾ ਸਕਦਾ(ਭਾਵ,ਜਿਸ ਨੂੰ ਨਾ ਕੋਈ ਪਾਪ-ਵਿਕਾਰ ਖਿੱਚ ਪਾ ਸਕਦੇ ਹਨ, ਤੇ ਨਾਹ ਹੀ ਪੁੰਨ ਕਰਮਾਂ ਦੇ ਫਲ ਦੀ ਲਾਲਸਾ ਹੈ) ਉਹ ਮਨੁੱਖ (ਲਿਵ ਦੀ ਬਰਕਤਿ ਨਾਲ) ਸਾਰੇ ਜਗਤ ਵਿਚ ਉਸੇ ਪ੍ਰਭੂ ਨੂੰ ਪਛਾਣਦਾ ਹੈ ਜਿਸ ਨੂੰ ਆਪਣੇ ਸਰੀਰ ਵਿਚ (ਵੱਸਦਾ ਵੇਖਦਾ ਹੈ), ਉਹ (ਪ੍ਰਭੂ-ਨਾਮ ਰੂਪ) ਮਾਨ-ਸਰੋਵਰ ਵਿਚ ਇਸ਼ਨਾਨ ਕਰਦਾ ।੬।

('ਲਿਵ ਦਾ ਸਦਕਾ') ਉਹ ਮਨੁੱਖ ਸਦਾ ਅਫੁਰ ਅਵਸਥਾ ਵਿਚ ਟਿਕਿਆ ਰਹਿੰਦਾ ਹੈ, ਸਹਿਜ ਅਵਸਥਾ ਵਿਚ ਜੁੜਿਆ ਰਹਿੰਦਾ ਹੈ। ਇਹ ਅਵਸਥਾ ਕਿਸੇ ਦੀ ਹਟਾਈ ਹਟ ਨਹੀਂ ਸਕਦੀ, ਸਦਾ ਕਾਇਮ ਰਹਿੰਦੀ ਹੈ। ਉਸ ਮਨੁੱਖ ਦੇ ਅੰਦਰ ਕਿਸੇ ਉੱਚੀ ਨੀਵੀਂ ਜਾਤ ਦਾ ਵਿਤਕਰਾ ਨਹੀਂ ਰਹਿੰਦਾ, ਕੋਈ ਦੁੱਖ-ਸੁਖ ਉਸ ਨੂੰ ਨਹੀਂ ਵਿਆਪਦੇ। ਪਰ ਇਹ ਆਤਮਕ ਹਾਲਤ ਗੁਰੂ ਦੀ ਸ਼ਰਨ ਪਿਆਂ ਮਿਲਦੀ ਹੈ, ਕਿਸੇ ਹੋਰ ਥਾਂ ਤੋਂ ਨਹੀਂ ਮਿਲਦੀ। ੭।

ਕਬੀਰ ਅਖਦਾ ਹੈ—ਜੋ ਮਨੁੱਖ ਪ੍ਰਭੂ ਨੂੰ ਆਪਣੇ ਮਨ ਵਿਚ ਵੱਸਦਾ ਪਛਾਣ ਲੈਂਦਾ ਹੈ, ਜੋ ਮਨੁੱਖ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰਦਾ ਹੈ, ਉਹ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ; ਜੋ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਦੀ ਜੋਤ ਨੂੰ ਆਪਣੇ ਮਨ ਵਿਚ ਪੱਕਾ ਕਰ ਕੇ ਟਿਕਾ ਲੈਂਦਾ ਹੈ, ਉਹ ਸੰਸਾਰ-ਸਮੁੰਦਰ ਤੋਂ ਤਰ ਜਾਂਦਾ ਹੈ। ੮। ੧।

ਭਗਤ-ਬਾਣੀ ਦੇ ਵਿਰੋਧੀ ਸੱਜਣ ਜੀ ਇਸ ਸ਼ਬਦ ਬਾਰੇ ਲਿਖਦੇ ਹਨ—"ਇਸ ਸ਼ਬਦ ਅੰਦਰ ਜੋਗ-ਅੱਭਿਆਸ ਦਾ ਪੂਰਨ ਮੰਡਨ ਹੈ, ਪਰ ਗੁਰਮਤਿ ਇਸ ਦਾ ਜ਼ੋਰਦਾਰ ਖੰਡਨ ਕਰਦੀ ਹੈ। ਸਿੱਖ ਧਰਮ ਵਿਚ ਉਕਤ ਹਠ-ਜੋਗ ਕਰਮ ਨੂੰ ਨਿੰਦਿਆ ਹੈ, ਪਰ ਭਗਤ ਜੀ ਪਰਚਾਰ ਕਰਦੇ ਹਨ।"

ਸ਼ਬਦ ਦੇ ਅਰਥ ਪਾਠਕਾਂ ਦੇ ਸਾਹਮਣੇ ਹਨ। ਬੜਾ ਮੁਸ਼ਕਲ ਸ਼ਬਦ ਹੈ। ਠੀਕ ਅਰਥ ਸਮਝਣ ਦਾ ਜਤਨ ਨਾਹ ਕਰਨ ਕਰਕੇ ਹੀ ਸ਼ਾਇਦ ਵਿਰੋਧੀ ਸੱਜਣ ਜੀ ਭੁਲੇਖਾ ਖਾ ਗਏ ਹਨ। ਜਦੋਂ ਪਾਠਕ ਸੱਜਣ ਇਸ ਅਸੂਲ ਨੂੰ ਚੇਤੇ ਰੱਖਣਗੇ ਕਿ 'ਰਹਾਉ' ਦੀ ਤੁਕ ਵਾਲੇ ਕੇਂਦਰੀ ਖ਼ਿਆਲ ਦੀ ਸਾਰੇ ਸ਼ਬਦ ਵਿਚ ਵਿਆਖਿਆ ਹੈ, ਤਾਂ ਇੱਥੇ ਕਿਸੇ ਜੋਗ-ਅੱਭਿਆਸ ਦੇ ਪਰਚਾਰ ਦਾ ਭੁਲੇਖਾ ਨਹੀਂ ਪਵੇਗਾ।

ਕੋਟਿ ਸੂਰ ਜਾ ਕੈ ਪਰਗਾਸ ॥ ਕੋਟਿ ਮਹਾਦੇਵ ਅਰੁ ਕਬਿਲਾਸ ॥ ਦੁਰਗਾ ਕੋਟਿ ਜਾ ਕੈ ਮਰਦਨੁ ਕਰੈ ॥ ਬ੍ਰਹਮਾ ਕੋਟਿ ਬੇਦ ਉਚਰੈ ॥ ੧ ॥ ਜਉ ਜਾਚਉ, ਤਉ ਕੇਵਲ ਰਾਮ ॥ ਆਨ ਦੇਵ ਸਿਉ ਨਾਹੀ ਕਾਮ ॥ ੧ ॥ ਰਹਾਉ ॥ ਕੋਟਿ ਚੰਦ੍ਰਮੇ ਕਰਹਿ ਚਰਾਕ ॥ ਸੁਰ ਤੇਤੀਸ ਉਜੇਵਹਿ ਪਾਕ ॥ ਨਵ ਗ੍ਰਹ ਕੋਟਿ ਠਾਢੇ ਦਰਬਾਰ ॥ ਧਰਮ ਕੋਟਿ ਜਾ ਕੈ ਪ੍ਰਤਿਹਾਰ ॥ ੨ ॥ ਪਵਨ ਕੋਟਿ ਚਉਬਾਰੇ ਫਿਰਹਿ ॥ ਬਾਸਕ ਕੋਟਿ ਸੇਜ ਬਿਸਥਰਹਿ ॥ ਸਮੁੰਦ ਕੋਟਿ ਜਾ ਕੇ ਪਾਨੀਹਾਰ ॥ ਰੋਮਾਵਲਿ ਕੋਟਿ ਅਠਾਰਹ ਭਾਰ ॥ ੩ ॥ ਕੋਟਿ ਕਮੇਰ ਭਰਹਿ ਭੰਡਾਰ ॥ ਕੋਟਿਕ ਲਖਮੀ ਕਰੈ ਸੀਗਾਰ ॥ ਕੋਟਿਕ ਪਾਪ

ਪ੍ਰੰਨ ਬਹੁ ਹਿਰਹਿ ॥ ਇੰਦ੍ਰ ਕੋਟਿ ਜਾ ਕੈ ਸੇਵਾ ਕਰਹਿ ॥ ੪ ॥ ਛਪਨ ਕੋਟਿ ਜਾ ਕੈ ਪ੍ਰਤਿਹਾਰ ॥ ਨਗਰੀ ਨਗਰੀ ਖਿਅਤ ਅਪਾਰ ॥ ਲਟ ਛੂਟੀ ਵਰਤੈ ਬਿਕਰਾਲ ॥ ਕੋਟਿ ਕਲਾ ਖੇਲੈ ਗੋਪਾਲ ॥੫॥ਕੋਟਿ ਜਗ ਜਾ ਕੈ ਦਰਬਾਰ॥ ਗੰਧ੍ਰਬ ਕੋਟਿ ਕਰਹਿ ਜੈਕਾਰ ॥ ਬਿਦਿਆ ਕੋਟਿ ਸਭੈ ਗੁਨ ਕਹੈ ॥ ਤਊ ਪਾਰਬ੍ਰਹਮ ਕਾ ਅੰਤੁ ਨ ਲਹੈ ॥ ੬ ॥ ਬਾਵਨ ਕੋਟਿ ਜਾ ਕੈ ਰੋਮਾਵਲੀ ॥ ਰਾਵਨ ਸੈਨਾ ਜਹ ਤੇ ਛਲੀ ॥ ਸਹਸ ਕੋਟਿ ਬਹੁ ਕਹਤ ਪੁਰਾਨ ॥ਦੁਰਜੋਧਨ ਕਾ ਮਥਿਆ ਮਾਨੁ ॥ ੭ ॥ ਕੰਦ੍ਰਪ ਕੋਟਿ ਜਾ ਕੈ ਲਵੈ ਨ ਧਰਹਿ ॥ ਅੰਤਰ ਅੰਤਰਿ ਮਨਸਾ ਹਰਹਿ ॥ ਕਹਿ ਕਬੀਰ ਸੁਨਿ ਸਾਰਿਗਪਾਨ ॥ਦੇਹਿ ਅਭੈ ਪਦੁ ਮਾਂਗਉ ਦਾਨ ॥ ੮ ॥ ੨ ॥ ੧੮ ॥ ੨੦ ॥

ਪਦ ਅਰਥ:–ਕੋਟਿ–ਕ੍ਰੋੜਾਂ । ਸੂਰ–ਸੂਰਜ । ਜਾ ਕੈ–ਜਿਸ ਦੇ ਦਰ ਤੇ । ਮਹਾਦੇਵ–ਸ਼ਿਵ । ਕਬਿਲਾਸ–ਕੈਲਾਸ਼ । ਮਰਦਨੁ–ਮਾਲਸ਼, ਚਰਨ ਮਲਣਾ । ੧ ।

ਜਉ–ਜਦੋਂ । ਜਾਚਉ–ਜਾਚਉਂ, ਮੈਂ ਮੰਗਦਾ ਹਾਂ । ਆਨ–ਹੋਰ। ਕਾਮ–ਗ਼ਰਜ਼। ੧ । ਰਹਾਉ ।

ਚਰਾਕ–ਚਰਾਗ਼, ਰੌਸ਼ਨੀ, ਦੀਵੇ ਦੀ ਰੌਸ਼ਨੀ । ਸੁਰ ਤੇਤੀਸ–ਤੇਤੀ ਕ੍ਰੋੜ ਦੇਵਤੇ । ਉਜੇਵਹਿ–ਛਕਦੇ ਹਨ । ਪਾਕ–ਭੋਜਨ । ਠਾਢੇ–ਖੜੇ ਹਨ । ਪ੍ਰਤਿਹਾਰ–ਦਰਬਾਨ । ੨ ।

ਬਾਸਕ–ਸ਼ੇਸ਼ਨਾਗ । ਬਿਸਥਰਹਿ–ਵਿਛਾਉਂਦੇ ਹਨ । ਪਾਨੀਹਾਰ–ਪਾਣੀ ਭਰਨ ਵਾਲੇ । ਰੋਮਾਵਲਿ–ਰੋਮਾਂ ਦੀ ਕਤਾਰ, ਜਿਸਮ ਦੇ ਰੋਮ । ਅਠਾਰਹ ਭਾਰ–ਸਾਰੀ ਬਨਸਪਤੀ । ੩ ।

ਕਮੇਰ–ਧਨ ਦਾ ਦੇਵਤਾ । ਹਿਰਹਿ–ਹੇਰਹਿ, ਤੱਕ ਰਹੇ ਹਨ । ੪ ।

ਛਪਨ ਕੋਟਿ–ਛਵੰਜਾ ਕ੍ਰੋੜ ਮੇਘ ਮਾਲਾ । ਖਿਅਤ–ਚਮਕ । ਲਟ ਛੂਟੀ–ਲਿਟਾਂ ਖੋਲ੍ਹ ਕੇ । ਬਿਕਰਾਲ–ਡਰਾਉਣੀਆਂ (ਕਾਲੀ ਦੇਵੀਆਂ) । ਕਲਾ–ਸ਼ਕਤੀਆਂ । ੫ ।

ਗੰਧ੍ਰਬ–ਦੇਵਤਿਆਂ ਦੇ ਰਾਗੀ । ੬ ।

ਬਾਵਨ–ਵਾਮਨ ਅਵਤਾਰ । ਜਹ ਤੇ–ਜਿਸ ਸ੍ਰੀ ਰਾਮ ਚੰਦਰ ਤੋਂ । ਸਹਸ–ਹਜ਼ਾਰਾਂ । ਮਥਿਆ–(ਜਿਸ ਸ੍ਰੀ ਕ੍ਰਿਸ਼ਨ ਜੀ ਨੇ) ਨਾਸ ਕੀਤਾ ।੭।

ਕੰਦ੍ਰਪ–ਕਾਮ ਦੇਵਤਾ । ਲਵੈ ਨ ਧਰਹਿ–(ਸੁੰਦਰਤਾ ਦੀ) ਬਰਾਬਰੀ ਨਹੀਂ ਕਰ ਸਕਦੇ । ਅੰਤਰ ਅੰਤਰਿ ਮਨਸਾ–ਲੋਕਾਂ ਦੇ ਹਿਰਦਿਆਂ ਦੀ ਅੰਦਰਲੀ ਵਾਸ਼ਨਾ । ਅੰਤਰ

–ਅੰਦਰਲਾ, ਹਿਰਦਾ। ਅੰਤਰਿ–ਅੰਦਰ। ਹਰਹਿ–(ਜੋ ਕਾਮਦੇਵ) ਚੁਰਾ ਲੈਂਦੇ ਹਨ।੮।

ਅਰਥ :–ਮੈਂ ਜਦੋਂ ਭੀ ਮੰਗਦਾ ਹਾਂ, ਸਿਰਫ਼ ਪ੍ਰਭੂ ਦੇ ਦਰ ਤੋਂ ਮੰਗਦਾ ਹਾਂ, ਮੈਨੂੰ ਕਿਸੇ ਹੋਰ ਦੇਵਤੇ ਨਾਲ ਕੋਈ ਗ਼ਰਜ਼ ਨਹੀਂ ਹੈ। ਰਹਾਉ।

(ਮੈਂ ਉਸ ਪ੍ਰਭੂ ਦੇ ਦਰ ਤੋਂ ਮੰਗਦਾ ਹਾਂ) ਜਿਸ ਦੇ ਦਰ ਤੇ ਕ੍ਰੋੜਾਂ ਸੂਰਜ ਚਾਨਣ ਕਰ ਰਹੇ ਹਨ, ਜਿਸ ਦੇ ਦਰ ਤੇ ਕ੍ਰੋੜਾਂ ਸ਼ਿਵ ਜੀ ਤੇ ਕੈਲਾਸ਼ ਹਨ; ਅਤੇ ਕ੍ਰੋੜਾਂ ਹੀ ਬ੍ਰਹਮਾ ਜਿਸ ਦੇ ਦਰ ਤੇ ਵੇਦ ਉਚਾਰ ਰਹੇ ਹਨ।੧।

(ਮੈਂ ਉਸ ਪ੍ਰਭੂ ਦਾ ਜਾਚਕ ਹਾਂ) ਜਿਸ ਦੇ ਦਰ ਤੇ ਕ੍ਰੋੜਾਂ ਚੰਦ੍ਰਮਾ ਰੋਸ਼ਨੀ ਕਰਦੇ ਹਨ, ਜਿਸ ਦੇ ਦਰ ਤੋਂ ਤੇਤੀ ਕ੍ਰੋੜ ਦੇਵਤੇ ਭੋਜਨ ਛਕਦੇ ਹਨ, ਕ੍ਰੋੜਾਂ ਹੀ ਨੌਂ-ਗ੍ਰਹਿ ਜਿਸ ਦੇ ਦਰਬਾਰ ਵਿਚ ਖਲੋਤੇ ਹੋਏ ਹਨ, ਅਤੇ ਕ੍ਰੋੜਾਂ ਹੀ ਧਰਮ-ਰਾਜ ਜਿਸ ਦੇ ਦਰਬਾਨ ਹਨ।੨।

(ਮੈਂ ਕੇਵਲ ਉਸ ਪ੍ਰਭੂ ਦੇ ਦਰ ਦਾ ਮੰਗਤਾ ਹਾਂ) ਜਿਸ ਦੇ ਚੁਬਾਰੇ ਉੱਤੇ ਕ੍ਰੋੜਾਂ ਹਵਾਵਾਂ ਚੱਲਦੀਆਂ ਹਨ, ਕ੍ਰੋੜਾਂ ਸ਼ੇਸ਼ਨਾਗ ਜਿਸ ਦੀ ਸੇਜ ਵਿਛਾਉਂਦੇ ਹਨ, ਕ੍ਰੋੜਾਂ ਸਮੁੰਦਰ ਜਿਸ ਦੇ ਪਾਣੀ ਭਰਨ ਵਾਲੇ ਹਨ, ਅਤੇ ਬਨਸਪਤੀ ਦੇ ਕ੍ਰੋੜਾਂ ਹੀ ਅਠਾਰਾਂ ਭਾਰ ਜਿਸ ਦੇ ਜਿਸਮ ਦੇ, ਮਾਨੋ, ਰੋਮ ਹਨ।੩।

(ਮੈਂ ਉਸ ਪ੍ਰਭੂ ਤੋਂ ਹੀ ਮੰਗਦਾ ਹਾਂ) ਜਿਸ ਦੇ ਖ਼ਜ਼ਾਨੇ ਕ੍ਰੋੜਾਂ ਹੀ ਕੁਬੇਰ ਦੇਵਤੇ ਭਰਦੇ ਹਨ, ਜਿਸ ਦੇ ਦਰ ਤੇ ਕ੍ਰੋੜਾਂ ਹੀ ਲਛਮੀਆਂ ਸ਼ਿੰਗਾਰ ਕਰ ਰਹੀਆਂ ਹਨ, ਕ੍ਰੋੜਾਂ ਹੀ ਪਾਪ ਤੇ ਪੁੰਨ ਜਿਸ ਵਲ ਤੱਕ ਰਹੇ ਹਨ (ਕਿ ਸਾਨੂੰ ਆਗਿਆ ਕਰੇ) ਅਤੇ ਕ੍ਰੋੜਾਂ ਹੀ ਇੰਦਰ ਦੇਵਤੇ ਜਿਸ ਦੇ ਦਰ ਤੇ ਸੇਵਾ ਕਰ ਰਹੇ ਹਨ।੪।

(ਮੈਂ ਕੇਵਲ ਉਸ ਗੋਪਾਲ ਦਾ ਜਾਚਕ ਹਾਂ) ਜਿਸ ਦੇ ਦਰ ਤੇ ਛਵੰਜਾ ਕਰੋੜ ਬੱਦਲ ਦਰਬਾਨ ਹਨ, ਤੇ ਜੋ ਥਾਂ ਥਾਂ ਤੇ ਚਮਕ ਰਹੇ ਹਨ; ਜਿਸ ਗੋਪਾਲ ਦੇ ਦਰ ਤੇ ਕ੍ਰੋੜਾਂ ਸ਼ਕਤੀਆਂ ਖੇਡਾਂ ਕਰ ਰਹੀਆਂ ਹਨ, ਤੇ ਕ੍ਰੋੜਾਂ ਹੀ ਕਾਲਕਾ ਕੇਸ ਖੋਲ੍ਹ ਕੇ ਡਰਾਉਣਾ ਰੂਪ ਧਾਰ ਕੇ ਜਿਸ ਦੇ ਦਰ ਤੇ ਮੌਜੂਦ ਹਨ।੫।

(ਮੈਂ ਉਸ ਪ੍ਰਭੂ ਤੋਂ ਹੀ ਮੰਗਦਾ ਹਾਂ) ਜਿਸ ਦੇ ਦਰਬਾਰ ਵਿਚ ਕ੍ਰੋੜਾਂ ਜੱਗ ਹੋ ਰਹੇ ਹਨ, ਤੇ ਕ੍ਰੋੜਾਂ ਗੰਧਰਬ ਜੈ-ਜੈਕਾਰ ਗਾ ਰਹੇ ਹਨ, ਕ੍ਰੋੜਾਂ ਹੀ ਵਿੱਦਿਆ ਜਿਸ ਦੇ ਬੇਅੰਤ ਗੁਣ ਬਿਆਨ ਕਰ ਰਹੀਆਂ ਹਨ, ਪਰ ਫਿਰ ਭੀ ਪਰਮਾਤਮਾ ਦੇ ਗੁਣਾਂ ਦਾ ਅੰਤ ਨਹੀਂ ਪਾ ਸਕਦੀਆਂ।੬।

(ਮੈਂ ਉਸ ਪ੍ਰਭੂ ਦਾ ਜਾਚਕ ਹਾਂ) ਕ੍ਰੋੜਾਂ ਹੀ ਵਾਮਨ ਅਵਤਾਰ ਜਿਸ ਦੇ ਸਰੀਰ ਦੇ, ਮਾਨੋ, ਰੋਮ ਹਨ, ਜਿਸ ਦੇ ਦਰ ਤੇ ਕ੍ਰੋੜਾਂ ਹੀ ਉਹ (ਸ੍ਰੀ ਰਾਮ ਚੰਦਰ ਜੀ) ਹਨ ਜਿਸ ਤੋਂ

ਰਾਵਣ ਦੀ ਸੈਨਾ ਹਾਰੀ ਸੀ; ਜਿਸ ਦੇ ਦਰ ਤੇ ਕ੍ਰੋੜਾਂ ਹੀ ਉਹ (ਕ੍ਰਿਸ਼ਨ ਜੀ) ਹਨ ਜਿਸ ਨੂੰ ਭਾਗਵਤ ਪੁਰਾਣ ਬਿਆਨ ਕਰ ਰਿਹਾ ਹੈ,ਤੇ ਜਿਸ ਨੇ ਦੁਰਜੋਧਨ ਦਾ ਅਹੰਕਾਰ ਤੋੜਿਆ ਸੀ। ੭।

ਕਬੀਰ ਆਖਦਾ ਹੈ–(ਮੈਂ ਉਸ ਤੋਂ ਮੰਗਦਾ ਹਾਂ) ਜਿਸ ਦੀ ਸੁੰਦਰਤਾ ਦੀ ਬਰਾਬਰੀ ਉਹ ਕ੍ਰੋੜਾਂ ਕਾਮਦੇਵ ਭੀ ਨਹੀਂ ਕਰ ਸਕਦੇ ਜੋ ਨਿੱਤ ਜੀਵਾਂ ਦੇ ਹਿਰਦਿਆਂ ਦੀ ਅੰਦਰਲੀ ਵਾਸ਼ਨਾ ਚੁਰਾਉਂਦੇ ਰਹਿੰਦੇ ਹਨ; (ਤੇ, ਮੈਂ ਮੰਗਦਾ ਕੀਹ ਹਾਂ? ਉਹ ਭੀ) ਸੁਣ, ਹੇ ਧਨਖਧਾਰੀ ਪ੍ਰਭੂ ! ਮੈਨੂੰ ਉਹ ਆਤਮਕ ਅਵਸਥਾ ਬਖ਼ਸ਼ ਜਿੱਥੇ ਮੈਨੂੰ ਕੋਈ ਕਿਸੇ (ਦੇਵੀ ਦੇਵਤੇ) ਦਾ ਡਰ ਨਾਹ ਰਹੇ, (ਬੱਸ) ਮੈਂ ਇਹੀ ਦਾਨ ਮੰਗਦਾ ਹਾਂ। ੮। ੨। ੧੮। ੨੦।

ੴ ਸਤਿਗੁਰ ਪ੍ਰਸਾਦਿ ॥

ਭੈਰਉ ਬਾਣੀ ਨਾਮਦੇਉ ਜੀ ਕੀ ਘਰੁ ੧

ਰੇ, ਜਿਹਬਾ ਕਰਉ ਸਤ ਖੰਡ ॥ ਜਾਮਿ ਨ ਉਚਰਸਿ ਸ੍ਰੀ ਗੋਬਿੰਦ ॥ ੧ ॥ ਰੰਗੀਲੇ ਜਿਹਬਾ ਹਰਿ ਕੈ ਨਾਇ ॥ ਸੁਰੰਗ ਰੰਗੀਲੇ ਹਰਿ ਹਰਿ ਧਿਆਇ ॥ ੧ ॥ ਰਹਾਉ ॥ ਮਿਥਿਆ ਜਿਹਬਾ ਅਵਰੇਂ ਕਾਮ ॥ ਨਿਰਬਾਣ ਪਦੁ ਇਕੁ ਹਰਿ ਕੋ ਨਾਮੁ ॥ ੨ ॥ ਅਸੰਖ ਕੋਟਿ ਅਨ ਪੂਜਾ ਕਰੀ ॥ ਏਕ ਨ ਪੂਜਸਿ ਨਾਮੈ ਹਰੀ ॥ ੩ ॥ ਪ੍ਰਣਵੈ ਨਾਮਦੇਉ ਇਹੁ ਕਰਣਾ ॥ ਅਨੰਤ ਰੂਪ ਤੇਰੇ ਨਾਰਾਇਣਾ ॥ ੪ ॥ ੧ ॥

ਪਦ ਅਰਥ :—ਰੇ—ਹੇ ਭਾਈ ! ਸਤ—ਸੌ । ਖੰਡ—ਟੋਟੇ । ਕਰਉ—ਮੈਂ ਕਰ ਦਿਆਂ। ਜਾਮਿ—ਜਦੋਂ । ੧ ।

ਰੰਗੀਲੇ—ਮੈਂ ਰੰਗ ਲਈ ਹੈ । ਨਾਇ—ਨਾਮ ਵਿਚ । ਸੁਰੰਗ—ਸੋਹਣੇ ਰੰਗ ਨਾਲ। ੧ । ਰਹਾਉ ।

ਮਿਥਿਆ—ਵਿਅਰਥ । ਨਿਰਬਾਣ—ਵਾਸ਼ਨਾ-ਰਹਿਤ । ੨ ।

ਅਨ ਪੂਜਾ—ਹੋਰ ਹੋਰ (ਦੇਵਤਿਆਂ ਦੀ) ਪੂਜਾ । ਨਾਮੈ—ਨਾਮ ਦੇ ਨਾਲ ।੩।

ਕਰਣਾ—ਕਰਨ-ਜੋਗ ਕੰਮ । ੪ ।

ਅਰਥ :—ਮੈਂ ਆਪਣੀ ਜੀਭ ਨੂੰ ਪਰਮਾਤਮਾ ਦੇ ਨਾਮ ਵਿਚ ਰੰਗ ਲਿਆ ਹੈ; ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਮੈਂ ਇਸ ਨੂੰ ਸੋਹਣੇ ਰੰਗ ਵਿਚ ਰੰਗ ਲਿਆ ਹੈ । ੧ । ਰਹਾਉ ।

ਹੇ ਭਾਈ ! ਜੇ ਹੁਣ ਕਦੇ ਮੇਰੀ ਜੀਭ ਪ੍ਰਭੂ ਦਾ ਨਾਮ ਨਾ ਜਪੇ ਤਾਂ ਮੈਂ ਇਸ ਦੇ ਸੌ ਟੋਟੇ ਕਰ ਦਿਆਂ (ਭਾਵ, ਮੇਰੀ ਜੀਭ ਇਸ ਤਰ੍ਹਾਂ ਨਾਮ ਦੇ ਰੰਗ ਵਿਚ ਰੰਗੀ ਗਈ ਹੈ ਕਿ ਮੈਨੂੰ ਹੁਣ ਯਕੀਨ ਹੈ ਇਹ ਕਦੇ ਨਾਮ ਨੂੰ ਨਹੀਂ ਵਿਸਾਰੇਗੀ) । ੧ ।

ਹੋਰ ਹੋਰ ਆਹਰਾਂ ਵਿਚ ਲੱਗੀ ਹੋਈ ਜੀਭ ਵਿਅਰਥ ਹੈ (ਕਿਉਂਕਿ) ਪਰਮਾਤਮਾ ਦਾ ਨਾਮ ਹੀ ਵਾਸ਼ਨਾ-ਰਹਿਤ ਅਵਸਥਾ ਪੈਦਾ ਕਰਦਾ ਹੈ (ਹੋਰ ਹੋਰ ਆਹਰ ਸਗੋਂ ਵਾਸ਼ਨਾ ਪੈਦਾ ਕਰਦੇ ਹਨ) । ੨ ।

ਜੇ ਮੈਂ ਕ੍ਰੋੜਾਂ ਅਸੰਖਾਂ ਹੋਰ ਹੋਰ (ਦੇਵਤਿਆਂ ਦੀ) ਪੂਜਾ ਕਰਾਂ, ਤਾਂ ਭੀ ਉਹ (ਸਾਰੀਆਂ ਮਿਲ ਕੇ) ਪਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੀਆਂ । ੩ ।

ਨਾਮਦੇਵ ਬੇਨਤੀ ਕਰਦਾ ਹੈ–(ਮੇਰੀ ਜੀਭ ਲਈ) ਇਹੀ ਕੰਮ ਕਰਨ-ਜੋਗ ਹੈ (ਕਿ ਪ੍ਰਭੂ ਦੇ ਗੁਣ ਗਾਏ ਤੇ ਆਖੇ–) 'ਹੇ ਨਾਰਾਇਣ! ਤੇਰੇ ਬੇਅੰਤ ਰੂਪ ਹਨ' ।੪।੧।

ਸ਼ਬਦ ਦਾ ਭਾਵ–ਕੇਵਲ ਇਕ ਪਰਮਾਤਮਾ ਦਾ ਨਾਮ ਸਿਮਰੋ । ਹੋਰ ਕ੍ਰੋੜਾਂ ਦੇਵ-ਤਿਆਂ ਦੀ ਪੂਜਾ ਪ੍ਰਭੂ-ਯਾਦ ਦੀ ਬਰਾਬਰੀ ਨਹੀਂ ਕਰ ਸਕਦੀ ।

ਭਗਤ-ਬਾਣੀ ਦੇ ਵਿਰੋਧੀ ਸੱਜਣ ਇਸ ਸ਼ਬਦ ਬਾਰੇ ਇਉਂ ਲਿਖਦੇ ਹਨ–'ਉਕਤ ਰਚਨਾ ਤੋਂ ਇਉਂ ਪਰਗਟ ਹੁੰਦਾ ਹੈ ਕਿ ਇਹ ਨਿਰਗੁਣ ਸਰੂਪ ਵਿਆਪਕ ਪ੍ਰਭੂ ਦੀ ਉਪਾਸ਼ਨਾ ਤੇ ਭਗਤੀ ਹੈ । ਅਸਲੋਂ ਹੈ ਇਹ ਵੇਦਾਂਤ ਮਤ ।'

ਹਰ ਹਾਲਤ ਵਿਚ ਵਿਰੋਧਤਾ ਕਰਨ ਦਾ ਫ਼ੈਸਲਾ ਕੀਤਾ ਹੋਇਆ ਪਰਤੀਤ ਹੁੰਦਾ ਹੈ ।

ਪਰ ਧਨ ਪਰ ਦਾਰਾ ਪਰਹਰੀ ॥ ਤਾ ਕੈ ਨਿਕਟਿ ਬਸੈ ਨਰਹਰੀ ॥ ੧ ॥ ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ ਮੈ ਨ ਕਰਉ ਦਰਸਨਾ ॥ ੧ ॥ ਰਹਾਉ ॥ ਜਿਨ ਕੈ ਭੀਤਰਿ ਹੈ ਅੰਤਰਾ ॥ ਜੈਸੇ ਪਸੁ ਤੈਸੇ ਓਇ ਨਰਾ ॥ ੨ ॥ ਪ੍ਰਣਵਤਿ ਨਾਮਦੇਉ ਨਾਕਹਿ ਬਿਨਾ ॥ ਨ ਸੋਹੈ ਬਤੀ ਸਲਖਣਾ ॥ ੩ ॥ ੨ ॥

ਪਦ ਅਰਥ :–ਦਾਰਾ–ਇਸਤ੍ਰੀ । ਪਰਹਰੀ–ਤਿਆਗ ਦਿੱਤੀ ਹੈ । ਨਿਕਟਿ–ਨੇੜੇ। ਨਰਹਰੀ–ਪਰਮਾਤਮਾ । ੧ ।

ਭੀਤਰਿ–ਅੰਦਰ, ਮਨ ਵਿਚ । ਅੰਤਰਾ–(ਪਰਮਾਤਮਾ ਨਾਲੋਂ) ਵਿੱਥ ।੨।

ਨਾਕਹਿ ਬਿਨਾ–ਨੱਕ ਤੋਂ ਬਿਨਾ । ਬਤੀ ਸਲਖਣਾ–ਬੱਤੀ ਲੱਛਣਾਂ ਵਾਲਾ, ਉਹ ਮਨੁੱਖ ਜਿਸ ਵਿਚ ਸੁੰਦਰਤਾ ਦੇ ਬੱਤੀ ਹੀ ਲੱਛਣ ਮਿਲਦੇ ਹੋਣ । ੩ ।

ਅਰਥ :–ਜੋ ਮਨੁੱਖ ਪਰਮਾਤਮਾ ਦਾ ਭਜਨ ਨਹੀਂ ਕਰਦੇ, ਮੈਂ ਉਹਨਾਂ ਦਾ ਦਰਸ਼ਨ ਨਹੀਂ ਕਰਦਾ (ਭਾਵ, ਮੈਂ ਉਹਨਾਂ ਦੀ ਬੈਠਕ ਨਹੀਂ ਬੈਠਦਾ, ਮੈਂ ਉਹਨਾਂ ਨਾਲ ਬਹਿਣ-ਖਲੋਣ ਨਹੀਂ ਰੱਖਦਾ) । ੧ । ਰਹਾਉ ।

(ਨਾਰਾਇਣ ਦਾ ਭਜਨ ਕਰ ਕੇ) ਜਿਸ ਮਨੁੱਖ ਨੇ ਪਰਾਏ ਧਨ ਤੇ ਪਰਾਈ ਇਸਤ੍ਰੀ ਦਾ ਤਿਆਗ ਕੀਤਾ ਹੈ, ਪਰਮਾਤਮਾ ਉਸ ਦੇ ਅੰਗ-ਸੰਗ ਵੱਸਦਾ ਹੈ । ੧ ।

(ਪਰ) ਜਿਨ੍ਹਾਂ ਮਨੁੱਖਾਂ ਦੇ ਅੰਦਰ ਪਰਮਾਤਮਾ ਨਾਲੋਂ ਵਿੱਥ ਹੈ ਉਹ ਮਨੁੱਖ ਪਸ਼ੂਆਂ ਵਰਗੇ ਹੀ ਹਨ । ੨ ।

ਨਾਮਦੇਵ ਬੇਨਤੀ ਕਰਦਾ ਹੈ–ਮਨੁੱਖ ਵਿਚ ਸੁੰਦਰਤਾ ਦੇ ਭਾਵੇਂ ਬੱਤੀ ਦੇ ਬੱਤੀ ਹੀ ਲੱਛਣ ਹੋਣ, ਪਰ ਜੇ ਉਸ ਦਾ ਨੱਕ ਨਾਹ ਹੋਵੇ ਤਾਂ ਉਹ ਸੁਹਣਾ ਨਹੀਂ ਲੱਗਦਾ (ਤਿਵੇਂ,

ਹੋਰ ਸਾਰੇ ਗੁਣ ਹੋਣ, ਧਨ ਆਦਿਕ ਭੀ ਹੋਵੇ, ਜੇ ਨਾਮ ਨਹੀਂ ਸਿਮਰਦਾ ਤਾਂ ਕਿਸੇ ਕੰਮ ਦਾ ਨਹੀਂ)।੩।੨।

ਸ਼ਬਦ ਦਾ ਭਾਵ—ਸਿਮਰਨ ਤੋਂ ਵਾਂਜੇ ਹੋਏ ਬੰਦੇ ਪਸ਼ੂ-ਸਮਾਨ ਹਨ। ਉਹਨਾਂ ਦਾ ਸੰਗ ਨਹੀਂ ਕਰਨਾ ਚਾਹੀਦਾ।

ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥ ੧ ॥ ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ, ਮੇਰੋ ਮਨੁ ਪਤੀਆਇ ॥ ਨਾਹੀ ਤ ਘਰ ਕੋ ਬਾਪੁ ਰਿਸਾਇ ॥ ੧ ॥ ਰਹਾਉ ॥ ਸੋੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥ ੨ ॥ ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ ॥ ੩ ॥ ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥ ੪ ॥ ੩ ॥

ਪਦ ਅਰਥ :—ਕਟੋਰੈ—ਕਟੋਰੇ ਵਿਚ। ਗਡਵੈ—ਗਡਵੇ ਵਿਚ। ਕਪਲ ਗਾਇ—ਗੋਰੀ ਗਾਂ। ਦੁਹਿ—ਚੋ ਕੇ। ਆਨੀ—ਲਿਆਂਦੀ।੧।

ਗੋਬਿੰਦੇ ਰਾਇ—ਹੇ ਪਰਕਾਸ਼-ਰੂਪ ਗੋਬਿੰਦ! ਪਤੀਆਇ—ਧੀਰਜ ਆ ਜਾਏ। ਘਰ ਕੋ ਬਾਪੁ—(ਇਸ) ਘਰ ਦਾ ਪਿਉ, (ਇਸ ਸਰੀਰ-ਰੂਪ) ਘਰ ਦਾ ਮਾਲਕ, ਮੇਰਾ ਆਤਮਾ। ਰਿਸਾਇ—[Skt. रिष् to be injured] ਦੁਖੀ ਹੋਵੇਗਾ (ਵੇਖੋ ਗਉੜੀ ਵਾਰ ਕਬੀਰ ਜੀ 'ਨਾਤਰ ਖਰਾ ਰਿਸੈ ਹੈ ਰਾਇ'।੧।ਰਹਾਉ।

ਸੋੁਇਨ—(ਨੋਟ—ਅੱਖਰ 'ਸ' ਦੇ ਨਾਲ ਦੋ ਲਗਾਂ ਹਨ (ੋ) ਅਤੇ (ੁ)। ਅਸਲ ਲਫ਼ਜ਼ 'ਸੋਇਨ' ਹੈ, ਇੱਥੇ 'ਸੁਇਨ' ਪੜ੍ਹਨਾ ਹੈ) ਸੋਨੇ ਦੀ। ਸੋੁਇਨ ਕਟੋਰੀ—ਸੋਨੇ ਦੀ ਕਟੋਰੀ, ਪਵਿੱਤਰ ਹੋਇਆ ਹਿਰਦਾ (ਨੋਟ—ਰਾਗ ਆਸਾ ਵਿਚ ਨਾਮਦੇਵ ਜੀ ਦਾ ਇਕ ਸ਼ਬਦ ਹੈ ਜਿੱਥੇ ਉਹ ਆਖਦੇ ਹਨ ਕਿ ਮਨ ਨੂੰ ਗਜ਼, ਜੀਭ ਨੂੰ ਕੈਂਚੀ ਬਣਾ ਕੇ ਮੈਂ ਜਮ ਦੀ ਫਾਹੀ ਕੱਟੀ ਜਾ ਰਿਹਾ ਹਾਂ। ਉੱਥੇ ਹੀ ਕਹਿੰਦੇ ਹਨ ਕਿ ਸੋਨੇ ਦੀ ਸੂਈ ਲੈ ਕੇ, ਉਸ ਵਿਚ ਚਾਂਦੀ ਦਾ ਧਾਗਾ ਪਾ ਕੇ, ਮੈਂ ਆਪਣਾ ਮਨ ਪ੍ਰਭੂ ਦੇ ਨਾਲ ਸੀਊਂ ਦਿੱਤਾ ਹੈ। ਸੋਨਾ ਕੀਮਤੀ ਧਾਤ ਭੀ ਹੈ ਤੇ ਸਾਰੀਆਂ ਧਾਤਾਂ ਵਿਚੋਂ ਪਵਿੱਤਰ ਭੀ ਮੰਨੀ ਗਈ ਹੈ। ਜਿਵੇਂ ਉਸ ਸ਼ਬਦ ਵਿਚ 'ਸੁਇਨੇ ਕੀ ਸੂਈ' ਦਾ ਅਰਥ ਹੈ 'ਗੁਰੂ ਦਾ ਪਵਿੱਤਰ ਸ਼ਬਦ', ਤਿਵੇਂ ਇੱਥੇ ਭੀ 'ਸੋੁਇਨ' ਤੋਂ 'ਪਵਿੱਤਰਤਾ' ਦਾ ਭਾਵ ਹੀ ਲੈਣਾ ਹੈ। ਦੋਹਾਂ ਸ਼ਬਦਾਂ ਦਾ ਕਰਤਾ ਇੱਕੋ ਹੀ ਹੈ)। ਅੰਮ੍ਰਿਤ—ਨਾਮ-ਅੰਮ੍ਰਿਤ। ਸੋੁਇਨ...ਭਰੀ—ਨਾਮ-ਅੰਮ੍ਰਿਤ ਨਾਲ ਭਰਪੂਰ ਪਵਿੱਤਰ ਹੋਇਆ ਹਿਰਦਾ।੨।

ਏਕੁ ਭਗਤੁ–ਅਨੰਨ ਭਗਤ। ਦੇਖਿ–ਵੇਖ ਕੇ। ਹਸੈ–ਹੱਸਦਾ ਹੈ, ਪਰਸੰਨ ਹੁੰਦਾ ਹੈ।੩।

ਘਰਿ–ਘਰ ਵਿਚ। ਘਰਿ ਗਇਆ–ਘਰ ਵਿਚ ਗਇਆ, ਸ੍ਵੈ-ਸਰੂਪ ਵਿਚ ਟਿਕ ਗਿਆ।੪।

ਸ਼ਬਦ ਦਾ ਭਾਵ–ਪ੍ਰੀਤ ਦਾ ਸਰੂਪ–ਜਿਸ ਨਾਲ ਪਿਆਰ ਹੋਵੇ, ਉਸ ਦੀ ਸੇਵਾ ਕੀਤਿਆਂ ਦਿਲ ਵਿਚ ਠੰਢ ਪੈਂਦੀ ਹੈ।

ਅਰਥ :–ਹੇ ਪਰਕਾਸ਼-ਰੂਪ ਗੋਬਿੰਦ ! ਦੁੱਧ ਪੀ ਲੈ (ਤਾਂ ਜੋ) ਮੇਰੇ ਮਨ ਨੂੰ ਠੰਢ ਪਏ; (ਹੇ ਗੋਬਿੰਦ ! ਜੇ ਦੁੱਧ) ਨਹੀਂ (ਪੀਏਂਗਾ) ਤਾਂ ਮੇਰਾ ਆਤਮਾ ਦੁਖੀ ਹੋਵੇਗਾ।੧। ਰਹਾਉ।

(ਹੇ ਗੋਬਿੰਦ ਰਾਇ ! ਤੇਰੇ ਸੇਵਕ) ਨਾਮੇ ਨੇ ਗੋਰੀ ਗਾਂ ਚੋ ਕੇ ਲਿਆਂਦੀ ਹੈ, ਗੜਵੇ ਵਿਚ ਪਾਨੀ ਪਾਇਆ ਹੈ ਤੇ ਕਟੋਰੇ ਵਿਚ ਦੁੱਧ ਪਾਇਆ ਹੈ।੧।

ਨਾਮ-ਅੰਮ੍ਰਿਤ ਦੀ ਭਰੀ ਹੋਈ ਪਵਿੱਤਰ ਹਿਰਦਾ-ਰੂਪ ਕਟੋਰੀ ਨਾਮੇ ਨੇ ਲੈ ਕੇ (ਆਪਣੇ) ਹਰੀ ਦੇ ਅੱਗੇ ਰੱਖ ਦਿੱਤੀ ਹੈ, (ਭਾਵ, ਪ੍ਰਭੂ ਦੀ ਯਾਦ ਨਾਲ ਨਿਰਮਲ ਹੋਇਆ ਹਿਰਦਾ ਨਾਮਦੇਵ ਨੇ ਆਪਣੇ ਪ੍ਰਭੂ ਦੇ ਅੱਗੇ ਖੋਲ੍ਹ ਕੇ ਰੱਖ ਦਿੱਤਾ, ਨਾਮਦੇਵ ਦਿਲੀ-ਵਲਵਲੇ ਨਾਲ ਪ੍ਰਭੂ ਅੱਗੇ ਅਰਦਾਸ ਕਰਦਾ ਹੈ ਤੇ ਆਖਦਾ ਹੈ ਕਿ ਮੇਰਾ ਦੁੱਧ ਪੀ ਲੈ)।੨।

ਨਾਮੇ ਨੂੰ ਵੇਖ ਵੇਖ ਕੇ ਪਰਮਾਤਮਾ ਖ਼ੁਸ਼ ਹੁੰਦਾ ਹੈ (ਤੇ ਆਖਦਾ ਹੈ–) ਮੇਰਾ ਅਨੰਨ ਭਗਤ ਸਦਾ ਮੇਰੇ ਹਿਰਦੇ ਵਿਚ ਵੱਸਦਾ ਹੈ।੩।

(ਗੋਬਿੰਦ ਰਾਇ ਨੂੰ) ਦੁੱਧ ਪਿਆਲ ਕੇ ਭਗਤ (ਨਾਮਦੇਵ) ਸ੍ਵੈ-ਸਰੂਪ ਵਿਚ ਟਿਕ ਗਿਆ, (ਉਸ ਸ੍ਵੈ-ਸਰੂਪ ਵਿਚ) ਮੈਂ (ਨਾਮੇ) ਨੂੰ ਪਰਮਾਤਮਾ ਦਾ ਦੀਦਾਰ ਹੋਇਆ।੪।੩।

ਨੋਟ–ਇਸ ਸ਼ਬਦ ਉੱਤੇ ਪੰਜਵੀਂ ਪੋਥੀ ਵਿਚ ਖੁਲ੍ਹੀ ਵਿਚਾਰ ਕਰ ਦਿੱਤੀ ਗਈ ਹੈ। ਵੇਖੋ ਪੰਨਾ ੭੨੮।

ਮੈ ਬਉਰੀ, ਮੇਰਾ ਰਾਮੁ ਭਤਾਰੁ ॥ ਰਚਿ ਰਚਿ, ਤਾ ਕਉ ਕਰਉ ਸਿੰਗਾਰੁ ॥੧॥ ਭਲੇ ਨਿੰਦਉ, ਭਲੇ ਨਿੰਦਉ, ਭਲੇ ਨਿੰਦਉ ਲੋਗੁ ॥ ਤਨੁ ਮਨੁ, ਰਾਮ ਪਿਆਰੇ ਜੋਗੁ ॥੧॥ ਰਹਾਉ ॥ ਬਾਦੁ ਬਿਬਾਦੁ, ਕਾਹੂ ਸਿਉ ਨ ਕੀਜੈ ॥ ਰਸਨਾ, ਰਾਮ ਰਸਾਇਨੁ ਪੀਜੈ ॥੨॥ ਅਬ ਜੀਅ ਜਾਨਿ, ਐਸੀ ਬਨਿ ਆਈ ॥ ਮਿਲਉ ਗੁਪਾਲ, ਨੀਸਾਨੁ ਬਜਾਈ ॥੩॥ ਉਸਤਤਿ ਨਿੰਦਾ, ਕਰੈ ਨਰੁ ਕੋਈ ॥ ਨਾਮੇ ਸ੍ਰੀਰੰਗੁ ਭੇਟਲ ਸੋਈ ॥੪॥੪॥

ਪਦ ਅਰਥ :—ਬਉਰੀ—ਕਮਲੀ, ਝੱਲੀ। ਭਤਾਰੁ—ਖਸਮ। ਰਚਿ ਰਚਿ—ਫਬ ਫਬ ਕੇ। ਤਾ ਕਉ—ਉਸ ਭਤਾਰ ਦੀ ਖ਼ਾਤਰ, ਉਸ ਭਤਾਰ ਨੂੰ ਮਿਲਣ ਲਈ।੧।

ਨਿੰਦਉ ਲੋਗੁ—ਜਗਤ ਬੇ-ਸ਼ੱਕ ਨਿੰਦਾ ਕਰੇ [ਨੋਟ—ਲਫ਼ਜ਼ 'ਨਿੰਦਉ' ਹੁਕਮੀ ਭਵਿੱਖਤ, ਅੱਨ ਪੁਰਖ ਤੇ ਇਕ ਵਚਨ ਹੈ)। ਜੋਗੁ—ਜੋਗਾ, ਵਾਸਤੇ।੧। ਰਹਾਉ।

ਬਾਦੁ ਬਿਬਾਦੁ—ਝਗੜਾ, ਬਹਿਸ। ਰਸਾਇਨੁ—ਰਸਾਂ ਦਾ ਘਰ, ਸ੍ਰੇਸ਼ਟ ਰਸ।੨।

ਜੀਅ ਜਾਨਿ—ਮਨ ਵਿਚ ਸਮਝ ਕੇ। ਐਸੀ ਬਨਿ ਆਈ—ਅਜਿਹੀ ਹਾਲਤ ਬਣ ਗਈ ਹੈ। ਮਿਲਉ- ਮੈਂ ਮਿਲ ਰਹੀ ਹਾਂ। ਨੀਸਾਨੁ ਬਜਾਈ—ਢੋਲ ਵਜਾ ਕੇ, ਲੋਕਾਂ ਦੀ ਨਿੰਦਾ ਵਲੋਂ ਬੇ-ਪਰਵਾਹ ਹੋ ਕੇ।੩।

ਉਸਤਤਿ—ਸੋਭਾ, ਵਡਿਆਈ। ਸ੍ਰੀਰੰਗੁ—ਪਰਮਾਤਮਾ[Skt. श्रीरंग an epithet of Vishnu। ਸ੍ਰੀ—ਲੱਛਮੀ। ਰੰਗੁ-ਪਿਆਰ।] ਲੱਛਮੀ ਨਾਲ ਪਿਆਰ ਕਰਨ ਵਾਲਾ। ਭੇਟਲ—ਮਿਲ ਪਿਆ ਹੈ।੪।

ਅਰਥ :—ਮੇਰਾ ਤਨ ਅਤੇ ਮੇਰਾ ਮਨ ਮੇਰੇ ਪਿਆਰੇ ਪ੍ਰਭੂ ਜੋਗੇ ਹੋ ਚੁਕੇ ਹਨ, ਹੁਣ ਜਗਤ ਬੇ-ਸ਼ੱਕ ਮੈਨੂੰ ਭੈੜਾ ਆਖੀ ਜਾਏ (ਨਾ ਮੇਰੇ ਕੰਨ ਇਹ ਨਿੰਦਾ ਸੁਣਨ ਦੀ ਪਰਵਾਹ ਕਰਦੇ ਹਨ; ਨਾ ਮੇਰਾ ਮਨ ਨਿੰਦਾ ਸੁਣ ਕੇ ਦੁਖੀ ਹੁੰਦਾ ਹੈ)।੧। ਰਹਾਉ।

(ਮੈਂ ਆਪਣੇ ਪ੍ਰਭੂ-ਪਤੀ ਦੀ ਨਾਰ ਬਣ ਚੁੱਕੀ ਹਾਂ) ਪ੍ਰਭੂ ਮੇਰਾ ਖਸਮ ਹੈ ਤੇ ਮੈਂ (ਉਸ ਦੀ ਖ਼ਾਤਰ) ਕਮਲੀ ਹੋ ਰਹੀ ਹਾਂ, ਉਸ ਨੂੰ ਮਿਲਣ ਲਈ ਮੈਂ (ਭਗਤੀ ਤੇ ਭਲੇ ਗੁਣਾਂ ਦੇ) ਸੁਹਣੇ ਸੁਹਣੇ ਸ਼ਿੰਗਾਰ ਕਰ ਰਹੀ ਹਾਂ।੧।

(ਕੋਈ ਨਿੰਦਾ ਪਿਆ ਕਹੇ) ਕਿਸੇ ਨਾਲ ਝਗੜਾ ਕਰਨ ਦੀ ਲੋੜ ਨਹੀਂ, ਜੀਭ ਨਾਲ ਪ੍ਰਭੂ ਦੇ ਨਾਮ ਦਾ ਸ੍ਰੇਸ਼ਟ ਅੰਮ੍ਰਿਤ ਪੀਣਾ ਚਾਹੀਦਾ ਹੈ।੨।

ਹੁਣ ਹਿਰਦੇ ਵਿਚ ਪ੍ਰਭੂ ਨਾਲ ਜਾਣ-ਪਛਾਣ ਕਰ ਕੇ (ਮੇਰੇ ਅੰਦਰ) ਅਜਿਹੀ ਹਾਲਤ ਬਣ ਗਈ ਹੈ ਕਿ ਮੈਂ ਲੋਕਾਂ ਦੀ ਨਿੰਦਾ ਵਲੋਂ ਬੇ-ਪਰਵਾਹ ਹੋ ਕੇ ਆਪਣੇ ਪ੍ਰਭੂ ਨੂੰ ਮਿਲ ਰਹੀ ਹਾਂ।੩।

ਕੋਈ ਮਨੁੱਖ ਮੈਨੂੰ ਚੰਗਾ ਆਖੇ ਚਾਹੇ ਕੋਈ ਮੰਦਾ ਆਖੇ (ਇਸ ਗੱਲ ਦੀ ਮੈਨੂੰ ਪਰਵਾਹ ਨਹੀਂ ਰਹੀ), ਮੈਨੂੰ ਨਾਮੇ ਨੂੰ (ਲੱਛਮੀ ਦਾ ਪਤੀ) ਪਰਮਾਤਮਾ ਮਿਲ ਪਿਆ ਹੈ।੪।੪।

ਸ਼ਬਦ ਦਾ ਭਾਵ—ਪ੍ਰੀਤ ਦਾ ਸਰੂਪ—ਤਨ ਤੇ ਮਨ ਪਿਆਰ ਵਿਚ ਇਤਨੇ ਮਸਤ ਹੋ ਜਾਣ ਕਿ ਕੋਈ ਚੰਗਾ ਕਹੇ ਭੈੜਾ ਕਹੇ, ਇਸ ਗੱਲ ਦੀ ਪਰਵਾਹ ਹੀ ਨਾ ਰਹੇ। ਨਾ ਕੰਨ ਨਿੰਦਾ ਸੁਣਨ ਦੀ ਪਰਵਾਹ ਕਰਨ, ਨਾ ਮਨ ਨਿੰਦਾ ਸੁਣ ਕੇ ਦੁਖੀ ਹੋਵੇ।

ਕਬਹੂ ਖੀਰਿ ਖਾਡ ਘੀਉ ਨ ਭਾਵੈ ॥ ਕਬਹੂ ਘਰ ਘਰ ਟੂਕ ਮਗਾਵੈ ॥ ਕਬਹੂ ਕੂਰਨੁ ਚਨੇ ਬਿਨਾਵੈ ॥ ੧ ॥ ਜਿਉ ਰਾਮੁ ਰਾਖੈ ਤਿਉ ਰਹੀਐ, ਰੇ ਭਾਈ ॥ ਹਰਿ ਕੀ ਮਹਿਮਾ ਕਿਛੁ ਕਥਨੁ ਨ ਜਾਈ ॥ ੧ ॥ ਰਹਾਉ ॥ ਕਬਹੂ ਤੁਰੇ ਤੁਰੰਗ ਨਚਾਵੈ ॥ ਕਬਹੂ ਪਾਇ ਪਨਹੀਓ ਨ ਪਾਵੈ ॥ ੨ ॥ ਕਬਹੂ ਖਾਟ ਸੁਪੇਦੀ ਸੁਵਾਵੈ ॥ ਕਬਹੂ ਭੂਮਿ ਪੈਆਰੁ ਨ ਪਾਵੈ ॥ ੩ ॥ ਭਨਤਿ ਨਾਮਦੇਉ ਇਕੁ ਨਾਮੁ ਨਿਸਤਾਰੈ ॥ ਜਿਹ ਗੁਰੁ ਮਿਲੈ ਤਿਹ ਪਾਰਿ ਉਤਾਰੈ ॥ ੪ ॥ ੫ ॥

ਪਦ ਅਰਥ :–ਖੀਰਿ–ਤਸਮਈ, ਦੁੱਧ ਚਾਵਲ ਇਕੱਠੇ ਰਿੱਝੇ ਹੋਏ (ਨੋਟ–ਲਫ਼ਜ਼ 'ਖੀਰੁ' ਦਾ ਅਰਥ ਹੈ 'ਦੁੱਧ', ਇਸ ਦਾ ਜੋੜ ਵੱਖਰਾ ਹੈ) । ਨ ਭਾਵੈ–ਚੰਗਾ ਨਹੀਂ ਲੱਗਦਾ । ਕੂਰਨੁ–ਕੂੜਾ । ਚਨੇ–ਛੋਲੇ । ਬਿਨਾਵੈ–ਚੁਣਾਉਂਦਾ ਹੈ । ੧ ।

ਮਹਿਮਾ–ਬਜ਼ੁਰਗੀ । ੧ । ਰਹਾਉ ।

ਤੁਰੇ–ਘੋੜੇ । ਤੁਰੰਗ–ਘੋੜੇ । ਪਾਇ–ਪੈਰੀਂ । ਪਨਹੀਓ–ਜੁੱਤੀ ਭੀ ।੨।

ਖਾਟੁ–ਮੰਜਾ । ਸੁਪੇਦੀ–ਚਿੱਟੇ ਵਿਛਾਉਣੇ । ਪੈਆਰੁ–ਪਰਾਲੀ। ਨ ਪਾਵੈ–ਹਾਸਲ ਨਹੀਂ ਕਰ ਸਕਦਾ । ੩ ।

ਜਿਹ–ਜਿਸ ਨੂੰ । ੪ ।

ਅਰਥ :–ਹੇ ਭਾਈ ! ਜਿਸ ਹਾਲਤ ਵਿਚ ਪਰਮਾਤਮਾ (ਸਾਨੂੰ ਜੀਵਾਂ ਨੂੰ) ਰੱਖਦਾ ਹੈ ਉਸੇ ਹਾਲਤ ਵਿਚ (ਅਮੀਰੀ ਦੀ ਆਕੜ ਤੇ ਗਰੀਬੀ ਦੀ ਘਬਰਾਹਟ ਤੋਂ ਨਿਰਲੇਪ) ਰਹਿਣਾ ਚਾਹੀਦਾ ਹੈ। ਇਹ ਗੱਲ ਦੱਸੀ ਨਹੀਂ ਜਾ ਸਕਦੀ ਕਿ ਪਰਮਾਤਮਾ ਕੇਡਾ ਵੱਡਾ ਹੈ (ਸਾਡੇ ਦੁਖਾਂ ਸੁਖਾਂ ਦਾ ਭੇਤ ਉਹ ਹੀ ਜਾਣਦਾ ਹੈ) । ੧ । ਰਹਾਉ ।

ਕਦੇ (ਕੋਈ ਜੀਵ ਐਸੀ ਮੌਜ ਵਿਚ ਹੈ ਕਿ ਉਸ ਨੂੰ) ਖੀਰ, ਖੰਡ, ਘਿਉ (ਵਰਗੇ ਸੁਹਣੇ ਪਦਾਰਥ) ਭੀ ਚੰਗੇ ਨਹੀਂ ਲੱਗਦੇ; ਪਰ ਕਦੇ (ਉਸ ਪਾਸੋਂ) ਘਰ ਘਰ ਦੇ ਟੁੱਕਰ ਮੰਗਾਉਂਦਾ ਹੈ (ਕਦੇ ਉਸ ਨੂੰ ਮੰਗਤਾ ਬਣਾ ਦੇਂਦਾ ਹੈ, ਤੇ ਉਹ ਘਰ ਘਰ ਦੇ ਟੁਕੜੇ ਮੰਗਦਾ ਫਿਰਦਾ ਹੈ), ਕਦੇ (ਉਸ ਪਾਸੋਂ) ਰੂੜੀਆਂ ਫੁਲਾਉਂਦਾ ਹੈ, ਤੇ (ਉਹਨਾਂ ਵਿਚੋਂ) ਦਾਣੇ ਚੁਣਾਉਂਦਾ ਹੈ। ੧।

ਕਦੇ (ਕੋਈ ਮਨੁੱਖ ਇਤਨਾ ਅਮੀਰ ਹੈ ਕਿ ਉਹ) ਸੋਹਣੇ ਘੋੜੇ ਨਚਾਉਂਦਾ ਹੈ (ਭਾਵ, ਕਦੇ ਉਸ ਪਾਸ ਐਸੀ ਸੁਹਣੀ ਚਾਲ ਵਾਲੇ ਘੋੜੇ ਹਨ ਕਿ ਚੱਲਨ ਵੇਲੇ, ਮਾਨੋਂ, ਉਹ ਨੱਚ ਰਹੇ ਹਨ), ਪਰ ਕਦੇ ਉਸ ਨੂੰ ਪੈਰੀਂ ਜੁੱਤੀ (ਪਾਣ ਜੋਗੀ) ਭੀ ਨਹੀਂ ਲੱਭਦੀ ।੨।

ਕਦੇ ਕਿਸੇ ਮਨੁੱਖ ਨੂੰ ਚਿੱਟੇ ਵਿਛਾਉਣਿਆਂ ਵਾਲੇ ਪਲੰਘਾਂ ਉੱਤੇ ਸੁਆਉਂਦਾ ਹੈ, ਪਰ ਕਦੇ ਉਸ ਨੂੰ ਕੁੱਢੇ (ਵਿਛਾਉਣ ਲਈ) ਪਰਾਲੀ ਭੀ ਨਹੀਂ ਮਿਲਦੀ। ੩।

ਨਾਮਦੇਵ ਆਖਦਾ ਹੈ—ਪ੍ਰਭੂ ਦਾ ਇਕ ਨਾਮ ਹੀ ਹੈ ਜੋ (ਇਹਨਾਂ ਦੋਹਾਂ ਹਾਲਤਾਂ ਵਿਚੋਂ ਅਛੋਹ ਰੱਖ ਕੇ) ਪਾਰ ਲੰਘਾਉਂਦਾ ਹੈ, ਜਿਸ ਮਨੁੱਖ ਨੂੰ ਗੁਰੂ ਮਿਲਦਾ ਹੈ ਉਸ ਨੂੰ ਪ੍ਰਭੂ (ਅਮੀਰੀ ਦੀ ਆਕੜ ਤੇ ਗਰੀਬੀ ਦੀ ਘਬਰਾਹਟ) ਤੋਂ ਪਾਰ ਉਤਾਰਦਾ ਹੈ। ੪।੫।

ਸ਼ਬਦ ਦਾ ਭਾਵ—ਧਨ ਪਦਾਰਥ ਦਾ ਮਾਣ ਕੂੜਾ ਹੈ—ਨਾ ਅਮੀਰੀ ਵਿਚ ਆਫਰੇ, ਤੇ ਨਾ ਗਰੀਬੀ ਆਇਆਂ ਘਾਬਰੇ।

ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤਿ ਕਰਤ ਨਾਮਾ ਪਕਰਿ ਉਠਾਇਆ ॥ ੧ ॥ ਹੀਨੜੀ ਜਾਤਿ ਮੇਰੀ ਜਾਦਮ ਰਾਇਆ ॥ ਛੀਪੇ ਕੇ ਜਨਮਿ ਕਾਹੇ ਕਉ ਆਇਆ ॥ ੧ ॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥ ੨ ॥ ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ ॥ ੩ ॥ ੬ ॥

ਪਦ ਅਰਥ :—ਹਸਤ ਖੇਲਤ—ਹੱਸਦਾ ਖੇਡਦਾ, ਬੜੇ ਚਾਉ ਨਾਲ। ਦੇਹੁਰੇ—ਮੰਦਰ ਵਿਚ [Skt ਦੇਵਾਲਯ]। ਕਰਤ—ਕਰਦਾ। ੧।

ਹੀਨੜੀ—ਬਹੁਤ ਹੀਣੀ, ਬਹੁਤ ਨੀਵੀਂ। ਜਾਦਮ ਰਾਇਆ—ਹੇ ਜਾਦਮ ਰਾਇ! [Skt. ਯਾਦਵ an epither of Krishna] ਹੇ ਜਾਦਵ ਕੁਲ ਦੇ ਸ਼ਿਰੋਮਣੀ ! ਹੇ ਕ੍ਰਿਸ਼ਨ ! ਹੇ ਪ੍ਰਭੂ ! ਕਾਹੇ ਕਉ—ਕਾਹਦੇ ਲਈ ? ਕਿਉਂ ? ਆਇਆ—ਮੈਂ ਜੰਮਿਆ। ੧। ਰਹਾਉ।

ਪਲਟਾਇ—ਪਰਤ ਕੇ, ਮੁੜ ਕੇ। ਜਾਇ—ਜਾ ਕੇ। ੨।

ਕਉ—ਦੀ ਖ਼ਾਤਰ, ਵਾਸਤੇ। ੩।

ਅਰਥ :—ਹੇ ਪ੍ਰਭੂ ! ਮੈਂ ਛੀਂਬੇ ਦੇ ਘਰ ਕਿਉਂ ਜੰਮ ਪਿਆ ? (ਲੋਕ) ਮੇਰੀ ਜਾਤ ਨੂੰ ਬੜੀ ਨੀਵੀਂ (ਆਖਦੇ ਹਨ)। ੧। ਰਹਾਉ।

ਮੈਂ ਬੜੇ ਚਾਅ ਨਾਲ ਤੇਰੇ ਮੰਦਰ ਆਇਆ ਸਾਂ, ਪਰ (ਚੂੰ ਕਿ ਇਹ ਲੋਕ 'ਮੇਰੀ ਜਾਤਿ ਹੀਨੜੀ' ਸਮਝਦੇ ਹਨ, ਇਹਨਾਂ) ਮੈਨੂੰ ਨਾਮੇ ਨੂੰ ਭਗਤੀ ਕਰਦੇ ਨੂੰ (ਬਾਹੋਂ) ਫੜ ਕੇ (ਮੰਦਰ ਵਿਚੋਂ) ਉਠਾਲ ਦਿੱਤਾ। ੧।

ਮੈਂ ਆਪਣੀ ਕੰਬਲੀ ਲੈ ਕੇ (ਉੱਥੋਂ) ਮੁੜ ਕੇ ਤੁਰ ਪਿਆ, ਤੇ (ਹੇ ਪ੍ਰਭੂ !) ਮੈਂ ਤੇਰੇ ਮੰਦਰ ਦੇ ਪਿਛਲੇ ਪਾਸੇ ਜਾ ਕੇ ਬਹਿ ਗਿਆ। ੨।

(ਪਰ ਪ੍ਰਭੂ ਦੀ ਅਚਰਜ ਖੇਡ ਵਰਤੀ) ਜਿਉਂ ਜਿਉਂ ਨਾਮਾ ਆਪਣੇ ਪ੍ਰਭੂ ਦੇ ਗੁਣ ਗਾਉਂਦਾ ਹੈ, (ਉਸ ਦਾ) ਮੰਦਰ (ਉਸ ਦੇ) ਭਗਤਾਂ ਦੀ ਖ਼ਾਤਰ, (ਉਸ ਦੇ) ਸੇਵਕਾਂ ਦੀ ਖ਼ਾਤਰ ਫਿਰਦਾ ਜਾ ਰਿਹਾ ਹੈ। ੩। ੬।

ਨੋਟ—ਭਗਤ ਨਾਮਦੇਵ ਜੀ ਨੇ ਆਪਣੀ ਉਮਰ ਦਾ ਵਧੀਕ ਹਿੱਸਾ ਪੰਡਰਪੁਰ ਵਿਚ ਗੁਜ਼ਾਰਿਆ; ਉੱਥੋਂ ਦੇ ਵਸਨੀਕ ਜਾਣਦੇ ਹੀ ਸਨ ਕਿ ਨਾਮਦੇਵ ਛੀਂਬਾ ਹੈ, ਤੇ ਸ਼ੂਦਰ ਹੈ। ਸ਼ੂਦਰ ਨੂੰ ਮੰਦਰ ਜਾਣ ਦੀ ਮਨਾਹੀ ਸੀ। ਕਿਸੇ ਦਿਨ ਬੰਦਗੀ ਦੀ ਮੌਜ ਵਿਚ ਨਾਮਦੇਵ ਜੀ ਮੰਦਰ ਚਲੇ ਗਏ, ਅੱਗੋਂ ਉੱਚੀ ਜਾਤਿ ਵਾਲਿਆਂ ਨੇ ਬਾਹੋਂ ਫੜ ਕੇ ਬਾਹਰ ਕੱਢ ਦਿੱਤਾ। ਜੇ ਨਾਮਦੇਵ ਜੀ ਕਿਸੇ ਬੀਠੁਲ, ਕਿਸੇ ਠਾਕੁਰ ਦੀ ਮੂਰਤੀ ਦੇ ਪੁਜਾਰੀ ਹੁੰਦੇ ਅਤੇ ਪੂਜਾ ਕਰਦੇ ਹੁੰਦੇ ਤਾਂ ਰੋਜ਼ ਆਉਣ ਵਾਲੇ ਨਾਮਦੇਵ ਨੂੰ ਉਹਨਾਂ ਲੋਕਾਂ ਨੇ ਕਿਸੇ ਇੱਕ ਦਿਨ 'ਹੀਨੜੀ ਜਾਤਿ' ਦਾ ਜਾਣ ਕੇ ਕਿਉਂ ਬਾਹਰ ਕੱਢਣਾ ਸੀ? ਇਹ ਇੱਕ ਦਿਨ ਦੀ ਘਟਨਾ ਹੀ ਦੱਸਦੀ ਹੈ ਕਿ ਨਾਮਦੇਵ ਜੀ ਨਾ ਮੰਦਰ ਜਾਇਆ ਕਰਦੇ ਸਨ, ਨਾ ਸ਼ੂਦਰ ਹੋਣ ਕਰਕੇ ਉੱਚੀ ਜਾਤ ਵਾਲਿਆਂ ਵਲੋਂ ਉਹਨਾਂ ਨੂੰ ਉੱਥੇ ਜਾਣ ਦੀ ਆਗਿਆ ਸੀ। ਇਹ ਤਾਂ ਇਕ ਦਿਨ ਕਿਸੇ ਮੌਜ ਵਿਚ ਆਏ ਹੋਏ ਚਲੇ ਗਏ, ਤੇ ਅੱਗੋਂ ਧੱਕੇ ਪਏ।

ਭਾਵ—ਸਿਮਰਨ ਦੀ ਬਰਕਤਿ—ਨਿਰਭੈਤਾ। ਉੱਚੀ ਜਾਤ ਵਾਲਿਆਂ ਵਲੋਂ ਸ਼ੂਦਰ-ਅਖਵਾਂਦਿਆਂ ਉੱਤੇ ਹੋ ਰਹੀਆਂ ਵਧੀਕੀਆਂ ਦੇ ਵਿਰੁੱਧ ਪ੍ਰਭੂ ਅੱਗੇ ਰੋਸ।

ਜਿਉਂ ਜਿਉਂ ਇਹ ਰੋਸ ਸ਼ੂਦਰ-ਅਖਵਾਂਦੇ ਮਨੁੱਖ ਦੇ ਅੰਦਰ ਸ੍ਵੈ-ਮਾਨ ਪੈਦਾ ਕਰਦਾ ਹੈ, ਉੱਚ-ਜਾਤੀਏ ਦੀ ਆਕੜ ਘਟਦੀ ਹੈ।

੧ੴ ਸਤਿਗੁਰ ਪ੍ਰਸਾਦਿ ॥
ਭੈਰਉ ਨਾਮਦੇਉ ਜੀਉ ਘਰੁ ੨

ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥ ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥ ੧ ॥ ਨਾਮੇ ਪ੍ਰੀਤਿ ਨਾਰਾਇਣ ਲਾਗੀ ॥ ਸਹਜ ਸੁਭਾਇ ਭਇਓ ਬੈਰਾਗੀ ॥ ੧ ॥ ਰਹਾਉ ॥ ਜੈਸੀ ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ ਧਨ ਕਾ ਹਿਤਕਾਰੀ ॥ ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ ਪ੍ਰੀਤਿ ਮੁਰਾਰੀ ॥ ੨ ॥ ਸਾਈ ਪ੍ਰੀਤਿ ਜਿ ਆਪੇ ਲਾਏ ॥ ਗੁਰ ਪਰਸਾਦੀ ਦੁਬਿਧਾ ਜਾਏ ॥ ਕਬਹੁ ਨ ਤੂਟਸਿ ਰਹਿਆ ਸਮਾਇ ॥ ਨਾਮੇ ਚਿਤੁ ਲਾਇਆ ਸਚਿ ਨਾਇ ॥ ੩ ॥

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ ਐਸਾ ਹਰਿ ਸੇਤੀ ਮਨੁ ਰਾਤਾ ॥ ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ ॥ ਗੋਬਿਦੁ ਬਸੈ ਹਮਾਰੈ ਚੀਤਿ ॥ ੪ ॥ ੧ ॥ ੭ ॥

ਪਦ ਅਰਥ :–ਤ੍ਰਿਖਾਵੰਤ–ਤਿਹਾਇਆ, ਪਿਆਸਾ । ਸੇਤੀ–ਨਾਲ। ਕਾਜ–ਲੋੜ, ਗ਼ਰਜ਼ । ਮੂੜ–ਮੂਰਖ ਬੰਦੇ । ਕੁਟੰਬ–ਪਰਵਾਰ । ਪਰਾਇਣ–ਆਸਰੇ ।੧।

ਸਹਜ ਸੁਭਾਇ–ਸੁਤੇ ਹੀ, ਕੋਈ ਖ਼ਾਸ ਉਚੇਚ ਕਰਨ ਤੋਂ ਬਿਨਾ ਹੀ । ਬੈਰਾਗੀ–ਵਿਰਕਤ । ੧ । ਰਹਾਉ ।

ਰਤ–ਰੱਤੀ ਹੋਈ, ਪਿਆਰ ਪਾਣ ਵਾਲੀ । ਹਿਤਕਾਰੀ–ਹਿਤ ਕਰਨ ਵਾਲਾ, ਪ੍ਰੇਮ ਕਰਨ ਵਾਲਾ । ਕਾਮੀ–ਵਿਸ਼ਈ । ਕਾਮਨੀ–ਇਸਤ੍ਰੀ । ੨ ।

ਸਾਈ–ਉਹੀ (ਅਸਲ) । ਜਿ–ਜਿਹੜੀ । ਦੁਬਿਧਾ–ਮੇਰ-ਤੇਰ । ਨ ਤੂਟਸਿ–ਉਹ ਪ੍ਰੀਤ ਕਦੇ ਟੁੱਟਦੀ ਨਹੀਂ । ਸਚਿ–ਸੱਚ ਵਿਚ । ਨਾਇ–ਨਾਮ ਵਿਚ ।੩।

ਰਾਤਾ–ਰੰਗਿਆ ਹੋਇਆ । ਚੀਤਿ–ਚਿੱਤ ਵਿਚ । ੪ ।

ਅਰਥ :–(ਮੇਰੀ) ਨਾਮਦੇਵ ਦੀ ਪ੍ਰੀਤ ਪਰਮਾਤਮਾ ਨਾਲ ਲੱਗ ਗਈ ਹੈ, (ਉਸ ਪ੍ਰੀਤ ਦੀ ਬਰਕਤਿ ਨਾਲ, ਨਾਮਦੇਵ) ਕੋਈ ਬਾਹਰਲੇ ਭੇਖ ਆਦਿਕ ਦਾ ਉਚੇਚ ਕਰਨ ਤੋਂ ਬਿਨਾ ਹੀ ਬੈਰਾਗੀ ਬਣ ਗਿਆ ਹੈ । ਰਹਾਉ ।

ਜਿਵੇਂ ਭੁੱਖੇ ਮਨੁੱਖ ਨੂੰ ਅੰਨ ਪਿਆਰਾ ਲੱਗਦਾ ਹੈ, ਜਿਵੇਂ ਪਿਆਸੇ ਨੂੰ ਪਾਣੀ ਨਾਲ ਗ਼ਰਜ਼ ਹੁੰਦੀ ਹੈ, ਜਿਵੇਂ ਕੋਈ ਮੂਰਖ ਆਪਣੇ ਟੱਬਰ ਦੇ ਆਸਰੇ ਹੋ ਜਾਂਦਾ ਹੈ, ਤਿਵੇਂ (ਮੈਂ) ਨਾਮੇ ਦਾ ਪ੍ਰਭੂ ਨਾਲ ਪਿਆਰ ਹੈ । ੧ ।

ਜਿਵੇਂ ਕੋਈ ਨਾਰ ਪਰਾਏ ਮਨੁੱਖ ਨਾਲ ਪਿਆਰ ਪਾ ਲੈਂਦੀ ਹੈ, ਜਿਵੇਂ ਕਿਸੇ ਲੋਭੀ ਮਨੁੱਖ ਨੂੰ ਧਨ ਪਿਆਰਾ ਲੱਗਦਾ ਹੈ, ਜਿਵੇਂ ਕਿਸੇ ਵਿਸ਼ਈ ਬੰਦੇ ਨੂੰ ਇਸਤ੍ਰੀ ਚੰਗੀ ਲੱਗਦੀ ਹੈ, ਤਿਵੇਂ ਨਾਮੇਂ ਨੂੰ ਪਰਮਾਤਮਾ ਮਿੱਠਾ ਲੱਗਦਾ ਹੈ । ੨ ।

ਪਰ ਅਸਲੀ ਸੁੱਚਾ ਪਿਆਰ ਉਹ ਹੈ ਜੋ ਪ੍ਰਭੂ ਆਪ (ਕਿਸੇ ਮਨੁੱਖ ਦੇ ਹਿਰਦੇ ਵਿਚ) ਪੈਦਾ ਕਰੇ, ਉਸ ਮਨੁੱਖ ਦੀ ਮੇਰ-ਤੇਰ ਗੁਰੂ ਦੀ ਕਿਰਪਾ ਨਾਲ ਮਿਟ ਜਾਂਦੀ ਹੈ, ਉਸ ਦਾ ਪ੍ਰਭੂ ਨਾਲ ਪ੍ਰੇਮ ਕਦੇ ਟੁੱਟਦਾ ਨਹੀਂ, ਹਰ ਵੇਲੇ ਉਹ ਪ੍ਰਭੂ-ਚਰਨਾਂ ਵਿਚ ਜੁੜਿਆ ਰਹਿੰਦਾ ਹੈ । (ਮੈਂ ਨਾਮੇ ਉੱਤੇ ਭੀ ਪ੍ਰਭੂ ਦੀ ਮਿਹਰ ਹੋਈ ਹੈ, ਤੇ) ਨਾਮੇ ਦਾ ਚਿੱਤ ਸਦਾ ਕਾਇਮ ਰਹਿਣ ਵਾਲੇ ਹਰਿ-ਨਾਮ ਵਿਚ ਟਿਕ ਗਿਆ ਹੈ । ੩ ।

ਜਿਵੇਂ ਮਾਂ-ਪੁੱਤਰ ਦਾ ਪਿਆਰ ਹੁੰਦਾ ਹੈ, ਤਿਵੇਂ ਮੇਰਾ ਮਨ ਪ੍ਰਭੂ (-ਚਰਨਾਂ) ਨਾਲ ਰੰਗਿਆ ਗਿਆ ਹੈ । ਨਾਮਦੇਵ ਬੇਨਤੀ ਕਰਦਾ ਹੈ–ਮੇਰੀ ਪ੍ਰਭੂ ਨਾਲ ਪ੍ਰੀਤ ਲੱਗ ਗਈ ਹੈ, ਪ੍ਰਭੂ (ਹੁਣ ਸਦਾ) ਮੇਰੇ ਚਿੱਤ ਵਿਚ ਵੱਸਦਾ ਹੈ । ੪ । ੧ । ੭ ।

ਸ਼ਬਦ ਦਾ ਭਾਵ :—ਪ੍ਰੀਤ ਦਾ ਸਰੂਪ—ਉਸ ਦੀ ਯਾਦ ਕਦੇ ਨਾ ਭੁਲੇ, ਸੁਤੇ ਹੀ ਕਿਸੇ ਹੋਰ ਪਾਸੇ ਚਿੱਤ ਨਾ ਜਾਏ । ਇਸ ਪ੍ਰੀਤ ਦੀ ਬਰਕਤਿ ਨਾਲ ਅੰਦਰੋਂ ਮੇਰ-ਤੇਰ ਮਿਟ ਜਾਂਦੀ ਹੈ । ਪਰ ਇਹ ਮਿਲਦੀ ਹੈ ਉਸ ਦੀ ਆਪਣੀ ਮਿਹਰ ਨਾਲ ।

ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥ ਜੈਸੇ ਸਿੰਬਲੁ ਦੇਖਿ ਸੂਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਲਪਟਾਨਾ ॥ ੧ ॥ ਪਾਪੀ ਕਾ ਘਰੁ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥ ੧ ॥ ਰਹਾਉ ॥ ਹਰਿ ਕੀ ਭਗਤਿ ਨ ਦੇਖੈ ਜਾਇ॥ ਮਾਰਗੁ ਛੋਡਿ ਅਮਾਰਗਿ ਪਾਇ ॥ ਮੂਲਹੁ ਭੂਲਾ ਆਵੈ ਜਾਇ ॥ ਅੰਮ੍ਰਿਤੁ ਡਾਰਿ, ਲਾਦਿ ਬਿਖੁ ਖਾਇ ॥ ੨ ॥ ਜਿਉ ਬੇਸ੍ਵਾ ਕੇ ਪਰੈ ਅਖਾਰਾ॥ਕਾਪਰੁ ਪਹਿਰਿ ਕਰਹਿ ਸੀਗਾਰਾ॥ ਪੂਰੇ ਤਾਲ ਨਿਹਾਲੇ ਸਾਸ ॥ ਵਾ ਕੇ ਗਲੇ ਜਮ ਕਾ ਹੈ ਫਾਸ ॥ ੩ ॥ ਜਾ ਕੇ ਮਸਤਕਿ ਲਿਖਿਓ ਕਰਮਾ ॥ ਸੋ ਭਜਿ ਪਰਿ ਹੈ ਗੁਰ ਕੀ ਸਰਨਾ ॥ ਕਹਤ ਨਾਮਦੇਉ ਇਹੁ ਬੀਚਾਰੁ ॥ ਇਨ ਬਿਧਿ ਸੰਤਹੁ ਉਤਰਹੁ ਪਾਰਿ ॥੪॥੨॥੮॥

ਪਦ ਅਰਥ :—ਘਾਲੈ ਧੰਧਾ—ਮੰਦ ਕਰਮ ਕਰਦਾ ਹੈ, ਝੱਖਾਂ ਮਾਰਦਾ ਹੈ । ਸੂਆ—ਤੋਤਾ । ਬਿਗਸਾਨਾ—ਖ਼ੁਸ਼ ਹੁੰਦਾ ਹੈ । ਲਪਟਾਨਾ—(ਪਰ-ਤਨ-ਵਿਕਾਰ ਵਿਚ) ਫਸ ਕੇ ।੧।

ਅਗਨੇ ਮਾਹਿ—ਅੱਗ ਵਿਚ । ਰਹਾਉ ।

ਅਮਾਰਗਿ—ਕੁਰਾਹੇ । ਮੂਲਹੁ—ਜਗਤ ਦੇ ਮੂਲ ਪ੍ਰਭੂ ਤੋਂ । ਡਾਰਿ—ਡੋਲ੍ਹ ਕੇ । ਲਾਦਿ —ਲੱਦ ਕੇ, ਸੰਚ ਕੇ । ੨ ।

ਅਖਾਰਾ—ਅਖਾੜਾ, ਤਮਾਸ਼ਾ । ਪੂਰੇ ਤਾਲ—ਨੱਚਦੀ ਹੈ । ਨਿਹਾਲੇ—ਤੱਕਦੀ ਹੈ, ਗਹੁ ਨਾਲ ਜਾਚਦੀ ਹੈ । ਸਾਸ—ਸੁਰ । ੩ ।

ਮਸਤਕਿ—ਮੱਥੇ ਉੱਤੇ । ਕਰਮਾ—ਬਖ਼ਸ਼ਸ਼ (ਦਾ ਲੇਖ) । ਭਜਿ—ਦੌੜ ਕੇ । ਪਰਿ ਹੈ—ਪੈਂਦਾ ਹੈ । ਇਨ ਬਿਧਿ—ਇਸ ਤਰੀਕੇ ਨਾਲ, ਗੁਰੂ ਦੀ ਸ਼ਰਨ ਪੈ ਕੇ । ੪ ।

ਅਰਥ :—ਵਿਕਾਰੀ ਬੰਦੇ ਦਾ ਟਿਕਾਣਾ ਸਦਾ ਉਸ ਅੱਗ ਵਿਚ ਰਹਿੰਦਾ ਹੈ ਜੋ ਅੱਗ ਸਦਾ ਬਲਦੀ ਰਹਿੰਦੀ ਹੈ, ਕਦੇ ਬੁੱਝਦੀ ਨਹੀਂ । ਰਹਾਉ ।

ਅੰਨ੍ਹਾ (ਪਾਪੀ) ਆਪਣੀ ਵਹੁਟੀ ਛੱਡ ਦੇਂਦਾ ਹੈ, ਤੇ ਪਰਾਈ ਜ਼ਨਾਨੀ ਨਾਲ ਝੱਖਾਂ ਮਾਰਦਾ ਹੈ, (ਪਰਾਈ ਨਾਰ ਨੂੰ ਵੇਖ ਕੇ ਉਹ ਇਉਂ ਹੀ ਖ਼ੁਸ਼ ਹੁੰਦਾ ਹੈ) ਜਿਵੇਂ ਤੋਤਾ ਸਿੰਬਲ ਰੁੱਖ ਨੂੰ ਵੇਖ ਕੇ ਖ਼ੁਸ਼ ਹੁੰਦਾ ਹੈ (ਪਰ ਉਸ ਸਿੰਬਲ ਤੋਂ ਉਸ ਤੋਤੇ ਨੂੰ ਹਾਸਲ ਕੁਝ ਨਹੀਂ ਹੁੰਦਾ) ; ਆਖ਼ਰ ਨੂੰ ਅਜਿਹਾ ਵਿਕਾਰੀ ਮਨੁੱਖ (ਇਸ ਵਿਕਾਰ) ਵਿਚ ਗ੍ਰਸਿਆ

ਹੋਇਆ ਹੀ ਮਰ ਜਾਂਦਾ ਹੈ ।੧।

ਜਿੱਥੇ ਪ੍ਰਭੂ ਦੀ ਭਗਤੀ ਹੁੰਦੀ ਹੈ (ਵਿਕਾਰੀ ਮਨੁੱਖ) ਉਹ ਥਾਂ ਜਾ ਕੇ ਨਹੀਂ ਵੇਖਦਾ, (ਜੀਵਨ ਦਾ ਸਿੱਧਾ) ਰਾਹ ਛੱਡ ਕੇ (ਵਿਕਾਰਾਂ ਦੇ) ਉਲਟੇ ਰਸਤੇ ਪੈਂਦਾ ਹੈ, ਜਗਤ ਦੇ ਮੂਲ ਪ੍ਰਭੂ ਤੋਂ ਖੁੰਝ ਕੇ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ, ਨਾਮ-ਅੰਮ੍ਰਿਤ ਡੋਲ੍ਹ ਕੇ (ਵਿਕਾਰਾਂ ਦਾ) ਜ਼ਹਿਰ ਲੱਦ ਕੇ ਖਾਂਦਾ ਹੈ ।੨।

ਜਿਵੇਂ ਵੇਸਵਾਂ ਦੇ ਮੁਜਰੇ ਹੁੰਦੇ ਹਨ, (ਸੁਹਣੀ ਸੁਹਣੀ) ਪੁਸ਼ਾਕ ਪਾ ਕੇ ਸ਼ਿੰਗਾਰ ਕਰਦੀਆਂ ਹਨ । ਵੇਸਵਾ ਨੱਚਦੀ ਹੈ, ਤੇ ਬੜੇ ਗਹੁ ਨਾਲ ਆਪਣੀ ਸੁਰ ਨੂੰ ਤੋਲਦੀ ਹੈ, (ਬੱਸ, ਇਸ ਵਿਕਾਰੀ ਜੀਵਨ ਦੇ ਕਾਰਨ) ਉਸ ਦੇ ਗਲ ਵਿਚ ਜਮਾਂ ਦੀ ਫਾਹੀ ਪੈਂਦੀ ਹੈ ।੩।

ਨਾਮਦੇਵ ਇਹ ਇਕ ਵਿਚਾਰ ਦਾ ਬਚਨ ਆਖਦਾ ਹੈ—ਜਿਸ ਮਨੁੱਖ ਦੇ ਮੱਥੇ ਉੱਤੇ ਪ੍ਰਭੂ ਦੀ ਬਖ਼ਸ਼ਸ਼ (ਦਾ ਲੇਖ) ਲਿਖਿਆ ਹੋਇਆ ਹੈ (ਭਾਵ, ਪਿਛਲੇ ਕੀਤੇ ਕਰਮਾਂ ਅਨੁਸਾਰ ਧੁਰੋਂ ਬਖ਼ਸ਼ਸ਼ ਹੁੰਦੀ ਹੈ) ਉਹ (ਵਿਕਾਰਾਂ ਵਲੋਂ) ਹਟ ਕੇ ਸਤਿਗੁਰੂ ਦੀ ਸ਼ਰਨ ਪੈਂਦਾ ਹੈ । ਹੇ ਸੰਤ ਜਨੋ ! ਗੁਰੂ ਦੀ ਸ਼ਰਨ ਪੈ ਕੇ ਹੀ (ਸੰਸਾਰ-ਸਮੁੰਦਰ ਦੇ ਵਿਕਾਰਾਂ ਤੋਂ) ਪਾਰ ਲੰਘ ਸਕੋਗੇ ।੪।੨।੮।

ਸ਼ਬਦ ਦਾ ਭਾਵ :—ਵਿਕਾਰੀ ਦਾ ਜੀਵਨ—ਵਿਕਾਰਾਂ ਦੀ ਅਬੁੱਝਵੀਂ ਅੱਗ ਸਦਾ ਉਸ ਨੂੰ ਸਾੜਦੀ ਰਹਿੰਦੀ ਹੈ । ਪ੍ਰਭੂ ਦੀ ਮਿਹਰ ਹੋਵੇ ਤਾਂ ਗੁਰੂ ਦੀ ਸ਼ਰਨ ਪਿਆਂ ਖ਼ਲਾਸੀ ਹੁੰਦੀ ਹੈ ।

ਸੰਡਾ ਮਰਕਾ ਜਾਇ ਪੁਕਾਰੇ ॥ ਪੜੈ ਨਹੀ ਹਮ ਹੀ ਪਚਿ ਹਾਰੇ ॥ ਰਾਮ-ਕਹੈ ਕਰ ਤਾਲ ਬਜਾਵੈ, ਚਟੀਆ ਸਭੈ ਬਿਗਾਰੇ ॥ ੧ ॥ ਰਾਮ ਨਾਮਾ ਜਪਿਬੋ ਕਰੈ ॥ ਹਿਰਦੈ ਹਰਿ ਜੀ ਕੋ ਸਿਮਰਨੁ ਧਰੈ ॥ ੧ ॥ ਰਹਾਉ ॥ ਬਸੁਧਾ ਬਸਿ ਕੀਨੀ ਸਭ ਰਾਜੇ, ਬਿਨਤੀ ਕਰੈ ਪਟਰਾਨੀ॥ ਪੂਤੁ ਪ੍ਰਹਿਲਾਦੁ ਕਹਿਆ ਨਹੀ ਮਾਨੈ, ਤਿਨਿ ਤਉ ਅਉਰੈ ਠਾਨੀ ॥ ੨ ॥ ਦੁਸਟ ਸਭਾ ਮਿਲਿ ਮੰਤਰ ਉਪਾਇਆ, ਕਰਸਹ ਅਉਧ ਘਨੇਰੀ ॥ ਗਿਰਿ ਤਰ ਜਲ ਜੁਆਲਾ ਭੈ ਰਾਖਿਓ, ਰਾਜਾ ਰਾਮਿ ਮਾਇਆ ਫੇਰੀ ॥ ੩ ॥ ਕਾਢਿ ਖੜਗੁ ਕਾਲੁ ਭੈ ਕੋਪਿਓ, ਮੋਹਿ ਬਤਾਉ ਜੁ ਤੁਹਿ ਰਾਖੈ ॥ ਪੀਤ ਪੀਤਾਂਬਰ ਤ੍ਰਿਭਵਣ ਧਣੀ, ਥੰਭ ਮਾਹਿ ਹਰਿ ਭਾਖੈ ॥ ੪॥ ਹਰਨਾਖਸੁ ਜਿਨਿ ਨਖਹ ਬਿਦਾਰਿਓ, ਸੁਰਿ ਨਰ ਕੀਏ ਸਨਾਥਾ॥ ਕਹਿ ਨਾਮਦੇਉ ਹਮ ਨਰਹਰਿ ਧਿਆਵਹਿ, ਰਾਮੁ ਅਭੈ ਪਦ ਦਾਤਾ ॥ ੫ ॥ ੩ ॥ ੯ ॥

ਪਦ ਅਰਥ :-ਸੰਡਾ ਮਰਕਾ-ਸ਼ੁਕ੍ਰਾਚਾਰਜ ਦੇ ਦੋ ਪੁੱਤਰ ਸ਼ੰਡ ਅਤੇ ਅਮਰਕ ਜੋ ਪ੍ਰਹਿਲਾਦ ਨੂੰ ਪੜ੍ਹਾਉਣ ਲਈ ਮੁਕਰਰ ਕੀਤੇ ਗਏ ਸਨ। ਪਚਿ ਹਾਰੇ-ਖਪ ਲੱਥੇ ਹਾਂ। ਕਰ-ਹੱਥਾਂ ਨਾਲ। ਚਟੀਆ-ਵਿੱਦਿਆਰਥੀ। ੧।

ਜਪਿਬੋ ਕਰੈ-ਸਦਾ ਜਪਦਾ ਰਹਿੰਦਾ ਹੈ। ਰਹਾਉ।

,ਬਸੁਧਾ-ਧਰਤੀ। ਪਟਰਾਨੀ-ਵੱਡੀ ਰਾਣੀ (ਪ੍ਰਹਿਲਾਦ ਦੀ ਮਾਂ)। ਤਿਨਿ-ਉਸ (ਪ੍ਰਹਿਲਾਦ) ਨੇ। ਅਉਰੈ-ਕੋਈ ਹੋਰ ਗੱਲ ਹੀ। ਠਾਨੀ-ਮਨ ਵਿਚ ਪੱਕੀ ਕੀਤੀ ਹੋਈ ਹੈ। ੨।

ਮੰਤਰ ਉਪਾਇਆ-ਸਲਾਹ ਪਕਾ ਲਈ। ਕਰਸਹ-ਅਸੀ ਕਰ ਦਿਆਂਗੇ। ਕਰਸਹ...ਘਨੇਰੀ-ਉਮਰ ਮੁਕਾ ਦਿਆਂਗੇ, ਮਾਰ ਦਿਆਂਗੇ। ਗਿਰਿ-ਪਹਾੜ। ਤਰ-ਰੁੱਖ। ਜੁਆਲਾ-ਅੱਗ। ਭੈ ਰਾਖਿਓ-ਡਰਾਂ ਤੋਂ ਬਚਾ ਲਿਆ। ਰਾਮਿ-ਰਾਮ ਨੇ। ਮਾਇਆ ਫੇਰੀ-ਮਾਇਆ ਦਾ ਸੁਭਾਉ ਉਲਟਾ ਦਿੱਤਾ। ੩।

ਖੜਗੁ-ਤਲਵਾਰ। ਕਾਲੁ-ਮੌਤ। ਭੈ-(ਅੰਦਰੋਂ) ਡਰ ਨਾਲ। ਕੋਪਿਓ-ਗੁੱਸੇ ਵਿਚ ਆਇਆ। ਮੋਹਿ-ਮੈਨੂੰ। ਤੁਹਿ-ਤੈਨੂੰ। ਪੀਤਾਂਬਰ-ਪੀਲੇ ਕੱਪੜਿਆਂ ਵਾਲਾ ਕ੍ਰਿਸ਼ਨ, ਪ੍ਰਭੂ। ਤ੍ਰਿਭਵਣ ਧਣੀ-ਤਿੰਨਾਂ ਭਵਨਾਂ ਦਾ ਮਾਲਕ, ਪਰਮਾਤਮਾ। ਭਾਖੈ-ਬੋਲਦਾ ਹੈ। ੪।

ਜਿਨਿ-ਜਿਸ (ਪ੍ਰਭੂ) ਨੇ। ਨਖਹ-ਨਹੁਆਂ ਨਾਲ। ਬਿਦਾਰਿਓ-ਚੀਰ ਦਿੱਤਾ। ਸਨਾਥਾ-ਸ+ਨਾਥ, ਖਸਮ ਵਾਲੇ। ਨਰਹਰਿ-ਪਰਮਾਤਮਾ। ਅਭੈ ਪਦ ਦਾਤਾ-ਨਿਡਰਤਾ ਦਾ ਦਰਜਾ ਦੇਣ ਵਾਲਾ। ੫।

ਅਰਥ :-(ਪ੍ਰਹਿਲਾਦ) ਹਰ ਵੇਲੇ ਪਰਮਾਤਮਾ ਦਾ ਨਾਮ ਸਿਮਰਦਾ ਹੈ,ਪਰਮਾਤਮਾ ਦਾ ਸਿਮਰਨ ਆਪਣੇ ਹਿਰਦੇ ਵਿਚ ਧਾਰਨ ਕਰੀ ਰੱਖਦਾ ਹੈ। ੧। ਰਹਾਉ।

(ਪ੍ਰਹਿਲਾਦ ਦੇ ਦੋਵੇਂ ਉਸਤਾਦ) ਸ਼ੰਡ ਅਤੇ ਅਮਰਕ ਨੇ (ਹਰਨਾਖਸ਼ ਕੋਲ) ਜਾ ਕੇ ਫ਼ਰਿਆਦ ਕੀਤੀ—ਅਸੀ ਖਪ ਲੱਥੇ ਹਾਂ, ਪ੍ਰਹਿਲਾਦ ਪੜ੍ਹਦਾ ਨਹੀਂ, ਉਹ ਹੱਥਾਂ ਨਾਲ ਤਾਲ ਵਜਾਉਂਦਾ ਹੈ, ਤੇ ਰਾਮ ਨਾਮ ਗਾਉਂਦਾ ਹੈ, ਹੋਰ ਸਾਰੇ ਵਿੱਦਿਆਰਥੀ ਭੀ ਉਸ ਨੇ ਵਿਗਾੜ ਦਿੱਤੇ ਹਨ। ੧।

(ਪ੍ਰਹਿਲਾਦ ਦੀ ਮਾਂ) ਵੱਡੀ ਰਾਣੀ (ਪ੍ਰਹਿਲਾਦ ਅੱਗੇ) ਤਰਲੇ ਕਰਦੀ ਹੈ (ਤੇ ਸਮਝਾਉਂਦੀ ਹੈ ਕਿ ਤੇਰੇ ਪਿਤਾ) ਰਾਜੇ ਨੇ ਸਾਰੀ ਧਰਤੀ ਆਪਣੇ ਵੱਸ ਕੀਤੀ ਹੋਈ ਹੈ (ਉਸ ਦਾ ਹੁਕਮ ਨ ਮੋੜ), ਪਰ ਪੁੱਤਰ ਪ੍ਰਹਿਲਾਦ (ਮਾਂ ਦਾ) ਆਖਿਆ ਮੰਨਦਾ ਨਹੀਂ, ਉਸ ਨੇ ਤਾਂ ਕੋਈ ਹੋਰ ਗੱਲ ਮਨ ਵਿਚ ਪੱਕੀ ਕੀਤੀ ਹੋਈ ਹੈ। ੨।

ਦੁਸ਼ਟਾਂ ਦੀ ਜੁੰਡੀ ਨੇ ਰਲ ਕੇ ਸਲਾਹ ਕਰ ਲਈ-(ਜੇ ਪ੍ਰਹਿਲਾਦ ਨਹੀਂ ਮੰਨਦਾ

ਤਾਂ) ਅਸੀ ਇਸ ਨੂੰ ਮਾਰ ਮੁਕਾਵਾਂਗੇ; ਪਰ ਜਗਤ ਦੇ ਮਾਲਕ ਪ੍ਰਭੂ ਨੇ ਆਪਣੀ ਮਾਇਆ ਦਾ ਸੁਭਾਉ ਹੀ ਬਦਲਾ ਦਿੱਤਾ, (ਪ੍ਰਭੂ ਨੇ ਪ੍ਰਹਿਲਾਦ ਨੂੰ) ਪਹਾੜ, ਰੁੱਖ, ਪਾਣੀ, ਅੱਗ (ਇਹਨਾਂ ਸਭਨਾਂ ਦੇ) ਡਰ ਤੋਂ ਬਚਾ ਲਿਆ । ੩ ।

(ਹੁਣ ਅੰਦਰੋਂ) ਡਰਿਆ ਹੋਇਆ (ਪਰ ਬਾਹਰੋਂ) ਕ੍ਰੋਧਵਾਨ ਹੋ ਕੇ, ਮੌਤ-ਰੂਪ ਤਲਵਾਰ ਕੱਢ ਕੇ (ਬੋਲਿਆ–) ਮੈਨੂੰ ਦੱਸ ਜਿਹੜਾ ਤੈਨੂੰ (ਇਸ ਤਲਵਾਰ ਤੋਂ) ਬਚਾ ਸਕਦਾ ਹੈ ; (ਅੱਗੋਂ) ਜਗਤ ਦਾ ਮਾਲਕ ਪਰਮਾਤਮਾ ਥੰਮ੍ਹ ਵਿਚ ਬੋਲਦਾ ਹੈ । ੪ ।

ਨਾਮਦੇਵ ਆਖਦਾ ਹੈ–ਜਿਸ ਪ੍ਰਭੂ ਨੇ ਹਰਨਾਖਸ਼ ਨੂੰ ਨਹੁਆਂ ਨਾਲ ਚੀਰ ਦਿੱਤਾ, ਦੇਵਤਿਆਂ ਤੇ ਮਨੁੱਖਾਂ ਨੂੰ ਢਾਰਸ ਦਿੱਤੀ, ਮੈਂ ਭੀ ਉਸੇ ਪ੍ਰਭੂ ਨੂੰ ਸਿਮਰਦਾ ਹਾਂ ; ਪ੍ਰਭੂ ਹੀ ਨਿਰਭੈਤਾ ਦਾ ਦਰਜਾ ਬਖ਼ਸ਼ਣ ਵਾਲਾ ਹੈ । ੫ । ੩ । ੯ ।

ਸ਼ਬਦ ਦਾ ਭਾਵ :–ਸਿਮਰਨ ਦੀ ਮਹਿਮਾ–ਦੁਨੀਆ ਦਾ ਕੋਈ ਡਰ ਪੋਹ ਨਹੀਂ ਸਕਦਾ ।

ਨੋਟ :–ਇਸ ਸ਼ਬਦ ਨੂੰ ਇਸੇ ਹੀ ਰਾਗ ਵਿਚ ਦਿੱਤੇ ਹੋਏ ਗੁਰੂ ਅਮਰਦਾਸ ਜੀ ਦੇ ਸ਼ਬਦ ਨਾਲ ਰਲਾ ਕੇ ਪੜ੍ਹੋ :–

ਭੈਰਉ ਮਹਲਾ ੩ ॥ ਮੇਰੀ ਪਟੀਆ ਲਿਖਹੁ ਹਰਿ ਗੋਵਿੰਦ ਗੋਪਾਲਾ॥ ਦੂਜੈ ਭਾਇ ਫਾਥੇ ਜਮਜਾਲਾ ॥ ਸਤਿਗੁਰੁ ਕਰੇ ਮੇਰੀ ਪ੍ਰਤਿਪਾਲਾ ॥ ਹਰਿ ਸੁਖਦਾਤਾ ਮੇਰੈ ਨਾਲਾ ॥ ੧ ॥ ਗੁਰ ਉਪਦੇਸਿ ਪ੍ਰਹਿਲਾਦੁ ਹਰਿ ਉਚਰੈ ॥ ਸਾਸਨਾ ਤੇ ਬਾਲਕੁ ਗਮੁ ਨ ਕਰੈ ॥ ੧ ॥ ਰਹਾਉ ॥ ਮਾਤਾ ਉਪਦੇਸੈ ਪ੍ਰਹਿ-ਲਾਦ ਪਿਆਰੇ ॥ ਪੁਤ੍ਰ ਰਾਮ ਨਾਮੁ ਛੋਡਹੁ ਜੀਉ ਲੇਹੁ ਉਬਾਰੇ ॥ ਪ੍ਰਹਿਲਾਦੁ ਕਹੈ ਸੁਨਹੁ ਮੇਰੀ ਮਾਇ ॥ ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ॥ ॥ ੨ ॥ ਸੰਡਾ ਮਰਕਾ ਸਭਿ ਜਾਇ ਪੁਕਾਰੇ ॥ ਪ੍ਰਹਿਲਾਦੁ ਆਪਿ ਵਿਗ-ੜਿਆ ਸਭਿ ਚਾਟੜੇ ਵਿਗਾੜੇ ॥ ਦੁਸਟ ਸਭਾ ਮਹਿ ਮੰਤ੍ਰੁ ਪਕਾਇਆ ॥ ਪ੍ਰਹਿਲਾਦ ਕਾ ਰਾਖਾ ਹੋਇ ਰਘੁਰਾਇਆ ॥ ੩ ॥ ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ॥ ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ॥ ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ੍ ਉਪਾੜਿ॥ਹਰਣਾਖਸੁ ਨਖੀ ਬਿਦਾਰਿਆ ਪ੍ਰਹਲਾਦੁ ਲੀਆ ਉਬਾਰਿ ॥ ੪ ॥ ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ ॥ ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ ॥ ਗੁਰ ਕੈ ਸਬਦਿ ਹਉਮੈ ਬਿਖੁ ਮਾਰੇ ॥ ਨਾਨਕ ਰਾਮ ਨਾਮਿ ਸੰਤ ਨਿਸਤਾਰੇ ॥੫॥੧੦॥੨੦॥

ਜਿਸ ਮਨੁੱਖ ਨੇ ਭਗਤ ਪ੍ਰਹਿਲਾਦ ਦੀ ਸਾਖੀ ਕਦੇ ਸੁਣੀ ਨਾ ਹੋਵੇ,ਉਸ ਨੂੰ ਨਾਮਦੇਵ ਜੀ ਦਾ ਸ਼ਬਦ ਪੜ੍ਹ ਕੇ ਅਸਲ ਸਾਖੀ ਸਮਝਣ ਲਈ ਕਈ ਗੱਲਾਂ ਪੁੱਛਣ ਦੀ ਲੋੜ ਰਹਿ ਜਾਂਦੀ ਹੈ। ਉਹ ਸਾਰੀਆਂ ਪੁੱਛਾਂ ਗੁਰੂ ਅਮਰਦਾਸ ਜੀ ਨੇ ਇਸ ਸ਼ਬਦ ਵਿਚ ਹੱਲ ਕਰ ਦਿੱਤੀਆਂ ਹਨ। ਦੋਹਾਂ ਸ਼ਬਦਾਂ ਦੀ 'ਰਹਾਉ' ਦੀ ਤੁਕ ਪੜ੍ਹ ਕੇ ਵੇਖੋ ; ਨਾਮਦੇਵ ਜੀ ਨੇ ਜਿਹੜੀ ਗੱਲ ਖੋਲ੍ਹ ਕੇ ਨਹੀਂ ਸੀ ਦੱਸੀ, ਗੁਰੂ ਅਮਰਦਾਸ ਜੀ ਨੇ ਕੈਸੇ ਸੁਹਣੇ ਲਫ਼ਜ਼ਾਂ ਵਿਚ ਦੱਸੀ ਹੈ। ਨਾਮਦੇਵ ਜੀ ਦੇ ਸ਼ਬਦ ਦਾ ਦੂਜਾ ਬੰਦ ਪੜ੍ਹ ਕੇ ਗੁਰੂ ਅਮਰਦਾਸ ਜੀ ਦੇ ਸ਼ਬੱਦ ਦਾ ਦੂਜਾ ਬੰਦ ਪੜ੍ਹੋ , ਮਨ ਨੂੰ ਹੁਲਾਰਾ ਆ ਜਾਂਦਾ ਹੈ, ਨਾਮਦੇਵ ਜੀ ਦੇ ਵਰਤੇ ਲਫ਼ਜ਼ 'ਬਿਨਤੀ' ਨੂੰ ਗੁਰੂ ਅਮਰਦਾਸ ਜੀ ਨੇ ਕਿਸ ਤਰ੍ਹਾਂ ਪਿਆਰ-ਭਰੇ ਲਫ਼ਜ਼ਾਂ ਵਿਚ ਸਮਝਾਇਆ ਹੈ।

ਇਕ ਗੱਲ ਬਿਲਕੁਲ ਪਰਤੱਖ ਹੈ ਕਿ ਨਾਮਦੇਵ ਜੀ ਦਾ ਇਹ ਸ਼ਬਦ ਗੁਰੂ ਅਮਰਦਾਸ ਜੀ ਦੇ ਸਾਹਮਣੇ ਮੌਜੂਦ ਹੈ। ਇਹ ਖ਼ਿਆਲ ਗ਼ਲਤ ਹੈ ਕਿ ਭਗਤਾਂ ਦੇ ਸ਼ਬਦ ਗੁਰੂ ਅਰਜਨ ਸਾਹਿਬ ਨੇ ਇਕੱਠੇ ਕੀਤੇ ਸਨ।

ਨਾਮਦੇਵ ਜੀ ਦੇ ਇਸ ਸ਼ਬਦ ਵਿਚ ਕੁਝ ਐਸੇ ਲਫ਼ਜ਼ ਵਰਤੇ ਮਿਲਦੇ ਹਨ ਜੋ ਗੁਰਬਾਣੀ ਨੂੰ ਖੋਜ ਵਿਚਾਰ ਕੇ ਪੜ੍ਹਨ ਵਾਲਿਆਂ ਲਈ ਬੜੇ ਸੁਆਦਲੇ ਹਨ। ਬੰਦ ਨੂੰ: ੩ ਵਿਚ ਨਾਮਦੇਵ ਜੀ ਲਿਖਦੇ ਹਨ "ਰਾਜਾ ਰਾਮਿ ਮਾਇਆ ਫੇਰੀ" । ਪ੍ਰਹਿਲਾਦ ਜੀ ਦੀ ਸਾਖੀ ਸਤਜੁਗ ਦੇ ਸਮੇ ਦੀ ਦੱਸੀ ਜਾਂਦੀ ਹੈ, ਸ੍ਰੀ ਰਾਮ ਅਵਤਾਰ ਤ੍ਰੇਤੇ ਜੁਗ ਵਿਚ ਹੋਏ, ਇਹ ਸਾਖੀ ਸ੍ਰੀ ਰਾਮ ਚੰਦਰ ਜੀ ਤੋਂ ਪਹਿਲਾਂ ਦੀ ਹੈ। ਸੋ, ਲਫ਼ਜ਼ "ਰਾਜਾ ਰਾਮਿ" ਸ੍ਰੀ ਰਾਮ ਚੰਦਰ ਜੀ ਵਾਸਤੇ ਨਹੀਂ ਹੈ। ਇਹੀ ਲਫ਼ਜ਼ ਭਗਤ ਰਵਿਦਾਸ ਜੀ ਨੇ ਭੀ ਕਈ ਵਾਰੀ ਵਰਤਿਆ ਹੈ, ਨਿਰੀ ਇਤਨੀ ਵਰਤੋਂ ਤੋਂ ਹੀ ਇਹ ਖ਼ਿਆਲ ਬਣਾ ਲੈਣਾ ਭਾਰੀ ਉਕਾਈ ਹੈ ਕਿ ਰਵਿਦਾਸ ਜੀ ਸ੍ਰੀ ਰਾਮ ਚੰਦਰ ਜੀ ਦੇ ਉਪਾਸ਼ਕ ਸਨ।

ਬੰਦ ਨੂੰ: ੪ ਵਿਚ ਉਸੇ "ਰਾਜਾ ਰਾਮ" ਬਾਬਤ ਨਾਮਦੇਵ ਜੀ ਅਖਦੇ ਹਨ "ਪੀਤ ਪੀਤਾਂਬਰ ਤ੍ਰਿਭਵਣ ਧਣੀ, ਥੰਭ ਮਾਹਿ ਹਰਿ ਭਾਖੈ"। ਲਫ਼ਜ਼ "ਪੀਤਾਂਬਰ" ਕ੍ਰਿਸ਼ਨ ਜੀ ਦਾ ਨਾਮ ਹੈ। ਪਰ ਭਗਤ ਨਾਮਦੇਵ ਜੀ ਇੱਥੇ ਕ੍ਰਿਸ਼ਨ ਜੀ ਦਾ ਜ਼ਿਕਰ ਨਹੀਂ ਕਰ ਰਹੇ। ਕ੍ਰਿਸ਼ਨ ਜੀ ਦੁਆਪਰ ਵਿਚ ਹੋਏ, ਸ੍ਰੀ ਰਾਮ ਚੰਦਰ ਜੀ ਤੋਂ ਭੀ ਪਿਛੋਂ । ਤੇ ਇਹ ਸਾਖੀ ਸਤਜੁਗ ਦੀ ਹੈ। ਜਿਵੇਂ ਇਸ ਸ਼ਬਦ ਦੇ ਲਫ਼ਜ਼ "ਪੀਤਾਂਬਰ" ਤੋਂ ਇਹ ਫ਼ੈਸਲਾ ਦੇ ਦੇਣਾ ਭਾਰੀ ਉਕਾਈ ਹੈ ਕਿ ਨਾਮਦੇਵ ਜੀ ਕ੍ਰਿਸ਼ਨ ਜੀ ਦੇ ਉਪਾਸ਼ਕ ਸਨ, ਤਿਵੇਂ ਉਹਨਾਂ ਦੇ ਵਰਤੇ ਲਫ਼ਜ਼ "ਬੀਠੁਲ" ਤੋਂ ਉਹਨਾਂ ਨੂੰ ਕ੍ਰਿਸ਼ਨ ਜੀ ਦੀ ਬੀਠੁਲ-ਮੂਰਤੀ ਦਾ ਪੁਜਾਰੀ ਸਮਝ ਲੈਣਾ ਵੱਡੀ ਭੁੱਲ ਹੈ। ਨਾਮਦੇਵ ਜੀ ਦੇ ਕਿਸੇ ਭੀ ਸ਼ਬਦ ਤੋਂ ਇਹ ਜ਼ਾਹਰ ਨਹੀਂ ਹੁੰਦਾ ਕਿ ਉਹਨਾਂ ਕਦੇ ਕਿਸੇ ਬੀਠੁਲ-ਮੂਰਤੀ ਦੀ ਪੂਜਾ ਕੀਤੀ।

ਸੁਲਤਾਨੁ ਪੂਛੈ, ਸੁਨੁ ਬੇ ਨਾਮਾ ॥ ਦੇਖਉ ਰਾਮ ਤੁਮ੍ਹਾਰੇ ਕਾਮਾ ॥ ੧ ॥ ਨਾਮਾ ਸੁਲਤਾਨੇ ਬਾਧਿਲਾ ॥ ਦੇਖਉ ਤੇਰਾ ਹਰਿ ਬੀਠੁਲਾ ॥ ੧ ॥ ਰਹਾਉ ॥ ਬਿਸਮਿਲ ਗਊ ਦੇਹੁ ਜੀਵਾਇ ॥ ਨਾਤਰੁ ਗਰਦਨਿ ਮਾਰਉ ਠਾਂਇ ॥ ੨ ॥ ਬਾਦਿਸਾਹ, ਐਸੀ ਕਿਉ ਹੋਇ ॥ ਬਿਸਮਿਲਿ ਕੀਆ ਨ ਜੀਵੈ ਕੋਇ ॥ ੩ ॥ ਮੇਰਾ ਕੀਆ ਕਛੂ ਨ ਹੋਇ ॥ ਕਰਿਹੈ ਰਾਮੁ, ਹੋਇ ਹੈ ਸੋਇ ॥ ੪ ॥ ਬਾਦਿਸਾਹੁ ਚੜ੍ਹਿਓ ਅਹੰਕਾਰਿ ॥ ਗਜ ਹਸਤੀ ਦੀਨੋ ਚਮਕਾਰਿ ॥ ੫ ॥ ਰੁਦਨੁ ਕਰੈ ਨਾਮੇ ਕੀ ਮਾਇ ॥ ਛੋਡਿ ਰਾਮ ਕੀ ਨ ਭਜਹਿ ਖੁਦਾਇ ॥ ੬ ॥ ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ ॥ ਪਿੰਡੁ ਪੜੈ ਤਉ ਹਰਿ ਗੁਨ ਗਾਇ ॥ ੭ ॥ ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥ ੮ ॥ ਕਾਜੀ ਮੁਲਾਂ ਕਰਹਿ ਸਲਾਮੁ ॥ ਇਨਿ ਹਿੰਦੂ ਮੇਰਾ ਮਲਿਆ ਮਾਨੁ ॥ ੯ ॥ ਬਾਦਿਸਾਹ, ਬੇਨਤੀ ਸੁਨੇਹੁ ॥ ਨਾਮੇ ਸਰ ਭਰਿ ਸੋਨਾ ਲੇਹੁ ॥ ੧੦ ॥ ਮਾਲੁ ਲੇਉ ਤਉ ਦੋਜਕਿ ਪਰਉ ॥ ਦੀਨੁ ਛੋਡਿ ਦੁਨੀਆ ਕਉ ਭਰਉ ॥ ੧੧ ॥ ਪਾਵਹੁ ਬੇੜੀ ਹਾਥਹੁ ਤਾਲ ॥ ਨਾਮਾ ਗਾਵੈ ਗੁਨ ਗੋਪਾਲ ॥ ੧੨ ॥ ਗੰਗ ਜਮੁਨ ਜਉ ਉਲਟੀ ਬਹੈ ॥ ਤਉ ਨਾਮਾ ਹਰਿ ਕਰਤਾ ਰਹੈ ॥ ੧੩ ॥ ਸਾਤ ਘੜੀ ਜਬ ਬੀਤੀ ਸੁਣੀ ॥ ਅਜਹੁ ਨ ਆਇਓ ਤ੍ਰਿਭਵਣ ਧਣੀ ॥ ੧੪ ॥ ਪਾਖੰਤਣ ਬਾਜ ਬਜਾਇਲਾ ॥ ਗਰੁੜ ਚੜ੍ਹੇ ਗੋਬਿੰਦੁ ਆਇਲਾ ॥ ੧੫ ॥ ਅਪਨੇ ਭਗਤ ਪਰਿ ਕੀ ਪ੍ਰਤਿਪਾਲ ॥ ਗਰੁੜ ਚੜ੍ਹੇ ਆਏ ਗੋਪਾਲ ॥ ੧੬ ॥ ਕਹਹਿ ਤ ਧਰਣਿ ਇਕੋਡੀ ਕਰਉ ॥ ਕਹਹਿ ਤ ਲੇਕਰਿ ਊਪਰਿ ਧਰਉ ॥ ੧੭ ॥ ਕਹਹਿ ਤ ਮੁਈ ਗਊ ਦੇਉ ਜੀਆਇ ॥ ਸਭੁ ਕੋਈ ਦੇਖੈ ਪਤੀਆਇ ॥ ੧੮ ॥ ਨਾਮਾ ਪ੍ਰਣਵੈ ਸੇਲਮ ਸੇਲ ॥ ਗਊ ਦੁਹਾਈ ਬਛਰਾ ਮੇਲਿ ॥ ੧੯ ॥ ਦੂਧਹਿ ਦੁਹਿ ਜਬ ਮਟੁਕੀ ਭਰੀ ॥ ਲੇ ਬਾਦਿਸਾਹ ਕੇ ਆਗੇ ਧਰੀ ॥ ੨੦ ॥ ਬਾਦਿਸਾਹੁ ਮਹਲ ਮਹਿ ਜਾਇ ॥ ਅਉਘਟ ਕੀ ਘਟ ਲਾਗੀ ਆਇ ॥ ੨੧ ॥ ਕਾਜੀ ਮੁਲਾਂ ਬਿਨਤੀ ਫੁਰਮਾਇ ॥ ਬਖਸੀ, ਹਿੰਦੂ, ਮੈ ਤੇਰੀ ਗਾਇ ॥ ੨੨ ॥ ਨਾਮਾ ਕਹੈ ਸੁਨਹੁ ਬਾਦਿਸਾਹ ॥ ਇਹੁ ਕਿਛੁ ਪਤੀਆ ਮੁਝੈ ਦਿਖਾਇ ॥ ੨੩ ॥ ਇਸ ਪਤੀਆ

ਕਾ ਇਹੋ ਪਰਵਾਨ ॥ ਸਾਚਿ ਸੀਲਿ ਚਾਲਹੁ ਸੁਲਿਤਾਨ ॥ ੨੪ ॥ ਨਾਮਦੇਉ ਸਭੁ ਰਹਿਆ ਸਮਾਇ ॥ ਮਿਲਿ ਹਿੰਦੂ ਸਭ ਨਾਮੇ ਪਹਿ ਜਾਹਿ ॥ ੨੫ ॥ ਜਉ ਅਬ ਕੀ ਬਾਰ ਨ ਜੀਵੈ ਗਾਇ ॥ ਤ ਨਾਮਦੇਵ ਕਾ ਪਤੀਆ ਜਾਇ ॥ ੨੬ ॥ ਨਾਮੇ ਕੀ ਕੀਰਤਿ ਰਹੀ ਸੰਸਾਰਿ ॥ ਭਗਤ ਜਨਾਂ ਲੇ ਉਧਰਿਆ ਪਾਰਿ ॥ ੨੭ ॥ ਸਗਲ ਕਲੇਸ ਨਿੰਦਕ ਭਇਆ ਖੇਦੁ ॥ ਨਾਮੇ ਨਾਰਾਇਨ ਨਾਹੀ ਭੇਦੁ ॥ ੨੮ ॥ ੧ ॥ ੧੦ ॥

ਪਦ ਅਰਥ :–ਬੇ–ਹੇ ! ਦੇਖਉ–ਮੈਂ ਵੇਖਾਂ, ਮੈਂ ਵੇਖਣੇ ਚਾਹੁੰਦਾ ਹਾਂ ।੧।

ਸੁਲਤਾਨੈ–ਸੁਲਤਾਨ ਨੇ । ਬਾਧਿਆ–ਬੰਨ੍ਹ ਲਿਆ । ਬੀਠੁਲਾ–ਮਾਇਆ ਤੋਂ ਰਹਿਤ, ਪ੍ਰਭੂ । ੧ । ਰਹਾਉ ।

ਬਿਸਮਿਲਿ–ਮੋਈ ਹੋਈ । ਨਾਤਰ–ਨਹੀਂ ਤਾਂ । ਠਾਇ–ਇਸੇ ਥਾਂ, ਹੁਣੇ ਹੀ । ੨ ।

ਬਾਦਿਸਾਹ–ਹੇ ਬਾਦਸ਼ਾਹ ! ੩ ।

ਅਹੰਕਾਰਿ–ਅਹੰਕਾਰ ਵਿਚ । ਚਮਕਾਰਿ ਦੀਨੋ–ਪ੍ਰੇਰ ਦਿੱਤਾ, ਉਕਸਾਇਆ । ੫ ।

ਕੀ ਨ–ਕਿਉਂ ਨਹੀਂ ? ੬ ।

ਪੂੰਗੜਾ–ਬੱਚਾ । ਪਿੰਡੁ ਪੜੈ–ਜੇ ਸਰੀਰ ਭੀ ਨਾਸ ਹੋ ਜਾਏ । ੭ ।

ਗਜਿੰਦੁ–ਹਾਥੀ, ਵੱਡਾ ਹਾਥੀ । ਉਬਰੈ–ਬਚ ਗਿਆ । ੮ ।

ਇਨਿ–ਇਸ ਨੇ । ਮਲਿਆ–ਤੋੜ ਦਿੱਤਾ ਹੈ । ੯ ।

ਸਰ ਭਰਿ–ਤੋਲ ਬਰਾਬਰ । ੧੦ ।

ਮਾਲੁ–ਵੱਢੀ ਦਾ ਧਨ । ਭਰਉ–ਇਕੱਠੀ ਕਰਾਂ । ੧੧ ।

ਪਾਵਹੁ–ਪੈਰਾਂ ਵਿਚ । ਹਾਥਹੁ–ਹੱਥਾਂ ਨਾਲ । ੧੨ ।

ਤ੍ਰਿਭਵਣ ਧਨੀ–ਤ੍ਰਿਲੋਕੀ ਦਾ ਮਾਲਕ ਪ੍ਰਭੂ । ੧੪ ।

ਪਾਖੰਤਣ–ਖੰਭ । ਬਾਜ–ਵਾਜਾ । ਬਜਾਇਲਾ–ਵਜਾਇਆ । ਆਇਲਾ–ਆਇਆ । ੧੫ ।

ਪਰਿ–ਉੱਤੇ । ੧੬ ।

ਕਹਹਿ–ਜੇ ਤੂੰ ਆਖੇਂ । ਇਕੋੜੀ–ਟੇਢੀ, ਪੁੱਠੀ । ਲੇ ਕਰਿ–ਫੜ ਕੇ । ਊਪਰਿ ਧਰਉ–ਮੈਂ ਟੰਗ ਦਿਆਂ । ੧੭ ।

ਪਤੀਆਇ–ਪਰਤਾ ਕੇ, ਤਸੱਲੀ ਕਰ ਕੇ । ੧੮ ।

ਸੇਲਮ–(ਅ:) ਸਲਮ, ਬੰਨ੍ਹਣਾ (ਰੱਸੀ ਨਾਲ) । ਸੋਝ–(ਫਾ:) ਸੂਲ,ਖੁਰ, ਪਿਛਲੇ

ਪੈਰ । ੧੯ ।

ਦੁਹਿ—ਚੋ ਕੇ । ੨੦ ।

ਅਉਘਟ ਕੀ ਘਟ—ਔਖੀ ਘੜੀ । ੨੧ ।

ਫੁਰਮਾਇ—ਹੁਕਮ ਕਰ । ਬਖਸੀ—ਮੈਨੂੰ ਬਖ਼ਸ਼ । ਹਿੰਦੂ—ਹੇ ਹਿੰਦੂ ! ੨੨ ।

ਪਤੀਆ—ਤਸੱਲੀ । ੨੩ ।

ਪਰਵਾਨ—ਮਾਪ, ਅੰਦਾਜ਼ਾ । ਸਾਚਿ—ਸੱਚ ਵਿਚ । ਸੀਲਿ—ਚੰਗੇ ਸੁਭਾਉ ਵਿਚ । ੨੪ ।

ਸਭੁ—ਹਰ ਥਾਂ, ਘਰ ਘਰ ਵਿਚ । ੨੫ ।

ਰਹੀ—ਕਾਇਮ ਹੋ ਗਈ । ਸੰਸਾਰਿ—ਸੰਸਾਰ ਵਿਚ । ੨੭ ।

ਖੇਦੁ—ਦੁੱਖ । ੨੮ ।

ਅਰਥ:—(ਮੁਹੰਮਦ-ਬਿਨ-ਤੁਗ਼ਲਕ) ਬਾਦਸ਼ਾਹ ਪੁੱਛਦਾ ਹੈ—ਹੇ ਨਾਮੇ ! ਸੁਣ, ਮੈਂ ਤੇਰੇ ਰਾਮ ਦੇ ਕੰਮ ਵੇਖਣੇ ਚਾਹੁੰਦਾ ਹਾਂ । ੧ ।

ਬਾਦਸ਼ਾਹ ਨੇ ਮੈਨੂੰ (ਨਾਮੇ ਨੂੰ) ਬੰਨ੍ਹ ਲਿਆ (ਤੇ ਆਖਣ ਲੱਗਾ—) ਮੈਂ ਤੇਰਾ ਹਰੀ, ਤੇਰਾ ਬੀਠੁਲ, ਵੇਖਣਾ ਚਾਹੁੰਦਾ ਹਾਂ । ੧ । ਰਹਾਉ ।

(ਮੇਰੀ ਇਹ) ਮੋਈ ਹੋਈ ਗਾਂ ਜਿਵਾਲ ਦੇਹ, ਨਹੀਂ ਤਾਂ ਤੈਨੂੰ ਭੀ ਇਥੇ ਹੀ (ਹੁਣੇ ਹੀ) ਮਾਰ ਦਿਆਂਗਾ । ੨ ।

(ਮੈਂ ਆਖਿਆ—) ਬਾਦਸ਼ਾਹ ! ਅਜਿਹੀ ਗੱਲ ਕਿਵੇਂ ਹੋ ਸਕਦੀ ਹੈ ? ਕਦੇ ਕੋਈ ਮੋਇਆ ਹੋਇਆ ਮੁੜ ਨਹੀਂ ਜੀਵਿਆ । ੩ ।

(ਤੇ ਇਕ ਹੋਰ ਗੱਲ ਭੀ ਹੈ) ਉਹੀ ਕੁਝ ਹੁੰਦਾ ਹੈ ਜੋ ਪਰਮਾਤਮਾ ਕਰਦਾ ਹੈ, ਮੇਰਾ ਕੀਤਾ ਕੁਝ ਨਹੀਂ ਹੋ ਸਕਦਾ । ੪ ।

ਬਾਦਸ਼ਾਹ (ਇਹ ਉੱਤਰ ਸੁਣ ਕੇ) ਅਹੰਕਾਰ ਵਿਚ ਆਇਆ, ਉਸ ਨੇ (ਮੇਰੇ ਉੱਤੇ) ਇਕ ਵੱਡਾ ਹਾਥੀ ਚਮਕਾ ਕੇ ਚਾੜ੍ਹ ਦਿੱਤਾ । ੫ ।

(ਮੇਰੀ) ਨਾਮੇ ਦੀ ਮਾਂ ਰੋਣ ਲੱਗ ਪਈ (ਤੇ ਆਖਣ ਲੱਗੀ—ਹੇ ਬੱਚਾ !) ਤੂੰ ਰਾਮ ਛੱਡ ਕੇ ਖ਼ੁਦਾ ਖ਼ੁਦਾ ਕਿਉਂ ਨਹੀਂ ਆਖਣ ਲੱਗ ਪੈਂਦਾ ? ੬ ।

(ਮੈਂ ਉੱਤਰ ਦਿੱਤਾ—) ਨਾ ਮੈਂ ਤੇਰਾ ਪੁੱਤਰ ਹਾਂ, ਨਾ ਤੂੰ ਮੇਰੀ ਮਾਂ ਹੈਂ; ਜੇ ਮੇਰਾ ਸਰੀਰ ਭੀ ਨਾਸ ਹੋ ਜਾਏ, ਤਾਂ ਭੀ ਨਾਮਾ ਹਰੀ ਦੇ ਗੁਣ ਗਾਂਦਾ ਰਹੇਗਾ । ੭ ।

ਹਾਥੀ ਆਪਣੀ ਸੁੰਡ ਦੀ ਚੋਟ ਕਰਦਾ ਹੈ, ਪਰ ਨਾਮਾ ਬਚ ਨਿਕਲਦਾ ਹੈ; ਨਾਮੇ ਨੂੰ ਪਰਮਾਤਮਾ ਦਾ ਆਸਰਾ ਹੈ । ੮ ।

(ਬਾਦਸ਼ਾਹ ਸੋਚਦਾ ਹੈ–) ਮੈਨੂੰ (ਮੇਰੇ ਮਜ਼ਹਬ ਦੇ ਆਗੂ) ਕਾਜ਼ੀ ਤੇ ਮੌਲਵੀ ਤਾਂ ਸਲਾਮ ਕਰਦੇ ਹਨ, ਪਰ ਇਸ ਹਿੰਦੂ ਨੇ ਮੇਰਾ ਮਾਣ ਤੋੜ ਦਿੱਤਾ ਹੈ। ੯।

(ਹਿੰਦੂ ਲੋਕ ਰਲ ਕੇ ਆਏ, ਤੇ ਆਖਣ ਲੱਗੇ,) ਹੇ ਬਾਦਸ਼ਾਹ ! ਅਸਾਡੀ ਅਰਜ਼ ਸੁਣ, ਨਾਮਦੇਵ ਨਾਲ ਸਾਵਾਂ ਤੋਲ ਕੇ ਸੋਨਾ ਲੈ ਲੈ (ਤੇ ਇਸ ਨੂੰ ਛੱਡ ਦੇ)। ੧੦।

(ਉਸ ਨੇ ਉੱਤਰ ਦਿੱਤਾ) ਜੇ ਮੈਂ ਵੱਢੀ ਲਵਾਂ ਤਾਂ ਦੋਜ਼ਕ ਵਿਚ ਪੈਂਦਾ ਹਾਂ,(ਕਿਉਂਕਿ ਇਸ ਤਰ੍ਹਾਂ ਤਾਂ) ਮੈਂ ਮਜ਼ਹਬ ਛੱਡ ਕੇ ਦੌਲਤ ਇਕੱਠੀ ਕਰਦਾ ਹਾਂ। ੧੧।

ਨਾਮਦੇਵ ਦੇ ਪੈਰਾਂ ਵਿਚ ਬੇੜੀਆਂ ਹਨ, ਪਰ ਫਿਰ ਭੀ ਉਹ ਹੱਥਾਂ ਨਾਲ ਤਾਲ ਦੇ ਦੇ ਕੇ ਪਰਮਾਤਮਾ ਦੇ ਗੁਣ ਗਾਂਦਾ ਹੈ। ੧੨।

ਜੇ ਗੰਗਾ ਤੇ ਜਮਨਾ ਉਲਟੀਆਂ ਭੀ ਵਗਣ ਲੱਗ ਪੈਣ, ਤਾਂ ਭੀ ਨਾਮਾ ਹਰੀ ਦੇ ਗੁਣ ਗਾਂਦਾ ਰਹੇਗਾ (ਤੇ ਦਬਾਉ ਵਿਚ ਆ ਕੇ ਖ਼ੁਦਾ ਖ਼ੁਦਾ ਨਹੀਂ ਆਖੇਗਾ)। ੧੩।

(ਬਾਦਸ਼ਾਹ ਨੇ ਗਾਂ ਜਿਵਾਲਣ ਲਈ ਇਕ ਪਹਿਰ ਮੁਹਲਤ ਦਿੱਤੀ ਹੋਈ ਸੀ) ਜਦੋਂ (ਘੜਿਆਲ ਤੇ) ਸੱਤ ਘੜੀਆਂ ਗੁਜ਼ਰੀਆਂ ਸੁਣੀਆਂ, ਤਾਂ (ਮੈਂ ਨਾਮੇ ਨੇ ਸੋਚਿਆ ਕਿ) ਅਜੇ ਤਕ ਭੀ ਤ੍ਰਿਲੋਕੀ ਦਾ ਮਾਲਕ ਪ੍ਰਭੂ ਨਹੀਂ ਆਇਆ। ੧੪।

(ਬੱਸ ! ਉਸੇ ਵੇਲੇ) ਖੰਭਾਂ ਦੇ ਫੜਕਣ ਦਾ ਖੜਾਕ ਆਇਆ, ਵਿਸ਼ਨੂੰ ਭਗਵਾਨ ਗਰੁੜ ਤੇ ਚੜ੍ਹ ਕੇ ਆ ਗਿਆ। ੧੫।

ਪ੍ਰਭੂ ਜੀ ਗਰੁੜ ਤੇ ਚੜ੍ਹ ਕੇ ਆ ਗਏ, ਤੇ ਉਹਨਾਂ ਆਪਣੇ ਭਗਤ ਦੀ ਰੱਖਿਆ ਕਰ ਲਈ। ੧੬।

(ਗੋਪਾਲ ਨੇ ਆਖਿਆ–ਹੇ ਨਾਮਦੇਵ !) ਜੇ ਤੂੰ ਆਖੇਂ ਤਾਂ ਮੈਂ ਧਰਤੀ ਟੇਢੀ ਕਰ ਦਿਆਂ, ਜੇ ਤੂੰ ਆਖੇਂ ਤਾਂ ਇਸ ਨੂੰ ਫੜ ਕੇ ਉਲਟਾ ਦਿਆਂ, ਜੇ ਤੂੰ ਆਖੇਂ ਤਾਂ ਮੋਈ ਹੋਈ ਗਾਂ ਜਿਵਾਲ ਦਿਆਂ, ਤੇ ਇੱਥੇ ਹਰੇਕ ਜਣਾ ਤਸੱਲੀ ਨਾਲ ਵੇਖ ਲਏ। ੧੭, ੧੮।

(ਗੋਪਾਲ ਦੀ ਇਸ ਕਿਰਪਾ ਤੇ) ਮੈਂ ਨਾਮੇ ਨੇ (ਉਹਨਾਂ ਲੋਕਾਂ ਨੂੰ) ਬੇਨਤੀ ਕੀਤੀ –(ਗਊ ਨੂੰ) ਨਿਆਣਾ ਪਾ ਦਿਉ। (ਤਾਂ ਉਹਨਾਂ) ਵੱਛਾ ਛੱਡ ਕੇ ਗਾਂ ਚੋ ਲਈ।੧੯।

ਦੁੱਧ ਚੋ ਕੇ ਜਦੋਂ ਉਹਨਾਂ ਮਟਕੀ ਭਰ ਲਈ ਤਾਂ ਉਹ ਲੈ ਕੇ ਬਾਦਸ਼ਾਹ ਦੇ ਅੱਗੇ ਰੱਖ ਦਿੱਤੀ। ੨੦।

ਬਾਦਸ਼ਾਹ ਮਹਲਾਂ ਵਿਚ ਚਲਾ ਗਿਆ (ਤੇ ਉੱਥੇ ਉਸ ਉੱਤੇ) ਔਖੀ ਘੜੀ ਆ ਗਈ (ਭਾਵ, ਉਹ ਸਹਿਮ ਗਿਆ)। ਆਪਣੇ ਕਾਜ਼ੀਆਂ ਤੇ ਮੌਲਵੀਆਂ ਦੀ ਰਾਹੀਂ ਉਸ ਨੇ ਬੇਨਤੀ (ਕਰ ਘੱਲੀ)–ਹੇ ਹਿੰਦੂ ! ਮੈਨੂੰ ਹੁਕਮ ਕਰ (ਜੋ ਹੁਕਮ ਤੂੰ ਦੇਵੇਂਗਾ ਮੈਂ ਕਰਾਂਗਾ), ਮੈਨੂੰ ਬਖ਼ਸ਼, ਮੈਂ ਤੇਰੀ ਗਾਂ ਹਾਂ। ੨੧, ੨੨।

ਨਾਮਾ ਆਖਦਾ ਹੈ–ਹੇ ਬਾਦਸ਼ਾਹ ! ਸੁਣ, ਮੈਨੂੰ ਇਕ ਤਸੱਲੀ ਦਿਵਾ ਦੇਹ; ਇਸ

ਇਕਰਾਰ ਦਾ ਮਾਪ ਇਹ ਹੋਵੇਗਾ ਕਿ ਹੇ ਬਾਦਸ਼ਾਹ ! ਤੂੰ (ਅਗਾਹ ਨੂੰ) ਸੱਚ ਵਿਚ ਤੁਰੇਂ, ਚੰਗੇ ਸੁਭਾਉ ਵਿਚ ਰਹੇਂ। ੨੩, ੨੪।

(ਇਹ ਕੌਤਕ ਸੁਣ ਵੇਖ ਕੇ) ਘਰ ਘਰ ਵਿਚ ਨਾਮਦੇਵ ਦੀਆਂ ਗੱਲਾਂ ਹੋਣ ਲੱਗ ਪਈਆਂ, (ਨਗਰ ਦੇ) ਸਾਰੇ ਹਿੰਦੂ ਰਲ ਕੇ ਨਾਮਦੇਵ ਪਾਸ ਆਏ (ਤੇ ਆਖਣ ਲੱਗੇ–) ਜੇ ਐਤਕੀਂ ਗਾਂ ਨਾ ਜੀਊਂਦੀ ਤਾਂ ਨਾਮਦੇਵ ਦਾ ਇਤਬਾਰ ਜਾਂਦਾ ਰਹਿਣਾ ਸੀ। ੨੫, ।੨੬।

ਪਰ ਪ੍ਰਭੂ ਨੇ ਆਪਣੇ ਭਗਤਾਂ ਨੂੰ, ਆਪਣੇ ਸੇਵਕਾਂ ਨੂੰ ਚਰਨੀਂ ਲਾ ਕੇ ਪਾਰ ਕਰ ਦਿੱਤਾ ਹੈ, ਨਾਮਦੇਵ ਦੀ ਸੋਭਾ ਜਗਤ ਵਿਚ ਬਣੀ ਰਹੀ ਹੈ;(ਇਹ ਸੋਭਾ ਸੁਣ ਕੇ) ਨਿੰਦਕਾਂ ਨੂੰ ਬੜੇ ਕਲੇਸ਼ ਤੇ ਬੜਾ ਦੁੱਖ ਹੋਇਆ ਹੈ (ਕਿਉਂਕਿ ਉਹ ਇਹ ਨਹੀਂ ਜਾਣਦੇ ਕਿ) ਨਾਮਦੇਵ ਅਤੇ ਪਰਮਾਤਮਾ ਵਿਚ ਕੋਈ ਵਿੱਥ ਨਹੀਂ ਰਹਿ ਗਈ।੨੭, ੨੮। ੧।੧੦।

ਨੋਟ:–ਇਸੇ ਹੀ ਰਾਗ ਦੇ ਸ਼ਬਦ ਨੰ: ੬ ਦੀ ਅਖ਼ੀਰਲੀ ਤੁਕ ਵਿਚ ਲਫ਼ਜ਼ "ਭਗਤ ਜਨਾਂ" ਆਏ ਹਨ, ਇੱਥੇ ਭੀ ਬੰਦ ਨੰ: ੨੭ ਵਿਚ ਇਹੀ ਲਫ਼ਜ਼ ਹਨ। ਦੋਹੀਂ ਥਾਈਂ ਨਾਮਦੇਵ ਜੀ ਆਪਣੀ ਹੱਡ-ਬੀਤੀ ਸੁਣਾ ਕੇ ਆਮ ਅਸੂਲ ਦੀ ਗੱਲ ਸੁਣਾਉਂਦੇ ਹਨ ਕਿ ਪ੍ਰਭੂ ਆਪਣੇ ਭਗਤਾਂ ਦੀ ਲਾਜ ਰੱਖਦਾ ਹੈ।

ਨੋਟ–ਬੰਦ ਨੰ: ੧੪, ੧੫, ੧੬ ਵਿਚ ਨਾਮਦੇਵ ਜੀ ਪਰਮਾਤਮਾ ਦਾ ਇਹ ਸਰੂਪ ਨਿਰੋਲ ਪੁਰਾਣਾਂ ਅਨੁਸਾਰ ਹਿੰਦੂਆਂ ਵਾਲਾ ਦੱਸਦੇ ਹਨ, ਕਿਉਂਕਿ ਇਕ ਮੁਸਲਮਾਨ ਬਾਦਸ਼ਾਹ ਜਾਨੋਂ ਮਾਰਨ ਦੇ ਡਰਾਵੇ ਦੇਂਦਾ ਹੈ ਤੇ ਚਾਹੁੰਦਾ ਹੈ ਕਿ ਨਾਮਦੇਵ ਮੁਸਲਮਾਨ ਬਣ ਜਾਏ। ਨਾਮਦੇਵ ਜੀ ਦੀ ਮਾਂ ਸਮਝਾਉਂਦੀ ਭੀ ਹੈ, ਪਰ ਉਹ ਨਿਡਰ ਹਨ। ਉਂਞ ਨਾਮਦੇਵ ਜੀ ਪਰਮਾਤਮਾ ਦੇ ਕਿਸੇ ਖ਼ਾਸ ਸਰੂਪ ਦੇ ਪੁਜਾਰੀ ਨਹੀਂ ਹਨ। ਇਸੇ ਹੀ ਰਾਗ ਦੇ ਅਖ਼ੀਰਲੇ ਸ਼ਬਦ ਵਿਚ ਵੇਖੋ, ਪਰਮਾਤਮਾ ਨੂੰ "ਅਬਦਾਲੀ" ਆਖ ਕੇ ਕਹਿੰਦੇ ਹਨ ਕਿ ਮੇਰੇ ਛੈਣੇ ਤੂੰ ਹੀ ਖੁਹਾਏ ਸਨ। ਜਿਥੇ ਹਿੰਦੂ ਆਪਣੀ ਉੱਚੀ ਜਾਤ ਦੇ ਮਾਣ ਤੇ ਨਾਮਦੇਵ ਨੂੰ ਮੰਦਰੋਂ ਬਾਹਰ ਕੱਢਦੇ ਹਨ, ਉੱਥੇ ਨਾਮਦੇਵ ਜੀ ਪ੍ਰਭੂ ਨੂੰ "ਕਲੰਦਰ, ਅਬਦਾਲੀ" ਆਖ ਕੇ ਮੁਸਲਮਾਨੀ ਪਹਿਰਾਵੇ ਤੇ ਮੁਸਲਮਾਨੀ ਲਫ਼ਜ਼ਾਂ ਵਿਚ ਯਾਦ ਕਰਦੇ ਹਨ।

ਸ਼ਬਦ ਦਾ ਭਾਵ: ਸਿਮਰਨ ਕਰਨ ਵਾਲਿਆਂ ਨੂੰ ਕੋਈ ਡਰ ਪੋਹ ਨਹੀਂ ਸਕਦਾ।

ਘਰੁ ੨॥ ਜਉ ਗੁਰਦੇਉ ਤ ਮਿਲੈ ਮੁਰਾਰਿ॥ ਜਉ ਗੁਰਦੇਉ ਤ ਉਤਰੈ ਪਾਰਿ॥ ਜਉ ਗੁਰਦੇਉ ਤ ਬੈਕੁੰਠ ਤਰੈ॥ ਜਉ ਗੁਰਦੇਉ ਤ ਜੀਵਤ ਮਰੈ॥ ੧॥ ਸਤਿ ਸਤਿ ਸਤਿ ਸਤਿ ਸਤਿ ਗੁਰਦੇਵ॥ ਝੂਠੁ ਝੂਠੁ ਝੂਠੁ ਝੂਠੁ

ਆਨ ਸਭ ਸੇਵ ॥ ੧ ॥ ਰਹਾਉ ॥ ਜਉ ਗੁਰਦੇਉ ਤ ਨਾਮੁ ਦ੍ਰਿੜਾਵੈ ॥ ਜਉ ਗੁਰਦੇਉ ਨ ਦਹਦਿਸ ਧਾਵੈ ॥ ਜਉ ਗੁਰਦੇਉ ਪੰਚ ਤੇ ਦੂਰਿ ॥ ਜਉ ਗੁਰਦੇਉ ਨ ਮਰਿਬੋ ਝੂਰਿ ॥ ੨ ॥ ਜਉ ਗੁਰਦੇਉ ਤ ਅੰਮ੍ਰਿਤ ਬਾਨੀ ॥ ਜਉ ਗੁਰਦੇਉ ਤ ਅਕਥ ਕਹਾਨੀ ॥ ਜਉ ਗੁਰਦੇਉ ਤ ਅੰਮ੍ਰਿਤ ਦੇਹ ॥ ਜਉ ਗੁਰਦੇਉ ਨਾਮੁ ਜਪਿ ਲੇਹਿ ॥ ੩ ॥ ਜਉ ਗੁਰਦੇਉ ਭਵਨ ਤ੍ਰੈ ਸੂਝੈ ॥ ਜਉ ਗੁਰਦੇਉ ਊਚ ਪਦ ਬੂਝੈ ॥ ਜਉ ਗੁਰਦੇਉ ਤ ਸੀਸੁ ਅਕਾਸਿ ॥ ਜਉ ਗੁਰਦੇਉ ਸਦਾ ਸਾਬਾਸਿ॥ ੪ ॥ ਜਉ ਗੁਰਦੇਉ ਸਦਾ ਬੈਰਾਗੀ ॥ ਜਉ ਗੁਰਦੇਉ ਪਰ ਨਿੰਦਾ ਤਿਆਗੀ॥ ਜਉ ਗੁਰਦੇਉ ਬੁਰਾ ਭਲਾ ਏਕ ॥ ਜਉ ਗੁਰਦੇਉ ਲਿਲਾਟਹਿ ਲੇਖ ॥ ੫ ॥ ਜਉ ਗੁਰਦੇਉ ਕੰਧੁ ਨਹੀ ਹਿਰੈ ॥ ਜਉ ਗੁਰਦੇਉ ਦੇਹੁਰਾ ਫਿਰੈ ॥ ਜਉ ਗੁਰਦੇਉ ਤ ਛਾਪਰਿ ਛਾਈ॥ ਜਉ ਗੁਰਦੇਉ ਸਿਹਜ ਨਿਕਸਾਈ ॥ ੬ ॥ ਜਉ ਗੁਰਦੇਉ ਤ ਅਠਸਠਿ ਨਾਇਆ ॥ ਜਉ ਗੁਰਦੇਉ ਤਨਿ ਚਕ੍ਰ ਲਗਾਇਆ ॥ ਜਉ ਗੁਰਦੇਉ ਤ ਦੁਆਦਸ ਸੇਵਾ॥ਜਉ ਗੁਰਦੇਉ ਸਭੈ ਬਿਖੁ ਮੇਵਾ ॥੭॥ ਜਉ ਗੁਰਦੇਉ ਤ ਸੰਸਾ ਟੂਟੈ ॥ ਜਉ ਗੁਰਦੇਉ ਤ ਜਮ ਤੇ ਛੂਟੈ ॥ ਜਉ ਗੁਰਦੇਉ ਤ ਭਉਜਲ ਤਰੈ ॥ ਜਉ ਗੁਰਦੇਉ ਤ ਜਨਮਿ ਨ ਮਰੈ ॥ ੮ ॥ ਜਉ ਗੁਰਦੇਉ ਅਠਦਸ ਬਿਉਹਾਰ ॥ ਜਉ ਗੁਰਦੇਉ ਅਠਾਰਹ ਭਾਰ ॥ ਬਿਨੁ ਗੁਰਦੇਉ ਅਵਰ ਨਹੀ ਜਾਈ ॥ ਨਾਮਦੇਉ ਗੁਰ ਕੀ ਸਰਣਾਈ ॥ ੯ ॥ ੧॥੨ ॥ ੧੧॥

ਪਦ ਅਰਥ:—ਸਤਿ—ਸਦਾ ਥਿਰ ਰਹਿਣ ਵਾਲੀ। ਗੁਰਦੇਵ—ਗੁਰੂ (ਦੀ ਸੇਵਾ)। ਆਨ—ਹੋਰ। ਰਹਾਉ।

ਦਹਦਿਸ—ਦਸੀਂ ਪਾਸੀਂ। ਪੰਚ—ਕਾਮਾਦਿਕ। ੨।

ਅਕਥ—ਉਸ ਪ੍ਰਭੂ ਦੀ ਜੋ ਬਿਆਨ ਨਹੀਂ ਹੋ ਸਕਦਾ। ਅੰਮ੍ਰਿਤ—ਪਵਿੱਤਰ। ਦੇਹ-ਸਰੀਰ। ੩।

ਸੀਸੁ—ਸਿਰ, ਦਿਮਾਗ਼, ਮਨ। ਅਕਾਸਿ—ਅਕਾਸ਼ ਵਿਚ, ਉੱਚੇ ਟਿਕਾਣੇ ਤੇ, ਪ੍ਰਭੂ-ਚਰਨਾਂ ਵਿਚ। ੪।

ਲਿਲਾਟਹਿ—ਮੱਥੇ ਉੱਤੇ। ੫।

ਕੰਧੁ—ਸਰੀਰ। ਨ ਹਿਰੈ—(ਕਾਮਾਦਿਕ ਕੋਈ ਭੀ) ਚੁਰਾਂਦਾ ਨਹੀਂ। ਛਾਪਰਿ—ਛੱਪਰੀ, ਛੰਨ, ਕੁੱਲੀ, ਘਰ। ਸਿਹਜ—ਮੰਜਾ, ਪਲੰਘ। ਨਿਕਸਾਈ—ਕੱਢ ਦਿੱਤੀ (ਨੋਟ:—ਬਾਦਸ਼ਾਹ ਨੇ ਜੋ ਮੰਜਾ ਨਾਮਦੇਵ ਨੂੰ ਦਿੱਤਾ ਸੀ, ਉਹ ਉਸ ਨੇ ਦਰਿਆ ਵਿਚ ਸੁੱਟ ਦਿੱਤਾ। ਸ਼ਾਹ

ਨੂੰ ਪਤਾ ਲੱਗਾ, ਉਸ ਨੇ ਕਿਹਾ ਕਿ ਵਾਪਸ ਕਰੋ। ਨਾਮਦੇਵ ਨੇ ਮੁੜ ਦਰਿਆ ਵਿਚੋਂ ਕੱਢ ਦਿੱਤਾ)। ੬।

ਅਠਸਠਿ—ਅਠਾਹਠ ਤੀਰਥ। ਤਨਿ—ਸਰੀਰ ਉੱਤੇ। ਦੁਆਦਸ ਸਿਵਾ—ਬਾਰਾਂ ਸ਼ਿਵ-ਲਿੰਗਾਂ ਦੀ ਪੂਜਾ। ੭।

ਅਠ ਦਸ—ਅਠਾਰਾਂ (ਸਿੰਮ੍ਰਿਤੀਆਂ ਦਾ ਦੱਸਿਆ ਹੋਇਆ)। ਅਠਾਰਹ ਭਾਰ—ਸਾਰੀ ਬਨਸਪਤੀ (ਦੇ ਪੱਤਰ, ਫੁੱਲ ਆਦਿਕ ਪੂਜਾ ਲਈ ਭੇਟ)। ਜਾਈ—ਥਾਂ। ੯।

ਅਰਥ:—ਹੋਰ ਸਭ (ਦੇਵਤਿਆਂ ਦੀ) ਸੇਵਾ-ਪੂਜਾ ਵਿਅਰਥ ਹੈ, ਵਿਅਰਥ ਹੈ, ਵਿਅਰਥ ਹੈ। ਇਹ ਯਕੀਨ ਜਾਣੋ ਕਿ ਗੁਰੂ ਦੀ ਸੇਵਾ ਹੀ ਸਦਾ ਥਿਰ ਰਹਿਣ ਵਾਲਾ ਉੱਦਮ ਹੈ। ੧। ਰਹਾਉ।

ਜੇ ਗੁਰੂ ਮਿਲ ਪਏ ਤਾਂ ਰੱਬ ਮਿਲ ਪੈਂਦਾ ਹੈ, (ਸੰਸਾਰ-ਸਮੁੰਦਰ ਤੋਂ ਮਨੁੱਖ) ਪਾਰ ਲੰਘ ਜਾਂਦਾ ਹੈ, (ਇੱਥੋਂ) ਤਰ ਕੇ ਬੈਕੁੰਠ ਵਿਚ ਜਾ ਅੱਪੜਦਾ ਹੈ, (ਦੁਨੀਆ ਵਿਚ) ਰਹਿੰਦੇ ਹੋਇਆਂ (ਵਿਕਾਰਾਂ ਵਲੋਂ ਉਸ ਦਾ ਮਨ) ਮਰਿਆ ਰਹਿੰਦਾ ਹੈ। ੧।

ਜੇ ਗੁਰੂ ਮਿਲ ਪਏ ਤਾਂ ਉਹ ਨਾਮ ਜਪਣ ਦਾ ਸੁਭਾਉ ਪਕਾ ਦੇਂਦਾ ਹੈ, (ਫਿਰ ਮਨ) ਦਸੀਂ ਪਾਸੀਂ ਦੌੜਦਾ ਨਹੀਂ, ਪੰਜ ਕਾਮਾਦਿਕਾਂ ਤੋਂ ਬਚਿਆ ਰਹਿੰਦਾ ਹੈ, (ਚਿੰਤਾ ਫਿਕਰਾਂ ਵਿਚ) ਝੁਰ ਝੁਰ ਕੇ ਨਹੀਂ ਖਪਦਾ। ੨।

ਜੇ ਗੁਰੂ ਮਿਲ ਪਏ ਤਾਂ ਮਨੁੱਖ ਦੇ ਬੋਲ ਮਿੱਠੇ ਹੋ ਜਾਂਦੇ ਹਨ, ਅਕੱਥ ਪ੍ਰਭੂ ਦੀਆਂ ਗੱਲਾਂ ਕਰਨ ਲੱਗ ਪੈਂਦਾ ਹੈ, ਸਰੀਰ ਪਵਿੱਤਰ ਰਹਿੰਦਾ ਹੈ, (ਕਿਉਂਕਿ ਫਿਰ ਇਹ ਸਦਾ) ਨਾਮ ਜਪਦਾ ਹੈ। ੩।

ਜੇ ਗੁਰੂ ਮਿਲ ਪਏ ਤਾਂ ਮਨੁੱਖ ਨੂੰ ਤਿੰਨਾਂ ਭਵਨਾਂ ਦੀ ਸੂਝ ਹੋ ਜਾਂਦੀ ਹੈ (ਭਾਵ, ਇਹ ਸਮਝ ਆ ਜਾਂਦੀ ਹੈ ਕਿ ਪ੍ਰਭੂ ਤਿੰਨਾਂ ਭਵਨਾਂ ਵਿਚ ਹੀ ਮੌਜੂਦ ਹੈ), ਉੱਚੀ ਆਤਮਕ ਅਵਸਥਾ ਨਾਲ ਜਾਣ-ਪਛਾਣ ਹੋ ਜਾਂਦੀ ਹੈ, ਮਨ ਪ੍ਰਭੂ-ਚਰਨਾਂ ਵਿਚ ਟਿਕਿਆ ਰਹਿੰਦਾ ਹੈ (ਹਰ ਥਾਂ ਤੋਂ) ਸਦਾ ਸੋਭਾ ਮਿਲਦੀ ਹੈ। ੪।

ਜੇ ਗੁਰੂ ਮਿਲ ਪਏ ਤਾਂ ਮਨੁੱਖ (ਦੁਨੀਆ ਵਿਚ ਰਹਿੰਦਾ ਹੋਇਆ ਹੀ) ਸਦਾ ਵਿਰਕਤ ਰਹਿੰਦਾ ਹੈ, ਕਿਸੇ ਦੀ ਨਿੰਦਾ ਨਹੀਂ ਕਰਦਾ, ਚੰਗੇ ਮੰਦੇ ਸਭ ਨਾਲ ਪਿਆਰ ਕਰਦਾ ਹੈ। ਗੁਰੂ ਦੇ ਮਿਲਿਆਂ ਹੀ ਮੱਥੇ ਦੇ ਚੰਗੇ ਲੇਖ ਉੱਘੜਦੇ ਹਨ। ੫।

ਜੇ ਗੁਰੂ ਮਿਲ ਪਏ ਤਾਂ ਸਰੀਰ (ਵਿਕਾਰਾਂ ਵਿਚ ਪੈ ਕੇ) ਛਿੱਜਦਾ ਨਹੀਂ (ਭਾਵ, ਮਨੁੱਖ ਵਿਕਾਰਾਂ ਵਿਚ ਪ੍ਰਵਿਰਤ ਨਹੀਂ ਹੁੰਦਾ, ਤੇ ਨਾ ਹੀ ਉਸ ਦੀ ਸੱਤਿਆ ਵਿਅਰਥ ਜਾਂਦੀ ਹੈ); ਉੱਚੀ ਜਾਤ ਆਦਿਕ ਦੇ ਮਾਣ ਵਾਲੇ ਮਨੁੱਖ ਗੁਰੂ ਸ਼ਰਨ ਆਏ ਬੰਦੇ ਉੱਤੇ ਦਬਾਉ ਨਹੀਂ ਪਾ ਸਕਦੇ, ਜਿਵੇਂ ਕਿ ਉਹ ਦੇਹੁਰਾ ਨਾਮਦੇਵ ਵਲ ਪਰਤ ਗਿਆ ਸੀ

ਜਿਸ ਵਿਚੋਂ ਉਸ ਨੂੰ ਧੱਕੇ ਪਏ ਸਨ;ਗੁਰੂ ਦੀ ਸ਼ਰਨ ਪਏ ਗ਼ਰੀਬ ਨੂੰ ਰੱਬ ਆਪ ਬਹੁੜਦਾ ਹੈ ਜਿਵੇਂ ਕਿ ਨਾਮਦੇਵ ਦੀ ਕੁੱਲੀ ਬਣੀ ਸੀ ; ਰੱਬ ਆਪ ਸਹਾਈ ਹੁੰਦਾ ਹੈ ਜਿਵੇਂ ਕਿ ਬਾਦਸ਼ਾਹ ਦੇ ਡਰਾਵੇ ਦੇਣ ਤੇ ਮੰਜਾ ਦਰਿਆ ਵਿਚੋਂ ਕਢਾ ਦਿੱਤਾ। ੬।

ਜੇ ਗੁਰੂ ਮਿਲ ਪਏ ਤਾਂ ਅਠਾਹਠ ਤੀਰਥਾਂ ਦਾ ਇਸ਼ਨਾਨ ਹੋ ਗਿਆ (ਜਾਣੋ), ਸਰੀਰ ਉੱਤੇ ਚੱਕਰ ਲੱਗ ਗਏ ਸਮਝੋ(ਜਿਵੇਂ ਬੈਰਾਗੀ ਦੁਆਰਕਾ ਜਾ ਕੇ ਲਾਉਂਦੇ ਹਨ), ਬਾਰਾਂ ਹੀ ਸ਼ਿਵ-ਲਿੰਗਾਂ ਦੀ ਪੂਜਾ ਹੋ ਗਈ ਜਾਣੋ ; ਉਸ ਮਨੁੱਖ ਲਈ ਸਾਰੇ ਜ਼ਹਿਰ ਭੀ ਮਿੱਠੇ ਫਲ ਬਣ ਜਾਂਦੇ ਹਨ। ੭।

ਜੇ ਗੁਰੂ ਮਿਲ ਪਏ ਤਾਂ ਦਿਲ ਦੇ ਸੰਸੇ ਮਿਟ ਜਾਂਦੇ ਹਨ, ਜਮਾਂ ਤੋਂ (ਹੀ) ਖ਼ਲਾਸੀ ਹੋ ਜਾਂਦੀ ਹੈ, ਸੰਸਾਰ-ਸਮੁੰਦਰ ਤੋਂ ਮਨੁੱਖ ਪਾਰ ਲੰਘ ਜਾਂਦਾ ਹੈ, ਜਨਮ ਮਰਨ ਤੋਂ ਬਚ ਜਾਂਦਾ ਹੈ। ੮।

ਜੇ ਗੁਰੂ ਮਿਲ ਪਏ ਤਾਂ ਅਠਾਰਾਂ ਸਿੰਮ੍ਰਿਤੀਆਂ ਦੇ ਦੱਸੇ ਕਰਮ-ਕਾਂਡ ਦੀ ਲੋੜ ਨਹੀਂ ਰਹਿ ਜਾਂਦੀ, ਸਾਰੀ ਬਨਾਸਪਤੀ ਹੀ (ਪ੍ਰਭੂ-ਦੇਵ ਦੀ ਨਿੱਤ ਭੇਟ ਹੁੰਦੀ ਦਿੱਸ ਪੈਂਦੀ ਹੈ)। ਸਤਿਗੁਰੂ ਤੋਂ ਬਿਨਾ ਹੋਰ ਕੋਈ ਥਾਂ ਨਹੀਂ (ਜਿੱਥੇ ਮਨੁੱਖ ਜੀਵਨ ਦਾ ਸਹੀ ਰਸਤਾ ਲੱਭ ਸਕੇ), ਨਾਮਦੇਵ (ਹੋਰ ਸਭ ਆਸਰੇ-ਪਰਨੇ ਛੱਡ ਕੇ) ਗੁਰੂ ਦੀ ਸ਼ਰਨ ਪਿਆ ਹੈ। ੯। ੧।੨। ੧੧।

ਨੋਟ :—ਨਾਮਦੇਵ ਜੀ ਤਾਂ ਇੱਥੇ ਸਾਫ਼ ਕਹਿ ਰਹੇ ਹਨ ਕਿ ਹੋਰ ਦੇਵੀ ਦੇਵਤਿਆਂ ਦੀ ਪੂਜਾ ਬਿਲਕੁਲ ਵਿਅਰਥ ਹੈ, ਇਕ ਸਤਿਗੁਰੂ ਦੀ ਸ਼ਰਨ ਹੀ ਸਮਰੱਥ ਹੈ ; ਪਰ ਇਹ ਅਚਰਜ ਖੇਡ ਹੈ ਕਿ ਲੋਕ ਨਾਮਦੇਵ ਜੀ ਦੇ ਆਪਣੇ ਇਹਨਾਂ ਲਫ਼ਜ਼ਾਂ ਉੱਤੇ ਇਤ-ਬਾਰ ਕਰਨ ਦੇ ਥਾਂ ਸੁਆਰਥੀ ਲੋਕਾਂ ਦੀਆਂ ਘੜੀਆਂ ਹੋਈਆਂ ਕਹਾਣੀਆਂ ਪੜ੍ਹ ਸੁਣ ਕੇ ਇਹੀ ਰਟਨ ਲਾਈ ਜਾ ਰਹੇ ਹਨ ਕਿ ਨਾਮਦੇਵ ਨੇ ਕਿਸੇ ਬੀਠੁਲ-ਮੂਰਤੀ ਦੀ ਪੂਜਾ ਕੀਤੀ ਤੇ ਠਾਕੁਰ ਨੂੰ ਦੁੱਧ ਪਿਆਇਆ।

ਭਾਵ :—ਗੁਰੂ ਦੇ ਦੱਸੇ ਹੋਏ ਰਾਹ ਉੱਤੇ ਤੁਰਨਾ ਹੀ ਜੀਵਨ ਦਾ ਸਹੀ ਰਸਤਾ ਹੈ; ਹੋਰ ਦੇਵੀ ਦੇਵਤਿਆਂ ਦੀ ਪੂਜਾ ਉੱਕਾ ਹੀ ਨਿਸਫਲ ਹੈ।

—o—

ੴ ਸਤਿਗੁਰ ਪ੍ਰਸਾਦਿ ॥

ਭੈਰਉ ਬਾਣੀ ਰਵਿਦਾਸ ਜੀਉ ਕੀ ਘਰੁ ੨

ਬਿਨੁ ਦੇਖੇ ਉਪਜੈ ਨਹੀ ਆਸਾ ॥ ਜੋ ਦੀਸੈ ਸੋ ਹੋਇ ਬਿਨਾਸਾ ॥ ਬਰਨ ਸਹਿਤ ਜੋ ਜਾਪੈ ਨਾਮੁ ॥ ਸੋ ਜੋਗੀ ਕੇਵਲ ਨਿਹਕਾਮੁ ॥ ੧ ॥ ਪਰਚੈ, ਰਾਮੁ ਰਵੈ ਜਉ ਕੋਈ ॥ ਪਾਰਸੁ ਪਰਸੈ ਦੁਬਿਧਾ ਨ ਹੋਈ ॥ ੧ ॥ ਰਹਾਉ ॥ ਸੋ ਮੁਨਿ, ਮਨ ਕੀ ਦੁਬਿਧਾ ਖਾਇ ॥ ਬਿਨੁ ਦੁਆਰੇ ਤ੍ਰੈ ਲੋਕ ਸਮਾਇ ॥ ਮਨ ਕਾ ਸੁਭਾਉ ਸਭੁ ਕੋਈ ਕਰੈ ॥ ਕਰਤਾ ਹੋਇ ਸੁ ਅਨਭੈ ਰਹੈ ॥ ੨ ॥ ਫਲ ਕਾਰਨ ਫੂਲੀ ਬਨਰਾਇ ॥ ਫਲੁ ਲਾਗਾ ਤਬ ਫੂਲੁ ਬਿਲਾਇ ॥ ਗਿਆਨੈ ਕਾਰਨ ਕਰਮ ਅਭਿਆਸੁ ॥ ਗਿਆਨੁ ਭਇਆ ਤਹ ਕਰਮਹ ਨਾਸੁ ॥ ੩ ॥ ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਤ ਮੁਕਤ ਸਦਾ ਨਿਰਬਾਨ ॥ ਕਹਿ ਰਵਿਦਾਸ ਪਰਮ ਬੈਰਾਗ ॥ ਰਿਦੈ ਰਾਮੁ ਕੀ ਨ ਜਪਸਿ ਅਭਾਗ ॥ ੪ ॥ ੧ ॥

ਨੋਟ :—ਸ਼ਬਦ ਦਾ ਮੁਖ-ਭਾਵ 'ਰਹਾਉ' ਦੀ ਤੁਕ ਵਿਚ ਹੋਇਆ ਕਰਦਾ ਹੈ, ਬਾਕੀ ਦੇ ਸ਼ਬਦ ਵਿਚ ਉਸ ਦੀ ਵਿਆਖਿਆ।

ਮੁੱਖ-ਭਾਵ :—ਜੋ ਮਨੁੱਖ ਨਾਮ ਸਿਮਰਦਾ ਹੈ ਉਸ ਦਾ ਮਨ ਪ੍ਰਭੂ ਵਿਚ ਪਰਚ ਜਾਂਦਾ ਹੈ ; ਪਾਰਸ-ਪ੍ਰਭੂ ਨੂੰ ਛੋਹ ਕੇ ਉਹ, ਮਾਨੋ, ਸੋਨਾ ਹੋ ਜਾਂਦਾ ਹੈ।

ਬਾਕੀ ਦੇ ਸ਼ਬਦ ਵਿਚ ਉਸ ਸੋਨਾ ਬਣ ਗਏ ਮਨੁੱਖ ਦੇ ਜੀਵਨ ਦੀ ਤਸਵੀਰ ਦਿੱਤੀ ਹੈ—(੧) 'ਨਿਹਕਾਮੁ', ਵਾਸ਼ਨਾ-ਰਹਿਤ ਹੋ ਜਾਂਦਾ ਹੈ ; (੨) ਦੁਬਿਧਾ ਮਿਟ ਜਾਂਦੀ ਹੈ ਤੇ ਉਹ ਨਿਰਭਉ ਹੋ ਜਾਂਦਾ ਹੈ ; (੩) ਕਿਰਤ-ਕਾਰ ਦਾ ਮੋਹ ਮਿਟ ਜਾਂਦਾ ਹੈ ; (੪) ਮੁੱਕਦੀ ਗੱਲ ਇਹ ਕਿ ਜੀਊਂਦਾ ਹੀ ਮੁਕਤ ਹੋ ਜਾਂਦਾ ਹੈ।

ਪਦ ਅਰਥ :—ਆਸਾ—(ਪਾਰਸ-ਪ੍ਰਭੂ ਨਾਲ ਛੋਹਣ ਦੀ)ਤਾਂਘ। ਬਰਨ—ਵਰਣਨ, ਪ੍ਰਭੂ ਦੇ ਗੁਣਾਂ ਦਾ ਵਰਣਨ, ਸਿਫ਼ਤ ਸਾਲਾਹ। ਸਹਿਤ—ਸਮੇਤ । ਜਾਪੈ—ਜਪਦਾ ਹੈ। ਨਿਹਕਾਮੁ—ਕਾਮਨਾ-ਰਹਿਤ, ਵਾਸ਼ਨਾ-ਰਹਿਤ । ੧ ।

ਪਰਚੈ—ਪਰਚ ਜਾਂਦਾ ਹੈ, ਗਿੱਝ ਜਾਂਦਾ ਹੈ, ਅਮੋੜ-ਪੁਣੇ ਵਲੋਂ ਹਟ ਜਾਂਦਾ ਹੈ, ਵਿਕਾਰਾਂ ਵਲੋਂ ਹਟ ਜਾਂਦਾ ਹੈ। ਜਉ—ਜਦੋਂ। ਪਰਸੈ—ਛੂੰਹਦਾ ਹੈ । ੧ । ਰਹਾਉ ।

ਖਾਇ—ਖਾ ਜਾਂਦਾ ਹੈ, ਮੁਕਾ ਦੇਂਦਾ ਹੈ । ਦੁਬਿਧਾ—ਦੁਚਿੱਤਾ-ਪਨ, ਮੇਰ-ਤੇਰ,

ਪ੍ਰਭੂ ਨਾਲੋਂ ਵਖੇਵਾਂ । ਤ੍ਰੈਲੋਕ—ਤਿੰਨਾਂ ਲੋਕਾਂ ਵਿਚ ਵਿਆਪਕ ਪ੍ਰਭੂ ਵਿਚ । ਬਿਨੁ ਦੁਆਰੇ—ਜਿਸ ਪ੍ਰਭੂ ਦਾ ਦਸ ਦੁਆਰਿਆਂ ਵਾਲਾ ਸਰੀਰ ਨਹੀਂ ਹੈ। ਸਭੁ ਕੋਈ—ਹਰੇਕ ਜੀਵ । ਕਰਤਾ ਹੋਇ—(ਨਾਮ ਸਿਮਰਨ ਵਾਲਾ ਮਨੁੱਖ) ਕਰਤਾਰ ਦਾ ਰੂਪ ਹੋ ਜਾਂਦਾ ਹੈ । ਅਨਭੈ—ਭੈ-ਰਹਿਤ ਅਵਸਥਾ ਵਿਚ । ੨ ।

ਕਾਰਨ—ਵਾਸਤੇ । ਬਨਰਾਇ—ਬਨਸਪਤੀ । ਫੂਲੀ—ਫੁੱਲਦੀ ਹੈ, ਖਿੜਦੀ ਹੈ । ਬਿਲ੍ਹਾਇ—ਦੂਰ ਹੋ ਜਾਂਦਾ ਹੈ । ਕਰਮ—ਦੁਨੀਆ ਦੀ ਕਿਰਤ-ਕਾਰ । ਅਭਿਆਸੁ—ਮੁੜ ਮੁੜ ਕਰਨਾ । ਕਰਮ ਅਭਿਆਸੁ—ਦੁਨੀਆ ਦੀ ਰੋਜ਼ਾਨਾ ਕਿਰਤ-ਕਾਰ । ਗਿਆਨੈ ਕਾਰਨ—ਗਿਆਨ ਦੀ ਖ਼ਾਤਰ, ਪ੍ਰਭੂ ਵਿਚ ਪਰਚਣ ਦੀ ਖ਼ਾਤਰ, ਉੱਚੇ ਜੀਵਨ ਦੀ ਸੂਝ ਵਾਸਤੇ, ਜੀਵਨ ਦਾ ਸਹੀ ਰਸਤਾ ਲੱਭਣ ਲਈ । ਤਹ—ਉਸ ਅਵਸਥਾ ਵਿਚ ਅੱਪੜ ਕੇ । ਕਰਮਹ ਨਾਸੁ—ਕਰਮਾਂ ਦਾ ਨਾਸ, ਕਿਰਤ-ਕਾਰ ਦਾ ਨਾਸ, ਕਿਰਤ-ਕਾਰ ਦੇ ਮੋਹ ਦਾ ਨਾਸ । ੩ ।

ਘ੍ਰਿਤ—ਘਿਉ । ਦਧਿ—ਦਹੀਂ । ਮਥੈ—ਰਿੜਕਦੀ ਹੈ । ਸਇਆਨ—ਸਿਆਣੀ ਇਸਤ੍ਰੀ । ਨਿਰਬਾਨ—ਵਾਸ਼ਨਾ-ਰਹਿਤ । ਕੀ ਨ—ਕਿਉਂ ਨਹੀਂ ? ਅਭਾਗ—ਹੇ ਭਾਗ ਹੀਣ ! ੪ ।

ਅਰਥ :—ਜਦੋਂ ਕੋਈ ਮਨੁੱਖ ਪਰਮਾਤਮਾ ਦਾ ਨਾਮ ਸਿਮਰਦਾ ਹੈ ਤਾਂ ਉਸ ਦਾ ਮਨ ਪ੍ਰਭੂ ਵਿਚ ਪਰਚ ਜਾਂਦਾ ਹੈ ; ਜਦੋਂ ਪਾਰਸ-ਪ੍ਰਭੂ ਨੂੰ ਉਹ ਛੁਂਹਦਾ ਹੈ (ਉਹ, ਮਾਨੋ, ਸੋਨਾ ਹੋ ਜਾਂਦਾ ਹੈ), ਤੇ, ਉਸ ਦੀ ਮੇਰ-ਤੇਰ ਮੁੱਕ ਜਾਂਦੀ ਹੈ । ੧ । ਰਹਾਉ ।

(ਪਰ ਪਾਰਸ-ਪ੍ਰਭੂ ਦੇ ਚਰਨ ਛੋਹਣੇ ਸੌਖਾ ਕੰਮ ਨਹੀਂ ਹੈ, ਕਿਉਂਕਿ ਉਹ ਇਹਨਾਂ ਅੱਖਾਂ ਨਾਲ ਦਿੱਸਦਾ ਨਹੀਂ ਹੈ, ਤੇ) ਉਸ ਨੂੰ ਵੇਖਣ ਤੋਂ ਬਿਨਾ (ਉਸ ਪਾਰਸ-ਪ੍ਰਭੂ ਦੇ ਚਰਨ ਛੋਹਣ ਦੀ) ਤਾਂਘ ਪੈਦਾ ਨਹੀਂ ਹੁੰਦੀ, (ਇਸ ਦਿੱਸਦੇ ਸੰਸਾਰ ਨਾਲ ਹੀ ਮੋਹ ਬਣਿਆ ਰਹਿੰਦਾ ਹੈ,) ਤੇ,ਇਹ ਜੋ ਕੁਝ ਦਿੱਸਦਾ ਹੈ ਇਹ ਸਭ ਨਾਸ ਹੋ ਜਾਣ ਵਾਲਾ ਹੈ। ਜੋ ਮਨੁੱਖ ਪ੍ਰਭੂ ਦੇ ਗੁਣ ਗਾਂਦਾ ਹੈ, ਤੇ, ਪ੍ਰਭੂ ਦਾ ਨਾਮ ਜਪਦਾ ਹੈ, ਸਿਰਫ਼ ਉਹੀ ਅਸਲ ਜੋਗੀ ਹੈ ਤੇ ਉਹ ਕਾਮਨਾ-ਰਹਿਤ ਹੋ ਜਾਂਦਾ ਹੈ । ੧ ।

(ਨਾਮ ਸਿਮਰਨ ਵਾਲਾ) ਉਹ ਮਨੁੱਖ (ਅਸਲ) ਰਿਸ਼ੀ ਹੈ, ਉਹ (ਨਾਮ ਦੀ ਬਰਕਤਿ ਨਾਲ) ਆਪਣੇ ਮਨ ਦੀ ਮੇਰ-ਤੇਰ ਮਿਟਾ ਲੈਂਦਾ ਹੈ, ਤੇ, ਉਸ ਪ੍ਰਭੂ ਵਿਚ ਸਮਾਇਆ ਰਹਿੰਦਾ ਹੈ ਜਿਸ ਦਾ ਕੋਈ ਖ਼ਾਸ ਸਰੀਰ ਨਹੀਂ ਹੈ। (ਜਗਤ ਵਿਚ) ਹਰੇਕ ਮਨੁੱਖ ਆਪੋ ਆਪਣੇ ਮਨ ਦਾ ਸੁਭਾਉ ਵਰਤਦਾ ਹੈ (ਆਪਣੇ ਮਨ ਦੇ ਪਿੱਛੇ ਤੁਰਦਾ ਹੈ; ਪਰ ਨਾਮ ਸਿਮਰਨ ਵਾਲਾ ਮਨੁੱਖ ਆਪਣੇ ਮਨ ਦੇ ਪਿੱਛੇ ਤੁਰਨ ਦੇ ਥਾਂ,ਨਾਮ ਦੀ ਬਰਕਤਿ ਨਾਲ) ਕਰਤਾਰ ਦਾ ਰੂਪ ਹੋ ਜਾਂਦਾ ਹੈ,ਤੇ, ਉਸ ਅਵਸਥਾ ਵਿਚ ਟਿਕਿਆ ਰਹਿੰਦਾ ਹੈ ਜਿੱਥੇ ਕੋਈ ਡਰ ਭਉ ਨਹੀਂ । ੨ ।

(ਜਗਤ ਦੀ ਸਾਰੀ) ਬਨਸਪਤੀ ਫਲ ਦੇਣ ਦੀ ਖ਼ਾਤਰ ਖਿੜਦੀ ਹੈ ; ਜਦੋਂ ਫਲ

ਲੱਗਦਾ ਹੈ ਫੁੱਲ ਦੂਰ ਹੋ ਜਾਂਦਾ ਹੈ। ਇਸੇ ਤਰ੍ਹਾਂ ਦੁਨੀਆ ਦੀ ਰੋਜ਼ਾਨਾ ਕਿਰਤ-ਕਾਰ ਗਿਆਨ ਦੀ ਖ਼ਾਤਰ ਹੈ (ਪ੍ਰਭੂ ਵਿਚ ਪਰਚਣ ਲਈ ਹੈ, ਉੱਚ-ਜੀਵਨ ਦੀ ਸੂਝ ਲਈ ਹੈ), ਜਦੋਂ ਉੱਚ-ਜੀਵਨ ਦੀ ਸੂਝ ਪੈਦਾ ਹੋ ਜਾਂਦੀ ਹੈ ਤਾਂ ਉਸ ਅਵਸਥਾ ਵਿਚ ਅੱਪੜ ਕੇ ਕਿਰਤ-ਕਾਰ ਦਾ (ਮਾਇਕ ਉੱਦਮਾਂ ਦਾ) ਮੋਹ ਮਿਟ ਜਾਂਦਾ ਹੈ। ੩।

ਨੋਟ—ਪਾਠਕ ਜਨ 'ਰਹਾਉ' ਦੀ ਤੁਕ ਦਾ ਧਿਆਨ ਰੱਖਣ। ਸਾਰੇ ਸ਼ਬਦ ਵਿਚ ਉਸ ਜੀਵਨ ਦਾ ਵਿਸਥਾਰ ਹੈ ਜੋ ਨਾਮ ਸਿਮਰਿਆਂ ਬਣਦਾ ਹੈ; ਇਸ ਕੇਂਦਰੀ ਖ਼ਿਆਲ ਦੇ ਦੁਆਲੇ ਹੀ ਸਾਰੇ ਸ਼ਬਦ ਨੇ ਰਹਿਣਾ ਹੈ। ਕਿਸੇ ਕਰਮ-ਕਾਂਡ ਦਾ ਕੋਈ ਜ਼ਿਕਰ ਰਵਿ-ਦਾਸ ਜੀ ਨੇ 'ਰਹਾਉ' ਦੀ ਤੁਕ ਵਿਚ ਨਹੀਂ ਛੇੜਿਆ। ਇਸ ਬੰਦ ਨੰ: ੩ ਵਿਚ ਭੀ ਇਹ ਬੜੀ ਅਢੁਕਵੀ ਗੱਲ ਹੋਵੇਗੀ ਜੇ ਲਫ਼ਜ਼ 'ਕਰਮ' ਦਾ ਅਰਥ 'ਕਰਮ-ਕਾਂਡ' ਕੀਤਾ ਜਾਏ।

ਸਿਆਣੀ ਇਸਤ੍ਰੀ ਘਿਉ ਦੀ ਖ਼ਾਤਰ ਦਹੀਂ ਰਿੜਕਦੀ ਹੈ (ਤਿਵੇਂ ਜੋ ਮਨੁੱਖ ਨਾਮ ਜਪ ਕੇ ਪ੍ਰਭੂ-ਚਰਨਾਂ ਵਿਚ ਪਰਚਦਾ ਹੈ ਉਹ ਜਾਣਦਾ ਹੈ ਕਿ ਦੁਨੀਆ ਦਾ ਜੀਵਨ-ਨਿਰ-ਬਾਹ, ਦੁਨੀਆ ਦੀ ਕਿਰਤ-ਕਾਰ ਪ੍ਰਭੂ-ਚਰਨਾਂ ਵਿਚ ਜੁੜਨ ਵਾਸਤੇ ਹੀ ਹੈ। ਸੋ, ਉਹ ਮਨੁੱਖ ਨਾਮ ਦੀ ਬਰਕਤਿ ਨਾਲ) ਮਾਇਆ ਦੀ ਕਿਰਤ-ਕਾਰ ਕਰਦਾ ਹੋਇਆ ਹੀ ਮੁਕਤ ਹੁੰਦਾ ਹੈ ਤੇ ਸਦਾ ਵਾਸ਼ਨਾ-ਰਹਿਤ ਰਹਿੰਦਾ ਹੈ। ਰਵਿਦਾਸ ਇਹ ਸਭ ਤੋਂ ਉੱਚੇ ਵੈਰਾਗ (ਦੀ ਪ੍ਰਾਪਤੀ) ਦੀ ਗੱਲ ਦੱਸਦਾ ਹੈ; ਹੇ ਭਾਗ-ਹੀਣ! ਪ੍ਰਭੂ ਤੇਰੇ ਹਿਰਦੇ ਵਿਚ ਹੀ ਹੈ, ਤੂੰ ਉਸ ਨੂੰ ਕਿਉਂ ਨਹੀਂ ਯਾਦ ਕਰਦਾ? ੪।੧।

ਨੋਟ—ਜਦ ਭੀ ਕਿਸੇ ਕਵੀ ਦੀ ਕਿਸੇ ਲਿਖਤ ਬਾਰੇ ਕੋਈ ਸ਼ੱਕ ਪਏ, ਤਾਂ ਉਸ ਨੂੰ ਸਮਝਣ ਲਈ ਸਹੀ ਤਰੀਕਾ ਇਹੀ ਹੋ ਸਕਦਾ ਹੈ ਕਿ ਉਸ ਗੁੰਝਲ ਨੂੰ ਉਸੇ ਦੀ ਬਾਕੀ ਦੀ ਹੋਰ ਰਚਨਾ ਵਿਚੋਂ ਸਮਝਿਆ ਜਾਵੇ। ਕਵੀ ਜਿੱਥੇ ਆਪਣੀ ਬੋਲੀ ਨੂੰ ਵਰਤਦਾ ਤੇ ਸਵਾਰਦਾ ਸ਼ਿੰਗਾਰਦਾ ਹੈ, ਉੱਥੇ ਉਹ ਪੁਰਾਣੇ ਲਫ਼ਜ਼ਾਂ, ਪੁਰਾਣੇ ਮੁਹਾਵਰਿਆਂ ਤੇ ਪੁਰਾਣੇ ਵਰਤੇ ਦ੍ਰਿਸ਼ਟਾਂਤਾਂ ਨੂੰ ਨਵੇਂ ਤਰੀਕੇ ਨਾਲ ਭੀ ਵਰਤਦਾ ਤੇ ਵਰਤ ਸਕਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਲਫ਼ਜ਼ 'ਭਗੌਤੀ' ਵਰਤਣ ਤੋਂ ਕਈ ਲੋਕ ਇਹ ਟਪਲਾ ਖਾਣ ਲੱਗ ਪਏ ਕਿ ਸਤਿਗੁਰੂ ਜੀ ਨੇ ਦੇਵੀ-ਪੂਜਾ ਜਾਂ ਸ਼ਸਤ੍ਰ-ਪੂਜਾ ਕੀਤੀ। ਪਰ ਜਦੋਂ ਇਸ ਲਫ਼ਜ਼ ਨੂੰ ਉਹਨਾਂ ਦੀ ਆਪਣੀ ਹੀ ਰਚਨਾ ਵਿਚ ਵਰਤਿਆ ਗਹੁ ਨਾਲ ਵੇਖਿਆ ਜਾਏ ਤਾਂ ਸਾਫ਼ ਪ੍ਰਤੱਖ ਹੋ ਜਾਂਦਾ ਹੈ ਕਿ ਲਫ਼ਜ਼ 'ਭਗੌਤੀ' ਪਰਮਾਤਮਾ ਵਾਸਤੇ ਉਹਨਾਂ ਵਰਤਿਆ ਹੈ। ਰਾਮਕਲੀ ਰਾਗ ਵਿਚ ਦਿੱਤੀ ਬਾਣੀ 'ਸਦੁ' ਤੋਂ ਕਈ ਲੋਕ ਘਾਬਰਦੇ ਸਨ ਕਿ ਇਸ ਵਿਚ ਕਰਮ-ਕਾਂਡ ਕਰਨ ਦੀ ਆਗਿਆ ਕੀਤੀ ਹੈ, ਪਰ ਇਹ ਨਿਰਾ ਭੁਲੇਖਾ ਹੀ ਸੀ (ਪੜ੍ਹੋ ਮੇਰੀ ਪੁਸਤਕ 'ਸੱਦ ਸਟੀਕ')। ਇਹ ਬਾਣੀ ਉਹਨਾਂ ਮਹਾ ਪੁਰਖਾਂ ਦੀ ਹੈ ਜੋ ਸਾਥੋਂ ਦੂਰ

ਉੱਚੀ ਚੋਟੀ ਤੇ ਖੇਡ ਰਹੇ ਸਨ, ਉੱਚੇ ਮੰਡਲਾਂ ਵਿਚ ਉਡਾਰੀਆਂ ਲਾ ਰਹੇ ਸਨ। ਇਸ ਨੂੰ ਸਮਝਣ ਲਈ ਇਸ ਵਿਚ ਜੁੜਨਾ ਪਏਗਾ, ਮਾਇਆ ਵਿਚ ਖੇਡਦੇ ਮਨ ਨੂੰ ਰਤਾ ਰੋਕ ਕੇ ਇਧਰ ਕਾਫ਼ੀ ਸਮਾ ਦੇਣਾ ਪਏਗਾ, ਤਾਂ ਹੀ ਉਹਨਾਂ ਦੀ ਡੂੰਘਾਈ ਵਿਚ ਅੱਪੜਨ ਦੀ ਆਸ ਹੋ ਸਕਦੀ ਹੈ।

ਵੇਦਾਂਤੀ ਲੋਕਾਂ ਨੇ ਇਹ ਪਰਚਾਰ ਕੀਤਾ ਕਿ ਇਹ ਜਗਤ ਮਿਥਿਆ ਹੈ, ਅਸਲ ਵਿਚ ਇਸ ਜਗਤ ਦੀ ਕੋਈ ਹਸਤੀ ਹੀ ਨਹੀਂ ਹੈ, ਮਾਇਆ ਦਾ ਪਰਦਾ ਪੈਣ ਕਰਕੇ ਜੀਵ ਨੂੰ ਇਹ ਭਰਮ ਹੋ ਗਿਆ ਹੈ ਕਿ ਜਗਤ ਦੀ ਕੋਈ ਹਸਤੀ ਹੈ। ਉਹਨਾਂ ਇਹ ਗੱਲ ਸਮਝਾਉਣ ਲਈ ਰੱਸੀ ਤੇ ਸੱਪ ਦਾ ਦ੍ਰਿਸ਼ਟਾਂਤ ਦਿੱਤਾ ਕਿ ਹਨੇਰੇ ਦੇ ਕਾਰਨ ਰੱਸੀ ਨੂੰ ਸੱਪ ਸਮਝਿਆ ਗਿਆ, ਅਸਲ ਵਿਚ ਸੱਪ ਕਿਤੇ ਹੈ ਹੀ ਨਹੀਂ ਸੀ। ਰਵਿਦਾਸ ਜੀ ਨੇ ਭੀ ਇਹ ਦ੍ਰਿਸ਼ਟਾਂਤ ਵਰਤ ਲਿਆ; ਪਰ ਇਸ ਤੋਂ ਇਹ ਭਾਵ ਨਹੀਂ ਲਿਆ ਜਾ ਸਕਦਾ ਕਿ ਰਵਿਦਾਸ ਜੀ ਵੇਦਾਂਤੀ ਸਨ। ਇਹ ਦ੍ਰਿਸ਼ਟਾਂਤ ਵੇਦਾਂਤੀਆਂ ਦੀ ਮਲਕੀਅਤ ਨਹੀਂ ਹੋ ਗਿਆ। ਵੇਖੋ ਰਾਗ ਸੋਰਠਿ, ਸ਼ਬਦ–"ਜਬ ਹਮ ਹੋਤੇ"। ਕਰਮ-ਕਾਂਡੀਆਂ ਨੇ ਫੁੱਲ ਤੇ ਫਲ ਦਾ ਦ੍ਰਿਸ਼ਟਾਂਤ ਵਰਤਿਆ, ਰਵਿਦਾਸ ਜੀ ਨੇ ਭੀ ਇਸ ਨੂੰ ਵਰਤ ਲਿਆ; ਪਰ ਇਸ ਦਾ ਇਹ ਮਤਲਬ ਨਹੀਂ ਨਿਕਲ ਸਕਦਾ ਕਿ ਰਵਿਦਾਸ ਜੀ ਕਰਮ-ਕਾਂਡੀ ਸਨ। ਆਖ਼ਰ ਰਵਿਦਾਸ ਜੀ ਕਿਹੜੀ ਉੱਚੀ ਕੁਲ ਦੇ ਬ੍ਰਾਹਮਣ ਸਨ ਕਿ ਉਹ ਕਿਸੇ ਕਰਮ-ਕਾਂਡ ਨਾਲ ਚੰਬੜੇ ਰਹਿੰਦੇ? ਨਾਹ ਜਨੇਊ ਪਾਣ ਦਾ ਹੱਕ, ਨਾਹ ਮੰਦਰ ਵਿਚ ਵੜਨ ਦੀ ਆਗਿਆ, ਨਾਹ ਕਿਸੇ ਸਰਾਧ ਸਮੇਂ ਬ੍ਰਾਹਮਣ ਨੇ ਉਹਨਾਂ ਦੇ ਘਰ ਦਾ ਖਾਣਾ, ਨਾਹ ਸੰਧਿਆ ਤਰਪਣ ਗਾਇਤ੍ਰੀ ਆਦਿਕ ਦਾ ਉਹਨਾਂ ਨੂੰ ਕੋਈ ਅਧਿਕਾਰ। ਫਿਰ, ਉਹ ਕਿਹੜਾ ਕਰਮ-ਕਾਂਡ ਸੀ ਜਿਸ ਦਾ ਸ਼ੌਕ ਰਵਿਦਾਸ ਜੀ ਨੂੰ ਹੋ ਸਕਦਾ ਸੀ?

ਰਵਿਦਾਸ ਜੀ ਨੇ ਇਸ ਸ਼ਬਦ ਵਿਚ ਨਾਮ ਸਿਮਰਨ ਵਾਲੇ ਬੰਦੇ ਦੇ ਉੱਚੇ ਜੀਵਨ ਦਾ ਜ਼ਿਕਰ ਕੀਤਾ ਹੈ।

ਇਸੇ ਹੀ ਰਾਗ ਵਿਚ ਦਿੱਤਾ ਹੋਇਆ ਗੁਰੂ ਅਮਰਦਾਸ ਜੀ ਦਾ ਹੇਠ-ਲਿਖਿਆ ਸ਼ਬਦ ਰਵਿਦਾਸ ਜੀ ਦੇ ਇਸ ਸ਼ਬਦ ਦਾ ਆਨੰਦ ਲੈਣ ਵਾਸਤੇ ਬੜਾ ਸੁਆਦਲਾ ਸਹਾਈ ਬਣੇਗਾ।

ਭੈਰਉ ਮਹਲਾ ੩ ॥ ਸੋ ਮੁਨਿ, ਜਿ ਮਨ ਕੀ ਦੁਬਿਧਾ ਮਾਰੇ ॥ ਦੁਬਿਧਾ ਮਾਰਿ ਬ੍ਰਹਮੁ ਬੀਚਾਰੇ ॥ ੧ ॥ ਇਸੁ ਮਨ ਕਉ ਕੋਈ ਖੋਜਹੁ ਭਾਈ॥ ਮਨੁ ਖੋਜਤ ਨਾਮੁ ਨਉਨਿਧਿ ਪਾਈ ॥ ੧ ॥ ਰਹਾਉ ॥ ਮੂਲੁ ਮੋਹੁ ਕਰਿ ਕਰਤੈ ਜਗਤੁ ਉਪਾਇਆ ॥ ਮਮਤਾ ਲਾਇ ਭਰਮਿ ਭੋੁਲਾਇਆ ॥ ੨ ॥

ਇਸੁ ਮਨ ਤੇ ਸਭ ਪਿੰਡ ਪਰਾਣਾ ॥ ਮਨ ਕੈ ਵੀਚਾਰਿ ਹੁਕਮੁ ਬੁਝਿ ਸਮਾਣਾ ॥ ੩ ॥ ਕਰਮੁ ਹੋਵੈ ਗੁਰੁ ਕਿਰਪਾ ਕਰੈ ॥ ਇਹੁ ਮਨੁ ਜਾਗੈ ਇਸੁ ਮਨ ਕੀ ਦੁਬਿਧਾ ਮਰੈ ॥ ੪ ॥ ਮਨ ਕਾ ਸੁਭਾਉ ਸਦਾ ਬੈਰਾਗੀ ॥ ਸਭ ਮਹਿ ਵਸੈ ਅਤੀਤ ਅਨਰਾਗੀ ॥ ੫ ॥ ਕਹਤ ਨਾਨਕੁ ਜੋ ਜਾਣੈ ਭੇਉ ॥ ਆਦਿ ਪੁਰਖੁ ਨਿਰੰਜਨ ਦੇਉ ॥ ੬ ॥ ੫ ॥

ਜਿਸ ਮਨੁੱਖ ਉੱਤੇ ਪ੍ਰਭੂ ਦੀ ਮਿਹਰ ਹੋਵੇ ਉਸ ਉੱਤੇ ਗੁਰੂ ਕਿਰਪਾ ਕਰਦਾ ਹੈ, ਉਸ ਦਾ ਮਨ ਮਾਇਆ ਦੇ ਮੋਹ ਵਿਚੋਂ ਜਾਗ ਪੈਂਦਾ ਹੈ। ਜਿਹੜੀ ਗੱਲ ਰਵਿਦਾਸ ਜੀ ਨੇ 'ਕਰਮਹ ਨਾਸੁ' ਵਿਚ ਇਸ਼ਾਰੇ-ਮਾਤ੍ਰ ਦੱਸੀ ਹੈ, ਉਹ ਗੁਰੂ ਅਮਰਦਾਸ ਜੀ ਨੇ ਦੂਜੇ ਬੰਦ ਤੋਂ ਪੰਜਵੇਂ ਬੰਦ ਤਕ ਖੁਲ੍ਹੇ ਲਫ਼ਜ਼ਾਂ ਵਿਚ ਸਮਝਾ ਦਿੱਤੀ ਹੈ ਕਿ 'ਕਰਮਹ ਨਾਸੁ' ਦਾ ਭਾਵ ਹੈ 'ਮੋਹ ਮਮਤਾ ਦਾ ਨਾਸ'।

ਨੋਟ—ਕੀ ਇਹਨਾਂ ਦੋਹਾਂ ਸ਼ਬਦਾਂ ਨੂੰ ਇਕੱਠੇ ਰੱਖ ਕੇ ਪੜ੍ਹਿਆਂ ਇਹ ਗੱਲ ਯਕੀਨੀ ਪੱਕੀ ਨਹੀਂ ਹੋ ਗਈ ਕਿ ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਭਗਤ ਰਵਿਦਾਸ ਜੀ ਦੇ ਸ਼ਬਦ ਦੇ ਪਰਥਾਇ ਹੈ? ਦੂਜੇ ਲਫ਼ਜ਼ਾਂ ਵਿਚ ਇਉਂ ਕਹਿ ਲਵੋ ਕਿ ਇਹ ਸ਼ਬਦ ਉੱਚਾਰਨ ਵੇਲੇ ਗੁਰੂ ਅਮਰਦਾਸ ਜੀ ਦੇ ਪਾਸ ਭਗਤ ਰਵਿਦਾਸ ਜੀ ਦਾ ਸ਼ਬਦ ਮੌਜੂਦ ਸੀ। ਦੋਹਾਂ ਸ਼ਬਦਾਂ ਦੇ ਕਈ ਲਫ਼ਜ਼ਾਂ ਤੇ ਤੁਕਾਂ ਦੀ ਸਾਂਝ ਸਬੱਬ ਨਾਲ ਨਹੀਂ ਬਣ ਗਈ। ਇਹ ਖ਼ਿਆਲ ਉੱਕਾ ਗ਼ਲਤ ਹੈ ਕਿ ਭਗਤਾਂ ਦੀ ਬਾਣੀ ਗੁਰੂ ਅਰਜਨ ਸਾਹਿਬ ਨੇ ਇਕੱਠੀ ਕੀਤੀ ਸੀ। ਸਤਿਗੁਰੂ ਨਾਨਕ ਜੀ ਨੇ ਪਹਿਲੀ 'ਉਦਾਸੀ' ਸਮੇਂ ਬਨਾਰਸ ਜਾ ਕੇ ਭਗਤ ਰਵਿਦਾਸ ਜੀ ਦੇ ਸਾਰੇ ਸ਼ਬਦ ਲਿਖ ਲਏ। ਆਪਣੀ ਬਾਣੀ ਨਾਲ ਸਾਂਭ ਕੇ ਇਹ ਸ਼ਬਦ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਸਾਹਿਬ ਨੂੰ ਦਿੱਤੇ। ਉਹਨਾਂ ਤੋਂ ਇਹ ਸਾਰੀ ਬਾਣੀ ਗੁਰੂ ਅਮਰਦਾਸ ਜੀ ਨੂੰ ਮਿਲੀ।

ਸ਼ਬਦ ਦਾ ਭਾਵ :—ਸਿਮਰਨ ਦੀ ਵਡਿਆਈ—ਸਿਮਰਨ ਦੀ ਬਰਕਤਿ ਨਾਲ ਮਨੁੱਖ ਮਾਇਆ ਦੇ ਮੋਹ ਵਾਲਾ ਅਮੋੜਪੁਣਾ ਛੱਡ ਦੇਂਦਾ ਹੈ, ਵਾਸ਼ਨਾ-ਰਹਿਤ ਹੋ ਜਾਂਦਾ ਹੈ।

—o—

ਨਾਮਦੇਵ ॥

ਆਉ ਕਲੰਦਰ ਕੇਸਵਾ ॥ ਕਰਿ ਅਬਦਾਲੀ ਭੇਸਵਾ ॥ ਰਹਾਉ ॥ ਜਿਨਿ ਆਕਾਸ ਕੁਲਹ ਸਿਰਿ ਕੀਨੀ, ਕਉਸੈ ਸਪਤ ਪਯਾਲਾ ॥ ਚਮਰਪੋਸ ਕਾ ਮੰਦਰੁ ਤੇਰਾ, ਇਹ ਬਿਧਿ ਬਨੇ ਗੁਪਾਲਾ ॥ ੧ ॥ ਛਪਨ ਕੋਟਿ ਕਾ ਪੇਹਨੁ ਤੇਰਾ, ਸੋਲਹ ਸਹਸ ਇਜਾਰਾ ॥ ਭਾਰ ਅਠਾਰਹ ਮੁਦਗਰੁ ਤੇਰਾ, ਸਹਨਕ ਸਭ ਸੰਸਾਰਾ ॥ ੨ ॥ ਦੇਹੀ ਮਹਜਿਦਿ, ਮਨੁ ਮਉਲਾਨਾ, ਸਹਜ ਨਿਵਾਜ ਗੁਜਾਰੈ ॥ ਬੀਬੀ ਕਉਲਾ ਸਉ ਕਾਇਨੁ ਤੇਰਾ, ਨਿਰੰਕਾਰ ਆਕਾਰੈ ॥ ੩ ॥ ਭਗਤਿ ਕਰਤ ਮੇਰੇ ਤਾਲ ਛਿਨਾਏ, ਕਿਹ ਪਹਿ ਕਰਉ ਪੁਕਾਰਾ ॥ ਨਾਮੇ ਕਾ ਸੁਆਮੀ ਅੰਤਰਜਾਮੀ, ਫਿਰੇ ਸਗਲ ਬੇਦੇਸਵਾ ॥ ੪ ॥ ੧ ॥

ਪਦ ਅਰਥ :—ਆਉ—ਜੀ ਆਇਆਂ ਨੂੰ । ਕਲੰਦਰ—ਹੇ ਕਲੰਦਰ ! ਕੇਸਵਾ—ਹੇ ਕੇਸ਼ਵ ! ਹੇ ਸੋਹਣੇ ਕੇਸਾਂ ਵਾਲੇ ਪ੍ਰਭੂ ! ਕਰਿ—ਕਰ ਕੇ । ਅਬਦਾਲੀ ਭੇਸਵਾ—ਅਬਦਾਲੀ ਫ਼ਕੀਰਾਂ ਵਾਲਾ ਸੋਹਣਾ ਵੇਸ । ਰਹਾਉ ।

ਨੋਟ—ਬੰਦਗੀ ਵਾਲੇ ਮੁਸਲਮਾਨ ਫ਼ਕੀਰ ਕੇਸ (ਜ਼ੁਲਫ਼ਾਂ) ਰੱਖਦੇ ਹਨ, ਇਸ ਵਾਸਤੇ 'ਕਲੰਦਰ' ਦੇ ਨਾਲ ਲਫ਼ਜ਼ 'ਕੇਸਵ' ਭੀ ਵਰਤਿਆ ਹੈ । ਅਬਦਾਲੀ ਫ਼ਕੀਰ ਸਿਰ ਉਤੇ ਕੁੱਲਾ (ਉੱਚੀ ਨੋਕ ਵਾਲੀ ਟੋਪੀ) ਪਾਂਦੇ ਹਨ; ਵੱਡਾ ਚੋਲਾ, ਲੰਮਾ ਤੰਬਾ ਆਦਿਕ ਉਹਨਾਂ ਦੀ ਪੁਸ਼ਾਕ ਹੁੰਦੀ ਹੈ । ਨਾਮਦੇਵ ਜੀ ਕਿਸੇ ਅਬਦਾਲੀ ਫ਼ਕੀਰ ਨੂੰ ਵੇਖ ਕੇ ਪਰਮਾਤਮਾ ਨੂੰ ਭੀ ਅਬਦਾਲੀ ਰੂਪ ਵਿਚ ਬਿਆਨ ਕਰਦੇ ਹਨ । ਜਦੋਂ ਬਾਦਸ਼ਾਹ ਨੇ ਡਰਾਵੇ ਦਿੱਤੇ, ਤਾਂ ਨਾਮਦੇਵ ਜੀ ਕਹਿਣ ਲੱਗੇ ਕਿ ਮੇਰੀ ਪੈਜ ਰੱਖਣ ਲਈ 'ਗਰੁੜ ਚੜ੍ਹੇ ਗੋਬਿੰਦੁ ਆਇਲਾ' । ਨਿਡਰ ਹੋ ਕੇ ਇਕ ਕੱਟੜ ਮੁਸਲਮਾਨ ਦੇ ਸਾਹਮਣੇ ਪਰ-ਮਾਤਮਾ ਦਾ ਉਹ ਸਰੂਪ ਦੱਸਦੇ ਹਨ ਜੋ ਹਿੰਦੂ ਪੁਰਾਣਾਂ ਨੇ ਮਿਥਿਆ ਹੋਇਆ ਹੈ । ਪਰ ਜਦੋਂ ਮੰਦਰ ਵਿਚੋਂ ਕੱਢੇ ਜਾਣ ਦਾ ਜ਼ਿਕਰ ਕਰਦੇ ਹਨ ਤਾਂ ਆਪਣੇ ਪ੍ਰਭੂ ਨੂੰ ਮੁਸਲਮਾਨੀ ਰੂਪ ਵਿਚ ਬਿਆਨ ਕਰਦੇ ਹਨ । ਕਿਸੇ ਖ਼ਾਸ ਸਰੂਪ ਦੇ ਪੁਜਾਰੀ ਨਹੀਂ ਹਨ, ਉਹਨਾਂ ਦਾ ਪਰਮਾਤਮਾ 'ਸਗਲ ਬੇਦੇਸਵਾ' ਵਿਚ ਫਿਰਨ ਵਾਲਾ (ਵਿਆਪਕ) ਹੈ ।

ਜਿਨਿ—ਜਿਸ (ਤੈਂ) ਨੇ । ਕੁਲਹ—ਟੋਪੀ, ਕੁੱਲਾ । ਸਿਰਿ—ਸਿਰ ਉੱਤੇ । ਕਉਸੈ—ਖੜਾਵਾਂ । ਪਯਾਲਾ—ਪਤਾਲ । ਚਮਰ ਪੋਸ—ਚੰਮ ਦੀ ਪੁਸ਼ਾਕ ਵਾਲੇ, ਸਾਰੇ ਜੀਅ-ਜੰਤ । ਮੰਦਰੁ—ਘਰ । ਗੁਪਾਲਾ—ਹੇ ਧਰਤੀ ਦੇ ਰੱਖਿਅਕ ! ੧ ।

ਛਪਨ ਕੋਟਿ—ਛਪੰਜਾ ਕਰੋੜ ਮੇਘ ਮਾਲਾ, ਛਪੰਜਾ ਕਰੋੜ ਬੱਦਲ। ਪੇਹਨ—ਚੋਗਾ। ਸੋਲਹ ਸਹਸ—ਸੋਲਾਂ ਹਜ਼ਾਰ (ਆਲਮ)। ਨੋਟ—ਮੁਸਲਮਾਨੀ ਖ਼ਿਆਲ ਅਨੁਸਾਰ ਕੋਈ ਅਠਾਰਾਂ ਹਜ਼ਾਰ ਤੇ ਕੋਈ ਸੋਲਾਂ ਹਜ਼ਾਰ ਆਲਮ (ਜਹਾਨ) ਆਖਦੇ ਹਨ। ਕਈ ਵਿਦਵਾਨ ਸੱਜਣ ਇਸ ਦਾ ਅਰਥ 'ਸੋਲਾ ਹਜ਼ਾਰ ਗੋਪੀਆਂ' ਕਰਦੇ ਆ ਰਹੇ ਹਨ। ਪਰ ਇਹ ਉੱਕਾ ਹੀ ਗ਼ਲਤ ਤੇ ਅਢੁੱਕਵਾਂ ਹੈ; ਪ੍ਰਭੂ ਦਾ ਸਰੂਪ ਬਿਆਨ ਕਰਦੇ ਹੋਏ ਸਾਰੇ ਆਕਾਸ਼, ਸਾਰੇ ਪਤਾਲ, ਸਾਰੇ ਜੀਆ-ਜੰਤ, ਸਾਰੀਆਂ ਮੇਘਮਾਲਾ, ਸਾਰੀ ਬਨਸਪਤੀ, ਸਾਰਾ ਸੰਸਾਰ ਉਸ ਪ੍ਰਭੂ ਦੇ ਬਾਹਰਲੇ ਲਿਬਾਸ ਦਾ ਹਿੱਸਾ ਦੱਸਦੇ ਹਨ। ਬੇਅੰਤ ਜੀਵ ਪੈਦਾ ਕਰਨ ਵਾਲੇ ਪ੍ਰਭੂ ਦੇ 'ਇਜਾਰੇ' ਵਾਸਤੇ 'ਸੋਲਾਂ ਹਜ਼ਾਰ ਗੋਪੀਆਂ' ਕੋਈ ਵਡਿਆਈ ਦੀ ਗੱਲ ਨਹੀਂ ਹੈ; ਇਹ ਤਾਂ ਸੁਲਤਾਨ ਨੂੰ ਮੀਆਂ ਆਖਣ ਵਾਲੀ ਗੱਲ ਭੀ ਨਹੀਂ। ਇਜਾਰਾ—ਤੰਬਾ। ਭਾਰ ਅਠਾਰਹ—ਬਨਸਪਤੀ ਦੇ ਅਠਾਰਾਂ ਭਾਰ, ਸਾਰੀ ਬਨਸਪਤੀ। ਮੁਦਗਰੁ—ਮੁਤਹਿਰਾ, ਸਲੋਤਰ, ਡੰਡਾ ਜੋ ਫ਼ਕੀਰ ਲੋਕ ਆਮ ਤੌਰ ਤੇ ਹੱਥ ਵਿਚ ਰੱਖਦੇ ਹਨ। ਸਹਨਕ—ਮਿੱਟੀ ਦੀ ਰਕੇਬੀ। ੨।

ਦੇਹੀ—(ਮੇਰਾ) ਸਰੀਰ। ਮਹਜਿਦਿ—ਮਸਜਦ, ਮਸੀਤ। ਮਉਲਾਨਾ—ਮੌਲਵੀ, ਮੁੱਲਾਂ। ਸਹਜ—ਅਡੋਲਤਾ। ਸਹਜ ਨਿਵਾਜ—ਅਡੋਲਤਾ-ਰੂਪ ਨਿਮਾਜ਼। ਕਉਲਾ—ਮਾਇਆ। ਸਉ—ਸਿਉ, ਨਾਲ। ਕਾਇਨੁ—ਨਕਾਹ, ਵਿਆਹ। ਨਿਰੰਕਾਰ—ਹੇ ਨਿਰੰਕਾਰ! ਹੇ ਆਕਾਰ-ਰਹਿਤ ਪ੍ਰਭੂ! ਆਕਾਰ—ਜਗਤ। ਨਿਰੰਕਾਰ ਆਕਾਰੈ—ਹੇ ਸਾਰੇ ਜਗਤ ਦੇ ਨਿਰੰਕਾਰ! ੩।

ਛਿਨਾਏ—ਖੁਹਾਏ। ਨੋਟ—ਲਫ਼ਜ਼ 'ਛੀਨੇ' ਅਤੇ 'ਛਿਨਾਏ' ਵਖੋ-ਵੱਖ ਅਰਥ ਵਾਲੇ ਹਨ। ਕਿਸੇ ਉਸ 'ਕਲੰਦਰ' ਨੂੰ ਸੰਬੋਧਨ ਨਹੀਂ ਕਰ ਰਹੇ, ਜਿਸ ਨੇ ਨਾਮਦੇਵ ਦੇ ਛੈਣੇ 'ਖੋਹੇ'; ਸਰਬ-ਵਿਆਪਕ ਪ੍ਰਭੂ ਦਾ ਅਬਦਾਲੀ-ਭੇਸ ਬਿਆਨ ਕਰਦੇ ਹੋਏ ਆਖਦੇ ਹਨ ਕਿ ਤੂੰ ਹੀ ਮੇਰੇ ਛੈਣੇ 'ਖੁਹਾਏ'। ਨਾਮਦੇਵ ਜੀ ਨੇ ਲਫ਼ਜ਼ 'ਤਾਲ ਛਿਨਾਏ' ਉਸੇ ਤਰ੍ਹਾਂ ਵਰਤਿਆ ਹੈ ਜਿਵੇਂ ਕਬੀਰ ਜੀ ਨੇ 'ਯਹ ਮਾਲਾ ਅਪੁਨੀ ਲੀਜੈ' ਵਰਤਿਆ ਹੈ। ਨਾ ਕਬੀਰ ਜੀ ਗਲ ਵਿਚ ਮਾਲਾ ਪਾਈ ਫਿਰਦੇ ਸਨ, ਨਾ ਨਾਮਦੇਵ ਜੀ ਹੱਥ ਵਿਚ ਛੈਣੇ ਫੜੀ ਫਿਰਦੇ ਸਨ। ਛੈਣੇ ਆਮ ਤੌਰ ਤੇ ਮੰਦਰਾਂ ਵਿਚ ਹੀ ਆਰਤੀ ਵੇਲੇ ਵਜਾਏ ਜਾਂਦੇ ਹਨ; ਸੋ, 'ਤਾਲ ਛਿਨਾਏ' ਦਾ ਭਾਵ ਹੈ ਕਿ ਮੰਦਰ ਵਿਚੋਂ ਧੱਕੇ ਦਿਵਾਏ, ਮੰਦਰ ਵਿਚੋਂ ਕਢਾ ਦਿੱਤਾ। (ਵੇਖੋ ਬਿਲਾਵਲ ਕਬੀਰ ਜੀ—'ਨਿਤ ਉਠਿ ਕੋਰੀ ਗਾਗਰਿ'; ਅਤੇ ਸੋਰਠਿ ਕਬੀਰ ਜੀ—'ਭੂਖੇ ਭਗਤਿ ਨ ਕੀਜੈ' ਵਿਚ ਮੇਰਾ ਲਿਖਿਆ ਨੋਟ)। ਕਿਹ ਪਹਿ—ਹੋਰ ਕਿਸ ਪਾਸ? ਪੁਕਾਰਾ—ਫ਼ਰਿਆਦ, ਸ਼ਿਕੈਤ। ਫਿਰੈ—ਫਿਰਦਾ ਹੈ, ਵਿਆਪਕ ਹੈ। ਸਗਲ ਬੇਦੇਸਵਾ—ਸਾਰੇ ਦੇਸਾਂ ਵਿਚ। ੪।

ਅਰਥ :–ਹੇ (ਸੁਹਣੀਆਂ ਜ਼ੁਲਫ਼ਾਂ ਵਾਲੇ) ਕਲੰਦਰ-ਪ੍ਰਭੂ ! ਹੇ ਸੁਹਣੇ ਕੇਸਾਂ ਵਾਲੇ ਪ੍ਰਭੂ ! ਤੂੰ ਅਬਦਾਲੀ ਫ਼ਕੀਰਾਂ ਦਾ ਪਹਿਰਾਵਾ ਪਾ ਕੇ (ਆਇਆ ਹੈਂ); ਜੀ ਆਇਆਂ ਨੂੰ (ਆ, ਮੇਰੇ ਹਿਰਦੇ-ਮਸੀਤ ਵਿਚ ਆ ਬੈਠ)। ਰਹਾਉ।

(ਹੇ ਕਲੰਦਰ ! ਹੇ ਕੇਸ਼ਵ ! ਤੂੰ ਆ, ਤੂੰ) ਜਿਸ ਨੇ (ਸੱਤ) ਅਸਮਾਨਾਂ ਨੂੰ ਕੁੱਲਾ (ਬਣਾ ਕੇ ਆਪਣੇ) ਸਿਰ ਉੱਤੇ ਪਾਇਆ ਹੋਇਆ ਹੈ, ਜਿਸ ਨੇ ਸੱਤ ਪਤਾਲਾਂ ਨੂੰ ਆਪਣੀਆਂ ਖੜਾਵਾਂ ਬਣਾਇਆ ਹੋਇਆ ਹੈ। ਹੇ ਕਲੰਦਰ-ਪ੍ਰਭੂ ! ਸਾਰੇ ਜੀਆ-ਜੰਤ ਤੇਰੇ ਵੱਸਣ ਲਈ ਘਰ ਹਨ। ਹੇ ਧਰਤੀ ਦੇ ਰੱਖਿਅਕ ! ਤੂੰ ਇਸ ਤਰ੍ਹਾਂ ਦਾ ਬਣਿਆ ਹੋਇਆ ਹੈਂ ।੧।

(ਹੇ ਕਲੰਦਰ-ਪ੍ਰਭੂ !) ਛਪੰਜਾ ਕਰੋੜ (ਮੇਘ ਮਾਲਾ) ਤੇਰਾ ਚੋਗ਼ਾ ਹੈ, ਸੋਲਾਂ ਹਜ਼ਾਰ ਆਲਮ ਤੇਰਾ ਤੰਬਾ ਹੈ; ਹੇ ਕੇਸ਼ਵ ! ਸਾਰੀ ਬਨਸਪਤੀ ਤੇਰਾ ਸਲੋਤਰ ਹੈ, ਤੇ ਸਾਰਾ ਸੰਸਾਰ ਤੇਰੀ ਸਹਣਕੀ (ਮਿੱਟੀ ਦੀ ਰਕੇਬੀ) ਹੈ।੨।

(ਹੇ ਕਲੰਦਰ-ਪ੍ਰਭੂ ! ਆ, ਮੇਰੀ ਮਸੀਤੇ ਆ) ਮੇਰਾ ਸਰੀਰ (ਤੇਰੇ ਲਈ) ਮਸੀਤ ਹੈ, ਮੇਰਾ ਮਨ (ਤੇਰੇ ਨਾਮ ਦੀ ਬਾਂਗ ਦੇਣ ਵਾਲਾ) ਮੁੱਲਾਂ ਹੈ, ਤੇ (ਤੇਰੇ ਚਰਨਾਂ ਵਿਚ ਜੁੜਿਆ ਰਹਿ ਕੇ) ਅਡੋਲਤਾ ਦੀ ਨਿਮਾਜ਼ ਪੜ੍ਹ ਰਿਹਾ ਹੈ। ਹੇ ਸਾਰੇ ਜਗਤ ਦੇ ਮਾਲਕ ਨਿਰੰਕਾਰ ! ਬੀਬੀ ਲੱਛਮੀ ਨਾਲ ਤੇਰਾ ਵਿਆਹ ਹੋਇਆ ਹੈ (ਭਾਵ, ਇਹ ਸਾਰੀ ਮਾਇਆ ਤੇਰੇ ਚਰਨਾਂ ਦੀ ਹੀ ਦਾਸੀ ਹੈ)।੩।

(ਹੇ ਕਲੰਦਰ-ਪ੍ਰਭੂ !) ਮੈਨੂੰ ਭਗਤੀ ਕਰਦੇ ਨੂੰ ਤੂੰ ਹੀ ਮੰਦਰ ਵਿਚੋਂ ਕਢਾਇਆ, (ਤੈਨੂੰ ਛੱਡ ਕੇ ਮੈਂ ਹੋਰ) ਕਿਸ ਅੱਗੇ ਦਿਲ ਦੀਆਂ ਗੱਲਾਂ ਕਰਾਂ ? (ਹੇ ਭਾਈ !) ਨਾਮਦੇਵ ਦਾ ਮਾਲਕ-ਪਰਮਾਤਮਾ ਹਰੇਕ ਜੀਵ ਦੇ ਅੰਦਰ ਦੀ ਜਾਣਨ ਵਾਲਾ ਹੈ, ਤੇ ਸਾਰੇ ਦੇਸਾਂ ਵਿਚ ਵਿਆਪਕ ਹੈ।੫।੧।

ਸ਼ਬਦ ਦਾ ਭਾਵ—ਸਿਮਰਨ ਦੀ ਬਰਕਤਿ—ਨਿਡਰਤਾ, ਉੱਚ-ਜਾਤੀਏ ਲੋਕਾਂ ਦੀ ਵਧੀਕੀ ਦੇ ਵਿਰੁੱਧ ਆਵਾਜ਼ ਉਠਾਂਦੇ ਹਨ।

ਰਾਗੁ ਬਸੰਤੁ ਮਹਲਾ ੧ ਘਰੁ ੧ ਚਉਪਦੇ ਦੁਤੁਕੇ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥ ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥ ੧ ॥ ਭੋਲਿਆ ਹਉਮੈ ਸੁਰਤਿ ਵਿਸਾਰਿ ॥ ਹਉਮੈ ਮਾਰਿ ਬੀਚਾਰਿ ਮਨ ਗੁਣ ਵਿਚਿ ਗੁਣੁ ਲੈ ਸਾਰਿ ॥ ੧ ॥ ਰਹਾਉ ॥ ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥ ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥ ੨ ॥ ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥ ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨ ॥ ੩ ॥ ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥ ਨਾਨਕ ਹਰੇ ਨ ਸੂਕਹੀ ਜਿ ਗੁਰਮੁਖਿ ਰਹੇ ਸਮਾਇ ॥ ੪ ॥ ੧ ॥

ਪਦ ਅਰਥ :—ਮਾਹਾ ਮਾਹ—ਮਹਾ ਮਹਾ, ਵਡੀਆਂ ਵਡੀਆਂ। ਮੁਮਾਰਖੀ—ਮੁਬਾਰਕਾਂ, ਵਧਾਈਆਂ। ਸਦਾ ਬਸੰਤੁ—ਸਦਾ ਖਿੜੇ ਰਹਿਣ ਵਾਲਾ (ਪ੍ਰਭੂ-ਪ੍ਰਕਾਸ਼)। ਪਰਫੜੁ—ਪ੍ਰਫੁਲਤ ਹੋ, ਖਿੜ। ਚਿਤ—ਹੇ ਚਿਤ! ਸਮ੍ਹਾਲਿ—ਸਾਂਭ ਰੱਖ। ਗੋਵਿੰਦੁ—ਸ੍ਰਿਸ਼ਟੀ ਦੀ ਸਾਰ ਲੈਣ ਵਾਲਾ ਪ੍ਰਭੂ। ੧।

ਭੋਲਿਆ—ਹੇ ਕਮਲੇ (ਮਨ)! ਸੁਰਤਿ—ਬ੍ਰਿਤੀ। ਵਿਸਾਰਿ—ਭੁਲਾ ਦੇ। ਬੀਚਾਰਿ—ਸੋਚ ਸਮਝ, ਹੋਸ਼ ਕਰ। ਮਨ—ਹੇ ਮਨ! ਗੁਣ ਵਿਚਿ ਗੁਣੁ—ਗੁਣਾਂ ਵਿਚ ਸ੍ਰੇਸ਼ਟ ਗੁਣ, ਸਭ ਤੋਂ ਸ੍ਰੇਸ਼ਟ ਗੁਣ। ਲੈ ਸਾਰਿ—ਸਾਰਿ ਲੈ, ਸੰਭਾਲ ਲੈ। ੧। ਰਹਾਉ।

ਕਰਮ—(ਰੋਜ਼ਾਨਾ ਜੀਵਨ ਵਾਲੇ) ਕੰਮ। ਪੇਡੁ—ਰੁੱਖ। ਸਾਖਾ—ਟਹਣੀਆਂ। ਹਰੀ—ਹਰਿ-ਨਾਮ ਦਾ ਸਿਮਰਨ। ਗਿਆਨੁ—ਪ੍ਰਭੂ ਨਾਲ ਡੂੰਘੀ ਸਾਂਝ। ਪਤ—ਪੱਤਰ। ਘਣੀ—ਸੰਘਣੀ। ਮਨ ਅਭਿਮਾਨੁ—ਮਨ ਦਾ ਅਹੰਕਾਰ। ਚੂਕਾ—ਮੁੱਕ ਗਿਆ।੨।

ਅਖੀ—ਅੱਖਾਂ ਨਾਲ। ਕੰਨੀ—ਕੰਨਾਂ ਨਾਲ। ਬਾਣੀ—ਸਿਫ਼ਤਿ ਸਾਲਾਹ। ਮੁਖਿ—ਮੂੰਹ ਵਿਚ। ਆਖਣੁ—ਬੋਲ। ਪਤਿ—ਇੱਜ਼ਤ। ਸਹਜਿ—ਸਹਜ ਵਿਚ, ਅਡੋਲਤਾ ਵਿਚ। ਧਿਆਨੁ—ਟਿਕਾਉ। ੩।

ਮਾਹਾ ਰੁਤੀ—ਮਹੀਨੇ ਤੇ ਰੁੱਤਾਂ। ਕਰਮ—(ਹਉਮੈ ਵਿਸਾਰਨ ਵਾਲੇ) ਕੰਮ।੪।

ਅਰਥ :—ਹੇ ਕਮਲੇ ਮਨ! ਮੈਂ ਮੈਂ ਕਰਨ ਵਾਲੀ ਬ੍ਰਿਤੀ ਭੁਲਾ ਦੇ। ਹੇ ਮਨ! ਹੋਸ਼ ਕਰ, ਹਉਮੈ ਨੂੰ (ਆਪਣੇ ਅੰਦਰੋਂ) ਮੁਕਾ ਦੇ। (ਹਉਮੈ ਨੂੰ ਮੁਕਾਣ ਵਾਲਾ ਇਹ) ਸਭ ਤੋਂ ਸ੍ਰੇਸ਼ਟ ਗੁਣ (ਆਪਣੇ ਅੰਦਰ) ਸੰਭਾਲ ਲੈ।੧। ਰਹਾਉ।

(ਹੇ ਮਨ! ਜੇ ਤੂੰ ਹਉਮੈ ਵਾਲੀ ਬ੍ਰਿਤੀ ਭੁਲਾ ਦੇਵੇਂ ਤਾਂ ਤੇਰੇ ਅੰਦਰ) ਵਡੀਆਂ ਵਡੀਆਂ ਵਧਾਈਆਂ (ਬਣ ਜਾਣ, ਤੇਰੇ ਅੰਦਰ ਸਦਾ ਚੜ੍ਹਦੀ ਕਲਾ ਟਿਕੀ ਰਹੇ, ਕਿਉਂਕਿ ਤੇਰੇ ਅੰਦਰ) ਸਦਾ ਖਿੜੇ ਰਹਿਣ ਵਾਲਾ ਪਰਮਾਤਮਾ ਪਰਗਟ ਹੋ ਪਏ। ਹੇ ਮੇਰੇ ਚਿੱਤ! ਸ੍ਰਿਸ਼ਟੀ ਦੀ ਸਾਰ ਲੈਣ ਵਾਲੇ ਪ੍ਰਭੂ ਨੂੰ ਤੂੰ ਸਦਾ (ਆਪਣੇ ਅੰਦਰ) ਸਾਂਭ ਰੱਖ ਤੇ (ਇਸ ਦੀ ਬਰਕਤਿ ਨਾਲ) ਖਿੜਿਆ ਰਹੁ।੧।

(ਹੇ ਮਨ! ਜੇ ਤੂੰ ਹਉਮੈ ਭੁਲਾਣ ਵਾਲੇ ਰੋਜ਼ਾਨਾ) ਕੰਮ (ਕਰਨ ਲੱਗ ਪਏਂ, ਇਹ ਤੇਰੇ ਅੰਦਰ ਇਕ ਐਸਾ) ਰੁੱਖ (ਉੱਗ ਪਏਗਾ, ਜਿਸ ਨੂੰ) ਹਰਿ-ਨਾਮ (ਸਿਮਰਨ) ਦੀਆਂ ਟਹਣੀਆਂ (ਫੁੱਟਣਗੀਆਂ, ਜਿਸ ਨੂੰ) ਧਾਰਮਿਕ ਜੀਵਨ ਫੁੱਲ (ਲੱਗੇਗਾ ਤੇ ਪ੍ਰਭੂ ਨਾਲ) ਡੂੰਘੀ ਜਾਣ-ਪਛਾਣ ਫਲ (ਲੱਗੇਗਾ)। ਪਰਮਾਤਮਾ ਦੀ ਪਰਾਪਤੀ (ਉਸ ਰੁੱਖ ਦੇ) ਪੱਤਰ (ਹੋਣਗੇ, ਤੇ) ਨਿਰਮਾਣਤਾ (ਉਸ ਰੁੱਖ ਦੀ) ਸੰਘਣੀ ਛਾਂ ਹੋਵੇਗੀ।੨।

(ਜੇਹੜਾ ਭੀ ਮਨੁੱਖ ਹਉਮੈ ਨੂੰ ਭੁਲਾਣ ਵਾਲੇ ਰੋਜ਼ਾਨਾ ਕੰਮ ਕਰੇਗਾ ਉਸ ਨੂੰ) ਕੁਦਰਤਿ ਵਿਚ ਵੱਸਦਾ ਰੱਬ ਆਪਣੀ ਅੱਖੀਂ ਦਿੱਸੇਗਾ, ਉਸ ਦੇ ਕੰਨਾਂ ਵਿਚ ਪ੍ਰਭੂ ਦੀ ਸਿਫ਼ਤਿ ਸਾਲਾਹ ਵੱਸੇਗੀ, ਉਸ ਦੇ ਮੂੰਹ ਵਿਚ ਸਦਾ ਥਿਰ ਰਹਿਣ ਵਾਲਾ ਪ੍ਰਭੂ-ਨਾਮ ਹੀ ਬੋਲ ਹੋਵੇਗਾ। ਉਸ ਨੂੰ ਲੋਕ ਪਰਲੋਕ ਦੀ ਇੱਜ਼ਤ ਦਾ ਸੰਪੂਰਨ ਧਨ ਮਿਲ ਜਾਇਗਾ, ਅਡੋਲਤਾ ਵਿਚ ਸਦਾ ਉਸ ਦੀ ਸੁਰਤਿ ਟਿਕੀ ਰਹੇਗੀ।੩।

(ਹੇ ਭਾਈ! ਹਉਮੈ ਨੂੰ ਵਿਸਾਰਨ ਵਾਲੇ) ਕੰਮ ਕਰ ਕੇ ਵੇਖ ਲਵੋ, ਇਹ ਦੁਨੀਆ ਵਾਲੀਆਂ ਰੁੱਤਾਂ ਤੇ ਮਹੀਨੇ ਤਾਂ ਸਦਾ ਆਉਣ ਜਾਣ ਵਾਲੇ ਹਨ (ਪਰ ਉਹ ਸਦਾ ਦੇ ਖੇੜੇ ਵਾਲੀ ਆਤਮਕ ਅਵਸਥਾ ਵਾਲੀ ਰੁੱਤ ਕਦੇ ਲੋਪ ਨਹੀਂ ਹੋਵੇਗੀ)।

ਹੇ ਨਾਨਕ! ਜੇਹੜੇ ਬੰਦੇ ਗੁਰੂ ਦੇ ਦੱਸੇ ਰਸਤੇ ਤੁਰ ਕੇ ਪ੍ਰਭੂ-ਯਾਦ ਵਿਚ ਟਿਕੇ ਰਹਿੰਦੇ ਹਨ, ਉਹਨਾਂ ਦੀ ਆਤਮਾ ਸਦਾ ਖਿੜੀ ਰਹਿੰਦੀ ਹੈ ਤੇ ਉਹ ਖੇੜਾ ਕਦੇ ਸੁੱਕਦਾ ਨਹੀਂ।੪।੧।

ਮਹਲਾ ੧ ਬਸੰਤੁ ॥ ਰੁਤਿ ਆਈਲੇ ਸਰਸ ਬਸੰਤ ਮਾਹਿ ॥ ਰੰਗਿ ਰਾਤੇ ਰਵਹਿ ਸਿ ਤੇਰੈ ਚਾਇ ॥ ਕਿਸੁ ਪੂਜ ਚੜਾਵਉ ਲਗਉ ਪਾਇ ॥ ੧ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ਜਗ ਜੀਵਨ ਜੁਗਤਿ ਨ ਮਿਲੈ ਕਾਇ ॥ ੧ ॥ ਰਹਾਉ ॥ ਤੇਰੀ ਮੂਰਤਿ ਏਕਾ ਬਹੁਤੁ ਰੂਪ ॥ ਕਿਸੁ ਪੂਜ

ਚੜ੍ਹਾਵਉ ਦੇਉ ਧੂਪ ॥ ਤੇਰਾ ਅੰਤੁ ਨ ਪਾਇਆ ਕਹਾ ਪਾਇ ॥ ਤੇਰਾ ਦਾਸਨਿ ਦਾਸਾ ਕਹਉ ਰਾਇ ॥ ੨ ॥ ਤੇਰੇ ਸਠਿ ਸੰਬਤ ਸਭਿ ਤੀਰਥਾ ॥ ਤੇਰਾ ਸਚੁ ਨਾਮੁ ਪਰਮੇਸਰਾ ॥ ਤੇਰੀ ਗਤਿ ਅਵਿਗਤਿ ਨਹੀ ਜਾਣੀਐ ॥ ਅਣਜਾਣਤ ਨਾਮੁ ਵਖਾਣੀਐ ॥ ੩ ॥ ਨਾਨਕੁ ਵੇਚਾਰਾ ਕਿਆ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥ ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ੪ ॥ ੨ ॥

ਪਦ ਅਰਥ :—ਰੁਤਿ—ਸੁਹਾਵਣੀ ਰੁੱਤ । ਆਈਲੇ—ਆਈ ਹੈ । ਸਰਸ—ਰਸ ਸਹਿਤ, ਖ਼ੁਸ਼ । ਮਾਹਿ—ਵਿਚ । ਰੰਗਿ—ਤੇਰੈ ਰੰਗਿ, ਹੇ ਪ੍ਰਭੂ ! ਤੇਰੇ ਪ੍ਰੇਮ ਵਿਚ । ਰਾਤੇ—ਰੰਗੇ ਹੋਏ । ਰਵਹਿ—ਜੋ ਬੰਦੇ ਸਿਮਰਦੇ ਹਨ । ਸਿ—ਉਹ ਬੰਦੇ । ਚਾਇ—ਚਾ ਵਿਚ । ਤੇਰੈ ਚਾਇ—ਤੇਰੇ ਮਿਲਾਪ ਦੀ ਖ਼ੁਸ਼ੀ ਵਿਚ । ਚੜ੍ਹਾਵਉ—ਮੈਂ ਚੜ੍ਹਾਵਾਂ । ਲਗਉ—ਮੈਂ ਲੱਗਾਂ । ਪਾਇ—ਪੈਰੀਂ ।੧।

ਦਾਸਨਿ ਦਾਸਾ—ਦਾਸਾਂ ਦਾ ਦਾਸ ਹੋ ਕੇ । ਕਹਉ—ਮੈਂ ਆਖਦਾ ਹਾਂ, ਸਿਮਰਦਾ ਹਾਂ । ਕਾਇ—ਕਿਸੇ ਹੋਰ ਥਾਂ ਤੋਂ । ੧ । ਰਹਾਉ ।

ਮੂਰਤਿ—ਹਸਤੀ । ਦੇਉ—ਮੈਂ ਦਿਆਂ । ਕਹਾ ਪਾਇ—ਕਿਥੋਂ ਪਾਇਆ ਜਾ ਸਕਦਾ ਹੈ ? ੨ ।

ਸਠਿ ਸੰਬਤਿ—ਸੱਠ ਸਾਲ [ਬ੍ਰਹਮਾ ਵਿਸ਼ਨੂ ਸ਼ਿਵ ਦੀਆਂ ੩ ਬੀਸੀਆਂ । ਇਹਨਾਂ ਦਾ ਵੀਹ ਵੀਹ ਸਾਲ ਦਾ ਪ੍ਰਭਾਵ ਮੰਨਿਆ ਗਿਆ ਹੈ] । ਸਭਿ—ਸਾਰੇ । ਗਤਿ—ਹਾਲਤ । ਤੇਰੀ ਗਤਿ—ਤੂੰ ਕਿਹੋ ਜਿਹਾ ਹੈਂ—ਇਹ ਗੱਲ । ਅਵਿਗਤਿ—ਜਾਣਨ ਤੋਂ ਪਰੇ ।੩।

ਵੇਚਾਰਾ—ਗਰੀਬ ।ਏਕਸੈ—ਇਕੋ ਪ੍ਰਭੂ ਨੂੰ । ਸਿਰੁ ਨਾਨਕ—ਨਾਨਕ ਦਾ ਸਿਰ ।ਲੋਕਾ ਪਾਵ—(ਉਹਨਾਂ ਸਿਫ਼ਤਿ ਸਾਲਾਹ ਕਰਨ ਵਾਲੇ) ਲੋਕਾਂ ਦੇ ਪੈਰਾਂ ਉਤੇ । ਜੇਤੇ—ਜਿਤਨੇ ਭੀ । ੪ ।

ਅਰਥ :—ਹੇ ਪ੍ਰਕਾਸ਼-ਰੂਪ ਪ੍ਰਭੂ ! ਮੈਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਸਿਮਰਦਾ ਹਾਂ । ਹੇ ਜਗਤ ਦੇ ਜੀਵਨ ਪ੍ਰਭੂ ! ਤੇਰੇ ਮਿਲਾਪ ਦੀ ਜੁਗਤੀ (ਤੇਰੇ ਦਾਸਾਂ ਤੋਂ ਬਿਨਾ) ਕਿਸੇ ਹੋਰ ਥਾਂ ਤੋਂ ਨਹੀਂ ਮਿਲ ਸਕਦੀ ।੧। ਰਹਾਉ ।

ਹੇ ਪ੍ਰਭੂ ! ਜੇਹੜੇ ਬੰਦੇ ਤੇਰੇ ਪਿਆਰ-ਰੰਗ ਵਿਚ ਰੰਗੇ ਜਾਂਦੇ ਹਨ, ਜੇਹੜੇ ਤੈਨੂੰ ਸਿਮਰਦੇ ਹਨ, ਉਹ ਤੇਰੇ ਮਿਲਾਪ ਦੀ ਖ਼ੁਸ਼ੀ ਵਿਚ ਰਹਿੰਦੇ ਹਨ, ਉਹਨਾਂ ਵਾਸਤੇ (ਇਹ ਮਨੁੱਖਾ ਜਨਮ, ਮਾਨੋ, ਬਸੰਤ ਦੀ) ਰੁੱਤ ਆਈ ਹੋਈ ਹੈ, ਉਹ (ਮਨੁੱਖਾ ਜਨਮ ਵਾਲੀ) ਇਸ ਰੁੱਤ ਵਿਚ ਸਦਾ ਖਿੜੇ ਰਹਿੰਦੇ ਹਨ । (ਲੋਕ ਬਸੰਤ ਰੁੱਤੇ ਖਿੜੇ ਹੋਏ ਫੁੱਲ ਲੈ ਕੇ ਕਈ

ਦੇਵੀ ਦੇਵਤਿਆਂ ਦੀ ਭੇਟ ਚੜ੍ਹਾ ਕੇ ਪੂਜਾ ਕਰਦੇ ਹਨ। ਪਰ ਮੈਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਸਿਮਰਦਾ ਹਾਂ, ਤੇਥੋਂ ਬਿਨਾ) ਮੈਂ ਹੋਰ ਕਿਸ ਦੀ ਪੂਜਾ ਵਾਸਤੇ (ਫੁੱਲ) ਭੇਟਾ ਕਰਾਂ? (ਤੈਥੋਂ ਬਿਨਾ) ਮੈਂ ਹੋਰ ਕਿਸ ਦੀ ਚਰਨੀਂ ਲੱਗਾਂ ? ੨।

ਹੇ ਪ੍ਰਭੂ ! ਤੇਰੀ ਹਸਤੀ ਇੱਕ ਹੈ, ਤੇਰੇ ਰੂਪ ਅਨੇਕਾਂ ਹਨ । ਤੈਨੂੰ ਛੱਡ ਕੇ ਮੈਂ ਹੋਰ ਕਿਸ ਨੂੰ ਧੂਪ ਦਿਆਂ ? ਤੈਨੂੰ ਛੱਡ ਕੇ ਮੈਂ ਹੋਰ ਕਿਸ ਦੀ ਪੂਜਾ ਵਾਸਤੇ (ਫੁੱਲ ਆਦਿਕ) ਭੇਟਾ ਧਰਾਂ ? ਹੇ ਪ੍ਰਭੂ ! ਤੇਰੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਹੇ ਪ੍ਰਕਾਸ਼-ਰੂਪ ਪ੍ਰਭੂ ! ਮੈਂ ਤਾਂ ਤੇਰੇ ਦਾਸਾਂ ਦਾ ਦਾਸ ਬਣ ਕੇ ਤੈਨੂੰ ਹੀ ਸਿਮਰਦਾ ਹਾਂ। ੨।

ਹੇ ਪਰਮੇਸ਼ਰ ! ਤੇਰਾ ਸਦਾ ਥਿਰ ਰਹਿਣ ਵਾਲਾ ਨਾਮ ਹੀ ਮੇਰੇ ਵਾਸਤੇ ਤੇਰੇ ਅਠ ਸਾਲ (ਬ੍ਰਹਮਾ ਸ਼ਿਵ ਵਿਸ਼ਨੂ ਦੀਆਂ ਬੀਸੀਆਂ) ਹਨ ਤੇ ਸਾਰੇ ਤੀਰਥ ਹਨ। ਤੂੰ ਕਿਹੋ ਜਿਹਾ ਹੈਂ—ਇਹ ਗੱਲ ਸਮਝੀ ਨਹੀਂ ਜਾ ਸਕਦੀ, ਜਾਣੀ ਨਹੀਂ ਜਾ ਸਕਦੀ। ਇਹ ਸਮਝਣ ਦਾ ਜਤਨ ਕਰਨ ਤੋਂ ਬਿਨਾ ਹੀ (ਤੇਰੇ ਦਾਸਾਂ ਦਾ ਦਾਸ ਬਣ ਕੇ) ਤੇਰਾ ਨਾਮ ਸਿਮਰਨਾ ਚਾਹੀਦਾ ਹੈ। ੩।

(ਨਿਰਾ ਮੈਂ ਨਾਨਕ ਹੀ ਨਹੀਂ ਆਖ ਰਿਹਾ ਕਿ ਤੂੰ ਬੇਅੰਤ ਹੈਂ) ਗਰੀਬ ਨਾਨਕ ਕੀਹ ਆਖ ਸਕਦਾ ਹੈ ? ਸਾਰਾ ਸੰਸਾਰ ਹੀ ਤੈਨੂੰ ਇੱਕ ਨੂੰ ਸਲਾਹ ਰਿਹਾ ਹੈ (ਤੇਰੀਆਂ ਸਿਫਤਾਂ ਕਰ ਰਿਹਾ ਹੈ)। ਹੇ ਪ੍ਰਭੂ ! ਜੇਹੜੇ ਬੰਦੇ ਤੇਰੀ ਸਿਫ਼ਤਿ ਸਾਲਾਹ ਕਰਦੇ ਹਨ, ਮੈਂ ਨਾਨਕ ਦਾ ਸਿਰ ਉਹਨਾਂ ਦੇ ਕਦਮਾਂ ਤੇ ਹੈ। ਹੇ ਪ੍ਰਭੂ ! ਜਿਤਨੇ ਭੀ ਤੇਰੇ ਨਾਮ ਹਨ ਮੈਂ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ (ਤੇਰੇ ਇਹ ਬੇਅੰਤ ਨਾਮ ਤੇਰੇ ਬੇਅੰਤ ਗੁਣਾਂ ਨੂੰ ਵੇਖ ਵੇਖ ਕੇ ਤੇਰੇ ਬੰਦਿਆਂ ਨੇ ਬਣਾਏ ਹਨ)। ੪। ੨।

ਬਸੰਤੁ ਮਹਲਾ ੧ ॥ ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥ ਗੰਗਾ ਕਾ ਉਦਕੁ ਕਰੰਤੇ ਕੀ ਆਗਿ ॥ ਗਰੁੜਾ ਖਾਣਾ ਦੁਧ ਸਿਉ ਗਾਡਿ ।। ੧ ।। ਰੇ ਮਨ ਲੇਖੈ ਕਬਹੂ ਨ ਪਾਇ ॥ ਜਾਮਿ ਨ ਭੀਜੈ ਸਾਚ ਨਾਇ ॥ ੧ ॥ ਰਹਾਉ ।। ਦਸ ਅਠ ਲੀਖੇ ਹੋਵਹਿ ਪਾਸਿ ॥ ਚਾਰੇ ਬੇਦ ਮੁਖਾਗਰ ਪਾਠਿ ।। ਪੁਰਬੀ ਨਾਵੈ ਵਰਨਾਂ ਕੀ ਦਾਤਿ ॥ ਵਰਤ ਨੇਮ ਕਰੇ ਦਿਨ ਰਾਤਿ ॥ ੨ ॥ ਕਾਜੀ ਮੁਲਾਂ ਹੋਵਹਿ ਸੇਖ ।। ਜੋਗੀ ਜੰਗਮ ਭਗਵੇ ਭੇਖ ।। ਕੋ ਗਿਰਹੀ ਕਰਮਾਂ ਕੀ ਸੰਧਿ ।। ਬਿਨੁ ਬੂਝੇ ਸਭ ਖੜੀਅਸਿ ਬੰਧਿ ॥ ੩ ॥ ਜੇਤੇ ਜੀਅ ਲਿਖੀ ਸਿਰਿ ਕਾਰ ।। ਕਰਣੀ ਉਪਰਿ ਹੋਵਗਿ ਸਾਰ ॥ ਹੁਕਮੁ ਕਰਹਿ ਮੂਰਖ ਗਾਵਾਰ ।। ਨਾਨਕ ਸਾਚੇ ਕੇ ਸਿਫਤਿ ਭੰਡਾਰ ।। ੪ ।। ੩ ।।

ਪਦ ਅਰਥ :—ਚਉਕਾ—ਰਸੋਈ ਤੋਂ ਬਾਹਰ ਖੁਲ੍ਹੇ ਥਾਂ ਰੋਟੀ ਪਕਾਣ ਵਾਸਤੇ ਵਲਿਆ ਹੋਇਆ ਥਾਂ। ਕੰਚਨ—ਸੋਨਾ। ਕੁਆਰ—ਕਰਵੇ, ਗਾਗਰਾਂ। ਰੁਪਾ—ਚਾਂਦੀ। ਕਾਰਾ—ਕਾਰਾਂ, ਲਕੀਰਾਂ, ਚੌਕੇ ਦੇ ਦੁਆਲੇ ਹੱਦ-ਬੰਦੀ ਦੀਆਂ ਲਕੀਰਾਂ। ਬਿਸਥਾਰੁ—ਸੁੱਚ ਰੱਖਣ ਵਾਸਤੇ ਅਜੇਹੇ ਹੋਰ ਉੱਦਮਾਂ ਦਾ ਵਿਸਥਾਰ। ਉਦਕ—ਪਾਣੀ। ਕਰੰਤੇ ਕੀ ਆਗਿ [ਕ੍ਰਤੁ-ਅਗਿ੍ਨ, ਕ੍ਰਤੁ-ਅਗਨਿ। ਕ੍ਰਤੁ—ਜੱਗ] ਜੱਗ ਦੀ ਅੱਗ। ਇਕ ਖ਼ਾਸ ਰੁੱਖ (ਅਰਣੀ) ਦੇ ਦੋ ਡੰਡੇ ਬਣਾ ਕੇ ਇਕ ਡੰਡੇ ਵਿਚ ਛੇਕ ਕਰ ਲੈਂਦੇ ਹਨ, ਉਸ ਵਿਚ ਦੂਜਾ ਡੰਡਾ ਫਸਾ ਕੇ ਉਸ ਨੂੰ ਮਧਾਣੀ ਵਾਂਗ ਰੱਸੀ ਦੇ ਲਪੇਟੇ ਦੇ ਕੇ ਬੜੀ ਤੇਜ਼ੀ ਨਾਲ ਘੁਮਾਂਦੇ ਹਨ। ਇਸ ਤਰ੍ਹਾਂ ਦੋਹਾਂ ਡੰਡਿਆਂ ਦੀ ਰਗੜ ਨਾਲ ਅੱਗ ਪੈਦਾ ਹੁੰਦੀ ਹੈ। ਇਹ ਅੱਗ ਸੁੱਚੀ ਮੰਨੀ ਗਈ ਹੈ। ਜੱਗਾਂ ਵਿਚ ਇਸ ਅੱਗ ਨੂੰ ਵਰਤਣਾ ਚੰਗਾ ਦੱਸਿਆ ਗਿਆ ਹੈ। ਗਰੁੜਾ—ਰਿੱਝੇ ਹੋਏ ਚਾਵਲ। ਗਾਡਿ—ਮਿਲਾ ਕੇ।੧।

ਲੇਖੈ ਨ ਪਾਇ—ਕਬੂਲ ਨਹੀਂ ਹੋ ਸਕਦਾ। ਜਾਮਿ—ਜਦ ਤਕ। ਨਾਇ—ਨਾਮ ਵਿਚ।੧। ਰਹਾਉ।

ਦਸ ਅਠ—ਅਠਾਰਾਂ ਪੁਰਾਣ। ਮੁਖਾਗਰ—ਮੂੰਹ-ਜ਼ਬਾਨੀ, ਮੂੰਹ ਅੱਗੇ [ਮੁਖ-ਅੱਗ੍ਰ]। ਪਾਠਿ—ਪਾਠ ਵਿਚ। ਪੁਰਬੀ—ਪੁਰਬਾਂ ਦੇ ਮੌਕੇ ਤੇ, ਪਵਿਤ੍ਰ ਦਿਹਾੜਿਆਂ ਤੇ। ਵਰਨਾਂ ਕੀ ਦਾਤਿ—ਵਖ ਵਖ ਵਰਨਾਂ ਲਈ ਜੋ ਦਾਨ ਕਰਨਾ ਲਿਖਿਆ ਹੈ ਉਸ ਅਨੁਸਾਰ ਦਾਨ।੨।

ਜੰਗਮ—ਟੱਲੀਆਂ ਵਜਾਣ ਵਾਲੇ ਸ਼ਿਵ-ਉਪਾਸਕ। ਸੰਧਿ—ਮਿਲੌਣੀ। ਕਰਮਾਂ ਕੀ ਸੰਧਿ—ਧਰਮ ਸ਼ਾਸਤ੍ਰਾਂ ਅਨੁਸਾਰ ਦੱਸੇ ਕਰਮ ਕਾਂਡ ਨੂੰ ਕਰਨ ਵਾਲੇ, ਕਰਮ-ਕਾਂਡੀ। ਖੜੀਅਸਿ—ਖੜੀ ਜਾਂਦੀ ਹੈ। ਬੰਧਿ—ਬੰਨ੍ਹ ਕੇ।੩।

ਸਿਰਿ—ਸਿਰ ਉਤੋਂ। ਕਰਣੀ ਉਪਰਿ—ਹਰੇਕ ਦੀ ਕਰਣੀ ਅਨੁਸਾਰ, ਹਰੇਕ ਜੀਵ ਦੇ ਕੀਤੇ ਕਰਮਾਂ ਅਨੁਸਾਰ। ਹੋਵਗਿ—ਹੋਵੇਗੀ। ਸਾਰ—ਸੰਭਾਲ, ਫ਼ੈਸਲਾ। ਹੁਕਮੁ ਕਰਹਿ—ਜੋ ਮਨੁੱਖ ਹੁਕਮ ਕਰਦੇ ਹਨ, ਹਉਮੈ ਕਰਨ ਵਾਲੇ ਬੰਦੇ। ਭੰਡਾਰ—ਖ਼ਜ਼ਾਨੇ।੪।

ਅਰਥ :—(ਜੇ ਕੋਈ ਮਨੁੱਖ) ਸੋਨੇ ਦਾ ਚੌਂਕਾ (ਤਿਆਰ ਕਰੇ), ਸੋਨੇ ਦੇ ਹੀ (ਉਸ ਵਿਚ) ਭਾਂਡੇ (ਵਰਤੇ), (ਚੌਂਕੇ ਨੂੰ ਸੁੱਚਾ ਰੱਖਣ ਲਈ ਉਸ ਦੇ ਦੁਆਲੇ) ਚਾਂਦੀ ਦੀਆਂ ਲਕੀਰਾਂ (ਪਾਏ) (ਤੇ ਸੁੱਚ ਵਾਸਤੇ) ਇਹੋ ਜੇਹੇ ਹੋਰ ਕਈ ਕੰਮਾਂ ਦਾ ਖਿਲਾਰਾ (ਖਿਲਾਰੇ); (ਭੋਜਨ ਤਿਆਰ ਕਰਨ ਲਈ ਜੇ ਉਹ) ਗੰਗਾ ਦਾ (ਪਵਿਤ੍ਰ) ਜਲ (ਲਿਆਵੇ), ਤੇ ਅਰਣ ਦੀਆਂ ਲੱਕੜਾਂ ਦੀ ਅੱਗ (ਤਿਆਰ ਕਰੇ); ਜੇ ਫਿਰ ਉਹ ਦੁੱਧ ਵਿਚ ਰਲਾ ਕੇ ਰਿੱਝੇ ਹੋਏ ਚਾਵਲਾਂ ਦਾ ਭੋਜਨ ਕਰੇ;

(ਤਾਂ ਭੀ) ਹੇ ਮਨ! ਅਜੇਹੀ ਸੁੱਚ ਦੇ ਕੋਈ ਭੀ ਅਡੰਬਰ ਪਰਵਾਨ ਨਹੀਂ ਹੁੰਦੇ। ਜਦੋਂ ਤਕ ਮਨੁੱਖ ਪ੍ਰਭੂ ਦੇ ਸੱਚੇ ਨਾਮ ਵਿਚ ਨਹੀਂ ਭਿੱਜਦਾ (ਪ੍ਰੀਤਿ ਨਹੀਂ ਪਾਂਦਾ, ਉਸ ਦਾ

ਕੋਈ ਭੀ ਉੱਦਮ ਪ੍ਰਭੂ ਨੂੰ ਪਸੰਦ ਨਹੀਂ) । ੧ । ਰਹਾਉ ।

ਜੇ ਕਿਸੇ ਪੰਡਿਤ ਨੇ ਅਠਾਰਾਂ ਪੁਰਾਣ ਲਿਖ ਕੇ ਕੋਲ ਰੱਖੇ ਹੋਏ ਹੋਣ, ਜੇ ਪਾਠ ਵਿਚ ਉਹ ਚਾਰੇ ਵੇਦ ਜ਼ਬਾਨੀ ਪੜ੍ਹੇ, ਜੇ ਉਹ ਪਵਿਤ੍ਰ (ਮਿਥੇ) ਦਿਹਾੜਿਆਂ ਤੇ ਤੀਰਥੀਂ ਇਸ਼ਨਾਨ ਕਰੇ, ਸ਼ਾਸਤ੍ਰਾਂ ਦੀ ਦੱਸੀ ਮਰਯਾਦਾ ਅਨੁਸਾਰ ਵਖ ਵਖ ਵਰਨਾਂ ਦੇ ਬੰਦਿਆਂ ਨੂੰ ਦਾਨ-ਪੁੰਨ ਕਰੇ, ਜੇ ਉਹ ਦਿਨ ਰਾਤ ਵਰਤ ਰੱਖਦਾ ਰਹੇ ਤੇ ਹੋਰ ਨਿਯਮ ਨਿਬਾਹੁੰਦਾ ਰਹੇ (ਤਾਂ ਭੀ ਪ੍ਰਭੂ ਨੂੰ ਇਹ ਕੋਈ ਉੱਦਮ ਪਸੰਦ ਨਹੀਂ) । ੨ ।

ਜੇ ਕੋਈ ਬੰਦੇ ਕਾਜ਼ੀ ਮੁੱਲਾਂ ਸ਼ੇਖ਼ ਬਣ ਜਾਣ, ਕੋਈ ਜੋਗੀ ਜੰਗਮ ਬਣ ਕੇ ਭਗਵੇ ਕੱਪੜੇ ਪਹਿਨ ਲੈਣ, ਕੋਈ ਗ੍ਰਿਹਸਤੀ ਬਣ ਕੇ ਪੂਰਾ ਕਰਮ-ਕਾਂਡੀ ਹੋ ਜਾਏ—ਇਹਨਾਂ ਵਿਚੋਂ ਹਰੇਕ ਦੋਸੀਆਂ ਵਾਂਗ ਬੰਨ੍ਹ ਕੇ ਅੱਗੇ ਲਾ ਲਿਆ ਜਾਇਗਾ, ਜਦ ਤਕ ਉਹ ਸਿਮਰਨ ਦੀ ਕਦਰ ਨਹੀਂ ਸਮਝਿਆ, (ਜਦ ਤਕ ਉਹ ਸੱਚੇ ਨਾਮ ਵਿਚ ਨਹੀਂ ਪਤੀ-ਜਦਾ) । ੩ ।

(ਅਸਲ ਗੱਲ ਇਹ ਹੈ ਕਿ) ਜਿਤਨੇ ਭੀ ਜੀਵ ਹਨ ਸਭਨਾਂ ਦੇ ਸਿਰ ਉਤੇ ਪ੍ਰਭੂ ਦਾ ਇਹੀ ਹੁਕਮ-ਰੂਪ ਲੇਖ ਲਿਖਿਆ ਹੋਇਆ ਹੈ ਕਿ ਹਰੇਕ ਦੀ ਕਾਮਯਾਬੀ ਦਾ ਫ਼ੈਸਲਾ ਉਸ ਦੇ ਕੀਤੇ ਕਰਮਾਂ ਉਤੇ ਹੀ ਹੋਵੇਗਾ । ਜੇਹੜੇ ਬੰਦੇ ਸੁੱਚੇ ਕਰਮ-ਕਾਂਡ ਭੇਖ ਆਦਿਕ ਉਤੇ ਹੀ ਮਾਣ ਕਰਦੇ ਹਨ ਉਹ ਵਡੇ ਮੂਰਖ ਹਨ ।

ਹੇ ਨਾਨਕ ! ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀਆਂ ਸਿਫ਼ਤਾਂ ਦੇ ਖ਼ਜ਼ਾਨੇ ਭਰੇ ਪਏ ਹਨ (ਉਹਨਾਂ ਵਿਚ ਜੁੜੋ । ਇਹੀ ਹੈ ਪਰਵਾਨ ਹੋਣ ਵਾਲੀ ਕਰਣੀ) ।੪।੩।

ਬਸੰਤੁ ਮਹਲਾ ੩ ਤੀਜਾ ॥ ਬਸਤ੍ਰ ਉਤਾਰਿ ਦਿਗੰਬਰੁ ਹੋਗੁ ॥ ਜਟਾ ਧਾਰਿ ਕਿਆ ਕਮਾਵੈ ਜੋਗੁ ॥ ਮਨੁ ਨਿਰਮਲੁ ਨਹੀ ਦਸਵੈ ਦੁਆਰ ॥ ਭ੍ਰਮਿ ਭ੍ਰਮਿ ਆਵੈ ਮੂੜਾ ਵਾਰੋ ਵਾਰ ॥ ੧ ॥ ਏਕੁ ਧਿਆਵਹੁ ਮੂੜ੍ ਮਨਾ ॥ ਪਾਰਿ ਉਤਰਿ ਜਾਹਿ ਇਕ ਖਿਨਾਂ ॥ ੧ ॥ ਰਹਾਉ ॥ ਸਿਮ੍ਰਿਤਿ ਸਾਸਤ੍ਰ ਕਰਹਿ ਵਖਿਆਣ ॥ ਨਾਦੀ ਬੇਦੀ ਪੜ੍ਹਹਿ ਪੁਰਾਣ ॥ ਪਾਖੰਡ ਦ੍ਰਿਸਟਿ ਮਨਿ ਕਪਟੁ ਕਮਾਹਿ ॥ ਤਿਨ ਕੈ ਰਮਈਆ ਨੇੜਿ ਨਾਹਿ ॥ ੨ ॥ ਜੇ ਕੋ ਐਸਾ ਸੰਜਮੀ ਹੋਇ ॥ ਕ੍ਰਿਆ ਵਿਸੇਖ ਪੂਜਾ ਕਰੇਇ ॥ ਅੰਤਰਿ ਲੋਭੁ ਮਨੁ ਬਿਖਿਆ ਮਾਹਿ ॥ ਓਇ ਨਿਰੰਜਨੁ ਕੈਸੇ ਪਾਹਿ ॥ ੩ ॥ ਕੀਤਾ ਹੋਆ ਕਰੇ ਕਿਆ ਹੋਇ ॥ ਜਿਸ ਨੋ ਆਪਿ ਚਲਾਏ ਸੋਇ ॥ ਨਦਰਿ ਕਰੇ ਤਾਂ ਭਰਮੁ ਚੁਕਾਏ ॥ ਹੁਕਮੈ ਬੂਝੈ ਤਾਂ ਸਾਚਾ ਪਾਏ ॥ ੪ ॥ ਜਿਸੁ ਜੀਉ ਅੰਤਰੁ ਮੈਲਾ ਹੋਇ ॥ ਤੀਰਥ ਭਵੈ ਦਿਸੰਤਰ ਲੋਇ ॥ ਨਾਨਕ ਮਿਲੀਐ ਸਤਿਗੁਰ ਸੰਗ ॥

ਤਉ ਭਵਜਲ ਕੇ ਤੂਟਸਿ ਬੰਧ ॥ ੫ ॥ ੪ ॥

ਨੋਟ ! ਇਹ ਸ਼ਬਦ 'ਮਹਲਾ ੩' ਦਾ ਹੈ । ਅੰਕ ੩ ਨੂੰ "ਤੀਜਾ" ਪੜ੍ਹਨਾ ਹੈ। ਇਸੇ ਤ੍ਰਾਂ 'ਮਹਲਾ ੧, ੨, ੪, ੫, ੯' ਦੇ ਅੰਕਾਂ ਨੂੰ ਪਹਿਲਾ, ਦੂਜਾ, ਚੌਥਾ , ਪੰਜਵਾਂ ਤੇ ਨਾਂਵਾਂ ਪੜ੍ਹਨਾ ਹੈ ।

ਨੋਟ :–ਬਾਣੀ ਦਰਜ ਕਰਨ ਬਾਰੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਮਰ-ਯਾਦਾ ਅਨੁਸਾਰ ਇਸ ਰਾਗ ਵਿਚ ਭੀ ਗੁਰੂ ਨਾਨਕ ਸਾਹਿਬ ਦੇ ਸ਼ਬਦ-ਸੰਗ੍ਰਹ ਤੋਂ ਪਿਛੋਂ ਗੁਰੂ ਅਮਰਦਾਸ ਜੀ ਦੇ ਸ਼ਬਦ ਦਰਜ ਹਨ । ਫਿਰ, ਇਹ ਵੱਖਰਾ ਸ਼ਬਦ ਗੁਰੂ ਅਮਰਦਾਸ ਜੀ ਦਾ ਇਥੇ ਕਿਉਂ ਦਿੱਤਾ ਗਿਆ ਹੈ ? ਇਸ ਸਾਰੇ ਸ਼ਬਦ ਨੂੰ ਗਹੁ ਨਾਲ ਪੜ੍ਹੋ । ਇਸ ਤੋਂ ਪਹਿਲਾ ਸ਼ਬਦ ਨੰ: ੩ ਭੀ ਫਿਰ ਪੜ੍ਹੋ । ਦੋਹਾਂ ਵਿਚ ਭੇਖ ਤੇ ਕਰਮ-ਕਾਂਡ ਦੀ ਨਿਖੇਧੀ ਹੈ । ਸਿਮਰਨ ਨੂੰ ਜਨਮ-ਮਨੋਰਥ ਦੱਸਿਆ ਹੈ । ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਖ਼ਿਆਲ ਦੀ ਪ੍ਰੋੜ੍ਹਤਾ ਕੀਤੀ ਹੈ । ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਗੁਰੂ ਅਮਰਦਾਸ ਜੀ ਦੇ ਪਾਸ ਮੌਜੂਦ ਸੀ ।

ਪਦ ਅਰਥ :–ਉਤਾਰਿ–ਉਤਾਰ ਕੇ, ਲਾਹ ਕੇ । ਦਿਗੰਬਰੁ–ਨੰਗਾ ਸਾਧੂ [ਦਿਗ-ਅੰਬਰੁ । ਦਿਗ–ਦਿਸ਼ਾ । ਅੰਬਰੁ–ਕੱਪੜਾ । ਦਿਗੰਬਰੁ–ਉਹ ਜਿਸ ਨੇ ਦਿਸ਼ਾ ਨੂੰ ਆਪਣਾ ਕੱਪੜਾ ਬਣਾਇਆ ਹੈ, ਨੰਗਾ] । ਹੋਗੁ–(ਜੇ) ਹੋ ਜਾਇਗਾ । ਧਾਰਿ–ਧਾਰ ਕੇ । ਕਿਆ–ਕੇਹੜਾ ? ਦਸਵੈ ਦੁਆਰ–ਪ੍ਰਾਣ ਦਸਵੇਂ ਦੁਆਰ ਚੜ੍ਹਾਇਆਂ, ਪ੍ਰਾਣਾਯਾਮ ਕੀਤਿਆਂ । ਭ੍ਰਮਿ ਭ੍ਰਮਿ–ਭਟਕ ਭਟਕ ਕੇ । ਮੂੜ੍ਹਾ–ਮੂਰਖ । ਵਾਰੋ ਵਾਰ–ਮੁੜ ਮੁੜ । ੧ ।

ਏਕੁ–ਇਕ ਪ੍ਰਭੂ ਨੂੰ । ਇਕ ਖਿਨਾਂ–ਇਕ ਪਲ ਵਿਚ । ੧ । ਰਹਾਉ ।

ਕਰਹਿ–(ਜੋ ਮਨੁੱਖ) ਕਰਦੇ ਹਨ । ਨਾਦੀ–ਨਾਦ ਵਜਾਣ ਵਾਲੇ ਜੋਗੀ । ਬੇਦੀ–ਬੇਦ ਪੜ੍ਹਨ ਵਾਲੇ ਪੰਡਿਤ । ਦ੍ਰਿਸਟਿ–ਨਿਗਾਹ, ਨਜ਼ਰ । ਮਨਿ–ਮਨ ਵਿਚ । ਕਮਾਹਿ–ਜੋ ਕਮਾਂਦੇ ਹਨ । ੨ ।

ਸੰਜਮੀ–ਸੰਜਮ ਰੱਖਣ ਵਾਲਾ, ਇੰਦ੍ਰਿਆਂ ਨੂੰ ਕਾਬੂ ਕਰਨ ਦਾ ਜਤਨ ਕਰਨ ਵਾਲਾ । ਵਿਸੇਖ–ਵਿਸ਼ੇਸ਼, ਉਚੇਚੀ । ਕਰੇਇ–(ਜੋ ਮਨੁੱਖ) ਕਰਦਾ ਹੈ । ਅੰਤਰਿ–ਅੰਦਰ, ਮਨ ਦੇ ਅੰਦਰ । ਬਿਖਿਆ–ਮਾਇਆ ।ਓਇ–ਅਜੇਹੇ ਬੰਦੇ । ਪਾਹਿ–ਪ੍ਰਾਪਤ ਕਰਨ ।੩।

ਕੀਤਾ ਹੋਆ–ਸਭ ਕੁਝ ਪਰਮਾਤਮਾ ਦਾ ਕੀਤਾ ਹੋ ਰਿਹਾ ਹੈ । ਕਰੇ ਕਿਆ ਹੋਇ–ਜੀਵ ਦੇ ਕੀਤਿਆਂ ਕੀਹ ਹੋ ਸਕਦਾ ਹੈ ? ਜਿਸ ਨੋ–ਜਿਸ ਜੀਵ ਨੂੰ । ਸੋਇ–ਉਹ ਪਰ-ਮਾਤਮਾ । ਨਦਰਿ–ਮੇਹਰ ਦੀ ਨਿਗਾਹ । ਭਰਮੁ–ਭਟਕਣਾ । ਚੁਕਾਏ–ਦੂਰ ਕਰਦਾ ਹੈ। ਹੁਕਮੇ–ਪਰਮਾਤਮਾ ਦੇ ਹੁਕਮ ਨੂੰ । ੪ ।

ਅੰਤਰੁ–ਅੰਦਰਲਾ [ਬੰਦ ਨੰ: ੩ ਵਿਚ ਲਫ਼ਜ਼ 'ਅੰਤਰਿ' ਸੰਬੰਧਕ ਹੈ । ਦੋਹਾਂ

ਲਫ਼ਜ਼ਾਂ ਦਾ ਜੋੜ ਵੇਖੋ। ਲਫ਼ਜ਼ 'ਅੰਤਰੁ' ਵਿਸ਼ੇਸ਼ਣ ਹੈ ਲਫ਼ਜ਼ 'ਜੀਉ' ਦਾ]। ਦਿਸੰਤਰ—ਦੇਸ ਅੰਤਰ, ਹੋਰ ਹੋਰ ਦੇਸਾਂ ਵਿਚ। ਲੋਇ—ਲੋਕ ਵਿਚ, ਜਗਤ ਵਿਚ। ਤਉ—ਤਦੋਂ। ਬੰਧ—ਬੰਧਨ। ੫।

ਅਰਥ :—ਹੇ ਮੂਰਖ ਮਨ ! ਇਕ ਪਰਮਾਤਮਾ ਨੂੰ ਸਿਮਰ।(ਸਿਮਰਨ ਦੀ ਬਰਕਤਿ ਨਾਲ) ਇਕ ਪਲ ਵਿਚ ਹੀ (ਸੰਸਾਰ ਸਮੁੰਦਰ ਤੋਂ) ਪਾਰ ਲੰਘ ਜਾਹਿੰਗਾ। ੧ ।ਰਹਾਉ।

ਜੇ ਕੋਈ ਮਨੁੱਖ ਕੱਪੜੇ ਉਤਾਰ ਕੇ ਨਾਂਗਾ ਸਾਧੂ ਬਣ ਜਾਏ (ਤਾਂ ਭੀ ਵਿਅਰਥ ਹੀ ਉੱਦਮ ਹੈ)। ਜਟਾ ਧਾਰ ਕੇ ਭੀ ਕੋਈ ਜੋਗ ਨਹੀਂ ਕਮਾਇਆ ਜਾ ਸਕਦਾ (ਪਰਮਾਤਮਾ ਨਾਲ ਜੋਗ (ਮੇਲ) ਨਹੀਂ ਹੋ ਸਕੇਗਾ)। ਦਸਵੇਂ ਦੁਆਰ ਵਿਚ ਪ੍ਰਾਨ ਚੜ੍ਹਾਇਆਂ ਭੀ ਮਨ ਪਵਿਤ੍ਰ ਨਹੀਂ ਹੁੰਦਾ। (ਅਜੇਹੇ ਸਾਧਨਾਂ ਵਿਚ ਲੱਗਾ ਹੋਇਆ) ਮੂਰਖ ਭਟਕ ਭਟਕ ਕੇ ਮੁੜ ਮੁੜ ਜਨਮ ਲੈਂਦਾ ਹੈ। ੧।

(ਪੰਡਿਤ ਲੋਕ) ਸਿਮ੍ਰਿਤੀਆਂ ਤੇ ਸ਼ਾਸਤ੍ਰ (ਹੋਰਨਾਂ ਨੂੰ ਪੜ੍ਹ ਪੜ੍ਹ ਕੇ) ਸੁਣਾਂਦੇ ਹਨ, ਜੋਗੀ ਨਾਦ ਵਜਾਂਦੇ ਹਨ, ਪੰਡਿਤ ਵੇਦ ਪੜ੍ਹਦੇ ਹਨ, ਕੋਈ ਪੁਰਾਣ ਪੜ੍ਹਦੇ ਹਨ, ਪਰ ਉਹਨਾਂ ਦੀ ਨਿਗਾਹ ਪਖੰਡ ਵਾਲੀ ਹੈ, ਮਨ ਵਿਚ ਉਹ ਖੋਟ ਕਮਾਂਦੇ ਹਨ। ਪਰਮਾਤਮਾ ਅਜੇਹੇ ਬੰਦਿਆਂ ਦੇ ਨੇੜੇ ਨਹੀਂ (ਢੁਕਦਾ)। ੨।

ਜੇ ਕੋਈ ਅਜੇਹਾ ਬੰਦਾ ਭੀ ਹੋਵੇ ਜੋ ਆਪਣੇ ਇੰਦ੍ਰਿਆਂ ਨੂੰ ਵੱਸ ਕਰਨ ਦੇ ਜਤਨ ਕਰਦਾ ਹੋਵੇ, ਕਿਸੇ ਉਚੇਚੀ ਕਿਸਮ ਦੀ ਕ੍ਰਿਆ ਕਰਦਾ ਹੋਵੇ, ਦੇਵ-ਪੂਜਾ ਭੀ ਕਰੇ, ਪਰ ਜੇ ਉਸ ਦੇ ਅੰਦਰ ਲੋਭ ਹੈ, ਜੇ ਉਸ ਦਾ ਮਨ ਮਾਇਆ ਦੇ ਮੋਹ ਵਿਚ ਹੀ ਫਸਿਆ ਪਿਆ ਹੈ, ਤਾਂ ਅਜੇਹੇ ਬੰਦੇ ਭੀ ਮਾਇਆ ਤੋਂ ਨਿਰਲੇਪ ਪਰਮਾਤਮਾ ਦੀ ਪ੍ਰਾਪਤੀ ਨਹੀਂ ਕਰ ਸਕਦੇ। ੩।

(ਪਰ ਜੀਵਾਂ ਦੇ ਭੀ ਕੀਹ ਵੱਸ ?) ਸਭ ਕੁਝ ਪਰਮਾਤਮਾ ਦਾ ਕੀਤਾ ਹੋ ਰਿਹਾ ਹੈ। ਜੀਵ ਦੇ ਕੀਤਿਆਂ ਕੁਝ ਨਹੀਂ ਹੋ ਸਕਦਾ। ਜਦੋਂ ਪ੍ਰਭੂ ਆਪ (ਕਿਸੇ ਜੀਵ ਉਤੇ) ਮੇਹਰ ਦੀ ਨਿਗਾਹ ਕਰਦਾ ਹੈ ਤਾਂ ਉਸ ਦੀ ਭਟਕਣਾ ਦੂਰ ਕਰਦਾ ਹੈ (ਪ੍ਰਭੂ ਦੀ ਮੇਹਰ ਨਾਲ ਹੀ ਜਦੋਂ ਜੀਵ) ਪ੍ਰਭੂ ਦਾ ਹੁਕਮ ਸਮਝਦਾ ਹੈ ਤਾਂ ਉਸ ਦਾ ਮਿਲਾਪ ਹਾਸਲ ਕਰ ਲੈਂਦਾ ਹੈ। ੪।

ਜਿਸ ਮਨੁੱਖ ਦਾ ਅੰਦਰਲਾ ਆਤਮਾ (ਵਿਕਾਰਾਂ ਨਾਲ) ਮੈਲਾ ਹੋ ਜਾਂਦਾ ਹੈ, ਉਹ ਜੇ ਤੀਰਥਾਂ ਉਤੇ ਭੀ ਜਾਂਦਾ ਹੈ ਜੇ ਉਹ ਜਗਤ ਵਿਚ ਹੋਰ ਦੂਰ ਦੇਸਾਂ ਵਿਚ ਭੀ (ਵਿਰਕਤ ਰਹਿਣ ਲਈ) ਤੁਰਿਆ ਫਿਰਦਾ ਹੈ (ਤਾਂ ਭੀ ਉਸ ਦੇ ਮਾਇਆ ਵਾਲੇ ਬੰਧਨ ਟੁੱਟਦੇ ਨਹੀਂ)।

ਹੇ ਨਾਨਕ ! ਜੇ ਗੁਰੂ ਦਾ ਮੇਲ ਪ੍ਰਾਪਤ ਹੋਵੇ ਤਾਂ ਹੀ ਪਰਮਾਤਮਾ ਮਿਲਦਾ ਹੈ,

ਤਦੋਂ ਹੀ ਸੰਸਾਰ ਸਮੁੰਦਰ ਵਾਲੇ ਬੰਧਨ ਟੁੱਟਦੇ ਹਨ। ੫। ੪।

ਬਸੰਤੁ ਮਹਲਾ ੧ ॥ ਸਗਲ ਭਵਨ ਤੇਰੀ ਮਾਇਆ ਮੋਹ ॥ ਮੈ ਅਵਰੁ ਨ ਦੀਸੈ ਸਰਬ ਤੋਹ ॥ ਤੂ ਸੁਰਿ ਨਾਥਾ ਦੇਵਾ ਦੇਵ ॥ ਹਰਿ ਨਾਮੁ ਮਿਲੈ ਗੁਰ ਚਰਨ ਸੇਵ ॥ ੧ ॥ ਮੇਰੇ ਸੁੰਦਰ ਗਹਿਰ ਗੰਭੀਰ ਲਾਲ ॥ ਗੁਰਮੁਖਿ ਰਾਮ ਨਾਮ ਗੁਨ ਗਾਏ ਤੂ ਅਪਰੰਪਰੁ ਸਰਬ ਪਾਲ ॥ ੧ ॥ ਰਹਾਉ ॥ ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥ ਬਿਨੁ ਗੁਰ ਮੈਲ ਮਲੀਨ ਅੰਗੁ ॥ ਬਿਨੁ ਹਰਿ ਨਾਮ ਨ ਸੁਧੁ ਹੋਇ ॥ ਗੁਰ ਸਬਦਿ ਸਲਾਹੇ ਸਾਚੁ ਸੋਇ ॥ ੨ ॥ ਜਾ ਕਉ ਤੂ ਰਾਖਹਿ ਰਖਨਹਾਰ ॥ ਸਤਿਗੁਰੂ ਮਿਲਾਵਹਿ ਕਰਹਿ ਸਾਰ ॥ ਬਿਖੁ ਹਉਮੈ ਮਮਤਾ ਪਰਹਰਾਇ ॥ ਸਭਿ ਦੂਖ ਬਿਨਾਸੇ ਰਾਮ ਰਾਇ ॥ ੩ ॥ ਊਤਮ ਗਤਿ ਮਿਤਿ ਹਰਿ ਗੁਨ ਸਰੀਰ ॥ ਗੁਰਮਤਿ ਪ੍ਰਗਟੇ ਰਾਮ ਨਾਮ ਹੀਰ ॥ ਲਿਵ ਲਾਗੀ ਨਾਮਿ ਤਜਿ ਦੂਜਾ ਭਾਉ ॥ ਜਨ ਨਾਨਕ ਹਰਿ ਗੁਰੁ ਗੁਰ ਮਿਲਾਉ ॥ ੪ ॥ ੫ ॥

ਪਦ ਅਰਥ :—ਤੋਹ—ਤੇਰਾ (ਪ੍ਰਕਾਸ਼)। ਸੁਰਿ—ਦੇਵਤੇ। ੧।

ਲਾਲ—ਹੇ ਲਾਲ! ਗੁਰਮੁਖਿ—ਗੁਰੂ ਦੇ ਦੱਸੇ ਰਸਤੇ ਤੁਰ ਕੇ। ਸਰਬ ਪਾਲ—ਹੇ ਸਰਬ ਨੂੰ ਪਾਲਣ ਵਾਲੇ! ਅਪਰੰਪਰੁ—ਪਰੇ ਤੋਂ ਪਰੇ, ਬੇਅੰਤ। ੧। ਰਹਾਉ।

ਸਾਧ—ਗੁਰੂ। ਸੁਧੁ—ਪਵਿਤ੍ਰ। ੨।

ਸਾਰ—ਸੰਭਾਲ। ਬਿਖੁ—ਜ਼ਹਰ। ਪਰਹਰਾਇ—ਦੂਰ ਕਰਾ ਲੈਂਦਾ ਹੈ। ਸਭਿ—ਸਾਰੇ। ਰਾਮਰਾਇ—ਹੇ ਪ੍ਰਕਾਸ਼-ਰੂਪ ਪ੍ਰਭੂ!

ਗਤਿ—ਆਤਮਕ ਅਵਸਥਾ। ਹੀਰ—ਹੀਰਾ। ਤਜਿ—ਤਜ ਕੇ। ਦੂਜਾ ਭਾਉ—ਪ੍ਰਭੂ ਤੋਂ ਬਿਨਾ ਹੋਰ ਦਾ ਪਿਆਰ। ਗੁਰ ਮਿਲਾਉ—ਗੁਰੂ ਦਾ ਮਿਲਾਪ। ੪।

ਅਰਥ :—ਹੇ ਮੇਰੇ ਸੋਹਣੇ ਲਾਲ! ਹੇ ਡੂੰਘੇ ਤੇ ਵੱਡੇ ਜਿਗਰੇ ਵਾਲੇ ਪ੍ਰਭੂ! ਹੇ ਸਭ ਜੀਵਾਂ ਨੂੰ ਪਾਲਣ ਵਾਲੇ ਪ੍ਰਭੂ! ਤੂੰ ਬੜਾ ਹੀ ਬੇਅੰਤ ਹੈਂ; ਜੇਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਤੇਰੀ ਸਿਫ਼ਤਿ ਸਾਲਾਹ ਕਰਦਾ ਹੈ। ੧। ਰਹਾਉ।

ਹੇ ਪ੍ਰਭੂ! ਸਾਰੇ ਭਵਨਾਂ ਵਿਚ (ਸਾਰੇ ਜਗਤ ਵਿਚ) ਤੇਰੀ ਮਾਇਆ ਦੇ ਮੋਹ ਦਾ ਪਸਾਰਾ ਹੈ। ਮੈਨੂੰ ਤੈਥੋਂ ਬਿਨਾ ਕੋਈ ਹੋਰ ਨਹੀਂ ਦਿੱਸਦਾ, ਸਭ ਜੀਵਾਂ ਵਿਚ ਤੇਰਾ ਹੀ ਪ੍ਰਕਾਸ਼ ਹੈ। ਤੂੰ ਦੇਵਤਿਆਂ ਦਾ ਨਾਥਾਂ ਦਾ ਭੀ ਦੇਵਤਾ ਹੈਂ। ਹੇ ਹਰੀ! ਗੁਰੂ ਦੇ ਚਰਨਾਂ ਦੀ ਸੇਵਾ ਕੀਤਿਆਂ ਹੀ ਤੇਰਾ ਨਾਮ ਮਿਲਦਾ ਹੈ। ੧।

ਗੁਰੂ ਦੀ ਸਰਨ ਤੋਂ ਬਿਨਾ ਪਰਮਾਤਮਾ ਦਾ ਸਾਥ ਪ੍ਰਾਪਤ ਨਹੀਂ ਹੁੰਦਾ,(ਕਿਉਂਕਿ) ਗੁਰੂ ਤੋਂ ਬਿਨਾ ਮਨੁੱਖ ਦਾ ਸਰੀਰ (ਵਿਕਾਰਾਂ ਦੀ) ਮੈਲ ਨਾਲ ਗੰਦਾ ਰਹਿੰਦਾ ਹੈ । ਪ੍ਰਭੂ ਦਾ ਨਾਮ ਸਿਮਰਨ ਤੋਂ ਬਿਨਾ (ਇਹ ਸਰੀਰ) ਪਵਿਤ੍ਰ ਨਹੀਂ ਹੋ ਸਕਦਾ । ਜੇਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਦਾ ਹੈ ਉਹ ਸਦਾ-ਥਿਰ ਪ੍ਰਭੂ ਦਾ ਰੂਪ ਹੋ ਜਾਂਦਾ ਹੈ । ੨ ।

ਹੇ ਰੱਖਣਹਾਰ ਪ੍ਰਭੂ ! ਜਿਸ ਨੂੰ ਤੂੰ ਆਪ (ਵਿਕਾਰਾਂ ਤੋਂ) ਬਚਾਂਦਾ ਹੈਂ, ਜਿਸ ਨੂੰ ਤੂੰ ਗੁਰੂ ਮਿਲਾਂਦਾ ਹੈਂ ਤੇ ਜਿਸ ਦੀ ਤੂੰ ਸੰਭਾਲ ਕਰਦਾ ਹੈਂ, ਉਹ ਮਨੁੱਖ ਆਪਣੇ ਅੰਦਰੋਂ ਹਉਮੈ ਤੇ ਮਲਕੀਅਤਾਂ ਬਣਾਣ ਦੇ ਜ਼ਹਰ ਨੂੰ ਦੂਰ ਕਰ ਲੈਂਦਾ ਹੈ । ਹੇ ਰਾਮਰਾਇ ! ਤੇਰੀ ਮੇਹਰ ਨਾਲ ਉਸ ਦੇ ਸਾਰੇ ਦੁੱਖ ਨਾਸ ਹੋ ਜਾਂਦੇ ਹਨ । ੩ ।

ਜਿਸ ਮਨੁੱਖ ਦੇ ਅੰਦਰ ਪ੍ਰਭੂ ਦੇ ਗੁਣ ਵੱਸ ਪੈਂਦੇ ਹਨ ਉਸ ਦੀ ਆਤਮਕ ਅਵਸਥਾ ਉੱਚੀ ਹੋ ਜਾਂਦੀ ਹੈ ਉਹ ਫ਼ਰਾਖ਼-ਦਿਲ ਹੋ ਜਾਂਦਾ ਹੈ, ਗੁਰੂ ਦੀ ਮਤਿ ਤੇ ਤੁਰ ਕੇ ਉਸ ਦੇ ਅੰਦਰ ਪ੍ਰਭੂ-ਨਾਮ ਦਾ ਹੀਰਾ ਚਮਕ ਪੈਂਦਾ ਹੈ, ਮਾਇਆ ਦਾ ਪਿਆਰ ਤਿਆਗ ਕੇ ਉਸ ਦੀ ਸੁਰਤਿ ਪ੍ਰਭੂ ਦੇ ਨਾਮ ਵਿਚ ਜੁੜਦੀ ਹੈ ।

ਹੇ ਪ੍ਰਭੂ ! (ਮੇਰੀ ਤੇਰੇ ਦਰ ਤੇ ਅਰਦਾਸਿ ਹੈ ਕਿ) ਮੈਨੂੰ ਦਾਸ ਨਾਨਕ ਨੂੰ ਗੁਰੂ ਮਿਲਾ, ਗੁਰੂ ਦਾ ਮਿਲਾਪ ਕਰਾ ਦੇ । ੪ । ੫ ।

ਬਸੰਤੁ ਮਹਲਾ ੧ ॥ ਮੇਰੀ ਸਖੀ ਸਹੇਲੀ ਸੁਨਹੁ ਭਾਇ ॥ ਮੇਰਾ ਪਿਰੁ ਰੀਸਾਲੂ ਸੰਗਿ ਸਾਇ ॥ ਓਹੁ ਅਲਖੁ ਨ ਲਖੀਐ ਕਹਹੁ ਕਾਇ ॥ ਗੁਰਿ ਸੰਗਿ ਦਿਖਾਇਓ ਰਾਮਰਾਇ॥੧॥ਮਿਲੁ ਸਖੀ ਸਹੇਲੀ ਹਰਿ ਗੁਨ ਬਨੇ ॥ ਹਰਿ ਪ੍ਰਭ ਸੰਗਿ ਖੇਲਹਿ ਵਰ ਕਾਮਨਿ ਗੁਰਮੁਖਿ ਖੋਜਤ ਮਨ ਮਨੇ ॥ ੧ ॥ ਰਹਾਉ ॥ ਮਨਮੁਖੀ ਦੁਹਾਗਣਿ ਨਾਹਿ ਭੇਉ ॥ ਓਹੁ ਘਟਿ ਘਟਿ ਰਾਵੈ ਸਰਬ ਪ੍ਰੇਉ ॥ ਗੁਰਮੁਖਿ ਥਿਰੁ ਚੀਨੈ ਸੰਗਿ ਦੇਉ ॥ ਗੁਰਿ ਨਾਮੁ ਦ੍ਰਿੜਾਇਆ ਜਪੁ ਜਪੇਉ ॥ ੨ ॥ ਬਿਨੁ ਗੁਰ ਭਗਤਿ ਨ ਭਾਉ ਹੋਇ ॥ ਬਿਨੁ ਗੁਰ ਸੰਤ ਨ ਸੰਗੁ ਦੇਇ ॥ ਬਿਨੁ ਗੁਰ ਅੰਧੁਲੇ ਧੰਧੁ ਰੋਇ ॥ ਮਨੁ ਗੁਰਮੁਖਿ ਨਿਰਮਲੁ ਮਲੁ ਸਬਦਿ ਖੋਇ ॥ ੩ । ਗੁਰਿ ਮਨੁ ਮਾਰਿਓ ਕਰਿ ਸੰਜੋਗੁ ॥ ਅਹਿਨਿਸਿ ਰਾਵੇ ਭਗਤਿ ਜੋਗੁ ॥ ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ ਜਨ ਨਾਨਕ ਹਰਿ ਵਰੁ ਸਹਜ ਜੋਗੁ ॥ ੪ ॥ ੬ ॥

ਪਦ ਅਰਥ :–ਸਖੀ ਸਹੇਲੀ–ਹੇ ਸਖੀ ਸਹੇਲੀਓ ! ਭਾਇ–ਪ੍ਰੇਮ ਨਾਲ। ਰੀਸਾਲੂ –ਸੋਹਣਾ, ਸੁੰਦਰ । ਸੰਗਿ–(ਜਿਸ ਦੇ) ਨਾਲ ਹੈ । ਸਾਇ–ਉਹੀ ਸਖੀ (ਸੁਹਾਗਣਿ ਹੈ) ।

ਓਹੁ—ਉਹ ਪਿਰ-ਪ੍ਰਭੂ । ਕਹਹੁ—ਦੱਸੋ । ਕਾਇ—ਕਿਵੇਂ (ਦਿੱਸੇ, ਮਿਲੇ) ? ਗੁਰਿ—ਗੁਰੂ ਨੇ । ਸੰਗਿ—ਨਾਲ ਹੀ । ੧ ।

ਬਨੇ—ਫਬਦੇ ਹਨ । ਵਰ ਕਾਮਨਿ—ਖਸਮ-ਪ੍ਰਭੂ ਦੀਆਂ ਜੀਵ-ਇਸਤ੍ਰੀਆਂ । ਮਨੇ—ਮੰਨੇ, ਪਤੀਜ ਜਾਂਦੇ ਹਨ । ੧ । ਰਹਾਉ ।

ਮਨਮੁਖੀ—ਆਪਣੇ ਮਨ ਦੇ ਪਿੱਛੇ ਤੁਰਨ ਵਾਲੀਆਂ । ਦੁਹਾਗਣਿ—ਭਾਗ ਹੀਣ । ਭੇਉ—ਭੇਤ । ਸਰਬ ਪ੍ਰੇਉ—ਸਭ ਦਾ ਪਿਆਰਾ । ਦੇਉ—ਪ੍ਰਕਾਸ਼-ਰੂਪ ਪ੍ਰਭੂ । ਗੁਰਿ—ਗੁਰੂ ਨੇ । ੨ ।

ਭਾਉ—ਪ੍ਰੇਮ । ਸੰਗੁ—ਸਾਥ । ਨ ਦੇਇ—ਨਹੀਂ ਦੇਂਦਾ । ਅੰਧੁਲੇ—(ਮਾਇਆ-ਮੋਹ ਵਿਚ) ਅੰਨ੍ਹੇ ਹੋਏ ਜੀਵ ਨੂੰ । ਧੰਧੁ—ਜੰਜਾਲ (ਵਿਆਪਦਾ ਹੈ) । ਰੋਇ—(ਉਹ) ਦੁਖੀ ਰਹਿੰਦਾ ਹੈ, ਰੋਂਦਾ ਹੈ । ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ । ਖੋਇ—ਨਾਸ ਕਰਦਾ ਹੈ । ੩ ।

ਗੁਰਿ—ਗੁਰੂ ਨੇ । ਕਰਿ—ਕਰ ਕੇ । ਸੰਜੋਗੁ—(ਪ੍ਰਭੂ ਨਾਲ) ਮਿਲਾਪ । ਅਹਿ—ਦਿਨ । ਨਿਸਿ—ਰਾਤ । ਰਾਵੇ—ਮਾਣਦਾ ਹੈ । ਭਗਤਿ ਜੋਗੁ—ਭਗਤੀ ਦੀ ਰਾਹੀਂ ਹੋਇਆ ਮਿਲਾਪ। ਹਰਿ ਵਰੁ—ਪ੍ਰਭੂ ਪਤੀ । ਸਹਜ ਜੋਗੁ—ਅਡੋਲ ਅਵਸਥਾ ਦਾ ਮਿਲਾਪ । ੪ ।

ਅਰਥ :—ਹੇ ਮੇਰੀ ਸਖੀ ਸਹੇਲੀਹੋ ! ਰਲ ਕੇ ਬੈਠੋ (ਤੇ ਪ੍ਰਭੂ-ਪਤੀ ਦੇ ਗੁਣ ਗਾਵੋ) ਪ੍ਰਭੂ ਦੇ ਗੁਣ ਗਾਵਣੇ ਹੀ (ਮਨੁੱਖਾ ਜਨਮ ਵਿਚ) ਫਬਦੇ ਹਨ । ਖਸਮ-ਪ੍ਰਭੂ ਦੀਆਂ ਜੇਹੜੀਆਂ ਜੀਵ-ਇਸਤ੍ਰੀਆਂ ਪ੍ਰਭੂ ਪਰਮਾਤਮਾ ਦੇ ਨਾਲ ਖੇਡਦੀਆਂ ਹਨ, ਗੁਰੂ ਦੀ ਰਾਹੀਂ ਪ੍ਰਭੂ ਦੀ ਭਾਲ ਕਰਦਿਆਂ ਉਹਨਾਂ ਦੇ ਮਨ (ਪ੍ਰਭੂ ਦੀ ਯਾਦ ਵਿਚ) ਪਤੀਜ ਜਾਂਦੇ ਹਨ । ੧ । ਰਹਾਉ ।

ਹੇ ਮੇਰੀ (ਸਤ ਸੰਗਣ) ਸਹੇਲੀਹੋ ! ਪ੍ਰੇਮ ਨਾਲ (ਮੇਰੀ ਗੱਲ) ਸੁਣੋ (ਕਿ) ਮੇਰਾ ਸੁੰਦਰ ਪਤੀ-ਪ੍ਰਭੂ ਜਿਸ ਸਹੇਲੀ ਦੇ ਅੰਗ-ਸੰਗ ਹੈ ਉਹੀ ਸਹੇਲੀ (ਸੁਹਾਗਣਿ) ਹੈ । ਉਹ (ਸੋਹਣਾ ਪ੍ਰਭੂ) ਬਿਆਨ ਤੋਂ ਪਰੇ ਹੈ, ਉਸ ਦਾ ਸਰੂਪ ਬਿਆਨ ਨਹੀਂ ਕੀਤਾ ਜਾ ਸਕਦਾ । ਦੱਸੋ (ਹੇ ਸਹੇਲੀਹੋ !) ਉਹ (ਫਿਰ) ਕਿਵੇਂ (ਮਿਲੇ) । ਗੁਰੂ ਨੇ ਉਹ ਪ੍ਰਕਾਸ਼-ਰੂਪ ਪ੍ਰਭੂ ਜਿਸ ਸਹੇਲੀ ਨੂੰ ਅੰਗ-ਸੰਗ ਵਿਖਾ ਦਿੱਤਾ ਹੈ, (ਉਸੇ ਨੂੰ ਉਹ ਮਿਲਿਆ ਹੈ) । ੧ ।

ਆਪਣੇ ਮਨ ਦੇ ਪਿੱਛੇ ਤੁਰਨ ਵਾਲੀਆਂ ਭਾਗ-ਹੀਣ ਜੀਵ-ਇਸਤ੍ਰੀਆਂ ਨੂੰ ਇਹ ਗੁੱਝੀ ਗੱਲ ਸਮਝ ਨਹੀਂ ਆਉਂਦੀ ਕਿ ਉਹ ਸਭ ਦਾ ਪਿਆਰਾ ਪ੍ਰਭੂ ਹਰੇਕ ਸਰੀਰ ਦੇ ਅੰਦਰ ਵੱਸ ਰਿਹਾ ਹੈ । ਗੁਰੂ ਦੇ ਦੱਸੇ ਰਸਤੇ ਤੁਰਨ ਵਾਲੀ ਜੀਵ-ਇਸਤ੍ਰੀ ਉਸ ਸਦਾ ਕਾਇਮ ਰਹਿਣ ਵਾਲੇ ਪ੍ਰਕਾਸ਼-ਰੂਪ ਪ੍ਰਭੂ ਨੂੰ ਆਪਣੇ ਅੰਗ-ਸੰਗ ਵੇਖਦੀ ਹੈ । ਗੁਰੂ ਨੇ

ਉਸ ਦੇ ਹਿਰਦੇ ਵਿਚ ਪ੍ਰਭੂ ਦਾ ਨਾਮ ਪੱਕਾ ਕਰ ਦਿੱਤਾ ਹੈ, ਉਹ ਉਸੇ ਨਾਮ ਦਾ ਜਾਪ ਜਪਦੀ ਹੈ। ੨।

(ਹੇ ਮੇਰੀ ਸਹੇਲੀਹੋ !) ਗੁਰੂ ਦੀ ਸਰਨ ਪੈਣ ਤੋਂ ਬਿਨਾ ਨਾਹ ਪਰਮਾਤਮਾ ਨਾਲ ਪਿਆਰ ਬਣ ਸਕਦਾ ਹੈ ਨਾਹ ਉਸ ਦੀ ਭਗਤੀ ਹੋ ਸਕਦੀ ਹੈ। ਸੰਤ ਗੁਰੂ ਦੀ ਸਰਨ ਤੋਂ ਬਿਨਾ ਉਹ (ਪਿਆਰਾ ਪ੍ਰਭੂ) ਆਪਣਾ ਸਾਥ ਨਹੀਂ ਬਖ਼ਸ਼ਦਾ। ਗੁਰੂ ਦੇ ਦਰ ਤੇ ਆਉਣ ਤੋਂ ਬਿਨਾ ਮਾਇਆ-ਮੋਹ ਵਿਚ ਅੰਨ੍ਹੇ ਹੋਏ ਜੀਵ ਨੂੰ ਦੁਨੀਆ ਦਾ ਜੰਜਾਲ ਹੀ ਵਿਆਪਦਾ ਹੈ, ਉਹ ਸਦਾ ਦੁਖੀ ਹੀ ਰਹਿੰਦਾ ਹੈ। ੩।

ਗੁਰੂ ਨੇ (ਪਰਮਾਤਮਾ ਨਾਲ) ਸੰਜੋਗ ਬਣਾ ਕੇ ਜਿਸ ਦਾ ਮਨ (ਮਾਇਆ ਦੇ ਮੋਹ ਵਲੋਂ) ਮਾਰ ਦਿੱਤਾ ਹੈ, ਉਹ ਦਿਨ ਰਾਤ ਪਰਮਾਤਮਾ ਦੀ ਭਗਤੀ ਦੇ ਮਿਲਾਪ ਨੂੰ ਮਾਣਦਾ ਹੈ। ਹੇ ਦਾਸ ਨਾਨਕ ! ਸੰਤ ਗੁਰੂ ਦੀ ਸੰਗਤਿ ਵਿਚ (ਬੈਠਿਆਂ ਜੀਵ ਦਾ) ਦੁੱਖ ਮਿਟ ਜਾਂਦਾ ਹੈ ਰੋਗ ਦੂਰ ਹੋ ਜਾਂਦਾ ਹੈ (ਕਿਉਂਕਿ) ਉਸ ਨੂੰ ਪ੍ਰਭੂ-ਪਤੀ ਮਿਲ ਪੈਂਦਾ ਹੈ ਉਸ ਨੂੰ ਅਡੋਲ ਅਵਸਥਾ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ। ੪। ੬।

ਬਸੰਤੁ ਮਹਲਾ ੧ ॥ ਆਪੇ ਕੁਦਰਤਿ ਕਰੇ ਸਾਜਿ ॥ ਸਚੁ ਆਪਿ ਨਿਬੇੜੇ ਰਾਜੁ ਰਾਜਿ ॥ ਗੁਰਮਤਿ ਊਤਮ ਸੰਗਿ ਸਾਥਿ ॥ ਹਰਿ ਨਾਮੁ ਰਸਾਇਣੁ ਸਹਜਿ ਆਥਿ ॥ ੧ ॥ ਮਤ ਬਿਸਰਸਿ ਰੇ ਮਨ ਰਾਮ ਬੋਲਿ ॥ ਅਪਰੰਪਰੁ ਅਗਮ ਅਗੋਚਰੁ ਗੁਰਮੁਖਿ ਹਰਿ ਆਪਿ ਤੁਲਾਏ ਅਤੁਲੁ ਤੋਲਿ ॥ ੧ ॥ ਰਹਾਉ ॥ ਗੁਰ ਚਰਨ ਸਰੇਵਹਿ ਗੁਰਸਿਖ ਤੋਰ ॥ ਗੁਰ ਸੇਵ ਤਰੇ ਤਜਿ ਮੇਰ ਤੋਰ ॥ ਨਰ ਨਿੰਦਕ ਲੋਭੀ ਮਨਿ ਕਠੋਰ ॥ ਗੁਰ ਸੇਵ ਨ ਭਾਈ ਸਿ ਚੋਰ ਚੋਰ ॥ ੨ ॥ ਗੁਰੁ ਤੁਠਾ ਬਖਸੇ ਭਗਤਿ ਭਾਉ ॥ ਗੁਰਿ ਤੁਠੈ ਪਾਈਐ ਹਰਿ ਮਹਲਿ ਠਾਉ ॥ ਪਰਹਰਿ ਨਿੰਦਾ ਹਰਿ ਭਗਤਿ ਜਾਗੁ ॥ ਹਰਿ ਭਗਤਿ ਸੁਹਾਵੀ ਕਰਮਿ ਭਾਗੁ ॥ ੩ ॥ ਗੁਰੁ ਮੇਲਿ ਮਿਲਾਵੈ ਕਰੇ ਦਾਤਿ ॥ ਗੁਰਸਿਖ ਪਿਆਰੇ ਦਿਨਸੁ ਰਾਤਿ ॥ ਫਲੁ ਨਾਮੁ ਪਰਾਪਤਿ ਗੁਰੁ ਤੁਸਿ ਦੇਇ ॥ ਕਹੁ ਨਾਨਕ ਪਾਵਹਿ ਵਿਰਲੇ ਕੇਇ ॥ ੪ ॥ ੭ ॥

ਪਦ ਅਰਥ :—ਸਾਜਿ—ਸਾਜ ਕੇ। ਸਚੁ—ਸਦਾ ਥਿਰ ਰਹਿਣ ਵਾਲਾ ਪ੍ਰਭੂ। ਨਿਬੇੜੇ—ਫ਼ੈਸਲੇ ਕਰਦਾ ਹੈ। ਰਾਜੁ—ਹੁਕਮ। ਰਾਜਿ—ਰਾਜ ਕੇ, ਵਰਤਾ ਕੇ, ਚਲਾ ਕੇ। ਸੰਗਿ—ਸੰਗ ਵਿਚ। ਸਾਥਿ—ਨਾਲ। ਰਸਾਇਣੁ—ਰਸਾਂ ਦਾ ਘਰ। ਸਹਜਿ—ਸਹਜ ਵਿਚ, ਅਡੋਲ ਅਵਸਥਾ ਵਿਚ। ਆਥਿ—(ਮਿਲਦਾ) ਹੈ। ੧।

ਮਤ ਬਿਸਰਸਿ–ਕਿਤੇ ਭੁਲਾ ਨ ਦੇਈਂ । ਅਪਰੰਪਰੁ–ਜੋ ਪਰੇ ਤੋਂ ਪਰੇ ਹੈ । ਅਗਮ –ਅਪਹੁੰਚ । ਅਗੋਚਰੁ–ਅ-ਗੋ-ਚਰ, ਜੋ ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ । ਅਤੁਲੁ– ਜੋ ਤੋਲਿਆ ਨ ਜਾ ਸਕੇ । ਤੋਲਿ–ਤੋਲ ਵਿਚ । ੧ । ਰਹਾਉ ।

ਤੇਰ–ਤੇਰੇ । ਸਰੇਵਹਿ -ਸੇਵਾ ਕਰਦੇ ਹਨ । ਮੇਰ ਤੇਰ–ਮੇਰ-ਤੇਰ । ਤਜਿ–ਤਜ ਕੇ, ਛੱਡ ਕੇ । ਮਨਿ–ਮਨ ਵਿਚ । ਨ ਭਾਈ–ਚੰਗੀ ਨ ਲੱਗੀ । ਸਿ–ਉਹ ਬੰਦੇ । ਚੋਰ ਚੋਰ–ਵੱਡੇ ਚੋਰ । ੨ ।

ਤੁਠਾ–ਪ੍ਰਸੰਨ ਹੋਇਆ । ਭਾਉ–ਪ੍ਰੇਮ । ਗੁਰਿ ਤੁਠੈ–ਜੇ ਗੁਰੂ ਪ੍ਰਸੰਨ ਹੋ ਜਾਏ । ਮਹਲਿ–ਮਹਲ ਵਿਚ । ਪਰਹਰਿ–ਤਿਆਗ ਕੇ । ਜਾਗੁ–ਸੁਚੇਤ ਹੋ । ਕਰਮਿ–ਮੇਹਰ ਨਾਲ । ਭਾਗੁ–ਹਿੱਸਾ । ੩ ।

ਮੇਲਿ–(ਪ੍ਰਭੂ ਦੇ) ਮੇਲ ਵਿਚ । ਤੁਸਿ–ਤ੍ਰੁੱਠ ਕੇ, ਪ੍ਰਸੰਨ ਹੋ ਕੇ । ਦੇਇ–ਦੇਂਦਾ ਹੈ । ਪਾਵਹਿ–ਪ੍ਰਾਪਤ ਕਰਦੇ ਹਨ । ਕੇਇ–ਕੋਈ ਕੋਈ । ੪ ।

ਅਰਥ :–ਹੇ (ਮੇਰੇ) ਮਨ ! ਪਰਮਾਤਮਾ ਦਾ ਨਾਮ ਬੋਲ । (ਵੇਖੀਂ) ਕਿਤੇ ਭੁਲਾ ਨ ਦੇਈਂ । ਉਹ ਪਰਮਾਤਮਾ ਪਰੇ ਤੋਂ ਪਰੇ ਹੈ, ਅਪਹੁੰਚ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ,ਉਹ ਤੋਲ ਵਿਚ ਅਤੁੱਲ ਹੈ (ਭਾਵ, ਉਸ ਦੇ ਗੁਣਾਂ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ) । ਪਰ ਜੇਹੜੇ ਮਨੁੱਖ ਗੁਰੂ ਦੀ ਸਰਨ ਪੈਂਦੇ ਹਨ ਉਹਨਾਂ ਦੇ ਹਿਰਦੇ ਵਿਚ ਪ੍ਰਭੂ ਆਪ (ਆਪਣੇ ਗੁਣਾਂ ਨੂੰ) ਤੁਲਾਂਦਾ ਹੈ (ਆਪਣੀ ਸਿਫ਼ਤਿ ਸਾਲਾਹ ਆਪ ਉਹਨਾਂ ਤੋਂ ਕਰਾਂਦਾ ਹੈ) । ੧ । ਰਹਾਉ ।

ਪ੍ਰਭੂ ਆਪ ਹੀ ਸਾਜ ਕੇ ਆਪਣੀ ਕੁਦਰਤਿ ਰਚਦਾ ਹੈ, (ਇਸ ਕੁਦਰਤਿ ਵਿਚ) ਆਪਣਾ ਹੁਕਮ ਚਲਾ ਕੇ ਸਦਾ ਥਿਰ ਰਹਿਣ ਵਾਲਾ ਪ੍ਰਭੂ ਆਪ ਹੀ (ਜੀਵਾਂ ਦੇ ਕੀਤੇ ਕਰਮਾਂ ਦੇ) ਫੈਸਲੇ ਕਰਦਾ ਹੈ । ਜਿਨ੍ਹਾਂ ਨੂੰ ਗੁਰੂ ਦੀ ਸ੍ਰੇਸ਼ਟ ਮਤਿ ਪ੍ਰਾਪਤ ਹੁੰਦੀ ਹੈ, ਉਹਨਾਂ ਨੂੰ ਸਦਾ ਅੰਗ-ਸੰਗ ਦਿੱਸਦਾ ਹੈ । ਸਭ ਤੋਂ ਸ੍ਰੇਸ਼ਟ ਨਾਮ-ਰਸ ਉਹਨਾਂ ਨੂੰ ਅਡੋਲ ਅਵਸਥਾ ਵਿਚ (ਟਿਕੇ ਰਹਿਣ ਕਰਕੇ ਮਿਲ ਜਾਂਦਾ) ਹੈ । ੧ ।

ਹੇ ਪ੍ਰਭੂ ! ਜੇਹੜੇ ਗੁਰਸਿੱਖ ਗੁਰੂ ਦੇ ਚਰਨਾਂ ਦੀ ਸੇਵਾ ਕਰਦੇ ਹਨ, ਉਹ ਤੇਰੇ (ਸੇਵਕ) ਬਣ ਜਾਂਦੇ ਹਨ । ਗੁਰੂ ਦੀ ਸੇਵਾ ਦੀ ਬਰਕਤਿ ਨਾਲ ਉਹ ਮੇਰ-ਤੇਰ ਤਿਆਗ ਕੇ (ਸੰਸਾਰ ਸਮੁਦਰ ਤੋਂ) ਪਾਰ ਲੰਘ ਜਾਂਦੇ ਹਨ। ਪਰ ਜੇਹੜੇ ਬੰਦੇ ਦੂਜਿਆਂ ਦੀ ਨਿੰਦਿਆ ਕਰਦੇ ਹਨ, ਮਾਇਆ ਦੇ ਲੋਭ ਵਿਚ ਫਸੇ ਰਹਿੰਦੇ ਹਨ ਤੇ ਮਨੋਂ ਕਠੋਰ ਹਨ (ਜਿਨ੍ਹਾਂ ਦੇ ਮਨ ਦੂਜਿਆਂ ਦੇ ਦੁੱਖ ਵੇਖ ਕੇ ਦ੍ਰਵਦੇ ਨਹੀਂ ਹਨ) ਉਹਨਾਂ ਨੂੰ ਗੁਰੂ ਦੀ ਦੱਸੀ ਸੇਵਾ ਚੰਗੀ ਨਹੀਂ ਲੱਗਦੀ ਉਹ ਮਹਾਂ ਚੋਰ ਹਨ (ਉਹਨਾਂ ਦਾ ਜੀਵਨ ਚੋਰਾਂ ਦੇ ਜੀਵਨ ਵਰਗਾ ਹੈ) । ੨ ।

ਜਿਨ੍ਹਾਂ ਉਤੇ ਗੁਰੂ ਪ੍ਰਸੰਨ ਹੁੰਦਾ ਹੈ ਉਹਨਾਂ ਨੂੰ ਉਹ ਪ੍ਰਭੂ ਦੀ ਭਗਤੀ ਤੇ ਪਿਆਰ ਬਖ਼ਸ਼ਦਾ ਹੈ। ਗੁਰੂ ਦੇ ਪ੍ਰਸੰਨ ਹੋਇਆਂ ਹੀ ਪ੍ਰਭੂ ਦੇ ਦਰ ਤੇ ਥਾਂ ਮਿਲਦਾ ਹੈ। ਉਹ ਪਰਾਈ ਨਿੰਦਾ ਤਿਆਗ ਕੇ ਪ੍ਰਭੂ ਦੀ ਭਗਤੀ ਵਿਚ ਸਾਵਧਾਨਤਾ ਹਾਸਲ ਕਰਦੇ ਹਨ। (ਪ੍ਰਭੂ ਦੀ) ਮੇਹਰ ਨਾਲ ਪ੍ਰਭੂ ਦੀ ਸੁਹਾਵਣੀ ਭਗਤੀ (ਉਹਨਾਂ ਦੇ ਜੀਵਨ ਦਾ) ਹਿੱਸਾ ਬਣ ਜਾਂਦੀ ਹੈ। ੩।

ਗੁਰੂ ਜਿਨ੍ਹਾਂ ਨੂੰ ਸੰਗਤਿ ਵਿਚ ਮਿਲਾਂਦਾ ਹੈ ਜਿਨ੍ਹਾਂ ਨੂੰ (ਨਾਮ ਦੀ) ਦਾਤਿ ਦੇਂਦਾ ਹੈ ਉਹ ਪਿਆਰੇ ਗੁਰਸਿੱਖ ਦਿਨ ਰਾਤ (ਨਾਮ ਦੀ ਦਾਤਿ ਸਾਂਭ ਰੱਖਦੇ ਹਨ)। ਜਿਨ੍ਹਾਂ ਨੂੰ ਗੁਰੂ ਪ੍ਰਸੰਨ ਹੋ ਕੇ ਨਾਮ ਬਖ਼ਸ਼ਦਾ ਹੈ ਉਹਨਾਂ ਨੂੰ ਪ੍ਰਭੂ ਦਾ ਨਾਮ ਜੋ ਇਨਸਾਨੀ ਜ਼ਿੰਦਗੀ ਦਾ ਅਸਲ ਮਨੋਰਥ ਹੈ ਮਿਲ ਜਾਂਦਾ ਹੈ।

ਪਰ ਹੇ ਨਾਨਕ ! ਆਖ–ਇਹ ਨਾਮ ਦੀ ਦਾਤਿ ਕੋਈ ਵਿਰਲੇ ਭਾਗਾਂ ਵਾਲੇ ਬੰਦੇ ਹੀ ਪ੍ਰਾਪਤ ਕਰਦੇ ਹਨ ।੪।੭।

ਬਸੰਤੁ ਮਹਲਾ ੩ ਇਕਤੁਕਾ ॥ ਸਾਹਿਬ ਭਾਵੈ ਸੇਵਕੁ ਸੇਵਾ ਕਰੈ ॥ ਜੀਵਤ ਮਰੈ ਸਭਿ ਕੁਲ ਉਧਰੈ ॥ ੧ ॥ ਤੇਰੀ ਭਗਤਿ ਨ ਛੋਡਉ ਕਿਆ ਕੋ ਹਸੈ ॥ ਸਾਚੁ ਨਾਮੁ ਮੇਰੈ ਹਿਰਦੈ ਵਸੈ ॥ ੧ ॥ ਰਹਾਉ ॥ ਜੈਸੇ ਮਾਇਆ ਮੋਹਿ ਪ੍ਰਾਣੀ ਗਲਤੁ ਰਹੈ ॥ ਤੈਸੇ ਸੰਤ ਜਨ ਰਾਮ ਨਾਮ ਰਵਤ ਰਹੈ ॥ ੨ ॥ ਮੈ ਮੂਰਖ ਮੁਗਧ ਊਪਰਿ ਕਰਹੁ ਦਇਆ ॥ ਤਉ ਸਰਣਾਗਤਿ ਰਹਉ ਪਇਆ ॥ ੩ ॥ ਕਹਤੁ ਨਾਨਕੁ ਸੰਸਾਰ ਕੇ ਨਿਹਫਲ ਕਾਮਾ ॥ ਗੁਰਪ੍ਰਸਾਦਿ ਕੋ ਪਾਵੈ ਅੰਮ੍ਰਿਤ ਨਾਮਾ ॥ ੪ ॥ ੮ ॥

ਨੋਟ :–ਇਹ ਸ਼ਬਦ ਗੁਰੂ ਅਮਰਦਾਸ ਜੀ ਦਾ ਹੈ । ਉਹਨਾਂ ਦੇ ਆਪਣੇ ਵੱਖਰੇ ਸੰਗ੍ਰਹ ਵਿਚ ਦਰਜ ਕਰਨ ਦੇ ਥਾਂ ਇਥੇ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਦੇ ਨਾਲ ਦਰਜ ਕੀਤਾ ਗਿਆ ਹੈ ।ਗੁਰੂ ਅਮਰਦਾਸ ਜੀ ਦੇ ਪਾਸ ਗੁਰੂ ਨਾਨਕ ਦੇਵ ਜੀ ਦੀ ਬਾਣੀ ਮੌਜੂਦ ਸੀ। ਉਹਨਾਂ ਦੇ ਉਪਰਲੇ ਸ਼ਬਦ ਦੇ ਨਾਲ ਗੁਰੂ ਅਮਰਦਾਸ ਜੀ ਨੇ ਆਪ ਹੀ ਦਰਜ ਕਰ ਦਿੱਤਾ ਸੀ।

ਨੋਟ–ਭਗਤ-ਬਾਣੀ ਗੁਰੂ ਨਾਨਕ ਦੇਵ ਜੀ ਆਪ ਹੀ ਪਹਿਲੀ 'ਉਦਾਸੀ' ਸਮੇਂ ਇਕੱਠੀ ਕਰ ਲਿਆਏ ਸਨ । ਉਹਨਾਂ ਤੋਂ ਗੁਰੂ ਅੰਗਦ ਸਾਹਿਬ ਦੀ ਰਾਹੀਂ ਗੁਰੂ ਅਮਰਦਾਸ ਜੀ ਪਾਸ ਪਹੁੰਚੀ। ਇਸ ਸ਼ਬਦ ਦੇ ਨਾਲ ਭਗਤ ਨਾਮਦੇਵ ਜੀ ਦਾ ਇਸੇ ਰਾਗ ਦਾ ਸ਼ਬਦ ਨੰ: ੧ ਰਲਾ ਕੇ ਪੜ੍ਹੋ :–

ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਾਜੈ

॥ ੧ ॥ ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ ਚਰਨ ਕਮਲ ਮੇਰੇ ਹੀਅਰੇ ਬਸੈ ॥ ੧ ॥ ਰਹਾਉ ॥ ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥ ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਂਡੈ ॥ ੨ ॥ ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥ ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥

ਪਦ ਅਰਥ :–ਸਾਹਿਬ ਭਾਵੈ–ਜੇ ਮਾਲਕ ਨੂੰ ਚੰਗਾ ਲੱਗੇ । ਜੀਵਤ ਮਰੈ–ਦੁਨੀਆ ਵਿਚ ਵਰਤਦਾ ਹੋਇਆ ਮਾਇਆ ਦੇ ਮੋਹ ਵਲੋਂ ਉਪਰਾਮ ਹੁੰਦਾ ਹੈ । ਸਭਿ–ਸਾਰੇ । ਉਧਰੈ–(ਵਿਕਾਰਾਂ ਤੋਂ) ਬਚਾ ਲੈਂਦਾ ਹੈ । ੧ ।

ਨ ਛੋਡਉ–ਮੈਂ ਨਹੀਂ ਛੱਡਾਂਗਾ । ਕਿਆ ਕੋ ਹਸੈ–ਕੋਈ ਕੀਹ (ਮੇਰੇ ਉਤੇ) ਹੱਸ ਲਏਗਾ ? ਮੈਂ ਕਿਸੇ ਦੇ ਹਾਸੇ ਮਖੌਲ ਦੀ ਪਰਵਾਹ ਨਹੀਂ ਕਰਾਂਗਾ । ਮੇਰੈ ਹਿਰਦੈ–ਮੇਰੇ ਹਿਰਦੇ ਵਿਚ । ੧ । ਰਹਾਉ ।

ਮੋਹਿ–ਮੋਹ ਵਿਚ । ਗਲਤੁ ਰਹੈ–ਡੁੱਬਾ ਰਹਿੰਦਾ ਹੈ । ਰਵਤ ਰਹੈ–ਸਿਮਰਦਾ ਰਹਿੰਦਾ ਹੈ । ੨ ।

ਮੁਗਧ–ਮੂੜ੍ਹ, ਮੂਰਖ । ਤਉ–ਤੇਰੀ । ਰਹਉ ਪਇਆ–ਮੈਂ ਪਿਆ ਰਹਾਂ । ੩ ।

ਨਿਹਫਲ–ਵਿਅਰਥ । ਕੋ–ਕੋਈ ਮਨੁੱਖ । ੪ ।

ਅਰਥ :–ਹੇ ਪ੍ਰਭੂ ! ਮੈਂ ਤੇਰੀ ਭਗਤੀ ਨਹੀਂ ਛੱਡਾਂਗਾ (ਭਾਵੇਂ ਇਸ ਕਾਰਨ ਜਗਤ ਹਾਸੇ-ਮਖ਼ੌਲ ਕਰੇ), ਮੈਂ ਕਿਸੇ ਦੇ ਹਾਸੇ ਦੀ ਪਰਵਾਹ ਨਹੀਂ ਕਰਾਂਗਾਂ (ਮੇਹਰ ਕਰ, ਤੇਰਾ) ਸਦਾ ਕਾਇਮ ਰਹਿਣ ਵਾਲਾ ਨਾਮ ਮੇਰੇ ਹਿਰਦੇ ਵਿਚ ਵੱਸਿਆ ਰਹੇ ।੧।ਰਹਾਉ।

ਜੇ ਮਾਲਕ-ਪ੍ਰਭੂ ਨੂੰ ਪਸੰਦ ਆਵੇ ਤਾਂ ਹੀ (ਕੋਈ) ਸੇਵਕ ਪ੍ਰਭੂ ਦੀ ਸੇਵਾ (ਭਗਤੀ) ਕਰ ਸਕਦਾ ਹੈ। ਉਹ ਸੇਵਕ ਜਗਤ ਦੇ ਕਾਰ-ਵਿਹਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਵਲੋਂ ਉਪਰਾਮ ਰਹਿੰਦਾ ਹੈ, ਆਪਣੇ ਸਾਰੇ ਕੁਲ ਭੀ (ਇਸ ਮੋਹ ਤੋਂ) ਬਚਾ ਲੈਂਦਾ ਹੈ। ੧।

ਜਿਵੇਂ ਕੋਈ ਪ੍ਰਾਣੀ ਮਾਇਆ ਦੇ ਮੋਹ ਵਿਚ ਡੁੱਬਾ ਰਹਿੰਦਾ ਹੈ (ਤੇ ਕਿਸੇ ਹੋਰ ਪਾਸੇ ਉਹ ਧਿਆਨ ਨਹੀਂ ਦੇਂਦਾ), ਇਸੇ ਤਰ੍ਹਾਂ ਸੰਤ ਜਨ ਪਰਮਾਤਮਾ ਦਾ ਨਾਮ ਹੀ ਸਿਮਰਦਾ ਰਹਿੰਦਾ ਹੈ। ੨।

ਹੇ ਪ੍ਰਭੂ ! ਮੈਂ ਮੂਰਖ ਅੰਞਾਣ ਉਤੇ ਮੇਹਰ ਕਰ, (ਤਾ ਕਿ) ਮੈਂ ਤੇਰੀ ਸਰਨ ਵਿਚ ਹੀ ਪਿਆ ਰਹਾਂ । ੩ ।

ਨਾਨਕ ਆਖਦਾ ਹੈ–ਜਗਤ ਦੇ ਸਾਰੇ ਕੰਮ (ਆਖ਼ਰ) ਵਿਅਰਥ (ਸਾਬਤ ਹੁੰਦੇ) ਹਨ (ਫਿਰ ਭੀ ਜੀਵ ਨਿਰੇ ਦੁਨੀਆ ਦੇ ਧੰਧਿਆਂ ਵਿਚ ਹੀ ਖਚਿਤ ਰਹਿੰਦੇ ਹਨ) । ਗੁਰੂ

ਦੀ ਕਿਰਪਾ ਨਾਲ ਕੋਈ ਵਿਰਲਾ ਬੰਦਾ ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਪ੍ਰਾਪਤ ਕਰਦਾ ਹੈ। ੪। ੮।

ਨੋਟ :–ਇਸ ਸ਼ਬਦ ਦਾ ਹਰੇਕ ਬੰਦ ਇਕ ਇਕ ਤੁਕ ਵਾਲਾ ਹੈ। ਦੋਵੇਂ ਛੋਟੀਆਂ ਤੁਕਾਂ ਰਲਾ ਕੇ ਇੱਕ ਤੁਕ ਮੰਨੀ ਗਈ ਹੈ। ਤਾਹੀਏਂ ਸਿਰਲੇਖ ਵਿਚ ਲਫ਼ਜ਼ 'ਇਕ ਤੁਕਾ' ਵਰਤਿਆ ਹੈ।

ਮਹਲਾ ੧ ਬਸੰਤੁ ਹਿੰਡੋਲ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥ ਰਾਮਨਾਮੁ ਜਪਿ ਬੇੜਾ ਬਾਂਧਹੁ ਦਇਆ ਕਰਹੁ ਦਇਆਲਾ॥ ੧ ॥ ਕਾਹੇ ਕਲਰਾ ਸਿੰਚਹੁ ਜਨਮੁ ਗਵਾਵਹੁ ॥ ਕਾਚੀ ਢਹਗਿ ਦਿਵਾਲ ਕਾਹੇ ਗਚੁ ਲਾਵਹੁ ॥ ੧ ॥ ਰਹਾਉ ॥ ਕਰ ਹਰਿਹਟ ਮਾਲ ਟਿੰਡ ਪਰੋਵਹੁ ਤਿਸੁ ਭੀਤਰਿ ਮਨੁ ਜੋਵਹੁ ॥ ਅੰਮ੍ਰਿਤੁ ਸਿੰਚਹੁ ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ ॥ ੨ ॥ ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ ॥ ਜਿਉ ਗੋਡਹੁ ਤਿਉ ਤੁਮ੍ਹ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ ॥ ੩ ॥ ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਦਇਆ ਕਰਹੁ ਦਇਆਲਾ ॥ ੪ ॥ ੧ ॥ ੯ ॥

ਨੋਟ: ਇਸ ਸ਼ਬਦ ਦੇ ਸਿਰਲੇਖ ਵਿਚ ਦੋ ਰਾਗਾਂ ਦਾ ਨਾਮ ਆਇਆ ਹੈ–ਬਸੰਤ ਅਤੇ ਹਿੰਡੋਲ। ਇਸ ਦਾ ਭਾਵ ਇਹ ਹੈ ਕਿ ਇਹਨਾਂ ਦੋਹਾਂ ਰਾਗਾਂ ਨੂੰ ਮਿਲਾ ਕੇ ਇਸ ਸ਼ਬਦ ਦਾ ਕੀਰਤਨ ਕਰਨਾ ਹੈ।

ਨੋਟ: ਪਿਛਲੇ ੮ ਸ਼ਬਦ 'ਘਰੁ ੧' ਵਿਚ ਗਾਵਣੇ ਸਨ। ਹੁਣ 'ਘਰੁ ੨' ਸ਼ੁਰੂ ਹੋਇਆ ਹੈ।

ਪਦ ਅਰਥ:–ਸਾਲਗ੍ਰਾਮ–[ਨੋਟ : ਨੇਪਾਲ-ਧਰਤੀ ਦੇ ਦੱਖਣ ਪਾਸੇ ਇਕ ਗ੍ਰਾਮ (ਪਿੰਡ) ਹੈ ਜਿਸ ਦੇ ਆਸੇ ਪਾਸੇ ਸਾਲ ਦੇ ਰੁੱਖ ਬਹੁਤ ਹਨ। ਉਸ ਪਿੰਡ ਦਾ ਨਾਮ ਹੀ ਸਾਲਗ੍ਰਾਮ ਪ੍ਰਸਿੱਧ ਹੋ ਗਿਆ। ਉਸ ਪਿੰਡ ਦੇ ਕੋਲੋਂ ਦੀ ਇਕ ਪਹਾੜੀ ਨਦੀ ਵਹਿੰਦੀ ਹੈ ਜਿਸ ਦਾ ਨਾਮ ਗੰਡਕੀ ਹੈ। ਗੰਡਕੀ ਵਿਚੋਂ ਪਿੰਡ ਸਾਲਗ੍ਰਾਮ ਦੇ ਨੇੜੇ ਕਰਕੇ ਗੋਲ ਧਾਰੀਦਾਰ ਪੱਥਰ ਬਹੁਤ ਨਿਕਲਦੇ ਹਨ। ਪਿੰਡ ਦੇ ਨਾਮ ਤੇ ਇਹਨਾਂ ਗੋਲ ਪੱਥਰਾਂ ਦਾ ਨਾਮ ਭੀ ਸਾਲਗ੍ਰਾਮ ਪੈ ਗਿਆ। ਇਕ ਪੁਰਾਣਿਕ ਸਾਖੀ ਅਨੁਸਾਰ ਵਿਸ਼ਨੂੰ ਨੂੰ ਸਾਲਗ੍ਰਾਮ ਦੇ ਰੂਪ ਵਿਚ ਆਉਣਾ ਪਿਆ। ਉਸ ਸਾਖੀ ਅਨੁਸਾਰ ਤੁਲਸੀ ਅਤੇ ਸਾਲ-ਗ੍ਰਾਮ ਦੀ ਇਕੱਠੀ ਪੂਜਾ ਚਲੀ ਆ ਰਹੀ ਹੈ] ਵਿਸ਼ਨੂੰ ਦੀ ਮੂਰਤੀ। ਬਿਪ–ਹੇ ਵਿਪ੍ਰ ! ਹੇ

ਬ੍ਰਾਹਮਣ ! ਪੂਜਿ–ਪੂਜਾ ਕਰ ਕੇ । ਮਨਾਵਹੁ–ਪ੍ਰਸੰਨ ਕਰੋ । ਸੁਕ੍ਰਿਤੁ–ਨੇਕ ਆਚਰਨ, ਨੇਕ ਕਮਾਈ । ਜਪਿ–ਜਪ ਕੇ । ਬਾਂਧਹੁ–ਤਿਆਰ ਕਰੋ । ਦਇਆਲਾ–ਹੇ ਦਿਆਲ ਪ੍ਰਭੂ! ।੧।

ਕਾਹੇ ਸਿੰਚਹੁ–ਕਿਉਂ ਪਾਣੀ ਸਿੰਜਦੇ ਹੋ ? ਪਾਣੀ ਦੇਣ ਦਾ ਕੋਈ ਲਾਭ ਨਹੀਂ । ਢਹਗਿ–ਢਹਿ ਜਾਇਗੀ । ਗਚੁ–ਚੂਨੇ ਦਾ ਪਲਸਤਰ । ੧ । ਰਹਾਉ ।

ਕਰ–(ਦੋਵੇ) ਹੱਥ, ਹੱਥਾਂ ਨਾਲ ਕੀਤੀ ਸੇਵਾ । ਹਰਿਹਟ–ਹਰਟ । ਮਾਲ–ਮਾਲ੍ਹ । ਤਿਸੁ ਭੀਤਰਿ–ਉਸ ਹੱਥੀਂ ਕੀਤੀ ਸੇਵਾ ਵਿਚ । ਮਨੁ ਜੋਵਹੁ–(ਜਿਵੇਂ ਹਰ੍ਟ ਅੱਗੇ ਬੈਲ ਜੋਈਦੇ ਹਨ, ਤਿਵੇਂ ਸੇਵਾ ਵਿਚ) ਮਨ ਜੋੜੋ । ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਨਾਮ-ਜਲ । ਮਾਲੀ–ਜਗਤ-ਬਾਗ਼ ਦਾ ਪਾਲਣ ਵਾਲਾ ਪ੍ਰਭੂ । ੨ ।

ਬਸੋਲੇ–ਰੰਬੇ । ਭਾਈ–ਹੇ ਭਾਈ ! ਕਿਰਤੁ-ਕੀਤਾ ਹੋਇਆ ਕੰਮ, ਕੀਤੀ ਮੇਹਨਤ। ਨ ਮੇਟਿਆ ਜਾਈ–ਵਿਅਰਥ ਨਹੀਂ ਜਾਇਗੀ । ੩ ।

ਫੁਨਿ–ਮੁੜ ਪਰਤ ਕੇ । ਪ੍ਰਣਵਤਿ–ਬੇਨਤੀ ਕਰਦਾ ਹੈ ।

ਅਰਥ:–(ਹੇ ਬ੍ਰਾਹਮਣ ! ਮੂਰਤੀ ਅਤੇ ਤੁਲਸੀ ਦੀ ਪੂਜਾ ਕਰ ਕੇ) ਤੂੰ ਆਪਣਾ ਜਨਮ (ਵਿਅਰਥ) ਗਵਾ ਰਿਹਾ ਹੈਂ (ਤੇਰਾ ਇਹ ਉੱਦਮ ਇਉਂ ਹੀ ਹੈ ਜਿਵੇਂ ਕੋਈ ਕਿਸਾਨ ਕਲਰਾਠੀ ਧਰਤੀ ਨੂੰ ਪਾਣੀ ਦੇਈ ਜਾਏ, ਕੱਲਰ ਵਿਚ ਫ਼ਸਲ ਨਹੀਂ ਉੱਗੇਗਾ) ਤੂੰ ਵਿਅਰਥ ਹੀ ਕੱਲਰ ਨੂੰ ਸਿੰਜ ਰਿਹਾ ਹੈਂ । (ਗਾਰੇ ਦੀ) ਕੱਚੀ ਕੰਧ (ਜ਼ਰੂਰ) ਢਹਿ ਜਾਇਗੀ (ਅੰਦਰਲੇ ਆਚਰਨ ਨੂੰ ਵਿਸਾਰ ਕੇ ਤੂੰ ਬਾਹਰ ਤੁਲਸੀ ਆਦਿਕ ਦੀ ਪੂਜਾ ਕਰ ਰਿਹਾ ਹੈਂ, ਤੂੰ ਤਾਂ ਗਾਰੇ ਦੀ ਕੱਚੀ ਕੰਧ ਉਤੇ) ਚੂਨੇ ਦਾ ਪਲਸਤਰ ਵਿਅਰਥ ਹੀ ਕਰ ਰਿਹਾ ਹੈਂ । ੧ । ਰਹਾਉ ।

ਹੇ ਬ੍ਰਾਹਮਣ ! ਪਰਮਾਤਮਾ ਦਾ ਨਾਮ ਸਿਮਰ ਕੇ (ਸੰਸਾਰ ਸਮੁੰਦਰ ਦੀਆਂ ਵਿਕਾਰਾਂ ਦੀਆਂ ਲਹਿਰਾਂ ਵਿਚੋਂ ਪਾਰ ਲੰਘਣ ਲਈ) ਇਹ ਬੇੜਾ ਤਿਆਰ ਕਰੋ,(ਸਦਾ ਪਰਮਾਤਮਾ ਦੇ ਦਰ ਤੇ ਅਰਦਾਸ ਕਰੋ ਤੇ ਆਖੋ–) ਹੇ ਦਿਆਲ ਪ੍ਰਭੂ ! (ਮੇਰੇ ਉਤੇ) ਦਇਆ ਕਰ (ਤੇ ਮੈਨੂੰ ਆਪਣੇ ਨਾਮ ਦੀ ਦਾਤ ਦੇਹ) । ਹੇ ਬ੍ਰਾਹਮਣ ! ਉਸ ਦਇਆਲ ਪ੍ਰਭੂ ਦੀ ਪੂਜਾ ਕਰੋ, ਉਸ ਨੂੰ ਪ੍ਰਸੰਨ ਕਰੋ, ਇਹੀ ਹੈ ਸਾਲਗ੍ਰਾਮ (ਦੀ ਪੂਜਾ) । ਨੇਕ ਆਚਰਨ ਬਣਾਓ, ਇਹ ਹੈ ਤੁਲਸੀ ਦੀ ਮਾਲਾ । ੧ ।

(ਕਿਸਾਨ ਆਪਣੀ ਪੈਲੀ ਦੇ ਕਿਆਰੇ ਸਿੰਜਣ ਵਾਸਤੇ ਖੂਹ ਨੂੰ ਘੜਮਾਲ੍ਹਦਾ ਹੈ, ਆਪਣੇ ਬਲਦ ਜੋ ਕੇ ਖੂਹ ਚਲਾਂਦਾ ਹੈ ਤੇ ਪਾਣੀ ਨਾਲ ਕਿਆਰੇ ਭਰਦਾ ਹੈ, ਇਸੇ ਤਰ੍ਹਾਂ, ਹੇ ਬ੍ਰਾਹਮਣ !) ਹੱਥੀਂ ਸੇਵਾ ਕਰਨ ਨੂੰ ਹਰ੍ਟ ਤੇ ਹਰ੍ਟ ਦੀ ਮਾਲ੍ਹ ਤੇ ਉਸ ਮਾਲ੍ਹ ਵਿਚ ਟਿੰਡਾਂ ਜੋੜਨਾ ਬਣਾ । (ਹੱਥੀਂ ਸੇਵਾ ਵਾਲੇ ਘੜਮਾਲ੍ਹੇ ਖੂਹ) ਵਿਚ ਆਪਣਾ ਮਨ ਜੋ,

ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਸਿੰਜ ਤੇ ਆਪਣੇ ਗਿਆਨ-ਇੰਦ੍ਰਿਆਂ ਦੇ ਕਿਆਰੇ ਇਸ ਨਾਮ-ਜਲ ਨਾਲ ਨਕਾਨਕ ਭਰ । ਤਦੋਂ ਹੀ ਤੂੰ ਇਸ ਜਗਤ-ਬਾਗ਼ ਦੇ ਪਾਲਣ-ਹਾਰ ਪ੍ਰਭੂ ਦਾ ਪਿਆਰਾ ਬਣੇਂਗਾ । ੨ ।

(ਕਿਸਾਨ ਉੱਗੀ ਖੇਤੀ ਨੂੰ ਰੰਬੇ ਨਾਲ ਗੋਡੀ ਦੇਂਦਾ ਹੈ । ਫਸਲ ਦੇ ਹਰੇਕ ਬੂਟੇ ਨੂੰ ਪਿਆਰ ਨਾਲ ਸਾਂਭ ਕੇ ਬਚਾਈ ਜਾਂਦਾ ਹੈ, ਤੇ ਫਾਲਤੂ ਘਾਹ ਬੂਟ ਨਦੀਣ ਨੂੰ, ਮਾਨੋ, ਗੁੱਸੇ ਨਾਲ ਪੁੱਟ ਪੁੱਟ ਕੇ ਬਾਹਰ ਸੁੱਟਦਾ ਜਾਂਦਾ ਹੈ, ਤੂੰ ਭੀ) ਹੇ ਭਾਈ ! ਆਪਣੇ ਸਰੀਰ-ਧਰਤੀ ਨੂੰ ਗੋਡ, ਪਿਆਰ ਅਤੇ ਗੁੱਸਾ ਇਹ ਦੋ ਰੰਬੇ ਬਣਾ (ਦੈਵੀਗੁਣਾਂ ਨੂੰ ਪਿਆਰ ਨਾਲ ਬਚਾਈ ਰੱਖ, ਵਿਕਾਰਾਂ ਨੂੰ ਗੁੱਸੇ ਨਾਲ ਜੜ੍ਹੋਂ ਪੁੱਟਦਾ ਜਾਹ) । ਜਿਉਂ ਜਿਉਂ ਤੂੰ ਇਸ ਤਰਾਂ ਗੋਡੀ ਕਰੇਂਗਾ, ਤਿਉਂ ਤਿਉਂ ਆਤਮਕ ਸੁਖ ਮਾਣੇਂਗਾ । ਤੇਰੀ ਕੀਤੀ ਇਹ ਮੇਹਨਤ ਵਿਅਰਥ ਨਹੀਂ ਜਾਇਗੀ ।੩।

ਹੇ ਪ੍ਰਭੂ ! ਹੇ ਦਿਆਲ ਪ੍ਰਭੂ ! ਜੇ ਤੂੰ ਮੇਹਰ ਕਰੇਂ ਤਾਂ (ਤੇਰੀ ਮੇਹਰ ਨਾਲ ਮਨੁੱਖ ਪਖੰਡੀ) ਬਗੁਲੇ ਤੋਂ ਸੋਹਣਾ ਹੰਸ ਬਣ ਸਕਦਾ ਹੈ । ਤੇਰੇ ਦਾਸਾਂ ਦਾ ਦਾਸ ਨਾਨਕ ਬੇਨਤੀ ਕਰਦਾ ਹੈ (ਤੇ ਆਖਦਾ ਹੈ ਕਿ) ਹੇ ਦਿਆਲ ਪ੍ਰਭੂ ! ਮੇਹਰ ਕਰ (ਤੇ ਬਗੁਲੇ ਤੋਂ ਹੰਸ ਕਰਨ ਵਾਲਾ ਆਪਣਾ ਨਾਮ ਬਖ਼ਸ਼) ।੪।੧।੯।

ਨੋਟ ! ਅੰਕ ਨੰ: ੧ ਦੱਸਦਾ ਹੈ ਕਿ 'ਘਰੁ ੨' ਦਾ ਇਹ ਪਹਿਲਾ ਸ਼ਬਦ ਹੈ ।

ਬਸੰਤੁ ਮਹਲਾ ੧ ਹਿੰਡੋਲ ॥ ਸਾਹੁਰੜੀ ਵਥੁ ਸਭੁ ਕਿਛੁ ਸਾਝੀ ਪੇਵਕੜੈ ਧਨ ਵਖੇ ॥ ਆਪਿ ਕੁਚਜੀ ਦੋਸੁ ਨ ਦੇਊ ਜਾਣਾ ਨਾਹੀ ਰਖੇ ॥ ੧ ॥ ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ ॥ ਅਖਰ ਲਿਖੇ ਸੇਈ ਗਾਵਾ ਅਵਰ ਨ ਜਾਣਾ ਬਾਣੀ ॥ ੧ ॥ ਰਹਾਉ ॥ ਕਢਿ ਕਸੀਦਾ ਪਹਿਰਹਿ ਚੋਲੀ ਤਾਂ ਤੁਮ੍ ਜਾਣਹੁ ਨਾਰੀ ॥ ਜੇ ਘਰੁ ਰਾਖਹਿ ਬੁਰਾ ਨ ਚਾਖਹਿ ਹੋਵਹਿ ਕੰਤ ਪਿਆਰੀ ॥ ੨ ॥ ਜੇ ਤੂੰ ਪੜਿਆ ਪੰਡਿਤੁ ਬੀਨਾ ਦੁਇ ਅਖਰ ਦੁਇ ਨਾਵਾ ॥ ਪ੍ਰਣਵਤਿ ਨਾਨਕੁ ਏਕੁ ਲੰਘਾਏ ਜੇਕਰਿ ਸਚਿ ਸਮਾਵਾਂ ॥ ੩ ॥ ੨ ॥ ੧੦ ॥

ਪਦ ਅਰਥ :—ਸਾਹੁਰੜੀ ਵਥੁ—ਉਹ ਵਸਤ ਜੋ ਪਤੀ-ਪ੍ਰਭੂ ਵਲੋਂ ਮਿਲੀ ਹੈ, ਆਤਮਕ ਜੀਵਨ ਦੀ ਦਾਤਿ । ਸਾਝੀ—ਸਭਨਾਂ ਦੇ ਨਾਲ ਵੰਡਣ ਵਾਲੀ । ਪੇਵਕੜੈ—ਪੇਕੇ ਘਰ ਵਿਚ, ਸੰਸਾਰਕ ਜੀਵਨ ਵਿਚ । ਧਨ—ਇਸਤ੍ਰੀ, ਜੀਵ-ਇਸਤ੍ਰੀ । ਵਖੇ—ਵਖਿ, ਵਖ ਵਖ ਰਹਿਣ ਵਾਲੀ, ਵਿਤਕਰੇ ਕਰਨ ਵਾਲੀ । ਕੁਚਜੀ—ਜਿਸ ਨੂੰ ਚੰਗੀ ਜੀਵਨ-ਜੁਗਤਿ ਨਾਹ ਆਉਂਦੀ ਹੋਵੇ । ਦੇਊ—ਮੈਂ ਦੇਂਦੀ ਹਾਂ । ਜਾਣਾ ਨਾਹੀ—ਮੈਂ ਨਹੀਂ

ਜਾਣਦੀ। ਨਾਹੀ ਰਖੇ ਜਾਣਾ—ਰਖਿ ਨ ਜਾਣਾ, ਸਾਂਭ ਕੇ ਰੱਖਣ ਦੀ ਮੈਨੂੰ ਜਾਚ ਨਹੀਂ ।੧।

ਹਉ—ਮੈਂ। ਆਪੇ—ਆਪ ਹੀ। ਭਰਮਿ—ਭਟਕਣਾ ਵਿਚ । ਭੁਲਾਣੀ—ਮੈਂ ਭੁੱਲੀ ਹੋਈ ਹਾਂ, ਮੈਂ ਕੁਰਾਹੇ ਪਈ ਹੋਈ ਹਾਂ। ਅਖਰ—ਪਿਛਲੇ ਕੀਤੇ ਕਰਮਾਂ ਦੇ ਸੰਸਕਾਰ-ਰੂਪ ਲੇਖ। ਸੋਈ ਗਾਵਾ—ਸੋਈ ਅਖਰ ਗਾਵਾ, ਉਹੀ ਅੱਖਰ ਮੈਂ ਗਾਂਦੀ ਹਾਂ, ਉਹਨਾਂ ਹੀ ਸੰਸਕਾਰਾਂ ਵਾਲੇ ਕੰਮ ਮੈਂ ਮੁੜ ਮੁੜ ਕਰਦੀ ਹਾਂ। ਬਾਣੀ—ਬਣਤਰ, ਬਨਾਵਟ, ਘਾੜਤ। ਨ ਜਾਣਾ—ਮੈਂ ਨਹੀਂ ਜਾਣਦੀ ।੧। ਰਹਾਉ।

ਕਢਿ ਕਸੀਦਾ—ਕਸੀਦਾ ਕੱਢ ਕੇ, ਸੋਹਣੇ ਚਿੱਤਰ ਬਣਾ ਕੇ, ਸ਼ੁਭ ਗੁਣਾਂ ਦੇ ਸੋਹਣੇ ਚਿੱਤਰ ਬਣਾ ਕੇ। ਪਹਿਰਹਿ—(ਜੇ ਇਸਤ੍ਰੀਆਂ) ਪਹਿਨਣ। ਚੋਲੀ--ਪਟੋਲਾ, ਪ੍ਰੇਮ ਪਟੋਲਾ ।੨।

ਬੀਨਾ—ਸਿਆਣਾ । ਦੁਇ ਅਖਰ—ਰਾਮ-ਨਾਮ, ਹਰਿ-ਨਾਮ। ਨਾਵਾ—ਨਾਵ, ਬੇੜੀ। ਪ੍ਰਣਵਤਿ—ਬੇਨਤੀ ਕਰਦਾ ਹੈ। ਏਕੁ—ਇਕ ਹਰਿ-ਨਾਮ। ਸਚਿ—ਸੱਚ ਵਿਚ ।੩।

ਅਰਥ :—ਹੇ ਮੇਰੇ ਮਾਲਕ-ਪ੍ਰਭੂ ! ਮੈਂ ਆਪ ਹੀ (ਮਾਇਆ ਦੇ ਮੋਹ ਦੀ) ਭਟਕਣਾ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਖੁੰਝੀ ਹੋਈ ਹਾਂ। (ਮਾਇਆ ਦੇ ਮੋਹ ਵਿਚ ਫਸ ਕੇ ਜਿਤਨੇ ਭੀ ਕਰਮ ਮੈਂ ਜਨਮਾਂ ਜਨਮਾਂਤਰਾਂ ਤੋਂ ਕਰਦੀ ਆ ਰਹੀ ਹਾਂ, ਉਹਨਾਂ ਦੇ ਜੋ) ਸੰਸਕਾਰ ਮੇਰੇ ਮਨ ਵਿਚ ਉੱਕਰੇ ਪਏ ਹਨ, ਮੈਂ ਉਹਨਾਂ ਨੂੰ ਹੀ ਗਾਂਦੀ ਚਲੀ ਜਾ ਰਹੀ ਹਾਂ (ਉਹਨਾਂ ਦੀ ਹੀ ਪ੍ਰੇਰਨਾ ਹੇਠ ਮੁੜ ਮੁੜ ਉਹੋ ਜਿਹੇ ਕਰਮ ਕਰਦੀ ਜਾ ਰਹੀ ਹਾਂ) ਮੈਂ (ਮਨ ਦੀ) ਕੋਈ ਹੋਰ ਘਾੜਤ (ਘੜਨੀ) ਨਹੀਂ ਜਾਣਦੀ ਹਾਂ (ਮੈਂ ਕੋਈ ਐਸੇ ਕੰਮ ਕਰਨੇ ਨਹੀਂ ਜਾਣਦੀ ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸੰਸਕਾਰ ਮੁੱਕ ਜਾਣ)।੧। ਰਹਾਉ ।

ਆਤਮਕ ਜੀਵਨ ਦੀ ਦਾਤਿ ਜੋ ਪਤੀ-ਪ੍ਰਭੂ ਵਲੋਂ ਮਿਲੀ ਸੀ ਉਹ ਤਾਂ ਸਭਨਾਂ ਨਾਲ ਵੰਡੀ ਜਾ ਸਕਣ ਵਾਲੀ ਸੀ, ਪਰ ਜਗਤ-ਪੇਕੇ ਘਰ ਵਿਚ ਰਹਿੰਦਿਆਂ (ਮਾਇਆ ਦੇ ਮੋਹ ਦੇ ਪ੍ਰਭਾਵ ਹੇਠ) ਮੈਂ ਜੀਵ-ਇਸਤ੍ਰੀ ਵਿਤਕਰੇ ਹੀ ਸਿੱਖਦੀ ਰਹੀ। ਮੈਂ ਆਪ ਹੀ ਕੁਚੱਜੀ ਰਹੀ (ਭਾਵ, ਮੈਂ ਸੋਹਣੀ ਜੀਵਨ-ਜੁਗਤਿ ਨਾਹ ਸਿੱਖੀ। ਇਸ ਕੁਚੱਜ ਵਿਚ ਦੁੱਖ ਸਹੇੜੇ ਹਨ, ਪਰ) ਮੈਂ ਕਿਸੇ ਹੋਰ ਉਤੇ (ਇਹਨਾਂ ਦੁੱਖਾਂ ਬਾਰੇ) ਕੋਈ ਦੋਸ ਨਹੀਂ ਲਾ ਸਕਦੀ। (ਪਤੀ-ਪ੍ਰਭੂ ਵਲੋਂ ਮਿਲੀ ਆਤਮਕ ਜੀਵਨ ਦੀ ਦਾਤਿ ਨੂੰ) ਸਾਂਭ ਕੇ ਰੱਖਣ ਦੀ ਮੈਨੂੰ ਜਾਚ ਨਹੀਂ ਆਈ।੧।

ਜੇਹੜੀਆਂ ਜੀਵ-ਇਸਤ੍ਰੀਆਂ ਸ਼ੁਭ ਗੁਣਾਂ ਦੇ ਸੋਹਣੇ ਚਿੱਤਰ (ਆਪਣੇ ਮਨ ਵਿਚ

ਬਣਾ ਕੇ) ਪ੍ਰੇਮ ਦਾ ਪਟੋਲਾ ਪਹਿਨਦੀਆਂ ਹਨ ਉਹਨਾਂ ਨੂੰ ਹੀ ਸੁਚੱਜੀਆਂ ਇਸਤ੍ਰੀਆਂ ਸਮਝੋ। ਜੇਹੜੀਆਂ ਇਸਤ੍ਰੀਆਂ ਆਪਣਾ (ਆਤਮਕ ਜੀਵਨ ਦਾ) ਘਰ ਸਾਂਭ ਕੇ ਰੱਖਦੀਆਂ ਹਨ, ਕੋਈ ਵਿਕਾਰ ਕੋਈ ਭੈੜ ਨਹੀਂ ਚੱਖਦੀਆਂ (ਭਾਵ, ਜੋ ਮਾੜੇ ਰਸਾਂ ਵਿਚ ਪਰਵਿਰਤ ਨਹੀਂ ਹੁੰਦੀਆਂ) ਉਹ ਖਸਮ-ਪ੍ਰਭੂ ਨੂੰ ਪਿਆਰੀਆਂ ਲੱਗਦੀਆਂ ਹਨ। ੨।

ਹੇ ਭਾਈ! ਜੇ ਤੂੰ ਸਚ ਮੁਚ ਪੜ੍ਹਿਆ-ਲਿਖਿਆ ਵਿਦਵਾਨ ਹੈਂ ਸਿਆਣਾ ਹੈਂ (ਤਾਂ ਇਹ ਗੱਲ ਪੱਕੀ ਤਰ੍ਹਾਂ ਸਮਝ ਲੈ ਕਿ ਸੰਸਾਰ-ਸਮੁੰਦਰ ਦੇ ਵਿਕਾਰਾਂ ਦੇ ਪਾਣੀਆਂ ਵਿਚੋਂ ਪਾਰ ਲੰਘਾਣ ਲਈ) ਹਰਿ-ਨਾਮ ਹੀ ਬੇੜੀ ਹੈ। ਨਾਨਕ ਬੇਨਤੀ ਕਰਦਾ ਹੈ ਕਿ ਹਰਿ-ਨਾਮ ਹੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾਂਦਾ ਹੈ ਜੋ ਮੈਂ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੇ ਨਾਮ ਵਿਚ ਟਿਕਿਆ ਰਹਾਂ। ੩। ੨। ੧੦।

ਬਸੰਤੁ ਹਿੰਡੋਲ ਮਹਲਾ ੧ ॥ ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰਹੁ ਬੀਚਾਰੋ ॥ ੧ ॥ ਸੁਆਮੀ ਪੰਡਿਤਾ ਤੁਮ ਦੇਹੁ ਮਤੀ ॥ ਕਿਨ ਬਿਧਿ ਪਾਵਉ ਪ੍ਰਾਨ ਪਤੀ ॥ ੧ ॥ ਰਹਾਉ ॥ ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ ॥ ਚੰਦੁ ਸੂਰਜੁ ਦੁਇ ਘਰ ਹੀ ਭੀਤਰਿ ਐਸਾ ਗਿਆਨੁ ਨ ਪਾਇਆ ॥ ੨ ॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗੁ ਕਰੇਇ ॥ ਤਾ ਕੇ ਲਖਣ ਜਾਣੀਅਹਿ ਖਿਮਾ ਧਨੁ ਸੰਗ੍ਰਹੇਇ ॥ ੩ ॥ ਕਹਿਆ ਸੁਣਹਿ ਨ ਖਾਇਆ ਮਾਨਹਿ ਤਿਨ੍ਾ ਹੀ ਸੇਤੀ ਵਾਸਾ ॥ ਪ੍ਰਣਵਤਿ ਨਾਨਕੁ ਦਾਸਨਿ ਦਾਸਾ ਖਿਨੁ ਤੋਲਾ ਖਿਨੁ ਮਾਸਾ ॥ ੪ ॥ ੩ ॥ ੧੧ ॥

ਪਦ ਅਰਥ :– ਰਾਜਾ–ਹੁਕਮ ਚਲਾਣ ਵਾਲਾ, ਮਨ। ਬਾਲਕੁ–ਅੰਞਾਣ। ਕਾਚੀ–ਕੱਚੀ, ਮਿੱਟੀ ਆਦਿਕ ਦੀ ਬਣੀ ਹੋਈ ਜੋ ਬਾਹਰੋਂ ਆਏ ਵੈਰੀਆਂ ਦੇ ਹੱਲੇ ਦਾ ਟਾਕਰਾ ਨਾਹ ਕਰ ਸਕੇ। ਦੁਸਟ–ਦੁਰਜਨ, ਭੈੜੇ। ਮਾਈ–ਮਾਂ। ਦੁਇ ਮਾਈ–ਦੋ ਮਾਵਾਂ (ਬੁੱਧੀ ਅਤੇ ਅਵਿੱਦਿਆ)। ਨੋਟ! ਮਨ ਵਿਚ ਦੋ ਕਿਸਮਾਂ ਦੇ ਸੰਸਕਾਰ ਮੌਜੂਦ ਰਹਿੰਦੇ ਹਨ, ਭਲੇ ਭੀ ਅਤੇ ਮੰਦੇ ਭੀ। ਭਲੇ ਸੰਸਕਾਰ ਉਹਨਾਂ ਕੰਮਾਂ ਦਾ ਸਿੱਟਾ ਹੁੰਦੇ ਹਨ ਜੋ ਮਨੁੱਖ ਸ੍ਰੇਸ਼ਟ ਬੁੱਧੀ ਦੀ ਅਗਵਾਈ ਵਿਚ ਕਰਦਾ ਹੈ। ਮੰਦੇ ਕੰਮ ਅਵਿੱਦਿਆ ਦੇ ਅਧੀਨ ਰਿਹਾਂ ਹੁੰਦੇ ਹਨ। ਤਾਂ ਤੇ ਬੁੱਧੀ ਅਤੇ ਅਵਿੱਦਿਆ ਮਨ ਦੀਆਂ ਦੋ ਮਾਂਵਾਂ ਹਨ। ਦੁਇ ਬਾਪਾ –ਦੋ ਪਿਉ (ਪਰਮਾਤਮਾ ਅਤੇ ਮਾਇਆ-ਵੇੜ੍ਹਿਆ ਈਸ਼੍ਵਰ)। ਪੜੀਅਹਿ–ਪੜ੍ਹੇ ਜਾਂਦੇ ਹਨ, ਦੱਸੇ ਜਾਂਦੇ ਹਨ। ਪੰਡਿਤ–ਹੇ ਪੰਡਿਤ! ੧।

ਕਿਨ ਬਿਧਿ–ਕਿਸ ਤਰੀਕੇ ਨਾਲ ? ਪਾਵਉ–ਮੈਂ ਪਾ ਸਕਾਂ । ੧ । ਰਹਾਉ ।

ਭੀਤਰਿ–(ਬਨਾਸਪਤੀ ਦੇ) ਅੰਦਰ । ਮਉਲੀ–ਮੌਲਦੀ ਰਹਿੰਦੀ ਹੈ, ਹਰੀ-ਭਰੀ ਰਹਿੰਦੀ ਹੈ । ਸਾਗਰੁ–ਸਮੁੰਦਰ ।ਪਿੰਡੈ–ਪਿੰਡ ਵਿਚ । ਚੰਦੁ–ਸੀਤਲਤਾ। ਸੂਰਜੁ- ਰੱਬੀ ਤੇਜ। ਘਰ ਹੀ ਭੀਤਰਿ–ਹਿਰਦੇ-ਘਰ ਦੇ ਅੰਦਰ ਹੀ । ਗਿਆਨੁ–ਸਮਝ । ੨ ।

ਰਵੰਤਾ–ਸਿਮਰਦਾ । ਜਾਣੀਐ–ਸਮਝਣਾ ਚਾਹੀਦਾ ਹੈ । ਇਕ ਮਾਈ–(ਦੋ ਮਾਂਵਾਂ ਵਿਚੋਂ) ਇਕ ਮਾਂ ਅਵਿੱਦਿਆ ਨੂੰ। ਭੋਗੁ ਕਰੇਇ–ਖਾ ਜਾਏ,ਮੁਕਾ ਦੇਵੇ । ਤਾ ਕੇ ਲਖਣ–ਉਸ ਦੇ ਲੱਛਣ, ਉਸ ਦੀਆਂ ਨਿਸ਼ਾਨੀਆਂ । ਖਿਮਾ–ਦੂਜਿਆਂ ਦੀ ਵਧੀਕੀ ਨੂੰ ਠੰਢੇ-ਚਿੱਤ ਸਹਾਰਨ ਦਾ ਗੁਣ । ਸੰਗ੍ਰਹੇਇ–ਇਕੱਠਾ ਕਰਦਾ ਹੈ ।੩।

ਕਹਿਆ–ਦੱਸੀ ਹੋਈ ਨਸੀਹਤ । ਨ ਖਾਇਆ ਮਾਨਹਿ–ਇਹ ਨਹੀਂ ਮੰਨਦੇ ਕਿ ਅਸਾਂ ਕੁਝ ਖਾਧਾ ਹੈ (ਭਾਵ, ਸਦਾ ਤ੍ਰਿਸ਼ਨਾਲੂ ਰਹਿੰਦੇ ਹਨ, ਵਿਸ਼ੇ ਵਿਕਾਰਾਂ ਵਲੋਂ ਕਦੇ ਰੱਜਦੇ ਨਹੀਂ) । ਸੇਤੀ–ਨਾਲ। ਖਿਨੁ–ਖਿਨ ਵਿਚ । ਮਾਸਾ–ਤੋਲੇ ਦਾ ਬਾਰ੍ਹਵਾਂ ਹਿੱਸਾ । ੪ ।

ਅਰਥ :–ਹੇ ਪੰਡਿਤ ਜੀ ਮਹਾਰਾਜ ! ਤੁਸੀ ਤਾਂ ਹੋਰ ਹੋਰ ਤਰ੍ਹਾਂ ਦੀ ਸਿੱਖਿਆ ਦੇ ਰਹੇ ਹੋ, (ਅਜੇਹੀ ਦਿੱਤੀ ਮਤਿ ਨਾਲ) ਮੈਂ ਆਪਣੇ ਪ੍ਰਾਣਾਂ ਦੇ ਮਾਲਕ ਪਰਮਾਤਮਾ ਨੂੰ ਕਿਵੇਂ ਮਿਲ ਸਕਦਾ ਹਾਂ ? ੧ । ਰਹਾਉ ।

ਹੇ ਪੰਡਿਤ ! (ਜੇ ਕੋਈ ਵਿਚਾਰ ਦੀ ਗੱਲ ਕਰਨੀ ਹੈ ਤਾਂ) ਇਹ ਸੋਚੋ ਕਿ (ਸਰੀਰ-ਨਗਰੀ ਉਤੇ) ਰਾਜ ਕਰਨ ਵਾਲਾ ਮਨ ਅੰਞਾਣ ਹੈ, ਇਹ ਸਰੀਰ-ਨਗਰ ਭੀ ਕੱਚਾ ਹੈ (ਬਾਹਰੋਂ ਵਿਕਾਰਾਂ ਦੇ ਹੱਲਿਆਂ ਦਾ ਟਾਕਰਾ ਕਰਨ-ਜੋਗਾ ਨਹੀਂ ਹੈ ਕਿਉਂਕਿ ਗਿਆਨ-ਇੰਦ੍ਰੇ ਕਮਜ਼ੋਰ ਹਨ) । (ਫਿਰ ਇਸ ਅੰਞਾਣ ਮਨ ਦਾ) ਪਿਆਰ ਭੀ ਕਾਮਾਦਿਕ ਭੈੜੇ ਸਾਥੀਆਂ ਨਾਲ ਹੀ ਹੈ । ਇਸ ਦੀਆਂ ਮਾਵਾਂ ਭੀ ਦੋ ਸੁਣੀਦੀਆਂ ਹਨ (ਬੁੱਧੀ ਅਤੇ ਅਵਿੱਦਿਆ), ਇਸ ਦੇ ਪਿਉ ਭੀ ਦੋ ਹੀ ਦੱਸੀਦੇ ਹਨ (ਪਰਮਾਤਮਾ ਅਤੇ ਮਾਇਆ-ਵੇੜ੍ਹਿਆ ਜੀਵਾਤਮਾ । ਆਮ ਤੌਰ ਤੇ ਇਹ ਅੰਞਾਣ ਮਨ ਅਵਿੱਦਿਆ ਅਤੇ ਮਾਇਆ-ਵੇੜ੍ਹੇ ਜੀਵਾਤਮਾ ਦੇ ਵਹੇ ਚੜ੍ਹਿਆ ਰਹਿੰਦਾ ਹੈ) । ੧ ।

(ਹੇ ਪੰਡਿਤ ! ਤੂੰ ਤਾਂ ਹੋਰ ਹੋਰ ਕਿਸਮ ਦੀ ਮਤਿ ਦੇ ਰਿਹਾ ਹੈਂ, ਤੇਰੀ ਦਿੱਤੀ ਸਿੱਖਿਆ ਨਾਲ ਅੰਞਾਣ ਮਨ ਨੂੰ) ਇਹ ਸਮਝ ਨਹੀਂ ਆਉਂਦੀ ਕਿ ਸੀਤਲਤਾ (-ਸ਼ਾਂਤੀ) ਅਤੇ ਰੱਬੀ ਤੇਜ ਦੋਵੇ ਮਨੁੱਖਾ ਸਰੀਰ ਦੇ ਅੰਦਰ ਹੀ ਮੌਜੂਦ ਹਨ । (ਸਮਝ ਨਾਹ ਆ ਸਕਣ ਦਾ ਕਾਰਨ ਇਹ ਹੈ ਕਿ) ਸਰੀਰ ਦੇ ਅੰਦਰ ਵਿਕਾਰਾਂ ਦੀ ਅੱਗ (ਮਚੀ ਹੋਈ ਹੈ) ਜਵਾਨੀ ਭੀ ਲਹਰਾਂ ਲੈ ਰਹੀ ਹੈ (ਜਿਵੇਂ ਹਰੀ-ਭਰੀ ਬਨਾਸਪਤੀ ਦੇ ਅੰਦਰ ਅੱਗ ਲੁਕੀ ਰਹਿੰਦੀ ਹੈ), ਮਾਇਕ ਵਾਸਨਾਂ ਦਾ ਸਮੁੰਦਰ ਇਸ ਸਰੀਰ ਦੇ ਅੰਦਰ ਠਾਠਾਂ ਮਾਰ ਰਿਹਾ

ਹੈ (ਮਾਨੋ, ਸਮੁੰਦਰ ਇਕ ਪੰਡ ਵਿਚ ਲੁਕਿਆ ਪਿਆ ਹੈ । ਸੋ, ਸਿੱਖਿਆ ਤਾਂ ਉਹ ਚਾਹੀਦੀ ਹੈ ਜੋ ਇਸ ਅੰਦਰਲੇ ਹੜ੍ਹ ਨੂੰ ਰੋਕ ਸਕੇ) । ੨ ।

ਉਹੀ ਮਨੁੱਖ ਪਰਮਾਤਮਾ ਦਾ ਸਿਮਰਨ ਕਰਦਾ ਸਮਝਿਆ ਜਾ ਸਕਦਾ ਹੈ ਜੋ (ਬੁੱਧੀ ਤੇ ਅਵਿੱਦਿਆ ਦੋ ਮਾਂਵਾਂ ਵਿਚੋਂ)ਇਕ ਮਾਂ (ਅਵਿੱਦਿਆ ਨੂੰ) ਮੁਕਾ ਦੇਵੇ । (ਜੇਹੜਾ ਮਨੁੱਖ ਅਵਿੱਦਿਆ-ਮਾਂ ਨੂੰ ਮੁਕਾਂਦਾ ਹੈ) ਉਸ ਦੇ (ਰੋਜ਼ਾਨਾ ਜੀਵਨ ਦੇ) ਲੱਛਣ ਇਹ ਦਿੱਸਦੇ ਹਨ ਕਿ ਉਹ ਦੂਜਿਆਂ ਦੀ ਵਧੀਕੀ ਠੰਢੇ-ਜਿਗਰੇ ਸਹਾਰਨ ਦਾ ਆਤਮਕ ਧਨ (ਸਦਾ) ਇਕੱਠਾ ਕਰਦਾ ਹੈ । ੩ ।

(ਹੇ ਪ੍ਰਭੂ ! ਤੇਰੇ) ਦਾਸਾਂ ਦਾ ਦਾਸ ਨਾਨਕ ਬੇਨਤੀ ਕਰਦਾ ਹੈ(ਕਿ ਬਿਨਸਾਨੀ ਮਨ ਬੇ-ਵੱਸ ਹੈ) ਇਸ ਦਾ ਸੰਗ ਸਦਾ ਉਹਨਾਂ (ਗਿਆਨ-ਇੰਦ੍ਰੀਆਂ) ਨਾਲ ਰਹਿੰਦਾ ਹੈ ਜੋ ਕੋਈ ਸਿੱਖਿਆ ਸੁਣਦੇ ਹੀ ਨਹੀਂ ਹਨ ਅਤੇ ਜੋ ਵਿਸ਼ੇ-ਵਿਕਾਰਾਂ ਵਲੋਂ ਕਦੇ ਰੱਜਦੇ ਭੀ ਨਹੀਂ ਹਨ । (ਇਹੀ ਕਾਰਨ ਹੈ ਕਿ ਇਹ ਮਨ) ਕਦੇ ਤੋਲਾ ਹੋ ਜਾਂਦਾ ਹੈ, ਕਦੇ ਮਾਸਾ ਰਹਿ ਜਾਂਦਾ ਹੈ (ਕਦੇ ਮੁਕਾਬਲਾ ਕਰਨ ਦੀ ਹਿੰਮਤ ਕਰਦਾ ਹੈ ਤੇ ਕਦੇ ਘਬਰਾ ਜਾਂਦਾ ਹੈ). । ੪ । ੩ । ੧੧ ।

ਬਸੰਤੁ ਹਿੰਡੋਲ ਮਹਲਾ ੧ ॥ ਸਾਚਾ ਸਾਹੁ ਗੁਰੂ ਸੁਖਦਾਤਾ ਹਰਿ ਮੇਲੇ ਭੁਖ ਗਵਾਏ ॥ ਕਰਿ ਕਿਰਪਾ ਹਰਿ ਭਗਤਿ ਦ੍ਰਿੜਾਏ ਅਨਦਿਨੁ ਹਰਿ ਗੁਣ ਗਾਏ ॥ ੧ ॥ ਮਤ ਭੂਲਹਿ ਰੇ ਮਨ ਚੇਤਿ ਹਰੀ ॥ ਬਿਨੁ ਗੁਰ ਮੁਕਤਿ ਨਾਹੀ ਤ੍ਰੈ ਲੋਈ ਗੁਰਮੁਖਿ ਪਾਈਐ ਨਾਮੁ ਹਰੀ ॥ ੧ ॥ ਰਹਾਉ ॥ ਬਿਨੁ ਭਗਤੀ ਨਹੀ ਸਤਿਗੁਰੁ ਪਾਈਐ ਬਿਨੁ ਭਾਗਾ ਨਹੀ ਭਗਤਿ ਹਰੀ ॥ ਬਿਨੁ ਭਾਗਾ ਸਤਸੰਗੁ ਨ ਪਾਈਐ ਕਰਮਿ ਮਿਲੈ ਹਰਿ ਨਾਮੁ ਹਰੀ ॥ ੨ ॥ ਘਟਿ ਘਟਿ ਗੁਪਤੁ ਉਪਾਏ ਵੇਖੈ ਪਰਗਟੁ ਗੁਰਮੁਖਿ ਸੰਤ ਜਨਾ ॥ ਹਰਿ ਹਰਿ ਕਰਹਿ ਸੁ ਹਰਿ ਰੰਗਿ ਭੀਨੇ ਹਰਿ ਜਲੁ ਅੰਮ੍ਰਿਤ ਨਾਮੁ ਮਨਾ ॥ ੩ ॥ ਜਿਨ ਕਉ ਤਖਤਿ ਮਿਲੈ ਵਡਿਆਈ ਗੁਰਮੁਖਿ ਸੇ ਪਰਧਾਨ ਕੀਏ ॥ ਪਾਰਸੁ ਭੇਟਿ ਭਏ ਸੇ ਪਾਰਸ ਨਾਨਕ ਹਰਿ ਗੁਰ ਸੰਗਿ ਥੀਏ ॥ ੪ ॥ ੪ ॥ ੧੨ ॥

ਪਦ ਅਰਥ :–ਸਾਹੁ–ਸ਼ਾਹੂ, ਉਹ ਧਨੀ ਜੋ ਹੋਰ ਵਪਾਰੀਆਂ ਨੂੰ ਵਣਜ-ਵਪਾਰ ਕਰਨ ਲਈ ਰਾਸਿ-ਪੂੰਜੀ ਦੇਂਦਾ ਹੈ । ਸਾਚਾ–ਸਦਾ ਕਾਇਮ ਰਹਿਣ ਵਾਲਾ, ਸਦਾ ਹੀ ਧਨਾਢ ਟਿਕੇ ਰਹਿਣ ਵਾਲਾ । ਭੁਖ–ਮਾਇਆ ਦਾ ਲਾਲਚ । ਗਵਾਏ–ਦੂਰ ਕਰਦਾ

ਹੈ। ਕਰਿ–ਕਰ ਕੇ। ਦ੍ਰਿੜਾਇ–(ਮਨ ਵਿਚ) ਪੱਕੀ ਕਰ ਦੇਂਦਾ ਹੈ। ਅਨਦਿਨੁ–ਹਰ ਰੋਜ਼ ।੧।

ਮਤ ਭੂਲਹਿ–ਕਿਤੇ ਭੁਲਾ ਨਾਹ ਦੇਈਂ। ਚੇਤਿ–ਯਾਦ ਕਰ, ਸਿਮਰ। ਮੁਕਤਿ –ਮਾਇਆ ਦੇ ਲਾਲਚ ਵਲੋਂ ਖਲਾਸੀ। ਤ੍ਰੈ ਲੋਈ–ਤਿੰਨਾਂ ਹੀ ਲੋਕਾਂ ਵਿਚ, ਸਾਰੀ ਹੀ ਸ੍ਰਿਸ਼ਟੀ ਵਿਚ ਕਿਤੇ ਭੀ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਨਾਮੁ ਹਰੀ–ਹਰੀ ਦਾ ਨਾਮ ।੧। ਰਹਾਉ।

ਭਗਤੀ–ਲਗਨ, ਦਿਲੀ ਖਿੱਚ, ਸਰਧਾ। ਭਗਤਿ ਹਰੀ–ਪ੍ਰਭੂ ਨੂੰ ਮਿਲਣ ਲਈ ਤਾਂਘ। ਸਤਸੰਗੁ–ਭਲਿਆਂ ਦੀ ਸੰਗਤਿ। ਕਰਮਿ–(ਪ੍ਰਭੂ ਦੀ) ਮੇਹਰ ਨਾਲ ।੨।

ਘਟਿ–ਘਟ ਵਿਚ, ਸਰੀਰ ਵਿਚ। ਘਟਿ ਘਟਿ–ਹਰੇਕ ਸਰੀਰ ਵਿਚ। ਉਪਾਇ– ਪੈਦਾ ਕਰਦਾ ਹੈ। ਵੇਖੈ–ਸੰਭਾਲ ਕਰਦਾ ਹੈ। ਗੁਰਮੁਖਿ–ਗੁਰੂ ਦੀ ਸਰਨ ਪਿਆਂ। ਕਰਹਿ –ਕਰਦੇ ਹਨ। ਸੁ–ਉਹ ਬੰਦੇ। ਰੰਗਿ–ਰੰਗ ਵਿਚ, ਪਿਆਰ ਵਿਚ। ਭੀਨੇ–ਭਿੱਜੇ ਹੋਏ, ਮਸਤ। ਮਨਾ–ਮਨਿ, (ਉਹਨਾਂ ਦੇ) ਮਨ ਵਿਚ ।੩।

ਕਉ–ਨੂੰ। ਤਖਤਿ–ਤਖ਼ਤ ਉਤੇ। ਤਖਤਿ ਵਡਿਆਈ–ਤਖ਼ਤ ਉਤੇ ਬੈਠਣ ਦੀ ਵਡਿਆਈ, ਹਿਰਦੇ-ਤਖ਼ਤ ਉਤੇ ਬੈਠੇ ਰਹਿਣ ਦੀ ਇੱਜ਼ਤ, ਮਾਇਆ ਦੇ ਪਿੱਛੇ ਭਟਕਣ ਤੋਂ ਬਚੇ ਰਹਿਣ ਦਾ ਮਾਣ। ਗੁਰਮੁਖਿ–ਗੁਰੂ ਦੀ ਰਾਹੀਂ। ਪਰਧਾਨੁ–ਉੱਘੇ, ਮੰਨੇ-ਪ੍ਰਮੰਨੇ। ਪਾਰਸੁ–ਗੁਰੂ-ਪਾਰਸ। ਭੇਟਿ–ਛੁਹ ਕੇ, ਮਿਲ ਕੇ। ਪਾਰਸ–ਲੋਹਾ ਆਦਿਕ ਧਾਤਾਂ ਨੂੰ ਸੋਨਾ ਬਣਾ ਦੇਣ ਦੀ ਸਮਰੱਥਾ ਰੱਖਣ ਵਾਲੇ। ਗੁਰ ਸੰਗਿ–ਗੁਰੂ ਦੇ ਸੰਗੀ। ਥੀਏ–ਬਣ ਗਏ ।੪।

ਅਰਥ :–ਹੇ (ਮੇਰੇ) ਮਨ! ਪਰਮਾਤਮਾ ਨੂੰ (ਸਦਾ) ਚੇਤੇ ਰੱਖ। (ਵੇਖੀਂ, ਮਾਇਆ ਦੀ ਭੁੱਖ ਵਿਚ ਫਸ ਕੇ) ਕਿਤੇ (ਉਸ ਨੂੰ) ਭੁਲਾ ਨ ਦੇਈਂ। (ਪਰ) ਗੁਰੂ ਦੀ ਸਰਨ ਪਿਆਂ ਹੀ ਪਰਮਾਤਮਾ ਦਾ ਨਾਮ ਮਿਲਦਾ ਹੈ, ਗੁਰੂ ਦੀ ਸਰਨ ਪੈਣ ਤੋਂ ਬਿਨਾ ਮਾਇਆ ਦੀ ਭੁੱਖ ਤੋਂ ਖਲਾਸੀ ਨਹੀਂ ਹੋ ਸਕਦੀ (ਭਾਵੇਂ) ਤਿੰਨਾਂ ਲੋਕਾਂ ਵਿਚ ਹੀ(ਦੌੜ-ਭੱਜ ਕਰ ਕੇ ਵੇਖ ਲੈ), (ਇਸ ਵਾਸਤੇ, ਹੇ ਮਨ ! ਗੁਰੂ ਦਾ ਪੱਲਾ ਫੜ)।੧। ਰਹਾਉ।

ਗੁਰੂ ਐਸਾ ਸ਼ਾਹ ਹੈ ਜਿਸ ਦੇ ਪਾਸ ਪ੍ਰਭੂ ਦੇ ਨਾਮ ਦਾ ਧਨ ਸਦਾ ਹੀ ਟਿਕਿਆ ਰਹਿੰਦਾ ਹੈ, (ਇਸ ਵਾਸਤੇ) ਗੁਰੂ ਸੁਖ ਦੇਣ ਦੇ ਸਮਰੱਥ ਹੈ, ਗੁਰੂ ਪ੍ਰਭੂ ਨਾਲ ਮਿਲਾ ਦੇਂਦਾ ਹੈ, ਤੇ ਮਾਇਆ ਇਕੱਠੀ ਕਰਨ ਦੀ ਭੁੱਖ ਮਨੁੱਖ ਦੇ ਮਨ ਵਿਚੋਂ ਕੱਢ ਦੇਂਦਾ ਹੈ। ਗੁਰੂ ਮੇਹਰ ਕਰ ਕੇ (ਸਰਨ ਆਏ ਸਿੱਖ ਦੇ ਮਨ ਵਿਚ) ਪ੍ਰਭੂ ਨੂੰ ਮਿਲਣ ਦੀ ਤਾਂਘ ਪੱਕੀ ਕਰ ਦੇਂਦਾ ਹੈ (ਕਿਉਂਕਿ ਗੁਰੂ ਆਪ) ਹਰ ਵੇਲੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਦਾ ਰਹਿੰਦਾ ਹੈ (ਆਪਣੀ ਸੁਰਤਿ ਸਦਾ ਪ੍ਰਭੂ ਦੀ ਸਿਫ਼ਤਿ ਸਾਲਾਹ ਵਿਚ ਟਿਕਾਈ

ਰੱਖਦਾ ਹੈ) ।੧।

ਦਿਲੀ ਖਿੱਚ ਤੋਂ ਬਿਨਾ ਸਤਿਗੁਰੂ ਭੀ ਨਹੀਂ ਮਿਲਦਾ (ਭਾਵ, ਗੁਰੂ ਦੀ ਕਦਰ ਨਹੀਂ ਪਾ ਸਕੀਦੀ), ਤੇ ਭਾਗਾਂ ਤੋਂ ਬਿਨਾ (ਪਿਛਲੇ ਸੰਸਕਾਰਾਂ ਦੀ ਰਾਸਿ-ਪੂੰਜੀ ਤੋਂ ਬਿਨਾ) ਪ੍ਰਭੂ ਨੂੰ ਮਿਲਣ ਦੀ ਤਾਂਘ (ਮਨ ਵਿਚ) ਨਹੀਂ ਉਪਜਦੀ। (ਪਿਛਲੇ ਸੰਸਕਾਰਾਂ ਦੀ ਰਾਸਿ-ਪੂੰਜੀ ਵਾਲੇ) ਭਾਗਾਂ ਤੋਂ ਬਿਨਾ ਗੁਰਮੁਖਾਂ ਦੀ ਸੰਗਤਿ ਨਹੀਂ ਮਿਲਦੀ (ਭਾਵ, ਸਤਸੰਗ ਦੀ ਕਦਰ ਨਹੀਂ ਪੈ ਸਕਦੀ), ਪ੍ਰਭੂ ਦੀ ਆਪਣੀ ਮੇਹਰ ਨਾਲ ਹੀ ਉਸ ਦਾ ਨਾਮ ਪ੍ਰਾਪਤ ਹੁੰਦਾ ਹੈ।੨।

ਜੇਹੜਾ ਪ੍ਰਭੂ ਆਪ ਸਾਰੀ ਸ੍ਰਿਸ਼ਟੀ ਪੈਦਾ ਕਰਦਾ ਹੈ ਤੇ ਉਸ ਦੀ ਸੰਭਾਲ ਕਰਦਾ ਹੈ, ਉਹ ਹਰੇਕ ਸਰੀਰ ਵਿਚ ਲੁਕਿਆ ਬੈਠਾ ਹੈ, ਗੁਰੂ ਦੀ ਸਰਨ ਪੈਣ ਵਾਲੇ ਸੰਤ ਜਨਾਂ ਨੂੰ ਉਹ ਹਰ ਥਾਂ ਪ੍ਰਤੱਖ ਦਿੱਸਣ ਲੱਗ ਪੈਂਦਾ ਹੈ। ਉਹ ਸੰਤ ਜਨ ਸਦਾ ਪ੍ਰਭੂ ਦਾ ਨਾਮ ਜਪਦੇ ਹਨ, ਤੇ ਉਸ ਦੇ ਪਿਆਰ-ਰੰਗ ਵਿਚ ਮਸਤ ਰਹਿੰਦੇ ਹਨ, ਉਹਨਾਂ ਦੇ ਮਨ ਵਿਚ ਪ੍ਰਭੂ ਦਾ ਆਤਮਕ ਜ਼ਿੰਦਗੀ ਦੇਣ ਵਾਲਾ ਨਾਮ-ਜਲ ਸਦਾ ਵੱਸਦਾ ਰਹਿੰਦਾ ਹੈ।੩।

ਗੁਰੂ ਦੀ ਸਰਨ ਪੈ ਕੇ ਜਿੰਨ੍ਹਾਂ ਬੰਦਿਆਂ ਨੂੰ ਹਿਰਦੇ-ਤਖ਼ਤ ਉਤੇ ਬੈਠੇ ਰਹਿਣ ਦੀ (ਭਾਵ, ਮਾਇਆ ਦੇ ਪਿੱਛੇ ਭਟਕਣ ਤੋਂ ਬਚੇ ਰਹਿਣ ਦੀ) ਇੱਜ਼ਤ ਮਿਲਦੀ ਹੈ, ਉਹਨਾਂ ਨੂੰ ਪਰਮਾਤਮਾ ਜਗਤ ਵਿਚ ਉੱਘਾ ਕਰ ਦੇਂਦਾ ਹੈ। ਹੇ ਨਾਨਕ! ਗੁਰੂ-ਪਾਰਸ ਨੂੰ ਮਿਲ ਕੇ ਉਹ ਆਪ ਭੀ ਪਾਰਸ ਹੋ ਜਾਂਦੇ ਹਨ (ਉਹਨਾਂ ਦੇ ਅੰਦਰ ਭੀ ਇਹ ਸਮਰੱਥਾ ਆ ਜਾਂਦੀ ਹੈ ਕਿ ਮਾਇਆ-ਗ੍ਰਸੇ ਮਨਾਂ ਨੂੰ ਪ੍ਰਭੂ-ਚਰਨਾਂ ਵਿਚ ਜੋੜ ਸਕਣ), ਉਹ ਬੰਦੇ ਸਦਾ ਲਈ ਪਰਮਾਤਮਾ ਤੇ ਗੁਰੂ ਦੇ ਸਾਥੀ ਬਣ ਜਾਂਦੇ ਹਨ (ਉਹਨਾਂ ਦੀ ਸੁਰਤਿ ਸਦਾ ਗੁਰੂ-ਪ੍ਰਭੂ ਦੇ ਚਰਨਾਂ ਵਿਚ ਟਿਕੀ ਰਹਿੰਦੀ ਹੈ)।੪।੪।੧੨।

ਬਸੰਤੁ ਮਹਲਾ ੩ ਘਰੁ ੧ ਦੁਤੁਕੇ ॥

ੴ ਸਤਿਗੁਰ ਪ੍ਰਸਾਦਿ ॥ ਮਾਹਾ ਰੁਤੀ ਮਹਿ ਸਦ ਬਸੰਤੁ ॥ ਜਿਤੁ ਹਰਿਆ ਸਭੁ ਜੀਅ ਜੰਤੁ ॥ ਕਿਆ ਹਉ ਆਖਾ ਕਿਰਮ ਜੰਤੁ ॥ ਤੇਰਾ ਕਿਨੈ ਨ ਪਾਇਆ ਆਦਿ ਅੰਤੁ ॥੧॥ ਤੈ ਸਾਹਿਬ ਕੀ ਕਰਹਿ ਸੇਵ ॥ ਪਰਮ ਸੁਖ ਪਾਵਹਿ ਆਤਮਦੇਵ ॥੧॥ ਰਹਾਉ ॥ ਕਰਮੁ ਹੋਵੈ ਤਾਂ ਸੇਵਾ ਕਰੈ ॥ ਗੁਰ ਪਰਸਾਦੀ ਜੀਵਤ ਮਰੈ ॥ ਅਨਦਿਨੁ ਸਾਚੁ ਨਾਮੁ ਉਚਰੈ ॥ ਇਨ ਬਿਧਿ ਪ੍ਰਾਣੀ ਦੁਤਰੁ ਤਰੈ ॥੨॥ ਬਿਖੁ ਅੰਮ੍ਰਿਤੁ ਕਰਤਾਰਿ ਉਪਾਏ ॥ ਸੰਸਾਰ ਬਿਰਖ ਕਉ ਦੁਇ ਫਲ ਲਾਏ ॥ ਆਪੇ ਕਰਤਾ ਕਰੇ ਕਰਾਏ ॥

ਜੋ ਤਿਸੁ ਭਾਵੈ ਤਿਸੈ ਖਵਾਇ ॥ ੩ ॥ ਨਾਨਕ ਜਿਸ ਨੋ ਨਦਰਿ ਕਰੇਇ ॥ ਅੰਮ੍ਰਿਤ ਨਾਮੁ ਆਪੇ ਦੇਇ ॥ ਬਿਖਿਆ ਕੀ ਬਾਸਨਾ ਮਨਹਿ ਕਰੇਇ ॥ ਅਪਣਾ ਭਾਣਾ ਆਪਿ ਕਰੇਇ ॥ ੪ ॥ ੧ ॥

ਪਦ ਅਰਥ :—ਮਾਹਾ ਮਹਿ—ਸਭ ਮਹੀਨਿਆਂ ਵਿਚ । ਰੁਤੀ ਮਹਿ—ਸਾਰੀਆਂ ਰੁੱਤਾਂ ਵਿਚ ['ਰੁਤੀ' ਬਹੁ ਵਚਨ 'ਰੁਤਿ' ਤੋਂ] । ਸਦ—ਸਦਾ । ਸਦ ਬਸੰਤੁ—ਸਦਾ ਖਿੜੇ ਰਹਿਣ ਵਾਲਾ ਪਰਮਾਤਮਾ । ਜਿਤੁ—ਜਿਸ (ਪਰਮਾਤਮਾ) ਦੀ ਰਾਹੀਂ । ਸਭੁ—ਹਰੇਕ । ਹਉ—ਹਉਂ, ਮੈਂ । ਕਿਆ ਆਖਾ—ਕਿਆ ਆਖਾਂ, ਮੈਂ ਕੀਹ ਕਹਿ ਸਕਦਾ ਹਾਂ ? ਕਿਰਮ—ਕੀੜਾ । ਕਿਰਮ ਜੰਤੁ—ਨਿੱਕਾ ਜਿਹਾ ਜੀਵ । ਕਿਨੈ—ਕਿਸੇ ਨੇ ਭੀ । ਨ ਪਾਇਆ—ਨਹੀਂ ਲੱਭਾ । ਆਦਿ—ਮੁੱਢ । ਅੰਤੁ—ਅਖ਼ੀਰ । ੧ ।

ਤੈ ਕੀ—ਤੇਰੀ । ਸਾਹਿਬ ਕੀ—ਮਾਲਕ ਦੀ । ਕਰਹਿ—ਕਰਦੇ ਹਨ [ਬਹੁ ਵਚਨ] । ਪਰਮ—ਸਭ ਤੋਂ ਉੱਚਾ । ਪਾਵਹਿ—ਹਾਸਲ ਕਰਦੇ ਹਨ । ਆਤਮ ਦੇਵ—ਹੇ ਪਰਮਾਤਮਾ ! ੧ । ਰਹਾਉ ।

ਕਰਮੁ—ਬਖ਼ਸ਼ਸ਼ । ਤਾਂ—ਤਦੋਂ । ਸੇਵਾ—ਭਗਤੀ । ਪਰਸਾਦੀ—ਕਿਰਪਾ ਨਾਲ । ਜੀਵਤ ਮਰੈ—ਜੀਊਂਦਾ ਹੀ ਵਿਕਾਰਾਂ ਵਲੋਂ ਅਡੋਲ ਹੋ ਜਾਂਦਾ ਹੈ । ਅਨਦਿਨੁ—ਹਰ ਰੋਜ਼, ਹਰ ਵੇਲੇ । ਸਾਚੁ—ਸਦਾ ਕਾਇਮ ਰਹਿਣ ਵਾਲਾ । ਇਨ ਬਿਧਿ—ਇਸ ਤਰੀਕੇ ਨਾਲ । ਦੁਤਰੁ—[ਦੁਸ੍ਤਰ] ਜਿਸ ਤੋਂ ਪਾਰ ਲੰਘਣਾ ਔਖਾ ਹੈ । ੨ ।

ਬਿਖੁ—ਜ਼ਹਰ, ਆਤਮਕ ਮੌਤ ਲਿਆਉਣ ਵਾਲੀ ਮਾਇਆ । ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਨਾਮ-ਫਲ । ਕਰਤਾਰਿ—ਕਰਤਾਰ ਨੇ । ਬਿਰਖ—ਰੁੱਖ । ਕਉ—ਨੂੰ । ਆਪੇ—ਆਪ ਹੀ । ਕਰਤਾ—ਕਰਤਾਰ । ਭਾਵੈ—ਚੰਗਾ ਲੱਗਦਾ ਹੈ । ਤਿਸੈ—ਉਸੇ ਨੂੰ । ੩ ।

ਜਿਸ ਨੋ—[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਜਿਸੁ' ਦਾ ੂ ਉੱਡ ਗਿਆ ਹੈ] । ਨਦਰਿ—ਮਿਹਰ ਦੀ ਨਿਗਾਹ । ਕਰੇਇ—[ਇਕ ਵਚਨ] ਕਰਦਾ ਹੈ । ਦੇਇ—ਦੇਂਦਾ ਹੈ । ਬਿਖਿਆ—ਮਾਇਆ । ਬਾਸਨਾ—ਲਾਲਸਾ।ਮਨਹਿ ਕਰੇਇ—ਰੋਕ ਦੇਂਦਾ ਹੈ। ਭਾਣਾ—ਰਜ਼ਾ, ਮਰਜ਼ੀ । ੪ ।

ਅਰਥ :—ਹੇ ਮਾਲਕ ! ਹੇ ਪ੍ਰਭੂ ਦੇਵ ! ਜਿਹੜੇ ਮਨੁੱਖ ਤੇਰੀ ਸੇਵਾ-ਭਗਤੀ ਕਰਦੇ ਹਨ, ਉਹ ਸਭ ਤੋਂ ਉੱਚਾ ਆਤਮਕ ਆਨੰਦ ਮਾਣਦੇ ਹਨ । ੧ । ਰਹਾਉ ।

ਹੇ ਪ੍ਰਭੂ ! ਸਾਰੇ ਮਹੀਨਿਆਂ ਵਿਚ ਸਾਰੀਆਂ ਰੁੱਤਾਂ ਵਿਚ ਸਦਾ ਖਿੜੇ ਰਹਿਣ ਵਾਲਾ ਤੂੰ ਆਪ ਹੀ ਮੌਜੂਦ ਹੈਂ, ਜਿਸ (ਤੇਰੀ) ਬਰਕਤਿ ਨਾਲ ਹਰੇਕ ਜੀਵ ਸਜਿੰਦ ਹੈ ।

ਮੈਂ ਤੁੱਛ ਜਿਹਾ ਜੀਵ ਕੀਹ ਆਖ ਸਕਦਾ ਹਾਂ ? ਕਿਸੇ ਨੇ ਭੀ ਤੇਰਾ ਨਾਹ ਮੁੱਢ ਲੱਭਾ ਹੈ ਨਾਹ ਅਖ਼ੀਰ ਲੱਭਾ ਹੈ। ੧।

ਹੇ ਭਾਈ ! (ਜਦੋਂ ਕਿਸੇ ਮਨੁੱਖ ਉੱਤੇ ਪਰਮਾਤਮਾ ਦੀ) ਬਖ਼ਸ਼ਸ਼ ਹੁੰਦੀ ਹੈ ਤਦੋਂ ਉਹ (ਪਰਮਾਤਮਾ ਦੀ) ਸੇਵਾ-ਭਗਤੀ ਕਰਦਾ ਹੈ, ਗੁਰੂ ਦੀ ਕਿਰਪਾ ਨਾਲ (ਉਹ ਮਨੁੱਖ) ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਹੀ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਉਹ ਮਨੁੱਖ ਹਰ ਵੇਲੇ ਪਰਮਾਤਮਾ ਦਾ ਸਦਾ ਕਾਇਮ ਰਹਿਣ ਵਾਲਾ ਨਾਮ ਉਚਾਰਦਾ ਰਹਿੰਦਾ ਹੈ, ਤੇ, ਇਸ ਤਰੀਕੇ ਨਾਲ ਉਹ ਮਨੁੱਖ ਉਸ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ ਜਿਸ ਤੋਂ ਪਾਰ ਲੰਘਣਾ ਬਹੁਤ ਔਖਾ ਹੈ। ੨।

ਹੇ ਭਾਈ ! ਆਤਮਕ ਮੌਤ ਲਿਆਉਣ ਵਾਲੀ ਮਾਇਆ ਅਤੇ ਆਤਮਕ ਜੀਵਨ ਦੇਣ ਵਾਲਾ ਨਾਮ—ਇਹ ਕਰਤਾਰ ਨੇ (ਹੀ) ਪੈਦਾ ਕੀਤੇ ਹਨ । ਜਗਤ-ਰੁੱਖ ਨੂੰ ਉਸ ਨੇ ਇਹ ਦੋਵੇ ਫਲ ਲਾਇ ਹੋਏ ਹਨ । (ਸਰਬ-ਵਿਆਪਕ ਹੋ ਕੇ) ਕਰਤਾਰ ਆਪ ਹੀ (ਸਭ ਕੁਝ) ਕਰ ਰਿਹਾ ਹੈ ਤੇ (ਜੀਵਾਂ ਪਾਸੋਂ) ਕਰਾ ਰਿਹਾ ਹੈ । ਜਿਸ ਜੀਵ ਨੂੰ ਜਿਹੜਾ ਫਲ ਖਵਾਣ ਦੀ ਉਸ ਦੀ ਮਰਜ਼ੀ ਹੁੰਦੀ ਹੈ ਉਸੇ ਨੂੰ ਉਹੀ ਖਵਾ ਦੇਂਦਾ ਹੈ। ੩।

ਹੇ ਨਾਨਕ ! ਜਿਸ ਮਨੁੱਖ ਉੱਤੇ ਕਰਤਾਰ ਮਿਹਰ ਦੀ ਨਿਗਾਹ ਕਰਦਾ ਹੈ, ਉਸ ਨੂੰ ਆਪ ਹੀ ਉਹ ਆਤਮਕ ਜੀਵਨ ਦੇਣ ਵਾਲਾ ਆਪਣਾ ਨਾਮ ਦੇਂਦਾ ਹੈ,(ਉਸ ਦੇ ਅੰਦਰੋਂ) ਮਾਇਆ ਦੀ ਲਾਲਸਾ ਰੋਕ ਦੇਂਦਾ ਹੈ। ਹੇ ਭਾਈ ! ਆਪਣੀ ਰਜ਼ਾ ਪਰਮਾਤਮਾ ਆਪ (ਹੀ) ਕਰਦਾ ਹੈ। ੪। ੧।

ਬਸੰਤੁ ਮਹਲਾ ੩ ॥ ਰਾਤੇ ਸਾਚਿ ਹਰਿਨਾਮਿ ਨਿਹਾਲਾ ॥ ਦਇਆ ਕਰਹੁ ਪ੍ਰਭ ਦੀਨ ਦਇਆਲਾ ॥ ਤਿਸੁ ਬਿਨੁ ਅਵਰੁ ਨਹੀ ਮੈ ਕੋਇ ॥ ਜਿਉ ਭਾਵੈ ਤਿਉ ਰਾਖੈ ਸੋਇ ॥ ੧ ॥ ਗੁਰ ਗੋਪਾਲ ਮੇਰੈ ਮਨਿ ਭਾਏ ॥ ਰਹਿ ਨ ਸਕਉ ਦਰਸਨ ਦੇਖੇ ਬਿਨੁ ਸਹਜਿ ਮਿਲਉ ਗੁਰੁ ਮੇਲਿ ਮਿਲਾਏ ॥ ੧ ॥ ਰਹਾਉ ॥ ਇਹੁ ਮਨੁ ਲੋਭੀ ਲੋਭਿ ਲੁਭਾਨਾ ॥ ਰਾਮੁ ਬਿਸਾਰਿ ਬਹੁਰਿ ਪਛੁ-ਤਾਨਾ ॥ ਬਿਛੁਰਤ ਮਿਲਾਇ ਗੁਰ ਸੇਵ ਰਾਂਗੇ ॥ ਹਰਿਨਾਮੁ ਦੀਓ ਮਸਤਕਿ ਵਡਭਾਗੇ ॥ ੨ ॥ ਪਉਣ ਪਾਣੀ ਕੀ ਇਹ ਦੇਹ ਸਰੀਰਾ ॥ ਹਉਮੈ ਰੋਗੁ ਕਠਿਨ ਤਨਿ ਪੀਰਾ ॥ ਗੁਰਮੁਖਿ ਰਾਮਨਾਮ ਦਾਰੂ ਗੁਣ ਗਾਇਆ ॥ ਕਰਿ ਕਿਰਪਾ ਗੁਰਿ ਰੋਗੁ ਗਵਾਇਆ ॥੩॥ ਚਾਰਿ ਨਦੀਆ ਅਗਨੀ ਤਨਿ ਚਾਰੇ ॥ ਤ੍ਰਿਸਨਾ ਜਲਤ ਜਲੇ ਅਹੰਕਾਰੇ ॥ ਗੁਰਿ ਰਾਖੇ ਵਡਭਾਗੀ ਤਾਰੇ ॥ ਜਨ

ਨਾਨਕ ਉਰਿ ਹਰਿ ਅੰਮ੍ਰਿਤ ਧਾਰੇ ॥ ੪ ॥ ੨ ॥

ਪਦ ਅਰਥ :–ਰਾਤੇ–ਰੰਗੇ ਹੋਏ। ਸਾਚਿ ਨਾਮਿ–ਸਦਾ ਕਾਇਮ ਰਹਿਣ ਵਾਲੇ ਹਰਿ ਨਾਮ ਵਿਚ। ਨਿਹਾਲਾ–ਪ੍ਰਸੰਨ-ਚਿੱਤ। ਪ੍ਰਭ–ਹੇ ਪ੍ਰਭੂ ! ਜਿਉ ਭਾਵੈ–ਜਿਵੇਂ ਉਸ ਨੂੰ ਚੰਗਾ ਲੱਗਦਾ ਹੈ। ੧।

ਮੇਰੈ ਮਨਿ–ਮੇਰੇ ਮਨ ਵਿਚ। ਭਾਇ–ਪਿਆਰਾ ਲੱਗਦਾ ਹੈ। ਸਕਉ–ਸਕਉਂ। ਰਹਿ ਨ ਸਕਉ–ਮੈਂ ਰਹਿ ਨਹੀਂ ਸਕਦਾ।ਸਹਜਿ–ਆਤਮਕ ਅਡੋਲਤਾ ਵਿਚ (ਟਿਕ ਕੇ)। ਮੇਲਿ–ਸੰਗਤਿ ਵਿਚ। ੧। ਰਹਾਉ।

ਲੋਭਿ ਲੁਭਾਨਾ–ਲੋਭ ਵਿਚ ਫਸਿਆ ਰਹਿੰਦਾ ਹੈ। ਬਿਸਾਰਿ–ਵਿਸਾਰ ਕੇ। ਬਹੁਰਿ –ਫਿਰ, ਮੁੜ। ਸੇਵ–ਸੇਵਾ-ਭਗਤੀ ਵਿਚ। ਮਸਤਕਿ–ਮੱਥੇ ਉੱਤੇ। ੨।

ਪਉਣ–ਹਵਾ। ਦੇਹ–ਸਰੀਰ। ਕਠਿਨ–ਕਰੜੀ। ਤਨਿ–ਸਰੀਰ ਵਿਚ। ਪੀਰਾ–ਪੀੜ। ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਦਾਰੂ–ਦਵਾਈ। ਕਰਿ–ਕਰ ਕੇ। ਗੁਰਿ–ਗੁਰੂ ਨੇ। ੩।

ਨਦੀਆ ਅਗਨੀ–(ਹੰਸ, ਹੇਤ, ਲੋਭੁ, ਕੋਪੁ–ਇਹ) ਅੱਗ ਦੀਆਂ ਨਦੀਆਂ। ਤਨਿ –ਸਰੀਰ ਵਿਚ। ਚਾਰੇ–ਇਹ ਚਾਰ ਹੀ। ਗੁਰਿ–ਗੁਰੂ ਨੇ। ਰਾਖੇ–ਰਾਖੀ ਕੀਤੀ। ਉਰਿ –ਹਿਰਦੇ ਵਿਚ। ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਨਾਮ। ੪।

ਅਰਥ :–ਹੇ ਭਾਈ ! ਗੁਰੂ ਪਰਮੇਸਰ ਮੇਰੇ ਮਨ ਵਿਚ ਪਿਆਰਾ ਲੱਗਦਾ ਹੈ, ਮੈਂ ਉਸ ਦਾ ਦਰਸਨ ਕਰਨ ਤੋਂ ਬਿਨਾ ਰਹਿ ਨਹੀਂ ਸਕਦਾ (ਦਰਸਨ ਤੋਂ ਬਿਨਾ ਮੈਨੂੰ ਧੀਰਜ ਨਹੀਂ ਆਉਂਦੀ)। (ਜਦੋਂ) ਗੁਰੂ (ਮੈਨੂੰ ਆਪਣੀ) ਸੰਗਤਿ ਵਿਚ ਮਿਲਾਂਦਾ ਹੈ, (ਤਦੋਂ) ਮੈਂ ਆਤਮਕ ਅਡੋਲਤਾ ਵਿਚ (ਟਿਕ ਕੇ ਉਸ ਨੂੰ) ਮਿਲਦਾ ਹਾਂ। ੧। ਰਹਾਉ।

ਹੇ ਪ੍ਰਭੂ ! ਜਿਹੜੇ ਮਨੁੱਖ ਤੇਰੇ ਸਦਾ-ਥਿਰ ਨਾਮ ਵਿਚ ਰੰਗੇ ਜਾਂਦੇ ਹਨ, ਉਹ ਪ੍ਰਸੰਨ-ਚਿੱਤ ਰਹਿੰਦੇ ਹਨ। ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਪ੍ਰਭੂ ! (ਮੇਰੇ ਉੱਤੇ ਭੀ) ਮਿਹਰ ਕਰ (ਮੈਨੂੰ ਭੀ ਆਪਣਾ ਨਾਮ ਬਖ਼ਸ਼)। ਹੇ ਭਾਈ ! ਉਸ ਪ੍ਰਭੂ ਤੋਂ ਬਿਨਾ ਮੈਨੂੰ ਹੋਰ ਕੋਈ ਬੇਲੀ ਨਹੀਂ ਦਿੱਸਦਾ। ਜਿਵੇਂ ਉਸ ਦੀ ਰਜ਼ਾ ਹੁੰਦੀ ਹੈ ਤਿਵੇਂ ਉਹ (ਜੀਵਾਂ ਦੀ) ਰੱਖਿਆ ਕਰਦਾ ਹੈ। ੧।

ਹੇ ਭਾਈ ! ਜਿਸ ਮਨੁੱਖ ਦਾ ਇਹ ਲਾਲਚੀ ਮਨ (ਸਦਾ) ਲਾਲਚ ਵਿਚ ਹੀ ਫਸਿਆ ਰਹਿੰਦਾ ਹੈ, ਉਹ ਮਨੁੱਖ ਪਰਮਾਤਮਾ ਦਾ ਨਾਮ ਭੁਲਾ ਕੇ ਫਿਰ ਹੱਥ ਮਲਦਾ ਹੈ। ਜਿਹੜੇ ਮਨੁੱਖ ਗੁਰੂ ਦੀ ਦੱਸੀ ਹਰਿ-ਭਗਤੀ ਵਿਚ ਰੰਗੇ ਜਾਂਦੇ ਹਨ ਉਹਨਾਂ ਨੂੰ (ਪ੍ਰਭੂ-ਚਰਨਾਂ ਤੋਂ) ਵਿਛੁੜਿਆਂ ਨੂੰ ਗੁਰੂ (ਮੁੜ) ਮਿਲਾ ਦੇਂਦਾ ਹੈ। ਜਿਨ੍ਹਾਂ ਦੇ ਮੱਥੇ ਉੱਤੇ ਭਾਗ ਜਾਗ ਪਏ ਉਹਨਾਂ ਨੂੰ ਗੁਰੂ ਨੇ ਪਰਮਾਤਮਾ ਦਾ ਨਾਮ ਬਖ਼ਸ਼ ਦਿੱਤਾ। ੨।

ਹੇ ਭਾਈ ! ਇਹ ਸਰੀਰ ਹਵਾ ਪਾਣੀ (ਆਦਿਕ ਤੱਤਾਂ) ਦਾ ਬਣਿਆ ਹੋਇਆ ਹੈ। ਜਿਸ ਮਨੁੱਖ ਦੇ ਇਸ ਸਰੀਰ ਵਿਚ ਹਉਮੈ ਦਾ ਰੋਗ ਹੈ, (ਉਸ ਦੇ ਸਰੀਰ ਵਿਚ ਇਸ ਰੋਗ ਦੀ) ਕਰੜੀ ਪੀੜ ਟਿਕੀ ਰਹਿੰਦੀ ਹੈ। ਗੁਰੂ ਦੇ ਸਨਮੁਖ ਹੋ ਕੇ ਜਿਹੜਾ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ, ਪਰਮਾਤਮਾ ਦਾ ਨਾਮ (ਉਸ ਦੇ ਵਾਸਤੇ ਹਉਮੈ-ਰੋਗ ਦੂਰ ਕਰਨ ਲਈ) ਦਵਾਈ ਬਣ ਜਾਂਦਾ ਹੈ। ਜਿਹੜਾ ਭੀ ਮਨੁੱਖ ਗੁਰੂ ਦੀ ਸਰਨ ਆਇਆ) ਗੁਰੂ ਨੇ ਕਿਰਪਾ ਕਰ ਕੇ ਉਸ ਦਾ ਇਹ ਰੋਗ ਦੂਰ ਕਰ ਦਿੱਤਾ। ੩।

ਹੇ ਭਾਈ ! (ਜਗਤ ਵਿਚ ਹੰਸ, ਹੇਤ, ਲੋਭ, ਕੋਪ) ਚਾਰ ਅੱਗ ਦੀਆਂ ਨਦੀਆਂ ਵਹਿ ਰਹੀਆਂ ਹਨ, (ਜਿਨ੍ਹਾਂ ਮਨੁੱਖਾਂ ਦੇ) ਸਰੀਰ ਵਿਚ ਇਹ ਚਾਰੇ ਅੱਗਾਂ ਪ੍ਰਬਲ ਹਨ, ਉਹ ਮਨੁੱਖ ਤ੍ਰਿਸ਼ਨਾ ਵਿਚ ਸੜਦੇ ਹਨ। ਹੇ ਨਾਨਕ ! (ਆਖ—ਹੇ ਭਾਈ !) ਜਿਨ੍ਹਾਂ ਭਾਗਾਂ ਵਾਲੇ ਸੇਵਕਾਂ ਦੀ ਗੁਰੂ ਨੇ ਰੱਖਿਆ ਕੀਤੀ, (ਗੁਰੂ ਨੇ ਉਹਨਾਂ ਨੂੰ ਇਹਨਾਂ ਨਦੀਆਂ ਤੋਂ) ਪਾਰ ਲੰਘਾ ਲਿਆ, ਉਹਨਾਂ ਨੇ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਆਪਣੇ ਹਿਰਦੇ ਵਿਚ ਵਸਾ ਲਿਆ। ੪। ੨।

ਬਸੰਤੁ ਮਹਲਾ ੩ ॥ ਹਰਿ ਸੇਵੇ ਸੋ ਹਰਿ ਕਾ ਲੋਗੁ ॥ ਸਾਚੁ ਸਹਜੁ, ਕਦੇ ਨ ਹੋਵੈ ਸੋਗੁ ॥ ਮਨਮੁਖ ਮੁਏ, ਨਾਹੀ ਹਰਿ ਮਨ ਮਾਹਿ ॥ ਮਰਿ ਮਰਿ ਜੰਮਹਿ ਭੀ ਮਰਿ ਜਾਹਿ ॥ ੧ ॥ ਸੇ ਜਨ ਜੀਵੇ ਜਿਨ ਹਰਿ ਮਨ ਮਾਹਿ ॥ ਸਾਚੁ ਸਮ੍ਹਾਲਹਿ ਸਾਚਿ ਸਮਾਹਿ ॥ ੧ ॥ ਰਹਾਉ ॥ ਹਰਿ ਨ ਸੇਵਹਿ, ਤੇ ਹਰਿ ਤੇ ਦੂਰਿ ॥ ਦਿਸੰਤਰੁ ਭਵਹਿ, ਸਿਰਿ ਪਾਵਹਿ ਧੂਰਿ ॥ ਹਰਿ ਆਪਿ ਜਨ ਲੀਏ ਲਾਇ ॥ ਤਿਨ ਸਦਾ ਸੁਖੁ ਹੈ ਤਿਲੁ ਨ ਤਮਾਇ ॥ ੨ ॥ ਨਦਰਿ ਕਰੇ ਚੂਕੈ ਅਭਿਮਾਨੁ ॥ ਸਾਚੀ ਦਰਗਹ ਪਾਵੈ ਮਾਨੁ ॥ ਹਰਿ ਜੀਉ ਵੇਖੈ ਸਦ ਹਜੂਰਿ ॥ ਗੁਰ ਕੈ ਸਬਦਿ ਰਹਿਆ ਭਰਪੂਰਿ ॥ ੩ ॥ ਜੀਅ ਜੰਤ ਕੀ ਕਰੇ ਪ੍ਰਤਿਪਾਲ ॥ ਗੁਰ ਪਰਸਾਦੀ ਸਦਾ ਸਮ੍ਹਾਲ ॥ ਦਰਿ ਸਾਚੈ ਪਤਿ ਸਿਉ ਘਰਿ ਜਾਇ ॥ ਨਾਨਕ ਨਾਮਿ ਵਡਾਈ ਪਾਇ ॥ ੪ ॥ ੩ ॥

ਪਦ ਅਰਥ :—ਸੇਵੇ—ਸਿਮਰਦਾ ਹੈ। ਸੋ—ਉਹ ਮਨੁੱਖ। ਸਾਚੁ—ਸਦਾ-ਥਿਰ। ਸਹਜੁ—ਆਤਮਕ ਅਡੋਲਤਾ। ਸੋਗੁ—ਗ਼ਮ। ਮੁਏ—ਆਤਮਕ ਮੌਤੇ ਮਰੇ ਹੋਏ। ਮਾਹਿ—ਵਿਚ। ਭੀ—ਮੁੜ, ਫਿਰ। ੧।

ਸੇ ਜਨ—ਉਹ ਮਨੁੱਖ [ਬਹੁ ਵਚਨ]। ਜੀਵੇ—ਆਤਮਕ ਜੀਵਨ ਵਾਲੇ ਹਨ। ਸਾਚੁ—ਸਦਾ-ਥਿਰ ਹਰਿ-ਨਾਮ। ਸਮ੍ਹਾਲਹਿ—ਹਿਰਦੇ ਵਿਚ ਸੰਭਾਲਦੇ ਹਨ। ਸਾਚਿ—ਸਦਾ-ਥਿਰ ਹਰਿ-ਨਾਮ ਵਿਚ। ੧। ਰਹਾਉ।

ਤੇ—ਉਹ ਮਨੁੱਖ [ਬਹੁ ਵਚਨ]। ਦਿਸੰਤਰੁ—[ਦੇਸ-ਅੰਤਰੁ] ਹੋਰ ਹੋਰ ਦੇਸ। ਸਿਰਿ—ਸਿਰ ਉੱਤੇ। ਧੂਰਿ—ਸੁਆਹ। ਆਪੇ—ਆਪ ਹੀ। ਤਿਲੁ—ਰਤਾ ਭਰ ਭੀ। ਤਮਾਇ—ਲਾਲਚ, ਲੋਭ। ੨।

ਨਦਰਿ—ਮਿਹਰ ਦੀ ਨਿਗਾਹ। ਚੁਕੈ—ਮੁੱਕ ਜਾਂਦਾ ਹੈ। ਮਾਨੁ—ਇੱਜ਼ਤ। ਸਦ—ਸਦਾ। ਹਜੂਰਿ—ਹਾਜ਼ਰ-ਨਾਜ਼ਰ, ਅੰਗ-ਸੰਗ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਭਰਪੂਰਿ—ਵਿਆਪਕ। ੩।

ਪਰਸਾਦੀ—ਕਿਰਪਾ ਨਾਲ। ਦਰਿ ਸਾਚੈ—ਸਦਾ-ਥਿਰ ਪ੍ਰਭੂ ਦੇ ਦਰ ਤੇ। ਘਰਿ ਸਾਚੈ—ਸਦਾ-ਥਿਰ ਪ੍ਰਭੂ ਦੇ ਘਰ ਵਿਚ। ਪਤਿ ਸਿਉ—ਇੱਜ਼ਤ ਨਾਲ। ਨਾਮਿ—ਨਾਮ ਦੀ ਰਾਹੀਂ। ਵਡਾਈ—ਇੱਜ਼ਤ। ੪।

ਅਰਥ :—ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਜਿਹੜੇ ਮਨੁੱਖ ਸਦਾ-ਥਿਰ ਪ੍ਰਭੂ ਨੂੰ ਹਿਰਦੇ ਵਿਚ ਵਸਾਈ ਰੱਖਦੇ ਹਨ, ਸਦਾ-ਥਿਰ ਪ੍ਰਭੂ ਵਿਚ ਲੀਨ ਰਹਿੰਦੇ ਹਨ, ਉਹ ਮਨੁੱਖ ਆਤਮਕ ਜੀਵਨ ਵਾਲੇ ਹਨ। ੧। ਰਹਾਉ।

ਹੇ ਭਾਈ! ਜਿਹੜਾ ਮਨੁੱਖ ਪਰਮਾਤਮਾ ਦਾ ਸਿਮਰਨ ਕਰਦਾ ਹੈ ਉਹ ਪਰਮਾਤਮਾ ਦਾ ਭਗਤ ਹੈ, ਉਸ ਨੂੰ ਸਦਾ ਕਾਇਮ ਰਹਿਣ ਵਾਲੀ ਆਤਮਕ ਅਡੋਲਤਾ ਮਿਲੀ ਰਹਿੰਦੀ ਹੈ, ਉਸ ਨੂੰ ਕਦੇ ਕੋਈ ਗ਼ਮ ਪੋਹ ਨਹੀਂ ਸਕਦਾ। ਪਰ, ਹੇ ਭਾਈ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਆਤਮਕ ਮੌਤ ਸਹੇੜੀ ਰੱਖਦੇ ਹਨ (ਕਿਉਂਕਿ) ਉਹਨਾਂ ਦੇ ਮਨ ਵਿਚ ਪਰਮਾਤਮਾ ਦੀ ਯਾਦ ਨਹੀਂ ਹੈ। ਉਹ ਮਨੁੱਖ ਆਤਮਕ ਮੌਤ ਸਹੇੜ ਸਹੇੜ ਕੇ ਜਨਮਾਂ ਦੇ ਗੇੜ ਵਿਚ ਪਏ ਰਹਿੰਦੇ ਹਨ, ਤੇ ਮੁੜ ਮੁੜ ਆਤਮਕ ਮੌਤ ਸਹੇੜਦੇ ਰਹਿੰਦੇ ਹਨ। ੧।

ਹੇ ਭਾਈ! ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਨਹੀਂ ਸਿਮਰਦੇ, ਉਹ ਪਰਮਾਤਮਾ ਤੋਂ ਵਿਛੁੜੇ ਰਹਿੰਦੇ ਹਨ। ਉਹ ਮਨੁੱਖ ਹੋਰ ਹੋਰ ਦੇਸ਼ਾਂ ਵਿਚ ਭੌਂਦੇ ਫਿਰਦੇ ਹਨ, ਆਪਣੇ ਸਿਰ ਵਿਚ ਮਿੱਟੀ ਪਾਂਦੇ ਹਨ (ਖ਼ੁਆਰ ਹੁੰਦੇ ਰਹਿੰਦੇ ਹਨ)। ਹੇ ਭਾਈ! ਆਪਣੇ ਭਗਤਾਂ ਨੂੰ ਪ੍ਰਭੂ ਆਪ ਹੀ (ਆਪਣੇ ਚਰਨਾਂ ਵਿਚ) ਜੋੜੀ ਰੱਖਦਾ ਹੈ ਉਹਨਾਂ ਨੂੰ ਸਦਾ ਆਤਮਕ ਆਨੰਦ ਪ੍ਰਾਪਤ ਰਹਿੰਦਾ ਹੈ, ਉਹਨਾਂ ਨੂੰ ਕਦੇ ਰਤਾ ਭਰ ਭੀ (ਮਾਇਆ ਦਾ) ਲਾਲਚ ਨਹੀਂ ਵਿਆਪਦਾ। ੨।

ਹੇ ਭਾਈ! ਜਿਸ ਮਨੁੱਖ ਉੱਤੇ ਪਰਮਾਤਮਾ ਮਿਹਰ ਦੀ ਨਿਗਾਹ ਕਰਦਾ ਹੈ ਉਸ ਦੇ ਅੰਦਰੋਂ ਅਹੰਕਾਰ ਦੂਰ ਹੋ ਜਾਂਦਾ ਹੈ, ਉਹ ਮਨੁੱਖ ਸਦਾ-ਥਿਰ ਪ੍ਰਭੂ ਦੀ ਹਜ਼ੂਰੀ ਵਿਚ ਆਦਰ ਪ੍ਰਾਪਤ ਕਰਦਾ ਹੈ। ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਉਹ ਮਨੁੱਖ ਪਰਮਾਤਮਾ ਨੂੰ ਸਦਾ ਆਪਣੇ ਅੰਗ-ਸੰਗ ਵੱਸਦਾ ਵੇਖਦਾ ਹੈ, ਪਰਮਾਤਮਾ ਉਸ ਨੂੰ ਹਰ ਥਾਂ ਵੱਸਦਾ

ਦਿੱਸਦਾ ਹੈ ।੩।

ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਕਿਰਪਾ ਨਾਲ ਉਸ ਪਰਮਾਤਮਾ ਨੂੰ ਸਦਾ ਯਾਦ ਰੱਖਦਾ ਹੈ ਜੋ ਸਾਰੇ ਜੀਵਾਂ ਦੀ ਪਾਲਣਾ ਕਰਦਾ ਹੈ ਉਹ ਮਨੁੱਖ ਸਦਾ-ਥਿਰ ਪ੍ਰਭੂ ਦੇ ਦਰ ਤੇ ਸਦਾ-ਥਿਰ ਪ੍ਰਭੂ ਦੇ ਘਰ ਵਿਚ ਇੱਜ਼ਤ ਨਾਲ ਜਾਂਦਾ ਹੈ। ਹੇ ਨਾਨਕ ! ਨਾਮ ਦੀ ਬਰਕਤਿ ਨਾਲ ਉਹ ਮਨੁੱਖ (ਲੋਕ ਪਰਲੋਕ ਵਿਚ) ਇੱਜ਼ਤ ਪਾਂਦਾ ਹੈ ।੪।੩।

ਬਸੰਤੁ ਮਹਲਾ ੩ ॥ ਅੰਤਰਿ ਪੂਜਾ ਮਨ ਤੇ ਹੋਇ ॥ ਏਕੋ ਵੇਖੈ ਅਉਰੁ ਨ ਕੋਇ ॥ ਦੂਜੈ ਲੋਕੀ ਬਹੁਤੁ ਦੁਖੁ ਪਾਇਆ ॥ ਸਤਿਗੁਰਿ ਮੈਨੋ ਏਕੁ ਦਿਖਾਇਆ ॥ ੧ ॥ ਮੇਰਾ ਪ੍ਰਭੁ ਮਉਲਿਆ ਸਦ ਬਸੰਤੁ ॥ ਇਹੁ ਮਨੁ ਮਉਲਿਆ ਗਾਇ ਗੁਣ ਗੋਬਿੰਦ ॥ ੧ ॥ ਰਹਾਉ ॥ ਗੁਰ ਪੂਛਹੁ ਤੁਮ੍ਹ ਕਰਹੁ ਬੀਚਾਰੁ ॥ ਤਾਂ ਪ੍ਰਭ ਸਾਚੇ ਲਗੈ ਪਿਆਰੁ ॥ ਆਪੁ ਛੋਡਿ ਹੋਹਿ ਦਾਸਤ ਭਾਇ ॥ ਤਉ ਜਗ ਜੀਵਨੁ ਵਸੈ ਮਨਿ ਆਇ ॥ ੨॥ ਭਗਤਿ ਕਰੇ ਸਦ ਵੇਖੈ ਹਜੂਰਿ ॥ ਮੇਰਾ ਪ੍ਰਭੁ ਸਦ ਰਹਿਆ ਭਰਪੂਰਿ ॥ ਇਸੁ ਭਗਤੀ ਕਾ ਕੋਈ ਜਾਣੈ ਭੇਉ ॥ ਸਭੁ ਮੇਰਾ ਪ੍ਰਭੁ ਆਤਮਦੇਉ ॥ ੩ ॥ ਆਪੇ ਸਤਿਗੁਰੁ ਮੇਲਿ ਮਿਲਾਏ॥ ਜਗ ਜੀਵਨ ਸਿਉ ਆਪਿ ਚਿਤੁ ਲਾਏ ॥ ਮਨੁ ਤਨੁ ਹਰਿਆ ਸਹਜਿ ਸੁਭਾਏ ॥ ਨਾਨਕ ਨਾਮਿ ਰਹੇ ਲਿਵ ਲਾਏ ॥ ੪ ॥ ੪ ॥

ਪਦ ਅਰਥ :—ਅੰਤਰਿ—(ਉਸ ਮਨੁੱਖ ਦੇ) ਅੰਦਰ ਹੀ। ਪੂਜਾ—ਭਗਤੀ। ਮਨ ਤੇ—ਮਨ ਤੋਂ, ਜੁੜੇ ਮਨ ਨਾਲ। ਹੋਇ—ਹੁੰਦੀ ਰਹਿੰਦੀ ਹੈ । ਏਕੋ—ਇਕ (ਪਰਮਾਤਮਾ) ਨੂੰ ਹੀ। ਦੂਜੈ—ਮਾਇਆ ਦੇ ਮੋਹ ਵਿਚ (ਫਸ ਕੇ) । ਲੋਕੀ—ਦੁਨੀਆ ਨੇ, ਲੁਕਾਈ ਨੇ । ਸਤਿਗੁਰਿ—ਗੁਰੂ ਨੇ। ਮੈਨੋ—ਮੈਨੂੰ।੧।

ਮਉਲਿਆ—(ਹਰ ਥਾਂ) ਖਿੜਿਆ ਹੋਇਆ ਹੈ, (ਹਰ ਥਾਂ) ਪਰਕਾਸ਼ ਕਰ ਰਿਹਾ ਹੈ। ਸਦ ਬਸੰਤੁ—ਸਦਾ ਖਿੜੇ ਰਹਿਣ ਵਾਲਾ ਪਰਮਾਤਮਾ। ਗਾਇ—ਗਾ ਕੇ ।੧।ਰਹਾਉ।

ਗੁਰ ਪੂਛਹੁ—ਗੁਰੂ ਦੀ ਸਿੱਖਿਆ ਲਵੋ। ਵੀਚਾਰੁ—(ਪਰਮਾਤਮਾ ਦੇ ਗੁਣਾਂ ਦੀ) ਵਿਚਾਰ। ਤਾਂ—ਤਦੋਂ। ਆਪੁ—ਆਪਾ-ਭਾਵ। ਛੋਡਿ—ਛੱਡ ਕੇ। ਹੋਹਿ—ਜੇ ਤੂੰ ਹੋ ਜਾਏਂ । ਭਾਇ—[ਲਫ਼ਜ਼ 'ਭਾਉ' ਤੋਂ ਅਧਿਕਰਣ ਕਾਰਕ ਇਕ ਵਚਨ] ਭਾਵਨਾ ਵਿਚ । ਦਾਸਤ—[ਦਾਸਤ੍ਵ। ਲਫ਼ਜ਼ 'ਦਾਸ' ਤੋਂ ਭਾਵ ਵਾਚਕ ਨਾਂਵ]। ਦਾਸਤ ਭਾਇ—ਸੇਵਕ-ਸੁਭਾਵ ਵਿਚ। ਤਉ—ਤਦੋਂ । ਜਗ ਜੀਵਨੁ—ਜਗਤ ਦਾ ਜੀਵਨ ਪ੍ਰਭੂ, ਜਗਤ ਨੂੰ ਪੈਦਾ ਕਰਨ ਵਾਲਾ ਪ੍ਰਭੂ। ਮਨਿ—ਮਨ ਵਿਚ।੨।

ਭਗਤਿ–ਬੰਦਗੀ। ਸਦ–ਸਦਾ। ਹਜੂਰਿ–ਹਾਜ਼ਰ-ਨਾਜ਼ਰ, ਅੰਗ-ਸੰਗ। ਰਹਿਆ ਭਰਪੂਰਿ–ਸਭ ਥਾਈਂ ਵਿਆਪਕ ਹੈ। ਕੋਈ–ਜਿਹੜਾ ਕੋਈ ਮਨੁੱਖ। ਭੇਉ–ਭੇਤ। ਸਭੁ –ਹਰ ਥਾਂ। ਆਤਮਦੇਉ–ਪਰਮਾਤਮਾ। ੩।

ਆਪੇ–(ਪ੍ਰਭੂ) ਆਪ ਹੀ। ਮੇਲਿ–ਮਿਲਾ ਕੇ। ਮਿਲਾਇ–(ਆਪਣੇ ਨਾਲ) ਮਿਲਾਂਦਾ ਹੈ। ਸਿਉ–ਨਾਲ। ਲਾਇ–ਜੋੜਦਾ ਹੈ। ਹਰਿਆ–ਆਤਮਕ ਜੀਵਨ ਨਾਲ ਭਰਪੂਰ। ਸਹਜਿ–ਆਤਮਕ ਅਡੋਲਤਾ ਵਿਚ। ਸੁਭਾਇ–ਸੁਭਾਇ, ਪਿਆਰ ਵਿਚ। ਨਾਮਿ–ਨਾਮ ਵਿਚ। ਲਿਵ–ਲਗਨ। ਰਹੇ ਲਾਇ–ਲਾਈ ਰੱਖਦੇ ਹਨ। ੪।

ਅਰਥ :–ਹੇ ਭਾਈ! ਸਦਾ-ਆਨੰਦ-ਸਰੂਪ ਮੇਰਾ ਪਰਮਾਤਮਾ (ਹਰ ਥਾਂ)ਆਪਣਾ ਪਰਕਾਸ਼ ਕਰ ਰਿਹਾ ਹੈ। ਉਸ ਪਰਮਾਤਮਾ ਦੇ ਗੁਣ ਗਾ ਗਾ ਕੇ (ਮੇਰਾ) ਇਹ ਮਨ ਸਦਾ ਖਿੜਿਆ ਰਹਿੰਦਾ ਹੈ। ੧। ਰਹਾਉ।

ਹੇ ਭਾਈ! (ਜਿਹੜਾ ਭੀ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਹੈ ਉਸ ਦੇ) ਅੰਦਰ ਹੀ ਜੁੜੇ ਮਨ ਨਾਲ ਪਰਮਾਤਮਾ ਦੀ ਭਗਤੀ ਹੁੰਦੀ ਰਹਿੰਦੀ ਹੈ, (ਉਹ ਮਨੁੱਖ ਹਰ ਥਾਂ) ਸਿਰਫ਼ ਪਰਮਾਤਮਾ ਨੂੰ (ਵੱਸਦਾ) ਵੇਖਦਾ ਹੈ, (ਕਿਤੇ ਭੀ ਪਰਮਾਤਮਾ ਤੋਂ ਬਿਨਾ) ਕਿਸੇ ਹੋਰ ਨੂੰ ਨਹੀਂ ਵੇਖਦਾ। ਹੇ ਭਾਈ! ਦੁਨੀਆ ਨੇ ਮਾਇਆ ਦੇ ਮੋਹ ਵਿਚ ਫਸ ਕੇ ਸਦਾ ਬਹੁਤ ਦੁੱਖ ਪਾਇਆ ਹੈ, ਪਰ ਗੁਰੂ ਨੇ (ਮਿਹਰ ਕਰ ਕੇ) ਮੈਨੂੰ ਸਿਰਫ਼ ਪਰਮਾਤਮਾ ਹੀ (ਹਰ ਥਾਂ ਵੱਸਦਾ) ਵਿਖਾ ਦਿੱਤਾ ਹੈ (ਤੇ, ਮੈਂ ਦੁੱਖ ਤੋਂ ਬਚ ਗਿਆ ਹਾਂ)। ੧।

ਹੇ ਭਾਈ! (ਤੁਸਾਂ ਭੀ ਜੇ ਦੁੱਖਾਂ ਤੋਂ ਬਚਣਾ ਹੈ, ਤਾਂ) ਗੁਰੂ ਦੀ ਸਿੱਖਿਆ ਲਵੋ, ਤੇ, ਪਰਮਾਤਮਾ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਈ ਰੱਖੋ, (ਜਦੋਂ ਪ੍ਰਭੂ ਦੇ ਗੁਣਾਂ ਨੂੰ ਆਪਣੇ ਮਨ ਵਿਚ ਵਸਾਉਗੇ) ਤਦੋਂ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨਾਲ (ਤੁਹਾਡਾ) ਪਿਆਰ ਬਣ ਜਾਇਗਾ। ਹੇ ਭਾਈ! ਜੇ ਤੂੰ ਆਪਾ-ਭਾਵ (ਹਉਮੈ) ਛੱਡ ਕੇ ਸੇਵਕ-ਸੁਭਾਵ ਵਿਚ ਟਿਕਿਆ ਰਹੇਂ, ਤਾਂ ਜਗਤ ਨੂੰ ਪੈਦਾ ਕਰਨ ਵਾਲਾ ਪਰਮਾਤਮਾ (ਤੇਰੇ) ਮਨ ਵਿਚ ਆ ਵੱਸੇਗਾ। ੨।

ਹੇ ਭਾਈ! ਜਿਹੜਾ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਹੈ, ਉਹ ਪਰਮਾਤਮਾ ਨੂੰ ਸਦਾ ਆਪਣੇ ਅੰਗ-ਸੰਗ ਵੱਸਦਾ ਵੇਖਦਾ ਹੈ, ਪਿਆਰਾ ਪ੍ਰਭੂ ਉਸ ਨੂੰ ਹਰ ਥਾਂ ਵਿਆ-ਪਕ ਦਿੱਸਦਾ ਹੈ। ਹੇ ਭਾਈ! ਜਿਹੜਾ ਭੀ ਮਨੁੱਖ ਪਰਮਾਤਮਾ ਦੀ ਇਸ ਭਗਤੀ(ਦੇ ਕੌਤਕ) ਦਾ ਭੇਤ ਸਮਝ ਲੈਂਦਾ ਹੈ, ਉਸ ਨੂੰ ਪਰਮਾਤਮਾ ਹਰ ਥਾਂ ਵੱਸਦਾ ਦਿੱਸ ਪੈਂਦਾ ਹੈ। ੩।

ਪਰ, ਹੇ ਭਾਈ! (ਭਗਤੀ ਦੀ ਦਾਤਿ ਉਸ ਦੀ ਆਪਣੀ ਮਿਹਰ ਨਾਲ ਹੀ ਮਿਲਦੀ ਹੈ) ਜਗਤ ਦਾ ਜੀਵਨ ਪ੍ਰਭੂ ਆਪ ਹੀ (ਮਨੁੱਖ ਨੂੰ) ਗੁਰੂ ਮਿਲਾ ਕੇ (ਆਪਣੇ ਚਰਨਾਂ ਵਿਚ) ਜੋੜਦਾ ਹੈ, ਉਹ ਆਪ ਹੀ ਮਨੁੱਖ ਦਾ ਚਿੱਤ ਆਪਣੇ ਨਾਲ ਜੋੜਦਾ ਹੈ।

ਹੇ ਨਾਨਕ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਵਿਚ ਸੁਰਤਿ ਜੋੜੀ ਰੱਖਦੇ ਹਨ, ਉਹ ਆਤਮਕ ਅਡੋਲਤਾ ਵਿਚ ਟਿਕੇ ਰਹਿੰਦੇ ਹਨ, ਉਹ ਪ੍ਰਭੂ-ਪਿਆਰ ਵਿਚ ਟਿਕੇ ਰਹਿੰਦੇ ਹਨ, ਉਹਨਾਂ ਦਾ ਮਨ ਉਹਨਾਂ ਦਾ ਤਨ ਆਤਮਕ ਜੀਵਨ ਨਾਲ ਭਰਪੂਰ ਰਹਿੰਦਾ ਹੈ।੪।੪।

ਬਸੰਤੁ ਮਹਲਾ ੩ ॥ ਭਗਤਿ ਵਛਲੁ ਹਰਿ ਵਸੈ ਮਨਿ ਆਇ ॥ ਗੁਰ ਕਿਰਪਾ ਤੇ ਸਹਜ ਸੁਭਾਇ ।। ਭਗਤਿ ਕਰੇ ਵਿਚਹੁ ਆਪੁ ਖੋਇ ॥ ਤਦ ਹੀ ਸਾਚਿ ਮਿਲਾਵਾ ਹੋਇ ॥ ੧ ॥ ਭਗਤ ਸੋਹਹਿ ਸਦਾ ਹਰਿ ਪ੍ਰਭ ਦੁਆਰਿ ॥ ਗੁਰ ਕੈ ਹੇਤਿ ਸਾਚੈ ਪ੍ਰੇਮ ਪਿਆਰਿ ॥ ੧ ॥ ਰਹਾਉ ।। ਭਗਤਿ ਕਰੇ ਸੋ ਜਨੁ ਨਿਰਮਲੁ ਹੋਇ ।। ਗੁਰ ਸਬਦੀ ਵਿਚਹੁ ਹਉਮੈ ਖੋਇ ॥ ਹਰਿ ਜੀਉ ਆਪਿ ਵਸੈ ਮਨਿ ਆਇ ॥ ਸਦਾ ਸਾਂਤਿ ਸੁਖਿ ਸਹਜਿ ਸਮਾਇ ॥ ੨ ॥ ਸਾਚਿ ਰਤੇ ਤਿਨ੍ ਸਦ ਬਸੰਤ ॥ ਮਨੁ ਤਨੁ ਹਰਿਆ ਰਵਿ ਗੁਣ ਗੁਵਿੰਦ ॥ ਬਿਨੁ ਨਾਵੈ ਸੂਕਾ ਸੰਸਾਰੁ ॥ ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥ ੩ ॥ ਸੋਈ ਕਰੈ ਜਿ ਹਰਿ ਜੀਉ ਭਾਵੈ ।। ਸਦਾ ਸੁਖੁ ਸਰੀਰਿ ਭਾਣੈ ਚਿਤੁ ਲਾਵੈ ॥ ਅਪਣਾ ਪ੍ਰਭੁ ਸੇਵੇ ਸਹਜਿ ਸੁਭਾਇ ॥ ਨਾਨਕ ਨਾਮੁ ਵਸੈ ਮਨਿ ਆਇ ॥ ੪ ॥ ੫ ॥

ਪਦ ਅਰਥ :—ਵਛਲੁ—[ਵਤ੍ਸਲ] ਪਿਆਰਾ। ਭਗਤਿ ਵਛਲੁ—ਭਗਤੀ ਨਾਲ ਪਿਆਰ ਕਰਨ ਵਾਲਾ। ਮਨਿ—ਮਨ ਵਿਚ। ਆਇ—ਆ ਕੇ। ਤੇ—ਤੋਂ। ਸਹਜ—ਆਤਮਕ ਅਡੋਲਤਾ। ਸੁਭਾਇ—ਪ੍ਰੇਮ ਵਿਚ। ਆਪੁ—ਆਪਾ-ਭਾਵ। ਖੋਇ—ਦੂਰ ਕਰ ਕੇ। ਤਦ—ਤਦੋਂ। ਸਾਚਿ—ਸਦਾ-ਥਿਰ ਪ੍ਰਭੂ ਵਿਚ।੧।

ਸੋਹਹਿ—ਸੋਭਦੇ ਹਨ। ਪ੍ਰਭ ਦੁਆਰਿ—ਪ੍ਰਭੂ ਦੇ ਦਰ ਤੇ। ਕੈ ਹੇਤਿ—ਦੇ ਪਿਆਰ ਵਿਚ। ਸਾਚੈ ਪਿਆਰਿ—ਸਦਾ-ਥਿਰ ਹਰੀ ਦੇ ਪਿਆਰ ਵਿਚ।੧। ਰਹਾਉ।

ਨਿਰਮਲੁ—ਪਵਿੱਤਰ ਜੀਵਨ ਵਾਲਾ। ਗੁਰ ਸਬਦੀ—ਗੁਰੂ ਦੇ ਸ਼ਬਦ ਦੀ ਰਾਹੀਂ। ਸੁਖਿ—ਸੁਖ ਵਿਚ। ਸਹਜਿ—ਆਤਮਕ ਅਡੋਲਤਾ ਵਿਚ।੨।

ਰਤੇ—ਰੰਗੇ ਹੋਏ। ਸਦ ਬਸੰਤ—ਸਦਾ ਕਾਇਮ ਰਹਿਣ ਵਾਲਾ ਖਿੜਾਉ। ਹਰਿਆ—ਆਤਮਕ ਜੀਵਨ ਨਾਲ ਭਰਪੂਰ। ਰਵਿ—ਸਿਮਰ ਕੇ। ਸੂਕਾ—ਆਤਮਕ ਜੀਵਨ ਤੋਂ ਸੱਖਣਾ। ਵਾਰੋ ਵਾਰ—ਮੁੜ ਮੁੜ।੩।

ਜਿ—ਜਿਹੜੀ ਗੱਲ,ਜੋ ਕੁਝ। ਭਾਵੈ—ਪਸੰਦ ਆਉਂਦੀ ਹੈ। ਸਰੀਰਿ—ਸਰੀਰ ਵਿਚ। ਭਾਣੈ—(ਪ੍ਰਭੂ ਦੀ) ਰਜ਼ਾ ਵਿਚ। ਸਹਜਿ—ਆਤਮਕ ਅਡੋਲਤਾ ਵਿਚ (ਟਿਕ ਕੇ)। ਸੁਭਾਇ—ਪ੍ਰਭੂ ਦੇ ਪ੍ਰੇਮ ਵਿਚ।੪।

ਅਰਥ :–ਹੇ ਭਾਈ! ਪਰਮਾਤਮਾ ਦੀ ਬੰਦਗੀ ਕਰਨ ਵਾਲੇ ਮਨੁੱਖ ਸਦਾ ਪਰਮਾ-ਤਮਾ ਦੇ ਦਰ ਤੇ ਸੋਭਦੇ ਹਨ, ਉਹ ਸਦਾ ਗੁਰੂ ਦੇ ਪ੍ਰੇਮ ਵਿਚ ਸਦਾ-ਥਿਰ ਪ੍ਰਭੂ ਦੇ ਪ੍ਰੇਮ ਵਿਚ (ਜੁੜੇ ਰਹਿੰਦੇ ਹਨ) ।੧। ਰਹਾਉ ।

ਹੇ ਭਾਈ! ਜਿਹੜਾ ਮਨੁੱਖ ਗੁਰੂ ਦੀ ਕਿਰਪਾ ਨਾਲ ਆਤਮਕ ਅਡੋਲਤਾ ਵਿਚ ਪ੍ਰਭੂ ਦੇ ਪਿਆਰ ਵਿਚ ਲੀਨ ਰਹਿੰਦਾ ਹੈ, ਭਗਤੀ ਨਾਲ ਪਿਆਰ ਕਰਨ ਵਾਲਾ ਪ੍ਰਭੂ ਉਸ ਦੇ ਮਨ ਵਿਚ ਆ ਵੱਸਦਾ ਹੈ। ਹੇ ਭਾਈ! ਜਦੋਂ ਮਨੁੱਖ ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ, ਤਦੋਂ ਹੀ ਸਦਾ-ਥਿਰ ਪਰਮਾਤਮਾ ਵਿਚ ਉਸ ਦਾ ਮਿਲਾਪ ਹੋ ਜਾਂਦਾ ਹੈ।੧।

ਹੇ ਭਾਈ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਆਪਣੇ ਅੰਦਰੋਂ ਹਉਮੈ ਦੂਰ ਕਰ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ, ਉਹ ਮਨੁੱਖ ਪਵਿੱਤਰ ਜੀਵਨ ਵਾਲਾ ਹੋ ਜਾਂਦਾ ਹੈ। ਪ੍ਰਭੂ ਆਪ ਉਸ ਦੇ ਮਨ ਵਿਚ ਆ ਵੱਸਦਾ ਹੈ, ਉਸ ਦੇ ਅੰਦਰ ਸ਼ਾਂਤੀ ਬਣੀ ਰਹਿੰਦੀ ਹੈ, ਉਹ ਸਦਾ ਆਨੰਦ ਵਿਚ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ ।੨।

ਹੇ ਭਾਈ! ਜਿਹੜੇ ਮਨੁੱਖ ਸਦਾ-ਥਿਰ ਪ੍ਰਭੂ (ਦੇ ਪਿਆਰ) ਵਿਚ ਰੰਗੇ ਜਾਂਦੇ ਹਨ, ਉਹਨਾਂ ਦੇ ਅੰਦਰ ਸਦਾ ਖਿੜਾਉ ਬਣਿਆ ਰਹਿੰਦਾ ਹੈ। ਗੋਬਿੰਦ ਦੇ ਗੁਣ ਯਾਦ ਕਰ ਕਰ ਕੇ ਉਹਨਾਂ ਦਾ ਮਨ ਉਹਨਾਂ ਦਾ ਤਨ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਜਗਤ ਨਿੱਕੇ ਜਿਹੇ ਵਿਤ ਵਾਲਾ ਹੋਇਆ ਰਹਿੰਦਾ ਹੈ, ਮੁੜ ਮੁੜ (ਮਾਇਆ ਦੀ) ਤ੍ਰਿਸ਼ਨਾਂ ਦੀ ਅੱਗ ਵਿਚ ਸੜਦਾ ਰਹਿੰਦਾ ਹੈ।੩।

ਹੇ ਭਾਈ! ਜਿਹੜਾ ਮਨੁੱਖ ਉਹੀ ਕੁਝ ਕਰਦਾ ਹੈ ਜੋ ਕੁਝ ਪਰਮਾਤਮਾ ਨੂੰ ਚੰਗਾ ਲੱਗਦਾ ਹੈ (ਜਿਹੜਾ ਮਨੁੱਖ ਪ੍ਰਭੂ ਦੀ ਰਜ਼ਾ ਵਿਚ ਤੁਰਦਾ ਹੈ), ਜਿਹੜਾ ਮਨੁੱਖ ਪਰਮਾਤਮਾ ਦੇ ਭਾਣੇ ਵਿਚ ਆਪਣਾ ਚਿੱਤ ਜੋੜਦਾ ਹੈ, ਉਸ ਦੇ ਹਿਰਦੇ ਵਿਚ ਆਤਮਕ ਆਨੰਦ ਬਣਿਆ ਰਹਿੰਦਾ ਹੈ। ਹੇ ਨਾਨਕ! ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭੂ-ਪਿਆਰ ਵਿਚ ਜੁੜ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ, ਪਰਮਾਤਮਾ ਦਾ ਨਾਮ ਉਸ ਦੇ ਮਨ ਵਿਚ ਆ ਵੱਸਦਾ ਹੈ।੪।੫।

ਬਸੰਤੁ ਮਹਲਾ ੩ ॥ ਮਾਇਆ ਮੋਹੁ ਸਬਦਿ ਜਲਾਏ ॥ ਮਨੁ ਤਨੁ ਹਰਿਆ ਸਤਿਗੁਰ ਭਾਏ ॥ ਸਫਲਿਓ ਬਿਰਖੁ ਹਰਿ ਕੈ ਦੁਆਰਿ ॥ ਸਾਚੀ ਬਾਣੀ ਨਾਮ ਪਿਆਰਿ ॥ ੧ ॥ ਏ ਮਨ ਹਰਿਆ ਸਹਜ ਸੁਭਾਇ ॥ ਸਚ ਫਲੁ ਲਾਗੈ ਸਤਿਗੁਰ ਭਾਇ ॥ ੧ ॥ ਰਹਾਉ ॥ ਆਪੇ ਨੇੜੈ ਆਪੇ ਦੂਰਿ ॥

ਗੁਰ ਕੈ ਸਬਦਿ ਵੇਖੈ ਸਦ ਹਜੂਰਿ ॥ ਛਾਵ ਘਣੀ ਫੂਲੀ ਬਨਰਾਇ ॥ ਗੁਰਮੁਖਿ ਬਿਗਸੈ ਸਹਜਿ ਸੁਭਾਇ ॥ ੨ ॥ ਅਨਦਿਨੁ ਕੀਰਤਨੁ ਕਰਹਿ ਦਿਨ ਰਾਤਿ ॥ ਸਤਿਗੁਰਿ ਗਵਾਈ ਵਿਚਹੁ ਜੂਠਿ ਭਰਾਂਤਿ ॥ ਪਰਪੰਚ ਵੇਖਿ ਰਹਿਆ ਵਿਸਮਾਦੁ ॥ ਗੁਰਮੁਖਿ ਪਾਈਐ ਨਾਮੁ ਪ੍ਰਸਾਦੁ ॥ ੩ ॥ ਆਪੇ ਕਰਤਾ ਸਭਿ ਰਸ ਭੋਗ ॥ ਜੋ ਕਿਛੁ ਕਰੇ ਸੋਈ ਪਰੁ ਹੋਗ ॥ ਵਡਾ ਦਾਤਾ ਤਿਲੁ ਨ ਤਮਾਇ ॥ ਨਾਨਕ ਮਿਲੀਐ ਸਬਦੁ ਕਮਾਇ ॥ ੪ ॥ ੬ ॥

ਪਦ ਅਰਥः—ਸਬਦਿ—ਗੁਰੂ ਦੇ ਸ਼ਬਦ ਦੀ ਰਾਹੀਂ। ਹਰਿਆ—ਆਤਮਕ ਜੀਵਨ ਨਾਲ ਭਰਪੂਰ। ਸਤਿਗੁਰ ਭਾਏ—ਸਤਿਗੁਰ ਭਾਇ, ਗੁਰੂ ਦੇ ਪਿਆਰ ਵਿਚ (ਟਿਕ ਕੇ)। ਸਫਲਿਓ—ਫਲ ਦੇਣ ਵਾਲਾ। ਬਿਰਖੁ—ਰੁੱਖ। ਕੈ ਦੁਆਰਿ—ਦੇ ਦਰ ਤੇ। ਸਾਚੀ ਬਾਣੀ—ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਵਿਚ। ਨਾਮ ਪਿਆਰਿ—ਹਰਿ-ਨਾਮ ਦੇ ਪਿਆਰ ਵਿਚ। ੧।

ਏ ਮਨ—ਹੇ ਮਨ ! [ਸੰਬੋਧਨ]। ਸਹਜ ਸੁਭਾਇ—ਆਤਮਕ ਅਡੋਲਤਾ ਦੇਣ ਵਾਲੇ ਪ੍ਰਭੂ-ਪਿਆਰ ਵਿਚ। ਸਚ ਫਲੁ—ਸਦਾ-ਥਿਰ ਪ੍ਰਭੂ ਦਾ ਨਾਮ-ਫਲ। ੧। ਰਹਾਉ।

ਆਪੇ—ਪ੍ਰਭੂ ਆਪ ਹੀ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਸਦ—ਸਦਾ। ਹਜੂਰਿ—ਹਾਜ਼ਰ-ਨਾਜ਼ਰ, ਅੰਗ-ਸੰਗ। ਘਣੀ—ਸੰਘਣੀ। ਫੂਲੀ—ਖਿੜੀ ਹੋਈ। ਬਨਰਾਇ—ਬਨਸ-ਪਤੀ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ। ਬਿਗਸੈ—ਖਿੜਦਾ ਹੈ। ਸਹਜਿ—ਆਤਮਕ ਅਡੋਲਤਾ ਵਿਚ। ਸੁਭਾਇ—ਪ੍ਰਭੂ-ਪਿਆਰ ਵਿਚ। ੨।

ਅਨਦਿਨੁ—ਹਰ ਰੋਜ਼, ਹਰ ਵੇਲੇ [ਅਨੁ ਦਿਨੰ]। ਕਰਹਿ—ਕਰਦੇ ਹਨ [ਬਹੁ ਵਚਨ]। ਸਤਿਗੁਰਿ—ਗੁਰੂ ਨੇ। ਜੂਠਿ ਭਰਾਂਤਿ—ਭਟਕਣਾ ਦੀ ਜੂਠ, ਭਟਕਣਾ ਦੀ ਮੈਲ। ਪਰਪੰਚ—ਜਗਤ-ਖਿਲਾਰਾ। ਵਿਸਮਾਦੁ—ਹੈਰਾਨ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ। ਪ੍ਰਸਾਦੁ—ਖੈਰ, ਦਾਨ। ੩।

ਆਪੇ—ਆਪ ਹੀ। ਸਭਿ—ਸਾਰੇ। ਪਰੁ ਹੋਗ—ਜ਼ਰੂਰ ਹੋਵੇਗਾ। ਤਿਲੁ—ਰਤਾ ਭਰ ਭੀ। ਤਮਾਇ—ਲਾਲਚ। ਸਬਦੁ ਕਮਾਇ—ਸ਼ਬਦ ਕਮਾ ਕੇ, ਗੁਰੂ ਦੇ ਸ਼ਬਦ ਅਨੁਸਾਰ ਤੁਰ ਕੇ। ੪।

ਅਰਥ :—ਹੇ (ਮੇਰੇ) ਮਨ ! ਆਤਮਕ ਅਡੋਲਤਾ ਦੇਣ ਵਾਲੇ (ਗੁਰ-) ਪਿਆਰ ਵਿਚ (ਟਿਕਿਆ ਰਹੁ। ਇਸ ਤਰ੍ਹਾਂ ਤੂੰ) ਆਤਮਕ ਜੀਵਨ ਦੀ ਤਰਾਵਤ ਨਾਲ ਭਰਪੂਰ ਹੋ ਜਾਇੰਗਾ। ਹੇ ਮਨ ! ਗੁਰੂ ਦੇ ਪਿਆਰ ਦੀ ਬਰਕਤਿ ਨਾਲ (ਸਰੀਰ-ਰੁੱਖ ਨੂੰ) ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦਾ ਨਾਮ-ਫਲ ਲੱਗਦਾ ਹੈ। ੧। ਰਹਾਉ।

ਹੇ ਭਾਈ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ (ਆਪਣੇ ਅੰਦਰੋਂ) ਮਾਇਆ ਦਾ ਮੋਹ ਸਾੜ ਦੇਂਦਾ ਹੈ, ਗੁਰੂ ਦੇ ਪਿਆਰ ਦੀ ਬਰਕਤਿ ਨਾਲ ਉਸ ਦਾ ਮਨ ਉਸ ਦਾ ਤਨ ਆਤਮਕ ਜੀਵਨ ਨਾਲ ਭਰਪੂਰ ਹੋ ਜਾਂਦਾ ਹੈ। ਹੇ ਭਾਈ ! ਜਿਹੜਾ ਮਨੁੱਖ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਵਿਚ, ਹਰਿ-ਨਾਮ ਦੇ ਪਿਆਰ ਵਿਚ (ਟਿਕ ਕੇ ਸਦਾ) ਪਰਮਾਤਮਾ ਦੇ ਦਰ ਤੇ (ਪ੍ਰਭੂ-ਚਰਨਾਂ ਵਿਚ) ਟਿਕਿਆ ਰਹਿੰਦਾ ਹੈ ਉਸ ਦਾ (ਸਰੀਰ-) ਰੁੱਖ ਸਫਲ ਹੋ ਜਾਂਦਾ ਹੈ। ੧।

ਹੇ ਭਾਈ ! ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਜਿਹੜਾ ਮਨੁੱਖ ਪਰਮਾਤਮਾ ਨੂੰ) ਸਦਾ ਅਪਣੇ ਅੰਗ-ਸੰਗ ਵਸੱਦਾ ਵੇਖਦਾ ਹੈ (ਉਸ ਨੂੰ ਸਮਝ ਆ ਜਾਂਦੀ ਹੈ ਕਿ ਪ੍ਰਭੂ) ਆਪ ਹੀ (ਕਿਸੇ ਨੂੰ) ਨੇੜੇ (ਦਿੱਸ ਰਿਹਾ ਹੈ) ਆਪ ਹੀ (ਕਿਸੇ ਨੂੰ ਕਿਤੇ) ਦੂਰ ਵੱਸਦਾ ਜਾਪਦਾ ਹੈ। ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਪ੍ਰਭੂ-ਪਿਆਰ ਵਿਚ ਜੁੜ ਕੇ (ਸਦਾ) ਆਨੰਦ-ਭਰਪੂਰ ਰਹਿੰਦਾ ਹੈ (ਉਸ ਨੂੰ ਪਰਤੱਖ ਦਿੱਸਦਾ ਹੈ ਕਿ ਪਰਮਾਤਮਾ ਦੀ ਜੋਤਿ-ਅਗਨੀ ਨਾਲ ਹੀ) ਸਾਰੀ ਬਨਸਪਤੀ ਸੰਘਣੀ ਛਾਂ ਵਾਲੀ ਹੈ ਤੇ ਖਿੜੀ ਹੋਈ ਹੈ।੨।

ਹੇ ਭਾਈ ! ਜਿਹੜੇ ਮਨੁੱਖ ਦਿਨ ਰਾਤ ਹਰ ਵੇਲੇ ਪਰਮਾਤਮਾ ਦੀ ਸਿਫ਼ਤਿ ਸਲਾਹ ਕਰਦੇ ਹਨ, ਗੁਰੂ ਨੇ ਉਹਨਾਂ ਦੇ ਅੰਦਰੋਂ (ਮਾਇਆ ਦੀ ਖ਼ਾਤਰ) ਭਟਕਣਾ ਦੀ ਮੈਲ ਦੂਰ ਕਰ ਦਿੱਤੀ ਹੈ। ਹੇ ਭਾਈ ! ਗੁਰੂ ਦੇ ਸਨਮੁਖ ਰਿਹਾਂ ਪਰਮਾਤਮਾ ਦੇ ਨਾਮ ਦੀ ਦਾਤਿ ਮਿਲਦੀ ਹੈ (ਜਿਸ ਨੂੰ ਇਹ ਦਾਤਿ ਮਿਲਦੀ ਹੈ ਉਹ ਮਨੁੱਖ ਪਰਮਾਤਮਾ ਦੀ ਰਚੀ ਇਸ) ਜਗਤ-ਖੇਡ ਨੂੰ ਵੇਖ ਕੇ 'ਵਾਹ ਵਾਹ' ਕਰ ਉਠਦਾ ਹੈ।੩।

ਹੇ ਭਾਈ ! (ਪਰਮਾਤਮਾ ਸਭ ਥਾਈਂ ਵਿਆਪਕ ਹੋ ਕੇ) ਆਪ ਹੀ ਸਾਰੇ ਰਸ ਭੋਗ ਰਿਹਾ ਹੈ। ਜੋ ਕੁਝ ਉਹ ਪ੍ਰਭੂ ਕਰਨਾ ਚਾਹੁੰਦਾ ਹੈ ਜ਼ਰੂਰ ਉਹੀ ਹੁੰਦਾ ਹੈ। ਉਹ ਪਰਮਾਤਮਾ ਸਭ ਤੋਂ ਵੱਡਾ ਦਾਤਾ ਹੈ, ਉਸ ਨੂੰ ਆਪ ਨੂੰ ਰਤਾ ਭਰ ਭੀ ਕੋਈ ਲਾਲਚ ਨਹੀਂ ਹੈ। ਹੇ ਨਾਨਕ ! ਗੁਰੂ ਦੇ ਸ਼ਬਦ ਨੂੰ ਆਪਣੇ ਜੀਵਨ ਵਿਚ ਢਾਲ ਕੇ (ਹੀ ਉਸ ਨੂੰ) ਮਿਲਿਆ ਜਾ ਸਕਦਾ ਹੈ।੪।੬।

ਬਸੰਤੁ ਮਹਲਾ ੩ ॥ ਪੂਰੈ ਭਾਗਿ ਸਚੁ ਕਾਰ ਕਮਾਵੈ ॥ ਏਕੋ ਚੇਤੈ ਫਿਰਿ ਜੋਨਿ ਨ ਆਵੈ ॥ ਸਫਲ ਜਨਮੁ ਇਸੁ ਜਗ ਮਹਿ ਆਇਆ ॥ ਸਾਚਿ ਨਾਮਿ ਸਹਜਿ ਸਮਾਇਆ ॥ ੧ ॥ ਗੁਰਮੁਖਿ ਕਾਰ ਕਰਹੁ ਲਿਵ ਲਾਇ ॥ ਹਰਿਨਾਮੁ ਸੇਵਹੁ ਵਿਚਹੁ ਆਪੁ ਗਵਾਇ ॥ ੧ ॥ ਰਹਾਉ ॥ ਤਿਸੁ ਜਨ ਕੀ ਹੈ ਸਾਚੀ ਬਾਣੀ ॥ ਗੁਰ ਕੈ ਸਬਦਿ ਜਗ ਮਾਹਿ ਸਮਾਣੀ ॥

ਚਹੁ ਜੁਗ ਪਸਰੀ ਸਾਚੀ ਸੋਇ ॥ ਨਾਮਿ ਰਤਾ ਜਨੁ ਪਰਗਟੁ ਹੋਇ ॥ ੨ ॥ ਇਕਿ ਸਾਚੈ ਸਬਦਿ ਰਹੇ ਲਿਵ ਲਾਇ ॥ ਸੇ ਜਨ ਸਾਚੇ ਸਾਚੈ ਭਾਇ ॥ ਸਾਚੁ ਧਿਆਇਨਿ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥੩॥ ਏਕੋ ਕਰਤਾ ਅਵਰੁ ਨ ਕੋਇ ॥ ਗੁਰ ਸਬਦੀ ਮੇਲਾਵਾ ਹੋਇ ॥ ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥ ਨਾਨਕ ਸਹਜੇ ਨਾਮਿ ਸਮਾਇਆ॥ ੪ ॥ ੭ ॥

ਪਦ ਅਰਥ :– ਪੂਰੈ ਭਾਗਿ–ਵੱਡੀ ਕਿਸਮਤ ਨਾਲ । ਸਚੁ–ਸਦਾ-ਥਿਰ ਹਰਿ-ਨਾਮ । ਸਚੁ ਕਾਰ–ਸਦਾ-ਥਿਰ ਹਰਿ-ਨਾਮ (ਸਿਮਰਨ ਦੀ) ਕਾਰ । ਏਕੋ–ਇਕ ਪਰਮਾਤ੍ਮਾ ਨੂੰ ਹੀ । ਚੇਤੈ–ਯਾਦ ਕਰਦਾ ਹੈ । ਸਫਲ–ਕਾਮਯਾਬ । ਸਾਚਿ ਨਾਮਿ–ਸਦਾ ਕਾਇਮ ਰਹਿਣ ਵਾਲੇ ਹਰਿ-ਨਾਮ ਵਿਚ । ਸਹਜਿ–ਆਤਮਕ ਅਡੋਲਤਾ ਵਿਚ ।੧।

ਗੁਰਮੁਖਿ–ਗੁਰੂ ਦੀ ਸਰਨ ਪੈ ਕੇ ।ਲਿਵ ਲਾਇ–ਸੁਰਤਿ ਜੋੜ ਕੇ ।ਸੇਵਹੁ–ਸਿਮਰੋ । ਆਪੁ–ਆਪਾ-ਭਾਵ ।੧। ਰਹਾਉ ।

ਸਾਚੀ ਬਾਣੀ–ਸਦਾ ਕਾਇਮ ਰਹਿਣ ਵਾਲੀ ਸਿਫ਼ਤਿ ਸਾਲਾਹ ਦੀ ਬਾਣੀ । ਕੈ ਸਬਦਿ–ਦੇ ਸ਼ਬਦ ਦੀ ਰਾਹੀਂ । ਪਸਰੀ–ਖਿਲਰੀ ਹੋਈ ਹੈ । ਸੋਇ–ਸੋਭਾ । ਨਾਮਿ–ਨਾਮ ਵਿਚ । ਰਤਾ–ਰੰਗਿਆ ਹੋਇਆ । ਜਨੁ–ਭਗਤ ।੨।

ਇਕਿ–[ਲਫ਼ਜ਼ 'ਇਕ' ਤੋਂ ਬਹੁ ਵਚਨ] ਕਈ । ਸਾਚੈ ਸਬਦਿ–ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਵਿਚ । ਸਾਚੈ ਭਾਇ–ਸਦਾ-ਥਿਰ ਪ੍ਰਭੂ ਦੇ ਪਿਆਰ ਵਿਚ । ਸਾਚੁ–ਸਦਾ ਕਾਇਮ ਰਹਿਣ ਵਾਲਾ ਪਰਮਾਤਮਾ । ਦੇਖਿ–ਵੇਖ ਕੇ । ਹਜੂਰਿ–ਅੰਗ-ਸੰਗ (ਵੱਸਦਾ) । ਪੰਕਜ–ਕੌਲ ਫੁੱਲ । ਪਗ–ਪੈਰ । ਪਗ ਪੰਕਜ–ਕੌਲ ਫੁੱਲ ਵਰਗੇ ਸੋਹਣੇ ਚਰਨ ।੩।

ਗੁਰ ਸਬਦੀ–ਗੁਰੂ ਦੇ ਸ਼ਬਦ ਦੀ ਰਾਹੀਂ । ਜਿਨਿ–ਜਿਸ (ਮਨੁੱਖ) ਨੇ । ਸਚੁ–ਸਦਾ-ਥਿਰ ਪ੍ਰਭੂ । ਸੇਵਿਆ–ਸਿਮਰਿਆ । ਤਿਨਿ–ਉਸ ਨੇ [ਇਕ ਵਚਨ] । ਸਹਜੇ–ਆਤਮਕ ਅਡੋਲਤਾ ਵਿਚ । ਨਾਮਿ–ਨਾਮ ਵਿਚ ।੪।

ਅਰਥ :–ਹੇ ਭਾਈ ! ਆਪਣੇ ਅੰਦਰੋਂ ਆਪਾ-ਭਾਵ ਦੂਰ ਕਰ ਕੇ ਪਰਮਾਤਮਾ ਦਾ ਨਾਮ ਸਿਮਰਿਆ ਕਰੋ । ਗੁਰੂ ਦੀ ਸਰਨ ਪੈ ਕੇ ਸੁਰਤਿ ਜੋੜ ਕੇ ਇਹ ਕਾਰ ਕਰਦੇ ਰਿਹਾ ਕਰੋ ।੧। ਰਹਾਉ ।

ਹੇ ਭਾਈ ! ਜਿਹੜਾ ਮਨੁੱਖ ਵੱਡੀ ਕਿਸਮਤ ਨਾਲ ਸਦਾ-ਥਿਰ ਹਰਿ-ਨਾਮ ਸਿਮਰਨ ਦੀ ਕਾਰ ਕਰਦਾ ਹੈ,ਜਿਹੜਾ ਮਨੁੱਖ ਸਿਰਫ਼ ਇਕ ਪਰਮਾਤਮਾ ਨੂੰ ਹੀ ਚਿੱਤ ਵਿਚ ਟਿਕਾਂਦਾ

ਹੈ, ਉਹ ਮੁੜ ਮੁੜ ਜੂਨਾਂ ਵਿਚ ਨਹੀਂ ਪੈਂਦਾ। ਇਸ ਜਗਤ ਵਿਚ ਆਇਆ ਹੋਇਆ ਉਹ ਮਨੁੱਖ ਕਾਮਯਾਬ ਜ਼ਿੰਦਗੀ ਵਾਲਾ ਹੈ, ਜੋ ਸਦਾ-ਥਿਰ ਹਰਿ-ਨਾਮ ਵਿਚ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ। ੧।

ਹੇ ਭਾਈ! ਜਿਹੜਾ ਮਨੁੱਖ ਸਦਾ ਗੁਰੂ ਦੇ ਸ਼ਬਦ ਵਿਚ ਲੀਨ ਰਹਿੰਦਾ ਹੈ, ਉਸ ਮਨੁੱਖ ਦੀ ਟੇਕ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਉਹ ਬਾਣੀ ਬਣ ਜਾਂਦੀ ਹੈ ਜਿਹੜੀ ਸਾਰੇ ਜਗਤ ਵਿਚ (ਜੀਵਨ-ਰੌ ਹੋ ਕੇ) ਸਮਾਈ ਹੋਈ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਵਿਚ ਰੰਗਿਆ ਹੋਇਆ ਮਨੁੱਖ (ਜਗਤ ਵਿਚ) ਪ੍ਰਸਿੱਧ ਹੋ ਜਾਂਦਾ ਹੈ, ਉਸ ਦੀ ਅਟੱਲ ਸੋਭਾ ਚੌਹਾਂ ਜੁਗਾਂ ਵਿਚ ਖਿਲਰੀ ਰਹਿੰਦੀ ਹੈ। ੨।

ਹੇ ਭਾਈ! ਕਈ ਅਜਿਹੇ ਮਨੁੱਖ ਹਨ ਜੋ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਸ਼ਬਦ ਵਿਚ ਸੁਰਤਿ ਜੋੜੀ ਰੱਖਦੇ ਹਨ। ਸਦਾ-ਥਿਰ ਪ੍ਰਭੂ ਦੇ ਪ੍ਰੇਮ ਵਿਚ ਟਿਕ ਕੇ ਉਹ ਮਨੁੱਖ ਸਦਾ-ਥਿਰ ਪ੍ਰਭੂ ਦਾ ਰੂਪ ਹੋ ਜਾਂਦੇ ਹਨ। ਉਹ ਮਨੁੱਖ ਸਦਾ-ਥਿਰ ਪ੍ਰਭੂ ਨੂੰ ਆਪਣੇ ਅੰਗ-ਸੰਗ ਵੱਸਦਾ ਵੇਖ ਕੇ ਉਸ ਦਾ ਨਾਮ ਸਿਮਰਦੇ ਰਹਿੰਦੇ ਹਨ, ਅਤੇ ਸੰਤ ਜਨਾਂ ਦੇ ਸੋਹਣੇ ਚਰਨਾਂ ਦੀ ਧੂੜ (ਆਪਣੇ ਮੱਥੇ ਤੇ ਲਾਂਦੇ ਹਨ)। ੩।

ਹੇ ਨਾਨਕ! ਜਿਸ ਮਨੁੱਖ ਨੇ ਸਦਾ-ਥਿਰ ਹਰਿ-ਨਾਮ ਸਿਮਰਿਆ ਹੈ, ਉਸ ਨੇ ਆਤਮਕ ਆਨੰਦ ਮਾਣਿਆ ਹੈ, ਉਹ ਸਦਾ ਆਤਮਕ ਅਡੋਲਤਾ ਵਿਚ ਹਰਿ-ਨਾਮ ਵਿਚ ਲੀਨ ਰਹਿੰਦਾ ਹੈ। ਗੁਰੂ ਦੇ ਸ਼ਬਦ ਦੀ ਰਾਹੀਂ (ਪਰਮਾਤਮਾ ਨਾਲ) ਉਸ ਦਾ ਮਿਲਾਪ ਹੋ ਜਾਂਦਾ ਹੈ। ਉਸ ਨੂੰ (ਹਰ ਥਾਂ) ਇਕ ਕਰਤਾਰ ਹੀ ਦਿੱਸਦਾ ਹੈ, ਉਸ ਤੋਂ ਬਿਨਾ ਕੋਈ ਹੋਰ ਉਸ ਨੂੰ ਨਜ਼ਰੀਂ ਨਹੀਂ ਆਉਂਦਾ। ੪। ੭।

ਬਸੰਤੁ ਮਹਲਾ ੩ ॥ ਭਗਤਿ ਕਰਹਿ ਜਨ ਦੇਖਿ ਹਜੂਰਿ ॥ ਸੰਤ ਜਨਾ ਕੀ ਪਗ ਪੰਕਜ ਧੂਰਿ ॥ ਹਰਿ ਸੇਤੀ ਸਦ ਰਹਹਿ ਲਿਵ ਲਾਇ ॥ ਪੂਰੇ ਸਤਿਗੁਰਿ ਦੀਆ ਬੁਝਾਇ ॥ ੧ ॥ ਦਾਸਾ ਕਾ ਦਾਸੁ ਵਿਰਲਾ ਕੋਈ ਹੋਇ ॥ ਊਤਮ ਪਦਵੀ ਪਾਵੈ ਸੋਇ ॥ ੧ ॥ ਰਹਾਉ ॥ ਏਕੋ ਸੇਵਹੁ ਅਵਰੁ ਨ ਕੋਇ ॥ ਜਿਤੁ ਸੇਵਿਐ ਸਦਾ ਸੁਖੁ ਹੋਇ ॥ ਨਾ ਓਹੁ ਮਰੈ ਨ ਆਵੈ ਜਾਇ ॥ ਤਿਸੁ ਬਿਨੁ ਅਵਰੁ ਸੇਵੀ ਕਿਉ ਮਾਇ ॥ ੨ ॥ ਸੇ ਜਨ ਸਾਚੇ ਜਿਨੀ ਸਾਚੁ ਪਛਾਣਿਆ ॥ ਆਪੁ ਮਾਰਿ ਸਹਜੇ ਨਾਮਿ ਸਮਾਣਿਆ ॥ ਗੁਰਮੁਖਿ ਨਾਮੁ ਪਰਾਪਤਿ ਹੋਇ ॥ ਮਨੁ ਨਿਰਮਲੁ ਨਿਰਮਲ ਸਚੁ ਸੋਇ ॥ ੩ ॥ ਜਿਨਿ ਗਿਆਨੁ ਕੀਆ ਤਿਸੁ ਹਰਿ ਤੂ ਜਾਣੁ ॥ ਸਾਚ ਸਬਦਿ ਪ੍ਰਭੁ ਏਕੁ ਸਿਞਾਣੁ ॥ ਹਰਿ ਰਸੁ ਚਾਖੈ ਤਾਂ ਸੁਧਿ ਹੋਇ ॥ ਨਾਨਕ ਨਾਮਿ ਰਤੇ ਸਚੁ

ਸੋਇ ॥ ੪ ॥ ੮ ॥

ਪਦ ਅਰਥ :-ਕਰਹਿ-ਕਰਦੇ ਹਨ [ਬਹੁ ਵਚਨ]। ਜਨ-ਸੇਵਕ [ਬਹੁ ਵਚਨ]। ਵੇਖਿ-ਵੇਖ ਕੇ। ਹਜੂਰਿ-ਹਾਜ਼ਰ-ਨਾਜ਼ਰ, ਅੰਗ-ਸੰਗ। ਪਗ-ਚਰਨ। ਪੰਕਜ-ਕੌਲ-ਫੁੱਲ [ਪੰਕ-ਚਿੱਕੜ। ਜ-ਜੰਮਿਆ ਹੋਇਆ]। ਸੇਤੀ-ਨਾਲ। ਸਦ-ਸਦਾ। ਲਿਵ-ਲਗਨ। ਸਤਿਗੁਰਿ-ਗੁਰੂ ਨੇ। ੧।

ਪਦਵੀ-ਆਤਮਕ ਦਰਜਾ। ੧। ਰਹਾਉ।

ਸੇਵਹੁ-ਸਿਮਰੋ। ਜਿਤੁ-ਜਿਸ ਦੀ ਰਾਹੀਂ। ਜਿਤੁ ਸੇਵਿਐ-ਜਿਸ ਦੀ ਭਗਤੀ ਕਰਨ ਨਾਲ। ਆਵੈ-ਜੰਮਦਾ। ਜਾਇ-ਮਰਦਾ। ਅਵਰੁ-ਹੋਰ। ਸੇਵੀ-ਸੇਵੀਂ, ਮੈਂ ਸੇਵਾਂ। ਮਾਇ-ਹੇ ਮਾਂ! ੨।

ਸਾਚੇ-ਅਟੱਲ ਜੀਵਨ ਵਾਲੇ, ਸਦਾ-ਥਿਰ ਪ੍ਰਭੂ ਦਾ ਰੂਪ। ਸਾਚੁ-ਸਦਾ-ਥਿਰ ਪ੍ਰਭੂ। ਪਛਾਣਿਆ-ਸਾਂਝ ਪਾਈ। ਆਪੁ-ਆਪਾ-ਭਾਵ। ਸਹਜੇ-ਆਤਮਕ ਅਡੋਲਤਾ ਵਿਚ। ਨਾਮਿ-ਨਾਮ ਵਿਚ। ਗੁਰਮੁਖਿ-ਗੁਰੂ ਦੀ ਸਰਨ ਪਿਆਂ। ਸਚੁ ਸੋਇ-ਉਹ ਸਦਾ-ਥਿਰ ਪ੍ਰਭੂ। ੩।

ਜਿਨਿ-ਜਿਸ (ਪ੍ਰਭੂ) ਨੇ। ਗਿਆਨੁ-ਆਤਮਕ ਜੀਵਨ ਦੀ ਸੂਝ। ਜਾਣੁ-ਸਾਂਝ ਪਾ ਲੈ। ਸਾਚ ਸਬਦਿ-ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਦੀ ਰਾਹੀਂ। ਸਿਞਾਣੁ-ਸਾਂਝ ਪਾ। ਸੁਧਿ-ਸੂਝ। ਨਾਮਿ ਰਤੇ-ਨਾਮ ਵਿਚ ਰੰਗੀਜ ਕੇ। ੪।

ਅਰਥ :-ਹੇ ਭਾਈ! ਕੋਈ ਵਿਰਲਾ ਮਨੁੱਖ (ਪਰਮਾਤਮਾ ਦੇ) ਸੇਵਕਾਂ ਦਾ ਸੇਵਕ ਬਣਦਾ ਹੈ, (ਜਿਹੜਾ ਮਨੁੱਖ ਬਣਦਾ ਹੈ) ਉਹ ਸ੍ਰੇਸ਼ਟ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ। ੧। ਰਹਾਉ।

ਹੇ ਭਾਈ! ਭਗਤ-ਜਨ ਪਰਮਾਤਮਾ ਨੂੰ ਅੰਗ-ਸੰਗ ਵੱਸਦਾ ਵੇਖ ਕੇ ਉਸ ਦੀ ਭਗਤੀ ਕਰਦੇ ਹਨ, ਸੰਤ ਜਨਾਂ ਦੇ ਸੋਹਣੇ ਚਰਨਾਂ ਦੀ ਧੂੜ (ਆਪਣੇ ਮੱਥੇ ਤੇ ਲਾਂਦੇ ਹਨ) ਉਹ ਸਦਾ ਪਰਮਾਤਮਾ ਨਾਲ ਆਪਣੀ ਸੁਰਤਿ ਜੋੜੀ ਰੱਖਦੇ ਹਨ। ਪੂਰੇ ਗੁਰੂ ਨੇ ਉਹਨਾਂ ਨੂੰ ਇਹ ਸਮਝ ਬਖ਼ਸ਼ੀ ਹੁੰਦੀ ਹੈ। ੧।

ਹੇ ਭਾਈ! ਉਸ ਇੱਕ ਪਰਮਾਤਮਾ ਦੀ ਭਗਤੀ ਕਰਿਆ ਕਰੋ, ਜਿਸ ਵਰਗਾ ਹੋਰ ਕੋਈ ਨਹੀਂ ਹੈ, ਤੇ ਜਿਸ ਦੀ ਭਗਤੀ ਕੀਤਿਆਂ ਸਦਾ ਆਤਮਕ ਆਨੰਦ ਬਣਿਆ ਰਹਿੰਦਾ ਹੈ। ਹੇ (ਮੇਰੀ) ਮਾਂ! ਉਹ ਪਰਮਾਤਮਾ ਨਾਹ ਕਦੇ ਮਰਦਾ ਹੈ, ਨਾਹ ਜਨਮ ਮਰਨ ਦੇ ਗੇੜ ਵਿਚ ਪੈਂਦਾ ਹੈ। ਮੈਂ ਉਸ ਤੋਂ ਬਿਨਾ ਕਿਸੇ ਹੋਰ ਦੀ ਭਗਤੀ ਕਿਉਂ ਕਰਾਂ? ।੨।

ਹੇ ਭਾਈ ! ਜਿਨ੍ਹਾਂ ਮਨੁੱਖਾਂ ਨੇ ਸਦਾ-ਥਿਰ ਪ੍ਰਭੂ ਨਾਲ ਸਾਂਝ ਪਾ ਲਈ, ਉਹ ਅਟੱਲ ਜੀਵਨ ਵਾਲੇ ਹੋ ਗਏ । ਉਹ ਮਨੁੱਖ ਆਪਾ-ਭਾਵ ਗਵਾ ਕੇ ਆਤਮਕ ਅਡੋਲਤਾ ਵਿਚ ਹਰਿ-ਨਾਮ ਵਿਚ ਲੀਨ ਰਹਿੰਦੇ ਹਨ । ਹੇ ਭਾਈ ! ਪਰਮਾਤਮਾ ਦਾ ਨਾਮ ਗੁਰੂ ਦੀ ਸਰਨ ਪਿਆਂ ਮਿਲਦਾ ਹੈ, (ਜਿਸ ਨੂੰ ਮਿਲਦਾ ਹੈ ਉਸ ਦਾ) ਮਨ ਪਵਿੱਤਰ ਹੋ ਜਾਂਦਾ ਹੈ, (ਉਸ ਨੂੰ) ਸਦਾ-ਥਿਰ ਤੇ ਪਵਿੱਤਰ ਪਰਮਾਤਮਾ (ਹੀ ਹਰ ਥਾਂ ਦਿੱਸਦਾ ਹੈ) ।੩।

ਹੇ ਭਾਈ ! ਜਿਸ (ਪਰਮਾਤਮਾ) ਨੇ (ਤੇਰੇ ਅੰਦਰ) ਆਤਮਕ ਜੀਵਨ ਦੀ ਸੂਝ ਪੈਦਾ ਕੀਤੀ ਹੈ, ਉਸ ਨਾਲ ਸਦਾ ਡੂੰਘੀ ਸਾਂਝ ਪਾਈ ਰੱਖ । ਉਸ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਦੀ ਰਾਹੀਂ ਉਸ ਇਕ ਪਰਮਾਤਮਾ ਨਾਲ ਜਾਣ-ਪਛਾਣ ਬਣਾਈ ਰੱਖ । ਹੇ ਨਾਨਕ ! ਜਦੋਂ ਮਨੁੱਖ ਪਰਮਾਤਮਾ ਦੇ ਨਾਮ ਦਾ ਸੁਆਦ ਚੱਖਦਾ ਹੈ ਤਦੋਂ (ਉਸ ਨੂੰ ਉੱਚੇ ਆਤਮਕ ਜੀਵਨ ਦੀ) ਸਮਝ ਪ੍ਰਾਪਤ ਹੋ ਜਾਂਦੀ ਹੈ । ਨਾਮ ਵਿਚ ਰੰਗੀਜ ਕੇ ਉਹ ਸਦਾ-ਥਿਰ ਪ੍ਰਭੂ (ਉਸ ਨੂੰ ਹਰ ਥਾਂ ਵੱਸਦਾ ਦਿੱਸਦਾ ਹੈ)। ੪।੮।

ਬਸੰਤੁ ਮਹਲਾ ੩ ।। ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥ ਸਾਚੀ ਬਾਣੀ ਨਾਮ ਪਿਆਰੁ ।। ਮਨਮੁਖ ਭੂਲੇ ਕਾਹੇ ਆਏ ।। ਨਾਮਹੁ ਭੂਲੇ ਜਨਮੁ ਗਵਾਏ ॥ ੧ ॥ ਜੀਵਤ ਮਰੈ ਮਰਿ ਮਰਣੁ ਸਵਾਰੈ ॥ ਗੁਰ ਕੈ ਸਬਦਿ ਸਾਚੁ ਉਰਧਾਰੈ ॥ ੧ ॥ ਰਹਾਉ ॥ ਗੁਰਮੁਖਿ ਸਚੁ ਭੋਜਨੁ ਪਵਿਤੁ ਸਰੀਰਾ ।। ਮਨੁ ਨਿਰਮਲੁ ਸਦ ਗੁਣੀ ਗਹੀਰਾ॥ ਜੰਮੈ ਮਰੈ ਨ ਆਵੈ ਜਾਇ॥ ਗੁਰ ਪਰਸਾਦੀ ਸਾਚਿ ਸਮਾਇ ॥ ੨ ॥ ਸਾਚਾ ਸੇਵਹੁ ਸਾਚੁ ਪਛਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥ ਦਰਿ ਸਾਚੈ ਸਚੁ ਸੋਭਾ ਹੋਇ ॥ ਨਿਜ ਘਰਿ ਵਾਸਾ ਪਾਵੈ ਸੋਇ ॥੩॥ ਆਪਿ ਅਭੁਲੁ ਸਚਾ ਸਚੁ ਸੋਇ ॥ ਹੋਰਿ ਸਭਿ ਭੂਲਹਿ ਦੂਜੈ ਪਤਿ ਖੋਇ ॥ ਸਾਚਾ ਸੇਵਹੁ ਸਾਚੀ ਬਾਣੀ ॥ ਨਾਨਕ ਨਾਮੇ ਸਾਚਿ ਸਮਾਣੀ ॥ ੪ ॥ ੯ ॥

ਪਦ ਅਰਥ :—ਨਾਮਿ—ਨਾਮ ਵਿਚ । ਰਤੇ—ਰੰਗੇ ਹੋਏ । ਕਰਹਿ—ਕਰਦੇ ਹਨ [ਬਹੁ ਵਚਨ] । ਉਧਾਰੁ—ਪਾਰ-ਉਤਾਰਾ । ਸਾਚੀ ਬਾਣੀ—ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤਿ ਸਾਲਾਹ । ਨਾਮ ਪਿਆਰੁ—ਨਾਮ ਦਾ ਪਿਆਰ । ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ । ਕਾਹੇ ਆਏ—ਭਾਵ, ਜੀਵਨ ਵਿਅਰਥ

ਗਵਾ ਗਏ। ਭੂਲੇ-ਕੁਰਾਹੇ ਪਏ ਹੋਏ। ਨਾਮਹੁ-ਨਾਮ ਤੋਂ। ਗਵਾਇ-ਗਵਾਇ, ਗਵਾ ਕੇ।੧।

ਜੀਵਤ ਮਰੈ-ਜੀਊਂਦਾ ਮਰਦਾ ਹੈ,ਦੁਨੀਆ ਦੀ ਕਿਰਤ-ਕਾਰ ਕਰਦਾ ਵਿਕਾਰਾਂ ਵਲੋਂ ਮਰਦਾ ਹੈ। ਮਰਿ-ਮਰ ਕੇ, ਵਿਕਾਰਾਂ ਵਲੋਂ ਬਚਿਆ ਰਹਿ ਕੇ। ਮਰਣੁ-ਮੌਤ, ਵਿਕਾਰਾਂ ਵਲੋਂ ਮੌਤ, ਵਿਕਾਰਾਂ ਦੀ ਮਾਰ ਤੋਂ ਬਚਿਆ ਹੋਇਆ ਜੀਵਨ। ਸਵਾਰੈ-ਸੋਹਣਾ ਬਣਾ ਲੈਂਦਾ ਹੈ। ਕੈ ਸਬਦਿ-ਦੇ ਸ਼ਬਦ ਦੀ ਰਾਹੀਂ। ਸਾਚੁ-ਸਦਾ ਕਾਇਮ ਰਹਿਣ ਵਾਲਾ ਪ੍ਰਭੂ। ਉਰ-ਹਿਰਦਾ।੧।ਰਹਾਉ।

ਗੁਰਮੁਖਿ-ਗੁਰੂ ਦੀ ਸਰਨ ਪੈ ਕੇ। ਸਚੁ-ਸਦਾ-ਥਿਰ ਹਰਿ-ਨਾਮ। ਭੋਜਨੁ-(ਆਤਮਕ ਜੀਵਨ ਦੀ) ਖ਼ੁਰਾਕ। ਸਦ-ਸਦਾ। ਗੁਣੀ ਗਹੀਰਾ-ਗੁਣਾਂ ਦਾ ਮਾਲਕ ਡੂੰਘੇ ਜਿਗਰੇ ਵਾਲਾ ਪ੍ਰਭੂ। ਪਰਸਾਦੀ-ਕਿਰਪਾ ਨਾਲ। ਸਾਚਿ-ਸਦਾ-ਥਿਰ ਹਰਿ-ਨਾਮ ਵਿਚ।੨।

ਸੇਵਹੁ-ਸਿਮਰਿਆ ਕਰੋ। ਪਛਾਣੈ-ਸਾਂਝ ਪਾਂਦਾ ਹੈ। ਦਰਿ-ਦਰ ਤੇ। ਨੀਸਾਣੈ-ਨਿਸ਼ਾਨ, ਰਾਹਦਾਰੀ, ਪਰਵਾਨਾ। ਸਚੁ-ਸਦਾ-ਥਿਰ ਹਰਿ-ਨਾਮ। ਦਰਿ ਸਾਚੈ-ਸਦਾ-ਥਿਰ ਪ੍ਰਭੂ ਦੇ ਦਰ ਤੇ। ਨਿਜ ਘਰਿ-ਆਪਣੇ ਘਰ ਵਿਚ।੩।

ਹੋਰਿ-[ਲਫ਼ਜ਼ 'ਹੋਰ' ਤੋਂ ਬਹੁ ਵਚਨ]। ਸਭਿ-ਸਾਰੇ। ਭੂਲਹਿ-ਕੁਰਾਹੇ ਪਏ ਰਹਿੰਦੇ ਹਨ। ਦੂਜੈ-ਮਾਇਆ (ਦੇ ਪਿਆਰ) ਵਿਚ। ਪਤਿ-ਇੱਜ਼ਤ। ਖੋਇ-ਗਵਾ ਕੇ। ਨਾਮੇ-ਨਾਮ ਦੀ ਰਾਹੀਂ।੪।

ਅਰਥ :-ਹੇ ਭਾਈ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਸਦਾ ਕਾਇਮ ਰਹਿਣ ਵਾਲੇ ਹਰਿ-ਨਾਮ ਨੂੰ ਆਪਣੇ ਹਿਰਦੇ ਵਿਚ ਵਸਾਂਦਾ ਹੈ, ਉਹ ਮਨੁੱਖ ਦੁਨੀਆ ਦੀ ਕਿਰਤ-ਕਾਰ ਕਰਦਾ ਹੋਇਆ ਹੀ ਮਾਇਆ ਦੇ ਮੋਹ ਤੋਂ ਬਚਿਆ ਰਹਿੰਦਾ ਹੈ। ਵਿਕਾਰਾਂ ਵਲੋਂ ਮਰ ਕੇ ਉਹ ਮਨੁੱਖ ਵਿਕਾਰਾਂ ਤੋਂ ਬਚੇ ਹੋਏ ਆਪਣੇ ਜੀਵਨ ਨੂੰ ਸੋਹਣਾ ਬਣਾ ਲੈਂਦਾ ਹੈ।੧।ਰਹਾਉ।

ਹੇ ਭਾਈ! ਪਰਮਾਤਮਾ ਦੇ ਨਾਮ ਵਿਚ ਰੰਗੇ ਹੋਏ ਮਨੁੱਖ (ਆਪਣੀਆਂ ਸਾਰੀਆਂ) ਕੁਲਾਂ ਦਾ (ਭੀ) ਪਾਰ-ਉਤਾਰਾ ਕਰ ਲੈਂਦੇ ਹਨ। ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ (ਉਹਨਾਂ ਦੇ ਹਿਰਦੇ ਵਿਚ ਟਿਕੀ ਰਹਿੰਦੀ ਹੈ), ਹਰਿ-ਨਾਮ ਦਾ ਪਿਆਰ (ਉਹਨਾਂ ਦੇ ਮਨ ਵਿਚ ਵੱਸਿਆ ਰਹਿੰਦਾ ਹੈ)।

ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਕੁਰਾਹੇ ਪਏ ਰਹਿੰਦੇ ਹਨ, ਨਾਮ ਤੋਂ ਖੁੰਝ ਕੇ ਜੀਵਨ ਅਜਾਈਂ ਗਵਾ ਕੇ ਉਹ ਜਗਤ ਵਿਚ ਜਿਹੇ ਆਏ ਜਿਹੇ ਨਾਹ ਆਏ।੧।

ਹੇ ਭਾਈ ! ਗੁਰੂ ਦੀ ਸਰਨ ਪੈ ਕੇ ਜਿਹੜਾ ਮਨੁੱਖ ਸਦਾ-ਥਿਰ ਹਰਿ-ਨਾਮ ਨੂੰ (ਆਪਣੇ ਆਤਮਕ ਜੀਵਨ ਦੀ) ਖ਼ੁਰਾਕ ਬਣਾਂਦਾ ਹੈ, ਉਸ ਦਾ ਸਰੀਰ ਪਵਿੱਤਰ ਹੋ ਜਾਂਦਾ ਹੈ, ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। ਗੁਣਾਂ ਦਾ ਮਾਲਕ ਡੂੰਘੇ ਜਿਗਰੇ ਵਾਲਾ ਹਰੀ ਸਦਾ (ਉਸ ਦੇ ਅੰਦਰ ਵੱਸਦਾ ਹੈ)। ਉਹ ਮਨੁੱਖ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦਾ, ਗੁਰੂ ਦੀ ਕਿਰਪਾ ਨਾਲ ਉਹ ਸਦਾ-ਥਿਰ ਹਰਿ-ਨਾਮ ਵਿਚ ਲੀਨ ਰਹਿੰਦਾ ਹੈ ।੨।

ਹੇ ਭਾਈ ! ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਭਗਤੀ ਕਰਿਆ ਕਰੋ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਸਦਾ-ਥਿਰ ਪ੍ਰਭੂ ਨਾਲ ਸਾਂਝ ਪਾਂਦਾ ਹੈ, ਪਰਮਾਤਮਾ ਦੇ ਦਰ ਤੇ ਉਸ ਨੂੰ ਆਦਰ ਮਿਲਦਾ ਹੈ। ਸਦਾ-ਥਿਰ ਹਰਿ-ਨਾਮ (ਜਿਸ ਦੇ ਮਨ ਵਿਚ ਵੱਸਦਾ ਹੈ) ਸਦਾ-ਥਿਰ ਪ੍ਰਭੂ ਦੇ ਦਰ ਤੇ ਉਸ ਦੀ ਸੋਭਾ ਹੁੰਦੀ ਹੈ। ਉਹ ਮਨੁੱਖ ਆਪਣੇ ਘਰ ਵਿਚ ਟਿਕਿਆ ਰਹਿੰਦਾ ਹੈ (ਭਟਕਣਾ ਤੋਂ ਬਚਿਆ ਰਹਿੰਦਾ ਹੈ)।੩।

ਹੇ ਭਾਈ ! ਉਹ ਸਦਾ ਕਾਇਮ ਰਹਿਣ ਵਾਲਾ ਪਰਮਾਤਮਾ ਆਪ ਭੁੱਲਾਂ ਕਰਨ ਵਾਲਾ ਨਹੀਂ। ਹੋਰ ਸਾਰੇ ਜੀਵ ਮਾਇਆ ਦੇ ਮੋਹ ਵਿਚ ਇੱਜ਼ਤ ਗਵਾ ਕੇ (ਜ਼ਿੰਦਗੀ ਦੇ) ਗ਼ਲਤ ਰਾਹੇ ਪਏ ਰਹਿੰਦੇ ਹਨ। ਹੇ ਭਾਈ ! ਸਦਾ-ਥਿਰ ਪ੍ਰਭੂ ਦੀ ਭਗਤੀ ਕਰਦੇ ਰਿਹਾ ਕਰੋ।

ਹੇ ਨਾਨਕ ! (ਆਖ–ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ) ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ (ਟਿਕੀ ਰਹਿੰਦੀ ਹੈ) ਉਸ ਮਨੁੱਖ ਦੀ ਸੁਰਤਿ ਸਦਾ-ਥਿਰ ਹਰਿ-ਨਾਮ ਵਿਚ ਲੀਨ ਰਹਿੰਦੀ ਹੈ।੪।੯।

ਬਸੰਤੁ ਮਹਲਾ ੩ ॥ ਬਿਨੁ ਕਰਮਾ ਸਭ ਭਰਮਿ ਭੁਲਾਈ ॥ ਮਾਇਆ ਮੋਹਿ ਬਹੁਤੁ ਦੁਖੁ ਪਾਈ ॥ ਮਨਮੁਖ ਅੰਧੇ ਠਉਰ ਨ ਪਾਈ ॥ ਬਿਸਟਾ ਕਾ ਕੀੜਾ ਬਿਸਟਾ ਮਾਹਿ ਸਮਾਈ ॥੧॥ ਹੁਕਮੁ ਮੰਨੇ ਸੋ ਜਨੁ ਪਰਵਾਣੁ ॥ ਗੁਰ ਕੈ ਸਬਦਿ ਨਾਮਿ ਨੀਸਾਣੁ ॥੧॥ ਰਹਾਉ ॥ ਸਾਚਿ ਰਤੇ ਜਿਨ੍ਾ ਧੁਰਿ ਲਿਖਿ ਪਾਇਆ ॥ ਹਰਿ ਕਾ ਨਾਮੁ ਸਦਾ ਮਨਿ ਭਾਇਆ ॥ ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥ ਜੋਤੀ ਜੋਤਿ ਮਿਲਾਏ ਸੋਇ ॥੨॥ ਏਕੁ ਨਾਮੁ ਤਾਰੇ ਸੰਸਾਰੁ ॥ ਗੁਰ ਪਰਸਾਦੀ ਨਾਮ ਪਿਆਰੁ ॥ ਬਿਨੁ ਨਾਮੈ ਮੁਕਤਿ ਕਿਨੈ ਨ ਪਾਈ ॥ ਪੂਰੇ ਗੁਰ ਤੇ ਨਾਮੁ ਪਲੈ ਪਾਈ ॥੩॥ ਸੋ ਬੂਝੈ ਜਿਸੁ ਆਪਿ ਬੁਝਾਏ ॥ ਸਤਿਗੁਰ ਸੇਵਾ ਨਾਮੁ ਦ੍ਰਿੜ੍ਹਾਏ ॥ ਜਿਨ੍

ਇਕੁ ਜਾਤਾ ਸੇ ਜਨ ਪਰਵਾਣੁ ॥ ਨਾਨਕ ਨਾਮਿ ਰਤੇ ਦਰਿ ਨੀਸਾਣੁ ॥ ੪ ॥ ੧੦ ॥

ਪਦ ਅਰਥ :-ਕਰਮਾ-ਕਰਮ, ਬਖ਼ਸ਼ਸ਼, ਮਿਹਰ । ਸਭ-ਸਾਰੀ ਲੁਕਾਈ । ਭਰਮਿ-ਭਟਕਨਾ ਨੇ । ਭੁਲਾਈ-ਕੁਰਾਹੇ ਪਾ ਦਿੱਤਾ ਹੈ । ਮੋਹਿ-ਮੋਹ ਵਿਚ । ਮਨਮੁਖ-ਆਪਣੇ ਮਨ ਦੇ ਪਿੱਛੇ ਤੁਰਨ ਵਾਲੇ । ਅੰਧੇ-(ਆਤਮਕ ਜੀਵਨ ਵਲੋਂ) ਅੰਨ੍ਹੇ । ਠਉਰ-ਸ਼ਾਂਤੀ ਦਾ ਟਿਕਾਣਾ । ੧ ।

ਪਰਵਾਣੁ-(ਪ੍ਰਭੂ ਦੇ ਦਰ ਤੇ) ਕਬੂਲ । ਕੈ ਸਬਦਿ-ਦੇ ਸ਼ਬਦ ਵਿਚ । ਨਾਮਿ-ਨਾਮ ਵਿਚ । ਨੀਸਾਣੁ-ਪਰਵਾਨਾ, ਰਾਹਦਾਰੀ, ਆਦਰ । ੧ । ਰਹਾਉ ।

ਸਾਚਿ-ਸਦਾ-ਥਿਰ ਹਰਿ-ਨਾਮ ਵਿਚ । ਰਤੇ-ਰੰਗੇ ਹੋਏ । ਧੁਰਿ-ਧੁਰ ਦਰਗਾਹ ਤੋਂ । ਲਿਖਿ-ਲਿਖ ਕੇ । ਮਨਿ-ਮਨ ਵਿਚ । ਭਾਇਆ-ਪਿਆਰਾ ਲੱਗਾ । ਜੋਤੀ-ਪ੍ਰਭੂ ਦੀ ਜੋਤਿ ਵਿਚ । ਜੋਤਿ-ਜੀਵਾਤਮਾ । ੨ ।

ਤਾਰੇ-ਪਾਰ ਲੰਘਾਂਦਾ ਹੈ । ਪਰਸਾਦੀ-ਕਿਰਪਾ ਨਾਲ । ਨਾਮ ਪਿਆਰੁ-ਨਾਮ ਦਾ ਪਿਆਰ । ਮੁਕਤਿ-ਵਿਕਾਰਾਂ ਤੋਂ ਖਲਾਸੀ । ਤੇ-ਤੋਂ । ਪਲੈ ਪਾਈ-ਪ੍ਰਾਪਤ ਕਰਦਾ ਹੈ । ੩ ।

ਬੂਝੈ-ਸਮਝਦਾ ਹੈ । ਬੁਝਾਇ-ਸਮਝ ਬਖ਼ਸ਼ਦਾ ਹੈ । ਦ੍ਰਿੜਾਇ-ਹਿਰਦੇ ਵਿਚ ਪੱਕਾ ਕਰਦਾ ਹੈ । ਜਾਤਾ-ਡੂੰਘੀ ਸਾਂਝ ਪਾ ਲਈ । ਸੇ ਜਨ-ਉਹ ਮਨੁੱਖ [ਬਹੁ ਵਚਨ] । ਦਰਿ-ਪ੍ਰਭੂ ਦੇ ਦਰ ਤੇ । ੪ ।

ਅਰਥ :-ਹੇ ਭਾਈ ! ਜਿਹੜਾ ਮਨੁੱਖ (ਪਰਮਾਤਮਾ ਦੀ) ਰਜ਼ਾ ਨੂੰ (ਮਿੱਠਾ ਕਰ ਕੇ) ਮੰਨਦਾ ਹੈ, ਗੁਰੂ ਦੇ ਸ਼ਬਦ ਦੀ ਰਾਹੀਂ ਪਰਮਾਤਮਾ ਦੇ ਨਾਮ ਵਿਚ ਜੁੜਿਆ ਰਹਿੰਦਾ ਹੈ, ਉਹ ਮਨੁੱਖ (ਪਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਹੋ ਜਾਂਦਾ ਹੈ, ਆਦਰ ਪ੍ਰਾਪਤ ਕਰਦਾ ਹੈ । ੧ । ਰਹਾਉ ।

ਹੇ ਭਾਈ ! ਪ੍ਰਭੂ ਦੀ ਬਖ਼ਸ਼ਸ਼ ਤੋਂ ਬਿਨਾ ਸਾਰੀ (ਲੁਕਾਈ) ਨੂੰ ਭਟਕਣਾ ਨੇ ਕੁਰਾਹੇ ਪਾ ਰੱਖਿਆ ਹੈ, ਮਾਇਆ ਦੇ ਮੋਹ ਵਿਚ ਫਸ ਕੇ (ਲੁਕਾਈ) ਬਹੁਤ ਦੁਖ ਪਾਂਦੀ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਰਹਿੰਦੇ ਹਨ । (ਮੋਹ-ਗ੍ਰਸਿਆ ਮਨੁੱਖ) ਆਤਮਕ ਸ਼ਾਂਤੀ ਦਾ ਟਿਕਾਣਾ ਪ੍ਰਾਪਤ ਨਹੀਂ ਕਰ ਸਕਦਾ (ਵਿਕਾਰਾਂ ਵਿਚ ਹੀ ਫਸਿਆ ਰਹਿੰਦਾ ਹੈ, ਜਿਵੇਂ) ਗੰਦ ਦਾ ਕੀੜਾ ਗੰਦ ਵਿਚ ਹੀ ਮਸਤ ਰਹਿੰਦਾ ਹੈ । ੧ ।

ਹੇ ਭਾਈ ! ਜਿੰਨ੍ਹਾਂ ਦੇ ਮੱਥੇ ਉਤੇ ਧੁਰ ਦਰਗਾਹ ਤੋਂ ਭਗਤੀ ਦਾ ਲੇਖ ਲਿਖਿਆ ਹੁੰਦਾ ਹੈ, ਉਹ ਸਦਾ-ਥਿਰ ਹਰਿ-ਨਾਮ ਵਿਚ ਰੰਗੇ ਰਹਿੰਦੇ ਹਨ । ਪਰਮਾਤਮਾ ਦਾ ਨਾਮ

ਸਦਾ ਉਹਨਾਂ ਨੂੰ ਆਪਣੇ ਮਨ ਵਿਚ ਪਿਆਰਾ ਲੱਗਦਾ ਹੈ। ਗੁਰੂ ਦੀ ਬਾਣੀ ਦੀ ਬਰਕਤਿ ਨਾਲ ਉਹਨਾਂ ਦੇ ਅੰਦਰ ਸਦਾ ਆਤਮਕ ਆਨੰਦ ਬਣਿਆ ਰਹਿੰਦਾ ਹੈ, ਬਾਣੀ ਉਹਨਾਂ ਦੀ ਜਿੰਦ ਨੂੰ ਪਰਮਾਤਮਾ ਦੀ ਜੋਤਿ ਵਿਚ ਮਿਲਾ ਦੇਂਦੀ ਹੈ।੨।

ਹੇ ਭਾਈ! ਪਰਮਾਤਮਾ ਦਾ ਨਾਮ ਹੀ ਜਗਤ ਨੂੰ (ਵਿਕਾਰਾਂ-ਭਰੇ ਸਮੁੰਦਰ ਤੋਂ) ਪਾਰ ਲੰਘਾਂਦਾ ਹੈ, ਪਰ ਨਾਮ ਦਾ ਪਿਆਰ ਗੁਰੂ ਦੀ ਕਿਰਪਾ ਨਾਲ ਬਣਦਾ ਹੈ। ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਕਿਸੇ ਮਨੁੱਖ ਨੇ ਵਿਕਾਰਾਂ ਤੋਂ ਖ਼ਲਾਸੀ ਹਾਸਲ ਨਹੀਂ ਕੀਤੀ। ਨਾਮ ਪੂਰੇ ਗੁਰੂ ਤੋਂ ਮਿਲਦਾ ਹੈ।੩।

ਹੇ ਭਾਈ! (ਆਤਮਕ ਜੀਵਨ ਦਾ ਸਹੀ ਰਸਤਾ) ਉਹ ਮਨੁੱਖ ਸਮਝਦਾ ਹੈ ਜਿਸ ਨੂੰ ਪਰਮਾਤਮਾ ਆਪ ਸਮਝਾਂਦਾ ਹੈ, ਪਰਮਾਤਮਾ ਉਸ ਨੂੰ ਗੁਰੂ ਦੀ ਸਰਨ ਪਾ ਕੇ ਉਸ ਦੇ ਹਿਰਦੇ ਵਿਚ ਆਪਣਾ ਨਾਮ ਪੱਕਾ ਕਰਦਾ ਹੈ। ਹੇ ਨਾਨਕ! ਜਿਨ੍ਹਾਂ ਮਨੁੱਖਾਂ ਨੇ ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲਈ, ਉਹ ਪਰਮਾਤਮਾ ਦੇ ਦਰ ਤੇ ਕਬੂਲ ਹੋ ਗਏ, ਉਹ ਮਨੁੱਖ ਪਰਮਾਤਮਾ ਦੇ ਨਾਮ ਵਿਚ ਰੰਗੇ ਗਏ, ਪਰਮਾਤਮਾ ਦੇ ਦਰ ਤੇ ਉਹਨਾਂ ਨੂੰ ਆਦਰ ਮਿਲਿਆ।੪।੧੦।

ਬਸੰਤੁ ਮਹਲਾ ੩ ॥ ਕ੍ਰਿਪਾ ਕਰੇ ਸਤਿਗੁਰੂ ਮਿਲਾਏ ॥ ਆਪੇ ਆਪਿ ਵਸੈ ਮਨਿ ਆਏ ॥ ਨਿਹਚਲ ਮਤਿ ਸਦਾ ਮਨ ਧੀਰ ॥ ਹਰਿ ਗੁਣ ਗਾਵੈ ਗੁਣੀ ਗਹੀਰ ॥ ੧ ॥ ਨਾਮਹੁ ਭੂਲੇ ਮਰਹਿ ਬਿਖੁ ਖਾਇ ॥ ਬ੍ਰਿਥਾ ਜਨਮੁ ਫਿਰਿ ਆਵਹਿ ਜਾਇ ॥ ੧ ॥ ਰਹਾਉ ॥ ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ ॥ ਬਹੁ ਅਭਿਮਾਨਿ ਅਪਣੀ ਪਤਿ ਖੋਇ ॥ ਸੇ ਵਡਭਾਗੀ ਜਿਨ ਸਬਦੁ ਪਛਾਣਿਆ ॥ ਬਾਹਰਿ ਜਾਦਾ ਘਰ ਮਹਿ ਆਣਿਆ ॥ ੨ ॥ ਘਰ ਮਹਿ ਵਸਤੁ ਅਗਮ ਅਪਾਰਾ ॥ ਗੁਰਮਤਿ ਖੋਜਹਿ ਸਬਦਿ ਬੀਚਾਰਾ ॥ ਨਾਮੁ ਨਵਨਿਧਿ ਪਾਈ ਘਰ ਹੀ ਮਾਹਿ ॥ ਸਦਾ ਰੰਗਿ ਰਾਤੇ ਸਚਿ ਸਮਾਹਿ ॥ ੩ ॥ ਆਪਿ ਕਰੇ ਕਿਛੁ ਕਰਣੁ ਨ ਜਾਇ ॥ ਆਪੇ ਭਾਵੈ ਲਏ ਮਿਲਾਇ ॥ ਤਿਸ ਤੇ ਨੇੜੈ ਨਾਹੀ ਕੋ ਦੂਰਿ ॥ ਨਾਨਕ ਨਾਮਿ ਰਹਿਆ ਭਰਪੂਰਿ ॥੪॥੧੧ ॥

ਪਦ ਅਰਥ :—ਕਰੇ—(ਪਰਮਾਤਮਾ) ਕਰਦਾ ਹੈ। ਆਪੇ—ਆਪ ਹੀ। ਮਨਿ—ਮਨ ਵਿਚ। ਆਏ—ਆਇ, ਆ ਕੇ। ਨਿਹਚਲ—ਨਾਹ ਡੋਲਣ ਵਾਲੀ। ਮਨ ਧੀਰ—ਮਨ ਦੀ ਧੀਰਜ। ਗਾਵੈ—ਗਾਂਦਾ ਹੈ। ਗੁਣੀ ਗਹੀਰ ਹਰਿ ਗੁਣ—ਗੁਣਾਂ ਦੇ ਖ਼ਜ਼ਾਨੇ ਅਤੇ ਡੂੰਘੇ ਜਿਗਰੇ ਵਾਲੇ ਹਰੀ ਦੇ ਗੁਣ।੧।

ਨਾਮਹੁ—ਨਾਮ ਤੋਂ। ਮਰਹਿ—ਆਤਮਕ ਮੌਤੇ ਮਰਦੇ ਹਨ। ਬਿਖੁ—(ਆਤਮਕ

ਮੌਤ ਲਿਆਉਣ ਵਾਲਾ ਮਾਇਆ ਦੇ ਮੋਹ ਦਾ) ਜ਼ਹਰ। ਖਾਇ—ਖਾ ਕੇ । ਜਾਇ—ਜਾ ਕੇ, ਮਰ ਕੇ ।੧। ਰਹਾਉ ।

ਸਾਂਤਿ—ਅਡੋਲਤਾ । ਅਭਿਮਾਨਿ—ਅਹੰਕਾਰ ਦੇ ਕਾਰਨ । ਪਤਿ—ਇੱਜ਼ਤ। ਖੋਇ —ਗਵਾ ਲੈਂਦਾ ਹੈ । ਸੇ—ਉਹ ਮਨੁੱਖ [ਬਹੁ ਵਚਨ] । ਜਾਂਦਾ—ਭਟਕਦਾ (ਮਨ) । ਆਣਿਆ—ਲਿਆਂਦਾ ।੨।

ਵਸਤੁ—ਹਰਿ-ਨਾਮ ਪਦਾਰਥ । ਅਗਮ ਅਪਾਰਾ ਵਸਤੁ—ਅਪਹੁੰਚ ਤੇ ਬੇਅੰਤ ਹਰੀ ਦਾ ਨਾਮ-ਪਦਾਰਥ । ਖੋਜਹਿ—ਭਾਲਦੇ ਹਨ। ਸਬਦਿ—ਸ਼ਬਦ ਦੀ ਰਾਹੀਂ । ਬੀਚਾਰਾ —ਪ੍ਰਭੂ ਦੇ ਗੁਣਾਂ ਦੀ ਵਿਚਾਰ। ਨਵ ਨਿਧਿ—(ਧਰਤੀ ਦੇ ਸਾਰੇ) ਨੌ ਹੀ ਖ਼ਜ਼ਾਨੇ। ਰੰਗਿ— (ਪ੍ਰੇਮ) ਰੰਗ ਵਿਚ। ਸਚਿ—ਸਦਾ-ਥਿਰ ਹਰਿ-ਨਾਮ ਵਿਚ ।੩।

ਕਰਣੁ ਨ ਜਾਇ—ਕੀਤਾ ਨਹੀਂ ਜਾ ਸਕਦਾ । ਭਾਵੈ—ਚੰਗਾ ਲੱਗਦਾ ਹੈ। ਤਿਸ ਤੇ —[ਸੰਬੰਧਕ 'ਤੇ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ]। ਤੇ—ਤੋਂ। ਨਾਮਿ —ਨਾਮ ਵਿਚ । ਕੋ—ਕੋਈ ਜੀਵ ।੪।

ਅਰਥ :– ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਖੁੰਝੇ ਹੋਏ ਮਨੁੱਖ (ਆਤਮਕ ਮੌਤ ਲਿਆਉਣ ਵਾਲਾ ਮਾਇਆ ਦੇ ਮੋਹ ਦਾ) ਜ਼ਹਰ ਖਾ ਕੇ ਆਤਮਕ ਮੌਤ ਸਹੇੜ ਲੈਂਦੇ ਹਨ, ਉਹਨਾਂ ਦੀ ਜ਼ਿੰਦਗੀ ਵਿਅਰਥ ਚਲੀ ਜਾਂਦੀ ਹੈ, ਮੁੜ ਮੁੜ ਜੂਨਾਂ ਵਿਚ ਪਏ ਰਹਿੰਦੇ ਹਨ ।੧। ਰਹਾਉ ।

ਹੇ ਭਾਈ! ਜਿਸ ਮਨੁੱਖ ਉੱਤੇ ਪਰਮਾਤਮਾ ਮਿਹਰ ਕਰਦਾ ਹੈ ਉਸ ਨੂੰ ਗੁਰੂ ਮਿਲਾਂਦਾ ਹੈ (ਅਤੇ ਗੁਰੂ ਦੀ ਰਾਹੀਂ) ਆਪ ਹੀ ਉਸ ਦੇ ਮਨ ਵਿਚ ਆ ਵੱਸਦਾ ਹੈ। ਉਹ ਮਨੁੱਖ ਗੁਣਾਂ ਦੇ ਖ਼ਜ਼ਾਨੇ ਵੱਡੇ ਜਿਗਰੇ ਵਾਲੇ ਹਰੀ ਦੇ ਗੁਣ ਗਾਂਦਾ ਰਹਿੰਦਾ ਹੈ (ਜਿਸ ਦੀ ਬਰਕਤ ਨਾਲ ਉਸ ਦੀ) ਮਤਿ (ਵਿਕਾਰਾਂ ਦੇ ਹੱਲਿਆਂ ਵਲੋਂ) ਅਡੋਲ ਰਹਿੰਦੀ ਹੈ, ਉਸ ਦੇ ਮਨ ਦੀ ਸਦਾ ਧੀਰਜ ਬਣੀ ਰਹਿੰਦੀ ਹੈ ।੧।

ਹੇ ਭਾਈ! (ਨਾਮ ਤੋਂ ਖੁੰਝ ਕੇ ਜਿਹੜੇ ਮਨੁੱਖ ਨਿਰੇ) ਕਈ ਧਾਰਮਿਕ ਭੇਖ ਕਰਦੇ ਹਨ ਉਹਨਾਂ ਦੇ ਮਨ ਵਿਚ ਸ਼ਾਂਤੀ ਨਹੀਂ ਆ ਸਕਦੀ। (ਸਗੋਂ ਭੇਖ ਦੇ) ਬਹੁਤੇ ਅਹੰਕਾਰ ਦੇ ਕਾਰਨ (ਭੇਖ-ਧਾਰੀ ਮਨੁੱਖ ਲੋਕ ਪਰਲੋਕ ਵਿਚ) ਆਪਣੀ ਇੱਜ਼ਤ ਗਵਾ ਲੈਂਦਾ ਹੈ। ਹੇ ਭਾਈ! ਉਹ ਮਨੁੱਖ ਵੱਡੇ ਭਾਗਾਂ ਵਾਲੇ ਹਨ ਜਿਨ੍ਹਾਂ ਨੇ ਗੁਰੂ ਦੇ ਸ਼ਬਦ ਨਾਲ ਡੂੰਘੀ ਸਾਂਝ ਪਾ ਲਈ ਹੈ (ਤੇ, ਸ਼ਬਦ ਦੀ ਬਰਕਤਿ ਨਾਲ ਆਪਣੇ) ਬਾਹਰ ਭਟਕਦੇ ਮਨ ਨੂੰ ਅੰਦਰ ਵਲ ਮੋੜ ਲਿਆਂਦਾ ਹੈ। ੨।

ਹੇ ਭਾਈ! ਅਪਹੁੰਚ ਅਤੇ ਬੇਅੰਤ ਪਰਮਾਤਮਾ ਦਾ ਨਾਮ ਪਦਾਰਥ (ਮਨੁੱਖ ਦੇ) ਹਿਰਦੇ ਵਿਚ ਹੀ ਵੱਸਦਾ ਹੈ। ਗੁਰੂ ਦੀ ਮਤਿ ਉਤੇ ਤੁਰ ਕੇ ਗੁਰੂ ਦੇ ਸ਼ਬਦ ਦੀ ਰਾਹੀਂ

(ਪਰਮਾਤਮਾ ਦੇ ਗੁਣਾਂ ਦੀ) ਵਿਚਾਰ ਕਰ ਕੇ (ਜਿਹੜੇ ਮਨੁੱਖ ਨਾਮ-ਪਦਾਰਥ ਦੀ) ਭਾਲ ਕਰਦੇ ਹਨ, ਉਹਨਾਂ ਨੇ (ਧਰਤੀ ਦੇ) ਨੌ ਖ਼ਜ਼ਾਨਿਆਂ ਦੇ ਤੁੱਲ ਹਰਿ-ਨਾਮ ਨੂੰ ਆਪਣੇ ਹਿਰਦੇ ਵਿਚ ਹੀ ਲੱਭ ਲਿਆ। ਉਹ ਮਨੁੱਖ ਸਦਾ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ, ਸਦਾ-ਥਿਰ ਹਰਿ-ਨਾਮ ਵਿਚ ਲੀਨ ਰਹਿੰਦੇ ਹਨ। ੩।

ਪਰ, ਹੇ ਭਾਈ! (ਨਾਮ ਤੋਂ ਖੁੰਝੇ ਰਹਿਣਾ ਜਾਂ ਨਾਮ ਵਿਚ ਲੀਨ ਰਹਿਣਾ–ਇਹ ਸਭ ਕੁਝ) ਪਰਮਾਤਮਾ ਆਪ ਹੀ ਕਰਦਾ ਹੈ (ਜੀਵ ਪਾਸੋਂ ਆਪਣੇ ਆਪ) ਕੁਝ ਕੀਤਾ ਨਹੀਂ ਜਾ ਸਕਦਾ। ਜਿਸ ਉਤੇ ਪ੍ਰਭੂ ਆਪ ਹੀ ਮਿਹਰ ਕਰਦਾ ਹੈ ਉਸ ਨੂੰ ਆਪਣੇ ਨਾਲ ਜੋੜ ਲੈਂਦਾ ਹੈ। (ਆਪਣੇ ਉੱਦਮ ਦੇ ਆਸਰੇ) ਨਾਹ ਕੋਈ ਮਨੁੱਖ ਉਸ ਤੋਂ ਨੇੜੇ ਹੈ, ਨਾਹ ਕੋਈ ਮਨੁੱਖ ਉਸ ਤੋਂ ਦੂਰ ਹੈ। ਹੇ ਨਾਨਕ! (ਜਿਹੜਾ ਮਨੁੱਖ ਉਸ ਦੀ ਮਿਹਰ ਨਾਲ ਉਸ ਦੇ) ਨਾਮ ਵਿਚ ਟਿਕ ਜਾਂਦਾ ਹੈ, ਉਸ ਨੂੰ ਉਹ ਹਰ ਥਾਂ ਵਿਆਪਕ ਦਿੱਸਦਾ ਹੈ।੪।੧੧।

ਬਸੰਤੁ ਮਹਲਾ ੩ ॥ ਗੁਰ ਸਬਦੀ ਹਰਿ ਚੇਤਿ ਸੁਭਾਇ ॥ ਰਾਮ ਨਾਮ ਰਸਿ ਰਹੇ ਅਘਾਇ ॥ ਕੋਟ ਕੋਟੰਤਰ ਕੇ ਪਾਪ ਜਲਿ ਜਾਹਿ ॥ ਜੀਵਤ ਮਰਹਿ ਹਰਿ ਨਾਮਿ ਸਮਾਹਿ ॥ ੧ ॥ ਹਰਿ ਕੀ ਦਾਤਿ ਹਰਿ ਜੀਉ ਜਾਣੈ ॥ ਗੁਰ ਕੈ ਸਬਦਿ ਇਹੁ ਮਨੁ ਮਉਲਿਆ ਹਰਿ ਗੁਣ ਦਾਤਾ ਨਾਮੁ ਵਖਾਣੈ ॥ ੧ ॥ ਰਹਾਉ ॥ ਭਗਵੈ ਵੇਸਿ ਭ੍ਰਮਿ ਮੁਕਤਿ ਨ ਹੋਇ ॥ ਬਹੁ ਸੰਜਮਿ ਸਾਂਤਿ ਨ ਪਾਵੈ ਕੋਇ ॥ ਗੁਰਮਤਿ ਨਾਮੁ ਪਰਾਪਤਿ ਹੋਇ ॥ ਵਡਭਾਗੀ ਹਰਿ ਪਾਵੈ ਸੋਇ ॥ ੨ ॥ ਕਲਿ ਮਹਿ ਰਾਮਨਾਮਿ ਵਡਿਆਈ ॥ ਗੁਰ ਪੂਰੇ ਤੇ ਪਾਇਆ ਜਾਈ ॥ ਨਾਮਿ ਰਤੇ ਸਦਾ ਸੁਖੁ ਪਾਈ ॥ ਬਿਨੁ ਨਾਮੈ ਹਉਮੈ ਜਲਿ ਜਾਈ ॥ ੩ ॥ ਵਡਭਾਗੀ ਹਰਿਨਾਮੁ ਬੀਚਾਰਾ ॥ ਛੂਟੈ ਰਾਮਨਾਮਿ ਦੁਖੁ ਸਾਰਾ ॥ ਹਿਰਦੈ ਵਸਿਆ ਸੁ ਬਾਹਰਿ ਪਾਸਾਰਾ ॥ ਨਾਨਕ ਜਾਣੈ ਸਭੁ ਉਪਾਵਣਹਾਰਾ ॥ ੪ ॥ ੧੨ ॥

ਪਦ ਅਰਥ :–ਸਬਦੀ–ਸ਼ਬਦ ਦੀ ਰਾਹੀਂ। ਚੇਤਿ–ਚੇਤ ਕੇ, ਸਿਮਰ ਕੇ। ਸੁਭਾਇ–ਪਿਆਰ ਨਾਲ। ਰਸਿ–ਰਸ ਨਾਲ। ਰਹੇ ਅਘਾਇ–(ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜਿਆ ਰਹਿੰਦਾ ਹੈ। ਕੋਟ–ਕਿਲ੍ਹੇ [ਬਹੁ ਵਚਨ। 'ਕੋਟੁ' ਇਕ ਵਚਨ] ਸਰੀਰ-ਕਿਲ੍ਹੇ। ਕੋਟ ਕੋਟੰਤਰ ਕੇ–ਕੋਟ ਕੋਟ ਅੰਤਰ ਕੇ, ਹੋਰ ਹੋਰ ਕਿਲ੍ਹਿਆਂ ਦੇ, ਅਨੇਕਾਂ ਸਰੀਰ-ਕਿਲ੍ਹਿਆਂ ਦੇ, ਅਨੇਕਾਂ ਜਨਮਾਂ ਦੇ। ਜਲਿ ਜਾਹਿ–ਸੜ ਜਾਂਦੇ ਹਨ। ਜੀਵਤ ਮਰਹਿ–ਦੁਨੀਆ ਦੀ ਕਿਰਤ-ਕਾਰ ਕਰਦੇ ਹੋਏ ਵਿਕਾਰਾਂ ਵਲੋਂ ਅਡੋਲ ਰਹਿੰਦੇ ਹਨ। ਨਾਮਿ–ਨਾਮ ਵਿਚ ।੧।

ਜਾਣੈ—ਜਾਣਦਾ ਹੈ [ਇਕ ਵਚਨ]। ਮਉਲਿਆ—ਖਿੜਿਆ ਹੋਇਆ, ਆਤਮਕ ਜੀਵਨ ਨਾਲ ਭਰਪੂਰ। ਵਖਾਣੈ—(ਉਹ ਮਨੁੱਖ) ਉਚਾਰਦਾ ਹੈ। ਹਰਿ ਗੁਣ ਦਾਤਾ ਨਾਮੁ—ਹਰੀ ਦੇ ਗੁਣ (ਹਿਰਦੇ ਵਿਚ) ਪੈਦਾ ਕਰਨ ਵਾਲਾ ਹਰਿ-ਨਾਮ। ੧। ਰਹਾਉ।

ਵੇਸਿ—ਵੇਸ ਨਾਲ, ਭੇਖ ਨਾਲ। ਭ੍ਰਮਿ—(ਧਰਤੀ ਉਤੇ) ਭੌਂ ਭੌਂ ਕੇ। ਮੁਕਤਿ—ਵਿਕਾਰਾਂ ਤੋਂ ਖਲਾਸੀ। ਸੰਜਮਿ—ਸੰਜਮ ਨਾਲ, ਕਠਨ ਤਪਾਂ ਨਾਲ ਨਿਰੇ ਵਿਕਾਰਾਂ ਤੋਂ ਬਚਨ ਦੇ ਜਤਨ ਨਾਲ। ਸੋਇ—ਉਹ ਮਨੁੱਖ। ੨।

ਕਲਿ ਮਹਿ—ਬਖੇੜਿਆਂ-ਭਰੇ ਜਗਤ ਵਿਚ [ਨੋਟ :—ਇਥੇ ਜੁਗਾਂ ਦੇ ਨਿਰਨੇ ਦਾ ਜ਼ਿਕਰ ਨਹੀਂ ਹੈ। ਜੁਗ ਕੋਈ ਭੀ ਹੋਵੇ 'ਨਾਮਿ ਰਤੇ ਸਦਾ ਸੁਖੁ ਪਾਈ'। ਲਫ਼ਜ਼ 'ਸਦਾ' ਦੱਸਦਾ ਹੈ ਕਿ ਇਥੇ 'ਜੁਗਾਂ' ਬਾਰੇ ਵਿਚਾਰ ਨਹੀਂ ਹੈ]। ਨਾਮਿ—ਨਾਮ ਦੀ ਰਾਹੀਂ। ਤੇ—ਤੋਂ, ਦੀ ਰਾਹੀਂ। ਹਉਮੈ—ਅਹੰਕਾਰ ਵਿਚ। ਜਲਿ ਜਾਈ—ਸੜਦਾ ਹੈ, ਆਤਮਕ ਜੀਵਨ ਸੁਆਹ ਕਰ ਲੈਂਦਾ ਹੈ। ੩।

ਬੀਚਾਰਾ—ਵਿਚਾਰਦਾ, ਸੋਚ-ਮੰਡਲ ਵਿਚ ਵਸਾਂਦਾ। ਛੂਟੈ—ਮੁੱਕ ਜਾਂਦਾ ਹੈ। ਹਿਰਦੈ—ਹਿਰਦੇ ਵਿਚ। ਸੁ—ਉਹ ਪ੍ਰਭੂ। ਸਭੁ—ਹਰ ਥਾਂ (ਵੱਸਦਾ)। ਉਪਾਵਣਹਾਰਾ—ਸਿਰਜਣਹਾਰ। ੪।

ਅਰਥ :—ਹੇ ਭਾਈ! ਪਰਮਾਤਮਾ ਆਪ ਹੀ ਜਾਣਦਾ ਹੈ ਕਿ ਆਪਣੇ ਨਾਮ ਦੀ ਦਾਤਿ ਕਿਸ ਨੂੰ ਦੇਣੀ ਹੈ। ਜਿਹੜਾ ਮਨੁੱਖ ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰਭੂ ਦੇ ਗੁਣਾਂ ਦੀ ਬਖ਼ਸ਼ਸ਼ ਕਰਨ ਵਾਲਾ ਹਰਿ-ਨਾਮ ਉਚਾਰਦਾ ਹੈ, ਉਸ ਦਾ ਇਹ ਮਨ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ। ੧। ਰਹਾਉ।

ਹੇ ਭਾਈ! ਗੁਰੂ ਦੇ ਸ਼ਬਦ ਦੀ ਰਾਹੀਂ ਪ੍ਰੇਮ ਨਾਲ ਪਰਮਾਤਮਾ ਨੂੰ ਯਾਦ ਕਰ ਕਰ ਕੇ, ਮਨੁੱਖ ਹਰਿ-ਨਾਮ ਦੇ ਸੁਆਦ ਦੀ ਬਰਕਤਿ ਨਾਲ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜਿਆ ਰਹਿੰਦਾ ਹੈ। ਜਿਹੜੇ ਮਨੁੱਖ ਹਰਿ-ਨਾਮ ਵਿਚ ਲੀਨ ਰਹਿੰਦੇ ਹਨ, ਉਹ ਦੁਨੀਆ ਦੀ ਕਿਰਤ-ਕਾਰ ਕਰਦੇ ਹੋਏ ਹੀ ਮਾਇਆ ਦੇ ਮੋਹ ਵਲੋਂ ਬਚੇ ਰਹਿੰਦੇ ਹਨ, ਉਹਨਾਂ ਦੇ ਅਨੇਕਾਂ ਜਨਮਾਂ ਦੇ ਪਾਪ ਸੜ ਜਾਂਦੇ ਹਨ। ੧।

ਹੇ ਭਾਈ! ਭਗਵੇ ਰੰਗ ਦੇ ਭੇਖ ਨਾਲ(ਧਰਤੀ ਉਤੇ) ਭੌਂ ਕੇ ਵਿਕਾਰਾਂ ਤੋਂ ਖਲਾਸੀ ਨਹੀਂ ਹੁੰਦੀ। ਕਠਨ ਤਪਾਂ ਨਾਲ ਨਿਰੇ ਵਿਕਾਰਾਂ ਤੋਂ ਬਚਣ ਦੇ ਜਤਨ ਨਾਲ ਭੀ ਕੋਈ ਮਨੁੱਖ ਆਤਮਕ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਜਿਹੜਾ ਮਨੁੱਖ ਗੁਰੂ ਦੀ ਮਤਿ ਲੈਂਦਾ ਹੈ, ਉਸ ਨੂੰ ਪ੍ਰਭੂ ਦਾ ਨਾਮ ਪ੍ਰਾਪਤ ਹੁੰਦਾ ਹੈ, ਉਹ ਵਡ-ਭਾਗੀ ਮਨੁੱਖ ਪਰਮਾਤਮਾ ਨੂੰ ਮਿਲ ਪੈਂਦਾ ਹੈ। ੨।

ਹੇ ਭਾਈ! ਇਸ ਬਖੇੜਿਆਂ-ਭਰੇ ਜਗਤ ਵਿਚ ਪਰਮਾਤਮਾ ਦੇ ਨਾਮ ਦੀ ਰਾਹੀਂ

ਹੀ (ਲੋਕ ਪਰਲੋਕ ਦੀ) ਇੱਜ਼ਤ ਮਿਲਦੀ ਹੈ। ਇਹ ਨਾਮ ਪੂਰੇ ਗੁਰੂ ਪਾਸੋਂ ਹੀ ਮਿਲਦਾ ਹੈ। ਹਰਿ-ਨਾਮ (ਦੇ ਪਿਆਰ-ਰੰਗ) ਵਿਚ ਰੰਗੀਜ ਕੇ ਮਨੁੱਖ ਸਦਾ (ਹਰੇਕ ਜੁਗ ਵਿਚ) ਸੁਖ ਮਾਣਦਾ ਹੈ। ਨਾਮ ਤੋਂ ਬਿਨਾ ਮਨੁੱਖ ਹਉਮੈ ਦੀ ਅੱਗ ਵਿਚ ਆਪਣਾ ਆਤਮਕ ਜੀਵਨ ਸੁਆਹ ਕਰ ਲੈਂਦਾ ਹੈ। ੩।

ਹੇ ਭਾਈ! ਜਿਹੜਾ ਭਾਗਾਂ ਵਾਲਾ ਮਨੁੱਖ ਪਰਮਾਤਮਾ ਦੇ ਨਾਮ ਨੂੰ ਆਪਣੇ ਸੋਚ-ਮੰਡਲ ਵਿਚ ਵਸਾਂਦਾ ਹੈ, ਨਾਮ ਦੀ ਬਰਕਤਿ ਨਾਲ ਉਸ ਦਾ ਸਾਰਾ ਦੁੱਖ ਮੁੱਕ ਜਾਂਦਾ ਹੈ। ਹੇ ਨਾਨਕ! ਉਹ ਮਨੁੱਖ ਹਰ ਥਾਂ ਸਿਰਜਣਹਾਰ ਨੂੰ ਵੱਸਦਾ ਸਮਝਦਾ ਹੈ (ਉਹ ਜਾਣਦਾ ਹੈ ਕਿ ਜਿਹੜਾ ਪ੍ਰਭੂ) ਹਿਰਦੇ ਵਿਚ ਵੱਸ ਰਿਹਾ ਹੈ, ਬਾਹਰ ਜਗਤ ਵਿਚ ਭੀ ਉਹੀ ਪਸਰਿਆ ਹੋਇਆ ਹੈ। ੪। ੧੨।

ਬਸੰਤੁ ਮਹਲਾ ੩ ਇਕਤੁਕੇ ॥ ਤੇਰਾ ਕੀਆ ਕਿਰਮ ਜੰਤੁ ॥ ਦੇਹਿ ਤ ਜਾਪੀ ਆਦਿ ਮੰਤੁ ॥ ੧ ॥ ਗੁਣ ਆਖਿ ਵੀਚਾਰੀ ਮੇਰੀ ਮਾਇ ॥ ਹਰਿ ਜਪਿ ਹਰਿ ਕੇ ਲਗਉ ਪਾਇ ॥ ੧ ॥ ਰਹਾਉ ॥ ਗੁਰ ਪ੍ਰਸਾਦਿ ਲਾਗੇ ਨਾਮ ਸੁਆਦਿ ॥ ਕਾਹੇ ਜਨਮੁ ਗਵਾਵਹੁ ਵੈਰਿ ਵਾਦਿ ॥ ੨ ॥ ਗੁਰਿ ਕਿਰਪਾ ਕੀਨੀ ਚੂਕਾ ਅਭਿਮਾਨੁ ॥ ਸਹਜ ਭਾਇ ਪਾਇਆ ਹਰਿ ਨਾਮੁ ॥ ੩ ॥ ਊਤਮ ਊਚਾ ਸਬਦ ਕਾਮੁ ॥ ਨਾਨਕੁ ਵਖਾਣੈ ਸਾਚੁ ਨਾਮੁ ॥ ੪ ॥ ੧੩ ॥

ਇਕ ਤੁਕੇ—ਇਕ ਤੁਕ ਵਾਲੇ ਸ਼ਬਦ।

ਪਦ ਅਰਥ :—ਕੀਆ—ਪੈਦਾ ਕੀਤਾ ਹੋਇਆ। ਕਿਰਮ—ਕੀੜਾ। ਕਿਰਮ ਜੰਤੁ—ਨਿਮਾਣਾ ਜੀਵ। ਦੇਹਿ—ਦੇਹਿਂ, ਜੇ ਤੂੰ ਦੇਵੇਂ। ਜਾਪੀ—ਜਾਪੀਂ, ਮੈਂ ਜਪਾਂ। ਆਦਿ ਮੰਤੁ—ਮੁੱਢਲਾ ਨਾਮ-ਮੰਤ੍ਰ, ਸਤਿਨਾਮ। ੧।

ਆਖਿ—ਆਖ ਕੇ, ਬਿਆਨ ਕਰ ਕੇ। ਵੀਚਾਰੀ—ਵੀਚਾਰੀਂ, ਮੈਂ ਮਨ ਵਿਚ ਵਸਾਵਾਂ। ਮਾਇ—ਹੇ ਮਾਂ! ਜਪਿ—ਜਪ ਕੇ। ਲਗਉ—ਮੈਂ ਲੱਗਾਂ, ਲਗਉਂ। ਹਰਿ ਕੇ ਪਾਇ—ਪ੍ਰਭੂ ਦੀ ਚਰਨੀਂ। ੧। ਰਹਾਉ।

ਪ੍ਰਸਾਦਿ—ਕਿਰਪਾ ਨਾਲ। ਨਾਮ ਸੁਆਦਿ—ਨਾਮ ਦੇ ਸੁਆਦ ਵਿਚ। ਵੈਰਿ—ਵੈਰ ਵਿਚ। ਵਾਦਿ—ਝਗੜੇ ਵਿਚ। ੨।

ਗੁਰਿ—ਗੁਰੂ ਨੇ। ਚੂਕਾ—ਮੁੱਕ ਗਿਆ। ਸਹਜ—ਆਤਮਕ ਅਡੋਲਤਾ। ਭਾਇ—ਪ੍ਰੇਮ ਵਿਚ। ੩।

ਸਬਦ ਕਾਮੁ—ਸਿਫ਼ਤਿ ਸਾਲਾਹ ਦੀ ਬਾਣੀ ਪੜ੍ਹਨ ਵਾਲਾ ਕੰਮ। ਨਾਨਕੁ ਵਖਾਣੈ—ਨਾਨਕ ਉਚਾਰਦਾ ਹੈ। ਸਾਚੁ—ਸਦਾ ਕਾਇਮ ਰਹਿਣ ਵਾਲਾ। ੪।

ਅਰਥ :—ਹੇ ਮਾਂ ! (ਮੇਰੀ ਤਾਂਘ ਇਹ ਹੈ ਕਿ) ਮੈਂ ਪਰਮਾਤਮਾ ਦੇ ਗੁਣ ਉਚਾਰ ਕੇ ਉਹਨਾਂ ਨੂੰ ਆਪਣੇ ਮਨ ਵਿਚ ਵਸਾਈ ਰੱਖਾਂ, ਹਰਿ-ਨਾਮ ਜਪ ਜਪ ਕੇ ਹਰੀ ਦੇ ਚਰਨਾਂ ਵਿਚ ਜੁੜਿਆ ਰਹਾਂ । ੧ । ਰਹਾਉ ।

ਹੇ ਪ੍ਰਭੂ ! ਮੈਂ ਤੇਰਾ ਹੀ ਪੈਦਾ ਕੀਤਾ ਹੋਇਆ ਤੁੱਛ ਜੀਵ ਹਾਂ, ਜੇ ਤੂੰ ਆਪ ਹੀ ਦੇਵੇਂ, ਤਾਂ ਹੀ ਮੈਂ ਤੇਰਾ ਸਤਿਨਾਮ-ਮੰਤ੍ਰ ਜਪ ਸਕਦਾ ਹਾਂ । ੧ ।

ਹੇ ਭਾਈ ! ਮਨੁੱਖ ਗੁਰੂ ਦੀ ਕਿਰਪਾ ਨਾਲ (ਹੀ) ਨਾਮ ਦੇ ਰਸ ਵਿਚ ਲੱਗ ਸਕਦਾ ਹੈ । ਵੈਰ ਵਿਚ ਵਿਰੋਧ ਵਿਚ ਕਿਉਂ ਆਪਣੀ ਜ਼ਿੰਦਗੀ ਗਵਾ ਰਹੇ ਹੋ ? (ਗੁਰੂ ਦੀ ਸਰਨ ਪਵੋ) । ੨ ।

ਹੇ ਭਾਈ ! ਜਿਸ ਮਨੁੱਖ ਉਤੇ ਗੁਰੂ ਨੇ ਮਿਹਰ ਕੀਤੀ, ਉਸ ਦੇ ਅੰਦਰੋਂ ਅਹੰਕਾਰ ਮੁੱਕ ਗਿਆ । ਉਸ ਨੇ ਆਤਮਕ ਅਡੋਲਤਾ ਦੇਣ ਵਾਲੇ ਪ੍ਰੇਮ ਵਿਚ ਟਿਕ ਕੇ ਪਰਮਾਤਮਾ ਦਾ ਨਾਮ ਪ੍ਰਾਪਤ ਕਰ ਲਿਆ । ੩ ।

ਹੇ ਭਾਈ ! ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਣੀ ਪੜ੍ਹਨ ਵਾਲਾ ਕੰਮ (ਹੋਰ ਸਾਰੇ ਕੰਮਾਂ ਨਾਲੋਂ) ਸ੍ਰੇਸ਼ਟ ਹੈ ਉੱਚਾ ਹੈ, (ਤਾਹੀਏਂ) ਨਾਨਕ ਸਦਾ-ਥਿਰ ਪ੍ਰਭੂ ਦਾ ਨਾਮ ਉਚਾਰਦਾ ਰਹਿੰਦਾ ਹੈ । ੪ । ੧੩ ।

ਬਸੰਤੁ ਮਹਲਾ ੩ ॥ ਬਨਸਪਤਿ ਮਉਲੀ ਚੜਿਆ ਬਸੰਤੁ ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥ ੧ ॥ ਤੁਮ੍ ਸਾਚੁ ਧਿਆਵਹੁ ਮੁਗਧ ਮਨਾ ॥ ਤਾਂ ਸੁਖੁ ਪਾਵਹੁ ਮੇਰੇ ਮਨਾ ॥ ੧ ॥ ਰਹਾਉ ॥ ਇਤੁ ਮਨਿ ਮਉਲਿਐ ਭਇਆ ਅਨੰਦੁ ॥ ਅੰਮ੍ਰਿਤ ਫਲੁ ਪਾਇਆ ਨਾਮੁ ਗੋਬਿੰਦ ॥ ੨ ॥ ਏਕੋ ਏਕੁ ਸਭੁ ਆਖਿ ਵਖਾਣੈ ॥ ਹੁਕਮੁ ਬੂਝੈ ਤਾਂ ਏਕੋ ਜਾਣੈ ॥ ੩ ॥ ਕਹਤ ਨਾਨਕੁ ਹਉਮੈ ਕਹੈ ਨ ਕੋਇ ॥ ਆਖਣੁ ਵੇਖਣੁ ਸਭੁ ਸਾਹਿਬ ਤੇ ਹੋਇ ॥ ੪ ॥ ੧੪ ॥

ਪਦ ਅਰਥ:—ਬਨਸਪਤਿ—ਰੁੱਖ ਬਿਰਖ ਘਾਹ ਬੂਟ ਆਦਿਕ, ਧਰਤੀ ਵਿਚੋਂ ਉੱਗੀ, ਉਦਭੁਜ । ਮਉਲੀ—ਹਰੀ-ਭਰੀ ਹੋ ਜਾਂਦੀ ਹੈ, ਖਿੜ ਪੈਂਦੀ ਹੈ । ਮਉਲਿਆ—ਖਿੜ ਪੈਂਦਾ ਹੈ, ਹਰਾ-ਭਰਾ ਹੋ ਜਾਂਦਾ ਹੈ, ਆਤਮਕ ਜੀਵਨ ਵਾਲਾ ਹੋ ਜਾਂਦਾ ਹੈ । ਸੰਗਿ—ਨਾਲ।੧।

ਸਾਚੁ—ਸਦਾ-ਥਿਰ ਹਰਿ-ਨਾਮ । ਮੁਗਧ ਮਨਾ—ਹੇ ਮੂਰਖ ਮਨ ! ਸੁਖੁ—ਆਤਮਕ ਅਨੰਦ । ੧ । ਰਹਾਉ ।

ਇਤੁ—ਇਸ ਦੀ ਰਾਹੀਂ । ਇਤੁ ਮਨਿ—ਇਸ ਮਨ ਦੀ ਰਾਹੀਂ । ਇਤੁ ਮਨਿ ਮਉਲਿਐ—ਜੇ ਇਹ ਮਨ ਆਤਮਕ ਜੀਵਨ ਵਾਲਾ ਹੋ ਜਾਏ । ਅੰਮ੍ਰਿਤ ਫਲੁ—ਆਤਮਕ

ਜੀਵਨ ਦੇਣ ਵਾਲਾ ਨਾਮ-ਫਲ। ਨਾਮੁ ਗੋਬਿੰਦ–ਗੋਬਿੰਦ ਦਾ ਨਾਮ। ੨।

ਸਭੁ–ਹਰੇਕ ਜੀਵ। ਆਖਿ–ਆਖ ਕੇ। ਵਖਾਣੈ–ਦੱਸਦਾ ਹੈ। ਏਕੋ ਏਕੁ–ਪਰਮਾਤਮਾ ਇਕ ਆਪ ਹੀ ਆਪ ਹੈ। ਏਕੋ ਜਾਣੈ–ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾਂਦਾ ਹੈ। ੩।

ਕਹਤ ਨਾਨਕੁ–ਨਾਨਕ ਆਖਦਾ ਹੈ। ਸਾਹਿਬ ਤੇ–ਮਾਲਕ-ਪ੍ਰਭੂ ਤੋਂ, ਮਾਲਕ ਦੀ ਪ੍ਰੇਰਨਾ ਨਾਲ। ੪।

ਅਰਥ :–ਹੇ (ਮੇਰੇ) ਮੂਰਖ ਮਨ ! ਤੂੰ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਿਆ ਕਰ। ਤਦੋਂ ਹੀ, ਹੇ ਮੇਰੇ ਮਨ ! ਤੂੰ ਆਨੰਦ ਮਾਣ ਸਕੇਂਗਾ।੧।ਰਹਾਉ।

ਹੇ ਭਾਈ ! (ਜਿਵੇਂ ਜਦੋਂ) ਬਸੰਤ ਚੜ੍ਹਦਾ ਹੈ ਤਾਂ ਸਾਰੀ ਬਨਸਪਤੀ ਹਰੀ-ਭਰੀ ਹੋ ਜਾਂਦੀ ਹੈ, (ਤਿਵੇਂ) ਗੁਰੂ ਦੀ ਸੰਗਤਿ ਵਿਚ ਰਹਿ ਕੇ ਇਹ ਮਨ(ਆਤਮਕ ਜੀਵਨ ਨਾਲ) ਹਰਾ-ਭਰਾ ਹੋ ਜਾਂਦਾ ਹੈ। ੧।

ਹੇ ਭਾਈ ! (ਜਿਸ ਮਨੁੱਖ ਨੇ ਗੁਰੂ ਦੀ ਸੰਗਤਿ ਵਿਚ) ਗੋਬਿੰਦ ਦਾ ਨਾਮ ਹਾਸਲ ਕਰ ਲਿਆ, ਆਤਮਕ ਜੀਵਨ ਦੇਣ ਵਾਲਾ ਨਾਮ-ਫਲ ਪ੍ਰਾਪਤ ਕਰ ਲਿਆ, ਉਸ ਦਾ ਇਹ ਮਨ ਖਿੜ ਪੈਣ ਨਾਲ ਉਸ ਦੇ ਅੰਦਰ ਆਤਮਕ ਆਨੰਦ ਪੈਦਾ ਹੋ ਗਿਆ।੨।

ਹੇ ਭਾਈ ! ਉਂਞ ਤਾਂ ਹਰੇਕ ਮਨੁੱਖ ਆਖ ਕੇ ਦੱਸਦਾ ਹੈ ਕਿ (ਸਭ ਥਾਈਂ) ਪਰਮਾਤਮਾ ਆਪ ਹੀ ਆਪ ਹੈ, ਪਰ ਜਦੋਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝਦਾ ਹੈ, ਤਦੋਂ ਹੀ ਉਸ ਨਾਲ ਡੂੰਘੀ ਸਾਂਝ ਪਾਂਦਾ ਹੈ। ੩।

ਹੇ ਭਾਈ ! ਨਾਨਕ ਆਖਦਾ ਹੈ–(ਜਦੋਂ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ ਤਦੋਂ) ਮਨੁੱਖ 'ਮੈਂ', ਮੈਂ' ਨਹੀਂ ਕਰਦਾ (ਤਦੋਂ ਉਸ ਨੂੰ ਇਹ ਸਮਝ ਪੈ ਜਾਂਦੀ ਹੈ ਕਿ) ਜੀਵ ਉਹੀ ਕੁਝ ਆਖਦਾ ਵੇਖਦਾ ਹੈ ਜੋ ਮਾਲਕ ਵਲੋਂ ਪ੍ਰੇਰਨਾ ਹੁੰਦੀ ਹੈ।੪।੧੪।

ਬਸੰਤੁ ਮਹਲਾ ੩ ॥ ਸਭਿ ਜੁਗ ਤੇਰੇ ਕੀਤੇ ਹੋਏ ॥ ਸਤਿਗੁਰੁ ਭੇਟੈ ਮਤਿ ਬੁਧਿ ਹੋਏ ॥ ੧ ॥ ਹਰਿ ਜੀਉ ਆਪੇ ਲੈਹੁ ਮਿਲਾਇ ॥ ਗੁਰ ਕੈ ਸਬਦਿ ਸਚ ਨਾਮਿ ਸਮਾਇ ॥ ੧ ॥ ਰਹਾਉ ॥ ਮਨਿ ਬਸੰਤੁ ਹਰੇ ਸਭਿ ਲੋਇ ॥ ਫਲਹਿ ਫੁਲੀਅਹਿ ਰਾਮ ਨਾਮਿ ਸੁਖੁ ਹੋਇ ॥ ੨ ॥ ਸਦਾ ਬਸੰਤੁ ਗੁਰ ਸਬਦੁ ਵੀਚਾਰੇ ॥ ਰਾਮਨਾਮੁ ਰਾਖੈ ਉਰਧਾਰੇ ॥ ੩ ॥ ਮਨਿ ਬਸੰਤੁ ਤਨੁ ਮਨੁ ਹਰਿਆ ਹੋਇ ॥ ਨਾਨਕ ਇਹੁ ਤਨੁ ਬਿਰਖੁ ਰਾਮ ਨਾਮੁ ਫਲੁ ਪਾਏ ਸੋਇ ॥ ੪ ॥ ੧੫ ॥

ਪਦ ਅਰਥ :–ਸਭਿ–ਸਾਰੇ। ਭੇਟੈ–ਮਿਲਦਾ ਹੈ। ੧।

ਹਰਿ ਜੀਉ—ਹੇ ਪ੍ਰਭੂ ਜੀ ! [ਸੰਬੋਧਨ]। ਆਪਿ—ਤੂੰ ਆਪ ਹੀ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ਸਚ ਨਾਮਿ—(ਤੇਰੇ) ਸਦਾ ਕਾਇਮ ਰਹਿਣ ਵਾਲੇ ਨਾਮ ਵਿਚ। ਸਮਾਇ—ਲੀਨ ਹੋ ਜਾਂਦਾ ਹੈ।੧। ਰਹਾਉ।

ਮਨਿ—ਮਨ ਵਿਚ। ਬਸੰਤੁ—ਸਦਾ ਖਿੜੇ ਰਹਿਣ ਵਾਲਾ ਪ੍ਰਭੂ। ਸਭਿ—ਸਾਰੇ। ਲੋਇ—ਜਗਤ ਵਿਚ। ਫਲਹਿ—ਉਹ ਫਲਦੇ ਹਨ। ਫੁਲੀਅਹਿ—ਉਹਨਾਂ ਨੂੰ ਫੁੱਲ ਲੱਗਦੇ ਹਨ, ਉਹ ਪ੍ਰਫੁੱਲਤ ਹੁੰਦੇ ਹਨ। ਨਾਮਿ—ਨਾਮ ਦੀ ਰਾਹੀਂ।੨।

ਸਦਾ ਬਸੰਤੁ—ਸਦਾ ਹੀ ਆਤਮਕ ਖਿੜਾਉ। ਉਰ—ਹਿਰਦਾ।੩।

ਹਰਿਆ—ਆਤਮਕ ਜੀਵਨ ਨਾਲ ਭਰਪੂਰ। ਬਿਰਖੁ—ਰੁੱਖ। ਸੋਇ—ਉਹ ਮਨੁੱਖ।੪।

ਅਰਥ:—ਹੇ ਪ੍ਰਭੂ ਜੀ ! (ਜਿਸ ਮਨੁੱਖ ਨੂੰ) ਤੂੰ ਆਪ ਹੀ (ਆਪਣੇ ਚਰਨਾਂ ਵਿਚ) ਜੋੜ ਲੈਂਦਾ ਹੈਂ, ਗੁਰੂ ਦੇ ਸ਼ਬਦ ਦੀ ਰਾਹੀਂ (ਉਹ ਮਨੁੱਖ) (ਤੇਰੇ) ਸਦਾ ਕਾਇਮ ਰਹਿਣ ਵਾਲੇ ਨਾਮ ਵਿਚ ਲੀਨ ਰਹਿੰਦਾ ਹੈ।੧। ਰਹਾਉ।

ਹੇ ਪ੍ਰਭੂ ! ਸਾਰੇ ਜੁਗ (ਸਾਰੇ ਸਮੇ) ਤੇਰੇ ਹੀ ਬਣਾਏ ਹੋਏ ਹਨ (ਤੇਰੇ ਨਾਮ ਦੀ ਪ੍ਰਾਪਤੀ ਜੁਗਾਂ ਦੇ ਵਿਤਕਰੇ ਨਾਲ ਨਹੀਂ ਹੁੰਦੀ। ਜਿਸ ਮਨੁੱਖ ਨੂੰ ਤੇਰੀ ਮਿਹਰ ਨਾਲ) ਗੁਰੂ ਮਿਲ ਪੈਂਦਾ ਹੈ (ਉਸ ਦੇ ਅੰਦਰ ਨਾਮ ਜਪਣ ਵਾਲੀ) ਮਤਿ ਅਕਲ ਪੈਦਾ ਹੋ ਜਾਂਦੀ ਹੈ।੧।

ਹੇ ਭਾਈ ! (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਸਦਾ ਖਿੜੇ ਰਹਿਣ ਵਾਲਾ ਪ੍ਰਭੂ ਆ ਵੱਸਦਾ ਹੈ, ਉਹ ਸਾਰੇ ਹੀ ਇਸ ਜਗਤ ਵਿਚ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ, ਉਹ ਮਨੁੱਖ ਦੁਨੀਆ ਵਿਚ ਭੀ ਕਾਮਯਾਬ ਹੁੰਦੇ ਹਨ, ਪਰਮਾਤਮਾ ਦੇ ਨਾਮ ਦੀ ਬਰਕਤਿ ਨਾਲ ਉਹਨਾਂ ਦੇ ਅੰਦਰ ਆਤਮਕ ਆਨੰਦ (ਭੀ) ਬਣਿਆ ਰਹਿੰਦਾ ਹੈ।੨।

ਹੇ ਭਾਈ ! ਜਿਹੜਾ ਮਨੁੱਖ ਗੁਰੂ ਦੇ ਸ਼ਬਦ ਨੂੰ ਮਨ ਵਿਚ ਵਸਾਂਦਾ ਹੈ ਪਰਮਾਤਮਾ ਦੇ ਨਾਮ ਨੂੰ ਹਿਰਦੇ ਵਿਚ ਟਿਕਾਈ ਰੱਖਦਾ ਹੈ, ਉਸ ਦੇ ਅੰਦਰ ਸਦਾ ਆਤਮਕ ਖਿੜਾਉ ਬਣਿਆ ਰਹਿੰਦਾ ਹੈ।੩।

ਹੇ ਨਾਨਕ ! ਜਿਸ ਮਨੁੱਖ ਦੇ ਮਨ ਵਿਚ ਸਦਾ ਖਿੜੇ ਰਹਿਣ ਵਾਲਾ ਹਰੀ ਆ ਵੱਸਦਾ ਹੈ, ਉਸ ਦਾ ਤਨ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ ਉਸ ਦਾ ਮਨ ਆਤਮਕ ਜੀਵਨ ਵਾਲਾ ਹੋ ਜਾਂਦਾ ਹੈ। ਹੇ ਨਾਨਕ ! ਇਹ ਸਰੀਰ (ਮਾਨੋ) ਰੁੱਖ ਹੈ, (ਜਿਸ ਦੇ ਮਨ ਵਿਚ ਬਸੰਤ ਆ ਜਾਂਦੀ ਹੈ) ਉਸ ਮਨੁੱਖ ਦਾ ਇਹ ਸਰੀਰ-ਰੁੱਖ ਹਰਿ-ਨਾਮ-ਫਲ ਪ੍ਰਾਪਤ ਕਰ ਲੈਂਦਾ ਹੈ।੪।੧੫।

ਬਸੰਤੁ ਮਹਲਾ ੩॥ ਤਿਨ੍ਹ ਬਸੰਤੁ ਜੋ ਹਰਿ ਗੁਣ ਗਾਇ॥ ਪੂਰੈ

ਭਾਗਿ ਹਰਿ ਭਗਤਿ ਕਰਾਇ ॥ ੧ ॥ ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥ ਇਹੁ ਮਨੁ ਜਲਿਆ ਦੂਜੈ ਦੋਇ ॥ ੧ ॥ ਰਹਾਉ ॥ ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥ ੨ ॥ ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥ ਜਮਕਾਲ ਕੀ ਫਿਰਿ ਆਵੈ ਨ ਫੇਟੈ॥ ੩ ॥ ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ ਸਬਦਿ ਜਲਾਇ ॥ ੪ ॥ ੧੬ ॥

ਪਦ ਅਰਥ:—ਬਸੰਤੁ—ਆਤਮਕ ਖਿੜਾਉ। ਜੋ—ਜਿਹੜਾ ਜਿਹੜਾ ਮਨੁੱਖ [ਇੱਕ ਵਚਨ]। ਗਾਇ—ਗਾਂਦਾ ਹੈ [ਇਕ ਵਚਨ]। ਪੂਰੈ ਭਾਗਿ—ਵੱਡੀ ਕਿਸਮਤ ਨਾਲ। ਕਰਾਇ—ਕਰਾਂਦਾ ਹੈ। ੧।

ਧੰਧੈ—ਧੰਧੇ ਵਿਚ। ਬਾਂਧਾ—ਬੱਝਾ ਹੋਇਆ। ਮੂਠਾ—ਠੱਗਿਆ ਹੋਇਆ, ਲੁੱਟਿਆ ਹੋਇਆ। ਬਿਲਲਾਇ—ਵਿਲਕਦਾ ਹੈ, ਦੁਖੀ ਹੁੰਦਾ ਹੈ। ੨।

ਛੂਟੈ—(ਮਾਇਆ ਦੇ ਪੰਜੇ ਤੋਂ) ਬਚਦਾ ਹੈ। ਜਾ—ਜਦੋਂ। ਭੇਟੈ—ਮਿਲਦਾ ਹੈ। ਜਮ ਕਾਲ—ਮੌਤ, ਆਤਮਕ ਮੌਤ। ਫੇਟੈ—ਸੱਟ ਹੇਠ, ਮਾਰ ਵਿਚ। ੩।

ਗੁਰਿ—ਗੁਰੂ ਨੇ। ਸਬਦਿ—ਸ਼ਬਦ ਦੀ ਰਾਹੀਂ। ਜਲਾਇ—ਸਾੜ ਦੇਂਦਾ ਹੈ। ੪।

ਅਰਥ:—ਹੇ ਭਾਈ! (ਜਿਸ ਮਨੁੱਖ ਦਾ) ਇਹ ਮਨ ਮਾਇਆ ਦੇ ਮੋਹ ਵਿਚ (ਫਸ ਕੇ) ਮੇਰ-ਤੇਰ ਵਿਚ (ਫਸ ਕੇ) ਆਤਮਕ ਮੌਤ ਸਹੇੜ ਲੈਂਦਾ ਹੈ (ਉਸ ਮਨੁੱਖ ਦੇ) ਇਸ ਮਨ ਨੂੰ ਆਤਮਕ ਖਿੜਾਉ ਦੀ ਛੁਹ ਹਾਸਲ ਨਹੀਂ ਹੁੰਦੀ। ੧। ਰਹਾਉ।

ਹੇ ਭਾਈ! ਜਿਹੜਾ ਜਿਹੜਾ ਮਨੁੱਖ ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ, ਉਹਨਾਂ ਦੇ ਅੰਦਰ ਆਤਮਕ ਖਿੜਾਉ ਬਣਿਆ ਰਹਿੰਦਾ ਹੈ। (ਪਰ ਜੀਵ ਦੇ ਵੱਸ ਦੀ ਗੱਲ ਨਹੀਂ ਹੈ) ਵੱਡੀ ਕਿਸਮਤ ਨਾਲ ਪਰਮਾਤਮਾ (ਆਪ ਹੀ ਜੀਵ ਪਾਸੋਂ) ਭਗਤੀ ਕਰਾਂਦਾ ਹੈ। ੧।

ਹੇ ਭਾਈ! ਜਿਸ ਮਨੁੱਖ ਦਾ ਇਹ ਮਨ ਮਾਇਆ ਦੇ ਧੰਧੇ ਵਿਚ ਬੱਝਾ ਰਹਿੰਦਾ ਹੈ (ਤੇ ਇਸ ਹਾਲਤ ਵਿਚ ਟਿਕਿਆ ਰਹਿ ਕੇ) ਕਰਮ ਕਮਾਂਦਾ ਹੈ, ਮਾਇਆ (ਦਾ ਮੋਹ) ਉਸ ਦੇ ਆਤਮਕ ਜੀਵਨ ਨੂੰ ਲੁੱਟ ਲੈਂਦਾ ਹੈ, ਉਹ ਸਦਾ ਦੁਖੀ ਰਹਿੰਦਾ ਹੈ। ੨।

ਹੇ ਭਾਈ! ਜਦੋਂ ਮਨੁੱਖ ਨੂੰ ਗੁਰੂ ਮਿਲ ਪੈਂਦਾ ਹੈ ਤਦੋਂ ਮਨੁੱਖ ਦਾ ਇਹ ਮਨ (ਮਾਇਆ ਦੇ ਮੋਹ ਦੇ ਪੰਜੇ ਵਿਚੋਂ) ਬਚ ਨਿਕਲਦਾ ਹੈ। ਫਿਰ ਉਹ ਆਤਮਕ ਮੌਤ ਦੀ ਮਾਰ ਦੇ ਕਾਬੂ ਨਹੀਂ ਆਉਂਦਾ। ੩।

ਪਰ, ਹੇ ਭਾਈ! (ਮਾਇਆ ਦੇ ਮੋਹ ਵਿਚੋਂ ਨਿਕਲਣਾ ਜੀਵ ਦੇ ਆਪਣੇ ਵੱਸ ਦੀ

ਗੱਲ ਨਹੀਂ, ਜਿਸ ਮਨੁੱਖ ਨੂੰ) ਗੁਰੂ ਨੇ (ਮਾਇਆ ਦੇ ਪੰਜੇ ਵਿਚੋਂ) ਛਡਾ ਲਿਆ, ਉਸ ਦਾ ਇਹ ਮਨ (ਮਾਇਆ ਦੇ ਮੋਹ ਤੋਂ) ਬਚ ਗਿਆ। ਹੇ ਨਾਨਕ ! ਉਹ ਮਨੁੱਖ ਮਾਇਆ ਦੇ ਮੋਹ ਨੂੰ ਗੁਰੂ ਦੇ ਸ਼ਬਦ ਦੀ ਸਹਾਇਤਾ ਨਾਲ ਸਾੜ ਦੇਂਦਾ ਹੈ। ੪। ੧੬।

ਬਸੰਤੁ ਮਹਲਾ ੩ ॥ ਬਸੰਤੁ ਚੜਿਆ ਫੂਲੀ ਬਨਰਾਇ ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥ ੧ ॥ ਇਨ੍ ਬਿਧਿ ਇਹੁ ਮਨੁ ਹਰਿਆ ਹੋਇ ॥ ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥ ੧ ॥ ਰਹਾਉ ॥ ਸਤਿਗੁਰ ਬਾਣੀ ਸਬਦੁ ਸੁਣਾਏ ॥ ਇਹੁ ਜਗੁ ਹਰਿਆ ਸਤਿਗੁਰ ਭਾਏ ॥ ੨ ॥ ਫਲ ਫੂਲ ਲਾਗੇ ਜਾਂ ਆਪੇ ਲਾਏ ॥ ਮੂਲਿ ਲਗੈ ਤਾਂ, ਸਤਿਗੁਰੁ ਪਾਏ ॥ ੩ ॥ ਆਪਿ ਬਸੰਤੁ ਜਗਤੁ ਸਭੁ ਵਾੜੀ ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ ॥ ੪ ॥ ੧੭ ॥

ਪਦ ਅਰਥ :–ਚੜਿਆ–ਸ਼ੁਰੂ ਹੁੰਦਾ ਹੈ। ਫੂਲੀ–ਖਿੜ ਪੈਂਦੀ ਹੈ। ਬਨਰਾਇ–ਬਨਸਪਤੀ। ਏਹਿ–[ਲਫ਼ਜ਼ 'ਏਹ' ਤੋਂ ਬਹੁ ਵਚਨ]। ਫੂਲਹਿ–ਪ੍ਰਫੁਲਤ ਹੁੰਦੇ ਹਨ, ਖਿੜ ਪੈਂਦੇ ਹਨ, ਆਤਮਕ ਜੀਵਨ ਵਾਲੇ ਹੋ ਜਾਂਦੇ ਹਨ। ਲਾਇ–ਲਾ ਕੇ, ਜੋੜ ਕੇ ।੧।

ਇਨ੍ ਬਿਧਿ–ਇਸ ਤੀਰਕੇ ਨਾਲ [ਅੱਖਰ 'ਨ' ਦੇ ਨਾਲ ਅੱਧ 'ਹ' ਹੈ]। ਹਰਿਆ –ਆਤਮਕ ਜੀਵਨ ਵਾਲਾ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਧੋਇ–ਧੋ ਕੇ। ੧। ਰਹਾਉ।

ਸਤਿਗੁਰ ਬਾਣੀ–ਗੁਰੂ ਦੀ ਬਾਣੀ। ਸੁਣਾਏ–(ਆਪਣੇ ਆਪ ਨੂੰ) ਸੁਣਾਂਦਾ ਹੈ। ਸਤਿਗੁਰ ਭਾਏ–ਸਤਿਗੁਰ ਭਾਇ, ਗੁਰੂ ਦੇ ਪਿਆਰ ਵਿਚ (ਟਿਕ ਕੇ)। ੨।

ਜਾ–ਜਦੋਂ। ਆਪੇ–ਪ੍ਰਭੂ ਆਪ ਹੀ। ਮੂਲਿ–ਜਗਤ ਦੇ ਮੁੱਢ ਪ੍ਰਭੂ ਵਿਚ। ਤਾਂ–ਤਦੋਂ ਹੀ। ੩।

ਸਭੁ–ਸਾਰਾ। ਵਾੜੀ–ਬਗੀਚਾ। ਪੂਰੈ ਭਾਗਿ–ਵਡੀ ਕਿਸਮਤ ਨਾਲ। ਨਿਰਾਲੀ –(ਮਾਇਆ ਦੇ ਮੋਹ ਤੋਂ) ਨਿਰਲੇਪ ਕਰਨ ਵਾਲੀ। ੪।

ਅਰਥ :–ਹੇ ਭਾਈ ! ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ (ਆਪਣੇ ਅੰਦਰੋਂ) ਹਉਮੈ ਧੋ ਕੇ ਕੱਢ ਦੇਂਦਾ ਹੈ ਅਤੇ ਦਿਨ ਰਾਤ ਹਰ ਵੇਲੇ ਪਰਮਾਤਮਾ ਦਾ ਨਾਮ ਜਪਦਾ ਹੈ, ਇਸ ਤਰੀਕੇ ਨਾਲ (ਉਸ ਦਾ) ਇਹ ਮਨ ਆਤਮਕ ਜੀਵਨ ਨਾਲ ਭਰਪੂਰ ਹੋ ਜਾਂਦਾ ਹੈ ।੧। ਰਹਾਉ।

ਹੇ ਭਾਈ ! (ਜਿਵੇਂ ਜਦੋਂ) ਬਸੰਤ ਦਾ ਮੌਸਮ ਸ਼ੁਰੂ ਹੁੰਦਾ ਹੈ ਤਦੋਂ ਸਾਰੀ ਬਨਸਪਤੀ ਖਿੜ ਪੈਂਦੀ ਹੈ (ਤਿਵੇਂ) ਇਹ ਸਾਰੇ ਜੀਵ ਪਰਮਾਤਮਾ ਵਿਚ ਚਿੱਤ ਜੋੜ ਕੇ ਆਤਮਕ

ਜੀਵਨ ਨਾਲ ਖਿੜ ਪੈਂਦੇ ਹਨ ।੧।

ਹੇ ਭਾਈ! ਜਦੋਂ ਇਹ ਜਗਤ ਗੁਰੂ ਦੀ ਬਾਣੀ ਸੁਣਦਾ ਹੈ ਗੁਰੂ ਦਾ ਸ਼ਬਦ ਸੁਣਦਾ ਹੈ ਅਤੇ ਗੁਰੂ ਦੇ ਪਿਆਰ ਵਿਚ ਮਗਨ ਹੁੰਦਾ ਹੈ ਤਦੋਂ ਇਹ ਆਤਮਕ ਜੀਵਨ ਨਾਲ ਹਰਾ-ਭਰਾ ਹੋ ਜਾਂਦਾ ਹੈ।੨।

ਹੇ ਭਾਈ ! (ਜੀਵ ਦੇ ਆਪਣੇ ਵੱਸ ਦੀ ਗੱਲ ਨਹੀਂ ਹੈ। ਮਨੁੱਖਾ ਜੀਵਨ ਦੇ ਰੁੱਖ ਨੂੰ ਆਤਮਕ ਗੁਣਾਂ ਦੇ) ਫੁੱਲ ਫਲ (ਤਦੋਂ ਹੀ) ਲੱਗਦੇ ਹਨ ਜਦੋਂ ਪਰਮਾਤਮਾ ਆਪ ਹੀ ਲਾਂਦਾ ਹੈ। (ਜਦੋਂ ਪ੍ਰਭੂ ਦੀ ਮਿਹਰ ਨਾਲ ਮਨੁੱਖ ਨੂੰ) ਗੁਰੂ ਮਿਲਦਾ ਹੈ, ਤਦੋਂ ਮਨੁੱਖ ਸਾਰੇ ਜਗਤ ਦੇ ਸਿਰਜਣਹਾਰ ਵਿਚ ਜੁੜਦਾ ਹੈ।੩।

ਹੇ ਭਾਈ ! ਇਹ ਸਾਰਾ ਜਗਤ (ਪਰਮਾਤਮਾ ਦੀ) ਬਗੀਚੀ ਹੈ, (ਇਸ ਨੂੰ ਹਰਾ-ਭਰਾ ਕਰਨ ਵਾਲਾ) ਬਸੰਤ ਭੀ ਉਹ ਆਪ ਹੀ ਹੈ। ਹੇ ਨਾਨਕ ! (ਮਾਇਆ ਦੇ ਮੋਹ ਤੋਂ) ਨਿਰਲੇਪ ਕਰਨ ਵਾਲੀ ਹਰਿ-ਭਗਤੀ ਵੱਡੀ ਕਿਸਮਤ ਨਾਲ ਹੀ(ਕਿਸੇ ਮਨੁੱਖ ਨੂੰ ਮਿਲਦੀ ਹੈ)।੪।੧੭।

ਬਸੰਤੁ ਹਿੰਡੋਲ ਮਹਲਾ ੩ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਗੁਰ ਕੀ ਬਾਣੀ ਵਿਟਹੁ ਵਾਰਿਆ ਭਾਈ ਗੁਰ ਸਬਦ ਵਿਟਹੁ ਬਲਿ ਜਾਈ ॥ ਗੁਰੁ ਸਾਲਾਹੀ ਸਦ ਆਪਣਾ ਭਾਈ ਗੁਰ ਚਰਣੀ ਚਿਤੁ ਲਾਈ ॥੧॥ ਮੇਰੇ ਮਨ ਰਾਮ ਨਾਮਿ ਚਿਤੁ ਲਾਇ ॥ ਮਨੁ ਤਨੁ ਤੇਰਾ ਹਰਿਆ ਹੋਵੈ ਇਕੁ ਹਰਿਨਾਮਾ ਫਲੁ ਪਾਇ ॥ ੧ ॥ ਰਹਾਉ ॥ ਗੁਰਿ ਰਾਖੇ ਸੇ ਉਬਰੇ ਭਾਈ ਹਰਿ ਰਸੁ ਅੰਮ੍ਰਿਤੁ ਪੀਆਇ ॥ ਵਿਚਹੁ ਹਉਮੈ ਦੁਖੁ ਉਠਿ ਗਇਆ ਭਾਈ ਸੁਖੁ ਵੁਠਾ ਮਨਿ ਆਇ ॥ ੨ ॥ ਧੁਰਿ ਆਪੇ ਜਿਨ੍ਹਾ ਨੋ ਬਖਸਿਓਨੁ ਭਾਈ ਸਬਦੇ ਲਇਅਨੁ ਮਿਲਾਇ ॥ ਧੂੜਿ ਤਿਨ੍ਹਾ ਕੀ ਅਘੁਲੀਐ ਭਾਈ ਸਤਸੰਗਤਿ ਮੇਲਿ ਮਿਲਾਇ ॥ ੩ ॥ ਆਪਿ ਕਰਾਏ ਕਰੇ ਆਪਿ ਭਾਈ ਜਿਨਿ ਹਰਿਆ ਕੀਆ ਸਭੁ ਕੋਇ ॥ ਨਾਨਕ ਮਨਿ ਤਨਿ ਸੁਖੁ ਸਦ ਵਸੈ ਭਾਈ ਸਬਦਿ ਮਿਲਾਵਾ ਹੋਇ ॥ ੪ ॥ ੧ ॥ ੧੮ ॥ ੧੨ ॥ ੧੮ ॥ ੩੦ ॥

ਪਦ ਅਰਥ :—ਵਿਟਹੁ—ਤੋਂ । ਵਾਰਿਆ—ਸਦਕੇ । ਭਾਈ—ਹੇ ਭਾਈ ! ਬਲਿ ਜਾਈ—ਬਲਿ ਜਾਈਂ, ਮੈਂ ਕੁਰਬਾਨ ਜਾਂਦਾ ਹਾਂ । ਸਾਲਾਹੀ—ਸਾਲਾਹੀਂ, ਮੈਂ ਸਲਾਹੁੰਦਾ ਹਾਂ। ਸਦ—ਸਦਾ । ਲਾਈ—ਲਾਈਂ, ਮੈਂ ਲਾਂਦਾ ਹਾਂ ।੧।

ਮਨ—ਹੇ ਮਨ ! ਨਾਮਿ—ਨਾਮ ਵਿਚ । ਲਾਇ—ਜੋੜ । ਹਰਿਆ—ਆਤਮਕ ਜੀਵਨ

ਵਾਲਾ। ਪਾਇ—ਪ੍ਰਾਪਤ ਕਰ ਕੇ ।੧। ਰਹਾਉ।

ਗੁਰਿ—ਗੁਰੂ ਨੇ। ਸੇ—ਉਹ [ਬਹੁ ਵਚਨ]। ਰਸੁ ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ ਰਸ। ਪੀਆਇ—ਪਿਲਾ ਕੇ । ਉਠਿ ਗਇਆ—ਨਾਸ ਹੋ ਗਿਆ । ਵੁਠਾ—ਵੱਸ ਪਿਆ। ਆਇ— ਆ ਕੇ। ਮਨਿ—ਮਨ ਵਿਚ ।੨।

ਧੁਰਿ—ਧੁਰ ਦਰਗਾਹ ਤੋਂ । ਨੋ—ਨੂੰ। ਬਖਸਿਓਨੁ—ਬਖ਼ਸ਼ਿਆ ਉਸ (ਪਰਮਾਤਮਾ) ਨੇ। ਸਬਦੇ—ਸ਼ਬਦ ਦੀ ਰਾਹੀ । ਲਇਅਨੁ—ਲਏ ਹਨ ਉਸ (ਪਰਮਾਤਮਾ) ਨੇ । ਅਘੁਲੀਐ—ਨਿਰਲੇਪ ਹੋ ਜਾਈਦਾ ਹੈ, ਮੁਕਤ ਹੋ ਜਾਈਦਾ ਹੈ । ਮੇਲਿ—ਮੇਲ ਕੇ ।੩।

ਜਿਨਿ—ਜਿਸ (ਪਰਮਾਤਮਾ) ਨੇ। ਸਭੁ ਕੋਇ—ਹਰੇਕ ਜੀਵ । ਮਨਿ—ਮਨ ਵਿਚ। ਤਨਿ—ਤਨ ਵਿਚ । ਸਦ— ਸਦਾ। ਸਬਦਿ—ਸ਼ਬਦ ਦੀ ਰਾਹੀਂ। ਮਿਲਾਵਾ—ਮਿਲਾਪ ।੪।

ਅਰਥ :– ਹੇ ਮੇਰੇ ਮਨ ! ਪਰਮਾਤਮਾ ਦੇ ਨਾਮ ਵਿਚ ਚਿੱਤ ਜੋੜ । ਹੇ ਭਾਈ ! ਪਰਮਾਤਮਾ ਦਾ ਨਾਮ-ਫਲ ਪ੍ਰਾਪਤ ਕਰ ਕੇ ਤੇਰਾ ਮਨ ਖਿੜ ਪਏਗਾ ਤੇਰਾ ਤਨ ਖਿੜ ਪਏਗਾ ।੧। ਰਹਾਉ।

ਹੇ ਭਾਈ ! ਮੈਂ ਗੁਰੂ ਦੀ ਬਾਣੀ ਤੋਂ ਗੁਰੂ ਦੇ ਸ਼ਬਦ ਤੋਂ ਸਦਕੇ ਜਾਂਦਾ ਹਾਂ। ਹੇ ਭਾਈ ! ਮੈਂ ਸਦਾ ਆਪਣੇ ਗੁਰੂ ਨੂੰ ਸਲਾਹੁੰਦਾ ਹਾਂ, ਮੈਂ ਆਪਣੇ ਗੁਰੂ ਦੇ ਚਰਨਾਂ ਵਿਚ ਚਿੱਤ ਜੋੜਦਾ ਹਾਂ।੧।

ਹੇ ਭਾਈ ! ਗੁਰੂ ਨੇ ਜਿੰਨ੍ਹਾਂ ਮਨੁੱਖਾਂ ਦੀ ਰੱਖਿਆ ਕੀਤੀ ਉਹ (ਮਾਇਆ ਦੇ ਮੋਹ ਦੇ ਪੰਜੇ ਤੋਂ) ਬਚ ਗਏ ਗੁਰੂ ਨੇ ਉਹਨਾਂ ਨੂੰ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਪਿਲਾ ਕੇ (ਬਚਾ ਲਿਆ)। ਹੇ ਭਾਈ ! ਉਹਨਾਂ ਦੇ ਅੰਦਰੋਂ ਹਉਮੈ ਦਾ ਦੁੱਖ ਦੂਰ ਹੋ ਗਿਆ, ਉਹਨਾਂ ਦੇ ਮਨ ਵਿਚ ਆਨੰਦ ਆ ਵੱਸਿਆ। ੨।

ਹੇ ਭਾਈ ! ਧੁਰ ਦਰਗਾਹ ਤੋਂ ਪਰਮਾਤਮਾ ਨੇ ਆਪ ਹੀ ਜਿੰਨ੍ਹਾਂ ਉਤੇ ਬਖ਼ਸ਼ਸ਼ ਕੀਤੀ, ਉਹਨਾਂ ਨੂੰ ਉਸ ਨੇ (ਗੁਰੂ ਦੇ) ਸ਼ਬਦ ਵਿਚ ਜੋੜ ਦਿੱਤਾ। ਹੇ ਭਾਈ ! ਉਹਨਾਂ ਦੀ ਚਰਨ-ਧੂੜ ਦੀ ਬਰਕਤਿ ਨਾਲ (ਮਾਇਆ ਤੋਂ) ਨਿਰਲੇਪ ਹੋ ਜਾਈਦਾ ਹੈ। (ਜਿੰਨ੍ਹਾਂ ਉਤੇ ਬਖ਼ਸ਼ਸ਼ ਕਰਦਾ ਹੈ ਉਹਨਾਂ ਨੂੰ) ਸਾਧ ਸੰਗਤਿ ਵਿਚ ਮੇਲ ਕੇ(ਆਪਣੇ ਚਰਨਾਂ ਵਿਚ) ਜੋੜ ਲੈਂਦਾ ਹੈ। ੩।

ਹੇ ਭਾਈ ! ਜਿਸ ਪਰਮਾਤਮਾ ਨੇ ਹਰੇਕ ਜੀਵ ਨੂੰ ਜਿੰਦ ਦਿੱਤੀ ਹੈ ਉਹ ਆਪ ਹੀ (ਜੀਵਾਂ ਪਾਸੋਂ ਸਭ ਕੁਝ) ਕਰਾਂਦਾ ਹੈ ਆਪ ਹੀ (ਸਭ ਵਿਚ ਵਿਆਪਕ ਹੋ ਕੇ ਸਭ ਕੁਝ) ਕਰਦਾ ਹੈ। ਹੇ ਨਾਨਕ ! (ਆਖ–) ਹੇ ਭਾਈ ! ਗੁਰੂ ਦੇ ਸ਼ਬਦ ਦੀ ਰਾਹੀਂ ਜਿਸ ਮਨੁੱਖ ਦਾ ਮਿਲਾਪ ਪਰਮਾਤਮਾ ਨਾਲ ਹੋ ਜਾਂਦਾ ਹੈ, ਉਸ ਦੇ ਮਨ ਵਿਚ ਉਸ

ਦੇ ਤਨ ਵਿਚ ਸਦਾ ਆਨੰਦ ਬਣਿਆ ਰਹਿੰਦਾ ਹੈ ।੪।੧।੧੮।੧੨।੧੮ ।੩੦।

ਵੇਰਵਾ—

ਮਹਲਾ ੧—੧੨

ਮਹਲਾ ੩—੧੮

———

ਜੋੜ—੩੦

ਰਾਗੁ ਬਸੰਤੁ ਮਹਲਾ ੪ ਘਰੁ ੧ ਇਕਤੁਕੇ

ੴ ਸਤਿਗੁਰ ਪ੍ਰਸਾਦਿ ॥ ਜਿਉ ਪਸਰੀ ਸੂਰਜ ਕਿਰਣਿ ਜੋਤਿ ॥ ਤਿਉ ਘਟਿ ਘਟਿ ਰਮਈਆ ਓਤਿ ਪੋਤਿ ॥ ੧ ॥ ਏਕੋ ਹਰਿ ਰਵਿਆ ਸ੍ਰਬ ਥਾਇ ॥ ਗੁਰ ਸਬਦੀ ਮਿਲੀਐ ਮੇਰੀ ਮਾਇ ॥ ੧ ॥ ਰਹਾਉ ॥ ਘਟ ਘਟ ਅੰਤਰਿ ਏਕੋ ਹਰਿ ਸੋਇ ॥ ਗੁਰਿ ਮਿਲਿਐ ਇਕੁ ਪ੍ਰਗਟੁ ਹੋਇ ॥ ੨ ॥ ਏਕੋ ਏਕੁ ਰਹਿਆ ਭਰਪੂਰਿ ॥ ਸਾਕਤ ਨਰ ਲੋਭੀ ਜਾਣਹਿ ਦੂਰਿ ॥ ੩ ॥ ਏਕੋ ਏਕੁ ਵਰਤੈ ਹਰਿ ਲੋਇ ॥ ਨਾਨਕ ਹਰਿ ਏਕੋੁ ਕਰੇ ਸੁ ਹੋਇ ॥ ੪ ॥ ੧ ॥

ਪਦ ਅਰਥ :—ਪਸਰੀ—ਖਿਲਰੀ ਹੋਈ। ਜੋਤਿ—ਚਾਨਣ । ਘਟਿ ਘਟਿ—ਹਰੇਕ ਸਰੀਰ ਵਿਚ। ਰਮਈਆ—ਸੋਹਣਾ ਰਾਮ। ਓਤਿ ਪੋਤਿ—[ਓਤ—ਉਣਿਆ ਹੋਇਆ। ਪ੍ਰੋਤ—ਪ੍ਰੋਤਾ ਹੋਇਆ] ਤਾਣੇ ਪੇਟੇ ਵਾਂਗ।੧।

ਰਵਿਆ—ਮੌਜੂਦ ਹੈ। ਸ੍ਰਬ—[ਸਰਵੰ]। ਸ੍ਰਬ ਥਾਇ—ਸਾਰੇ ਥਾਂ ਵਿਚ। ਸਬਦੀ—ਸ਼ਬਦ ਦੀ ਰਾਹੀਂ । ਮਿਲੀਐ—ਮਿਲਿਆ ਜਾ ਸਕਦਾ ਹੈ। ਮਾਇ—ਹੇ ਮਾਂ! ੧।ਰਹਾਉ।

ਘਟ—ਸਰੀਰ। ਘਟ ਘਟ ਅੰਤਰਿ—ਹਰੇਕ ਸਰੀਰ ਦੇ ਅੰਦਰ । ਏਕੋ—ਇਕ ਆਪ ਹੀ। ਗੁਰਿ ਮਿਲਿਐ—ਜੇ ਗੁਰੂ ਮਿਲ ਪਏ। ਪ੍ਰਗਟੁ ਹੋਇ—ਪਰਤੱਖ ਦਿੱਸ ਪੈਂਦਾ ਹੈ।੨।

ਸਾਕਤ—ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ । ਲੋਭੀ—ਲਾਲਚੀ । ਜਾਣਹਿ—ਜਾਣਦੇ ਹਨ, ਸਮਝਦੇ ਹਨ [ਬਹੁ ਵਚਨ]।੩।

ਲੋਇ—ਜਗਤ ਵਿਚ [ਅਧਿਕਰਣ ਕਾਰਕ, ਇਕ ਵਚਨ]। ਏਕੋੁ—[ਅੱਖਰ 'ਕ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ। ਅਸਲ ਲਫ਼ਜ਼ 'ਏਕੁ' ਹੈ, ਇੱਥੇ 'ਏਕੋ' ਪੜ੍ਹਨਾ ਹੈ]।

ਸੁ—ਉਹ ਕੁਝ । ੪ ।

ਅਰਥ :—ਹੇ ਮੇਰੀ ਮਾਂ ! (ਭਾਵੇਂ ਸਿਟਛ) ਇਕ ਪਰਮਾਤਮਾ ਹੀ ਸਭ ਥਾਈਂ ਮੌਜੂਦ ਹੈ, (ਫਿਰ ਭੀ) ਗੁਰੂ ਦੇ ਸ਼ਬਦ ਦੀ ਰਾਹੀਂ ਹੀ (ਉਸ ਨੂੰ) ਮਿਲਿਆ ਜਾ ਸਕਦਾ ਹੈ ।੧। ਰਹਾਉ ।

ਹੇ ਮੇਰੀ ਮਾਂ ! ਜਿਵੇਂ ਸੂਰਜ ਦੀ ਕਿਰਣ ਦਾ ਚਾਨਣ (ਸਾਰੇ ਜਗਤ ਵਿਚ) ਖਿਲਰਿਆ ਹੋਇਆ ਹੈ, ਤਿਵੇਂ ਸੋਹਣਾ ਰਾਮ ਤਾਣੇ ਪੇਟੇ ਵਾਂਗ ਹਰੇਕ ਸਰੀਰ ਵਿਚ ਮੌਜੂਦ ਹੈ ।੧।

ਹੇ ਮਾਂ ! ਉਹ ਇਕ ਪਰਮਾਤਮਾ ਹੀ ਹਰੇਕ ਸਰੀਰ ਦੇ ਅੰਦਰ ਵਿਆਪਕ ਹੈ । ਜੇ (ਜੀਵ ਨੂੰ) ਗੁਰੂ ਮਿਲ ਪਏ, ਤਾਂ ਉਹ ਪਰਮਾਤਮਾ ਪਰਤੱਖ ਦਿੱਸ ਪੈਂਦਾ ਹੈ ।੨।

ਹੇ ਮਾਂ ! ਇਕ ਪਰਮਾਤਮਾ ਹੀ ਹਰ ਥਾਂ ਜ਼ੱਰੇ ਜ਼ੱਰੇ ਵਿਚ ਵੱਸ ਰਿਹਾ ਹੈ । ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਮਾਇਆ ਦੇ ਲਾਲਚੀ ਮਨੁੱਖ ਸਮਝਦੇ ਹਨ ਕਿ ਉਹ ਕਿਤੇ ਦੂਰ ਵੱਸਦਾ ਹੈ ।੩।

ਹੇ ਨਾਨਕ ! ਇਕ ਪਰਮਾਤਮਾ ਹੀ ਸਾਰੇ ਜਗਤ ਵਿਚ ਵਰਤ ਰਿਹਾ ਹੈ । ਉਹ ਸਰਬ-ਵਿਆਪਕ ਪ੍ਰਭੂ ਹੀ ਜੋ ਕੁਝ ਕਰਦਾ ਹੈ ਉਹ ਹੁੰਦਾ ਹੈ ।੪।੧।

ਬਸੰਤੁ ਮਹਲਾ ੪ ॥ ਰੈਣਿ ਦਿਨਸੁ ਦੁਇ ਸਦੇ ਪਏ ॥ ਮਨ ਹਰਿ ਸਿਮਰਹੁ ਅੰਤਿ ਸਦਾ ਰਖਿ ਲਏ ॥ ੧ ॥ ਹਰਿ ਹਰਿ ਚੇਤਿ ਸਦਾ ਮਨ ਮੇਰੇ॥ ਸਭੁ ਆਲਸੁ ਦੂਖ ਭੰਜਿ ਪ੍ਰਭੁ ਪਾਇਆ ਗੁਰਮਤਿ ਗਾਵਹੁ ਗੁਣ ਪ੍ਰਭ ਕੇਰੇ ॥ ੧ ॥ ਰਹਾਉ ॥ ਮਨਮੁਖ ਫਿਰਿ ਫਿਰਿ ਹਉਮੈ ਮੁਏ ॥ ਕਾਲਿ ਦੈਤਿ ਸੰਘਾਰੇ ਜਮਪੁਰਿ ਗਏ ॥ ੨ ॥ ਗੁਰਮੁਖਿ ਹਰਿ ਹਰਿ ਹਰਿ ਲਿਵ ਲਾਗੇ ॥ ਜਨਮ ਮਰਣ ਦੋਊ ਦੁਖ ਭਾਗੇ ॥ ੩ ॥ ਭਗਤ ਜਨਾ ਕਉ ਹਰਿ ਕਿਰਪਾ ਧਾਰੀ॥ ਗੁਰੁ ਨਾਨਕੁ ਤੁਠਾ ਮਿਲਿਆ ਬਨਵਾਰੀ ॥ ੪ ॥ ੨ ॥

ਪਦ ਅਰਥ :—ਰੈਣਿ—ਰਾਤ । ਦੁਇ—ਦੋਵੇ । ਸਦੇ—ਸੱਦੇ [ਲਫ਼ਜ਼ 'ਸੱਦਾ' ਤੋਂ ਬਹੁ ਵਚਨ—ਮੌਤ ਦਾ ਸਨੇਹਾ] । ਸਦੇ ਪਏ—ਸੱਦੇ ਪਏ, ਮੌਤ ਦੇ ਸਨੇਹੇ ਮਿਲ ਰਹੇ ਹਨ । ਮਨ—ਹੇ ਮਨ ! ਅੰਤਿ—ਅੰਤ ਨੂੰ, ਆਖ਼ਰ ਨੂੰ, ਅੰਤ ਵੇਲੇ । ਰਖਿ ਲੀਏ—ਰੱਖਿਆ ਕਰਦਾ ਹੈ ।੧।

ਚੇਤਿ—ਚੇਤੇ ਕਰ । ਸਭੁ—ਸਾਰਾ । ਦੂਖ—ਸਾਰੇ ਦੁੱਖ । ਭੰਜਿ—ਨਾਸ ਕਰ ਕੇ । ਗੁਰਮਤਿ—ਗੁਰੂ ਦੀ ਮਤਿ ਲੈ ਕੇ । ਕੇਰੇ—ਦੇ ।੧। ਰਹਾਉ ।

ਮਨਮੁਖ–ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ । ਮੁਏ–ਆਤਮਕ ਮੌਤ ਸਹੇੜਦੇ ਹਨ । ਕਾਲਿ–ਕਾਲ ਨੇ । ਦੈਤਿ–ਦੈਂਤ ਨੇ । ਸੰਘਾਰੇ–ਮਾਰ ਦਿੱਤੇ । ਜਮਪੁਰਿ–ਜਮ ਦੀ ਪੁਰੀ ਵਿਚ । ੨ ।

ਗੁਰਮੁਖਿ–ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ । ਲਿਵ–ਲਗਨ । ਭਾਗੇ–ਦੂਰ ਹੋ ਜਾਂਦੇ ਹਨ । ੩ ।

ਕਉ–ਨੂੰ । ਤੁਠਾ–ਦਇਆਵਾਨ ਹੋਇਆ । ਬਨਵਾਰੀ–ਪਰਮਾਤਮਾ । ੪ ।

ਅਰਥ :–ਹੇ ਮੇਰੇ ਮਨ ! ਸਦਾ ਪਰਮਾਤਮਾ ਨੂੰ ਯਾਦ ਕਰਿਆ ਕਰ, ਗੁਰੂ ਦੀ ਮਤਿ ਲੈ ਕੇ ਪਰਮਾਤਮਾ ਦੇ ਗੁਣ ਗਾਇਆ ਕਰ। (ਜਿਸ ਮਨੁੱਖ ਨੇ ਇਹ ਉੱਦਮ ਕੀਤਾ, ਉਸ ਨੇ) ਸਾਰਾ ਆਲਸ ਦੂਰ ਕਰ ਕੇ ਆਪਣੇ ਸਾਰੇ ਦੁੱਖ ਨਾਸ ਕਰ ਕੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲਿਆ । ੧ । ਰਹਾਉ ।

ਹੇ ਮੇਰੇ ਮਨ ! ਰਾਤ ਅਤੇ ਦਿਨ ਦੋਵੇ ਮੌਤ ਦਾ ਸੌਦਾ ਦੇ ਰਹੇ ਹਨ (ਕਿ ਉਮਰ ਬੀਤ ਰਹੀ ਹੈ, ਤੇ, ਮੌਤ ਨੇੜੇ ਆ ਰਹੀ ਹੈ) । ਹੇ ਮਨ! ਪਰਮਾਤਮਾ ਦਾ ਨਾਮ ਸਿਮਰਿਆ ਕਰ, ਹਰਿ-ਨਾਮ ਹੀ ਅੰਤ ਵੇਲੇ ਸਦਾ ਰੱਖਿਆ ਕਰਦਾ ਹੈ । ੧ ।

ਹੇ ਭਾਈ ! ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਮੁੜ ਮੁੜ ਹਉਮੈ ਦੇ ਕਾਰਨ ਆਤਮਕ ਮੌਤ ਸਹੇੜਦੇ ਰਹਿੰਦੇ ਹਨ । ਜਦੋਂ ਕਾਲ ਦੈਂਤ ਨੇ ਉਹਨਾਂ ਨੂੰ ਮਾਰ ਮੁਕਾਇਆ, ਤਦੋਂ ਜਮਾਂ ਦੇ ਵੱਸ ਪੈ ਗਏ । ੨ ।

ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖਾਂ ਦੇ ਅੰਦਰ ਪਰਮਾਤਮਾ ਦੇ ਨਾਮ ਦੀ ਲਗਨ ਲੱਗਦੀ ਹੈ (ਜਿਸ ਦੀ ਬਰਕਤਿ ਨਾਲ) ਜੰਮਣ ਤੇ ਮਰਨ ਦੇ ਉਹਨਾਂ ਦੇ ਦੋਵੇ ਦੁੱਖ ਦੂਰ ਹੋ ਜਾਂਦੇ ਹਨ । ੩ ।

ਹੇ ਭਾਈ ! ਆਪਣੇ ਭਗਤਾਂ ਉਤੇ ਪਰਮਾਤਮਾ ਆਪ ਮਿਹਰ ਕਰਦਾ ਹੈ (ਉਹਨਾਂ ਨੂੰ ਗੁਰੂ ਮਿਲਾਂਦਾ ਹੈ) । ਹੇ ਭਾਈ ! ਜਿਸ ਮਨੁੱਖ ਉੱਤੇ ਗੁਰੂ ਨਾਨਕ ਦਇਆਵਾਨ ਹੋਇਆ, ਉਸ ਨੂੰ ਪਰਮਾਤਮਾ ਮਿਲ ਪਿਆ । ੪ । ੨ ।

ਬਸੰਤੁ ਹਿੰਡੋਲ ਮਹਲਾ ੪ ਘਰੁ ੨

੧ ੳ ਸਤਿਗੁਰ ਪ੍ਰਸਾਦਿ ॥ ਰਾਮਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥ ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥ ੧ ॥ ਮਾਧੋ ਸਾਧੂ ਜਨ ਦੇਹੁ ਮਿਲਾਇ ॥ ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥ ੧ ॥ ਰਹਾਉ ॥ ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮਨਾਮ ਧਨੁ ਹਿਰਿਆ॥ ਗੁਰਮਤਿ ਖੋਜ ਪਰੇ ਤਬ ਪਕਰੇ

ਧਨੁ ਸਾਬਤੁ ਰਾਸਿ ਉਬਰਿਆ ॥ ੨ ॥ ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥ ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥ ੩ ॥ ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੂ ਮਿਲਾਵੈ ॥ ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥ ੪ ॥ ੧ ॥ ੩ ॥

ਪਦ ਅਰਥ :–ਰਤਨ–ਸ੍ਰੇਸ਼ਟ ਆਤਮਕ ਗੁਣ। ਕੋਠੜੀ–ਸੋਹਣਾ ਜਿਹਾ ਕੋਠਾ, ਸੋਹਣਾ ਜਿਹਾ ਖ਼ਜ਼ਾਨਾ। ਰਤਨ ਕੋਠੜੀ–ਸ੍ਰੇਸ਼ਟ ਆਤਮਕ ਗੁਣਾਂ ਦਾ ਸੋਹਣਾ ਜਿਹਾ ਖ਼ਜ਼ਾਨਾ। ਗੜ–ਕਿਲ੍ਹਾ। ਮੰਦਰਿ–ਮੰਦਰ ਵਿਚ । ਗੜ ਮੰਦਰਿ–ਸਰੀਰ-ਕਿਲ੍ਹੇ ਵਿਚ, ਸਰੀਰ-ਮੰਦਰ ਵਿਚ । ਲੁਕਾਨੀ–ਗੁਪਤ ਹੈ । ਖੋਜੀਐ–ਖੋਜ ਕੀਤੀ ਜਾ ਸਕਦੀ ਹੈ, ਭਾਲੀ ਜਾ ਸਕਦੀ ਹੈ। ਮਿਲਿ–(ਗੁਰੂ ਨੂੰ) ਮਿਲ ਕੇ । ਜੋਤੀ–ਪ੍ਰਭੂ ਦੀ ਜੋਤਿ ਵਿਚ ।੧।

ਮਾਧੋ–ਹੇ ਮਾਇਆ ਦੇ ਖਸਮ ! ਹੇ ਪ੍ਰਭੂ ! ਸਾਧੂ–ਗੁਰੂ। ਸਭਿ–ਸਾਰੇ। ਨਾਸਹਿ–ਦੂਰ ਹੋ ਜਾਂਦੇ ਹਨ। ਪਰਮ ਪਦੁ–ਸਭ ਤੋਂ ਉੱਚਾ ਆਤਮਕ ਦਰਜਾ। ਪਾਇ–ਪ੍ਰਾਪਤ ਕਰ ਲੈਂਦਾ ਹੈ। ੧। ਰਹਾਉ ।

ਪੰਚ ਚੋਰ–ਕਾਮਾਦਿਕ ਪੰਜ ਚੋਰ। ਲਾਗੇ–ਲੱਗੇ ਹੋਏ ਹਨ, ਸੰਨ੍ਹ ਲਾ ਰਹੇ ਹਨ। ਹਿਰਿਆ–ਚੁਰਾ ਲਿਆ ਹੈ। ਖੋਜ–ਖੁਰਾ, ਨਿਸ਼ਾਨ। ਪਕਰੇ–ਫੜੇ ਜਾਂਦੇ ਹਨ। ਉਬਰਿਆ–ਬਚ ਜਾਂਦਾ ਹੈ । ੨ ।

ਉਪਾਵ–[ਲਫ਼ਜ਼ 'ਉਪਾਉ' ਤੋਂ ਬਹੁ ਵਚਨ] ਹੀਲੇ । ਰਿਦ–ਹਿਰਦਾ। ਪੁਰਖ ਪਤਿ–ਸਭ ਮਨੁੱਖਾਂ ਦਾ ਪਤੀ, ਸਭ ਮਨੁੱਖਾਂ ਨਾਲੋਂ ਸ੍ਰੇਸ਼ਟ । ਅਗਿਆਨ–ਆਤਮਕ ਜੀਵਨ ਵਲੋਂ ਬੇ-ਸਮਝੀ। ੩।

ਜਗੰਨਾਥ–ਜਗਤ ਦਾ ਨਾਥ। ਜਗਦੀਸ–ਜਗਤ ਦਾ ਈਸ਼੍ਵਰ। ਗੁਸਾਈ–ਧਰਤੀ ਦਾ ਖਸਮ। ਸਾਧੁ–ਗੁਰੂ। ਅੰਤਰਿ–ਅੰਦਰ, ਵਿਚ। ਹਿਰਦੈ–ਹਿਰਦੇ ਵਿਚ। ਗਾਵੈ–ਗਾਂਦਾ ਹੈ। ੪।

ਅਰਥ :–ਹੇ ਮਾਇਆ ਦੇ ਖਸਮ ਪ੍ਰਭੂ ! (ਮੈਨੂੰ) ਦਾਸ ਨੂੰ ਗੁਰੂ ਮਿਲਾ ਦੇ। ਗੁਰੂ ਦਾ ਦਰਸਨ ਕਰਦਿਆਂ ਸਾਰੇ ਪਾਪ ਨਾਸ ਹੋ ਜਾਂਦੇ ਹਨ। (ਜਿਹੜਾ ਮਨੁੱਖ ਗੁਰੂ ਦਾ ਦਰਸਨ ਕਰਦਾ ਹੈ, ਉਹ) ਪਵਿੱਤਰ ਅਤੇ ਸਭ ਤੋਂ ਉੱਚਾ ਆਤਮਕ ਦਰਜਾ ਹਾਸਲ ਕਰ ਲੈਂਦਾ ਹੈ। ੧। ਰਹਾਉ।

ਹੇ ਭਾਈ ! ਪਰਮਾਤਮਾ ਦਾ ਨਾਮ ਸ੍ਰੇਸ਼ਟ ਆਤਮਕ ਗੁਣਾਂ ਦਾ ਸੋਹਣਾ ਜਿਹਾ

ਖ਼ਜ਼ਾਨਾ ਹੈ, ਇਹ ਖ਼ਜ਼ਾਨਾ ਸਰੀਰ-ਕਿਲ੍ਹੇ ਵਿਚ ਸਰੀਰ-ਮੰਦਰ ਵਿਚ ਗੁਪਤ ਪਿਆ ਰਹਿੰਦਾ ਹੈ। ਜਦੋਂ (ਮਨੁੱਖ ਨੂੰ) ਗੁਰੂ ਮਿਲਦਾ ਹੈ ਤਦੋਂ (ਉਸ ਖ਼ਜ਼ਾਨੇ ਦੀ) ਭਾਲ ਕੀਤੀ ਜਾ ਸਕਦੀ ਹੈ। (ਗੁਰੂ ਨੂੰ) ਮਿਲ ਕੇ ਮਨੁੱਖ ਦੀ ਜਿੰਦ ਪਰਮਾਤਮਾ ਦੀ ਜੋਤਿ ਵਿਚ ਲੀਨ ਹੋ ਜਾਂਦੀ ਹੈ। ੧।

ਹੇ ਭਾਈ! (ਮਨੁੱਖ ਦੇ ਇਸ ਸਰੀਰ-) ਨਗਰ ਵਿਚ (ਕਾਮਾਦਿਕ) ਪੰਜ ਚੋਰ ਮਿਲ ਕੇ ਸੰਨ੍ਹ ਲਾਈ ਰੱਖਦੇ ਹਨ, ਅਤੇ (ਮਨੁੱਖ ਦੇ ਅੰਦਰੋਂ) ਪਰਮਾਤਮਾ ਦਾ ਨਾਮ-ਧਨ ਚੁਰਾ ਲੈਂਦੇ ਹਨ। ਜਦੋਂ ਕੋਈ ਮਨੁੱਖ ਗੁਰੂ ਦੀ ਮਤਿ ਲੈ ਕੇ ਇਹਨਾਂ ਦਾ ਖੁਰਾ ਨਿਸ਼ਾਨ ਲੱਭਦਾ ਹੈ ਤਦੋਂ (ਇਹ ਚੋਰ) ਫੜੇ ਜਾਂਦੇ ਹਨ, ਅਤੇ ਉਸ ਮਨੁੱਖ ਦਾ ਨਾਮ-ਧਨ ਨਾਮ-ਸਰਮਾਇਆ ਸਾਰੇ ਦਾ ਸਾਰਾ ਬਚ ਜਾਂਦਾ ਹੈ। ੨।

ਹੇ ਭਾਈ! ਧਰਮ ਦੇ ਵਿਖਾਵੇ ਵਾਲੇ ਅਤੇ ਭਰਮਾਂ-ਵਹਿਮਾਂ ਵਾਲੇ ਹੀਲੇ ਕਰ ਕੇ (ਮਨੁੱਖ) ਥੱਕ ਜਾਂਦੇ ਹਨ ਉਹਨਾਂ ਦੇ ਹਿਰਦੇ ਵਿਚ ਸਦਾ ਮਾਇਆ (ਦੀ ਤ੍ਰਿਸ਼ਨਾ ਹੀ ਟਿਕੀ ਰਹਿੰਦੀ ਹੈ)। ਪਰ ਜਿਸ ਮਨੁੱਖ ਨੂੰ ਸ੍ਰੇਸ਼ਟ ਪੁਰਖ ਗੁਰੂ ਮਿਲ ਪੈਂਦਾ ਹੈ, ਉਹ ਮਨੁੱਖ ਆਪਣੇ ਅੰਦਰੋਂ ਆਤਮਕ ਜੀਵਨ ਵੱਲੋਂ ਬੇ-ਸਮਝੀ ਦਾ ਹਨੇਰਾ ਦੂਰ ਕਰ ਲੈਂਦਾ ਹੈ। ੩।

ਹੇ ਨਾਨਕ! ਜਗਤ ਦਾ ਨਾਥ, ਜਗਤ ਦਾ ਮਾਲਕ, ਜਗਤ ਦਾ ਖਸਮ ਮਿਹਰ ਕਰ ਕੇ ਜਿਸ ਮਨੁੱਖ ਨੂੰ ਗੁਰੂ ਮਿਲਾਂਦਾ ਹੈ, ਉਸ ਮਨੁੱਖ ਦੇ ਮਨ ਵਿਚ ਆਤਮਕ ਅਡੋਲਤਾ ਬਣੀ ਰਹਿੰਦੀ ਹੈ, ਉਹ ਮਨੁੱਖ ਆਪਣੇ ਹਿਰਦੇ ਵਿਚ ਸਦਾ ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ। ੪। ੧। ੩।

ਨੋਟ :—ਸਿਰ ਲੇਖ ਅਨੁਸਾਰ ਇਹ ਸ਼ਬਦ ਬਸੰਤ ਅਤੇ ਹਿੰਡੋਲ ਦੋਹਾਂ ਮਿਲਵੇਂ ਰਾਗਾਂ ਵਿਚ ਗਾਏ ਜਾਣੇ ਹਨ।

ਬਸੰਤੁ ਮਹਲਾ ੪ ਹਿੰਡੋਲ ॥ ਤੁਮ੍ ਵਡ ਪੁਰਖ ਵਡ ਅਗਮ ਗੁਸਾਈ ਹਮ ਕੀਰੇ ਕਿਰਮ ਤੁਮਨਛੇ ॥ ਹਰਿ ਦੀਨ ਦਇਆਲ ਕਰਹੁ ਪ੍ਰਭ ਕਿਰਪਾ ਗੁਰ ਸਤਿਗੁਰ ਚਰਣ ਹਮ ਬਨਛੇ ॥੧॥ ਗੋਬਿੰਦ ਜੀਉ ਸਤ ਸੰਗਤਿ ਮੇਲਿ ਕਰਿ ਕ੍ਰਿਪਛੇ ॥ ਜਨਮ ਜਨਮ ਕੇ ਕਿਲਵਿਖ ਮਲੁ ਭਰਿਆ ਮਿਲਿ ਸੰਗਤਿ ਕਰਿ ਪ੍ਰਭ ਹਨਛੇ ॥ ੧ ॥ ਰਹਾਉ ॥ ਤੁਮਰਾ ਜਨੁ ਜਾਤਿ ਅਵਿਜਾਤਾ ਹਰਿ ਜਪਿਓ ਪਤਿਤ ਪਵੀਛੇ ॥ ਹਰਿ ਕੀਓ ਸਗਲ ਭਵਨ ਤੇ ਊਪਰਿ ਹਰਿ ਸੋਭਾ ਹਰਿ ਪ੍ਰਭ ਦਿਨਛੇ ॥ ੨ ॥ ਜਾਤਿ ਅਜਾਤਿ ਕੋਈ ਪ੍ਰਭੁ ਧਿਆਵੈ ਸਭਿ ਪੂਰੇ ਮਾਨਸ ਤਿਨਛੇ ॥ ਸੇ ਧੰਨਿ ਵਡੇ ਵਡ ਪੂਰੇ ਹਰਿ ਜਨ ਜਿਨ ਹਰਿ ਧਾਰਿਓ ਹਰਿ ਉਰਛੇ ॥ ੩ ॥ ਹਮ ਢੀਂਢੇ ਢੀਮ ਬਹੁਤੁ ਅਤਿ ਭਾਰੀ ਹਰਿ ਧਾਰਿ

ਕ੍ਰਿਪਾ ਪ੍ਰਭ ਮਿਲਛੇ ॥ ਜਨ ਨਾਨਕ ਗੁਰੁ ਪਾਇਆ ਹਰਿ ਤੂਠੇ ਹਮ ਕੀਏ ਪਤਿਤ ਪਵੀਛੇ ॥ ੪ ॥ ੨ ॥ ੪ ॥

ਪਦ ਅਰਥ :–ਪੁਰਖ–ਸਰਬ-ਵਿਆਪਕ । ਅਗਮ–ਅਪਹੁੰਚ । ਗੁਸਾਈ–ਧਰਤੀ ਦਾ ਖਸਮ । ਕੀਰੇ–ਕੀੜੇ। ਕਿਰਮ–ਨਿੱਕੇ ਨਿੱਕੇ ਕੀੜੇ । ਤੁਮਨਛੇ–ਤੇਰੇ(ਪੈਦਾ ਕੀਤੇ ਹੋਏ)। ਦੀਨ ਦਇਆਲ–ਹੇ ਦੀਨਾਂ ਉਤੇ ਦਇਆ ਕਰਨ ਵਾਲੇ ! ਬਨਛੇ–ਬਾਂਛੇ, ਲੋਚਦੇ ਹਾਂ ।੧।

ਮੇਲਿ–ਮਿਲਾ । ਕ੍ਰਿਪਛੇ–ਕਿਰਪਾ । ਕਿਲਵਿਖ–ਪਾਪ । ਮਿਲਿ–ਮੇਲਿ, ਮਿਲਾ ਕੇ [ਸਾਧਾਰਨ ਤੌਰ ਤੇ 'ਮਿਲਿ' ਦਾ ਅਰਥ ਹੈ 'ਮਿਲ ਕੇ'] । ਹਨਛੇ–ਹੱਛੇ, ਪਵਿੱਤਰ ਜੀਵਨ ਵਾਲੇ । ੧ । ਰਹਾਉ ।

ਜਾਤਿ ਅਜਾਤਾ–ਉੱਚੀ ਜਾਤਿ ਦਾ ਚਾਹੇ ਨੀਵੀਂ ਜਾਤਿ ਦਾ । ਪਤਿਤ–ਵਿਕਾਰਾਂ ਵਿਚ ਡਿੱਗਾ ਹੋਇਆ । ਪਵੀਛੇ–ਪਵਿੱਤਰ । ਪਤਿਤ ਪਵੀਛੇ–ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ । ਤੇ–ਤੋਂ । ਸਗਲ ਭਵਨ ਤੇ–ਸਾਰੇ ਭਵਨਾਂ ਤੋਂ । ਊਪਰਿ–ਉੱਚਾ । ਦਿਨਛੇ –ਦਿੱਤੀ । ਸੋਭਾ–ਵਡਿਆਈ । ੨ ।

ਅਜਾਤਿ–ਨੀਵੀਂ ਜਾਤਿ । ਸਭਿ ਮਾਨਸ–ਸਾਰੇ ਮਨੋਰਥ । ਤਿਨਛੇ–ਉਹਨਾਂ ਦੇ । ਪੂਰੇ–ਪੂਰਨ ਕਰਦਾ ਹੈ । ਸੇ–ਉਹ [ਬਹੁ ਵਚਨ] । ਧੰਨਿ–ਭਾਗਾਂ ਵਾਲੇ । ਪੂਟੇ–ਗੁਣਾਂ ਨਾਲ ਪੂਰਨ । ਉਰਛੇ–ਹਿਰਦੇ ਵਿਚ । ੩ ।

ਢੀਂਢ–ਨੀਚ । ਢੀਮ–ਮਿੱਟੀ ਦਾ ਢੇਲਾ । ਮਿਲਛੇ–ਮਿਲ । ਪ੍ਰਭ–ਹੇ ਪ੍ਰਭੂ ! ਤੂਠੇ –ਦਇਆਵਾਨ ਹੋਏ । ੪ ।

ਅਰਥ :–ਹੇ ਗੋਬਿੰਦ ਜੀ ! (ਮੇਰੇ ਉਤੇ) ਮਿਹਰ ਕਰ (ਮੈਨੂੰ ਸਾਧ-) ਸੰਗਤਿ ਵਿਚ ਮਿਲਾ । ਮੈਂ ਅਨੇਕਾਂ ਜਨਮਾਂ ਦੇ ਪਾਪਾਂ ਦੀ ਮੈਲ ਨਾਲ ਲਿੱਬੜਿਆ ਹੋਇਆ ਹਾਂ । ਹੇ ਪ੍ਰਭੂ ! (ਮੈਨੂੰ ਸਾਧ-) ਸੰਗਤਿ ਵਿਚ ਮਿਲਾ ਕੇ ਸੁੱਚੇ ਜੀਵਨ ਵਾਲਾ ਬਣਾ । ੧ । ਰਹਾਉ।

ਹੇ ਪ੍ਰਭੂ ! ਤੂੰ ਅਪਹੁੰਚ ਹੈਂ, ਤੂੰ ਜਗਤ ਦਾ ਮਾਲਕ ਹੈਂ, ਤੂੰ ਸਭ ਤੋਂ ਵੱਡਾ ਪੁਰਖ ਹੈਂ, ਅਸੀ ਤੇਰੇ ਪੈਦਾ ਕੀਤੇ ਹੋਏ ਤੁੱਛ ਜਿਹੇ ਜੀਵ ਹਾਂ । ਹੇ ਦੀਨਾਂ ਉੱਤੇ ਦਇਆ ਕਰਨ ਵਾਲੇ ਹਰੀ ! ਹੇ ਪ੍ਰਭੂ ! (ਮੇਰੇ ਉੱਤੇ) ਮਿਹਰ ਕਰ (ਮੈਨੂੰ ਗੁਰੂ ਮਿਲਾ) ਮੈਂ ਗੁਰੂ ਸਤਿ-ਗੁਰੂ ਦੇ ਚਰਨਾਂ (ਦੀ ਧੂੜ) ਦੀ ਤਾਂਘ ਰੱਖਦਾ ਹਾਂ । ੧ ।

ਹੇ ਹਰੀ! ਤੇਰਾ ਸੇਵਕ ਉੱਚੀ ਜਾਤਿ ਦਾ ਹੋਵੇ ਚਾਹੇ ਨੀਵੀਂ ਜਾਤਿ ਦਾ,ਵਿਕਾਰੀਆਂ ਤੋਂ ਪਵਿੱਤਰ ਕਰਨ ਵਾਲਾ ਤੇਰਾ ਨਾਮ ਜਿਸ ਨੇ ਭੀ ਜਪਿਆ ਹੈ, ਹੇ ਹਰੀ ! ਤੂੰ ਉਸ ਨੂੰ ਸਾਰੇ ਜਗਤ ਦੇ ਜੀਵਾਂ ਤੋਂ ਉੱਚਾ ਕਰ ਦਿੱਤਾ । ਹੇ ਪ੍ਰਭੂ ! ਤੂੰ ਉਸ ਨੂੰ (ਲੋਕ ਪਰਲੋਕ ਦੀ) ਵਡਿਆਈ ਬਖ਼ਸ਼ ਦਿੱਤੀ । ੨ ।

ਹੇ ਭਾਈ ! ਉੱਚੀ ਜਾਤਿ ਦਾ ਹੋਵੇ ਚਾਹੇ ਨੀਵੀਂ ਜਾਤਿ ਦਾ, ਜਿਹੜਾ ਜਿਹੜਾ ਭੀ ਮਨੁੱਖ ਪ੍ਰਭੂ ਦਾ ਨਾਮ ਸਿਮਰਦਾ ਹੈ, ਉਹਨਾਂ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ। ਹੇ ਭਾਈ ! ਪ੍ਰਭੂ ਦੇ ਜਿਨ੍ਹਾਂ ਸੇਵਕਾਂ ਨੇ ਹਰੀ-ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ, ਉਹ ਭਾਗਾਂ ਵਾਲੇ ਹਨ, ਉਹ ਸਭਨਾਂ ਤੋਂ ਵੱਡੇ ਹਨ, ਉਹ ਪੂਰਨ ਪੁਰਖ ਹਨ। ੩।

ਹੇ ਹਰੀ ! ਅਸੀ ਜੀਵ ਨੀਚ ਹਾਂ, ਅਸੀ ਮੂਰਖ ਹਾਂ, ਅਸੀ ਪਾਪਾਂ ਦੇ ਭਾਰ ਨਾਲ ਦੱਬੇ ਪਏ ਹਾਂ। ਹੇ ਹਰੀ ! ਮਿਹਰ ਕਰ, ਸਾਨੂੰ ਮਿਲ। ਹੇ ਦਾਸ ਨਾਨਕ ! (ਆਖ−) ਪ੍ਰਭੂ ਦਇਆਵਾਨ ਹੋਇਆ, ਸਾਨੂੰ ਗੁਰੂ ਮਿਲ ਪਿਆ, (ਗੁਰੂ ਨੇ) ਸਾਨੂੰ ਵਿਕਾਰੀਆਂ ਤੋਂ ਪਵਿੱਤਰ ਬਣਾ ਦਿੱਤਾ। ੪। ੨। ੪।

ਬਸੰਤੁ ਹਿੰਡੋਲ ਮਹਲਾ ੪ ॥ ਮੇਰਾ ਇਕੁ ਖਿਨੁ ਮਨੂਆ ਰਹਿ ਨ ਸਕੈ ਨਿਤ ਹਰਿ ਹਰਿ ਨਾਮ ਰਸਿ ਗੀਧੇ ॥ ਜਿਉ ਬਾਰਿਕੁ ਰਸਕਿ ਪਰਿਓ ਥਨਿ ਮਾਤਾ ਥਨਿ ਕਾਢੇ ਬਿਲਲ ਬਿਲੀਧੇ ॥ ੧ ॥ ਗੋਬਿੰਦ ਜੀਉ ਮੇਰੇ ਮਨ ਤਨ ਨਾਮ ਹਰਿ ਬੀਧੇ ॥ ਵਡੈ ਭਾਗਿ ਗੁਰੁ ਸਤਿਗੁਰੁ ਪਾਇਆ ਵਿਚਿ ਕਾਇਆ ਨਗਰ ਹਰਿ ਸੀਧੇ ॥ ੧ ॥ ਰਹਾਉ ॥ ਜਨ ਕੇ ਸਾਸ ਸਾਸ ਹੈ ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥ ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ ਬਿਨੁ ਜਲ ਦੇਖੇ ਸੁਕਲੀਧੇ ॥ ੨ ॥ ਜਨ ਜਪਿਓ ਨਾਮੁ ਨਿਰੰਜਨੁ ਨਰਹਰਿ ਉਪਦੇਸਿ ਗੁਰੂ ਹਰਿ ਪ੍ਰੀਧੇ॥ਜਨਮ ਜਨਮ ਕੀ ਹਉਮੈ ਮਲੁ ਨਿਕਸੀ ਹਰਿ ਅੰਮ੍ਰਿਤਿ ਹਰਿ ਜਲਿ ਨੀਧੇ ॥ ੩ ॥ ਹਮਰੇ ਕਰਮ ਨ ਬਿਚਰਹੁ ਠਾਕੁਰ ਤੁਮ੍ ਪੈਜ ਰਖਹੁ ਅਪਨੀਧੇ ॥ ਹਰਿ ਭਾਵੈ ਸੁਣਿ ਬਿਨਉ ਬੇਨਤੀ ਜਨ ਨਾਨਕ ਸਰਣਿ ਪਵੀਧੇ ॥ ੪ ॥ ੩ ॥ ੫ ॥

ਪਦ ਅਰਥ :−ਮਨੂਆ−ਅੰਞਾਣਾ ਮਨ। ਰਹਿ ਨ ਸਕੈ−ਧੀਰਜ ਨਹੀਂ ਕਰ ਸਕਦਾ। ਨਾਮ ਰਸਿ−ਨਾਮ ਦੇ ਸੁਆਦ ਵਿਚ। ਗੀਧੇ−ਗਿੱਝ ਗਿਆ ਹੈ। ਬਾਰਿਕੁ−ਛੋਟਾ ਬਾਲ। ਰਸਕਿ−ਸੁਆਦ ਨਾਲ। ਥਨਿ ਮਾਤਾ−ਮਾਂ ਦੇ ਥਣ ਉੱਤੇ। ਥਨਿ ਕਾਢੇ−ਜੇ ਥਣ (ਉਸ ਦੇ ਮੂੰਹ ਵਿਚੋਂ) ਕੱਢ ਲਿਆ ਜਾਏ। ਬਿਲਲ ਬਿਲੀਧੇ−ਵਿਲਕਣ ਲੱਗ ਪੈਂਦਾ ਹੈ। ੧।

ਗੋਬਿੰਦ ਜੀਉ−ਹੇ ਗੋਬਿੰਦ ਜੀ ! [ਸੰਬੋਧਨ]। ਬੀਧੇ−ਵਿੱਝ ਗਏ ਹਨ। ਵਡੈ ਭਾਗਿ−ਵੱਡੀ ਕਿਸਮਤ ਨਾਲ। ਸੀਧੇ−ਸਿੱਧ ਹੋ ਗਿਆ ਹੈ, ਲੱਭ ਪਿਆ ਹੈ। ੧। ਰਹਾਉ।

ਜੇਤੇ−ਜਿਤਨੇ ਭੀ। ਹੈ−ਹੈਂ [ਬਹੁ ਵਚਨ]। ਸਾਸ ਸਾਸ−ਸਾਰੇ ਸਾਹ। ਬਿਰਹਿ−

ਬਿਰਹੋਂ ਵਿਚ, ਪਿਆਰ-ਭਰੇ ਵਿਛੋੜੇ ਵਿਚ। ਬੀਧੇ—ਵਿੱਝੇ ਹੋਏ ਹਨ। ਸੁਕਲੀਧੇ—ਸੁੱਕ ਜਾਂਦਾ ਹੈ। ੨।

ਨਿਰੰਜਨੁ—[ਨਿਰ-ਅੰਜਨੁ। ਅੰਜਨੁ—ਮਾਇਆ ਦੇ ਮੋਹ ਦੀ ਕਾਲਖ] ਪਵਿੱਤਰ। ਨਰਹਰਿ—ਪਰਮਾਤਮਾ। ਉਪਦੇਸਿ ਗੁਰੁ—ਗੁਰੂ ਨੇ ਆਪਣੇ ਉਪਦੇਸ਼ ਨਾਲ। ਪ੍ਰੀਧੇ—ਪ੍ਰੋਸ ਰੱਖਿਆ, ਸਾਹਮਣੇ ਵਿਖਾ ਦਿੱਤਾ। ਨਿਕਸੀ—ਨਿਕਲ ਗਈ, ਦੂਰ ਹੋ ਗਈ। ਜਲਿ—ਜਲ ਨਾਲ। ਅੰਮ੍ਰਿਤਿ ਜਲਿ—ਆਤਮਕ ਜੀਵਨ ਦੇਣ ਵਾਲੇ ਨਾਮ-ਜਲ ਨਾਲ। ਨੀਧੇ—ਨ੍ਹਾਤੇ, ਆਤਮਕ ਇਸ਼ਨਾਨ ਕੀਤਾ। ੩।

ਹਮਰੇ—ਅਸਾਂ ਜੀਵਾਂ ਦੇ। ਠਾਕੁਰ—ਹੇ ਠਾਕੁਰ! ਬਿਚਰਹੁ—ਵਿਚਾਰੋ। ਪੈਜ—ਇੱਜ਼ਤ, ਲਾਜ। ਅਪਨੀਧੇ—ਆਪਣੇ ਦਾਸ ਦੀ। ਹਰਿ—ਹੇ ਹਰੀ! ਭਾਵੈ—ਜੇ ਤੈਨੂੰ ਚੰਗਾ ਲੱਗੇ। ਬਿਨਉ—[ਵਿਨਯ] ਬੇਨਤੀ, ਅਰਜ਼ੋਈ। ਪਵੀਧੇ—ਪਿਆ ਹੈ। ੪।

ਅਰਥ :—ਹੇ ਗੋਬਿੰਦ ਜੀ! ਹੇ ਹਰੀ! (ਗੁਰੂ ਦੀ ਮਿਹਰ ਨਾਲ) ਮੇਰਾ ਮਨ ਮੇਰਾ ਤਨ ਤੇਰੇ ਨਾਮ ਵਿਚ ਵਿੱਝ ਗਏ ਹਨ। ਹੇ ਭਾਈ! ਵੱਡੀ ਕਿਸਮਤ ਨਾਲ ਮੈਨੂੰ ਗੁਰੂ ਸਤਿਗੁਰੂ ਮਿਲ ਪਿਆ ਹੈ। (ਗੁਰੂ ਦੀ ਕਿਰਪਾ ਨਾਲ ਹੁਣ ਮੈਂ) ਆਪਣੇ ਸਰੀਰ-ਨਗਰ ਵਿਚ ਹੀ ਪਰਮਾਤਮਾ ਨੂੰ ਲੱਭ ਲਿਆ ਹੈ। ੧। ਰਹਾਉ।

ਹੇ ਭਾਈ! (ਜਦੋਂ ਤੋਂ ਮੈਨੂੰ ਗੁਰੂ ਮਿਲਿਆ ਹੈ, ਤਦੋਂ ਤੋਂ) ਮੇਰਾ ਮਨ ਸਦਾ ਪਰਮਾਤਮਾ ਦੇ ਨਾਮ ਦੇ ਸੁਆਦ ਵਿਚ ਮਸਤ ਰਹਿੰਦਾ ਹੈ, ਹੁਣ ਇਹ ਮਨ ਇਕ ਖਿਨ ਵਾਸਤੇ ਭੀ (ਉਸ ਸੁਆਦ ਤੋਂ ਬਿਨਾ) ਰਹਿ ਨਹੀਂ ਸਕਦਾ; ਜਿਵੇਂ ਛੋਟਾ ਬਾਲ ਬੜੇ ਸੁਆਦ ਨਾਲ ਆਪਣੀ ਮਾਂ ਦੇ ਥਣ ਨੂੰ ਚੰਬੜਦਾ ਹੈ, ਪਰ ਜੇ ਥਣ (ਉਸ ਦੇ ਮੂੰਹ ਵਿਚੋਂ) ਕੱਢ ਲਈਏ ਤਾਂ ਉਹ ਵਿਲਕਣ ਲੱਗ ਪੈਂਦਾ ਹੈ। ੧।

ਹੇ ਭਾਈ! ਪਰਮਾਤਮਾ ਦੇ ਭਗਤ (ਦੀ ਉਮਰ) ਦੇ ਜਿਤਨੇ ਭੀ ਸਾਹ ਹੁੰਦੇ ਹਨ, ਉਹ ਸਾਰੇ ਪਰਮਾਤਮਾ ਦੇ ਬਿਰਹੋਂ ਵਿਚ ਵਿੱਝੇ ਰਹਿੰਦੇ ਹਨ। ਜਿਵੇਂ ਕੌਲ ਫੁੱਲ ਅਤੇ ਪਾਣੀ ਦਾ ਬੜਾ ਡੂੰਘਾ ਪਿਆਰ ਹੁੰਦਾ ਹੈ, ਪਾਣੀ ਦਾ ਦਰਸਨ ਕਰਨ ਤੋਂ ਬਿਨਾ ਕੌਲ-ਫੁੱਲ ਸੁੱਕ ਜਾਂਦਾ ਹੈ (ਇਹੀ ਹਾਲ ਹੁੰਦਾ ਹੈ ਭਗਤ ਜਨਾਂ ਦਾ)। ੨।

ਹੇ ਭਾਈ! ਪਰਮਾਤਮਾ ਦੇ ਸੇਵਕ ਪਰਮਾਤਮਾ ਦਾ ਪਵਿੱਤਰ ਨਾਮ (ਸਦਾ) ਜਪਦੇ ਹਨ। ਗੁਰੂ ਨੇ (ਆਪਣੇ) ਉਪਦੇਸ਼ ਨਾਲ ਉਹਨਾਂ ਨੂੰ ਪਰਮਾਤਮਾ ਸਾਹਮਣੇ (ਹਰ ਥਾਂ ਵੱਸਦਾ) ਵਿਖਾ ਦਿੱਤਾ ਹੁੰਦਾ ਹੈ। (ਨਾਮ ਦੀ ਬਰਕਤਿ ਨਾਲ ਉਹਨਾਂ ਦੇ ਅੰਦਰੋਂ) ਜਨਮਾਂ ਜਨਮਾਂਤਰਾਂ ਦੀ ਹਉਮੈ ਦੀ ਮੈਲ ਦੂਰ ਹੋ ਜਾਂਦੀ ਹੈ। ਉਹ ਆਤਮਕ ਜੀਵਨ ਦੇਣ ਵਾਲੇ ਹਰਿ ਨਾਮ-ਜਲ ਵਿਚ (ਸਦਾ) ਇਸ਼ਨਾਨ ਕਰਦੇ ਰਹਿੰਦੇ ਹਨ। ੩।

ਹੇ ਮਾਲਕ-ਪ੍ਰਭੂ! ਅਸਾਂ ਜੀਵਾਂ ਦੇ (ਚੰਗੇ ਮੰਦੇ) ਕਰਮ ਨਾਹ ਵਿਚਾਰਨੇ। ਆਪਣੇ

ਸੇਵਕ-ਦਾਸ ਦੀ ਤੁਸਾਂ ਆਪ ਇੱਜ਼ਤ ਰੱਖਣੀ । ਹੇ ਦਾਸ ਨਾਨਕ ! (ਆਖ–) ਜਿਵੇਂ ਤੈਨੂੰ ਭਾਵੇ ਮੇਰੀ ਬੇਨਤੀ-ਅਰਜ਼ੋਈ ਸੁਣ, ਮੈਂ ਤੇਰੀ ਸਰਨ ਪਿਆ ਹਾਂ । ੪ । ੩ । ੫ ।

ਬਸੰਤੁ ਹਿੰਡੋਲ ਮਹਲਾ ੪॥ ਮਨੁ ਖਿਨੁ ਖਿਨੁ ਭਰਮਿ ਭਰਮਿ ਬਹੁ ਧਾਵੈ ਤਿਲੁ ਘਰਿ ਨਹੀ ਵਾਸਾ ਪਾਈਐ ॥ ਗੁਰਿ ਅੰਕਸੁ ਸਬਦੁ ਦਾਰੂ ਸਿਰਿ ਧਾਰਿਓ ਘਰਿ ਮੰਦਰਿ ਆਣਿ ਵਸਾਈਐ ॥ ੧॥ ਗੋਬਿੰਦ ਜੀਉ ਸਤ ਸੰਗਤਿ ਮੇਲਿ ਹਰਿ ਧਿਆਈਐ ॥ ਹਉਮੈ ਰੋਗੁ ਗਇਆ ਸੁਖੁ ਪਾਇਆ ਹਰਿ ਸਹਜਿ ਸਮਾਧਿ ਲਗਾਈਐ ॥ ੧ ॥ ਰਹਾਉ ॥ ਘਰਿ ਰਤਨ ਲਾਲ ਬਹੁ ਮਾਣਕ ਲਾਦੇ ਮਨੁ ਭ੍ਰਮਿਆ ਲਹਿ ਨ ਸਕਾਈਐ ॥ ਜਿਉ ਓਡਾ ਕੂਪੁ ਗੁਹਜ ਖਿਨ ਕਾਢੈ ਤਿਉ ਸਤਿਗੁਰਿ ਵਸਤੁ ਲਹਾਈਐ ॥ ੨ ॥ ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ ਧ੍ਰਿਗੁ ਧ੍ਰਿਗੁ ਨਰ ਜੀਵਾਈਐ ॥ ਜਨਮੁ ਪਦਾਰਥੁ ਪੁੰਨਿ ਫਲੁ ਪਾਇਆ ਕਉਡੀ ਬਦਲੈ ਜਾਈਐ ॥ ੩ ॥ ਮਧੁਸੂਦਨ ਹਰਿ ਧਾਰਿ ਪ੍ਰਭ ਕਿਰਪਾ ਕਰਿ ਕਿਰਪਾ ਗੁਰੂ ਮਿਲਾਈਐ॥ ਜਨ ਨਾਨਕ ਨਿਰਬਾਣ ਪਦੁ ਪਾਇਆ ਮਿਲਿ ਸਾਧੂ ਹਰਿ ਗੁਣ ਗਾਈਐ ॥ ੪ ॥ ੪ ॥ ੬ ॥

ਪਦ ਅਰਥ :–ਭਰਮਿ ਭਰਮਿ–ਭਟਕ ਭਟਕ ਕੇ । ਧਾਵੈ–ਦੌੜਦਾ ਫਿਰਦਾ ਹੈ । ਤਿਲੁ–ਰਤਾ ਭਰ ਭੀ । ਘਰਿ–ਘਰ ਵਿਚ, ਸਰੀਰ-ਘਰ ਵਿਚ, ਇੱਕ ਟਿਕਾਣੇ ਤੇ, ਅਡੋ-ਲਤਾ ਵਿਚ । ਵਾਸਾ–ਨਿਵਾਸ । ਨਹੀ ਪਾਈਐ–ਨਹੀਂ ਪਾਇਆ ਜਾ ਸਕਦਾ । ਗੁਰਿ–ਗੁਰੂ ਨੇ । ਅੰਕਸੁ–ਹਾਥੀ ਨੂੰ ਚਲਾਣ ਵਾਲਾ ਲੋਹੇ ਦਾ ਕੁੰਡਾ ਜੋ ਮਹਾਵਤ ਦੇ ਹੱਥ ਵਿਚ ਫੜਿਆ ਹੁੰਦਾ ਹੈ । ਦਾਰੂ–ਦਵਾਈ । ਸਿਰਿ–ਸਿਰ ਉੱਤੇ । ਧਾਰਿਓ–ਧਰਿਆ, ਰੱਖਿਆ। ਘਰਿ–ਘਰ ਵਿਚ । ਮੰਦਰਿ–ਮੰਦਰ ਵਿਚ । ਆਣਿ–ਲਿਆ ਕੇ । ਵਸਾਈਐ–ਵਸਾਇਆ ਜਾ ਸਕਦਾ ਹੈ । ੧ ।

ਗੋਬਿੰਦ ਜੀਉ–ਹੇ ਪ੍ਰਭੂ ਜੀ ! [ਸੰਬੋਧਨ] । ਮੇਲਿ–ਮਿਲਾ । ਧਿਆਈਐ–ਧਿਆ-ਇਆ ਜਾ ਸਕਦਾ ਹੈ । ਸਹਜਿ–ਆਤਮਕ ਅਡੋਲਤਾ ਵਿਚ । ਸਮਾਧਿ–ਜੁੜੀ ਹੋਈ ਸੁਰਤਿ । ੧। ਰਹਾਉ ।

ਘਰਿ–ਹਿਰਦੇ-ਘਰ ਵਿਚ । ਭ੍ਰਮਿਆ–ਭਟਕਦਾ ਰਿਹਾ । ਓਡਾ–ਸੇਂਘਾ ਜੋ ਧਰਤੀ ਨੂੰ ਸੁੰਘ ਕੇ ਹੀ ਦੱਸ ਦੇਂਦਾ ਹੈ ਕਿ-ਇਥੇ ਪੁਰਾਣਾ ਖੂਹ ਮਿੱਟੀ ਹੇਠ ਦੱਬਿਆ ਪਿਆ ਹੈ। ਕੂਪੁ–ਖੂਹ । ਗੁਹਜ–ਲੁਕਿਆ ਹੋਇਆ । ਖਿਨ–ਤੁਰਤ । ਸਤਿਗੁਰਿ–ਗੁਰੂ ਦੀ ਰਾਹੀਂ । ਵਸਤੁ–ਨਾਮ-ਪਦਾਰਥ । ਲਹਾਈਐ–ਲੱਭ ਲਈਦਾ ਹੈ । ੨ ।

ਜਿਨ–[ਬਹੁ ਵਚਨ] ਜਿਨ੍ਹਾਂ ਨੇ । ਸਾਧੁ–ਸਾਧੇ ਹੋਏ ਮਨ ਵਾਲਾ । ਤੇ–ਉਹ ਮਨੁੱਖ

[ਬਹੁ ਵਰਨ]। ਧ੍ਰਿਗੁ—ਫਿਟਕਾਰ-ਜੋਗ। ਪੁੰਨਿ—ਕੀਤੇ ਹੋਏ ਭਲੇ ਕੰਮ ਦੇ ਕਾਰਨ। ਬਦਲੈ—ਦੀ ਖ਼ਾਤਰ। ੩।

ਮਧੁ ਸੂਦਨ—['ਮਧੁ' ਰਾਖ਼ਸ਼ ਨੂੰ ਮਾਰਨ ਵਾਲਾ] ਹੇ ਦੁਸ਼ਟ-ਦਮਨ ਪਰਮਾਤਮਾ! ਕਰਿ—ਕਰ ਕੇ। ਨਿਰਬਾਣ ਪਦੁ—ਉਹ ਆਤਮਕ ਅਵਸਥਾ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ, ਵਾਸਨਾ-ਰਹਿਤ ਆਤਮਕ ਦਰਜਾ। ਮਿਲਿ ਸਾਧੂ—ਗੁਰੂ ਨੂੰ ਮਿਲ ਕੇ। ੪।

ਅਰਥ :—ਹੇ ਗੋਬਿੰਦ ਜੀ! (ਮੈਨੂੰ) ਸਾਧ ਸੰਗਤਿ ਵਿਚ ਮਿਲਾ। (ਸਾਧ ਸੰਗਤਿ ਵਿਚ ਮਿਲ ਕੇ) ਹੇ ਹਰੀ! (ਤੇਰਾ ਨਾਮ) ਸਿਮਰਿਆ ਜਾ ਸਕਦਾ ਹੈ। ਹੇ ਹਰੀ! ਜਿਹੜਾ ਮਨੁੱਖ (ਸਾਧ ਸੰਗਤਿ ਦੀ ਬਰਕਤਿ ਨਾਲ) ਆਤਮਕ ਅਡੋਲਤਾ ਵਿਚ ਸੁਰਤਿ ਜੋੜਦਾ ਹੈ, ਉਸ ਦਾ ਹਉਮੈ ਦਾ ਰੋਗ ਦੂਰ ਹੋ ਜਾਂਦਾ ਹੈ, ਉਹ ਆਤਮਕ ਆਨੰਦ ਮਾਣਦਾ ਹੈ। ੧। ਰਹਾਉ।

ਹੇ ਭਾਈ! (ਮਨੁੱਖ ਦਾ) ਮਨ ਹਰੇਕ ਖਿਨ ਭਟਕ ਭਟਕ ਕੇ (ਮਾਇਆ ਦੀ ਖ਼ਾਤਰ) ਬਹੁਤ ਦੌੜਦਾ ਫਿਰਦਾ ਹੈ, ਇਸ ਤਰ੍ਹਾਂ ਇਹ ਰਤਾ ਭਰ ਸਮੇ ਲਈ ਭੀ ਆਪਣੇ ਸਰੀਰ-ਘਰ ਵਿਚ (ਸ੍ਵੈ ਸਰੂਪ ਵਿਚ) ਟਿਕ ਨਹੀਂ ਸਕਦਾ। (ਗੁਰੂ ਦਾ) ਸ਼ਬਦ (ਮਨ ਦੀ ਭਟਕਣਾ ਦੂਰ ਕਰਨ ਲਈ) ਦਵਾਈ (ਹੈ। ਜਿਵੇਂ ਮਹਾਵਤ ਹਾਥੀ ਨੂੰ ਵੱਸ ਵਿਚ ਰੱਖਣ ਲਈ ਲੋਹੇ ਦਾ ਡੰਡਾ ਉਸ ਦੇ ਸਿਰ ਉਤੇ ਮਾਰਦਾ ਹੈ, ਤਿਵੇਂ) ਗੁਰੂ ਨੇ (ਜਿਸ ਮਨੁੱਖ ਦੇ) ਸਿਰ ਉੱਤੇ ਆਪਣਾ ਸ਼ਬਦ-ਅੰਕਸ ਰੱਖ ਦਿੱਤਾ, ਉਸ ਦੇ ਮਨ ਨੂੰ ਹਿਰਦੇ-ਘਰ ਵਿਚ ਹਿਰਦੇ-ਮੰਦਰ ਵਿਚ ਲਿਆ ਕੇ ਟਿਕਾ ਦਿੱਤਾ। ੧।

ਹੇ ਭਾਈ! (ਹਰੇਕ ਮਨੁੱਖ ਦੇ ਹਿਰਦੇ-) ਘਰ ਵਿਚ (ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ) ਅਨੇਕਾਂ ਰਤਨ ਲਾਲ ਮੋਤੀ ਭਰੇ ਪਏ ਹਨ। (ਪਰ ਜਦ ਤਕ) ਮਨ (ਮਾਇਆ ਦੀ ਖ਼ਾਤਰ) ਭਟਕਦਾ ਫਿਰਦਾ ਹੈ, ਤਦ ਤਕ ਉਹਨਾਂ ਨੂੰ ਲੱਭ ਨਹੀਂ ਸਕੀਦਾ। ਹੇ ਭਾਈ! ਜਿਵੇਂ ਕੋਈ ਸੇਂਘਾ (ਧਰਤੀ ਵਿਚ) ਦੱਬਿਆ ਹੋਇਆ (ਪੁਰਾਣਾ) ਖੂਹ ਤੁਰਤ ਲੱਭ ਲੈਂਦਾ ਹੈ, ਤਿਵੇਂ (ਮਨੁੱਖ ਦੇ ਅੰਦਰ ਹੀ ਲੁਕਿਆ ਹੋਇਆ) ਨਾਮ-ਪਦਾਰਥ ਗੁਰੂ ਦੀ ਰਾਹੀਂ ਲੱਭ ਪੈਂਦਾ ਹੈ। ੨।

ਹੇ ਭਾਈ! ਜਿੰਨ੍ਹਾਂ ਮਨੁੱਖਾਂ ਨੇ ਸਾਧੇ ਹੋਏ ਮਨ ਵਾਲਾ ਇਹੋ ਜਿਹਾ ਗੁਰੂ ਨਹੀਂ ਲੱਭਾ, ਉਹਨਾਂ ਮਨੁੱਖਾਂ ਦਾ ਜੀਊਣਾ ਸਦਾ ਫਿਟਕਾਰ-ਜੋਗ ਹੀ ਹੁੰਦਾ ਹੈ (ਉਹ ਸਦਾ ਅਜਿਹੇ ਕੰਮ ਹੀ ਕਰਦੇ ਹਨ ਕਿ ਉਹਨਾਂ ਨੂੰ ਜਗਤ ਵਿਚ ਫਿਟਕਾਰਾਂ ਪੈਂਦੀਆਂ ਰਹਿੰਦੀਆਂ ਹਨ)। ਹੇ ਭਾਈ! (ਅਜਿਹੇ ਮਨੁੱਖਾਂ ਨੇ) ਕੀਮਤੀ ਮਨੁੱਖਾ ਜਨਮ ਪਿਛਲੀ ਕੀਤੀ ਨੇਕ ਕਮਾਈ ਦੇ ਕਾਰਨ ਫਲ ਵਜੋਂ ਪ੍ਰਾਪਤ ਕੀਤਾ ਸੀ, ਪਰ ਹੁਣ ਉਹ ਜਨਮ ਕੌਡੀ ਦੇ ਭਾ

(ਅਜਾਈਂ) ਜਾ ਰਿਹਾ ਹੈ । ੩ ।

ਹੇ ਦੁਸ਼ਟ-ਦਮਨ ਹਰੀ ! ਹੇ ਪ੍ਰਭੂ ! (ਮੇਰੇ ਉਤੇ) ਮਿਹਰ ਕਰ । ਕਿਰਪਾ ਕਰ ਕੇ (ਮੈਨੂੰ) ਗੁਰੂ ਮਿਲਾ । ਹੇ ਦਾਸ ਨਾਨਕ ! (ਆਖ—ਜਿਹੜਾ ਮਨੁੱਖ) ਗੁਰੂ ਨੂੰ ਮਿਲ ਕੇ ਪਰਮਾਤਮਾ ਦੇ ਗੁਣ ਗਾਂਦਾ ਹੈ, ਉਹ ਮਨੁੱਖ ਉਹ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ । ੪ । ੪ । ੬ ।

ਬਸੰਤ ਹਿੰਡੋਲ ਮਹਲਾ ੪ ॥ ਆਵਣ ਜਾਣੁ ਭਇਆ ਦੁਖੁ ਬਿਖਿਆ ਦੇਹ ਮਨਮੁਖ ਸੁੰਞੀ ਸੁੰਞੁ ॥ ਰਾਮਨਾਮੁ ਖਿਨੁ ਪਲੁ ਨਹੀ ਚੇਤਿਆ ਜਮਿ ਪਕਰੇ ਕਾਲਿ ਸਲੁੰਞੁ ॥ ੧ ॥ ਗੋਬਿੰਦ ਜੀਉ ਬਿਖੁ ਹਉਮੈ ਮਮਤਾ ਮੁੰਞੁ ॥ ਸਤ ਸੰਗਤਿ ਗੁਰ ਕੀ ਹਰਿ ਪਿਆਰੀ ਮਿਲਿ ਸੰਗਤਿ ਹਰਿ ਰਸੁ ਭੁੰਞੁ ॥ ੧ ॥ ਰਹਾਉ ॥ ਸਤ ਸੰਗਤਿ ਸਾਧ ਦਇਆ ਕਰਿ ਮੇਲਹੁ ਸਰਣਾਗਤਿ ਸਾਧੂ ਪੰਞੁ ॥ ਹਮ ਡੁਬਦੇ ਪਾਥਰ ਕਾਢਿ ਲੇਹੁ ਪ੍ਰਭ ਤੁਮ੍ ਦੀਨ ਦਇਆਲ ਦੁਖ ਭੰਞੁ ॥ ੨ ॥ ਹਰਿ ਉਸਤਤਿ ਧਾਰਹੁ ਰਿਦ ਅੰਤਰਿ ਸੁਆਮੀ ਸਤ ਸੰਗਤਿ ਮਿਲਿ ਬੁਧਿ ਲੰਞੁ ॥ ਹਰਿਨਾਮੈ ਹਮ ਪ੍ਰੀਤਿ ਲਗਾਨੀ ਹਮ ਹਰਿ ਵਿਟਹੁ ਘੁਮਿ ਵੰਞੁ ॥ ੩ ॥ ਜਨ ਕੇ ਪੂਰਿ ਮਨੋਰਥ ਹਰਿ ਪ੍ਰਭ ਹਰਿਨਾਮੁ ਦੇਵਹੁ ਹਰਿ ਲੰਞੁ ॥ ਜਨ ਨਾਨਕ ਮਨਿ ਤਨਿ ਅਨਦੁ ਭਇਆ ਹੈ ਗੁਰਿ ਮੰਤ੍ਰੁ ਦੀਓ ਹਰਿ ਭੰਞੁ ॥ ੪ ॥ ੫ ॥ ੭ ॥ ੩੭ ॥

ਪਦ ਅਰਥ :—ਆਵਣ ਜਾਣੁ—ਜਨਮ ਮਰਨ ਦਾ ਗੇੜ । ਬਿਖਿਆ—ਮਾਇਆ (ਦੇ ਮੋਹ ਦੇ ਕਾਰਨ) । ਦੇਹ—ਸਰੀਰ । ਮਨਮੁਖ ਦੇਹ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਦਾ ਸਰੀਰ । ਸੁੰਞੀ—(ਕਾਇਆਂ ਨਾਮ ਤੋਂ) ਸੱਖਣੀ । ਸੁੰਞੁ—(ਨਾਮ ਵਲੋਂ) ਸੱਖਣਾ-ਪਨ । ਜਮਿ—ਜਮ ਨੇ । ਕਾਲਿ—ਕਾਲ ਨੇ, ਮੌਤ ਨੇ, ਆਤਮਕ ਮੌਤ ਨੇ । ਸਲੁੰਞੁ—ਕੇਸਾਂ ਸਮੇਤ, ਕੇਸਾਂ ਤੋਂ । ੧ ।

ਗੋਬਿੰਦ ਜੀਉ—ਹੇ ਗੋਬਿੰਦ ਜੀ ! [ਸੰਬੋਧਨ] । ਬਿਖੁ—ਆਤਮਕ ਮੌਤ ਲਿਆਉਣ ਵਾਲਾ ਜ਼ਹਰ । ਮਮਤਾ—ਅਪਣੱਤ । ਮੁੰਞੁ—ਦੂਰ ਕਰ । ਮਿਲਿ—ਮਿਲ ਕੇ । ਭੁੰਞੁ—ਮੈਂ ਭੁੰਚਾਂ, ਮੈਂ ਮਾਣਾਂ ।੧। ਰਹਾਉ ।

ਸਤ ਸੰਗਤਿ ਸਾਧ—ਗੁਰੂ ਦੀ ਸਤ ਸੰਗਤਿ । ਕਰਿ—ਕਰ ਕੇ । ਸਾਧੂ—ਗੁਰੂ । ਪੰਞੁ—ਮੈਂ ਪਿਆ ਰਹਾਂ । ਪ੍ਰਭ—ਹੇ ਪ੍ਰਭੂ ! ਦੁਖ ਭੰਞੁ—ਦੁੱਖਾਂ ਦਾ ਨਾਸ ਕਰਨ ਵਾਲਾ । ੨ ।

ਉਸਤਤਿ—ਸਿਫ਼ਤਿ ਸਾਲਾਹ । ਰਿਦ ਅੰਤਰਿ—(ਮੇਰੇ) ਹਿਰਦੇ ਵਿਚ । ਸੁਆਮੀ—

ਹੇ ਸੁਆਮੀ ! ਬੁਧਿ-(ਮੇਰੀ) ਅਕਲ । ਲੈਂਵੁ-ਰੌਸ਼ਨ ਹੋ ਜਾਏ । ਹਰਿ ਨਾਮੈ-ਹਰਿ-ਨਾਮ ਵਿਚ । ਵਿਟਹੁ-ਤੋਂ । ਘੁਮਿ ਵੰਞੁ-ਮੈਂ ਸਦਕੇ ਜਾਂਦਾ ਹਾਂ ।੩।

ਪੂਰਿ-ਪੂਰੇ ਕਰ । ਹਰਿ ਪ੍ਰਭ-ਹੇ ਹਰੀ ! ਹੇ ਪ੍ਰਭੂ ! ਲੈਂਵੁ-(ਆਤਮਕ) ਚਾਨਣ । ਮਨਿ-ਮਨ ਵਿਚ । ਤਨਿ-ਤਨ ਵਿਚ । ਗੁਰਿ-ਗੁਰੂ ਨੇ । ਹਰਿ ਭੰਞੁ-ਹਰਿ-ਭਜਨ, ਹਰਿ-ਨਾਮ ।੪।

ਅਰਥ :-ਹੇ (ਮੇਰੇ) ਗੋਬਿੰਦ ਜੀ ! (ਮੇਰੇ ਅੰਦਰੋਂ ਆਤਮਕ ਮੌਤ ਲਿਆਉਣ ਵਾਲੀ) ਹਉਮੈ ਅਤੇ ਮਮਤਾ ਦੀ ਜ਼ਹਰ ਦੂਰ ਕਰ । ਹੇ ਹਰੀ ! ਸਾਧ ਸੰਗਤਿ ਤੇਰੀ ਪਿਆਰੀ ਹੈ ਗੁਰੂ ਦੀ ਪਿਆਰੀ ਹੈ । (ਮਿਹਰ ਕਰ) ਮੈਂ ਸਾਧ ਸੰਗਤਿ ਵਿਚ ਮਿਲ ਕੇ ਤੇਰੇ ਨਾਮ ਦਾ ਰਸ ਮਾਣਦਾ ਰਹਾਂ ।੧। ਰਹਾਉ ।

ਹੇ ਭਾਈ ! ਮਾਇਆ (ਦੇ ਮੋਹ) ਦੇ ਕਾਰਨ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖਾਂ ਦਾ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ ਉਹਨਾਂ ਨੂੰ ਕਲੇਸ਼ ਵਾਪਰਿਆ ਰਹਿੰਦਾ ਹੈ, ਉਹਨਾਂ ਦਾ ਸਰੀਰ ਨਾਮ ਤੋਂ ਸੱਖਣਾ ਰਹਿੰਦਾ ਹੈ, ਉਹਨਾਂ ਦੇ ਅੰਦਰ ਨਾਮ ਵਲੋਂ ਸੁੰਞ ਬਣੀ ਰਹਿੰਦੀ ਹੈ । ਉਹ ਮਨੁੱਖ ਪਰਮਾਤਮਾ ਦਾ ਨਾਮ ਇਕ ਖਿਨ ਲਈ ਇਕ ਪਲ ਲਈ ਭੀ ਯਾਦ ਨਹੀਂ ਕਰਦੇ । ਆਤਮਕ ਮੌਤ ਨੇ ਹਰ ਵੇਲੇ ਉਹਨਾਂ ਨੂੰ ਸਿਰੋਂ ਫੜਿਆ ਹੋਇਆ ਹੁੰਦਾ ਹੈ ।੧।

ਹੇ ਪ੍ਰਭੂ ! ਮਿਹਰ ਕਰ ਕੇ (ਮੈਨੂੰ) ਗੁਰੂ ਦੀ ਸਤ ਸੰਗਤਿ ਵਿਚ ਮਿਲਾਈ ਰੱਖ, ਮੈਂ ਗੁਰੂ ਦੀ ਸਰਨ (ਸਦਾ) ਪਿਆ ਰਹਾਂ । ਹੇ ਪ੍ਰਭੂ ! (ਪਾਪਾਂ ਨਾਲ ਭਾਰੇ) ਪੱਥਰ (ਹੋਏ) ਅਸਾਂ ਜੀਵਾਂ ਨੂੰ (ਪਾਪਾਂ ਵਿਚ) ਡੁੱਬ ਰਿਹਾਂ ਨੂੰ ਕੱਢ ਲੈ । ਹੇ ਪ੍ਰਭੂ ਜੀ ! ਤੁਸੀ ਦੀਨਾਂ ਉਤੇ ਦਇਆ ਕਰਨ ਵਾਲੇ ਹੋ, ਤੁਸੀ ਸਾਡੇ ਦੁੱਖ ਨਾਸ ਕਰਨ ਵਾਲੇ ਹੋ । ੨ ।

ਹੇ ਹਰੀ ! ਹੇ ਸੁਆਮੀ ! (ਆਪਣੀ) ਸਿਫ਼ਤਿ ਸਾਲਾਹ (ਮੇਰੇ) ਹਿਰਦੇ ਵਿਚ ਵਸਾਈ ਰੱਖ । (ਮਿਹਰ ਕਰ) ਤੇਰੀ ਸਾਧ ਸੰਗਤਿ ਵਿਚ ਮਿਲ ਕੇ (ਮੇਰੀ) ਅਕਲ (ਤੇਰੇ ਨਾਮ ਦੇ ਚਾਨਣ ਨਾਲ) ਰੌਸ਼ਨ ਹੋ ਜਾਏ । ਹੇ ਭਾਈ ! ਪਰਮਾਤਮਾ ਦੇ ਨਾਮ ਵਿਚ ਮੇਰੀ ਪ੍ਰੀਤ ਬਣ ਗਈ ਹੈ, ਮੈਂ (ਹੁਣ) ਪਰਮਾਤਮਾ ਤੋਂ (ਸਦਾ) ਸਦਕੇ ਜਾਂਦਾ ਹਾਂ ।੩।

ਹੇ ਹਰੀ ! ਹੇ ਪ੍ਰਭੂ ! (ਮੈਂ) ਸੇਵਕ ਦੇ ਮਨੋਰਥ ਪੂਰੇ ਕਰ, ਮੈਨੂੰ ਆਪਣਾ ਨਾਮ ਬਖ਼ਸ਼, (ਤੇਰਾ ਨਾਮ ਹੀ ਮੇਰੇ ਵਾਸਤੇ) ਚਾਨਣ (ਹੈ) । ਹੇ ਦਾਸ ਨਾਨਕ ! (ਆਖ-ਜਿਸ ਮਨੁੱਖ ਨੂੰ) ਗੁਰੂ ਨੇ ਪਰਮਾਤਮਾ ਦਾ ਨਾਮ-ਮੰਤ੍ਰ ਬਖ਼ਸ਼ਿਆ ਹੈ, ਉਸ ਦੇ ਮਨ ਵਿਚ ਉਸ ਦੇ ਤਨ ਵਿਚ ਆਤਮਕ ਖਿੜਾਉ ਬਣ ਗਿਆ । ੪ । ੫ । ੭ । ੩੭ ।

ਵੇਰਵਾ ਸ਼ਬਦਾਂ ਦਾ-

ਮਹਲਾ ੧—੧੨

ਮਹਲਾ ੩—੧੮

ਮਹਲਾ ੪— ੭

ਜੋੜ—੩੭

ਬਸੰਤੁ ਮਹਲਾ ੫ ਘਰੁ ੧ ਦੁਤੁਕੇ

ੴ ਸਤਿਗੁਰ ਪ੍ਰਸਾਦਿ ॥ ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥ ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥ ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ੍ ਬੇਅੰਤ ॥੧॥ ਰਹਾਉ ॥ ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥ ਹੋਲੀ ਕੀਨੀ੍ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ ਮਨੁ ਤਨੁ ਮਉਲਿਓ ਅਤਿ ਅਨੂਪ ॥ ਸੂਕੈ ਨਾਹੀ ਛਾਵ ਧੂਪ ॥ ਸਗਲੀ ਰੂਤੀ ਹਰਿਆ ਹੋਇ ॥ ਸਦ ਬਸੰਤ ਗੁਰ ਮਿਲੇ ਦੇਵ ॥੩॥ ਬਿਰਖੁ ਜਮਿਓ ਹੈ ਪਾਰਜਾਤ ॥ ਫੂਲ ਲਗੇ ਫਲ ਰਤਨ ਭਾਂਤਿ ॥ ਤ੍ਰਿਪਤਿ ਅਘਾਨੇ ਹਰਿ ਗੁਣਹ ਗਾਇ ॥ ਜਨ ਨਾਨਕ ਹਰਿ ਹਰਿ ਹਰਿ ਧਿਆਇ ॥੪॥੧॥

ਪਦ ਅਰਥ :—ਸੇਵਉ—ਸੇਵਉਂ, ਮੈਂ ਸੇਵਾ ਕਰਦਾ ਹਾਂ। ਕਰਿ—ਕਰ ਕੇ। ਆਜੁ—ਅੱਜ, ਹੁਣ ਜਦੋਂ ਕਿ ਮੈਂ ਪ੍ਰਭੂ ਦੇ ਗੁਣ ਗਾਏ ਹਨ। ਹਮਾਰੈ—ਮੇਰੇ ਹਿਰਦੇ ਵਿਚ। ਮੰਗਲਚਾਰ—ਮੰਗਲਾਚਾਰ, ਆਨੰਦ ਦਾ ਸਮਾ। ਮਹਾ—ਬੜਾ! ਲਥੀ—ਲਹਿ ਗਈ ਹੈ, ਦੂਰ ਹੋ ਗਈ ਹੈ। ਭੇਟੇ—ਮਿਲ ਪਏ ਹਨ।੧।

ਹਮਾਰੈ ਗ੍ਰਿਹਿ—ਮੇਰੇ ਹਿਰਦੇ-ਘਰ ਵਿਚ। ਬਸੰਤ—ਖਿੜਾਉ, ਖ਼ੁਸ਼ੀ, ਆਤਮਕ ਆਨੰਦ। ਪ੍ਰਭ ਬੇਅੰਤ—ਹੇ ਬੇਅੰਤ ਪ੍ਰਭੂ!੧। ਰਹਾਉ।

ਹਮਾਰੈ—ਮੇਰੇ ਹਿਰਦੇ ਵਿਚ। ਫਾਗ—ਫੱਗਣ ਦਾ ਮਹੀਨਾ, ਫੱਗਣ ਮਹੀਨੇ ਦਾ ਤਿਉਹਾਰ, ਹੋਲੀ। ਪ੍ਰਭ ਸੰਗੀ—ਪ੍ਰਭੂ ਦੇ ਸੰਗੀ-ਸਾਥੀ, ਸੰਤ ਜਨ। ਮਿਲਿ—ਮਿਲ ਕੇ। ਸੰਤ ਸੇਵ—ਸੰਤ ਜਨਾਂ ਦੀ ਸੇਵਾ। ਅਤਿ—ਬਹੁਤ ਗੂੜ੍ਹਾ। ਰੰਗੁ ਦੇਵ—ਪ੍ਰਭੂ ਦੇਵ ਦੇ ਪਿਆਰ ਦਾ ਰੰਗ।੨।

ਮਉਲਿਓ—ਖਿੜ ਪਿਆ ਹੈ, ਆਤਮਕ ਜੀਵਨ ਵਾਲਾ ਬਣ ਗਿਆ ਹੈ। ਅਨੂਪ—ਸੋਹਣਾ। ਸੂਕੈ ਨਾਹੀ—ਆਤਮਕ ਜੀਵਨ ਦੀ ਤਰਾਵਤ ਮੁੱਕਦੀ ਨਹੀਂ। ਛਾਵ ਧੂਪ—ਸੁਖਾਂ ਦੁੱਖਾਂ ਵੇਲੇ। ਸਗਲੀ ਰੁਤੀ—ਸਾਰੀਆਂ ਰੁੱਤਾਂ ਵਿਚ, ਹਰ ਸਮੇ। ਹਰਿਆ—ਆਤਮਕ ਜੀਵਨ ਵਾਲਾ। ਗੁਰ ਮਿਲੇ ਦੇਵ—ਗੁਰਦੇਵ ਜੀ ਮਿਲ ਪਏ ਹਨ। ਸਦ ਬਸੰਤ—ਸਦਾ ਆਤਮਕ ਖਿੜਾਉ। ੩।

ਬਿਰਖੁ—ਰੁੱਖ। ਜਮਿਓ ਹੈ—ਉੱਗ ਪਿਆ ਹੈ। ਪਾਰਜਾਤ ਬਿਰਖੁ—ਪਾਰਜਾਤ ਰੁੱਖ, ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਸੁਵਰਗ ਦਾ ਰੁੱਖ। ਭਾਂਤਿ—ਕਈ ਕਿਸਮਾਂ ਦੇ। ਤ੍ਰਿਪਤਿ ਅਘਾਨੇ—(ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ। ਗਾਇ—ਗਾ ਕੇ। ਧਿਆਇ—ਸਿਮਰ ਕੇ। ੪।

ਅਰਥ :—ਹੇ ਬੇਅੰਤ ਪ੍ਰਭੂ! ਜਦੋਂ ਤੋਂ ਮੈਂ ਤੇਰੀ ਸਿਫ਼ਤਿ ਸਾਲਾਹ ਦੇ ਗੀਤ ਗਾਣੇ ਸ਼ੁਰੂ ਕੀਤੇ ਹਨ, ਤਦੋਂ ਤੋਂ ਹੁਣ ਮੇਰੇ ਹਿਰਦੇ-ਘਰ ਵਿਚ ਆਤਮਕ ਆਨੰਦ ਬਣਿਆ ਰਹਿੰਦਾ ਹੈ। ੧। ਰਹਾਉ।

ਹੇ ਭਾਈ! (ਗੁਣ ਗਾਵਨ ਦੀ ਬਰਕਤਿ ਨਾਲ) ਮੈਨੂੰ ਗੋਬਿੰਦ ਜੀ ਮਿਲ ਪਏ ਹਨ, ਮੇਰੀ ਹਰੇਕ ਚਿੰਤਾ ਦੂਰ ਹੋ ਗਈ ਹੈ, ਹੁਣ ਮੇਰੇ ਹਿਰਦੇ ਵਿਚ ਬੜਾ ਆਨੰਦ ਬਣਿਆ ਪਿਆ ਹੈ, ਹੁਣ ਮੇਰੇ ਅੰਦਰ ਖ਼ੁਸ਼ੀਆਂ ਹੀ ਖ਼ੁਸ਼ੀਆਂ ਹਨ। (ਹੇ ਭਾਈ! ਇਹ ਸਾਰੀ ਮਿਹਰ ਗੁਰੂ ਦੀ ਹੀ ਹੈ, ਇਸ ਵਾਸਤੇ) ਮੈਂ ਗੁਰੂ ਅੱਗੇ ਸਿਰ ਨਿਵਾ ਕੇ ਗੁਰੂ ਦੀ ਸੇਵਾ ਕਰਦਾ ਹਾਂ। ੧।

ਹੇ ਭਾਈ! (ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਬਰਕਤਿ ਨਾਲ) ਮੇਰੇ ਅੰਦਰ (ਮਾਨੋ) ਫੱਗਣ ਦੀ ਹੋਲੀ ਬਣੀ ਪਈ ਹੈ, ਪ੍ਰਭੂ ਦੇ ਸੰਤ ਜਨ (ਸਾਧ ਸੰਗਤਿ ਵਿਚ) ਮਿਲ ਕੇ (ਇਹ ਹੋਲੀ) ਖੇਡਣ ਲੱਗ ਪਏ ਹਨ। (ਹੇ ਭਾਈ! ਇਹ ਹੋਲੀ ਕੀਹ ਹੈ?) ਸੰਤ ਜਨਾਂ ਦੀ ਸੇਵਾ ਨੂੰ ਮੈਂ ਹੋਲੀ ਬਣਾਇਆ ਹੈ (ਸੰਤ ਜਨਾਂ ਦੀ ਸੰਗਤਿ ਦੀ ਬਰਕਤਿ ਨਾਲ) ਮੇਰੇ ਅੰਦਰ ਪਰਮਾਤਮਾ ਦੇ ਪਿਆਰ ਦਾ ਗੂੜ੍ਹਾ (ਆਤਮਕ) ਰੰਗ ਚੜ੍ਹ ਗਿਆ ਹੈ। ੨।

ਹੇ ਭਾਈ! (ਪ੍ਰਭੂ ਦੇ ਗੁਣ ਗਾਵਣ ਦੀ ਬਰਕਤਿ ਨਾਲ) ਮੇਰਾ ਮਨ ਸੋਹਣਾ ਖਿੜ ਪਿਆ ਹੈ ਮੇਰਾ ਤਨ ਬਹੁਤ ਸੋਹਣਾ ਖਿੜ ਪਿਆ ਹੈ। ਹੁਣ ਸੁਖ ਹੋਣ ਚਾਹੇ ਦੁੱਖ ਹੋਣ (ਮੇਰੇ ਮਨ ਤਨ ਵਿਚ) ਆਤਮਕ ਖਿੜਾਉ ਦੀ ਤਰਾਵਤ ਕਦੇ ਮੁੱਕਦੀ ਨਹੀਂ। (ਹੁਣ ਮੇਰਾ ਮਨ) ਸਾਰੇ ਸਮਿਆਂ ਵਿਚ ਹੀ ਆਤਮਕ ਜੀਵਨ ਨਾਲ ਭਰਪੂਰ ਰਹਿੰਦਾ ਹੈ। ਮੈਨੂੰ ਗੁਰਦੇਵ ਜੀ ਮਿਲ ਪਏ ਹਨ, ਮੇਰੇ ਅੰਦਰ ਸਦਾ ਖਿੜਾਉ ਬਣਿਆ ਰਹਿੰਦਾ ਹੈ। ੩।

ਹੇ ਭਾਈ ! (ਸਿਫ਼ਤਿ ਸਾਲਾਹ ਦੀ ਬਰਕਤਿ ਨਾਲ ਮੇਰੇ ਅੰਦਰ, ਮਾਨੋ, ਸਾਰੀਆਂ ਮਨੋ-ਕਾਮਨਾ ਪੂਰੀਆਂ ਕਰਨ ਵਾਲਾ ਸੁਵਰਗੀ) ਪਾਰਜਾਤ ਰੁੱਖ ਉੱਗ ਪਿਆ ਹੈ, ਜਿਸ ਨੂੰ ਭਾਂਤ ਭਾਂਤ ਦੇ ਕੀਮਤੀ ਫੁੱਲ ਤੇ ਫਲ ਲੱਗੇ ਹੋਏ ਹਨ। ਹੇ ਦਾਸ ਨਾਨਕ ! (ਆਖ-ਹੇ ਭਾਈ !) ਸਦਾ ਪਰਮਾਤਮਾ ਦਾ ਨਾਮ ਸਿਮਰ ਕੇ, ਸਦਾ ਹਰੀ ਦੇ ਗੁਣ ਗਾ ਗਾ ਕੇ (ਮਨੁੱਖ ਮਾਇਆ ਦੇ ਮੋਹ ਵਲੋਂ) ਪੂਰਨ ਤੌਰ ਤੇ ਰੱਜ ਜਾਂਦੇ ਹਨ। ੪। ੧।

ਬਸੰਤੁ ਮਹਲਾ ੫ ॥ ਹਟਵਾਣੀ ਧਨ ਮਾਲ ਹਾਟੁ ਕੀਤੁ ॥ ਜੂਆਰੀ ਜੂਏ ਮਾਹਿ ਚੀਤੁ ॥ ਅਮਲੀ ਜੀਵੈ ਅਮਲੁ ਖਾਇ ॥ ਤਿਉ ਹਰਿ ਜਨੁ ਜੀਵੈ ਹਰਿ ਧਿਆਇ ॥੧॥ ਅਪਨੈ ਰੰਗਿ ਸਭੁ ਕੋ ਰਚੈ ॥ ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥ ੧ ॥ ਰਹਾਉ ॥ ਮੇਘ ਸਮੈ ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥ ਮਾਤਾ ਬਾਰਿਕ ਦੇਖਿ ਅਨੰਦ ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥ ੨ ॥ ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥ ਕਿਰਪਨ ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਅਧਾਰੁ ॥੩ ॥ ਸਰਬ ਰੰਗ ਇਕ ਰੰਗ ਮਾਹਿ ॥ ਸਰਬ ਸੁਖਾ ਸੁਖ ਹਰਿ ਕੈ ਨਾਇ ॥ ਤਿਸਹਿ ਪਰਾਪਤਿ ਇਹੁ ਨਿਧਾਨੁ ॥ ਨਾਨਕ ਗੁਰੁ ਜਿਸੁ ਕਰੇ ਦਾਨੁ ॥ ੪ ॥ ੨ ॥

ਪਦ ਅਰਥ :—ਹਟਵਾਣੀ—ਹੱਟੀ ਵਾਲਾ, ਦੁਕਾਨਦਾਰ। ਹਾਟੁ—ਹੱਟ। ਕੀਤੁ—ਕਰਦਾ ਹੈ। ਮਾਹਿ—ਵਿਚ। ਅਮਲੀ—ਅਫ਼ੀਮੀ। ਖਾਇ—ਖਾ ਕੇ। ਜੀਵੈ—ਆਤਮਕ ਜੀਵਨ ਪ੍ਰਾਪਤ ਕਰਦਾ ਹੈ। ਧਿਆਇ—ਸਿਮਰ ਕੇ। ੧।

ਅਪਨੈ ਰੰਗਿ—ਆਪਣੇ ਮਨ-ਭਾਉਂਦੇ ਸੁਆਦ ਵਿਚ। ਸਭੁ ਕੋ—ਹਰੇਕ ਜੀਵ। ਰਚੈ—ਮਸਤ ਰਹਿੰਦਾ ਹੈ। ਜਿਤੁ—ਜਿਸ (ਰੰਗ) ਵਿਚ। ਪ੍ਰਭਿ—ਪ੍ਰਭੂ ਨੇ। ਤਿਤੁ—ਉਸ (ਰੰਗ) ਵਿਚ। ੧। ਰਹਾਉ।

ਮੇਘ—ਬੱਦਲ। ਨਿਰਤਿਕਾਰ—[ਨ੍ਰਿਤ੍—to dance] ਨਾਚ, ਪੈਲ। ਦੇਖਿ—ਵੇਖ ਕੇ। ਬਿਗਸਹਿ—ਖਿੜਦੀਆਂ ਹਨ। ਕਉਲਾਰ—ਕੰਮੀਆਂ। ਹਰਿ ਜਨ—ਪਰਮਾਤਮਾ ਦੇ ਭਗਤ। ਜੀਵਹਿ—ਆਤਮਕ ਜੀਵਨ ਹਾਸਲ ਕਰਦੇ ਹਨ [ਬਹੁ ਵਚਨ] ਜਪਿ—ਜਪ ਕੇ। ੨।

ਸਿੰਘ—ਸ਼ੇਰ। ਰੁਚੈ—ਖ਼ੁਸ਼ ਹੁੰਦਾ ਹੈ। ਸਦ—ਸਦਾ। ਰਣੁ—ਜੁੱਧ। ਸੂਰ—ਸੂਰਮਾ। ਉਲਾਸ—ਹੁਲਾਰਾ, ਜੋਸ਼। ਕਿਰਪਨ—ਕੰਜੂਸ, ਸ਼ੂਮ। ਅਧਾਰੁ—ਆਸਰਾ। ੩।

ਸਰਬ—ਸਾਰੇ। ਇਕ ਰੰਗ ਮਾਹਿ—ਇਕ ਨਾਮ ਰੰਗ ਵਿਚ। ਨਾਇ—ਨਾਮ ਵਿਚ। ਹਰਿ ਕੇ ਨਾਇ—ਹਰੀ ਦੇ ਨਾਮ ਵਿਚ। ਤਿਸਹਿ—[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ] ਉਸ (ਮਨੁੱਖ) ਨੂੰ ਹੀ। ਨਿਧਾਨੁ—(ਨਾਮ-) ਖ਼ਜ਼ਾਨਾ। ਕਰੇ ਦਾਨੁ—ਖੈਰ ਪਾਂਦਾ ਹੈ। ੪।

ਅਰਥ :—ਹੇ ਭਾਈ! ਹਰੇਕ ਜੀਵ ਆਪੋ ਆਪਣੇ ਮਨ-ਭਾਉਂਦੇ ਸੁਆਦ ਵਿਚ ਮਸਤ ਰਹਿੰਦਾ ਹੈ, (ਪਰ) ਪ੍ਰਭੂ ਨੇ (ਹੀ) ਜਿਸ (ਸੁਆਦ) ਵਿਚ ਲਾਇਆ ਹੈ, ਉਸ ਉਸ (ਸੁਆਦ) ਵਿਚ (ਹਰੇਕ ਜੀਵ) ਲੱਗਾ ਰਹਿੰਦਾ ਹੈ। ੧। ਰਹਾਉ।

ਹੇ ਭਾਈ! (ਜਿਵੇਂ ਕੋਈ) ਦੁਕਾਨਦਾਰ (ਆਪਣੇ ਮਨ-ਪਸੰਦ ਦੇ) ਮਾਲ-ਧਨ ਦੀ ਦੁਕਾਨ ਚਲਾਂਦਾ ਹੈ, (ਜਿਵੇਂ ਕਿਸੇ) ਜੁਆਰੀਏ ਦਾ ਮਨ ਜੂਏ ਵਿਚ ਮਗਨ ਰਹਿੰਦਾ ਹੈ, ਜਿਵੇਂ ਕੋਈ ਅਫ਼ੀਮੀ ਅਫ਼ੀਮ ਖਾ ਕੇ ਸੁਖ ਪ੍ਰਤੀਤ ਕਰਦਾ ਹੈ, ਤਿਵੇਂ ਪਰਮਾਤਮਾ ਦਾ ਭਗਤ ਪਰਮਾਤਮਾ ਦਾ ਨਾਮ ਸਿਮਰ ਕੇ ਆਤਮਕ ਜੀਵਨ ਹਾਸਲ ਕਰਦਾ ਹੈ।੧।

ਹੇ ਭਾਈ! ਘਟਾਂ ਚੜ੍ਹਦੀਆਂ ਹਨ ਤਾਂ ਮੋਰ ਪੈਲਾਂ ਪਾਂਦੇ ਹਨ, ਚੰਦ ਨੂੰ ਵੇਖ ਕੇ ਕੰਮੀਆਂ ਖਿੜਦੀਆਂ ਹਨ, (ਆਪਣੇ) ਬੱਚੇ ਨੂੰ ਵੇਖ ਕੇ ਮਾਂ ਖ਼ੁਸ਼ ਹੁੰਦੀ ਹੈ, ਤਿਵੇਂ ਪਰਮਾਤਮਾ ਦਾ ਨਾਮ ਜਪ ਕੇ ਪਰਮਾਤਮਾ ਦੇ ਭਗਤ ਆਤਮਕ ਹੁਲਾਰੇ ਵਿਚ ਆਉਂਦੇ ਹਨ। ੨।

ਹੇ ਭਾਈ! ਮਾਸ ਦਾ ਭੋਜਨ ਮਿਲੇ ਤਾਂ ਸ਼ੇਰ ਸਦਾ ਖ਼ੁਸ਼ ਹੁੰਦਾ ਹੈ, ਜੁੱਧ ਵੇਖ ਕੇ ਸੂਰਮੇ ਦੇ ਚਿੱਤ ਨੂੰ ਜੋਸ਼ ਆਉਂਦਾ ਹੈ, ਸੂਮ ਨੂੰ ਧਨ ਦਾ ਬਹੁਤ ਲੋਭ ਹੁੰਦਾ ਹੈ। (ਤਿਵੇਂ) ਪਰਮਾਤਮਾ ਦੇ ਭਗਤ ਨੂੰ ਪਰਮਾਤਮਾ ਦੇ ਨਾਮ ਦਾ ਆਸਰਾ ਹੁੰਦਾ ਹੈ।੩।

ਪਰ, ਹੇ ਭਾਈ! (ਦੁਨੀਆ ਦੇ) ਸਾਰੇ ਸੁਆਦ ਪਰਮਾਤਮਾ ਦੇ ਨਾਮ ਦੇ ਸੁਆਦ ਦੇ ਵਿਚ ਹੀ ਆ ਜਾਂਦੇ ਹਨ (ਨਾਮ-ਰਸ ਨਾਲੋਂ ਘਟੀਆ ਹਨ)। ਸਾਰੇ ਵੱਡੇ ਤੋਂ ਵੱਡੇ ਸੁਖ ਪਰਮਾਤਮਾ ਦੇ ਨਾਮ ਵਿਚ ਹੀ ਹਨ। ਹੇ ਨਾਨਕ! ਇਹ ਨਾਮ-ਖ਼ਜ਼ਾਨਾ ਉਸ ਮਨੁੱਖ ਨੂੰ ਹੀ ਮਿਲਦਾ ਹੈ, ਜਿਸ ਨੂੰ ਗੁਰੂ ਦੇਂਦਾ ਹੈ। ੪। ੨।

ਬਸੰਤੁ ਮਹਲਾ ੫ ॥ ਤਿਸੁ ਬਸੰਤੁ ਜਿਸੁ ਪ੍ਰਭੁ ਕ੍ਰਿਪਾਲੁ ॥ ਤਿਸੁ ਬਸੰਤੁ ਜਿਸੁ ਗੁਰੁ ਦਇਆਲੁ ॥ ਮੰਗਲੁ ਤਿਸ ਕੈ ਜਿਸੁ ਏਕੁ ਕਾਮੁ ॥ ਤਿਸੁ ਸਦ ਬਸੰਤੁ ਜਿਸੁ ਰਿਦੈ ਨਾਮੁ ॥ ੧ ॥ ਗ੍ਰਿਹਿ ਤਾ ਕੇ ਬਸੰਤੁ ਗਨੀ ॥ ਜਾ ਕੈ ਕੀਰਤਨੁ ਹਰਿ ਧੁਨੀ ॥ ੧ ॥ ਰਹਾਉ ॥ ਪ੍ਰੀਤਿ ਪਾਰਬ੍ਰਹਮ ਮਉਲਿ ਮਨਾ ॥ ਗਿਆਨੁ ਕਮਾਈਐ ਪੂਛਿ ਜਨਾਂ ॥ ਸੋ ਤਪਸੀ ਜਿਸੁ ਸਾਧ ਸੰਗੁ ॥ ਸਦ ਧਿਆਨੀ ਜਿਸੁ ਗੁਰਹਿ ਰੰਗੁ ॥ ੨ ॥ ਸੇ ਨਿਰਭਉ ਜਿਨ ਭਉ ਪਇਆ ॥

ਸੋ ਸੁਖੀਆ ਜਿਸੁ ਭ੍ਰਮੁ ਗਇਆ ॥ ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥ ੩ ॥ ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥ ਹਰਿ ਰੰਗ ਰੰਗਾ ਸਹਜਿ ਮਾਣੁ ॥ ਨਾਨਕ ਦਾਸ ਤਿਸੁ ਜਨ ਕੁਰਬਾਣੁ ॥ ੪ ॥ ੩ ॥

ਪਦ ਅਰਥ :—ਬਸੰਤੁ—ਖਿੜਾਉ । ਮੰਗਲੁ—ਆਨੰਦ, ਖ਼ੁਸ਼ੀ । ਤਿਸ ਕੈ—ਉਸ (ਮਨੁੱਖ) ਦੇ ਹਿਰਦੇ ਵਿਚ [ਸੰਬੰਧਕ 'ਕੈ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ] । ਕਾਮੁ—ਕੰਮ । ਸਦ—ਸਦਾ । ਰਿਦੈ—ਹਿਰਦੇ ਵਿਚ । ੧ ।

ਗ੍ਰਿਹਿ ਤਾ ਕੇ—ਉਸ ਮਨੁੱਖ ਦੇ ਹਿਰਦੇ ਵਿਚ । ਗਨੀ—ਗਨੀਂ, ਮੈਂ ਗਿਣਦਾ ਹਾਂ, ਮੈਂ ਸਮਝਦਾ ਹਾਂ । ਜਾ ਕੈ—ਜਿਸ ਦੇ ਹਿਰਦੇ ਵਿਚ । ਕੀਰਤਨੁ—ਸਿਫ਼ਤਿ ਸਾਲਾਹ । ਧੁਨੀ —ਧੁਨਿ, ਲਗਨ, ਪਿਆਰ । ੧ । ਰਹਾਉ ।

ਮਉਲਿ—ਖਿੜਿਆ ਰਹੁ । ਮਨਾ—ਹੇ ਮਨ! ਗਿਆਨੁ—ਆਤਮਕ ਜੀਵਨ ਦੀ ਸੂਝ। ਪੂਛਿ ਜਨਾਂ—ਸੰਤ ਜਨਾਂ ਤੋਂ ਪੁੱਛ ਕੇ । ਸਾਧ ਸੰਗੁ—ਗੁਰੂ ਦਾ ਸੰਗ । ਧਿਆਨੀ—ਜੁੜੇ ਮਨ ਵਾਲਾ । ਗੁਰਹਿ ਰੰਗੁ—ਗੁਰੂ ਦਾ ਪਿਆਰ । ੨ ।

ਸੇ—ਉਹ ਮਨੁੱਖ [ਬਹੁ ਵਚਨ] । ਭਉ—(ਪਰਮਾਤਮਾ ਦਾ) ਡਰ । ਸੋ—ਉਹ ਮਨੁੱਖ [ਇਕ ਵਚਨ] । ਭ੍ਰਮੁ—ਭਟਕਣਾ । ਇਕਾਂਤੀ—ਇਕਾਂਤ ਥਾਂ ਵਿਚ ਰਹਿਣ ਵਾਲਾ। ਰਿਦਾ—ਹਿਰਦਾ । ਥਾਇ—ਇੱਕ ਥਾਂ ਤੇ, ਸ਼ਾਂਤ । ਨਿਹਚਲੁ—ਅਡੋਲ-ਚਿੱਤ । ਸਾਚ ਠਾਇ—ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੇ ਚਰਨਾਂ ਵਿਚ । ਠਾਇ—ਥਾਂ ਵਿਚ । ੩ ।

ਖੋਜੈ—ਭਾਲਦਾ ਹੈ । ਪਰਸਨ—ਛੁਹ । ਹੀਤ—ਹਿਤ, ਤਾਂਘ, ਪਿਆਰ । ਚੀਤਿ— ਚਿੱਤ ਵਿਚ । ਸਹਜਿ—ਆਤਮਕ ਅਡੋਲਤਾ ਵਿਚ । ਕੁਰਬਾਣੁ—ਸਦਕੇ । ੪ ।

ਅਰਥ :—ਹੇ ਭਾਈ ! ਮੈਂ ਤਾਂ ਉਸ ਮਨੁੱਖ ਦੇ ਹਿਰਦੇ ਵਿਚ ਖਿੜਾਉ (ਪੈਦਾ ਹੋਇਆ) ਸਮਝਦਾ ਹਾਂ, ਜਿਸ ਦੇ ਹਿਰਦੇ ਵਿਚ ਪ੍ਰਭੂ ਦੀ ਸਿਫ਼ਤਿ ਸਾਲਾਹ ਟਿਕੀ ਹੋਈ ਹੈ, ਜਿਸ ਦੇ ਹਿਰਦੇ ਵਿਚ ਪਰਮਾਤਮਾ (ਦੇ ਨਾਮ) ਦੀ ਲਗਨ ਹੈ ।੧।ਰਹਾਉ ।

ਹੇ ਭਾਈ ! ਆਤਮਕ ਖਿੜਾਉ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜਿਸ ਉੱਤੇ ਪ੍ਰਭੂ ਦਇਆਵਾਨ ਹੁੰਦਾ ਹੈ, ਜਿਸ ਉਤੇ ਗੁਰੂ ਦਇਆਵਾਨ ਹੁੰਦਾ ਹੈ । ਹੇ ਭਾਈ ! ਉਸ ਮਨੁੱਖ ਦੇ ਹਿਰਦੇ ਵਿਚ ਖ਼ੁਸ਼ੀ ਪੈਦਾ ਹੁੰਦੀ ਹੈ, ਜਿਸ ਨੂੰ ਇਕ ਹਰਿ-ਨਾਮ ਸਿਮਰਨ ਦਾ ਸਦਾ ਆਹਰ ਰਹਿੰਦਾ ਹੈ । ਉਸ ਮਨੁੱਖ ਨੂੰ ਖਿੜਾਉ ਸਦਾ ਹੀ ਮਿਲਿਆ ਰਹਿੰਦਾ ਹੈ ਜਿਸ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ । ੧ ।

ਹੇ ਮੇਰੇ ਮਨ ! ਪਰਮਾਤਮਾ (ਦੇ ਚਰਨਾਂ) ਨਾਲ ਪ੍ਰੀਤ ਪਾ ਕੇ ਸਦਾ ਖਿੜਿਆ ਰਹੁ।

ਹੇ ਮਨ! ਸੰਤ ਜਨਾਂ ਨੂੰ ਪੁੱਛ ਕੇ ਆਤਮਕ ਜੀਵਨ ਦੀ ਸੂਝ ਹਾਸਲ ਕਰੀਦੀ ਹੈ। ਹੇ ਭਾਈ! (ਅਸਲ) ਤਪਸ੍ਵੀ ਉਹ ਮਨੁੱਖ ਹੈ ਜਿਸ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ, ਉਹ ਮਨੁੱਖ ਸਦਾ ਜੁੜੀ ਸੁਰਤਿ ਵਾਲਾ ਜਾਣੋ, ਜਿਸ ਦੇ ਅੰਦਰ ਗੁਰ (-ਚਰਨਾਂ) ਦਾ ਪਿਆਰ ਹੈ।੨।

ਹੇ ਭਾਈ! ਉਹ ਬੰਦੇ (ਦੁਨੀਆ ਦੇ) ਡਰਾਂ ਤੋਂ ਉਤਾਂਹ ਹਨ ਜਿੰਨ੍ਹਾਂ ਦੇ ਮਨ ਵਿਚ ਪਰਮਾਤਮਾ ਦਾ ਡਰ ਵੱਸਦਾ ਹੈ। ਉਹ ਮਨੁੱਖ ਸੁਖੀ ਜੀਵਨ ਵਾਲਾ ਹੈ ਜਿਸ (ਦੇ ਮਨ) ਦੀ ਭਟਕਣਾ ਦੂਰ ਹੋ ਗਈ ਹੈ। ਸਿਰਫ਼ ਉਹ ਮਨੁੱਖ ਇਕਾਂਤ ਥਾਂ ਵਿਚ ਰਹਿੰਦਾ ਹੈ ਜਿਸ ਦਾ ਹਿਰਦਾ ਸ਼ਾਂਤ ਹੈ (ਇੱਕ ਥਾਂ ਟਿਕਿਆ ਹੋਇਆ ਹੈ)। ਉਹੀ ਮਨੁੱਖ ਅਡੋਲ ਚਿੱਤ ਵਾਲਾ ਹੈ, ਜਿਹੜਾ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।੩।

ਹੇ ਦਾਸ ਨਾਨਕ! (ਆਖ—ਹੇ ਭਾਈ!) ਮੈਂ ਉਸ ਮਨੁੱਖ ਤੋਂ ਸਦਕੇ ਜਾਂਦਾ ਹਾਂ, ਜਿਹੜਾ (ਹਰ ਥਾਂ) ਇਕ ਪਰਮਾਤਮਾ ਨੂੰ ਹੀ ਭਾਲਦਾ ਹੈ, ਜਿਸ ਦੇ ਮਨ ਵਿਚ ਇਕ ਪਰਮਾਤਮਾ ਦਾ ਹੀ ਪਿਆਰ ਹੈ, ਜਿਸ ਦੇ ਚਿੱਤ ਵਿਚ ਇਕ ਪ੍ਰਭੂ ਦੇ ਦਰਸਨ ਦੀ ਛੁਹ ਦੀ ਤਾਂਘ ਹੈ, ਜਿਹੜਾ ਮਨੁੱਖ ਆਤਮਕ ਅਡੋਲਤਾ ਵਿਚ ਟਿਕ ਕੇ ਸਭ ਰਸਾਂ ਤੋਂ ਸ੍ਰੇਸ਼ਟ ਹਰਿ-ਨਾਮ-ਰਸ ਮਾਣਦਾ ਰਹਿੰਦਾ ਹੈ।੪।੩।

ਬਸੰਤੁ ਮਹਲਾ ੫ ॥ ਜੀਅ ਪ੍ਰਾਣ ਤੁਮ੍ ਪਿੰਡ ਦੀਨ੍ ॥ ਮੁਗਧ ਸੁੰਦਰ ਧਾਰਿ ਜੋਤਿ ਕੀਨ੍ ॥ ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥ ਨਾਮੁ ਜਪਤ ਹੋਵਤ ਨਿਹਾਲ ॥੧॥ ਮੇਰੇ ਪ੍ਰੀਤਮ ਕਾਰਣ ਕਰਣ ਜੋਗ ॥ ਹਉ ਪਾਵਉ ਤੁਮ ਤੇ ਸਗਲ ਥੋਕ ॥੧॥ ਰਹਾਉ ॥ ਨਾਮੁ ਜਪਤ ਹੋਵਤ ਉਧਾਰ ॥ ਨਾਮੁ ਜਪਤ ਸੁਖ ਸਹਜ ਸਾਰ ॥ ਨਾਮੁ ਜਪਤ ਪਤਿ ਸੋਭਾ ਹੋਇ ॥ ਨਾਮੁ ਜਪਤ ਬਿਘਨੁ ਨਾਹੀ ਕੋਇ ॥੨॥ ਜਾ ਕਾਰਣਿ ਇਹ ਦੁਲਭ ਦੇਹ ॥ ਸੋ ਬੋਲੁ ਮੇਰੇ ਪ੍ਰਭੂ ਦੇਹਿ ॥ ਸਾਧ ਸੰਗਤਿ ਮਹਿ ਇਹੁ ਬਿਸ੍ਰਾਮੁ ॥ ਸਦਾ ਰਿਦੈ ਜਪੀ ਪ੍ਰਭ ਤੇਰੋ ਨਾਮੁ ॥੩॥ ਤੁਝ ਬਿਨੁ ਦੂਜਾ ਕੋਇ ਨਾਹਿ ॥ ਸਭੁ ਤੇਰੋ ਖੇਲੁ ਤੁਝ ਮਹਿ ਸਮਾਹਿ ॥ ਜਿਉ ਭਾਵੈ ਤਿਉ ਰਾਖਿ ਲੇ ॥ ਸੁਖੁ ਨਾਨਕ ਪੂਰਾ ਗੁਰੁ ਮਿਲੇ ॥੪॥੪॥

ਪਦ ਅਰਥ :—ਜੀਅ—ਜਿੰਦ। ਪਿੰਡੁ—ਸਰੀਰ। ਮੁਗਧ—ਮੂਰਖ। ਧਾਰਿ—ਧਾਰ ਕੇ, ਟਿਕਾ ਕੇ। ਸਭਿ—ਸਾਰੇ (ਜੀਵ)। ਜਾਚਿਕ—ਮੰਗਤੇ। ਨਿਹਾਲ—ਪ੍ਰਸੰਨ-ਚਿੱਤ।੧।

ਪ੍ਰੀਤਮ—ਹੇ ਪ੍ਰੀਤਮ! ਕਰਣ—ਜਗਤ। ਜੋਗ—ਸਮਰਥਾ ਵਾਲਾ। ਹਉ—ਮੈਂ।

ਪਾਵਉ—ਪਾਵਉਂ, ਮੈਂ ਹਾਸਲ ਕਰਦਾ ਹਾਂ । ੧ । ਰਹਾਉ ।

ਉਧਾਰ—ਪਾਰ-ਉਤਾਰਾ । ਸਹਜ—ਆਤਮਕ ਅਡੋਲਤਾ । ਪਤਿ—ਇੱਜ਼ਤ । ਬਿਘਨੁ —ਰੁਕਾਵਟ । ੨ ।

ਜਾ ਕਾਰਣਿ—ਜਾ ਬੋਲ ਕਾਰਣਿ, ਜਿਸ ਹਰਿ-ਨਾਮ ਦੀ ਖ਼ਾਤਰ। ਦੁਲਭ—ਮੁਸ਼ਕਿਲ ਨਾਲ ਮਿਲਣ ਵਾਲੀ । ਦੇਹ—ਸਰੀਰ । ਪ੍ਰਭ—ਹੇ ਪ੍ਰਭੂ ! ਬਿਸ੍ਰਾਮੁ—ਟਿਕਾਣਾ । ਹਿਦੈ—ਹਿਰਦੇ ਵਿਚ । ਜਪੀ—ਜਪੀਂ, ਮੈਂ ਜਪਾਂ । ਪ੍ਰਭ—ਹੇ ਪ੍ਰਭੂ ! ੩ ।

ਸਭੁ ਖੇਲੁ—ਸਾਰਾ ਜਗਤ-ਤਮਾਸ਼ਾ । ਸਮਾਹਿ—(ਸਾਰੇ ਜੀਵ) ਲੀਨ ਹੋ ਜਾਂਦੇ ਹਨ [ਬਹੁ ਵਚਨ] । ੪ ।

ਅਰਥ :—ਹੇ ਸਭ ਕੁਝ ਕਰਨ ਦੀ ਸਮਰਥਾ ਵਾਲੇ ! ਹੇ ਮੇਰੇ ਪ੍ਰੀਤਮ ! ਮੈਂ ਤੇਰੇ ਪਾਸੋਂ ਹੀ ਸਾਰੇ ਪਦਾਰਥ ਹਾਸਲ ਕਰਦਾ ਹਾਂ । ੧ । ਰਹਾਉ ।

ਹੇ ਪ੍ਰਭੂ ! (ਸਭ ਜੀਵਾਂ ਨੂੰ) ਜਿੰਦ, ਪ੍ਰਾਣ, ਸਰੀਰ ਤੂੰ ਹੀ ਦਿੱਤੇ ਹਨ । ਆਪਣੀ ਜੋਤਿ ਤੂੰ (ਸਰੀਰਾਂ ਵਿਚ) ਟਿਕਾ ਕੇ ਮੂਰਖਾਂ ਨੂੰ ਸੋਹਣੇ ਬਣਾ ਦੇਂਦਾ ਹੈਂ । ਹੇ ਪ੍ਰਭੂ ! ਸਾਰੇ ਜੀਵ (ਤੇਰੇ ਦਰ ਦੇ) ਮੰਗਤੇ ਹਨ, ਤੂੰ ਸਭ ਉੱਤੇ ਦਇਆ ਕਰਨ ਵਾਲਾ ਹੈਂ । ਤੇਰਾ ਨਾਮ ਜਪਦਿਆਂ ਜੀਵ ਪ੍ਰਸੰਨ-ਚਿੱਤ ਹੋ ਜਾਂਦੇ ਹਨ । ੧ ।

ਹੇ ਭਾਈ! ਪਰਮਾਤਮਾ ਦਾ ਨਾਮ ਜਪਦਿਆਂ (ਜਗਤ ਤੋਂ) ਪਾਰ-ਉਤਾਰਾ ਹੁੰਦਾ ਹੈ, ਆਤਮਕ ਅਡੋਲਤਾ ਦੇ ਸ੍ਰੇਸ਼ਟ ਸੁਖ ਪ੍ਰਾਪਤ ਹੋ ਜਾਂਦੇ ਹਨ, (ਲੋਕ ਪਰਲੋਕ ਵਿਚ) ਇੱਜ਼ਤ ਸੋਭਾ ਮਿਲਦੀ ਹੈ, (ਜੀਵਨ-ਸਫ਼ਰ ਵਿਚ ਵਿਕਾਰਾਂ ਵਲੋਂ) ਕੋਈ ਰੁਕਾਵਟ ਨਹੀਂ ਪੈਂਦੀ । ੨ ।

ਹੇ ਮੇਰੇ ਪ੍ਰਭੂ ! ਜਿਸ ਹਰਿ-ਨਾਮ ਦੇ ਜਪਣ ਵਾਸਤੇ (ਤੇਰੀ ਮਿਹਰ ਨਾਲ) ਇਹ ਦੁਰਲੱਭ ਮਨੁੱਖਾ ਸਰੀਰ ਮਿਲਿਆ ਹੈ, ਉਹ ਹਰਿ-ਨਾਮ ਮੈਨੂੰ ਬਖ਼ਸ਼ । (ਮੇਰਾ) ਇਹ (ਮਨ) ਸਾਧ ਸੰਗਤਿ ਵਿਚ ਟਿਕਾਣਾ ਪ੍ਰਾਪਤ ਕਰੀ ਰੱਖੇ । ਹੇ ਪ੍ਰਭੂ ! (ਮਿਹਰ ਕਰ) ਮੈਂ ਸਦਾ ਤੇਰਾ ਨਾਮ ਜਪਦਾ ਰਹਾਂ । ੩ ।

ਹੇ ਪ੍ਰਭੂ ! ਤੈਥੋਂ ਬਿਨਾ ਮੈਨੂੰ ਕੋਈ ਹੋਰ (ਆਸਰਾ) ਨਹੀਂ ਹੈ । ਇਹ ਸਾਰਾ ਜਗਤ-ਤਮਾਸ਼ਾ ਤੇਰਾ ਹੀ ਬਣਾਇਆ ਹੋਇਆ ਹੈ । ਸਾਰੇ ਜੀਵ ਤੇਰੇ ਵਿਚ ਹੀ ਲੀਨ ਹੋ ਜਾਂਦੇ ਹਨ । ਜਿਵੇਂ ਤੈਨੂੰ ਚੰਗਾ ਲੱਗੇ, ਤਿਵੇਂ (ਮੇਰੀ) ਰੱਖਿਆ ਕਰ । ਹੇ ਨਾਨਕ ! ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪੈਂਦਾ ਹੈ, ਉਸ ਨੂੰ ਆਤਮਕ ਆਨੰਦ ਪ੍ਰਾਪਤ ਹੁੰਦਾ ਹੈ । ੪ । ੪ ।

ਬਸੰਤੁ ਮਹਲਾ ੫ ॥ ਪ੍ਰਭ ਪ੍ਰੀਤਮ ਮੇਰੈ ਸੰਗਿ ਰਾਇ ॥ ਜਿਸਹਿ ਦੇਖਿ ਹਉ ਜੀਵਾ ਮਾਇ ॥ ਜਾ ਕੈ ਸਿਮਰਨਿ ਦੁਖੁ ਨ ਹੋਇ ॥ ਕਰਿ ਦਇਆ ਮਿਲਾਵਹੁ ਤਿਸਹਿ ਮੋਹਿ ॥ ੧ ॥ ਮੇਰੇ ਪ੍ਰੀਤਮ ਪ੍ਰਾਨ ਅਧਾਰ ਮਨ ॥ ਜੀਉ

ਪ੍ਰਾਨ ਸਭੁ ਤੇਰੋ ਧਨ ॥ ੧ ॥ ਰਹਾਉ ॥ ਜਾ ਕਉ ਖੋਜਹਿ ਸੁਰਿਨਰ ਦੇਵ ॥ ਮੁਨਿ ਜਨ ਸੇਖ ਨ ਲਹਹਿ ਭੇਵ ॥ ਜਾ ਕੀ ਗਤਿ ਮਿਤਿ ਕਹੀ ਨ ਜਾਇ ॥ ਘਟਿ ਘਟਿ ਘਟਿ ਘਟਿ ਰਹਿਆ ਸਮਾਇ ॥ ੨ ॥ ਜਾ ਕੇ ਭਗਤ ਆਨੰਦ ਮੈ ॥ ਜਾ ਕੇ ਭਗਤ ਕਉ ਨਾਹੀ ਖੈ ॥ ਜਾ ਕੇ ਭਗਤ ਕਉ ਨਾਹੀ ਭੈ ॥ ਜਾ ਕੇ ਭਗਤ ਕਉ ਸਦਾ ਜੈ ॥ ੩ ॥ ਕਉਨ ਉਪਮਾ ਤੇਰੀ ਕਹੀ ਜਾਇ ॥ ਸੁਖ ਦਾਤਾ ਪ੍ਰਭੁ ਰਹਿਓ ਸਮਾਇ ॥ ਨਾਨਕੁ ਜਾਚੈ ਏਕੁ ਦਾਨੁ ॥ ਕਰਿ ਕਿਰਪਾ ਮੋਹਿ ਦੇਹੁ ਨਾਮੁ ॥ ੪ ॥ ੫ ॥

ਪਦ ਅਰਥ :—ਮੇਰੈ ਸੰਗਿ—ਮੇਰੇ ਨਾਲ । ਰਾਇ—ਰਾਜਾ, ਪਾਤਿਸ਼ਾਹ । ਦੇਖਿ—ਵੇਖ ਕੇ । ਹਉ—ਮੈਂ । ਜੀਵਾ—ਜੀਵਾਂ, ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ । ਮਾਇ—ਹੇ ਮਾਂ ! ਸਿਮਰਨਿ—ਸਿਮਰਨ ਦੀ ਰਾਹੀਂ । ਜਾ ਕੈ ਸਿਮਰਨਿ—ਜਿਸ ਦੇ ਸਿਮਰਨ ਦੀ ਰਾਹੀਂ । ਮੋਹਿ—ਮੈਨੂੰ । ਕਰਿ—ਕਰ ਕੇ । ਜਿਸਹਿ, ਤਿਸਹਿ—[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਜਿਸੁ' ਤਿਸੁ ਦਾ _ ਉੱਡ ਗਿਆ ਹੈ] । ੧ ।

ਪ੍ਰੀਤਮ—ਹੇ ਪ੍ਰੀਤਮ ! ਪ੍ਰਾਨ ਅਧਾਰ ਮਨ—ਹੇ ਮੇਰੇ ਪ੍ਰਾਣਾਂ ਅਤੇ ਮਨ ਦੇ ਆਸਰੇ ! ਜੀਉ—ਜਿੰਦ । ੧ । ਰਹਾਉ ।

ਜਾ ਕਉ—ਜਿਸ (ਪਰਮਾਤਮਾ) ਨੂੰ । ਸੁਰਿ ਨਰ—ਦੈਵੀ ਗੁਣਾਂ ਵਾਲੇ ਮਨੁੱਖ । ਦੇਵ—ਦੇਵਤੇ । ਸੇਖ—ਸ਼ੇਸ਼ ਨਾਗ । ਨ ਲਹਹਿ—ਨਹੀਂ ਲੱਭ ਸਕਦੇ [ਬਹੁ ਵਚਨ] । ਭੇਵ—ਭੇਤ । ਗਤਿ—ਹਾਲਤ । ਮਿਤਿ—ਮਾਪ । ਜਾ ਕੀ ਗਤਿ ਮਿਤਿ—ਜਿਸ ਦੀ ਆਤਮਕ ਉੱਚਤਾ ਅਤੇ ਜਿਸ ਦਾ ਵਡੱਪਣ । ਘਟਿ ਘਟਿ—ਹਰੇਕ ਸਰੀਰ ਵਿਚ । ੨ ।

ਆਨੰਦ ਮੈ—ਆਨੰਦ ਮਯ, ਆਨੰਦ-ਸਰੂਪ, ਆਨੰਦ-ਭਰਪੂਰ । ਖੈ—ਨਾਸ, ਆਤਮਕ ਮੌਤ । ਭੈ—ਦੁਨੀਆ ਦੇ ਡਰ । ਜੈ—ਜਿੱਤ, ਵਿਕਾਰਾਂ ਦੇ ਟਾਕਰੇ ਤੇ ਜਿੱਤ । ੩ ।

ਉਪਮਾ—ਵਡਿਆਈ, ਸਿਫਤਿ । ਰਹਿਓ ਸਮਾਇ—ਸਭ ਥਾਂ ਮੌਜੂਦ ਹੈ । ਜਾਚੈ—ਮੰਗਦਾ ਹੈ । ਦਾਨੁ—ਖੈਰ । ਮੋਹਿ—ਮੈਨੂੰ । ੪ ।

ਅਰਥ :—ਹੇ ਮੇਰੇ ਪ੍ਰੀਤਮ ਪ੍ਰਭੂ ! ਹੇ ਮੇਰੀ ਜਿੰਦ ਤੇ ਮਨ ਦੇ ਆਸਰੇ ਪ੍ਰਭੂ ! ਮੇਰੀ ਇਹ ਜਿੰਦ ਮੇਰੇ ਇਹ ਪ੍ਰਾਣ—ਸਭ ਕੁਝ ਤੇਰਾ ਹੀ ਦਿੱਤਾ ਹੋਇਆ ਸਰਮਾਇਆ ਹੈ। ੧ । ਰਹਾਉ ।

ਹੇ ਮਾਂ ! ਪ੍ਰੀਤਮ ਪ੍ਰਭੂ, ਪ੍ਰਭੂ ਪਾਤਿਸ਼ਾਹ (ਉਂਞ ਤਾਂ ਹਰ ਵੇਲੇ) ਮੇਰੇ ਨਾਲ ਵੱਸਦਾ ਹੈ (ਪਰ ਮੈਨੂੰ ਦਿੱਸਦਾ ਨਹੀਂ)। ਹੇ ਮਾਂ ! ਮਿਹਰ ਕਰ ਕੇ ਮੈਨੂੰ ਉਸ ਪ੍ਰਭੂ ਨਾਲ ਮਿਲਾ ਦੇ, ਜਿਸ ਨੂੰ ਵੇਖ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰ ਸਕਾਂ, ਜਿਸ ਦੇ ਸਿਮਰਨ ਦੀ ਬਰਕਤਿ

ਨਾਲ ਕੋਈ ਦੁੱਖ ਪੋਹ ਨਹੀਂ ਸਕਦਾ। ੧।

ਹੇ ਮਾਂ! ਜਿਸ ਪਰਮਾਤਮਾ ਨੂੰ ਦੈਵੀ ਗੁਣਾਂ ਵਾਲੇ ਮਨੁੱਖ ਅਤੇ ਦੇਵਤੇ ਭਾਲਦੇ ਰਹਿੰਦੇ ਹਨ, ਜਿਸ ਦਾ ਭੇਤ ਮੁਨੀ ਲੋਕ ਅਤੇ ਸ਼ੇਸ਼-ਨਾਗ ਭੀ ਨਹੀਂ ਪਾ ਸਕਦੇ, ਜਿਸ ਦੀ ਉੱਚੀ ਆਤਮਕ ਅਵਸਥਾ ਅਤੇ ਵਡੱਪਣ ਬਿਆਨ ਨਹੀਂ ਕੀਤੇ ਜਾ ਸਕਦੇ, ਹੇ ਮਾਂ! ਉਹ ਪਰਮਾਤਮਾ ਹਰੇਕ ਸਰੀਰ ਵਿਚ ਵਿਆਪ ਰਿਹਾ ਹੈ। ੨।

ਹੇ ਮਾਂ! ਜਿਸ ਪਰਮਾਤਮਾ ਦੇ ਭਗਤ ਸਦਾ ਆਨੰਦ-ਭਰਪੂਰ ਰਹਿੰਦੇ ਹਨ, ਜਿਸ ਪਰਮਾਤਮਾ ਦੇ ਭਗਤਾਂ ਨੂੰ ਕਦੇ ਆਤਮਕ ਮੌਤ ਨਹੀਂ ਆਉਂਦੀ, ਜਿਸ ਪਰਮਾਤਮਾ ਦੇ ਭਗਤਾਂ ਨੂੰ (ਦੁਨੀਆ ਦੇ ਕੋਈ) ਡਰ ਪੋਹ ਨਹੀਂ ਸਕਦੇ, ਜਿਸ ਪਰਮਾਤਮਾ ਦੇ ਭਗਤਾਂ ਨੂੰ (ਵਿਕਾਰਾਂ ਦੇ ਟਾਕਰੇ ਤੇ) ਸਦਾ ਜਿੱਤ ਹੁੰਦੀ ਹੈ (ਉਹ ਪਰਮਾਤਮਾ ਹਰੇਕ ਸਰੀਰ ਵਿਚ ਮੌਜੂਦ ਹੈ)। ੩।

ਹੇ ਪ੍ਰਭੂ! ਤੇਰੀ ਕੋਈ ਉਪਮਾ ਦੱਸੀ ਨਹੀਂ ਜਾ ਸਕਦੀ (ਤੇਰੇ ਵਰਗਾ ਕੋਈ ਦੱਸਿਆ ਨਹੀਂ ਜਾ ਸਕਦਾ)। ਤੂੰ (ਸਭ ਜੀਵਾਂ ਨੂੰ) ਸੁਖ ਦੇਣ ਵਾਲਾ ਮਾਲਕ ਹੈਂ, ਤੂੰ ਹਰ ਥਾਂ ਮੌਜੂਦ ਹੈਂ। ਹੇ ਪ੍ਰਭੂ! ਨਾਨਕ (ਤੇਰੇ ਪਾਸੋਂ) ਇਕ ਖ਼ੈਰ ਮੰਗਦਾ ਹੈ—ਮਿਹਰ ਕਰ ਕੇ ਮੈਨੂੰ ਆਪਣਾ-ਨਾਮ ਬਖ਼ਸ਼। ੪। ੫।

ਬਸੰਤੁ ਮਹਲਾ ੫ ॥ ਮਿਲਿ ਪਾਣੀ ਜਿਉ ਹਰੇ ਬੂਟ ॥ ਸਾਧ ਸੰਗਤਿ ਤਿਉ ਹਉਮੈ ਛੂਟ ॥ ਜੈਸੀ ਦਾਸੇ ਧੀਰ ਮੀਰ ॥ ਤੈਸੇ ਉਧਾਰਨ ਗੁਰਹ ਪੀਰ ॥ ੧ ॥ ਤੁਮ ਦਾਤੇ ਪ੍ਰਭ ਦੇਨਹਾਰ ॥ ਨਿਮਖ ਨਿਮਖ ਤਿਸੁ ਨਮਸਕਾਰ ॥ ੧ ॥ ਰਹਾਉ ॥ ਜਿਸਹਿ ਪਰਾਪਤਿ ਸਾਧ ਸੰਗੁ ॥ ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ ॥ ਤੇ ਬੰਧਨ ਤੇ ਭਏ ਮੁਕਤਿ ॥ ਭਗਤ ਅਰਾਧਹਿ ਜੋਗ ਜੁਗਤਿ ॥ ੨ ॥ ਨੇਤ੍ਰ ਸੰਤੋਖੇ ਦਰਸੁ ਪੇਖਿ ॥ ਰਸਨਾ ਗਾਏ ਗੁਣ ਅਨੇਕ ॥ ਤ੍ਰਿਸਨਾ ਬੂਝੀ ਗੁਰ ਪ੍ਰਸਾਦਿ ॥ ਮਨੁ ਆਘਾਨਾ ਹਰਿ ਰਸਹਿ ਸੁਆਦਿ ॥ ੩ ॥ ਸੇਵਕੁ ਲਾਗੋ ਚਰਣ ਸੇਵ ॥ ਆਦਿ ਪੁਰਖ ਅਪਰੰਪਰ ਦੇਵ ॥ ਸਗਲ ਉਧਾਰਣ ਤੇਰੋ ਨਾਮੁ ॥ ਨਾਨਕ ਪਾਇਓ ਇਹੁ ਨਿਧਾਨੁ ॥ ੪ ॥ ੬ ॥

ਪਦ ਅਰਥ:—ਮਿਲਿ—ਮਿਲ ਕੇ। ਬੂਟ—ਬੂਟੇ। ਛੂਟ—ਮੁੱਕ ਜਾਂਦੀ ਹੈ। ਦਾਸੇ—ਦਾਸ ਨੂੰ। ਧੀਰ—ਧੀਰਜ, ਹੌਸਲਾ, ਸਹਾਰਾ। ਮੀਰ—ਮਾਲਕ (ਦਾ)। ਗੁਰਹ ਪੀਰ—ਗੁਰੂ ਪੀਰ। ਉਧਾਰਨ—ਪਾਰ-ਉਤਾਰੇ ਲਈ ਆਸਰਾ। ੧।

ਦੇਨਹਾਰ—ਸਭ ਕੁਝ ਦੇ ਸਕਣ ਵਾਲੇ। ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਤਿਸੁ—ਉਸ (ਪਰਮਾਤਮਾ) ਨੂੰ। ੧। ਰਹਾਉ।

ਜਿਸਹਿ—[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਜਿਸੁ' ਦਾ ੁ ਉੱਡ ਗਿਆ ਹੈ]। ਸਾਧ ਸੰਗੁ—ਗੁਰੂ ਦਾ ਸਾਥ। ਰੰਗੁ—ਪਿਆਰ। ਤੇ—ਉਹ ਮਨੁੱਖ [ਬਹੁ ਵਚਨ]। ਤੇ—ਤੋਂ। ਬੰਧਨ ਤੇ—ਮਾਇਆ ਦੇ ਮੋਹ ਦੇ ਬੰਧਨਾਂ ਤੋਂ। ਅਰਾਧਹਿ—ਆਰਾਧਦੇ ਹਨ, ਸਿਮਰਦੇ ਹਨ। ਜੋਗ—ਮਿਲਾਪ। ਜੋਗ ਜੁਗਤਿ—ਪਰਮਾਤਮਾ ਨਾਲ ਮਿਲਾਪ ਦਾ ਤਰੀਕਾ। ੨।

ਨੇਤ੍ਰ—ਅੱਖਾਂ। ਨੇਤ੍ਰ ਸੰਤੋਖੇ—ਅੱਖਾਂ ਨੂੰ (ਪਰਾਇਆ ਰੂਪ ਤੱਕਣ ਵਲੋਂ) ਸੰਤੋਖ ਆ ਜਾਂਦਾ ਹੈ। ਪੇਖਿ—ਵੇਖ ਕੇ। ਰਸਨਾ—ਜੀਭ। ਗਾਏ—ਗਾਂਦੀ ਹੈ। ਬੁਝੀ—ਮਿਟ ਜਾਂਦੀ ਹੈ। ਗੁਰ ਪ੍ਰਸਾਦਿ—ਗੁਰੂ ਦੀ ਕਿਰਪਾ ਨਾਲ। ਆਘਾਨਾ—ਰੱਜ ਜਾਂਦਾ ਹੈ। ਹਰਿ ਰਸਹਿ ਸੁਆਦਿ—ਹਰਿ-ਨਾਮ-ਰਸ ਦੇ ਸੁਆਦ ਨਾਲ। ੩।

ਆਦਿ—ਹੇ ਸਾਰੇ ਜਗਤ ਦੇ ਮੂਲ! ਪੁਰਖ—ਹੇ ਸਰਬ-ਵਿਆਪਕ! ਅਪਰੰਪਰ—ਹੇ ਪਰੇ ਤੋਂ ਪਰੇ! ਸਗਲ ਉਧਾਰਣ—ਸਾਰੇ ਜੀਵਾਂ ਦਾ ਪਾਰ-ਉਤਾਰਾ ਕਰਨ ਵਾਲਾ। ਨਿਧਾਨੁ—ਖ਼ਜ਼ਾਨਾ। ੪।

ਅਰਥ:—ਹੇ ਪ੍ਰਭੂ! ਤੂੰ (ਜੀਵਾਂ ਨੂੰ) ਸਭ ਕੁਝ ਦੇ ਸਕਣ ਵਾਲਾ ਦਾਤਾਰ ਹੈਂ। ਹੇ ਭਾਈ! ਮੈਂ ਪਲ ਪਲ ਉਸ (ਦਾਤਾਰ ਪ੍ਰਭੂ) ਨੂੰ ਨਮਸਕਾਰ ਕਰਦਾ ਹਾਂ। ੧। ਰਹਾਉ।

ਹੇ ਭਾਈ! ਜਿਵੇਂ ਪਾਣੀ ਨੂੰ ਮਿਲ ਕੇ ਬੂਟੇ ਹਰੇ ਹੋ ਜਾਂਦੇ ਹਨ (ਤੇ, ਉਹਨਾਂ ਦਾ ਸੋਕਾ ਮੁੱਕ ਜਾਂਦਾ ਹੈ) ਤਿਵੇਂ ਸਾਧ ਸੰਗਤਿ ਵਿਚ ਮਿਲ ਕੇ (ਮਨੁੱਖ ਦੇ ਅੰਦਰੋਂ) ਹਉਮੈ ਮੁੱਕ ਜਾਂਦੀ ਹੈ। ਹੇ ਭਾਈ! ਜਿਵੇਂ ਕਿਸੇ ਦਾਸ ਨੂੰ ਆਪਣੇ ਮਾਲਕ ਦੀ ਧੀਰਜ ਹੁੰਦੀ ਹੈ, ਤਿਵੇਂ ਗੁਰੂ-ਪੀਰ (ਜੀਵਾਂ ਨੂੰ) ਪਾਰ ਉਤਾਰਨ ਲਈ ਆਸਰਾ ਹੁੰਦਾ ਹੈ। ੧।

ਹੇ ਭਾਈ! ਜਿਸ ਮਨੁੱਖ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ, ਉਸ ਮਨੁੱਖ (ਦੇ ਮਨ) ਨੂੰ ਪਰਮਾਤਮਾ ਦਾ ਪ੍ਰੇਮ-ਰੰਗ ਚੜ੍ਹ ਜਾਂਦਾ ਹੈ। ਹੇ ਭਾਈ! (ਜਿਨ੍ਹਾਂ ਮਨੁੱਖਾਂ ਨੂੰ ਨਾਮ-ਰੰਗ ਚੜ੍ਹ ਜਾਂਦਾ ਹੈ) ਉਹ ਮਨੁੱਖ ਮਾਇਆ ਦੇ ਮੋਹ ਦੇ ਬੰਧਨਾਂ ਤੋਂ ਖ਼ਲਾਸੀ ਹਾਸਲ ਕਰ ਲੈਂਦੇ ਹਨ। ਪਰਮਾਤਮਾ ਦੇ ਭਗਤ ਪਰਮਾਤਮਾ ਦਾ ਨਾਮ ਸਿਮਰਦੇ ਹਨ— ਇਹੀ ਉਸ ਨਾਲ ਮਿਲਾਪ ਦਾ ਸਹੀ ਤਰੀਕਾ ਹੈ। ੨।

ਹੇ ਭਾਈ! ਪਰਮਾਤਮਾ ਦਾ ਦਰਸ਼ਨ ਕਰ ਕੇ (ਮਨੁੱਖ ਦੀਆਂ) ਅੱਖਾਂ ਨੂੰ (ਪਰਾਇਆ ਰੂਪ ਤੱਕਣ ਵੱਲੋਂ) ਸੰਤੋਖ ਆ ਜਾਂਦਾ ਹੈ। (ਜਿਉਂ ਜਿਉਂ ਮਨੁੱਖ ਦੀ) ਜੀਭ ਪਰਮਾਤਮਾ ਦੇ ਅਨੇਕਾਂ ਗੁਣ ਗਾਂਦੀ ਹੈ, ਗੁਰੂ ਦੀ ਕਿਰਪਾ ਨਾਲ (ਉਸ ਦੇ ਅੰਦਰੋਂ ਮਾਇਆ ਦੀ) ਤ੍ਰਿਸ਼ਨਾ (-ਅੱਗ) ਬੁਝ ਜਾਂਦੀ ਹੈ, ਉਸ ਦਾ ਮਨ ਹਰਿ-ਨਾਮ-ਰਸ ਦੇ ਸੁਆਦ ਨਾਲ (ਮਾਇਆ ਵੱਲੋਂ) ਰੱਜ ਜਾਂਦਾ ਹੈ। ੩।

ਹੇ ਸਭ ਦੇ ਮੁੱਢ ਪ੍ਰਭੂ! ਹੇ ਸਰਬ-ਵਿਆਪਕ ਪ੍ਰਭੂ! ਹੇ ਪਰੇ ਤੋਂ ਪਰੇ ਪ੍ਰਭੂ! ਹੇ

ਪ੍ਰਕਾਸ਼-ਰੂਪ ਪ੍ਰਭੂ ! ਤੇਰਾ ਨਾਮ ਸਭ ਜੀਵਾਂ ਦਾ ਪਾਰ-ਉਤਾਰਾ ਕਰਨ ਵਾਲਾ ਹੈ। ਹੇ ਨਾਨਕ ! (ਆਖ—ਹੇ ਪ੍ਰਭੂ ! ਜਿਹੜਾ ਤੇਰਾ) ਸੇਵਕ (ਤੇਰੇ) ਚਰਨਾਂ ਦੀ ਸੇਵਾ ਵਿਚ ਲੱਗਦਾ ਹੈ, ਉਸ ਨੂੰ (ਤੇਰਾ) ਇਹ ਨਾਮ-ਖ਼ਜ਼ਾਨਾ ਮਿਲ ਜਾਂਦਾ ਹੈ। ੪। ੬।

ਬਸੰਤੁ ਮਹਲਾ ੫ ॥ ਤੁਮ ਬਡ ਦਾਤੇ ਦੇ ਰਹੇ ॥ ਜੀਅ ਪ੍ਰਾਣ ਮਹਿ ਰਵਿ ਰਹੇ ॥ ਦੀਨੇ ਸਗਲੇ ਭੋਜਨ ਖਾਨ ॥ ਮੋਹਿ ਨਿਰਗੁਨ ਇਕੁ ਗੁਨੁ ਨ ਜਾਨ ॥ ੧ ॥ ਹਉ ਕਛੂ ਨ ਜਾਨਉ ਤੇਰੀ ਸਾਰ ॥ ਤੂ ਕਰਿ ਗਤਿ ਮੇਰੀ ਪ੍ਰਭ ਦਇਆਰ ॥ ੧ ॥ ਰਹਾਉ ॥ ਜਾਪ ਨ ਤਾਪ ਨ ਕਰਮ ਕੀਤਿ ॥ ਆਵੈ ਨਾਹੀ ਕਛੂ ਰੀਤਿ ॥ ਮਨ ਮਹਿ ਰਾਖਉ ਆਸ ਏਕ ॥ ਨਾਮ ਤੇਰੇ ਕੀ ਤਰਉ ਟੇਕ ॥ ੨ ॥ ਸਰਬ ਕਲਾ ਪ੍ਰਭ ਤੁਮ੍ ਪ੍ਰਬੀਨ ॥ ਅੰਤੁ ਨ ਪਾਵਹਿ ਜਲਹਿ ਮੀਨ ॥ ਅਗਮ ਅਗਮ ਊਚਹ ਤੇ ਊਚ ॥ ਹਮ ਥੋਰੇ ਤੁਮ ਬਹੁਤ ਮੂਚ ॥ ੩ ॥ ਜਿਨ ਤੂ ਧਿਆਇਆ ਸੇ ਗਨੀ ॥ ਜਿਨ ਤੂ ਪਾਇਆ ਸੇ ਧਨੀ ॥ ਜਿਨਿ ਤੂ ਸੇਵਿਆ ਸੁਖੀ ਸੇ ॥ ਸੰਤ ਸਰਣਿ ਨਾਨਕ ਪਰੇ ॥ ੪ ॥ ੭ ॥

ਪਦ ਅਰਥ :—ਦੇ ਰਹੇ—(ਦਾਤਾਂ) ਦੇ ਰਿਹਾ ਹੈਂ। ਰਵਿ ਰਹੇ—ਮੌਜੂਦ ਹੈਂ, ਵਿਆਪਕ ਹੈਂ। ਖਾਨ—ਖਾਣ ਲਈ। ਮੋਹਿ ਨਿਰਗੁਨ—ਮੈਂ ਗੁਣ-ਹੀਨ ਨੇ। ਗੁਨੁ—ਉਪਕਾਰ। ਨ ਜਾਨ—ਨਹੀਂ ਸਮਝਿਆ। ੧।

ਹਉ—ਹਉਂ, ਮੈਂ। ਨ ਜਾਨਉ—ਨ ਜਾਨਉਂ, ਮੈਂ ਨਹੀਂ ਜਾਣਦਾ। ਸਾਰ—ਕਦਰ। ਗਤਿ—ਉੱਚੀ ਆਤਮਕ ਅਵਸਥਾ। ਪ੍ਰਭ ਦਇਆਰ—ਹੇ ਦਇਆਲ ਪ੍ਰਭੂ ! ੧। ਰਹਾਉ।

ਕਰਮ—(ਮਿਥੇ ਹੋਏ ਧਾਰਮਿਕ) ਕਰਮ। ਕੀਤਿ—ਕੀਤੇ। ਰੀਤਿ—(ਧਾਰਮਿਕ) ਰਸਮ। ਰਾਖਉ—ਰਾਖਉਂ, ਮੈਂ ਰੱਖਦਾ ਹਾਂ। ਤਰਉ—ਤਰਉਂ, ਮੈਂ ਤਰਦਾ ਹਾਂ, ਮੈਂ ਪਾਰ ਲੰਘ ਜਾਵਾਂਗਾ। ਟੇਕ—ਆਸਰੇ। ੨।

ਕਲਾ—ਸੱਤਿਆ, ਹੁਨਰ। ਪ੍ਰਬੀਨ—ਸਿਆਣਾ, ਪੂਰਨ। ਜਲਹਿ ਮੀਨ—ਜਲ ਦੀਆਂ ਮੱਛੀਆਂ। ਅਗਮ—ਅਪਹੁੰਚ। ਤੇ—ਤੋਂ। ਥੋਰੇ—ਥੋੜ੍ਹੇ ਵਿਤ ਵਾਲੇ, ਥੋੜ-ਵਿਤੇ। ਮੂਚ—ਵੱਡਾ, ਵੱਡੇ ਜਿਗਰੇ ਵਾਲਾ। ੩।

ਤੂ—ਤੈਨੂੰ। ਸੇ—ਉਹ ਮਨੁੱਖ [ਬਹੁ ਵਚਨ]। ਗਨੀ—ਗ਼ਨੀ, ਧਨਾਢ। ਤੂ—ਤੈਨੂੰ। ਧਨੀ—ਧਨ ਵਾਲੇ, ਦੌਲਤਮੰਦ। ਜਿਨਿ—ਜਿਸ ਨੇ, ਜਿਸ ਜਿਸ ਨੇ। ਨਾਨਕ—ਹੇ ਨਾਨਕ। ੪।

ਅਰਥ :—ਹੇ ਦਇਆਲ ਪ੍ਰਭੂ ! ਮੈਂ ਤੇਰੀ ਰਤਾ ਭਰ ਭੀ ਕਦਰ ਨਹੀਂ ਜਾਣਦਾ, (ਮਿਹਰ ਕਰ) ਮੈਨੂੰ ਉੱਚੀ ਆਤਮਕ ਅਵਸਥਾ ਦੇਹ। ੧। ਰਹਾਉ।

ਹੇ ਪ੍ਰਭੂ! ਤੂੰ ਸਭ ਤੋਂ ਵੱਡਾ ਦਾਤਾ ਹੈਂ,(ਸਭ ਜੀਵਾਂ ਨੂੰ ਤੂੰ ਸਭ ਪਦਾਰਥ) ਦੇ ਰਿਹਾ ਹੈਂ, ਤੂੰ ਸਭਨਾਂ ਦੀ ਜਿੰਦ ਵਿਚ ਸਭਨਾਂ ਦੇ ਪ੍ਰਾਣਾਂ ਵਿਚ ਵਿਆਪਕ ਹੈਂ। ਤੂੰ ਖਾਣ ਲਈ ਸਾਰੇ ਪਦਾਰਥ ਦੇ ਰਿਹਾ ਹੈਂ, ਪਰ ਮੈਂ ਗੁਣ-ਹੀਨ ਨੇ ਤੇਰਾ ਇਕ ਭੀ ਉਪਕਾਰ ਨਹੀਂ ਸਮਝਿਆ।੧।

ਹੇ ਪ੍ਰਭੂ! ਮੈਂ ਕੋਈ ਜਪ ਨਹੀਂ ਕੀਤੇ, ਮੈਂ ਕੋਈ ਤਪ ਨਹੀਂ ਕੀਤੇ, ਮੈਂ (ਤੀਰਥ-ਇਸ਼ਨਾਨ ਆਦਿਕ ਮਿਥੇ ਹੋਏ ਕੋਈ ਧਾਰਮਿਕ) ਕਰਮ ਨਹੀਂ ਕੀਤੇ; ਕੋਈ ਧਾਰਮਿਕ ਰੀਤ-ਰਸਮ ਕਰਨੀ ਭੀ ਮੈਨੂੰ ਨਹੀਂ ਆਉਂਦੀ। ਪਰ, ਹੇ ਪ੍ਰਭੂ! ਮੈਂ ਆਪਣੇ ਮਨ ਵਿਚ ਸਿਰਫ਼ ਇਹ ਆਸ ਰੱਖੀ ਬੈਠਾ ਹਾਂ, ਕਿ ਤੇਰੇ ਨਾਮ ਦੇ ਆਸਰੇ ਮੈਂ(ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਵਾਂਗਾ।੨।

ਹੇ ਪ੍ਰਭੂ! ਤੂੰ ਸਾਰੀਆਂ ਹੀ ਤਾਕਤਾਂ ਵਿਚ ਪੂਰਨ ਹੈਂ (ਅਸੀ ਜੀਵ ਤੇਰਾ ਅੰਤ ਨਹੀਂ ਪਾ ਸਕਦੇ, ਜਿਵੇਂ ਸਮੁੰਦਰ ਦੇ) ਪਾਣੀ ਦੀਆਂ ਮੱਛੀਆਂ (ਸਮੁੰਦਰ ਦਾ)ਅੰਤ ਨਹੀਂ ਪਾ ਸਕਦੀਆਂ। ਹੇ ਪ੍ਰਭੂ! ਤੂੰ ਅਪਹੁੰਚ ਹੈਂ, ਤੂ ਅਪਹੁੰਚ ਹੈਂ, ਤੂੰ ਉੱਚਿਆਂ ਤੋਂ ਉੱਚਾ ਹੈਂ। ਅਸੀ ਜੀਵ ਥੋੜ-ਵਿਤੇ ਹਾਂ, ਤੂੰ ਵੱਡੇ ਜਿਗਰੇ ਵਾਲਾ ਹੈਂ।੩।

ਹੇ ਪ੍ਰਭੂ! ਜਿਨ੍ਹਾਂ ਮਨੁੱਖਾਂ ਨੇ ਤੇਰਾ ਨਾਮ ਸਿਮਰਿਆ ਹੈ, ਉਹ (ਅਸਲ) ਦੌਲਤ-ਮੰਦ ਹਨ, ਜਿਨ੍ਹਾਂ ਨੇ ਤੈਨੂੰ ਲੱਭ ਲਿਆ ਉਹ ਅਸਲ ਧਨਾਢ ਹਨ। ਹੇ ਨਾਨਕ! (ਆਖ—ਹੇ ਪ੍ਰਭੂ!) ਜਿਸ ਜਿਸ ਮਨੁੱਖ ਨੇ ਤੇਰੀ ਭਗਤੀ ਕੀਤੀ, ਉਹ ਸਭ ਸੁਖੀ ਹਨ, ਉਹ ਤੇਰੇ ਸੰਤ ਜਨਾਂ ਦੀ ਸਰਨ ਪਏ ਰਹਿੰਦੇ ਹਨ।੪।੭।

ਬਸੰਤੁ ਮਹਲਾ ੫ ॥ ਤਿਸੁ ਤੂ ਸੇਵਿ ਜਿਨਿ ਤੂ ਕੀਆ ॥ ਤਿਸੁ ਅਰਾਧਿ ਜਿਨਿ ਜੀਉ ਦੀਆ ॥ ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ ॥ ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ ॥ ੧ ॥ ਏਵਡ ਭਾਗ ਹੋਹਿ ਜਿਸੁ ਪ੍ਰਾਣੀ ॥ ਸੋ ਪਾਏ ਇਹੁ ਪਦੁ ਨਿਰਬਾਣੀ ॥ ੧ ॥ ਰਹਾਉ॥ ਦੂਜੀ ਸੇਵਾ ਜੀਵਨੁ ਬਿਰਥਾ॥ ਕਛੂ ਨ ਹੋਈ ਹੈ ਪੂਰਨ ਅਰਥਾ॥ਮਾਨਸ ਸੇਵਾ ਖਰੀ ਦੁਹੇਲੀ ॥ ਸਾਧ ਕੀ ਸੇਵਾ ਸਦਾ ਸੁਹੇਲੀ ॥ ੨ ॥ ਜੇ ਲੋੜਹਿ ਸਦਾ ਸੁਖੁ ਭਾਈ ॥ ਸਾਧੂ ਸੰਗਤਿ ਗੁਰਹਿ ਬਤਾਈ ॥ ਊਹਾ ਜਪੀਐ ਕੇਵਲ ਨਾਮ ॥ ਸਾਧੂ ਸੰਗਤਿ ਪਾਰਗਰਾਮ ॥ ੩ ॥ ਸਗਲ ਤਤ ਮਹਿ ਤਤੁ ਗਿਆਨੁ ॥ ਸਰਬ ਧਿਆਨ ਮਹਿ ਏਕੁ ਧਿਆਨੁ ॥ ਹਰਿ ਕੀਰਤਨ ਮਹਿ ਊਤਮ ਧੁਨਾ ॥ ਨਾਨਕ ਗੁਰ ਮਿਲਿ ਗਾਇ ਗੁਨਾ ॥ ੪ ॥ ੮ ॥

ਪਦ ਅਰਥ :—ਸੇਵਿ—ਸੇਵਾ-ਭਗਤੀ ਕਰ। ਜਿਨਿ—ਜਿਸ (ਪ੍ਰਭੂ) ਨੇ। ਤੂ—ਤੈਨੂੰ।

ਜੀਉ—ਜਿੰਦ। ਤਿਸ ਕਾ—[ਸੰਬੰਧਕ 'ਕਾ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ਚਾਕਰੁ—ਦਾਸ। ਹੋਹਿ—ਜੇ ਤੂੰ ਬਣ ਜਾਏਂ। ਡਾਨੁ—ਡੰਨ, ਜਮਾਂ ਦਾ ਦੰਡ। ਪੋਤਦਾਰੀ—[ਪੋਤਹ—ਖ਼ਜ਼ਾਨਾ। ਪੋਤਹਦਾਰ—ਖ਼ਜ਼ਾਨਚੀ] ਖ਼ਜ਼ਾਨਚੀ ਦਾ ਕੰਮ। ੧।

ਏਵਡ ਭਾਗ—ਏਡੇ ਵੱਡੇ ਭਾਗ, ਬੜੀ ਕਿਸਮਤ। ਪਦੁ ਨਿਰਬਾਣੀ—ਉਹ ਆਤਮਕ ਦਰਜਾ ਜਿੱਥੇ ਕੋਈ ਵਾਸਨਾ ਪੋਹ ਨਾਹ ਸਕੇ। ਨਿਰਬਾਣੀ—ਵਾਸਨਾ-ਰਹਿਤ। ੧। ਰਹਾਉ।

ਦੂਜੀ—ਪ੍ਰਭੂ ਤੋਂ ਬਿਨਾ ਕਿਸੇ ਹੋਰ ਦੀ। ਬਿਰਥਾ—ਵਿਅਰਥ। ਅਰਥਾ—ਲੋੜ, ਗਰਜ਼। ਖਰੀ—ਬਹੁਤ। ਦੁਹੇਲੀ—ਦੁਖਦਾਈ। ਸਾਧ—ਗੁਰੂ। ਸੁਹੇਲੀ—ਸੁਖ ਦੇਣ ਵਾਲੀ। ੨।

ਭਾਈ—ਹੇ ਭਾਈ! [ਸੰਬੋਧਨ]। ਗੁਰਹਿ—ਗੁਰੂ ਨੇ। ਊਹਾ—ਸਾਧ ਸੰਗਤਿ ਵਿਚ। ਜਪੀਐ—ਜਪੀਦਾ ਹੈ। ਪਾਰਗਰਾਮ—ਪਾਰ ਗਾਮਿਨ, ਪਾਰ ਗਾਮੀ, (ਸੰਸਾਰ-ਸਮੁੰਦਰ ਤੋਂ) ਪਾਰ ਲੰਘਣ ਜੋਗਾ। ੩।

ਗਿਆਨੁ—ਪਰਮਾਤਮਾ ਨਾਲ ਜਾਣ-ਪਛਾਣ, ਆਤਮਕ ਜੀਵਨ ਦੀ ਸੂਝ। ਤਤੁ—ਸ੍ਰੇਸ਼ਟ ਵਿਚਾਰ। ਧਿਆਨ—ਸਮਾਧੀ। ਕੀਰਤਨ—ਸਿਫ਼ਤਿ ਸਾਲਾਹ। ਧੁਨਾ—ਲਗਨ, ਸੁਰਤਿ। ਗੁਰ ਮਿਲਿ—ਗੁਰੂ ਨੂੰ ਮਿਲ ਕੇ। ੪।

ਅਰਥ :—ਹੇ ਭਾਈ! ਜਿਸ ਮਨੁੱਖ ਦੇ ਬੜੇ ਵੱਡੇ ਭਾਗ ਹੋਣ, ਉਸ ਮਨੁੱਖ ਨੂੰ ਉਹ ਆਤਮਕ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਜਿੱਥੇ ਕੋਈ ਵਾਸਨਾ ਪੋਹ ਨਹੀਂ ਸਕਦੀ। ੧। ਰਹਾਉ।

ਹੇ ਭਾਈ! ਜਿਸ ਪਰਮਾਤਮਾ ਨੇ ਤੈਨੂੰ ਪੈਦਾ ਕੀਤਾ ਹੈ, ਉਸ ਦੀ ਸੇਵਾ-ਭਗਤੀ ਕਰਿਆ ਕਰ। ਜਿਸ ਨੇ ਤੈਨੂੰ ਜਿੰਦ ਦਿੱਤੀ ਹੈ ਉਸ ਦਾ ਨਾਮ ਸਿਮਰਿਆ ਕਰ। ਜੇ ਤੂੰ ਉਸ (ਪਰਮਾਤਮਾ) ਦਾ ਦਾਸ ਬਣਿਆ ਰਹੇਂ, ਤਾਂ ਤੈਨੂੰ (ਜਮ ਆਦਿਕ ਕਿਸੇ ਵਲੋਂ ਭੀ) ਡੰਨ ਨਹੀਂ ਲੱਗ ਸਕਦਾ। (ਬੇਅੰਤ ਭੰਡਾਰਿਆਂ ਦੇ ਮਾਲਕ) ਉਸ ਪਰਮਾਤਮਾ ਦਾ ਸਿਰਫ਼ ਭੰਡਾਰੀ ਬਣਿਆ ਰਹੁ (ਫਿਰ ਉਸ ਦੇ ਦਿੱਤੇ ਕਿਸੇ ਪਦਾਰਥ ਦੇ ਖੁੱਸ ਜਾਣ ਤੇ) ਤੈਨੂੰ ਕੋਈ ਦੁੱਖ ਨਹੀਂ ਵਿਆਪੇਗਾ। ੧।

ਹੇ ਭਾਈ! (ਪਰਮਾਤਮਾ ਨੂੰ ਛੱਡ ਕੇ) ਕਿਸੇ ਹੋਰ ਦੀ ਖ਼ਿਦਮਤ ਵਿਚ ਜ਼ਿੰਦਗੀ ਵਿਅਰਥ ਚਲੀ ਜਾਂਦੀ ਹੈ, ਤੇ, ਲੋੜ ਭੀ ਕੋਈ ਪੂਰੀ ਨਹੀਂ ਹੁੰਦੀ। ਹੇ ਭਾਈ! ਮਨੁੱਖ ਦੀ ਖ਼ਿਦਮਤ ਬਹੁਤ ਦੁਖਦਾਈ ਹੋਇਆ ਕਰਦੀ ਹੈ। ਗੁਰੂ ਦੀ ਸੇਵਾ ਸਦਾ ਹੀ ਸੁਖ ਦੇਣ ਵਾਲੀ ਹੁੰਦੀ ਹੈ। ੨।

ਹੇ ਭਾਈ! ਜੇ ਤੂੰ ਚਾਹੁੰਦਾ ਹੈਂ ਕਿ ਸਦਾ ਆਤਮਕ ਆਨੰਦ ਮਿਲਿਆ ਰਹੇ, ਤਾਂ, ਗੁਰੂ ਨੇ ਦੱਸਿਆ ਹੈ ਕਿ ਸਾਧ ਸੰਗਤਿ ਕਰਿਆ ਕਰ। ਸਾਧ ਸੰਗਤਿ ਵਿਚ ਸਿਰਫ਼

ਪਰਮਾਤਮਾ ਦਾ ਨਾਮ ਜਪੀਦਾ ਹੈ, ਸਾਧ ਸੰਗਤਿ ਵਿਚ ਟਿਕ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘਣ ਜੋਗਾ ਹੋ ਜਾਈਦਾ ਹੈ ।੩।

ਹੇ ਭਾਈ ! ਪਰਮਾਤਮਾ ਨਾਲ ਜਾਣ-ਪਛਾਣ ਬਣਾਣੀ ਸਭ ਵਿਚਾਰਾਂ ਨਾਲੋਂ ਸ੍ਰੇਸ਼ਟ ਵਿਚਾਰ ਹੈ। ਪਰਮਾਤਮਾ ਵਿਚ ਸੁਰਤਿ ਟਿਕਾਈ ਰੱਖਣੀ ਹੋਰ ਸਾਰੀਆਂ ਸਮਾਧੀਆਂ ਨਾਲੋਂ ਵਧੀਆ ਸਮਾਧੀ ਹੈ । ਪਰਮਾਤਮਾ ਦੀ ਸਿਫ਼ਤਿ-ਸਾਲਾਹ ਵਿਚ ਸੁਰਤਿ ਜੋੜਨੀ ਸਭ ਤੋਂ ਸ੍ਰੇਸ਼ਟ ਕੰਮ ਹੈ । ਹੇ ਨਾਨਕ ! ਗੁਰੂ ਨੂੰ ਮਿਲ ਕੇ ਪ੍ਰਭੂ ਦੇ ਗੁਣ ਗਾਂਦਾ ਰਿਹਾ ਕਰ ।੪।੮।

ਬਸੰਤੁ ਮਹਲਾ ੫ ॥ ਜਿਸੁ ਬੋਲਤ ਮੁਖੁ ਪਵਿਤੁ ਹੋਇ ॥ ਜਿਸੁ ਸਿਮਰਤ ਨਿਰਮਲ ਹੈ ਸੋਇ ॥ ਜਿਸੁ ਅਰਾਧੇ ਜਮੁ ਕਿਛੁ ਨ ਕਹੈ ॥ ਜਿਸ ਕੀ ਸੇਵਾ ਸਭੁ ਕਿਛੁ ਲਹੈ ॥੧॥ ਰਾਮ ਰਾਮ ਬੋਲਿ ਰਾਮ ਰਾਮ ॥ ਤਿਆਗਹੁ ਮਨ ਕੇ ਸਗਲ ਕਾਮ ॥ ੧ ॥ ਰਹਾਉ ॥ ਜਿਸ ਕੇ ਧਾਰੇ ਧਰਣਿ ਅਕਾਸੁ ॥ ਘਟਿ ਘਟਿ ਜਿਸ ਕਾ ਹੈ ਪ੍ਰਗਾਸੁ ॥ ਜਿਸੁ ਸਿਮਰਤ ਪਤਿਤ ਪੁਨੀਤ ਹੋਇ॥ ਅੰਤ ਕਾਲਿ ਫਿਰਿ ਫਿਰਿ ਨ ਰੋਇ ॥ ੨ ॥ ਸਗਲ ਧਰਮ ਮਹਿ ਊਤਮ ਧਰਮ ॥ ਕਰਮ ਕਰਤੂਤਿ ਕੈ ਊਪਰਿ ਕਰਮ ॥ ਜਿਸ ਕਉ ਚਾਹਹਿ ਸੁਰਿਨਰ ਦੇਵ ॥ ਸੰਤ ਸਭਾ ਕੀ ਲਗਹੁ ਸੇਵ ॥੩॥ ਆਦਿ ਪੁਰਖਿ ਜਿਸੁ ਕੀਆ ਦਾਨੁ॥ ਤਿਸ ਕਉ ਮਿਲਿਆ ਹਰਿ ਨਿਧਾਨੁ॥ਤਿਸ ਕੀ ਗਤਿ ਮਿਤਿ ਕਹੀ ਨ ਜਾਇ॥ ਨਾਨਕ ਜਨ ਹਰਿ ਹਰਿ ਧਿਆਇ ॥ ੪ ॥ ੯ ॥

ਪਦ ਅਰਥ :—ਜਿਸੁ ਬੋਲਤ—ਜਿਸ ਹਰਿ-ਨਾਮ ਨੂੰ ਉਚਾਰਦਿਆਂ । ਹੋਇ—ਹੋ ਜਾਂਦਾ ਹੈ [ਇਕ ਵਚਨ] । ਨਿਰਮਲ ਸੋਇ—ਬੇ-ਦਾਗ਼ ਸੋਭਾ । ਸਭੁ ਕਿਛੁ—ਹਰੇਕ (ਲੋੜੀਂਦੀ) ਚੀਜ਼ । ਲਹੈ—(ਮਨੁੱਖ) ਪ੍ਰਾਪਤ ਕਰ ਲੈਂਦਾ ਹੈ ।੧।

ਬੋਲਿ—ਉਚਾਰਿਆ ਕਰ, ਸਿਮਰਿਆ ਕਰ । ਕੇ—ਦੇ । ਕਾਮ—ਵਾਸਨਾ ।੧।ਰਹਾਉ।

ਜਿਸ ਕੇ—[ਸੰਬੰਧਕ 'ਕੇ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ੁ ਉੱਡ ਗਿਆ ਹੈ] । ਧਾਰੇ—ਟਿਕਾਏ ਹੋਏ । ਧਰਣਿ—ਧਰਤੀ । ਘਟਿ ਘਟਿ—ਹਰੇਕ ਸਰੀਰ ਵਿਚ । ਪ੍ਰਗਾਸੁ—ਨੂਰ, ਚਾਨਣ । ਪਤਿਤ—ਵਿਕਾਰੀ,ਵਿਕਾਰਾਂ ਵਿਚ ਡਿੱਗਾ ਹੋਇਆ । ਅੰਤ ਕਾਲਿ—ਅਖ਼ੀਰ ਦੇ ਵੇਲੇ । ਕਾਲਿ—ਸਮੇਂ ਵਿਚ । ਨ ਰੋਇ—ਨਹੀਂ ਰੋਂਦਾ ।੨।

ਊਤਮ—ਸ੍ਰੇਸ਼ਟ । ਕੈ ਊਪਰਿ—ਦੇ ਉੱਤੇ, ਤੋਂ ਵਧੀਆ । ਚਾਹਹਿ—ਤਾਂਘਦੇ ਹਨ [ਬਹੁ ਵਚਨ] । ਸੁਰਿ ਨਰ—ਦੈਵੀ ਗੁਣਾਂ ਵਾਲੇ ਮਨੁੱਖ । ਦੇਵ—ਦੇਵਤੇ । ਜਿਸ ਕਉ—[ਸੰਬੰਧਕ 'ਕਉ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ੁ ਉੱਡ ਗਿਆ ਹੈ] ।੩।

ਆਦਿ ਪੁਰਖਿ—ਆਦਿ ਪੁਰਖ ਨੇ, ਸਭ ਦੇ ਮੂਲ ਤੇ ਸਰਬ-ਵਿਆਪਕ ਪ੍ਰਭੂ ਨੇ। ਨਿਧਾਨੁ—ਨਾਮ-ਖ਼ਜ਼ਾਨਾ। ਤਿਸ ਕਉ, ਤਿਸ ਕੀ—[ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ ਸੰਬੰਧਕ 'ਕਉ' ਅਤੇ 'ਕੀ' ਦੇ ਕਾਰਨ]। ਗਤਿ—ਉੱਚੀ ਆਤਮਕ ਅਵਸਥਾ। ਮਿਤਿ —ਵਡੱਪਣ। ੪।

ਅਰਥ :—ਹੇ ਭਾਈ! ਸਦਾ ਪਰਮਾਤਮਾ ਦਾ ਨਾਮ ਉਚਾਰਿਆ ਕਰ, ਹਰਿ-ਨਾਮ ਉਚਾਰਿਆ ਕਰ। ਆਪਣੇ ਮਨ ਦੀਆਂ ਹੋਰ ਸਾਰੀਆਂ ਵਾਸਨਾਂ ਛੱਡ ਦੇਹ। ੧। ਰਹਾਉ।

ਹੇ ਭਾਈ! (ਉਹ ਹਰਿ-ਨਾਮ ਉਚਾਰਿਆ ਕਰ) ਜਿਸ ਨੂੰ ਉਚਾਰਦਿਆਂ ਮੂੰਹ ਪਵਿੱਤਰ ਹੋ ਜਾਂਦਾ ਹੈ, ਜਿਸ ਨੂੰ ਸਿਮਰਦਿਆਂ (ਲੋਕ ਪਰਲੋਕ ਵਿਚ) ਬੇ-ਦਾਗ਼ ਸੋਭਾ ਮਿਲਦੀ ਹੈ, ਜਿਸ ਨੂੰ ਅਰਾਧਦਿਆਂ ਜਮ-ਰਾਜ ਭੀ ਕੁਝ ਨਹੀਂ ਆਖਦਾ (ਡਰਾ ਨਹੀਂ ਸਕਦਾ) ਜਿਸ ਦੀ ਸੇਵਾ-ਭਗਤੀ ਨਾਲ (ਮਨੁੱਖ) ਹਰੇਕ (ਲੋੜੀਂਦੀ) ਚੀਜ਼ ਹਾਸਲ ਕਰ ਲੈਂਦਾ ਹੈ। ੧।

ਹੇ ਭਾਈ! (ਉਸ ਪਰਮਾਤਮਾ ਦਾ ਨਾਮ ਸਿਮਰਿਆ ਕਰ) ਧਰਤੀ ਤੇ ਆਕਾਸ਼ ਜਿਸ ਦੇ ਟਿਕਾਏ ਹੋਏ ਹਨ; ਜਿਸ ਦਾ ਨੂਰ ਹਰੇਕ ਸਰੀਰ ਵਿਚ ਹੈ, ਜਿਸ ਨੂੰ ਸਿਮਰਦਿਆਂ ਵਿਕਾਰੀ ਮਨੁੱਖ (ਭੀ) ਸੁੱਚੇ ਜੀਵਨ ਵਾਲਾ ਹੋ ਜਾਂਦਾ ਹੈ, (ਤੇ, ਜਿਸ ਦੀ ਬਰਕਤਿ ਨਾਲ) ਅੰਤ ਸਮੇ (ਮਨੁੱਖ) ਮੁੜ ਮੁੜ ਦੁਖੀ ਨਹੀਂ ਹੁੰਦਾ। ੨।

ਹੇ ਭਾਈ! (ਪਰਮਾਤਮਾ ਦਾ ਨਾਮ ਸਿਮਰਿਆ ਕਰ) ਸਾਰੇ ਧਰਮਾਂ ਵਿਚੋਂ (ਨਾਮ-ਸਿਮਰਨ ਹੀ) ਸਭ ਤੋਂ ਸ੍ਰੇਸ਼ਟ ਧਰਮ ਹੈ, ਇਹੀ ਕਰਮ ਹੋਰ ਸਾਰੇ ਧਾਰਮਿਕ ਕਰਮਾਂ ਨਾਲੋਂ ਉੱਤਮ ਹੈ। ਹੇ ਭਾਈ! (ਉਸ ਪਰਮਾਤਮਾ ਨੂੰ ਯਾਦ ਕਰਿਆ ਕਰ) ਜਿਸ ਨੂੰ (ਮਿਲਣ ਲਈ) ਦੈਵੀ ਗੁਣਾਂ ਵਾਲੇ ਮਨੁੱਖ ਅਤੇ ਦੇਵਤੇ ਭੀ ਲੋਚਦੇ ਹਨ। ਹੇ ਭਾਈ! ਸਾਧ ਸੰਗਤਿ ਦੀ ਸੇਵਾ ਕਰਿਆ ਕਰ (ਸਾਧ ਸੰਗਤਿ ਵਿਚੋਂ ਹੀ ਨਾਮ-ਸਿਮਰਨ ਦੀ ਦਾਤਿ ਮਿਲਦੀ ਹੈ)। ੩।

ਹੇ ਭਾਈ! ਸਭ ਦੇ ਮੂਲ ਅਤੇ ਸਰਬ-ਵਿਆਪਕ ਪ੍ਰਭੂ ਨੇ ਜਿਸ ਮਨੁੱਖ ਨੂੰ ਦਾਤਿ ਬਖ਼ਸ਼ੀ, ਉਸ ਨੂੰ ਹਰਿ-ਨਾਮ ਦਾ ਖ਼ਜ਼ਾਨਾ ਮਿਲ ਗਿਆ। ਹੇ ਦਾਸ ਨਾਨਕ! ਸਦਾ ਪਰਮਾਤਮਾ ਦਾ ਨਾਮ ਸਿਮਰਿਆ ਕਰ, ਉਸ ਦੀ ਬਾਬਤ ਇਹ ਨਹੀਂ ਦੱਸਿਆ ਜਾ ਸਕਦਾ ਕਿ ਉਹ ਕਿਹੋ ਜਿਹਾ ਹੈ ਅਤੇ ਕੇਡਾ ਵੱਡਾ ਹੈ। ੪। ੯।

ਬਸੰਤੁ ਮਹਲਾ ੫ ॥ ਮਨ ਤਨ ਭੀਤਰਿ ਲਾਗੀ ਪਿਆਸ ॥ ਗੁਰਿ ਦਇਆਲਿ ਪੂਰੀ ਮੇਰੀ ਆਸ ॥ ਕਿਲਵਿਖ ਕਾਟੇ ਸਾਧ ਸੰਗਿ ॥ ਨਾਮੁ ਜਪਿਓ ਹਰਿ ਨਾਮ ਰੰਗਿ ॥ ੧ ॥ ਗੁਰ ਪਰਸਾਦਿ ਬਸੰਤੁ ਬਨਾ ॥

ਚਰਨ ਕਮਲ ਹਿਰਦੈ ਉਰਿ ਧਾਰੇ ਸਦਾ ਸਦਾ ਹਰਿ ਜਸੁ ਸੁਨਾ ॥ ੧ ॥ ਰਹਾਉ॥ ਸਮਰਥ ਸੁਆਮੀ ਕਾਰਣ ਕਰਣ॥ ਮੋਹਿ ਅਨਾਥ ਪ੍ਰਭ ਤੇਰੀ ਸਰਣ ॥ ਜੀਅ ਜੰਤ ਤੇਰੇ ਆਧਾਰਿ ॥ ਕਰਿ ਕਿਰਪਾ ਪ੍ਰਭ ਲੇਹਿ ਨਿਸਤਾਰਿ ॥ ੨ ॥ ਭਵਖੰਡਨ ਦੁਖਨਾਸ ਦੇਵ ॥ ਸੁਰਿਨਰ ਮੁਨਿਜਨ ਤਾ ਕੀ ਸੇਵ ॥ ਧਰਣਿ ਅਕਾਸੁ ਜਾ ਕੀ ਕਲਾ ਮਾਹਿ ॥ ਤੇਰਾ ਦੀਆ ਸਭਿ ਜੰਤ ਖਾਹਿ ॥ ੩ ॥ਅੰਤਰਜਾਮੀ ਪ੍ਰਭ ਦਇਆਲ॥ ਅਪਣੇ ਦਾਸ ਕਉ ਨਦਰਿ ਨਿਹਾਲਿ ॥ ਕਰਿ ਕਿਰਪਾ ਮੋਹਿ ਦੇਹੁ ਦਾਨੁ ॥ ਜਪਿ ਜੀਵੈ ਨਾਨਕੁ ਤੇਰੋ ਨਾਮੁ ॥ ੪ ॥ ੧੦ ॥

ਪਦ ਅਰਥ :—ਭੀਤਰਿ—ਅੰਦਰ, ਵਿਚ । ਪਿਆਸ—ਤਾਂਘ। ਗੁਰਿ—ਗੁਰੂ ਨੇ। ਦਇਆਲਿ—ਦਇਆਲ ਨੇ। ਕਿਲਵਿਖ—ਪਾਪ । ਸਾਧ ਸੰਗਿ—ਸਾਧ ਸੰਗਤਿ ਵਿਚ। ਨਾਮ ਰੰਗਿ—ਨਾਮ ਦੇ ਪਿਆਰ ਵਿਚ । ੧ ।

ਗੁਰ ਪਰਸਾਦਿ- ਗੁਰੂ ਦੀ ਕਿਰਪਾ ਨਾਲ । ਬਸੰਤੁ—ਖਿੜਾਉ । ਚਰਨ ਕਮਲ—ਕੌਲ ਫੁੱਲਾਂ ਵਰਗੇ ਸੋਹਣੇ ਚਰਨ । ਹਿਰਦੈ—ਹਿਰਦੇ ਵਿਚ । ਉਰਿ—[ਉਰਸੁ] ਛਾਤੀ ਵਿਚ । ਜਸੁ —ਸਿਫ਼ਤਿ ਸਾਲਾਹ । ੧ । ਰਹਾਉ ।

ਸਮਰਥ—ਹੇ ਸਭ ਤਾਕਤਾਂ ਦੇ ਮਾਲਕ ! ਸੁਆਮੀ—ਹੇ ਮਾਲਕ ! ਕਾਰਣ ਕਰਣ— ਹੇ ਕਰਨ ਦੇ ਕਾਰਨ ! ਹੇ ਜਗਤ ਦੇ ਮੂਲ ! ਮੋਹਿ—ਮੈਂ । ਪ੍ਰਭ - ਹੇ ਪ੍ਰਭੂ ! ਆਧਾਰਿ— ਆਸਰੇ ਵਿਚ। ਕਰਿ—ਕਰ ਕੇ । ਪ੍ਰਭ—ਹੇ ਪ੍ਰਭੂ ! ਲੇਹਿ ਨਿਸਤਾਰਿ—ਪਾਰ ਲੰਘਾ ਲੈ ।੨।

ਭਵ ਖੰਡਨ—ਹੇ ਜਨਮ ਮਰਨ ਦਾ ਗੇੜ ਕੱਟਣ ਵਾਲੇ । ਦੇਵ—ਹੇ ਪ੍ਰਕਾਸ਼-ਰੂਪ। ਸੁਰਿ ਨਰ—ਦੈਵੀ ਗੁਣਾਂ ਵਾਲੇ ਮਨੁੱਖ । ਤਾ ਕੀ—ਉਸ (ਪਰਮਾਤਮਾ) ਦੀ। ਸੇਵ—ਭਗਤੀ। ਧਰਣਿ—ਧਰਤੀ । ਜਾ ਕੀ—ਜਿਸ (ਪਰਮਾਤਮਾ) ਦੀ । ਕਲਾ—ਸਤਿਆ । ਸਭਿ—ਸਾਰੇ । ਖਾਹਿ—ਖਾਂਦੇ ਹਨ [ਬਹੁ ਵਚਨ]। ਨਿਹਾਲਿ—ਵੇਖ । ੩ ।

ਅੰਤਰਜਾਮੀ—ਹੇ ਸਭ ਦੇ ਦਿਲ ਦੀ ਜਾਣਨ ਵਾਲੇ ! ਕਉ—ਨੂੰ । ਨਦਰਿ—ਮਿਹਰ ਦੀ ਨਿਗਾਹ । ਕਰਿ—ਕਰ ਕੇ । ਮੋਹਿ—ਮੈਨੂੰ । ਜਪਿ—ਜਪ ਕੇ । ਜੀਵੈ—ਆਤਮਕ ਜੀਵਨ ਪ੍ਰਾਪਤ ਕਰੇ । ੪ ।

ਅਰਥ :—ਹੇ ਭਾਈ ! ਗੁਰੂ ਦੀ ਕਿਰਪਾ ਨਾਲ (ਮੇਰੇ ਅੰਦਰ) ਬਸੰਤ (ਰੁੱਤ ਵਾਲਾ ਖਿੜਾਉ) ਬਣ ਗਿਆ ਹੈ । (ਗੁਰੂ ਦੀ ਮਿਹਰ ਨਾਲ) ਮੈਂ ਪਰਮਾਤਮਾ ਦੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਆਪਣੇ ਦਿਲ ਵਿਚ ਵਸਾ ਲਏ ਹਨ । ਹੁਣ ਮੈਂ ਹਰ ਵੇਲੇ ਸਦਾ ਪਰਮਾਤਮਾ ਦੀ ਸਿਫ਼ਤਿ ਸਾਲਾਹ ਸੁਣਦਾ ਹਾਂ । ੧ । ਰਹਾਉ ।

ਹੇ ਭਾਈ! ਦਇਆਵਾਨ ਗੁਰੂ ਨੇ ਮੇਰੀ (ਚਿਰਾਂ ਦੀ) ਆਸ ਪੂਰੀ ਕਰ ਦਿੱਤੀ ਹੈ। (ਹੁਣ) ਮੇਰੇ ਮਨ ਵਿਚ ਮੇਰੇ ਤਨ ਵਿਚ (ਹਰਿ-ਨਾਮ ਦੀ) ਲਗਨ ਬਣ ਗਈ ਹੈ। ਗੁਰੂ ਦੀ ਸੰਗਤਿ ਵਿਚ (ਮੇਰੇ ਸਾਰੇ) ਪਾਪ ਕੱਟੇ ਗਏ ਹਨ (ਕਿਉਂਕਿ ਗੁਰੂ ਦੀ ਕਿਰਪਾ ਨਾਲ) ਮੈਂ ਪ੍ਰੇਮ-ਰੰਗ ਵਿਚ ਟਿਕ ਕੇ ਪਰਮਾਤਮਾ ਦਾ ਨਾਮ ਜਪ ਰਿਹਾ ਹਾਂ ।੧।

ਹੇ ਸਭ ਤਾਕਤਾਂ ਦੇ ਮਾਲਕ ! ਹੇ ਸੁਆਮੀ ! ਹੇ ਜਗਤ ਦੇ ਮੂਲ ! ਹੇ ਪ੍ਰਭੂ! ਮੈਂ ਅਨਾਥ ਤੇਰੀ ਸਰਨ ਆਇਆ ਹਾਂ। ਹੇ ਪ੍ਰਭੂ ! ਸਾਰੇ ਜੀਅ ਜੰਤ ਤੇਰੇ ਹੀ ਆਸਰੇ ਹਨ, ਮਿਹਰ ਕਰ ਕੇ (ਇਹਨਾਂ ਨੂੰ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈ ।੨।

ਹੇ ਜਨਮ ਮਰਨ ਦਾ ਗੇੜ ਕੱਟਣ ਵਾਲੇ ! ਹੇ ਦੁੱਖਾਂ ਦਾ ਨਾਸ ਕਰਨ ਵਾਲੇ ! ਹੇ ਚਾਨਣ-ਰੂਪ ! ਸਾਰੇ ਜੀਵ ਤੇਰਾ ਦਿੱਤਾ (ਅੰਨ) ਖਾਂਦੇ ਹਨ। ਹੇ ਭਾਈ ! ਧਰਤੀ ਅਤੇ ਆਕਾਸ਼ ਜਿਸ (ਪਰਮਾਤਮਾ) ਦੀ ਸੱਤਿਆ ਦੇ ਆਸਰੇ ਟਿਕੇ ਹੋਏ ਹਨ, ਦੈਵੀ ਗੁਣਾਂ ਵਾਲੇ ਮਨੁੱਖ ਅਤੇ ਮੁਨੀ ਲੋਕ ਉਸ ਦੀ ਸੇਵਾ-ਭਗਤੀ ਕਰਦੇ ਹਨ । ੩ ।

ਹੇ ਸਭ ਦੇ ਦਿਲਾਂ ਦੀ ਜਾਣਨ ਵਾਲੇ ਦਇਆਲ ਪ੍ਰਭੂ ! ਆਪਣੇ ਦਾਸ ਨੂੰ ਮਿਹਰ ਦੀ ਨਿਗਾਹ ਨਾਲ ਵੇਖ । ਮਿਹਰ ਕਰ ਕੇ ਮੈਨੂੰ (ਇਹ) ਦਾਨ ਦੇਹ ਕਿ (ਤੇਰਾ ਦਾਸ) ਨਾਨਕ ਤੇਰਾ ਨਾਮ ਜਪ ਕੇ ਆਤਮਕ ਜੀਵਨ ਪ੍ਰਾਪਤ ਕਰੇ । ੪ । ੧੦ ।

ਬਸੰਤੁ ਮਹਲਾ ੫ ॥ ਰਾਮ ਰੰਗਿ ਸਭ ਗਏ ਪਾਪ ॥ ਰਾਮ ਜਪਤ ਕਛੁ ਨਹੀ ਸੰਤਾਪ ॥ ਗੋਬਿੰਦ ਜਪਤ ਸਭਿ ਮਿਟੇ ਅੰਧੇਰ ॥ ਹਰਿ ਸਿਮਰਤ ਕਛੁ ਨਾਹਿ ਫੇਰ ॥ ੧ ॥ ਬਸੰਤੁ ਹਮਾਰੈ ਰਾਮ ਰੰਗੁ ॥ ਸੰਤ ਜਨਾ ਸਿਉ ਸਦਾ ਸੰਗੁ ॥ ੧ ॥ ਰਹਾਉ ॥ ਸੰਤ ਜਨੀ ਕੀਆ ਉਪਦੇਸੁ ॥ ਜਹ ਗੋਬਿੰਦ ਭਗਤੁ ਸੋ ਧੰਨਿ ਦੇਸੁ ॥ ਹਰਿ ਭਗਤਿ ਹੀਨ ਉਦਿਆਨ ਥਾਨੁ ॥ ਗੁਰ ਪ੍ਰਸਾਦਿ ਘਟਿ ਘਟਿ ਪਛਾਨੁ ॥ ੨ ॥ ਹਰਿ ਕੀਰਤਨ ਰਸ ਭੋਗ ਰੰਗੁ ॥ ਮਨ ਪਾਪ ਕਰਤ ਤੂ ਸਦਾ ਸੰਗੁ ॥ ਨਿਕਟਿ ਪੇਖੁ ਪ੍ਰਭੁ ਕਰਣਹਾਰ ॥ ਈਤ ਊਤ ਪ੍ਰਭ ਕਾਰਜ ਸਾਰ ॥੩॥ ਚਰਨ ਕਮਲ ਸਿਉ ਲਗੋ ਧਿਆਨੁ ॥ ਕਰਿ ਕਿਰਪਾ ਪ੍ਰਭਿ ਕੀਨੋ ਦਾਨੁ ॥ ਤੇਰਿਆ ਸੰਤ ਜਨਾ ਕੀ ਬਾਛਉ ਧੂਰਿ ॥ ਜਪਿ ਨਾਨਕ ਸੁਆਮੀ ਸਦ ਹਜੂਰਿ ॥ ੪ ॥ ੧੧ ॥

ਪਦ ਅਰਥ :—ਰੰਗਿ—ਪ੍ਰੇਮ ਵਿਚ (ਜੁੜਿਆਂ)। ਜਪਤ—ਜਪਦਿਆਂ। ਸੰਤਾਪ—ਦੁੱਖ-ਕਲੇਸ਼। ਸਭਿ—ਸਾਰੇ। ਅੰਧੇਰ—ਮਾਇਆ ਦੇ ਮੋਹ ਦੇ ਹਨੇਰੇ। ਫੇਰ—ਜਨਮ ਮਰਨ ਦੇ ਗੇੜ। ੧ ।

ਹਮਾਰੈ–ਮੇਰੇ ਹਿਰਦੇ ਵਿਚ। ਰੰਗੁ–ਪਿਆਰ। ਬਸੰਤ–ਖਿੜਾਉ। ਸਿਉ–ਨਾਲ। ਸੰਗੁ–ਸਾਥ। ੧। ਰਹਾਉ।

ਜਨੀ–ਜਨਾਂ ਨੇ। ਜਹ–ਜਿੱਥੇ। ਧੰਨਿ–ਭਾਗਾਂ ਵਾਲਾ। ਉਦਿਆਨ–ਉਜਾੜ। ਪ੍ਰਸਾਦਿ–ਕਿਰਪਾ ਨਾਲ। ਘਟਿ ਘਟਿ–ਹਰੇਕ ਸਰੀਰ ਵਿਚ (ਵਿਆਪਕ)। ਪਛਾਨੁ–ਸਮਝ ਲੈ। ੨।

ਰਸ–ਸੁਆਦ। ਰੰਗੁ–ਮੌਜ-ਬਹਾਰ। ਮਨ–ਹੇ ਮਨ! ਸੰਗੁ–ਝਿਜਕਿਆ ਕਰ। ਨਿਕਟਿ–ਨੇੜੇ। ਪੇਖੁ–ਵੇਖ। ਕਰਣਹਾਰ–ਸਭ ਕੁਝ ਕਰ ਸਕਣ ਵਾਲਾ। ਈਤ–ਇਸ ਲੋਕ ਵਿਚ। ਊਤ–ਪਰਲੋਕ ਵਿਚ। ਸਾਰ–ਸਵਾਰਨ ਵਾਲਾ। ੩।

ਕਰਿ–ਕਰ ਕੇ। ਪ੍ਰਭਿ–ਪ੍ਰਭੂ ਨੇ। ਬਾਛਉ–ਬਾਛਉਂ, ਮੈਂ ਮੰਗਦਾ ਹਾਂ। ਧੂਰਿ–ਚਰਨ-ਧੂੜ। ਜਪਿ–ਜਪੀਂ, ਮੈਂ ਜਪਦਾ ਰਹਾਂ। ੪।

ਅਰਥ :–ਹੇ ਭਾਈ! (ਗੁਰੂ ਦੀ ਕਿਰਪਾ ਨਾਲ) ਸੰਤ ਜਨਾਂ ਨਾਲ (ਮੇਰਾ) ਸਦਾ ਸਾਥ ਬਣਿਆ ਰਹਿੰਦਾ ਹੈ (ਹੁਣ) ਮੇਰੇ ਅੰਦਰ ਪਰਮਾਤਮਾ (ਦੇ ਨਾਮ) ਦਾ ਪਿਆਰ ਬਣ ਗਿਆ ਹੈ, ਮੇਰੇ ਹਿਰਦੇ ਵਿਚ ਖਿੜਾਉ ਪੈਦਾ ਹੋ ਗਿਆ ਹੈ।੧। ਰਹਾਉ।

ਹੇ ਭਾਈ! ਪਰਮਾਤਮਾ ਦੇ ਪਿਆਰ ਵਿਚ (ਟਿਕਿਆਂ) ਸਾਰੇ ਪਾਪ ਮਿਟ ਜਾਂਦੇ ਹਨ, ਪਰਮਾਤਮਾ ਦਾ ਨਾਮ ਜਪਦਿਆਂ ਕੋਈ ਦੁੱਖ ਕਲੇਸ਼ ਪੋਹ ਨਹੀਂ ਸਕਦੇ, ਗੋਬਿੰਦ ਦਾ ਨਾਮ ਜਪਦਿਆਂ (ਮਾਇਆ ਦੇ ਮੋਹ ਦੇ) ਸਾਰੇ ਹਨੇਰੇ ਮਿਟ ਜਾਂਦੇ ਹਨ, ਹਰਿ-ਨਾਮ ਸਿਮਰਦਿਆਂ ਜਨਮ ਮਰਨ ਦੇ ਗੇੜ ਨਹੀਂ ਰਹਿ ਜਾਂਦੇ। ੧।

ਹੇ ਭਾਈ! ਸੰਤ ਜਨਾਂ ਨੇ ਇਹ ਸਿੱਖਿਆ ਦਿੱਤੀ ਹੈ ਕਿ ਜਿੱਥੇ ਪਰਮਾਤਮਾ ਦਾ ਭਗਤ ਵੱਸਦਾ ਹੈ ਉਹ ਦੇਸ ਭਾਗਾਂ ਵਾਲਾ ਹੈ ਅਤੇ ਪਰਮਾਤਮਾ ਦੀ ਭਗਤੀ ਤੋਂ ਸੱਖਣਾ ਥਾਂ ਉਜਾੜ (ਬਰਾਬਰ) ਹੈ। ਹੇ ਭਾਈ! ਗੁਰੂ ਦੀ ਕਿਰਪਾ ਨਾਲ (ਤੂੰ ਉਸ ਪਰਮਾਤਮਾ ਨੂੰ) ਹਰੇਕ ਸਰੀਰ ਵਿਚ ਵੱਸਦਾ ਸਮਝ। ੨।

ਹੇ (ਮੇਰੇ) ਮਨ! ਪਰਮਾਤਮਾ ਦੀ ਸਿਫਤਿ ਸਾਲਾਹ ਨੂੰ ਹੀ ਦੁਨੀਆ ਦੇ ਰਸਾਂ ਭੋਗਾਂ ਦੀ ਮੌਜ-ਬਹਾਰ ਸਮਝ। ਹੇ ਮਨ! ਪਾਪ ਕਰਦਿਆਂ ਸਦਾ ਝਿਜਕਿਆ ਕਰ। ਸਭ ਕੁਝ ਕਰ ਸਕਣ ਵਾਲੇ ਪ੍ਰਭੂ ਨੂੰ (ਆਪਣੇ) ਨੇੜੇ ਵੱਸਦਾ ਵੇਖ। ਇਸ ਲੋਕ ਅਤੇ ਪਰਲੋਕ ਦੇ ਸਾਰੇ ਕੰਮ ਪ੍ਰਭੂ ਹੀ ਸਵਾਰਨ ਵਾਲਾ ਹੈ। ੩।

ਹੇ ਭਾਈ! ਪ੍ਰਭੂ ਨੇ ਮਿਹਰ ਕਰ ਕੇ (ਜਿਸ ਮਨੁੱਖ ਉੱਤੇ) ਬਖ਼ਸ਼ਸ਼ ਕੀਤੀ, ਉਸ ਦੀ ਸੁਰਤਿ ਪ੍ਰਭੂ ਦੇ ਸੋਹਣੇ ਚਰਨਾਂ ਵਿਚ ਜੁੜ ਗਈ। ਹੇ ਨਾਨਕ! (ਆਖ–ਹੇ ਪ੍ਰਭੂ!) ਮੈਂ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ, (ਤਾ ਕਿ) ਹੇ ਸੁਆਮੀ! (ਉਹਨਾਂ

ਦੀ ਸੰਗਤਿ ਦੀ ਬਰਕਤਿ ਨਾਲ ਤੈਨੂੰ) ਸਦਾ ਅੰਗ-ਸੰਗ ਸਮਝ ਕੇ ਜਪਦਾ ਰਹਾਂ ।੪।੧੧।

ਬਸੰਤੁ ਮਹਲਾ ੫ ॥ ਸਚੁ ਪਰਮੇਸਰੁ ਨਿਤ ਨਵਾ ॥ ਗੁਰ ਕਿਰਪਾ ਤੇ ਨਿਤ ਚਵਾ ॥ ਪ੍ਰਭ ਰਖਵਾਲੇ ਮਾਈ ਬਾਪ ॥ ਜਾ ਕੈ ਸਿਮਰਣਿ ਨਹੀ ਸੰਤਾਪ ॥ ੧ ॥ ਖਸਮੁ ਧਿਆਈ ਇਕ ਮਨਿ ਇਕ ਭਾਇ ॥ ਗੁਰ ਪੂਰੇ ਕੀ ਸਦਾ ਸਰਣਾਈ ਸਾਚੈ ਸਾਹਿਬਿ ਰਖਿਆ ਕੰਠਿ ਲਾਇ ॥ ੧ ॥ ਰਹਾਉ ॥ ਅਪਣੇ ਜਨ ਪ੍ਰਭਿ ਆਪਿ ਰਖੇ ॥ ਦੁਸਟ ਦੂਤ ਸਭਿ ਭ੍ਰਮਿ ਥਕੇ ॥ ਬਿਨੁ ਗੁਰ ਸਾਚੇ ਨਹੀ ਜਾਇ ॥ ਦੁਖੁ ਦੇਸ ਦਿਸੰਤਰਿ ਰਹੇ ਧਾਇ ॥ ੨ ॥ ਕਿਰਤੁ ਓਨ੍ਹਾ ਕਾ ਮਿਟਸਿ ਨਾਹਿ ॥ ਓਇ ਅਪਣਾ ਬੀਜਿਆ ਆਪਿ ਖਾਹਿ ॥ ਜਨ ਕਾ ਰਖਵਾਲਾ ਆਪਿ ਸੋਇ ॥ ਜਨ ਕਉ ਪਹੁਚਿ ਨ ਸਕਸਿ ਕੋਇ ॥ ੩ ॥ ਪ੍ਰਭਿ ਦਾਸ ਰਖੇ ਕਰਿ ਜਤਨੁ ਆਪਿ ॥ ਅਖੰਡ ਪੂਰਨ ਜਾ ਕੋ ਪ੍ਰਤਾਪੁ ॥ ਗੁਣ ਗੋਬਿੰਦ ਨਿਤ ਰਸਨ ਗਾਇ ॥ ਨਾਨਕੁ ਜੀਵੈ ਹਰਿ ਚਰਣ ਧਿਆਇ ॥ ੪ ॥ ੧੨ ॥

ਪਦ ਅਰਥ :—ਸਚੁ—ਸਦਾ ਕਾਇਮ ਰਹਿਣ ਵਾਲਾ। ਨਿਤ ਨਵਾ—ਸਦਾ ਨਵਾਂ, ਸਦਾ ਸੋਹਣਾ। ਤੇ—ਤੋਂ, ਦੀ ਰਾਹੀਂ। ਚਵਾ—ਚਵਾਂ, ਮੈਂ ਉਚਾਰਦਾ ਹਾਂ। ਜਾ ਕੈ ਸਿਮਰਣਿ—ਜਿਸ ਦੇ ਸਿਮਰਨ ਦੀ ਰਾਹੀਂ। ਸੰਤਾਪ—ਦੁੱਖ-ਕਲੇਸ਼।੧।

ਧਿਆਈ—ਧਿਆਈਂ, ਮੈਂ ਧਿਆਉਂਦਾ ਹਾਂ। ਇਕ ਮਨਿ—ਇਕਾਗ੍ਰ ਮਨ ਨਾਲ। ਇਕ ਭਾਇ—ਅਨੰਨ ਪਿਆਰ ਨਾਲ। ਸਾਚੈ ਸਾਹਿਬਿ—ਸਦਾ ਕਾਇਮ ਰਹਿਣ ਵਾਲੇ ਮਾਲਕ ਨੇ। ਕੰਠਿ—ਗਲ ਨਾਲ। ਲਾਇ—ਲਾ ਕੇ।੧।ਰਹਾਉ।

ਜਨ—ਦਾਸ, ਸੇਵਕ [ਬਹੁ ਵਚਨ]। ਪ੍ਰਭਿ—ਪ੍ਰਭੂ ਨੇ। ਦੁਸਟ ਦੂਤ—ਚੰਦਰੇ ਵੈਰੀ। ਸਭਿ—ਸਾਰੇ। ਭ੍ਰਮਿ—ਭਟਕ ਭਟਕ ਕੇ। ਥਕੇ—ਹਾਰ ਗਏ। ਜਾਇ—ਥਾਂ। ਦੇਸ ਦਿਸੰਤਰਿ—ਦੇਸ ਦੇਸ ਅੰਤਰਿ, ਹੋਰ ਹੋਰ ਦੇਸ ਵਿਚ। ਰਹੇ ਧਾਇ—ਦੌੜ ਦੌੜ ਕੇ ਥੱਕ ਗਏ।੨।

ਕਿਰਤੁ—ਕੀਤਾ ਹੋਇਆ ਕੰਮ। ਓਇ—[ਲਫ਼ਜ਼ 'ਓਹ' ਤੋਂ ਬਹੁ ਵਚਨ]। ਖਾਹਿ—ਖਾਂਦੇ ਹਨ। ਸੋਇ—ਉਹ (ਪ੍ਰਭੂ) ਹੀ। ਪਹੁਚਿ ਨ ਸਕਸਿ—ਬਰਾਬਰੀ ਨਹੀਂ ਕਰ ਸਕਦਾ।੩।

ਪ੍ਰਭਿ—ਪ੍ਰਭੂ ਨੇ। ਕਰਿ—ਕਰ ਕੇ। ਅਖੰਡ—ਅਤੁੱਟ। ਪੂਰਨ—ਮੁਕੰਮਲ। ਜਾ ਕੋ—

ਜਿਸ (ਪਰਮਾਤਮਾ) ਦਾ। ਰਸਨ–ਜੀਭ ਨਾਲ। ਜੀਵੈ–ਆਤਮਕ ਜੀਵਨ ਪ੍ਰਾਪਤ ਕਰਦਾ ਹੈ। ਧਿਆਇ–ਧਿਆਨ ਧਰ ਕੇ। ੪।

ਅਰਥ :–ਹੇ ਭਾਈ ! ਮੈਂ ਪੂਰੇ ਗੁਰੂ ਦੀ ਸਦਾ ਸਰਨ ਪਿਆ ਰਹਿੰਦਾ ਹਾਂ (ਉਸ ਦੀ ਮਿਹਰ ਨਾਲ) ਸਦਾ ਕਾਇਮ ਰਹਿਣ ਵਾਲੇ ਮਾਲਕ-ਪ੍ਰਭੂ ਨੇ (ਮੈਨੂੰ) ਆਪਣੇ ਗਲ ਨਾਲ ਲਾ ਕੇ ਰੱਖਿਆ ਕੀਤੀ ਹੋਈ ਹੈ, (ਹੁਣ) ਮੈਂ ਇਕਾਗ੍ਰ ਮਨ ਨਾਲ ਉਸੇ ਦੇ ਪਿਆਰ ਵਿਚ ਟਿਕ ਕੇ ਉਸ ਖਸਮ-ਪ੍ਰਭੂ ਨੂੰ ਸਿਮਰਦਾ ਰਹਿੰਦਾ ਹਾਂ। ੧। ਰਹਾਉ।

ਹੇ ਭਾਈ ! ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ, (ਫਿਰ ਉਹ ਪਿਆਰਾ ਲੱਗਦਾ ਹੈ ਕਿਉਂਕਿ ਉਹ) ਸਦਾ ਹੀ ਨਵਾਂ ਹੈ। ਗੁਰੂ ਦੀ ਮਿਹਰ ਨਾਲ ਮੈਂ ਸਦਾ (ਉਸ ਦਾ ਨਾਮ) ਉਚਾਰਦਾ ਹਾਂ। ਹੇ ਭਾਈ ! (ਜਿਵੇਂ) ਮਾਪੇ (ਆਪਣੇ ਬੱਚੇ ਦਾ ਸਦਾ ਧਿਆਨ ਰੱਖਦੇ ਹਨ, ਤਿਵੇਂ) ਪ੍ਰਭੂ ਜੀ ਸਦਾ (ਮੇਰੇ) ਰਾਖੇ ਹਨ (ਉਹ ਪ੍ਰਭੂ ਐਸਾ ਹੈ) ਕਿ ਉਸ ਦੇ ਸਿਮਰਨ ਨਾਲ ਕੋਈ ਦੁੱਖ-ਕਲੇਸ਼ ਪੋਹ ਨਹੀਂ ਸਕਦੇ। ੧।

ਹੇ ਭਾਈ ! ਪ੍ਰਭੂ ਨੇ ਆਪਣੇ ਸੇਵਕਾਂ ਦੀ ਸਦਾ ਆਪ ਰੱਖਿਆ ਕੀਤੀ ਹੈ (ਸੇਵਕਾਂ ਦੇ) ਭੈੜੇ ਵੈਰੀ ਸਾਰੇ ਭਟਕ ਭਟਕ ਕੇ ਹਾਰ ਜਾਂਦੇ ਹਨ। (ਸੇਵਕਾਂ ਨੂੰ) ਸਦਾ-ਥਿਰ ਪ੍ਰਭੂ ਦੇ ਰੂਪ ਗੁਰੂ ਤੋਂ ਬਿਨਾ ਹੋਰ ਕੋਈ ਆਸਰਾ ਨਹੀਂ ਹੁੰਦਾ। (ਜਿਹੜੇ ਮਨੁੱਖ ਗੁਰੂ ਨੂੰ ਛੱਡ ਕੇ) ਹੋਰ ਹੋਰ ਥਾਂ ਭਟਕਦੇ ਫਿਰਦੇ ਹਨ, ਉਹਨਾਂ ਨੂੰ ਦੁੱਖ (ਵਾਪਰਦਾ ਹੈ)। ੨।

ਹੇ ਭਾਈ ! (ਗੁਰੂ ਨੂੰ ਛੱਡ ਕੇ ਹੋਰ ਹੋਰ ਥਾਂ ਭਟਕਣ ਵਾਲੇ) ਉਹਨਾਂ ਮਨੁੱਖਾਂ ਦਾ (ਇਹ) ਕੀਤਾ ਹੋਇਆ ਕੰਮ(ਕੀਤੇ ਇਹਨਾਂ ਕੰਮਾਂ ਦਾ ਸੰਸਕਾਰ-ਸਮੂਹ ਉਹਨਾਂ ਦੇ ਅੰਦਰੋਂ) ਮਿਟਦਾ ਨਹੀਂ। ਆਪਣੇ ਕੀਤੇ ਕਰਮਾਂ ਦਾ ਫਲ ਉਹ ਆਪ ਹੀ ਖਾਂਦੇ ਹਨ। ਆਪਣੇ ਸੇਵਕ ਦਾ ਰਾਖਾ ਪ੍ਰਭੂ ਆਪ ਬਣਦਾ ਹੈ। ਕੋਈ ਹੋਰ ਮਨੁੱਖ ਪ੍ਰਭੂ ਦੇ ਸੇਵਕ ਦੀ ਬਰਾਬਰੀ ਨਹੀਂ ਕਰ ਸਕਦਾ। ੩।

ਹੇ ਭਾਈ ! ਜਿਸ ਪ੍ਰਭੂ ਦਾ ਅਤੁੱਟ ਅਤੇ ਪੂਰਨ ਪਰਤਾਪ ਹੈ, ਉਸ ਨੇ (ਉਚੇਚਾ) ਜਤਨ ਕਰ ਕੇ ਆਪਣੇ ਸੇਵਕਾਂ ਦੀ ਸਦਾ ਆਪ ਰਾਖੀ ਕੀਤੀ ਹੈ। ਹੇ ਭਾਈ ! ਉਸ ਗੋਬਿੰਦ ਦੇ ਗੁਣ ਸਦਾ ਆਪਣੀ ਜੀਭ ਨਾਲ ਗਾਇਆ ਕਰ। ਨਾਨਕ (ਭੀ) ਉਸ ਪਰਮਾਤਮਾ ਦੇ ਚਰਨਾਂ ਦਾ ਧਿਆਨ ਧਰ ਕੇ ਆਤਮਕ ਜੀਵਨ ਹਾਸਲ ਕਰਦਾ ਰਹਿੰਦਾ ਹੈ। ੪। ੧੨।

ਬਸੰਤੁ ਮਹਲਾ ੫ ॥ ਗੁਰ ਚਰਣ ਸਰੇਵਤ ਦੁਖੁ ਗਇਆ ॥ ਪਾਰਬ੍ਰਹਮਿ ਪ੍ਰਭਿ ਕਰੀ ਮਇਆ ॥ ਸਰਬ ਮਨੋਰਥ ਪੂਰਨ ਕਾਮ ॥ ਜਪਿ ਜੀਵੈ ਨਾਨਕੁ ਰਾਮ ਨਾਮ ॥ ੧ ॥ ਸਾ ਰੁਤਿ ਸੁਹਾਵੀ ਜਿਤੁ ਹਰਿ ਚਿਤਿ ਆਵੈ ॥ ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ ਫਿਰਿ ਫਿਰਿ ਆਵੈ ਜਾਵੈ ॥

੧ ॥ ਰਹਾਉ ॥ ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ ॥ ਕਾਮ ਕ੍ਰੋਧ ਗੁਰ ਸਬਦਿ ਨਾਸਿ ॥ ਭੈ ਬਿਨਸੇ ਨਿਰਭੈ ਪਦੁ ਪਾਇਆ ॥ ਗੁਰ ਮਿਲਿ ਨਾਨਕਿ ਖਸਮੁ ਧਿਆਇਆ ॥ ੨ ॥ ਸਾਧ ਸੰਗਤਿ ਪ੍ਰਭਿ ਕੀਓ ਨਿਵਾਸ ॥ ਹਰਿ ਜਪਿ ਜਪਿ ਹੋਈ ਪੂਰਨ ਆਸ ॥ ਜਲਿ ਥਲਿ ਮਹੀਅਲਿ ਰਵਿ ਰਹਿਆ ॥ ਗੁਰ ਮਿਲਿ ਨਾਨਕਿ ਹਰਿ ਹਰਿ ਕਹਿਆ ॥ ੩ ॥ ਅਸਟ ਸਿਧਿ ਨਵਨਿਧਿ ਏਹ ॥ ਕਰਮਿ ਪਰਾਪਤਿ ਜਿਸੁ ਨਾਮੁ ਦੇਹ ॥ ਪ੍ਰਭ ਜਪਿ ਜਪਿ ਜੀਵਹਿ ਤੇਰੇ ਦਾਸ ॥ ਗੁਰ ਮਿਲਿ ਨਾਨਕ ਕਮਲ ਪ੍ਰਗਾਸ ॥ ੪ ॥ ੧੩ ॥

ਪਦ ਅਰਥ :—ਸਰੇਵਤ—ਹਿਰਦੇ ਵਿਚ ਵਸਾਂਦਿਆਂ, ਸਿਮਰਦਿਆਂ । ਪਾਰਬ੍ਰਹਮਿ—ਪਾਰਬ੍ਰਹਮ ਨੇ । ਪ੍ਰਭਿ—ਪ੍ਰਭੂ ਨੇ । ਮਇਆ—ਦਇਆ । ਸਰਬ—ਸਾਰੇ । ਮਨੋਰਥ—ਲੋੜਾਂ, ਮੁਰਾਦਾਂ । ਕਾਮ—ਕੰਮ । ਜਪਿ—ਜਪ ਕੇ । ਜੀਵੈ—ਆਤਮਕ ਜੀਵਨ ਹਾਸਲ ਕਰਦਾ ਹੈ । ੧ ।

ਸਾ—ਉਹ [ਇਸਤ੍ਰੀ ਲਿੰਗ] । ਸੁਹਾਵੀ—ਸੁਖਦਾਈ । ਜਿਤੁ—ਜਿਸ (ਰੁੱਤ) ਵਿਚ । ਚਿਤਿ—ਚਿੱਤ ਵਿਚ । ਬਿਲਲਾਂਤੀ—ਵਿਲਕਦੀ । ਸਾਕਤੁ—ਪਰਮਾਤਮਾ ਨਾਲੋਂ ਟੁੱਟਾ ਹੋਇਆ ਮਨੁੱਖ । ਆਵੈ ਜਾਵੈ—ਜੰਮਦਾ ਮਰਦਾ ਰਹਿੰਦਾ ਹੈ । ੧ । ਰਹਾਉ ।

ਸੇ—ਉਹ ਮਨੁੱਖ [ਬਹੁ ਵਚਨ] । ਰਾਸਿ—ਸਰਮਾਇਆ, ਪੂੰਜੀ । ਸਬਦਿ—ਸ਼ਬਦ ਦੀ ਰਾਹੀਂ । ਭੈ—ਸਾਰੇ ਡਰ । ਪਦੁ—ਆਤਮਕ ਦਰਜਾ । ਨਿਰਭੈ ਪਦੁ—ਉਹ ਆਤਮਕ ਦਰਜਾ ਜਿੱਥੇ ਕੋਈ ਡਰ ਪੋਹ ਨਾਹ ਸਕੇ । ਮਿਲਿ—ਮਿਲ ਕੇ । ਨਾਨਕਿ—ਨਾਨਕ ਨੇ । ੨ ।

ਪ੍ਰਭਿ—ਪ੍ਰਭੂ ਨੇ । ਜਪਿ—ਜਪ ਕੇ । ਜਲਿ—ਜਲ ਵਿਚ । ਥਲਿ—ਧਰਤੀ ਵਿਚ । ਮਹੀਅਲਿ—ਮਹੀ ਤਲਿ, ਧਰਤੀ ਦੇ ਤਲ ਉਤੇ, ਪੁਲਾੜ ਵਿਚ, ਆਕਾਸ਼ ਵਿਚ । ੩ ।

ਅਸਟ—ਅੱਠ । ਸਿਧਿ—ਸਿੱਧੀਆਂ, ਸਿੱਧਾਂ ਵਾਲੀਆਂ ਆਤਮਕ ਤਾਕਤਾਂ । ਨਵ-ਨਿਧਿ—ਨੌ ਖ਼ਜ਼ਾਨੇ । ਕਰਮਿ—ਮਿਹਰ ਨਾਲ । ਪ੍ਰਭ—ਹੇ ਪ੍ਰਭੂ ! ਜੀਵਹਿ—ਆਤਮਕ ਜੀਵਨ ਹਾਸਲ ਕਰਦੇ ਹਨ [ਬਹੁ ਵਚਨ] । ਕਮਲ ਪ੍ਰਗਾਸ—ਹਿਰਦਾ ਖਿੜ ਪੈਂਦਾ ਹੈ । ੪ ।

ਅਰਥ :—ਹੇ ਭਾਈ ! (ਮਨੁੱਖ ਵਾਸਤੇ) ਉਹ ਰੁੱਤ ਸੋਹਣੀ ਹੁੰਦੀ ਹੈ ਜਦੋਂ ਪਰਮਾ-ਤਮਾ ਉਸ ਦੇ ਚਿੱਤ ਵਿਚ ਆ ਵੱਸਦਾ ਹੈ । ਗੁਰੂ ਦੀ ਸਰਨ ਤੋਂ ਬਿਨਾ (ਲੁਕਾਈ) ਵਿਲਕਦੀ ਦਿੱਸਦੀ ਹੈ । ਪਰਮਾਤਮਾ ਤੋਂ ਟੁੱਟਾ ਹੋਇਆ ਮਨੁਖ ਮੁੜ ਮੁੜ ਜੰਮਦਾ ਮਰਦਾ ਰਹਿੰਦਾ ਹੈ । ੧ । ਰਹਾਉ ।

ਹੇ ਭਾਈ ! (ਜਿਸ ਮਨੁੱਖ ਉਤੇ) ਪਾਰਬ੍ਰਹਮ ਪ੍ਰਭੂ ਨੇ ਮਿਹਰ ਕੀਤੀ, ਗੁਰੂ ਦੇ ਚਰਨ ਹਿਰਦੇ ਵਿਚ ਵਸਾਂਦਿਆਂ ਉਸ ਮਨੁੱਖ ਦਾ ਹਰੇਕ ਦੁੱਖ ਦੂਰ ਹੋ ਜਾਂਦਾ ਹੈ, ਉਸ ਦੀਆਂ

ਸਾਰੀਆਂ ਮੁਰਾਦਾਂ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ। ਹੇ ਭਾਈ! ਨਾਨਕ (ਭੀ) ਉਸ ਪਰਮਾਤਮਾ ਦਾ ਨਾਮ ਜਪ ਕੇ ਆਤਮਕ ਜੀਵਨ ਪ੍ਰਾਪਤ ਕਰ ਰਿਹਾ ਹੈ।੧।

ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਅੰਦਰ ਪਰਮਾਤਮਾ ਦਾ ਨਾਮ-ਸਰਮਾਇਆ ਮੌਜੂਦ ਹੈ ਉਹ ਧਨ ਵਾਲੇ ਹਨ, ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਉਹਨਾਂ ਦੇ ਅੰਦਰੋਂ ਕਾਮ ਕ੍ਰੋਧ (ਆਦਿਕ ਵਿਕਾਰ) ਨਾਸ ਹੋ ਜਾਂਦੇ ਹਨ। ਉਹਨਾਂ ਦੇ ਸਾਰੇ ਡਰ ਦੂਰ ਹੋ ਜਾਂਦੇ ਹਨ, ਉਹ ਐਸਾ ਆਤਮਕ ਦਰਜਾ ਪ੍ਰਾਪਤ ਕਰ ਲੈਂਦੇ ਹਨ ਜਿੱਥੇ ਕੋਈ ਡਰ ਪੋਹ ਨਹੀਂ ਸਕਦਾ। ਹੇ ਭਾਈ! ਗੁਰੂ ਨੂੰ ਮਿਲ ਕੇ ਨਾਨਕ ਨੇ (ਭੀ) ਉਸ ਖਸਮ-ਪ੍ਰਭੂ ਨੂੰ ਸਿਮ-ਰਿਆ ਹੈ।੨।

ਹੇ ਭਾਈ! ਪਰਮਾਤਮਾ ਨੇ ਜਿਸ ਮਨੁੱਖ ਦਾ ਟਿਕਾਣਾ ਸਾਧ ਸੰਗਤਿ ਵਿਚ ਬਣਾ ਦਿੱਤਾ ਹੈ, ਪਰਮਾਤਮਾ ਦਾ ਨਾਮ ਜਪ ਜਪ ਕੇ ਉਸ ਦੀ ਹਰੇਕ ਆਸ ਪੂਰੀ ਹੋ ਜਾਂਦੀ ਹੈ। ਉਹ ਪ੍ਰਭੂ ਪਾਣੀ ਵਿਚ ਧਰਤੀ ਵਿਚ ਆਕਾਸ਼ ਵਿਚ (ਹਰ ਥਾਂ) ਵਿਆਪਕ ਹੈ। ਗੁਰੂ ਨੂੰ ਮਿਲ ਕੇ ਨਾਨਕ ਨੇ (ਭੀ) ਉਸੇ ਦਾ ਸਿਮਰਨ ਕੀਤਾ ਹੈ।੩।

ਹੇ ਭਾਈ! ਇਹ ਹਰਿ-ਨਾਮ ਹੀ (ਸਿੱਧਾਂ ਦੀਆਂ) ਅੱਠ ਆਤਮਕ ਤਾਕਤਾਂ ਹੈ (ਕੁਬੇਰ ਦੇ) ਨੌਂ ਖ਼ਜ਼ਾਨੇ ਹੈ। ਜਿਸ ਮਨੁੱਖ ਨੂੰ ਪ੍ਰਭੂ ਇਹ ਨਾਮ ਦੇਂਦਾ ਹੈ ਉਸੇ ਨੂੰ ਉਸ ਦੀ ਮਿਹਰ ਨਾਲ ਮਿਲਦਾ ਹੈ। ਹੇ ਨਾਨਕ! (ਆਖ–) ਹੇ ਪ੍ਰਭੂ! ਤੇਰੇ ਦਾਸ (ਤੇਰਾ ਨਾਮ) ਜਪ ਜਪ ਕੇ ਆਤਮਕ ਜੀਵਨ ਹਾਸਲ ਕਰਦੇ ਹਨ, ਗੁਰੂ ਨੂੰ ਮਿਲ ਕੇ (ਨਾਮ ਦੀ ਬਰ-ਕਤਿ ਨਾਲ ਉਹਨਾਂ ਦਾ) ਹਿਰਦਾ-ਕੌਲ ਖਿੜਿਆ ਰਹਿੰਦਾ ਹੈ।੪।੧੩।

ਬਸੰਤੁ ਮਹਲਾ ੫ ਘਰੁ ੧ ਇਕਤੁਕੇ

ੴ ਸਤਿਗੁਰਪ੍ਰਸਾਦਿ ॥ ਸਗਲ ਇਛਾ ਜਪਿ ਪੁੰਨੀਆ ॥ ਪ੍ਰਭਿ ਮੇਲੇ ਚਿਰੀ ਵਿਛੁੰਨਿਆ ॥ ੧ ॥ ਤੁਮ ਰਵਹੁ ਗੋਬਿੰਦੈ ਰਵਣ ਜੋਗੁ ॥ ਜਿਤੁ ਰਵਿਐ ਸੁਖ ਸਹਜ ਭੋਗੁ ॥੧॥ਰਹਾਉ॥ ਕਰਿ ਕਿਰਪਾ ਨਦਰਿ ਨਿਹਾਲਿਆ ॥ ਅਪਨਾ ਦਾਸੁ ਆਪਿ ਸਮ੍ਹਾਲਿਆ ॥ ੨ ॥ ਸੇਜ ਸੁਹਾਵੀ ਰਸਿ ਬਨੀ ॥ ਆਇ ਮਿਲੇ ਪ੍ਰਭ ਸੁਖ ਧਨੀ ॥ ੩ ॥ ਮੇਰਾ ਗੁਣੁ ਅਵਗਣੁ ਨ ਬੀਚਾਰਿਆ ॥ ਪ੍ਰਭ ਨਾਨਕ ਚਰਣ ਪੂਜਾਰਿਆ ॥ ੪ ॥ ੧ ॥ ੧੪ ॥

ਪਦ ਅਰਥ :–ਸਗਲ–ਸਾਰੀਆਂ। ਜਪਿ–(ਪ੍ਰਭੂ ਦਾ ਨਾਮ) ਜਪ ਕੇ। ਪੁੰਨੀਆ –ਪੂਰੀਆਂ ਹੋ ਜਾਂਦੀਆਂ ਹਨ। ਪ੍ਰਭਿ–ਪ੍ਰਭੂ ਨੇ। ਮੇਲੇ–ਮਿਲਾ ਲਏ। ਚਿਰੀ ਵਿਛੁੰਨਿਆ –ਚਿਰ ਦੇ ਵਿਛੁੜੇ ਹੋਇਆਂ ਨੂੰ।੧।

ਰਵਹੁ—ਸਿਮਰੋ । ਗੋਬਿੰਦੇ—ਗੋਬਿੰਦ (ਦੇ ਨਾਮ) ਨੂੰ । ਰਵਣ ਜੋਗੁ—ਸਿਮਰਨ-ਜੋਗ ਨੂੰ । ਜਿਤੁ—ਜਿਸ ਦੀ ਰਾਹੀਂ । ਜਿਤੁ ਰਵਿਐ—ਜਿਸ ਦਾ ਸਿਮਰਨ ਕੀਤਿਆਂ, ਜੇ ਉਸ ਦਾ ਸਿਮਰਨ ਕੀਤਾ ਜਾਏ । ਸੁਖ ਸਹਜ ਭੋਗੁ—ਆਤਮਕ ਅਡੋਲਤਾ ਦੇ ਸੁਖਾਂ ਦਾ ਸੁਆਦ । ੧ । ਰਹਾਉ ।

ਕਰਿ—ਕਰ ਕੇ । ਨਦਰਿ—ਮਿਹਰ ਦੀ ਨਿਗਾਹ ਨਾਲ । ਨਿਹਾਲਿਆ—ਤੱਕਿਆ, ਵੇਖਿਆ । ਸਮ੍ਹਾਲਿਆ—ਸੰਭਾਲ ਕੀਤੀ । ੨ ।

ਸੇਜ—ਹਿਰਦਾ-ਸੇਜ । ਸੁਹਾਵੀ—ਸੋਹਣੀ । ਰਸਿ—(ਮਿਲਾਪ ਦੇ) ਸੁਆਦ ਨਾਲ । ਸੁਖ ਧਨੀ—ਸੁਖਾਂ ਦੇ ਮਾਲਕ । ੩ ।

ਪੂਜਾਰਿਆ—ਪੁਜਾਰੀ ਬਣਾ ਲਿਆ । ੪ ।

ਅਰਥ :—ਹੇ ਭਾਈ ! ਤੁਸੀ ਸਿਮਰਨ-ਜੋਗ ਗੋਬਿੰਦ ਦਾ ਨਾਮ ਸਿਮਰਿਆ ਕਰੋ। ਜੇ (ਉਸ ਦਾ ਨਾਮ) ਸਿਮਰਿਆ ਜਾਏ, ਤਾਂ ਆਤਮਕ ਅਡੋਲਤਾ ਦੇ ਸੁਖਾਂ ਦਾ ਸੁਆਦ (ਪ੍ਰਾਪਤ ਹੁੰਦਾ ਹੈ) । ੧ । ਰਹਾਉ ।

ਹੇ ਭਾਈ ! (ਜਿੰਨ੍ਹਾਂ ਨੇ ਸਿਮਰਨ ਕੀਤਾ, ਉਹਨਾਂ) ਚਿਰ ਦੇ ਵਿਛੁੜੇ ਹੋਇਆਂ ਨੂੰ (ਭੀ) ਪ੍ਰਭੂ ਨੇ (ਆਪਣੇ ਚਰਨਾਂ ਦੇ ਨਾਲ) ਮਿਲਾ ਲਿਆ, (ਪਰਮਾਤਮਾ ਦਾ ਨਾਮ) ਜਪ ਕੇ ਉਹਨਾਂ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੋ ਗਈਆਂ । ੧ ।

ਹੇ ਭਾਈ ! ਪ੍ਰਭੂ ਨੇ ਆਪਣੇ ਦਾਸ ਦੀ (ਸਦਾ) ਆਪ ਸੰਭਾਲ ਕੀਤੀ ਹੈ । ਕਿਰਪਾ ਕਰ ਕੇ (ਪ੍ਰਭੂ ਨੇ ਆਪਣੇ ਦਾਸ ਨੂੰ ਸਦਾ) ਮਿਹਰ ਦੀ ਨਿਗਾਹ ਨਾਲ ਤੱਕਿਆ ਹੈ । ੨ ।

ਹੇ ਭਾਈ ! ਸੁਖਾਂ ਦੇ ਮਾਲਕ ਪ੍ਰਭੂ ਜੀ (ਜਿਸ ਮਨੁੱਖ ਨੂੰ) ਆ ਕੇ ਮਿਲ ਪੈਂਦੇ ਹਨ, (ਪ੍ਰਭੂ-ਮਿਲਾਪ ਦੇ) ਸੁਆਦ ਨਾਲ ਉਹਨਾਂ ਦੀ ਹਿਰਦਾ-ਸੇਜ ਸੋਹਣੀ ਬਣ ਜਾਂਦੀ ਹੈ ।੩।

ਹੇ ਨਾਨਕ ! (ਆਖ—ਹੇ ਭਾਈ !) ਪ੍ਰਭੂ ਨੇ ਮੇਰਾ ਕੋਈ ਗੁਣ ਨਹੀਂ ਵਿਚਾਰਿਆ, ਕੋਈ ਔਗੁਣ ਨਹੀਂ ਵਿਚਾਰਿਆ, (ਮਿਹਰ ਕਰ ਕੇ ਉਸ ਨੇ ਮੈਨੂੰ) ਆਪਣੇ ਚਰਨਾਂ ਦਾ ਪੁਜਾਰੀ ਬਣਾ ਲਿਆ ਹੈ । ੪ । ੧ । ੧੪ ।

ਬਸੰਤੁ ਮਹਲਾ ੫ ॥ ਕਿਲਬਿਖ ਬਿਨਸੇ ਗਾਇ ਗੁਨਾ ॥ ਅਨਦਿਨੁ ਉਪਜੀ ਸਹਜ ਧੁਨਾ ॥ ੧ ॥ ਮਨੁ ਮਉਲਿਓ ਹਰਿ ਚਰਨ ਸੰਗਿ ॥ ਕਰਿ ਕਿਰਪਾ ਸਾਧੂ ਜਨ ਭੇਟੇ ਨਿਤ ਰਾਤੌ ਹਰਿਨਾਮ ਰੰਗਿ ॥ ੧ ॥ ਰਹਾਉ ॥ ਕਰਿ ਕਿਰਪਾ ਪ੍ਰਗਟੇ ਗੋੁਪਾਲ ॥ ਲੜਿ ਲਾਇ ਉਧਾਰੇ ਦੀਨ ਦਇਆਲ ॥ ੨ ॥ ਇਹੁ ਮਨੁ ਹੋਆ ਸਾਧ ਧੂਰਿ ॥ ਨਿਤ ਦੇਖੈ ਸੁਆਮੀ ਹਜੂਰਿ ॥ ੩ ॥ ਕਾਮ ਕ੍ਰੋਧ ਤ੍ਰਿਸਨਾ ਗਈ ॥ ਨਾਨਕ ਪ੍ਰਭ ਕਿਰਪਾ ਭਈ ॥ ੪ ॥ ੨ ॥ ੧੫ ॥

ਪਦ ਅਰਥ :–ਕਿਲਬਿਖ–ਪਾਪ । ਗਾਇ–ਗਾ ਕੇ । ਅਨਦਿਨੁ–ਹਰ ਰੋਜ਼, ਹਰ ਵੇਲੇ । ਸਹਜ ਧੁਨਾ–ਆਤਮਕ ਅਡੋਲਤਾ ਦੀ ਰੌ । ੧ ।

ਮਉਲਿਓ–ਖਿੜ ਪੈਂਦਾ ਹੈ । ਕਰਿ–ਕਰ ਕੇ । ਸਾਧੂ–ਗੁਰੂ । ਭੇਟੇ–ਮਿਲਾਂਦਾ ਹੈ । ਰਾਤੌ–ਰੰਗਿਆ ਰਹਿੰਦਾ ਹੈ । ਰੰਗਿ–ਰੰਗ ਵਿਚ । ੧ । ਰਹਾਉ ।

ਗੁੋਪਾਲ–[ਅੱਖਰ 'ਗ' ਦੇ ਨਾਲ ਦੋ ਲਗਾਂ ਹਨ–ੋ ਅਤੇ ੁ । ਅਸਲ ਲਫ਼ਜ਼ ਹੈ 'ਗੋਪਾਲ' । ਇਥੇ 'ਗੁਪਾਲ' ਪੜ੍ਹਨਾ ਹੈ] । ਲੜਿ–ਪੱਲੇ ਨਾਲ । ਲਾਇ–ਲਾ ਕੇ । ਉਧਾਰੇ–(ਸੰਸਾਰ-ਸਮੁੰਦਰ ਤੋਂ) ਪਾਰ ਲੰਘਾਂਦਾ ਹੈ । ੨ ।

ਸਾਧ ਧੂਰਿ–ਗੁਰੂ ਦੇ ਚਰਨਾਂ ਦੀ ਧੂੜ । ਦੇਖੈ–ਵੇਖਦਾ ਹੈ [ਇਕ ਵਚਨ] । ਹਜੂਰਿ ਅੰਗ-ਸੰਗ, ਹਾਜ਼ਰ-ਨਾਜ਼ਰ । ੩ ।

ਨਾਨਕ–ਹੇ ਨਾਨਕ ! ੪ ।

ਅਰਥ :–ਹੇ ਭਾਈ ! ਪਰਮਾਤਮਾ ਮਿਹਰ ਕਰ ਕੇ ਜਿਸ ਸੇਵਕ ਨੂੰ ਗੁਰੂ ਮਿਲਾਂਦਾ ਹੈ, ਉਹ ਸੇਵਕ ਸਦਾ ਹਰਿ-ਨਾਮ ਦੇ ਰੰਗ ਵਿਚ ਰੰਗਿਆ ਰਹਿੰਦਾ ਹੈ, ਉਸ ਸੇਵਕ ਦਾ ਮਨ ਪ੍ਰਭੂ ਦੇ ਚਰਨਾਂ ਵਿਚ (ਜੁੜ ਕੇ) ਆਤਮਕ ਜੀਵਨ ਵਾਲਾ ਹੋ ਜਾਂਦਾ ਹੈ ।੧।ਰਹਾਉ।

ਹੇ ਭਾਈ ! (ਕੋਈ ਭੀ ਮਨੁੱਖ ਹੋਵੇ, ਪਰਮਾਤਮਾ ਦੇ) ਗੁਣ ਗਾ ਕੇ ਉਸ ਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ, ਉਸ ਦੇ ਅੰਦਰ ਹਰ ਵੇਲੇ ਆਤਮਕ ਅਡੋਲਤਾ ਦੀ ਰੌ ਪੈਦਾ ਹੋਈ ਰਹਿੰਦੀ ਹੈ । ੧ ।

ਹੇ ਭਾਈ ! ਮਿਹਰ ਕਰ ਕੇ ਗੋਪਾਲ-ਪ੍ਰਭੂ (ਜਿਸ ਮਨੁੱਖ ਦੇ ਹਿਰਦੇ ਵਿਚ) ਪਰਗਟ ਹੁੰਦਾ ਹੈ, ਦੀਨਾਂ ਉਤੇ ਦਇਆ ਕਰਨ ਵਾਲਾ ਪ੍ਰਭੂ ਉਸ ਨੂੰ ਆਪਣੇ ਲੜ ਲਾ ਕੇ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦੇਂਦਾ ਹੈ । ੨ ।

ਹੇ ਭਾਈ ! ਜਿਸ ਮਨੁੱਖ ਦਾ ਇਹ ਮਨ ਗੁਰੂ ਦੇ ਚਰਨਾਂ ਦੀ ਧੂੜ ਬਣਦਾ ਹੈ, ਉਹ ਮਨੁੱਖ ਸੁਆਮੀ-ਪ੍ਰਭੂ ਨੂੰ ਸਦਾ ਆਪਣੇ ਅੰਗ-ਸੰਗ ਵੱਸਦਾ ਵੇਖਦਾ ਹੈ । ੩ ।

ਹੇ ਨਾਨਕ ! (ਆਖ–ਹੇ ਭਾਈ !) ਜਿਸ ਮਨੁੱਖ ਉਤੇ ਪ੍ਰਭੂ ਦੀ ਮਿਹਰ ਹੁੰਦੀ ਹੈ (ਉਸ ਦੇ ਅੰਦਰੋਂ) ਕਾਮ ਕ੍ਰੋਧ ਤ੍ਰਿਸ਼ਨਾ(ਆਦਿਕ ਵਿਕਾਰ)ਦੂਰ ਹੋ ਜਾਂਦੇ ਹਨ ।੪।੨।੧੫।

ਬਸੰਤੁ ਮਹਲਾ ੫ ॥ ਰੋਗ ਮਿਟਾਏ ਪ੍ਰਭੂ ਆਪਿ ॥ ਬਾਲਕ ਰਾਖੇ ਅਪਨੇ ਕਰ ਥਾਪਿ ॥ ੧ ॥ ਸਾਂਤਿ ਸਹਜ ਗ੍ਰਿਹਿ ਸਦ ਬਸੰਤੁ ॥ ਗੁਰ ਪੂਰੇ ਕੀ ਸਰਣੀ ਆਏ ਕਲਿਆਣ ਰੂਪ ਜਪਿ ਹਰਿ ਹਰਿ ਮੰਤੁ ॥ ੧ ॥ ਰਹਾਉ ॥ ਸੋਗ ਸੰਤਾਪ ਕਟੇ ਪ੍ਰਭਿ ਆਪਿ ॥ ਗੁਰ ਅਪੁਨੇ ਕਉ ਨਿਤ ਨਿਤ ਜਾਪਿ ॥੨॥ ਜੋ ਜਨੁ ਤੇਰਾ ਜਪੇ ਨਾਉ ॥ ਸਭਿ ਫਲ ਪਾਏ ਨਿਹਚਲ ਗੁਨ ਗਾਉ ॥ ੩ ॥

ਨਾਨਕ ਭਗਤਾ ਭਲੀ ਰੀਤਿ ॥ ਸੁਖਦਾਤਾ ਜਪਦੇ ਨੀਤ ਨੀਤਿ ॥੪॥੩॥੧੯॥

ਪਦ ਅਰਥ :—ਮਿਟਾਇ—ਮਿਟਾਂਦਾ ਹੈ। ਬਾਲਕ—[ਬਹੁ ਵਚਨ] ਬੱਚਿਆਂ ਨੂੰ। ਰਾਖੇ—ਰੱਖਦਾ ਹੈ, ਰਾਖੀ ਕਰਦਾ ਹੈ। ਕਰ—ਹੱਥ [ਬਹੁ ਵਚਨ]। ਥਾਪਿ—ਥਾਪ ਕੇ, ਥਾਪਣਾ ਦੇ ਕੇ। ਕਰ ਥਾਪਿ—ਹੱਥਾਂ ਨਾਲ ਥਾਪਣਾ ਦੇ ਕੇ। ੧।

ਸਹਜ—ਆਤਮਕ ਅਡੋਲਤਾ। ਗ੍ਰਿਹਿ—(ਹਿਰਦੇ-) ਘਰ ਵਿਚ। ਸਦ ਬਸੰਤੁ—ਸਦਾ ਕਾਇਮ ਰਹਿਣ ਵਾਲਾ ਖਿੜਾਉ। ਕਲਿਆਣ ਰੂਪ ਹਰਿ ਮੰਤ੍ਰ—ਸੁਖ-ਸਰੂਪ ਪਰਮਾਤਮਾ ਦਾ ਨਾਮ-ਮੰਤ੍ਰ। ਜਪਿ—ਜਪ ਕੇ। ੧। ਰਹਾਉ।

ਸੋਗ—ਚਿੰਤਾ-ਫ਼ਿਕਰ। ਸੰਤਾਪ—ਦੁੱਖ-ਕਲੇਸ਼। ਪ੍ਰਭਿ—ਪ੍ਰਭੂ ਨੇ। ਕਉ—ਨੂੰ। ਜਾਪਿ—ਜਪਿਆ ਕਰ। ੨।

ਜਪੇ—ਜਪਦਾ ਹੈ, ਜਪੇ। ਸਭਿ—ਸਾਰੇ। ਨਿਹਚਲ ਗੁਣ ਗਾਉ—ਸਦਾ ਕਾਇਮ ਰਹਿਣ ਵਾਲੇ ਗੁਣਾਂ ਦਾ ਗਾਇਨ (ਕਰ ਕੇ)। ੩।

ਰੀਤਿ—ਮਰਯਾਦਾ। ੪।

ਅਰਥ :—ਹੇ ਭਾਈ! (ਜਿਹੜੇ ਮਨੁੱਖ) ਪੂਰੇ ਗੁਰੂ ਦੀ ਸਰਨ ਆਉਂਦੇ ਹਨ, ਸੁਖ-ਸਰੂਪ ਪਰਮਾਤਮਾ ਦਾ ਨਾਮ-ਮੰਤ੍ਰ ਜਪ ਕੇ (ਉਹਨਾਂ ਦੇ ਹਿਰਦੇ-) ਘਰ ਵਿਚ ਆਤਮਕ ਅਡੋਲਤਾ ਵਾਲੀ ਸ਼ਾਂਤੀ ਬਣੀ ਰਹਿੰਦੀ ਹੈ, ਸਦਾ ਕਾਇਮ ਰਹਿਣ ਵਾਲਾ ਖਿੜਾਉ ਬਣਿਆ ਰਹਿੰਦਾ ਹੈ। ੧। ਰਹਾਉ।

ਹੇ ਭਾਈ! (ਜਿਹੜੇ ਮਨੁੱਖ ਪੂਰੇ ਗੁਰੂ ਦੀ ਸਰਨ ਆਉਂਦੇ ਹਨ) ਪਰਮਾਤਮਾ ਆਪ (ਉਹਨਾਂ ਦੇ ਸਾਰੇ) ਰੋਗ ਮਿਟਾ ਦੇਂਦਾ ਹੈ, ਉਹਨਾਂ ਬੱਚਿਆਂ ਨੂੰ ਆਪਣੇ ਹੱਥਾਂ ਨਾਲ ਥਾਪਣਾ ਦੇ ਕੇ ਉਹਨਾਂ ਦੀ ਰੱਖਿਆ ਕਰਦਾ ਹੈ (ਜਿਵੇਂ ਮਾਪੇ ਆਪਣੇ ਬੱਚਿਆਂ ਦੀ ਸੰਭਾਲ ਕਰਦੇ ਹਨ)। ੧।

ਹੇ ਭਾਈ! (ਜਿਹੜੇ ਮਨੁੱਖ ਪੂਰੇ ਗੁਰੂ ਦੀ ਸਰਨ ਆ ਗਏ) ਪ੍ਰਭੂ ਨੇ ਆਪ (ਉਹਨਾਂ ਦੇ ਸਾਰੇ) ਚਿੰਤਾ-ਫ਼ਿਕਰ ਅਤੇ ਦੁੱਖ-ਕਲੇਸ਼ ਮਿਟਾ ਦਿੱਤੇ। ਹੇ ਭਾਈ! ਤੂੰ ਭੀ ਸਦਾ ਹੀ ਸਦਾ ਹੀ ਆਪਣੇ ਗੁਰੂ ਨੂੰ ਯਾਦ ਕਰਦਾ ਰਹੁ। ੨।

ਹੇ ਪ੍ਰਭੂ! ਜਿਹੜਾ ਮਨੁੱਖ ਤੇਰਾ ਨਾਮ ਜਪਦਾ ਹੈ, ਉਹ ਮਨੁੱਖ ਤੇਰੇ ਸਦਾ ਕਾਇਮ ਰਹਿਣ ਵਾਲੇ ਗੁਣਾਂ ਦਾ ਗਾਇਨ ਕਰ ਕੇ ਸਾਰੇ ਫਲ ਪ੍ਰਾਪਤ ਕਰ ਲੈਂਦਾ ਹੈ। ੩।

ਹੇ ਨਾਨਕ! ਭਗਤ ਜਨਾਂ ਦੀ ਇਹ ਸੋਹਣੀ ਜੀਵਨ-ਮਰਯਾਦਾ ਹੈ, ਕਿ ਉਹ ਸਦਾ ਹੀ ਸਦਾ ਹੀ ਸੁਖਾਂ ਦੇ ਦੇਣ ਵਾਲੇ ਪਰਮਾਤਮਾ ਦਾ ਨਾਮ ਜਪਦੇ ਰਹਿੰਦੇ ਹਨ। ੪। ੩। ੧੯।

ਬਸੰਤੁ ਮਹਲਾ ੫ ॥ ਹੁਕਮੁ ਕਰਿ ਕੀਨ੍ਹੇ ਨਿਹਾਲ ॥ ਅਪਨੇ ਸੇਵਕ ਕਉ ਭਇਆ ਦਇਆਲੁ ॥ ੧ ॥ ਗੁਰਿ ਪੂਰੈ ਸਭੁ ਪੂਰਾ ਕੀਆ ॥ ਅੰਮ੍ਰਿਤ ਨਾਮੁ ਰਿਦ ਮਹਿ ਦੀਆ ॥ ੧ ॥ ਰਹਾਉ ॥ ਕਰਮੁ ਧਰਮੁ ਮੇਰਾ ਕਛੁ ਨ ਬੀਚਾਰਿਓ ॥ ਬਾਹ ਪਕਰਿ ਭਵਜਲੁ ਨਿਸਤਾਰਿਓ ॥ ੨ ॥ ਪ੍ਰਭਿ ਕਾਟਿ ਮੈਲੁ ਨਿਰਮਲ ਕਰੇ ॥ ਗੁਰ ਪੂਰੇ ਕੀ ਸਰਣੀ ਪਰੇ ॥ ੩ ॥ ਆਪਿ ਕਰਹਿ ਆਪਿ ਕਰਣੈਹਾਰੇ ॥ ਕਰਿ ਕਿਰਪਾ ਨਾਨਕ ਉਧਾਰੇ ॥ ੪ ॥ ੪ ॥ ੧੭ ॥

ਪਦ ਅਰਥ :—ਹੁਕਮੁ ਕਰਿ—ਹੁਕਮ ਦੇ ਕੇ । ਨਿਹਾਲ—ਪ੍ਰਸੰਨ-ਚਿੱਤ । ਸੇਵਕ ਕਉ —ਸੇਵਕਾਂ ਉਤੇ । ਦਇਆਲੁ—ਦਇਆਵਾਨ । ੧ ।

ਗੁਰਿ ਪੂਰੈ—ਪੂਰੇ ਗੁਰੂ ਨੇ । ਸਭੁ—ਹਰੇਕ ਕੰਮ । ਪੂਰਾ ਕੀਆ—ਸਿਰੇ ਚਾੜ੍ਹ ਦਿੱਤਾ । ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ । ਰਿਦ ਮਹਿ—ਹਿਰਦੇ ਵਿਚ । ੧ । ਰਹਾਉ ।

ਕਰਮੁ—ਚੰਗਾ ਕੰਮ । ਪਕਰਿ—ਫੜ ਕੇ । ਭਵਜਲੁ—ਸੰਸਾਰ-ਸਮੁੰਦਰ । ਨਿਸਤਾਰਿਓ —ਪਾਰ ਲੰਘਾ ਦਿੱਤਾ । ੨ ।

ਪ੍ਰਭਿ—ਪ੍ਰਭੂ ਨੇ । ਕਾਟਿ—ਕੱਟ ਕੇ, ਦੂਰ ਕਰ ਕੇ । ੩ ।

ਕਰਹਿ—ਤੂੰ ਕਰਦਾ ਹੈਂ, ਕਰਹਿਂ । ਕਰਣੈਹਾਰੇ—ਹੇ ਸਭ ਕੁਝ ਕਰ ਸਕਣ ਵਾਲੇ ਪ੍ਰਭੂ ! ਕਰਿ—ਕਰ ਕੇ । ਉਧਾਰੇ—ਉਧਾਰਿ, ਪਾਰ ਲੰਘਾ ਲੈ । ੪ ।

ਅਰਥ:—ਹੇ ਭਾਈ ! ਪੂਰੇ ਗੁਰੂ ਨੇ ਆਤਮਕ ਜੀਵਨ ਦੇਣ ਵਾਲਾ ਹਰਿ ਨਾਮ (ਜਿਸ ਮਨੁੱਖ ਦੇ) ਹਿਰਦੇ ਵਿਚ ਵਸਾ ਦਿੱਤਾ, (ਉਸ ਮਨੁੱਖ ਦਾ ਉਸ ਨੇ) ਹਰੇਕ ਕੰਮ ਸਿਰੇ ਚਾੜ੍ਹ ਦਿੱਤਾ (ਉਸ ਦਾ ਸਾਰਾ ਜੀਵਨ ਸਫਲ ਕਰ ਦਿੱਤਾ) । ੧ । ਰਹਾਉ ।

ਹੇ ਭਾਈ ! ਪਰਮਾਤਮਾ ਆਪਣੇ ਸੇਵਕਾਂ ਉੱਤੇ (ਸਦਾ) ਦਇਆਵਾਨ ਹੁੰਦਾ ਹੈ, ਆਪਣੇ ਹੁਕਮ ਅਨੁਸਾਰ ਉਹਨਾਂ ਨੂੰ ਪ੍ਰਸੰਨ-ਚਿੱਤ ਰੱਖਦਾ ਹੈ । ੧ ।

ਹੇ ਭਾਈ ! (ਗੁਰੂ ਨੇ) ਮੇਰਾ (ਭੀ) ਕੋਈ (ਚੰਗਾ) ਕਰਮ ਨਹੀਂ ਵਿਚਾਰਿਆ ਮੇਰਾ ਕੋਈ ਧਰਮ ਨਹੀਂ ਵਿਚਾਰਿਆ, ਬਾਹੋਂ ਫੜ ਕੇ ਉਸ ਨੇ (ਮੈਨੂੰ) ਸੰਸਾਰ-ਸਮੁੰਦਰ (ਦੇ ਵਿਕਾਰਾਂ) ਤੋਂ ਪਾਰ ਲੰਘ ਦਿੱਤਾ ਹੈ । ੨ ।

ਹੇ ਭਾਈ ! ਜਿਹੜੇ ਭੀ ਮਨੁੱਖ ਪੂਰੇ ਗੁਰੂ ਦੀ ਸਰਨ ਪੈ ਗਏ, ਪਰਮਾਤਮਾ ਨੇ (ਆਪ ਉਹਨਾਂ ਦੇ ਅੰਦਰੋਂ ਵਿਕਾਰਾਂ ਦੀ) ਮੈਲ ਕੱਟ ਕੇ ਉਹਨਾਂ ਨੂੰ ਪਵਿੱਤਰ ਜੀਵਨ ਵਾਲਾ ਬਣਾ ਲਿਆ । ੩ ।

ਹੇ ਸਭ ਕੁਝ ਕਰ ਸਕਣ ਵਾਲੇ ਪ੍ਰਭੂ ! ਤੂੰ ਸਭ ਕੁਝ ਆਪ ਹੀ ਕਰ ਰਿਹਾ ਹੈਂ। ਮਿਹਰ ਕਰ ਕੇ (ਮੈਨੂੰ) ਨਾਨਕ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈ । ੪ । ੪ । । ੧੭ ।

ਬਸੰਤੁ ਮਹਲਾ ੫

ੴ ਸਤਿਗੁਰਪ੍ਰਸਾਦਿ ॥ ਦੇਖੁ ਫੂਲ ਫੂਲ ਫੂਲੇ ॥ ਅਹੰ ਤਿਆਗਿ ਤਿਆਗੇ ॥ ਚਰਨ ਕਮਲ ਪਾਗੇ ॥ ਤੁਮ ਮਿਲਹੁ ਪ੍ਰਭ ਸਭਾਗੇ ॥ ਹਰਿ ਚੇਤਿ ਮਨ ਮੇਰੇ ॥ ਰਹਾਉ ॥ ਸਘਨ ਬਾਸੁ ਕੂਲੇ ॥ ਇਕਿ ਰਹੇ ਸੂਕਿ ਕਠੂਲੇ ॥ ਬਸੰਤ ਰੁਤਿ ਆਈ ॥ ਪਰਫੂਲਤਾ ਰਹੇ ॥ ੧ ॥ ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥ ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥ ੨ ॥ ੧੮ ॥

ਪਦ ਅਰਥ:-ਦੇਖੁ-(ਅੰਦਰ ਝਾਤੀ ਮਾਰ ਕੇ) ਵੇਖ । ਫੂਲ ਫੂਲ ਫੂਲੇ-ਫੁੱਲ ਹੀ ਫੁੱਲ ਖਿੜੇ ਹੋਏ ਹਨ, ਖਿੜਾਉ ਹੀ ਖਿੜਾਉ ਹੈ । ਅਹੰ-ਹਉਮੈ । ਤਿਆਗਿ-ਤਿਆਗ ਕੇ । ਤਿਆਗੇ-ਤਿਆਗਿ, ਤਿਆਗ ਕੇ । ਪਾਗੇ-ਚੰਬੜਿਆ ਰਹੁ । ਸਭਾਗੇ-ਹੇ ਭਾਗਾਂ ਵਾਲੇ (ਮਨ) ! ਮਨ-ਹੇ ਮਨ ! ੧ । ਰਹਾਉ ।

ਸਘਨ-ਸੰਘਣੀ ਛਾਂ ਵਾਲੇ । ਬਾਸੁ-ਸੁਗੰਧੀ । ਕੂਲੇ-ਨਰਮ, ਕੋਮਲ । ਇਕਿ-[ਲਫ਼ਜ਼ 'ਇਕ' ਤੋਂ ਬਹੁ ਵਚਨ] । ਰਹੇ ਸੂਕਿ-ਸੁੱਕੇ ਰਹਿੰਦੇ ਹਨ । ਕਠੂਲੇ-(ਸੁੱਕੀ) ਕਾਠ ਵਰਗੇ ਕਰੜੇ । ਬਸੰਤ ਰੁਤਿ-ਖੇੜੇ ਦੀ ਰੁਤ, ਮਨੁੱਖਾ ਜਨਮ ਜਿਸ ਵਿਚ ਆਤਮਕ ਜੀਵਨ ਦਾ ਖਿੜਾਉ ਪ੍ਰਾਪਤ ਕੀਤਾ ਜਾ ਸਕਦਾ ਹੈ । ਪਰਫੂਲਤਾ ਰਹੇ-(ਜਿਹੜਾ ਮਨੁੱਖ ਨਾਮ ਜਪਦਾ ਹੈ ਉਹ) ਖਿੜਿਆ ਰਹਿੰਦਾ ਹੈ । ੧ ।

ਅਬ-ਹੁਣ, ਮਨੁੱਖਾ ਜੀਵਨ ਮਿਲਣ ਤੇ । ਕਲੂ-ਕਾਲੁ, ਸਮਾ, ਨਾਮ ਬੀਜਣ ਦਾ ਸਮਾ । ਰੇ-ਹੇ ਭਾਈ ! ਅਨ-[अन्य] ਕੋਈ ਹੋਰ । ਅਨ ਰੂਤਿ ਨਾਹੀ-(ਮਨੁੱਖਾ ਜਨਮ ਤੋਂ ਬਿਨਾ ਨਾਮ ਬੀਜਣ ਦਾ) ਕੋਈ ਹੋਰ ਸਮਾ ਨਹੀਂ । ਮਤੁ-ਮਤਾਂ । ਭਰਮਿ-(ਮਾਇਆ ਦੀ) ਭਟਕਣਾ ਵਿਚ ਪੈ ਕੇ । ਮਤੁ ਭੂਲਹੁ-ਮਤਾਂ ਕੁਰਾਹੇ ਪੈ ਜਾਓ, ਕੁਰਾਹੇ ਨਾਹ ਪੈ ਜਾਣਾ । ਗੁਰ ਮਿਲੇ-ਗੁਰ ਮਿਲਿ, ਗੁਰੂ ਨੂੰ ਮਿਲ ਕੇ (ਹੀ) । ਜਿਸੁ ਮਸਤਕਿ-ਜਿਸ (ਮਨੁੱਖ) ਦੇ ਮੱਥੇ ਉੱਤੇ । ਲੇਖਾ-(ਨਾਮ ਦੀ ਪ੍ਰਾਪਤੀ ਦਾ) ਲੇਖ । ਮਨ-ਹੇ ਮਨ ! ਕਹੇ -ਉਚਾਰਦਾ ਹੈ । ੨ ।

ਅਰਥ :-ਹੇ ਮੇਰੇ ਮਨ ! (ਆਪਣੇ ਅੰਦਰੋਂ) ਹਉਮੈ ਦੂਰ ਕਰ, ਹਉਮੈ ਦੂਰ ਕਰ,

(ਫਿਰ) ਵੇਖ (ਤੇਰੇ ਅੰਦਰ) ਫੁੱਲ ਹੀ ਫੁੱਲ ਖਿੜੇ ਹੋਏ ਹਨ (ਤੇਰੇ ਅੰਦਰ ਆਤਮਕ ਖਿੜਾਉ ਹੈ)। ਹੇ ਭਾਗਾਂ ਵਾਲੇ ਮਨ! ਪ੍ਰਭੂ ਦੇ ਸੋਹਣੇ ਚਰਨਾਂ ਨਾਲ ਚੰਬੜਿਆ ਰਹੁ, ਪ੍ਰਭੂ ਨਾਲ ਜੁੜਿਆ ਰਹੁ। ਹੇ ਮੇਰੇ ਮਨ! ਪਰਮਾਤਮਾ ਨੂੰ ਯਾਦ ਕਰਦਾ ਰਹੁ। ਰਹਾਉ।

ਹੇ ਮੇਰੇ ਮਨ! ਜਦੋਂ ਬਸੰਤ ਦਾ ਸਮਾ ਆਉਂਦਾ ਹੈ, (ਤਦੋਂ ਰੁੱਖ ਤਰਾਵਤ ਨਾਲ) ਸੰਘਣੀ ਛਾਂ ਵਾਲੇ, ਸੁਗੰਧੀ ਵਾਲੇ ਅਤੇ ਨਰਮ ਹੋ ਜਾਂਦੇ ਹਨ, ਪਰ ਕਈ ਰੁੱਖ ਐਸੇ ਹੁੰਦੇ ਹਨ ਜੋ (ਬਸੰਤ ਆਉਣ ਤੇ ਭੀ) ਸੁੱਕੇ ਰਹਿੰਦੇ ਹਨ, ਤੇ, ਸੁੱਕੇ ਕਾਠ ਵਰਗੇ ਕਰੜੇ ਰਹਿੰਦੇ ਹਨ (ਇਸੇ ਤਰ੍ਹਾਂ, ਹੇ ਮਨ! ਭਾਵੇਂ ਆਤਮਕ ਜੀਵਨ ਦਾ ਖਿੜਾਉ ਪ੍ਰਾਪਤ ਕਰ ਸਕਣ ਵਾਲੀ ਮਨੁੱਖਾ ਜੀਵਨ ਦੀ ਰੁੱਤ ਤੇਰੇ ਉੱਤੇ ਆਈ ਹੈ, ਫਿਰ ਭੀ ਜਿਹੜਾ ਭਾਗਾਂ ਵਾਲਾ ਮਨੁੱਖ ਹਰਿ-ਨਾਮ ਜਪਦਾ ਹੈ, ਉਹ ਹੀ) ਖਿੜਿਆ ਰਹਿ ਸਕਦਾ ਹੈ। ੧।

ਹੇ ਮੇਰੇ ਮਨ! ਹੁਣ ਮਨੁੱਖਾ ਜਨਮ ਮਿਲਣ ਤੇ (ਨਾਮ ਬੀਜਣ ਦਾ) ਸਮਾ ਤੈਨੂੰ ਮਿਲਿਆ ਹੈ। (ਆਪਣੀ ਹਿਰਦੇ ਦੀ ਪੈਲੀ ਵਿਚ) ਸਿਰਫ਼ ਹਰਿ-ਨਾਮ ਬੀਜ, ਸਿਰਫ਼ ਹਰਿ-ਨਾਮ ਬੀਜ। (ਮਨੁੱਖਾ ਜੀਵਨ ਤੋਂ ਬਿਨਾ) ਕਿਸੇ ਹੋਰ ਜਨਮ ਵਿਚ ਪਰਮਾਤਮਾ ਦਾ ਨਾਮ ਨਹੀਂ ਬੀਜਿਆ ਜਾ ਸਕੇਗਾ, ਨਹੀਂ ਬੀਜਿਆ ਜਾ ਸਕੇਗਾ। ਹੇ ਮੇਰੇ ਮਨ! ਵੇਖੀਂ, (ਮਾਇਆ ਦੀ) ਭੱਜ-ਦੌੜ ਵਿਚ ਪੈ ਕੇ ਕਿਤੇ ਕੁਰਾਹੇ ਨਾਹ ਪੈ ਜਾਈਂ। ਹੇ ਮਨ! (ਇਹ ਮਨੁੱਖਾ ਜਨਮ ਹੀ) ਨਾਮ ਬੀਜਣ ਦਾ ਸਮਾ ਹੈ। (ਪਰ, ਹੇ ਮਨ!) ਗੁਰੂ ਨੂੰ ਮਿਲ ਕੇ ਹੀ ਹਰਿ-ਨਾਮ ਪ੍ਰਾਪਤ ਕੀਤਾ ਜਾ ਸਕਦਾ ਹੈ। ਹੇ ਨਾਨਕ! ਜਿਸ ਮਨੁੱਖ ਦੇ ਮੱਥੇ ਉਤੇ (ਧੁਰੋਂ ਨਾਮ ਦੀ ਪ੍ਰਾਪਤੀ ਦਾ) ਲੇਖ ਉੱਘੜਦਾ ਹੈ ਉਹ ਮਨੁੱਖ ਹੀ ਸਦਾ ਪਰਮਾਤਮਾ ਦੇ ਗੁਣ ਉਚਾਰਦਾ ਹੈ।੨।੧੯।

ਬਸੰਤੁ ਮਹਲਾ ੫ ਘਰੁ ੨ ਹਿੰਡੋਲ

ੴ ਸਤਿਗੁਰਪ੍ਰਸਾਦਿ ॥ ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥ ਇਨ ਬਿਧਿ ਪਾਸਾ ਢਾਲਹੁ ਬੀਰ ॥ ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥ ੧ ॥ ਰਹਾਉ ॥ ਕਰਮ ਧਰਮ ਤੁਮ ਚਉਪੜਿ ਸਾਜਹੁ ਸਤੁ ਕਰਹੁ ਤੁਮ ਸਾਰੀ ॥ ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥ ੨ ॥ ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥ ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥ ੩ ॥ ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥ ਜਨ ਨਾਨਕ ਗੁਰਮੁਖਿ ਜੋ

ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥

ਪਦ ਅਰਥ :—ਹੋਇ ਇਕਤ੍ਰ—(ਸਾਧ ਸੰਗਤਿ ਵਿਚ) ਇਕੱਠੇ ਹੋ ਕੇ।ਭਾਈ—ਹੇ ਭਾਈ! ਦੁਬਿਧਾ—ਮੇਰ-ਤੇਰ, ਵਿਤਕਰੇ । ਲਿਵ ਲਾਇ—(ਪ੍ਰਭੂ-ਚਰਨਾਂ ਵਿਚ) ਸੁਰਤੀ ਜੋੜ ਕੇ । ਜੋੜੀ—ਜੋਟੀਦਾਰ, ਸਾਥੀ । ਹੋਵਹੁ ਜੋੜੀ—ਸਾਥੀ ਬਣੋ । ਹਰਿ ਨਾਮੈ ਕੇ ਜੋੜੀ—ਹਰਿ-ਨਾਮ-ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ । ਗੁਰਮੁਖਿ—ਗੁਰੂ ਦੀ ਰਾਹੀਂ, ਗੁਰੂ ਦੀ ਸਰਨ ਪੈ ਕੇ । ਸਫਾ ਵਿਛਾਇ—ਸਫਾ ਵਿਛਾ ਕੇ, ਚੌਪੜ ਵਾਲਾ ਕੱਪੜਾ ਵਿਛਾ ਕੇ । ਗੁਰ-ਮੁਖਿ ਸਫਾ ਵਿਛਾਇ—ਗੁਰੂ ਦੀ ਸਰਨ ਪਏ ਰਹਿਣਾ—ਇਹ ਕੱਪੜਾ ਵਿਛਾ ਕੇ । ਬੈਸਹੁ—ਬੈਠੋ ।੧।

ਇਨ ਬਿਧਿ—ਇਸ ਤਰੀਕੇ ਨਾਲ । ਪਾਸਾ ਢਾਲਹੁ—ਪਾਸਾ ਸੁੱਟੋ । ਅੰਤ ਕਾਲਿ—ਅਖ਼ੀਰਲੇ ਵਕਤ । ਪੀਰ—ਪੀੜ ।੧। ਰਹਾਉ ।

ਕਰਮ ਧਰਮ—ਧਰਮ ਦੇ ਕਰਮ, ਨੇਕ ਕੰਮ । ਸਾਜਹੁ—ਬਣਾਓ । ਸਤੁ—ਉੱਚਾ ਆਚਰਨ । ਸਾਰੀ—ਨਰਦ । ਐਸੀ—ਅਜਿਹੀ ।੨।

ਉਠਿ—ਉੱਠ ਕੇ । ਪਰਭਾਤੇ—ਅੰਮ੍ਰਿਤ ਵੇਲੇ । ਇਸਨਾਨੁ—ਹਰਿ-ਨਾਮ ਵਿਚ ਆਤਮਕ ਇਸ਼ਨਾਨ । ਸੋਏ—ਸੁੱਤੇ ਹੋਏ ਭੀ । ਬਿਖੜੇ—ਔਖੇ । ਲੰਘਾਵੈ—ਪਾਰ ਲੰਘਾਂਦਾ ਹੈ, ਜਿਤਾਂਦਾ ਹੈ । ਸਹਜ—ਆਤਮਕ ਅਡੋਲਤਾ । ਸੇਤੀ—ਨਾਲ । ਘਰਿ—ਸ੍ਵੈ-ਸਰੂਪ ਵਿਚ, ਪ੍ਰਭੂ-ਚਰਨਾਂ ਵਿਚ ।੩।

ਆਪੇ—ਆਪ ਹੀ । ਖੇਲੈ—ਜਗਤ-ਖੇਡ ਖੇਡਦਾ ਹੈ । ਰਚਨੁ ਰਚਾਇਆ—ਰਚਨਾ ਰਚੀ ਹੈ । ਗੁਰਮੁਖਿ—ਗੁਰੂ ਦੀ ਸਰਨ ਪੈ ਕੇ । ਜਿਣਿ—ਜਿੱਤ ਕੇ ।੪।

ਅਰਥ :—ਹੇ ਵੀਰ ! ਗੁਰੂ ਦੀ ਸਰਨ ਪੈ ਕੇ ਦਿਨ ਰਾਤ ਪਰਮਾਤਮਾ ਦਾ ਨਾਮ ਜਪਿਆ ਕਰੋ, ਇਸ ਤਰ੍ਹਾਂ (ਇਸ ਜੀਵਨ-ਖੇਡ ਵਿਚ) ਦਾਅ ਚਲਾਵੋ (ਪਾਸਾ ਸੁੱਟੋ) । (ਜੇ ਇਸ ਤਰ੍ਹਾਂ ਇਹ ਖੇਡ ਖੇਡਦੇ ਰਹੋਗੇ ਤਾਂ) ਜ਼ਿੰਦਗੀ ਦੇ ਅਖ਼ੀਰਲੇ ਸਮੇ (ਜਮਾਂ ਦਾ) ਦੁੱਖ ਨਹੀਂ ਲੱਗੇਗਾ ।੧। ਰਹਾਉ ।

ਹੇ ਮੇਰੇ ਵੀਰ ! ਇਕੱਠੇ ਹੋ ਕੇ ਸਾਧ ਸੰਗਤਿ ਵਿਚ ਬੈਠਿਆ ਕਰੋ, (ਉਥੇ ਪ੍ਰਭੂ-ਚਰਨਾਂ ਵਿਚ) ਸੁਰਤਿ ਜੋੜ ਕੇ (ਅਪਣੇ ਮਨ ਵਿਚੋਂ) ਮੇਰ-ਤੇਰ ਮਿਟਾਇਆ ਕਰੋ । ਗੁਰੂ ਦੀ ਸਰਨ ਪਏ ਰਹਿਣਾ—ਇਹ ਚੌਪੜ ਦਾ ਕੱਪੜਾ ਵਿਛਾ ਕੇ ਮਨ ਨੂੰ ਟਿਕਾਇਆ ਕਰੋ, (ਅਤੇ ਸਾਧ ਸੰਗਤਿ ਵਿਚ) ਹਰਿ-ਨਾਮ-ਸਿਮਰਨ ਦਾ ਚੌਪੜ ਖੇਡਣ ਵਾਲੇ ਸਾਥੀ ਬਣਿਆ ਕਰੋ ।੧।

ਹੇ ਮੇਰੇ ਵੀਰ ! ਨੇਕ ਕੰਮ ਕਰਨ ਨੂੰ ਤੁਸੀ ਚੌਪੜ ਦੀ ਖੇਡ ਬਣਾਵੋ, ਉੱਚੇ ਆਚਰਨ ਨੂੰ ਨਰਦ ਬਣਾਵੋ । (ਇਸ ਨਰਦ ਦੀ ਬਰਕਤ ਨਾਲ) ਤੁਸੀ (ਆਪਣੇ ਅੰਦਰੋਂ) ਕਾਮ ਨੂੰ

ਕ੍ਰੋਧ ਨੂੰ ਲੋਭ ਨੂੰ ਅਤੇ ਮੋਹ ਨੂੰ ਵੱਸ ਵਿਚ ਕਰੋ। ਹੇ ਵੀਰ! ਇਹੋ ਜਿਹੀ ਖੇਡ ਪਰਮਾਤਮਾ ਨੂੰ ਪਿਆਰੀ ਲੱਗਦੀ ਹੈ (ਪਸੰਦ ਆਉਂਦੀ ਹੈ)।੨।

ਹੇ ਮੇਰੇ ਵੀਰ! ਅੰਮ੍ਰਿਤ ਵੇਲੇ ਉੱਠ ਕੇ (ਨਾਮ-ਜਲ ਵਿਚ) ਚੁੱਭੀ ਲਾਇਆ ਕਰੋ, ਸੁੱਤੇ ਹੋਏ ਭੀ ਪਰਮਾਤਮਾ ਦੇ ਆਰਾਧਨ ਵਿਚ ਜੁੜੇ ਰਹੋ। (ਜਿਹੜੇ ਮਨੁੱਖ ਇਹ ਉੱਦਮ ਕਰਦੇ ਹਨ ਉਹਨਾਂ ਨੂੰ) ਪਿਆਰਾ ਗੁਰੂ (ਕਾਮਾਦਿਕਾਂ ਦੇ ਟਾਕਰੇ ਤੇ) ਔਖੇ ਦਾਅ ਤੋਂ ਕਾਮਯਾਬ ਕਰ ਦੇਂਦਾ ਹੈ, ਉਹ ਮਨੁੱਖ ਆਤਮਕ ਅਡੋਲਤਾ ਦੇ ਸੁਖ-ਆਨੰਦ ਨਾਲ ਪ੍ਰਭੂ-ਚਰਨਾਂ ਵਿਚ ਟਿਕੇ ਰਹਿੰਦੇ ਹਨ।੩।

ਹੇ ਦਾਸ ਨਾਨਕ! (ਆਖ–ਹੇ ਵੀਰ!) ਪਰਮਾਤਮਾ ਆਪ ਹੀ ਜਗਤ-ਖੇਡ ਖੇਡਦਾ ਹੈ, ਆਪ ਹੀ ਇਹ ਖੇਡ ਵੇਖਦਾ ਹੈ। ਪ੍ਰਭੂ ਨੇ ਆਪ ਹੀ ਇਹ ਰਚਨਾ ਰਚੀ ਹੋਈ ਹੈ। ਇਥੇ ਜਿਹੜਾ ਮਨੁੱਖ ਗੁਰੂ ਦੀ ਸਰਨ ਪੈ ਕੇ (ਕਾਮਾਦਿਕਾਂ ਦੇ ਟਾਕਰੇ ਤੇ ਜੀਵਨ-ਖੇਡ) ਖੇਡਦਾ ਹੈ, ਉਹ ਇਹ ਬਾਜੀ ਜਿੱਤ ਕੇ ਪ੍ਰਭੂ-ਦਰ ਤੇ ਪਹੁੰਚਦਾ ਹੈ। ੪। ੧। ੧੯।

ਨੋਟ :–ਸਿਰਲੇਖ ਅਨੁਸਾਰ ਇਹ ਸ਼ਬਦ ਅਤੇ ਇਸ ਦੇ ਅਗਲੇ ਦੋਵੇਂ ਸ਼ਬਦ ਬਸੰਤ ਅਤੇ ਹਿੰਡੋਲ ਦੋਹਾਂ ਮਿਲਵੇਂ ਰਾਗਾਂ ਵਿਚ ਗਾਏ ਜਾਣ ਦੀ ਹਿਦਾਇਤ ਹੈ। ਇਹ ਸਿਰਲੇਖ ਗਹੁ ਨਾਲ ਵੇਖਣਾ। ਇਸੇ ਤਰ੍ਹਾਂ ਦਾ ਹੀ ਸਿਰਲੇਖ ਹੈ ਬਾਣੀ 'ਓਅੰਕਾਰੁ' ਦਾ। ਜਿਵੇਂ ਇਥੇ 'ਬਸੰਤ' ਅਤੇ ਹਿੰਡੋਲ' ਦੋ ਲਫ਼ਜ਼ ਇਕੱਠੇ ਹਨ, ਤਿਵੇਂ ਉਥੇ 'ਰਾਮਕਲੀ' ਅਤੇ 'ਦਖਣੀ' ਦੋਵੇਂ ਇਕੱਠੇ ਹਨ। ਬਾਣੀ ਦਾ ਨਾਮ ਸਿਰਫ਼ 'ਓਅੰਕਾਰੁ' ਹੈ।

ਬਸੰਤੁ ਮਹਲਾ ੫ ਹਿੰਡੋਲ ॥ ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥ ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥ ੧ ॥ ਤੇਰਿਆ ਭਗਤਾ ਕਉ ਬਲਿਹਾਰਾ ॥ ਥਾਨੁ ਸੁਹਾਵਾ ਸਦਾ ਪ੍ਰਭ ਤੇਰਾ ਰੰਗ ਤੇਰੇ ਆਪਾਰਾ ॥ ੧ ॥ ਰਹਾਉ ॥ ਤੇਰੀ ਸੇਵਾ ਤੁਝ ਤੇ ਹੋਵੈ ਅਉਰੁ ਨ ਦੂਜਾ ਕਰਤਾ ॥ ਭਗਤੁ ਤੇਰਾ ਸੋਈ ਤੁਧੁ ਭਾਵੈ ਜਿਸ ਨੋ ਤੂ ਰੰਗੁ ਧਰਤਾ ॥ ੨ ॥ ਤੂ ਵਡ ਦਾਤਾ ਤੂ ਵਡ ਦਾਨਾ ਅਉਰੁ ਨਹੀ ਕੋ ਦੂਜਾ ॥ ਤੂ ਸਮਰਥੁ ਸੁਆਮੀ ਮੇਰਾ ਹਉ ਕਿਆ ਜਾਣਾ ਤੇਰੀ ਪੂਜਾ ॥ ੩ ॥ ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ ਬਿਖਮੁ ਤੇਰਾ ਹੈ ਭਾਣਾ ॥ ਕਹੁ ਨਾਨਕ ਢਹਿ ਪਇਆ ਦੁਆਰੈ ਰਖਿ ਲੇਵਹੁ ਮੁਗਧ ਅਜਾਣਾ ॥ ੪ ॥ ੨ ॥ ੨੦ ॥

ਪਦ ਅਰਥ :–ਤੂ ਹੈ–ਤੂੰ ਹੀ। ਜਾਣਹਿ–(ਤੂੰ) ਜਾਣਦਾ ਹੈਂ। ਜਾਣੈ–ਜਾਣਦਾ ਹੈ। ਜਿਸ ਨੋ–[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ਉੱਡ ਗਿਆ ਹੈ]।

ਕਰਹਿ-(ਤੂੰ) ਕਰਦਾ ਹੈਂ। ਸੋਈ-ਉਹੀ ਮਨੁੱਖ। ੧।

ਕਉ-ਨੂੰ, ਤੋਂ। ਬਲਿਹਾਰਾ-ਸਦਕੇ। ਸੁਹਾਵਾ-ਸੋਹਣਾ। ਪ੍ਰਭ-ਹੇ ਪ੍ਰਭੂ! ਰੰਗ-ਚੋਜ-ਤਮਾਸ਼ੇ। ਅਪਾਰਾ-ਬੇਅੰਤ। ੧। ਰਹਾਉ।

ਸੇਵਾ-ਭਗਤੀ। ਤੁਝ ਤੇ-ਤੈਥੋਂ, ਤੇਰੀ ਪ੍ਰੇਰਨਾ ਨਾਲ। ਤੁਧੁ ਭਾਵੈ-(ਜਿਹੜਾ) ਤੈਨੂੰ ਪਿਆਰਾ ਲੱਗਦਾ ਹੈ। ਰੰਗੁ-ਪ੍ਰੇਮ-ਰੰਗ। ੨।

ਦਾਨਾ-ਸਿਆਣਾ। ਕੋ-ਕੋਈ। ਸਮਰਥੁ-ਸਭ ਤਾਕਤਾਂ ਦਾ ਮਾਲਕ। ਕਿਆ ਜਾਨਾ-ਮੈਂ ਕੀਹ ਜਾਣਦਾ ਹਾਂ? ੩।

ਮਹਲੁ-ਟਿਕਾਣਾ। ਅਗੋਚਰੁ-[ਅ-ਗੋ-ਚਰੁ। ਗੋ-ਗਿਆਨ-ਇੰਦ੍ਰੇ] ਜੀਵਾਂ ਦੇ ਗਿਆਨ-ਇੰਦ੍ਰਿਆਂ ਤੋਂ ਪਰੇ। ਬਿਖਮੁ-ਔਖਾ। ਭਾਣਾ-ਰਜ਼ਾ। ਦੁਆਰੈ-(ਤੇਰੇ) ਦਰ ਤੇ। ਮੁਗਧ-ਮੂਰਖ। ਅਜਾਣਾ-ਅੰਞਾਣ। ੪।

ਅਰਥ :-ਹੇ ਪ੍ਰਭੂ! ਮੈਂ ਤੇਰੇ ਭਗਤਾਂ ਤੋਂ ਸਦਕੇ ਜਾਂਦਾ ਹਾਂ (ਉਹਨਾਂ ਦੀ ਹੀ ਕਿਰਪਾ ਨਾਲ ਤੇਰੇ ਦਰ ਤੇ ਪਹੁੰਚਿਆ ਜਾ ਸਕਦਾ ਹੈ)। ਹੇ ਪ੍ਰਭੂ! ਜਿੱਥੇ ਤੂੰ ਵੱਸਦਾ ਹੈਂ ਉਹ ਥਾਂ ਸਦਾ ਸੋਹਣਾ ਹੈ, ਬੇਅੰਤ ਹਨ ਤੇਰੇ ਚੋਜ-ਤਮਾਸ਼ੇ। ੧। ਰਹਾਉ।

ਹੇ ਪ੍ਰਭੂ! ਤੇਰੀ ਕੁਦਰਤਿ (ਤਾਕਤ) ਤੂੰ ਆਪ ਹੀ ਜਾਣਦਾ ਹੈਂ, ਕੋਈ ਹੋਰ (ਤੇਰੀ ਸਮਰਥਾ ਨੂੰ) ਨਹੀਂ ਸਮਝ ਸਕਦਾ। ਹੇ ਮੇਰੇ ਪਿਆਰੇ ਪ੍ਰਭੂ! ਜਿਸ ਮਨੁੱਖ ਉੱਤੇ ਤੂੰ (ਆਪ) ਮਿਹਰ ਕਰਦਾ ਹੈਂ, ਉਹੀ ਤੇਰੇ ਨਾਲ ਸਾਂਝ ਪਾਂਦਾ ਹੈ। ੧।

ਹੇ ਪ੍ਰਭੂ! ਤੇਰੀ ਭਗਤੀ ਤੇਰੀ ਪ੍ਰੇਰਨਾ ਨਾਲ ਹੀ ਹੋ ਸਕਦੀ ਹੈ, (ਤੇਰੀ ਪ੍ਰੇਰਨਾ ਤੋਂ ਬਿਨਾ) ਕੋਈ ਭੀ ਹੋਰ ਪ੍ਰਾਣੀ (ਤੇਰੀ ਭਗਤੀ) ਨਹੀਂ ਕਰ ਸਕਦਾ। ਤੇਰਾ ਭਗਤ (ਭੀ) ਉਹੀ ਮਨੁੱਖ (ਬਣਦਾ ਹੈ ਜਿਹੜਾ) ਤੈਨੂੰ ਪਿਆਰਾ ਲੱਗਦਾ ਹੈ ਜਿਸ (ਦੇ ਮਨ) ਨੂੰ ਤੂੰ (ਆਪਣੇ ਪਿਆਰ ਦਾ) ਰੰਗ ਚਾੜ੍ਹਦਾ ਹੈਂ। ੨।

ਹੇ ਪ੍ਰਭੂ! ਤੂੰ (ਸਭ ਤੋਂ) ਵੱਡਾ ਦਾਤਾਰ ਹੈਂ, ਤੂੰ (ਸਭ ਤੋਂ) ਵੱਡਾ ਸਿਆਣਾ ਹੈਂ, (ਤੇਰੇ ਬਰਾਬਰ ਦਾ) ਕੋਈ ਹੋਰ ਦੂਜਾ ਨਹੀਂ ਹੈ। ਤੂੰ ਸਭ ਤਾਕਤਾਂ ਦਾ ਮਾਲਕ ਹੈਂ, ਤੂੰ ਮੇਰਾ ਖਸਮ ਹੈਂ, ਮੈਂ ਤੇਰੀ ਭਗਤੀ ਕਰਨੀ ਨਹੀਂ ਜਾਣਦਾ (ਤੂੰ ਆਪ ਹੀ ਮਿਹਰ ਕਰੇਂ, ਤਾਂ ਕਰ ਸਕਦਾ ਹਾਂ)। ੩।

ਹੇ ਮੇਰੇ ਪਿਆਰੇ ਪ੍ਰਭੂ! ਜਿੱਥੇ ਤੂੰ ਵੱਸਦਾ ਹੈਂ ਉਹ ਟਿਕਾਣਾ ਅਸਾਂ ਜੀਵਾਂ ਦੇ ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, ਤੇਰੀ ਰਜ਼ਾ ਵਿਚ ਤੁਰਨਾ ਬੜਾ ਔਖਾ ਕੰਮ ਹੈ। ਹੇ ਨਾਨਕ! ਆਖ-(ਹੇ ਪ੍ਰਭੂ!) ਮੈਂ ਤੇਰੇ ਦਰ ਤੇ ਡਿੱਗ ਪਿਆ ਹਾਂ, ਮੈਨੂੰ ਮੂਰਖ ਨੂੰ ਮੈਨੂੰ ਅੰਞਾਣ ਨੂੰ (ਤੂੰ ਆਪ ਹੱਥ ਦੇ ਕੇ) ਬਚਾ ਲੈ। ੪। ੨। ੨੦।

ਬਸੰਤੁ ਹਿੰਡੋਲ ਮਹਲਾ ੫ ॥ ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰਮਨੀ ॥ ੧ ॥ ਪਿਤਾ ਪਾਰਬ੍ਰਹਮ ਪ੍ਰਭ ਧਨੀ ॥ ਮੋਹਿ ਨਿਸਤਾਰਹੁ ਨਿਰਗੁਨੀ ॥ ੧ ॥ ਰਹਾਉ ॥ ਓਪਤਿ ਪਰਲਉ ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥ ੨ ॥ ਨਾਮ ਪ੍ਰਭੂ ਕੇ ਜੋ ਰੰਗਿ ਰਾਤੇ ਕਲਿ ਮਹਿ ਸੁਖੀਏ ਸੇ ਗਨੀ ॥ ੩ ॥ ਅਵਰੁ ਉਪਾਉ ਨ ਕੋਈ ਸੂਝੈ ਨਾਨਕ ਤਰੀਐ ਗੁਰ ਬਚਨੀ ॥ ੪ ॥ ੩ ॥ ੨੧ ॥

ਪਦ ਅਰਥ :—ਮੂਲੁ—ਜਗਤ ਦਾ ਮੂਲ-ਪ੍ਰਭੂ । ਆਪੁ—ਆਪਣਾ ਆਪ । ਭਰਮਿ—ਭਟਕਣਾ ਵਿਚ । ਬਿਆਪੀ—ਫਸੀ ਹੋਈ । ਅਹੰਮਨੀ—ਹਉਮੈ (ਦੇ ਕਾਰਨ) । ੧ ।

ਪ੍ਰਭ—ਹੇ ਪ੍ਰਭੂ ! ਧਨੀ—ਮਾਲਕ । ਮੋਹਿ—ਮੈਨੂੰ । ਮੋਹਿ ਨਿਰਗੁਨੀ—ਮੈਨੂੰ ਗੁਣ-ਹੀਨ ਨੂੰ । ੧ । ਰਹਾਉ ।

ਓਪਤਿ—ਉਤਪੱਤੀ । ਪਰਲਉ—ਨਾਸ । ਤੇ—ਤੋਂ । ਹਰਿ ਜਨੀ—ਹਰੀ ਦੇ ਜਨਾਂ ਨੇ । ੨ ।

ਨਾਮ ਰੰਗਿ—ਨਾਮ ਦੇ ਪਿਆਰ ਵਿਚ । ਰਾਤੇ—ਰੰਗੇ ਹੋਏ । ਕਲਿ ਮਹਿ—ਮਨੁੱਖਾ ਜਨਮ ਵਿਚ ਜਿੱਥੇ ਬੇਅੰਤ ਵਿਕਾਰ ਹੱਲੇ ਕਰਦੇ ਰਹਿੰਦੇ ਹਨ । ਸੇ—ਉਹ ਮਨੁੱਖ [ਬਹੁ ਵਚਨ] । ਗਨੀ—ਗਨੀਂ, ਮੈਂ ਗਿਣਦਾ ਹਾਂ । ੩ ।

ਤਰੀਐ—ਪਾਰ ਲੰਘਿਆ ਜਾ ਸਕਦਾ ਹੈ । ਬਚਨੀ—ਬਚਨੀਂ, ਬਚਨਾਂ ਦੀ ਰਾਹੀਂ । ੪ ।

ਅਰਥ :—ਹੇ ਮੇਰੇ ਪਿਤਾ ਪਾਰਬ੍ਰਹਮ ! ਹੇ ਮੇਰੇ ਮਾਲਕ ਪ੍ਰਭੂ ! ਮੈਨੂੰ ਗੁਣ-ਹੀਨ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ । ੧ । ਰਹਾਉ ।

ਹੇ ਭਾਈ ! ਹਉਮੈ ਦੇ ਕਾਰਨ (ਜੀਵ ਦੀ ਬੁੱਧੀ ਮਾਇਆ ਦੀ ਖ਼ਾਤਰ) ਦੌੜ-ਭਜ ਵਿਚ ਫਸੀ ਰਹਿੰਦੀ ਹੈ, (ਤਾਹੀਏਂ ਜੀਵ ਆਪਣੇ) ਮੂਲ-ਪ੍ਰਭੂ ਨਾਲ ਸਾਂਝ ਨਹੀਂ ਪਾਂਦਾ, ਅਤੇ ਆਪਣੇ ਆਪ ਨੂੰ ਭੀ ਨਹੀਂ ਸਮਝਦਾ । ੧ ।

ਹੇ ਭਾਈ ! ਸੰਤ ਜਨਾਂ ਨੇ ਤਾਂ ਇਹੀ ਵਿਚਾਰਿਆ ਹੈ ਕਿ ਜਗਤ ਦੀ ਉਤਪੱਤੀ ਤੇ ਜਗਤ ਦਾ ਨਾਸ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਹੁੰਦਾ ਹੈ । ੨ ।

ਹੇ ਭਾਈ ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਦੇ ਪਿਆਰ-ਰੰਗ ਵਿਚ ਰੰਗੇ ਰਹਿੰਦੇ ਹਨ, ਮੈਂ ਤਾਂ ਉਹਨਾਂ ਨੂੰ ਹੀ ਸੁਖੀ ਜੀਵਨ ਵਾਲੇ ਸਮਝਦਾ ਹਾਂ । ੩ ।

ਹੇ ਨਾਨਕ ! (ਆਖ—ਹੇ ਭਾਈ !) ਗੁਰੂ ਦੇ ਬਚਨਾਂ ਉੱਤੇ ਤੁਰ ਕੇ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘ ਸਕੀਦਾ ਹੈ । ਹੋਰ ਕੋਈ ਹੀਲਾ ਨਹੀਂ ਸੁੱਝਦਾ (ਜਿਸ ਦੀ ਮਦਦ ਨਾਲ ਪਾਰ ਲੰਘਿਆ ਜਾ ਸਕੇ) । ੪ । ੩ । ੨੧ ।

੧ ਓ ਸਤਿਗੁਰਪ੍ਰਸਾਦਿ ॥ ਰਾਗੁ ਬਸੰਤੁ ਹਿੰਡੋਲ ਮਹਲਾ ੯ ॥ ਸਾਧੋ ਇਹੁ ਤਨੁ ਮਿਥਿਆ ਜਾਨੋ ॥ ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥ ੧ ॥ ਰਹਾਉ ॥ ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ ॥ ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ ॥ ੧ ॥ ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ ॥ ਜਨ ਨਾਨਕ ਸਭ ਹੀ ਮਹਿ ਪੂਰਨੁ ਏਕੁ ਪੁਰਖੁ ਭਗਵਾਨੋ ॥ ੨ ॥ ੧ ॥

ਨੋਟ :—ਇਹ ਸ਼ਬਦ 'ਬਸੰਤ' ਅਤੇ 'ਹਿੰਡੋਲ' ਦੋਹਾਂ ਮਿਲਵੇਂ ਰਾਗਾਂ ਵਿਚ ਗਾਏ ਜਾਣੇ ਹਨ ।

ਪਦ ਅਰਥ :—ਸਾਧੋ—ਹੇ ਸੰਤ ਜਨੋ ! ਮਿਥਿਆ—ਨਾਸ-ਵੰਤ । ਤਨੁ—ਸਰੀਰ । ਜਾਨੋ—ਸਮਝੋ । ਯਾ ਭੀਤਰਿ—ਇਸ (ਸਰੀਰ) ਵਿਚ । ਬਸਤੁ ਹੈ—ਵੱਸਦਾ ਹੈ । ਸਾਚੋ—ਸਦਾ ਕਾਇਮ ਰਹਿਣ ਵਾਲਾ । ਤਾਹਿ—ਉਸ (ਪਰਮਾਤਮਾ) ਨੂੰ । ੧ ।

ਸੰਪਤਿ—ਧਨ । ਸੰਪਤਿ ਸੁਪਨੇ ਕੀ—ਉਹ ਧਨ ਜੋ ਮਨੁੱਖ ਕਈ ਵਾਰੀ ਸੁਪਨੇ ਵਿਚ ਲੱਭ ਲੈਂਦਾ ਹੈ । ਦੇਖਿ—ਵੇਖ ਕੇ । ਕਹਾ—ਕਿੱਥੇ ? ਕਿਉਂ ? ਐਡਾਨੋ—ਆਕੜਦਾ ਹੈਂ, ਅਹੰਕਾਰ ਕਰਦਾ ਹੈਂ । ਸੰਗਿ ਤਿਹਾਰੈ—ਤੇਰੇ ਨਾਲ। ਚਾਲੈ—ਚੱਲਦਾ । ਤਾਹਿ—ਉਸ (ਧਨ) ਨਾਲ । ਲਪਟਾਨੋ—ਚੰਬੜਿਆ ਹੋਇਆ ਹੈਂ । ੧ ।

ਉਸਤਤਿ—(ਮਨੁੱਖ ਦੀ) ਖ਼ੁਸ਼ਾਮਦ । ਨਿੰਦਾ—ਚੁਗ਼ਲੀ । ਪਰਹਰਿ—ਦੂਰ ਕਰ, ਛੱਡ ਦੇ । ਕੀਰਤਿ—ਸਿਫ਼ਤਿ ਸਾਲਾਹ । ਉਰਿ—ਹਿਰਦੇ ਵਿਚ । ਆਨੋ—ਲਿਆਓ, ਵਸਾਓ । ਪੂਰਨੁ—ਵਿਆਪਕ । ੨ ।

ਅਰਥ :—ਹੇ ਸੰਤ ਜਨੋ ! ਇਸ ਸਰੀਰ ਨੂੰ ਨਾਸਵੰਤ ਸਮਝੋ । ਇਸ ਸਰੀਰ ਵਿਚ ਜਿਹੜਾ ਪਰਮਾਤਮਾ ਵੱਸ ਰਿਹਾ ਹੈ, (ਸਿਰਫ਼) ਉਸ ਨੂੰ ਹੀ ਸਦਾ ਕਾਇਮ ਰਹਿਣ ਵਾਲਾ ਜਾਣੋ । ੧ । ਰਹਾਉ ।

ਹੇ ਭਾਈ ! ਇਹ ਜਗਤ ਉਸ ਧਨ-ਸਮਾਨ ਹੀ ਹੈ ਜਿਹੜਾ ਸੁਪਨੇ ਵਿਚ ਲੱਭ ਲਈਦਾ ਹੈ (ਤੇ, ਜਾਗਦਿਆਂ ਹੀ ਖ਼ਤਮ ਹੋ ਜਾਂਦਾ ਹੈ) (ਇਸ ਜਗਤ ਨੂੰ ਧਨ ਨੂੰ) ਵੇਖ ਕੇ ਕਿਉਂ ਅਹੰਕਾਰ ਕਰਦਾ ਹੈਂ ? ਇਥੋਂ ਕੋਈ ਭੀ ਚੀਜ਼ (ਅੰਤ ਸਮੇਂ) ਤੇਰੇ ਨਾਲ ਨਹੀਂ ਜਾ ਸਕਦੀ । ਫਿਰ ਇਸ ਨਾਲ ਕਿਉਂ ਚੰਬੜਿਆ ਹੋਇਆ ਹੈਂ ? ੧ ।

ਹੇ ਭਾਈ ! ਕਿਸੇ ਦੀ ਖ਼ੁਸ਼ਾਮਦ ਕਿਸੇ ਦੀ ਨਿੰਦਿਆ—ਇਹ ਦੋਵੇਂ ਕੰਮ ਛੱਡ ਦੇ ।

ਸਿਰਫ਼ ਪਰਮਾਤਮਾ ਦੀ ਸਿਫ਼ਤਿ ਸਾਲਾਹ (ਆਪਣੇ) ਹਿਰਦੇ ਵਿਚ ਵਸਾਓ । ਹੇ ਦਾਸ ਨਾਨਕ ! (ਆਖ–ਹੇ ਭਾਈ !) ਸਿਰਫ਼ ਉਹ ਭਗਵਾਨ ਪੁਰਖ ਹੀ(ਸਲਾਹੁਣ-ਜੋਗ ਹੈ ਜੋ) ਸਭ ਜੀਵਾਂ ਵਿਚ ਵਿਆਪਕ ਹੈ । ੨ । ੧ ।

ਬਸੰਤੁ ਮਹਲਾ ੯ ॥ ਪਾਪੀ ਹੀਐ ਮਹਿ ਕਾਮੁ ਬਸਾਇ ॥ ਮਨੁ ਚੰਚਲੁ ਯਾ ਤੇ ਗਹਿਓ ਨ ਜਾਇ ॥ ੧ ॥ ਰਹਾਉ ॥ ਜੋਗੀ ਜੰਗਮ ਅਰੁ ਸੰਨਿਆਸ ॥ ਸਭ ਹੀ ਪਰਿ ਡਾਰੀ ਇਹ ਫਾਸ ॥ ੧ ॥ ਜਿਹਿ ਜਿਹਿ ਹਰਿ ਕੋ ਨਾਮੁ ਸਮ੍ਾਰਿ ॥ ਤੇ ਭਵ ਸਾਗਰ ਉਤਰੇ ਪਾਰਿ ॥ ੨ ॥ ਜਨ ਨਾਨਕ ਹਰਿ ਕੀ ਸਰਨਾਇ ॥ ਦੀਜੈ ਨਾਮੁ ਰਹੈ ਗੁਨ ਗਾਇ ॥ ੩ ॥ ੨ ॥

ਪਦ ਅਰਥ :–ਪਾਪੀ ਕਾਮੁ–ਪਾਪਾਂ ਵਿਚ ਫਸਾਣ ਵਾਲੀ ਕਾਮ-ਵਾਸਨਾ । ਹੀਐ ਮਹਿ–(ਮਨੁੱਖ ਦੇ) ਹਿਰਦੇ ਵਿਚ । ਬਸਾਇ–ਟਿਕਿਆ ਰਹਿੰਦਾ ਹੈ।ਯਾ ਤੇ–ਇਸ ਕਾਰਨ। ਗਹਿਓ ਨ ਜਾਇ–ਫੜਿਆ ਨਹੀਂ ਜਾ ਸਕਦਾ । ੧ । ਰਹਾਉ ।

ਜੰਗਮ–ਸ਼ਿਵ-ਉਪਾਸਕ ਸਾਧੂ ਜੋ ਆਪਣੇ ਸਿਰ ਉਤੇ ਮੋਰ ਦੇ ਖੰਭ ਬੰਨ੍ਹ ਕੇ ਟੱਲੀਆਂ ਵਜਾਂਦੇ ਹੱਟੀ ਹੱਟੀ ਮੰਗਦੇ ਫਿਰਦੇ ਹਨ । ਅਰੁ–ਅਉਰੁ, ਅਤੇ । ਪਰਿ–ਉਤੇ । ਡਾਰੀ–ਸੁੱਟੀ ਹੋਈ ਹੈ । ਫਾਸ–ਫਾਹੀ । ੧ ।

ਜਿਹਿ–ਜਿਸ ਨੇ । ਜਿਹਿ ਜਿਹਿ–ਜਿਸ ਜਿਸ ਨੇ । ਸਮ੍ਾਰਿ–ਸੰਭਾਲਿਆ ਹੈ, ਹਿਰਦੇ ਵਿਚ ਵਸਾਇਆ ਹੈ । ਤੇ–ਉਹ ਮਨੁੱਖ [ਬਹੁ ਵਚਨ] । ਭਵ ਸਾਗਰ–ਸੰਸਾਰ-ਸਮੁੰਦਰ । ਕੋ–ਦਾ । ੨ ।

ਦੀਜੈ–ਦੇਹ । ਰਹੈ ਗਾਇ–ਗਾਂਦਾ ਰਹੇ । ੩ ।

ਅਰਥ :–ਹੇ ਭਾਈ ! ਪਾਪਾਂ ਵਿਚ ਫਸਾਣ ਵਾਲੀ ਕਾਮ-ਵਾਸਨਾ (ਮਨੁੱਖ ਦੇ) ਹਿਰਦੇ ਵਿਚ ਟਿਕੀ ਰਹਿੰਦੀ ਹੈ, ਇਸ ਵਾਸਤੇ (ਮਨੁੱਖ ਦਾ) ਚੰਚਲ ਮਨ ਕਾਬੂ ਵਿਚ ਨਹੀਂ ਆ ਸਕਦਾ । ੧ । ਰਹਾਉ ।

ਹੇ ਭਾਈ ! ਜੋਗੀ ਜੰਗਮ ਅਤੇ ਸੰਨਿਆਸੀ (ਜਿਹੜੇ ਆਪਣੇ ਵੱਲੋਂ ਮਾਇਆ ਦਾ ਤਿਆਗ ਕਰ ਗਏ ਹਨ)—ਇਹਨਾਂ ਸਭਨਾਂ ਉੱਤੇ ਹੀ (ਮਾਇਆ ਨੇ ਕਾਮ-ਵਾਸ਼ਨਾ ਦੀ) ਇਹ ਫਾਹੀ ਸੁੱਟੀ ਹੋਈ ਹੈ । ੧ ।

ਹੇ ਭਾਈ ! ਜਿਸ ਜਿਸ ਮਨੁੱਖ ਨੇ ਪਰਮਾਤਮਾ ਦਾ ਨਾਮ ਆਪਣੇ ਹਿਰਦੇ ਵਿਚ ਵਸਾਇਆ ਹੈ, ਉਹ ਸਾਰੇ ਸੰਸਾਰ-ਸਮੁੰਦਰ (ਦੇ ਵਿਕਾਰਾਂ) ਤੋਂ ਪਾਰ ਲੰਘ ਜਾਂਦੇ ਹਨ ।੨।

ਹੇ ਨਾਨਕ ! ਪਰਮਾਤਮਾ ਦਾ ਦਾਸ ਪਰਮਾਤਮਾ ਦੀ ਸਰਨ ਪਿਆ ਰਹਿੰਦਾ ਹੈ (ਪਰਮਾਤਮਾ ਦੇ ਦਰ ਤੇ ਉਹ ਅਰਜ਼ੋਈ ਕਰਦਾ ਰਹਿੰਦਾ ਹੈ–ਹੇ ਪ੍ਰਭੂ ! ਆਪਣੇ ਦਾਸ ਨੂੰ

ਆਪਣਾ) ਨਾਮ ਦੇਹ (ਤਾ ਕਿ ਤੇਰਾ ਦਾਸ ਤੇਰੇ) ਗੁਣ ਗਾਂਦਾ ਰਹੇ (ਇਸ ਤਰ੍ਹਾਂ ਉਹ ਕਾਮਾਦਿਕ ਵਿਕਾਰਾਂ ਦੀ ਮਾਰ ਤੋਂ ਬਚਿਆ ਰਹਿੰਦਾ ਹੈ) । ੩ । ੨ ।

ਬਸੰਤੁ ਮਹਲਾ ੯ ॥ ਮਾਈ ਮੈ ਧਨੁ ਪਾਇਓ ਹਰਿਨਾਮੁ ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥ ੧ ॥ ਰਹਾਉ ॥ ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥ ਲੋਭ ਮੋਹ ਏਹ ਪਰਸਿ ਨ ਸਾਕਹਿ ਗਹੀ ਭਗਤਿ ਭਗਵਾਨ ॥ ੧ ॥ ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥ ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥ ੨ ॥ ਜਾ ਕਉ ਹੋਤ ਦਇਆਲੁ ਕਿਰਪਾ-ਨਿਧਿ ਸੋ ਗੋਬਿੰਦ ਗੁਨ ਗਾਵੈ ॥ ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥ ੩ ॥ ੩ ॥

ਪਦ ਅਰਥ :—ਮਾਈ—ਹੇ ਮਾਂ ! ਪਾਇਓ—(ਗੁਰੂ ਪਾਸੋਂ) ਲੱਭ ਲਿਆ ਹੈ । ਧਾਵਨ ਤੇ—(ਮਾਇਆ ਦੀ ਖ਼ਾਤਰ) ਦੌੜ-ਭੱਜ ਕਰਨ ਤੋਂ । ਛੂਟਿਓ—ਬਚ ਗਿਆ ਹੈ । ਕਰਿ—ਕਰ ਕੇ । ਬਿਸਰਾਮੁ—ਟਿਕਾਣਾ । ਕਰਿ ਬਿਸਰਾਮੁ—ਨਾਮ-ਧਨ ਵਿਚ ਟਿਕਾਣਾ ਬਣਾ ਕੇ । ੧ । ਰਹਾਉ ।

ਮਾਇਆ ਮਮਤਾ—ਮਾਇਆ ਦੀ ਮਮਤਾ, ਮਾਇਆ ਜੋੜਨ ਦੀ ਲਾਲਸਾ । ਤਨ ਤੇ—(ਮੇਰੇ) ਸਰੀਰ ਤੋਂ । ਨਿਰਮਲ ਗਿਆਨੁ—ਨਿਰਮਲ ਪ੍ਰਭੂ ਦਾ ਗਿਆਨ, ਸੁੱਧ-ਸਰੂਪ ਪਰਮਾਤਮਾ ਨਾਲ ਜਾਣ-ਪਛਾਣ । ਪਰਸਿ ਨ ਸਾਕਹਿ—(ਮੈਨੂੰ) ਛੁਹ ਨਹੀਂ ਸਕਦੇ, ਮੇਰੇ ਨੇੜੇ ਨਹੀਂ ਢੁਕਦੇ, ਮੇਰੇ ਉਤੇ ਆਪਨਾ ਜ਼ੋਰ ਨਹੀਂ ਪਾ ਸਕਦੇ । ਗਹੀ—ਫੜੀ । ੧ ।

ਸੰਸਾ—ਸਹਸਾ, ਸਹਮ । ਚੂਕਾ—ਮੁੱਕ ਗਿਆ ਹੈ । ਰਤਨੁ ਨਾਮੁ—ਅਮੋਲਕ ਹਰਿ-ਨਾਮ । ਜਬ—ਜਦੋਂ । ਮਨ ਤੇ—ਮਨ ਤੋਂ । ਨਿਜ—ਆਪਣਾ, ਆਪਣੇ ਨਾਲ ਸਦਾ ਟਿਕੇ ਰਹਿਣ ਵਾਲਾ । ੨ ।

ਜਾ ਕਉ—ਜਿਸ (ਮਨੁੱਖ) ਉੱਤੇ । ਦਇਆਲੁ—ਦਇਆਵਾਨ । ਕਿਰਪਾ ਨਿਧਿ—ਕਿਰਪਾ ਦਾ ਖ਼ਜ਼ਾਨਾ ਪ੍ਰਭੂ । ਸੋ—ਉਹ ਮਨੁੱਖ [ਇਕ ਵਚਨ] । ਗਾਵੈ—ਗਾਂਦਾ ਹੈ । ਸੰਪੈ—ਧਨ । ਇਹ ਬਿਧਿ ਕੀ ਸੰਪੈ—ਇਸ ਤਰ੍ਹਾਂ ਦਾ ਧਨ । ਕੋਊ—ਕੋਈ ਵਿਰਲਾ ਹੀ । ਗੁਰਮੁਖਿ—ਗੁਰੂ ਦੀ ਸਰਨ ਪੈ ਕੇ । ੩ ।

ਅਰਥ :—ਹੇ (ਮੇਰੀ) ਮਾਂ ! (ਜਦੋਂ ਦਾ ਗੁਰੂ ਦੀ ਸਰਨ ਪੈ ਕੇ) ਮੈਂ ਪਰਮਾਤਮਾ ਦਾ ਨਾਮ-ਧਨ ਹਾਸਲ ਕੀਤਾ ਹੈ, ਮੇਰਾ ਮਨ (ਮਾਇਆ ਦੀ ਖ਼ਾਤਰ) ਦੌੜ-ਭੱਜ ਕਰਨ ਤੋਂ ਬਚ ਗਿਆ ਹੈ, (ਹੁਣ ਮੇਰਾ ਮਨ ਨਾਮ-ਧਨ ਵਿਚ) ਟਿਕਾਣਾ ਬਣਾ ਕੇ ਬਹਿ ਗਿਆ

ਹੈ। ੧। ਰਹਾਉ।

ਹੇ ਮੇਰੀ ਮਾਂ! (ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰ) ਸ਼ੁੱਧ-ਸਰੂਪ ਪਰਮਾਤਮਾ ਨਾਲ ਡੂੰਘੀ ਸਾਂਝ ਬਣ ਗਈ ਹੈ (ਜਿਸ ਕਰਕੇ) ਮੇਰੇ ਸਰੀਰ ਵਿਚੋਂ ਮਾਇਆ ਜੋੜਨ ਦੀ ਲਾਲਸਾ ਦੂਰ ਹੋ ਗਈ ਹੈ। (ਜਦੋਂ ਤੋਂ ਮੈਂ) ਭਗਵਾਨ ਦੀ ਭਗਤੀ ਹਿਰਦੇ ਵਿਚ ਵਸਾਈ ਹੈ ਲੋਭ ਅਤੇ ਮੋਹ ਇਹ ਮੇਰੇ ਉਤੇ ਆਪਣਾ ਜ਼ੋਰ ਨਹੀਂ ਪਾ ਸਕਦੇ। ੧।

ਹੇ ਮੇਰੀ ਮਾਂ! ਜਦੋਂ ਤੋਂ (ਗੁਰੂ ਦੀ ਕਿਰਪਾ ਨਾਲ) ਮੈਂ ਪਰਮਾਤਮਾ ਦਾ ਅਮੋਲਕ ਨਾਮ ਲੱਭਾ ਹੈ, ਮੇਰਾ ਜਨਮਾਂ ਜਨਮਾਂਤਰਾਂ ਦਾ ਸਹਮ ਦੂਰ ਹੋ ਗਿਆ ਹੈ; ਮੇਰੇ ਮਨ ਵਿਚੋਂ ਸਾਰੀ ਤ੍ਰਿਸ਼ਨਾ ਮੁੱਕ ਗਈ ਹੈ, ਹੁਣ ਮੈਂ ਉਸ ਆਨੰਦ ਵਿਚ ਟਿਕਿਆ ਰਹਿੰਦਾ ਹਾਂ ਜਿਹੜਾ ਸਦਾ ਮੇਰੇ ਨਾਲ ਟਿਕਿਆ ਰਹਿਣ ਵਾਲਾ ਹੈ। ੨।

ਹੇ ਮਾਂ! ਕਿਰਪਾ ਦਾ ਖ਼ਜ਼ਾਨਾ ਗੋਬਿੰਦ ਜਿਸ ਮਨੁੱਖ ਉੱਤੇ ਦਇਆਵਾਨ ਹੁੰਦਾ ਹੈ, ਉਹ ਮਨੁੱਖ ਉਸ ਦੇ ਗੁਣ ਗਾਂਦਾ ਰਹਿੰਦਾ ਹੈ। ਹੇ ਨਾਨਕ! ਆਖ-(ਹੇ ਮਾਂ!) ਕੋਈ ਵਿਰਲਾ ਮਨੁੱਖ ਇਸ ਕਿਸਮ ਦਾ ਧਨ ਗੁਰੂ ਦੇ ਸਨਮੁਖ ਰਹਿ ਕੇ ਹਾਸਲ ਕਰਦਾ ਹੈ। ੩। ੩।

ਬਸੰਤੁ ਮਹਲਾ ੯ ॥ ਮਨ ਕਹਾ ਬਿਸਾਰਿਓ ਰਾਮ ਨਾਮੁ ॥ ਤਨੁ ਬਿਨਸੈ ਜਮ ਸਿਉ ਪਰੈ ਕਾਮੁ ॥ ੧ ॥ ਰਹਾਉ ॥ ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥ ੧ ॥ ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥ ੨ ॥ ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥ ੩ ॥ ੪ ॥

ਪਦ ਅਰਥ :—ਮਨ—ਹੇ ਮਨ! ਕਹਾ—ਕਹਾਂ? ਕਿਉਂ? ਤਨੁ—ਸਰੀਰ। ਬਿਨਸੈ—ਨਾਸ ਹੁੰਦਾ ਹੈ। ਜਮ ਸਿਉ—ਜਮਾਂ ਨਾਲ। ਕਾਮੁ—ਕੰਮ, ਵਾਹ, ਵਾਸਤਾ। ਪਰੈ—ਪੈਂਦਾ ਹੈ। ੧। ਰਹਾਉ।

ਪਹਾਰ—ਪਹਾੜ। ਤੈ—ਤੂੰ। ਸਾਚਾ—ਸਦਾ ਕਾਇਮ ਰਹਿਣ ਵਾਲਾ। ਮਾਨਿਆ—ਮੰਨ ਲਿਆ ਹੈ। ਕਿਹ ਬਿਚਾਰਿ—ਕੀਹ ਵਿਚਾਰ ਕੇ? ਕੀਹ ਸਮਝ ਕੇ? ੧।

ਦਾਰਾ—ਇਸਤ੍ਰੀ। ਸੰਪਤਿ—ਸੰਪੱਤੀ, ਧਨ-ਪਦਾਰਥ। ਗ੍ਰੇਹ—ਘਰ। ਸੰਗਿ—ਨਾਲ। ਕਛੁ—ਕੋਈ ਭੀ ਚੀਜ਼। ੨।

ਇਕ—ਸਿਰਫ਼। ਕਹੁ—ਆਖ। ਨਾਨਕ—ਹੇ ਨਾਨਕ! ਭਜੁ ਤਿਹ—ਉਸ ਪਰਮਾਤਮਾ

ਦਾ ਭਜਨ ਕਰ। ਏਕ ਰੰਗਿ—ਇੱਕ ਦੇ ਪਿਆਰ ਵਿਚ (ਜੁੜ ਕੇ)।੩।

ਅਰਥ :—ਹੇ ਮਨ! ਤੂੰ ਪਰਮਾਤਮਾ ਦਾ ਨਾਮ ਕਿਉਂ ਭੁਲਾਈ ਬੈਠਾ ਹੈਂ? (ਜਦੋਂ) ਸਰੀਰ ਨਾਸ ਹੋ ਜਾਂਦਾ ਹੈ, (ਤਦੋਂ ਪਰਮਾਤਮਾ ਦੇ ਨਾਮ ਤੋਂ ਬਿਨਾ) ਜਮਾਂ ਨਾਲ ਵਾਹ ਪੈਂਦਾ ਹੈ।੧। ਰਹਾਉ।

ਹੇ ਮਨ! ਇਹ ਸੰਸਾਰ (ਤਾਂ, ਮਾਨੋ) ਧੂਏਂ ਦਾ ਪਹਾੜ ਹੈ (ਜਿਸ ਨੂੰ ਹਵਾ ਦਾ ਇੱਕੋ ਬੁਲਾ ਉਡਾ ਕੇ ਲੈ ਜਾਂਦਾ ਹੈ)। ਹੇ ਮਨ! ਤੂੰ ਕੀਹ ਸਮਝ ਕੇ (ਇਸ ਜਗਤ ਨੂੰ) ਸਦਾ ਕਾਇਮ ਰਹਿਣ ਵਾਲਾ ਮੰਨੀ ਬੈਠਾ ਹੈਂ ?੧।

ਹੇ ਮਨ! (ਚੰਗੀ ਤਰ੍ਹਾਂ ਸਮਝ ਲੈ ਕਿ) ਧਨ, ਇਸਤ੍ਰੀ, ਜਾਇਦਾਦ, ਘਰ—ਇਹਨਾਂ ਵਿਚੋਂ ਕੋਈ ਭੀ ਚੀਜ਼ (ਮੌਤ ਵੇਲੇ ਜੀਵ ਦੇ) ਨਾਲ ਨਹੀਂ ਜਾਂਦੀ।੨।

ਹੇ ਨਾਨਕ! ਆਖ—(ਹੇ ਭਾਈ!) ਸਿਰਫ਼ ਪਰਮਾਤਮਾ ਦੀ ਭਗਤੀ ਹੀ ਮਨੁੱਖ ਦੇ ਨਾਲ ਰਹਿੰਦੀ ਹੈ (ਇਸ ਵਾਸਤੇ) ਸਿਰਫ਼ ਪਰਮਾਤਮਾ ਦੇ ਪਿਆਰ ਵਿਚ (ਟਿਕ ਕੇ) ਉਸ ਦਾ ਭਜਨ ਕਰਿਆ ਕਰ।੩।੪।

ਬਸੰਤੁ ਮਹਲਾ ੯ ॥ ਕਹਾ ਭੂਲਿਓ ਰੇ ਝੂਠੇ ਲੋਭ ਲਾਗ ॥ ਕਛੁ ਬਿਗਰਿਓ ਨਾਹਿਨ ਅਜਹੁ ਜਾਗੁ ॥੧॥ ਰਹਾਉ ॥ ਸਮ ਸੁਪਨੈ ਕੈ ਇਹੁ ਜਗੁ ਜਾਨੁ ॥ ਬਿਨਸੈ ਛਿਨ ਮਹਿ ਸਾਚੀ ਮਾਨੁ ॥੧॥ ਸੰਗਿ ਤੇਰੈ ਹਰਿ ਬਸਤ ਨੀਤ ॥ ਨਿਸਿ ਬਾਸੁਰ ਭਜੁ ਤਾਹਿ ਮੀਤ ॥੨॥ ਬਾਰ ਅੰਤ ਕੀ ਹੋਇ ਸਹਾਇ ॥ ਕਹੁ ਨਾਨਕ ਗੁਨ ਤਾ ਕੇ ਗਾਇ ॥੩॥੫॥

ਪਦ ਅਰਥ :—ਕਹਾ ਭੂਲਿਓ—ਕਿੱਥੇ ਖੁੰਝਿਆ ਪਿਆ ਹੈਂ? ਰੇ—ਹੇ ਭਾਈ! ਲੋਭਿ ਲੋਭ ਵਿਚ। ਲਾਗਿ—ਲੱਗ ਕੇ। ਨਾਹਿਨ—ਨਹੀਂ। ਅਜਹੁ—ਹੁਣ ਭੀ। ਜਾਗੁ—ਸੁਚੇਤ ਹੋ, ਸਿਆਣਾ ਬਣ।੧। ਰਹਾਉ।

ਸਮ—ਬਰਾਬਰ। ਜਾਨੁ—ਸਮਝ। ਛਿਨ ਮਹਿ—ਇਕ ਛਿਨ ਵਿਚ। ਸਾਚੀ ਮਾਨੁ—ਇਹ ਗੱਲ ਸੱਚੀ ਮੰਨ।੧।

ਸੰਗਿ—ਨਾਲ। ਨੀਤ—ਸਦਾ। ਨਿਸਿ—ਰਾਤ। ਬਾਸੁਰ—ਦਿਨ। ਭਜੁ ਤਾਹਿ—ਉਸ ਦਾ ਭਜਨ ਕਰਿਆ ਕਰ। ਮੀਤ—ਹੇ ਮਿੱਤਰ!੨।

ਬਾਰ ਅੰਤ ਕੀ—ਅੰਤ ਦੇ ਸਮੇ। ਸਹਾਇ—ਸਹਾਈ, ਮਦਦਗਾਰ। ਤਾ ਕੇ—ਉਸ (ਪ੍ਰਭੂ) ਦੇ।੩।

ਅਰਥ :—ਹੇ ਭਾਈ ! ਨਾਸਵੰਤ ਦੁਨੀਆ ਦੇ ਲੋਭ ਵਿਚ ਫਸ ਕੇ (ਹਰਿ-ਨਾਮ ਤੋਂ) ਕਿੱਥੇ ਖੁੰਝਿਆ ਫਿਰਦਾ ਹੈਂ ? ਹੁਣ ਹੀ ਸਿਆਣਾ ਬਣ, (ਤੇ, ਪਰਮਾਤਮਾ ਦਾ ਨਾਮ ਜਪਿਆ ਕਰ। ਜੇ ਬਾਕੀ ਦੀ ਉਮਰ ਸਿਮਰਨ ਵਿਚ ਗੁਜ਼ਾਰੇਂ, ਤਾਂ ਭੀ ਤੇਰਾ) ਕੁਝ ਵਿਗ-ੜਿਆ ਨਹੀਂ। ੧। ਰਹਾਉ।

ਹੇ ਭਾਈ! ਇਸ ਜਗਤ ਨੂੰ ਸੁਪਨੇ (ਵਿਚ ਵੇਖੇ ਪਦਾਰਥਾਂ) ਦੇ ਬਰਾਬਰ ਸਮਝ। ਇਹ ਗੱਲ ਸੱਚੀ ਮੰਨ ਕਿ (ਇਹ ਜਗਤ) ਇਕ ਛਿਨ ਵਿਚ ਨਾਸ ਹੋ ਜਾਂਦਾ ਹੈ। ੧।

ਹੇ ਮਿੱਤਰ ! ਪਰਮਾਤਮਾ ਸਦਾ ਤੇਰੇ ਨਾਲ ਵੱਸਦਾ ਹੈ। ਤੂੰ ਦਿਨ ਰਾਤ ਉਸ ਦਾ ਹੀ ਭਜਨ ਕਰਿਆ ਕਰ। ੨।

ਹੇ ਨਾਨਕ ! ਆਖ–(ਹੇ ਭਾਈ !) ਅਖ਼ੀਰਲੇ ਸਮੇ ਪਰਮਾਤਮਾ ਹੀ ਮਦਦਗਾਰ ਬਣਦਾ ਹੈ। ਤੂੰ (ਸਦਾ) ਉਸ ਦੇ ਗੁਣ ਗਾਇਆ ਕਰ। ੩। ੫।

—o—

ਬਸੰਤੁ ਮਹਲਾ ੧ ਅਸਟਪਦੀਆ ਘਰੁ ੧ ਦੁਤੁਕੀਆ

ੴ ਸਤਿਗੁਰ ਪ੍ਰਸਾਦਿ ॥ ਜਗੁ ਕਊਆ ਨਾਮੁ ਨਹੀ ਚੀਤਿ ॥ ਨਾਮੁ ਬਿਸਾਰਿ ਗਿਰੈ ਦੇਖੁ ਭੀਤਿ ॥ ਮਨੂਆ ਡੋਲੈ ਚੀਤਿ ਅਨੀਤਿ ॥ ਜਗ ਸਿਉ ਤੂਟੀ ਝੂਠ ਪਰੀਤਿ ॥ ੧ ॥ ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ ॥ ਨਾਮ ਬਿਨਾ ਕੈਸੇ ਗੁਨ ਚਾਰੁ ॥੧॥ ਰਹਾਉ ॥ ਘਰੁ ਬਾਲੂ ਕਾ ਘੂਮਨ ਘੇਰਿ ॥ ਬਰਖਸਿ ਬਾਣੀ ਬੁਦਬੁਦਾ ਹੇਰਿ ॥ ਮਾਤ੍ਰ ਬੂੰਦ ਤੇ ਧਰਿ ਚਕੁ ਫੇਰਿ ॥ ਸਰਬ ਜੋਤਿ ਨਾਮੈ ਕੀ ਚੇਰਿ ॥ ੨ ॥ ਸਰਬ ਉਪਾਇ ਗੁਰੂ ਸਿਰਿਮੋਰੁ ॥ ਭਗਤਿ ਕਰਉ ਪਗ ਲਾਗਉ ਤੋਰ ॥ ਨਾਮਿ ਰਤੋ ਚਾਹਉ ਤੁਝ ਓਰੁ ॥ ਨਾਮੁ ਦੁਰਾਇ ਚਲੈ ਸੋ ਚੋਰੁ ॥ ੩ ॥ ਪਤਿ ਖੋਈ ਬਿਖੁ ਅੰਚਲਿ ਪਾਇ ॥ ਸਾਚ ਨਾਮਿ ਰਤੋ ਪਤਿ ਸਿਉ ਘਰਿ ਜਾਇ॥ ਜੋ ਕਿਛੁ ਕੀਨ੍ਹਸਿ ਪ੍ਰਭੁ ਰਜਾਇ॥ ਭੈ ਮਾਨੈ ਨਿਰਭਉ ਮੇਰੀ ਮਾਇ ॥ ੪ ॥ ਕਾਮਨਿ ਚਾਹੈ ਸੁੰਦਰਿ ਭੋਗੁ ॥ ਪਾਨ ਫੂਲ ਮੀਠੇ ਰਸ ਰੋਗ ॥ ਖੀਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਣਾਗਤਿ ਕੀਨ੍ਹਸਿ ਹੋਗ ॥ ੫ ॥ ਕਾਪੜੁ ਪਹਿਰਸਿ ਅਧਿਕੁ ਸੀਗਾਰੁ ॥ ਮਾਟੀ ਫੂਲੀ ਰੂਪੁ ਬਿਕਾਰੁ ॥ ਆਸਾ ਮਨਸਾ ਬਾਂਧੋ ਬਾਰੁ ॥ ਨਾਮ ਬਿਨਾ ਸੂਨਾ ਘਰੁ ਬਾਰੁ ॥ ੬ ॥ ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥ ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥ ੭ ॥ ਮੋਹਨਿ ਮੋਹਿ ਲੀਆ ਮਨੁ ਮੋਹਿ ॥ ਗੁਰ ਕੈ ਸਬਦਿ ਪਛਾਨਾ ਤੋਹਿ ॥ ਨਾਨਕ ਠਾਢੇ ਚਾਹਹਿ ਪ੍ਰਭੂ ਦੁਆਰਿ ॥ ਤੇਰੇ ਨਾਮਿ ਸੰਤੋਖੇ ਕਿਰਪਾ ਧਾਰਿ ॥ ੮ ॥ ੧ ॥

ਪਦ ਅਰਥ :—ਜਗੁ—ਜਗਤ, ਮਾਇਆ-ਵੇੜ੍ਹਿਆ ਜੀਵ । ਚੀਤਿ—ਚਿੱਤ ਵਿਚ । ਗਿਰੈ—ਡਿੱਗਦਾ ਹੈ। ਦੇਖੁ—(ਹੇ ਭਾਈ!) ਵੇਖ। ਭੀਤਿ-ਭਿੱਤੀ, ਚੋਗਾ । ਅਨੀਤਿ—ਬਦਨੀਤੀ । ਸਿਉ—ਨਾਲ। ਤੂਟੀ—ਟੁੱਟ ਜਾਂਦੀ ਹੈ, ਸਦਾ ਨਹੀਂ ਨਿਭਦੀ ।੧।

ਬਿਖੁ—ਜ਼ਹਰ। ਬਜਰੁ—ਕਰੜਾ। ਗੁਨ ਚਾਰੁ—ਗੁਣਾਂ ਵਾਲਾ ਆਚਾਰ (ਆਚਰਨ) ।੧। ਰਹਾਉ ।

ਬਾਲੂ—ਰੇਤ। ਬਰਖਸਿ—ਵਰਖਾ ਹੋਣ ਤੇ । ਬਾਣੀ—ਬਨਾਵਟ । ਹੇਰਿ—ਵੇਖ । ਤੇ—ਤੋਂ। ਧਰਿ—ਬਣਾ ਦੇਂਦਾ ਹੈ। ਫੇਰਿ—ਫੇਰ ਕੇ। ਨਾਮੈ ਕੀ—ਨਾਮ ਦੀ ਹੀ। ਚੇਰਿ—

ਦਾਸੀ । ੨ ।

ਸਿਰਿਮੋਰੁ—ਸ਼ਿਰੋਮਣੀ । ਕਰਉ—ਮੈਂ ਕਰਾਂ । ਪਗ ਤੋਰ—ਤੇਰੀ ਚਰਨੀਂ । ਨਾਮਿ—ਨਾਮ ਵਿਚ । ਓਰੁ—ਪਾਸਾ, ਆਸਰਾ । ਦੁਰਾਇ—ਲੁਕਾ ਕੇ। ਚਲੈ—ਜੀਵਨ-ਪੰਧ ਤੇ ਤੁਰਦਾ ਹੈ । ੩ ।

ਪਤਿ—ਇੱਜ਼ਤ । ਅੰਚਲਿ ਪਾਇ—ਪੱਲੇ ਬੰਨ੍ਹ ਕੇ । ਕੀਨਸਿ—ਕਰਦਾ ਹੈ । ਮਾਇ—ਹੇ ਮਾਂ ! ੪ ।

ਕਾਮਨਿ—ਇਸਤ੍ਰੀ । ਸੁੰਦਰਿ—ਸੋਹਣੀ । ਖੇਲੈ—ਖੇਲਦੀ ਹੈ, ਖਿੱਲੀਆਂ ਪਾਂਦੀ ਹੈ । ਬਿਗਸੈ—ਖਿੜਦੀ ਹੈ, ਖ਼ੁਸ਼ ਹੁੰਦੀ ਹੈ । ਤੇਤੋ—ਉਤਨਾ ਹੀ (ਵਧੀਕ) । ਕੀਨ੍ਹਸਿ—ਕਰਦਾ ਹੈ । ੫ ।

ਪਹਿਰਸਿ—ਪਹਿਨਦੀ ਹੈ । ਅਧਿਕੁ—ਬਹੁਤ। ਮਾਟੀ—ਮਿੱਟੀ ਦੀ ਮੂਰਤੀ, ਕਾਂਇਆਂ। ਫੂਲੀ—ਫੁੱਲਦੀ ਹੈ, ਮਾਣ ਕਰਦੀ ਹੈ । ਬਾਰੁ—ਦਰਵਾਜ਼ਾ (ਜਿਸ ਰਸਤੇ ਪ੍ਰਭੂ ਨੂੰ ਮਿਲ ਸਕੀਦਾ ਹੈ) । ਘਰੁ ਬਾਰੁ—ਹਿਰਦਾ । ੬ ।

ਗਾਛਹੁ—ਜਾਓ (ਮੈਨੂੰ ਕੁਰਾਹੇ ਪਾਣ ਦੇ ਜਤਨ ਨਾਹ ਕਰੋ) । ਪੁਤ੍ਰੀ ਰਾਜ ਕੁਆਰਿ—ਹੇ ਪੁਤ੍ਰੀ ! ਹੇ ਰਾਜ ਕੁਮਾਰੀ ! ਹੇ ਮੇਰੀ ਜਿੰਦੇ ! ਦੋਤੁ—ਅੰਮ੍ਰਿਤ ਵੇਲਾ, ਸਵੇਰਾ, ਝਿਨ । ਸਵਾਰਿ—ਸਵਾਰ ਕੇ, ਸੰਭਾਲ ਕੇ । ਅਧਾਰਿ—ਆਸਰੇ ਨਾਲ । ਤਿਆਸ—ਮਾਇਆ ਦੀ ਤ੍ਰਿਸ਼ਨਾ । ੭ ।

ਮੋਹਨਿ—ਮੋਹਨ ਨੇ । ਮਨੁ ਮੋਹਿ—ਮੇਰਾ ਮਨ । ਤੋਹਿ—(ਹੇ ਪ੍ਰਭੂ !) ਤੈਨੂੰ । ਠਾਢੇ—ਖਲੋਤੇ ਹੋਏ । ਦੁਆਰਿ—ਦਰ ਤੇ । ਨਾਮਿ—ਨਾਮ ਵਿਚ । ਕਿਰਪਾ ਧਾਰਿ—ਮੇਹਰ ਕਰ । ੮ ।

ਅਰਥ :—(ਹੇ ਭਾਈ !) ਵੇਖ, ਜਿਸ ਦੇ ਚਿੱਤ ਵਿਚ ਪਰਮਾਤਮਾ ਦਾ ਨਾਮ ਨਹੀਂ ਹੈ ਉਹ ਮਾਇਆ-ਵੇੜ੍ਹਿਆ ਜੀਵ ਕਾਂ (ਦੇ ਸੁਭਾਵ ਵਾਲਾ) ਹੈ; ਪ੍ਰਭੂ ਦਾ ਨਾਮ ਭੁਲਾ ਕੇ (ਉਹ ਕਾਂ ਵਾਂਗ) ਚੋਗੇ ਤੇ ਡਿੱਗਦਾ ਹੈ, ਉਸ ਦਾ ਮਨ (ਮਾਇਆ ਵਲ ਹੀ) ਡੋਲਦਾ ਰਹਿੰਦਾ ਹੈ, ਉਸ ਦੇ ਚਿੱਤ ਵਿਚ (ਸਦਾ) ਖੋਟ ਹੀ ਹੁੰਦਾ ਹੈ । ਪਰ ਦੁਨੀਆ ਦੀ ਮਾਇਆ ਨਾਲ ਇਹ ਪ੍ਰੀਤਿ ਝੂਠੀ ਹੈ, ਕਦੇ ਤੋੜ ਨਹੀਂ ਚੜ੍ਹਦੀ । ੧ ।

(ਹੇ ਭਾਈ !) ਕਾਮ ਤੇ ਕ੍ਰੋਧ (ਮਾਨੋ) ਜ਼ਹਰ ਹੈ (ਜੋ ਆਤਮਕ ਜੀਵਨ ਨੂੰ ਮੁਕਾ ਦੇਂਦਾ ਹੈ), ਇਹ (ਮਾਨੋ) ਇਕ ਕਰੜਾ ਬੋਝ ਹੈ (ਜਿਸ ਦੇ ਹੇਠ ਆਤਮਕ ਜੀਵਨ ਘੁੱਟ ਕੇ ਮਰ ਜਾਂਦਾ ਹੈ) । ਗੁਣਾਂ ਵਾਲਾ ਆਚਰਨ (ਆਤਮਕ ਜੀਵਨ) ਪਰਮਾਤਮਾ ਦਾ ਨਾਮ ਸਿਮਰਨ ਤੋਂ ਬਿਨਾ ਕਦੇ ਬਣ ਹੀ ਨਹੀਂ ਸਕਦਾ । ੧ ।

(ਹੇ ਭਾਈ !) ਵੇਖ, ਜਿਵੇਂ ਘੁੰਮਣ-ਘੇਰੀ ਵਿਚ ਰੇਤ ਦਾ ਘਰ ਬਣਿਆ ਹੋਇਆ

ਹੋਵੇ, ਜਿਵੇਂ ਵਰਖਾ ਵੇਲੇ ਬੁਲਬੁਲਾ ਬਣ ਜਾਂਦਾ ਹੈ (ਤਿਵੇਂ ਇਸ ਸਰੀਰ ਦੀ ਪਾਂਇਆਂ ਹੈ, ਜਿਸ ਨੂੰ ਸਿਰਜਣਹਾਰ ਨੇ ਆਪਣੀ ਕੁਦਰਤਿ ਦਾ) ਚੱਕ ਘੁਮਾ ਕੇ (ਪਿਤਾ ਦੇ ਵੀਰਜ ਦੀ) ਬੂੰਦ ਮਾਤ੍ਰ ਤੋਂ ਰਚ ਦਿੱਤਾ ਹੈ (ਜਿਵੇਂ ਕੋਈ ਘੁਮਿਆਰ ਚੱਕ ਘੁਮਾ ਕੇ ਮਿੱਟੀ ਤੋਂ ਭਾਂਡਾ ਬਣਾ ਦੇਂਦਾ ਹੈ)। (ਸੋ, ਹੇ ਭਾਈ! ਜੇ ਤੂੰ ਆਤਮਕ ਮੌਤ ਤੋਂ ਬਚਣਾ ਹੈ ਤਾਂ ਆਪਣੀ ਜਿੰਦ ਨੂੰ) ਉਸ ਪ੍ਰਭੂ ਦੇ ਨਾਮ ਦੀ ਦਾਸੀ ਬਣਾ ਜਿਸ ਦੀ ਜੋਤਿ ਸਭ ਜੀਵਾਂ ਵਿਚ ਮੌਜੂਦ ਹੈ। ੨।

ਹੇ ਪ੍ਰਭੂ! ਤੂੰ ਸਾਰੇ ਜੀਵ ਪੈਦਾ ਕਰ ਕੇ ਸਭ ਦੇ ਸਿਰ ਤੇ ਸ਼ਿਰੋਮਣੀ ਹੈਂ, ਗੁਰੂ ਹੈਂ। ਮੇਰੀ ਇਹ ਤਾਂਘ ਹੈ ਕਿ ਮੈਂ ਤੇਰੀ ਭਗਤੀ ਕਰਾਂ, ਮੈਂ ਤੇਰੇ ਚਰਨੀਂ ਲੱਗਾ ਰਹਾਂ, ਤੇਰੇ ਨਾਮ-ਰੰਗ ਵਿਚ ਰੰਗਿਆ ਰਹਾਂ ਤੇ ਤੇਰਾ ਹੀ ਪੱਲਾ ਫੜੀ ਰੱਖਾਂ। ਜੇਹੜਾ ਮਨੁੱਖ ਤੇਰੇ ਨਾਮ ਨੂੰ (ਆਪਣੀ ਜਿੰਦ ਤੋਂ) ਦੂਰ ਦੂਰ ਰੱਖ ਕੇ (ਜੀਵਨ-ਪੰਧ ਵਿਚ) ਤੁਰਦਾ ਹੈ ਉਹ ਤੇਰਾ ਚੋਰ ਹੈ। ੩।

ਹੇ ਮੇਰੀ ਮਾਂ! ਜੇਹੜਾ ਮਨੁੱਖ (ਵਿਕਾਰਾਂ ਦੀ) ਜ਼ਹਰ ਹੀ ਪੱਲੇ ਬੰਨ੍ਹਦਾ ਹੈ ਉਹ ਆਪਣੀ ਇੱਜ਼ਤ ਗਵਾ ਲੈਂਦਾ ਹੈ, ਪਰ ਜੇਹੜਾ ਬੰਦਾ ਸਦਾ-ਥਿਰ ਪਰਮਾਤਮਾ ਦੇ ਨਾਮ-ਰੰਗ ਵਿਚ ਰੰਗਿਆ ਜਾਂਦਾ ਹੈ, ਉਹ ਪ੍ਰਭੂ ਦੇ ਦੇਸ ਵਿਚ ਇੱਜ਼ਤ ਨਾਲ ਜਾਂਦਾ ਹੈ। (ਉਸ ਨੂੰ ਇਹ ਯਕੀਨ ਹੁੰਦਾ ਹੈ ਕਿ) ਪ੍ਰਭੂ ਜੋ ਕੁਝ ਕਰਦਾ ਹੈ ਆਪਣੀ ਰਜ਼ਾ ਵਿਚ ਕਰਦਾ ਹੈ (ਕਿਸੇ ਹੋਰ ਦਾ ਉਸ ਦੀ ਰਜ਼ਾ ਵਿਚ ਕੋਈ ਦਖ਼ਲ ਨਹੀਂ), ਤੇ ਜੇਹੜਾ ਬੰਦਾ ਉਸ ਦੇ ਡਰ-ਅਦਬ ਵਿਚ ਰਹਿਣ ਗਿੱਝ ਜਾਂਦਾ ਹੈ ਉਹ (ਇਸ ਜੀਵਨ-ਸਫ਼ਰ ਵਿਚ ਕਾਮ ਕ੍ਰੋਧ ਆਦਿਕ ਵਲੋਂ) ਬੇ ਫ਼ਿਕਰ ਹੋ ਕੇ ਤੁਰਦਾ ਹੈ। ੪।

ਸੁੰਦਰ ਜੀਵ-ਇਸਤ੍ਰੀ ਦੁਨੀਆ ਦੇ ਚੰਗੇ ਪਦਾਰਥਾਂ ਦਾ ਭੋਗ ਲੋੜਦੀ ਹੈ, ਪਰ ਇਹ ਪਾਨ ਫੁੱਲ ਮਿੱਠੇ ਪਦਾਰਥਾਂ ਦੇ ਸੁਆਦ—ਇਹ ਸਭ ਹੋਰ ਹੋਰ ਵਿਕਾਰ ਤੇ ਰੋਗ ਹੀ ਪੈਦਾ ਕਰਦੇ ਹਨ। ਜਿਤਨਾ ਹੀ ਵਧੀਕ ਉਹ ਇਹਨਾਂ ਭੋਗਾਂ ਵਿਚ ਖਿੱਲੀਆਂ ਮਾਰਦੀ ਹੈ ਤੇ ਖ਼ੁਸ਼ ਹੁੰਦੀ ਹੈ ਉਤਨਾ ਹੀ ਵਧੀਕ ਦੁੱਖ-ਰੋਗ ਵਿਆਪਦਾ ਹੈ। ਪਰ ਜੇਹੜੀ ਜੀਵ-ਇਸਤ੍ਰੀ ਪ੍ਰਭੂ ਦੀ ਸਰਨ ਆ ਜਾਂਦੀ ਹੈ (ਉਹ ਰਜ਼ਾ ਵਿਚ ਤੁਰਦੀ ਹੈ ਉਸ ਨੂੰ ਨਿਸ਼ਚਾ ਹੁੰਦਾ ਹੈ ਕਿ) ਜੋ ਕੁਝ ਪ੍ਰਭੂ ਕਰਦਾ ਹੈ ਉਹੀ ਹੁੰਦਾ ਹੈ। ੫।

ਜੇਹੜੀ ਜੀਵ-ਇਸਤ੍ਰੀ ਸੋਹਣਾ ਸੋਹਣਾ ਕੱਪੜਾ ਪਹਿਨਦੀ ਹੈ ਵਧੀਕ ਵਧੀਕ ਸ਼ਿੰਗਾਰ ਕਰਦੀ ਹੈ, ਆਪਣੀ ਕਾਂਇਆਂ ਨੂੰ ਵੇਖ ਵੇਖ ਕੇ ਫੁੱਲ ਫੁੱਲ ਬਹਿੰਦੀ ਹੈ, ਉਸ ਦਾ ਰੂਪ ਉਸ ਨੂੰ ਹੋਰ ਹੋਰ ਵਿਕਾਰ ਵਲ ਪ੍ਰੇਰਦਾ ਹੈ, ਦੁਨੀਆ ਦੀਆਂ ਆਸਾਂ ਤੇ ਖ਼ਾਹਸ਼ਾਂ ਉਸ ਦੇ (ਦਸਵੇਂ) ਦਰਵਾਜ਼ੇ ਨੂੰ ਬੰਦ ਕਰ ਦੇਂਦੀਆਂ ਹਨ, ਪਰਮਾਤਮਾ ਦੇ ਨਾਮ ਤੋਂ ਬਿਨਾ ਉਸ ਦਾ ਹਿਰਦਾ-ਘਰ ਸੁੰਞਾ ਹੀ ਰਹਿੰਦਾ ਹੈ। ੬।

ਹੇ ਜਿੰਦੇ! ਉੱਠ ਉੱਦਮ ਕਰ, ਤੂੰ ਸਾਰੇ ਜਗਤ ਦੇ ਰਾਜੇ-ਪ੍ਰਭੂ ਦੀ ਅੰਸ ਹੈਂ, ਤੂੰ ਰਾਜ-ਪੁਤ੍ਰੀ ਹੈਂ, ਤੂੰ ਰਾਜ-ਕੁਮਾਰੀ ਹੈਂ, ਅੰਮ੍ਰਿਤ ਵੇਲੇ ਦੀ ਸੰਭਾਲ ਕਰ ਕੇ ਨਿਤ ਉਸ ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਨਾਮ ਸਿਮਰ। ਪ੍ਰਭੂ ਦੇ ਪ੍ਰੇਮ ਦੇ ਆਸਰੇ ਰਹਿ ਕੇ ਉਸ ਪ੍ਰੀਤਮ ਦੀ ਸੇਵਾ-ਭਗਤੀ ਕਰ, ਤੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਮਾਇਆ ਦੀ ਤ੍ਰਿਸ਼ਨਾ ਨੂੰ ਦੂਰ ਕਰ ਇਹ ਤ੍ਰਿਸ਼ਨਾ ਜ਼ਹਰ ਹੈ ਜੋ ਤੇਰੇ ਆਤਮਕ ਜੀਵਨ ਨੂੰ ਮਾਰ ਦੇਵੇਗੀ ।੭।

ਹੇ ਨਾਨਕ! (ਅਰਦਾਸ ਕਰ ਤੇ ਆਖ–) ਤੈਂ ਮੋਹਨ ਨੇ (ਆਪਣੇ ਕੌਤਕਾਂ ਨਾਲ) ਮੇਰਾ ਮਨ ਮੋਹ ਲਿਆ ਹੈ, (ਮੇਹਰ ਕਰ ਤਾ ਕਿ) ਮੈਂ ਗੁਰੂ ਦੇ ਸ਼ਬਦ ਦੀ ਰਾਹੀਂ ਤੈਨੂੰ ਪਛਾਣ ਸਕਾਂ। ਹੇ ਪ੍ਰਭੂ! ਅਸੀ ਜੀਵ ਤੇਰੇ ਦਰ ਤੇ ਖਲੋਤੇ (ਬੇਨਤੀ ਕਰਦੇ ਹਾਂ), ਕਿਰਪਾ ਕਰ, ਤੇਰੇ ਨਾਮ ਵਿਚ ਜੁੜ ਕੇ ਅਸੀ ਸੰਤੋਖ ਧਾਰਨ ਕਰ ਸਕੀਏ ।੮।੧।

ਬਸੰਤੁ ਮਹਲਾ ੧ ॥ ਮਨੁ ਭੂਲਉ ਭਰਮਸਿ ਆਇ ਜਾਇ ॥ ਅਤਿ ਲੁਬਧ ਲੁਭਾਨਉ ਬਿਖਮ ਮਾਇ ॥ ਨਹ ਅਸਥਿਰੁ ਦੀਸੈ ਏਕ ਭਾਇ ॥ ਜਿਉ ਮੀਨ ਕੁੰਡਲੀਆ ਕੰਠਿ ਪਾਇ ॥੧॥ ਮਨੁ ਭੂਲਉ ਸਮਝਸਿ ਸਾਚ ਨਾਇ॥ ਗੁਰ ਸਬਦੁ ਬੀਚਾਰੇ ਸਹਜ ਭਾਇ ॥੧॥ ਰਹਾਉ॥ ਮਨੁ ਭੂਲਉ ਭਰਮਸਿ ਭਵਰ ਤਾਰ ॥ ਬਿਲ ਬਿਰਥੇ ਚਾਹੈ ਬਹੁ ਬਿਕਾਰ ॥ ਮੈਗਲ ਜਿਉ ਫਾਸਸਿ ਕਾਮਹਾਰ॥ ਕੜਿ ਬੰਧਨਿ ਬਾਧਿਓ ਸੀਸ ਮਾਰ ॥੨॥ ਮਨੁ ਮੁਗਧੌ ਦਾਦਰੁ ਭਗਤਿ ਹੀਨੁ ॥ ਦਰਿ ਭ੍ਰਸਟ ਸਰਾਪੀ ਨਾਮ ਬੀਨੁ ॥ ਤਾ ਕੈ ਜਾਤਿ ਨ ਪਾਤੀ ਨਾਮ ਲੀਨ॥ ਸਭਿ ਦੂਖ ਸਖਾਈ ਗੁਣਹ ਬੀਨ ॥੩॥ ਮਨੁ ਚਲੈ ਨ ਜਾਈ ਠਾਕਿ ਰਾਖੁ ॥ ਬਿਨੁ ਹਰਿ ਰਸ ਰਾਤੇ ਪਤਿ ਨ ਸਾਖੁ ॥ ਤੂ ਆਪੇ ਸੁਰਤਾ ਆਪਿ ਰਾਖੁ॥ ਧਰਿ ਧਾਰਣ ਦੇਖੈ ਜਾਣੈ ਆਪਿ ॥੪॥ ਆਪਿ ਭੁਲਾਏ ਕਿਸੁ ਕਹਉ ਜਾਇ॥ ਗੁਰੁ ਮੇਲੇ ਬਿਰਥਾ ਕਹਉ ਮਾਇ॥ ਅਵਗਣ ਛੋਡਉ ਗੁਣ ਕਮਾਇ॥ ਗੁਰ ਸਬਦੀ ਰਾਤਾ ਸਚਿ ਸਮਾਇ ॥੫॥ ਸਤਿਗੁਰ ਮਿਲਿਐ ਮਤਿ ਊਤਮ ਹੋਇ॥ ਮਨੁ ਨਿਰਮਲੁ ਹਉਮੈ ਕਢੈ ਧੋਇ॥ ਸਦਾ ਮੁਕਤੁ ਬੰਧਿ ਨ ਸਕੈ ਕੋਇ ॥ ਸਦਾ ਨਾਮੁ ਵਖਾਣੈ ਅਉਰੁ ਨ ਕੋਇ ॥੬॥ ਮਨੁ ਹਰਿ ਕੈ ਭਾਣੈ ਆਵੈ ਜਾਇ ॥ ਸਭ ਮਹਿ ਏਕੋ ਕਿਛੁ ਕਹਣੁ ਨ ਜਾਇ ॥ ਸਭੁ ਹੁਕਮੋ ਵਰਤੈ ਹੁਕਮਿ ਸਮਾਇ ॥ ਦੂਖ ਸੂਖ ਸਭ ਤਿਸੁ ਰਜਾਇ ॥੭॥ ਤੂ ਅਭੁਲੁ ਨ ਭੂਲੌ ਕਦੇ ਨਾਹਿ ॥ ਗੁਰ ਸਬਦੁ

ਸੁਣਾਏ ਮਤਿ ਅਗਾਹਿ ॥ ਤੂ ਮੇਟਉ ਠਾਕੁਰੁ ਸਬਦ ਮਾਹਿ ॥ ਮਨੁ ਨਾਨਕ ਮਾਨਿਆ ਸਚੁ ਸਲਾਹਿ ॥ ੮ ॥ ੨ ॥

ਪਦ ਅਰਥ :–ਭਰਮਸਿ–ਭਟਕਦਾ ਹੈ। ਆਇ ਜਾਇ–ਅਉਂਦਾ ਹੈ ਜਾਂਦਾ ਹੈ, ਦੌੜ-ਭੱਜ ਕਰਦਾ ਹੈ। ਅਤਿ–ਬਹੁਤ। ਲੁਬਧ–ਲਾਲਚੀ। ਲੁਭਾਨਉ–ਲਾਲਚ ਵਿਚ ਫਸਿਆ ਹੋਇਆ ਹੈ। ਬਿਖਮ ਮਾਇ–ਔਖੀ ਮਾਇਆ, ਉਹ ਮਾਇਆ ਜਿਸ ਤੋਂ ਬਚਣਾ ਬਹੁਤ ਔਖਾ ਹੈ। ਏਕ ਭਾਇ–ਇਕ ਪਰਮਾਤਮਾ ਦੇ ਪਿਆਰ ਵਿਚ। ਮੀਨ–ਮੱਛੀ। ਕੰਠਿ–ਗਲ ਵਿਚ। ੧।

ਸਾਚ ਨਾਇ–ਸਦਾ-ਥਿਰ ਪ੍ਰਭੂ ਦੇ ਨਾਮ ਵਿਚ (ਜੁੜ ਕੇ)। ਸਹਜ–ਆਤਮਕ ਅਡੋਲਤਾ। ਭਾਇ–ਪ੍ਰੇਮ ਵਿਚ। ਸਹਜ ਭਾਇ–ਅਡੋਲਤਾ ਦੇ ਭਾਵ ਵਿਚ। ੧। ਰਹਾਉ।

ਭਵਰ ਤਾਰ–ਭੌਰੇ ਦੀ ਤਰ੍ਹਾਂ। ਬਿਲ–ਇੰਦ੍ਰੇ। ਬਿਰਥੇ ਬਿਕਾਰ–ਵਿਅਰਥ ਵਿਕਾਰ। ਮੈਗਲ–ਹਾਥੀ [ਮਦਕਲ]। ਕਾਮਹਾਰ–ਕਾਮਾਤੁਰ, ਕਾਮ-ਅਧੀਨ। ਕੜਿ–ਕੜ ਕੇ, ਬੰਨ ਕੇ। ਬੰਧਨਿ–ਬੰਧਨ ਨਾਲ, ਰੱਸੇ (ਸੰਗਲ) ਨਾਲ। ਸੀਸ ਮਾਰ–ਸਿਰ ਤੇ ਮਾਰ। ੨।

ਮੁਗਧੌ–ਮੂਰਖ। ਦਾਦਰੁ–ਡੱਡੂ। ਦਰਿ ਭ੍ਰਸਟ–ਦਰ ਤੋਂ ਡਿੱਗਾ ਹੋਇਆ। ਬੀਨੁ–ਬਿਨੁ, ਸੱਖਣਾ। ਗੁਨਹ ਬੀਨ–ਗੁਣਾਂ ਤੋਂ ਖ਼ਾਲੀ। ੩।

ਠਾਕਿ–ਰੋਕ ਕੇ। ਸਾਸੁ–ਇਤਬਾਰ। ਸੁਰਤਾ–ਧਿਆਨ ਰੱਖਣ ਵਾਲਾ। ਰਾਖੁ–ਰਾਖਾ। ਧਾਰਿ–ਧਰ ਕੇ, ਪੈਦਾ ਕਰ ਕੇ। ਧਾਰਣ–ਧਰਣੀ, ਧਰਤੀ। ੪।

ਕਹਉ–ਮੈਂ ਆਖਾਂ। ਬਿਰਥਾ–[ਵ੍ਯਥਾ] ਦੁੱਖ, ਪੀੜਾ। ਮਾਇ–ਹੇ ਮਾਂ! ਕਮਾਇ–ਵਿਹਾਝ ਕੇ। ਸਚਿ–ਸਦਾ ਥਿਰ ਰਹਿਣ ਵਾਲੇ ਪਰਮਾਤਮਾ ਵਿਚ। ੫।

ਉਤਮ–ਸ੍ਰੇਸ਼ਟ। ਧੋਇ–ਧੋ ਕੇ। ਬੰਧਿ ਨ ਸਕੈ–ਬੰਨ੍ਹ ਨਹੀਂ ਸਕਦਾ। ੬।

ਭਾਣੈ–ਰਜ਼ਾ ਵਿਚ। ਆਵੈ ਜਾਇ–ਭਟਕਦਾ ਹੈ। ਹੁਕਮਿ–ਹੁਕਮ ਵਿਚ। ੭।

ਅਗਾਹਿ–ਅਗਾਧ। ਸਲਾਹਿ–ਸਲਾਹ ਕੇ, ਸਿਫ਼ਤਿ ਸਾਲਾਹ ਕਰ ਕੇ। ੮।

ਅਰਥ:–(ਮਾਇਆ ਦੇ ਮੋਹ ਦੇ ਕਾਰਨ) ਕੁਰਾਹੇ ਪਿਆ ਹੋਇਆ ਮਨ ਸਦਾ-ਥਿਰ ਪ੍ਰਭੂ ਦੇ ਨਾਮ ਵਿਚ (ਜੁੜ ਕੇ ਹੀ) ਆਪਣੀ ਭੁੱਲ ਨੂੰ ਸਮਝਦਾ ਹੈ। (ਜਦੋਂ ਮਨ) ਗੁਰੂ ਦੇ ਸ਼ਬਦ ਨੂੰ ਵਿਚਾਰਦਾ ਹੈ ਤਾਂ ਇਹ ਆਤਮਕ ਅਡੋਲਤਾ ਦੇ ਭਾਵ ਵਿਚ (ਟਿਕਦਾ ਹੈ)। ੧। ਰਹਾਉ।

(ਮਾਇਆ ਦੇ ਮੋਹ ਦੇ ਕਾਰਨ) ਕੁਰਾਹੇ ਪਿਆ ਹੋਇਆ ਮਨ ਭਟਕਦਾ ਹੈ (ਮਾਇਆ ਦੀ ਖ਼ਾਤਰ ਹੀ) ਦੌੜ-ਭੱਜ ਕਰਦਾ ਰਹਿੰਦਾ ਹੈ, ਬੜਾ ਲਾਲਚੀ ਹੋਇਆ ਰਹਿੰਦਾ ਹੈ, ਉਸ ਮਾਇਆ ਦੇ ਲਾਲਚ ਵਿਚ ਫਸਿਆ ਰਹਿੰਦਾ ਹੈ ਜਿਸ ਦੀ ਫਾਹੀ ਵਿਚੋਂ ਨਿਕਲਣਾ

ਬਹੁਤ ਔਖਾ ਹੈ। (ਜਿਤਨਾ ਚਿਰ ਮਨ ਮਾਇਆ ਦੇ ਅਧੀਨ ਰਹਿੰਦਾ ਹੈ, ਤਦ ਤਕ) ਇਹ ਕਦੇ ਟਿਕਵੀਂ ਹਾਲਤ ਵਿਚ ਨਹੀਂ ਦਿੱਸਦਾ, ਇੱਕ ਪ੍ਰਭੂ ਦੇ ਪ੍ਰੇਮ ਵਿਚ (ਮਗਨ) ਨਹੀਂ ਦਿੱਸਦਾ। ਜਿਵੇਂ ਮੱਛੀ (ਭਿੱਤੀ ਦੇ ਲਾਲਚ ਵਿਚ) ਆਪਣੇ ਗਲ ਕੁੰਡੀ ਪਵਾ ਲੈਂਦੀ ਹੈ, (ਤਿਵੇਂ ਮਨ ਮਾਇਆ ਦੀ ਗੁਲਾਮੀ ਵਿਚ ਆਪਣੇ ਆਪ ਨੂੰ ਫਸਾ ਲੈਂਦਾ ਹੈ)।੧।

(ਮਾਇਆ ਦੇ ਪ੍ਰਭਾਵ ਦੇ ਕਾਰਨ) ਕੁਰਾਹੇ ਪਿਆ ਹੋਇਆ ਮਨ ਭੌਰੇ ਵਾਂਗ ਭਟਕਦਾ ਹੈ, ਮਨ ਇੰਦ੍ਰਿਆਂ ਦੀ ਰਾਹੀਂ ਬਹੁਤੇ ਵਿਅਰਥ ਵਿਕਾਰ ਕਰਨੇ ਚਾਹੁੰਦਾ ਹੈ, ਇਹ ਮਨ ਕਾਮਾਤੁਰ ਹਾਥੀ ਵਾਂਗ ਫਸਦਾ ਹੈ ਜੋ ਸੰਗਲ ਨਾਲ ਕੜ ਕੇ ਬੰਨ੍ਹਿਆ ਜਾਂਦਾ ਹੈ ਤੇ ਸਿਰ ਉਤੇ ਚੋਟਾਂ ਸਹਾਰਦਾ ਹੈ।੨।

ਮੂਰਖ ਮਨ ਭਗਤੀ ਤੋਂ ਵਾਂਜਿਆ ਰਹਿੰਦਾ ਹੈ, (ਇਹ ਮੂਰਖ ਮਨ, ਮਾਨੋ) ਡੱਡੂ ਹੈ (ਜੋ ਨੇੜੇ ਹੀ ਉੱਗੇ ਹੋਏ ਕੌਲ ਫੁੱਲ ਦੀ ਕਦਰ ਨਹੀਂ ਜਾਣਦਾ)। (ਕੁਰਾਹੇ ਪਿਆ ਹੋਇਆ ਮਨ) ਪ੍ਰਭੂ ਦੇ ਦਰ ਤੋਂ ਡਿੱਗਿਆ ਹੋਇਆ ਹੈ, (ਮਾਨੋ) ਸਰਾਪਿਆ ਹੋਇਆ ਹੈ, ਪਰਮਾਤਮਾ ਦੇ ਨਾਮ ਤੋਂ ਸੱਖਣਾ ਹੈ। ਜੇਹੜਾ ਮਨੁੱਖ ਨਾਮ ਤੋਂ ਖ਼ਾਲੀ ਹੈ ਉਸ ਦੀ ਨਾਹ ਕੋਈ ਚੰਗੀ ਜਾਤਿ ਮੰਨੀ ਜਾਂਦੀ ਹੈ ਨਾਹ ਚੰਗੀ ਕੁਲ, ਕੋਈ ਉਸ ਦਾ ਨਾਮ ਤਕ ਨਹੀਂ ਲੈਂਦਾ, ਉਹ ਆਤਮਕ ਗੁਣਾਂ ਤੋਂ ਵਾਂਜਿਆ ਰਹਿੰਦਾ ਹੈ, ਸਾਰੇ ਦੁਖ ਹੀ ਦੁਖ ਉਸ ਦੇ ਸਾਥੀ ਬਣੇ ਰਹਿੰਦੇ ਹਨ ੩।

ਹੇ ਭਾਈ! ਇਹ ਮਨ ਚੰਚਲ ਹੈ, ਇਸ ਨੂੰ ਰੋਕ ਕੇ ਰੱਖ ਤਾ ਕਿ ਇਹ (ਵਿਕਾਰਾਂ ਦੇ ਪਿੱਛੇ) ਭਟਕਦਾ ਨਾਹ ਫਿਰੇ। ਪਰਮਾਤਮਾ ਦੇ ਨਾਮ-ਰਸ ਵਿਚ ਰੰਗੇ ਜਾਣ ਤੋਂ ਬਿਨਾ ਨਾਹ ਕਿਤੇ ਇੱਜ਼ਤ ਮਿਲਦੀ ਹੈ ਨਾਹ ਕੋਈ ਇਤਬਾਰ ਕਰਦਾ ਹੈ।

ਸ੍ਰਿਸ਼ਟੀ ਰਚ ਕੇ ਪਰਮਾਤਮਾ ਆਪ ਹੀ (ਇਸ ਦੀਆਂ ਲੋੜਾਂ ਭੀ) ਜਾਣਦਾ ਹੈ (ਇਸ ਵਾਸਤੇ, ਹੇ ਭਾਈ! ਪ੍ਰਭੂ ਦੇ ਦਰ ਤੇ ਅਰਦਾਸ ਕਰ ਤੇ ਆਖ–ਹੇ ਪ੍ਰਭੂ!) ਤੂੰ ਆਪ ਹੀ (ਸਾਡੀਆਂ ਜੀਵਾਂ ਦੀਆਂ ਅਰਦਾਸਾਂ) ਸੁਣਨ ਵਾਲਾ ਹੈਂ, ਤੇ ਆਪ ਹੀ ਸਾਡਾ ਰਾਖਾ ਹੈਂ।੪।

ਹੇ ਮਾਂ! ਮੈਂ ਪ੍ਰਭੂ ਤੋਂ ਬਿਨਾ ਹੋਰ ਕਿਸ ਨੂੰ ਜਾ ਕੇ ਆਖਾਂ? ਪ੍ਰਭੂ ਆਪ ਹੀ (ਜੀਵਾਂ ਨੂੰ) ਕੁਰਾਹੇ ਪਾਂਦਾ ਹੈ, ਪ੍ਰਭੂ ਆਪ ਹੀ ਗੁਰੂ ਮਿਲਾਂਦਾ ਹੈ, ਸੋ, ਮੈਂ ਗੁਰੂ ਦੇ ਦਰ ਤੇ ਹੀ ਦਿਲ ਦਾ ਦੁੱਖ ਕਹਿ ਸਕਦਾ ਹਾਂ। ਗੁਰੂ ਦੀ ਸਹੈਤਾ ਨਾਲ ਹੀ ਗੁਣ ਵਿਹਾਝ ਕੇ ਔਗਣ ਛੱਡ ਸਕਦਾ ਹਾਂ। ਜੇਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਮਸਤ ਰਹਿੰਦਾ ਹੈ, ਉਹ ਉਸ ਸਦਾ ਥਿਰ ਰਹਿਣ ਵਾਲੇ ਪਰਮਾਤਮਾ (ਦੀ ਯਾਦ) ਵਿਚ ਲੀਨ ਰਹਿੰਦਾ ਹੈ।੫।

ਜੇ ਗੁਰੂ ਮਿਲ ਪਏ ਤਾਂ (ਮਨੁੱਖ ਦੀ) ਮਤਿ ਸ੍ਰੇਸ਼ਟ ਹੋ ਜਾਂਦੀ ਹੈ, ਮਨ ਪਵਿਤ੍ਰ

ਹੋ ਜਾਂਦਾ ਹੈ, ਉਹ ਮਨੁੱਖ ਆਪਣੇ ਮਨ ਵਿਚੋਂ ਹਉਮੈ ਦੀ ਮੈਲ ਧੋ ਕੇ ਕੱਢ ਦੇਂਦਾ ਹੈ, ਉਹ ਵਿਕਾਰਾਂ ਤੋਂ ਸਦਾ ਬਚਿਆ ਰਹਿੰਦਾ ਹੈ, ਕੋਈ (ਵਿਕਾਰ) ਉਸ ਨੂੰ ਕਾਬੂ ਨਹੀਂ ਕਰ ਸਕਦਾ, ਉਹ ਸਦਾ ਪਰਮਾਤਮਾ ਦਾ ਨਾਮ ਸਿਮਰਦਾ ਹੈ, ਕੋਈ ਹੋਰ (ਸ਼ੁਗ਼ਲ ਉਸ ਨੂੰ ਆਪਣੇ ਵਲ ਖਿੱਚ) ਨਹੀਂ ਪਾ ਸਕਦਾ ।੬।

(ਪਰ ਜੀਵ ਦੇ ਕੀਹ ਵੱਸ ? ਇਸ ਮਨ ਦੀ ਕੋਈ ਪੇਸ਼ ਨਹੀਂ ਜਾ ਸਕਦੀ) ਇਹ ਮਨ ਪਰਮਾਤਮਾ ਦੇ ਭਾਣੇ ਅਨੁਸਾਰ (ਮਾਇਆ ਦੇ ਮੋਹ ਵਿਚ) ਭਟਕਦਾ ਫਿਰਦਾ ਹੈ, ਉਹ ਪ੍ਰਭੂ ਆਪ ਹੀ ਸਭ ਜੀਵਾਂ ਵਿਚ ਵੱਸਦਾ ਹੈ (ਉਸ ਦੀ ਰਜ਼ਾ ਦੇ ਉਲਟ) ਕੋਈ ਹੀਲ-ਹੁੱਜਤ ਕੀਤੀ ਨਹੀਂ ਜਾ ਸਕਦੀ। ਹਰ ਥਾਂ ਪ੍ਰਭੂ ਦਾ ਹੁਕਮ ਹੀ ਚੱਲ ਰਿਹਾ ਹੈ, ਸਾਰੀ ਸ੍ਰਿਸ਼ਟੀ ਪ੍ਰਭੂ ਦੇ ਹੁਕਮ ਵਿਚ ਹੀ ਬੱਝੀ ਰਹਿੰਦੀ ਹੈ । (ਜੀਵਾਂ ਨੂੰ ਵਾਪਰਦੇ) ਸਾਰੇ ਦੁਖ ਤੇ ਸੁਖ ਉਸ ਪਰਮਾਤਮਾ ਦੀ ਰਜ਼ਾ ਅਨੁਸਾਰ ਹੀ ਹਨ ।੭।

ਹੇ ਪ੍ਰਭੂ ! ਤੂੰ ਅਭੁੱਲ ਹੈਂ, ਗ਼ਲਤੀ ਨਹੀਂ ਕਰਦਾ, ਤੂੰ ਕਦੇ ਭੀ ਉਕਾਈ ਨਹੀਂ ਖਾਂਦਾ। (ਤੇਰੀ ਰਜ਼ਾ ਅਨੁਸਾਰ) ਗੁਰੂ ਜਿਸ ਨੂੰ ਆਪਣਾ ਸ਼ਬਦ ਸੁਣਾਂਦਾ ਹੈ ਉਸ ਮਨੁੱਖ ਦੀ ਮਤਿ ਭੀ ਅਗਾਧ (ਡੂੰਘੀ) ਹੋ ਜਾਂਦੀ ਹੈ (ਭਾਵ, ਉਹ ਭੀ ਡੂੰਘੀ ਸਮਝ ਵਾਲਾ ਹੋ ਜਾਂਦਾ ਹੈ ਤੇ ਕੋਈ ਉਕਾਈ ਉਸ ਉਤੇ ਪ੍ਰਭਾਵ ਨਹੀਂ ਪਾ ਸਕਦੀ)। ਹੇ ਪ੍ਰਭੂ ! ਤੂੰ ਵੱਡਾ (ਪਾਲਣਹਾਰ) ਮਾਲਕ ਹੈਂ ਤੇ ਗੁਰੂ ਦੇ ਸ਼ਬਦ ਵਿਚ ਵੱਸਦਾ ਹੈਂ (ਭਾਵ, ਜੇਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਉਸ ਨੂੰ ਤੇਰਾ ਦਰਸਨ ਹੋ ਜਾਂਦਾ ਹੈ)।

ਉਸ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੀ ਸਿਫ਼ਤਿ ਸਾਲਾਹ ਕਰ ਕੇ ਨਾਨਕ ਦਾ ਮਨ (ਉਸ ਦੀ ਯਾਦ ਵਿਚ) ਗਿੱਝ ਗਿਆ ਹੈ ।੮।੨।

ਬਸੰਤੁ ਮਹਲਾ ੧ ॥ ਦਰਸਨ ਕੀ ਪਿਆਸ ਜਿਸੁ ਨਰ ਹੋਇ ॥
ਏਕਤੁ ਰਾਚੈ ਪਰਹਰਿ ਦੋਇ ॥ ਦੂਰਿ ਦਰਦੁ ਮਥਿ ਅੰਮ੍ਰਿਤੁ ਖਾਇ ॥
ਗੁਰਮੁਖਿ ਬੂਝੈ ਏਕ ਸਮਾਇ ॥੧॥ ਤੇਰੇ ਦਰਸਨ ਕਉ ਕੇਤੀ ਬਿਲਲਾਇ ॥
ਵਿਰਲਾ ਕੋ ਚੀਨਸਿ ਗੁਰ ਸਬਦਿ ਮਿਲਾਇ ॥ ੧ ॥ ਰਹਾਉ ॥
ਬੇਦ ਵਖਾਣਿ ਕਹਹਿ ਇਕੁ ਕਹੀਐ ॥ ਓਹੁ ਬੇਅੰਤ ਅੰਤੁ ਕਿਨਿ ਲਹੀਐ ॥
ਏਕੋ ਕਰਤਾ ਜਿਨਿ ਜਗੁ ਕੀਆ ॥ ਬਾਝੁ ਕਲਾ ਧਰਿ ਗਗਨੁ ਧਰੀਆ ॥ ੨ ॥
ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥ ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥ ਪੂਰੇ ਗੁਰ ਤੇ ਜਾਣੈ ਜਾਣੁ ॥ ੩ ॥
ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥
ਅਨਹਦਿ ਰਾਤਾ ਏਕ ਲਿਵ ਤਾਰ ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ ॥

੪॥ ਏਕੋ ਤਖਤੁ ਏਕੋ ਪਾਤਿਸਾਹੁ ॥ ਸਰਬੀ ਥਾਈ ਵੇਪਰਵਾਹੁ ॥
ਤਿਸ ਕਾ ਕੀਆ ਤ੍ਰਿਭਵਣ ਸਾਰੁ ॥ ਓਹੁ ਅਗਮੁ ਅਗੋਚਰੁ ਏਕੰਕਾਰੁ ॥
੫॥ ਏਕਾ ਮੂਰਤਿ ਸਾਚਾ ਨਾਉ ॥ ਤਿਥੈ ਨਿਬੜੈ ਸਾਚੁ ਨਿਆਉ ॥
ਸਾਚੀ ਕਰਣੀ ਪਤਿ ਪਰਵਾਣੁ ॥ ਸਾਚੀ ਦਰਗਹ ਪਾਵੈ ਮਾਣੁ ॥ ੬॥
ਏਕਾ ਭਗਤਿ ਏਕੋ ਹੈ ਭਾਉ ॥ ਬਿਨੁ ਭੈ ਭਗਤੀ ਆਵਉ ਜਾਉ ॥
ਗੁਰ ਤੇ ਸਮਝਿ ਰਹੈ ਮਿਹਮਾਣੁ ॥ ਹਰਿ ਰਸਿ ਰਾਤਾ ਜਨੁ ਪਰਵਾਣੁ ॥ ੭॥
ਇਤ ਉਤ ਦੇਖਉ ਸਹਜੇ ਰਾਵਉ ॥ ਤੁਝ ਬਿਨੁ ਠਾਕੁਰ ਕਿਸੈ ਨ ਭਾਵਉ ॥
ਨਾਨਕ ਹਉਮੈ ਸਬਦਿ ਜਲਾਇਆ॥ਸਤਿਗੁਰਿ ਸਾਚਾ ਦਰਸੁ ਦਿਖਾਇਆ ॥
੮॥ ੩॥

ਪਦ ਅਰਥ :—ਏਕਤੁ—ਇੱਕ (ਪਰਮਾਤਮਾ) ਵਿਚ ਹੀ। ਪਰਹਰਿ—ਤਿਆਗ ਕੇ। ਦੋਇ—ਦ੍ਵੈਤ, ਕਿਸੇ ਹੋਰ ਆਸਰੇ ਦੀ ਝਾਕ। ਮਥਿ—ਰਿੜਕ ਕੇ। ਗੁਰਮੁਖਿ—ਗੁਰੂ ਦੀ ਸਰਨ ਪੈ ਕੇ। ਏਕ ਸਮਾਇ—ਇੱਕ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ।੧।

ਕੇਤੀ—ਬੇਅੰਤ ਲੁਕਾਈ। ਬਿਲਲਾਇ—ਤਰਲੇ ਲੈਂਦੀ ਹੈ। ਚੀਨ੍ਹਸਿ—ਪਛਾਣਦਾ ਹੈ। ਮਿਲਾਇ—ਮਿਲਿ, ਮਿਲ ਕੇ।੧। ਰਹਾਉ।

ਵਖਾਣਿ—ਵਖਾਣ ਕੇ, ਵਿਆਖਿਆ ਕਰ ਕੇ। ਕਹੀਐ—ਸਿਮਰਨਾ ਚਾਹੀਦਾ ਹੈ। ਕਿਨਿ—ਕਿਸ ਨੇ? ਜਿਨਿ—ਜਿਸ ਪ੍ਰਭੂ ਨੇ। ਕਲਾ—(ਕੋਈ ਦਿੱਸਦਾ) ਵਸੀਲਾ। ਧਰਿ—ਧਰਤੀ। ਗਗਨੁ—ਆਕਾਸ਼। ਧਰੀਆ—ਟਿਕਾਇਆ ਹੈ।੨।

ਧੁਨਿ—ਰੌ, ਲਗਨ। ਬਾਣੀ—ਸਿਫਤਿ ਸਾਲਾਹ। ਨਿਰਾਲਮੁ—[ਨਿਰ੍ ਆਲਮ੍ਬ] ਜਿਸ ਨੂੰ ਕਿਸੇ ਹੋਰ ਆਸਰੇ ਦੀ ਲੋੜ ਨਹੀਂ। ਅਕਥ—ਜਿਸ ਦਾ ਸਰੂਪ ਬਿਆਨ ਨਾਹ ਕੀਤਾ ਜਾ ਸਕੇ। ਨੀਸਾਣੁ—ਪਰਵਾਨਾ, ਰਾਹਦਾਰੀ। ਤੇ—ਤੋਂ, ਪਾਸੋਂ। ਜਾਣੁ—ਸੁਜਾਨ ਮਨੁੱਖ।੩।

ਦ੍ਰਿੜੈ—ਪੱਕਾ ਕਰਦਾ ਹੈ, ਹਿਰਦੇ ਵਿਚ ਟਿਕਾਂਦਾ ਹੈ। ਸਚੁ—ਸਦਾ-ਥਿਰ ਪ੍ਰਭੂ। ਜੁਗਿ ਜੁਗਿ—ਹਰੇਕ ਜੁਗ ਵਿਚ। ਅਨਹਦਿ—ਅਬਿਨਾਸੀ ਪ੍ਰਭੂ ਵਿਚ। ਰਾਤਾ—ਮਸਤ। ਅਲਖ—ਅਦ੍ਰਿਸ਼ਟ।੪।

ਸਾਰੁ—ਮੂਲ, ਤੱਤ। ਅਗਮੁ—ਅਪਹੁੰਚ। ਅਗੋਚਰੁ—[ਅ-ਗੋ-ਚਰ] ਜਿਸ ਤਕ ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਏਕੰਕਾਰੁ—ਇਕ ਆਪ ਹੀ ਆਪ।੫।

ਮੂਰਤਿ—ਸਰੂਪ। ਸਾਚਾ—ਸਦਾ ਥਿਰ ਰਹਿਣ ਵਾਲਾ। ਤਿਥੈ—ਉਸ ਪ੍ਰਭੂ ਦੀ ਹਜ਼ੂਰੀ ਵਿਚ। ਨਿਬੜੈ—ਨਿੱਬੜਦਾ ਹੈ, ਚੱਲਦਾ ਹੈ। ਸਾਚੀ—ਸਦਾ ਇਕ-ਰਸ ਰਹਿਣ ਵਾਲੀ,

ਸੱਚੀ। ਕਰਣੀ—ਆਚਰਨ। ਪਤਿ—ਇੱਜ਼ਤ। ਪਰਵਾਣੁ—ਕਬੂਲ। ੬।

ਭਾਉ—ਪ੍ਰੇਮ। ਆਵਉ ਜਾਉ—ਜੰਮਣ ਮਰਨ (ਬਣਿਆ ਰਹਿੰਦਾ ਹੈ)। ਤੇ—ਤੋਂ। ਸਮਝਿ—ਸਿੱਖਿਆ ਲੈ ਕੇ। ਮਿਹਮਾਣੁ—ਪਰਾਹੁਣਾ। ਰਸਿ—ਰਸ ਵਿਚ। ੭।

ਇਤ ਉਤ—ਲੋਕ ਪਰਲੋਕ ਵਿਚ। ਦੇਖਉ—ਮੈਂ ਵੇਖਦਾ ਹਾਂ। ਸਹਜੇ—ਸਹਜ ਵਿਚ, ਆਤਮਕ ਅਡੋਲਤਾ ਵਿਚ। ਰਾਵਉ—ਮੈਂ ਸਿਮਰਦਾ ਹਾਂ। ਠਾਕੁਰ—ਹੇ ਠਾਕੁਰ! ਸਬਦਿ—ਸ਼ਬਦ ਦੀ ਰਾਹੀਂ। ਸਤਿਗੁਰਿ—ਗੁਰੂ ਨੇ। ੮।

ਅਰਥ :—ਹੇ ਪ੍ਰਭੂ! ਬੇਅੰਤ ਲੁਕਾਈ ਤੇਰੇ ਦਰਸਨ ਵਾਸਤੇ ਤਰਲੇ ਲੈਂਦੀ ਹੈ, ਪਰ ਕੋਈ ਵਿਰਲਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜ ਕੇ (ਤੇਰੇ ਸਰੂਪ ਨੂੰ) ਪਛਾਣਦਾ ਹੈ। ੧। ਰਹਾਉ।

ਜਿਸ ਮਨੁੱਖ ਨੂੰ ਪਰਮਾਤਮਾ ਦੇ ਦਰਸਨ ਦੀ ਤਾਂਘ ਹੁੰਦੀ ਹੈ, ਉਹ ਪ੍ਰਭੂ ਤੋਂ ਬਿਨਾ ਹੋਰ ਆਸਰੇ ਦੀ ਝਾਕ ਛੱਡ ਕੇ ਇੱਕ ਪਰਮਾਤਮਾ ਦੇ ਨਾਮ ਵਿਚ ਹੀ ਮਸਤ ਰਹਿੰਦਾ ਹੈ। (ਜਿਵੇਂ ਦੁੱਧ ਰਿੜਕ ਕੇ, ਮੁੜ ਮੁੜ ਮਧਾਣੀ ਹਿਲਾ ਕੇ, ਮੱਖਣ ਕੱਢੀਦਾ ਹੈ, ਤਿਵੇਂ) ਉਹ ਮਨੁੱਖ ਮੁੜ ਮੁੜ ਸਿਮਰ ਕੇ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਚੱਖਦਾ ਹੈ, ਤੇ ਉਸ ਦਾ ਦੁੱਖ-ਕਲੇਸ਼ ਦੂਰ ਹੋ ਜਾਂਦਾ ਹੈ। ਗੁਰੂ ਦੀ ਸਰਨ ਪੈ ਕੇ ਉਹ (ਪਰਮਾਤਮਾ ਦੇ ਸਹੀ ਸਰੂਪ ਨੂੰ) ਸਮਝ ਲੈਂਦਾ ਹੈ, ਤੇ ਉਸ ਇੱਕ ਪ੍ਰਭੂ ਦੇ ਨਾਮ ਵਿਚ ਲੀਨ ਰਹਿੰਦਾ ਹੈ। ੧।

ਵੇਦ ਆਦਿਕ ਧਰਮ-ਪੁਸਤਕ ਭੀ ਵਿਆਖਿਆ ਕਰ ਕੇ ਇਹੀ ਆਖਦੇ ਹਨ ਕਿ ਇੱਕ ਉਸ ਪਰਮਾਤਮਾ ਨੂੰ ਸਿਮਰਨਾ ਚਾਹੀਦਾ ਹੈ ਜੋ ਬੇਅੰਤ ਹੈ ਤੇ ਜਿਸ ਦਾ ਅੰਤ ਕਿਸੇ ਜੀਵ ਨੇ ਨਹੀਂ ਲੱਭਾ। ਉਹ ਇਕ ਆਪ ਹੀ ਆਪ ਕਰਤਾਰ ਹੈ ਜਿਸ ਨੇ ਜਗਤ ਰਚਿਆ ਹੈ, ਜਿਸ ਨੇ ਕਿਸੇ ਦਿੱਸਦੇ ਸਹਾਰੇ ਤੋਂ ਬਿਨਾ ਹੀ ਧਰਤੀ ਤੇ ਆਕਾਸ਼ ਨੂੰ ਠਹ-ਰਾਇਆ ਹੋਇਆ ਹੈ।੨।

ਸਿਆਣਾ ਮਨੁੱਖ ਪੂਰੇ ਗੁਰੂ ਪਾਸੋਂ ਸਮਝ ਲੈਂਦਾ ਹੈ ਕਿ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੀ ਲਗਨ ਹੀ ਅਸਲ ਗਿਆਨ ਹੈ ਤੇ ਅਸਲ ਧਿਆਨ (ਜੋੜਨਾ) ਹੈ। ਇੱਕ ਪਰਮਾਤਮਾ ਹੀ ਐਸਾ ਹੈ ਜਿਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ, ਉਸ ਅਕੱਥ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ, ਉਸ ਦੀ ਸਿਫ਼ਤਿ ਸਾਲਾਹ ਦਾ ਸ਼ਬਦ ਹੀ(ਮਨੁੱਖ ਦੇ ਪਾਸ ਇਸ ਜੀਵਨ-ਪੰਧ ਵਿਚ) ਸੱਚਾ ਪਰਵਾਨਾ ਹੈ। ੩।

ਜੇਹੜਾ ਕੋਈ ਮਨੁੱਖ ਆਪਣੇ ਹਿਰਦੇ ਵਿਚ ਇਹ ਨਿਸ਼ਚਾ ਬਿਠਾਂਦਾ ਹੈ ਕਿ ਸਦਾ-ਥਿਰ ਪ੍ਰਭੂ ਦਾ ਨਾਮ ਸਿਮਰਨਾ ਹੀ ਇਕੋ ਇਕ ਠੀਕ ਧਰਮ ਹੈ, ਉਹੀ ਗੁਰੂ ਦੀ ਮਤਿ ਦਾ ਆਸਰਾ ਲੈ ਕੇ ਸਦਾ ਲਈ (ਵਿਕਾਰਾਂ ਦੇ ਟਾਕਰੇ ਤੇ) ਅਡੋਲ ਹੋ ਜਾਂਦਾ ਹੈ; ਉਹ

ਮਨੁੱਖ ਇਕ-ਤਾਰ ਸੁਰਤਿ ਜੋੜ ਕੇ ਅਬਿਨਾਸੀ ਪ੍ਰਭੂ ਵਿਚ ਮਸਤ ਰਹਿੰਦਾ ਹੈ, ਗੁਰੂ ਦੀ ਸਰਨ ਪੈ ਕੇ ਉਹ ਮਨੁੱਖ ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਦਾ ਦਰਸਨ ਕਰ ਲੈਂਦਾ ਹੈ। ੪।

(ਜੇਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਉਸ ਨੂੰ ਯਕੀਨ ਬਣ ਜਾਂਦਾ ਹੈ ਕਿ ਸਾਰੇ ਜਗਤ ਦਾ ਮਾਲਕ ਪਰਮਾਤਮਾ ਹੀ ਸਦਾ-ਥਿਰ) ਇਕੋ ਇਕ ਪਾਤਿਸ਼ਾਹ ਹੈ (ਤੇ ਉਸੇ ਦਾ ਹੀ ਸਦਾ ਥਿਰ ਰਹਿਣ ਵਾਲਾ) ਇਕੋ ਇਕ ਤਖ਼ਤ ਹੈ, ਉਹ ਪਾਤਿਸ਼ਾਹ ਸਭ ਥਾਵਾਂ ਵਿਚ ਵਿਆਪਕ ਹੈ (ਸਾਰੇ ਜਗਤ ਦੀ ਕਾਰ ਚਲਾਂਦਾ ਹੋਇਆ ਭੀ ਉਹ ਸਦਾ) ਬੇ-ਫ਼ਿਕਰ ਰਹਿੰਦਾ ਹੈ। ਸਾਰਾ ਜਗਤ ਉਸੇ ਪ੍ਰਭੂ ਦਾ ਬਣਾਇਆ ਹੋਇਆ ਹੈ, ਉਹੀ ਤਿੰਨਾਂ ਭਵਨਾਂ ਦਾ ਮੂਲ ਹੈ, ਪਰ ਉਹ ਅਪਹੁੰਚ ਹੈ, ਮਨੁੱਖ ਦੇ ਗਿਆਨ-ਇੰਦ੍ਰਿਆਂ ਦੀ ਉਸ ਤਕ ਪਹੁੰਚ ਨਹੀਂ ਹੋ ਸਕਦੀ, (ਹਰ ਥਾਂ) ਉਹ ਆਪ ਹੀ ਆਪ ਹੈ। ੫।

(ਇਹ ਸਾਰਾ ਸੰਸਾਰ ਉਸੇ) ਇੱਕ ਪਰਮਾਤਮਾ ਦਾ ਸਰੂਪ ਹੈ, ਉਸ ਦਾ ਨਾਮ ਸਦਾ ਥਿਰ ਰਹਿਣ ਵਾਲਾ ਹੈ, ਉਸ ਦੀ ਦਰਗਾਹ ਵਿਚ ਸਦਾ ਸਦਾ-ਥਿਰ ਨਿਆਂ ਹੀ ਚੱਲਦਾ ਹੈ। ਜਿਸ ਮਨੁੱਖ ਨੇ ਸਦਾ-ਥਿਰ ਪ੍ਰਭੂ ਦੀ ਸਿਫ਼ਤਿ ਸਾਲਾਹ ਨੂੰ ਆਪਣਾ ਕਰਤੱਵ ਬਣਾਇਆ ਹੈ ਉਸ ਨੂੰ ਸੱਚੀ ਦਰਗਾਹ ਵਿਚ ਇੱਜ਼ਤ ਮਿਲਦੀ ਹੈ ਮਾਣ ਮਿਲਦਾ ਹੈ, ਦਰਗਾਹ ਵਿਚ ਉਹ ਕਬੂਲ ਹੁੰਦਾ ਹੈ। ੬।

(ਜੇਹੜਾ ਮਨੁੱਖ ਗੁਰੂ ਦੇ ਸ਼ਬਦ ਵਿਚ ਜੁੜਦਾ ਹੈ ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ) ਪਰਮਾਤਮਾ ਦੀ ਭਗਤੀ ਪਰਮਾਤਮਾ ਨਾਲ ਪਿਆਰ ਹੀ ਇਕੋ ਇਕ ਸਹੀ ਜੀਵਨ-ਰਾਹ ਹੈ। ਜੇਹੜਾ ਮਨੁੱਖ ਭਗਤੀ ਤੋਂ ਸੱਖਣਾ ਹੈ ਪ੍ਰਭੂ ਦੇ ਡਰ-ਅਦਬ ਤੋਂ ਖ਼ਾਲੀ ਹੈ ਉਸ ਨੂੰ ਜੰਮਣ ਮਰਨ ਦਾ ਗੇੜ ਮਿਲਿਆ ਰਹਿੰਦਾ ਹੈ। ਜੇਹੜਾ ਮਨੁੱਖ ਗੁਰੂ ਪਾਸੋਂ ਸਿੱਖਿਆ ਲੈ ਕੇ (ਜਗਤ ਵਿਚ) ਪ੍ਰਾਹੁਣਾ (ਬਣ ਕੇ) ਜੀਊਂਦਾ ਹੈ ਤੇ ਪਰਮਾਤਮਾ ਦੇ ਨਾਮ-ਰਸ ਵਿਚ ਮਸਤ ਰਹਿੰਦਾ ਹੈ ਉਹ ਮਨੁੱਖ (ਪ੍ਰਭੂ ਦੀ ਹਜ਼ੂਰੀ ਵਿਚ) ਕਬੂਲ ਹੁੰਦਾ ਹੈ। ੭।

ਹੇ ਠਾਕੁਰ ! ਮੈਂ (ਗੁਰੂ ਦੀ ਕਿਰਪਾ ਨਾਲ) ਇਧਰ ਉਧਰ (ਹਰ ਥਾਂ) ਤੈਨੂੰ ਹੀ (ਵਿਆਪਕ) ਵੇਖਦਾ ਹਾਂ ਤੇ ਆਤਮਕ ਅਡੋਲਤਾ ਵਿਚ ਟਿਕ ਕੇ ਤੈਨੂੰ ਸਿਮਰਦਾ ਹਾਂ, ਤੈਥੋਂ ਬਿਨਾ ਮੈਂ ਕਿਸੇ ਹੋਰ ਨਾਲ ਪ੍ਰੀਤਿ ਨਹੀਂ ਜੋੜਦਾ।

ਹੇ ਨਾਨਕ ! ਜਿਸ ਮਨੁੱਖ ਨੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਪਣੀ ਹਉਮੈ ਸਾੜ ਲਈ ਹੈ, ਗੁਰੂ ਨੇ ਉਸ ਨੂੰ ਪ੍ਰਭੂ ਦਾ ਸਦਾ ਲਈ ਟਿਕੇ ਰਹਿਣ ਵਾਲਾ ਦਰਸਨ ਕਰਾ ਦਿੱਤਾ ਹੈ। ੮। ੩।

ਬਸੰਤੁ ਮਹਲਾ ੧ ॥ ਚੰਚਲੁ ਚੀਤੁ ਨ ਪਾਵੈ ਪਾਰਾ ॥ ਆਵਤ ਜਾਤ ਨ ਲਾਗੈ ਬਾਰਾ ॥ ਦੂਖੁ ਘਣੋ ਮਰੀਐ ਕਰਤਾਰਾ ॥ ਬਿਨੁ ਪ੍ਰੀਤਮ ਕੋ ਕਰੈ ਨ ਸਾਰਾ ॥ ੧ ॥ ਸਭ ਊਤਮ ਕਿਸੁ ਆਖਉ ਹੀਨਾ ॥ ਹਰਿ ਭਗਤੀ ਸਚਿ ਨਾਮਿ ਪਤੀਨਾ ॥ ੧ ॥ ਰਹਾਉ ॥ ਅਉਖਧ ਕਰਿ ਥਾਕੀ ਬਹੁਤੇਰੇ ॥ ਕਿਉ ਦੁਖੁ ਚੂਕੈ ਬਿਨੁ ਗੁਰ ਮੇਰੇ ॥ ਬਿਨੁ ਹਰਿ ਭਗਤੀ ਦੂਖ ਘਣੇਰੇ ॥ ਦੁਖ ਸੁਖ ਦਾਤੇ ਠਾਕੁਰ ਮੇਰੇ ॥ ੨ ॥ ਰੋਗੁ ਵਡੋ ਕਿਉ ਬਾਂਧਉ ਧੀਰਾ ॥ ਰੋਗੁ ਬੁਝੈ ਸੋ ਕਾਟੈ ਪੀਰਾ ॥ ਮੈ ਅਵਗਣ ਮਨ ਮਾਹਿ ਸਰੀਰਾ ॥ ਢੂਢਤ ਖੋਜਤ ਗੁਰਿ ਮੇਲੇ ਬੀਰਾ ॥ ੩ ॥ ਗੁਰ ਕਾ ਸਬਦੁ ਦਾਰੂ ਹਰਿ ਨਾਉ ॥ ਜਿਉ ਤੂ ਰਾਖਹਿ ਤਿਵੈ ਰਹਾਉ ॥ ਜਗੁ ਰੋਗੀ ਕਹ ਦੇਖਿ ਦਿਖਾਉ ॥ ਹਰਿ ਨਿਰਮਾਇਲੁ ਨਿਰਮਲੁ ਨਾਉ ॥ ੪ ॥ ਘਰ ਮਹਿ ਘਰੁ ਜੋ ਦੇਖਿ ਦਿਖਾਵੈ ॥ ਗੁਰ ਮਹਲੀ ਸੋ ਮਹਲਿ ਬੁਲਾਵੈ ॥ ਮਨ ਮਹਿ ਮਨੂਆ ਚਿਤ ਮਹਿ ਚੀਤਾ ॥ ਐਸੇ ਹਰਿ ਕੇ ਲੋਗ ਅਤੀਤਾ ॥ ੫ ॥ ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿਨਾਮਿ ਨਿਵਾਸਾ ॥ ਆਪੁ ਪਛਾਣਿ ਰਹੈ ਲਿਵ ਲਾਗਾ ॥ ਜਨਮੁ ਜੀਤਿ ਗੁਰਮਤਿ ਦੁਖੁ ਭਾਗਾ ॥ ੬ ॥ ਗੁਰਿ ਦੀਆ ਸਚੁ ਅੰਮ੍ਰਿਤੁ ਪੀਵਉ ॥ ਸਹਜਿ ਮਰਉ ਜੀਵਤ ਹੀ ਜੀਵਉ ॥ ਅਪਣੋ ਕਰਿ ਰਾਖਹੁ ਗੁਰ ਭਾਵੈ ॥ ਤੁਮ੍ਰੋ ਹੋਇ ਸੁ ਤੁਝਹਿ ਸਮਾਵੈ ॥ ੭ ॥ ਭੋਗੀ ਕਉ ਦੁਖੁ ਰੋਗ ਵਿਆਪੈ ॥ ਘਟਿ ਘਟਿ ਰਵਿ ਰਹਿਆ ਪ੍ਰਭੁ ਜਾਪੈ ॥ ਸੁਖ ਦੁਖ ਹੀ ਤੇ ਗੁਰ ਸਬਦਿ ਅਤੀਤਾ ॥ ਨਾਨਕ ਰਾਮੁ ਰਵੈ ਹਿਤ ਚੀਤਾ ॥ ੮ ॥ ੪ ॥

ਪਦ ਅਰਥ :-ਚੰਚਲੁ-ਹਰ ਵੇਲੇ ਭਟਕਣ ਦੇ ਸੁਭਾਉ ਵਾਲਾ, ਕਦੇ ਨਾਹ ਟਿਕ ਸਕਣ ਵਾਲਾ। ਨ ਪਾਵੈ ਪਾਰਾ-(ਚੰਚਲਤਾ ਦਾ) ਪਾਰਲਾ ਬੰਨਾ ਨਹੀਂ ਲੱਭ ਸਕਦਾ, ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ। ਆਵਤ ਜਾਤ-ਆਉਂਦੇ ਜਾਂਦੇ ਨੂੰ, ਭਟਕਦੇ ਨੂੰ। ਬਾਰਾ-ਦੇਰ। ਮਰੀਐ-ਮਰ ਜਾਈਦਾ ਹੈ, ਆਤਮਕ ਮੌਤ ਸਹੇੜ ਲਈਦੀ ਹੈ। ਕਰਤਾਰਾ-ਹੇ ਕਰਤਾਰ! ਕੋ-ਕੋਈ ਹੋਰ। ਸਾਰਾ-ਸੰਭਾਲ। ੧।

ਸਭ-ਸਾਰੀ ਲੁਕਾਈ। ਊਤਮ-(ਮੈਥੋਂ) ਚੰਗੀ। ਹੀਨਾ-ਮਾੜਾ। ਸਚਿ-ਸਦਾ-ਥਿਰ ਪ੍ਰਭੂ ਵਿਚ। ਨਾਮਿ-ਨਾਮ ਵਿਚ। ਪਤੀਨਾ-ਪਤੀਜ ਗਿਆ ਹੈ, ਗਿੱਝ ਗਿਆ ਹੈ। ੧। ਰਹਾਉ।

ਅਉਖਧ-ਦਵਾਈਆਂ, ਇਲਾਜ। ਕਿਉ ਚੂਕੈ-ਨਹੀਂ ਮੁੱਕ ਸਕਦਾ। ਦਾਤੇ-ਹੇ ਦਾਤਾਰ! ੨।

ਰੋਗੁ-(ਚੰਚਲਤਾ ਦਾ) ਰੋਗ। ਧੀਰਾ-ਧੀਰਜ। ਸੋ-ਉਹ (ਗੁਰੂ)। ਗੁਰਿ-ਗੁਰੂ ਨੇ। ਬੀਰਾ-ਵੀਰ, ਸਤਸੰਗੀ। ੩।

ਰਹਾਉ-ਰਹਿੰਦਾ ਹਾਂ। ਕਹ ਦੇਖਿ-ਕਿਸ ਨੂੰ ਲੱਭ ਕੇ? ਨਿਰਮਾਇਲੁ-ਪਵਿਤ੍ਰ। ੪।

ਘਰ ਮਹਿ-ਹਿਰਦੇ ਵਿਚ। ਘਰੁ-ਪ੍ਰਭੂ ਦਾ ਟਿਕਾਣਾ। ਗੁਰ ਮਹਲੀ-ਵੱਡੇ ਟਿਕਾਣੇ ਵਾਲਾ। ਮਹਲਿ-ਪ੍ਰਭੂ ਦੀ ਹਜ਼ੂਰੀ ਵਿਚ। ਐਸੇ-ਇਸ ਤਰ੍ਹਾਂ, ਇਸ ਤਰੀਕੇ ਨਾਲ। ਅਤੀਤਾ-ਨਿਰਲੇਪ। ੫।

ਹਰਖ-ਖ਼ੁਸ਼ੀ। ਸੋਗ-ਗ਼ਮੀ। ਨਿਰਾਸਾ-ਉਪਰਾਮ। ਚਾਖਿ-ਚੱਖ ਕੇ। ਆਪੁ-ਆਪਣੇ ਆਪ ਨੂੰ। ੬।

ਸਚੁ-ਸਦਾ ਥਿਰ ਰਹਿਣ ਵਾਲਾ। ਪੀਵਉ-ਮੈਂ ਪੀਂਦਾ ਹਾਂ। ਸਹਜਿ-ਆਤਮਕ ਅਡੋਲਤਾ ਵਿਚ। ਮਰਉ-ਮੈਂ (ਵਿਕਾਰਾਂ ਵਲੋਂ) ਮਰ ਜਾਂਦਾ ਹਾਂ, ਹਟ ਜਾਂਦਾ ਹਾਂ। ਜੀਵਤ ਹੀ-ਜੀਊਂਦਾ ਹੀ, ਦੁਨੀਆ ਦੀ ਕਿਰਤ-ਕਾਰ ਕਰਦਾ ਹੀ। ਜੀਵਉ-ਮੈਂ ਜੀਊ ਪੈਂਦਾ ਹਾਂ, ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਜਾਂਦਾ ਹੈ। ੭।

ਦੁਖੁ ਰੋਗ-ਰੋਗਾਂ ਦਾ ਦੁੱਖ। ਵਿਆਪੈ-ਜ਼ੋਰ ਪਾਂਦਾ ਹੈ। ਘਟਿ ਘਟਿ-ਹਰੇਕ ਸਰੀਰ ਵਿਚ। ਜਾਪੈ-ਜਾਪਦਾ ਹੈ, ਦਿੱਸਦਾ ਹੈ। ਤੇ-ਤੋਂ। ਅਤੀਤਾ-ਨਿਰਲੇਪ। ਹਿਤ-ਪ੍ਰੇਮ। ੮।

ਅਰਥ :-ਸਾਰੀ ਲੁਕਾਈ ਚੰਗੀ ਹੈ, (ਕਿਉਂਕਿ ਸਭ ਵਿਚ ਪਰਮਾਤਮਾ ਆਪ ਮੌਜੂਦ ਹੈ) ਮੈਂ ਕਿਸੇ ਨੂੰ ਮਾੜਾ ਨਹੀਂ ਆਖ ਸਕਦਾ। (ਪਰ ਅਸਲ ਵਿਚ ਉਹੀ ਮਨੁੱਖ ਚੰਗਿਆਈ ਪ੍ਰਾਪਤ ਕਰਦਾ ਹੈ, ਜਿਸ ਦਾ ਮਨ) ਪਰਮਾਤਮਾ ਦੀ ਭਗਤੀ ਵਿਚ (ਜੁੜਦਾ ਹੈ) ਪ੍ਰਭੂ ਦੇ ਸਦਾ-ਥਿਰ ਨਾਮ ਵਿਚ (ਜੁੜ ਕੇ) ਖ਼ੁਸ਼ ਹੁੰਦਾ ਹੈ। ੧। ਰਹਾਉ।

ਹੇ ਕਰਤਾਰ! (ਮਾਇਆ ਦੇ ਮੋਹ ਵਿਚ ਫਸ ਕੇ) ਚੰਚਲ (ਹੋ ਚੁਕਿਆ) ਮਨ (ਆਪਣੇ ਉੱਦਮ ਨਾਲ) ਚੰਚਲਤਾ ਵਿਚੋਂ ਨਿਕਲ ਨਹੀਂ ਸਕਦਾ, (ਹਰ ਵੇਲੇ) ਭਟਕਦਾ ਫਿਰਦਾ ਹੈ, ਰਤਾ ਭੀ ਚਿਰ ਨਹੀਂ ਲੱਗਦਾ (ਭਾਵ, ਰਤਾ ਭਰ ਭੀ ਟਿਕਦਾ ਨਹੀਂ। ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਨੁੱਖ ਨੂੰ) ਬਹੁਤ ਦੁੱਖ ਸਹਾਰਨਾ ਪੈਂਦਾ ਹੈ, ਤੇ ਆਤ-ਮਕ ਮੌਤ ਹੋ ਜਾਂਦੀ ਹੈ। (ਇਸ ਬਿਪਤਾ ਵਿਚੋਂ) ਪ੍ਰੀਤਮ-ਪ੍ਰਭੂ ਤੋਂ ਬਿਨਾ ਹੋਰ ਕੋਈ ਧਿਰ ਮਦਦ ਭੀ ਨਹੀਂ ਕਰ ਸਕਦਾ। ੧।

ਦੁੱਖ ਭੀ ਤੇ ਸੁਖ ਭੀ ਦੇਣ ਵਾਲੇ ਹੇ ਮੇਰੇ ਪਾਲਣਹਾਰ ਪ੍ਰਭੂ! (ਮਨ ਨੂੰ ਚੰਚਲਤਾ

ਦੇ ਰੋਗ ਤੋਂ ਬਚਾਣ ਲਈ) ਮੈਂ ਅਨੇਕਾਂ ਦਵਾਈਆਂ (ਭਾਵ, ਉੱਦਮ) ਕਰ ਕੇ ਹਾਰ ਗਈ ਹਾਂ, ਪਰ ਪਿਆਰੇ ਗੁਰੂ (ਦੀ ਸਹੈਤਾ) ਤੋਂ ਬਿਨਾ ਇਹ ਦੁੱਖ ਦੂਰ ਨਹੀਂ ਹੁੰਦਾ ।

ਪਰਮਾਤਮਾ ਦੀ ਭਗਤੀ ਤੋਂ ਬਿਨਾ (ਮਨ ਨੂੰ) ਅਨੇਕਾਂ ਹੀ ਦੁੱਖ ਆ ਘੇਰਦੇ ਹਨ ।੨।

(ਚੰਚਲਤਾ ਦਾ ਇਹ) ਰੋਗ ਬਹੁਤ ਵੱਡਾ ਹੈ (ਇਸ ਦੇ ਹੁੰਦਿਆਂ) ਮੈਨੂੰ ਆਤਮਕ ਸ਼ਾਂਤੀ ਨਹੀਂ ਮਿਲਦੀ । (ਮੇਰੇ ਇਸ) ਰੋਗ ਨੂੰ ਗੁਰੂ ਹੀ ਸਮਝ ਸਕਦਾ ਹੈ ਤੇ ਉਹੀ ਮੇਰਾ ਦੁੱਖ ਕੱਟ ਸਕਦਾ ਹੈ । (ਇਸ ਰੋਗ ਦੇ ਕਾਰਨ) ਮੇਰੇ ਮਨ ਵਿਚ ਮੇਰੇ ਸਰੀਰ ਵਿਚ ਔਗਣ ਹੀ ਔਗਣ ਵਧ ਰਹੇ ਹਨ । ਢੂੰਢਦਿਆਂ ਤੇ ਭਾਲ ਕਰਦਿਆਂ (ਆਖ਼ਿਰ) ਗੁਰੂ ਨੇ ਮੈਨੂੰ ਸਾਧ ਸੰਗਤਿ ਮਿਲਾ ਦਿੱਤੀ । ੩ ।

(ਚੰਚਲਤਾ ਦੇ ਰੋਗ ਦੀ) ਦਵਾਈ ਗੁਰੂ ਦਾ ਸ਼ਬਦ (ਹੀ) ਹੈ ਪਰਮਾਤਮਾ ਦਾ ਨਾਮ (ਹੀ) ਹੈ । (ਹੇ ਪ੍ਰਭੂ !) ਜਿਵੇਂ ਤੂੰ ਰੱਖੇਂ ਮੈਂ ਉਸੇ ਤਰ੍ਹਾਂ ਹੀ ਰਹਿ ਸਕਦਾ ਹਾਂ (ਭਾਵ, ਮੈਂ ਉਸੇ ਜੀਵਨ-ਪੰਧ ਤੇ ਤੁਰ ਸਕਦਾ ਹਾਂ । ਮੇਹਰ ਕਰ, ਮੈਨੂੰ ਗੁਰੂ ਦੇ ਸ਼ਬਦ ਵਿਚ ਆਪਣੇ ਨਾਮ ਵਿਚ ਜੋੜੀ ਰੱਖ) ।

ਜਗਤ (ਆਪ ਹੀ) ਰੋਗੀ ਹੈ, ਮੈਂ ਕਿਸ ਨੂੰ ਲੱਭ ਕੇ ਆਪਣਾ ਰੋਗ ਦੱਸਾਂ ? ਇਕ ਪਰਮਾਤਮਾ ਹੀ ਪਵਿਤ੍ਰ ਹੈ, ਪਰਮਾਤਮਾ ਦਾ ਨਾਮ ਹੀ ਪਵਿਤ੍ਰ ਹੈ (ਗੁਰੂ ਦੀ ਸਰਨ ਪੈ ਕੇ ਇਹ ਹਰੀ-ਨਾਮ ਹੀ ਵਿਹਾਝਣਾ ਚਾਹੀਦਾ ਹੈ) । ੪ ।

ਜੇਹੜਾ ਗੁਰੂ (ਭਾਵ, ਗੁਰੂ ਹੀ) (ਆਪਣੇ) ਹਿਰਦੇ ਵਿਚ ਪਰਮਾਤਮਾ ਦਾ ਨਿਵਾਸ ਵੇਖ ਕੇ ਹੋਰਨਾਂ ਨੂੰ ਵਿਖਾ ਸਕਦਾ ਹੈ, ਸਭ ਤੋਂ ਉੱਚੇ ਮਹਲ ਦਾ ਵਾਸੀ ਉਹ ਗੁਰੂ ਹੀ ਜੀਵ ਨੂੰ ਪਰਮਾਤਮਾ ਦੀ ਹਜ਼ੂਰੀ ਵਿਚ ਸੱਦ ਸਕਦਾ ਹੈ (ਤੇ ਟਿਕਾ ਸਕਦਾ ਹੈ ।) ਜਿਨ੍ਹਾਂ ਬੰਦਿਆਂ ਨੂੰ ਗੁਰੂ ਪ੍ਰਭੂ ਦੀ ਹਜ਼ੂਰੀ ਵਿਚ ਅਪੜਾਂਦਾ ਹੈ ਉਹਨਾਂ ਦੇ ਮਨ ਉਹਨਾਂ ਦੇ ਚਿੱਤ (ਬਾਹਰ ਭਟਕਣੋਂ ਹਟ ਕੇ) ਅੰਦਰ ਹੀ ਟਿਕ ਜਾਂਦੇ ਹਨ,ਤੇ ਇਸ ਤਰ੍ਹਾਂ ਪਰਮਾਤਮਾ ਦੇ ਸੇਵਕ (ਮਾਇਆ ਦੇ ਮੋਹ ਤੋਂ) ਨਿਰਲੇਪ ਹੋ ਜਾਂਦੇ ਹਨ । ੫ ।

(ਨਿਰਲੇਪ ਹੋਏ ਹੋਏ ਹਰੀ ਦੇ ਸੇਵਕ) ਖ਼ੁਸ਼ੀ ਗ਼ਮੀ ਤੋਂ ਉਤਾਂਹ ਰਹਿੰਦੇ ਹਨ, ਆਤਮਕ ਜੀਵਨ ਦੇਣ ਵਾਲਾ ਨਾਮ-ਅੰਮ੍ਰਿਤ ਚੱਖ ਕੇ ਉਹ ਬੰਦੇ ਪਰਮਾਤਮਾ ਦੇ ਨਾਮ ਵਿਚ ਹੀ (ਆਪਣੇ ਮਨ ਦਾ) ਟਿਕਾਣਾ ਬਣਾ ਲੈਂਦੇ ਹਨ ।

ਜੇਹੜਾ ਮਨੁੱਖ ਆਪਣੇ ਆਤਮਕ ਜੀਵਨ ਨੂੰ ਪਰਖ ਕੇ ਪਰਮਾਤਮਾ ਦੀ ਯਾਦ ਵਿਚ ਸੁਰਤਿ ਜੋੜੀ ਰੱਖਦਾ ਹੈ, ਉਹ ਮਨੁੱਖਾ ਜੀਵਨ ਦੀ ਬਾਜ਼ੀ ਜਿੱਤ ਲੈਂਦਾ

ਹੈ। ਗੁਰੂ ਦੀ ਮਤਿ ਤੇ ਤੁਰਨ ਨਾਲ ਉਸ ਦਾ (ਚੰਚਲਤਾ ਵਾਲਾ) ਦੁੱਖ ਦੂਰ ਹੋ ਜਾਂਦਾ ਹੈ।੬।

(ਮੇਹਰ ਕਰ ਕੇ)ਗੁਰੂ ਨੇ ਮੈਨੂੰ ਸਦਾ ਥਿਰ ਰਹਿਣ ਵਾਲਾ ਨਾਮ-ਅੰਮ੍ਰਿਤ ਦਿੱਤਾ ਹੈ, ਮੈਂ (ਉਸ ਅੰਮ੍ਰਿਤ ਨੂੰ ਸਦਾ) ਪੀਂਦਾ ਹਾਂ, (ਉਸ ਅੰਮ੍ਰਿਤ ਦੀ ਬਰਕਤਿ ਨਾਲ) ਆਤਮਕ ਅਡੋਲਤਾ ਵਿਚ ਟਿਕ ਕੇ ਮੈਂ ਵਿਕਾਰਾਂ ਵਲੋਂ ਮੂੰਹ ਮੋੜ ਚੁਕਾ ਹਾਂ, ਦੁਨੀਆ ਦੇ ਕਾਰ-ਵਿਹਾਰ ਕਰਦਿਆਂ ਹੀ ਮੇਰੇ ਅੰਦਰ ਆਤਮਕ ਜੀਵਨ ਪੈਦਾ ਹੋ ਰਿਹਾ ਹੈ।

ਜੇ ਗੁਰੂ ਮੇਹਰ ਕਰੇ (ਭਾਵ, ਗੁਰੂ ਦੀ ਮੇਹਰ ਨਾਲ ਹੀ) (ਮੈਂ ਅਰਦਾਸ ਕਰਦਾ ਹਾਂ, ਤੇ ਆਖਦਾ ਹਾਂ—ਹੇ ਪ੍ਰਭੂ!) ਮੈਨੂੰ ਆਪਣਾ (ਸੇਵਕ) ਬਣਾ ਕੇ(ਆਪਣੇ ਚਰਨਾਂ ਵਿਚ) ਰੱਖ। ਜੇਹੜਾ ਬੰਦਾ ਤੇਰਾ (ਸੇਵਕ) ਬਣ ਜਾਂਦਾ ਹੈ, ਉਹ ਤੇਰੇ ਵਿਚ ਹੀ ਲੀਨ ਹੋ ਜਾਂਦਾ ਹੈ।੭।

ਜੇਹੜਾ ਮਨੁੱਖ ਦੁਨੀਆ ਦੇ ਪਦਾਰਥਾਂ ਦੇ ਭੋਗਣ ਵਿਚ ਹੀ ਮਸਤ ਰਹਿੰਦਾ ਹੈ ਉਸ ਨੂੰ ਰੋਗਾਂ ਦਾ ਦੁੱਖ ਆ ਦਬਾਂਦਾ ਹੈ। ਪਰ, ਹੇ ਨਾਨਕ! ਜਿਸ ਮਨੁੱਖ ਨੂੰ ਪਰਮਾਤਮਾ ਹਰੇਕ ਘਟ ਵਿਚ ਵਿਆਪਕ ਦਿੱਸ ਪੈਂਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਸੁਖਾਂ ਦੁੱਖਾਂ ਤੋਂ ਨਿਰਲੇਪ ਰਹਿੰਦਾ ਹੈ, ਉਹ ਚਿੱਤ ਦੇ ਪਿਆਰ ਨਾਲ (ਸਦਾ) ਪਰਮਾਤਮਾ ਦਾ ਨਾਮ ਸਿਮਰਦਾ ਹੈ।੮।੪।

ਬਸੰਤੁ ਮਹਲਾ ੧ ਇਕ ਤੁਕੀਆ ॥ ਮਤੁ ਭਸਮ ਅੰਧੂਲੇ ਗਰਬਿ ਜਾਹਿ ॥ ਇਨ ਬਿਧਿ ਨਾਗੇ ਜੋਗੁ ਨਾਹਿ ॥੧॥ ਮੂੜੇ ਕਾਹੇ ਬਿਸਾਰਿਓ ਤੈ ਰਾਮ ਨਾਮ ॥ ਅੰਤ ਕਾਲਿ ਤੇਰੈ ਆਵੈ ਕਾਮ ॥੧॥ ਰਹਾਉ ॥ ਗੁਰ ਪੂਛਿ ਤੁਮ ਕਰਹੁ ਬੀਚਾਰੁ ॥ ਜਹ ਦੇਖਉ ਤਹ ਸਾਰਿਗਪਾਣਿ ॥੨॥ ਕਿਆ ਹਉ ਆਖਾ ਜਾਂ ਕਛੂ ਨਾਹਿ ॥ ਜਾਤਿ ਪਤਿ ਸਭ ਤੇਰੈ ਨਾਇ ॥੩॥ ਕਾਹੇ ਮਾਲੁ ਦਰਬੁ ਦੇਖਿ ਗਰਬਿ ਜਾਹਿ ॥ ਚਲਤੀ ਬਾਰ ਤੇਰੋ ਕਛੂ ਨਾਹਿ ॥੪॥ ਪੰਚ ਮਾਰਿ ਚਿਤੁ ਰਖਹੁ ਥਾਇ ॥ ਜੋਗ ਜੁਗਤਿ ਕੀ ਇਹੈ ਪਾਂਇ ॥੫॥ ਹਉਮੈ ਪੈਖੜੁ ਤੇਰੇ ਮਨੈ ਮਾਹਿ ॥ ਹਰਿ ਨ ਚੇਤਹਿ ਮੂੜੇ ਮੁਕਤਿ ਜਾਹਿ ॥੬॥ ਮਤ ਹਰਿ ਵਿਸਰਿਐ ਜਮ ਵਸਿ ਪਾਹਿ ॥ ਅੰਤਕਾਲਿ ਮੂੜੇ ਚੋਟ ਖਾਹਿ ॥੭॥ ਗੁਰ ਸਬਦੁ ਬੀਚਾਰਹਿ ਆਪੁ ਜਾਇ ॥ ਸਾਚ ਜੋਗੁ ਮਨਿ ਵਸੈ ਆਇ ॥੮॥ ਜਿਨਿ ਜੀਉ ਪਿੰਡੁ ਦਿਤਾ ਤਿਸੁ ਚੇਤਹਿ ਨਾਹਿ ॥ ਮੜੀ ਮਸਾਣੀ ਮੂੜੇ ਜੋਗੁ ਨਾਹਿ ॥੯॥ ਗੁਣ ਨਾਨਕੁ ਬੋਲੈ ਭਲੀ ਬਾਣਿ ॥ ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥੧੦॥੫॥

ਇਕ ਤੁਕੀਆਂ—ਉਹ ਅਸਟਪਦੀਆਂ ਜਿਨ੍ਹਾਂ ਦੇ ਹਰੇਕ ਬੰਦ ਵਿਚ ਇਕ ਇਕ ਤੁਕ ਹੈ।

ਪਦ ਅਰਥ :—ਭਸਮ—ਸੁਆਹ । ਅੰਧੁਲੇ—ਹੇ ਅੰਧੁਲੇ ! ਹੇ ਅਕਲੋਂ ਅੰਨ੍ਹੇ ! ਮਤੁ ਗਰਬਿ ਜਾਹਿ—ਮਤਾਂ ਤੂੰ ਅਹੰਕਾਰ ਵਿਚ ਆ ਜਾਏਂ। ਗਰਬਿ—ਅਹੰਕਾਰ ਵਿਚ। ਗਰਬਿ ਜਾਹਿ—ਤੂੰ ਅਹੰਕਾਰਿਆ ਜਾਏਂ। ਇਨ ਬਿਧਿ—ਇਹਨਾਂ ਤਰੀਕਿਆਂ ਨਾਲ। ਜੋਗੁ—ਪਰਮਾਤਮਾ ਨਾਲ ਮਿਲਾਪ । ੧ ।

ਮੂੜੇ—ਹੇ ਮੂਰਖ ! ਕਾਹੇ—ਕਾਹਦੇ ਵਾਸਤੇ ? ਕਿਉਂ ? ਅੰਤ ਕਾਲਿ—ਅਖ਼ਰੀਲੇ ਸਮੇ । ੧ । ਰਹਾਉ ।

ਪੂਛਿ—ਪੁੱਛ ਕੇ, ਸਿੱਖਿਆ ਲੈ ਕੇ। ਦੇਖਉ—ਮੈਂ ਵੇਖਦਾ ਹਾਂ। ਸਾਰਿਗ ਪਾਣਿ—ਉਹ ਪਰਮਾਤਮਾ ਜਿਸ ਦੇ ਹੱਥ ਵਿਚ ਧਨੁਖ ਹੈ। ਸਾਰਿਗ—ਧਨਖ। ਪਾਣਿ—ਹੱਥ ।੨।

ਆਖਾ—ਮੈਂ ਆਖਾਂ, ਮਾਣ ਕਰਾਂ। ਕਿਆ ਹਉ ਆਖਾ—ਮੈਂ ਕੀਹ ਮਾਣ ਕਰ ਸਕਦਾ ਹਾਂ ? ਪਤਿ—ਇੱਜ਼ਤ। ਤੇਰੈ ਨਾਇ—ਤੇਰੇ ਨਾਮ ਵਿਚ (ਲੀਨ ਹੋਣਾ) । ੩ ।

ਦਰਬੁ—ਧਨ। ਦੇਖਿ—ਵੇਖ ਕੇ। ਚਲਤੀ ਬਾਰ—ਸੰਸਾਰ ਤੋਂ ਕੂਚ ਕਰਨ ਵੇਲੇ।੪।

ਪੰਚ—ਕਾਮਾਦਿਕ ਪੰਜੇ ਵਿਕਾਰ। ਥਾਇ—ਥਾਂ ਵਿਚ, ਵੱਸ ਵਿਚ। ਪਾਂਇ—ਨੀਂਹ। ਜੋਗ ਜੁਗਤਿ—ਪਰਮਾਤਮਾ ਨਾਲ ਮਿਲਾਪ ਦਾ ਤਰੀਕਾ। ੫।

ਪੈਖੜੁ—ਢੰਗਾ, ਪਸ਼ੂ ਦੇ ਪਿਛਲੇ ਪੈਰਾਂ ਨਾਲ ਬੱਧਾ ਹੋਇਆ ਰੱਸਾ ਜੋ ਉਸ ਨੂੰ ਦੌੜਨ ਨਹੀਂ ਦੇਂਦਾ। ਮੁਕਤਿ ਜਾਹਿ—ਵਿਕਾਰਾਂ ਤੋਂ ਸੁਤੰਤਰ ਹੋ ਸਕੇਂ । ੬ ।

ਮਤ—ਮਤਾਂ ਕਿਤੇ। ਜਮ ਵਸਿ—ਜਮਾਂ ਦੇ ਵੱਸ ਵਿਚ। ਪਾਹਿ—ਪੈ ਜਾਏਂ । ਚੋਟ—ਮਾਰ-ਕੁਟਾਈ। ੭।

ਆਪੁ—ਆਪਾ-ਭਾਵ। ਸਾਚ ਜੋਗੁ—ਸਦਾ ਥਿਰ ਰਹਿਣ ਵਾਲੇ ਪ੍ਰਭੂ ਦਾ ਮਿਲਾਪ ।੮।

ਜਿਨਿ—ਜਿਸ (ਪ੍ਰਭੂ) ਨੇ। ਜੀਉ—ਜਿੰਦ। ਪਿੰਡੁ—ਸਰੀਰ। ਮੂੜੇ—ਹੇ ਮੂਰਖ ! ੯।

ਗੁਣ ਬਾਣਿ—ਗੁਣਾਂ ਵਾਲੀ ਬਾਣੀ, ਪ੍ਰਭੂ ਦੀ ਸਿਫ਼ਤਿ ਸਾਲਾਹ ਵਾਲੀ ਬਾਣੀ। ਭਲੀ—ਚੰਗੀ, ਸੋਹਣੀ। ਸੁਜਾਖਾ—ਵੇਖ ਸਕਣ ਵਾਲੀਆਂ ਅੱਖਾਂ ਵਾਲਾ। ੧੦।

ਅਰਥ :—ਹੇ ਮੂਰਖ ! ਤੂੰ ਪਰਮਾਤਮਾ ਦਾ ਨਾਮ ਕਿਉਂ ਵਿਸਾਰ ਦਿੱਤਾ ਹੈ ? ਪਰਮਾਤਮਾ ਦਾ ਨਾਮ ਹੀ ਅੰਤ ਸਮੇ ਤੇਰੇ ਕੰਮ ਆ ਸਕਦਾ ਹੈ। ੧। ਰਹਾਉ।

ਹੇ ਅਕਲੋਂ ਅੰਨ੍ਹੇ ! ਪਿੰਡੇ ਤੇ ਸੁਆਹ ਮਲ ਕੇ ਮਤਾਂ ਤੂੰ ਅਹੰਕਾਰ ਵਿਚ ਆ ਜਾਏਂ (ਕਿ ਤੂੰ ਕੋਈ ਬੜਾ ਹੀ ਉੱਤਮ ਕਰਮ ਕਰ ਰਿਹਾ ਹੈਂ)। ਨੰਗੇ ਰਹਿ ਕੇ (ਤੇ ਪਿੰਡੇ ਉਤੇ ਸੁਆਹ ਮਲ ਕੇ) ਇਹਨਾਂ ਤਰੀਕਿਆਂ ਨਾਲ (ਪਰਮਾਤਮਾ ਨਾਲ) ਮਿਲਾਪ ਨਹੀਂ ਹੋ ਸਕਦਾ। ੧।

ਗੁਰੂ ਦੀ ਸਿੱਖਿਆ ਲੈ ਕੇ ਸੋਚੋ ਸਮਝੋ (ਘਰ-ਘਾਟ ਛੱਡ ਕੇ ਬਾਹਰ ਭਟਕਿਆਂ ਰੱਬ ਨਹੀਂ ਮਿਲਦਾ)। ਮੈਂ ਤਾਂ ਜਿੱਧਰ ਵੇਖਦਾ ਹਾਂ ਉਧਰ ਹੀ (ਹਰ ਥਾਂ) ਪਰਮਾਤਮਾ ਮੌਜੂਦ ਹੈ।੨।

ਹੇ ਪ੍ਰਭੂ! (ਗ੍ਰਿਹਸਤ ਵਿਚ ਰਹਿ ਕੇ ਉੱਚੀ ਜਾਤਿ ਜਾਂ ਦੁਨੀਆਵੀ ਇੱਜ਼ਤ ਦਾ ਮਾਣ ਕਰਨਾ ਭੀ ਜੀਵ ਦੀ ਭਾਰੀ ਭੁੱਲ ਹੈ) ਤੇਰੇ ਨਾਮ ਵਿਚ ਜੁੜਨਾ ਹੀ ਉੱਚੀ ਜਾਤਿ ਹੈ ਤੇਰੇ ਨਾਮ ਵਿਚ ਜੁੜਨਾ ਹੀ ਦੁਨੀਆ ਵਿਚ ਇੱਜ਼ਤ- ਮਾਣ ਹੈ। ਹੇ ਪ੍ਰਭੂ! ਮੈਂ ਮਾਣ ਭੀ ਕਿਸ ਚੀਜ਼ ਦਾ ਕਰਾਂ? ਜੋ ਕੁਝ ਭੀ ਮੈਂ ਆਪਣਾ ਸਮਝਦਾ ਹਾਂ ਇਹ ਮੇਰਾ ਆਪਣਾ ਨਹੀਂ, (ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ, ਤੇ ਹੈ ਭੀ ਨਾਸਵੰਤ)।੩।

(ਹੇ ਭਾਈ! ਗ੍ਰਿਹਸਤ ਨੂੰ ਤਿਆਗ ਜਾਣ ਵਾਲਾ ਨਿਰੇ ਨੰਗੇ ਰਹਿਣ ਤੇ ਪਿੰਡੇ ਤੇ ਸੁਆਹ ਮਲਣ ਦਾ ਮਾਣ ਕਰਦਾ ਹੈ। ਇਹ ਭੁੱਲ ਹੈ। ਪਰ ਗ੍ਰਿਹਸਤੀ ਧਨ ਦਾ ਅਹੰਕਾਰ ਕਰਦਾ ਹੈ। ਇਹ ਭੀ ਮੂਰਖਤਾ ਹੈ) ਮਾਲ ਧਨ ਵੇਖ ਕੇ ਤੂੰ ਅਹੰਕਾਰ ਕਰਦਾ ਹੈਂ। ਸੰਸਾਰ ਤੋਂ ਕੂਚ ਕਰਨ ਵੇਲੇ (ਧਨ ਮਾਲ ਵਿਚੋਂ) ਕੋਈ ਭੀ ਚੀਜ਼ ਤੇਰੀ ਨਹੀਂ ਹੋਵੇਗੀ।੪।

(ਹੇ ਭਾਈ!) ਕਾਮਾਦਿਕ ਪੰਜਾਂ ਨੂੰ ਮਾਰ ਕੇ ਆਪਣੇ ਮਨ ਨੂੰ ਵੱਸ ਵਿਚ ਰੱਖ। ਪਰਮਾਤਮਾ ਨਾਲ ਮਿਲਾਪ ਪੈਦਾ ਕਰਨ ਵਾਲੇ ਤਰੀਕੇ ਦੀ ਇਹੀ ਨੀਂਹ ਹੈ।੫।

ਹੇ ਮੂਰਖ! (ਜੇ ਤੂੰ ਤਿਆਗੀ ਹੈਂ ਤਾਂ ਤਿਆਗ ਦਾ, ਤੇ, ਜੇ ਤੂੰ ਗ੍ਰਿਹਸਤੀ ਹੈ ਤਾਂ ਧਨ ਮਾਲ ਦਾ ਤੈਨੂੰ ਮਾਣ ਹੈ, ਇਹ) ਹਉਮੈ ਤੇਰੇ ਮਨ ਵਿਚ ਹੈ ਜੋ ਤੇਰੇ ਮਨ ਨੂੰ ਅਟਕਾਈ ਬੈਠੀ ਹੈ ਜਿਵੇਂ ਪਸ਼ੂ ਦੀ ਪਿਛਲੀ ਲੱਤ ਨਾਲ ਬੱਧਾ ਹੋਇਆ ਢੰਗਾ ਉਸ ਨੂੰ ਦੌੜਨ ਨਹੀਂ ਦੇਂਦਾ। ਤੂੰ (ਇਸ ਹਉਮੈ ਦੇ ਢੰਗੇ ਦੇ ਕਾਰਨ) ਪਰਮਾਤਮਾ ਨੂੰ ਨਹੀਂ ਸਿਮਰਦਾ। ਤੇ, ਵਿਕਾਰਾਂ ਤੋਂ ਖਲਾਸੀ ਸਿਮਰਨ ਨਾਲ ਹੀ ਹੋ ਸਕਦੀ ਹੈ।੬।

(ਹੇ ਮੂਰਖ! ਸੁਚੇਤ ਹੋ) ਪਰਮਾਤਮਾ ਦਾ ਨਾਮ ਭੁਲਾਇਆਂ ਮਤਾਂ ਜਮਾਂ ਦੇ ਵੱਸ ਵਿਚ ਪੈ ਜਾਏਂ, ਤੇ ਅਖ਼ੀਰਲੇ ਸਮੇ (ਪਛਤਾਵੇ ਦੀ) ਮਾਰ-ਕੁੱਟ ਖਾਏਂ।੭।

(ਹੇ ਭਾਈ!) ਜੇ ਤੂੰ ਗੁਰੂ ਦੇ ਸ਼ਬਦ ਨੂੰ ਆਪਣੀ ਸੁਰਤਿ ਵਿਚ ਟਿਕਾ ਰੱਖੇਂ, ਤਾਂ ਇਸ ਤਰ੍ਹਾਂ ਆਪਾ-ਭਾਵ ਦੂਰ ਹੋ ਸਕੇਗਾ। (ਗੁਰੂ ਦਾ ਸ਼ਬਦ ਵਿਚਾਰਨ ਦੀ ਬਰਕਤਿ ਨਾਲ ਉਹ ਪ੍ਰਭੂ-ਨਾਮ) ਮਨ ਵਿਚ ਆ ਵੱਸਦਾ ਹੈ ਜੋ ਸਦਾ-ਥਿਰ ਪ੍ਰਭੂ ਨਾਲ ਸਦਾ ਦਾ ਮਿਲਾਪ ਬਣਾ ਦੇਂਦਾ ਹੈ।੮।

ਹੇ ਮੂਰਖ! ਜਿਸ ਪਰਮਾਤਮਾ ਨੇ ਤੈਨੂੰ ਜਿੰਦ ਦਿੱਤੀ ਹੈ ਸਰੀਰ ਦਿੱਤਾ ਹੈ ਉਸ ਨੂੰ ਤੂੰ ਨਹੀਂ ਚੇਤੇ ਕਰਦਾ (ਤੇ ਸੁਆਹ ਮਲ ਕੇ ਮੜ੍ਹੀਆਂ ਮਸਾਣਾਂ ਵਿਚ ਜਾ ਡੇਰਾ ਲਾਂਦਾ ਹੈਂ) ਮੜ੍ਹੀਆਂ ਮਸਾਣਾਂ ਵਿਚ ਬੈਠਿਆਂ ਪਰਮਾਤਮਾ ਨਾਲ ਮਿਲਾਪ ਨਹੀਂ ਬਣ ਸਕਦਾ।੯।

ਨਾਨਕ ਤਾਂ ਪਰਮਾਤਮਾ ਦੀਆਂ ਸਿਫ਼ਤਾਂ ਦੀ ਬਾਣੀ ਉਚਾਰਦਾ ਹੈ, ਪ੍ਰਭੂ ਦੀ ਸਿਫ਼ਤਿ

ਸਾਲਾਹ ਵਾਲੀ ਬਾਣੀ ਹੀ ਸੁੱਧ ਬਾਣੀ ਹੈ (ਇਹੀ ਪਰਮਾਤਮਾ ਦੇ ਚਰਨਾਂ ਵਿਚ ਜੋੜ ਸਕਦੀ ਹੈ) ਇਸ ਗੱਲ ਨੂੰ ਸਮਝ (ਜੇ ਤੂੰ ਭੀ ਪ੍ਰਭੂ ਦੀ ਸਿਫ਼ਤਿ ਸਾਲਾਹ ਕਰੇਂਗਾ ਤਾਂ) ਤੈਨੂੰ ਭੀ ਪਰਮਾਤਮਾ ਦਾ ਦੀਦਾਰ ਕਰਾਣ ਵਾਲੀਆਂ ਆਤਮਕ ਅੱਖਾਂ ਮਿਲ ਜਾਣਗੀਆਂ। ੧੦। ੫।

ਬਸੰਤੁ ਮਹਲਾ ੧ ॥ ਦੁਬਿਧਾ ਦੁਰਮਤਿ ਅਧੁਲੀ ਕਾਰ ॥ ਮਨਮੁਖਿ ਭਰਮੈ ਮਝਿ ਗੁਬਾਰ ॥ ੧ ॥ ਮਨੁ ਅੰਧੁਲਾ ਅੰਧੁਲੀ ਮਤਿ ਲਾਗੈ ॥ ਗੁਰ ਕਰਣੀ ਬਿਨੁ ਭਰਮੁ ਨ ਭਾਗੈ ॥ ੧ ॥ ਰਹਾਉ ॥ ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥ ਪਸੂ ਭਏ ਅਭਿਮਾਨੁ ਨ ਜਾਈ ॥ ੨ ॥ ਲਖ ਚਉਰਾਸੀਹ ਜੰਤ ਉਪਾਏ ॥ ਮੇਰੇ ਠਾਕੁਰ ਭਾਣੇ ਸਿਰਜਿ ਸਮਾਏ ॥ ੩ ॥ ਸਗਲੀ ਭੂਲੈ ਨਹੀ ਸਬਦੁ ਅਚਾਰੁ ॥ ਸੋ ਸਮਝੈ ਜਿਸੁ ਗੁਰੁ ਕਰਤਾਰੁ ॥ ੪ ॥ ਗੁਰ ਕੇ ਚਾਕਰ ਠਾਕੁਰ ਭਾਣੇ ॥ ਬਖਸਿ ਲੀਏ ਨਾਹੀ ਜਮ ਕਾਣੇ ॥ ੫ ॥ ਜਿਨ੍ ਕੈ ਹਿਰਦੈ ਏਕੋ ਭਾਇਆ ॥ ਆਪੇ ਮੇਲੇ ਭਰਮੁ ਚੁਕਾਇਆ ॥ ੬ ॥ ਬੇਮੁਹਤਾਜੁ ਬੇਅੰਤੁ ਅਪਾਰਾ ॥ ਸਚਿ ਪਤੀਜੈ ਕਰਣੈਹਾਰਾ ॥ ੭ ॥ ਨਾਨਕ ਭੂਲੇ ਗੁਰੁ ਸਮਝਾਵੈ ॥ ਏਕੁ ਦਿਖਾਵੈ ਸਾਚਿ ਟਿਕਾਵੈ ॥ ੮ ॥ ੬ ॥

ਪਦ ਅਰਥ:—ਦੁਬਿਧਾ—ਦੁ-ਕਿਸਮਾ-ਪਨ, ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ। ਅਧੁਲੀ—ਅੰਧੁਲੀ, ਅੰਨ੍ਹੀ। ਮਨਮੁਖਿ—ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਬੰਦਾ। ਮਝਿ—ਵਿਚ। ਗੁਬਾਰ—ਹਨੇਰਾ, ਅਗਿਆਨਤਾ ਦਾ ਹਨੇਰਾ। ੧।

ਅੰਧੁਲੀ ਮਤਿ—ਮਾਇਆ ਦੇ ਮੋਹ ਵਿਚ ਅੰਨ੍ਹੀ ਹੋਈ ਮਤਿ। ਭਰਮੁ—ਭਟਕਣਾ। ।੧। ਰਹਾਉ।

ਨ ਭਾਈ—ਪਸੰਦ ਨਹੀਂ ਆਉਂਦੀ। ੨।

ਸਿਰਜਿ—ਪੈਦਾ ਕਰ ਕੇ। ਸਮਾਏ—ਲੀਨ ਕਰ ਲੈਂਦਾ ਹੈ।,੩।

ਅਚਾਰੁ—ਆਚਾਰ, ਚੰਗਾ ਜੀਵਨ। ੪।

ਕਾਣੇ—ਮੁਥਾਜੀ। ੫।

ਭਾਇਆ—ਚੰਗਾ ਲੱਗਾ। ੬।

ਸਚਿ—ਸੱਚ ਦੀ ਰਾਹੀਂ, ਸਿਮਰਨ ਦੀ ਰਾਹੀਂ। ਪਤੀਜੈ—ਪ੍ਰਸੰਨ ਹੁੰਦਾ ਹੈ।੭।

ਏਕੁ—ਇੱਕ ਪਰਮਾਤਮਾ। ਸਾਚਿ—ਸਦਾ-ਥਿਰ ਪ੍ਰਭੂ ਵਿਚ। ੮।

ਅਰਥ :—ਮਾਇਆ ਵਿਚ ਅੰਨ੍ਹਾ ਹੋਇਆ ਮਨ ਉਸੇ ਮਤਿ ਦੇ ਪਿੱਛੇ ਤੁਰਦਾ ਹੈ ਜੋ (ਆਪ ਭੀ) ਮਾਇਆ ਦੇ ਮੋਹ ਵਿਚ ਅੰਨ੍ਹੀ ਹੋਈ ਪਈ ਹੈ (ਤੇ ਉਹ ਮਨ ਮਾਇਆ ਦੀ

ਭਟਕਣਾ ਵਿਚ ਹੀ ਰਹਿੰਦਾ ਹੈ)। ਗੁਰੂ ਦੀ ਦੱਸੀ ਕਾਰ ਕਰਨ ਤੋਂ ਬਿਨਾ ਮਨ ਦੀ ਇਹ ਭਟਕਣਾ ਦੂਰ ਨਹੀਂ ਹੁੰਦੀ। ੧। ਰਹਾਉ।

ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ (ਮਾਇਆ ਦੇ ਮੋਹ ਦੇ) ਹਨੇਰੇ ਵਿਚ ਭਟਕਦਾ ਫਿਰਦਾ ਹੈ (ਠੇਡੇ ਖਾਂਦਾ ਫਿਰਦਾ ਹੈ, ਉਸ ਨੂੰ ਸਹੀ ਜੀਵਨ-ਪੰਧ ਨਹੀਂ ਦਿੱਸਦਾ)। ਉਹ ਪ੍ਰਭੂ ਤੋਂ ਬਿਨਾ ਕਿਸੇ ਹੋਰ ਆਸਰੇ ਦੀ ਝਾਕ ਰੱਖਦਾ ਹੈ, (ਮਾਇਆ ਦੇ ਮੋਹ ਵਿਚ) ਅੰਨ੍ਹੀ ਹੋ ਚੁਕੀ ਭੈੜੀ ਮਤਿ ਦੇ ਪਿੱਛੇ ਲੱਗ ਕੇ ਹੀ ਕਾਰ ਕਰਦਾ ਹੈ।੧।

ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਅੰਨ੍ਹੇ ਮਨੁੱਖਾਂ ਨੂੰ ਗੁਰੂ ਦੀ (ਦਿੱਤੀ) ਮਤਿ ਪਸੰਦ ਨਹੀਂ ਆਉਂਦੀ (ਉਹ ਵੇਖਣ ਨੂੰ ਭਾਵੇਂ ਮਨੁੱਖ ਹਨ ਪਰ ਸੁਭਾਵ ਵਲੋਂ) ਪਸ਼ੂ ਹੋ ਚੁਕੇ ਹੁੰਦੇ ਹਨ, (ਉਹਨਾਂ ਦੇ ਅੰਦਰੋਂ) ਆਕੜ ਨਹੀਂ ਜਾਂਦੀ। ੨।

ਸਿਰਜਣਹਾਰ ਪ੍ਰਭੂ ਚੌਰਾਸੀ ਲੱਖ ਜੂਨਾਂ ਵਿਚ ਬੇਅੰਤ ਜੀਵ ਪੈਦਾ ਕਰਦਾ ਹੈ, ਜਿਵੇਂ ਉਸ ਠਾਕੁਰ ਦੀ ਮਰਜੀ ਹੁੰਦੀ ਹੈ, ਪੈਦਾ ਕਰਦਾ ਹੈ ਤੇ ਨਾਸ ਭੀ ਕਰ ਦੇਂਦਾ ਹੈ; ੩ ,

ਪਰ ਉਹ ਸਾਰੀ ਹੀ ਲੁਕਾਈ ਕੁਰਾਹੇ ਪਈ ਰਹਿੰਦੀ ਹੈ ਜਦ ਤਕ ਉਹ ਗੁਰੂ ਦਾ ਸ਼ਬਦ (ਹਿਰਦੇ ਵਿਚ ਨਹੀਂ ਵਸਾਂਦੀ, ਤੇ ਜਦ ਤਕ ਉਸ ਸ਼ਬਦ ਅਨੁਸਾਰ ਆਪਣਾ) ਕਰਤੱਬ ਨਹੀਂ ਬਣਾਂਦੀ। ਉਹੀ ਜੀਵ (ਜੀਵਨ ਦੇ ਸਹੀ ਰਸਤੇ ਨੂੰ) ਸਮਝਦਾ ਹੈ ਜਿਸ ਦਾ ਰਾਹਬਰ ਗੁਰੂ ਬਣਦਾ ਹੈ ਕਰਤਾਰ ਬਣਦਾ ਹੈ। ੪।

ਜੇਹੜੇ ਮਨੁੱਖ ਸਤਿਗੁਰੂ ਦੇ ਸੇਵਕ ਬਣਦੇ ਹਨ ਉਹ ਪਾਲਣਹਾਰ ਪ੍ਰਭੂ ਨੂੰ ਪਸੰਦ ਆ ਜਾਂਦੇ ਹਨ। ਉਹਨਾਂ ਨੂੰ ਜਮਾਂ ਦੀ ਮੁਥਾਜੀ ਨਹੀਂ ਰਹਿ ਜਾਂਦੀ ਕਿਉਂਕਿ ਪ੍ਰਭੂ ਨੇ ਉਹਨਾਂ ਉਤੇ ਮੇਹਰ ਕਰ ਦਿੱਤੀ ਹੁੰਦੀ ਹੈ। ੫।

ਜਿੰਨ੍ਹਾਂ ਬੰਦਿਆਂ ਨੂੰ ਆਪਣੇ ਹਿਰਦੇ ਵਿਚ ਇਕ ਪਰਮਾਤਮਾ ਹੀ ਪਿਆਰਾ ਲੱਗਦਾ ਹੈ, ਉਹਨਾਂ ਨੂੰ ਪਰਮਾਤਮਾ ਆਪ ਹੀ ਆਪਣੇ ਚਰਨਾਂ ਵਿਚ ਜੋੜ ਲੈਂਦਾ ਹੈ, ਉਹਨਾਂ ਦੀ ਭਟਕਣਾ ਦੂਰ ਹੋ ਜਾਂਦੀ ਹੈ। ੬।

ਸਾਰੀ ਸ੍ਰਿਸ਼ਟੀ ਦਾ ਸਿਰਜਣਹਾਰ ਪ੍ਰਭੂ ਸਿਮਰਨ ਦੀ ਰਾਹੀਂ ਹੀ ਖ਼ੁਸ਼ ਕੀਤਾ ਜਾ ਸਕਦਾ ਹੈ, ਉਹ ਬੇ-ਮੁਥਾਜ ਹੈ ਬੇਅੰਤ ਹੈ ਉਸ ਦੀ ਹਸਤੀ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ। ੭।

ਹੇ ਨਾਨਕ ! (ਮਾਇਆ ਦੇ ਮੋਹ ਵਿਚ ਫਸ ਕੇ) ਕੁਰਾਹੇ ਪਏ ਮਨੁੱਖ ਨੂੰ ਗੁਰੂ (ਹੀ) ਸਮਝਾ ਸਕਦਾ ਹੈ। ਗੁਰੂ ਉਸ ਨੂੰ ਇੱਕ ਪਰਮਾਤਮਾ ਦਾ ਦੀਦਾਰ ਕਰਾ ਦੇਂਦਾ ਹੈ, ਉਸ ਨੂੰ ਸਦਾ-ਥਿਰ ਪਰਮਾਤਮਾ (ਦੀ ਯਾਦ) ਵਿਚ ਜੋੜ ਦੇਂਦਾ ਹੈ। ੮। ੬।

ਬਸੰਤੁ ਮਹਲਾ ੧ ॥ ਆਪੇ ਭਵਰਾ ਫੂਲ ਬੇਲਿ ॥ ਆਪੇ ਸੰਗਤਿ ਮੀਤ ਮੇਲਿ ॥ ੧ ॥ ਐਸੀ ਭਵਰਾ ਬਾਸੁ ਲੇ ॥ ਤਰਵਰ ਫੂਲੇ ਬਨ ਹਰੇ ॥੧॥

ਰਹਾਉ ॥ ਆਪੇ ਕਵਲਾ ਕੰਤੁ ਆਪਿ ॥ ਆਪੇ ਰਾਵੇ ਸਬਦਿ ਥਾਪਿ ॥ ੨ ॥ ਆਪੇ ਬਛਰੂ ਗਊ ਖੀਰੁ ॥ ਆਪੇ ਮੰਦਰੁ ਥੰਮ੍ਹੁ ਸਰੀਰੁ ॥ ੩ ॥ ਆਪੇ ਕਰਣੀ ਕਰਣਹਾਰੁ ॥ ਆਪੇ ਗੁਰਮੁਖਿ ਕਰਿ ਬੀਚਾਰੁ ॥ ੪ ॥ ਤੂ ਕਰਿ ਕਰਿ ਦੇਖਹਿ ਕਰਣਹਾਰੁ ॥ ਜੋਤਿ ਜੀਅ ਅਸੰਖ ਦੇਇ ਅਧਾਰੁ ॥ ੫ ॥ ਤੂ ਸਰੁ ਸਾਗਰੁ ਗੁਣ ਗਹੀਰੁ ॥ ਤੂ ਅਕੁਲ ਨਿਰੰਜਨੁ ਪਰਮ ਹੀਰੁ ॥ ੬ ॥ ਤੂ ਆਪੇ ਕਰਤਾ ਕਰਣਜੋਗੁ ॥ ਨਿਹਕੇਵਲੁ ਰਾਜਨ ਸੁਖੀ ਲੋਗੁ ॥ ੭ ॥ ਨਾਨਕ ਧ੍ਰਾਪੇ ਹਰਿ ਨਾਮ ਸੁਆਦਿ ॥ ਬਿਨੁ ਹਰਿ ਗੁਰ ਪ੍ਰੀਤਮ ਜਨਮੁ ਬਾਦਿ ॥ ੮ ॥ ੭ ॥

ਪਦ ਅਰਥ:—ਆਪੇ—(ਪ੍ਰਭੂ) ਆਪ ਹੀ। ਮੇਲਿ—ਮੇਲ ਵਿਚ।੧।

ਐਸੀ—ਇਉਂ, ਇਸ ਤਰੀਕੇ ਨਾਲ। ਬਾਸੁ—ਸੁਗੰਧੀ। ਲੇ—ਲੈਂਦਾ ਹੈ। ਤਰਵਰ—ਰੁੱਖ।੧। ਰਹਾਉ।

ਕਵਲਾ—ਲੱਛਮੀ। ਕੰਤੁ—(ਲੱਛਮੀ ਦਾ) ਖਸਮ। ਸਬਦਿ—(ਆਪਣੇ) ਹੁਕਮ ਨਾਲ। ਥਾਪਿ—ਪੈਦਾ ਕਰ ਕੇ।੨।

ਬਛਰੂ—ਵੱਛਾ। ਖੀਰੁ—ਦੁੱਧ।੩।

ਕਰਣਹਾਰੁ—ਸਭ ਕੁਝ ਕਰਨ ਦੇ ਸਮਰੱਥ। ਗੁਰਮੁਖਿ—ਗੁਰੂ ਦੇ ਸਨਮੁਖ ਹੋ ਕੇ।੪।

ਦੇਖਹਿ—ਵੇਖਦਾ ਹੈਂ, ਸੰਭਾਲ ਕਰਦਾ ਹੈਂ। ਦੇਇ—ਦੇ ਕੇ। ਅਧਾਰੁ—ਆਸਰਾ।੫।

ਗੁਣ ਗਹੀਰੁ—ਗੁਣਾਂ ਦਾ ਡੂੰਘਾ (ਸਮੁੰਦਰ)। ਅਕੁਲ—ਜਿਸ ਦੀ ਕੋਈ ਖਾਸ ਕੁਲ ਨਹੀਂ। ਹੀਰੁ—ਹੀਰਾ।੬।

ਕਰਨਜੋਗੁ—ਸਭ ਕੁਝ ਕਰ ਸਕਣ ਵਾਲਾ। ਨਿਹਕੇਵਲੁ—ਵਾਸਨਾ-ਰਹਿਤ। ਰਾਜਨ—ਹੇ ਰਾਜਨ !੭।

ਧ੍ਰਾਪੇ—ਰੱਜ ਜਾਂਦਾ ਹੈ। ਸੁਆਦਿ—ਸੁਆਦ ਵਿਚ। ਬਾਦਿ—ਵਿਅਰਥ।੮।

ਅਰਥ :—(ਗੁਰਮੁਖਿ) ਭੌਰਾ ਇਸ ਤਰ੍ਹਾਂ (ਪ੍ਰਭੂ ਦੇ ਨਾਮ ਦੀ) ਸੁਗੰਧੀ ਲੈਂਦਾ ਹੈ ਕਿ ਉਸ ਨੂੰ ਜੰਗਲ ਦੇ ਸਾਰੇ ਰੁੱਖ ਹਰੇ ਤੇ ਫੁੱਲਾਂ ਨਾਲ ਲੱਦੇ ਹੋਏ ਦਿੱਸਦੇ ਹਨ (ਗੁਰਮੁਖਿ ਨੂੰ ਸਾਰੀ ਸ੍ਰਿਸ਼ਟੀ ਵਿਚ ਹਰ ਥਾਂ ਪ੍ਰਭੂ ਦੀ ਹੀ ਜੋਤਿ ਰੁਮਕਦੀ ਦਿੱਸਦੀ ਹੈ)।੧। ਰਹਾਉ।

(ਗੁਰਮੁਖਿ ਨੂੰ ਦਿੱਸਦਾ ਹੈ ਕਿ) ਪਰਮਾਤਮਾ ਆਪ ਹੀ (ਸੁਗੰਧੀ ਲੈਣ ਵਾਲਾ) ਭੌਰਾ ਹੈ, ਆਪ ਹੀ ਵੇਲ ਹੈ ਤੇ ਆਪ ਹੀ ਵੇਲਾਂ ਉਤੇ ਉੱਗੇ ਹੋਏ ਫੁੱਲ ਹੈ। ਆਪ ਹੀ

ਸੰਗਤਿ ਹੈ ਆਪ ਹੀ ਸੰਗਤਿ ਵਿਚ ਸਤ ਸੰਗੀ ਮਿਤ੍ਰਾਂ ਨੂੰ ਇਕੱਠਾ ਕਰਦਾ ਹੈ ।੧।

(ਗੁਰਮੁਖਿ ਨੂੰ ਦਿੱਸਦਾ ਹੈ ਕਿ) ਪ੍ਰਭੂ ਆਪ ਹੀ ਲੱਛਮੀ (ਮਾਇਆ) ਹੈ ਤੇ ਆਪ ਹੀ ਲੱਛਮੀ ਦਾ ਪਤੀ ਹੈ, ਪ੍ਰਭੂ ਆਪ ਆਪਣੇ ਹੁਕਮ ਨਾਲ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਕੇ ਆਪ ਹੀ (ਦੁਨੀਆ ਦੇ ਪਦਾਰਥਾਂ ਨੂੰ) ਮਾਣ ਰਿਹਾ ਹੈ ।੨।

ਪ੍ਰਭੂ ਆਪ ਹੀ ਵੱਛਾ ਹੈ ਆਪ ਹੀ (ਗਾਂ ਦਾ) ਦੁੱਧ ਹੈ, ਪ੍ਰਭੂ ਆਪ ਹੀ ਮੰਦਰ ਹੈ ਆਪ ਹੀ (ਮੰਦਰ ਦਾ) ਥੰਮ੍ਹ ਹੈ, (ਆਪ ਹੀ ਜਿੰਦ ਹੈ ਤੇ) ਆਪ ਹੀ ਸਰੀਰ ।੩।

ਪ੍ਰਭੂ ਆਪ ਹੀ ਕਰਨ-ਜੋਗ ਕੰਮ ਹੈ, ਪ੍ਰਭੂ ਆਪ ਹੀ ਗੁਰੂ ਹੈ ਤੇ ਆਪ ਹੀ ਗੁਰੂ ਦੇ ਸਨਮੁਖ ਹੋ ਕੇ ਆਪਣੇ ਗੁਣਾਂ ਦੀ ਵਿਚਾਰ ਕਰਦਾ ਹੈ ।੪।

(ਗੁਰਮੁਖਿ ਪ੍ਰਭੂ-ਦਰ ਤੇ ਇਉਂ ਅਰਦਾਸ ਕਰਦਾ ਹੈ :–) ਹੇ ਪ੍ਰਭੂ ! ਤੂੰ ਸਭ ਕੁਝ ਕਰਨ ਦੀ ਤਾਕਤ ਰੱਖਦਾ ਹੈਂ, ਤੂੰ ਜੀਵ ਪੈਦਾ ਕਰ ਕੇ ਤੇ ਬੇਅੰਤ ਜੀਵਾਂ ਨੂੰ ਆਪਣੀ ਜੋਤਿ ਦਾ ਸਹਾਰਾ ਦੇ ਕੇ ਆਪ ਹੀ ਸਭ ਦੀ ਸੰਭਾਲ ਕਰਦਾ ਹੈਂ ।੫।

ਹੇ ਪ੍ਰਭੂ ! ਤੂੰ ਗੁਣਾਂ ਦਾ ਸਰੋਵਰ ਹੈਂ, ਤੂੰ ਗੁਣਾਂ ਦਾ ਅਥਾਹ ਸਮੁੰਦਰ ਹੈਂ। ਤੇਰੀ ਕੋਈ ਖਾਸ ਕੁਲ ਨਹੀਂ, ਤੇਰੇ ਉਤੇ ਮਾਇਆ ਆਪਣਾ ਪ੍ਰਭਾਵ ਨਹੀਂ ਪਾ ਸਕਦੀ, ਤੂੰ ਸਭ ਤੋਂ ਸ੍ਰੇਸ਼ਟ ਹੀਰਾ ਹੈਂ । ੬ ।

(ਗੁਰਮੁਖਿ ਸਦਾ ਇਉਂ ਅਰਦਾਸ ਕਰਦਾ ਹੈ–) ਹੇ ਰਾਜਨ ! ਤੂੰ ਆਪ ਹੀ ਸਾਰੇ ਜਗਤ ਦਾ ਪੈਦਾ ਕਰਨ ਵਾਲਾ ਹੈਂ, ਤੇ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈਂ ।

ਹੇ ਰਾਜਨ ! ਤੂੰ ਪਵਿਤ੍ਰ-ਸਰੂਪ ਹੈਂ, ਜਿਸ ਉਤੇ ਤੇਰੀ ਮੇਹਰ ਹੁੰਦੀ ਹੈ ਉਹ ਆਤ-ਮਕ ਆਨੰਦ ਮਾਣਦਾ ਹੈ । ੭ ।

ਹੇ ਨਾਨਕ ! ਜੇਹੜਾ ਭੀ ਮਨੁੱਖ ਪਰਮਾਤਮਾ ਦੇ ਨਾਮ ਦੇ ਸੁਆਦ ਵਿਚ ਮਗਨ ਹੁੰਦਾ ਹੈ ਉਹ ਮਾਇਆ ਵਲੋਂ ਰੱਜ ਜਾਂਦਾ ਹੈ, (ਉਸ ਨੂੰ ਨਿਸ਼ਚਾ ਹੋ ਜਾਂਦਾ ਹੈ ਕਿ) ਪਰਮਾਤਮਾ ਤੋਂ ਬਿਨਾ ਪ੍ਰੀਤਮ ਗੁਰੂ ਦੀ ਸਰਨ ਤੋਂ ਬਿਨਾ ਮਨੁੱਖਾ ਜੀਵਨ ਵਿਅਰਥ ਚਲਾ ਜਾਂਦਾ ਹੈ । ੮ । ੭ ।

ਬਸੰਤੁ ਹਿੰਡੋਲ ਮਹਲਾ ੧ ਘਰੁ ੨

੧ ੴਸਤਿਗੁਰਪ੍ਰਸਾਦਿ॥ ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹ-ਲਤਿ ਚਾਰਿ ਬਹਾਲੀ॥ ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕਾ ਵਾਰੀ ॥੧॥ ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮ੍ਹਾਰੀ ॥ ੧ ॥ ਰਹਾਉ ॥ ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ ॥ ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ ॥ ੨ ॥ ਨਾਸਾਬੂਰੁ ਹੋਵੈ ਫਿਰਿ ਮੰਗੈ

ਨਾਰਦੁ ਕਰੇ ਖੁਆਰੀ ॥ ਲਬੁ ਅਧੇਰਾ ਬੰਦੀਖਾਨਾ ਅਉਗਣ ਪੈਰਿ ਲੁਹਾਰੀ॥ ੩ ॥ ਪੂੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੁੋਟਵਾਰੀ ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮਾਰੀ ॥ ੪ ॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ ॥ ਦੇਵਲ ਦੇਵਤਿਆ ਕਰੁ ਲਾਗਾ ਐਸੀ ਕੀਰਤਿ ਚਾਲੀ ॥ ੫॥ ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ ॥ ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ ੬ ॥ ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤਿ ਤੁਮ੍ਹਾਰੀ ॥ ੭ ॥ ਤੀਰਥ ਸਿੰਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮ੍ਹਾਲੀ ॥ ੮ ॥ ੧ ॥ ੮ ॥

ਪਦ ਅਰਥ :—ਨਉ—ਨੌਂ ਖੰਡ । ਸਤ—ਸੱਤ ਦੀਪ । ਚਉਦਹ—ਚੌਦਾਂ ਭਵਨ । ਤੀਨਿ—ਤਿੰਨ ਲੋਕ (ਸੁਰਗ, ਮਾਤ, ਪਾਤਾਲ) । ਚਾਰਿ—ਚਾਰ ਜੁੱਗ । ਕਰਿ—ਬਣਾ ਕੇ, ਪੈਦਾ ਕਰ ਕੇ। ਮਹਲਤਿ—ਹਵੇਲੀ ਸ੍ਰਿਸ਼ਟੀ ।ਚਾਰਿ—ਚਾਰ ਖਾਣੀਆਂ ਦੀ ਰਾਹੀਂ । ਬਹਾਲੀ —ਵਸਾ ਦਿੱਤੀ । ਚਾਰੇ ਦੀਵੇ—ਚਾਰ ਹੀ ਦੀਵੇ (ਵੇਦ ਚਾਰ) । ਚਹੁ ਹਥਿ—ਚਾਰ ਹੀ ਜੁਗਾਂ ਦੇ ਹੱਥ ਵਿਚ । ਏਕਾ ਏਕਾ ਵਾਰੀ—ਆਪੋ ਆਪਣੀ ਵਾਰੀ । ੧ ।

ਮਿਹਰਵਾਨ—ਹੇ ਮਿਹਰਵਾਨ ਪ੍ਰਭੂ ! ਮਧੁਸੂਦਨ—ਹੇ ਮਧੁ-ਦੈਂਤ ਨੂੰ ਮਾਰਨ ਵਾਲੇ ! ਮਾਧੌ—ਹੇ ਮਾਇਆ ਦੇ ਪਤੀ ! [ਮਾ—ਮਾਇਆ । ਧਵ—ਖਸਮ] । ਸਕਤਿ—ਤਾਕਤ, ਸਮਰੱਥਾ । ੧ । ਰਹਾਉ ।

ਘਰਿ ਘਰਿ—ਹਰੇਕ ਸਰੀਰ ਵਿਚ । ਪਾਵਕੁ—ਅੱਗ, (ਤੇਰੀ) ਜੋਤਿ । ਧਰਮੁ—ਧਰਮਰਾਜ । ਸਿਕਦਾਰੀ—ਸਰਦਾਰੀ । ਇਕ ਵੇਰਾ—ਇਕੋ ਵਾਰੀ । ਭਾਗੁ—ਹਰੇਕ ਜੀਵ ਦੀ ਪ੍ਰਾਰਬਧ । ਭੰਡਾਰੀ—ਭੰਡਾਰਾ ਵੰਡਣ ਵਾਲਾ । ੨ ।

ਨਾਸਾਬੂਰ—ਨਾ ਸਾਬੂਰ, ਬੇ-ਸਬਰਾ, ਸਿਦਕ-ਹੀਣ । ਫਿਰਿ—ਮੁੜ ਮੁੜ । ਨਾਰਦੁ—ਮਨ । ਅਧੇਰਾ—ਹਨੇਰਾ । ਬੰਦੀਖਾਨਾ—ਕੈਦ-ਖ਼ਾਨਾ । ਪੈਰਿ—ਪੈਰ ਵਿਚ । ਲੋਹਾਰੀ—ਲੋਹੇ ਦੀ ਬੇੜੀ । ੩ ।

ਪੂੰਜੀ—(ਲੱਬ-ਗੁਸੇ ਜੀਵ ਦਾ) ਸਰਮਾਇਆ । ਮੁਦਗਰ ਮਾਰ—ਮੁਦਗਰਾਂ ਦੀ ਮਾਰ, ਮੁਹਲਿਆਂ ਦੀ ਮਾਰ । ਕੁੋਟਵਾਰੀ—ਕੋਤਵਾਲੀ [ਨੋਟ : ਅੱਖਰ 'ਕ' ਦੇ ਨਾਲ ਦੋ ਲਗਾਂ ਹਨ—ੋ, ਤੇ ੁ । ਅਸਲ ਲਫ਼ਜ਼ 'ਕੋਟਵਾਰੀ' ਹੈ, ਇਥੇ 'ਕੁਟਵਾਰੀ' ਪੜ੍ਹਨਾ ਹੈ] । ਭਾਵੈ—ਜੇ ਤੈਨੂੰ ਭਾਵੈ । ੪ ।

ਆਦਿ ਪੁਰਖ ਕਉ—ਉਸ ਨੂੰ ਜਿਸ ਨੂੰ ਪਹਿਲਾਂ ਹਿੰਦੂ-ਧਰਮ ਦੇ ਜ਼ੋਰ ਵੇਲੇ "ਆਦਿ ਪੁਰਖ" ਆਖਿਆ ਜਾਂਦਾ ਸੀ। ਅਲਹੁ ਕਹੀਐ—ਹੁਣ 'ਅੱਲਾ' ਆਖਿਆ ਜਾ ਰਿਹਾ ਹੈ ਮੁਸਲਮਾਨੀ ਰਾਜ ਵਿਚ। ਸੇਖਾਂ ਵਾਰੀ—ਮੁਸਲਮਾਨਾਂ (ਦੀ ਰਾਜ ਕਰਨ) ਦੀ ਵਾਰੀ (ਆ ਗਈ ਹੈ)। ਦੇਵਲ— [ਦੇਵ-ਆਲਯ] ਦੇਵਤਿਆਂ ਦੇ ਮੰਦਰ। ਕਰੁ—ਟੈਕਸ, ਡੰਨ। ਕੀਰਤਿ—ਰਿਵਾਜ। ੫।

ਕੂਜਾ—ਕੂਜ਼ਾ, ਲੋਟਾ। ਨਿਵਾਜ—ਨਿਮਾਜ਼। ਮੁਸਲਾ—ਮੁਸੱਲਾ। ਨੀਲ ਰੂਪ—ਨੀਲਾ ਰੂਪ, ਨੀਲੇ ਰੰਗ ਦੇ ਕੱਪੜੇ। ਬਨਵਾਰੀ—ਜਗਤ ਦਾ ਮਾਲਕ ਪ੍ਰਭੂ। ਘਰਿ ਘਰਿ—ਹਰੇਕ ਘਰ ਵਿਚ। ਮੀਆ—(ਲਫ਼ਜ਼ ਪਿਤਾ ਦੀ ਥਾਂ ਪਿਉ ਵਾਸਤੇ ਲਫ਼ਜ਼) 'ਮੀਆਂ'। ਅਵਰ—ਹੋਰ ਹੀ। ੬।

ਮੀਰ—ਪਾਤਿਸ਼ਾਹ। ਮਹੀ ਪਤਿ—ਧਰਤੀ ਦਾ ਖਸਮ [ਮਹੀ—ਧਰਤੀ]। ਕੁਦਰਤਿ—ਤਾਕਤ, ਵਟਕ, ਪੇਸ਼। ਚਾਰੇ ਕੁੰਟ—ਚਹੁ ਕੂਟਾਂ ਦੇ ਜੀਵ। ੭।

ਕਿਛੁ ਦਿਹਾੜੀ—ਥੋੜੀ ਕੁ ਮਜ਼ਦੂਰੀ ਵਜੋਂ। ਲਾਹਾ—ਲਾਭ। ਨਾਮੁ ਮੇਕਾ ਘੜੀ ਸਮ੍ਹਾਲੀ—ਜੇ ਮਨੁੱਖ ਪਰਮਾਤਮਾ ਦਾ ਨਾਮ ਇਕ ਘੜੀ-ਮਾਤ੍ਰ ਚੇਤੇ ਕਰੇ। ੮।

ਅਰਥ:—ਹੇ ਸਭ ਜੀਵਾਂ ਤੇ ਮੇਹਰ ਕਰਨ ਵਾਲੇ! ਹੇ ਦੁਸ਼ਟਾਂ ਦੇ ਨਾਸ ਕਰਨ ਵਾਲੇ! ਹੇ ਮਾਇਆ ਦੇ ਖਸਮ ਪ੍ਰਭੂ! ਤੇਰੀ ਇਹੋ ਜਿਹੀ ਤਾਕਤ ਹੈ (ਕਿ ਜਿਥੇ ਪਹਿਲਾਂ ਹਿੰਦੂ-ਧਰਮ ਦਾ ਰਾਜ ਸੀ ਤੇ ਸਭ ਲੋਕ ਆਪਣੀ ਘਰੋਗੀ ਬੋਲੀ ਵਿਚ ਹਿੰਦਕੇ ਲਫ਼ਜ਼ ਵਰਤਦੇ ਸਨ, ਉਥੇ ਹੁਣ ਤੂ ਮੁਸਲਮਾਨੀ ਰਾਜ ਕਰ ਦਿੱਤਾ ਹੈ, ਨਾਲ ਹੀ ਲੋਕਾਂ ਦੀ ਬੋਲੀ ਭੀ ਬਦਲ ਗਈ ਹੈ)। ੧। ਰਹਾਉ।

(ਜਦੋਂ ਇਥੇ ਹਿੰਦੂ-ਰਾਜ ਸੀ ਤਾਂ ਲੋਕ ਹਿੰਦਕੇ ਲਫ਼ਜ਼ ਹੀ ਵਰਤਦੇ ਸਨ ਤੇ ਆਖਿਆ ਕਰਦੇ ਸਨ ਕਿ) ਹੇ ਪ੍ਰਭੂ! ਨੌ ਖੰਡ, ਸੱਤ ਦੀਪ, ਚੌਦਾਂ ਭਵਨ, ਤਿੰਨ ਲੋਕ ਤੇ ਚਾਰ ਜੁਗ ਬਣਾ ਕੇ ਤੂੰ ਚਾਰ ਖਾਣੀਆਂ ਦੀ ਰਾਹੀਂ ਇਸ (ਸ੍ਰਿਸ਼ਟੀ-) ਹਵੇਲੀ ਨੂੰ ਵਸਾ ਦਿਤਾ, ਤੂੰ (ਚਾਰ ਵੇਦ-ਰੂਪ) ਚਾਰ ਦੀਵੇ ਚੌਹਾਂ ਜੁਗਾਂ ਦੇ ਹੱਥ ਵਿਚ ਆਪੋ ਆਪਣੀ ਵਾਰੀ ਫੜਾ ਦਿੱਤੇ। ੧।

ਹਰੇਕ ਸਰੀਰ ਵਿਚ ਤੇਰੀ ਹੀ ਜੋਤਿ ਵਿਆਪਕ ਹੈ, ਇਹ ਸਾਰੇ ਜੀਵ ਤੇਰਾ ਲਸ਼ਕਰ ਹਨ, ਤੇ ਇਹਨਾਂ ਜੀਵਾਂ ਉਤੇ (ਤੇਰਾ ਪੈਦਾ ਕੀਤਾ) ਧਰਮਰਾਜ ਸਰਦਾਰੀ ਕਰਦਾ ਹੈ, (ਤੂੰ ਇਸ ਲਸ਼ਕਰ ਦੀ ਪਾਲਣਾ ਵਾਸਤੇ) ਧਰਤੀ (-ਰੂਪ) ਦੇਗ ਬਣਾ ਦਿੱਤੀ ਜਿਸ ਵਿਚੋਂ ਇਕੋ ਵਾਰੀ (ਭਾਵ, ਅਖੁੱਟ ਭੰਡਾਰਾ) ਮਿਲਦਾ ਹੈ, ਹਰੇਕ ਜੀਵ ਦੀ ਪ੍ਰਾਰਬਧ ਤੇਰਾ ਭੰਡਾਰਾ ਵਰਤਾ ਰਹੀ ਹੈ। ੨।

(ਹੇ ਪ੍ਰਭੂ! ਤੇਰਾ ਇਤਨਾ ਬੇਅੰਤ ਭੰਡਾਰਾ ਹੁੰਦਿਆਂ ਭੀ ਜੀਵ ਦਾ ਮਨ) ਨਾਰਦ

(ਜੀਵ ਵਾਸਤੇ) ਖ਼ੁਆਰੀ ਪੈਦਾ ਕਰਦਾ ਹੈ, ਸਿਦਕ-ਹੀਣਾ ਮਨ ਮੁੜ ਮੁੜ (ਪਦਾਰਥ) ਮੰਗਦਾ ਰਹਿੰਦਾ ਹੈ। ਲੱਬ ਜੀਵ ਵਾਸਤੇ ਹਨੇਰਾ ਕੈਦਖ਼ਾਨਾ ਬਣਿਆ ਪਿਆ ਹੈ, ਤੇ ਇਸ ਦੇ ਆਪਣੇ ਕਮਾਏ ਪਾਪ ਇਸ ਦੇ ਪੈਰ ਵਿਚ ਲੋਹੇ ਦੀ ਬੇੜੀ ਬਣੇ ਪਏ ਹਨ। ੩।

(ਇਸ ਲੱਬ ਦੇ ਕਾਰਨ) ਜੀਵ ਦਾ ਸਰਮਾਇਆ ਇਹ ਹੈ ਕਿ ਇਸ ਨੂੰ, ਮਾਨੋ, ਨਿੱਤ ਮੁਹਲਿਆਂ ਦੀ ਮਾਰ ਪੈ ਰਹੀ ਹੈ, ਤੇ ਇਸ ਦਾ ਆਪਣਾ ਕਮਾਇਆ ਪਾਪ (-ਜੀਵਨ) ਇਸ ਦੇ ਸਿਰ ਉਤੇ ਕੁਤਵਾਲੀ ਕਰ ਰਿਹਾ ਹੈ। ਪਰ ਹੇ ਪ੍ਰਭੂ! (ਜੀਵ ਦੇ ਕੀਹ ਵੱਸ?) ਜਿਹੋ ਜਿਹੀ ਤੇਰੀ ਨਿਗਾਹ ਹੋਵੇ ਉਹੋ ਜਿਹਾ ਜੀਵ ਬਣ ਜਾਂਦਾ ਹੈ, ਤੈਨੂੰ ਭਾਵੇ ਤਾਂ ਚੰਗਾ ਤੈਨੂੰ ਭਾਵੇ ਤਾਂ ਮੰਦਾ ਬਣ ਜਾਂਦਾ ਹੈ (ਇਹ ਸੀ ਲੋਕਾਂ ਦੀ ਬੋਲੀ ਜੋ ਹਿੰਦੂ-ਰਾਜ ਸਮੇ ਆਮ ਤੌਰ ਤੇ ਵਰਤੀ ਜਾਂਦੀ ਸੀ)। ੪।

ਪਰ ਹੁਣ ਮੁਸਲਮਾਨੀ ਰਾਜ ਦਾ ਸਮਾ ਹੈ। (ਜਿਸ ਨੂੰ ਪਹਿਲਾਂ ਹਿੰਦਕੀ ਬੋਲੀ ਵਿਚ) ਆਦਿ ਪੁਰਖ' ਆਖਿਆ ਜਾਂਦਾ ਸੀ ਹੁਣ ਉਸ ਨੂੰ ਅੱਲਾ ਆਖਿਆ ਜਾ ਰਿਹਾ ਹੈ। ਹੁਣ ਇਹ ਰਿਵਾਜ ਚੱਲ ਪਿਆ ਹੈ ਕਿ (ਹਿੰਦੂ ਜਿੰਨ੍ਹਾਂ ਮੰਦਰਾਂ ਵਿਚ ਦੇਵਤਿਆਂ ਦੀ ਪੂਜਾ ਕਰਦੇ ਹਨ, ਉਹਨਾਂ) ਦੇਵ-ਮੰਦਰਾਂ ਉਤੇ ਟੈਕਸ ਲਾਇਆ ਜਾ ਰਿਹਾ ਹੈ। ੫।

ਹੁਣ ਲੋਟਾ, ਬਾਂਗ, ਨਿਮਾਜ਼, ਮੁਸੱਲਾ (ਪ੍ਰਧਾਨ ਹਨ), ਪਰਮਾਤਮਾ ਦੀ ਬੰਦਗੀ ਕਰਨ ਵਾਲਿਆਂ ਨੇ ਨੀਲਾ ਬਾਣਾ ਪਹਿਨਿਆ ਹੋਇਆ ਹੈ। ਹੁਣ ਤੇਰੀ (ਭਾਵ, ਤੇਰੇ ਬੰਦਿਆਂ ਦੀ) ਬੋਲੀ ਹੀ ਹੋਰ ਹੋ ਗਈ ਹੈ, ਹਰੇਕ ਘਰ ਵਿਚ ਸਭ ਜੀਵਾਂ ਦੇ ਮੂੰਹ ਵਿਚ (ਲਫ਼ਜ਼ 'ਪਿਤਾ' ਦੇ ਥਾਂ) ਲਫ਼ਜ਼ 'ਮੀਆਂ' ਪ੍ਰਧਾਨ ਹੈ। ੬।

ਹੇ ਪਾਤਿਸ਼ਾਹ! ਤੂੰ ਧਰਤੀ ਦਾ ਖਸਮ ਹੈਂ, ਮਾਲਕ ਹੈਂ, ਜੇ ਤੂੰ (ਇਹੀ ਪਸੰਦ ਕਰਦਾ ਹੈਂ ਕਿ ਇਥੇ ਇਸਲਾਮੀ ਰਾਜ ਹੋ ਜਾਏ) ਤਾਂ ਸਾਡੀ ਜੀਵਾਂ ਦੀ ਕੀਹ ਤਾਕਤ ਹੈ (ਕਿ ਗਿਲ੍ਹਾ ਕਰ ਸਕੀਏ)? ਚਹੁੰ ਕੂਟਾਂ ਦੇ ਜੀਵ, ਹੇ ਪਾਤਿਸ਼ਾਹ! ਤੈਨੂੰ ਸਲਾਮ ਕਰਦੇ ਹਨ (ਤੇਰੇ ਅੱਗੇ ਹੀ ਨਿਊਂਦੇ ਹਨ) ਹਰੇਕ ਘਰ ਵਿਚ ਤੇਰੀ ਹੀ ਸਿਫਤਿ ਸਾਲਾਹ ਹੋ ਰਹੀ ਹੈ (ਤੇਰੇ ਅੱਗੇ ਹੀ ਤੇਰੇ ਪੈਦਾ ਕੀਤੇ ਬੰਦੇ ਆਪਣੀਆਂ ਤਕਲੀਫ਼ਾਂ ਦੱਸ ਸਕਦੇ ਹਨ)। ੭।

(ਪਰ ਤੀਰਥਾਂ ਮੰਦਰਾਂ ਆਦਿਕ ਉਤੇ ਰੋਕ ਤੇ ਗਿਲ੍ਹੇ ਦੀ ਭੀ ਲੋੜ ਨਹੀਂ ਕਿਉਂਕਿ) ਤੀਰਥਾਂ ਦੇ ਇਸ਼ਨਾਨ, ਸਿੰਮ੍ਰਿਤੀਆਂ ਦੇ ਪਾਠ ਤੇ ਦਾਨ ਪੁੰਨ ਆਦਿਕ ਦਾ ਜੇ ਕੋਈ ਲਾਭ ਹੈ ਤਾਂ ਉਹ (ਤਿਲ-ਮਾਤ੍ਰ ਹੀ ਹੈ) ਥੋੜੀ ਕੁ ਮਜ਼ਦੂਰੀ ਵਜੋਂ ਹੀ ਹੈ। ਹੇ ਨਾਨਕ! ਜੇ ਕੋਈ ਮਨੁੱਖ ਪਰਮਾਤਮਾ ਦਾ ਨਾਮ ਇਕ ਘੜੀ-ਮਾਤ੍ਰ ਹੀ ਚੇਤੇ ਕਰੇ ਤਾਂ ਉਸ ਨੂੰ (ਲੋਕ ਪਰਲੋਕ ਵਿਚ) ਆਦਰ ਮਿਲਦਾ ਹੈ। ੮। ੧। ੮।

ਨੋਟ :—ਇਹ ਅਸ਼ਟਪਦੀ 'ਘਰੁ ੨' ਦੀ ਹੈ। ਪਹਿਲੀਆਂ ੭ ਅਸ਼ਟਪਦੀਆਂ

'ਘਰੁ ੧' ਦੀਆਂ ਹਨ। ਕੁੱਲ ਜੋੜ ੯ ਹੈ।

ਨੋਟ :-ਇਹ ਅਸ਼ਟਪਦੀ ਰਾਗ ਬਸੰਤ ਅਤੇ ਰਾਗ ਹਿੰਡੋਲ ਦੋਹਾਂ ਮਿਲਵੇਂ ਰਾਗਾਂ ਵਿਚ ਗਾਈ ਜਾਣੀ ਹੈ।

ਬਸੰਤੁ ਹਿੰਡੋਲੁ ਘਰੁ ੨ ਮਹਲਾ ੪

੧ ਓ ਸਤਿਗੁਰਪ੍ਰਸਾਦਿ ॥ ਕਾਂਇਆ ਨਗਰਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ॥ ਅਨਿਕ ਉਪਾਵ ਜਤਨ ਕਰਿ ਥਾਕੇ ਬਾਰੰ ਬਾਰ ਭਰਮਾਈ ॥ ੧ ॥ ਮੇਰੇ ਠਾਕੁਰ ਬਾਲਕੁ ਇਕਤੁ ਘਰਿ ਆਣੁ ॥ ਸਤਿਗੁਰੁ ਮਿਲੈ ਤ ਪੂਰਾ ਪਾਈਐ ਭਜੁ ਰਾਮਨਾਮੁ ਨੀਸਾਣੁ ॥ ੧ ॥ ਰਹਾਉ ॥ ਇਹੁ ਮਿਰਤਕੁ ਮੜਾ ਸਰੀਰੁ ਹੈ ਸਭੁ ਜਗੁ ਜਿਤੁ ਰਾਮਨਾਮੁ ਨਹੀ ਵਸਿਆ ॥ ਰਾਮਨਾਮੁ ਗੁਰਿ ਉਦਕੁ ਚੁਆਇਆ ਫਿਰਿ ਹਰਿਆ ਹੋਆ ਰਸਿਆ ॥ ੨ ॥ ਮੈ ਨਿਰਖਤ ਨਿਰਖਤ ਸਰੀਰੁ ਸਭੁ ਖੋਜਿਆ ਇਕੁ ਗੁਰਮੁਖਿ ਚਲਤੁ ਦਿਖਾਇਆ ॥ ਬਾਹਰੁ ਖੋਜਿ ਮੁਏ ਸਭਿ ਸਾਕਤ ਹਰਿ ਗੁਰਮਤੀ ਘਰਿ ਪਾਇਆ ॥ ੩ ॥ ਦੀਨਾ ਦੀਨ ਦਇਆਲ ਭਏ ਹੈ ਜਿਉ ਕ੍ਰਿਸਨੁ ਬਿਦਰ ਘਰਿ ਆਇਆ ॥ ਮਿਲਿਓ ਸੁਦਾਮਾ ਭਾਵਨੀ ਧਾਰਿ ਸਭੁ ਕਿਛੁ ਆਗੈ ਦਾਲਦੁ ਭੰਜਿ ਸਮਾਇਆ ॥ ੪ ॥

ਪਦ ਅਰਥ :-ਕਾਂਇਆ-ਸਰੀਰ। ਨਗਰਿ-ਨਗਰ ਵਿਚ। ਕਾਂਇਆ ਨਗਰਿ-ਸਰੀਰ-ਨਗਰ ਵਿਚ। ਬਾਲਕੁ-ਅੰਞਾਣ ਮਨ। ਖਿਨੁ ਪਲੁ-ਰਤਾ ਭਰ ਸਮੇ ਲਈ ਭੀ। ਥਿਰੁ-ਅਡੋਲ। ਉਪਾਵ-[ਲਫ਼ਜ਼ 'ਉਪਾਉ' ਤੋਂ ਬਹੁ ਵਚਨ]। ਕਰਿ-ਕਰ ਕੇ। ਬਾਰੰ ਬਾਰ-ਮੁੜ ਮੁੜ। ਭਰਮਾਈ-ਭਟਕਦਾ ਫਿਰਦਾ ਹੈ।੧।

ਠਾਕੁਰ-ਹੇ ਮਾਲਕ ! ਇਕਤੁ ਘਰਿ-ਇੱਕ ਟਿਕਾਣੇ ਤੇ। ਆਣੁ-ਲਿਆ, ਟਿਕਾ ਦੇ। ਤ-ਤਦੋਂ। ਪਾਈਐ-ਮਿਲਦਾ ਹੈ। ਭਜੁ-ਸਿਮਰਿਆ ਕਰ। ਨੀਸਾਣੁ-(ਪ੍ਰਭੂ ਦੇ ਦਰ ਤੇ ਪਹੁੰਚਣ ਲਈ) ਰਾਹਦਾਰੀ, ਪਰਵਾਨਾ।੧। ਰਹਾਉ।

ਮਿਰਤਕੁ-ਮੁਰਦਾ। ਮੜਾ-ਮੜ੍ਹ, ਮਿੱਟੀ ਦਾ ਢੇਰ। ਸਭੁ ਜਗੁ-ਸਾਰਾ ਜਗਤ। ਜਿਤੁ-ਜਿਸ ਵਿਚ, ਜੇ ਇਸ ਵਿਚ। ਗੁਰਿ-ਗੁਰੂ ਨੇ। ਉਦਕੁ-ਜਲ, ਪਾਣੀ। ਹਰਿਆ-ਹਰਾ-ਭਰਾ, ਆਤਮਕ ਜੀਵਨ ਵਾਲਾ। ਰਸਿਆ-ਤਰਾਵਤ ਵਾਲਾ।੨।

ਨਿਰਖਤ ਨਿਰਖਤ-ਚੰਗੀ ਤਰ੍ਹਾਂ ਵੇਖਦਿਆਂ ਵੇਖਦਿਆਂ। ਸਭੁ-ਸਾਰਾ। ਗੁਰਮੁਖਿ -ਗੁਰੂ ਨੇ। ਚਲਤੁ-ਤਮਾਸ਼ਾ। ਬਾਹਰੁ-ਬਾਹਰਲਾ ਪਾਸਾ, ਦੁਨੀਆ, ਜਗਤ। ਖੋਜਿ-ਢੂੰਢ ਕੇ। ਮੁਏ-ਆਤਮਕ ਮੌਤ ਸਹੇੜ ਬੈਠੇ। ਸਭਿ-ਸਾਰੇ। ਸਾਕਤ-ਪਰਮਾਤਮਾ ਨਾਲੋਂ

ਟੁੱਟੇ ਹੋਏ ਮਨੁੱਖ । ਗੁਰਮਤੀ–ਗੁਰੂ ਦੀ ਮਤਿ ਉਤੇ ਤੁਰ ਕੇ । ਘਰਿ– ਹਿਰਦੇ-ਘਰ ਵਿਚ । ੩ ।

ਦੀਂਨਾ ਦੀਨ–ਕੰਗਾਲਾਂ ਤੋਂ ਕੰਗਾਲ, ਮਹਾ ਕੰਗਾਲ । ਦਇਆਲ–ਦਇਆਵਾਨ। ਬਿਦਰ–ਕ੍ਰਿਸ਼ਨ ਜੀ ਦਾ ਪ੍ਰਸਿੱਧ ਭਗਤ । ਇਹ ਵਿਆਸ ਦਾ ਪੁੱਤਰ ਸੀ : ਕ੍ਰਿਸ਼ਨ ਜੀ ਦੁਰਜੋਧਨ ਦੇ ਮਹਲਾਂ ਵਿਚ ਜਾਣ ਦੇ ਥਾਂ ਭਗਤ ਬਿਦਰ ਦੇ ਘਰ ਗਏ ਸਨ । "ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ।" ਭਾਵਨੀ–ਸਰਧਾ । ਧਾਰਿ–ਧਾਰ ਕੇ । ਆਗੈ–(ਘਰ ਪਹੁੰਚਣ ਤੋਂ) ਪਹਿਲਾਂ ਹੀ । ਦਾਲਦੁ–ਗਰੀਬੀ । ਭੰਜਿ–ਦੂਰ ਕਰ ਕੇ, ਨਾਸ ਕਰ ਕੇ ।੪।

ਅਰਥ :– ਹੇ ਮੇਰੇ ਮਾਲਕ ! (ਅਸਾਂ ਜੀਵਾਂ ਦੇ ਇਸ) ਅੰਞਾਣ ਮਨ ਨੂੰ ਤੂੰ ਹੀ ਇੱਕ ਟਿਕਾਣੇ ਤੇ ਲਿਆ (ਤੇਰੀ ਮਿਹਰ ਨਾਲ ਹੀ ਮਨ ਭਟਕਣੋਂ ਹਟ ਕੇ ਟਿਕ ਸਕਦਾ ਹੈ) । ਹੇ ਭਾਈ ! ਜਦੋਂ ਗੁਰੂ ਮਿਲਦਾ ਹੈ ਤਦੋਂ ਪੂਰਨ ਪਰਮਾਤਮਾ ਮਿਲ ਪੈਂਦਾ ਹੈ (ਤਦੋਂ ਮਨ ਭੀ ਟਿਕ ਜਾਂਦਾ ਹੈ) । (ਇਸ ਵਾਸਤੇ, ਹੇ ਭਾਈ ! ਗੁਰੂ ਦੀ ਸਰਨ ਪੈ ਕੇ) ਪਰਮਾਤਮਾ ਦਾ ਨਾਮ ਜਪਿਆ ਕਰੋ (ਇਹ ਹਰਿ ਨਾਮ ਹੀ ਪਰਮਾਤਮਾ ਦੇ ਦਰ ਤੇ ਪਹੁੰਚਣ ਲਈ) ਰਾਹਦਾਰੀ ਹੈ । ੧ । ਰਹਾਉ ।

ਹੇ ਭਾਈ ! ਸਰੀਰ-ਨਗਰ ਵਿਚ (ਇਹ ਮਨ) ਇਕ (ਅਜਿਹਾ) ਅੰਞਾਣ ਬਾਲ ਵੱਸਦਾ ਹੈ ਜੋ ਰਤਾ ਭਰ ਸਮੇ ਲਈ ਭੀ ਟਿਕਿਆ ਨਹੀਂ ਰਹਿ ਸਕਦਾ । (ਇਸ ਨੂੰ ਟਿਕਾਣ ਵਾਸਤੇ ਲੋਕ) ਅਨੇਕਾਂ ਹੀਲੇ ਅਨੇਕਾਂ ਜਤਨ ਕਰ ਕੇ ਥੱਕ ਜਾਂਦੇ ਹਨ, ਪਰ (ਇਹ ਮਨ) ਮੁੜ ਮੁੜ ਭਟਕਦਾ ਫਿਰਦਾ ਹੈ । ੧ ।

ਹੇ ਭਾਈ ! ਜੇ ਇਸ (ਸਰੀਰ) ਵਿਚ ਪਰਮਾਤਮਾ ਦਾ ਨਾਮ ਨਹੀਂ ਵੱਸਿਆ, ਤਾਂ ਇਹ ਮੁਰਦਾ ਹੈ ਤਾਂ ਇਹ ਨਿਰਾ ਮਿੱਟੀ ਦਾ ਢੇਰ ਹੀ ਹੈ । ਹੇ ਭਾਈ ! ਸਾਰਾ ਜਗਤ ਹੀ ਨਾਮ ਤੋਂ ਬਿਨਾ ਮੁਰਦਾ ਹੈ । ਹੇ ਭਾਈ ! ਪਰਮਾਤਮਾ ਦਾ ਨਾਮ (ਆਤਮਕ ਜੀਵਨ ਦੇਣ ਵਾਲਾ) ਜਲ ਹੈ, ਗੁਰੂ ਨੇ (ਜਿਸ ਮਨੁੱਖ ਦੇ ਮੂੰਹ ਵਿਚ ਇਹ ਨਾਮ-) ਜਲ ਚੋ ਦਿੱਤਾ, ਉਹ ਮਨੁੱਖ ਮੁੜ ਆਤਮਕ ਜੀਵਨ ਵਾਲਾ ਹੋ ਗਿਆ, ਉਹ ਮਨੁੱਖ ਆਤਮਕ ਤਰਾਵਤ ਵਾਲਾ ਹੋ ਗਿਆ । ੨ ।

ਹੇ ਭਾਈ ! ਪਰਮਾਤਮਾ ਤੋਂ ਟੁੱਟੇ ਹੋਏ ਸਾਰੇ ਮਨੁੱਖ ਦੁਨੀਆ ਢੂੰਢ ਢੂੰਢ ਕੇ ਆਤਮਕ ਮੌਤ ਸਹੇੜ ਲੈਂਦੇ ਹਨ । ਪਰ ਗੁਰੂ ਨੇ (ਮੈਨੂੰ) ਇਕ ਅਜਬ ਤਮਾਸ਼ਾ ਵਿਖਾਇਆ ਹੈ, ਮੈਂ ਬੜੇ ਗਹੁ ਨਾਲ ਆਪਣਾ ਸਾਰਾ ਸਰੀਰ (ਹੀ) ਖੋਜਿਆ ਹੈ, ਗੁਰੂ ਦੀ ਮਤਿ ਉੱਤੇ ਤੁਰ ਕੇ ਮੈਂ ਆਪਣੇ ਹਿਰਦੇ-ਘਰ ਵਿਚ ਹੀ ਪਰਮਾਤਮਾ ਨੂੰ ਲੱਭ ਲਿਆ ਹੈ । ੩ ।

ਹੇ ਭਾਈ ! ਪਰਮਾਤਮਾ ਵਡੇ ਵਡੇ ਗਰੀਬਾਂ ਉੱਤੇ (ਸਦਾ) ਦਇਆਵਾਨ ਹੁੰਦਾ

ਆਇਆ ਹੈ ਜਿਵੇਂ ਕਿ ਕ੍ਰਿਸ਼ਨ (ਗਰੀਬ) ਬਿਦਰ ਦੇ ਘਰ ਆਇਆ ਸੀ। ਤੇ, ਜਦੋਂ (ਗਰੀਬ) ਸੁਦਾਮਾ ਸਰਧਾ ਧਾਰ ਕੇ (ਕ੍ਰਿਸ਼ਨ ਜੀ ਨੂੰ) ਮਿਲਿਆ ਸੀ, ਤਾਂ (ਵਾਪਸ ਉਸ ਦੇ ਆਪਣੇ ਘਰ ਪਹੁੰਚਣ ਤੋਂ) ਪਹਿਲਾਂ ਹੀ ਉਸ ਦੀ ਗਰੀਬੀ ਦੂਰ ਕਰ ਕੇ ਹਰੇਕ ਪਦਾਰਥ (ਉਸ ਦੇ ਘਰ) ਪਹੁਚ ਚੁਕਾ ਸੀ। ੪।

ਰਾਮਨਾਮ ਕੀ ਪੈਜ ਵਡੇਰੀ ਮੇਰੇ ਠਾਕੁਰਿ ਆਪਿ ਰਖਾਈ ॥ ਜੇ ਸਭਿ ਸਾਕਤ ਕਰਹਿ ਬਖੀਲੀ ਇਕ ਰਤੀ ਤਿਲੁ ਨ ਘਟਾਈ ॥ ੫ ॥ ਜਨ ਕੀ ਉਸਤਤਿ ਹੈ ਰਾਮਨਾਮਾ ਦਹਦਿਸਿ ਸੋਭਾ ਪਾਈ ॥ ਨਿੰਦਕੁ ਸਾਕਤੁ ਖਵਿ ਨ ਸਕੈ ਤਿਲੁ, ਅਪਣੈ ਘਰਿ ਲੂਕੀ ਲਾਈ ॥ ੬ ॥ ਜਨ ਕਉ ਜਨੁ ਮਿਲਿ ਸੋਭਾ ਪਾਵੈ ਗੁਣ ਮਹਿ ਗੁਣ ਪਰਗਾਸਾ ॥ ਮੇਰੇ ਠਾਕੁਰ ਕੇ ਜਨ ਪ੍ਰੀਤਮ ਪਿਆਰੇ ਜੋ ਹੋਵਹਿ ਦਾਸਨਿ ਦਾਸਾ ॥ ੭ ॥ ਆਪੇ ਜਲੁ ਅਪਰੰਪਰੁ ਕਰਤਾ ਆਪੇ ਮੇਲਿ ਮਿਲਾਵੈ ॥ ਨਾਨਕ ਗੁਰਮੁਖਿ ਸਹਜਿ ਮਿਲਾਏ ਜਿਉ ਜਲੁ ਜਲਹਿ ਸਮਾਵੈ ॥ ੮ ॥ ੧ ॥ ੬ ॥

ਪਦ ਅਰਥ :—ਕੀ—ਦੀ, ਦੀ ਰਾਹੀਂ, ਦੇ ਕਾਰਨ। ਪੈਜ—ਇੱਜ਼ਤ। ਵਡੇਰੀ—ਬਹੁਤ ਵੱਡੀ। ਠਾਕੁਰਿ—ਠਾਕੁਰ ਨੇ। ਸਭਿ—ਸਾਰੇ। ਸਾਕਤ—ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ। ਕਰਹਿ—[ਬਹੁ ਵਚਨ] ਕਰਨ। ਬਖੀਲੀ—(ਨਾਮ ਜਪਣ ਵਾਲੇ ਦੀ) ਨਿੰਦਿਆ, ਚੁਗਲੀ। ੫।

ਜਨ—ਪਰਮਾਤਮਾ ਦਾ ਭਗਤ। ਉਸਤਤਿ—ਸੋਭਾ। ਦਿਸਿ—ਪਾਸਾ। ਦਹਦਿਸਿ—ਦਸੀਂ ਪਾਸੀਂ, ਸਾਰੇ ਜਗਤ ਵਿਚ। ਸਾਕਤੁ—[ਇਕ ਵਚਨ] ਪ੍ਰਭੂ ਨਾਲੋਂ ਟੁੱਟਾ ਹੋਇਆ ਮਨੁੱਖ। ਖਵਿ ਨ ਸਕੈ—ਸਹਾਰ ਨਹੀਂ ਸਕਦਾ। ਘਰਿ—ਹਿਰਦੇ-ਘਰ ਵਿਚ। ਲੂਕੀ—ਚੁਆਤੀ। ੬।

ਮਿਲਿ—ਮਿਲ ਕੇ। ਪਾਵੈ—ਹਾਸਲ ਕਰਦਾ ਹੈ। ਪਰਗਾਸਾ—ਚਾਨਣ। ਪ੍ਰੀਤਮ ਪਿਆਰੇ—ਪ੍ਰੀਤਮ-ਪ੍ਰਭੂ ਨੂੰ ਪਿਆਰੇ ਲੱਗਦੇ ਹਨ। ਜੋ—ਜਿਹੜੇ। ਹੋਵਹਿ—[ਬਹੁ ਵਚਨ] ਹੁੰਦੇ ਹਨ। ਦਾਸਨਿ ਦਾਸਾ—ਦਾਸਾਂ ਦੇ ਦਾਸ। ੭।

ਆਪੇ—(ਪ੍ਰਭੂ) ਆਪ ਹੀ। ਅਪਰੰਪਰੁ ਕਰਤਾ—ਬੇਅੰਤ ਪਰਮਾਤਮਾ। ਮੇਲਿ—(ਗੁਰੂ ਦੀ) ਸੰਗਤਿ ਵਿਚ। ਮਿਲਾਵੈ—ਮਿਲਾਂਦਾ ਹੈ। ਗੁਰਮੁਖਿ—ਗੁਰੂ ਦੀ ਰਾਹੀਂ। ਸਹਜਿ—ਆਤਮਕ ਅਡੋਲਤਾ ਵਿਚ। ਜਲਹਿ—ਜਲ ਵਿਚ ਹੀ। ੮।

ਅਰਥ :—ਹੇ ਭਾਈ! ਪਰਮਾਤਮਾ ਦਾ ਨਾਮ (ਜਪਣ ਵਾਲਿਆਂ) ਦੀ ਬਹੁਤ ਜ਼ਿਆਦਾ ਇੱਜ਼ਤ (ਲੋਕ ਪਰਲੋਕ ਵਿਚ ਹੁੰਦੀ) ਹੈ। (ਭਗਤਾਂ ਦੀ ਇਹ ਇੱਜ਼ਤ ਸਦਾ ਤੋਂ

ਹੀ) ਮਾਲਕ-ਪ੍ਰਭੂ ਨੇ ਆਪ (ਹੀ) ਬਚਾਈ ਹੋਈ ਹੈ। ਪਰਮਾਤਮਾ ਤੋਂ ਟੁੱਟੇ ਹੋਏ ਜੇ ਸਾਰੇ ਬੰਦੇ (ਰਲ ਕੇ ਭੀ ਭਗਤ ਜਨਾਂ ਦੀ) ਨਿੰਦਿਆ ਕਰਨ, (ਤਾਂ ਭੀ ਪਰਮਾਤਮਾ ਉਹਨਾਂ ਦੀ ਇੱਜ਼ਤ) ਰਤਾ ਭਰ ਭੀ ਘਟਣ ਨਹੀਂ ਦੇਂਦਾ।੫।

ਹੇ ਭਾਈ! ਪਰਮਾਤਮਾ ਦਾ ਨਾਮ (ਜਪਣ ਦਾ ਸਦਕਾ ਹੀ ਪਰਮਾਤਮਾ ਦੇ) ਸੇਵਕ ਦੀ (ਲੋਕ ਪਰਲੋਕ ਵਿਚ) ਸੋਭਾ ਹੁੰਦੀ ਹੈ, (ਸੇਵਕ ਨਾਮ ਦੀ ਬਰਕਤਿ ਨਾਲ) ਹਰ ਪਾਸੇ ਸੋਭਾ ਖੱਟਦਾ ਹੈ। ਪਰ ਪਰਮਾਤਮਾ ਨਾਲੋਂ ਟੁੱਟਾ ਹੋਇਆ ਨਿੰਦਕ ਮਨੁੱਖ (ਸੇਵਕ ਦੀ ਹੋ ਰਹੀ ਸੋਭਾ ਨੂੰ) ਰਤਾ ਭਰ ਭੀ ਜਰ ਨਹੀਂ ਸਕਦਾ (ਇਸ ਤਰ੍ਹਾਂ ਉਹ ਨਿੰਦਕ ਸੇਵਕ ਦਾ ਤਾਂ ਕੁਝ ਨਹੀਂ ਵਿਗਾੜ ਸਕਦਾ, ਉਹ) ਆਪਣੇ ਹਿਰਦੇ-ਘਰ ਵਿਚ (ਹੀ ਈਰਖਾ ਤੇ ਸਾੜੇ ਦੀ) ਚੁਆਤੀ ਲਾਈ ਰੱਖਦਾ ਹੈ (ਨਿੰਦਕ ਆਪ ਹੀ ਅੰਦਰੇ ਅੰਦਰ ਸੜਦਾ-ਭੁੱਜਦਾ ਰਹਿੰਦਾ ਹੈ)।੬।

ਹੇ ਭਾਈ! (ਨਿੰਦਕ ਤਾਂ ਅੰਦਰੇ ਅੰਦਰ ਸੜਦਾ ਹੈ, ਦੂਜੇ ਪਾਸੇ) ਪਰਮਾਤਮਾ ਦਾ ਭਗਤ ਪ੍ਰਭੂ ਦੇ ਭਗਤ ਨੂੰ ਮਿਲ ਕੇ ਸੋਭਾ ਖੱਟਦਾ ਹੈ, ਉਸ ਦੇ ਆਤਮਕ ਗੁਣਾਂ ਵਿਚ (ਭਗਤ-ਜਨ ਨੂੰ ਮਿਲ ਕੇ) ਹੋਰ ਗੁਣਾਂ ਦਾ ਵਾਧਾ ਹੁੰਦਾ ਹੈ। ਹੇ ਭਾਈ! ਜਿਹੜੇ ਮਨੁੱਖ ਪਰਮਾਤਮਾ ਦੇ ਦਾਸਾਂ ਦੇ ਦਾਸ ਬਣਦੇ ਹਨ, ਉਹ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ।੭।

ਹੇ ਭਾਈ! (ਪਰਮਾਤਮਾ ਸਭਨਾਂ ਉਤੇ ਦਇਆ ਕਰਨ ਵਾਲਾ ਹੈ। ਉਹ ਸਾਕਤ ਨਿੰਦਕ ਨੂੰ ਭੀ ਬਚਾਣ ਵਾਲਾ ਹੈ। ਸਾਕਤ ਨਿੰਦਕ ਦੇ ਅੰਦਰ ਦੀ ਈਰਖਾ ਦੀ ਅੱਗ ਬੁਝਾਣ ਲਈ) ਉਹ ਬੇਅੰਤ ਕਰਤਾਰ ਆਪ ਹੀ ਜਲ ਹੈ, ਉਹ ਆਪ ਹੀ (ਨਿੰਦਕ ਨੂੰ ਭੀ ਗੁਰੂ ਦੀ) ਸੰਗਤਿ ਵਿਚ (ਲਿਆ) ਜੋੜਦਾ ਹੈ। ਹੇ ਨਾਨਕ! ਪਰਮਾਤਮਾ ਗੁਰੂ ਦੀ ਸਰਨ ਪਾ ਕੇ (ਨਿੰਦਕ ਨੂੰ ਭੀ) ਆਤਮਕ ਅਡੋਲਤਾ ਵਿਚ (ਇਉਂ) ਮਿਲਾ ਦੇਂਦਾ ਹੈ ਜਿਵੇਂ ਪਾਣੀ ਪਾਣੀ ਵਿਚ ਮਿਲ ਜਾਂਦਾ ਹੈ।੮।੧।੯।

ਬਸੰਤੁ ਮਹਲਾ ੫ ਘਰੁ ੧ ਦੁਤੁਕੀਆ

ੴ ਸਤਿਗੁਰ ਪ੍ਰਸਾਦਿ॥ ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥ ਬਾਲਮੀਕੈ ਹੋਆ ਸਾਧ ਸੰਗੁ॥ ਧ੍ਰੂ ਕਉ ਮਿਲਿਆ ਹਰਿ ਨਿਸੰਗ॥੧॥ ਤੇਰਿਆ ਸੰਤਾ ਜਾਚਉ ਚਰਨ ਰੇਨ॥ ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥੧॥ ਰਹਾਉ॥ ਗਨਿਕਾ ਉਧਰੀ ਹਰਿ ਕਹੈ ਤੋਤ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥ ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥੨॥

ਬਧਿਕੁ ਉਧਾਰਿਓ ਖਮਿ ਪ੍ਰਹਾਰ ॥ ਕੁਬਿਜਾ ਉਧਰੀ ਅੰਗੁਸਟ ਧਾਰ ॥ ਬਿਦਰੁ ਉਧਾਰਿਓ ਦਾਸਤ ਭਾਇ ॥ ਰੇ ਮਨ ਤੂ ਭੀ ਹਰਿ ਧਿਆਇ ॥ ੩ ॥ ਪ੍ਰਹਲਾਦ ਰਖੀ ਹਰਿ ਪੈਜ ਆਪ ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ ॥ ਜਿਨਿ ਜਿਨਿ ਸੇਵਿਆ ਅੰਤ ਬਾਰ ॥ ਰੇ ਮਨ ਸੇਵਿ ਤੂ ਪਰਹਿ ਪਾਰ ॥ ੪ ॥

ਪਦ ਅਰਥ :—ਸੁਣਿ—ਸੁਣ ਕੇ। ਸਾਖੀ—(ਗੁਰੂ ਦੀ) ਸਿੱਖਿਆ। ਮਨ—ਹੇ ਮਨ! ਜਪਿ ਪਿਆਰ—ਪਿਆਰ ਨਾਲ (ਪਰਮਾਤਮਾ ਦਾ ਨਾਮ) ਜਪਿਆ ਕਰ। ਉਧਰਿਆ—(ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਿਆ। ਕਹਿ—ਆਖ ਕੇ, ਸਿਮਰ ਕੇ। ਏਕ ਬਾਰ—ਇਕੋ ਵਾਰੀ, ਸਦਾ ਲਈ। ਸਾਧ ਸੰਗੁ—ਗੁਰੂ ਦੀ ਸੰਗਤਿ। ਕਉ—ਨੂੰ। ਨਿਸੰਗ—ਝਾਕਾ ਲਾਹ ਕੇ ।੧।

ਜਾਚਉ—ਜਾਚਉਂ, ਮੈਂ ਮੰਗਦਾ ਹਾਂ। ਚਰਨ ਰੇਨ—ਚਰਨਾਂ ਦੀ ਧੂੜ। ਲੇ—ਲੈ ਕੇ। ਮਸਤਕਿ—ਮੱਥੇ ਉੱਤੇ। ਲਾਵਉ—ਲਾਵਉਂ, ਮੈਂ ਲਾਵਾਂ। ਕਰਿ ਕ੍ਰਿਪਾ ਦੇਨ—ਦੇਣ ਦੀ ਕਿਰਪਾ ਕਰ।੧। ਰਹਾਉ।

ਗਨਿਕਾ—ਵੇਸੁਆ। ਉਧਰੀ-(ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਈ। ਕਹੈ—ਉਚਾਰਦਾ ਹੈ। ਤੋਤ—ਤੋਤਾ। ਗਜ—ਹਾਥੀ। ਗਜ ਇੰਦ੍ਰ—ਵੱਡਾ ਹਾਥੀ। ਕੀਓ—ਕਰ ਦਿੱਤਾ। ਮੋਖ—ਬੰਧਨਾਂ ਤੋਂ ਆਜ਼ਾਦ। ਬਿਪ੍ਰ—ਬ੍ਰਾਹਮਣ। ਦਾਲਦੁ—ਗਰੀਬੀ। ਭੰਜ—ਨਾਸ (ਕੀਤਾ)। ਭਜੁ—ਜਪਿਆ ਕਰ ।੨।

ਬਧਿਕੁ—ਸ਼ਿਕਾਰੀ। ਉਧਾਰਿਆ—(ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦਿੱਤਾ। ਖਮਿ—ਤੀਰ ਨਾਲ। ਖਮਿ ਪ੍ਰਹਾਰ—(ਕ੍ਰਿਸ਼ਨ ਜੀ ਨੂੰ) ਤੀਰ ਨਾਲ ਮਾਰਨ ਵਾਲਾ। ਕੁਬਿਜਾ-ਕੁੱਬੇ ਲੱਕ ਵਾਲੀ। ਅੰਗੁਸਟ—ਅੰਗੂਠਾ। ਅੰਗੁਸਟ ਧਾਰ—(ਕ੍ਰਿਸ਼ਨ ਜੀ ਦੇ) ਅੰਗੂਠੇ ਦੇ ਛੁਹਣ ਨਾਲ। ਦਾਸ—ਸੇਵਕ। ਦਾਸਤ ਭਾਇ—ਸੇਵਾ ਦੇ ਭਾਵ ਨਾਲ ।੩।

ਪੈਜ—ਲਾਜ, ਇੱਜ਼ਤ। ਬਸਤ੍ਰ—ਕੱਪੜੇ। ਬਸਤ੍ਰ ਛੀਨਤ—ਬਸਤ੍ਰ ਖੋਹੇ ਜਾਣ ਵੇਲੇ। ਜਿਨਿ—ਜਿਸ ਨੇ। ਜਿਨਿ ਜਿਨਿ-ਜਿਸ ਜਿਸ ਨੇ। ਸੇਵਿਆ—ਸਰਨ ਲਈ, ਆਸਰਾ ਲਿਆ, ਭਗਤੀ ਕੀਤੀ। ਅੰਤ ਬਾਰ—ਅਖ਼ੀਰਲੇ ਸਮੇ। ਪਰਹਿ ਪਾਰ—ਤੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਹਿੰਗਾ ।੪।

ਅਰਥ :—ਹੇ ਪ੍ਰਭੂ! ਮੈਂ ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ, ਦੇਣ ਦੀ ਕਿਰਪਾ ਕਰ (ਉਹ ਚਰਨ-ਧੂੜ ਲੈ ਕੇ) ਮੈਂ ਆਪਣੇ ਮੱਥੇ ਤੇ ਲਾਵਾਂਗਾ।੧।

ਰਹਾਉ ।

ਹੇ (ਮੇਰੇ) ਮਨ ! (ਗੁਰੂ ਦੀ) ਸਿੱਖਿਆ ਸੁਣ ਕੇ ਪ੍ਰੇਮ ਨਾਲ (ਪਰਮਾਤਮਾ ਦਾ ਨਾਮ) ਜਪਿਆ ਕਰ । ਅਜਾਮਲ (ਪ੍ਰਭੂ ਦਾ ਨਾਮ) ਜਪ ਕੇ ਸਦਾ ਲਈ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਿਆ । ਬਾਲਮੀਕ ਨੂੰ ਗੁਰੂ ਦੀ ਸੰਗਤਿ ਪ੍ਰਾਪਤ ਹੋਈ (ਉਸ ਨੇ ਭੀ ਹਰਿ-ਨਾਮ ਜਪਿਆ, ਤੇ, ਉਸ ਦਾ ਪਾਰ-ਉਤਾਰਾ ਹੋ ਗਿਆ) । (ਨਾਮ ਜਪਣ ਦੀ ਹੀ ਬਰਕਤਿ ਨਾਲ) ਧ੍ਰੂ ਨੂੰ ਪਰਮਾਤਮਾ ਪ੍ਰਤੱਖ ਹੋ ਕੇ ਮਿਲ ਪਿਆ । ੧ ।

ਹੇ (ਮੇਰੇ) ਮਨ ! (ਜਿਉਂ ਜਿਉਂ) ਤੋਤਾ ਰਾਮ-ਨਾਮ ਉਚਾਰਦਾ ਸੀ (ਉਸ ਨੂੰ ਰਾਮ-ਨਾਮ ਸਿਖਾਲਣ ਲਈ ਗਨਿਕਾ ਭੀ ਰਾਮ-ਨਾਮ ਉਚਾਰਦੀ ਸੀ, ਤੇ, ਨਾਮ ਸਿਮਰਨ ਦੀ ਬਰਕਤਿ ਨਾਲ) ਗਨਿਕਾ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਈ । (ਸਰਾਪ ਦੇ ਕਾਰਨ ਗੰਧਰਬ ਤੋਂ ਬਣੇ ਹੋਏ) ਵੱਡੇ ਹਾਥੀ ਨੇ (ਸਰੋਵਰ ਵਿਚ ਤੰਦੂਏ ਦੀ ਫਾਹੀ ਵਿਚ ਫਸ ਕੇ) ਪਰਮਾਤਮਾ ਦਾ ਧਿਆਨ ਧਰਿਆ, ਪਰਮਾਤਮਾ ਨੇ ਉਸ ਨੂੰ (ਤੰਦੂਏ ਦੀ) ਫਾਹੀ ਵਿਚੋਂ ਬਚਾ ਲਿਆ । ਸੁਦਾਮੇ ਬ੍ਰਾਹਮਣ ਦੀ (ਕ੍ਰਿਸ਼ਨ ਜੀ ਨੇ) ਗਰੀਬੀ ਕੱਟੀ। ਹੇ (ਮੇਰੇ) ਮਨ ! ਤੂੰ ਭੀ ਪਰਮਾਤਮਾ ਦਾ ਭਜਨ ਕਰਿਆ ਕਰ । ੨ ।

ਹੇ (ਮੇਰੇ) ਮਨ ! (ਕ੍ਰਿਸ਼ਨ ਜੀ ਨੂੰ) ਤੀਰ ਨਾਲ ਮਾਰਨ ਵਾਲੇ ਸ਼ਿਕਾਰੀ ਨੂੰ (ਕ੍ਰਿਸ਼ਨ ਜੀ ਨੇ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਦਿੱਤਾ । (ਕ੍ਰਿਸ਼ਨ ਜੀ ਦੇ) ਅੰਗੂਠੇ ਦੀ ਛੁਹ ਨਾਲ ਕਬਿਜਾ ਪਾਰ ਲੰਘ ਗਈ । ਬਿਦਰ ਨੂੰ (ਉਸ ਦੇ) ਸੇਵਾ ਭਾਵ ਦੇ ਕਾਰਨ (ਕ੍ਰਿਸ਼ਨ ਜੀ ਨੇ) ਪਾਰ ਲੰਘਾ ਦਿੱਤਾ । ਹੇ (ਮੇਰੇ) ਮਨ ! ਤੂੰ ਭੀ ਪਰਮਾਤਮਾ ਦਾ ਧਿਆਨ ਧਰਿਆ ਕਰ । ੩ ।

ਹੇ (ਮੇਰੇ) ਮਨ ! ਪ੍ਰਹਲਾਦ ਦੀ ਇੱਜ਼ਤ ਪਰਮਾਤਮਾ ਨੇ ਆਪ ਰੱਖੀ । (ਦੁਰਜੋਧਨ ਦੀ ਸਭਾ ਵਿਚ ਦ੍ਰੋਪਤੀ ਨੂੰ ਨਗਨ ਕਰਨ ਲਈ ਜਦੋਂ) ਦ੍ਰੋਪਤੀ ਦੇ ਬਸਤ੍ਰ ਲਾਹੇ ਜਾ ਰਹੇ ਸਨ, ਤਦੋਂ (ਕ੍ਰਿਸ਼ਨ ਜੀ ਨੇ ਉਸ ਦੀ) ਇੱਜ਼ਤ ਬਚਾਈ । ਹੇ ਮਨ ! ਜਿਸ ਜਿਸ ਨੇ ਭੀ ਔਖੇ ਵੇਲੇ ਪਰਮਾਤਮਾ ਦਾ ਪੱਲਾ ਫੜਿਆ (ਪਰਮਾਤਮਾ ਨੇ ਉਸ ਦੀ ਲਾਜ ਰੱਖੀ) । ਹੇ (ਮੇਰੇ) ਮਨ ! ਤੂੰ ਭੀ ਪਰਮਾਤਮਾ ਦੀ ਸਰਨ ਪਉ, (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਹਿਗਾ । ੪ ।

ਧੰਨੈ ਸੇਵਿਆ ਬਾਲਬੁਧਿ ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ ॥ ਰੇ ਮਨ ਤੂ ਭੀ ਹੋਹਿ ਦਾਸੁ ॥ ੫ ॥ ਜੈਦੇਵ ਤਿਆਗਿਓ ਅਹੰਮੇਵ ॥ ਨਾਈ ਉਧਰਿਓ ਸੈਨੁ ਸੇਵ ॥ ਮਨੁ ਡੀਗਿ ਨ ਡੋਲੈ ਕਹੂੰ ਜਾਇ ॥ ਮਨ ਤੂ ਭੀ ਤਰਸਹਿ ਸਰਣਿ ਪਾਇ ॥ ੬ ॥ ਜਿਹ

ਅਨੁਗ੍ਰਹੁ ਠਾਕੁਰਿ ਕੀਓ ਆਪਿ ॥ ਸੇ ਤੈਂ ਲੀਨੇ ਭਗਤ ਰਾਖਿ ॥ ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ ॥ ਇਹ ਬਿਧਿ ਦੇਖਿ ਮਨੁ ਲਗਾ ਸੇਵ ॥ ੭ ॥ ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥ ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥ ੮ ॥ ੧ ॥

ਪਦ ਅਰਥ :–ਧੰਨੈ–ਧੰਨੇ (ਭਗਤ) ਨੇ। ਸੇਵਿਆ–ਭਗਤੀ ਕੀਤੀ। ਬਾਲ ਬੁਧਿ –ਬਾਲਕਾਂ ਵਾਲੀ ਬੁੱਧੀ ਪ੍ਰਾਪਤ ਕਰ ਕੇ, ਵੈਰ-ਵਿਰੋਧ ਵਾਲਾ ਸੁਭਾਉ ਮਿਟਾ ਕੇ [ਛੋਟੇ ਬਾਲਾਂ ਦੇ ਅੰਦਰ ਇਹੀ ਖ਼ਾਸ ਸਿਫ਼ਤਿ ਹੈ ਕਿ ਉਹਨਾਂ ਦੇ ਅੰਦਰ ਕਿਸੇ ਵਾਸਤੇ ਵੈਰ ਨਹੀਂ ਹੁੰਦਾ]।

ਗੁਰ ਮਿਲਿ–ਗੁਰੂ ਨੂੰ ਮਿਲ ਕੇ। ਸਿਧਿ–(ਆਤਮਕ ਜੀਵਨ ਵਿਚ) ਸਫਲਤਾ। ਕਉ–ਨੂੰ। ਗੁਰਿ–ਗੁਰੂ ਨੇ। ਪ੍ਰਗਾਸੁ–ਆਤਮਕ ਜੀਵਨ ਦਾ ਚਾਨਣ। ਹੋਹਿ–ਹੋ ਜਾ। ਦਾਸੁ–(ਪਰਮਾਤਮਾ ਦਾ) ਸੇਵਕ। ੫।

ਅਹੰਮੇਵ–ਹਉਮੈ, ਅਹੰਕਾਰ। ਉਧਰਿਓ–(ਸੰਸਾਰ ਸਮੁੰਦਰ ਤੋਂ) ਪਾਰ ਲੰਘ ਗਿਆ। ਸੇਵ–ਭਗਤੀ (ਕਰ ਕੇ)। ਮਨੁ–(ਸੈਣ ਦਾ) ਮਨ। ਡੀਗਿ–ਡਿੱਗ ਕੇ। ਕਹੂੰ ਜਾਇ–ਕਿਸੇ ਭੀ ਥਾਂ। ਮਨ–ਹੇ ਮਨ! ਤਰਸਹਿ–ਪਾਰ ਲੰਘ ਜਾਹਿੰਗਾ। ਪਾਇ–ਪਾ ਕੇ, ਪੈ ਕੇ। ੬।

ਜਿਹ–ਜਿੰਨ੍ਹਾਂ ਉੱਤੇ। ਅਨੁਗ੍ਰਹੁ–ਕਿਰਪਾ। ਠਾਕੁਰਿ–ਤੈਂ ਠਾਕੁਰ ਨੇ। ਸੇ–ਉਹ ਮਨੁੱਖ [ਬਹੁ ਵਚਨ]। ਰਾਖਿ ਲੀਨੇ–(ਸੰਸਾਰ-ਸਮੁੰਦਰ ਤੋਂ) ਬਚਾ ਲਏ। ਇਹ ਬਿਧਿ– ਇਹ ਤਰੀਕਾ। ਦੇਖਿ–ਵੇਖ ਕੇ। ੭।

ਏਕ ਰੰਗ–ਇੱਕ ਦੇ ਪਿਆਰ ਵਿਚ ਟਿਕ ਕੇ। ਬਸਹਿ–(ਹਰਿ ਜੀ) ਵੱਸਦੇ ਹਨ। ਸੰਗਿ–ਨਾਲ। ਅਨੂਪ–ਉਪਮਾ-ਰਹਿਤ, ਸੋਹਣਾ, ਸੁੰਦਰ। ਨਾਨਕ–ਹੇ ਨਾਨਕ! ਗੁਰਦੇਵ–ਸਤਿਗੁਰੂ। ੮।

ਅਰਥ :–ਹੇ (ਮੇਰੇ) ਮਨ! ਧੰਨੇ ਨੇ (ਗੁਰੂ ਦੀ ਸਰਨ ਪੈ ਕੇ) ਬਾਲਾਂ ਵਾਲੀ (ਨਿਰਵੈਰ) ਬੁੱਧੀ ਪ੍ਰਾਪਤ ਕਰ ਕੇ ਪਰਮਾਤਮਾ ਦੀ ਭਗਤੀ ਕੀਤੀ। ਗੁਰੂ ਨੂੰ ਮਿਲ ਕੇ ਤ੍ਰਿਲੋਚਨ ਨੂੰ ਭੀ ਆਤਮਕ ਜੀਵਨ ਵਿਚ ਸਫਲਤਾ ਪ੍ਰਾਪਤ ਹੋਈ। ਗੁਰੂ ਨੇ (ਭਗਤ) ਬੇਣੀ ਨੂੰ ਆਤਮਕ ਜੀਵਨ ਦਾ ਚਾਨਣ ਬਖ਼ਸ਼ਿਆ। ਹੇ (ਮੇਰੇ) ਮਨ! ਤੂੰ ਭੀ ਪਰਮਾਤਮਾ ਦਾ ਭਗਤ (ਇਸੇ ਤਰ੍ਹਾਂ) ਬਣ। ੫।

ਹੇ (ਮੇਰੇ) ਮਨ! (ਗੁਰੂ ਨੂੰ ਮਿਲ ਕੇ) ਜੈਦੇਵ ਨੇ (ਆਪਣੇ ਬ੍ਰਾਹਮਣ ਹੋਣ ਦਾ)

ਮਾਣ ਛੱਡਿਆ। ਸੈਣ ਨਾਈ (ਗੁਰੂ ਦੀ ਸਰਨ ਪੈ ਕੇ) ਭਗਤੀ ਦੀ ਬਰਕਤਿ ਨਾਲ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਗਿਆ, (ਸੈਣ ਦਾ) ਮਨ ਕਿਸੇ ਭੀ ਥਾਂ (ਮਾਇਆ ਦੇ ਠੇਡਿਆਂ ਨਾਲ) ਡਿੱਗ ਕੇ ਡੋਲਦਾ ਨਹੀਂ ਸੀ। ਹੇ (ਮੇਰੇ) ਮਨ! (ਗੁਰੂ ਦੀ) ਸਰਨ ਪੈ ਕੇ ਤੂੰ ਭੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਹਿੰਗਾ ।੬।

ਹੇ ਪ੍ਰਭੂ! ਜਿਨ੍ਹਾਂ ਭਗਤ ਜਨਾਂ ਉਤੇ ਤੈਂ ਠਾਕੁਰ ਨੇ ਆਪ ਮਿਹਰ ਕੀਤੀ, ਉਹਨਾਂ ਨੂੰ ਤੂੰ (ਸੰਸਾਰ-ਸਮੁੰਦਰ ਵਿਚੋਂ) ਬਚਾ ਲਿਆ, ਤੂੰ ਉਹਨਾਂ ਦਾ ਨਾਹ ਕੋਈ ਗੁਣ ਤੇ ਨਾਹ ਕੋਈ ਔਗਣ ਵਿਚਾਰਿਆ। ਹੇ ਪ੍ਰਭੂ! ਤੇਰੀ ਇਸ ਕਿਸਮ ਦੀ ਦਇਆਲਤਾ ਵੇਖ ਕੇ (ਮੇਰਾ ਭੀ) ਮਨ (ਤੇਰੀ) ਭਗਤੀ ਵਿਚ ਲੱਗ ਪਿਆ ਹੈ।੭।

ਹੇ ਨਾਨਕ! ਕਬੀਰ ਨੇ ਇਕ-ਰਸ ਪਿਆਰ ਵਿਚ ਟਿਕ ਕੇ ਪਰਮਾਤਮਾ ਦਾ ਧਿਆਨ ਧਰਿਆ। ਪ੍ਰਭੂ ਜੀ ਨਾਮਦੇਵ ਜੀ ਦੇ ਭੀ ਨਾਲ ਵੱਸਦੇ ਹਨ। ਰਵਿਦਾਸ ਨੇ ਭੀ ਸੋਹਣੇ ਪ੍ਰਭੂ ਦਾ ਸਿਮਰਨ ਕੀਤਾ। (ਇਹਨਾਂ ਸਭਨਾਂ ਉੱਤੇ ਗੁਰੂ ਨੇ ਹੀ ਕਿਰਪਾ ਕੀਤੀ)। ਹੇ ਨਾਨਕ! ਗੁਰੂ ਪਰਮਾਤਮਾ ਦਾ ਰੂਪ ਹੈ (ਤੂੰ ਭੀ ਗੁਰੂ ਦੀ ਸਰਨ ਪਿਆ ਰਹੁ)।੮।੧।

ਬਸੰਤੁ ਮਹਲਾ ੫ ॥ ਅਨਿਕ ਜਨਮ ਭ੍ਰਮੇ ਜੋਨਿ ਮਾਹਿ ॥ ਹਰਿ ਸਿਮਰਨ ਬਿਨੁ ਨਰਕਿ ਪਾਹਿ ॥ ਭਗਤਿ ਬਿਹੂਨਾ ਖੰਡ ਖੰਡ ॥ ਬਿਨੁ ਬੂਝੇ ਜਮੁ ਦੇਤ ਡੰਡ ॥੧॥ ਗੋਬਿੰਦ ਭਜਹੁ ਮੇਰੇ ਸਦਾ ਮੀਤ ॥ ਸਾਚ ਸਬਦ ਕਰਿ ਸਦਾ ਪ੍ਰੀਤਿ ॥੧॥ ਰਹਾਉ॥ ਸੰਤੋਖੁ ਨ ਆਵਤ ਕਹੂੰ ਕਾਜ ॥ ਧੂੰਮ ਬਾਦਰ ਸਭਿ ਮਾਇਆ ਸਾਜ ॥ ਪਾਪ ਕਰੰਤੌ ਨਹ ਸੰਗਾਇ ॥ ਬਿਖੁ ਕਾ ਮਾਤਾ ਆਵੈ ਜਾਇ ॥੨॥ ਹਉ ਹਉ ਕਰਤ ਬਧੇ ਬਿਕਾਰ ॥ ਮੋਹ ਲੋਭ ਡੂਬੌ ਸੰਸਾਰ ॥ ਕਾਮਿ ਕ੍ਰੋਧਿ ਮਨੁ ਵਸਿ ਕੀਆ ॥ ਸੁਪਨੈ ਨਾਮੁ ਨ ਹਰਿ ਲੀਆ ॥੩॥ ਕਬ ਹੀ ਰਾਜਾ ਕਬ ਮੰਗਨਹਾਰੁ ॥ ਦੂਖ ਸੂਖ ਬਾਧੌ ਸੰਸਾਰ ॥ ਮਨ ਉਧਰਣ ਕਾ ਸਾਜੁ ਨਾਹਿ ॥ ਪਾਪ ਬੰਧਨ ਨਿਤ ਪਉਤ ਜਾਹਿ ॥੪॥

ਪਦ ਅਰਥ :—ਭ੍ਰਮੇ—ਭਟਕਦੇ ਹਨ। ਮਾਹਿ—ਵਿਚ। ਨਰਕਿ—ਨਰਕ ਵਿਚ। ਪਾਹਿ—ਪੈਂਦੇ ਹਨ। ਬਿਹੂਨਾ—ਸੱਖਣਾ। ਖੰਡ ਖੰਡ—ਟੋਟੇ ਟੋਟੇ। ਡੰਡ—ਸਜ਼ਾ।੧।

ਮੇਰੇ ਮੀਤ—ਹੇ ਮੇਰੇ ਮਿੱਤਰ! ਸਾਚ ਸਬਦ—ਸਦਾ ਕਾਇਮ ਰਹਿਣ ਵਾਲੀ ਸਿਫ਼ਤਿ ਸਾਲਾਹ।੧। ਰਹਾਉ।

ਸੰਤੋਖੁ—ਮਾਇਆ ਵਲੋਂ ਤ੍ਰਿਪਤੀ। ਕਹੂੰ ਕਾਜ—ਕਿਸੇ ਭੀ ਕੰਮਾਂ ਵਿਚ। ਧੂੰਮ

ਬਾਦਰ—ਧੂੰਏਂ ਦੇ ਬੱਦਲ। ਸਭਿ ਸਾਜ—ਸਾਰੇ ਤਮਾਸ਼ੇ। ਸੰਗਾਇ—ਸੰਗਦਾ, ਸ਼ਰਮ ਕਰਦਾ। ਬਿਖੁ—ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ। ਮਾਤਾ—ਮਸਤ। ਆਵੈ ਜਾਇ—ਜੰਮਦਾ ਮਰਦਾ ਰਹਿੰਦਾ ਹੈ।੨।

ਹਉ ਹਉ—ਮੈਂ ਮੈਂ। ਕਰਤ—ਕਰਦਿਆਂ। ਬਧੇ—ਵਧਦੇ ਜਾਂਦੇ ਹਨ। ਕਾਮਿ—ਕਾਮ-ਵਾਸਨਾ ਨੇ। ਕ੍ਰੋਧਿ—ਕ੍ਰੋਧ ਨੇ। ਵਸਿ—ਵੱਸ ਵਿਚ, ਕਾਬੂ ਵਿਚ। ਸੁਪਨੈ—ਸੁਪਨੇ ਵਿਚ, ਕਦੇ ਭੀ।੩।

ਕਬ ਹੀ—ਕਦੇ। ਮੰਗਨਹਾਰੁ—ਮੰਗਤਾ। ਬਾਧੋ—ਬੱਝਾ ਹੋਇਆ। ਉਧਰਨ ਕਾ—(ਸੰਸਾਰ-ਸਮੁੰਦਰ ਵਿਚ ਡੁੱਬਣ ਤੋਂ) ਬਚਾਣ ਦਾ। ਸਾਜੁ—ਉੱਦਮ। ਬੰਧਨ—ਫਾਹੀਆਂ। ਪਉਤ ਜਾਹਿ—ਪੈਂਦੇ ਜਾਂਦੇ ਹਨ।੪।

ਅਰਥ :—ਹੇ ਮੇਰੇ ਮਿੱਤਰ! ਸਦਾ ਪਰਮਾਤਮਾ ਦਾ ਭਜਨ ਕਰਿਆ ਕਰ। ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਨਾਲ ਸਦਾ ਪਿਆਰ ਬਣਾਈ ਰੱਖ।੧।ਰਹਾਉ।

ਹੇ ਭਾਈ! ਪਰਮਾਤਮਾ ਦੇ ਸਿਮਰਨ ਤੋਂ ਬਿਨਾ ਮਨੁਖ ਨਰਕ ਵਿਚ ਪਏ ਰਹਿੰਦੇ ਹਨ, ਅਨੇਕਾਂ ਜੂਨਾਂ ਅਨੇਕਾਂ ਜਨਮਾਂ ਵਿਚ ਭਟਕਦੇ ਫਿਰਦੇ ਹਨ। ਭਗਤੀ ਤੋਂ ਬਿਨਾ (ਉਹਨਾਂ ਦਾ ਮਨ ਅਨੇਕਾਂ ਦੌੜਾਂ-ਭੱਜਾਂ ਵਿਚ) ਟੋਟੇ ਟੋਟੇ ਹੋਇਆ ਰਹਿੰਦਾ ਹੈ। ਆਤਮਕ ਜੀਵਨ ਦੀ ਸੂਝ ਤੋਂ ਬਿਨਾ ਜਮਰਾਜ ਭੀ ਉਹਨਾਂ ਨੂੰ ਸਜ਼ਾ ਦੇਂਦਾ ਹੈ।੧।

ਹੇ ਭਾਈ! ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ ਦਾ ਮੱਤਾ ਹੋਇਆ ਮਨੁੱਖ ਜਨਮ ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ, ਕਿਸੇ ਭੀ ਕੰਮਾਂ ਵਿਚ (ਉਸ ਨੂੰ) ਮਾਇਆ ਵਲੋਂ ਤ੍ਰਿਪਤੀ ਨਹੀਂ ਹੁੰਦੀ। (ਉਸ ਨੂੰ ਇਹ ਸਮਝ ਨਹੀਂ ਆਉਂਦੀ ਕਿ) ਮਾਇਆ ਦੇ ਸਾਰੇ ਕੌਤਕ-ਤਮਾਸ਼ੇ ਧੂੰਏਂ ਦੇ ਬੱਦਲ (ਹੀ) ਹਨ (ਹਵਾ ਦੇ ਇੱਕੋ ਬੁੱਲੇ ਨਾਲ ਉੱਡ ਜਾਣ ਵਾਲੇ)। (ਮਾਇਆ ਵਿਚ ਮਸਤ ਮਨੁੱਖ) ਪਾਪ ਕਰਦਾ ਭੀ ਝਿਜਕਦਾ ਨਹੀਂ।੨।

ਹੇ ਭਾਈ! ਜਿਸ ਮਨੁੱਖ ਨੇ ਕਦੇ ਸੁਪਨੇ ਵਿਚ ਭੀ ਪਰਮਾਤਮਾ ਦਾ ਨਾਮ ਨਹੀਂ ਸਿਮਰਿਆ, ਮੈਂ ਮੈਂ ਕਰਦਿਆਂ ਉਸ ਦੇ ਅੰਦਰ ਵਿਕਾਰ ਵਧਦੇ ਜਾਂਦੇ ਹਨ, ਜਗਤ ਦੇ ਮੋਹ ਅਤੇ ਲੋਭ ਵਿਚ ਉਹ ਸਦਾ ਡੁੱਬਾ ਰਹਿੰਦਾ ਹੈ। ਕਾਮ-ਵਾਸਨਾ ਨੇ ਕ੍ਰੋਧ ਨੇ (ਉਸ ਦਾ) ਮਨ ਸਦਾ ਆਪਣੇ ਕਾਬੂ ਵਿਚ ਕੀਤਾ ਹੁੰਦਾ ਹੈ।੩।

ਹੇ ਭਾਈ! (ਨਾਮ ਤੋਂ ਸੱਖਣਾ ਮਨੁੱਖ) ਚਾਹੇ ਕਦੇ ਰਾਜਾ ਹੈ ਚਾਹੇ ਮੰਗਤਾ, ਉਹ ਸਦਾ ਜਗਤ ਦੇ ਦੁੱਖਾਂ ਸੁਖਾਂ ਵਿਚ ਜਕੜਿਆ ਰਹਿੰਦਾ ਹੈ। ਆਪਣੇ ਮਨ ਨੂੰ (ਸੰਸਾਰ-ਸਮੁੰਦਰ ਦੇ ਵਿਕਾਰਾਂ ਵਿਚ ਡੁੱਬਣ ਤੋਂ) ਬਚਾਣ ਦਾ ਉਹ ਕੋਈ ਉੱਦਮ ਨਹੀਂ ਕਰਦਾ। ਪਾਪਾਂ ਦੀਆਂ ਫਾਹੀਆਂ ਉਸ ਨੂੰ ਸਦਾ ਪੈਂਦੀਆਂ ਜਾਂਦੀਆਂ ਹਨ।੪।

ਈਠ ਮੀਤ ਕੋਊ ਸਖਾ ਨਾਹਿ ॥ ਆਪਿ ਬੀਜਿ ਆਪੇ ਹੀ ਖਾਂਹਿ ॥ ਜਾ ਕੈ ਕੀਨੈ੍ ਹੋਤ ਬਿਕਾਰ ॥ ਸੇ ਛੋਡਿ ਚਲਿਆ ਖਿਨ ਮਹਿ ਗਵਾਰ ॥ ੫॥ ਮਾਇਆ ਮੋਹਿ ਬਹੁ ਭਰਮਿਆ ॥ ਕਿਰਤ ਰੇਖ ਕਰਿ ਕਰਮਿਆ ॥ ਕਰਣੈਹਾਰੁ ਅਲਿਪਤੁ ਆਪਿ ॥ ਨਹੀ ਲੇਪੁ ਪ੍ਰਭ ਪੁੰਨ ਪਾਪਿ ॥ ੬ ॥ ਰਾਖਿ ਲੇਹੁ ਗੋਬਿੰਦ ਦਇਆਲ ॥ ਤੇਰੀ ਸਰਣਿ ਪੂਰਨ ਕ੍ਰਿਪਾਲ ॥ ਤੁਝ ਬਿਨੁ ਦੂਜਾ ਨਹੀ ਠਾਉ ॥ ਕਰਿ ਕਿਰਪਾ ਪ੍ਰਭ ਦੇਹੁ ਨਾਉ ॥ ੭॥ ਤੂ ਕਰਤਾ ਤੂ ਕਰਣਹਾਰੁ ॥ ਤੂ ਊਚਾ ਤੂ ਬਹੁ ਅਪਾਰੁ ॥ ਕਰਿ ਕਿਰਪਾ ਲੜਿ ਲੇਹੁ ਲਾਇ ॥ ਨਾਨਕ ਦਾਸ ਪ੍ਰਭ ਕੀ ਸਰਣਾਇ ॥ ੮ ॥ ੨ ॥

ਪਦ ਅਰਥ :—ਈਠ—ਇਸ਼ਟ, ਪਿਆਰੇ। ਸਖਾ—ਸਾਥੀ। ਬੀਜਿ—ਬੀਜ ਕੇ, (ਚੰਗੇ ਮੰਦੇ) ਕਰਮ ਕਰ ਕੇ। ਆਪੇ—ਆਪ ਹੀ। ਖਾਂਹਿ—(ਜੀਵ ਉਹਨਾਂ ਕੀਤੇ ਕਰਮਾਂ ਦਾ) ਫਲ ਭੋਗਦੇ ਹਨ। ਜਾ ਕੈ ਕੀਨੈ੍—ਜਿਨ੍ਹਾਂ ਪਦਾਰਥਾਂ ਦੇ ਇਕੱਠੇ ਕੀਤਿਆਂ। ਹੋਤ—(ਪੈਦਾ) ਹੁੰਦੇ ਹਨ। ਸੇ—ਉਹ ਪਦਾਰਥ [ਬਹੁ ਵਚਨ]। ਗਵਾਰ—ਮੂਰਖ ਮਨੁੱਖ। ੫।

ਮੋਹਿ—ਮੋਹ ਵਿਚ(ਫਸ ਕੇ)। ਭਰਮਿਆ—ਭਟਕਦਾ ਹੈ। ਕਿਰਤ—ਕੀਤੇ ਹੋਏ ਕਰਮ। ਕਿਰਤ ਰੇਖ—(ਪਿਛਲੇ) ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ। ਕਰਿ—ਕਰੇ, ਕਰਦਾ ਹੈ। ਕਰਮਿਆ—(ਹੋਰ ਉਹੋ ਜਿਹੇ ਹੀ) ਕਰਮ। ਕਰਣੈਹਾਰੁ—ਸਭ ਕੁਝ ਕਰ ਸਕਣ ਵਾਲਾ। ਅਲਿਪਤੁ—ਨਿਰਲੇਪ, ਜਿਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ। ਲੇਪੁ—ਅਸਰ, ਪ੍ਰਭਾਵ। ਪੁੰਨ—(ਮਿਥੇ ਹੋਏ) ਪੁੰਨਾਂ ਦੇ ਕਾਰਨ। ਪਾਪਿ—ਪਾਪ ਦੇ ਕਾਰਨ। ੬।

ਗੋਬਿੰਦ—ਹੇ ਗੋਬਿੰਦ ! ਕ੍ਰਿਪਾਲ—ਹੇ ਕਿਰਪਾਲ ! ਠਾਉ—ਥਾਂ। ਕਰਿ—ਕਰ ਕੇ। ੭।

ਕਰਣਹਾਰੁ—ਸਭ ਕੁਝ ਕਰਨ ਦੀ ਸਮਰਥਾ ਵਾਲਾ। ਅਪਾਰੁ—ਬੇਅੰਤ, ਜਿਸ ਦੀ ਹਸਤੀ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ [ਅ-ਪਾਰੁ]। ਕਰਿ—ਕਰ ਕੇ। ਲੜਿ—ਲੜ ਨਾਲ, ਪੱਲੇ ਨਾਲ। ਨਾਨਕ—ਹੇ ਨਾਨਕ ! ੮।

ਅਰਥ :—ਹੇ ਭਾਈ ! ਪਿਆਰੇ ਮਿੱਤਰਾਂ ਵਿਚੋਂ ਕੋਈ ਭੀ (ਤੋੜ ਤਕ ਸਾਥ ਨਿਬਾਹੁਣ ਵਾਲਾ) ਸਾਥੀ ਨਹੀਂ ਬਣ ਸਕਦਾ। (ਸਾਰੇ ਜੀਵ ਚੰਗੇ ਮੰਦੇ) ਕਰਮ ਆਪ ਕਰ ਕੇ ਆਪ ਹੀ (ਉਹਨਾਂ ਕੀਤੇ ਕਰਮਾਂ ਦਾ) ਫਲ ਭੋਗਦੇ ਹਨ (ਕੋਈ ਮਿੱਤਰ ਮਦਦ ਨਹੀਂ ਕਰ ਸਕਦਾ)। ਹੇ ਭਾਈ ! ਜਿਨ੍ਹਾਂ ਪਦਾਰਥਾਂ ਦੇ ਇਕੱਠੇ ਕਰਦਿਆਂ (ਮਨੁੱਖ ਦੇ ਮਨ ਵਿਚ ਅਨੇਕਾਂ) ਵਿਕਾਰ ਪੈਦਾ ਹੁੰਦੇ ਰਹਿੰਦੇ ਹਨ (ਜਦੋਂ ਅੰਤ ਸਮਾ ਆਉਂਦਾ ਹੈ, ਤਾਂ) ਮੂਰਖ ਇਕ ਖਿਨ ਵਿਚ ਹੀ ਉਹਨਾਂ (ਪਦਾਰਥਾਂ) ਨੂੰ ਛੱਡ ਕੇ (ਇਥੋਂ) ਤੁਰ ਪੈਂਦਾ ਹੈ। ੫।

ਹੇ ਭਾਈ ! (ਪਰਮਾਤਮਾ ਦਾ ਸਿਮਰਨ ਭੁਲਾ ਕੇ ਮਨੁੱਖ) ਮਾਇਆ ਦੇ ਮੋਹ ਦੇ ਕਾਰਨ ਬਹੁਤ ਭਟਕਦਾ ਫਿਰਦਾ ਹੈ, (ਪਿਛਲੇ) ਕੀਤੇ ਕਰਮਾਂ ਦੇ ਸੰਸਕਾਰਾਂ ਅਨੁਸਾਰ (ਮਨੁੱਖ ਹੋਰ ਉਹੋ ਜਿਹੇ ਹੀ) ਕਰਮ ਕਰੀ ਜਾਂਦਾ ਹੈ। ਹੇ ਭਾਈ ! ਸਭ ਕੁਝ ਕਰਨ ਦੇ ਸਮਰੱਥ ਪਰਮਾਤਮਾ ਆਪ ਨਿਰਲੇਪ ਹੈ (ਉਸ ਉੱਤੇ ਮਾਇਆ ਦਾ ਪ੍ਰਭਾਵ ਨਹੀਂ ਪੈ ਸਕਦਾ)। ਪ੍ਰਭੂ ਉੱਤੇ ਨਾਹ ਤਾਂ (ਜੀਵਾਂ ਦੇ ਮਿਥੇ ਹੋਏ) ਪੁੰਨ ਕਰਮਾਂ (ਦੇ ਕੀਤੇ ਜਾਣ ਤੋਂ ਪੈਦਾ ਹੋਣ ਵਾਲੇ ਅਹੰਕਾਰ ਆਦਿਕ) ਦਾ ਅਸਰ ਹੁੰਦਾ ਹੈ, ਨਾਹ ਕਿਸੇ ਪਾਪ ਦੇ ਕਾਰਨ (ਭਾਵ, ਉਸ ਪ੍ਰਭੂ ਨੂੰ ਨਾਹ ਅਹੰਕਾਰ ਨਾਹ ਵਿਕਾਰ ਆਪਣੇ ਅਸਰ ਹੇਠ ਲਿਆ ਸਕਦਾ ਹੈ) । ੬ ।

ਹੇ ਦਇਆ ਦੇ ਸੋਮੇ ਗੋਬਿੰਦ ! ਹੇ ਸਰਬ-ਵਿਆਪਕ ! ਹੇ ਕਿਰਪਾਲ ! ਮੈਂ ਤੇਰੀ ਸਰਨ ਆਇਆ ਹਾਂ, ਮੇਰੀ ਰੱਖਿਆ ਕਰ । ਤੈਥੋਂ ਬਿਨਾ ਮੇਰਾ ਹੋਰ ਕੋਈ ਥਾਂ ਨਹੀਂ । ਹੇ ਪ੍ਰਭੂ ! ਮਿਹਰ ਕਰ ਕੇ ਮੈਨੂੰ ਆਪਣਾ ਨਾਮ ਬਖ਼ਸ਼ । ੭ ।

ਹੇ ਨਾਨਕ ! ਪ੍ਰਭੂ ਦੇ ਦਾਸ ਪ੍ਰਭੂ ਦੀ ਸਰਨ ਪਏ ਰਹਿੰਦੇ ਹਨ (ਤੇ, ਉਸ ਦੇ ਦਰ ਤੇ ਅਰਜ਼ੋਈ ਕਰਦੇ ਹਨ—ਹੇ ਪ੍ਰਭੂ !) ਤੂੰ (ਸਭ ਜੀਵਾਂ ਨੂੰ) ਪੈਦਾ ਕਰਨ ਵਾਲਾ ਹੈਂ, ਤੂੰ ਸਭ ਕੁਝ ਕਰਨ ਦੀ ਸਮਰਥਾ ਰੱਖਦਾ ਹੈਂ, ਤੂੰ ਸਭ ਤੋਂ ਉੱਚਾ ਹੈ, ਤੂੰ ਬੜਾ ਬੇਅੰਤ ਹੈ, ਮਿਹਰ ਕਰ (ਸਾਨੂੰ) ਆਪਣੇ ਲੜ ਨਾਲ ਲਾਈ ਰੱਖ । ੮ । ੨ ।

—o—

ੴ ਸਤਿਗੁਰ ਪ੍ਰਸਾਦਿ ॥

ਬਸੰਤ ਕੀ ਵਾਰ ਮਹਲੁ ੫

ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ ॥ ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ ॥ ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ ॥ ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ ॥ ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ ॥ ੧ ॥

ਪਦ ਅਰਥ :–ਮਹਲੁ–ਸਰੀਰ [ਨੋਟ: ਇਥੇ ਲਫ਼ਜ਼ 'ਮਹਲਾ' ਦੇ ਥਾਂ ਲਫ਼ਜ਼ 'ਮਹਲੁ' ਹੈ]। ਮਹਲੁ ੫–ਸਰੀਰ ਪੰਜਵਾ, ਗੁਰੂ ਨਾਨਕ ਪੰਜਵਾ ਸਰੀਰ, ਭਾਵ, ਗੁਰੂ ਅਰਜਨ। ਹਰਿਆ–ਆਤਮਕ ਜੀਵਨ ਵਾਲਾ। ਕਰਮਿ–ਬਖ਼ਸ਼ਸ਼ ਦੇ ਲੇਖ ਰਾਹੀਂ। ਇਹ ਰੁਤਿ–ਨਾਮ ਜਪਣ ਲਈ ਇਹ ਮਨੁੱਖਾ ਸਰੀਰ ਦੀ ਰੁਤਿ। ਸੁਹਾਈ–ਸੋਹਣੀ। ਮਉਲਿਆ–ਖਿੜਿਆ। ਛਾਈ–ਕਾਲਖ਼, ਮੈਲ। ਧਾਈ–ਭਟਕਣਾ।

ਅਰਥ:–ਹੇ ਭਾਈ! ਪਰਮਾਤਮਾ ਦਾ ਨਾਮ ਸਿਮਰ ਕੇ ਆਤਮਕ ਜੀਵਨ ਵਾਲਾ ਬਣ ਜਾ (ਜਿਵੇਂ ਪਾਣੀ ਮਿਲਣ ਨਾਲ ਰੁੱਖ ਨੂੰ ਹਰਿਆਵਲ ਮਿਲ ਜਾਂਦੀ ਹੈ)। (ਨਾਮ ਜਪਣ ਵਾਸਤੇ ਮਨੁੱਖਾ ਜਨਮ ਦਾ) ਇਹ ਸੋਹਣਾ ਸਮਾ (ਪੂਰਬਲੇ ਕੀਤੇ ਕਰਮਾਂ ਅਨੁਸਾਰ ਪ੍ਰਭੂ ਵਲੋਂ) ਲਿਖੇ ਬਖ਼ਸ਼ਸ਼ ਦੇ ਲੇਖ ਦੇ ਉੱਘੜਨ ਨਾਲ ਹੀ ਮਿਲਦਾ ਹੈ। (ਜਿਵੇਂ ਵਰਖਾ ਨਾਲ) ਜੰਗਲ ਬਨਸਪਤੀ ਸਾਰਾ ਜਗਤ ਖਿੜ ਪੈਂਦਾ ਹੈ, (ਤਿਵੇਂ ਉਸ ਮਨੁੱਖ ਦਾ ਲੂੰ ਲੂੰ ਖਿੜ ਪੈਂਦਾ ਹੈ ਜੋ) ਅੰਮ੍ਰਿਤ ਨਾਮ-ਰੂਪ ਫਲ ਹਾਸਲ ਕਰ ਲੈਂਦਾ ਹੈ। ਗੁਰੂ ਨੂੰ ਮਿਲ ਕੇ (ਉਸ ਦੇ ਹਿਰਦੇ ਵਿਚ) ਸੁਖ ਪੈਦਾ ਹੁੰਦਾ ਹੈ, ਉਸ ਦੇ ਮਨ ਦੀ ਮੈਲ ਲਹਿ ਜਾਂਦੀ ਹੈ। ਨਾਨਕ (ਭੀ) ਪ੍ਰਭੂ ਦਾ ਹੀ ਨਾਮ ਸਿਮਰਦਾ ਹੈ (ਤੇ ਜੋ ਮਨੁੱਖ ਸਿਮਰਦਾ ਹੈ ਉਸ ਨੂੰ) ਮੁੜ ਮੁੜ ਜਨਮ ਮਰਨ ਦੇ ਗੇੜ ਵਿਚ ਭਟਕਣਾ ਨਹੀਂ ਪੈਂਦਾ। ੧।

ਪੰਜੇ ਬਧੇ ਮਹਾ ਬਲੀ ਕਰਿ ਸਚਾ ਢੋਆ ॥ ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ ॥ ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ ॥ ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ ॥ ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ ॥ ੨ ॥

ਪਦ ਅਰਥ:–ਪੰਜੇ–ਕਾਮ ਆਦਿਕ ਪੰਜ ਹੀ ਵਿਕਾਰ। ਬਲੀ–ਬਲਵਾਨ। ਢੋਆ–ਭੇਟਾ। ਜਪਾਇਅਨੁ–ਉਸ ਨੇ ਜਪਾਏ। ਵਿਚਿ–ਉਸ ਦੇ ਹਿਰਦੇ ਵਿਚ। ਦਯੁ–ਦਿਆਲ ਪ੍ਰਭੂ। ਸਭਿ–ਸਾਰੇ। ਨਿਰੋਆ–ਰੋਗ ਰਹਿਤ, ਅਰੋਗ। ਰੈਣਿ–ਰਾਤ। ਮੋਆ–ਮੌਤ,

ਜਨਮ ਮਰਨ ਦਾ ਗੇੜ।

ਅਰਥ :-ਜਿਸ ਮਨੁੱਖ ਨੇ (ਪ੍ਰਭੂ ਦਾ ਸਿਮਰਨ-ਰੂਪ) ਸੱਚੀ ਭੇਟਾ (ਪ੍ਰਭੂ ਦੀ ਹਜ਼ੂਰੀ ਵਿਚ) ਪੇਸ਼ ਕੀਤੀ ਹੈ, ਪ੍ਰਭੂ ਨੇ ਉਸ ਦੇ ਕਾਮਾਦਿਕ ਪੰਜੇ ਹੀ ਵਡੇ ਬਲੀ ਵਿਕਾਰ ਬੰਨ੍ਹ ਦਿੱਤੇ ਹਨ, (ਜਿਸ ਕਰਕੇ) ਉਸ ਦੇ ਸਾਰੇ ਹੀ ਰੋਗ ਤੇ ਸਹਸੇ ਮਿਟ ਜਾਂਦੇ ਹਨ, ਉਹ ਸਦਾ ਪਵਿਤ੍ਰ-ਆਤਮਾ ਤੇ ਅਰੋਗ ਰਹਿੰਦਾ ਹੈ। ਉਹ ਮਨੁੱਖ ਦਿਨ ਰਾਤ ਪਰਮਾਤਮਾ ਦਾ ਨਾਮ ਸਿਮਰਦਾ ਹੈ, ਉਸ ਨੂੰ ਜਨਮ ਮਰਨ ਦਾ ਗੇੜ ਨਹੀਂ ਲਾਣਾ ਪੈਂਦਾ।

ਹੇ ਨਾਨਕ! ਜਿਸ ਪਰਮਾਤਮਾ ਤੋਂ ਉਹ ਪੈਦਾ ਹੋਇਆ ਸੀ (ਸਿਮਰਨ ਦੀ ਬਰਕਤਿ ਨਾਲ) ਉਸੇ ਦਾ ਰੂਪ ਹੋ ਜਾਂਦਾ ਹੈ।੨।

ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ॥ ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥ ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੈ ॥ ਅਗਮੁ ਅਗੋਚਰੁ ਸਾਹਿਬੋ ਦੂਸਰੁ ਲਵੈ ਨ ਲਾਵੈ ॥ ਸਚੁ ਪੂਰੈ ਗੁਰਿ ਉਪਦੇਸਿਆ ਨਾਨਕੁ ਸੁਣਾਵੈ ॥ ੩ ॥ ੧ ॥

ਪਦ ਅਰਥ :-ਕਹ ਮਾਹਿ-ਕਾਹਦੇ ਵਿਚ? ਸਮਾਵੈ-ਲੀਨ ਹੋ ਜਾਂਦਾ ਹੈ। ਕਹਨਿ -ਕਹਿੰਦੇ ਹਨ। ਸੁਹਾਵੈ-ਸੋਹਣੇ ਲੱਗਦੇ ਹਨ। ਲਵੈ ਨ ਲਾਵੈ-ਬਰਾਬਰੀ ਨਹੀਂ ਕਰ ਸਕਦਾ। ਗੁਰਿ-ਗੁਰੂ ਨੇ। ਉਪਦੇਸਿਆ-ਨੇੜੇ ਵਿਖਾ ਦਿੱਤਾ ਹੈ। ਸਚੁ-ਸਦਾ-ਥਿਰ ਪ੍ਰਭੂ। ਅਗੋਚਰ-ਅ-ਗੋ-ਚਰ। ਗੋ-ਇੰਦ੍ਰੇ।

ਅਰਥ:-ਸਾਰੇ ਜੀਵ ਖਸਮ-ਪ੍ਰਭੂ ਦੇ ਪੈਦਾ ਕੀਤੇ ਹੋਏ ਹਨ, ਕੋਈ ਭੀ (ਆਪਣੇ ਪੈਦਾ ਕਰਨ ਵਾਲੇ ਦੇ ਗੁਣਾਂ ਦਾ) ਮੁੱਲ ਨਹੀਂ ਪਾ ਸਕਦਾ, (ਕੋਈ ਨਹੀਂ ਦੱਸ ਸਕਦਾ ਕਿ) ਪ੍ਰਭੂ ਕਿਥੋਂ ਪੈਦਾ ਹੁੰਦਾ ਹੈ ਕਿਥੇ ਰਹਿੰਦਾ ਹੈ ਤੇ ਕਿਥੇ ਲੀਨ ਹੋ ਜਾਂਦਾ ਹੈ।

ਜੋ ਜੋ ਉਸ ਪ੍ਰਭੂ ਦੇ ਗੁਣ ਉਚਾਰਦੇ ਹਨ ਚੇਤੇ ਕਰਦੇ ਹਨ ਸੁਣਦੇ ਹਨ ਉਹ ਭਗਤ ਸੋਹਣੇ (ਜੀਵਨ ਵਾਲੇ) ਹੋ ਜਾਂਦੇ ਹਨ।

ਪਰਮਾਤਮਾ ਅਪਹੁੰਚ ਹੈ, ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ ਸਭ ਦਾ ਮਾਲਕ ਹੈ, ਕੋਈ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਨਾਨਕ ਉਸ ਸਦਾ-ਥਿਰ ਪ੍ਰਭੂ ਦੀ ਸਿਫਤਿ ਸਾਲਾਹ ਸੁਣਾਂਦਾ ਹੈ, ਪੂਰੇ ਗੁਰੂ ਨੇ ਉਹ ਪ੍ਰਭੂ ਨੇੜੇ ਵਿਖਾ ਦਿੱਤਾ ਹੈ (ਅੰਦਰ ਵੱਸਦਾ ਵਿਖਾ ਦਿੱਤਾ ਹੈ)।੩।੧।

ੴ ਸਤਿਗੁਰ ਪ੍ਰਸਾਦਿ ॥

ਬਸੰਤੁ ਬਾਣੀ ਭਗਤਾਂ ਕੀ ਕਬੀਰ ਜੀ ਘਰੁ ੧

ਮਉਲੀ ਧਰਤੀ, ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥ ੧ ॥ ਰਾਜਾ ਰਾਮੁ ਮਉਲਿਆ, ਅਨਤ ਭਾਇ ॥ ਜਹ ਦੇਖਉ ਤਹ ਰਹਿਆ ਸਮਾਇ ॥ ੧ ॥ ਰਹਾਉ ॥ ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ ਸਿਉ ਕਤੇਬ ॥ ੨ ॥ ਸੰਕਰੁ ਮਉਲਿਓ ਜੋਗ ਧਿਆਨ ॥ ਕਬੀਰ ਕੋ ਸੁਆਮੀ ਸਭ ਸਮਾਨ ॥ ੩ ॥ ੧ ॥

ਪਦ ਅਰਥ :—ਮਉਲੀ—ਖਿੜੀ ਹੋਈ ਹੈ, ਟਹਿਕ ਰਹੀ ਹੈ, ਸੁਹਣੀ ਲੱਗ ਰਹੀ ਹੈ। ਘਟਿ ਘਟਿ—ਹਰੇਕ ਘਟ ਵਿਚ। ਮਉਲਿਆ—ਖਿੜਿਆ ਹੋਇਆ ਹੈ, ਚਮਕ ਦਿਖਾ ਰਿਹਾ ਹੈ, ਭਾਹ ਮਾਰ ਰਿਹਾ ਹੈ। ਪ੍ਰਗਾਸੁ—ਚਾਨਣ, ਜੋਤ। ਆਤਮ ਪ੍ਰਗਾਸੁ—ਆਤਮਾ ਦਾ ਪ੍ਰਕਾਸ਼, ਪਰਮਾਤਮਾ ਦੀ ਜੋਤ ਦਾ ਚਾਨਣ।੧।

ਰਾਜਾ—ਪ੍ਰਕਾਸ਼-ਸਰੂਪ। ਅਨਤ—ਅਨੰਤ। ਅਨਤ ਭਾਇ—ਅਨੰਤ ਭਾਵ ਵਿਚ, ਬੇਅੰਤ ਤਰੀਕਿਆਂ ਨਾਲ, ਅਨੇਕ ਤਰ੍ਹਾਂ। ਜਹ—ਜਿੱਧਰ। ਦੇਖਉ—ਦੇਖਉਂ, ਮੈਂ ਵੇਖਦਾ ਹਾਂ। ਤਹ—ਉਧਰ। ਸਮਾਇ ਰਹਿਆ—ਭਰਪੂਰ ਹੈ।੧। ਰਹਾਉ।

ਦੁਤੀਆ—ਦੂਜੀ ਗੱਲ (ਇਹ ਹੈ); ਅਤੇ ਹੋਰ (ਸੁਣੋ)। ਸਿਉ ਕਤੇਬ—ਮੁਸਲਮਾਨੀ ਧਰਮ ਪੁਸਤਕਾਂ ਸਮੇਤ।੨।

ਸੰਕਰੁ—ਸ਼ਿਵ। ਸਭ—ਹਰ ਥਾਂ। ਸਮਾਨ—ਇਕੋ ਜਿਹਾ।੩।

ਅਰਥ :—(ਸਾਰੇ ਜਗਤ ਦਾ ਮਾਲਕ) ਜੋਤ-ਸਰੂਪ ਪਰਮਾਤਮਾ (ਆਪਣੇ ਬਣਾਏ ਜਗਤ ਵਿਚ) ਅਨੇਕ ਤਰ੍ਹਾਂ ਆਪਣਾ ਪ੍ਰਕਾਸ਼ ਕਰ ਰਿਹਾ ਹੈ। ਮੈਂ ਜਿੱਧਰ ਵੇਖਦਾ ਹਾਂ, ਉਧਰ ਹੀ ਉਹ ਭਰਪੂਰ (ਦਿੱਸਦਾ) ਹੈ।੧। ਰਹਾਉ।

ਹਰੇਕ ਘਟ ਵਿਚ ਉਸ ਪਰਮਾਤਮਾ ਦਾ ਹੀ ਪ੍ਰਕਾਸ਼ ਹੈ। ਧਰਤੀ ਤੇ ਅਕਾਸ਼ (ਉਸੇ ਦੀ ਜੋਤ ਦੇ ਪ੍ਰਕਾਸ਼ ਨਾਲ) ਖਿੜੇ ਹੋਏ ਹਨ।੧।

(ਨਿਰੀ ਧਰਤ ਅਕਾਸ਼ ਹੀ ਨਹੀਂ) ਚਾਰੇ ਵੇਦ, ਸਿਮ੍ਰਿਤੀਆਂ ਤੇ ਮੁਸਲਮਾਨੀ ਧਰਮ-ਪੁਸਤਕ—ਇਹ ਸਾਰੇ ਭੀ ਪਰਮਾਤਮਾ ਦੀ ਜੋਤ ਨਾਲ ਪਰਗਟ ਹੋਏ ਹਨ।੨।

ਜੋਗ-ਸਮਾਧੀ ਲਾਣ ਵਾਲਾ ਸ਼ਿਵ ਭੀ (ਪ੍ਰਭੂ ਦੀ ਜੋਤ ਦੀ ਬਰਕਤ ਨਾਲ) ਖਿੜਿਆ। (ਮੁੱਕਦੀ ਗੱਲ ਇਹ ਕਿ) ਕਬੀਰ ਦਾ ਮਾਲਕ (-ਪ੍ਰਭੂ) ਸਭ ਥਾਂ ਇਕੋ ਜਿਹਾ ਖਿੜ ਰਿਹਾ ਹੈ।੩।

ਸ਼ਬਦ ਦਾ ਭਾਵ :–ਪਰਮਾਤਮਾ ਸਰਬ-ਵਿਆਪਕ ਹੈ, ਉਸੇ ਦੀ ਜੋਤ ਦਾ ਪ੍ਰਕਾਸ਼ ਹਰ ਥਾਂ ਹੋ ਰਿਹਾ ਹੈ ।

ਪੰਡਿਤ ਜਨ ਮਾਤੇ ਪੜ੍ਹਿ ਪੁਰਾਨ ॥ ਜੋਗੀ ਮਾਤੇ ਜੋਗ ਧਿਆਨ ॥ ਸੰਨਿਆਸੀ ਮਾਤੇ ਅਹੰਮੇਵ ॥ ਤਪਸੀ ਮਾਤੇ ਤਪ ਕੈ ਭੇਵ ॥ ੧ ॥ ਸਭ ਮਦ ਮਾਤੇ, ਕੋਊ ਨ ਜਾਗ ॥ ਸੰਗ ਹੀ ਚੋਰ, ਘਰੁ ਮੁਸਨ ਲਾਗ ॥ ੧ ॥ ਰਹਾਉ ॥ ਜਾਗੈ ਸੁਕਦੇਉ ਅਰੁ ਅਕ੍ਰੂਰੁ ॥ ਹਣਵੰਤੁ ਜਾਗੈ ਧਰਿ ਲੰਕੂਰੁ ॥ ਸੰਕਰੁ ਜਾਗੈ ਚਰਨ ਸੇਵ ॥ ਕਲਿ ਜਾਗੇ ਨਾਮਾ ਜੈਦੇਵ ॥ ੨ ॥ ਜਾਗਤ ਸੋਵਤ ਬਹੁ ਪ੍ਰਕਾਰ ॥ ਗੁਰਮੁਖਿ ਜਾਗੇ, ਸੋਈ ਸਾਰੁ ॥ ਇਸੁ ਦੇਹੀ ਕੇ ਅਧਿਕ ਕਾਮ ॥ ਕਹਿ ਕਬੀਰ, ਭਜਿ ਰਾਮ ਨਾਮ ॥ ੩ ॥ ੨ ॥

ਪਦ ਅਰਥ :–ਜਨ–ਲੋਕ । [ਨੋਟ–ਲਫ਼ਜ਼ 'ਜਨ' ਕਿਸੇ ਸ਼੍ਰੇਣੀ ਦੇ ਲਫ਼ਜ਼ ਨਾਲ ਵਰਤੀਏ ਤਾਂ ਉਸ ਦਾ ਅਰਥ ਹੁੰਦਾ ਹੈ "ਉਸ ਸ਼੍ਰੇਣੀ ਦੇ ਆਮ ਲੋਕ"] । ਮਾਤੇ–ਮੱਤੇ ਹੋਏ, ਮਸਤੇ ਹੋਏ, ਅਹੰਕਾਰੀ। ਪੜ੍ਹਿ–ਪੜ੍ਹ ਕੇ। ਅਹੰਮੇਵ–ਅਹੰਕਾਰ । ਭੇਵ–ਭੇਤ, ਮਰਮ ।੧।

ਸੰਗ ਹੀ–ਨਾਲ ਹੀ; ਅੰਦਰ ਹੀ । ਮੁਸਨ ਲਾਗ–ਠੱਗਣ ਲੱਗ ਪੈਂਦੇ ਹਨ । ੧ । ਰਹਾਉ ।

ਸੁਕਦੇਉ–[Skt. शुक] ਵਿਆਸ ਦੇ ਇਕ ਪੁੱਤਰ ਦਾ ਨਾਮ ਹੈ । ਇਹ ਜੰਮਦਾ ਹੀ ਭਗਤ ਸੀ, ਇਸ ਨੇ ਬੜੇ ਕਠਿਨ ਤਪ ਕੀਤੇ । ਰਾਜਾ ਪਰੀਖ੍ਯਤ ਨੂੰ ਇਸੇ ਰਿਸ਼ੀ ਨੇ ਭਾਗਵਤ ਪੁਰਾਣ ਸੁਣਾਇਆ ਸੀ । ਅਕ੍ਰੂਰ–ਕੰਸ ਦਾ ਭਰਾ, ਕ੍ਰਿਸ਼ਨ ਜੀ ਦਾ ਮਾਮਾ ਅਤੇ ਭਗਤ । ਲੰਕੂਰੁ–[Skt. लांगूल] ਪੂਛਲ । ਧਰਿ–ਧਾਰ ਕੇ । ੨ ।

ਬਹੁ ਪ੍ਰਕਾਰ–ਕਈ ਕਿਸਮਾਂ ਦਾ । ਗੁਰਮੁਖਿ–ਗੁਰੂ ਦੇ ਸਨਮੁਖ ਹੋ ਕੇ । ਸਾਰੁ–ਸ੍ਰੇਸ਼ਟ । ਸੋਈ–ਉਹ ਜਾਗਣਾ । ਦੇਹੀ–ਦੇਹ-ਧਾਰੀ, ਜੀਵ । ਅਧਿਕ–ਬਹੁਤ । ੩ ।

ਅਰਥ :–ਸਭ ਜੀਵ (ਕਿਸੇ ਨ ਕਿਸੇ ਵਿਕਾਰ ਵਿਚ) ਮੱਤੇ ਪਏ ਹਨ, ਕੋਈ ਜਾਗਦਾ ਨਹੀਂ (ਦਿੱਸਦਾ) । ਤੇ, ਇਹਨਾਂ ਜੀਵਾਂ ਦੇ ਅੰਦਰੋਂ ਹੀ (ਉੱਠ ਕੇ ਕਾਮਾਦਿਕ) ਚੋਰ ਇਹਨਾਂ ਦਾ (ਹਿਰਦਾ-ਰੂਪ) ਘਰ ਲੁੱਟ ਰਹੇ ਹਨ । ੧ । ਰਹਾਉ ।

ਪੰਡਿਤ ਲੋਕ ਪੁਰਾਨ (ਆਦਿਕ ਧਰਮ-ਪੁਸਤਕਾਂ) ਪੜ੍ਹ ਕੇ ਅਹੰਕਾਰੇ ਹੋਏ ਹਨ; ਜੋਗੀ ਜੋਗ-ਸਾਧਨਾਂ ਦੇ ਮਾਣ ਵਿਚ ਮੱਤੇ ਹੋਏ ਹਨ, ਸੰਨਿਆਸੀ (ਸੰਨਿਆਸ ਦੇ) ਅਹੰਕਾਰ ਵਿਚ ਡੁੱਬੇ ਹੋਏ ਹਨ; ਤਪੀ ਲੋਕ ਇਸ ਵਾਸਤੇ ਮਸਤੇ ਹੋਏ ਹਨ ਕਿ ਉਹਨਾਂ ਨੇ ਤਪ ਦਾ ਭੇਤ ਪਾ ਲਿਆ ਹੈ । ੧ ।

(ਜਗਤ ਵਿਚ ਕੋਈ ਵਿਰਲੇ ਵਿਰਲੇ ਜਾਗੇ, ਵਿਰਲੇ ਵਿਰਲੇ ਮਾਇਆ ਦੇ ਪ੍ਰਭਾਵ ਤੋਂ

ਬਚੇ); ਜਾਗਦਾ ਰਿਹਾ ਸੁਕਦੇਵ ਰਿਸ਼ੀ ਤੇ ਅਕ੍ਰੂਰ ਭਗਤ; ਜਾਗਦਾ ਰਿਹਾ ਹਨੂਮਾਨ ਪੂਛਲ ਧਾਰ ਕੇ ਭੀ (ਭਾਵ, ਭਾਵੇਂ ਲੋਕ ਉਸ ਨੂੰ ਪੂਛਲ ਵਾਲਾ ਹੀ ਆਖਦੇ ਹਨ)। ਪ੍ਰਭੂ-ਚਰਨਾਂ ਦੀ ਸੇਵਾ ਕਰ ਕੇ ਜਾਗਿਆ ਸ਼ਿਵ ਜੀ। (ਹੁਣ ਦੇ ਸਮੇ) ਕਲਿਜੁਗ ਵਿਚ ਜਾਗਦੇ ਰਹੇ ਭਗਤ ਨਾਮਦੇਵ ਤੇ ਜੈਦੇਵ ਜੀ। ੨।

ਜਾਗਣਾ ਤੇ ਸੁੱਤੇ ਰਹਿਣਾ (ਭੀ) ਕਈ ਕਿਸਮ ਦਾ ਹੈ (ਚੋਰ ਭੀ ਤਾਂ ਰਾਤ ਨੂੰ ਜਾਗਦੇ ਹੀ ਹਨ)। ਉਹ ਜਾਗਣਾ ਸ੍ਰੇਸ਼ਟ ਹੈ ਜੋ ਗੁਰਮੁਖਾਂ ਦਾ ਜਾਗਣਾ ਹੈ (ਭਾਵ, ਜੋ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਮਾਇਆ ਦੇ ਹੱਲੇ ਵਲੋਂ ਸੁਚੇਤ ਰਹਿੰਦਾ ਹੈ, ਉਹੀ ਜਾਗ ਰਿਹਾ ਹੈ)। ਕਬੀਰ ਆਖਦਾ ਹੈ—ਹੇ ਭਾਈ! ਪ੍ਰਭੂ ਦਾ ਨਾਮ ਸਿਮਰ (ਕੇ ਸੁਚੇਤ ਰਹੁ, ਇਹ ਸਿਮਰਨ) ਜੀਵ ਦੇ ਬਹੁਤ ਕੰਮ ਆਉਂਦਾ ਹੈ। ੩। ੨।

ਨੋਟ—ਕਬੀਰ ਜੀ ਬਨਾਰਸ ਦੇ ਰਹਿਣ ਵਾਲੇ ਸਨ। ਭਗਤ ਨਾਮਦੇਵ ਜੀ ਬੰਬਈ ਦੇ ਜ਼ਿਲਾ ਸਤਾਰਾ ਦੇ, ਅਤੇ ਜੈਦੇਵ ਜੀ ਬੰਗਾਲ ਦੇ ਰਹਿਣ ਵਾਲੇ। ਕਬੀਰ ਜੀ ਇਹਨਾਂ ਦੋਹਾਂ ਭਗਤਾਂ ਦਾ ਜ਼ਿਕਰ ਕਰਦੇ ਹਨ। ਉਸ ਜ਼ਮਾਨੇ ਵਿਚ ਭੀ ਇਹਨਾਂ ਦੀ ਸੋਭਾ ਸਾਰੇ ਭਾਰਤ ਵਿਚ ਖਿਲਾਰੀ ਹੋਈ ਸੀ, ਜਦੋਂ ਕੋਈ ਅਖ਼ਬਾਰਾਂ ਦਾ ਰਿਵਾਜ ਨਹੀਂ ਸੀ, ਕਿਤੇ ਰੇਲ ਗੱਡੀਆਂ ਭੀ ਨਹੀਂ ਸਨ।

ਸ਼ਬਦ ਦਾ ਭਾਵ :—ਜੇ ਮਨੁੱਖ ਪ੍ਰਭੂ ਦਾ ਨਾਮ ਵਿਸਾਰ ਦੇਵੇ, ਤਾਂ ਕਾਮਾਦਿਕ ਅਨੇਕਾਂ ਵਿਕਾਰ ਉਸ ਦੇ ਆਚਰਨ ਨੂੰ, ਆਤਮਕ-ਜੀਵਨ ਨੂੰ ਗਿਰਾ ਦੇਂਦੇ ਹਨ। ਕੋਈ ਪੰਡਿਤ ਹੋਵੇ ਜੋਗੀ ਹੋਵੇ, ਸੰਨਿਆਸੀ ਹੋਵੇ ਤਪੀ ਹੋਵੇ, ਕਿਸੇ ਦਾ ਲਿਹਾਜ਼ ਨਹੀਂ ਕਰਦੇ।

ਜੋਇ ਖਸਮੁ ਹੈ ਜਾਇਆ ॥ ਪੂਤਿ ਬਾਪੁ ਖੇਲਾਇਆ ॥ ਬਿਨੁ ਸ੍ਰਵਣਾ ਖੀਰੁ ਪਿਲਾਇਆ ॥ ੧ ॥ ਦੇਖਹੁ ਲੋਗਾ, ਕਲਿ ਕੋ ਭਾਉ ॥ ਸੁਤਿ ਮੁਕਲਾਈ ਅਪਨੀ ਮਾਉ ॥ ੧ ॥ ਰਹਾਉ ॥ ਪਗਾ ਬਿਨੁ ਹੁਰੀਆ ਮਾਰਤਾ ॥ ਬਦਨੈ ਬਿਨੁ ਖਿਰ ਖਿਰ ਹਾਸਤਾ ॥ ਨਿਦ੍ਰਾ ਬਿਨੁ, ਨਰੁ ਪੈ ਸੋਵੈ ॥ ਬਿਨੁ ਬਾਸਨ ਖੀਰੁ ਬਿਲੋਵੈ ॥ ੨ ॥ ਬਿਨੁ ਅਸਥਨ ਗਊ ਲਵੇਰੀ ॥ ਪੈਡੇ ਬਿਨੁ, ਬਾਟ ਘਨੇਰੀ ॥ ਬਿਨੁ ਸਤਿਗੁਰ ਬਾਟ ਨ ਪਾਈ॥ ਕਹੁ ਕਬੀਰ ਸਮਝਾਈ ॥੩॥੩॥

ਪਦ ਅਰਥ :—ਜੋਇ—ਇਸਤ੍ਰੀ (ਨੇ)। ਜਾਇਆ—ਜੰਮਿਆ, ਜਨਮ ਦਿੱਤਾ ਪੂਤਿ—ਪੁੱਤਰ (ਮਨ) ਨੇ। ਖੇਲਾਇਆ—ਖੇਡੇ ਲਾਇਆ ਹੈ। ਸ੍ਰਵਣ—[Skt. स्रवण—Flowing, trickling, oozing, (ਦੁੱਧ) ਵਗਣਾ, ਸਿੰਮਣਾ] ਥਣ। ਖੀਰੁ—ਦੁੱਧ। ੧।

ਕੋ—ਦਾ। ਭਾਉ—ਪ੍ਰਭਾਵ। ਸੁਤਿ—ਪੁੱਤਰ ਨੇ। ਮੁਕਲਾਈ—ਵਿਆਹ ਲਈ ਹੈ। ਮਾਉ—ਮਾਂ। ਕਲਿ—ਪ੍ਰਭੂ ਤੋਂ ਵਿਛੋੜਾ। ਰਹਾਉ।

ਨੋਟ—"ਇਸ ਸਾਰੇ ਸ਼ਬਦ ਵਿਚ ਕਬੀਰ ਜੀ ਮਾਇਆ ਦੇ ਪ੍ਰਭਾਵ ਦਾ ਹਾਲ ਦੱਸ ਰਹੇ ਹਨ, ਮਾਇਆ-ਵੇੜ੍ਹੇ ਜੀਵ ਦੀ ਦਸ਼ਾ ਬਿਆਨ ਕਰ ਰਹੇ ਹਨ; ਅਤੇ "ਕਲਿ ਕੋ ਭਾਉ" ਲਫ਼ਜ਼ ਵਰਤਦੇ ਹਨ। ਇਹੀ ਲਫ਼ਜ਼ ਗੁਰੂ ਨਾਨਕ ਦੇਵ ਜੀ ਨੇ ਵਰਤੇ ਹਨ ਆਸਾ ਰਾਗ ਦੇ ਇਕ ਸ਼ਬਦ ਵਿਚ, ਜਿੱਥੇ ਆਪ ਮਾਇਆ-ਵੇੜ੍ਹੇ ਜਗਤ ਦੀ ਹਾਲਤ ਦੱਸਦੇ ਹਨ; ਆਪ ਫ਼ੁਰਮਾਂਦੇ ਹਨ :

ਤਾਲ ਮਦੀਰੇ ਘਟ ਕੇ ਘਾਟ। ਦੋਲਕ ਦੁਨੀਆ ਵਾਜਹਿ ਵਾਜ॥
ਨਾਰਦੁ ਨਾਚੈ ਕਲਿ ਕਾ ਭਾਉ। ਜਤੀ ਸਤੀ ਕਹਿ ਰਾਖਹਿ ਪਾਉ ।੧।

ਇਹਨਾਂ ਲਫ਼ਜ਼ਾਂ ਦੀ ਸਾਂਝ ਇਸ ਨਤੀਜੇ ਤੇ ਅਪੜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਪਾਸ ਭਗਤ ਕਬੀਰ ਜੀ ਦੀ ਬਾਣੀ ਮੌਜੂਦ ਸੀ। ਮੂਰਤੀ-ਪੂਜਾ ਤੇ ਭਰਮਾਂ-ਵਹਿਮਾਂ ਦੇ ਹਨੇਰੇ ਵਿਚ ਫਸੇ ਹੋਏ ਭਾਰਤ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਕਿਸੇ ਰੱਬੀ-ਪਿਆਰੇ ਦੀ ਭਾਲ ਕਰਨ ਚੜ੍ਹੇ, ਤਾਂ ਇਹ ਕੁਦਰਤੀ ਗੱਲ ਸੀ ਕਿ ਜਿੱਥੇ ਕਿਤੇ ਇਹਨਾਂ ਨੂੰ ਆਪਣੇ ਹਮ-ਖ਼ਿਆਲ ਦੀ ਦੱਸ ਪਏ, ਉਸ ਨੂੰ ਮਿਲਣ ਜਾਂ ਉਸ ਦੀ ਬਾਣੀ ਹਾਸਲ ਕਰਨ।

ਪਗ—ਪੈਰ। ਹੁਰੀਆ—ਛਾਲਾਂ। ਬਦਨ—ਮੂੰਹ। ਖਿਰ ਖਿਰ—ਖਿੜ ਖਿੜ। ਹਾਸਤਾ—ਹੱਸਦਾ ਹੈ। ਨਿਦ੍ਰਾ—ਮੋਹ ਦੀ ਨੀਂਦ। ਪੈ—ਬੇ-ਪਰਵਾਹ ਹੋ ਕੇ, ਲੰਮੀ ਤਾਣ ਕੇ। ਬਾਸਨ—ਭਾਂਡਾ। ਬਿਲੋਵੈ—ਰਿੜਕਦਾ ਹੈ। ੨।

ਅਸਥਨ—ਥਣ। ਗਊ—ਮਾਇਆ-ਰੂਪ ਗਾਂ। ਬਿਨੁ ਅਸਥਨ—ਥਣਾਂ ਤੋਂ ਬਿਨਾ ਹੈ, (ਭਾਵ, ਇਸ ਮਾਇਆ ਪਾਸੋਂ ਸੁਖ ਨਹੀਂ ਮਿਲਦੇ)। ਪੈਡੇ ਬਿਨੁ—(ਇਸ ਦਾ ਅਸਲਾ ਤਾਂ ਐਸਾ ਹੈ ਕਿ ਇਸ ਨੂੰ) ਕੋਈ ਪੈਂਡਾ ਨਹੀਂ। ਬਾਟ ਘਨੇਰੀ—ਲੰਮੀ ਵਾਟ। ਬਾਟ—ਜੀਵਨ ਦਾ ਸਹੀ ਰਸਤਾ। ੩।

ਅਰਥ :—ਹੇ ਲੋਕੋ ! ਵੇਖੋ, ਕਲਿਜੁਗ ਦਾ ਅਜਬ ਪ੍ਰਭਾਵ ਪੈ ਰਿਹਾ ਹੈ (ਭਾਵ, ਪ੍ਰਭੂ ਤੋਂ ਵਿਛੜਨ ਕਰਕੇ ਜੀਵ ਉੱਤੇ ਅਜਬ ਦਬਾਉ ਪੈ ਰਿਹਾ ਹੈ)। (ਮਨ-ਰੂਪ) ਪੁੱਤਰ ਨੇ ਆਪਣੀ ਮਾਂ (-ਮਾਇਆ) ਨੂੰ ਵਿਆਹ ਲਿਆ ਹੈ। ੧। ਰਹਾਉ।

ਇਸਤ੍ਰੀ ਨੇ ਖਸਮ ਨੂੰ ਜਨਮ ਦਿੱਤਾ ਹੈ (ਭਾਵ, ਜਿਸ ਮਨ ਨੂੰ ਮਾਇਆ ਨੇ ਜਨਮ ਦਿੱਤਾ ਹੈ, ਉਹੀ ਇਸ ਨੂੰ ਭੋਗਣਹਾਰਾ ਬਣ ਜਾਂਦਾ ਹੈ)। ਮਨ-ਪੁੱਤਰ ਨੇ ਪਿਉ-ਜੀਵਾਤਮਾ ਨੂੰ ਖੇਡੇ ਲਾਇਆ ਹੋਇਆ ਹੈ। (ਇਹ ਮਨ) ਥਣਾਂ ਤੋਂ ਬਿਨਾ ਹੀ (ਜੀਵਾਤਮਾ ਨੂੰ) ਦੁੱਧ ਪਿਲਾ ਰਿਹਾ ਹੈ (ਭਾਵ, ਨਾਸਵੰਤ ਪਦਾਰਥਾਂ ਦੇ ਸੁਆਦ ਵਿਚ ਪਾ ਰਿਹਾ ਹੈ) ।੧।

(ਇਸ ਮਨ ਦੇ) ਕੋਈ ਪੈਰ ਨਹੀਂ ਹਨ, ਪਰ ਛਾਲਾਂ ਮਾਰਦਾ ਫਿਰਦਾ ਹੈ; (ਇਸ ਦਾ) ਮੂੰਹ ਨਹੀਂ, ਪਰ ਖਿੜ ਖਿੜ ਹੱਸਦਾ ਫਿਰਦਾ ਹੈ। (ਜੀਵ ਦਾ ਅਸਲਾ ਤਾਂ ਐਸਾ ਹੈ ਕਿ ਇਸ ਨੂੰ ਮਾਇਆ ਦੀ) ਨੀਂਦ ਨਹੀਂ ਵਿਆਪ ਸਕਦੀ ਸੀ,

ਪਰ ('ਕਲਿ ਕੋ ਭਾਉ ਵੇਖੋ') ਜੀਵ ਲੰਮੀ ਤਾਣ ਕੇ ਸੁੱਤਾ ਪਿਆ ਹੈ; ਤੇ ਭਾਂਡੇ ਤੋਂ ਬਿਨਾ ਦੁੱਧ ਰਿੜਕ ਰਿਹਾ ਹੈ (ਭਾਵ, ਸ਼ੇਖ਼ ਚਿੱਲੀ ਵਾਂਗ ਘਾੜਤਾਂ ਘੜਦਾ ਰਹਿੰਦਾ ਹੈ) ।੨।

(ਇਸ ਮਾਇਆ-ਰੂਪ) ਗਾਂ ਪਾਸੋਂ ਸੁਖ ਤਾਂ ਨਹੀਂ ਮਿਲ ਸਕਦੇ, ਪਰ ਇਹ (ਮਨ ਨੂੰ) ਝੂਠੇ ਪਦਾਰਥਾਂ-ਰੂਪ ਦੁੱਧ ਵਿਚ ਮੋਹ ਰਹੀ ਹੈ। (ਆਪਣੇ ਅਸਲੇ ਅਨੁਸਾਰ ਤਾਂ ਇਸ ਜੀਵ ਨੂੰ ਕੋਈ ਭਟਕਣਾ ਨਹੀਂ ਸੀ ਚਾਹੀਦੀ, ਪਰ 'ਕਲਿ ਕੋ ਭਾਉ' ਵੇਖੋ) ਲੰਮੇ ਪੈਂਡੇ (ਚੌਰਾਸੀ ਦੇ ਗੇੜ ਵਿਚ) ਪਿਆ ਹੋਇਆ ਹੈ। ਹੇਕਬੀਰ ! (ਇਸ ਜਗਤ ਨੂੰ) ਸਮਝਾ ਕੇ ਦੱਸ ਕਿ ਸਤਿਗੁਰੂ ਤੋਂ ਬਿਨਾ ਜੀਵਨ-ਸਫ਼ਰ ਦਾ ਸਹੀ ਰਸਤਾ ਨਹੀਂ ਲੱਭ ਸਕਦਾ । ੩ । ੩ ।

ਨੋਟ—'ਬਿਨੁ ਸਤਿਗੁਰ ਬਾਟ ਨ ਪਾਈ'—ਇਸ ਤੁਕ ਤੋਂ ਸਾਫ਼ ਦਿੱਸਦਾ ਹੈ ਕਿ ਸਾਰੇ ਸ਼ਬਦ ਵਿਚ 'ਕਲਿ ਕੋ ਭਾਉ' ਦੇ ਕਾਰਨ ਜੀਵ ਦੇ ਕੁਰਾਹੇ ਪਏ ਹੋਣ ਦਾ ਹਾਲ ਦੱਸਿਆ ਹੈ। ਕਿਸੇ ਅਸੰਭਵ ਜਾਂ ਸੰਭਵ ਗੱਲ ਦਾ ਇੱਥੇ ਜ਼ਿਕਰ ਨਹੀਂ, ਜਿਵੇਂ ਕਿ ਕਈ ਟੀਕਾਕਾਰ ਲਿਖ ਰਹੇ ਹਨ। 'ਬਾਟ' ਤੋਂ ਖੁੰਝਣ ਦਾ ਜ਼ਿਕਰ ਹੈ, ਤੇ ਅਸਲ 'ਬਾਟ' ਗੁਰੂ ਤੋਂ ਹੀ ਮਿਲਦੀ ਹੈ।

ਸ਼ਬਦ ਦਾ ਭਾਵ—ਗੁਰੂ ਦੀ ਰਾਹਬਰੀ ਤੋਂ ਬਿਨਾ ਮਨ ਮਾਇਆ ਦੀ ਨੀਂਦ ਵਿਚ ਸੁੱਤਾ ਰਹਿੰਦਾ ਹੈ। ਇਹੀ ਹੈ ਕਲਿਜੁਗ ਦਾ ਪ੍ਰਭਾਵ।

ਪ੍ਰਹਲਾਦ ਪਠਾਏ ਪੜਨਸਾਲ ॥ ਸੰਗਿ ਸਖਾ ਬਹੁ ਲੀਏ ਬਾਲ ॥ ਮੋ ਕਉ ਕਹਾ ਪੜ੍ਹਾਵਸਿ ਆਲ ਜਾਲ ॥ ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋਪਾਲ ॥ ੧ ॥ ਨਹੀ ਛੋਡਉ ਰੇ ਬਾਬਾ ਰਾਮ ਨਾਮ ॥ ਮੇਰੋ ਅਉਰ ਪੜਨ ਸਿਉ ਨਹੀ ਕਾਮੁ ॥ ੧ ॥ ਰਹਾਉ ॥ ਸੰਡੈ ਮਰਕੈ ਕਹਿਓ ਜਾਇ ॥ ਪ੍ਰਹਿਲਾਦ ਬੁਲਾਏ ਬੇਗਿ ਧਾਇ ॥ ਤੂ ਰਾਮ ਕਹਨ ਕੀ ਛੋਡੁ ਬਾਨਿ ॥ ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥ ੨ ॥ ਮੋ ਕਉ ਕਹਾ ਸਤਾਵਹੁ ਬਾਰ ਬਾਰ ॥ ਪ੍ਰਭਿ ਜਲ ਥਲ ਗਿਰਿ ਕੀਏ ਪਹਾਰ ॥ ਇਕੁ ਰਾਮੁ ਨ ਛੋਡਉ, ਗੁਰਹਿ ਗਾਰਿ ॥ ਮੋ ਕਉ ਘਾਲਿ ਜਾਰਿ, ਭਾਵੈ ਮਾਰਿ ਡਾਰਿ ॥ ੩ ॥ ਕਾਢਿ ਖੜਗੁ ਕੋਪਿਓ ਰਿਸਾਇ ॥ ਤੁਝ ਰਾਖਨਹਾਰੋ ਮੋਹਿ ਬਤਾਇ ॥ ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ ॥ ਹਰਨਾਖਸੁ ਛੇਦਿਓ ਨਖ ਬਿਦਾਰ ॥ ੪ ॥ ਓਇ ਪਰਮ ਪੁਰਖ ਦੇਵਾਧਿਦੇਵ ॥ ਭਗਤਿ ਹੇਤਿ ਨਰਸਿੰਘ ਭੇਵ ॥

ਕਹਿ ਕਬੀਰ ਕੋ ਲਖੈ ਨ ਪਾਰ ॥ ਪ੍ਰਹਿਲਾਦ ਉਧਾਰੇ ਅਨਿਕ ਬਾਰ ॥ ੫ ॥ ੪ ॥

ਪਦ ਅਰਥ :—ਪਠਾਏ—ਘੱਲਿਆ । ਪੜਨਸਾਲ—ਪਾਠਸ਼ਾਲਾ । ਸੰਗਿ-(ਆਪਣੇ) ਨਾਲ । ਸਖਾ—ਮਿੱਤਰ, ਸਾਥੀ । ਬਾਲ—ਬਾਲਕ । ਕਹਾ ਪੜ੍ਹਾਵਸਿ—ਤੂੰ ਕਿਉਂ ਪੜ੍ਹਾਉਂਦਾ ਹੈਂ ? ਆਲ ਜਾਲ—ਘਰ ਦੇ ਧੰਧੇ [ਆਲ-ਘਰ। ਜਾਲ—ਧੰਧੇ] । ਪਟੀਆ—ਨਿੱਕੀ ਜਿਹੀ ਪੱਟੀ । ਗੁੋਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ (ੋ) ਅਤੇ (ੁ) । ਅਸਲੀ ਲਫ਼ਜ਼ 'ਗੋਪਾਲ' ਹੈ । ਪਰ, ਇੱਥੇ 'ਗੁਪਾਲ' ਪੜ੍ਹਨਾ ਹੈ] ।੧।

ਰੇ ਬਾਬਾ—ਹੇ ਬਾਬਾ ! ਛੋਡਉ—ਮੈਂ ਛੱਡਦਾ ਹਾਂ, ਮੈਂ ਛੱਡਾਂਗਾ । ਮੇਰੋ ਨਹੀ ਕਾਮੁ—ਮੇਰਾ ਕੋਈ ਕੰਮ ਨਹੀਂ, ਮੇਰੀ ਕੋਈ ਗ਼ਰਜ਼ ਨਹੀਂ । ੧ । ਰਹਾਉ ।

ਬੇਗਿ—ਛੇਤੀ । ਬੁਲਾਏ—ਸਦਵਾਇਆ । ਬਾਨਿ—ਆਦਤ । ਮਾਨਿ—ਮੰਨ ਲੈ । ਬਾਰ ਬਾਰ—ਮੁੜ ਮੁੜ । ਪ੍ਰਭਿ—ਪ੍ਰਭੂ ਨੇ । ਗਿਰਿ—ਪਹਾੜ । ਗੁਰਹਿ—ਗੁਰੂ ਨੂੰ । ਗਾਰਿ—ਗਾਲ । ਘਾਲਿ ਜਾਰਿ—ਸਾੜ ਦੇਹ । ਭਾਵੈ—ਚਾਹੇ । ਮਾਰਿ ਡਾਰਿ—ਮਾਰ ਦੇਹ । ੩ ।

ਖੜਗੁ—ਤਲਵਾਰ । ਰਿਸਾਇ—ਖਿੱਝ ਕੇ । ਕੋਪਿਓ—ਕ੍ਰੋਧ ਵਿਚ ਆਇਆ । ਮੋਹਿ—ਮੈਨੂੰ । ਬਤਾਇ—ਦੱਸ । ਤੇ—ਤੋਂ । ਨਿਕਸੇ—ਨਿਕਲ ਆਏ । ਕੈ—ਕਰਿ, ਕਰ ਕੇ । ਕੈ ਬਿਸਥਾਰ—ਵਿਸਥਾਰ ਕਰ ਕੇ, ਭਿਆਨਕ ਰੂਪ ਧਾਰ ਕੇ । ਛੇਦਿਓ—ਚੀਰ ਦਿੱਤਾ, ਮਾਰ ਦਿੱਤਾ । ਨਖ—ਨਹੁੰਆਂ ਨਾਲ । ਬਿਦਾਰ—ਪਾੜ ਕੇ । ੪ ।

ਦੇਵਾਧਿਦੇਵ-ਦੇਵ-ਅਧਿਦੇਵ, ਦੇਵਤਿਆਂ ਦਾ ਵੱਡ ਦੇਵਤਾ । ਹੇਤਿ—ਖ਼ਾਤਰ । ਭਗਤਿ ਹੇਤਿ—ਭਗਤੀ ਦੀ ਖ਼ਾਤਰ,ਭਗਤੀ ਨਾਲ ਪਿਆਰ ਕਰ ਕੇ । ਭੇਵ—ਰੂਪ । ਕਹਿ—ਕਹੇ, ਆਖਦਾ ਹੈ । ਕੋ—ਕਈ ਜੀਵ । ਪਾਰ—ਅੰਤ । ਉਧਾਰੇ—ਬਚਾਇਆ । ਅਨਿਕ ਬਾਰ—ਅਨੇਕਾਂ ਵਾਰੀ, ਅਨੇਕਾਂ ਕਸ਼ਟਾਂ ਤੋਂ । ੫ ।

ਅਰਥ :—ਪ੍ਰਹਿਲਾਦ ਨੂੰ (ਉਸ ਦੇ ਪਿਉ ਹਰਨਾਖਸ਼ ਨੇ) ਪਾਠਸ਼ਾਲਾ ਵਿਚ ਪੜ੍ਹਨ ਘੱਲਿਆ, (ਪ੍ਰਹਿਲਾਦ ਨੇ ਆਪਣੇ) ਨਾਲ ਕਈ ਬਾਲਕ ਸਾਥੀ ਲੈ ਲਏ । (ਜਦੋਂ ਪਾਂਧਾ ਕੁਝ ਹੋਰ ਉਲਟ-ਪੁਲਟ ਪੜ੍ਹਾਣ ਲੱਗਾ, ਤਾਂ ਪ੍ਰਹਿਲਾਦ ਨੇ ਆਖਿਆ, ਹੇ ਬਾਬਾ !) ਮੈਨੂੰ ਊਲ-ਜਲੂਲ ਕਿਉਂ ਪੜ੍ਹਾਉਂਦਾ ਹੈਂ ? ਮੇਰੀ ਇਸ ਨਿੱਕੀ ਜਿਹੀ ਪੱਟੀ ਉੱਤੇ 'ਸ੍ਰੀ ਗੋਪਾਲ, ਸ੍ਰੀ ਗੋਪਾਲ' ਲਿਖ ਦੇਹ । ੧ ।

ਹੇ ਬਾਬਾ! ਮੈਂ ਪਰਮਾਤਮਾ ਦਾ ਨਾਮ ਸਿਮਰਨਾ ਨਹੀਂ ਛੱਡਾਂਗਾ। ਨਾਮ ਤੋਂ ਬਿਨਾ ਕੋਈ ਹੋਰ ਗੱਲ ਪੜ੍ਹਨ ਨਾਲ ਮੇਰਾ ਕੋਈ ਵਾਸਤਾ ਨਹੀਂ ਹੈ । ੧ । ਰਹਾਉ ।

(ਪ੍ਰਹਿਲਾਦ ਦੇ ਅਧਿਆਪਕ) ਸੰਡੇ ਮਰਕੇ (ਅਮਰਕ) ਨੇ ਜਾ ਕੇ (ਹਰਨਾਖਸ਼ ਨੂੰ

ਇਹ ਗੱਲ) ਕਹਿ ਦਿੱਤੀ। ਉਸ ਨੇ ਛੇਤੀ ਨਾਲ ਪ੍ਰਹਿਲਾਦ ਨੂੰ ਸੱਦ ਘੱਲਿਆ। (ਪਾਂਧੇ ਨੇ ਪ੍ਰਹਿਲਾਦ ਨੂੰ ਸਮਝਾਇਆ) ਤੂੰ ਪਰਮਾਤਮਾ ਦਾ ਨਾਮ ਸਿਮਰਨ ਦੀ ਆਦਤ ਛੱਡ ਦੇਹ, ਮੇਰਾ ਆਖਿਆ ਮੰਨ ਲੈ, ਮੈਂ ਤੈਨੂੰ ਤੁਰਤ ਛਡਾ ਲਵਾਂਗਾ। ੨।

(ਪ੍ਰਹਿਲਾਦ ਨੇ ਉੱਤਰ ਦਿੱਤਾ, ਇਹ ਗੱਲ ਆਖ ਕੇ) ਮੈਨੂੰ ਮੁੜ ਮੁੜ ਕਿਉਂ ਦਿੱਕ ਕਰਦੇ ਹੋ ? ਜਿਸ ਪ੍ਰਭੂ ਨੇ ਪਾਣੀ, ਧਰਤੀ, ਪਹਾੜ ਆਦਿਕ ਸਾਰੀ ਸ੍ਰਿਸ਼ਟੀ ਬਣਾਈ ਹੈ, ਮੈਂ ਉਸ ਰਾਮ ਨੂੰ ਸਿਮਰਨਾ ਨਹੀਂ ਛੱਡਾਂਗਾ। (ਉਸ ਨੂੰ ਛੱਡਿਆਂ) ਮੇਰੇ ਗੁਰੂ ਨੂੰ ਗਾਲ੍ਹ ਲੱਗਦੀ ਹੈ (ਭਾਵ, ਮੇਰੇ ਗੁਰੂ ਦੀ ਬਦਨਾਮੀ ਹੁੰਦੀ ਹੈ)। ਮੈਨੂੰ ਚਾਹੇ ਸਾੜ ਭੀ ਦੇਹ, ਚਾਹੇ ਮਾਰ ਦੇਹ। ੩।

(ਹਰਨਾਖਸ਼) ਖਿੱਝ ਕੇ ਕ੍ਰੋਧ ਵਿਚ ਆਇਆ, ਤਲਵਾਰ (ਮਿਆਨੋਂ) ਕੱਢ ਕੇ (ਆਖਣ ਲੱਗਾ :) ਮੈਨੂੰ ਉਹ ਦੱਸ ਜੋ ਤੈਨੂੰ ਬਚਾਉਣ ਵਾਲਾ ਹੈ। ਪ੍ਰਭੂ ਭਿਆਨਕ ਰੂਪ ਧਾਰ ਕੇ ਥੰਮ੍ਹ ਵਿਚੋਂ ਨਿਕਲ ਆਇਆ, ਤੇ ਉਸ ਨੇ ਆਪਣੇ ਨਹੁੰਆਂ ਨਾਲ ਚੀਰ ਕੇ ਹਰਨਾਖਸ਼ ਨੂੰ ਮਾਰ ਦਿੱਤਾ। ੪।

ਕਬੀਰ ਆਖਦਾ ਹੈ—ਪ੍ਰਭੂ ਜੀ ਪਰਮ-ਪੁਰਖ ਹਨ, ਦੇਵਤਿਆਂ ਦੇ ਭੀ ਵੱਡੇ ਦੇਵਤੇ ਹਨ। ਪ੍ਰਹਿਲਾਦ ਦੀ ਭਗਤੀ ਨਾਲ ਪਿਆਰ ਕਰ ਕੇ ਪ੍ਰਭੂ ਨੇ ਨਰਸਿੰਘ ਰੂਪ ਧਾਰਿਆ, ਪ੍ਰਹਿਲਾਦ ਨੂੰ ਅਨੇਕਾਂ ਕਸ਼ਟਾਂ ਤੋਂ ਬਚਾਇਆ। ਕੋਈ ਜੀਵ ਉਸ ਪ੍ਰਭੂ ਦੀ ਤਾਕਤ ਦਾ ਅੰਤ ਨਹੀਂ ਪਾ ਸਕਦਾ।੫।੪।

ਸ਼ਬਦ ਦਾ ਭਾਵ—ਨਿਰਭਉ ਪ੍ਰਭੂ ਦਾ ਸਿਮਰਨ ਕੀਤਿਆਂ ਮਨੁੱਖ ਦੇ ਅੰਦਰ ਨਿਰ-ਭੈਤਾ ਆ ਜਾਂਦੀ ਹੈ।

ਇਸੁ ਤਨ ਮਨ ਮਧੇ ਮਦਨ ਚੋਰ॥ ਜਿਨਿ ਗਿਆਨ ਰਤਨੁ ਹਿਰਿ ਲੀਨ ਮੋਰ ॥ ਮੈ ਅਨਾਥੁ, ਪ੍ਰਭ, ਕਹਉ ਕਾਹਿ ॥ ਕੋ ਕੋ ਨ ਬਿਗੂਤੋ, ਮੈ ਕੋ ਆਹਿ ॥ ੧ ॥ ਮਾਧਉ, ਦਾਰੁਨ ਦੁਖੁ ਸਹਿਓ ਨ ਜਾਇ ॥ ਮੇਰੋ ਚਪਲ ਬੁਧਿ ਸਿਉ ਕਹਾ ਬਸਾਇ ॥ ੧ ॥ ਰਹਾਉ ॥ ਸਨਕ ਸਨੰਦਨ ਸਿਵ ਸੁਕਾਦਿ ॥ ਨਾਭਿ ਕਮਲ ਜਾਨੇ ਬ੍ਰਮਾਦਿ ॥ ਕਬਿ ਜਨ ਜੋਗੀ ਜਟਾ ਧਾਰਿ ॥ ਸਭ ਆਪਨ ਅਉਸਰ ਚਲੇ ਸਾਰਿ ॥ ੨ ॥ ਤੂ ਅਥਾਹੁ, ਮੋਹਿ ਥਾਹ ਨਾਹਿ ॥ ਪ੍ਰਭ ਦੀਨਾਨਾਥ, ਦੁਖੁ ਕਹਉ ਕਾਹਿ ॥ ਮੋਰੋ ਜਨਮ ਮਰਨ ਦੁਖੁ ਆਥਿ ਧੀਰ ॥ ਸੁਖ ਸਾਗਰ, ਗੁਨ ਰਉ ਕਬੀਰ ॥ ੩ ॥ ੫ ॥

ਪਦ ਅਰਥ :—ਮਧੇ—ਵਿਚ। ਮਦਨ—ਕਾਮਦੇਵ। ਜਿਨਿ—ਜਿਸ (ਕਾਮਦੇਵ ਨੇ)। ਹਿਰਿ ਲੀਨ—ਚੁਰਾ ਲਿਆ ਹੈ। ਮੋਰ—ਮੇਰਾ। ਅਨਾਥੁ—ਆਜਜ਼। ਕਹਉ ਕਾਹਿ—

ਮੈਂ ਕਿਸ ਨੂੰ ਆਖਾਂ ? ਕੋ—ਕੌਣ ? ਮੈ ਕੋ ਆਹਿ—ਮੈਂ ਕੌਣ ਹਾਂ ? ਮੇਰੀ ਕੀਹ ਪਾਂਇਆਂ ਹੈ ? ੧ ।

ਦਾਰੁਨ—ਭਿਆਨਕ, ਡਰਾਉਣਾ । ਮੇਰੋ ਕਹਾ ਬਸਾਇ—ਮੇਰਾ ਕੀਹ ਵੱਸ ਚੱਲ ਸਕਦਾ ਹੈ ? ਮੇਰੀ ਕੋਈ ਪੇਸ਼ ਨਹੀਂ ਜਾਂਦੀ । ਚਪਲ—ਚੰਚਲ । ਸਿਉ—ਨਾਲ । ੧ । ਰਹਾਉ ।

ਸੁਕਾਦਿ—ਸੁਕਦੇਵ ਆਦਿਕ । ਨਾਭਿ ਕਮਲ ਜਾਨੇ—ਕਮਲ ਦੀ ਨਾਭੀ ਤੋਂ ਜਣੇ ਹੋਏ । ਬ੍ਰਮਾਦਿ—ਬ੍ਰਹਮਾ ਆਦਿਕ । ਕਬਿ—ਕਵੀ । ਅਉਸਰ—ਸਮਾ । ਅਉਸਰ ਸਾਰਿ—ਸਮਾ ਸੰਭਾਲ ਕੇ, ਸਮਾ ਲੰਘਾ ਕੇ, ('ਕਾਮ' ਤੋਂ ਡਰਦੇ ਡਰਦੇ) ਦਿਨ-ਕੱਟੀ ਕਰ ਕੇ । ੨ ।

ਮੋਹਿ—ਮੈਨੂੰ । ਥਾਹ—(ਤੇਰੇ ਗੁਣਾਂ ਦੀ) ਹਾਥ । ਕਹਉ ਕਾਹਿ—ਕਿਸ ਨੂੰ ਦੱਸਾਂ ? ਆਥਿ—ਮਾਇਆ । ਜਨਮ ਮਰਨ ਦੁਖੁ—ਜਨਮ ਤੋਂ ਲੈ ਕੇ ਮਰਨ ਤਕ ਦਾ ਦੁੱਖ, ਸਾਰੀ ਉਮਰ ਦਾ ਦੁੱਖ । ਧੀਰ—ਮੱਠਾ ਕਰ, ਹਟਾ । ਸੁਖ ਸਾਗਰ—ਹੇ ਸੁਖਾਂ ਦੇ ਸਾਗਰ ! ਰਉ—ਰਵਾਂ, ਸਿਮਰਾਂ । ੩ ।

ਅਰਥ :—ਹੇ ਮੇਰੇ ਮਾਧੋ ! ਆਪਣੀ ਚੰਚਲ ਮੱਤ ਅੱਗੇ ਮੇਰੀ ਕੋਈ ਪੇਸ਼ ਨਹੀਂ ਜਾਂਦੀ । ਇਹ ਡਾਢਾ ਭਿਆਨਕ ਦੁੱਖ (ਹੁਣ) ਮੈਥੋਂ ਸਹਾਰਿਆ ਨਹੀਂ ਜਾਂਦਾ । ੧ । ਰਹਾਉ ।

(ਮੇਰੀ 'ਚੰਚਲ ਬੁਧਿ' ਦੇ ਕਾਰਨ, ਹੁਣ) ਮੇਰੇ ਇਸ ਤਨ ਮਨ ਵਿਚ ਕਾਮਦੇਵ ਜ਼ੋਰ ਆ ਵੱਸਿਆ ਹੈ, ਜਿਸ ਨੇ ਗਿਆਨ-ਰੂਪ ਮੇਰਾ ਰਤਨ (ਮੇਰੇ ਅੰਦਰੋਂ) ਚੁਰਾ ਲਿਆ ਹੈ (ਭਾਵ, ਜਿਸ ਨੇ ਮੇਰੀ ਸਮਝ ਵਿਗਾੜ ਦਿੱਤੀ ਹੈ) । ਹੇ ਪ੍ਰਭੂ ! ਮੈਂ (ਬੜਾ) ਆਜਜ਼ ਹੋ ਗਿਆ ਹਾਂ, (ਆਪਣਾ ਦੁੱਖ ਤੈਥੋਂ ਬਿਨਾ ਹੋਰ) ਕਿਸ ਨੂੰ ਦੱਸਾਂ ? (ਇਸ ਕਾਮ ਦੇ ਹੱਥੋਂ) ਕੌਣ ਕੌਣ ਖ਼ੁਆਰ ਨਹੀਂ ਹੋਇਆ ? ਮੇਰੀ (ਗ਼ਰੀਬ) ਦੀ ਕੀਹ ਪਾਂਇਆਂ ਹੈ ? । ੧ ।

ਸਨਕ, ਸਨੰਦਨ, ਸ਼ਿਵ, ਸੁਕਦੇਵ ਵਰਗੇ (ਵੱਡੇ-ਵੱਡੇ ਰਿਸ਼ੀ ਤਪੀ) ਕਮਲ ਦੀ ਨਾਭੀ ਤੋਂ ਜਣੇ ਹੋਏ ਬ੍ਰਹਮਾ ਆਦਿਕ, ਕਵੀ ਲੋਕ, ਜੋਗੀ ਤੇ ਜਟਾਧਾਰੀ ਸਾਧੂ—ਇਹ ਸਭ (ਕਾਮ ਤੋਂ ਡਰਦੇ ਡਰਦੇ) ਆਪੋ ਆਪਣੇ ਵੇਲੇ ਦਿਨ-ਕੱਟੀ ਕਰ ਕੇ ਚਲੇ ਗਏ । ੨ ।

ਹੇ ਕਬੀਰ ! (ਕਾਮ ਆਦਿਕ ਤੋਂ ਬਚਣ ਲਈ ਇੱਕੋ ਪ੍ਰਭੂ ਹੀ ਆਸਰਾ ਹੈ, ਉਸ ਅੱਗੇ ਇਉਂ ਅਰਜ਼ੋਈ ਕਰ—) ਹੇ ਸੁਖਾਂ ਦੇ ਸਾਗਰ ਪ੍ਰਭੂ ! ਹੇ ਦੀਨਾਨਾਥ ਪ੍ਰਭੂ ! ਤੂੰ ਬੜੇ ਡੂੰਘੇ ਜਿਗਰੇ ਵਾਲਾ ਹੈਂ, ਮੈਂ (ਤੇਰੇ ਗੰਭੀਰ ਸਮੁੰਦਰ ਵਰਗੇ ਦਿਲ ਦੀ)

ਹਾਥ ਨਹੀਂ ਪਾ ਸਕਦਾ। ਮੈਂ ਹੋਰ ਕਿਸ ਅੱਗੇ ਅਰਜ਼ੋਈ ਕਰਾਂ? ਮਾਇਆ ਤੋਂ ਪੈਦਾ ਹੋਇਆ ਇਹ ਮੇਰਾ ਸਾਰੀ ਉਮਰ ਦਾ ਦੁੱਖ ਦੂਰ ਕਰ, ਤਾਂ ਜੁ ਮੈਂ ਤੇਰੇ ਗੁਣ ਚੇਤੇ ਕਰ ਸਕਾਂ। ੩। ੫।

ਸ਼ਬਦ ਦਾ ਭਾਵ—ਮਾਇਆ ਦੇ ਸੂਰਬੀਰ ਕਾਮਾਦਿਕਾਂ ਤੋਂ ਬਚਣ ਲਈ ਇੱਕੋ-ਇੱਕ ਰਸਤਾ ਹੈ। ਉਹ ਇਹ ਕਿ ਪ੍ਰਭੂ ਦੇ ਦਰ ਤੇ ਡਿੱਗ ਕੇ ਉਸ ਪਾਸੋਂ ਉਸ ਦੇ ਸਿਮਰਨ ਦੀ ਦਾਤਿ ਮੰਗੀਏ।

ਨਾਇਕੁ ਏਕੁ, ਬਨਜਾਰੇ ਪਾਚ ॥ ਬਰਧ ਪਚੀਸਕ, ਸੰਗੁ ਕਾਚ ॥ ਨਉ ਬਹੀਆਂ, ਦਸ ਗੋਨਿ ਆਹਿ ॥ ਕਸਨ ਬਹਤਰਿ ਲਾਗੀ ਤਾਹਿ ॥ ੧ ॥ ਮੋਹਿ ਐਸੇ ਬਨਜ ਸਿਉ ਨਹੀ ਨ ਕਾਜੁ ॥ ਜਿਹ ਘਟੈ ਮੂਲੁ, ਨਿਤ ਬਢੈ ਬਿਆਜੁ ॥ ਰਹਾਉ ॥ ਸਾਤ ਸੂਤ ਮਿਲਿ ਬਨਜੁ ਕੀਨ ॥ ਕਰਮ ਭਾਵਨੀ ਸੰਗਿ ਲੀਨ ॥ ਤੀਨਿ ਜਗਾਤੀ ਕਰਤ ਰਾਰਿ ॥ ਚਲੋ ਬਨਜਾਰਾ ਹਾਥ ਝਾਰਿ ॥ ੨ ॥ ਪੂੰਜੀ ਹਿਰਾਨੀ, ਬਨਜੁ ਟੂਟ ॥ ਦਹਦਿਸ ਟਾਂਡੋ ਗਇਓ ਫੂਟਿ ॥ ਕਹਿ ਕਬੀਰ, ਮਨ ਸਰਸੀ ਕਾਜ ॥ ਸਹਜਿ ਸਮਾਨੋ ਤ ਭਰਮ ਭਾਜ ॥ ੩ ॥ ੬ ॥

ਪਦ ਅਰਥ :—ਨਾਇਕੁ—ਸ਼ਾਹ (ਜੀਵ)। ਬਨਜਾਰੇ—ਵਣਜ ਕਰਨ ਵਾਲੇ ਵਪਾਰੀ। ਪਾਚ—ਪੰਜ ਗਿਆਨ ਇੰਦਰੇ। ਬਰਧ—ਬਲਦ। ਪਚੀਸਕ—ਪੰਝੀ (ਪ੍ਰਕ੍ਰਿਤੀਆਂ)। ਸੰਗੁ—ਸਾਥ। ਕਾਚ—ਕੱਚਾ। ਨਉ—ਨੌਂ ਗੋਲਕਾਂ, ਨੌਂ ਸੋਤ੍ਰ। ਬਹੀਆਂ—ਚੁਆੜੀਆਂ, ਲੰਮੀਆਂ ਡਾਂਗਾਂ ਜਿਨ੍ਹਾਂ ਦੀ ਸਹਾਇਤਾ ਨਾਲ ਛੱਟਾਂ ਲੱਦੀਦੀਆਂ ਹਨ। ਦਸ—ਗਿਆਨ ਤੇ ਕਰਮ-ਇੰਦਰੇ। ਗੋਨਿ—ਛੱਟਾਂ। ਆਹਿ—ਹਨ। ਕਸਨ—ਕੱਸਣ ਵਾਲੀਆਂ, ਖਿੱਚਣ ਵਾਲੀਆਂ, ਸੇਬੇ, ਰੱਸੀਆਂ ਜਿਨ੍ਹਾਂ ਨਾਲ ਛੱਟਾਂ ਸੀਵੀਂਦੀਆਂ ਹਨ। ਬਹਤਰਿ—ਬਹੱਤਰ ਨਾੜੀਆਂ। ਤਾਹਿ—ਉਹਨਾਂ ਛੱਟਾਂ ਵਿਚ। ੧।

ਜਿਹ—ਜਿਸ ਵਣਜ ਨਾਲ। ਰਹਾਉ।

ਸਾਤ ਸੂਤ—ਸੂਤ ਸਾਤ (ਆਸਾ ਤ੍ਰਿਸ਼ਨਾ ਆਦਿਕ) ਕਈ ਕਿਸਮਾਂ ਦੇ ਸੂਤਰ ਦਾ। ਮਿਲਿ—(ਪੰਜ ਵਣਜਾਰਿਆਂ ਨੇ) ਮਿਲ ਕੇ। ਕਰਮ ਭਾਵਨੀ—ਕੀਤੇ ਕਰਮਾਂ ਦੇ ਸੰਸਕਾਰ। ਤੀਨਿ—ਤ੍ਰਿਨ ਗੁਣ। ਜਗਾਤੀ—ਮਸੂਲੀਏ। ਰਾਰਿ—ਝਗੜਾ। ਚਲੋ—ਤੁਰ ਪਿਆ। ਹਾਥ ਝਾਰਿ—ਹੱਥ ਝਾੜ ਕੇ, ਖ਼ਾਲੀ-ਹੱਥ। ੨।

ਹਿਰਾਨੀ—ਖੁਹਾ ਲਈ। ਟਾਂਡੋ—ਕਾਫ਼ਲਾ (ਸਰੀਰ)। ਮਨ—ਹੇ ਮਨ! ਸਰਸੀ—ਸੰਵਰੇਗਾ। ਸਹਜਿ ਸਮਾਨੋ—ਜੇ ਸਹਿਜ ਵਿਚ ਲੀਨ ਹੋਵੇਂਗਾ। ੩।

ਅਰਥ :—ਮੈਨੂੰ ਅਜਿਹਾ ਵਣਜ ਕਰਨ ਦੀ ਲੋੜ ਨਹੀਂ, ਜਿਸ ਵਣਜ ਦੇ ਕੀਤਿਆਂ ਮੂਲ ਘਟਦਾ ਜਾਏ ਤੇ ਵਿਆਜ ਵਧਦਾ ਜਾਏ (ਭਾਵ, ਜਿਉਂ ਜਿਉਂ ਉਮਰ ਗੁਜ਼ਰੇ ਤਿਉਂ ਤਿਉਂ ਵਿਕਾਰਾਂ ਦਾ ਭਾਰ ਵਧੀ ਜਾਏ)। ਰਹਾਉ ।

ਜੀਵ (ਮਾਨੋ) ਇਕ ਸ਼ਾਹ ਹੈ, ਪੰਜ ਗਿਆਨ-ਇੰਦਰੇ (ਇਸ ਸ਼ਾਹ ਦੇ ਨਾਲ) ਵਣਜਾਰੇ ਹਨ। ਪੰਝੀ ਪ੍ਰਕ੍ਰਿਤੀਆਂ (ਕਾਫ਼ਲੇ ਦੇ) ਬਲਦ ਹਨ। ਪਰ ਇਹ ਸਾਰਾ ਸਾਥ ਕੱਚਾ ਹੀ ਹੈ। ਨੌਂ ਗੋਲਕਾਂ (ਮਾਨੋ) ਚੁਆੜੀਆਂ ਹਨ, ਦਸ ਇੰਦਰੇ ਛੱਟਾਂ ਹਨ, ਬਹੱਤਰ ਨਾੜੀਆਂ (ਛੱਟਾਂ ਸੀਊਣ ਲਈ) ਸੇਬੇ ਹਨ ਜੋ ਇਹਨਾਂ (ਇੰਦਰੇ-ਰੂਪ ਛੱਟਾਂ) ਨੂੰ ਲੱਗੀਆਂ ਹੋਈਆਂ ਹਨ। ੧।

(ਇਹ ਗਿਆਨ-ਇੰਦਰੇ) ਮਿਲ ਕੇ ਕਈ ਕਿਸਮਾਂ ਦੇ ਸੂਤਰ (ਭਾਵ, ਵਿਕਾਰਾਂ) ਦਾ ਵਣਜ ਕਰ ਰਹੇ ਹਨ, ਕੀਤੇ ਕਰਮਾਂ ਦੇ ਸੰਸਕਾਰਾਂ ਨੂੰ ਇਹਨਾਂ (ਆਪਣੀ ਸਹਾਇਤਾ ਵਾਸਤੇ) ਨਾਲ ਲੈ ਲਿਆ ਹੈ (ਭਾਵ, ਇਹ ਪਿਛਲੇ ਸੰਸਕਾਰ ਹੋਰ ਵਿਕਾਰਾਂ ਵਲ ਪ੍ਰੇਰਦੇ ਜਾ ਰਹੇ ਹਨ)। ਤਿੰਨ ਗੁਣ (-ਰੂਪ) ਮਸੂਲੀਏ (ਹੋਰ) ਝਗੜਾ ਵਧਾਉਂਦੇ ਹਨ, (ਨਤੀਜਾ ਇਹ ਨਿਕਲਦਾ ਹੈ ਕਿ) ਵਣਜਾਰਾ (ਜੀਵ) ਖ਼ਾਲੀ-ਹੱਥ ਤੁਰ ਪੈਂਦਾ ਹੈ। ੨।

ਜਦੋਂ(ਸੁਆਸਾਂ ਦੀ) ਰਾਸ ਖੁੱਸ ਜਾਂਦੀ ਹੈ, ਤਦੋਂ ਵਣਜ ਮੁੱਕ ਜਾਂਦਾ ਹੈ, ਤੇ ਕਾਫ਼ਲਾ (ਸਰੀਰ) ਦਸੀਂ ਪਾਸੀਂ ਖਿੱਲਰ ਜਾਂਦਾ ਹੈ। ਕਬੀਰ ਆਖਦਾ ਹੈ—ਹੇ ਮਨ ! ਜੇ ਤੂੰ ਸਹਿਜ ਅਵਸਥਾ ਵਿਚ ਲੀਨ ਹੋ ਜਾਏਂ ਅਤੇ ਤੇਰੀ ਭਟਕਣਾ ਮੁੱਕ ਜਾਏ ਤਾਂ ਤੇਰਾ ਕੰਮ ਸੰਵਰੇਗਾ। ੩ । ੬ ।

ਸ਼ਬਦ ਦਾ ਭਾਵ—ਮਨੁੱਖ ਨੂੰ ਵਿਕਾਰਾਂ ਦਾ ਵਣਜ ਸਦਾ ਘਾਟੇਵੰਦਾ ਰਹਿੰਦਾ ਹੈ। ਜਿਉਂ ਜਿਉਂ ਉਮਰ ਘਟਦੀ ਜਾਂਦੀ ਹੈ, ਤਿਉਂ ਤਿਉਂ ਵਿਕਾਰਾਂ ਦਾ ਭਾਰ ਵਧਦਾ ਜਾਂਦਾ ਹੈ, ਆਖ਼ਰ ਜੀਵ ਇਥੋਂ ਖ਼ਾਲੀ-ਹੱਥ ਤੁਰ ਪੈਂਦਾ ਹੈ।

੧ ੴ ਸਤਿਗੁਰ ਪ੍ਰਸਾਦਿ ॥

ਬਸੰਤੁ ਹਿੰਡੋਲ ਘਰੁ ੨ ॥

ਮਾਤਾ ਜੂਠੀ, ਪਿਤਾ ਭੀ ਜੂਠਾ, ਜੂਠੇ ਹੀ ਫਲ ਲਾਗੇ ॥ ਆਵਹਿ ਜੂਠੇ, ਜਾਹਿ ਭੀ ਜੂਠੇ, ਜੂਠੇ ਮਰਹਿ ਅਭਾਗੇ ॥ ੧ ॥ ਕਹੁ ਪੰਡਿਤ, ਸੂਚਾ ਕਵਨੁ ਠਾਉ ॥ ਜਹਾ ਬੈਸਿ ਹਉ ਭੋਜਨੁ ਖਾਉ ॥ ੧ ॥ ਰਹਾਉ ॥ ਜਿਹਬਾ ਜੂਠੀ, ਬੋਲਤ ਜੂਠਾ, ਕਰਨ ਨੇਤ੍ਰ ਸਭਿ ਜੂਠੇ ॥ ਇੰਦ੍ਰੀ ਕੀ ਜੂਠਿ ਉਤਰਸਿ

ਨਾਹੀ, ਬ੍ਰਹਮ ਅਗਨਿ ਕੇ ਲੂਠੇ ॥ ੨ ॥ ਅਗਨਿ ਭੀ ਜੂਠੀ, ਪਾਨੀ ਜੂਠਾ, ਜੂਠੀ ਬੈਸਿ ਪਕਾਇਆ ॥ ਜੂਠੀ ਕਰਛੀ ਪਰੋਸਨ ਲਾਗਾ, ਜੂਠੇ ਹੀ ਬੈਠਿ ਖਾਇਆ ॥ ੩ ॥ ਗੋਬਰੁ ਜੂਠਾ, ਚਉਕਾ ਜੂਠਾ, ਜੂਠੀ ਦੀਨੀ ਕਾਰਾ॥ ਕਹਿ ਕਬੀਰ ਤੇਈ ਨਰ ਸੂਚੇ, ਸਾਚੀ ਪਰੀ ਬਿਚਾਰਾ ॥੪॥੧॥੭॥

ਪਦ ਅਰਥ :–ਜੂਠੀ–ਅਪਵਿੱਤਰ । ਫਲ ਲਾਗੇ–ਲੱਗੇ ਹੋਏ ਫਲ, ਬਾਲ-ਬੱਚੇ । ਆਵਹਿ–ਜੰਮਦੇ ਹਨ । ਜਾਹਿ–ਮਰ ਜਾਂਦੇ ਹਨ । ਅਭਾਗੇ–ਬਦ-ਨਸੀਬ । ਜੂਠੇ–ਅਪ-ਵਿੱਤਰ ਹੀ । ੧ ।

ਪੰਡਿਤ–ਹੇ ਪੰਡਿਤ ! ਕਵਨੁ ਠਾਉ–ਕਿਹੜਾ ਥਾਂ ? ਬੈਸਿ–ਬੈਠ ਕੇ । ਹਉ–ਮੈਂ । ੧ । ਰਹਾਉ ।

ਜਿਹਬਾ–ਜੀਭ । ਬੋਲਤ–ਬਚਨ ਜੋ ਬੋਲੇ ਜਾਂਦੇ ਹਨ । ਕਰਨ–ਕੰਨ। ਸਭਿ–ਸਾਰੇ। ਜੂਠਿ–ਅਪਵਿੱਤ੍ਰਤਾ । ਲੂਠੇ–ਹੇ ਸੜੇ ਹੋਏ ! ਅਗਨਿ ਕੇ ਲੂਠੇ–ਹੇ ਅੱਗ ਨਾਲ ਸੜੇ ਹੋਏ। ਬ੍ਰਹਮ ਅਗਨਿ–ਬ੍ਰਾਹਮਣ ਹੋਣ ਦੇ ਅਹੰਕਾਰ ਦੀ ਅੱਗ । ੨।

ਬੈਸਿ–ਬੈਠ ਕੇ । ਪਰੋਸਨ ਲਾਗਾ–(ਭੋਜਨ) ਵਰਤਾਉਣ ਲੱਗਾ, ਵੰਡਣ ਲੱਗਾ । ੩ ।

ਗੋਬਰ–ਗੋਹਾ (ਜਿਸ ਨਾਲ ਚੌਕੇ ਵਿਚ ਪੋਚਾ ਦਿੱਤਾ ਜਾਂਦਾ ਹੈ) । ਕਾਰਾ–ਚੌਕੇ ਦੀਆਂ ਬਾਹਰਲੀਆਂ ਲਕੀਰਾਂ । ਕਹਿ–ਕਹੇ, ਆਖਦਾ ਹੈ । ਤੇਈ–ਉਹੀ ।੪।

ਅਰਥ :–ਹੇ ਪੰਡਿਤ ! ਦੱਸ, ਉਹ ਕਿਹੜਾ ਥਾਂ ਹੈ ਜੋ ਸੁੱਚਾ ਹੈ, ਜਿੱਥੇ ਬੈਠ ਕੇ ਮੈਂ ਰੋਟੀ ਖਾ ਸਕਾਂ (ਤਾਂ ਜੁ ਪੂਰੀ ਸੁੱਚ ਰਹਿ ਸਕੇ) ? । ੧ । ਰਹਾਉ ।

ਮਾਂ ਅਪਵਿੱਤਰ, ਪਿਉ ਅਪਵਿੱਤਰ, ਇਹਨਾਂ ਤੋਂ ਜੰਮੇ ਹੋਏ ਬਾਲ-ਬੱਚੇ ਭੀ ਅਪ-ਵਿੱਤਰ; (ਜਗਤ ਵਿਚ ਜੋ ਭੀ) ਜੰਮਦੇ ਹਨ ਉਹ ਅਪਵਿੱਤਰ, ਜੋ ਮਰਦੇ ਹਨ ਉਹ ਭੀ ਅਪਵਿੱਤਰ; ਬਦ-ਨਸੀਬ ਜੀਵ ਅਪਵਿੱਤਰ ਹੀ ਮਰ ਜਾਂਦੇ ਹਨ । ੧ ।

(ਮਨੁੱਖ ਦੀ) ਜੀਭ ਮੈਲੀ, ਬਚਨ ਭੀ ਮਾੜੇ, ਕੰਨ ਅੱਖਾਂ ਆਦਿਕ ਸਾਰੇ ਹੀ ਅਪਵਿੱਤਰ, (ਇਹਨਾਂ ਤੋਂ ਵਧੀਕ) ਕਾਮ-ਚੇਸ਼ਟਾ (ਐਸੀ ਹੈ ਜਿਸ)ਦੀ ਮੈਲ ਲਹਿੰਦੀ ਹੀ ਨਹੀਂ । ਹੇ ਬ੍ਰਾਹਮਣ-ਪੁਣੇ ਦੇ ਮਾਣ ਦੀ ਅੱਗ ਦੇ ਸੜੇ ਹੋਏ ! (ਦੱਸ, ਸੁੱਚੀ ਕਿਹੜੀ ਸ਼ੈ ਹੋਈ ?) । ੨ ।

ਅੱਗ ਜੂਠੀ, ਪਾਣੀ ਜੂਠਾ, ਪਕਾਣ ਵਾਲੀ ਭੀ ਜੂਠੀ, ਕੜਛੀ ਜੂਠੀ ਜਿਸ ਨਾਲ (ਭਾਜੀ ਆਦਿਕ) ਵਰਤਾਉਂਦਾ ਹੈ, ਉਹ ਪ੍ਰਾਣੀ ਭੀ ਜੂਠਾ ਜਿਹੜਾ ਬਹਿ ਕੇ ਖਾਂਦਾ ਹੈ । ੩ ।

ਗੋਹਾ ਜੂਠਾ, ਚੌਂਕਾ ਜੂਠਾ, ਜੂਠੀਆਂ ਹੀ ਉਸ ਚੌਕੇ ਦੇ ਦੁਆਲੇ ਪਾਈਆਂ ਲਕੀਰਾਂ। ਕਬੀਰ ਆਖਦਾ ਹੈ–ਸਿਰਫ਼ ਉਹੀ ਮਨੁੱਖ ਸੁੱਚੇ ਹਨ ਜਿਨ੍ਹਾਂ ਨੂੰ ਪਰਮਾਤਮਾ ਦੀ ਸੂਝ ਆ ਗਈ ਹੈ।੪।੧।੭।

ਸ਼ਬਦ ਦਾ ਭਾਵ–ਤ੍ਰਿਗੁਣੀ ਮਾਇਆ ਦੇ ਅਸਰ ਹੇਠ ਪ੍ਰਭੂ ਨੂੰ ਵਿਸਾਰ ਕੇ ਜੀਵ ਅਪਵਿੱਤਰ ਬਣੇ ਰਹਿੰਦੇ ਹਨ, ਹਰ ਥਾਂ ਮਾਇਆ ਦਾ ਪ੍ਰਭਾਵ ਹੈ। ਲਕੀਰਾਂ ਕੱਢ ਕੇ ਚੌਕੇ ਬਣਾਇਆਂ ਪਵਿਤ੍ਰਤਾ ਨਹੀਂ ਬਣ ਸਕਦੀ। ਸਿਰਫ਼ ਉਹੀ ਬੰਦੇ ਸੁੱਚੇ ਹਨ ਜਿਨ੍ਹਾਂ ਨੂੰ ਪਰਮਾਤਮਾ ਦੀ ਸੂਝ ਪੈ ਜਾਂਦੀ ਹੈ।

—o—

੧ ੴ ਸਤਿਗੁਰ ਪ੍ਰਸਾਦਿ ॥

ਰਾਮਾਨੰਦ ਜੀ ਘਰੁ ੧ ਬਸੰਤੁ

ਕਤ ਜਾਈਐ ਰੇ ਘਰਿ ਲਾਗੋ ਰੰਗੁ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥ ਏਕ ਦਿਵਸ ਮਨਿ ਭਈ ਉਮੰਗ ।। ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥ ੧ ॥ ਜਹਾ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥ ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ।। ੨ ।। ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥ ਰਾਮਾਨੰਦ ਸੁਆਮੀ ਰਮਤ ਬ੍ਰਹਮ ।। ਗੁਰ ਕਾ ਸਬਦੁ ਕਾਟੈ ਕੋਟਿ ਕਰਮ ।। ੩ ।। ੧ ।।

ਪਦ ਅਰਥ :—ਕਤ—ਹੋਰ ਕਿੱਥੇ ? ਰੇ—ਹੇ ਭਾਈ ! ਰੰਗੁ—ਮੌਜ । ਘਰਿ—ਹਿਰਦੇ-ਰੂਪ ਘਰ ਵਿਚ ਹੀ । ਨ ਚਲੈ-ਭਟਕਦਾ ਨਹੀਂ ਹੈ । ਪੰਗੁ—ਪਿੰਗਲਾ, ਜੋ ਹਿੱਲ ਜੁਲ ਨਹੀਂ ਸਕਦਾ, ਥਿਰ । ੧ । ਰਹਾਉ ।

ਦਿਵਸ—ਦਿਨ । ਉਮੰਗ—ਚਾਹ, ਤਾਂਘ, ਖ਼ਾਹਸ਼ । ਘਸਿ—ਘਸਾ ਕੇ । ਚੋਆ—ਅਤਰ । ਬਹੁ—ਕਈ । ਸੁਗੰਧ—ਸੁਗੰਧੀਆਂ । ਬ੍ਰਹਮ ਠਾਇ—ਠਾਕੁਰ ਦੁਆਰੇ, ਮੰਦਰ ਵਿਚ । ੧ ।

ਜੋਇ—ਢੂੰਡ ਕੇ, ਖੋਜ ਕੇ । ਤਹ—ਉਥੇ । ਜਲ ਪਖਾਨ—(ਤੀਰਥਾਂ ਤੇ) ਪਾਣੀ, (ਮੰਦਰਾਂ ਵਿਚ) ਪੱਥਰ । ਸਮਾਨ—ਇੱਕੋ ਜਿਹਾ । ਊਹਾਂ—ਤੀਰਥਾਂ ਤੇ ਮੰਦਰਾਂ ਵਲ । ਤਉ—ਤਾਂ ਹੀ । ਜਉ—ਜੇ । ਈਹਾਂ—ਇਥੇ ਹਿਰਦੇ ਵਿਚ । ੨ ।

ਬਲਿਹਾਰੀ ਤੋਰ—ਤੈਥੋਂ ਸਦਕੇ । ਜਿਨਿ—ਜਿਸ ਨੇ । ਬਿਕਲ—ਕਠਨ । ਭ੍ਰਮ—ਵਹਿਮ, ਭੁਲੇਖੇ । ਮੋਰ—ਮੇਰੇ । ਰਾਮਾਨੰਦ ਸੁਆਮੀ—ਰਾਮਾਨੰਦ ਦਾ ਪ੍ਰਭੂ । ਰਮਤ—ਸਭ ਥਾਂ ਮੌਜੂਦ ਹੈ । ਕੋਟਿ—ਕ੍ਰੋੜਾਂ । ਕਰਮ—(ਕੀਤੇ ਹੋਏ ਮੰਦੇ) ਕੰਮ । ੩ । ੧ ।

ਅਰਥ:—ਹੇ ਭਾਈ! ਹੋਰ ਕਿਥੇ ਜਾਈਏ? (ਹੁਣ) ਹਿਰਦੇ-ਘਰ ਵਿਚ ਹੀ ਮੌਜ ਬਣ ਗਈ ਹੈ; ਮੇਰਾ ਮਨ ਹੁਣ ਡੋਲਦਾ ਨਹੀਂ, ਥਿਰ ਹੋ ਗਿਆ ਹੈ । ੧ । ਰਹਾਉ ।

ਇੱਕ ਦਿਨ ਮੇਰੇ ਮਨ ਵਿਚ ਭੀ ਤਾਂਘ ਪੈਦਾ ਹੋਈ ਸੀ, ਮੈਂ ਚੰਦਨ ਘਸਾ ਕੇ ਅਤਰ ਤੇ ਹੋਰ ਕਈ ਸੁਗੰਧੀਆਂ ਲੈ ਲਈਆਂ, ਤੇ ਮੈਂ ਮੰਦਰ ਵਿਚ ਪੂਜਾ ਕਰਨ ਲਈ ਤੁਰ

ਪਈ। ਪਰ ਹੁਣ ਤਾਂ ਮੈਨੂੰ ਉਹ ਪਰਮਾਤਮਾ (ਜਿਸ ਨੂੰ ਮੈਂ ਮੰਦਰ ਵਿਚ ਰਹਿੰਦਾ ਸਮਝਦੀ ਸਾਂ) ਮੇਰੇ ਗੁਰੂ ਨੇ ਮੇਰੇ ਮਨ ਵਿਚ ਵੱਸਦਾ ਹੀ ਵਿਖਾ ਦਿੱਤਾ ਹੈ। ੧।

(ਤੀਰਥਾਂ ਉਤੇ ਜਾਈਏ ਚਾਹੇ ਮੰਦਰਾਂ ਵਿਚ ਜਾਈਏ) ਜਿਥੇ ਭੀ ਜਾਈਏ ਉਥੇ ਪਾਣੀ ਹੈ ਜਾਂ ਪੱਥਰ ਹਨ। ਹੇ ਪ੍ਰਭੂ! ਤੂੰ ਹਰ ਥਾਂ ਇੱਕੋ ਜਿਹਾ ਭਰਪੂਰ ਹੈਂ, ਵੇਦ ਪੁਰਾਨ ਆਦਿਕ ਧਰਮ-ਪੁਸਤਕਾਂ ਭੀ ਖੋਜ ਕੇ ਵੇਖ ਲਈਆਂ ਹਨ। ਸੋ ਤੀਰਥਾਂ ਤੇ ਮੰਦਰਾਂ ਵਿਚ ਤਦੋਂ ਹੀ ਜਾਣ ਦੀ ਲੋੜ ਪਏ ਜੇ ਪਰਮਾਤਮਾ ਇਥੇ ਮੇਰੇ ਮਨ ਵਿਚ ਨਾਹ ਵੱਸਦਾ ਹੋਵੇ। ੨।

ਹੇ ਸਤਿਗੁਰੂ! ਮੈਂ ਤੈਥੋਂ ਸਦਕੇ ਹਾਂ, ਜਿਸ ਨੇ ਮੇਰੇ ਸਾਰੇ ਔਖੇ ਭੁਲੇਖੇ ਦੂਰ ਕਰ ਦਿੱਤੇ ਹਨ। ਰਾਮਾਨੰਦ ਦਾ ਮਾਲਕ ਪ੍ਰਭੂ ਹਰ ਥਾਂ ਮੌਜੂਦ ਹੈ (ਤੇ, ਗੁਰੂ ਦੀ ਰਾਹੀਂ ਮਿਲਦਾ ਹੈ, ਕਿਉਂਕਿ) ਗੁਰੂ ਦਾ ਸ਼ਬਦ ਕ੍ਰੋੜਾਂ (ਕੀਤੇ ਮੰਦੇ) ਕਰਮਾਂ ਦਾ ਨਾਸ ਕਰ ਦੇਂਦਾ ਹੈ। ੩। ੧।

ਨੋਟ :—ਭਗਤ ਰਾਮਾਨੰਦ ਜਾਤੀ ਦੇ ਬ੍ਰਹਮਣ ਸਨ। ਪਰ ਧਰਮ-ਆਗੂ ਬ੍ਰਾਹਮਣਾਂ ਦੇ ਪਾਏ ਹੋਏ ਭੁਲੇਖਿਆਂ ਦਾ ਇਸ ਸ਼ਬਦ ਵਿਚ ਖੰਡਨ ਕਰਦੇ ਹਨ ਤੇ ਆਖਦੇ ਹਨ ਕਿ ਤੀਰਥਾਂ ਦੇ ਇਸ਼ਨਾਨ ਤੇ ਮੂਰਤੀ-ਪੂਜਾ ਨਾਲ ਮਨ ਦੀ ਅਵਸਥਾ ਉੱਚੀ ਨਹੀਂ ਹੋ ਸਕਦੀ। ਜੇ ਪੂਰੇ ਗੁਰੂ ਦੀ ਸ਼ਰਨ ਪਈਏ, ਤਾਂ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ, ਤੇ ਪਰਮਾਤਮਾ ਹਰ ਥਾਂ ਵਿਆਪਕ ਅਤੇ ਆਪਣੇ ਅੰਦਰ ਵੱਸਦਾ ਦਿੱਸਦਾ ਹੈ। ਸਤਿਗੁਰੂ ਦਾ ਸ਼ਬਦ ਹੀ ਜਨਮਾਂ ਜਨਮਾਤਮਾਂ ਦੇ ਕੀਤੇ ਮੰਦ ਕਰਮਾਂ ਦਾ ਨਾਸ ਕਰਨ ਦੇ ਸਮਰੱਥ ਹੈ।

ਜ਼ਰੂਰੀ ਨੋਟ :—ਇਸ ਸ਼ਬਦ ਦਾ ਭਾਵ ਨਿਰੋਲ ਤੌਰ ਤੇ ਗੁਰਮਤਿ ਨਾਲ ਮਿਲਦਾ ਹੈ। ਪਰ ਫਿਰ ਭੀ ਭਗਤ-ਬਾਣੀ ਦੇ ਵਿਰੋਧੀ ਸੱਜਣ ਆਪਣੀ ਕਿਤਾਬ ਵਿਚ ਭਗਤ ਰਾਮਾਨੰਦ ਜ਼ੀ ਬਾਰੇ ਇਉਂ ਲਿਖਦੇ ਹਨ—

"ਭਗਤ ਰਾਮਾਨੰਦ ਜੀ ਮੂਰਤੀ ਪੂਜਕ ਅਤੇ ਵੇਦਾਂਤ ਮਤ ਦੇ ਪੱਕੇ ਸ਼ਰਧਾਲੂ ਸਨ। ਇਹਨਾਂ ਨੇ ਕਾਂਸ਼ੀ ਵਿਚ ਆ ਕੇ ਛੂਤ-ਛਾਤ ਦੇ ਆਸ਼ੇ ਦੀ ਵਿਰਾਗੀ ਮਤ ਦੀ ਨਈ ਸ਼ਾਖ ਚਲਾਈ। ਗੁਸਾਈਂ ਜੀ ਨੇ ਕਰਮ ਕਾਂਡ ਵਿਚ ਕਾਫ਼ੀ ਸਮਾ ਬਿਰਤੀ ਰੱਖੀ, ਜੰਞੂ ਤਿਲਕ ਆਦਿ ਚਿੰਨ੍ਹਾਂ ਦੇ ਤਾਂ ਅਖ਼ੀਰ ਤਕ ਪਾਬੰਦ ਰਹੇ।"

ਇਸ ਤੋਂ ਅੱਗੇ ਭਗਤ ਜੀ ਦਾ ਇਹ ਸ਼ਬਦ ਲਿਖ ਕੇ ਫਿਰ ਇਉਂ ਆਖਦੇ ਹਨ—

"ਉਕਤ ਸ਼ਬਦ ਵਿਚ ਵੇਦਾਂਤ ਮਤ ਦੀ ਝਲਕ ਹੈ, ਪਰ ਸਨ ਆਪ ਵੈਰਾਗੀ। ਮੰਦਰ ਦੀ ਪੂਜਾ ਦਾ ਜ਼ਿਕਰ ਉਲਦਾ ਹੈ, ਇਸ ਤੋਂ ਹੈਰਾਨੀ ਹੁੰਦੀ ਹੈ ਕਿ ਇਹ ਸ਼ਬਦ ਆਪ ਦੇ ਮਤ ਦੇ ਵਿਰੁੱਧ ਕਿਉਂ ਹੈ ਆਪ ਦੀ ਕ੍ਰਿਆ ਕਰਮ ਕਾਂਡ ਸੀ।"

ਅਤੇ

"ਗੁਸਾਈਂ ਜੀ ਹਮੇਸ਼ਾ ਪੀਲੇ ਬਸਤਰ ਰੱਖਦੇ ਸਨ, ਇਹ ਵਿਸ਼ਨੂੰ ਜੀ ਦਾ ਰੰਗ ਮੰਨਿਆ ਗਿਆ ਹੈ।"

ਸ਼ਬਦ ਦੇ ਲਫ਼ਜ਼ "ਰਾਮਾਨੰਦ ਸੁਆਮੀ" ਨੂੰ ਇਸ ਸੱਜਣ ਜੀ ਨੇ ਸਮਝਣ ਦੀ ਕੋਸ਼ਸ਼ ਨਹੀਂ ਕੀਤੀ, ਜਾਂ ਖੰਡਨ ਕਰਨ ਦੇ ਜੋਸ਼ ਵਿਚ ਜਾਣ ਬੁੱਝ ਕੇ ਸਮਝਣਾ ਨਹੀਂ ਚਾਹੁੰਦੇ ਸਨ, ਸੋ ਇਹਨਾਂ ਲਫ਼ਜ਼ਾਂ ਬਾਰੇ ਲਿਖਦੇ ਹਨ–

"ਭਗਤ ਜੀ ਨੇ ਆਪਣੇ ਆਪ ਨੂੰ ਸੁਆਮੀ ਕਰ ਕੇ ਲਿਖਿਆ ਹੈ, ਪਤਾ ਨਹੀਂ ਕਿਸ ਖ਼ਿਆਲ ਨਾਲ ? ਹੋ ਸਕਦਾ ਹੈ ਕਿ ਇਹ ਸ਼ਬਦ ਉਹਨਾਂ ਦੇ ਕਿਸੇ ਚੇਲੇ ਦੀ ਰਚਨਾ ਹੋਵੇ। ਕੀ ਸਾਰੀ ਆਯੂ ਅੰਦਰ ਰਾਮਾਨੰਦ ਜੀ ਨੇ ਇਕੋ ਸ਼ਬਦ ਉਚਾਰਨ ਕੀਤਾ ?"

ਆਉ, ਹੁਣ ਇਹਨਾਂ ਇਤਰਾਜ਼ਾਂ ਨੂੰ ਗਹੁ ਨਾਲ ਵਿਚਾਰੀਏ। ਇਹ ਇਤਰਾਜ਼ ਦੋ ਹਿੱਸਿਆਂ ਵਿਚ ਵੰਡੇ ਜਾ ਸਕਦੇ ਹਨ, ਇਕ ਉਹ ਜੋ ਭਗਤ ਜੀ ਦੇ ਇਸ ਸ਼ਬਦ ਦੇ ਵਿਰੁੱਧ ਕੀਤੇ ਗਏ ਹਨ, ਤੇ, ਦੂਜੇ ਉਹ ਜੋ ਉਹਨਾਂ ਦੇ ਜੀਵਨ ਵਿਰੁੱਧ ਹਨ।

ਸ਼ਬਦ ਦੇ ਵਿਰੁੱਧ ਹੇਠ-ਲਿਖੇ ਇਤਰਾਜ਼ ਹਨ–(੧) ਉਕਤ ਸ਼ਬਦ ਵਿਚ ਵੇਦਾਂਤ ਦੀ ਝਲਕ ਹੈ। (੨) ਮੰਦਰ ਦੀ ਪੂਜਾ ਦਾ ਜ਼ਿਕਰ ਉਲਟਾ ਹੈ, ਇਸ ਤੋਂ ਹੈਰਾਨੀ ਹੁੰਦੀ ਹੈ ਕਿ ਇਹ ਸ਼ਬਦ ਆਪ ਦੇ ਮਤ ਦੇ ਵਿਰੁੱਧ ਕਿਉਂ ਹੈ। (੩) ਭਗਤ ਜੀ ਨੇ ਆਪਣੇ ਆਪ ਨੂੰ ਸੁਆਮੀ ਕਰ ਕੇ ਲਿਖਿਆ ਹੈ, ਪਤਾ ਨਹੀਂ ਕਿਸ ਖ਼ਿਆਲ ਨਾਲ ? ਹੋ ਸਕਦਾ ਹੈ ਕਿ ਇਹ ਸ਼ਬਦ ਉਹਨਾਂ ਦੇ ਕਿਸੇ ਚੇਲੇ ਦੀ ਰਚਨਾ ਹੋਵੇ।(੪)ਕੀ ਸਾਰੀ ਆਯੂ ਅੰਦਰ ਰਾਮਾਨੰਦ ਜੀ ਨੇ ਇਕੋ ਸ਼ਬਦ ਉਚਾਰਨ ਕੀਤਾ ?

ਇਹਨਾਂ ਇਤਰਾਜ਼ਾਂ ਉਤੇ ਵਿਚਾਰ–

(੧)ਜੇ ਇਸ ਸ਼ਬਦ ਵਿਚ ਵੇਦਾਂਤ ਦੀ ਝਲਕ ਹੈ, ਤਾਂ ਉਹ ਹੇਠ-ਲਿਖੀਆਂ ਤੁਕਾਂ ਵਿਚ ਹੀ ਹੋ ਸਕਦੀ ਹੋਵੇਗੀ :–

(ੳ) ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ।

(ਅ) ਤੂ ਪੂਰਿ ਰਹਿਓ ਹੈ ਸਭ ਸਮਾਨ।

(ੲ) ਰਾਮਾਨੰਦ ਸੁਆਮੀ ਰਮਤ ਬ੍ਰਹਮ।

ਪਾਠਕ ਸੱਜਣ ਆਪ ਹੀ ਈਮਾਨਦਾਰੀ ਨਾਲ ਵੇਖ ਲੈਣ ਕਿ ਇਹਨਾਂ ਤੁਕਾਂ ਵਿਚ ਕਿਹੜਾ ਖ਼ਿਆਲ ਗੁਰਮਤਿ ਦੇ ਉਲਟ ਹੈ।

(੨) ਰਾਮਾਨੰਦ ਜੀ ਤਾਂ ਆਪਣਾ ਮਤ ਇਸ ਸ਼ਬਦ ਵਿਚ ਇਹ ਦੱਸ ਰਹੇ ਹਨ ਕਿ ਤੀਰਥਾਂ ਦੇ ਇਸ਼ਨਾਨ ਅਤੇ ਮੂਰਤੀ-ਪੂਜਾ ਨਾਲ ਮਨ ਦੇ ਭਰਮ ਕੱਟੇ ਨਹੀਂ ਜਾ

ਸਕਦੇ। ਪਰ ਜਿਨ੍ਹਾਂ ਲੋਕਾਂ ਨੇ ਭਗਤ ਜੀ ਦੇ ਆਪਣੇ ਲਫ਼ਜ਼ਾਂ ਉਤੇ ਇਤਬਾਰ ਨਹੀਂ ਕਰਨਾ, ਉਹਨਾਂ ਨਾਲ ਕਿਸੇ ਵਿਚਾਰ ਤੋਂ ਕੋਈ ਲਾਭ ਨਹੀਂ ਨਿਕਲ ਸਕਦਾ।

(੩) ਤੁਕ "ਰਾਮਾਨੰਦ ਸੁਆਮੀ ਰਮਤ ਬ੍ਰਹਮ" ਤੋਂ ਇਤਰਾਜ਼ ਕਰਨ ਵਾਲੇ ਸੱਜਣ ਨੇ ਸਮਝਿਆ ਹੈ ਕਿ ਭਗਤ ਰਾਮਾਨੰਦ ਜੀ ਨੇ ਆਪਣੇ ਆਪ ਨੂੰ 'ਸੁਆਮੀ' ਆਖਿਆ ਹੈ। ਫਿਰ ਆਪੇ ਹੀ ਅੰਦਾਜ਼ਾ ਲਾਂਦੇ ਹਨ ਕਿ ਇਹ ਸ਼ਬਦ ਉਹਨਾਂ ਦੇ ਕਿਸੇ ਚੇਲੇ ਦਾ ਹੋਵੇਗਾ। ਜੇ ਉਹ ਸੱਜਣ ਜਾਣ ਬੁੱਝ ਕੇ ਭੁੱਲੇ ਨਹੀਂ ਬਣ ਰਹੇ, ਤਾਂ ਇਸ ਤੁਕ ਦਾ ਅਰਥ ਇਉਂ ਹੈ—ਰਾਮਾਨੰਦ ਦਾ ਸੁਆਮੀ ਬ੍ਰਹਮ ਹਰ ਥਾਂ ਰਮਿਆ ਹੋਇਆ ਹੈ। ਇਸੇ ਤਰ੍ਹਾਂ ਗੁਰੂ ਅਰਜਨ ਸਾਹਿਬ ਨੇ ਭੀ ਸਾਰਗ ਰਾਗ ਦੇ ਸ਼ਬਦ ਨੰ: ੧੩੬ ਵਿਚ ਅਕਾਲ-ਪੁਰਖ ਦੇ ਦਰਸ਼ਨ ਦੀ ਤਾਂਘ ਕਰਦਿਆਂ ਇਉਂ ਆਖਿਆ ਹੈ—

"ਨਾਨਕ ਸੁਆਮੀ ਗਰਿ ਮਿਲੇ, ਹਉ ਗੁਰ ਮਨਾਉਗੀ।"

ਨਾਨਕ ਸੁਆਮੀ—ਨਾਨਕ ਦਾ ਸੁਆਮੀ;

ਇਸੇ ਤਰ੍ਹਾਂ ਰਾਮਾਨੰਦ ਸੁਆਮੀ—ਰਾਮਾਨੰਦ ਦਾ ਸੁਆਮੀ।

ਗੁਰਬਾਣੀ ਦਾ ਵਿਆਕਰਣ ਥੋੜਾ ਕੁ ਭੀ ਜਾਨਣ ਵਾਲਾ ਸੱਜਣ ਸਮਝ ਲਇਗਾ ਕਿ ਇਥੇ ਲਫ਼ਜ਼ 'ਨਾਨਕ' ਅਤੇ 'ਰਾਮਾਨੰਦ' ਸੰਬੰਧ ਕਾਰਕ ਇਕ ਵਚਨ ਹੈ।

ਇਸੇ ਤਰ੍ਹਾਂ ਧਨਾਸਰੀ ਰਾਗ ਦੇ ਛੰਤ ਵਿਚ ਗੁਰੂ ਨਾਨਕ ਦੇਵ ਜੀ ਆਖਦੇ ਹਨ—

"ਨਾਨਕ ਸਾਹਿਬੁ ਅਗਮ ਅਗੋਚਰੁ, ਜੀਵਾ ਸਚੀ ਨਾਈ।"

ਨਾਨਕ ਸਾਹਿਬੁ ਅਵਰੁ ਨ ਦੂਜਾ, ਨਾਮਿ ਤੇਰੈ ਵਡਿਆਈ।

ਅਤੇ

ਇਥੇ ਦੋਹਾਂ ਤੁਕਾਂ ਵਿਚ "ਨਾਨਕ ਸਾਹਿਬੁ" ਦਾ ਅਰਥ ਹੈ "ਨਾਨਕ ਦਾ ਸਾਹਿਬ।"

ਸਿੱਖ ਧਰਮ ਦਾ ਕੋਈ ਅੰਞਾਣ ਵਿਰੋਧੀ ਹੀ ਇਹ ਆਖੇਗਾ ਕਿ ਗੁਰੂ ਨਾਨਕ ਦੇਵ ਜੀ ਨੇ ਇਥੇ ਆਪਣੇ ਆਪ ਨੂੰ "ਸਾਹਿਬੁ" ਆਖਿਆ ਹੈ।

(੪) ਇਹ ਇਤਰਾਜ਼ ਕੋਈ ਵਜ਼ਨਦਾਰ ਨਹੀਂ ਜਾਪਦਾ। ਜੇ ਰਾਮਾਨੰਦ ਜੀ ਨੇ ਸਾਰੀ ਉਮਰ ਵਿਚ ਸਿਰਫ਼ ਇਹੀ ਸ਼ਬਦ ਉਚਾਰਿਆ ਹੋਵੇ, ਤਾਂ ਇਸ ਸ਼ਬਦ ਦੀ ਸੱਚਾਈ ਕਿਸੇ ਭੀ ਹਾਲਤ ਵਿਚ ਘਟ ਨਹੀਂ ਜਾਂਦੀ। ਹੋ ਸਕਦਾ ਹੈ ਕਿ ਉਹਨਾਂ ਸਾਰੀ ਉਮਰ ਸਿਰਫ਼ ਉਤਨੇ ਹੀ ਪਰਚਾਰ ਤੇ ਜ਼ੋਰ ਦਿੱਤਾ ਹੋਵੇ ਜਿਸ ਦਾ ਇਸ ਸ਼ਬਦ ਵਿਚ ਜ਼ਿਕਰ ਹੈ। ਇਹ ਤਿੰਨ ਬੰਦ ਨਿਕੇ ਜਿਹੇ ਜਾਪਦੇ ਹਨ, ਪਰ ਧਿਆਨ ਨਾਲ ਵੇਖੋ ਇਹਨਾਂ ਵਿਚ ਕਿਤਨੀ ਕੁ ਸੱਚਾਈ ਭਰੀ ਪਈ ਹੈ—(ੳ) ਮੰਦਰ ਵਿਚ ਜਾ ਕੇ ਕਿਸੇ ਪੱਥਰ ਦੀ ਮੂਰਤੀ

ਨੂੰ ਚੋਆ ਚੰਦਨ ਲਾ ਕੇ ਪੂਜਣ ਦੀ ਲੋੜ ਨਹੀਂ। (ਅ) ਤੀਰਥਾਂ ਤੇ ਨ੍ਹਾਤਿਆਂ ਮਨ ਦੇ ਭਰਮ ਕੱਟੇ ਨਹੀਂ ਜਾਣੇ। (ੲ) ਗੁਰੂ ਦੀ ਸਰਨ ਆਉ। ਗੁਰੂ ਹੀ ਦੱਸਦਾ ਹੈ ਕਿ (ਸ) ਪਰਮਾਤਮਾ ਹਿਰਦੇ-ਮੰਦਰ ਵਿਚ ਵੱਸ ਰਿਹਾ ਹੈ। (ਹ) ਤੇ ਪਰਮਾਤਮਾ ਹਰ ਥਾਂ ਵੱਸ ਰਿਹਾ ਹੈ। (ਕ) ਗੁਰੂ ਦਾ ਸ਼ਬਦ ਹੀ ਕ੍ਰੋੜਾਂ ਕਰਮਾਂ ਦੇ ਸੰਸਕਾਰ ਨਾਸ ਕਰਨ ਦੇ ਸਮਰੱਥ ਹੈ।

ਜੇ ਬਾਣੀ ਉਚਾਰਨੀ ਹੀ ਕਿਸੇ ਮਹਾਂ ਪੁਰਖ ਦੀ ਆਤਮਕ ਉੱਚਤਾ ਦਾ ਮਾਪ ਬਣਾਵਾਂਗੇ, ਤਾਂ ਭਾਰੀ ਉਕਾਈ ਖਾ ਜਾਵਾਂਗੇ। ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਹਰਿ ਰਾਇ ਸਾਹਿਬ ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੇ ਕੋਈ ਭੀ ਸ਼ਬਦ ਨਹੀਂ ਸੀ ਉਚਾਰਿਆ। ਗੁਰੂ ਅੰਗਦ ਸਾਹਿਬ ਸੰਨ ੧੫੩੯ ਤੋਂ ਸੰਨ ੧੫੫੨ ਤਕ ੧੩ ਸਾਲ ਦੇ ਕਰੀਬ ਗੁਰਿਆਈ ਦੀ ਜ਼ਿਮੇਵਾਰੀ ਨਿਭਾਉਂਦੇ ਰਹੇ, ੧੫੦ ਮਹੀਨਿਆਂ ਤੋਂ ਵਧੀਕ ਬਣੇ। ਪਰ ਉਹਨਾਂ ਦੇ ਸ਼ਲੋਕ ੧੫੦ ਭੀ ਨਹੀਂ ਹਨ। ਸ਼ਲੋਕ ਭੀ ਆਮ ਤੌਰ ਤੇ ਦੋ ਦੋ ਤੁਕਾਂ ਦੇ ਹਨ। ਜੇ ਇਉਂ ਹੀ ਹਿਸਾਬ ਲਾਣਾ ਹੈ ਤਾਂ ਗੁਰੂ ਅੰਗਦ ਸਾਹਿਬ ਨੇ ਇਕ ਇਕ ਮਹੀਨੇ ਵਿਚ ਦੋ ਦੋ ਤੁਕਾਂ ਭੀ ਨਾਹ ਉਚਾਰੀਆਂ। ਪਰ ਘੱਟ ਬਾਣੀ ਉਚਾਰਨ ਨਾਲ ਅਸੀ ਉਹਨਾਂ ਵਿਚ ਤੇ ਗੁਰੂ ਨਾਨਕ ਪਾਤਿਸ਼ਾਹ ਵਿਚ ਕੋਈ ਵਿੱਥ ਕੋਈ ਫ਼ਰਕ ਨਹੀਂ ਮੰਨ ਸਕਦੇ।

ਇਤਰਾਜ਼ ਕਰਨ ਵਾਲੇ ਸੱਜਣ ਨੂੰ ਸ਼ਬਦ ਵਿਚ ਤਾਂ ਕੋਈ ਖ਼ਾਸ ਇਤਰਾਜ਼ ਵਾਲੀ ਗੱਲ ਲੱਭ ਨਹੀਂ ਸਕੀ, ਜ਼ਿਆਦਾ ਜ਼ੋਰ ਉਹ ਇਸੇ ਗੱਲ ਉਤੇ ਦੇਈ ਗਏ ਹਨ ਕਿ ਰਾਮਨੰਦ ਜੀ ਵੈਰਾਗੀ ਸਨ, ਤਿਲਕ ਜੰਞੂ ਵਰਤਦੇ ਸਨ, ਛੂਤ ਛਾਤ ਦੇ ਹਾਮੀ ਸਨ, ਪੀਲੇ ਕੱਪੜੇ ਪਾਂਦੇ ਸਨ ਇਤਿਆਦਿਕ।

ਪਰ ਸਿੱਖ-ਇਤਿਹਾਸ ਅਨੁਸਾਰ ਬਾਬਾ ਲਹਿਣਾ ਜੀ ਦੇਵੀ ਦੇ ਭਗਤ ਸਨ, ਹਰ ਸਾਲ ਪੈਰੀਂ ਘੁੰਘਰੂ ਬੰਨ੍ਹ ਕੇ ਦੇਵੀ ਦੇ ਦਰਸ਼ਨ ਨੂੰ ਜਾਂਦੇ ਸਨ; ਦੇਵੀ ਦੇ ਭਗਤ ਵਾਸਤੇ ਛੂਤ-ਛਾਤ ਦਾ ਹਾਮੀ ਹੋਣਾ ਅੱਤ ਜ਼ਰੂਰੀ ਹੈ, ਗਲ ਵਿਚ ਦੇਵੀ ਦਾ ਮੌਲੀ ਦਾ ਅੱਟਾ ਭੀ ਪਾਂਦੇ ਸਨ, ਘਰ ਆ ਕੇ ਨੌਰਾਤਿਆਂ ਵਿਚ ਦੇਵੀ ਦੀਆਂ ਕੰਞਕਾਂ ਬਿਠਾਂਦੇ ਸਨ, ਜੰਞੂ ਤਾਂ ਜ਼ਰੂਰੀ ਹੈ ਹੀ ਸੀ। (ਗੁਰੂ) ਅਮਰ ਦਾਸ ਜੀ ੧੯ ਸਾਲ ਹਰ ਸਾਲ ਤੀਰਥਾਂ ਤੇ ਜਾਂਦੇ ਰਹੇ, ਬ੍ਰਾਹਮਣਾਂ ਦੇ ਦੱਸੇ ਹੋਰ ਕਰਮ ਕਾਂਡ ਭੀ ਕਰਦੇ ਸਨ।

ਕੀ ਸਿੱਖ ਧਰਮ ਦੇ ਵਿਰੋਧੀ ਅਸਾਨੂੰ ਇਹੀ ਕਹਾਣੀਆਂ ਸੁਣਾ ਸੁਣਾ ਕੇ ਆਖੀ ਜਾਣਗੇ, ਤੇ ਕੀ ਅਸਾਂ ਭੀ ਇਹ ਮੰਨ ਲੈਣਾ ਹੈ ਕਿ ਇਹਨਾਂ ਗੁਰੂ ਸਾਹਿਬਾਨ ਦੀ ਬਾਣੀ ਇਹਨਾਂ ਦੇ ਜੀਵਨ ਦੇ ਉਲਟ ਸੀ?

ਭਗਤ ਰਾਮਾਨੰਦ ਜੀ ਕਦੇ ਵੈਰਾਗੀ ਮਤ ਦੇ ਹੋਣਗੇ, ਤਿਲਕ ਜੰਞੂ ਵਰਤਦੇ ਹੋਣਗੇ, ਛੂਤ-ਛਾਤ ਦੇ ਭੀ ਹਾਮੀ ਹੋਣਗੇ, ਹੋਰ ਭੀ ਕਈ ਗੱਲਾਂ ਆਖ ਲਈਆਂ ਜਾਣ । ਪਰ ਅਸਾਂ ਇਹ ਵੇਖਣਾ ਹੈ ਕਿ ਗੁਰੂ ਦੇ ਦਰ ਤੇ ਆ ਕੇ ਭਗਤ ਰਾਮਾਨੰਦ ਜੀ ਕੀਹ ਬਣ ਗਏ । ਉਹ ਆਪ ਆਖਦੇ ਹਨ–(ੳ) "ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ, (ਅ) ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ, (ੲ) ਗੁਰ ਕਾ ਸਬਦੁ ਕਾਟੈ ਕੋਟਿ ਕਰਮ ।

ਸੋ, ਜਿਵੇਂ ਬਾਬਾ ਲਹਿਣਾ ਜੀ ਤੇ (ਗੁਰੂ) ਅਮਰਦਾਸ ਜੀ ਦਾ ਜੀਵਨ ਗੁਰੂ-ਦਰ ਤੇ ਆ ਕੇ ਗੁਰਮਤਿ ਦੇ ਅਨੁਕੂਲ ਹੋ ਗਿਆ, ਤਿਵੇਂ ਰਾਮਾਨੰਦ ਜੀ ਦਾ ਜੀਵਨ ਗੁਰੂ ਪਾਸ ਆ ਕੇ ਗੁਰਮਤਿ ਦੇ ਅਨੁਸਾਰ ਹੋ ਗਿਆ ।

———

ੴ ਸਤਿਗੁਰ ਪ੍ਰਸਾਦਿ ॥

ਬਸੰਤੁ ਬਾਣੀ ਨਾਮਦੇਉ ਜੀ ਕੀ

ਸਾਹਿਬੁ ਸੰਕਟਵੈ ਸੇਵਕੁ ਭਜੈ ॥ ਚਿਰੰਕਾਲ ਨ ਜੀਵੈ ਦੋਊ ਕੁਲ ਲਜੈ ॥ ੧ ॥ ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥ ਚਰਨ ਕਮਲ ਮੇਰੇ ਹੀਅਰੇ ਬਸੈਂ ॥ ੧ ॥ ਰਹਾਉ ॥ ਜੈਸੇ ਅਪਨੇ ਧਨਹਿ ਪ੍ਰਾਨੀ ਮਰਨੁ ਮਾਂਡੈ ॥ ਤੈਸੇ ਸੰਤ ਜਨਾਂ ਰਾਮ ਨਾਮੁ ਨ ਛਾਡੈਂ ॥ ੨ ॥ ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ ॥ ਨਾਰਾਇਣੁ ਸੁਪ੍ਰਸੰਨ ਹੋਇ ਤ ਸੇਵਕੁ ਨਾਮਾ ॥੩॥੧॥

ਪਦ ਅਰਥ:—ਸੰਕਟਵੈ—ਸੰਕਟ ਦੇਵੇ । ਭਜੈ—ਨੱਠ ਜਾਏ, ਛੱਡ ਜਾਏ । ਚਿਰੰਕਾਲ—ਬਹੁਤ ਸਮਾ । ਲਜੈ—ਲਾਜ ਲਾਂਦਾ ਹੈ, ਬਦਨਾਮ ਕਰਾਂਦਾ ਹੈ । ੧ ।

ਹਸੈ—ਠੱਠਾ ਕਰੇ । ਹੀਅਰੇ—ਹਿਰਦੇ ਵਿਚ । ਰਹਾਉ ।

ਧਨਹਿ—ਧਨ ਦੀ ਖ਼ਾਤਰ । ਪ੍ਰਾਨੀ—ਜੀਵ, ਬੰਦਾ । ਮਾਂਡੈ—ਠਾਨ ਲੈਂਦਾ ਹੈ । ਮਰਨੁ ਮਾਂਡੈ—ਮਰਨਾ ਠਾਨ ਲੈਂਦਾ ਹੈ, ਮਰਨ ਤੇ ਤੁਲ ਪੈਂਦਾ ਹੈ । ੨ ।

ਸੰਸਾਰ ਕੇ—ਦੁਨੀਆ ਨੂੰ ਪਤਿਆਉਣ ਵਾਲੇ । ਨਾਮਾ—ਹੇ ਨਾਮਦੇਵ ! ਤ—ਤਦੋਂ ਹੀ । ੩ ।

ਅਰਥ :—ਹੇ ਪ੍ਰਭੂ ! ਕੰਵਲ ਫੁੱਲਾਂ ਵਰਗੇ ਕੋਮਲ ਤੇਰੇ ਚਰਨ ਮੇਰੇ ਹਿਰਦੇ ਵਿਚ ਵੱਸਦੇ ਹਨ, (ਤੇ ਮੈਨੂੰ ਬੜੇ ਪਿਆਰੇ ਲੱਗਦੇ ਹਨ, ਹੁਣ) ਜਗਤ ਭਾਵੇਂ ਪਿਆ ਠੱਠਾ ਕਰੇ, ਮੈਂ ਤੇਰੀ ਭਗਤੀ ਨਹੀਂ ਛੱਡਾਂਗਾ । ੧ । ਰਹਾਉ ।

ਜੇ ਮਾਲਕ ਆਪਣੇ ਨੌਕਰ ਨੂੰ ਕੋਈ ਕਸ਼ਟ ਦੇਵੇ, ਤੇ ਨੌਕਰ (ਉਸ ਕਸ਼ਟ ਤੋਂ ਡਰਦਾ) ਨੱਠ ਜਾਏ, (ਜਿੰਦ ਨੂੰ ਕਸ਼ਟਾਂ ਤੋਂ ਬਚਾਉਣ ਦੀ ਖ਼ਾਤਰ ਨੱਠਿਆ ਹੋਇਆ) ਨੌਕਰ ਸਦਾ ਤਾਂ ਜੀਊਂਦਾ ਨਹੀਂ ਰਹਿੰਦਾ, ਪਰ (ਮਾਲਕ ਨੂੰ ਪਿੱਠ ਦੇ ਕੇ) ਆਪਣੀਆਂ ਦੋਵੇਂ ਕੁਲਾਂ ਬਦਨਾਮ ਕਰ ਲੈਂਦਾ ਹੈ । (ਹੇ ਪ੍ਰਭੂ ! ਲੋਕਾਂ ਦੇ ਇਸ ਠੱਠੇ ਤੋਂ ਡਰ ਕੇ ਮੈਂ ਤੇਰੇ ਦਰ ਤੋਂ ਨੱਠ ਨਹੀਂ ਜਾਣਾ) ।੧।

ਜਿਵੇਂ ਆਪਣਾ ਧਨ ਬਚਾਣ ਦੀ ਖ਼ਾਤਰ ਮਨੁੱਖ ਮਰਨ ਤੇ ਭੀ ਤੁਲ ਪੈਂਦਾ ਹੈ, ਤਿਵੇਂ ਪ੍ਰਭੂ ਦੇ ਭਗਤ ਭੀ ਪ੍ਰਭੂ ਦਾ ਨਾਮ (ਧਨ) ਨਹੀਂ ਛੱਡਦੇ (ਉਹਨਾਂ ਪਾਸ ਭੀ ਪ੍ਰਭੂ ਦਾ ਨਾਮ ਹੀ ਧਨ ਹੈ) ।੨।

ਗੰਗਾ, ਗਇਆ, ਗੋਦਾਵਰੀ (ਆਦਿਕ ਤੀਰਥਾਂ ਤੇ ਜਾਣਾ—ਇਹ) ਦੁਨੀਆ ਨੂੰ ਹੀ

ਪਤਿਆਉਣ ਵਾਲੇ ਕੰਮ ਹਨ; ਪਰ, ਹੇ ਨਾਮਦੇਵ ! ਭਗਤ ਉਹੀ ਹੈ ਜਿਸ ਉੱਤੇ ਪ੍ਰਭੂ ਆਪ ਤ੍ਰੁੱਠ ਪਏ (ਤੇ ਆਪਣੇ ਨਾਮ ਦੀ ਦਾਤ ਕਰੇ ।੩।੧।

ਭਾਵ :-ਪ੍ਰੀਤ ਦਾ ਸਰੂਪ-ਚਾਹੇ ਕਸ਼ਟ ਆਉਣ, ਚਾਹੇ ਲੋਕ ਠੱਠਾ ਕਰਨ,ਭਗਤ ਜਨ ਪ੍ਰਭੂ ਦੀ ਭਗਤੀ ਨਹੀਂ ਤਿਆਗਦੇ ।

ਲੋਭ ਲਹਰਿ ਅਤਿ ਨੀਝਰ ਬਾਜੈ ॥ ਕਾਇਆ ਡੂਬੈ ਕੇਸਵਾ ॥ ੧ ॥ ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥ ਤਾਰਿ ਲੈ ਬਾਪ ਬੀਠਲਾ ॥ ੧ ॥ ਰਹਾਉ ॥ ਅਨਿਲ ਬੇੜਾ ਹਉ ਖੇਵਿ ਨ ਸਾਕਉ ॥ ਤੇਰਾ ਪਾਰੁ ਨ ਪਾਇਆ ਬੀਠੁਲਾ ॥ ੨ ॥ ਹੋਹੁ ਦਇਆਲੁ ਸਤਿਗੁਰੁ ਮੇਲਿ ਤੂ, ਮੋ ਕਉ ਪਾਰਿ ਉਤਾਰੇ ਕੇਸਵਾ ॥ ੩ ॥ ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥ ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥ ੪ ॥ ੨ ॥

ਪਦ ਅਰਥ:-ਨੀਝਰ-[Skt. निर्झर-A spring, waterfall, mountain-torrent] ਝੀਲ, ਚਸ਼ਮਾ, ਪਹਾੜੀ ਨਦੀ । ਬਾਜੈ-ਵੱਜ ਰਹੀਆਂ ਹਨ, ਠਾਠਾਂ ਮਾਰ ਰਹੀਆਂ ਹਨ । ਕੇਸਵਾ-ਹੇ ਕੇਸ਼ਵ ! ਹੇ ਪ੍ਰਭੂ ! [केशा: प्रशस्ता: सन्ति अस्य] ਹੇ ਲੰਮੇ ਕੇਸਾਂ ਵਾਲੇ ! ੧ ।

ਗੋੁਬਿੰਦੇ-[ਨੋਟ :-ਅੱਖਰ 'ਗ' ਦੇ ਨਾਲ ਦੋ ਲਗਾਂ ਹਨ-ੋ ਅਤੇ ੁ । ਅਸਲ ਲਫ਼ਜ਼ 'ਗੋਬਿੰਦ' ਹੈ, ਇੱਥੇ 'ਗੁਬਿੰਦ' ਪੜ੍ਹਨਾ ਹੈ] ਹੇ ਗੋਬਿੰਦ ! ਬਾਪ ਬੀਠਲਾ-ਹੇ ਬੀਠਲ ਪਿਤਾ ! ਬੀਠਲ-[Skt. विष्ठल वि+स्थल-One standing aloof] ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ । ੧ । ਰਹਾਉ ।

ਅਨਿਲ-[अनिति अनेन इति अनिल-That by means of which one breaths] ਹਵਾ । ਖੇਵਿ ਨ ਸਾਕਉ-ਚੱਪੂ ਨਹੀਂ ਲਗਾ ਸਕਦਾ । ਖੇਵਿ-[skt. क्षिप्-to throw, to steer. क्षिपणि-an oar, ਚੱਪੂ] ਚੱਪੂ ਲਾਣਾ । ਪਾਰੁ-ਪਾਰਲਾ ਬੰਨਾ । ੨ ।

ਮੋ ਕਉ-ਮੈਨੂੰ । ਉਤਾਰੇ-ਉਤਾਰਿ, ਲੰਘਾ । ੩ ।

ਤਰਿ ਨ ਜਾਨਉ-ਮੈਂ ਤਰਨਾ ਨਹੀਂ ਜਾਣਦਾ । ੪ ।

ਅਰਥ :-ਹੇ ਬੀਠਲ ਪਿਤਾ ! ਹੇ ਗੋਬਿੰਦ ! ਮੈਨੂੰ ਸੰਸਾਰ-ਸਮੁੰਦਰ ਵਿਚੋਂ ਪਾਰ ਲੰਘਾ ਲੈ । ੧ । ਰਹਾਉ ।

ਹੇ ਸੁਹਣੇ ਕੇਸਾਂ ਵਾਲੇ ਪ੍ਰਭੂ ! (ਇਸ ਸੰਸਾਰ-ਸਮੁੰਦਰ ਵਿਚ) ਲੋਭ ਦੀਆਂ ਠਿੱਲ੍ਹਾਂ ਬੜੀਆਂ ਠਾਠਾਂ ਮਾਰ ਰਹੀਆਂ ਹਨ,ਮੇਰਾ ਸਰੀਰ ਇਹਨਾਂ ਵਿਚ ਡੁੱਬਦਾ ਜਾ ਰਿਹਾ ਹੈ।੧।

ਹੇ ਬੀਠਲ ! (ਮੇਰੀ ਜ਼ਿੰਦਗੀ ਦੀ) ਬੇੜੀ ਝੱਖੜ ਵਿਚ (ਫਸ ਗਈ ਹੈ), ਮੈਂ ਇਸ ਨੂੰ ਚੱਪੂ ਲਾਣ ਜੋਗਾ ਨਹੀਂ ਹਾਂ ; ਪ੍ਰਭੂ ! ਤੇਰੇ (ਇਸ ਸੰਸਾਰ-ਸਮੁੰਦਰ ਦਾ) ਮੈਨੂੰ ਪਾਰਲਾ ਬੰਨਾ ਨਹੀਂ ਲੱਭਦਾ । ੨ ।

ਹੇ ਕੇਸ਼ਵ ! ਮੇਰੇ ਉੱਤੇ ਦਇਆ ਕਰ, ਮੈਨੂੰ ਗੁਰੂ ਮਿਲਾ, ਤੇ (ਇਸ ਸਮੁੰਦਰ ਵਿਚੋਂ) ਪਾਰ ਲੰਘਾ । ੩ ।

(ਤੇਰਾ) ਨਾਮਦੇਵ, ਹੇ ਬੀਠਲ ! ਬੇਨਤੀ ਕਰਦਾ ਹੈ–(ਸਮੁੰਦਰ ਵਿਚ ਠਿਲ੍ਹਾਂ ਪੈ ਰਹੀਆਂ ਹਨ, ਮੇਰੀ ਬੇੜੀ ਝੱਖੜ ਦੇ ਮੂੰਹ ਆ ਪਈ ਹੈ, ਤੇ) ਮੈਂ ਤਾਂ ਤਰਨਾ ਭੀ ਨਹੀਂ ਜਾਣਦਾ, ਮੈਨੂੰ ਆਪਣੀ ਬਾਂਹ ਫੜਾ, ਦਾਤਾ ! ਬਾਂਹ ਫੜਾ । ੪ । ੧ । ੨ ।

ਸ਼ਬਦ ਦਾ ਭਾਵ–ਦੁਨੀਆ ਦੇ ਵਿਕਾਰਾਂ ਤੋਂ ਬਚਣ ਲਈ ਇਕੋ-ਇੱਕ ਤਰੀਕਾ ਹੈ–ਪਰਮਾਤਮਾ ਦੇ ਦਰ ਤੇ ਅਰਦਾਸ ।

ਸਹਜ ਅਵਲਿ ਧੂੜਿ ਮਣੀ ਗਾਡੀ ਚਾਲਤੀ ॥ ਪੀਛੈ ਤਿਨਕਾ ਲੈ ਕਰਿ ਹਾਂਕਤੀ ॥ ੧ ॥ ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ॥ ਸਰਿ ਧੋਵਨ ਚਾਲੀ ਲਾਡੁਲੀ ॥ ੧ ॥ ਰਹਾਉ ॥ ਧੋਬੀ ਧੋਵੈ ਬਿਰਹ ਬਿਰਾਤਾ ॥ ਹਰਿ ਚਰਨ ਮੇਰਾ ਮਨੁ ਰਾਤਾ ॥ ੨ ॥ ਭਣਤਿ ਨਾਮਦੇਉ ਰਮਿ ਰਹਿਆ ॥ ਅਪਨੇ ਭਗਤ ਪਰ ਕਰਿ ਦਇਆ ॥ ੩ ॥ ੩ ॥

ਨੋਟ–'ਸ਼ਬਦ' ਦਾ ਭਾਵ ਸਮੁੱਚੇ ਤੌਰ ਤੇ ਬੀਜ-ਰੂਪ ਵਿਚ 'ਰਹਾਉ' ਦੀ ਤੁਕ ਦੇ ਅੰਦਰ ਮਿਲਦਾ ਹੈ । ਸਾਰਾ ਸ਼ਬਦ 'ਰਹਾਉ' ਦੀ ਤੁਕ ਜਾਂ ਤੁਕਾਂ ਦੀ,ਮਾਨੋਂ, ਵਿਆਖਿਆ ਹੈ। 'ਰਹਾਉ' ਦੀ ਤੁਕ ਜਾਂ ਤੁਕਾਂ ਵਿਚ ਇੱਕ ਬੱਝਵਾਂ ਖ਼ਿਆਲ ਹੁੰਦਾ ਹੈ;ਇਸ 'ਬੰਦ'ਦੀਆਂ ਤੁਕਾਂ ਨੂੰ ਵੱਖੋ-ਵੱਖ ਕਰ ਕੇ ਪਹਿਲੇ ਜਾਂ ਅਗਲੇ'ਬੰਦ'ਦੇ ਨਾਲ ਜੋੜਿਆਂ ਸ਼ਬਦ ਦੇ ਅਸਲੀ ਅਰਥਾਂ ਤੋਂ ਜ਼ਰੂਰ ਖੁੰਝ ਜਾਈਦਾ ਹੈ।

'ਰਹਾਉ' ਵਾਲੇ ਬੰਦ ਨੂੰ ਸਮੁੱਚੇ ਤੌਰ ਤੇ ਪੜ੍ਹਨਾ ਤੇ ਸਮਝਣਾ–ਇਹ ਹਰੇਕ ਸ਼ਬਦ ਦੇ ਭਾਵ ਨੂੰ ਠੀਕ ਤਰ੍ਹਾਂ ਵਿਚਾਰਨ ਲਈ ਅੱਤ ਜ਼ਰੂਰੀ ਹੈ। ਇਸ ਸ਼ਬਦ ਨੂੰ ਸਮਝਣ ਵਾਸਤੇ ਭੀ ਇਸ ਗੱਲ ਦਾ ਖ਼ਾਸ ਖ਼ਿਆਲ ਰੱਖਣ ਦੀ ਲੋੜ ਹੈ ।

ਆਓ, ਹੁਣ 'ਰਹਾਉ' ਦੀਆਂ ਤੁਕਾਂ ਗਹੁ ਨਾਲ ਵੇਖੀਏ :–

ਜੈਸੇ ਪਨਕਤ ਥ੍ਰੂਟਿਟਿ ਹਾਂਕਤੀ ।
ਸਰਿ ਧੋਵਨ ਚਾਲੀ ਲਾਡੁਲੀ । ੧ । ਰਹਾਉ ।

ਲਫ਼ਜ਼ 'ਜੈਸੇ' ਯੋਜਕ (Conjunction) ਹੈ । ਇਹ ਦੱਸਦਾ ਹੈ ਕਿ ਇਹ ਪਹਿਲੀ ਤੁਕ ਆਪਣੇ ਆਪ ਵਿਚ ਸੰਪੂਰਣ ਵਾਕ ਨਹੀਂ ਹੈ; ਦੂਜੀ ਤੁਕ ਦੇ ਮੁੱਢ ਤੇ ਲਫ਼ਜ਼ 'ਤੈਸੇ'

ਵਰਤਿਆਂ ਸੰਪੂਰਨ ਵਾਕ ਇਉਂ ਬਣੇਗਾ :

ਜੈਸੇ (ਧੂੜਿ ਮਣੀ ਗਾਡੀ ਨੂੰ) ਖ਼ੁਟਿਟਿ (ਆਖ ਆਖ ਕੇ) (ਹਿੱਕਣ ਵਾਲੀ)ਪਨਕਤ (ਵਲ) ਹਾਂਕਤੀ(ਹੈ),(ਤੈਸੇ) ਲਾਤੂਲੀ ਸਰਿ ਧੌਵਨ ਚਾਲੀ।

ਇਹਨਾਂ ਤੁਕਾਂ ਨੂੰ ਠੀਕ ਠੀਕ ਸਮਝਣ ਵਾਸਤੇ ਪਾਠਕਾਂ ਦਾ ਧਿਆਨ ਇਕ ਹੋਰ ਜ਼ਰੂਰੀ ਪਾਸੇ ਦਿਵਾਉਣ ਦੀ ਲੋੜ ਹੈ। ਜਾਤ-ਪਾਤ ਦੇ ਭਰਮ ਨੇ ਸਾਡੇ ਦੇਸ ਦੇ ਇਤਿਹਾਸ ਉੱਤੇ ਇਕ ਖ਼ਾਸ ਬੜਾ ਭਾਰੀ ਅਸਰ ਕੀਤਾ ਹੈ। ਜਿਨ੍ਹਾਂ ਨੂੰ ਨੀਵੀਂ ਜਾਤ ਵਾਲੇ ਕਹਿ ਕੇ ਪੁਕਾਰਿਆ ਜਾਂਦਾ ਸੀ, ਤੇ ਕਈ ਤਰੀਕਿਆਂ ਨਾਲ ਜਿਨ੍ਹਾਂ ਦੀ ਨਿਰਾਦਰੀ ਕੀਤੀ ਜਾਂਦੀ ਸੀ, ਜਦੋਂ ਉਹਨਾਂ ਨੂੰ ਇਸ ਜੂਲੇ ਦੇ ਹੇਠੋਂ ਨਿਕਲਣ ਦਾ ਸਮਾ ਮਿਲਿਆ, ਉਹ ਛਾਲਾਂ ਮਾਰ ਕੇ ਉਸ ਸ਼ਾਹੀ ਝੰਡੇ ਹੇਠ ਜਾ ਟਿਕੇ ਜਿੱਥੇ ਉਹਨਾਂ ਨੂੰ ਧਰਮ-ਭਰਾ ਅਖਵਾਉਣ ਦਾ ਮਾਣ ਮਿਲ ਗਿਆ। ਜਦੋਂ ਅਸੀ ਆਪਣੀ ਧਰਤੀ ਵਲ ਧਿਆਨ ਮਾਰ ਕੇ ਵੇਖਦੇ ਹਾਂ, ਤਾਂ ਸਾਡੇ ਉਹ ਭਰਾ ਜਿਨ੍ਹਾਂ ਨੂੰ ਜੁਲਾਹੇ, ਚਮਾਰ (ਮੋਚੀ), ਛੀਂਬੇ, ਨਾਈ, ਲੁਹਾਰ ਆਦਿਕ ਦਾ ਕੰਮ ਕਰਨ ਕਰਕੇ ਨੀਚ ਜਾਤ ਵਾਲਾ ਕਿਹਾ ਜਾਂਦਾ ਸੀ, ਉਹ ਭਾਰੀ ਗਿਣਤੀ ਵਿੱਚ ਇਸ ਪਾਸੇ ਨੂੰ ਛੱਡ ਗਏ ਦਿੱਸਦੇ ਹਨ। ਪਰ ਕਿਤੇ ਕਿਤੇ ਇਹੋ ਜਿਹੇ ਨਿਧੜਕ ਤੇ ਉੱਚ-ਆਤਮਾ ਭੀ ਸਨ ਜੋ ਆਪਣੇ ਧਰਮ-ਭਰਾਵਾਂ ਦੇ ਇਸ ਸਲੂਕ ਤੋਂ ਘਾਬਰੇ ਨਹੀਂ, ਸਗੋਂ ਉਹਨਾਂ ਦੇ ਕੁਰਖ਼ਤ ਤੇ ਕਰੜੇ ਬਚਨ ਸਹਾਰ ਕੇ ਭੀ ਉਸ ਭਾਗ-ਹੀਣ ਬਰਾਦਰੀ ਦਾ ਸੁਧਾਰ ਕਰਨ ਦਾ ਹੀ ਜਤਨ ਕਰਦੇ ਰਹੇ। ਦੇਸ ਦੀ ਇਸ ਭਾਈਚਾਰਕ ਦਸ਼ਾ ਦਾ ਥੋੜ੍ਹਾ ਜਿਹਾ ਨਮੂਨਾ ਕਬੀਰ ਜੀ ਆਪ ਪੇਸ਼ ਕਰਦੇ ਹਨ। ਉੱਚੀ ਜਾਤ ਵਾਲੇ ਉਹਨਾਂ ਨੂੰ ਗਾਲ੍ਹਾਂ ਤੱਕ ਕੱਢਣੋਂ ਭੀ ਫ਼ਰਕ ਨਹੀਂ ਕਰਦੇ, ਅੱਗੋਂ ਉਹ ਹੱਸ ਕੇ ਉਹਨਾਂ ਦੀਆਂ ਗਾਲ੍ਹਾਂ ਵਾਲੇ ਲਫ਼ਜ਼ਾਂ ਦੇ ਹੋਰ ਅਰਥ ਕਰ ਕੇ ਉਹਨਾਂ ਨੂੰ (ਸੁਮੱਤੇ) ਲਾਣ ਦਾ ਜਤਨ ਕਰਦੇ ਹਨ। ਵੇਖੋ—

ਗੋਂਡ ਕਬੀਰ ਜੀ ॥ ਕੂਟਨੁ ਸੋਇ ਜੁ ਮਨ ਕਉ ਕੂਟੈ ॥ ਮਨ ਕੂਟੈ ਤਉ ਜਮ ਤੇ ਛੂਟੈ ॥ ਕੁਟਿ ਕੁਟਿ ਮਨੁ ਕਸਵਟੀ ਲਾਵੈ ॥ ਸੋ ਕੂਟਨੁ ਮੁਕਤਿ ਬਹੁ ਪਾਵੈ ॥ ੧ ॥ ਕੂਟਨੁ ਕਿਸੈ ਕਹਹੁ ਸੰਸਾਰ ॥ ਸਗਲ ਬੋਲਨ ਕੇ ਮਾਹਿ ਬੀਚਾਰ ॥ ੧ ॥ ਰਹਾਉ ॥ ਨਾਚਨੁ ਸੋਇ ਜੁ ਮਨ ਸਿਉ ਨਾਚੈ ॥ ਝੂਠਿ ਨ ਪਤੀਐ ਪਰਚੈ ਸਾਚੈ ॥ ਇਸੁ ਮਨ ਆਗੇ ਪੂਰੈ ਤਾਲ ॥ ਇਸੁ ਨਾਚਨ ਕੇ ਮਨ ਰਖਵਾਲ ॥ ੨ ॥ ਬਜਾਰੀ ਸੋ ਜੁ ਬਜਾਰਹਿ ਸੋਧੈ ॥ ਪਾਂਚ ਪਲੀਤਹ ਕਉ ਪਰਬੋਧੈ ॥ ਨਉ ਨਾਇਕ ਕੀ ਭਗਤਿ ਪਛਾਨੈ ॥ ਸੋ ਬਾਜਾਰੀ ਹਮ ਗੁਰ ਮਾਨੈ ॥ ੩ ॥ ਤਸਕਰੁ ਸੋਇ ਜਿ ਤਾਤਿ ਨ ਕਰੈ ॥ ਇੰਦ੍ਰੀ ਕੈ

ਜਤਨਿ ਨਾਮੁ ਉਚਰੈ ॥ ਕਹੁ ਕਬੀਰ ਹਮ ਐਸੇ ਲਖਨ ॥ ਧੰਨੁ ਗੁਰਦੇਵ ਅਤਿ ਰੂਪ ਬਿਚਖਨ ॥ ੪ ॥ ੭ ॥ ੧੦ ॥

ਜਦੋਂ ਉਨ੍ਹਾਂ ਨੂੰ 'ਜੁਲਾਹਾ' 'ਜੁਲਾਹਾ' ਆਖ ਕੇ ਹੀ ਭਾਈਚਾਰਕ ਨੀਵਾਂਪਨ ਦੱਸਣ ਦੇ ਜਤਨ ਹੋਏ, ਤਾਂ ਆਪ ਨੇ ਆਖਿਆ–ਹੇ ਭਾਈ ! ਰੱਬ ਆਪ ਜੁਲਾਹਾ ਹੈ,ਤੁਸੀ ਵਿਅ-ਰਥ ਇਹਨਾਂ ਭੁਲੇਖਿਆਂ ਵਿੱਚ ਪੈ ਕੇ ਉਮਰ ਅਜਾਈਂ ਗੁਆ ਰਹੇ ਹੋ,ਕੁਝ ਜਨਮ-ਮਨੋਰਥ ਦੀ ਭੀ ਵਿਚਾਰ ਕਰੋ–

ਆਸਾ ਕਬੀਰ ਜੀ ॥ ਕੋਰੀ ਕੋ ਕਾਹੂ ਮਰਮੁ ਨ ਜਾਨ੍ਾਂ ॥ ਸਭੁ ਜਗੁ ਆਨਿ ਤਨਾਇਓ ਤਾਨਾਂ ॥ ੧ ॥ ਰਹਾਉ ॥ ਜਬ ਤੁਮ ਸੁਨਿ ਲੇ ਬੇਦ ਪੁਰਾਨਾ ॥ ਤਬ ਹਮ ਇਤਨਕੁ ਪਸਰਿਓ ਤਾਨਾਂ ॥ ੧ ॥ ਧਰਨਿ ਅਕਾਸ ਕੀ ਕਰਗਹ ਬਨਾਈ ॥ ਚੰਦੁ ਸੂਰਜ ਦੁਇ ਸਾਥ ਚਲਾਈ ॥ ੨ ॥ ਪਾਈ ਜੋਰਿ ਬਾਤ ਇਕ ਕੀਨੀ ਤਹ ਤਾਂਤੀ ਮਨੁ ਮਾਨਾ ॥ ਜੋਲਾਹੇ ਘਰੁ ਅਪਨਾ ਚੀਨ੍ਾਂ ਘਟ ਹੀ ਰਾਮੁ ਪਛਾਨਾਂ ॥ ੩ ॥ ਕਹਤੁ ਕਬੀਰੁ ਕਾਰਗਹ ਤੋਰੀ ॥ ਸੂਤੈ ਸੂਤ ਮਿਲਾਏ ਕੋਰੀ ॥ ੪ ॥ ੩ ॥ ੩੬ ॥

ਇਸੇ ਹੀ ਦਲੇਰੀ ਨਾਲ ਰਵਿਦਾਸ ਜੀ ਨੇ ਇਸ ਭਾਈਚਾਰਕ ਵਿਗਾੜ ਦਾ ਟਾਕਰਾ ਕੀਤਾ। ਜਦੋਂ ਉੱਚੀ ਜਾਤ ਵਾਲਿਆਂ ਹਉਮੈ ਵਿਚ ਆ ਕੇ ਆਖਿਆ–ਵੇਖੋ, ਓਇ ਯਾਰੋ ! ਜੁੱਤੀਆਂ ਗੰਢਣ ਵਾਲਾ ਚਮਰੋਟਾ ਹੋ ਕੇ ਸਾਨੂੰ ਧਰਮ-ਉਪਦੇਸ਼ ਸੁਣਾਂਦਾ ਜੇ; ਤਦੋਂ ਆਪ ਨੇ ਧੀਰਜ ਨਾਲ ਉਹਨਾਂ ਨੂੰ ਸਮਝਾਇਆ–ਭਾਈ ! ਜਗਤ ਵਿਚ ਕੋਈ ਵਿਰਲਾ ਭਾਗਾਂ ਵਾਲਾ ਹੈ ਜਿਹੜਾ ਚਮਿਆਰ ਨਹੀਂ ਹੈ, ਨਹੀਂ ਤਾਂ ਸਾਰੇ ਜੀਵ ਜੁੱਤੀਆਂ ਗੰਢਣ ਦੇ ਆਹਰੇ ਲੱਗੇ ਪਏ ਹਨ। ਮੇਰੇ ਉੱਤੇ ਤਾਂ ਦਾਤੇ ਨੇ ਮਿਹਰ ਕੀਤੀ ਹੈ, ਮੈਂ ਤਾਂ ਜੁੱਤੀ ਗੰਢਣ ਦਾ ਕੰਮ ਛੱਡ ਬੈਠਾ ਹਾਂ, ਤੁਸੀ ਆਪਣਾ ਫ਼ਿਕਰ ਕਰੋ। ਵੇਖੋ ਖਾਂ, ਇਹ ਸਰੀਰ ਰੂਪ ਜੁੱਤੀ ਤੁਹਾਨੂੰ ਮਿਲੀ ਹੈ, ਦਿਨ ਰਾਤ ਇਸੇ ਨੂੰ ਗੰਢਦੇ-ਤ੍ਰੁਪਦੇ ਰਹਿੰਦੇ ਹੋ, ਕਿ ਮਤਾਂ ਕਿਤੇ ਇਹ ਜੁੱਤੀ ਛੇਤੀ ਨ ਟੁੱਟ ਜਾਏ। ਇਹ ਲੋਭ ਲਾਲਚ ਤੇ ਜਗਤ ਦਾ ਮੋਹ ਇਸ ਸਰੀਰ-ਜੁੱਤੀ ਦੇ ਗਾਂਢੇ-ਤ੍ਰੋਪੇ ਹੀ ਹਨ, ਹੋਰ ਕੀਹ ਹੈ ?

ਸੋਰਠਿ ਰਵਿਦਾਸ ਜੀ ॥ ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥ ੧ ॥ ਰਹਾਉ ॥ ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥ ੧ ॥ ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ ਹਉ ਬਿਨੁ ਗਾਂਠੇ ਜਾਇ ਪਹੂਚਾ ॥ ੨ ॥ ਰਵਿਦਾਸੁ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ

ਨਾਹੀ ਕਾਮਾ ॥ ੩ ॥ ੭ ॥

ਨਾਮਦੇਵ ਜੀ ਭੀ ਇਸ ਮੈਦਾਨ ਵਿੱਚ ਪਿੱਛੇ ਨਹੀਂ ਰਹੇ। ਜਦੋਂ ਇਹਨਾਂ ਨੂੰ ਭੀ ਇਹੀ ਬੋਲੀ ਮਾਰੀ ਗਈ ਕਿ ਹੈਂ ਤਾਂ ਤੂੰ ਕੱਪੜੇ ਰੰਗਣ ਵਾਲਾ ਤੇ ਸੀਊਣ ਵਾਲਾ ਛੀਂਬਾ ਹੀ; ਤਾਂ ਆਪ ਉੱਤਰ ਦੇਂਦੇ ਹਨ—ਭਾਈ! ਜੇ ਤੁਸੀ ਭੀ ਇਹੋ ਜਿਹਾ ਰੰਗਣਾ ਤੇ ਸੀਊਣਾ ਸਿੱਖ ਲਵੋ, ਤਾਂ ਜਾਤ-ਪਾਤ ਦੇ ਹੋਛੇ ਵਹਿਮ ਤਾਂ ਨਾਹ ਨ ਰਹਿਣ—

ਆਸਾ ਨਾਮਦੇਉ ਜੀ॥ ਮਨੁ ਮੇਰੋ ਗਜੁ ਜਿਹਵਾ ਮੇਰੀ ਕਾਤੀ॥ ਮਪਿ ਮਪਿ ਕਾਟਉ ਜਮ ਕੀ ਫਾਸੀ॥ ੧॥ ਕਹਾ ਕਰਉ ਜਾਤੀ ਕਹਾ ਕਰਉ ਪਾਤੀ।। ਰਾਮ ਕੋ ਨਾਮੁ ਜਪਉ ਦਿਨੁ ਰਾਤੀ।। ੧ ।। ਰਹਾਉ ।। ਰਾਂਗਨਿ ਰਾਂਗਉ ਸੀਵਨਿ ਸੀਵਉ॥ ਰਾਮ ਨਾਮ ਬਿਨੁ ਘਰੀਅ ਨ ਜੀਵਉ॥ ੨॥ ਭਗਤਿ ਕਰਉ ਹਰਿ ਕੇ ਗੁਨ ਗਾਵਉ ॥ ਆਠ ਪਹਰ ਅਪਨਾ ਖਸਮੁ ਧਿਆਵਉ॥ ੩॥ ਸੁਇਨੇ ਕੀ ਸੂਈ ਰੁਪੇ ਕਾ ਧਾਗਾ।। ਨਾਮੇ ਕਾ ਚਿਤੁ ਹਰਿ ਸਿਉ ਲਾਗਾ॥ ੪॥ ੩॥

ਜਿਸ ਸ਼ਬਦ ਦਾ ਹੁਣ ਅਰਥ ਕਰ ਰਹੇ ਹਾਂ, ਇਸ ਵਿਚ ਭੀ ਨਾਮਦੇਵ ਜੀ ਉੱਪਰ-ਵਰਗੇ ਖ਼ਿਆਲ ਸਾਮ੍ਹਣੇ ਰੱਖ ਕੇ ਸੁਲੱਖਣੇ ਰੱਬੀ ਧੋਬੀ ਦਾ ਉਪਕਾਰ ਬਿਆਨ ਕਰ ਰਹੇ ਹਨ। ਮੁੜ ਸ਼ਬਦ ਦੀਆਂ "ਰਹਾਉ" ਦੀਆਂ ਤੁਕਾਂ ਨੂੰ ਪੜ੍ਹੀਏ:

ਜੈਸੇ ਪਨਕਤ ਥ੍ਰਿਟਿਟਿ ਹਾਂਕਤੀ ॥
ਸਰਿ ਧੋਵਨ ਚਾਲੀ ਲਾਡੁਲੀ ॥ ੧ ॥ ਰਹਾਉ ॥

ਧੋਬੀ ਸਵੇਰੇ ਉੱਠ ਕੇ ਕੱਪੜੇ ਧੋਣ ਲਈ ਕਿਸੇ ਨੇੜੇ ਦੇ ਸਰ ਆਦਿਕ ਉੱਤੇ ਜਾਂਦਾ ਹੈ। ਉਸ ਦੀ ਧੋਬਣ ਘਰ ਦਾ ਕੰਮ-ਕਾਜ ਸੰਭਾਲ ਕੇ ਬਾਕੀ ਰਹਿੰਦੇ ਕੱਪੜੇ ਗੱਡੀ ਆਦਿਕ ਤੇ ਲੱਦ ਲੈਂਦੀ ਹੈ ਤੇ ਉਹ ਭੀ ਆਪਣੇ ਧੋਬੀ ਪਾਸ ਉਸੇ ਸਰ ਤੇ ਚਲੀ ਜਾਂਦੀ ਹੈ।

ਜਗਤ ਦੇ ਜੀਵਾਂ ਦੇ ਮਨ, ਮਾਨੋ, ਵਿਕਾਰਾਂ ਤੇ ਹਉਮੈ ਦੀ ਮੈਲ ਨਾਲ ਮੈਲੇ ਹੋਏ ਹੋਏ ਕੱਪੜੇ ਹਨ; ਜਿਵੇਂ ਧੋਬਣ ਕੱਪੜੇ ਧੁਆਉਣ ਲਈ ਪਾਣੀ ਦੇ ਘਾਟ ਵਲ ਮੈਲੇ ਕੱਪੜਿਆਂ ਦੀ ਗੱਡੀ ਨੂੰ ਹਿੱਕਦੀ ਜਾਂਦੀ ਹੈ, ਇਸੇ ਤਰ੍ਹਾਂ ਕੋਇ ਲਾਡੁਲੀ (ਪ੍ਰੇਮਣ) ਜੀਵ-ਇਸਤ੍ਰੀ ਗੁਰੂ-ਧੋਬੀ ਦੇ ਸਰ ਤੇ ਜਾਂਦੀ ਹੈ। ਧੋਬੀ ਹੋਣ ਵਿੱਚ ਕਿਹੜਾ ਮਿਹਣਾ ਹੈ?

"ਰਹਾਉ" ਦੀਆਂ ਤੁਕਾਂ ਦਾ ਵਾਰਤਕ-ਰੂਪ (Prose order) ਤਾਂ ਪਹਿਲਾਂ ਦਿੱਤਾ ਗਿਆ ਹੈ, ਇਹਨਾਂ ਲਫ਼ਜ਼ਾਂ ਵਿਚ ਕੇਵਲ ਇਕ ਲਫ਼ਜ਼ "ਪਨਕਤ" ਦਾ ਅਰਥ ਸਮਝਣਾ ਜ਼ਰੂਰੀ ਹੈ, ਬਾਕੀ ਦੀ ਤੁਕ ਸਾਫ਼ ਹੋ ਜਾਇਗੀ।

ਇਹ ਅਸੀ ਵੇਖ ਚੁਕੇ ਹਾਂ ਕਿ ਇਸ ਸ਼ਬਦ ਵਿਚ ਨਾਮਦੇਵ ਜੀ ਆਪਣੇ ਧੋਬੀ-ਪਨ ਦਾ ਜ਼ਿਕਰ ਕਰ ਕੇ ਸੁਲੱਖਣੇ ਧੋਬੀ ਦੀ ਵਡਿਆਈ ਕਰ ਰਹੇ ਹਨ। ਧੋਬੀ ਦੇ ਨਾਲ ਸਧਾਰਨ ਹੀ ਪਾਣੀ ਦੇ ਘਾਟ ਦਾ ਸੰਬੰਧ ਹੈ। ਸੋ 'ਪਨਕਤ' ਅਸਲ ਵਿਚ 'ਪਨਘਟ' (ਪਾਨੀ ਦਾ ਘਾਟ) ਹੈ। ਅੱਖਰ ਕ, ਖ, ਗ, ਘ ਦਾ ਉੱਚਾਰਣ-ਅਸਥਾਨ ਇੱਕੋ ਹੀ (ਸੰਘ) ਹੈ, ਸਮਾਸੀ ਸ਼ਬਦ ਵਿਚ 'ਘ' ਦਾ ਉਚਾਰਣ ਰਤਾ ਔਖਾ ਹੋਣ ਕਰਕੇ 'ਕ' ਵਰਤਿਆ ਗਿਆ ਹੈ। 'ਟ' ਤੋਂ 'ਤ' ਬਣ ਜਾਣਾ ਭੀ ਬੜੀ ਸਧਾਰਨ ਗੱਲ ਹੈ, ਬੱਚੇ 'ਰੋਟੀ' ਦੇ ਥਾਂ 'ਲੋਤੀ' ਆਖ ਲੈਂਦੇ ਹਨ।

ਸੋ, ਇਹ ਸਾਰਾ ਲਫ਼ਜ਼ 'ਪਨਕਤ' ਵਰਤੋਂ ਵਿਚ ਆ ਗਿਆ ਹੈ। ਇਸ ਦਾ ਸੰਬੰਧ ਭੀ ਸਾਫ਼ ਢੁੱਕਦਾ ਹੈ।

'ਤ'–ਵਰਗ ਤੋਂ 'ਟ'–ਵਰਗ ਅਤੇ 'ਟ'–ਵਰਗ ਤੋਂ 'ਤ'–ਵਰਗ ਬਣ ਜਾਣ ਦੀਆਂ ਹੋਰ ਭੀ ਮਿਸਾਲਾਂ ਮਿਲਦੀਆਂ ਹਨ :–

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਸੁਖਦ	ਸੁਹਦ	ਸੁਹੇਂਵਣਾ
ਸਥਾਨ	ਠਾਣ	ਠਾਉਂ, ਥਾਂ
ਵਰਤੁਲ	ਵੱਟੁਅ	ਬਟੂਆ
ਧ੍ਰਿਸ਼ਟ		ਢੀਠ
ਦੰਡ :		ਡੰਡਾ

ਇਸ ਸ਼ਬਦ ਵਿਚ ਧੋਬੀ ਦੀ ਕਿਰਤ ਦਾ ਜ਼ਿਕਰ ਕਰ ਕੇ ਆਤਮਕ ਉਪਦੇਸ਼ ਦੇਣ ਦੇ ਕਾਰਨ ਕਵਿਤਾ ਦਾ ਸ਼ਲੇਸ਼ ਅਲੰਕਾਰ ਭੀ ਵਰਤਿਆ ਹੋਇਆ ਹੈ।

ਲਫ਼ਜ਼ 'ਧੂੜਿਮਣੀ ਗਾਡੀ' ਨੂੰ 'ਧੋਬਣ' ਦੇ ਨਾਲ ਵਰਤਣ ਵੇਲੇ ਇਸ ਦਾ ਅਰਥ ਕਰਨਾ ਹੈ 'ਮੈਲੇ ਕੱਪੜਿਆਂ ਦੀ ਭਰੀ ਹੋਈ ਗੱਡੀ'; ਜਦੋਂ ਇਸ ਨੂੰ 'ਧੋਬੀ'-ਗੁਰੂ ਦੇ ਨਾਲ ਵਰਤਾਂਗੇ, ਤਾਂ 'ਲਾਡੁਲੀ' ਪ੍ਰੇਮਣ ਜੀਵ-ਇਸਤ੍ਰੀ ਦੇ ਨਾਲ ਇਸ ਦਾ ਅਰਥ ਹੋਵੇਗਾ 'ਇਹ ਮਿੱਟੀ ਦੀ ਗੱਡੀ, ਸਰੀਰ।'

ਸ਼ਬਦ ਦਾ ਅਰਥ :–(ਜਿਵੇਂ) ਪਹਿਲਾਂ (ਭਾਵ, ਅੱਗੇ ਅੱਗੇ) ਮੈਲੇ ਕੱਪੜਿਆਂ ਨਾਲ ਲੱਦੀ ਹੋਈ ਗੱਡੀ ਸਹਿਜੇ ਸਹਿਜੇ ਤੁਰੀ ਜਾਂਦੀ ਹੈ, ਅਤੇ ਪਿੱਛੇ ਪਿੱਛੇ (ਧੋਬਣ) ਸੋਟੀ ਲੈ ਕੇ ਹਿੱਕਦੀ ਜਾਂਦੀ ਹੈ; (ਤਿਵੇਂ ਪਹਿਲਾਂ ਇਹ ਆਲਸੀ ਸਰੀਰ ਸਹਿਜੇ ਸਹਿਜੇ ਟੁਰਦਾ ਹੈ, ਪਰ 'ਲਾਡੁਲੀ' ਇਸ ਨੂੰ ਪ੍ਰੇਮ ਆਦਿਕ ਨਾਲ ਪ੍ਰੇਰਦੀ ਹੈ)।੧।

ਜਿਵੇਂ (ਧੋਬਣ) (ਉਸ ਗੱਡੀ ਨੂੰ) ਪਾਣੀ ਦੇ ਘਾਟ ਵਲ 'ਬੂਟਿਟਿ' ਆਖ ਆਖ ਕੇ ਹਿੱਕਦੀ ਹੈ, ਅਤੇ ਸਰ ਉੱਤੇ (ਧੋਬੀ ਦੀ) ਲਾਡੁਲੀ (ਇਸਤ੍ਰੀ)= (ਕੱਪੜੇ) ਧੋਣ ਲਈ

ਜਾਂਦੀ ਹੈ, ਤਿਵੇਂ ਪ੍ਰੇਮਣ (ਜੀਵ-ਇਸਤ੍ਰੀ) ਸਤਸੰਗ ਸਰੋਵਰ ਉੱਤੇ (ਮਨ ਨੂੰ) ਧੋਣ ਲਈ ਜਾਂਦੀ ਹੈ । ੧ । ਰਹਾਉ ।

ਪਿਆਰ ਵਿਚ ਰੰਗਿਆ ਹੋਇਆ ਧੋਬੀ (-ਗੁਰੂ ਸਰੋਵਰ ਤੇ ਆਈਆਂ ਜਗਿਆਸੂ-ਇਸਤ੍ਰੀਆਂ ਦੇ ਮਨ) ਪਵਿੱਤਰ ਕਰ ਦੇਂਦਾ ਹੈ; (ਉਸੇ ਗੁਰੂ-ਧੋਬੀ ਦੀ ਮਿਹਰ ਦਾ ਸਦਕਾ) ਮੇਰਾ ਮਨ (ਭੀ) ਅਕਾਲ ਪੁਰਖ ਦੇ ਚਰਨਾਂ ਵਿਚ ਰੰਗਿਆ ਗਿਆ ਹੈ । ੨ ।

ਨਾਮਦੇਵ ਆਖਦਾ ਹੈ—ਉਹ ਅਕਾਲ ਪੁਰਖ ਸਭ ਥਾਈਂ ਵਿਆਪਕ ਹੈ, ਅਤੇ ਆਪਣੇ ਭਗਤਾਂ ਉੱਤੇ (ਇਸੇ ਤਰ੍ਹਾਂ, ਭਾਵ, ਗੁਰੂ ਦੀ ਰਾਹੀਂ) ਮਿਹਰ ਕਰਦਾ ਰਹਿੰਦਾ ਹੈ । ੩ ।

ਨੋਟ :—ਇਸ ਸ਼ਬਦ ਦੀ ਇਹ ਵਿਆਖਿਆ ਮਾਸਕ-ਪਤ੍ਰ 'ਅੰਮ੍ਰਿਤ' ਦੇ ਜੁਲਾਈ ੧੯੩੫ ਦੇ ਪਰਚੇ ਵਿਚ ਛਾਪੀ ਗਈ ਸੀ ।

—o—

ੴ ਸਤਿਗੁਰ ਪ੍ਰਸਾਦਿ ॥

ਬਸੰਤੁ ਬਾਣੀ ਰਵਿਦਾਸ ਜੀ ਕੀ

ਤੁਝਹਿ ਸੁਝੰਤਾ ਕਛੂ ਨਾਹਿ ॥ ਪਹਿਰਾਵਾ ਦੇਖੇ ਊਭਿ ਜਾਹਿ ॥ ਗਰਬਵਤੀ ਕਾ ਨਾਹੀ ਠਾਉ ॥ ਤੇਰੀ ਗਰਦਨਿ ਊਪਰਿ ਲਵੈ ਕਾਉ ॥ ੧ ॥ ਤੂ ਕਾਂਇ ਗਰਬਹਿ ਬਾਵਲੀ ॥ ਜੈਸੇ ਭਾਦਉ ਖੂੰਬਰਾਜੁ, ਤੂ ਤਿਸ ਤੇ ਖਰੀ ਉਤਾਵਲੀ ॥ ੧ ॥ ਰਹਾਉ ॥ ਜੈਸੇ ਕੁਰੰਕ ਨਹੀ ਪਾਇਓ ਭੇਦੁ ॥ ਤਨਿ ਸੁਗੰਧ, ਢੂਢੈ ਪ੍ਰਦੇਸੁ ॥ ਅਪ ਤਨ ਕਾ ਜੋ ਕਰੇ ਬੀਚਾਰੁ ॥ ਤਿਸੁ ਨਹੀ ਜਮ ਕੰਕਰੁ ਕਰੇ ਖੁਆਰੁ ॥ ੨ ॥ ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥ ਠਾਕੁਰੁ ਲੇਖਾ ਮਗਨਹਾਰੁ ॥ ਫੇੜੇ ਕਾ ਦੁਖੁ ਸਹੈ ਜੀਉ ॥ ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥ ੩ ॥ ਸਾਧੂ ਕੀ ਜਉ ਲੇਹਿ ਓਟ ॥ ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ । ਕਹਿ ਰਵਿਦਾਸ ਜੋ ਜਪੈ ਨਾਮੁ ॥ ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥ ੪ ॥ ੧ ॥

ਪਦ ਅਰਥ :—ਤੁਝਹਿ—ਤੈਨੂੰ । ਪਹਿਰਾਵਾ-(ਸਰੀਰ ਦਾ) ਠਾਠ, ਪੁਸ਼ਾਕ । ਊਭਿ ਜਾਹਿ—ਆਕੜਦੀ ਹੈਂ । ਗਰਬਵਤੀ—ਅਹੰਕਾਰਨ । ਠਾਉ—ਥਾਂ । ਗਰਦਨਿ—ਧੌਣ । ਲਵੈ ਕਾਉ—ਕਾਂ ਲਉਂਦਾ ਹੈ । ੧ ।

ਕਾਂਇ—ਕਿਉਂ ? ਕਾਹਦੇ ਲਈ ? ਗਰਬਹਿ—ਅਹੰਕਾਰ ਕਰਦੀ ਹੈਂ । ਖੂੰਬਰਾਜੁ—ਵਡੀ ਖੁੰਬ । ਖਰੀ—ਵਧੀਕ । ਉਤਾਵਲੀ—ਕਾਹਲੀ, ਛੇਤੀ ਜਾਣ ਵਾਲੀ । ੧ । ਰਹਾਉ ।

ਕੁਰੰਕ—ਹਰਨ । ਤਨਿ—ਸਰੀਰ ਵਿਚ । ਸੁਗੰਧ—ਕਸਤੂਰੀ । ਅਪ—ਆਪਣਾ । ਜਮ ਕੰਕਰੁ—[Skt. यम किंकर—ਜਮ ਕਿੰਕਰ] ਜਮ ਦੂਤ । ੨ ।

ਕਲਤ੍ਰ—ਇਸਤ੍ਰੀ । ਫੇੜੇ—ਕੀਤੇ (ਮੰਦੇ) ਕਰਮ । ਪਾਛੇ—(ਜਿੰਦ ਦੇ ਨਿਕਲ ਜਾਣ) ਪਿਛੋਂ । ਪੀਉ—ਪਿਆਰਾ । ਪੁਕਾਰਹਿ—ਤੂੰ ਵਾਜਾਂ ਮਾਰੇਂਗੀ । ੩ ।

ਸਾਧੂ—ਗੁਰੂ । ਓਟ—ਆਸਰਾ । ਕੋਟਿ—ਕ੍ਰੋੜਾਂ । ਜੋਨਿ ਕਾਮੁ—ਜੂਨਾਂ ਨਾਲ ਵਾਸਤਾ । ੪ ।

ਅਰਥ :—ਹੇ ਮੇਰੀ ਕਮਲੀ ਕਾਇਆਂ ! ਤੂੰ ਕਿਉਂ ਮਾਣ ਕਰਦੀ ਹੈਂ ? ਤੂੰ ਤਾਂ ਉਸ ਖੁੰਬ ਨਾਲੋਂ ਭੀ ਛੇਤੀ ਨਾਸ ਹੋ ਜਾਣ ਵਾਲੀ ਹੈਂ ਜੋ ਭਾਦਰੋਂ ਵਿਚ (ਉੱਗਦੀ ਹੈ) । ੧ । ਰਹਾਉ ।

(ਹੇ ਕਾਇਆਂ !) ਤੂੰ ਆਪਣਾ ਠਾਠ ਵੇਖ ਕੇ ਆਕੜਦੀ ਹੈਂ, (ਇਸ ਆਕੜ ਵਿਚ) ਤੈਨੂੰ ਕੁਝ ਭੀ ਸੁਰਤ ਨਹੀਂ ਰਹੀ। (ਵੇਖ) ਅਹੰਕਾਰਨ ਦਾ ਕੋਈ ਥਾਂ ਨਹੀਂ (ਹੁੰਦਾ), ਤੇਰੇ ਮੰਦੇ ਦਿਨ ਆਏ ਹੋਏ ਹਨ (ਕਿ ਤੂੰ ਝੂਠਾ ਮਾਣ ਕਰ ਰਹੀ ਹੈਂ)। ੧।

(ਹੇ ਕਾਇਆਂ !) ਜਿਵੇਂ ਹਰਨ ਨੂੰ ਇਹ ਭੇਤ ਨਹੀਂ ਮਿਲਦਾ ਕਿ ਕਸਤੂਰੀ ਦੀ ਸੁਗੰਧੀ ਉਸ ਦੇ ਆਪਣੇ ਸਰੀਰ ਵਿਚੋਂ (ਆਉਂਦੀ ਹੈ), ਪਰ ਉਹ ਪਰਦੇਸ ਢੂੰਢਦਾ ਫਿਰਦਾ ਹੈ (ਤਿਵੇਂ ਤੈਨੂੰ ਇਹ ਸਮਝ ਨਹੀਂ ਕਿ ਸੁਖਾਂ ਦਾ ਮੂਲ-ਪ੍ਰਭੂ ਤੇਰੇ ਆਪਣੇ ਅੰਦਰ ਹੈ)। ਜੋ ਜੀਵ ਆਪਣੇ ਸ਼ਰੀਰ ਦੀ ਵਿਚਾਰ ਕਰਦਾ ਹੈ (ਕਿ ਇਹ ਸਦਾ ਥਿਰ ਰਹਿਣ ਵਾਲਾ ਨਹੀਂ), ਉਸ ਨੂੰ ਜਮਦੂਤ ਖ਼ੁਆਰ ਨਹੀਂ ਕਰਦਾ। ੨।

(ਹੇ ਕਾਇਆਂ !) ਤੂੰ ਪੁੱਤਰ ਤੇ ਵਹੁਟੀ ਦਾ ਮਾਣ ਕਰਦੀ ਹੈਂ (ਤੇ ਪ੍ਰਭੂ ਨੂੰ ਭੁਲਾ ਬੈਠੀ ਹੈਂ, ਚੇਤਾ ਰੱਖ) ਮਾਲਕ-ਪ੍ਰਭੂ (ਕੀਤੇ ਕਰਮਾਂ ਦਾ) ਲੇਖਾ ਮੰਗਦਾ ਹੈ (ਭਾਵ,) ਜੀਵ ਆਪਣੇ ਕੀਤੇ ਮੰਦੇ ਕਰਮਾਂ ਕਰਕੇ ਦੁੱਖ ਸਹਾਰਦਾ ਹੈ। (ਹੇ ਕਾਇਆਂ ! ਜਿੰਦ ਦੇ ਨਿਕਲ ਜਾਣ ਪਿੱਛੋਂ) ਤੂੰ ਕਿਸ ਨੂੰ 'ਪਿਆਰਾ, ਪਿਆਰਾ' ਆਖ ਕੇ ਵਾਜਾਂ ਮਾਰੇਂਗੀ ? । ੩।

(ਹੇ ਕਾਇਆਂ !) ਜੇ ਤੂੰ ਗੁਰੂ ਦਾ ਆਸਰਾ ਲਏਂ, ਤੇਰੇ ਕ੍ਰੋੜਾਂ ਕੀਤੇ ਪਾਪ ਸਾਰੇ ਦੇ ਸਾਰੇ ਨਾਸ ਹੋ ਜਾਣ। ਰਵਿਦਾਸ ਆਖਦਾ ਹੈ—ਜੋ ਮਨੁੱਖ ਨਾਮ ਜਪਦਾ ਹੈ, ਉਸ ਦੀ (ਨੀਵੀਂ) ਜਾਤ ਮੁੱਕ ਜਾਂਦੀ ਹੈ, ਉਸ ਦਾ ਜਨਮ ਮਰਨ ਮਿਟ ਜਾਂਦਾ ਹੈ, ਜੂਨਾਂ ਨਾਲ ਉਸ ਦਾ ਵਾਸਤਾ ਨਹੀਂ ਰਹਿੰਦਾ। ੪। ੧।

ਭਾਵ :—ਸਰੀਰ ਆਦਿਕ ਦਾ ਮਾਣ ਕੂੜਾ ਹੈ। ਇਥੇ ਸਦਾ ਨਹੀਂ ਬੈਠ ਰਹਿਣਾ।

—੦—

ੴ ਸਤਿਗੁਰ ਪ੍ਰਸਾਦਿ ॥

ਬੰਸਤੁ ਕਬੀਰ ਜੀਉ ॥

ਸੁਰਹ ਕੀ ਜੈਸੀ ਤੇਰੀ ਚਾਲ ॥ ਤੇਰੀ ਪੂੰਛਟ ਊਪਰਿ ਝਮਕ ਬਾਲ ॥ ੧ ॥ ਇਸੁ ਘਰ ਮਹਿ ਹੈ, ਸੁ ਤੂ ਢੂੰਢਿ ਖਾਹਿ ॥ ਅਉਰ ਕਿਸ ਹੀ ਕੇ, ਤੂ ਮਤਿ ਹੀ ਜਾਹਿ ॥ ੧ ॥ ਰਹਾਉ ॥ ਚਾਕੀ ਚਾਟਹਿ, ਚੂਨੁ ਖਾਹਿ ॥ ਚਾਕੀ ਕਾ ਚੀਥਰਾ ਕਹਾਂ ਲੈ ਜਾਹਿ ॥ ੨ ॥ ਛੀਕੇ ਪਰ ਤੇਰੀ ਬਹੁਤੁ ਡੀਠਿ ॥ ਮਤੁ ਲਕਰੀ ਸੋਟਾ ਤੇਰੀ ਪਰੈ ਪੀਠਿ ॥ ੩ ॥ ਕਹਿ ਕਬੀਰ, ਭੋਗ ਭਲੇ ਕੀਨ ॥ ਮਤਿ ਕੋਊ ਮਾਰੈ ਈਂਟ ਢੇਮ ॥ ੪ ॥ ੧ ॥

ਨੋਟ—ਕਿਸੇ ਸਾਖੀ ਦੇ ਵਰਤਣ ਦੀ ਤਾਂ ਲੋੜ ਹੀ ਨਹੀਂ ਪੈਂਦੀ। ਕੁੱਤੇ ਦਾ ਸੁਭਾਵ ਹਰ ਕੋਈ ਜਾਣਦਾ ਹੈ ; ਜਦੋਂ ਕਿਸੇ ਬੂਹੇ ਤੇ ਟੁਕੜੇ ਦੀ ਖ਼ਾਤਰ ਜਾਂਦਾ ਹੈ ਤਾਂ ਬੜਾ ਗਰੀਬੜਾ ਜਿਹਾ ਬਣ ਕੇ। ਪਰ ਜੇ ਕੋਈ ਘਰ ਸੁੰਞਾ ਮਿਲ ਜਾਏ, ਪਹਿਲਾਂ ਚੱਕੀ ਜਾ ਚੱਟਦਾ ਹੈ; ਉੱਥੋਂ ਤਸੱਲੀ ਨਾਹ ਹੋਵੇ, ਤਾਂ ਛਿੱਕੇ ਵਲ ਬੜੀ ਹਸਰਤ ਨਾਲ ਤੱਕਦਾ ਹੈ; ਜੋ ਕੁਝ ਘਰ ਵਿਚੋਂ ਖਾਣ ਨੂੰ ਮਿਲੇ, ਕੁਝ ਖਾਂਦਾ ਹੈ ਕੁਝ ਵਿਗਾੜਦਾ ਹੈ; ਚੱਕੀ ਚੱਟਣ ਪਿਛੋਂ ਜਾਂਦਾ ਹੋਇਆ ਥੋੜੇ ਜਿਹੇ ਲਾਲਚ ਪਿੱਛੇ ਪਰੋਲਾ ਭੀ ਲੈ ਭੱਜਦਾ ਹੈ।

ਇਹੀ ਹਾਲ ਲਾਲਚ ਨਾਲ ਹਲਕੇ ਹੋਏ ਮਨੁੱਖ ਦਾ ਹੈ; ਵੇਖਣ ਨੂੰ ਸੁਹਣੀ ਸ਼ਕਲ, ਸ਼ਰੀਫ਼ਾਂ ਵਾਲਾ ਪਹਿਰਾਵਾ, ਪਰ "ਦੁਆਰਹਿ ਦੁਆਰਿ ਸੁਆਨ ਜਿਉ ਡੋਲਤ"। ਆਪਣੀ ਕੀਤੀ ਕਮਾਈ ਤੇ ਸੰਤੋਖ ਨਹੀਂ ਬਣਦਾ, ਬਿਗਾਨਾ ਧਨ ਵੇਖ ਕੇ ਜੀ ਲਲਚਾਂਦਾ ਹੈ; ਨਿੱਤ ਜੋੜਨ ਦੀ ਤਾਂਘ, ਨਿੱਤ ਜੋੜਨ ਦੀ ਖਿੱਚ। ਆਪਣੇ ਘਰ ਸੌਖਾ ਭੀ ਹੋਵੇ ਤਾਂ ਭੀ ਆਪਣੇ ਤੋਂ ਅਮੀਰਾਂ ਨੂੰ ਵੇਖ ਕੇ ਮਨ ਵਿਚ ਸਾੜਾ। ਸਾਰੀ ਉਮਰ ਭੋਗਾਂ ਵਿਚ ਗੁਜ਼ਰਨੀ, ਕਈਆਂ ਨਾਲ ਬਖੇੜੇ, ਕਈਆਂ ਨਾਲ ਝਗੜੇ ਸਹੇੜਨੇ। ਤੇ ਭੋਗਾਂ ਦਾ ਅੰਤ? ਕਈ ਰੋਗ।

ਸੋ, ਮਨੁੱਖ ਨੂੰ ਕੁੱਤੇ ਨਾਲ ਉਪਮਾ ਦੇਂਦੇ ਹਨ, ਤੇ ਸਮਝਾਉਂਦੇ ਹਨ ਕਿ ਸੰਤੋਖ ਵਿਚ ਜੀਉ, ਨਹੀਂ ਤਾਂ ਇਸ ਲਾਲਚ ਦਾ ਅੰਤ ਖ਼ੁਆਰੀ ਹੁੰਦਾ ਹੈ।

ਪਦ ਅਰਥ :—ਸੁਰਹ—[Skt. ਸੁਰਭਿ] ਗਾਂ। ਚਾਲ—ਤੋਰ। ਪੂੰਛਟ—ਪੂਛਲ। ਝਮਕ—ਚਮਕਦੇ। ਬਾਲ—ਵਾਲ। ੧।

ਇਸ ਘਰ ਮਹਿ ਹੈ—(ਭਾਵ,) ਜੋ ਕੁਝ ਤੈਨੂੰ ਆਪਣੀ ਕਮਾਈ ਵਿਚੋਂ ਮਿਲਦਾ ਹੈ। ੧। ਰਹਾਉ। ਚੂਨੁ—ਆਟਾ। ਚੀਥਰਾ—ਪਰੋਲਾ। ਕਹਾਂ—ਕਿੱਥੇ? । ੨।

ਪਰ—ਉੱਤੇ। ਡੀਠਿ—ਨਜ਼ਰ, ਨਿਗਾਹ। ਮਤੁ—ਮਤਾਂ। ਪੀਠਿ—ਲੱਕ ਉੱਤੇ। ੩। ਭਲੇ—ਚੰਗੇ ਚੰਗੇ। ਕੀਨੁ—ਕੀਤੇ ਹਨ। ਮਤਿ—ਮਤਾਂ। ਕੋਊ...ਢੇਮ—ਕਿਤੇ ਖ਼ੁਆਰੀ ਹੋਵੇ। ੪।

ਅਰਥ :—(ਹੇ ਕੁੱਤੇ ਦੇ ਸੁਭਾਉ ਵਾਲੇ ਜੀਵ !) ਜੋ ਕੁਝ ਆਪਣੀ ਹੱਕ ਦੀ ਕਮਾਈ ਹੈ, ਉਸੇ ਨੂੰ ਨਿਸੰਗ ਹੋ ਕੇ ਵਰਤ। ਕਿਸੇ ਬਿਗਾਨੇ ਮਾਲ ਦੀ ਲਾਲਸਾ ਨਾਹ ਕਰਨੀ। ੧। ਰਹਾਉ।

"ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ" ॥

(ਹੇ ਕੁੱਤੇ !) ਗਾਂ ਵਰਗੀ ਤੇਰੀ ਤੋਰ ਹੈ, ਤੇਰੀ ਪੂਛਲ ਉੱਤੇ ਵਾਲ ਭੀ ਸੁਹਣੇ ਚਮਕਦੇ ਹਨ (ਹੇ ਕੁੱਤਾ-ਸੁਭਾਉ ਜੀਵ ! ਸ਼ਰੀਫ਼ਾਂ ਵਰਗੀ ਤੇਰੀ ਸ਼ਕਲ ਤੇ ਪਹਿਰਾਵਾ ਹੈ)। ੧।

(ਹੇ ਕੁੱਤੇ !) ਤੂੰ ਚੱਕੀ ਚੱਟਦਾ ਹੈਂ, ਤੇ ਆਟਾ ਖਾਂਦਾ ਹੈਂ, ਪਰ (ਜਾਂਦਾ ਹੋਇਆ) ਪਰੋਲਾ ਕਿੱਥੇ ਲੈ ਜਾਇੰਗਾ ? (ਹੇ ਜੀਵ ! ਜਿਹੜੀ ਮਾਇਆ ਰੋਜ਼ ਵਰਤਦਾ ਹੈਂ ਇਹ ਤਾਂ ਭਲਾ ਵਰਤੀ ; ਪਰ ਜੋੜ ਜੋੜ ਕੇ ਆਖ਼ਰ ਨਾਲ ਕੀਹ ਲੈ ਜਾਇੰਗਾ ?)। ੨।

(ਹੇ ਸੁਆਨ !) ਤੂੰ ਛਿੱਕੇ ਵਲ ਬੜਾ ਤੱਕ ਰਿਹਾ ਹੈਂ, ਵੇਖੀਂ, ਕਿਤੇ ਲੱਕ ਉੱਤੇ ਕਿਤੋਂ ਸੋਟਾ ਨਾਹ ਵੱਜੇ। (ਹੇ ਜੀਵ ! ਬਿਗਾਨੇ ਘਰਾਂ ਵਲ ਤੱਕਦਾ ਹੈਂ; ਇਸ ਵਿਚੋਂ ਉਪਾਧੀ ਹੀ ਨਿਕਲੇਗੀ)। ੩।

ਕਬੀਰ ਆਖਦਾ ਹੈ—(ਹੇ ਸੁਆਨ !) ਤੂੰ ਬਥੇਰਾ ਕੁਝ ਖਾਧਾ ਉਜਾੜਿਆ ਹੈ, ਪਰ ਧਿਆਨ ਰੱਖੀਂ ਕਿਤੇ ਕੋਈ ਇੱਟ ਢੇਮ ਤੇਰੇ ਸਿਰ ਉੱਤੇ ਨਾਹ ਮਾਰ ਦੇਵੇ। (ਹੇ ਜੀਵ ! ਤੂੰ ਜੁ ਇਹ ਭੋਗ ਭੋਗਣ ਵਿਚ ਹੀ ਰੁੱਝਾ ਪਿਆ ਹੈਂ, ਇਹਨਾਂ ਦਾ ਅੰਤ ਖ਼ੁਆਰੀ ਹੀ ਹੁੰਦਾ ਹੈ)। ੪। ੧।

ਸ਼ਬਦ ਦਾ ਭਾਵ :—ਸੰਤੋਖ-ਹੀਨਤਾ ਖ਼ੁਆਰ ਕਰਦੀ ਹੈ।

—o—

ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗ ਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥ ੧ ॥ ਰਹਾਉ ॥ ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥ ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ ॥ ੧ ॥ ਮਨਮੁਖ ਹੀਨ ਹੋਛੀ ਮਤਿ ਝੂਠੀ ਮਨਿ ਤਨਿ ਪੀਰ ਸਰੀਰੇ॥ ਜਬ ਕੀ ਰਾਮ ਰੰਗੀਲੈ ਰਾਤੀ ਰਾਮੁ ਜਪਤ ਮਨੁ ਧੀਰੇ ॥ ੨ ॥ ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ ॥ ਅਕੁਲ ਨਿਰੰਜਨ ਸਿਉ ਮਨੁ ਮਾਨਿਆ ਬਿਸਰੀ ਲਾਜ ਲੁੋਕਾਨੀ ॥ ੩ ॥ ਭੂਰ ਭਵਿਖ ਨਾਹੀ ਤੁਮ ਜੈਸੇ ਮੇਰੇ ਪ੍ਰੀਤਮ ਪ੍ਰਾਨ ਅਧਾਰਾ ॥ ਹਰਿ ਕੈ ਨਾਮਿ ਰਤੀ ਸੋਹਾਗਨਿ ਨਾਨਕ ਰਾਮ ਭਤਾਰਾ ॥ ੪ ॥ ੧ ॥

ਪਦ ਅਰਥ :-ਠਾਕੁਰ ਕੀ-ਮਾਲਕ-ਪ੍ਰਭੂ ਦੀ । ਹਉ-ਮੈਂ । ਚੇਰੀ-ਦਾਸੀ । ਗਹੇ -ਫੜੇ । ਮਾਰਿ-ਮਾਰ ਕੇ । ਨਿਬੇਰੀ-ਮੁਕਾ ਦਿੱਤੀ ਹੈ । ੧ । ਰਹਾਉ ।

ਪੂਰਨ-ਸਭ ਵਿਚ ਵਿਆਪਕ । ਜੋਤਿ-ਚਾਨਣ ਦਾ ਸੋਮਾ । ਬੀਚਾਰੇ-ਬੀਚਾਰਿ, ਵਿਚਾਰ ਕੇ । ੧ ।

ਮਨਮੁਖ-ਆਪਣੇ ਮਨ ਦੇ ਪਿੱਛੇ ਤੁਰਨ ਵਾਲਾ । ਹੀਨ-ਕਮਜ਼ੋਰ, ਨਿਰਬਲ । ਹੋਛੀ-ਥੋੜ੍ਹ-ਵਿਤੀ । ਮਨਿ-ਮਨ ਵਿਚ । ਤਨਿ-ਤਨ ਵਿਚ । ਸਰੀਰੇ-ਸਰੀਰ ਵਿਚ । ਰਾਤੀ-ਰੰਗੀ ਗਈ । ਧੀਰੇ-ਧੀਰਜ ਧਾਰਦਾ ਹੈ । ੨ ।

ਬੈਰਾਗਨਿ-ਵੈਰਾਗ ਵਾਲੀ, ਮਾਇਆ ਤੋਂ ਉਪਰਾਮ । ਸਮਾਨੀ-ਲੀਨ ਰਹਿੰਦੀ ਹੈ । ਅਕੁਲ-ਜਿਸ ਦੀ ਕੋਈ ਖਾਸ ਕੁਲ ਨਹੀਂ । ਨਿਰੰਜਨ-[ਨਿਰ-ਅੰਜਨ । ਅੰਜਨ-ਕਾਲਖ, ਸੁਰਮਾ, ਮਾਇਆ ਦੇ ਮੋਹ ਦੀ ਕਾਲਖ] ਮਾਇਆ ਦੇ ਪ੍ਰਭਾਵ ਤੋਂ ਪਰੇ । ਲੋਕੁ-ਦੁਨੀਆ, ਜਗਤ । ਲੁੋਕਾਨੀ-ਜਗਤ ਦੀ । ਲੁੋਕਾਨੀ-[ਨੋਟ-ਅੱਖਰ 'ਲ' ਦੇ ਨਾਲ ਦੋ ਲਗਾਂ ਹਨ- ੋ ਅਤੇ ੁ । ਅਸਲ ਲਫ਼ਜ਼ 'ਲੋਕਾਨੀ' ਹੈ, ਇਥੇ 'ਲੁਕਾਨੀ' ਪੜ੍ਹਨਾ ਹੈ] ਦੁਨੀਆ ਦੀ । ੩ ।

ਭੂਰ–ਬੀਤਿਆ ਹੋਇਆ ਸਮਾ, ਭੂਤ। ਭਵਿਖ–ਆਉਣ ਵਾਲਾ ਸਮਾ। ਅਧਾਰਾ–ਆਸਰਾ। ਨਾਮਿ–ਨਾਮ ਵਿਚ। ਸੋਹਾਗਨਿ–ਚੰਗੇ ਭਾਗਾਂ ਵਾਲੀ। ਭਤਾਰ–ਖਸਮ।੪।

ਅਰਥ :–ਜਦੋਂ ਦੀ ਮੈਂ ਆਪਣੇ ਮਾਲਕ-ਪ੍ਰਭੂ ਦੀ ਦਾਸੀ ਬਣ ਗਈ ਹਾਂ, ਜਦੋਂ ਦੇ ਮੈਂ ਜਗਤ ਦੇ ਜੀਵਨ ਪ੍ਰਭੂ ਦੇ ਚਰਨ ਫੜੇ ਹਨ, ਉਸ ਨੇ ਮੇਰੀ ਹਉਮੈ ਮਾਰ ਕੇ ਮੁਕਾ ਦਿੱਤੀ ਹੈ।੧। ਰਹਾਉ।

ਜਦੋਂ ਦਾ ਮੋਹਨ-ਪ੍ਰਭੂ ਨੇ ਮੇਰਾ ਮਨ (ਆਪਣੇ ਪਿਆਰ ਵਿਚ) ਮੋਹ ਲਿਆ ਹੈ ਤਦੋਂ ਤੋਂ ਮੇਰਾ ਮਨ ਗੁਰੂ ਦਾ ਸ਼ਬਦ ਵਿਚਾਰ ਵਿਚਾਰ ਕੇ ਇਹ ਸਮਝ ਰਿਹਾ ਹੈ, ਕਿ ਪਰਮੇਸਰ ਸਭ ਵਿਚ ਵਿਆਪਕ ਹੈ ਸਭ ਤੋਂ ਉੱਚਾ ਆਤਮਕ ਜੀਵਨ ਦਾ ਚਾਨਣ ਦੇਣ ਵਾਲਾ ਹੈ, ਮੇਰਾ ਪਿਆਰਾ ਹੈ ਅਤੇ ਮੇਰੀ ਜਿੰਦ (ਦਾ ਸਹਾਰਾ) ਹੈ।੧।

ਜਿਤਨਾ ਚਿਰ ਮੈਂ ਆਪਣੇ ਮਨ ਦੇ ਪਿੱਛੇ ਤੁਰਦਾ ਰਿਹਾ, ਮੈਂ ਕਮਜ਼ੋਰ ਰਿਹਾ (ਵਿਕਾਰ ਮੇਰੇ ਉਤੇ ਜ਼ੋਰ ਪਾਂਦੇ ਰਹੇ), ਮੇਰੀ ਅਕਲ ਥੋੜ੍ਹ-ਵਿਤੀ ਰਹੀ, ਝੂਠ ਵਿਚ ਹੀ ਲੱਗੀ ਰਹੀ (ਇਸ ਕਾਰਨ) ਮੇਰੇ ਮਨ ਵਿਚ ਮੇਰੇ ਸਰੀਰ ਵਿਚ ਦੁੱਖ-ਕਲੇਸ਼ ਉੱਠਦੇ ਰਹੇ। ਪਰ ਜਦੋਂ ਤੋਂ ਮੈਂ ਰੰਗੀਲੇ ਰਾਮ (ਦੇ ਪਿਆਰ) ਵਿਚ ਰੰਗੀ ਗਈ ਹਾਂ, ਮੇਰਾ ਮਨ ਉਸ ਰਾਮ ਨੂੰ ਸਿਮਰ ਸਿਮਰ ਕੇ ਧੀਰਜ ਵਾਲਾ ਹੁੰਦਾ ਜਾ ਰਿਹਾ ਹੈ।੨।

ਜਦੋਂ ਤੋਂ (ਠਾਕੁਰ-ਪ੍ਰਭੂ ਦੀ ਦਾਸੀ ਬਣ ਕੇ) ਮੈਂ ਹਉਮੈ ਤਿਆਗ ਕੇ ਮਾਇਆ-ਮੋਹ ਵਲੋਂ ਉਪਰਾਮ ਹੋ ਚੁਕੀ ਹਾਂ, ਤਦੋਂ ਤੋਂ ਮੇਰੀ ਸੁਰਤਿ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਦੀ ਯਾਦ ਵਿਚ ਲੀਨ ਰਹਿੰਦੀ ਹੈ; ਮੇਰਾ ਮਨ ਉਸ ਪ੍ਰਭੂ ਦੀ ਯਾਦ ਵਿਚ ਗਿੱਝਿਆ ਰਹਿੰਦਾ ਹੈ ਜੋ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ ਅਤੇ ਜਿਸ ਦੀ ਕੋਈ ਖ਼ਾਸ ਕੁਲ ਨਹੀਂ ਹੈ। (ਮੈਨੂੰ ਹਉਮੈ ਨਹੀਂ ਰਹੀ, ਇਸ ਵਾਸਤੇ) ਮੈਂ ਲੋਕ-ਲਾਜ (ਭੀ) ਭੁਲਾ ਬੈਠੀ ਹਾਂ।੩।

ਹੇ ਮੇਰੇ ਪ੍ਰੀਤਮ! ਹੇ ਮੇਰੀ ਜਿੰਦ ਦੇ ਆਸਰੇ ਪ੍ਰਭੂ! ਹੁਣ ਮੈਨੂੰ ਤੇਰੇ ਵਰਗਾ ਕੋਈ ਨਹੀਂ ਦਿੱਸਦਾ, ਨਾਹ ਪਿਛਲੇ ਬੀਤੇ ਸਮਿਆਂ ਵਿਚ, ਨਾਹ ਹੁਣ, ਅਤੇ ਨਾਹ ਹੀ ਆਉਣ ਵਾਲੇ ਸਮਿਆਂ ਵਿਚ।

ਹੇ ਨਾਨਕ! (ਆਖ–) ਜਿਸ ਜੀਵ-ਇਸਤ੍ਰੀ ਨੇ ਪਰਮਾਤਮਾ ਨੂੰ ਆਪਣਾ ਖਸਮ ਮੰਨ ਲਿਆ ਹੈ, ਜੇਹੜੀ ਪ੍ਰਭੂ ਦੇ ਨਾਮ ਵਿਚ ਰੰਗੀ ਰਹਿੰਦੀ ਹੈ, ਉਹ ਚੰਗੇ ਭਾਗਾਂ ਵਾਲੀ ਬਣ ਜਾਂਦੀ ਹੈ।੪।੧।

ਸਾਰਗ ਮਹਲਾ ੧॥ ਹਰਿ ਬਿਨੁ ਕਿਉ ਰਹੀਐ, ਦੂਖੁ ਬਿਆਪੈ॥
ਜਿਹਵਾ ਸਾਦੁ ਨ, ਫੀਕੀ ਰਸ ਬਿਨੁ, ਬਿਨੁ ਪ੍ਰਭ ਕਾਲੁ ਸੰਤਾਪੈ॥੧॥

ਰਹਾਉ ॥ ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ ॥ ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ ॥ ੧ ॥ ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ॥ ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ ॥ ੨ ॥ ਕੁਚਿਲ ਕੁਰੂਪਿ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ॥ ੩ ॥ ਆਇ ਨ ਜਾਵੈ ਨਾ ਦੁਖੁ ਪਾਵੈ ਨਾ ਦੁਖ ਦਰਦੁ ਸਰੀਰੇ ॥ ਨਾਨਕ ਪ੍ਰਭ ਤੇ ਸਹਜ ਸੁਹੇਲੀ ਪ੍ਰਭ ਦੇਖਤ ਹੀ ਮਨੁ ਧੀਰੇ ॥ ੪ ॥ ੨ ॥

ਪਦ ਅਰਥ :-ਕਿਉ ਕਹੀਐ-ਕਿਹਾ ਨਹੀਂ ਜਾ ਸਕਦਾ, ਮਨ ਨੂੰ ਧੀਰਜ ਨਹੀਂ ਆਉਂਦੀ, ਜੀਵਨ ਸੁਖੀ ਨਹੀਂ ਹੋ ਸਕਦਾ। ਬਿਆਪੈ-ਜੋਰ ਪਾ ਲੈਂਦਾ ਹੈ, ਦਬਾ ਲੈਂਦਾ ਹੈ। ਜਿਹਵਾ-ਜੀਭ। ਸਾਦੁ-ਸੁਆਦ, ਮਿਠਾਸ। ਫੀਕੀ-ਫਿੱਕੇ ਬੋਲ ਬੋਲਣ ਵਾਲੀ। ਸੰਤਾਪੈ-ਦੁਖੀ ਕਰਦਾ ਹੈ। ਕਾਲੁ-ਮੌਤ (ਦਾ ਡਰ)। ੧। ਰਹਾਉ।

ਦਰਸੁ ਪ੍ਰੀਤਮ-ਪ੍ਰੀਤਮ ਦਾ ਦਰਸਨ। ਨ ਪਰਸੈ-ਨਹੀਂ ਪਰਸਦਾ, ਨਹੀਂ ਛੂੰਹਦਾ। ਮਾਨਿਆ-ਗਿੱਝ ਜਾਂਦਾ ਹੈ। ਰਸਿ-ਰਸ ਵਿਚ; ਅਨੰਦ ਵਿਚ। ਬਿਗਾਸੀ-ਬਿਗਾਸੈ, ਖਿੜਦਾ ਹੈ। ੧।

ਊਨਵਿ-ਝੁਕ ਕੇ, ਲਿਫ ਕੇ, ਨੀਵੇਂ ਹੋ ਕੇ। ਘਨਹਰੁ-ਬੱਦਲ। ਬੈਰਾਗੈ-ਵੈਰਾਗ ਵਿਚ, ਹੁਲਾਰੇ ਵਿਚ। ਤਰਵਰ-ਰੁੱਖ। ਬਿਰਖ-[ਵ੍ਰਿਸ਼ਭ] ਬਲਦ। ਬਿਹੰਗ-ਪੰਛੀ। ਭੁਇਅੰਗਮ-ਸੱਪ। ਘਰਿ-ਘਰ ਵਿਚ, ਹਿਰਦੇ ਵਿਚ। ਪਿਰੁ-ਪਤੀ। ਧਨ-ਇਸਤ੍ਰੀ। ਸੋਹਾਗੈ-ਸੁਹਾਗ ਮਾਣਦੀ ਹੈ, ਆਪਣੇ ਆਪ ਨੂੰ ਭਾਗਾਂ ਵਾਲੀ ਜਾਣਦੀ ਹੈ। ੨।

ਕੁਚਿਲ-ਕੁਚੀਲ, ਗੰਦੀ ਰਹਤ-ਬਹਤ ਵਾਲੀ। ਕੁਰੂਪਿ-ਕੋਝੇ ਰੂਪ ਵਾਲੀ। ਕੁਨਾਰਿ-ਭੈੜੀ ਇਸਤ੍ਰੀ। ਕੁਲਖਨੀ-ਭੈੜੇ ਲਛਣਾਂ ਵਾਲੀ। ਸਹਜੁ-(ਮਿਲਾਪ ਦਾ) ਆਨੰਦ। ਰਸਨ-ਜੀਭ। ਤ੍ਰਿਪਤੀ-ਰੱਜੀ, ਚਸਕਿਆਂ ਵਲੋਂ ਪਰਤੀ। ੩।

ਪ੍ਰਭ ਤੇ-ਪ੍ਰਭੂ ਤੋਂ, ਪ੍ਰਭੂ (ਦੇ ਮਿਲਾਪ) ਤੋਂ। ਸਹਜ ਸੁਹੇਲੀ-ਸਹਜ ਦਾ ਸੁਖ ਪਾਣ ਵਾਲੀ, ਅਡੋਲਤਾ ਦਾ ਆਨੰਦ ਮਾਨਣ ਵਾਲੀ। ਧੀਰੇ-ਧੀਰਜ ਫੜਦਾ ਹੈ। ੪।

ਅਰਥ:-ਪਰਮਾਤਮਾ ਦਾ ਸਿਮਰਨ ਕਰਨ ਤੋਂ ਬਿਨਾ ਮਨੁੱਖ ਸੁਖੀ ਜੀਵਨ ਨਹੀਂ ਜੀਉ ਸਕਦਾ, ਦੁੱਖ (ਸਦਾ ਇਸ ਦੇ ਮਨ ਉਤੇ) ਦਬਾਅ ਪਾਈ ਰੱਖਦਾ ਹੈ। (ਸਿਮਰਨ ਤੋਂ ਬਿਨਾ ਮਨੁੱਖ ਦੀ) ਜੀਭ ਵਿਚ (ਬੋਲਣ ਦੀ) ਮਿਠਾਸ ਨਹੀਂ ਪੈਦਾ ਹੁੰਦੀ, ਮਿਠਾਸ ਤੋਂ ਬਿਨਾ ਹੋਣ ਕਰਕੇ ਸਦਾ ਖਰ੍ਹਵੇ ਬੋਲ ਬੋਲਦੀ ਹੈ। ਪ੍ਰਭੂ ਦੇ ਸਿਮਰਨ ਤੋਂ ਬਿਨਾ

ਮੌਤ ਦਾ ਡਰ (ਭੀ) ਦੁਖੀ ਕਰਦਾ ਰਹਿੰਦਾ ਹੈ। ੧। ਰਹਾਉ।

ਜਦੋਂ ਤਕ ਮਨੁੱਖ ਪ੍ਰੀਤਮ-ਪ੍ਰਭੂ ਦਾ ਦੀਦਾਰ ਨਹੀਂ ਕਰਦਾ, ਤਦ ਤਕ ਮਾਇਆ ਦੀ ਭੁੱਖ ਤ੍ਰੇਹ ਜੋਰ ਪਾਈ ਰੱਖਦੀ ਹੈ। ਦੀਦਾਰ ਕਰਦਿਆਂ ਹੀ ਮਨ ਪ੍ਰਭੂ ਦੀ ਯਾਦ ਵਿਚ ਗਿੱਝ ਜਾਂਦਾ ਹੈ (ਤੇ ਇਉਂ ਖਿੜਦਾ ਹੈ, ਜਿਵੇਂ) ਕੌਲ ਫੁੱਲ ਜਲ ਦੇ ਆਨੰਦ ਵਿਚ ਖਿੜਦਾ ਹੈ। ੧।

ਜਦੋਂ ਬੱਦਲ ਝੁਕ ਝੁਕ ਕੇ ਗੱਜਦਾ ਹੈ ਤੇ ਵਰ੍ਹਦਾ ਹੈ ਤਦੋਂ ਕੋਇਲ ਮੋਰ ਰੁੱਖ ਬਲਦ ਪੰਛੀ ਸੱਪ (ਆਦਿਕ) ਹੁਲਾਰੇ ਵਿਚ ਆਉਂਦੇ ਹਨ, (ਇਸੇ ਤਰ੍ਹਾਂ ਜਿਸ ਜੀਵ-ਇਸਤ੍ਰੀ ਦੇ) ਹਿਰਦੇ-ਘਰ ਵਿਚ ਪਤੀ-ਪ੍ਰਭੂ ਆ ਵੱਸਦਾ ਹੈ ਉਹ ਜੀਵ-ਇਸਤ੍ਰੀ ਆਪਣੇ ਆਪ ਨੂੰ ਭਾਗਾਂ ਵਾਲੀ ਜਾਣਦੀ ਹੈ। ੨।

(ਪਰ ਜਿਸ ਜੀਵ-ਇਸਤ੍ਰੀ ਨੇ) ਪਤੀ-ਪ੍ਰਭੂ ਦੇ ਮਿਲਾਪ ਦਾ ਆਨੰਦ ਨਹੀਂ ਮਾਣਿਆ, ਉਹ ਗੰਦੀ ਰਹਤ-ਬਹਤ ਵਾਲੀ, ਕੋਝੇ ਰੂਪ ਵਾਲੀ, ਭੈੜੀ ਤੇ ਭੈੜੇ ਲੱਛਣਾਂ ਵਾਲੀ ਹੀ ਰਹਿੰਦੀ ਹੈ। ਜਿਸ ਦੀ ਜੀਭ ਪ੍ਰਭੂ ਦੇ ਆਨੰਦ ਦੇ ਰੰਗ ਵਿਚ (ਰਚ ਕੇ) ਚਸ-ਕਿਆਂ ਵਲੋਂ ਨਹੀਂ ਪਰਤੀ, ਉਹ ਜੀਵ-ਇਸਤ੍ਰੀ ਭੈੜੀ ਮੱਤੇ ਲੱਗਣ ਕਰਕੇ ਦੁੱਖਾਂ ਵਿਚ ਹੀ ਗ੍ਰਸੀ ਰਹਿੰਦੀ ਹੈ। ੩।

ਹੇ ਨਾਨਕ! ਪ੍ਰਭੂ ਦੇ ਮਿਲਾਪ ਤੋਂ ਅਡੋਲਤਾ ਦਾ ਆਨੰਦ ਮਾਨਣ ਵਾਲੀ ਜੀਵ-ਇਸਤ੍ਰੀ ਦਾ ਮਨ ਪ੍ਰਭੂ ਦਾ ਦੀਦਾਰ ਕਰ ਕੇ ਧੀਰਜਵਾਨ ਰਹਿੰਦਾ ਹੈ, ਉਹ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੀ, ਉਸ ਦੇ ਨਾਹ ਮਨ ਨੂੰ ਤੇ ਨਾਹ ਤਨ ਨੂੰ ਕੋਈ ਦੁੱਖ-ਕਲੇਸ ਵਿਆਪਦਾ ਹੈ। ੪। ੨।

ਸਾਰਗ ਮਹਲਾ ੧ ॥ ਦੂਰਿ ਨਾਹੀ ਮੇਰੋ ਪ੍ਰਭੁ ਪਿਆਰਾ ॥ ਸਤਿਗੁਰ ਬਚਨਿ ਮੇਰੋ ਮਨੁ ਮਾਨਿਆ ਹਰਿ ਪਾਏ ਪ੍ਰਾਨ ਅਧਾਰਾ ॥ ੧ ॥ ਰਹਾਉ ॥ ਇਨ ਬਿਧਿ ਹਰਿ ਮਿਲੀਐ ਵਰ ਕਾਮਨਿ ਧਨ ਸੋਹਾਗੁ ਪਿਆਰੀ ॥ ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ ॥ ੧ ॥ ਜਿਸੁ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ ॥ ਸਹਜਿ ਰਵੈ ਵਰੁ ਕਾਮਣਿ ਪਿਰ ਕੀ ਗੁਰਮੁਖਿ ਰੰਗਿ ਸਵਾਰੇ ॥ ੨ ॥ ਜਾਰਉ ਐਸੀ ਪ੍ਰੀਤਿ ਕੁਟੰਬ ਸਨਬੰਧੀ ਮਾਇਆ ਮੋਹ ਪਸਾਰੀ ॥ ਜਿਸੁ ਅੰਤਰਿ ਪ੍ਰੀਤਿ ਰਾਮ ਰਸੁ ਨਾਹੀ ਦੁਬਿਧਾ ਕਰਮ ਬਿਕਾਰੀ ॥ ੩ ॥ ਅੰਤਰਿ ਰਤਨ ਪਦਾਰਥ ਹਿਤ ਕੌ ਦੁਰੈ ਨ ਲਾਲ ਪਿਆਰੀ ॥ ਨਾਨਕ ਗੁਰਮੁਖਿ ਨਾਮੁ ਅਮੋਲਕੁ ਜੁਗਿ ਜੁਗਿ ਅੰਤਰਿ ਧਾਰੀ ॥ ੪ ॥ ੩ ॥

ਪਦ ਅਰਥ :–ਸਤਿਗੁਰ ਬਚਨਿ–ਗੁਰੂ ਦੇ ਉਪਦੇਸ਼ ਵਿਚ। ਮਾਨਿਆ–ਪਤੀਜ ਗਿਆ ਹੈ। ਪ੍ਰਾਨ ਅਧਾਰਾ–ਜ਼ਿੰਦਗੀ ਦਾ ਆਸਰਾ। ੧। ਰਹਾਉ।

ਇਨ ਬਿਧਿ–ਇਸ ਤਰੀਕੇ ਨਾਲ। ਹਰਿ ਵਰ ਮਿਲੀਐ–ਹਰੀ-ਪਤੀ ਨੂੰ ਮਿਲੀਦਾ ਹੈ। ਕਾਮਨਿ–ਹੇ ਜੀਵ-ਇਸਤ੍ਰੀ! ਸੋਹਾਗੁ–ਚੰਗਾ ਭਾਗ। ਧਨ–ਜੀਵ-ਇਸਤ੍ਰੀ। ਸਹਸਾ –ਭਰਮ। ਬੀਚਾਰੀ–ਵਿਚਾਰਵਾਨ। ੧।

ਹਿੰਸਾ–ਨਿਰਦਇਤਾ। ਸਹਜਿ–ਅਡੋਲ ਅਵਸਥਾ ਵਿਚ। ਰਵੈ–ਮਾਣਦੀ ਹੈ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਰੰਗਿ–ਪ੍ਰੇਮ ਵਿਚ। ੨।

ਜਾਰਉ–ਮੈਂ ਸਾੜ ਦਿਆਂ। ਦੁਬਿਧਾ–ਮੇਰ-ਤੇਰ। ਬਿਕਾਰੀ–ਵਿਕਾਰਾਂ ਦੇ। ੩।

ਹਿਤ–ਪਿਆਰ। ਕੌ–ਨੂੰ, ਦੀ ਖ਼ਾਤਰ। ਹਿਤ ਕੌ–ਪ੍ਰੇਮ ਪੈਦਾ ਕਰਨ ਦੀ ਖ਼ਾਤਰ। ਦੁਰੈ ਨ–ਨਹੀਂ ਲੁਕਦੀ, ਗੁੱਝੀ ਨਹੀਂ ਰਹਿੰਦੀ। ਲਾਲ ਪਿਆਰੀ–ਪ੍ਰਭੂ ਦੀ ਪਿਆਰੀ। ਜੁਗਿ ਜੁਗਿ–ਹਰੇਕ ਜੁਗ ਵਿਚ, ਸਦਾ ਹੀ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ੪।

ਅਰਥ:–ਜਦੋਂ ਤੋਂ ਮੇਰਾ ਮਨ ਗੁਰੂ ਦੇ (ਇਸ) ਬਚਨ ਵਿਚ ਯਕੀਨ ਲੈ ਆਇਆ ਹੈ (ਕਿ) ਮੇਰਾ ਪਿਆਰਾ ਪ੍ਰਭੂ (ਮੈਥੋਂ) ਦੂਰ ਨਹੀਂ ਹੈ, ਤਦੋਂ ਤੋਂ (ਮੈਨੂੰ ਇਉਂ ਪ੍ਰਤੀਤ ਹੋ ਰਿਹਾ ਹੈ ਕਿ) ਮੈਂ ਆਪਣੀ ਜਿੰਦ ਦਾ ਸਹਾਰਾ-ਪ੍ਰਭੂ ਲੱਭ ਲਿਆ ਹੈ। ੧। ਰਹਾਉ।

ਹੇ ਜੀਵ-ਇਸਤ੍ਰੀਏ! ਇਸ ਤਰੀਕੇ ਨਾਲ ਹੀ (ਭਾਵ, ਉਸ ਪ੍ਰਭੂ ਦੇ ਅੰਗ-ਸੰਗ ਹੋਣ ਤੇ ਯਕੀਨ ਕੀਤਿਆਂ ਹੀ) ਪਤੀ-ਪ੍ਰਭੂ ਮਿਲਦਾ ਹੈ, (ਜਿਸ ਨੂੰ ਮਿਲ ਪਿਆ ਹੈ) ਉਸ ਜੀਵ-ਇਸਤ੍ਰੀ ਦਾ ਚੰਗਾ ਭਾਗ ਜਾਗ ਪਿਆ ਹੈ, ਉਹ ਪਤੀ-ਪ੍ਰਭੂ ਦੀ ਪਿਆਰੀ ਹੋ ਗਈ ਹੈ। ਗੁਰੂ ਦੀ ਮਤਿ ਲੈ ਕੇ ਗੁਰੂ ਦੇ ਸ਼ਬਦ ਦੀ ਰਾਹੀਂ ਉਹ ਜੀਵ-ਇਸਤ੍ਰੀ ਵਿਚਾਰਵਾਨ ਹੋ ਜਾਂਦੀ ਹੈ, ਜਾਤਿ ਵਰਨ ਕੁਲ (ਆਦਿਕ) ਬਾਰੇ ਉਸ ਦਾ ਭਰਮ ਦੂਰ ਹੋ ਜਾਂਦਾ ਹੈ। ੧।

ਜਿਸ ਦਾ ਮਨ (ਇਹ) ਮੰਨ ਜਾਂਦਾ ਹੈ (ਕਿ ਪ੍ਰਭੂ ਸਦਾ ਮੇਰੇ ਅੰਗ-ਸੰਗ ਹੈ) ਉਸ ਨੂੰ ਅਹੰਕਾਰ ਨਹੀਂ ਰਹਿੰਦਾ, ਉਹ ਨਿਰਦਇਤਾ ਤੇ ਲਾਲਚ ਨੂੰ (ਆਪਣੇ ਅੰਦਰੋਂ) ਭੁਲਾ ਦੇਂਦੀ ਹੈ, ਪਤੀ-ਪ੍ਰਭੂ ਦੀ ਪਿਆਰੀ ਉਹ ਜੀਵ-ਇਸਤ੍ਰੀ ਅਡੋਲ ਅਵਸਥਾ ਵਿਚ ਟਿਕ ਕੇ ਪਤੀ-ਪ੍ਰਭੂ ਨੂੰ ਮਿਲੀ ਰਹਿੰਦੀ ਹੈ, ਗੁਰੂ ਦੀ ਸਰਨ ਪੈ ਕੇ ਪ੍ਰਭੂ ਦੇ ਪਿਆਰ ਵਿਚ ਉਹ ਆਪਣੇ ਆਪ ਨੂੰ ਸਵਾਰਦੀ ਹੈ। ੨।

ਮੈਂ ਪਰਵਾਰ ਤੇ ਸਨਬੰਧੀਆਂ ਦੇ ਐਸੇ ਮੋਹ-ਪਿਆਰ ਨੂੰ (ਆਪਣੇ ਅੰਦਰੋਂ) ਸਾੜ ਦਿਆਂ ਜੋ (ਮੇਰੇ ਅੰਦਰ) ਮਾਇਆ ਦੇ ਮੋਹ ਦਾ ਖਿਲਾਰਾ ਹੀ ਖਿਲਾਰਦਾ ਹੈ। ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਨਹੀਂ, ਪ੍ਰਭੂ-ਮਿਲਾਪ ਦਾ ਆਨੰਦ ਨਹੀਂ (ਉਪਜਦਾ), ਉਹ ਮੇਰ-ਤੇਰ ਅਤੇ (ਹੋਰ) ਵਿਕਾਰਾਂ ਦੇ ਕੰਮਾਂ ਵਿਚ ਹੀ ਪ੍ਰਵਿਰਤ ਰਹਿੰਦੀ ਹੈ। ੩।

ਜਿਸ ਜੀਵ-ਇਸਤ੍ਰੀ ਦੇ ਹਿਰਦੇ ਵਿਚ ਪ੍ਰਭੂ-ਚਰਨਾਂ ਦਾ ਪਿਆਰ ਪੈਦਾ ਕਰਨ ਵਾਸਤੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਰਤਨ ਮੌਜੂਦ ਹਨ, ਪ੍ਰਭੂ ਦੀ ਉਹ ਪਿਆਰੀ ਜੀਵ-ਇਸਤ੍ਰੀ (ਜਗਤ ਵਿਚ) ਗੁੱਝੀ ਨਹੀਂ ਰਹਿੰਦੀ। ਹੇ ਨਾਨਕ! ਹਰੇਕ ਜੁਗ ਵਿਚ ਹੀ (ਭਾਵ, ਸਦਾ ਤੋਂ ਹੀ ਅਜੇਹੀ ਜੀਵ-ਇਸਤ੍ਰੀ) ਗੁਰੂ ਦੀ ਸਰਨ ਪੈ ਕੇ ਆਪਣੇ ਹਿਰਦੇ ਵਿਚ ਪ੍ਰਭੂ ਦਾ ਅਮੋਲਕ ਨਾਮ ਧਾਰਦੀ ਚਲੀ ਆਈ ਹੈ (ਭਾਵ, ਜਗਤ ਦੇ ਆਰੰਭ ਤੋਂ ਹੀ ਇਹ ਮਰਯਾਦਾ ਚਲੀ ਆ ਰਹੀ ਹੈ ਕਿ ਪ੍ਰਭੂ ਦੀ ਸਿਫ਼ਤਿ ਸਾਲਾਹ ਕੀਤਿਆਂ ਪ੍ਰਭੂ-ਚਰਨਾਂ ਨਾਲ ਪਿਆਰ ਬਣਦਾ ਹੈ)।੪।੩।

ਸਾਰੰਗ ਮਹਲਾ ੪ ਘਰੁ ੧

ੴ ਸਤਿਗੁਰਪ੍ਰਸਾਦਿ ॥ ਹਰਿ ਕੇ ਸੰਤ ਜਨਾ ਕੀ ਹਮ ਧੂਰਿ ॥ ਮਿਲਿ ਸਤ ਸੰਗਤਿ ਪਰਮ ਪਦੁ ਪਾਇਆ ਆਤਮਰਾਮੁ ਰਹਿਆ ਭਰਪੂਰਿ ॥੧॥ ਰਹਾਉ ॥ ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥ ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥੧॥ ਵਡੈ ਭਾਗਿ ਸਤ ਸੰਗਤਿ ਪਾਈ ਹਰਿ ਹਰਿ ਨਾਮੁ ਰਹਿਆ ਭਰਪੂਰਿ ॥ ਅਠਸਠਿ ਤੀਰਥ ਮਜਨੁ ਕੀਆ ਸਤ ਸੰਗਤਿ ਪਗ ਨਾਏ ਧੂਰਿ ॥੨॥ ਦੁਰਮਤਿ ਬਿਕਾਰ ਮਲੀਨ ਮਤਿ ਹੋਛੀ ਹਿਰਦਾ ਕੁਸੁਧੁ ਲਾਗਾ ਮੋਹ ਕੂਰੁ ॥ ਬਿਨੁ ਕਰਮਾ ਕਿਉ ਸੰਗਤਿ ਪਾਈਐ ਹਉਮੈ ਬਿਆਪਿ ਰਹਿਆ ਮਨੁ ਝੂਰਿ ॥੩॥ ਹੋਹੁ ਦਇਆਲ ਕ੍ਰਿਪਾ ਕਰਿ ਹਰਿ ਜੀ ਮਾਗਉ ਸਤ ਸੰਗਤਿ ਪਗ ਧੂਰਿ ॥ ਨਾਨਕ ਸੰਤੁ ਮਿਲੈ ਹਰਿ ਪਾਈਐ ਜਨੁ ਹਰਿ ਭੇਟਿਆ ਰਾਮੁ ਹਜੂਰਿ ॥੪॥੧॥

ਪਦ ਅਰਥ :—ਹਮ—ਅਸੀ, ਮੈਂ। ਧੂਰਿ—ਚਰਨਾਂ ਦੀ ਧੂੜ। ਮਿਲਿ—ਮਿਲ ਕੇ। ਪਰਮ ਪਦੁ—ਸਭ ਤੋਂ ਉੱਚਾ ਆਤਮਕ ਦਰਜਾ। ਆਤਮਰਾਮੁ—ਪਰਮਾਤਮਾ। ਭਰਪੂਰਿ—ਸਰਬ-ਵਿਆਪਕ।੧। ਰਹਾਉ।

ਪਾਈਐ—ਪ੍ਰਾਪਤ ਕਰ ਲਈਦੀ ਹੈ। ਕਿਲਵਿਖ—ਪਾਪ। ਸਭਿ—ਸਾਰੇ। ਆਤਮ ਜੋਤਿ—ਅੰਤਰ-ਆਤਮਾ, ਜਿੰਦ। ਪਰਫੂਲਿਤ—ਖਿੜੀ ਹੋਈ। ਪੁਰਖ ਨਰੰਜਨੁ—ਨਿਰਲੇਪ ਪ੍ਰਭੂ [ਨਿਰ-ਅੰਜਨੁ। ਅੰਜਨੁ—ਮਾਇਆ ਦੇ ਮੋਹ ਦੀ ਕਾਲਖ]। ਹਜੂਰਿ—ਹਾਜ਼ਰ-ਨਾਜ਼ਰ।੧।

ਵਡੈ ਭਾਗਿ—ਵੱਡੀ ਕਿਸਮਤ ਨਾਲ। ਅਠ ਸਠਿ—[੮+੬੦]ਅਠਾਹਠ। ਮਜਨੁ—ਇਸ਼ਨਾਨ। ਪਗ ਧੂਰਿ—ਚਰਨਾਂ ਦੀ ਧੂੜ। ਨਾਏ—ਨ੍ਹਾਇ, ਨ੍ਹਾ ਕੇ।੨।

ਦੁਰਮਤਿ–ਖੋਟੀ ਮਤਿ। ਮਲੀਨ ਮਤਿ–(ਵਿਕਾਰਾਂ ਦੀ ਮੈਲ ਨਾਲ) ਮੈਲੀ ਹੋ ਚੁਕੀ ਮਤਿ । ਕੁਸੁਧੁ–[ਕੁ-ਸੁਧੁ] ਗੰਦਾ, ਮੈਲਾ । ਕੂਰੁ–ਕੂੜ । ਬਿਨੁ ਕਰਮਾ–(ਪ੍ਰਭੂ ਦੀ) ਮਿਹਰ ਤੋਂ ਬਿਨਾ। ਬਿਆਪਿ ਰਹਿਆ–ਫਸਿਆ ਰਹਿੰਦਾ ਹੈ । ਝੂਰਿ–ਝੂਰਦਾ ਹੈ ।੩।

ਦਇਆਲ–ਦਇਆਵਾਨ। ਮਾਗਉ–ਮਾਂਗਉਂ, ਮੈਂ ਮੰਗਦਾ ਹਾਂ। ਪਗ ਧੂਰਿ–ਚਰਨਾਂ ਦੀ ਧੂੜ। ਸੰਤੁ–ਗੁਰੂ । ਪਾਈਐ–ਲੱਭ ਲਈਦਾ ਹੈ । ਜਨੁ ਹਰਿ–ਹਰਿ ਜਨੁ, ਹਰੀ ਦਾ ਦਾਸ, ਗੁਰੂ। ਹਜੂਰਿ–ਅੰਗ-ਸੰਗ (ਵੱਸਦਾ)।੪।

ਅਰਥ :–ਹੇ ਭਾਈ ! ਮੈਂ ਪਰਮਾਤਮਾ ਦੇ ਸੰਤ ਜਨਾਂ ਦੇ ਚਰਨਾਂ ਦੀ ਧੂੜ(ਹੋਇਆ ਰਹਿੰਦਾ ਹਾਂ)। ਸੰਤ ਜਨਾਂ ਦੀ ਸੰਗਤਿ ਵਿਚ ਮਿਲ ਕੇ ਸਭ ਤੋਂ ਉੱਚਾ ਆਤਮਕ ਦਰਜਾ ਪ੍ਰਾਪਤ ਹੋ ਜਾਂਦਾ ਹੈ, ਅਤੇ ਪਰਮਾਤਮਾ ਸਭ ਥਾਈਂ ਵੱਸਦਾ ਦਿੱਸ ਪੈਂਦਾ ਹੈ।੧। ਰਹਾਉ ।

ਹੇ ਭਾਈ ! ਜਦੋਂ ਗੁਰੂ ਸੰਤ ਮਿਲ ਪੈਂਦਾ ਹੈ, ਤਦੋਂ ਆਤਮਕ ਠੰਢ ਪ੍ਰਾਪਤ ਹੋ ਜਾਂਦੀ ਹੈ, ਗੁਰੂ (ਮਨੁੱਖ ਦੇ) ਸਾਰੇ ਪਾਪ ਸਾਰੇ ਦੁੱਖ ਕੱਟ ਕੇ ਦੂਰ ਕਰ ਦੇਂਦਾ ਹੈ। (ਗੁਰੂ ਨੂੰ ਮਿਲਿਆਂ) ਜਿੰਦ ਖਿੜ ਪੈਂਦੀ ਹੈ, ਨਿਰਲੇਪ ਅਤੇ ਸਰਬ-ਵਿਆਪਕ ਪ੍ਰਭੂ ਅੰਗ-ਸੰਗ ਵੱਸਦਾ ਵੇਖ ਲਈਦਾ ਹੈ।੧।

ਹੇ ਭਾਈ ! ਜਿਸ ਮਨੁੱਖ ਨੇ ਵੱਡੀ ਕਿਸਮਤ ਨਾਲ ਸਾਧ ਸੰਗਤਿ ਪ੍ਰਾਪਤ ਕਰ ਲਈ, ਉਸ ਨੇ ਸਭ ਥਾਂ ਭਰਪੂਰ ਪਰਮਾਤਮਾ ਦਾ ਨਾਮ (ਹਿਰਦੇ ਵਿਚ ਵਸਾ ਲਿਆ), ਸਤ-ਸੰਗੀਆਂ ਦੇ ਚਰਨਾਂ ਦੀ ਧੂੜ ਵਿਚ ਨ੍ਹਾ ਕੇ ਉਸ ਨੇ (ਮਾਨੋ) ਅਠਾਹਠ ਤੀਰਥਾਂ ਦਾ ਇਸ਼-ਨਾਨ ਕਰ ਲਿਆ।੨।

ਹੇ ਭਾਈ ! ਜਿਸ ਮਨੁੱਖ ਨੂੰ ਮਾਇਆ ਦਾ ਝੂਠਾ ਮੋਹ ਚੰਬੜਿਆ ਰਹਿੰਦਾ ਹੈ, ਉਸ ਦਾ ਹਿਰਦਾ (ਵਿਕਾਰਾਂ ਨਾਲ) ਗੰਦਾ (ਹੋਇਆ ਰਹਿੰਦਾ ਹੈ) ਉਸ ਦੀ ਮਤਿ ਵਿਕਾਰਾਂ ਨਾਲ ਖੋਟੀ ਮੈਲੀ ਅਤੇ ਹੋਛੀ ਹੋਈ ਰਹਿੰਦੀ ਹੈ। ਹੇ ਭਾਈ ! ਪਰਮਾਤਮਾ ਦੀ ਮਿਹਰ ਤੋਂ ਬਿਨਾ ਸਾਧ ਸੰਗਤਿ ਦਾ ਮਿਲਾਪ ਹਾਸਲ ਨਹੀਂ ਹੁੰਦਾ, ਹਉਮੈ ਵਿਚ ਫਸਿਆ ਹੋਇਆ ਮਨੁੱਖ ਦਾ ਮਨ ਸਦਾ ਚਿੰਤਾ-ਫ਼ਿਕਰਾਂ ਵਿਚ ਟਿਕਿਆ ਰਹਿੰਦਾ ਹੈ।੩।

ਹੇ ਪ੍ਰਭੂ ਜੀ ! (ਮੇਰੇ ਉਤੇ) ਦਇਆਵਾਨ ਹੋ, ਮਿਹਰ ਕਰ । ਮੈਂ (ਤੇਰੇ ਦਰ ਤੋਂ) ਸਤ-ਸੰਗੀਆਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ। ਹੇ ਨਾਨਕ ! ਜਦੋਂ ਗੁਰੂ ਮਿਲ ਪੈਂਦਾ ਹੈ, ਤਦੋਂ ਪਰਮਾਤਮਾ ਮਿਲ ਪੈਂਦਾ ਹੈ। ਜਿਸ ਨੂੰ ਪਰਮਾਤਮਾ ਦਾ ਦਾਸ (ਗੁਰੂ) ਮਿਲਦਾ ਹੈ, ਉਸ ਨੂੰ ਪਰਮਾਤਮਾ ਅੰਗ-ਸੰਗ ਵੱਸਦਾ ਦਿੱਸਦਾ ਹੈ।੪।੧।

ਸਾਰੰਗ ਮਹਲਾ ੪ ॥ ਗੋਬਿੰਦ ਚਰਨਨ ਕਉ ਬਲਿਹਾਰੀ ॥ ਭਵਜਲੁ ਜਗਤੁ ਨ ਜਾਈ ਤਰਣਾ ਜਪਿ ਹਰਿ ਹਰਿ ਪਾਰਿ ਉਤਾਰੀ ॥੧॥ ਰਹਾਉ ॥ ਹਿਰਦੈ ਪ੍ਰਤੀਤਿ ਬਨੀ ਪ੍ਰਭ ਕੇਰੀ ਸੇਵਾ ਸੁਰਤਿ ਬੀਚਾਰੀ ॥ ਅਨਦਿਨੁ ਰਾਮ ਨਾਮੁ ਜਪਿ ਹਿਰਦੈ ਸਰਬ ਕਲਾ ਗੁਣਕਾਰੀ ॥ ੧ ॥ ਪ੍ਰਭੁ ਅਗਮ ਅਗੋਚਰੁ ਰਵਿਆ ਸ੍ਰਬ ਠਾਈ ਮਨਿ ਤਨਿ ਅਲਖ ਅਪਾਰੀ ॥ ਗੁਰ ਕਿਰਪਾਲ ਭਏ ਤਬ ਪਾਇਆ ਹਿਰਦੈ ਅਲਖੁ ਲਖਾਰੀ ॥ ੨ ॥ ਅੰਤਰਿ ਹਰਿ ਨਾਮੁ ਸਰਬ ਧਰਣੀਧਰ ਸਾਕਤ ਕਉ ਦੂਰਿ ਭਇਆ ਅਹੰਕਾਰੀ ॥ ਤ੍ਰਿਸਨਾ ਜਲਤ ਨ ਕਬਹੂ ਬੂਝਹਿ ਜੂਐ ਬਾਜੀ ਹਾਰੀ ॥ ੩ ॥ ਊਠਤ ਬੈਠਤ ਹਰਿ ਗੁਨ ਗਾਵਹਿ ਗੁਰਿ ਕਿੰਚਤ ਕਿਰਪਾ ਧਾਰੀ ॥ ਨਾਨਕ ਜਿਨ ਕਉ ਨਦਰਿ ਭਈ ਹੈ ਤਿਨ ਕੀ ਪੈਜ ਸਵਾਰੀ ॥ ੪ ॥ ੨ ॥

ਪਦ ਅਰਥ :—ਕਉ—ਤੋਂ, ਨੂੰ । ਬਲਿਹਾਰੀ—ਕੁਰਬਾਨ, ਸਦਕੇ । ਭਵਜਲੁ—ਸੰਸਾਰ-ਸਮੁੰਦਰ। ਨ ਜਾਈ ਤਰਣਾ—ਪਾਰ ਨਹੀਂ ਲੰਘਿਆ ਜਾ ਸਕਦਾ। ਜਪਿ—ਜਪਿਆ ਕਰ। ਪਾਰਿ ਉਤਾਰੀ—ਪਾਰ ਲੰਘਾ ਲੈਂਦਾ ਹੈ। ੧। ਰਹਾਉ।

ਹਿਰਦੈ—ਹਿਰਦੇ ਵਿਚ । ਪ੍ਰਤੀਤਿ—ਸਰਧਾ । ਕੇਰੀ—ਦੀ । ਸੇਵਾ—ਭਗਤੀ । ਬੀਚਾਰੀ—ਪਰਮਾਤਮਾ ਦੇ ਗੁਣਾਂ ਦੀ ਵਿਚਾਰ ਵਾਲਾ । ਅਨਦਿਨੁ—ਹਰ ਰੋਜ਼ । ਸਰਬ ਕਲਾ—ਸਾਰੀਆਂ ਤਾਕਤਾਂ ਦਾ ਮਾਲਕ। ਗੁਣਕਾਰੀ—ਗੁਣ ਪੈਦਾ ਕਰਨ ਵਾਲਾ । ੧ ।

ਅਗਮ—ਅਪਹੁੰਚ। ਅਗੋਚਰੁ—[ਅ-ਗੋ-ਚਰੁ] ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਰਵਿਆ—ਮੌਜੂਦ। ਸ੍ਰਬ ਠਾਈ—ਸਭਨੀਂ ਥਾਈਂ। ਮਨਿ—(ਹਰੇਕ ਦੇ) ਮਨ ਵਿਚ । ਤਨਿ—(ਹਰੇਕ ਦੇ) ਸਰੀਰ ਵਿਚ । ਅਲਖ—ਅਦ੍ਰਿਸ਼ਟ। ਅਪਾਰੀ—[ਅ-ਪਾਰ] ਜਿਸ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ, ਬੇਅੰਤ। ਕਿਰਪਾਲ—ਦਇਆਵਾਨ । ੨ ।

ਸਰਬ ਅੰਤਰਿ—ਹਰੇਕ ਦੇ ਅੰਦਰ। ਧਰਣੀ ਧਰ—ਧਰਤੀ ਦਾ ਆਸਰਾ ਪ੍ਰਭੂ। ਸਾਕਤ—ਪਰਮਾਤਮਾ ਨਾਲੋਂ ਟੁੱਟੇ ਹੋਏ ਮਨੁੱਖ। ਜਲਤ—ਸੜ ਰਹੇ । ਨ ਬੂਝਹਿ—ਨਹੀਂ ਸਮਝਦੇ। ਜੂਐ—ਜੂਏ ਵਿਚ । ੩ ।

ਗਾਵਹਿ—ਗਾਂਦੇ ਹਨ। ਗੁਰਿ—ਗੁਰੂ ਨੇ। ਕਿੰਚਤ—ਥੋੜ੍ਹੀ ਜਿਤਨੀ ਭੀ। ਨਾਨਕ—ਹੇ ਨਾਨਕ ! ਨਦਰਿ—ਮਿਹਰ ਦੀ ਨਿਗਾਹ। ਪੈਜ—ਇੱਜ਼ਤ, ਲਾਜ। ੪।

ਅਰਥ :—ਹੇ ਭਾਈ ! ਪਰਮਾਤਮਾ ਦੇ ਚਰਨਾਂ ਤੋਂ ਸਦਕੇ ਜਾਣਾ ਚਾਹੀਦਾ ਹੈ।

ਹੇ ਭਾਈ ! (ਪਰਮਾਤਮਾ ਦਾ ਨਾਮ ਜਪਣ ਤੋਂ ਬਿਨਾ) ਜਗਤ (ਦੇ ਵਿਕਾਰਾਂ) ਤੋਂ ਸੰਸਾਰ-ਸਮੁੰਦਰ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ। ਹੇ ਭਾਈ ! (ਪਰਮਾਤਮਾ ਦਾ ਨਾਮ) ਜਪਿਆ ਕਰ, ਪਰਮਾਤਮਾ (ਵਿਕਾਰਾਂ-ਭਰੇ ਜਗਤ ਤੋਂ) ਪਾਰ ਲੰਘਾ ਦੇਂਦਾ ਹੈ। ੧। ਰਹਾਉ।

ਹੇ ਭਾਈ ! ਸਾਰੀਆਂ ਤਾਕਤਾਂ ਦੇ ਮਾਲਕ ਸਾਰੇ ਗੁਣਾਂ ਦੇ ਮਾਲਕ ਪਰਮਾਤਮਾ ਦਾ ਨਾਮ ਹਰ ਵੇਲੇ ਹਿਰਦੇ ਵਿਚ ਜਪ ਕੇ (ਮਨੁੱਖ ਦੇ) ਹਿਰਦੇ ਵਿਚ ਪਰਮਾਤਮਾ ਵਾਸਤੇ ਸਰਧਾ ਬਣ ਜਾਂਦੀ ਹੈ, ਮਨੁੱਖ ਦੀ ਸੁਰਤਿ ਸੇਵਾ-ਭਗਤੀ ਵਿਚ ਜੁੜੀ ਰਹਿੰਦੀ ਹੈ, ਪਰ-ਮਾਤਮਾ ਦੇ ਗੁਣ ਮਨ ਵਿਚ ਆ ਵੱਸਦੇ ਹਨ। ੧।

ਹੇ ਭਾਈ ! (ਜਿਹੜਾ) ਪਰਮਾਤਮਾ (ਜੀਵਾਂ ਦੀ) ਪਹੁੰਚ ਤੋਂ ਪਰੇ ਹੈ (ਜੀਵਾਂ ਦੇ) ਗਿਆਨ-ਇੰਦ੍ਰਿਆਂ ਦੀ ਪਹੁੰਚ ਤੋਂ ਪਰੇ ਹੈ, (ਜਿਹੜਾ) ਸਭਨੀਂ ਥਾਈਂ ਮੌਜੂਦ ਹੈ, ਸਭਨਾਂ ਦੇ ਮਨ ਵਿਚ ਤਨ ਵਿਚ ਵੱਸਦਾ ਹੈ, ਅਦ੍ਰਿਸ਼ਟ ਹੈ ਤੇ ਬੇਅੰਤ ਹੈ ਉਹ ਪਰਮਾਤਮਾ ਤਦੋਂ ਮਿਲ ਪੈਂਦਾ ਹੈ ਜਦੋਂ (ਮਨੁੱਖ ਉਤੇ) ਸਤਿਗੁਰੂ ਜੀ ਦਇਆਵਾਨ ਹੁੰਦੇ ਹਨ, ਤਦੋਂ ਮਨੁੱਖ ਉਸ ਅਦ੍ਰਿਸ਼ਟ ਪ੍ਰਭੂ ਨੂੰ ਆਪਣੇ ਹਿਰਦੇ ਵਿਚ (ਹੀ) ਵੇਖ ਲੈਂਦਾ ਹੈ। ੨।

ਹੇ ਭਾਈ ! ਧਰਤੀ ਦੇ ਆਸਰੇ ਪਰਮਾਤਮਾ ਦਾ ਨਾਮ ਸਭ ਜੀਵਾਂ ਦੇ ਅੰਦਰ ਮੌਜੂਦ ਹੈ, ਪਰ ਪਰਮਾਤਮਾ ਨਾਲੋਂ ਟੁੱਟੇ ਹੋਏ ਅਹੰਕਾਰੀ ਮਨੁੱਖਾਂ ਨੂੰ ਉਹ ਕਿਤੇ ਦੂਰ ਵੱਸਦਾ ਜਾਪਦਾ ਹੈ। ਮਾਇਆ ਦੀ ਤ੍ਰਿਸ਼ਨਾ ਦੀ ਅੱਗ ਵਿਚ ਸੜ ਰਹੇ ਉਹ ਮਨੁੱਖ ਕਦੇ (ਇਸ ਭੇਤ ਨੂੰ) ਨਹੀਂ ਸਮਝਦੇ, ਉਹਨਾਂ ਨੇ ਮਨੁੱਖਾ-ਜੀਵਨ ਦੀ ਬਾਜ਼ੀ ਹਾਰ ਦਿੱਤੀ ਹੁੰਦੀ ਹੈ (ਜਿਵੇਂ ਜੁਆਰੀਏ ਨੇ) ਜੂਏ ਵਿਚ (ਆਪਣੀ ਮਾਇਆ)। ੩।

ਹੇ ਨਾਨਕ ! ਜਿਨ੍ਹਾਂ ਮਨੁੱਖਾਂ ਉੱਤੇ ਗੁਰੂ ਨੇ ਥੋੜ੍ਹੀ ਜਿਤਨੀ ਭੀ ਮਿਹਰ ਕਰ ਦਿੱਤੀ, ਉਹ ਉਠਦੇ ਬੈਠਦੇ ਹਰ ਵੇਲੇ ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ। ਹੇ ਭਾਈ ! ਜਿਨ੍ਹਾਂ ਉਤੇ ਗੁਰੂ ਪਰਮਾਤਮਾ ਦੀ ਮਿਹਰ ਦੀ ਨਿਗਾਹ ਹੋਈ, ਪਰਮਾਤਮਾ ਨੇ ਉਹਨਾਂ ਦੀ (ਲੋਕ ਪਰਲੋਕ ਵਿਚ) ਲਾਜ ਰੱਖ ਲਈ। ੪। ੨।

ਸਾਰਗ ਮਹਲਾ ੪ ॥ ਹਰਿ ਹਰਿ ਅੰਮ੍ਰਿਤ ਨਾਮੁ ਦੇਹੁ ਪਿਆਰੇ ॥ ਜਿਨ ਊਪਰਿ ਗੁਰਮੁਖਿ ਮਨੁ ਮਾਨਿਆ ਤਿਨ ਕੇ ਕਾਜ ਸਵਾਰੇ ॥੧॥ ਰਹਾਉ॥ ਜੋ ਜਨ ਦੀਨ ਭਏ ਗੁਰ ਆਗੈ ਤਿਨ ਕੇ ਦੂਖ ਨਿਵਾਰੇ ॥ ਅਨਦਿਨੁ ਭਗਤਿ ਕਰਹਿ ਗੁਰ ਆਗੈ ਗੁਰ ਕੈ ਸਬਦਿ ਸਵਾਰੇ ॥ ੧ ॥ ਹਿਰਦੈ ਨਾਮੁ ਅੰਮ੍ਰਿਤ ਰਸੁ ਰਸਨਾ ਰਸੁ ਗਾਵਹਿ ਰਸੁ ਬੀਚਾਰੇ ॥ ਗੁਰ ਪਰਸਾਦਿ ਅੰਮ੍ਰਿਤ ਰਸੁ ਚੀਨ੍ਹਿਆ ਓਇ ਪਾਵਹਿ ਮੋਖ ਦੁਆਰੇ ॥ ੨ ॥ ਸਤਿਗੁਰੁ ਪੁਰਖੁ ਅਚਲੁ

ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ ॥ ਤਿਸੁ ਆਗੈ ਜੀਉ ਦੇਵਉ ਅਪੁਨਾ ਹਉ ਸਤਿਗੁਰ ਕੈ ਬਲਿਹਾਰੇ ॥ ੩ ॥ ਮਨਮੁਖ ਭ੍ਰਮਿ ਦੂਜੈ ਭਾਇ ਲਾਗੇ ਅੰਤਰਿ ਅਗਿਆਨ ਗੁਬਾਰੇ ॥ ਸਤਿਗੁਰੁ ਦਾਤਾ ਨਦਰਿ ਨ ਆਵੈ ਨਾ ਉਰਵਾਰਿ ਨ ਪਾਰੇ ॥ ੪ ॥ ਸਰਬੇ ਘਟਿ ਘਟਿ ਰਵਿਆ ਸੁਆਮੀ ਸਰਬ ਕਲਾ ਕਲ ਧਾਰੇ ॥ ਨਾਨਕੁ ਦਾਸਨਿ ਦਾਸੁ ਕਹਤ ਹੈ ਕਰਿ ਕਿਰਪਾ ਲੇਹੁ ਉਬਾਰੇ ॥ ੫ ॥ ੩ ॥

ਪਦ ਅਰਥ :—ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ। ਗੁਰਮੁਖਿ ਮਨੁ—ਗੁਰੂ ਦਾ ਮਨ। ਮਾਨਿਆ—ਪਤੀਜ ਜਾਂਦਾ ਹੈ। ਕਾਜ—ਸਾਰੇ ਕੰਮ। ਸਵਾਰੇ—(ਗੁਰੂ) ਸਵਾਰ ਦੇਂਦਾ ਹੈ। ੧। ਰਹਾਉ।

ਦੀਨ—ਨਿਮਾਣੇ। ਨਿਵਾਰੇ—ਦੂਰ ਕਰ ਦੇਂਦਾ ਹੈ। ਅਨਦਿਨੁ—ਹਰ ਰੋਜ਼, ਹਰ ਵੇਲੇ। ਕਰਹਿ—ਕਰਦੇ ਹਨ [ਬਹੁ ਵਚਨ]। ਗੁਰ ਆਗੈ—ਗੁਰੂ ਦੀ ਹਜ਼ੂਰੀ ਵਿਚ, ਗੁਰੂ ਦੇ ਸਨਮੁਖ ਰਹਿ ਕੇ। ਕੈ ਸਬਦਿ—ਦੇ ਸ਼ਬਦ ਦੀ ਰਾਹੀਂ। ੧।

ਹਿਰਦੈ—ਹਿਰਦੇ ਵਿਚ। ਨਾਮੁ ਅੰਮ੍ਰਿਤ ਰਸੁ—ਆਤਮਕ ਜੀਵਨ ਦੇਣ ਵਾਲਾ ਨਾਮ-ਰਸ। ਰਸਨਾ—ਜੀਭ ਨਾਲ। ਗਾਵਹਿ—ਗਾਂਦੇ ਹਨ। ਬੀਚਾਰੇ—ਬੀਚਾਰਿ, ਮਨ ਵਿਚ ਵਸਾ ਕੇ। ਗੁਰ ਪਰਸਾਦਿ—ਗੁਰੂ ਦੀ ਕਿਰਪਾ ਨਾਲ। ਚੀਨ੍ਹਿਆ—ਪਛਾਣ ਲਿਆ। ਓਇ—[ਲਫ਼ਜ਼ 'ਓਹ' ਤੋਂ ਬਹੁ ਵਚਨ] ਉਹ ਬੰਦੇ। ਮੋਖ ਦੁਆਰੇ—(ਮਾਇਆ ਦੇ ਮੋਹ ਤੋਂ) ਖਲਾਸੀ ਦਾ ਰਸਤਾ। ੨।

ਅਚਲੁ—ਅਡੋਲ-ਚਿੱਤ। ਅਚਲਾ ਮਤਿ—(ਮਾਇਆ ਦੇ ਟਾਕਰੇ ਤੇ) ਅਡੋਲ ਰਹਿਣ ਵਾਲੀ ਮਤਿ ਵਾਲਾ। ਜਿਸੁ ਦ੍ਰਿੜਤਾ—ਜਿਸੁ ਦੇ ਅੰਦਰ ਅਡੋਲਤਾ ਹੈ। ਅਧਾਰੇ—ਆਸਰਾ। ਜੀਉ—ਜਿੰਦ। ਦੇਵਉ—ਦੇਵਉਂ, ਮੈਂ ਭੇਟਾ ਕਰਦਾ ਹਾਂ। ਹਉ—ਮੈਂ। ੩।

ਮਨਮੁਖ—ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ। ਭ੍ਰਮਿ—ਭਟਕਣਾ ਵਿਚ ਪੈ ਕੇ। ਦੂਜੈ ਭਾਇ—(ਪ੍ਰਭੂ ਤੋਂ ਬਿਨਾ) ਹੋਰ ਦੇ ਪਿਆਰ ਵਿਚ। ਅਗਿਆਨ ਗੁਬਾਰੇ—ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਘੁੱਪ ਹਨੇਰਾ। ਨਦਰਿ ਨ ਆਵੈ—(ਉਹਨਾਂ ਨੂੰ) ਦਿੱਸਦਾ ਨਹੀਂ, (ਉਹਨਾਂ ਨੂੰ) ਕਦਰ ਨਹੀਂ ਪੈਂਦੀ। ਉਰਵਾਰਿ—(ਸੰਸਾਰ-ਸਮੁੰਦਰ ਤੋਂ) ਉਰਲੇ ਪਾਸੇ। ੪।

ਸਰਬੇ—ਸਭਨਾਂ ਵਿਚ। ਘਟਿ ਘਟਿ—ਹਰੇਕ ਸਰੀਰ ਵਿਚ। ਰਵਿਆ—ਮੌਜੂਦ। ਸਰਬ ਕਲਾ—ਸਾਰੀਆਂ ਤਾਕਤਾਂ ਦਾ ਮਾਲਕ। ਕਲ—ਸੱਤਿਆ, ਤਾਕਤ। ਧਾਰੇ—ਟਿਕਾ ਰਿਹਾ ਹੈ। ਨਾਨਕੁ ਕਹਤ—ਨਾਨਕ ਆਖਦਾ ਹੈ। ਕਰਿ—ਕਰ ਕੇ। ੫।

ਅਰਥ :—ਹੇ ਪਿਆਰੇ ਗੁਰੂ! ਮੈਨੂੰ ਪਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ

ਨਾਮ ਬਖ਼ਸ਼। ਹੇ ਭਾਈ! ਜਿਨ੍ਹਾਂ ਮਨੁੱਖਾਂ ਉੱਤੇ ਗੁਰੂ ਦਾ ਮਨ ਪਤੀਜ ਜਾਂਦਾ ਹੈ, (ਗੁਰੂ) ਉਹਨਾਂ ਦੇ ਸਾਰੇ ਕੰਮ ਸਵਾਰ ਦੇਂਦਾ ਹੈ। ੧। ਰਹਾਉ।

ਹੇ ਭਾਈ! ਜਿਹੜੇ ਮਨੁੱਖ ਨਿਮਾਣੇ ਹੋ ਕੇ ਗੁਰੂ ਦੇ ਦਰ ਤੇ ਢਹਿ ਪੈਂਦੇ ਹਨ, (ਗੁਰੂ) ਉਹਨਾਂ ਦੇ ਸਾਰੇ ਦੁੱਖ ਦੂਰ ਕਰ ਦੇਂਦਾ ਹੈ। ਉਹ ਮਨੁੱਖ ਗੁਰੂ ਦੇ ਸਨਮੁਖ ਰਹਿ ਕੇ ਹਰ ਵੇਲੇ ਪਰਮਾਤਮਾ ਦੀ ਭਗਤੀ ਕਰਦੇ ਰਹਿੰਦੇ ਹਨ, ਗੁਰੂ ਦੇ ਸ਼ਬਦ ਦੀ ਬਰਕਤ ਨਾਲ (ਉਹਨਾਂ ਦੇ ਜੀਵਨ) ਸੋਹਣੇ ਬਣ ਜਾਂਦੇ ਹਨ। ੧।

ਹੇ ਭਾਈ! ਜਿਹੜੇ ਮਨੁੱਖ ਆਪਣੇ ਹਿਰਦੇ ਵਿਚ ਪਰਮਾਤਮਾ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਰਸ ਵਸਾਂਦੇ ਹਨ, ਜੀਭ ਨਾਲ ਉਸ ਨੂੰ ਸਲਾਹੁੰਦੇ ਹਨ, ਮਨ ਵਿਚ ਉਸ ਨਾਮ-ਰਸ ਨੂੰ ਵਿਚਾਰਦੇ ਹਨ, ਜਿਨ੍ਹਾਂ ਨੇ ਗੁਰੂ ਦੀ ਕਿਰਪਾ ਨਾਲ ਆਤਮਕ ਜੀਵਨ ਦੇਣ ਵਾਲੇ ਨਾਮ-ਰਸ ਨੂੰ (ਆਪਣੇ ਅੰਦਰ) ਪਛਾਣ ਲਿਆ, ਉਹ ਮਨੁੱਖ (ਵਿਕਾਰਾਂ ਤੋਂ) ਖਲਾਸੀ ਪਾਣ ਵਾਲਾ ਦਰਵਾਜ਼ਾ ਲੱਭ ਲੈਂਦੇ ਹਨ। ੨।

ਹੇ ਭਾਈ! ਜਿਹੜਾ ਗੁਰੂ-ਪੁਰਖ ਅਡੋਲ-ਚਿੱਤ ਰਹਿਣ ਵਾਲਾ ਹੈ, ਜਿਸ ਦੀ ਮਤਿ (ਵਿਕਾਰਾਂ ਦੇ ਟਾਕਰੇ ਤੇ) ਸਦਾ ਅਹਿੱਲ ਰਹਿੰਦੀ ਹੈ, ਜਿਸ ਦੇ ਅੰਦਰ ਸਦਾ ਅਡੋਲਤਾ ਟਿਕੀ ਰਹਿੰਦੀ ਹੈ ਜਿਸ ਨੂੰ ਸਦਾ ਹਰਿ-ਨਾਮ ਦਾ ਸਹਾਰਾ ਹੈ, ਉਸ ਗੁਰੂ ਦੇ ਅੱਗੇ ਮੈਂ ਆਪਣੀ ਜਿੰਦ ਭੇਟ ਕਰਦਾ ਹਾਂ, ਉਸ ਗੁਰੂ ਤੋਂ ਮੈਂ (ਸਦਾ) ਸਦਕੇ ਜਾਂਦਾ ਹਾਂ। ੩।

ਹੇ ਭਾਈ! (ਗੁਰੂ ਵਾਲਾ ਪਾਸਾ ਛੱਡ ਕੇ) ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਮਨੁੱਖ ਮਾਇਆ ਵਾਲੀ ਦੌੜ-ਭੱਜ ਦੇ ਕਾਰਨ ਮਾਇਆ ਦੇ ਮੋਹ ਵਿਚ (ਹੀ) ਫਸੇ ਰਹਿੰਦੇ ਹਨ, ਉਹਨਾਂ ਦੇ ਅੰਦਰ ਆਤਮਕ ਜੀਵਨ ਵਲੋਂ ਬੇ-ਸਮਝੀ ਦਾ ਘੁੱਪ ਹਨੇਰਾ (ਬਣਿਆ ਰਹਿੰਦਾ ਹੈ), ਉਹਨਾਂ ਨੂੰ ਨਾਮ ਦੀ ਦਾਤਿ ਦੇਣ ਵਾਲਾ ਗੁਰੂ ਦਿੱਸਦਾ ਹੀ ਨਹੀਂ, ਉਹ ਮਨੁੱਖ (ਵਿਕਾਰਾਂ-ਭਰੇ ਸੰਸਾਰ-ਸਮੁੰਦਰ ਤੋਂ) ਨਾਹ ਉਰਲੇ ਪਾਸੇ ਨਾਹ ਪਾਰਲੇ ਪਾਸੇ (ਪਹੁੰਚ ਸਕਦੇ ਹਨ, ਸੰਸਾਰ-ਸਮੁੰਦਰ ਦੇ ਵਿਚ ਹੀ ਗੋਤੇ ਖਾਂਦੇ ਰਹਿੰਦੇ ਹਨ)। ੪।

ਹੇ ਭਾਈ! ਜਿਹੜਾ ਪਰਮਾਤਮਾ ਸਭਨਾਂ ਵਿਚ ਵਿਆਪਕ ਹੈ, ਹਰੇਕ ਸ਼ਰੀਰ ਵਿਚ ਮੌਜੂਦ ਹੈ, ਸਾਰੀਆਂ ਤਾਕਤਾਂ ਦਾ ਮਾਲਕ ਹੈ, ਆਪਣੀ ਸੱਤਿਆ ਨਾਲ ਸ੍ਰਿਸ਼ਟੀ ਨੂੰ ਸਹਾਰਾ ਦੇ ਰਿਹਾ ਹੈ, ਉਸ ਦੇ ਦਰ ਤੇ ਉਸ ਦੇ ਦਾਸਾਂ ਦਾ ਦਾਸ ਨਾਨਕ ਬੇਨਤੀ ਕਰਦਾ ਹੈ (ਤੇ ਆਖਦਾ ਹੈ—ਹੇ ਪ੍ਰਭੂ!) ਮਿਹਰ ਕਰ ਕੇ ਮੈਨੂੰ (ਇਸ ਸੰਸਾਰ-ਸਮੁੰਦਰ ਤੋਂ) ਬਚਾਈ ਰੱਖ। ੫। ੩।

ਸਾਰਗ ਮਹਲਾ ੪ ।। ਗੋਬਿਦ ਕੀ ਐਸੀ ਕਾਰ ਕਮਾਇ ॥ ਜੋ ਕਿਛੁ ਕਰੇ ਸੁ ਸਤਿ ਕਰਿ ਮਾਨਹੁ ਗੁਰਮੁਖਿ ਨਾਮਿ ਰਹਹੁ ਲਿਵ ਲਾਇ ॥ ੧ ॥ ਰਹਾਉ ॥ ਗੋਬਿਦ ਪ੍ਰੀਤਿ ਲਗੀ ਅਤਿ ਮੀਠੀ ਅਵਰ ਵਿਸਰਿ ਸਭ ਜਾਇ ।। ਅਨਦਿਨੁ ਰਹਸੁ ਭਇਆ ਮਨੁ ਮਾਨਿਆ ਜੋਤੀ ਜੋਤਿ ਮਿਲਾਇ ॥ ੧ ॥ ਜਬ ਗੁਣ ਗਾਇ ਤਬ ਹੀ ਮਨੁ ਤ੍ਰਿਪਤੈ ਸਾਂਤਿ ਵਸੈ ਮਨਿ ਆਇ ॥ ਗੁਰ

ਕਿਰਪਾਲ ਭਏ ਤਬ ਪਾਇਆ ਹਰਿ ਚਰਣੀ ਚਿਤੁ ਲਾਇ ॥ ੨ ॥ ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ॥ ਅੰਤਰਿ ਜੋਤਿ ਪ੍ਰਗਟੀ ਮਨੁ ਮਾਨਿਆ ਹਰਿ ਸਹਜਿ ਸਮਾਧਿ ਲਗਾਇ ॥ ੩ ॥ ਹਿਰਦੈ ਕਪਟੁ ਨਿਤ ਕਪਟੁ ਕਮਾਵਹਿ ਮੁਖਹੁ ਹਰਿ ਹਰਿ ਸੁਣਾਇ ॥ ਅੰਤਰਿ ਲੋਭੁ ਮਹਾ ਗੁਬਾਰਾ ਤੁਹ ਕੂਟੈ ਦੁਖ ਖਾਇ ॥ ੪ ॥ ਜਬ ਸੁਪ੍ਰਸੰਨ ਭਏ ਪ੍ਰਭ ਮੇਰੇ ਗੁਰਮੁਖਿ ਪਰਚਾ ਲਾਇ ॥ ਨਾਨਕ ਨਾਮ ਨਿਰੰਜਨੁ ਪਾਇਆ ਨਾਮੁ ਜਪਤ ਸੁਖੁ ਪਾਇ ॥ ੫ ॥ ੪ ॥

ਪਦ ਅਰਥ :–ਕਾਰ ਕਮਾਇ–ਕਾਰ ਕਰ। ਕਰੇ–(ਪਰਮਾਤਮਾ) ਕਰਦਾ ਹੈ। ਸੋ–ਉਹ (ਕੰਮ)। ਸਤਿ–ਅਟੱਲ, ਠੀਕ। ਕਰਿ–ਕਰ ਕੇ, ਸਮਝ ਕੇ। ਮਾਨਹੁ–ਮੰਨੋ। ਗੁਰਮੁਖਿ–ਗੁਰੂ ਦੀ ਸਰਨ ਪੈ ਕੇ। ਨਾਮਿ–ਹਰਿ-ਨਾਮ ਵਿਚ। ਰਹਹੁ ਲਿਵ ਲਾਇ–ਸੁਰਤਿ ਜੋੜ ਕੇ ਟਿਕੇ ਰਹੋ। ੧। ਰਹਾਉ।

ਅਤਿ–ਬਹੁਤ। ਅਵਰ–ਹੋਰ ਪ੍ਰੀਤ। ਸਭ–ਸਾਰੀ। ਵਿਸਰਿ ਜਾਇ–ਭੁੱਲ ਜਾਂਦੀ ਹੈ। ਅਨਦਿਨੁ–ਹਰ ਰੋਜ਼, ਹਰ ਵੇਲੇ। ਰਹਸੁ–ਆਤਮਕ ਆਨੰਦ। ਮਾਨਿਆ–ਗਿੱਝ ਜਾਂਦਾ ਹੈ। ਜੋਤੀ–ਪ੍ਰਭੂ ਦੀ ਜੋਤਿ ਵਿਚ। ਜੋਤਿ–ਜਿੰਦ। ੧।

ਗਾਇ–ਗਾਂਦਾ ਹੈ। ਤ੍ਰਿਪਤੈ–ਮਾਇਆ ਵਲੋਂ ਰੱਜ ਜਾਂਦਾ ਹੈ। ਮਨਿ–ਮਨ ਵਿਚ। ਆਇ–ਆ ਕੇ। ੨।

ਪ੍ਰਗਾਸ–ਚਾਨਣ। ਗਿਆਨਿ–ਆਤਮਕ ਜੀਵਨ ਦੀ ਸੂਝ ਦੀ ਰਾਹੀਂ। ਤਤਿ–ਤੱਤ ਵਿਚ, ਜਗਤ ਦੇ ਮੂਲ-ਪ੍ਰਭੂ ਵਿਚ। ਲਿਵ ਲਾਇ–ਸੁਰਤਿ ਜੋੜ ਕੇ। ਅੰਤਰਿ–(ਉਸ ਦੇ) ਅੰਦਰ। ਸਹਜਿ–ਆਤਮਕ ਅਡੋਲਤਾ ਦੀ ਰਾਹੀਂ। ਹਰਿ ਸਮਾਧਿ ਲਗਾਇ–ਪਰਮਾਤਮਾ ਦੀ ਯਾਦ ਵਿਚ ਮਨ ਇਕਾਗ੍ਰ ਕਰ ਕੇ। ੩।

ਹਿਰਦੈ–ਹਿਰਦੇ ਵਿਚ। ਮੁਖਹੁ–ਮੂੰਹੋਂ। ਸੁਣਾਇ–ਸੁਣਾ ਕੇ। ਮਹਾ ਗੁਬਾਰਾ–ਵੱਡਾ ਘੁੱਪ ਹਨੇਰਾ। ਕੂਟੈ–ਕੁੱਟਦਾ ਹੈ। ਖਾਇ–ਖਾਂਦਾ ਹੈ, ਸਹਾਰਦਾ ਹੈ। ੪।

ਸੁਪ੍ਰਸੰਨ–ਬਹੁਤ ਖ਼ੁਸ਼। ਗੁਰਮੁਖਿ–ਗੁਰੂ ਦੀ ਰਾਹੀਂ। ਪਰਚਾ–[ਪਰਿਚਯ] ਪਿਆਰ। ਨਿਰੰਜਨੁ–[ਨਿਰ-ਅੰਜਨ] ਮਾਇਆ ਦੀ ਕਾਲਖ ਤੋਂ ਰਹਿਤ, ਪਵਿੱਤਰ। ੫।

ਅਰਥ:–ਹੇ ਭਾਈ! ਪਰਮਾਤਮਾ ਦੀ ਸੇਵਾ-ਭਗਤੀ ਦੀ ਕਾਰ ਇਸ ਤਰ੍ਹਾਂ ਕਰਿਆ ਕਰ ਕਿ ਜੋ ਕੁਝ ਪਰਮਾਤਮਾ ਕਰਦਾ ਹੈ ਉਸ ਨੂੰ ਠੀਕ ਮੰਨਿਆ ਕਰ, ਅਤੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦੇ ਨਾਮ ਵਿਚ ਸੁਰਤਿ ਜੋੜੀ ਰੱਖਿਆ ਕਰ। ੧। ਰਹਾਉ।

ਹੇ ਭਾਈ! (ਜਿਸ ਮਨੁੱਖ ਨੂੰ ਆਪਣੇ ਮਨ ਵਿਚ) ਪਰਮਾਤਮਾ ਦੀ ਪ੍ਰੀਤ ਬਹੁਤ

ਮਿੱਠੀ ਲੱਗਦੀ ਹੈ, ਉਸ ਨੂੰ (ਦੁਨੀਆਂ ਵਾਲੀ) ਹੋਰ ਸਾਰੀ ਪ੍ਰੀਤ ਭੁੱਲ ਜਾਂਦੀ ਹੈ। (ਉਸ ਦੇ ਅੰਦਰ) ਹਰ ਵੇਲੇ ਆਤਮਕ ਆਨੰਦ ਬਣਿਆ ਰਹਿੰਦਾ ਹੈ, ਉਸ ਦਾ ਮਨ (ਪ੍ਰਭੂ ਦੀ ਯਾਦ ਵਿਚ) ਗਿੱਝ ਜਾਂਦਾ ਹੈ, ਉਸ ਦੀ ਜਿੰਦ ਪਰਮਾਤਮਾ ਦੀ ਜੋਤਿ ਨਾਲ ਇਕ-ਮਿਕ ਹੋਈ ਰਹਿੰਦੀ ਹੈ। ੧।

ਹੇ ਭਾਈ! ਜਦੋਂ ਮਨੁੱਖ ਪ੍ਰਭੂ ਦੇ ਗੁਣ ਗਾਂਦਾ ਹੈ, ਤਦੋਂ ਹੀ ਉਸ ਦਾ ਮਨ (ਮਾਇਆ ਦੀਆਂ ਭੁੱਖਾਂ ਵਲੋਂ) ਰੱਜ ਜਾਂਦਾ ਹੈ, ਉਸ ਦੇ ਮਨ ਵਿਚ ਸ਼ਾਂਤੀ ਆ ਵੱਸਦੀ ਹੈ। ਸਤਿਗੁਰੂ ਜੀ ਜਦੋਂ ਉਸ ਉਤੇ ਦਇਆਵਾਨ ਹੁੰਦੇ ਹਨ, ਤਦੋਂ ਉਹ ਮਨੁੱਖ ਪਰ-ਮਾਤਮਾ ਦੇ ਚਰਨਾਂ ਵਿਚ ਚਿੱਤ ਜੋੜ ਕੇ ਪਰਮਾਤਮਾ ਨਾਲ ਮਿਲਾਪ ਹਾਸਲ ਕਰ ਲੈਂਦਾ ਹੈ। ੨।

ਹੇ ਭਾਈ! ਆਤਮਕ ਜੀਵਨ ਦੀ ਸੂਝ ਦੀ ਰਾਹੀਂ ਜਿਸ ਮਨੁੱਖ ਨੇ ਜਗਤ ਦੇ ਮੂਲ-ਪ੍ਰਭੂ ਵਿਚ ਸੁਰਤਿ ਜੋੜ ਕੇ ਉਸ ਦਾ ਸਿਮਰਨ ਕੀਤਾ, ਉਸ ਦੀ ਮਤਿ ਵਿਚ ਆਤਮਕ ਜੀਵਨ ਦਾ ਚਾਨਣ ਹੋ ਗਿਆ, ਉਸ ਦੇ ਅੰਦਰ ਪਰਮਾਤਮਾ ਦੀ ਜੋਤਿ ਪਰਗਟ ਹੋ ਗਈ, ਆਤਮਕ ਅਡੋਲਤਾ ਦੀ ਰਾਹੀਂ ਪਰਮਾਤਮਾ ਦੀ ਯਾਦ ਵਿਚ ਮਨ ਇਕਾਗ੍ਰ ਕਰ ਕੇ ਉਸ ਦਾ ਮਨ (ਉਸ ਯਾਦ ਵਿਚ) ਗਿੱਝ ਗਿਆ। ੩।

ਪਰ, ਹੇ ਭਾਈ! (ਜਿਨ੍ਹਾਂ ਮਨੁੱਖਾਂ ਦੇ) ਹਿਰਦੇ ਵਿਚ ਠੱਗੀ ਵੱਸਦੀ ਹੈ, ਉਹ ਮਨੁੱਖ (ਨਿਰਾ) ਮੂੰਹੋਂ ਹਰਿ-ਨਾਮ ਸੁਣਾ ਸੁਣਾ ਕੇ (ਅੰਦਰੋਂ ਅੰਦਰ) ਠੱਗੀ ਦਾ ਵਿਹਾਰ ਕਰਦੇ ਰਹਿੰਦੇ ਹਨ। ਹੇ ਭਾਈ! (ਜਿਸ ਮਨੁੱਖ ਦੇ) ਹਿਰਦੇ ਵਿਚ (ਸਦਾ) ਲੋਭ ਵੱਸਦਾ ਹੈ, ਉਸ ਦੇ ਹਿਰਦੇ ਵਿਚ ਮਾਇਆ ਦੇ ਮੋਹ ਦਾ ਘੁੱਪ ਹਨੇਰਾ ਬਣਿਆ ਰਹਿੰਦਾ ਹੈ। ਉਹ ਮਨੁੱਖ ਇਉਂ ਹੈ ਜਿਵੇਂ ਉਹ ਦਾਣਿਆਂ ਤੋਂ ਸੱਖਣੇ ਨਿਰੇ ਤੋਹ ਹੀ ਕੁੱਟਦਾ ਰਹਿੰਦਾ ਹੈ ਅਤੇ ਤੋਹ ਕੁੱਟਣ ਦੀਆਂ ਖੇਚਲਾਂ ਹੀ ਸਹਾਰਦਾ ਹੈ। ੪।

ਹੇ ਨਾਨਕ! ਜਦੋਂ ਮੇਰੇ ਪ੍ਰਭੂ ਜੀ (ਕਿਸੇ ਮਨੁੱਖ ਉੱਤੇ) ਬੜੇ ਪਰਸੰਨ ਹੁੰਦੇ ਹਨ, ਤਦੋਂ ਉਹ ਮਨੁੱਖ ਗੁਰੂ ਦੀ ਸਰਨ ਪੈ ਕੇ ਪ੍ਰਭੂ ਜੀ ਨਾਲ ਪਿਆਰ ਪਾਂਦਾ ਹੈ, ਤਦੋਂ ਉਹ ਮਾਇਆ ਦੇ ਮੋਹ ਤੋਂ ਨਿਰਲੇਪ ਕਰਨ ਵਾਲਾ ਹਰਿ-ਨਾਮ ਮਨ ਵਿਚ ਵਸਾਂਦਾ ਹੈ, ਅਤੇ ਨਾਮ ਜਪਦਿਆਂ ਆਤਮਕ ਆਨੰਦ ਮਾਣਦਾ ਹੈ। ੫। ੪।

ਸਾਰਗ ਮਹਲਾ ੪ ॥ ਮੇਰਾ ਮਨੁ ਰਾਮ ਨਾਮਿ ਮਨੁ ਮਾਨੀ ॥ ਮੇਰੈ ਹੀਅਰੈ ਸਤਿਗੁਰਿ ਪ੍ਰੀਤਿ ਲਗਾਈ ਮਨਿ ਹਰਿ ਹਰਿ ਕਥਾ ਸੁਖਾਨੀ ॥ ੧ ॥ ਰਹਾਉ ॥ ਦੀਨ ਦਇਆਲ ਹੋਵਹੁ ਜਨ ਊਪਰਿ ਜਨ ਦੇਵਹੁ ਅਕਥ ਕਹਾਨੀ ॥ ਸੰਤ ਜਨਾ ਮਿਲਿ ਹਰਿ ਰਸੁ ਪਾਇਆ ਹਰਿ ਮਨਿ ਤਨਿ ਮੀਠ ਲਗਾਨੀ

॥ ੧ ॥ ਹਰਿ ਕੈ ਰੰਗਿ ਰਤੇ ਬੈਰਾਗੀ ਜਿਨ ਗੁਰਮਤਿ ਨਾਮੁ ਪਛਾਨੀ ॥ ਪੁਰਖੈ ਪੁਰਖੁ ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ ॥ ੨ ॥ ਨੈਣੀ ਬਿਰਹੁ ਦੇਖਾ ਪ੍ਰਭ ਸੁਆਮੀ ਰਸਨਾ ਨਾਮੁ ਵਖਾਨੀ ॥ ਸ੍ਰਵਣੀ ਕੀਰਤਨੁ ਸੁਨਉ ਦਿਨੁ ਰਾਤੀ ਹਿਰਦੈ ਹਰਿ ਹਰਿ ਭਾਨੀ ॥ ੩ ॥ ਪੰਚ ਜਨਾ ਗੁਰਿ ਵਸਗਤਿ ਆਣੇ ਤਉ ਉਨਮਨਿ ਨਾਮਿ ਲਗਾਨੀ ॥ ਜਨ ਨਾਨਕ ਹਰਿ ਕਿਰਪਾ ਧਾਰੀ ਹਰਿ ਰਾਮੈ ਨਾਮਿ ਸਮਾਨੀ ॥ ੪ ॥ ੫ ॥

ਪਦ ਅਰਥ :—ਨਾਮਿ—ਨਾਮ ਵਿਚ । ਮਾਨੀ—ਮੰਨ ਗਿਆ ਹੈ, ਗਿੱਝ ਗਿਆ ਹੈ । ਹੀਅਰੈ—ਹਿਰਦੇ ਵਿਚ । ਸਤਿਗੁਰਿ—ਗੁਰੂ ਨੇ । ਮਨਿ—ਮਨ ਵਿਚ । ਕਥਾ—ਸਿਫਤਿ ਸਾਲਾਹ । ਸੁਖਾਨੀ—ਚੰਗੀ ਲੱਗਦੀ ਹੈ । ੧ । ਰਹਾਉ ।

ਦੀਨ—ਗਰੀਬ । ਦਇਆਲ—ਦਇਆਵਾਨ । ਜਨ—ਦਾਸ, ਸੇਵਕ । ਅਕਥ—ਜਿਹੜੀ ਬਿਆਨ ਨਾਹ ਕੀਤੀ ਜਾ ਸਕੇ । ਮਿਲਿ—ਮਿਲ ਕੇ । ਰਸੁ—ਸੁਆਦ । ਮਨਿ—ਮਨ ਵਿਚ । ਤਨਿ—ਤਨ ਵਿਚ । ੧ ।

ਕੈ ਰੰਗਿ—ਦੇ ਪਿਆਰ-ਰੰਗ ਵਿਚ । ਰਤੇ—ਰੰਗੇ ਹੋਏ । ਬੈਰਾਗੀ—ਪ੍ਰੇਮੀ । ਪੁਰਖੈ—ਪੁਰਖ ਨੂੰ, ਜੀਵ ਨੂੰ । ਪੁਰਖੁ—ਸਰਬ-ਵਿਆਪਕ ਪ੍ਰਭੂ । ਚੂਕੀ-ਮੁੱਕ ਗਈ । ਆਵਣ ਜਾਨੀ—ਜਨਮ ਮਰਨ ਦਾ ਗੇੜ । ੨ ।

ਨੈਣੀ—ਅੱਖਾਂ ਨਾਲ । ਬਿਰਹੁ—ਪਿਆਰ-ਭਰੀ ਤਾਂਘ । ਦੇਖਾ—ਦੇਖਾਂ, ਮੈਂ ਵੇਖਾਂ । ਪ੍ਰਭ—ਹੇ ਪ੍ਰਭੂ ! ਰਸਨਾ—ਜੀਭ ਨਾਲ । ਵਖਾਨੀ—ਵਖਾਨੀਂ, ਮੈਂ ਉਚਾਰਾਂ । ਸ੍ਰਵਣੀ—ਕੰਨਾਂ ਨਾਲ । ਸੁਨਉ—ਸੁਨਉਂ, ਮੈਂ ਸੁਣਦਾ ਰਹਾਂ । ਹਿਰਦੈ—ਹਿਰਦੇ ਵਿਚ । ਭਾਨੀ—ਚੰਗਾ ਲੱਗ ਰਿਹਾ ਹੈ । ੩ ।

ਪੰਚ ਜਨਾ—ਕਾਮਾਦਿਕ ਪੰਜਾਂ ਨੂੰ । ਗੁਰਿ—ਗੁਰੂ ਨੇ । ਆਣੇ—ਲੈ ਆਂਦੇ । ਤਉ—ਤਦੋਂ । ਉਨਮਨਿ—ਉਨਮਨ ਅਵਸਥਾ ਵਿਚ, ਬਿਰਹੋਂ ਅਵਸਥਾ ਵਿਚ । ਨਾਮਿ—ਨਾਮ ਵਿਚ । ਰਾਮੈ ਨਾਮਿ—ਪਰਮਾਤਮਾ ਦੇ ਹੀ ਨਾਮ ਵਿਚ । ੪ ।

ਅਰਥ :—ਹੇ ਭਾਈ ! (ਜਦੋਂ ਤੋਂ) ਗੁਰੂ ਨੇ ਮੇਰੇ ਹਿਰਦੇ ਵਿਚ ਪਰਮਾਤਮਾ ਦਾ ਪਿਆਰ ਪੈਦਾ ਕਰ ਦਿੱਤਾ ਹੈ, (ਤਦੋਂ ਤੋਂ) ਪਰਮਾਤਮਾ ਦੀ ਸਿਫਤਿ ਸਾਲਾਹ ਮੇਰੇ ਮਨ ਵਿਚ ਪਿਆਰੀ ਲੱਗ ਰਹੀ ਹੈ, (ਤਦੋਂ ਤੋਂ) ਮੇਰਾ ਮਨ ਪਰਮਾਤਮਾ ਦੇ ਨਾਮ ਵਿਚ ਗਿੱਝ ਗਿਆ ਹੈ । ੧ । ਰਹਾਉ ।

ਹੇ ਪ੍ਰਭੂ ਜੀ ! ਮੈਂ ਗਰੀਬ ਸੇਵਕ ਉੱਤੇ ਦਇਆਵਾਨ ਹੋਵੋ, ਮੈਨੂੰ ਦਾਸ ਨੂੰ ਕਦੇ

ਨਾਹ ਮੁੱਕਣ ਵਾਲੀ ਆਪਣੀ ਸਿਫ਼ਤਿ ਸਾਲਾਹ ਦੀ ਦਾਤਿ ਦੇਵੇਂ। ਹੇ ਭਾਈ! ਜਿਸ ਮਨੁੱਖ ਨੇ ਸੰਤ ਜਨਾਂ ਨੂੰ ਮਿਲ ਕੇ ਪਰਮਾਤਮਾ ਦੇ ਨਾਮ ਦਾ ਸੁਆਦ ਚੱਖਿਆ, ਉਸ ਦੇ ਮਨ ਵਿਚ ਉਸ ਦੇ ਹਿਰਦੇ ਵਿਚ ਪਰਮਾਤਮਾ ਦੀ ਸਿਫ਼ਤਿ ਸਾਲਾਹ ਮਿੱਠੀ ਲੱਗਣ ਲੱਗ ਪੈਂਦੀ ਹੈ। ੧।

ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਮਤਿ ਉਤੇ ਤੁਰ ਕੇ ਪਰਮਾਤਮਾ ਦੇ ਨਾਮ ਨਾਲ ਸਾਂਝ ਪਾ ਲਈ, ਉਹ ਮਨੁੱਖ ਪਰਮਾਤਮਾ ਦੇ ਪਿਆਰ-ਰੰਗ ਵਿਚ ਰੰਗੇ ਜਾਂਦੇ ਹਨ, ਉਹ ਮਨੁੱਖ ਮਾਇਆ ਦੇ ਮੋਹ ਤੋਂ ਉਪਰਾਮ ਹੋ ਜਾਂਦੇ ਹਨ। ਹੇ ਭਾਈ! ਜਿਸ ਮਨੁੱਖ ਨੂੰ ਸਰਬ-ਵਿਆਪਕ ਪ੍ਰਭੂ ਮਿਲ ਪਿਆ, ਉਸ ਨੂੰ ਆਤਮਕ ਆਨੰਦ ਪ੍ਰਾਪਤ ਹੋ ਗਿਆ, ਉਸ ਦਾ ਜਨਮ ਮਰਨ ਦਾ ਸਾਰਾ ਗੇੜ ਮੁੱਕ ਗਿਆ। ੨।

ਹੇ ਪ੍ਰਭੂ! ਹੇ ਸੁਆਮੀ! ਮੇਰੇ ਅੰਦਰ ਤਾਂਘ ਹੈ ਕਿ ਅੱਖਾਂ ਨਾਲ ਮੈਂ ਤੇਰਾ ਦਰਸਨ ਕਰਦਾ ਰਹਾਂ, ਜੀਭ ਨਾਲ ਤੇਰਾ ਨਾਮ ਜਪਦਾ ਰਹਾਂ, ਕੰਨਾਂ ਨਾਲ ਦਿਨ ਰਾਤ ਤੇਰੀ ਸਿਫ਼ਤਿ ਸਾਲਾਹ ਸੁਣਦਾ ਰਹਾਂ, ਅਤੇ ਹਿਰਦੇ ਵਿਚ ਤੂੰ ਮੈਨੂੰ ਪਿਆਰਾ ਲੱਗਦਾ ਰਹੇਂ। ੩।

ਹੇ ਦਾਸ ਨਾਨਕ! (ਆਖ—ਹੇ ਭਾਈ!) ਜਦੋਂ ਗੁਰੂ ਨੇ ਕਾਮਾਦਿਕ ਪੰਜਾਂ ਨੂੰ (ਕਿਸੇ ਵਡ-ਭਾਗੀ ਦੇ) ਵੱਸ ਵਿਚ ਕਰ ਦਿੱਤਾ, ਤਦੋਂ ਬਿਰਹੋਂ ਅਵਸਥਾ ਵਿਚ ਅੱਪੜ ਕੇ ਉਸ ਦੀ ਸੁਰਤਿ ਹਰਿ-ਨਾਮ ਵਿਚ ਜੁੜ ਜਾਂਦੀ ਹੈ। ਜਿਸ ਮਨੁੱਖ ਉਤੇ ਪ੍ਰਭੂ ਨੇ ਮਿਹਰ ਕੀਤੀ, ਪ੍ਰਭੂ ਦੇ ਨਾਮ ਵਿਚ ਹੀ ਉਸ ਦੀ ਲੀਨਤਾ ਹੋ ਗਈ। ੪। ੫।

ਸਾਰਗ ਮਹਲਾ ੪ ॥ ਜਪਿ ਮਨ ਰਾਮਨਾਮੁ ਪੜ੍ਹੁ ਸਾਰੁ ॥ ਰਾਮਨਾਮ ਬਿਨੁ ਥਿਰੁ ਨਹੀ ਕੋਈ ਹੋਰ ਨਿਹਫਲ ਸਭੁ ਬਿਸਥਾਰੁ ॥ ੧ ॥ ਰਹਾਉ ॥ ਕਿਆ ਲੀਜੈ ਕਿਆ ਤਜੀਐ ਬਉਰੇ ਜੋ ਦੀਸੈ ਸੋ ਛਾਰੁ ॥ ਜਿਸੁ ਬਿਖਿਆ ਕਉ ਤੁਮ੍ ਅਪੁਨੀ ਕਰਿ ਜਾਨਹੁ ਸਾ ਛਾਡਿ ਜਾਹੁ ਸਿਰਿ ਭਾਰੁ ॥ ੧ ॥ ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥ ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥ ੨ ॥ ਸੰਤ ਜਨਾ ਕੈ ਸੰਗਿ ਮਿਲੁ ਬਉਰੇ ਤਉ ਪਾਵਹਿ ਮੋਖ ਦੁਆਰੁ ॥ ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ ॥ ੩ ॥ ਰਾਣਾ ਰਾਉ ਸਭੈ ਕੋਊ ਚਾਲੈ ਝੂਠੁ ਛੋਡਿ ਜਾਇ ਪਾਸਾਰੁ ॥ ਨਾਨਕ ਸੰਤ ਸਦਾ ਥਿਰੁ ਨਿਹਚਲੁ ਜਿਨ ਰਾਮ ਨਾਮੁ ਆਧਾਰੁ ॥ ੪ ॥ ੬ ॥

ਪਦ ਅਰਥ :—ਮਨ—ਹੇ ਮਨ! ਸਾਰੁ—ਸ੍ਰੇਸ਼ਟ (ਕੰਮ)। ਥਿਰੁ—ਟਿਕਵਾਂ। ਨਿਹ-

ਫਲ–ਵਿਅਰਥ। ਬਿਸਥਾਰੁ–ਖਿਲਾਰਾ। ੧। ਰਹਾਉ।

ਕਿਆ ਲੀਜੈ–ਕੁਝ ਭੀ ਆਪਣਾ ਨਹੀਂ ਬਣਾਇਆ ਜਾ ਸਕਦਾ। ਤਜੀਐ–ਛੱਡਿਆ ਜਾ ਸਕਦਾ। ਬਉਰੇ–ਹੇ ਕਮਲੇ! ਛਾਰੁ–ਸੁਆਹ, ਨਾਸਵੰਤ। ਬਿਖਿਆ–ਮਾਇਆ। ਸਾ–ਉਹ ਮਾਇਆ। ਸਿਰਿ–ਸਿਰ ਉੱਤੇ। ੧।

ਅਉਧ–ਉਮਰ। ਘਟੈ–ਘਟਦੀ ਜਾ ਰਹੀ ਹੈ। ਗਵਾਰੁ–ਮੂਰਖ। ਜਿ–ਜਿਹੜਾ। ਸਾਕਤ–ਪਰਮਾਤਮਾ ਨਾਲੋਂ ਟੁੱਟਾ ਹੋਇਆ ਮਨੁੱਖ। ਆਚਾਰੁ–ਕਰਤੱਬ। ੨।

ਕੈ ਸੰਗਿ–ਦੇ ਨਾਲ। ਤਉ–ਤਦੋਂ। ਮੋਖ ਦੁਆਰੁ–(ਮਾਇਆ ਦੇ ਮੋਹ ਤੋਂ)ਖਲਾਸੀ ਦਾ ਦਰਵਾਜ਼ਾ। ਕਿਨੈ–ਕਿਸੇ ਨੇ ਭੀ। ਜਾਇ–ਜਾ ਕੇ। ੩।

ਰਾਣਾ–ਰਾਜਾ। ਰਾਉ–ਅਮੀਰ। ਸਭੈ ਕੋਊ–ਹਰ ਕੋਈ। ਪਾਸਾਰੁ–ਪਸਾਰਾ। ਨਿਹਚਲੁ–ਅਡੋਲ-ਚਿੱਤ। ਆਧਾਰੁ–ਆਸਰਾ। ੪।

ਅਰਥ :–ਹੇ (ਮੇਰੇ) ਮਨ! ਪਰਮਾਤਮਾ ਦਾ ਨਾਮ ਜਪਿਆ ਕਰ, ਪਰਮਾਤਮਾ ਦਾ ਨਾਮ ਪੜ੍ਹਿਆ ਕਰ, (ਇਹੀ) ਸ੍ਰੇਸ਼ਟ (ਕੰਮ ਹੈ)। ਹੇ ਮਨ! ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਕੋਈ (ਇਥੇ) ਸਦਾ ਕਾਇਮ ਰਹਿਣ ਵਾਲਾ ਨਹੀਂ ਹੈ। ਹੋਰ ਸਾਰਾ ਖਿਲਾਰਾ ਐਸਾ ਹੈ ਜਿਸ ਤੋਂ (ਆਤਮਕ ਜੀਵਨ ਵਾਸਤੇ) ਕੋਈ ਫਲ ਨਹੀਂ ਮਿਲਦਾ। ੧। ਰਹਾਉ।

ਹੇ ਕਮਲੇ ਮਨ! ਜੋ ਕੁਝ (ਜਗਤ ਵਿਚ) ਦਿੱਸ ਰਿਹਾ ਹੈ ਉਹ (ਸਭ) ਨਾਸਵੰਤ ਹੈ, ਇਸ ਵਿਚੋਂ ਨਾਹ ਕੁਝ ਆਪਣਾ ਬਣਾਇਆ ਜਾ ਸਕਦਾ ਹੈ ਨਾਹ ਛੱਡਿਆ ਜਾ ਸਕਦਾ ਹੈ। ਹੇ ਕਮਲੇ! ਜਿਸ ਮਾਇਆ ਨੂੰ ਤੂੰ ਆਪਣੀ ਸਮਝੀ ਬੈਠਾ ਹੈਂ, ਉਹ ਤਾਂ ਛੱਡ ਜਾਹਿੰਗਾ, (ਉਸ ਦੀ ਖ਼ਾਤਰ ਕੀਤੇ ਪਾਪਾਂ ਦਾ) ਭਾਰ ਹੀ ਆਪਣੇ ਸਿਰ ਉੱਤੇ (ਲੈ ਜਾਹਿੰਗਾ)। ੧।

ਹੇ ਭਾਈ! ਰਤਾ ਰਤਾ ਕਰ ਕੇ ਪਲ ਪਲ ਕਰ ਕੇ ਉਮਰ ਘਟਦੀ ਜਾਂਦੀ ਹੈ, ਪਰ ਮੂਰਖ ਮਨੁੱਖ (ਇਹ ਗੱਲ) ਸਮਝ ਨਹੀਂ ਸਕਦਾ, (ਮੂਰਖ) ਉਹੀ ਕੁਝ ਕਰਦਾ ਰਹਿੰਦਾ ਹੈ ਜੋ (ਅੰਤ ਵੇਲੇ) ਇਸ ਦੇ ਨਾਲ ਨਹੀਂ ਜਾਂਦਾ। ਪਰਮਾਤਮਾ ਨਾਲੋਂ ਟੁੱਟੇ ਮਨੁੱਖ ਦਾ ਸਦਾ ਇਹੀ ਕਰਤੱਬ ਰਹਿੰਦਾ ਹੈ। ੨।

ਹੇ ਕਮਲੇ! ਸੰਤ ਜਨਾਂ ਨਾਲ ਮਿਲ ਬੈਠਿਆ ਕਰ, ਤਦੋਂ ਹੀ ਤੂੰ (ਮਾਇਆ ਦੇ ਮੋਹ ਤੋਂ) ਖਲਾਸੀ ਦਾ ਦਰਵਾਜ਼ਾ ਲੱਭ ਸਕੇਂਗਾ। ਬੇਸ਼ੱਕ ਵੇਦ (ਆਦਿਕ ਹੋਰ ਧਰਮ-ਪੁਸਤਕਾਂ) ਦਾ ਭੀ ਵਿਚਾਰ ਜਾ ਕੇ ਪੁੱਛ ਵੇਖੋ (ਸਭ ਇਹੀ ਦੱਸਣਗੇ ਕਿ) ਸਾਧ ਸੰਗਤਿ ਤੋਂ ਬਿਨਾ ਕਿਸੇ ਨੇ ਭੀ ਆਤਮਕ ਆਨੰਦ ਨਹੀਂ ਲੱਭਾ। ੩।

ਹੇ ਭਾਈ! ਕੋਈ ਰਾਜਾ ਹੋਵੇ ਪਾਤਿਸ਼ਾਹ ਹੋਵੇ, ਹਰ ਕੋਈ (ਇਥੋਂ ਆਖ਼ਰ) ਤੁਰ

ਪੈਂਦਾ ਹੈ, ਇਸ ਨਾਸਵੰਤ ਜਗਤ-ਖਿਲਾਰੇ ਨੂੰ ਛੱਡ ਜਾਂਦਾ ਹੈ। ਹੇ ਨਾਨਕ! ਪਰਮਾਤਮਾ ਦਾ ਨਾਮ ਜਿਨ੍ਹਾਂ ਨੇ ਆਪਣੇ ਜੀਵਨ ਦਾ ਆਸਰਾ ਬਣਾਇਆ ਹੈ ਉਹ ਸੰਤ ਜਨ (ਇਸ ਮੋਹਨੀ ਮਾਇਆ ਦੇ ਪਸਾਰੇ ਵਿਚ) ਅਡੋਲ-ਚਿੱਤ ਰਹਿੰਦੇ ਹਨ। ੪। ੬।

ਸਾਰਗ ਮਹਲਾ ੪ ਘਰੁ ੩ ਦੁਪਦਾ

ੴ ਸਤਿਗੁਰਪ੍ਰਸਾਦਿ ॥ ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥੧॥ਰਹਾਉ॥ ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥ ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥ ੧ ॥ ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ ॥ ਉਪਦੇਸੁ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ ॥ ੨ ॥ ੧ ॥ ੭ ॥

ਪਦ ਅਰਥ:-ਪੂਤ-ਹੇ ਪੁੱਤਰ! ਕਾਹੇ ਝਗਰਤ ਹਉ-ਕਿਉਂ ਝਗੜਾ ਕਰਦੇ ਹੋ? ਸੰਗਿ ਬਾਪ-ਪਿਤਾ ਨਾਲ। ਜਣੇ-ਜੰਮੇ ਹੋਏ। ਬਡੀਰੇ-ਵੱਡੇ ਕੀਤੇ ਹੋਏ, ਪਾਲੇ ਹੋਏ। ਸਿਉ-ਨਾਲ। ਪਾਪ-ਮਾੜਾ ਕੰਮ। ੧। ਰਹਾਉ।

ਗਰਬੁ-ਮਾਣ, ਅਹੰਕਾਰ। ਕਿਸਹਿ ਨ ਆਪ-ਕਿਸੇ ਦਾ ਭੀ ਆਪਣਾ ਨਹੀਂ। ਮਹਿ-ਵਿਚ। ਜਾਇ-ਜਾਂਦਾ ਹੈ। ਬਿਖਿਆ-ਮਾਇਆ। ਰਸੁ-ਸੁਆਦ। ਤਉ-ਤਦੋਂ। ਪਛੁਤਾਪ-ਪਛਤਾਵਾ, ਅਫ਼ਸੋਸ। ੧।

ਜੋ ਪ੍ਰਭ-ਜਿਹੜੇ ਪ੍ਰਭੂ ਜੀ। ਸੁਆਮੀ-ਮਾਲਕ। ਜਾਪਹੁ ਜਾਪ-ਜਾਪ ਜਪਦੇ ਰਹੋ। ਨਾਨਕ-ਹੇ ਨਾਨਕ! ਜਨ-ਪਰਮਾਤਮਾ ਦੇ ਸੇਵਕ। ਤੁਮ ਕਉ-ਤੁਹਾਨੂੰ। ਜਉ-ਜੇ। ਤਉ-ਤਾਂ। ਜਾਇ-ਦੂਰ ਹੋ ਜਾਇਗਾ। ਸੰਤਾਪ-ਮਾਨਸਕ ਦੁੱਖ-ਕਲੇਸ਼। ੨।

ਅਰਥ:-ਹੇ ਪੁੱਤਰ! (ਦੁਨੀਆ ਦੇ ਧਨ ਦੀ ਖ਼ਾਤਰ) ਪਿਤਾ ਨਾਲ ਕਿਉਂ ਝਗੜਾ ਕਰਦੇ ਹੋ? ਹੇ ਪੁੱਤਰ! ਜਿਨ੍ਹਾਂ ਮਾਪਿਆਂ ਨੇ ਜੰਮਿਆ ਤੇ ਪਾਲਿਆ ਹੁੰਦਾ ਹੈ, ਉਹਨਾਂ ਨਾਲ (ਧਨ ਦੀ ਖ਼ਾਤਰ) ਝਗੜਾ ਕਰਨਾ ਮਾੜਾ ਕੰਮ ਹੈ। ੧। ਰਹਾਉ।

ਹੇ ਪੁੱਤਰ! ਜਿਸ ਧਨ ਦਾ ਤੁਸੀ ਮਾਣ ਕਰਦੇ ਹੋ, ਉਹ ਧਨ(ਕਦੇ ਭੀ) ਕਿਸੇ ਦਾ ਆਪਣਾ ਨਹੀਂ ਬਣਿਆ। ਹਰੇਕ ਮਨੁੱਖ ਮਾਇਆ ਦਾ ਚਸਕਾ (ਅੰਤ ਵੇਲੇ) ਇਕ ਖਿਨ ਵਿਚ ਹੀ ਛੱਡ ਜਾਂਦਾ ਹੈ (ਜਦੋਂ ਛੱਡਦਾ ਹੈ) ਤਦੋਂ ਉਸ ਨੂੰ (ਛੱਡਣ ਦਾ) ਹਾਹੁਕਾ ਲੱਗਦਾ ਹੈ। ੧।

ਹੇ ਪੁੱਤਰ! ਜਿਹੜੇ ਪ੍ਰਭੂ ਜੀ ਤੁਹਾਡੇ (ਸਾਡੇ ਸਭਨਾਂ ਦੇ) ਮਾਲਕ ਹਨ ਉਹਨਾਂ ਦੇ ਨਾਮ ਦਾ ਜਾਪ ਜਪਿਆ ਕਰੋ। ਹੇ ਨਾਨਕ! (ਆਖ-ਹੇ ਪੁੱਤਰ!) ਪ੍ਰਭੂ ਦੇ ਦਾਸ ਜਿਹੜਾ

ਉਪਦੇਸ਼ ਤੁਹਾਨੂੰ ਕਰਦੇ ਹਨ ਜੇ ਤੁਸੀ ਉਹ ਉਪਦੇਸ਼ (ਧਿਆਨ ਨਾਲ) ਸੁਣੋ ਤਾਂ (ਤੁਹਾਡੇ ਅੰਦਰੋਂ) ਮਾਨਸਕ ਦੁੱਖ-ਕਲੇਸ਼ ਦੂਰ ਹੋ ਜਾਏ । ੨ । ੧ । ੭ ।

ਉਥਾਨਕਾ–ਗੁਰੂ ਅਰਜਨ ਸਾਹਿਬ ਨੂੰ ਗੁਰਿਆਈ ਮਿਲਣ ਤੇ ਬਾਬਾ ਪ੍ਰਿਥੀ ਚੰਦ ਨੇ ਪਿਤਾ-ਗੁਰੂ ਜੀ ਦੀ ਵਿਰੋਧਤਾ ਕੀਤੀ । ਤਦੋਂ ਉਹਨਾਂ ਨੂੰ ਇਹ ਉਪਦੇਸ਼ ਕੀਤਾ । ਉਂਵ 'ਪਰਥਾਇ ਸਾਖੀ ਮਹਾ ਪੁਰਖ ਬੋਲਦੇ, ਸਾਂਝੀ ਸਗਲ ਜਹਾਨੈ' ॥

ਸਾਰਗ ਮਹਲਾ ੪ ਘਰੁ ੫ ਦੁਪਦੇ ਪੜਤਾਲ

ੴ ਸਤਿਗੁਰਪ੍ਰਸਾਦਿ ॥ ਜਪਿ ਮਨ ਜਗੰਨਾਥ ਜਗਦੀਸਰੋ ਜਗਜੀਵਨੋ ਮਨ ਮੋਹਨ ਸਿਉ ਪ੍ਰੀਤਿ ਲਾਗੀ ਮੈ ਹਰਿ ਹਰਿ ਹਰਿ ਟੇਕ ਸਭ ਦਿਨਸੁ ਸਭ ਰਾਤਿ ॥ ੧ ॥ ਰਹਾਉ ॥ ਹਰਿ ਕੀ ਉਪਮਾ ਅਨਿਕ ਅਨਿਕ ਅਨਿਕ ਗੁਨ ਗਾਵਤ ਸੁਕ ਨਾਰਦ ਬ੍ਰਹਮਾਦਿਕ ਤਵ ਗੁਨ ਸੁਆਮੀ ਗਨਿਨ ਨ ਜਾਤ ॥ ਤੂ ਹਰਿ ਬੇਅੰਤੁ ਤੂ ਹਰਿ ਬੇਅੰਤੁ ਤੂ ਹਰਿ ਸੁਆਮੀ ਤੂ ਆਪੇ ਹੀ ਜਾਨਹਿ ਆਪਨੀ ਭਾਂਤਿ ॥ ੧ ॥ ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ ॥ ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ ॥ ੨ ॥੧॥ ॥ ੮ ॥

ਪਦ ਅਰਥ :–ਮਨ–ਹੇ ਮਨ! ਜਗੰਨਾਥ–ਜਗਤ ਦਾ ਖਸਮ । ਜਗਦੀਸਰੋ–ਜਗਤ ਦਾ ਈਸ਼੍ਵਰ । ਜਗ ਜੀਵਨੋ–ਜਗਤ ਦਾ ਜੀਵਨ, ਜਗਤ ਦਾ ਸਹਾਰਾ, ਜਗਤ ਨੂੰ ਪੈਦਾ ਕਰਨ ਵਾਲਾ । ਮਨ ਮੋਹਨ–ਮਨ ਨੂੰ ਮੋਹ ਲੈਣ ਵਾਲਾ । ਸਿਉ–ਨਾਲ । ਟੇਕ–ਆਸਰਾ। ੧ । ਰਹਾਉ ।

ਉਪਮਾ–ਵਡਿਆਈ । ਅਨਿਕ–ਅਨੇਕਾਂ । ਸੁਕ–ਸੁਕਦੇਵ ਰਿਸ਼ੀ । ਨਾਰਦ–ਬ੍ਰਹਮਾ ਦਾ ਪੁੱਤਰ ਨਾਰਦ ਰਿਸ਼ੀ । ਬ੍ਰਹਮਾਦਿਕ–ਬ੍ਰਹਮਾ ਅਤੇ ਹੋਰ ਦੇਵਤੇ । ਤਵ–ਤੇਰੇ । ਸੁਆਮੀ–ਹੇ ਸੁਆਮੀ ! ਗਨਿਨ ਨ ਜਾਤ–ਗਿਣੇ ਨਹੀਂ ਜਾ ਸਕਦੇ । ਆਪੇ–ਆਪ ਹੀ। ਭਾਂਤਿ–ਕਿਸਮ, ਤਰੀਕਾ ।੧।

ਹਰਿ ਕੈ ਨਿਕਟਿ–ਪਰਮਾਤਮਾ ਦੇ ਨੇੜੇ । ਨਿਕਟ ਹੀ–[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਨਿਕਟਿ' ਦੀ ' ਿ' ਉੱਡ ਗਈ ਹੈ] । ਬਸਤੇ–ਵੱਸਦੇ ਹਨ । ਤੇ–ਉਹ [ਬਹੁ ਵਚਨ] । ਭਗਾਤ–ਭਗਤ । ਸਿਉ–ਨਾਲ । ਰਲਿ ਮਿਲੇ–ਇਕ-ਮਿਕ ਹੋ ਗਏ । ਸਲਲੈ–ਪਾਣੀ ਵਿਚ । ਸਲਲ–ਪਾਣੀ ।੨।

ਅਰਥ :–ਹੇ (ਮੇਰੇ) ਮਨ ! ਜਗਤ ਦੇ ਮਾਲਕ ਪਰਮਾਤਮਾ ਦਾ ਨਾਮ ਜਪਿਆ

ਕਰ (ਉਸ ਦਾ ਨਾਮ ਜਪਿਆਂ ਉਸ) ਮਨ ਦੇ ਮੋਹਣ ਵਾਲੇ ਪਰਮਾਤਮਾ ਨਾਲ ਪਿਆਰ ਬਣ ਜਾਂਦਾ ਹੈ। ਮੈਨੂੰ ਤਾਂ ਸਾਰਾ ਦਿਨ ਸਾਰੀ ਰਾਤ ਉਸੇ ਪਰਮਾਤਮਾ ਦਾ ਹੀ ਸਹਾਰਾ ਹੈ। ੧। ਰਹਾਉ।

ਹੇ ਭਾਈ! ਪਰਮਾਤਮਾ ਦੀਆਂ ਅਨੇਕਾਂ ਵਡਿਆਈਆਂ ਹਨ। ਹੇ ਸੁਆਮੀ ਪ੍ਰਭੂ! ਸੁਕਦੇਵ ਨਾਰਦ ਬ੍ਰਹਮਾ ਆਦਿਕ ਦੇਵਤੇ ਤੇਰੇ ਗੁਣ ਗਾਂਦੇ ਰਹਿੰਦੇ ਹਨ, ਤੇਰੇ ਗੁਣ ਗਿਣੇ ਨਹੀਂ ਜਾ ਸਕਦੇ। ਹੇ ਹਰੀ! ਹੇ ਸੁਆਮੀ! ਤੂੰ ਬੇਅੰਤ ਹੈਂ, ਤੂੰ ਬੇਅੰਤ ਹੈਂ, ਆਪਣੀ ਅਵਸਥਾ ਤੂੰ ਆਪ ਹੀ ਜਾਣਦਾ ਹੈਂ। ੧।

ਹੇ ਭਾਈ! ਜਿਹੜੇ ਮਨੁੱਖ ਪਰਮਾਤਮਾ ਦੇ ਨੇੜੇ ਸਦਾ ਪਰਮਾਤਮਾ ਦੇ ਨੇੜੇ ਵੱਸਦੇ ਹਨ, ਉਹ ਮਨੁੱਖ ਪਰਮਾਤਮਾ ਦੇ ਸਾਧੂ ਜਨ ਹਨ ਪਰਮਾਤਮਾ ਦੇ ਭਗਤ ਹਨ। ਹੇ ਦਾਸ ਨਾਨਕ! ਪਰਮਾਤਮਾ ਦੇ ਉਹ ਸੇਵਕ ਪਰਮਾਤਮਾ ਨਾਲ ਇਕ-ਮਿਕ ਹੋ ਜਾਂਦੇ ਹਨ, ਜਿਵੇਂ ਪਾਣੀ ਪਾਣੀ ਵਿਚ ਮਿਲ ਜਾਂਦਾ ਹੈ। ੨। ੧। ੮।

ਸਾਰੰਗ ਮਹਲਾ ੪ ॥ ਜਪਿ ਮਨ ਨਰਹਰੇ ਨਰਹਰ ਸੁਆਮੀ ਹਰਿ ਸਗਲ ਦੇਵ ਦੇਵਾ, ਸ੍ਰੀ ਰਾਮ ਰਾਮ ਨਾਮਾ ਹਰਿ ਪ੍ਰੀਤਮੁ ਮੋਰਾ ॥੧॥ਰਹਾਉ॥ ਜਿਤੁ ਗ੍ਰਿਹਿ ਗੁਨ ਗਾਵਤੇ, ਹਰਿ ਕੇ ਗੁਨ ਗਾਵਤੇ, ਰਾਮ ਗੁਨ ਗਾਵਤੇ, ਤਿਤੁ ਗ੍ਰਿਹਿ ਵਾਜੇ ਪੰਚ ਸਬਦ, ਵਡਭਾਗ ਮਥੋਰਾ ॥ ਤਿਨ ਜਨ ਕੇ ਸਭਿ ਪਾਪ ਗਏ, ਸਭਿ ਦੋਖ ਗਏ, ਸਭਿ ਰੋਗ ਗਏ, ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ, ਤਿਨ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ॥੧॥ਹਰਿ ਰਾਮ ਬੋਲਹੁ ਹਰਿ ਸਾਧੂ, ਹਰਿ ਕੇ ਜਨ ਸਾਧੂ, ਜਗਦੀਸੁ ਜਪਹੁ ਮਨਿ ਬਚਨਿ ਕਰਮਿ ਹਰਿ ਹਰਿ ਆਰਾਧੂ, ਹਰਿ ਕੇ ਜਨ ਸਾਧੂ ॥ ਹਰਿ ਰਾਮ ਬੋਲਿ, ਹਰਿ ਰਾਮ ਬੋਲਿ, ਸਭਿ ਪਾਪ ਗਵਾਧੂ ॥ ਨਿਤ ਨਿਤ ਜਾਗਰਣੁ ਕਰਹੁ, ਸਦਾ ਸਦਾ ਆਨੰਦੁ ਜਪਿ ਜਗਦੀਸੋੁਰਾ ॥ ਮਨ ਇਛੇ ਫਲ ਪਾਵਹੁ, ਸਭੈ ਫਲ ਪਾਵਹੁ, ਧਰਮੁ ਅਰਥੁ ਕਾਮ ਮੋਖੁ, ਜਨ ਨਾਨਕ ਹਰਿ ਸਿਉ ਮਿਲੇ ਹਰਿ ਭਗਤ ਤੋਰਾ ॥ ੨ ॥ ੨ ॥ ੯ ॥

ਪਦ ਅਰਥ :–ਮਨ–ਹੇ ਮਨ! ਜਪਿ–ਜਪਿਆ ਕਰ। ਨਰਹਰ–[ਨਰਸਿੰਘ] ਪਰਮਾਤਮਾ। ਸਗਲ ਦੇਵ ਦੇਵਾ–ਸਾਰੇ ਦੇਵਤਿਆਂ ਦਾ ਦੇਵਤਾ। ਮੋਰਾ–ਮੇਰਾ। ੧। ਰਹਾਉ।

ਜਿਤੁ–ਜਿਸ ਵਿਚ। ਜਿਤੁ ਗ੍ਰਿਹਿ–ਜਿਸ (ਹਿਰਦੇ-) ਘਰ ਵਿਚ। ਤਿਤੁ–ਉਸ (ਹਿਰਦੇ-) ਘਰ ਵਿਚ। ਪੰਚ ਸਬਦ–ਪੰਜ ਕਿਸਮਾਂ ਦੇ ਵਾਜੇ [ਤਾਰ, ਚੰਮ, ਧਾਤ, ਘੜੇ,

ਫੂਕ ਵਾਲੇ ਵਾਜੇ] । ਮਥੋਰਾ—ਮੱਥੇ ਉੱਤੇ । ਸਭਿ—ਸਾਰੇ । ਦੋਖ—ਵਿਕਾਰ । ਪੰਚ ਚੋਰਾ—ਕਾਮਾਦਿਕ ਪੰਜੇ (ਆਤਮਕ ਜੀਵਨ ਦਾ ਸਰਮਾਇਆ) ਚੁਰਾਣ ਵਾਲੇ । ੧ ।

ਹਰਿ ਸਾਧੂ—ਹੇ ਪਰਮਾਤਮਾ ਦੇ ਸੰਤ ਜਨੋ ! ਜਨ ਸਾਧੂ—ਹੇ ਸਾਧੂ ਜਨੋ ! ਜਗਦੀਸੁ—ਜਗਤ ਦਾ ਮਾਲਕ । ਮਨਿ—ਮਨ ਦੀ ਰਾਹੀਂ । ਬਚਨਿ—ਬਚਨ ਦੀ ਰਾਹੀਂ । ਆਰਾਧੂ—ਆਰਾਧਨ ਕਰੋ । ਬੋਲਿ—ਬੋਲ ਕੇ । ਗਵਾਧੂ—ਦੂਰ ਕਰੋ । ਨਿਤ—ਸਦਾ । ਜਾਗਰਣੁ ਕਰਹੁ—ਜਾਗਦੇ ਰਹੋ, (ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਹੋ । ਜਪਿ—ਜਪ ਕੇ । ਜਗਦੀਸੁਰਾ—[ਅੱਖਰ 'ਸ' ਦੇ ਨਾਲ ਦੋ ਲਗਾਂ ਹਨ— ੋ ਅਤੇ ੁ । ਅਸਲ ਲਫ਼ਜ਼ 'ਜਗਦੀਸੁਰਾ' ਹੈ । ਇਥੇ 'ਜਗਦੀਸੋਰਾ' ਪੜ੍ਹਨਾ ਹੈ] । ਮਨ ਇਛੇ—ਮਨ-ਮੰਗੇ । ਪਾਵਹੁ—ਹਾਸਲ ਕਰੋਗੇ । ਧਰਮੁ—ਆਪਣੇ ਜੀਵਨ-ਨਿਯਮਾਂ ਵਿਚ ਪੱਕੇ ਰਹਿਣਾ । ਅਰਥੁ—ਦੁਨੀਆਵੀ ਲੋੜਾਂ ਦੀ ਸਫਲਤਾ । ਕਾਮ—ਕਾਮਯਾਬੀਆਂ । ਮੋਖੁ—ਮੁਕਤੀ, ਵਿਕਾਰਾਂ ਤੋਂ ਖਲਾਸੀ । ਤੋਰਾ—ਤੇਰੇ । ੨ ।

ਅਰਥ :—ਹੇ (ਮੇਰੇ) ਮਨ ! (ਸਭ ਦੇ) ਮਾਲਕ ਨਰਹਰ-ਪ੍ਰਭੂ ਦਾ ਨਾਮ ਜਪਿਆ ਕਰ, ਸਰਬ-ਵਿਆਪਕ ਰਾਮ ਦਾ ਨਾਮ ਜਪਿਆ ਕਰ, ਉਹ ਹਰੀ ਸਾਰੇ ਦੇਵਤਿਆਂ ਦਾ ਦੇਵਤਾ ਹੈ, ਉਹੀ ਹਰੀ ਮੇਰਾ ਪ੍ਰੀਤਮ ਹੈ ।੧। ਰਹਾਉ ।

ਹੇ (ਮੇਰੇ) ਮਨ ! ਜਿਸ (ਹਿਰਦੇ-) ਘਰ ਵਿਚ ਪਰਮਾਤਮਾ ਦੇ ਗੁਣ ਗਾਏ ਜਾਂਦੇ ਹਨ, ਹਰੀ ਦੇ ਗੁਣ ਗਾਏ ਜਾਂਦੇ ਹਨ, ਰਾਮ ਦੇ ਗੁਣ ਗਾਏ ਜਾਂਦੇ ਹਨ, ਉਸ (ਹਿਰਦੇ-) ਘਰ ਵਿਚ (ਮਾਨੋਂ) ਪੰਜ ਹੀ ਕਿਸਮਾਂ ਦੇ ਸਾਜ ਵੱਜ ਰਹੇ ਹਨ ਤੇ ਆਨੰਦ ਬਣਿਆ ਹੋਇਆ ਹੈ । (ਪਰ ਇਹ ਅਵਸਥਾ ਉਹਨਾਂ ਮਨੁੱਖਾਂ ਦੇ ਅੰਦਰ ਹੀ ਬਣਦੀ ਹੈ ਜਿਨ੍ਹਾਂ ਦੇ) ਮੱਥੇ ਦੇ ਵੱਡੇ ਭਾਗ ਜਾਗਦੇ ਹਨ । ਹੇ ਮਨ! ਉਹਨਾਂ ਮਨੁੱਖਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ, ਸਾਰੇ ਵਿਕਾਰ ਦੂਰ ਹੋ ਜਾਂਦੇ ਹਨ, ਸਾਰੇ ਰੋਗ ਦੂਰ ਹੋ ਜਾਂਦੇ ਹਨ, (ਉਹਨਾਂ ਦੇ ਅੰਦਰੋਂ) ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨਾਸ ਹੋ ਜਾਂਦੇ ਹਨ । ਪਰਮਾਤਮਾ ਉਹਨਾਂ ਦੇ ਅੰਦਰੋਂ (ਆਤਮਕ ਜੀਵਨ ਦਾ ਸਰਮਾਇਆ ਚੁਰਾਣ ਵਾਲੇ ਇਹਨਾਂ) ਪੰਜਾਂ ਚੋਰਾਂ ਨੂੰ ਮਾਰ ਕੇ ਕੱਢ ਦੇਂਦਾ ਹੈ ।੧।

ਹੇ ਸੰਤ ਜਨੋ ! ਪਰਮਾਤਮਾ ਹਰੀ ਦਾ ਨਾਮ ਉਚਾਰਿਆ ਕਰੋ । ਹੇ ਹਰੀ ਦੇ ਸੰਤ ਜਨੋ ! ਜਗਤ ਦੇ ਮਾਲਕ-ਪ੍ਰਭੂ ਦਾ ਨਾਮ ਜਪਿਆ ਕਰੋ : ਹੇ ਹਰੀ ਦੇ ਸਾਧ ਜਨੋ ! ਆਪਣੇ ਮਨ ਦੀ ਰਾਹੀਂ (ਹਰੇਕ) ਬਚਨ ਦੀ ਰਾਹੀਂ (ਹਰੇਕ) ਕਰਮ ਦੀ ਰਾਹੀਂ ਪ੍ਰਭੂ ਦਾ ਆਰਾਧਨ ਕਰਿਆ ਕਰੋ : ਹਰੀ ਦਾ ਨਾਮ ਉਚਾਰ ਕੇ, ਰਾਮ ਦਾ ਨਾਮ ਜਪ ਕੇ ਸਾਰੇ ਪਾਪ ਦੂਰ ਕਰ ਲਵੋਗੇ ।

ਹੇ ਸੰਤ ਜਨੋ ! ਸਦਾ ਹੀ (ਵਿਕਾਰਾਂ ਦੇ ਹੱਲਿਆਂ ਵਲੋਂ) ਸੁਚੇਤ ਰਹੋ । ਜਗਤ ਦੇ

ਮਾਲਕ ਦਾ ਨਾਮ ਜਪ ਜਪ ਕੇ ਸਦਾ ਹੀ ਆਤਮਕ ਆਨੰਦ ਬਣਿਆ ਰਹਿੰਦਾ ਹੈ। ਹੇ ਸੰਤ ਜਨੋ ! (ਨਾਮ ਦੀ ਬਰਕਤਿ ਨਾਲ) ਸਾਰੇ ਮਨ-ਮੰਗੇ ਫਲ ਹਾਸਲ ਕਰੋਗੇ, ਸਾਰੀਆਂ ਮੁਰਾਦਾਂ ਪਾ ਲਵੋਗੇ। ਧਰਮ, ਅਰਥ, ਕਾਮ, ਮੋਖ—ਇਹ ਚਾਰੇ ਪਦਾਰਥ ਪ੍ਰਾਪਤ ਕਰ ਲਵੋਗੇ। ਹੇ ਦਾਸ ਨਾਨਕ ! (ਆਖ–) ਹੇ ਹਰੀ ! ਜਿਹੜੇ ਮਨੁੱਖ ਤੇਰੇ (ਚਰਨਾਂ) ਨਾਲ ਜੁੜੇ ਰਹਿੰਦੇ ਹਨ ਉਹੀ ਤੇਰੇ ਭਗਤ ਹਨ। ੨। ੨। ੯।

ਸਾਰਗ ਮਹਲਾ ੪ ॥ ਜਪਿ ਮਨ ਮਾਧੋ ਮਧੁ ਸੂਦਨੋ ਹਰਿ ਸ੍ਰੀਰੰਗੋ ਪਰਮੇਸਰੋ ਸਤਿ ਪਰਮੇਸਰੋ ਪ੍ਰਭੁ ਅੰਤਰਜਾਮੀ ।। ਸਭ ਦੂਖਨ ਕੋ ਹੰਤਾ ਸਭ ਸੂਖਨ ਕੋ ਦਾਤਾ ਹਰਿ ਪ੍ਰੀਤਮ ਗੁਨ ਗਾਓੁ ॥ ੧ ॥ ਰਹਾਉ ॥ ਹਰਿ ਘਟਿ ਘਟੇ ਘਟਿ ਬਸਤਾ ਹਰਿ ਜਲਿ ਥਲੇ ਹਰਿ ਬਸਤਾ ਹਰਿ ਥਾਨ ਥਾਨੰਤਰਿ ਬਸਤਾ ਮੈ ਹਰਿ ਦੇਖਨ ਕੋ ਚਾਓੁ ॥ ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ ਮੋਹਿ ਮਾਰਗੁ ਦਿਖਲਾਵੈ ॥ ਤਿਸੁ ਜਨ ਕੇ ਹਉ ਮਲਿ ਮਲਿ ਧੋਵਾ ਪਾਓੁ ॥੧॥ ਹਰਿ ਜਨ ਕਉ ਹਰਿ ਮਿਲਿਆ ਹਰਿ ਸਰਧਾ ਤੇ ਮਿਲਿਆ ਗੁਰਮੁਖਿ ਹਰਿ ਮਿਲਿਆ ॥ ਮੇਰੈ ਮਨਿ ਤਨਿ ਆਨੰਦ ਭਏ ਮੈ ਦੇਖਿਆ ਹਰਿਰਾਓੁ ॥ ਜਨ ਨਾਨਕ ਕਉ ਕਿਰਪਾ ਭਈ ਹਰਿ ਕੀ ਕਿਰਪਾ ਭਈ ਜਗਦੀਸੁਰ ਕਿਰਪਾ ਭਈ ।। ਮੈ ਅਨਦਿਨੋ ਸਦ ਸਦ ਸਦਾ ਹਰਿ ਜਪਿਆ ਹਰਿ ਨਾਓੁ ॥ ੨॥ ੩॥ ੧੦ ॥

ਪਦ ਅਰਥ :—ਮਨ—ਹੇ (ਮੇਰੇ) ਮਨ ! ਮਾਧੋ—[ਸਾਧਕ-ਮਾਧਵ, ਲੱਛਮੀ ਦਾ ਪਤੀ] ਪਰਮਾਤਮਾ। ਮਧੁ ਸੂਦਨੋ—ਮਧੁ ਸੂਦਨ, ਮਧੂ ਰਾਖਸ਼ ਨੂੰ ਮਾਰਨ ਵਾਲਾ। ਸ੍ਰੀ ਰੰਗੋ—ਸ੍ਰੀ ਰੰਗੁ, ਲੱਛਮੀ ਦਾ ਪਤੀ। ਸਤਿ—ਸਦਾ ਕਾਇਮ ਰਹਿਣ ਵਾਲਾ। ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਣਨ ਵਾਲਾ। ਕੋ—ਦਾ। ਹੰਤਾ—ਨਾਸ ਕਰਨ ਵਾਲਾ । ਦਾਤਾ—ਦੇਣ ਵਾਲਾ। ਗਾਓੁ—ਗਾਇਆ ਕਰ [ਅੱਖਰ 'ੳ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਗਾਉ', ਇਥੇ 'ਗਾਓ' ਪੜ੍ਹਨਾ ਹੈ]। ੧। ਰਹਾਉ।

ਘਟਿ ਘਟੇ ਘਟਿ—ਹਰੇਕ ਸਰੀਰ ਵਿਚ। ਬਸਤਾ—ਵੱਸਦਾ। ਜਲਿ ਥਲੇ—ਜਲਿ ਥਲਿ, ਜਲ ਵਿਚ ਧਰਤੀ ਵਿਚ। ਥਾਨ ਥਾਨੰਤਰਿ—ਥਾਨ ਥਾਨ ਅੰਤਰਿ, ਹਰੇਕ ਥਾਂ ਵਿਚ। ਕੋ—ਦਾ । ਚਾਓੁ—[ਅਸਲ ਲਫ਼ਜ਼ ਹੈ 'ਚਾਉ', ਇਥੇ ਪੜ੍ਹਨਾ ਹੈ 'ਚਾਓ'] । ਸੰਤੋ—ਸੰਤੁ। ਮੋਹਿ—ਮੈਨੂੰ। ਮਾਰਗੁ—(ਸਹੀ ਜੀਵਨ ਦਾ) ਰਸਤਾ । ਮਲਿ—ਮਲ ਕੇ। ਹਉ—ਮੈਂ । ਧੋਵਾ—ਧੋਵਾਂ, ਮੈਂ ਧੋਵਾਂ। ਪਾਓੁ—[ਅਸਲ ਲਫ਼ਜ਼ ਹੈ 'ਪਾਉ'=ਪੈਰ। ਇਥੇ ਪੜ੍ਹਨਾ ਹੈ 'ਪਾਓ'] । ੧।

ਕਉ—ਨੂੰ। ਤੇ—ਤੋਂ, ਦੀ ਰਾਹੀਂ। ਗੁਰਮੁਖਿ—ਗੁਰੂ ਦੀ ਸਰਨ ਪਿਆਂ। ਮੇਰੈ ਮਨਿ—ਮੇਰੇ ਮਨ ਵਿਚ। ਰਾਉ—[ਅਸਲ ਲਫ਼ਜ਼ ਹੈ 'ਰਾਉ', ਇਥੇ ਪੜ੍ਹਨਾ ਹੈ 'ਰਾਓ'] ਰਾਜਾ, ਪਾਤਿਸ਼ਾਹ। ਅਨਦਿਨੋ—ਅਨਦਿਨੁ, ਹਰ ਰੋਜ਼, ਹਰ ਵੇਲੇ।੨।

ਅਰਥ :—ਹੇ ਮੇਰੇ ਮਨ! ਹਰੇਕ ਦੇ ਦਿਲ ਦੀ ਜਾਣਨ ਵਾਲੇ ਪ੍ਰਭੂ ਦਾ ਨਾਮ ਜਪਿਆ ਕਰ, ਉਹੀ ਮਾਇਆ ਦਾ ਪਤੀ ਹੈ, ਉਹੀ ਮਧੂ ਰਾਖਸ਼ ਦਾ ਮਾਰਨ ਵਾਲਾ ਹੈ, ਉਹੀ ਹਰੀ ਲੱਛਮੀ ਦਾ ਖਸਮ ਹੈ, ਉਹੀ ਸਭ ਤੋਂ ਵੱਡਾ ਮਾਲਕ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹੈ। ਹੇ ਮੇਰੇ ਮਨ! ਹਰੀ ਪ੍ਰੀਤਮ ਦੇ ਗੁਣ ਗਾਇਆ ਕਰ, ਉਹੀ ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਉਹੀ ਸਾਰੇ ਸੁਖਾਂ ਦਾ ਦੇਣ ਵਾਲਾ ਹੈ।੧। ਰਹਾਉ।

ਹੇ ਮੇਰੇ ਮਨ! ਉਹ ਹਰੀ ਹਰੇਕ ਸਰੀਰ ਵਿਚ ਵੱਸਦਾ ਹੈ, ਜਲ ਵਿਚ ਧਰਤੀ ਵਿਚ ਵੱਸਦਾ ਹੈ, ਹਰੇਕ ਥਾਂ ਵਿਚ ਵੱਸਦਾ ਹੈ, ਮੇਰੇ ਅੰਦਰ ਉਸ ਦੇ ਦਰਸਨ ਦੀ ਤਾਂਘ ਹੈ। ਹੇ ਮੇਰੇ ਮਨ! ਜੇ ਕੋਈ ਸੰਤ ਮੈਨੂੰ ਆ ਮਿਲੇ, ਹਰੀ ਦਾ ਕੋਈ ਸੰਤ ਆ ਮਿਲੇ, ਕੋਈ ਮੇਰਾ ਪਿਆਰਾ ਸੰਤ ਜਨ ਮੈਨੂੰ ਆ ਮਿਲੇ, ਤੇ, ਮੈਨੂੰ (ਪਰਮਾਤਮਾ ਦੇ ਮਿਲਾਪ ਦਾ) ਰਾਹ ਵਿਖਾ ਜਾਏ, ਮੈਂ ਉਸ ਦੇ ਪੈਰ ਮਲ ਮਲ ਕੇ ਧੋਵਾਂ।੧।

ਹੇ ਭਾਈ! ਪਰਮਾਤਮਾ ਆਪਣੇ ਕਿਸੇ ਸੇਵਕ ਨੂੰ ਮਿਲਦਾ ਹੈ, (ਸੇਵਕ ਦੀ) ਸਰਧਾ-ਭਾਵਨੀ ਨਾਲ ਮਿਲਦਾ ਹੈ, ਗੁਰੂ ਦੀ ਸਰਨ ਪਿਆਂ ਮਿਲਦਾ ਹੈ। (ਗੁਰੂ ਦੀ ਮਿਹਰ ਨਾਲ ਜਦੋਂ ਮੈਂ ਭੀ) ਪ੍ਰਭੂ-ਪਾਤਿਸ਼ਾਹ ਦਾ ਦਰਸਨ ਕੀਤਾ, ਤਾਂ ਮੇਰੇ ਮਨ ਵਿਚ ਮੇਰੇ ਤਨ ਵਿਚ ਖ਼ੁਸ਼ੀ ਹੀ ਖ਼ੁਸ਼ੀ ਪੈਦਾ ਹੋ ਗਈ। ਹੇ ਭਾਈ! ਦਾਸ ਨਾਨਕ ਉਤੇ (ਭੀ) ਮਿਹਰ ਹੋਈ ਹੈ, ਹਰੀ ਦੀ ਮਿਹਰ ਹੋਈ ਹੈ, ਜਗਤ ਦੇ ਮਾਲਕ ਦੀ ਮਿਹਰ ਹੋਈ ਹੈ, ਮੈਂ ਹੁਣ ਹਰ ਵੇਲੇ ਸਦਾ ਹੀ ਸਦਾ ਹੀ ਸਦਾ ਹੀ ਉਸ ਹਰੀ ਦਾ ਨਾਮ ਜਪ ਰਿਹਾ ਹਾਂ।੨।੩।੧੦।

ਸਾਰਗ ਮਹਲਾ ੪ ॥ ਜਪਿ ਮਨ ਨਿਰਭਉ ॥ ਸਤਿ ਸਤਿ ਸਦਾ ਸਤਿ ॥ ਨਿਰਵੈਰੁ ਅਕਾਲ ਮੂਰਤਿ ॥ ਆਜੂਨੀ ਸੰਭਉ ॥ ਮੇਰੇ ਮਨ ਅਨਦਿਨੋੁ ਧਿਆਇ ਨਿਰੰਕਾਰੁ ਨਿਰਾਹਾਰੀ ॥ ੧ ॥ ਰਹਾਉ ॥ ਹਰਿ ਦਰਸਨ ਕਉ ਹਰਿ ਦਰਸਨ ਕਉ ਕੋਟਿ ਕੋਟਿ ਤੇਤੀਸ ਸਿਧ ਜਤੀ ਜੋਗੀ ਤਟ ਤੀਰਥ ਪਰਭਵਨ ਕਰਤ ਰਹਤ ਨਿਰਾਹਾਰੀ ॥ ਤਿਨ ਜਨ ਕੀ ਸੇਵਾ ਥਾਇ ਪਈ ਜਿਨ ਕਉ ਕਿਰਪਾਲ ਹੋਵਤੁ ਬਨਵਾਰੀ ॥ ੧ ॥ ਹਰਿ ਕੇ ਹੋ ਸੰਤ ਭਲੇ ਤੇ ਊਤਮ ਭਗਤ ਭਲੇ ਜੋ ਭਾਵਤ ਹਰਿ ਰਾਮ ਮੁਰਾਰੀ ॥ ਜਿਨ ਕਾ ਅੰਗੁ ਕਰੈ ਮੇਰਾ ਸੁਆਮੀ ਤਿਨ ਕੀ ਨਾਨਕ ਹਰਿ ਪੈਜ ਸਵਾਰੀ ॥ ੨ ॥ ੪ ॥ ੧੧ ॥

ਪਦ ਅਰਥ:—ਨਿਰਭਉ—ਜਿਸ ਨੂੰ ਕਿਸੇ ਤੋਂ ਡਰ ਨਹੀਂ। ਸਤਿ—ਸਦਾ ਕਾਇਮ ਰਹਿਣ ਵਾਲਾ। ਨਿਰਵੈਰੁ—ਜਿਸ ਦਾ ਕਿਸੇ ਨਾਲ ਵੈਰ ਨਹੀਂ। ਅਕਾਲ ਮੂਰਤਿ—[ਅਕਾਲ—ਮੌਤ-ਰਹਿਤ। ਮੂਰਤਿ—ਹਸਤੀ, ਸਰੂਪ] ਜਿਸ ਦਾ ਵਜੂਦ ਮੌਤ-ਰਹਿਤ ਹੈ। ਆਜੂਨੀ—ਜੋ ਜੂਨਾਂ ਵਿਚ ਨਹੀਂ ਪੈਂਦਾ। ਸੈਂਭਉ—[ਸ੍ਵਯੰਭੂ] ਜੋ ਆਪਣੇ ਆਪ ਤੋਂ ਪਰਗਟ ਹੁੰਦਾ ਹੈ। ਅਨਦਿਨੁ—ਹਰ ਰੋਜ਼, ਹਰ ਵੇਲੇ। ਨਿਰੰਕਾਰੁ—ਜਿਸ ਦਾ ਕੋਈ ਖ਼ਾਸ ਆਕਾਰ (ਸ਼ਕਲ) ਦੱਸਿਆ ਨਹੀਂ ਜਾ ਸਕਦਾ। ਨਿਰਾਹਾਰੀ—[ਨਿਰ-ਆਹਾਰ। ਆਹਾਰ—ਖ਼ੁਰਾਕ, ਭੋਜਨ] ਜਿਸ ਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ ਪੈਂਦੀ।੧। ਰਹਾਉ।

ਕਉ—ਦੀ ਖ਼ਾਤਰ। ਕੋਟਿ ਤੇਤੀਸ—ਤੇਤੀ ਕ੍ਰੋੜ ਦੇਵਤੇ। ਸਿਧ—ਸਿੱਧ, ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਜਤੀ—ਇੰਦ੍ਰਿਆਂ ਨੂੰ ਵੱਸ ਵਿਚ ਰੱਖਣ ਵਾਲੇ। ਤਟ—ਦਰਿਆਵਾਂ ਦੇ ਕੰਢੇ। ਪਰਭਵਨ—ਰਟਨ। ਰਹਤ—ਰਹਿੰਦੇ ਹਨ। ਥਾਇ ਪਈ—ਕਬੂਲ ਹੋਈ। ਜਿਨ ਕਉ—ਜਿਨ੍ਹਾਂ ਉੱਤੇ। ਬਨਵਾਰੀ—[ਜੰਗਲ ਦੇ ਫੁੱਲਾਂ ਦੀ ਮਾਲਾ ਵਾਲਾ] ਪਰਮਾਤਮਾ।੧।

ਹੇ—ਹੇ ਭਾਈ! ਤੇ—ਉਹ [ਬਹੁ ਵਚਨ]। ਜੋ—ਜਿਹੜੇ। ਭਾਵਤ—ਚੰਗੇ ਲੱਗਦੇ ਹਨ। ਮੁਰਾਰੀ—[ਮੁਰ-ਅਰਿ—ਮੁਰ ਦੈਂਤ ਦਾ ਵੈਰੀ] ਪਰਮਾਤਮਾ। ਅੰਗੁ—ਪੱਖ, ਮਦਦ। ਪੈਜ—ਲਾਜ, ਇੱਜ਼ਤ। ੨।

ਅਰਥ :—ਹੇ (ਮੇਰੇ) ਮਨ! ਉਸ ਪਰਮਾਤਮਾ ਦਾ ਨਾਮ ਜਪਿਆ ਕਰ, ਜਿਸ ਨੂੰ ਕਿਸੇ ਤੋਂ ਕੋਈ ਡਰ ਨਹੀਂ, ਜੋ ਸਦਾ ਸਦਾ ਹੀ ਕਾਇਮ ਰਹਿਣ ਵਾਲਾ ਹੈ, ਜਿਸ ਦਾ ਕਿਸੇ ਨਾਲ ਕੋਈ ਵੈਰ ਨਹੀਂ, ਜਿਸ ਦੀ ਹਸਤੀ ਮੌਤ ਤੋਂ ਪਰੇ ਹੈ, ਜੋ ਜੂਨਾਂ ਵਿਚ ਨਹੀਂ ਆਉਂਦਾ, ਜੋ ਆਪਣੇ ਆਪ ਤੋਂ ਪਰਗਟ ਹੁੰਦਾ ਹੈ। ਹੇ ਮੇਰੇ ਮਨ! ਹਰ ਵੇਲੇ ਉਸ ਪਰਮਾਤਮਾ ਦਾ ਧਿਆਨ ਧਰਿਆ ਕਰ, ਜਿਸ ਦੀ ਕੋਈ ਸ਼ਕਲ ਨਹੀਂ ਦੱਸੀ ਜਾ ਸਕਦੀ, ਜਿਸ ਨੂੰ ਕਿਸੇ ਖ਼ੁਰਾਕ ਦੀ ਲੋੜ ਨਹੀਂ। ੧। ਰਹਾਉ।

ਹੇ ਮੇਰੇ ਮਨ! ਉਸ ਪਰਮਾਤਮਾ ਦੇ ਦਰਸਨ ਦੀ ਖ਼ਾਤਰ ਤੇਤੀ ਕ੍ਰੋੜ ਦੇਵਤੇ, ਸਿੱਧ ਜਤੀ ਅਤੇ ਜੋਗੀ ਭੁੱਖੇ ਰਹਿ ਰਹਿ ਕੇ ਅਨੇਕਾਂ ਤੀਰਥਾਂ ਤੇ ਰਟਨ ਕਰਦੇ ਫਿਰਦੇ ਹਨ। ਹੇ ਮਨ! ਉਹਨਾਂ (ਭਾਗਾਂ ਵਾਲਿਆਂ)ਦੀ ਹੀ ਸੇਵਾ ਕਬੂਲ ਹੁੰਦੀ ਹੈ ਜਿਨ੍ਹਾਂ ਉੱਤੇ ਪਰਮਾਤਮਾ ਆਪ ਦਇਆਵਾਨ ਹੁੰਦਾ ਹੈ। ੧।

ਹੇ ਭਾਈ! ਉਹ ਹਰੀ ਦੇ ਸੰਤ ਚੰਗੇ ਹਨ, ਉਹ ਹਰੀ ਦੇ ਭਗਤ ਸ੍ਰੇਸ਼ਟ ਹਨ ਜਿਹੜੇ ਦੁਸ਼ਟ-ਦਮਨ ਪਰਮਾਤਮਾ ਨੂੰ ਪਿਆਰੇ ਲੱਗਦੇ ਹਨ। ਹੇ ਨਾਨਕ! ਮੇਰਾ ਮਾਲਕ-ਪ੍ਰਭੂ ਜਿਨ੍ਹਾਂ ਮਨੁੱਖਾਂ ਦਾ ਪੱਖ ਕਰਦਾ ਹੈ (ਲੋਕ ਪਰਲੋਕ ਵਿਚ) ਉਹਨਾਂ ਦੀ ਇੱਜ਼ਤ ਰੱਖ ਲੈਂਦਾ ਹੈ। ੨। ੪। ੧੧।

ਸਾਰਗ ਮਹਲਾ ੪ ਪੜਤਾਲ ॥ ਜਪਿ ਮਨ ਗੋਵਿੰਦੁ ਹਰਿ ਗੋਵਿੰਦੁ

ਗੁਣੀਨਿਧਾਨੁ ਸਭ ਸ੍ਰਿਸਟਿ ਕਾ ਪ੍ਰਭੋ ਮੇਰੇ ਮਨ ਹਰਿ ਬੋਲਿ ਹਰਿ ਪੁਰਖੁ ਅਬਿਨਾਸੀ ॥ ੧ ॥ ਰਹਾਉ ॥ ਹਰਿ ਕਾ ਨਾਮੁ ਅੰਮ੍ਰਿਤੁ ਹਰਿ ਹਰਿ ਹਰੇ, ਸੋ ਪੀਐ ਜਿਸੁ ਰਾਮੁ ਪਿਆਸੀ ॥ ਹਰਿ ਆਪਿ ਦਇਆਲੁ ਦਇਆ ਕਰਿ ਮੇਲੈ ਜਿਸੁ ਸਤਿਗੁਰੂ, ਸੋ ਜਨੁ ਹਰਿ ਹਰਿ ਅੰਮ੍ਰਿਤ ਨਾਮੁ ਚਖਾਸੀ ॥ ੧ ॥ ਜੋ ਜਨ ਸੇਵਹਿ ਸਦ ਸਦਾ ਮੇਰਾ ਹਰਿ ਹਰੇ, ਤਿਨ ਕਾ ਸਭੁ ਦੂਖੁ ਭਰਮੁ ਭਉ ਜਾਸੀ ॥ ਜਨੁ ਨਾਨਕੁ ਨਾਮੁ ਲਏ ਤਾਂ ਜੀਵੈ ਜਿਉ ਚਾਤ੍ਰਿਕੁ ਜਲਿ ਪੀਐ ਤ੍ਰਿਪਤਾਸੀ ॥ ੨ ॥ ੫ ॥ ੧੨ ॥

ਪਦ ਅਰਥ :—ਮਨ—ਹੇ ਮਨ ! ਗੁਣੀ ਨਿਧਾਨੁ—ਗੁਣਾਂ ਦਾ ਖ਼ਜ਼ਾਨਾ। ਪ੍ਰਭੋ—ਪ੍ਰਭੂ, ਮਾਲਕ। ਪੁਰਖੁ—ਸਰਬ-ਵਿਆਪਕ। ਅਬਿਨਾਸੀ—ਨਾਸ-ਰਹਿਤ। ੧। ਰਹਾਉ।

ਅੰਮ੍ਰਿਤੁ—ਆਤਮਕ ਜੀਵਨ ਦੇਣ ਵਾਲਾ। ਸੋ—ਉਹ ਮਨੁੱਖ [ਇਕ-ਵਚਨ]। ਪੀਐ—ਪੀਂਦਾ ਹੈ। ਪਿਆਸੀ—ਪਿਲਾਇਗਾ। ਕਰਿ—ਕਰ ਕੇ। ਚਖਾਸੀ—ਚੱਖੇਗਾ।੧।

ਸੇਵਹਿ—ਸਿਮਰਦੇ ਹਨ [ਬਹੁ ਵਚਨ]। ਸਭੁ—ਸਾਰਾ। ਜਾਸੀ—ਦੂਰ ਹੋ ਜਾਇਗਾ। ਜੀਵੈ—ਆਤਮਕ ਜੀਵਨ ਹਾਸਲ ਕਰਦਾ ਹੈ। ਚਾਤ੍ਰਿਕੁ—ਪਪੀਹਾ। ਜਲਿ—ਜਲ ਦੀ ਰਾਹੀਂ। ਜਲਿ ਪੀਐ—ਜਲ ਪੀਣ ਨਾਲ। ਤ੍ਰਿਪਤਾਸੀ—ਰੱਜ ਜਾਂਦਾ ਹੈ। ੨।

ਅਰਥ :—ਹੇ (ਮੇਰੇ) ਮਨ ! ਗੋਬਿੰਦ (ਦਾ ਨਾਮ) ਜਪ, ਹਰੀ (ਦਾ ਨਾਮ) ਜਪ। ਹਰੀ ਗੁਣਾਂ ਦਾ ਖ਼ਜ਼ਾਨਾ ਹੈ, ਸਾਰੀ ਸ੍ਰਿਸ਼ਟੀ ਦਾ ਮਾਲਕ ਹੈ। ਹੇ ਮੇਰੇ ਮਨ ! ਪਰਮਾਤਮਾ ਦਾ ਨਾਮ ਉਚਾਰਿਆ ਕਰ, ਉਹ ਪਰਮਾਤਮਾ ਸਰਬ-ਵਿਆਪਕ ਹੈ, ਨਾਸ-ਰਹਿਤ ਹੈ। ੧। ਰਹਾਉ।

ਹੇ ਮੇਰੇ ਮਨ ! ਪਰਮਾਤਮਾ ਦਾ ਨਾਮ ਆਤਮਕ ਜੀਵਨ ਦੇਣ ਵਾਲਾ ਜਲ ਹੈ, (ਇਹ ਜਲ) ਉਹ ਮਨੁੱਖ ਪੀਂਦਾ ਹੈ, ਜਿਸ ਨੂੰ ਪਰਮਾਤਮਾ (ਆਪ) ਪਿਲਾਂਦਾ ਹੈ। ਦਇਆ ਦਾ ਘਰ ਪ੍ਰਭੂ ਮਿਹਰ ਕਰ ਕੇ ਜਿਸ ਮਨੁੱਖ ਨੂੰ ਗੁਰੂ ਮਿਲਾਂਦਾ ਹੈ, ਉਹ ਮਨੁੱਖ ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ-ਜਲ ਚੱਖਦਾ ਹੈ। ੧।

ਹੇ ਮੇਰੇ ਮਨ ! ਜਿਹੜੇ ਮਨੁੱਖ ਸਦਾ ਹੀ ਸਦਾ ਹੀ ਪਰਮਾਤਮਾ ਦਾ ਨਾਮ ਸਿਮਰਦੇ ਰਹਿੰਦੇ ਹਨ, ਉਹਨਾਂ ਦਾ ਹਰੇਕ ਦੁੱਖ, ਉਹਨਾਂ ਦਾ ਹਰੇਕ ਭਰਮ, ਉਹਨਾਂ ਦਾ ਹਰੇਕ ਡਰ ਦੂਰ ਹੋ ਜਾਂਦਾ ਹੈ। (ਪ੍ਰਭੂ ਦਾ) ਦਾਸ ਨਾਨਕ (ਭੀ ਜਦੋਂ) ਪ੍ਰਭੂ ਦਾ ਨਾਮ ਜਪਦਾ ਹੈ ਤਦੋਂ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ, ਜਿਵੇਂ ਪਪੀਹਾ (ਸ੍ਵਾਂਤੀ ਨਛੱਤ੍ਰ ਦੀ ਵਰਖਾ ਦਾ) ਪਾਣੀ ਪੀਣ ਨਾਲ ਰੱਜ ਜਾਂਦਾ ਹੈ। ੨। ੫। ੧੨।

ਸਾਰਗ ਮਹਲਾ ੪ ॥ ਜਪਿ ਮਨ ਸਿਰੀ ਰਾਮੁ ॥ ਰਾਮ ਰਮਤ ਰਾਮੁ ॥

ਸਤਿ ਮਤਿ ਰਾਮੁ ॥ ਬੋਲਹੁ ਭਈਆ ਸਦ ਰਾਮ ਰਾਮੁ ਰਾਮੁ ਰਵਿ ਰਹਿਆ ਸਰਬਗੇ ॥ ੧ ॥ ਰਹਾਉ ॥ ਰਾਮੁ ਆਪੇ ਆਪਿ ਆਪੇ ਸਭੁ ਕਰਤਾ ਰਾਮੁ ਆਪੇ ਆਪਿ ਆਪਿ ਸਭਤੁ ਜਗੇ॥ ਜਿਸੁ ਆਪਿ ਕ੍ਰਿਪਾ ਕਰੇ ਮੇਰਾ ਰਾਮ ਰਾਮ ਰਾਮਰਾਇ ਸੋ ਜਨੁ ਰਾਮ ਨਾਮ ਲਿਵ ਲਾਗੇ ॥ ੧ ॥ ਰਾਮਨਾਮ ਕੀ ਉਪਮਾ ਦੇਖਹੁ ਹਰਿ ਸੰਤਹੁ ਜੋ ਭਗਤ ਜਨਾਂ ਕੀ ਪਤਿ ਰਾਖੈ ਵਿਚਿ ਕਲਿਜੁਗ ਅਗੇ ॥ ਜਨ ਨਾਨਕ ਕਾ ਅੰਗੁ ਕੀਆ ਮੇਰੈ ਰਾਮਰਾਇ ਦੁਸਮਨ ਦੂਖ ਗਏ ਸਭਿ ਭਗੇ ॥ ੨ ॥ ੬ ॥ ੧੩ ॥

ਪਦ ਅਰਥ :—ਮਨ—ਹੇ ਮਨ ! ਰਮਤ—ਵਿਆਪਕ, ਹਰ ਥਾਂ ਮੌਜੂਦ । ਸਤਿ—ਸਦਾ ਕਾਇਮ ਰਹਿਣ ਵਾਲਾ । ਭਈਆ—ਹੇ ਭਾਈ ! ਸਦ—ਸਦਾ । ਰਵਿ ਰਹਿਆ—ਵਿਆਪਕ ਹੈ । ਸਰਬਗੇ—[ਸਰਵੰਗ੍ਯ] ਸਭ ਕੁਝ ਜਾਨਣ ਵਾਲਾ । ੧ । ਰਹਾਉ ।

ਆਪੇ—ਆਪ ਹੀ । ਕਰਤਾ—ਕਰਨ ਵਾਲਾ । ਸਭਤੁ—ਸਭ ਥਾਈਂ । ਜਗੇ—ਜਗਤ ਵਿਚ । ਰਾਮ ਰਾਇ—ਰਾਮ ਰਾਜਾ, ਪ੍ਰਭੂ ਪਾਤਿਸ਼ਾਹ । ਲਿਵ—ਲਗਨ । ੧ ।

ਉਪਮਾ—ਵਡਿਆਈ । ਪਤਿ—ਇੱਜ਼ਤ । ਕਲਿਜੁਗ—ਵਿਕਾਰਾਂ-ਭਰਿਆ ਜਗਤ । ਅਗੇ—ਅੱਗ ਵਿਚ, ਵਿਕਾਰਾਂ ਦੀ ਅੱਗ ਵਿਚ । ਅੰਗੁ—ਪੱਖ । ਮੇਰੈ ਰਾਮ ਰਾਇ—ਮੇਰੇ ਪ੍ਰਭੂ ਪਾਤਿਸ਼ਾਹ ਨੇ । ਸਭਿ—ਸਾਰੇ । ਗਏ ਭਗੇ—ਭੱਜ ਗਏ, ਭੱਜ ਜਾਂਦੇ ਹਨ । ੨ ।

ਅਰਥ :—ਹੇ (ਮੇਰੇ) ਮਨ ! ਸ੍ਰੀ ਰਾਮ (ਦਾ ਨਾਮ) ਜਪਿਆ ਕਰ, (ਉਸ ਰਾਮ ਦਾ) ਜਿਹੜਾ ਸਭ ਥਾਈਂ ਵਿਆਪਕ ਹੈ, ਜਿਹੜਾ ਸਦਾ ਹੀ ਸਦਾ ਹੀ ਕਾਇਮ ਰਹਿਣ ਵਾਲਾ ਹੈ । ਹੇ ਭਾਈ ! ਸਦਾ ਰਾਮ ਦਾ ਨਾਮ ਬੋਲਿਆ ਕਰੋ, ਉਹ ਸਭ ਥਾਵਾਂ ਵਿਚ ਮੌਜੂਦ ਹੈ, ਉਹ ਸਭ ਕੁਝ ਜਾਨਣ ਵਾਲਾ ਹੈ । ੧ । ਰਹਾਉ ।

ਹੇ ਭਾਈ ! ਉਹ ਰਾਮ (ਸਭ ਥਾਈਂ) ਆਪ ਹੀ ਆਪ ਹੈ, ਆਪ ਹੀ ਸਭ ਕੁਝ ਪੈਦਾ ਕਰਨ ਵਾਲਾ ਹੈ, ਜਗਤ ਵਿਚ ਸਭਨੀਂ ਥਾਈਂ ਆਪ ਹੀ ਆਪ ਮੌਜੂਦ ਹੈ । ਹੇ ਭਾਈ ! ਜਿਸ ਮਨੁੱਖ ਉਤੇ ਉਹ ਮੇਰਾ ਪਿਆਰਾ ਰਾਮ ਮਿਹਰ ਕਰਦਾ ਹੈ, ਉਹ ਮਨੁੱਖ ਰਾਮ ਦੇ ਨਾਮ ਦੀ ਲਗਨ ਵਿਚ ਜੁੜਦਾ ਹੈ । ੧ ।

ਹੇ ਸੰਤ ਜਨੋ ! ਉਸ ਪਰਮਾਤਮਾ ਦੇ ਨਾਮ ਦੀ ਵਡਿਆਈ ਵੇਖੋ, ਜਿਹੜਾ ਇਸ ਵਿਕਾਰਾਂ-ਭਰੇ ਜਗਤ ਦੀ ਵਿਕਾਰਾਂ ਦੀ ਅੱਗ ਵਿਚ ਆਪਣੇ ਭਗਤਾਂ ਦੀ ਆਪ ਇੱਜ਼ਤ ਰੱਖਦਾ ਹੈ । ਹੇ ਨਾਨਕ ! (ਆਖ—ਹੇ ਭਾਈ !) ਮੇਰੇ ਪ੍ਰਭੂ-ਪਾਤਿਸ਼ਾਹ ਨੇ (ਆਪਣੇ ਜਿਸ) ਸੇਵਕ ਦਾ ਪੱਖ ਕੀਤਾ, ਉਸ ਦੇ ਸਾਰੇ ਵੈਰੀ ਉਸ ਦੇ ਸਾਰੇ ਦੁੱਖ ਦੂਰ ਹੋ ਗਏ । ੨ । ੬ । ੧੩ ।

ਸਾਰੰਗ ਮਹਲਾ ੫ ਚਉਪਦੇ ਘਰੁ ੧

ੴ ਸਤਿਗੁਰ ਪ੍ਰਸਾਦਿ ॥ ਸਤਿਗੁਰ ਮੂਰਤਿ ਕਉ ਬਲਿ ਜਾਉ ॥ ਅੰਤਰਿ ਪਿਆਸ ਚਾਤ੍ਰਿਕ ਜਿਉ ਜਲ ਕੀ ਸਫਲ ਦਰਸਨੁ ਕਦਿ ਪਾਂਉ ॥ ੧ ॥ ਰਹਾਉ ॥ ਅਨਾਥਾ ਕੋ ਨਾਥੁ ਸਰਬ ਪ੍ਰਤਿਪਾਲਕੁ ਭਗਤਿ ਵਛਲੁ ਹਰਿ ਨਾਉ ॥ ਜਾ ਕਉ ਕੋਇ ਨ ਰਾਖੈ ਪ੍ਰਾਣੀ ਤਿਸੁ ਤੂ ਦੇਹਿ ਅਸਰਾਉ ॥ ੧ ॥ ਨਿਧਰਿਆ ਧਰ ਨਿਗਤਿਆ ਗਤਿ ਨਿਥਾਵਿਆ ਤੂ ਥਾਉ ॥ ਦਹਦਿਸ ਜਾਂਉ ਤਹਾਂ ਤੂ ਸੰਗੇ ਤੇਰੀ ਕੀਰਤਿ ਕਰਮ ਕਮਾਉ ॥ ੨ ॥ ਏਕਸੁ ਤੇ ਲਾਖ ਲਾਖ ਤੇ ਏਕਾ ਤੇਰੀ ਗਤਿ ਮਿਤਿ ਕਹਿ ਨ ਸਕਾਉ ॥ ਤੂ ਬੇਅੰਤੁ ਤੇਰੀ ਮਿਤਿ ਨਹੀ ਪਾਈਐ ਸਭੁ ਤੇਰੋ ਖੇਲੁ ਦਿਖਾਉ ॥ ੩ ॥ ਸਾਧਨ ਕਾ ਸੰਗੁ ਸਾਧ ਸਿਉ ਗੋਸਟਿ ਹਰਿ ਸਾਧਨ ਸਿਉ ਲਿਵ ਲਾਉ ॥ ਜਨ ਨਾਨਕ ਪਾਇਆ ਹੈ ਗੁਰਮਤਿ ਹਰਿ ਦੇਹੁ ਦਰਸੁ ਮਨਿ ਚਾਉ ॥ ੪ ॥ ੧ ॥

ਪਦ ਅਰਥ :—ਸਤਿਗੁਰ ਮੂਰਤਿ—ਸਤਿਗੁਰੂ ਦੀ ਹਸਤੀ, ਸਤਿਗੁਰੂ । ਕਉ—ਤੋਂ । ਬਲਿ ਜਾਉ—ਬਲਿ ਜਾਉਂ, ਮੈਂ ਸਦਕੇ ਜਾਂਦਾ ਹਾਂ । ਅੰਤਰਿ—(ਮੇਰੇ) ਅੰਦਰ । ਪਿਆਸ—ਤਾਂਘ । ਚਾਤ੍ਰਿਕ—ਪਪੀਹਾ । ਸਫਲ ਦਰਸਨੁ—ਸਾਰੇ ਮਨੋਰਥ ਪੂਰੇ ਕਰਨ ਵਾਲੇ (ਗੁਰੂ) ਦਾ ਦਰਸਨ । ਕਦਿ—ਕਦੋਂ । ੧ । ਰਹਾਉ ।

ਕੋ—ਦਾ । ਨਾਥੁ—ਖਸਮ । ਪ੍ਰਤਿਪਾਲਕੁ—ਪਾਲਣ ਵਾਲਾ । ਭਗਤਿ ਵਛਲੁ—ਭਗਤੀ ਨੂੰ ਪਿਆਰ ਕਰਨ ਵਾਲਾ । ਜਾ ਕਉ—ਜਿਸ ਨੂੰ । ਤਿਸੁ—ਉਸ (ਮਨੁੱਖ) ਨੂੰ । ਤੂ ਦੇਹਿ—ਤੂੰ ਦੇਂਦਾ ਹੈਂ । ਅਸਰਾਉ—ਆਸਰਾ । ੧ ।

ਧਰ—ਆਸਰਾ । ਗਤਿ—ਚੰਗੀ ਸੁਚੱਜੀ ਹਾਲਤ । ਦਹਦਿਸ—ਦਸੀਂ ਪਾਸੀਂ । ਜਾਂਉ—ਮੈਂ ਜਾਂਦਾ ਹਾਂ । ਸੰਗੇ—ਨਾਲ ਹੀ । ਕੀਰਤਿ—ਸਿਫ਼ਤਿ ਸਾਲਾਹ । ਕਮਾਉ—ਕਮਾਉਂ, ਮੈਂ ਕਮਾਂਦਾ ਹਾਂ, ਮੈਂ ਕਰਦਾ ਹਾਂ । ੨ ।

ਏਕਸੁ ਤੇ-(ਤੋਂ) ਇੱਕ ਤੋਂ ਹੀ । ਲਾਖ—ਲੱਖਾਂ ਜਗਤ । ਤੇ—ਤੋਂ । ਗਤਿ—ਹਾਲਤ। ਮਿਤਿ—ਵਡੱਪਣ, ਮਾਪ । ਮਿਤਿ—ਅੰਦਾਜ਼ਾ । ਪਾਈਐ—ਪਾਇਆ ਜਾ ਸਕਦਾ । ਖੇਲੁ—ਤਮਾਸ਼ਾ । ਦਿਖਾਉ—ਦਿਖਾਉਂ, ਮੈਂ ਵੇਖਦਾ ਹਾਂ । ੩ ।

ਸਾਧਨ ਕਾ ਸੰਗੁ—ਸੰਤ ਜਨਾਂ ਦਾ ਸਾਥ । ਸਿਉ—ਨਾਲ । ਗੋਸਟਿ—ਵਿਚਾਰ-ਵਟਾਂਦਰਾ । ਲਿਵ—ਲਗਨ, ਪ੍ਰੀਤ । ਲਾਉ—ਲਾਉਂ, ਮੈਂ ਲਾਂਦਾ ਹਾਂ । ਜਨ ਨਾਨਕ—ਹੇ ਦਾਸ ਨਾਨਕ ! ਗੁਰਮਤਿ—ਗੁਰੂ ਦੀ ਮਤਿ ਉੱਤੇ ਤੁਰ ਕੇ । ਹਰਿ—ਹੇ ਹਰੀ ! ਮਨਿ—(ਮੇਰੇ) ਮਨ ਵਿਚ । ਚਾਉ—ਤਾਂਘ । ੪ ।

ਅਰਥ :–ਹੇ ਭਾਈ ! ਮੈਂ (ਤਾਂ ਆਪਣੇ) ਗੁਰੂ ਤੋਂ ਕੁਰਬਾਨ ਜਾਂਦਾ ਹਾਂ। ਜਿਵੇਂ ਪਪੀਹੇ ਨੂੰ (ਸ੍ਵਾਂਤੀ ਨਛੱਤ੍ਰ ਦੀ ਵਰਖਾ ਦੇ) ਪਾਣੀ ਦੀ ਪਿਆਸ ਹੁੰਦੀ ਹੈ, (ਤਿਵੇਂ ਮੇਰੇ) ਅੰਦਰ ਇਹ ਤਾਂਘ ਰਹਿੰਦੀ ਹੈ ਕਿ ਮੈਂ (ਗੁਰੂ ਦੀ ਰਾਹੀਂ) ਕਦੋਂ ਉਸ ਹਰੀ ਦਾ ਦਰਸਨ ਕਰਾਂਗਾ ਜੋ ਸਾਰੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ ਹੈ।੧।ਰਹਾਉ।

ਹੇ ਪ੍ਰਭੂ ! ਤੂੰ ਨਿਖਸਮਿਆਂ ਦਾ ਖਸਮ ਹੈਂ, ਤੂੰ ਸਭ ਜੀਵਾਂ ਦੀ ਪਾਲਣਾ ਕਰਨ ਵਾਲਾ ਹੈਂ। ਹੇ ਹਰੀ ! ਤੇਰਾ ਨਾਮ ਹੀ ਹੈ 'ਭਗਤਿ ਵਛਲੁ' (ਭਗਤੀ ਨੂੰ ਪਿਆਰ ਕਰਨ ਵਾਲਾ)। ਹੇ ਪ੍ਰਭੂ ! ਜਿਸ ਮਨੁੱਖ ਦੀ ਹੋਰ ਕੋਈ ਪ੍ਰਾਣੀ ਰੱਖਿਆ ਨਹੀਂ ਕਰ ਸਕਦਾ, ਤੂੰ (ਆਪ) ਉਸ ਨੂੰ (ਆਪਣਾ) ਆਸਰਾ ਦੇਂਦਾ ਹੈਂ।੧।

ਹੇ ਪ੍ਰਭੂ ! ਜਿੰਨ੍ਹਾਂ ਦਾ ਹੋਰ ਕੋਈ ਸਹਾਰਾ ਨਹੀਂ ਹੁੰਦਾ, ਤੂੰ ਉਹਨਾਂ ਦਾ ਸਹਾਰਾ ਬਣਦਾ ਹੈਂ, ਮੰਦੀ ਭੈੜੀ ਹਾਲਤ ਵਾਲਿਆਂ ਦੀ ਤੂੰ ਚੰਗੀ ਹਾਲਤ ਬਣਾਂਦਾ ਹੈਂ, ਜਿੰਨ੍ਹਾਂ ਨੂੰ ਕਿਤੇ ਢੋਈ ਨਹੀਂ ਮਿਲਦੀ, ਤੂੰ ਉਹਨਾਂ ਦਾ ਆਸਰਾ ਹੈਂ। ਹੇ ਪ੍ਰਭੂ! ਦਸੀਂ ਹੀ ਪਾਸੀਂ ਜਿਧਰ ਮੈਂ ਜਾਂਦਾ ਹਾਂ, ਉਥੇ ਹੀ ਤੂੰ (ਮੇਰੇ) ਨਾਲ ਹੀ ਦਿੱਸਦਾ ਹੈਂ, (ਤੇਰੀ ਮਿਹਰ ਨਾਲ) ਮੈਂ ਤੇਰੀ ਸਿਫ਼ਤਿ ਸਾਲਾਹ ਦੀ ਕਾਰ ਕਮਾਂਦਾ ਹਾਂ।੨।

ਹੇ ਪ੍ਰਭੂ ! ਤੈਂ ਇੱਕ ਤੋਂ ਲੱਖਾਂ ਬ੍ਰਹਮੰਡ ਬਣਦੇ ਹਨ, ਤੇ, ਲੱਖਾਂ ਬ੍ਰਹਮੰਡਾਂ ਤੋਂ (ਫਿਰ) ਤੂੰ ਇਕ ਆਪ ਹੀ ਆਪ ਬਣ ਜਾਂਦਾ ਹੈਂ। ਮੈਂ ਦੱਸ ਨਹੀਂ ਸਕਦਾ ਕਿ ਤੂੰ ਕਿਹੋ ਜਿਹਾ ਹੈਂ ਅਤੇ ਕੇਡਾ ਵੱਡਾ ਹੈਂ। ਹੇ ਪ੍ਰਭੂ ! ਤੂੰ ਬੇਅੰਤ ਹੈਂ, ਤੇਰੀ ਹਸਤੀ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਇਹ ਸਾਰਾ ਜਗਤ ਮੈਂ ਤਾਂ ਤੇਰਾ ਹੀ ਰਚਿਆ ਤਮਾਸ਼ਾ ਵੇਖਦਾ ਹਾਂ।੩।

(ਹੇ ਪ੍ਰਭੂ ! ਤੇਰੇ ਚਰਨਾਂ ਵਿਚ ਜੁੜਨ ਵਾਸਤੇ) ਮੈਂ ਸੰਤ ਜਨਾਂ ਦਾ ਸੰਗ ਕਰਦਾ ਹਾਂ, ਮੈਂ ਸੰਤ ਜਨਾਂ ਨਾਲ (ਤੇਰੇ ਗੁਣਾਂ ਦਾ) ਵਿਚਾਰ-ਵਟਾਂਦਰਾ ਕਰਦਾ ਰਹਿੰਦਾ ਹਾਂ, ਤੇਰੇ ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ ਤੇਰੇ ਚਰਨਾਂ ਵਿਚ ਸੁਰਤਿ ਜੋੜਦਾ ਹਾਂ। ਹੇ ਦਾਸ ਨਾਨਕ ! (ਆਖ–ਹੇ ਪ੍ਰਭੂ !) ਗੁਰੂ ਦੀ ਮਤਿ ਉਤੇ ਤੁਰਿਆਂ ਹੀ ਤੇਰਾ ਮਿਲਾਪ ਹੁੰਦਾ ਹੈ। ਹੇ ਹਰੀ ! (ਮੇਰੇ) ਮਨ ਵਿਚ (ਬੜੀ) ਤਾਂਘ ਹੈ, (ਮੈਨੂੰ) ਆਪਣਾ ਦਰਸਨ ਦੇਹ।੪।੧।

ਸਾਰਗ ਮਹਲਾ ੫ ॥ ਹਰਿ ਜੀਉ ਅੰਤਰਜਾਮੀ ਜਾਨ ॥ ਕਰਤ ਬੁਰਾਈ ਮਾਨੁਖ ਤੇ ਛਪਾਈ ਸਾਖੀ ਭੂਤ ਪਵਾਨ ॥ ੧ ॥ ਰਹਾਉ ॥ ਬੈਸਨੌ ਨਾਮੁ ਕਰਤ ਖਟ ਕਰਮਾ ਅੰਤਰਿ ਲੋਭ ਜੂਠਾਨ ॥ ਸੰਤ ਸਭਾ ਕੀ ਨਿੰਦਾ ਕਰਤੇ ਡੂਬੇ ਸਭ ਅਗਿਆਨ ॥ ੧ ॥ ਕਰਹਿ ਸੋਮਪਾਕੁ ਹਿਰਹਿ ਪਰ ਦਰਬਾ ਅੰਤਰਿ ਝੂਠ ਗੁਮਾਨ ॥ ਸਾਸਤ੍ਰ ਬੇਦ ਕੀ ਬਿਧਿ ਨਹੀ ਜਾਣਹਿ ਬਿਆਪੇ

ਮਨ ਕੈ ਮਾਨ ॥ ੨ ॥ ਸੰਧਿਆ ਕਾਲ ਕਰਹਿ ਸਭਿ ਵਰਤਾ ਜਿਉ ਸਫਰੀ ਦੰਫਾਨ ॥ ਪ੍ਰਭੂ ਭੁਲਾਏ ਊਝੜਿ ਪਾਏ ਨਿਹਫਲ ਸਭਿ ਕਰਮਾਨ ॥ ੩ ॥ ਸੋ ਗਿਆਨੀ ਸੋ ਬੈਸਨੌ ਪੜ੍ਹਿਆ ਜਿਸੁ ਕਰੀ ਕ੍ਰਿਪਾ ਭਗਵਾਨ ॥ ਉਨਿ ਸਤਿਗੁਰੁ ਸੇਵਿ ਪਰਮ ਪਦੁ ਪਾਇਆ ਉਧਰਿਆ ਸਗਲ ਬਿਸ੍ਵਾਨ ॥ ੪ ॥ ਕਿਆ ਹਮ ਕਥਹ ਕਿਛੁ ਕਥਿ ਨਹੀ ਜਾਣਹ ਪ੍ਰਭ ਭਾਵੈ ਤਿਵੈ ਬੋੁਲਾਨ॥ ਸਾਧ ਸੰਗਤਿ ਕੀ ਧੂਰਿ ਇਕ ਮਾਂਗਉ ਜਨ ਨਾਨਕ ਪਇਓ ਸਰਾਨ ॥ ੫ ॥ ੨ ॥

ਪਦ ਅਰਥ :—ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਣਨ ਵਾਲਾ। ਜਾਨ—ਸੁਜਾਨ, ਸਿਆਣਾ। ਮਾਨੁਖ ਤੇ—ਮਨੁੱਖਾਂ ਪਾਸੋਂ। ਸਾਖੀ—ਵੇਖਣ ਵਾਲਾ। ਭੂਤ—ਪਿਛਲੇ ਬੀਤੇ ਸਮੇ ਦਾ। ਪਵਾਨ—ਭਵਾਨ, ਭਵਿੱਖਤ ਦਾ। ੧। ਰਹਾਉ।

ਬੈਸਨੌ—ਵਿਸ਼ਨੂੰ ਦਾ ਭਗਤ, ਹਰੇਕ ਕਿਸਮ ਦੀ ਸਰੀਰਕ ਸੁੱਚ ਰੱਖਣ ਵਾਲਾ। ਖਟ ਕਰਮਾ—ਸ਼ਾਸਤ੍ਰਾਂ ਅਨੁਸਾਰ ਜ਼ਰੂਰੀ ਮਿਥੇ ਹੋਏ ਛੇ ਕਰਮ (ਦਾਨ ਦੇਣਾ ਤੇ ਲੈਣਾ, ਵਿੱਦਿਆ ਪੜ੍ਹਨੀ ਤੇ ਪੜ੍ਹਾਣੀ, ਜੱਗ ਕਰਨਾ ਤੇ ਕਰਾਣਾ)। ਜੂਠਾਨ—ਮਲੀਨ ਕਰਨ ਵਾਲਾ। ਅਗਿਆਨ—ਆਤਮਕ ਜੀਵਨ ਵਲੋਂ ਬੇ-ਸਮਝੀ। ੧।

ਕਰਹਿ—ਕਰਦੇ ਹਨ। ਸ੍ਵੰਮ ਪਾਕ—[स्वयं पाक] ਆਪਣੀ ਹੱਥੀਂ ਭੋਜਨ ਤਿਆਰ ਕਰਨਾ। ਹਿਰਹਿ—ਚੁਰਾਂਦੇ ਹਨ। ਦਰਬਾ—ਧਨ। ਗੁਮਾਨ—ਅਹੰਕਾਰ। ਬਿਧਿ—ਢੰਗ, ਮਰਯਾਦਾ। ਬਿਆਪੇ—ਫਸੇ ਹੋਏ। ਮਨ ਕੈ ਮਾਨ—ਮਨ ਦੇ ਮਾਣ ਵਿਚ ।੨।

ਸਭਿ—ਸਾਰੇ। ਸਫਰੀ—ਮਦਾਰੀ। ਦੰਫਾਨ—ਤਮਾਸ਼ਾ। ਊਝੜਿ—ਕੁਰਾਹੇ। ਕਰਮਾਨ—ਕਰਮ। ੩।

ਗਿਆਨੀ—ਗਿਆਨਵਾਨ। ਪੜ੍ਹਿਆ—ਵਿਦਵਾਨ। ਜਿਸੁ—ਜਿਸ ਉਤੇ। ਉਨਿ—ਉਸ ਨੇ [ਅੱਖਰ 'ਉ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਓੁਨਿ'। ਇਥੇ 'ਓਨਿ' ਪੜ੍ਹਨਾ ਹੈ]। ਪਰਮ ਪਦੁ—ਸਭ ਤੋਂ ਉੱਚਾ ਆਤਮਕ ਦਰਜਾ। ਬਿਸ੍ਵਾਨ—[ਵਿਸ਼੍ਵ] ਜਗਤ। ੪।

ਕਥਹ—ਅਸੀ ਆਖ ਸਕਦੇ ਹਾਂ। ਨਹੀ ਜਾਣਹ—ਅਸੀ ਨਹੀਂ ਜਾਣਦੇ। ਬੋੁਲਾਨ—ਬੁਲਾਂਦਾ ਹੈ। [ਅੱਖਰ 'ਬ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਬੋਲਾਨ'। ਇਥੇ 'ਬੁਲਾਨ' ਪੜ੍ਹਨਾ ਹੈ]। ਮਾਂਗਉ—ਮੈਂ ਮੰਗਦਾ ਹਾਂ। ਸਰਾਨ—ਸਰਨ। ੫।

ਅਰਥ :—ਹੇ ਭਾਈ! ਪ੍ਰਭੂ ਜੀ ਹਰੇਕ ਦੇ ਦਿਲ ਦੀ ਜਾਣਨ ਵਾਲੇ ਹਨ ਅਤੇ

ਸੁਜਾਨ ਹਨ। (ਜਿਹੜਾ ਮਨੁੱਖ) ਹੋਰਨਾਂ ਮਨੁੱਖਾਂ ਪਾਸੋਂ ਲੁਕਾ ਕੇ ਕੋਈ ਭੈੜਾ ਕੰਮ ਕਰਦਾ ਹੈ (ਉਹ ਇਹ ਨਹੀਂ ਜਾਣਦਾ ਕਿ) ਪਰਮਾਤਮਾ ਤਾਂ ਪਿਛਲੇ ਬੀਤੇ ਸਮੇ ਦੇ ਕਰਮਾਂ ਤੋਂ ਲੈ ਕੇ ਅਗਾਂਹ ਭਵਿੱਖ ਦੇ ਕੀਤੇ ਜਾਣ ਵਾਲੇ ਸਾਰੇ ਕੰਮਾਂ ਦਾ ਵੇਖਣ ਵਾਲਾ ਹੈ ।੧। ਰਹਾਉ ।

ਹੇ ਭਾਈ! (ਜਿਹੜੇ ਮਨੁੱਖ) ਆਪਣੇ ਆਪ ਨੂੰ ਵੈਸ਼ਨੋ ਅਖਵਾਂਦੇ ਹਨ, (ਸ਼ਾਸਤ੍ਰਾਂ ਦੇ ਦੱਸੇ ਹੋਏ) ਛੇ ਕਰਮ ਭੀ ਕਰਦੇ ਹਨ, (ਪਰ ਜੇ ਉਹਨਾਂ ਦੇ) ਅੰਦਰ (ਮਨ ਨੂੰ) ਮੈਲਾ ਕਰਨ ਵਾਲਾ ਲੋਭ ਵੱਸ ਰਿਹਾ ਹੈ (ਜੇ ਉਹ) ਸਾਧ ਸੰਗਤਿ ਦੀ ਨਿੰਦਾ ਕਰਦੇ ਹਨ (ਤਾਂ ਉਹ ਸਾਰੇ ਮਨੁੱਖ) ਆਤਮਕ ਜੀਵਨ ਵਲੋਂ ਬੇ-ਸਮਝੀ ਦੇ ਕਾਰਨ(ਸੰਸਾਰ-ਸਮੁੰਦਰ ਵਿਚ) ਡੁੱਬ ਜਾਂਦੇ ਹਨ।੧।

ਹੇ ਭਾਈ! (ਇਹੋ ਜਿਹੇ ਬੈਸਨੋ ਅਖਵਾਣ ਵਾਲੇ ਮਨੁੱਖ)ਆਪਣੀ ਹੱਥੀਂ ਆਪਣਾ ਭੋਜਨ ਤਿਆਰ ਕਰਦੇ ਹਨ ਪਰ ਪਰਾਇਆ ਧਨ ਚੁਰਾਂਦੇ ਹਨ, ਉਹਨਾਂ ਦੇ ਅੰਦਰ ਝੂਠ ਵੱਸਦਾ ਹੈ ਅਹੰਕਾਰ ਵੱਸਦਾ ਹੈ। ਉਹ ਮਨੁੱਖ (ਆਪਣੇ ਧਰਮ-ਪੁਸਤਕਾਂ) ਵੇਦ ਸ਼ਾਸਤ੍ਰਾਂ ਦੀ ਆਤਮਕ ਮਰਯਾਦਾ ਨਹੀਂ ਸਮਝਦੇ, ਉਹ ਤਾਂ ਆਪਣੇ ਮਨ ਦੇ ਅਹੰਕਾਰ ਵਿਚ ਹੀ ਫਸੇ ਰਹਿੰਦੇ ਹਨ।੨।

ਹੇ ਭਾਈ! (ਇਹੋ ਜਿਹੇ ਵੈਸ਼ਨੋ ਅਖਵਾਣ ਵਾਲੇ ਉਂਞ ਤਾਂ) ਤਿੰਨੇ ਵੇਲੇ ਸੰਧਿਆ ਕਰਦੇ ਹਨ, ਸਾਰੇ ਵਰਤ ਭੀ ਰੱਖਦੇ ਹਨ (ਪਰ ਉਹਨਾਂ ਦਾ ਇਹ ਸਾਰਾ ਉੱਦਮ ਇਉਂ ਹੀ ਹੈ) ਜਿਵੇਂ ਕਿਸੇ ਮਦਾਰੀ ਦਾ ਤਮਾਸ਼ਾ (ਰੋਟੀ ਕਮਾਣ ਲਈ ਹੀ)। (ਪਰ ਉਹਨਾਂ ਦੇ ਭੀ ਕੀਹ ਵੱਸ ?) ਪ੍ਰਭੂ ਨੇ ਆਪ ਹੀ ਉਹਨਾਂ ਨੂੰ ਸਹੀ ਰਾਹ ਤੋਂ ਖੁੰਝਾਇਆ ਹੈ, ਗ਼ਲਤ ਰਸਤੇ ਪਾਇਆ ਹੋਇਆ ਹੈ, ਉਹਨਾਂ ਦੇ ਸਾਰੇ (ਕੀਤੇ ਹੋਏ ਧਾਰਮਿਕ) ਕਰਮ ਵਿਅਰਥ ਜਾਂਦੇ ਹਨ।੩।

ਹੇ ਭਾਈ! ਅਸਲ ਗਿਆਨਵਾਨ ਉਹ ਮਨੁੱਖ ਹੈ, ਅਸਲ ਵੈਸ਼ਨੋ ਉਹ ਹੈ, ਅਸਲ ਵਿਦਵਾਨ ਉਹ ਹੈ, ਜਿਸ ਉਤੇ ਪਰਮਾਤਮਾ ਨੇ ਮਿਹਰ ਕੀਤੀ ਹੈ, (ਜਿਸ ਦੀ ਬਰਕਤਿ ਨਾਲ) ਉਸ ਨੇ ਗੁਰੂ ਦੀ ਸਰਨ ਪੈ ਕੇ ਸਭ ਤੋਂ ਉੱਚਾ ਆਤਮਕ ਦਰਜਾ ਹਾਸਲ ਕੀਤਾ ਹੈ, (ਅਜਿਹੇ ਮਨੁੱਖ ਦੀ ਸੰਗਤਿ ਵਿਚ) ਸਾਰਾ ਜਗਤ ਹੀ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦਾ ਹੈ।੪।

ਪਰ, ਹੇ ਭਾਈ! ਅਸੀ ਜੀਵ (ਪਰਮਾਤਮਾ ਦੀ ਰਜ਼ਾ ਬਾਰੇ) ਕੀਹ ਆਖ ਸਕਦੇ ਹਾਂ ? ਅਸੀ ਕੁਝ ਆਖਣਾ ਜਾਣਦੇ ਨਹੀਂ ਹਾਂ। ਜਿਵੇਂ ਪ੍ਰਭੂ ਨੂੰ ਚੰਗਾ ਲੱਗਦਾ ਹੈ ਤਿਵੇਂ ਉਹ ਸਾਨੂੰ ਜੀਵਾਂ ਨੂੰ ਬੋਲਣ ਲਈ ਪ੍ਰੇਰਦਾ ਹੈ। ਹੇ ਦਾਸ ਨਾਨਕ ! (ਆਖ—ਹੇ ਭਾਈ!) ਮੈਂ ਤਾਂ ਪ੍ਰਭੂ ਦੀ ਸਰਨ ਪਿਆ ਹਾਂ (ਅਤੇ ਉਸ ਦੇ ਦਰ ਤੋਂ) ਸਿਰਫ਼ ਸਾਧ ਸੰਗਤਿ (ਦੇ

ਚਰਨਾਂ) ਦੀ ਧੂੜ ਹੀ ਮੰਗਦਾ ਹਾਂ ।੫।੨।

ਸਾਰਗ ਮਹਲਾ ੫ ॥ ਅਬ ਮੋਰੋ ਨਾਚਨੋ ਰਹੋ ॥ ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ ॥ ੧ ॥ ਰਹਾਉ ॥ ਕੁਆਰ ਕੰਨਿਆ ਜੈਸੇ ਸੰਗਿ ਸਹੇਰੀ ਪ੍ਰਿਆ ਬਚਨ ਉਪਹਾਸ ਕਹੋ ॥ ਜਉ ਸੁਰਿਜਨੁ ਗ੍ਰਿਹ ਭੀਤਰਿ ਆਇਓ ਤਬ ਮੁਖੁ ਕਾਜਿ ਲਜੋ ॥ ੧ ॥ ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥ ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥ ੨ ॥ ਜਉ ਦਿਨੁ ਰੈਨਿ ਤਊ ਲਉ ਬਜਿਓ ਮੂਰਤ ਘਰੀ ਪਲੋ ॥ ਬਜਾਵਨਹਾਰੋ ਊਠਿ ਸਿਧਾਰਿਓ ਤਬ ਫਿਰਿ ਬਾਜੁ ਨ ਭਇਓ ॥ ੩ ॥ ਜੈਸੇ ਕੁੰਭ ਉਦਕਿ ਪੂਰਿ ਆਨਿਓ ਤਬ ਓਹੁ ਭਿੰਨ ਦ੍ਰਿਸਟੋ ॥ ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੋ ॥ ੪ ॥ ੩ ॥

ਪਦ ਅਰਥ :—ਮੋਰੋ—ਮੇਰਾ । ਨਾਚਨੋ—ਮਾਇਆ ਦੀ ਖ਼ਾਤਰ ਭਟਕਣਾ, ਮਾਇਆ ਦੇ ਹੱਥਾਂ ਉੱਤੇ ਨੱਚਣਾ । ਰਹੋ—ਮੁੱਕ ਗਿਆ ਹੈ । ਸਹਜੇ—ਆਤਮਕ ਅਡੋਲਤਾ ਵਿਚ । ਬਚਨਿ—ਬਚਨ ਦੀ ਰਾਹੀਂ । ਲਹੋ—ਲੱਭ ਲਿਆ ਹੈ ।੧। ਰਹਾਉ ।

ਕੁਆਰ ਕੰਨਿਆ—ਕੁਆਰੀ ਕੁੜੀ । ਸੰਗਿ ਸਹੇਰੀ—ਸਹੇਲੀਆਂ ਨਾਲ । ਉਪਹਾਸ—ਹਾਸੇ ਨਾਲ, ਹੱਸ ਹੱਸ ਕੇ । ਪ੍ਰਿਆ ਬਚਨ ਕਹੋ—ਆਪਣੇ ਪ੍ਰੀਤਮ ਦੀਆਂ ਗੱਲਾਂ ਕਰਦੀ ਹੈ । ਸੁਰਿਜਨੁ—ਪਤੀ । ਮੁਖੁ—ਮੂੰਹ । ਕਾਜਿ—ਕੱਜ ਲੈਂਦੀ ਹੈ । ਲਜੋ—ਲਾਜ ਨਾਲ ।੧।

ਕਨਿਕੋ—ਸੋਨਾ । ਕੋਠਾਰੀ ਚੜਿਓ—ਕੁਠਾਲੀ ਵਿਚ ਪੈਂਦਾ ਹੈ । ਕਬਰੋ—ਕਮਲਾ । ਜਬ ਤੇ—ਜਦੋਂ ਤੋਂ । ਬਾਰਹਿ—ਬਾਰਾਂ ਵੰਨੀਆਂ ਦਾ । ਤਬ ਤੇ—ਤਦੋਂ ਤੋਂ । ਥਾਨ ਥਿਰੋ—ਟਿਕ ਜਾਂਦਾ ਹੈ, ਮੁੜ ਕੁਠਾਲੀ ਵਿਚ ਨਹੀਂ ਪੈਂਦਾ ।੨।

ਜਉ ਦਿਨੁ—ਜਿਸ ਦਿਨ ਤਕ, ਜਦੋਂ ਤਕ । ਰੈਨਿ—(ਜ਼ਿੰਦਗੀ ਦੀ) ਰਾਤ । ਤਊ ਲਉ—ਉਤਨਾ ਚਿਰ ਹੀ । ਮੂਰਤ—ਮੁਹੂਰਤ । ਬਜਾਵਨਹਾਰੋ—ਵਜਾਣ ਵਾਲਾ ਜੀਵ। ਬਾਜੁ ਨ ਭਇਓ—(ਘੜਿਆਲ) ਨਹੀਂ ਵੱਜਦਾ ।੩।

ਕੁੰਭ—ਘੜਾ । ਉਦਕਿ—ਪਾਣੀ ਨਾਲ । ਪੂਰਿ—ਭਰ ਕੇ । ਆਨਿਓ—ਲਿਆਂਦਾ । ਓਹੁ—ਉਹ (ਪਾਣੀ) [ਅੱਖਰ 'ਓ' ਦੇ ਨਾਲ ਦੋ ਲਗਾਂ ਹਨ—ˉ ਅਤੇ _ । ਅਸਲ ਲਫ਼ਜ਼ ਹੈ 'ਉਹੁ', ਇਥੇ 'ਓਹੁ' ਪੜ੍ਹਨਾ ਹੈ] । ਭਿੰਨ—ਵੱਖਰਾ । ਦ੍ਰਿਸਟੋ—ਦਿੱਸਦਾ ਹੈ । ਜਲੈ ਮਹਿ—ਪਾਣੀ ਵਿਚ ਹੀ । ਅੰਭੈ—ਪਾਣੀ ਨੂੰ । ਅੰਭ—ਪਾਣੀ ।੪।

ਅਰਥ :–ਹੇ ਭਾਈ ! ਗੁਰੂ ਦੇ ਬਚਨ ਦੀ ਰਾਹੀਂ ਆਤਮਕ ਅਡੋਲਤਾ ਵਿਚ ਟਿਕ ਕੇ ਮੈਂ ਸੋਹਣਾ ਲਾਲ ਪ੍ਰਭੂ ਲੱਭ ਲਿਆ ਹੈ ਪ੍ਰਾਪਤ ਕਰ ਲਿਆ ਹੈ। ਹੁਣ ਮੇਰੀ ਭਟਕਣਾ ਮੁੱਕ ਗਈ ਹੈ। ੧। ਰਹਾਉ।

ਜਿਵੇਂ ਕੋਈ ਕੁਆਰੀ ਕੁੜੀ ਸਹੇਲੀਆਂ ਨਾਲ ਆਪਣੇ (ਮੰਗੇਤਰ) ਪਿਆਰੇ ਦੀਆਂ ਗੱਲਾਂ ਹੱਸ ਹੱਸ ਕੇ ਕਰਦੀ ਹੈ, ਪਰ ਜਦੋਂ (ਉਸ ਦਾ) ਪਤੀ ਘਰ ਵਿਚ ਆਉਂਦਾ ਹੈ ਤਦੋਂ (ਉਹ ਕੁੜੀ) ਲੱਜਿਆ ਨਾਲ ਆਪਣਾ ਮੂੰਹ ਕੱਜ ਲੈਂਦੀ ਹੈ। ੧।

ਜਿਵੇਂ ਕੁਠਾਲੀ ਵਿਚ ਪਿਆ ਹੋਇਆ ਸੋਨਾ (ਸੇਕ ਨਾਲ) ਕਮਲਾ ਹੋਇਆ ਫਿਰਦਾ ਹੈ, ਪਰ ਜਦੋਂ ਉਹ ਬਾਰਾਂ ਵੰਨੀਂ ਦਾ ਸੁੱਧ ਬਣ ਜਾਂਦਾ ਹੈ, ਤਦੋਂ ਉਹ (ਸੇਕ ਵਿਚ ਤੜਫਣੋਂ) ਅਡੋਲ ਹੋ ਜਾਂਦਾ ਹੈ। ੨।

ਜਦੋਂ ਤਕ (ਮਨੁੱਖ ਦੀ ਜ਼ਿੰਦਗੀ ਦੀ) ਰਾਤ ਕਾਇਮ ਰਹਿੰਦੀ ਹੈ ਤਦ ਤਕ (ਉਮਰ ਦੇ ਬੀਤਦੇ ਜਾਣ ਦੀ ਖ਼ਬਰ ਦੇਣ ਲਈ ਘੜਿਆਲ ਦੀ ਰਾਹੀਂ) ਮੁਹੂਰਤ ਘੜੀਆਂ ਪਲ ਵੱਜਦੇ ਰਹਿੰਦੇ ਹਨ। ਪਰ ਜਦੋਂ ਇਹਨਾਂ ਨੂੰ ਵਜਾਣ ਵਾਲਾ (ਦੁਨੀਆ ਤੋਂ) ਉੱਠ ਤੁਰਦਾ ਹੈ, ਤਦੋਂ (ਉਹਨਾਂ ਘੜੀਆਂ ਪਲਾਂ ਦਾ) ਵੱਜਣਾ ਮੁੱਕ ਜਾਂਦਾ ਹੈ। ੩।

ਜਿਵੇਂ ਜਦੋਂ ਕੋਈ ਘੜਾ ਪਾਣੀ ਨਾਲ ਭਰ ਕੇ ਲਿਆਂਦਾ ਜਾਏ, ਤਦੋਂ (ਘੜੇ ਵਾਲਾ) ਉਹ (ਪਾਣੀ ਖੂਹ ਆਦਿਕ ਦੇ ਹੋਰ ਪਾਣੀ ਨਾਲੋਂ) ਵੱਖਰਾ ਦਿੱਸਦਾ ਹੈ। ਹੇ ਨਾਨਕ ! ਆਖ–ਜਦੋਂ ਉਹ (ਭਰਿਆ) ਘੜਾ ਪਾਣੀ ਵਿਚ ਪਾ ਦੇਈਦਾ ਹੈ ਤਦੋਂ (ਘੜੇ ਦਾ) ਪਾਣੀ ਹੋਰ ਪਾਣੀ ਵਿਚ ਮਿਲ ਜਾਂਦਾ ਹੈ। ੪। ੩।

ਸਾਰਗ ਮਹਲਾ ੫ ॥ ਅਬ ਪੂਛੇ ਕਿਆ ਕਹਾ ॥ ਲੈਨੋ ਨਾਮੁ ਅੰਮ੍ਰਿਤ ਰਸੁ ਨੀਕੋ ਬਾਵਰ ਬਿਖੁ ਸਿਉ ਗਹਿ ਰਹਾ ॥ ੧ ॥ ਰਹਾਉ ॥ ਦੁਲਭ ਜਨਮੁ ਚਿਰੰਕਾਲ ਪਾਇਓ ਜ਼ਾਤਉ ਕਉਡੀ ਬਦਲਹਾ ॥ ਕਾਥੂਰੀ ਕੋ ਗਾਹਕੁ ਆਇਓ ਲਾਦਿਓ ਕਾਲਰ ਬਿਰਖ ਜਿਵਹਾ ॥ ੧ ॥ ਆਇਓ ਲਾਭੁ ਲਾਭਨ ਕੈ ਤਾਈ ਮੋਹਨਿ ਠਾਗਉਰੀ ਸਿਉ ਉਲਝਿ ਪਹਾ ॥ ਕਾਚ ਬਾਦਰੈ ਲਾਲੁ ਖੋਈ ਹੈ ਫਿਰਿ ਇਹੁ ਅਉਸਰੁ ਕਦਿ ਲਹਾ ॥ ੨ ॥ ਸਗਲ ਪਰਾਧ ਏਕੁ ਗੁਣੁ ਨਾਹੀ ਠਾਕੁਰੁ ਛੋਡਹ ਦਾਸਿ ਭਜਹਾ ॥ ਆਈ ਮਸਟਿ ਜੜਵਤ ਕੀ ਨਿਆਈ ਜਿਉ ਤਸਕਰੁ ਦਰਿ ਸਾਂਨਿਹਾ ॥ ੩ ॥ ਆਨ ਉਪਾਉ ਨ ਕੋਊ ਸੂਝੈ ਹਰਿ ਦਾਸਾ ਸਰਣੀ ਪਰਿ ਰਹਾ ॥ ਕਹੁ ਨਾਨਕ ਤਬ ਹੀ ਮਨ ਛੁਟੀਐ ਜਉ ਸਗਲੇ ਅਉਗਨ ਮੇਟਿ ਧਰਹਾ ॥ ੪ ॥ ੪ ॥

ਪਦ ਅਰਥ :—ਪੂਛੈ—ਜੇ (ਤੈਨੂੰ) ਪੁੱਛਿਆ ਜਾਏ। ਕਿਆ ਕਹਾ—ਕੀਹ ਦੱਸੇਂਗਾ ? ਲੈਨੋ—ਲੈਣਾ ਸੀ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ। ਨੀਕੋ—ਸੋਹਣਾ। ਬਾਵਰ—ਹੇ ਕਮਲੇ ! ਬਿਖੁ—ਆਤਮਕ ਮੌਤ ਲਿਆਉਣ ਵਾਲੀ ਮਾਇਆ ਦਾ ਮੋਹ ਜ਼ਹਰ। ਗਹਿ ਰਹਾ—ਚੰਬੜ ਰਿਹਾ ਹੈਂ।੧।ਰਹਾਉ।

ਦੁਲਭ—ਬੜੀ ਮੁਸ਼ਕਿਲ ਨਾਲ ਮਿਲਣ ਵਾਲਾ। ਚਿਰੰਕਾਲ—ਚਿਰਾਂ ਪਿਛੋਂ। ਜਾਤਉ—ਜਾ ਰਿਹਾ ਹੈ। ਬਦਲਹਾ—ਬਦਲੇ, ਵੱਟੇ ਵਿਚ। ਕਾਥੂਰੀ—ਕਸਤੂਰੀ। ਕੋ—ਦਾ। ਲਾਦਿਓ—ਤੂੰ ਲੱਦ ਲਿਆ ਹੈ, ਤੂੰ ਖ਼ਰੀਦ ਲਿਆ ਹੈ। ਬਿਰਖ ਜਿਵਹਾ—ਜਿਵਾਂਹ ਦੇ ਬੂਟੇ।੧।

ਲਾਭਨ ਕੈ ਤਾਈ—ਲੱਭਣ ਵਾਸਤੇ। ਮੋਹਨਿ—ਮਨ ਨੂੰ ਮੋਹ ਲੈਣ ਵਾਲੀ। ਠਾਗਉਰੀ—ਠਗ-ਮੂਰੀ, ਠਗ-ਬੂਟੀ। ਉਲਝਿ ਪਹਾ—ਮਨ ਜੋੜ ਬੈਠਾ ਹੈਂ। ਕਾਚ—ਕੱਚ। ਬਾਦਰੈ—ਬਦਲੇ, ਵੱਟੇ ਵਿਚ। ਖੋਈ ਹੈ—ਗਵਾ ਰਿਹਾ ਹੈਂ। ਅਉਸਰੁ—ਸਮਾ। ਕਦਿ—ਕਦੋਂ ? ਲਹਾ—ਲੱਭੇਗਾ।੨।

ਪਰਾਧ—ਅਪਰਾਧ, ਖ਼ੁਨਾਮੀਆਂ। ਛੋਡਹ—ਅਸੀ ਜੀਵ ਛੱਡ ਦੇਂਦੇ ਹਾਂ। ਦਾਸਿ—ਦਾਸੀ, ਮਾਇਆ। ਭਜਹਾ—ਭਜਹ, ਅਸੀ ਸੇਂਵਦੇ ਹਾਂ। ਮਸਟਿ—ਚੁੱਪ, ਮੂਰਛਾ ਜਿਹੀ। ਜੜਵਤ ਕੀ ਨਿਆਈ—ਜੜ੍ਹ (ਬੇ-ਜਾਨ) ਪਦਾਰਥਾਂ ਵਾਂਗ। ਤਸਕਰੁ—ਚੋਰ। ਦਰਿ—ਦਰ ਤੇ, ਬੂਹੇ ਤੇ। ਸਾਂਨਿਹਾ—ਸੰਨ੍ਹ।੩।

ਉਪਾਉ—ਇਲਾਜ। ਪਰਿ ਰਹਾ—ਮੈਂ ਪਿਆ ਰਹਿੰਦਾ ਹਾਂ। ਮਨ—ਹੇ ਮਨ ! ਛੁਟੀਐ—ਮਾਇਆ ਦੇ ਪੰਜੇ ਤੋਂ ਬਚ ਸਕੀਦਾ ਹੈ। ਜਉ—ਜਦੋਂ। ਮੇਟਿ ਧਰਹਾ—ਮੇਟਿ ਧਰਹ, ਅਸੀ ਮਿਟਾ ਦੇਵੀਏ।੪।

ਅਰਥ :—ਹੇ ਕਮਲੇ ! ਹੁਣ ਜੇ ਤੈਨੂੰ ਪੁੱਛਿਆ ਜਾਏ ਤਾਂ ਕੀਹ ਦੱਸੇਂਗਾ ? (ਤੂੰ ਇਥੇ ਜਗਤ ਵਿਚ ਆ ਕੇ) ਆਤਮਕ ਜੀਵਨ ਦੇਣ ਵਾਲਾ ਪਰਮਾਤਮਾ ਦਾ ਸੋਹਣਾ ਨਾਮ-ਰਸ ਲੈਣਾ ਸੀ, ਪਰ ਤੂੰ ਤਾਂ ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ ਦੇ ਨਾਲ ਹੀ ਚੰਬੜ ਰਿਹਾ ਹੈਂ।੧।ਰਹਾਉ।

ਹੇ ਝੱਲੇ ! ਬੜੇ ਚਿਰਾਂ ਪਿਛੋਂ (ਤੈਨੂੰ) ਦੁਰਲੱਭ (ਮਨੁੱਖਾ) ਜਨਮ ਮਿਲਿਆ ਸੀ, ਪਰ ਇਹ ਤਾਂ ਕੌਡੀ ਦੇ ਵੱਟੇ ਜਾ ਰਿਹਾ ਹੈ। ਤੂੰ (ਇਥੇ) ਕਸਤੂਰੀ ਦਾ ਗਾਹਕ ਬਣਨ ਲਈ ਆਇਆ ਸੀ, ਪਰ ਤੂੰ ਇਥੋਂ ਕੱਲਰ ਲੱਦ ਲਿਆ ਹੈ, ਜਿਵਾਂਹਾਂ ਦੇ ਬੂਟੇ ਲੱਦ ਲਏ ਹਨ।੧।

ਹੇ ਕਮਲੇ ! (ਤੂੰ ਜਗਤ ਵਿਚ ਆਤਮਕ ਜੀਵਨ ਦਾ) ਲਾਭ ਖੱਟਣ ਲਈ ਆਇਆ ਸੀ, ਪਰ ਤੂੰ ਤਾਂ ਮਨ ਨੂੰ ਮੋਹਣ ਵਾਲੀ ਮਾਇਆ ਠਗ-ਬੂਟੀ ਨਾਲ ਹੀ ਆਪਣਾ ਮਨ ਜੋੜ ਬੈਠਾ ਹੈਂ, ਤੂੰ ਕੱਚ ਦੇ ਵੱਟੇ ਲਾਲ ਗਵਾ ਰਿਹਾ ਹੈਂ। ਹੇ ਕਮਲੇ ! ਇਹ

ਮਨੁੱਖਾ ਜਨਮ ਵਾਲਾ ਸਮਾ ਫਿਰ ਕਦੋਂ ਲੱਭੇਂਗਾ ? ੨ ।

ਹੇ ਭਾਈ ! ਅਸਾਂ ਜੀਵਾਂ ਵਿਚ ਸਾਰੀਆਂ ਖ਼ੁਨਾਮੀਆਂ ਹੀ ਹਨ, ਗੁਣ ਇੱਕ ਭੀ ਨਹੀਂ । ਅਸੀ ਮਾਲਕ-ਪ੍ਰਭੂ ਨੂੰ ਛੱਡ ਦੇਂਦੇ ਹਾਂ ਅਤੇ ਉਸ ਦੀ ਦਾਸੀ ਦੀ ਹੀ ਸੇਵਾ ਕਰਦੇ ਰਹਿੰਦੇ ਹਾਂ । ਜਿਵੇਂ ਕੋਈ ਚੋਰ ਸੰਨ੍ਹ ਦੇ ਬੂਹੇ ਤੇ (ਫੜਿਆ ਜਾ ਕੇ ਮਾਰ ਖਾ ਖਾ ਕੇ ਬੇ-ਹੋਸ਼ ਹੋ ਜਾਂਦਾ ਹੈ, ਤਿਵੇਂ ਨਾਮ ਜਪਣ ਵਲੋਂ ਸਾਨੂੰ) ਜੜ੍ਹ ਪਦਾਰਥਾਂ ਵਾਂਗ ਮੂਰਛਾ ਹੀ ਆਈ ਰਹਿੰਦੀ ਹੈ । ੩ ।

ਹੇ ਭਾਈ ! (ਇਸ ਮੋਹਨੀ ਮਾਇਆ ਦੇ ਪੰਜੇ ਵਿਚੋਂ ਨਿਕਲਣ ਵਾਸਤੇ ਮੈਨੂੰ ਤਾਂ) ਕੋਈ ਹੋਰ ਢੰਗ ਨਹੀਂ ਸੁੱਝਦਾ, ਮੈਂ ਤਾਂ ਪਰਮਾਤਮਾ ਦੇ ਦਾਸਾਂ ਦੀ ਸਰਨ ਪਿਆ ਰਹਿੰਦਾ ਹਾਂ । ਹੇ ਨਾਨਕ ! ਆਖ—ਹੇ ਮਨ ! ਮਾਇਆ ਦੇ ਮੋਹ ਵਿਚੋਂ ਤਦੋਂ ਹੀ ਬਚੀਦਾ ਹੈ ਜਦੋਂ (ਪ੍ਰਭੂ ਦੇ ਸੇਵਕਾਂ ਦੀ ਸਰਨੀ ਪੈ ਕੇ ਆਪਣੇ ਅੰਦਰੋਂ) ਅਸੀ ਸਾਰੇ ਔਗਣ ਮਿਟਾ ਦੇਈਏ । ੪ । ੪ ।

ਸਾਰਗ ਮਹਲਾ ੫॥ ਮਾਈ ਧੀਰਿ ਰਹੀ ਪ੍ਰਿਅ ਬਹੁਤੁ ਬਿਰਾਗਿਓ ॥ ਅਨਿਕ ਭਾਂਤਿ ਆਨੂਪ ਰੰਗ ਰੇ ਤਿਨ ਸਿਉ ਰੁਚੈ ਨ ਲਾਗਿਓ ॥ ੧ ॥ ਰਹਾਉ ॥ ਨਿਸਿ ਬਾਸੁਰ ਪ੍ਰਿਅ ਪ੍ਰਿਅ ਮੁਖਿ ਟੇਰਉ, ਨੀਦ ਪਲਕ ਨਹੀ, ਜਾਗਿਓ ॥ ਹਾਰ ਕਜਰ ਬਸਤ੍ਰ ਅਨਿਕ ਸੀਗਾਰ ਰੇ ਬਿਨੁ ਪਿਰ ਸਭੈ ਬਿਖੁ ਲਾਗਿਓ ॥ ੧ ॥ ਪੂਛਉ ਪੂਛਉ ਦੀਨ ਭਾਂਤਿ ਕਰਿ ਕੋਊ ਕਹੈ ਪ੍ਰਿਅ ਦੇਸਾਂਗਿਓ ॥ ਹੀਂਉ ਦੇਂਉ ਸਭੁ ਮਨੁ ਤਨੁ ਅਰਪਉ ਸੀਸੁ ਚਰਣ ਪਰਿ ਰਾਖਿਓ ॥ ੨ ॥ ਚਰਣ ਬੰਦਨਾ ਅਮੋਲ ਦਾਸਰੋ, ਦੇਂਉ ਸਾਧ ਸੰਗਤਿ ਅਰਦਾਗਿਓ ॥ ਕਰਹੁ ਕ੍ਰਿਪਾ ਮੋਹਿ ਪ੍ਰਭੂ ਮਿਲਾਵਹੁ ਨਿਮਖ ਦਰਸੁ ਪੇਖਾਗਿਓ ॥ ੩ ॥ ਦ੍ਰਿਸਟਿ ਭਈ ਤਬ ਭੀਤਰਿ ਆਇਓ ਮੇਰਾ ਮਨੁ ਅਨਦਿਨੁ ਸੀਤਲਾਗਿਓ ॥ ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ ॥ ੪ ॥ ੫ ॥

ਪਦ ਅਰਥ :—ਮਾਈ—ਹੇ ਮਾਂ ! ਧੀਰਿ—[ਧੈਰਯ] ਧੀਰਜ, ਸਹਾਰਨ ਦੀ ਤਾਕਤ । ਰਹੀ—ਰਹਿ ਗਈ ਹੈ, ਮੁੱਕ ਗਈ ਹੈ । ਪ੍ਰਿਅ ਬਿਰਾਗਿਓ—ਪਿਆਰੇ ਦੇ ਵੈਰਾਗ, ਪਿਆਰੇ ਤੋਂ ਵਿਛੋੜੇ ਦਾ ਦਰਦ । ਅਨਿਕ ਭਾਂਤਿ—ਅਨੇਕਾਂ ਕਿਸਮਾਂ ਦੇ । ਆਨੂਪ—ਅਨੂਪ, ਸੋਹਣੇ । ਰੇ—ਹੇ ਭਾਈ ! [ਪੁਲਿੰਗ] । ਰੁਚੈ—ਪਿਆਰ, ਖਿੱਚ ।੧। ਰਹਾਉ ।

ਨਿਸਿ—ਰਾਤ । ਬਾਸੁਰ—ਦਿਨ । ਪ੍ਰਿਅ—ਹੇ ਪਿਆਰੇ ! ਮੁਖਿ—ਮੂੰਹ ਨਾਲ।ਟੇਰਉ—ਟੇਰਉਂ, ਮੈਂ ਉਚਾਰਦੀ ਹਾਂ, ਮੈਂ ਪੁਕਾਰਦੀ ਹਾਂ । ਕਜਰ—ਕੱਜਲ । ਬਸਤ੍ਰ—ਕੱਪੜੇ ।

ਸੀਗਾਰ–ਸਿੰਗਾਰ, ਗਹਿਣੇ। ਰੇ–ਹੇ ਭਾਈ ! ਬਿਖੁ–ਆਤਮਕ ਮੌਤ ਲਿਆਉਣ ਵਾਲੀ ਜ਼ਹਰ। ੧।

ਪੂਛਉ–ਪੂਛਉਂ, ਮੈਂ ਪੁੱਛਦੀ ਹਾਂ। ਦੀਨ–ਨਿਮਾਣਾ। ਦੀਨ ਭਾਂਤਿ ਕਰਿ–ਨਿਮਾਣਿਆਂ ਵਾਂਗ। ਭਾਂਤ–ਤਰੀਕਾ। ਪ੍ਰਿਅ ਦੇਸਾਂਗਿਓ–ਪਿਆਰੇ ਦਾ ਦੇਸ। ਹੀਂਉ–ਹਿਰਦਾ [ਅੱਖਰ 'ਓ' ਦੇ ਨਾਲ ਦੋ ਲਗਾਂ ਹਨ – ੋ ਅਤੇ ੁ। ਅਸਲ ਲਫ਼ਜ਼ 'ਹੀਂਉ' ਹੈ, ਇਥੇ 'ਹੀਂਓ' ਪੜ੍ਹਨਾ ਹੈ]। ਦੇਂਉ–ਮੈਂ ਦੇਂਦੀ ਹਾਂ, ਮੈਂ ਦੇਣ ਨੂੰ ਤਿਆਰ ਹਾਂ। ਅਰਪਉ–ਅਰਪਉਂ, ਮੈਂ ਭੇਟ ਕਰਦੀ ਹਾਂ। ਰਾਖਿਓ–ਰਾਖਿ, ਰੱਖ ਕੇ।੨।

ਬੰਦਨਾ–ਨਮਸਕਾਰ। ਅਮੋਲ–ਮੁੱਲ ਤੋਂ ਬਿਨਾ, ਦੰਮਾਂ ਤੋਂ ਬਿਨਾ। ਦਾਸਰੋ–ਨਿਮਾਣਾ ਜਿਹਾ ਦਾਸ [ਪੁਲਿੰਗ]। ਅਰਦਾਗਿਓ–ਅਰਦਾਸ। ਦੇਂਉ ਅਰਦਾਗਿਓ–ਮੈਂ ਅਰਦਾਸ ਭੇਟ ਕਰਦਾ ਹਾਂ। ਮੋਹਿ–ਮੈਨੂੰ। ਨਿਮਖ–[निमेष] ਅੱਖ ਝਮਕਣ ਜਿਤਨਾ ਸਮਾ। ਪੇਖਾਗਿਓ–ਮੈਂ ਪੇਖਾਂ, ਮੈਂ ਵੇਖਾਂ। ੩।

ਦ੍ਰਿਸਟਿ–(ਮਿਹਰ ਦੀ) ਨਿਗਾਹ। ਭੀਤਰਿ–ਮੇਰੇ ਹਿਰਦੇ ਵਿਚ। ਅਨਦਿਨੁ–ਹਰ ਰੋਜ਼, ਹਰ ਵੇਲੇ। ਸੀਤਲਾਗਿਓ–ਸੀਤਲ, ਸ਼ਾਂਤ, ਠੰਢਾ-ਠਾਰ। ਨਾਨਕ–ਹੇ ਨਾਨਕ ! ਰਸਿ–ਸੁਆਦ ਨਾਲ। ਮੰਗਲ–ਖ਼ੁਸ਼ੀ ਦੇ ਗੀਤ, ਸਿਫ਼ਤਿ ਸਾਲਾਹ ਦੇ ਗੀਤ। ਅਨਾਹਦੁ–[ਅਨ-ਆਹਤ] ਬਿਨਾ ਵਜਾਏ, ਇਕ-ਰਸ, ਹਰ ਵੇਲੇ। ਸਬਦੁ ਬਾਜਿਓ–ਗੁਰੂ ਦਾ ਸ਼ਬਦ ਵੱਜ ਰਿਹਾ ਹੈ, ਸ਼ਬਦ ਆਪਣਾ ਪੂਰਾ ਪ੍ਰਭਾਵ ਪਾ ਰਿਹਾ ਹੈ। ੪।

ਅਰਥ :–ਹੇ (ਮੇਰੀ) ਮਾਂ ! (ਮੇਰੇ ਅੰਦਰ) ਪਿਆਰੇ ਤੋਂ ਵਿਛੋੜੇ ਦਾ ਦਰਦ ਬਹੁਤ ਤੇਜ਼ ਹੋ ਗਿਆ ਹੈ, ਇਸ ਨੂੰ ਸਹਾਰਨ ਦੀ ਤਾਕਤ ਨਹੀਂ ਰਹਿ ਗਈ। ਹੇ ਭਾਈ ! (ਦੁਨੀਆ ਦੇ) ਅਨੇਕਾਂ ਕਿਸਮਾਂ ਦੇ ਸੋਹਣੇ ਸੋਹਣੇ ਰੰਗ-ਤਮਾਸ਼ੇ ਹਨ, ਪਰ ਮੇਰੇ ਅੰਦਰ ਇਹਨਾਂ ਵਾਸਤੇ ਕੋਈ ਖਿੱਚ ਹੀ ਨਹੀਂ ਪੈਂਦੀ। ੧। ਰਹਾਉ।

ਹੇ (ਵੀਰ) ! ਰਾਤ ਦਿਨ ਮੈਂ (ਆਪਣੇ) ਮੂੰਹੋਂ 'ਹੇ ਪਿਆਰੇ ! ਹੇ ਪਿਆਰੇ' ! ਬੋਲਦੀ ਰਹਿੰਦੀ ਹਾਂ, ਮੈਨੂੰ ਇਕ ਪਲ ਭਰ ਭੀ ਨੀਂਦ ਨਹੀਂ ਆਉਂਦੀ, ਸਦਾ ਜਾਗ ਕੇ (ਸਮਾ ਗੁਜ਼ਾਰ ਰਹੀ ਹਾਂ)। ਹੇ (ਵੀਰ) ! ਹਾਰ, ਕੱਜਲ, ਕੱਪੜੇ, ਅਨੇਕਾਂ ਗਹਿਣੇ–ਇਹ ਸਾਰੇ ਪ੍ਰਭੂ-ਪਤੀ ਦੇ ਮਿਲਾਪ ਤੋਂ ਬਿਨਾ ਮੈਨੂੰ ਆਤਮਕ ਮੌਤ ਲਿਆਉਣ ਵਾਲੀ ਜ਼ਹਰ ਦਿੱਸ ਰਹੇ ਹਨ। ੧।

(ਹੇ ਮਾਂ !) ਨਿਮਾਣਿਆਂ ਵਾਂਗ ਮੈਂ ਮੁੜ ਮੁੜ ਪੁੱਛਦੀ ਫਿਰਦੀ ਹਾਂ, ਭਲਾ ਜਿ ਕੋਈ ਮੈਨੂੰ ਪਿਆਰੇ ਦਾ ਦੇਸ ਦੱਸ ਦੇਵੇ। (ਪਿਆਰੇ ਦਾ ਦੇਸ ਦੱਸਣ ਵਾਲੇ ਦੇ) ਚਰਨਾਂ ਉਤੇ (ਆਪਣਾ) ਸਿਰ ਰੱਖ ਕੇ ਮੈਂ ਆਪਣਾ ਹਿਰਦਾ, ਆਪਣਾ ਮਨ ਆਪਣਾ ਤਨ ਸਭ ਕੁਝ

ਭੇਟਾ ਕਰਨ ਨੂੰ ਤਿਆਰ ਹਾਂ ।੨।

ਹੇ ਭਾਈ ! ਮੈਂ ਸਾਧ ਸੰਗਤਿ ਦੇ ਚਰਨਾਂ ਤੇ ਨਮਸਕਾਰ ਕਰਦਾ ਹਾਂ, ਮੈਂ ਸਾਧ ਸੰਗਤਿ ਦਾ ਦੰਮਾਂ ਤੋਂ ਬਿਨਾ ਹੀ ਇਕ ਨਿਮਾਣਾ ਜਿਹਾ ਦਾਸ ਹਾਂ, ਮੈਂ ਸਾਧ ਸੰਗਤਿ ਅੱਗੇ ਅਰਦਾਸ ਕਰਦਾ ਹਾਂ-(ਮੇਰੇ ਉਤੇ) ਮਿਹਰ ਕਰੋ, ਮੈਨੂੰ ਪਰਮਾਤਮਾ ਮਿਲਾ ਦਿਉ, ਮੈਂ (ਉਸ ਦਾ) ਅੱਖ ਝਮਕਣ ਜਿਤਨੇ ਸਮੇ ਲਈ ਹੀ ਦਰਸਨ ਕਰ ਲਵਾਂ ।੩।

ਹੇ ਭਾਈ ! (ਜਦੋਂ ਪਰਮਾਤਮਾ ਦੀ ਮਿਹਰ ਦੀ) ਨਿਗ੍ਹਾਹ (ਮੇਰੇ ਉਤੇ) ਹੋਈ, ਤਦੋਂ ਉਹ ਮੇਰੇ ਹਿਰਦੇ ਵਿਚ ਆ ਵੱਸਿਆ । ਹੁਣ ਮੇਰਾ ਮਨ ਹਰ ਵੇਲੇ ਠੰਢਾ-ਠਾਰ ਰਹਿੰਦਾ ਹੈ । ਹੇ ਨਾਨਕ ! ਆਖ-ਹੁਣ ਮੈਂ ਉਸ ਦੀ ਸਿਫ਼ਤਿ ਸਾਲਾਹ ਦੇ ਗੀਤ ਸੁਆਦ ਨਾਲ ਗਾਂਦਾ ਹਾਂ, (ਮੇਰੇ ਅੰਦਰ) ਗੁਰੂ ਦਾ ਸ਼ਬਦ ਇਕ-ਰਸ ਆਪਣਾ ਪੂਰਾ ਪ੍ਰਭਾਵ ਪਾਈ ਰੱਖਦਾ ਹੈ ।੪।੫।

ਸਾਰਗ ਮਹਲਾ ੫ ।। ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥ ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥ ੧ ॥ ਰਹਾਉ ।। ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ॥ ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ।। ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ।। ੨।। ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥ ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥ ੩ ॥ ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ।। ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ।। ੪ ।। ੬ ।।

ਪਦ ਅਰਥ :-ਮਾਈ-ਹੇ ਮਾਂ ! ਸਤਿ ਹਰਿ-ਸਦਾ ਕਾਇਮ ਰਹਿਣ ਵਾਲਾ ਹਰੀ । ਸਤਿ ਸਾਧਾ-ਅਟੱਲ ਆਤਮਕ ਜੀਵਨ ਵਾਲਾ ਗੁਰੂ । ਗੁਰੂ ਪੂਰੈ-ਪੂਰੇ ਗੁਰੂ ਨੇ । ਛੀਕਿ-ਖਿੱਚ ਕੇ । ਗਾਂਠਰੀ-ਪੱਲੇ । ਬਾਧਾ-ਬੰਨ੍ਹ ਲਿਆ ਹੈ । ਰਹਾਉ ।

ਨਿਸਿ-ਰਾਤ । ਬਾਸੁਰ-ਦਿਨ । ਨਖਿਅਤ੍ਰ-ਤਾਰੇ । ਬਿਨਾਸੀ-ਨਾਸਵੰਤ । ਰਵਿ ਸੂਰਜ । ਸਸੀਅਰ-[ਸ਼ਸ਼ਧਰ] ਚੰਦ੍ਰਮਾ । ਬੇਨਾਧਾ-ਨਾਸਵੰਤ । ਗਿਰਿ-ਪਹਾੜ । ਬਸੁਧਾ-ਧਰਤੀ । ਪਵਨ-ਹਵਾ । ਇਕਿ-[ਲਫ਼ਜ਼ 'ਇਕ' ਤੋਂ ਬਹੁ ਵਚਨ] ।੧।

ਅੰਡ, ਜੇਰ, ਉਤਭੁਜ, ਸੇਤ-ਅੰਡਿਆਂ ਤੋਂ, ਜਿਓਰ ਤੋਂ, ਧਰਤੀ ਤੋਂ, ਮੁੜ੍ਹਕੇ ਤੋਂ

ਪੈਦਾ ਹੋਣ ਵਾਲੇ। ਚਾਰਿ—ਚਾਰ ਵੇਦ। ਖਟਹਿ—ਛੇ ਸ਼ਾਸਤ੍ਰ ਭੀ। ਨਿਹਚਲਾਧਾ—ਅਟੱਲ।੨।

ਰਾਜ, ਤਾਮ, ਸਾਤਕੁ—ਰਾਜਸ, ਤਾਮਸ, ਸਾਤਕ (ਮਾਇਆ ਦੇ ਤਿੰਨ ਗੁਣ)—ਇਹਨਾਂ ਗੁਣਾਂ ਦੇ ਪ੍ਰਭਾਵ ਵਿਚ ਰਹਿਣ ਵਾਲੇ ਸਾਰੇ ਜੀਵ। ਦ੍ਰਿਸਟਿਮਾਨ—ਜੋ ਕੁਝ ਦਿੱਸ ਰਿਹਾ ਹੈ, ਇਹ ਸਾਰਾ ਦਿੱਸਦਾ ਜਗਤ। ਆਗਾਧਾ—ਅਗਾਧ, ਅਥਾਹ, ਅੰਤ-ਰਹਿਤ।੩।

ਆਪੇ—ਆਪ ਹੀ। ਸਭੁ ਖੇਲੁ—ਸਾਰਾ (ਜਗਤ-) ਤਮਾਸ਼ਾ। ਕਹੀ ਭਾਂਤਿ—(ਹੋਰ) ਕਿਸੇ ਤਰੀਕੇ ਨਾਲ। ਰੇ—ਹੇ ਭਾਈ! ਨਾਨਕ—ਹੇ ਨਾਨਕ! ਗੁਰ ਮਿਲਿ—ਗੁਰੂ ਨੂੰ ਮਿਲ ਕੇ।੪।

ਅਰਥ :—ਹੇ ਮਾਂ! ਪਰਮਾਤਮਾ ਸਦਾ ਹੀ ਕਾਇਮ ਰਹਿਣ ਵਾਲਾ ਹੈ, ਪਰਮਾਤਮਾ ਦੇ ਸੰਤ ਜਨ ਭੀ ਅਟੱਲ ਆਤਮਕ ਜੀਵਨ ਵਾਲੇ ਹਨ—ਇਹ ਜਿਹੜਾ ਬਚਨ (ਮੈਨੂੰ) ਪੂਰੇ ਗੁਰੂ ਨੇ ਦੱਸਿਆ ਹੈ, ਮੈਂ ਇਸ ਨੂੰ ਘੁੱਟ ਕੇ ਆਪਣੇ ਪੱਲੇ ਬੰਨ੍ਹ ਲਿਆ ਹੈ।੧। ਰਹਾਉ।

ਹੇ ਮਾਂ! ਰਾਤ, ਦਿਨ, ਤਾਰੇ, ਸੂਰਜ, ਚੰਦ੍ਰਮਾ—ਇਹ ਸਾਰੇ ਨਾਸਵੰਤ ਹਨ। ਪਹਾੜ, ਧਰਤੀ, ਪਾਣੀ, ਹਵਾ—ਹਰੇਕ ਚੀਜ਼ ਨਾਸ ਹੋ ਜਾਇਗੀ। ਸਿਰਫ਼ ਗੁਰੂ ਦੇ ਬਚਨ ਹੀ ਕਦੇ ਟਲ ਨਹੀਂ ਸਕਦੇ।੧।

ਹੇ ਮਾਂ! ਅੰਡਿਆਂ ਤੋਂ, ਜਿਓਰ ਤੋਂ, ਧਰਤੀ ਤੋਂ, ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਸਭ ਜੀਵ ਨਾਸਵੰਤ ਹਨ। ਚਾਰ ਵੇਦ, ਛੇ ਸ਼ਾਸਤ੍ਰ—ਇਹ ਭੀ ਨਾਸਵੰਤ ਹਨ। ਸਿਰਫ਼ ਗੁਰੂ ਦੇ ਬਚਨ ਹੀ ਸਦਾ ਕਾਇਮ ਰਹਿਣ ਵਾਲੇ ਹਨ। ਧਰਮ ਪੁਸਤਕ ਤਾਂ ਕਈ ਬਣੇ ਤੇ ਕਈ ਮਿਟੇ, ਪਰ ਸਾਧ ਦਾ ਬਚਨ, ਭਾਵ, ਸਿਮਰਨ ਦੀ ਪੱਧਤੀ ਸਦਾ ਅਟੱਲ ਰਹਿੰਦੀ ਹੈ।੨।

ਹੇ ਮਾਂ! (ਮਾਇਆ ਦੇ ਤਿੰਨ ਗੁਣ) ਰਾਜਸ ਤਾਮਸ ਸਾਤਕ ਨਾਸਵੰਤ ਹਨ। ਜੋ ਕੁਝ (ਇਹ ਜਗਤ) ਦਿੱਸ ਰਿਹਾ ਹੈ ਸਾਰਾ ਨਾਸਵੰਤ ਹੈ। ਸਿਰਫ਼ ਗੁਰੂ ਦੇ ਬਚਨ ਹੀ ਐਸੇ ਹਨ ਜੋ ਅਟੱਲ ਹਨ (ਭਾਵ, ਆਤਮਕ ਜੀਵਨ ਵਾਸਤੇ ਜੋ ਮਰਯਾਦਾ ਗੁਰੂ ਨੇ ਦੱਸੀ ਹੈ ਉਹ ਕਦੇ ਭੀ ਕਿਤੇ ਭੀ ਬਦਲ ਨਹੀਂ ਸਕਦੀ)।੩।

ਹੇ ਨਾਨਕ! (ਆਖ—) ਹੇ ਭਾਈ! ਜਿਹੜਾ ਪਰਮਾਤਮਾ (ਆਪਣੇ ਵਰਗਾ) ਆਪ ਹੀ ਆਪ ਹੈ, ਜਿਸ ਨੇ ਇਹ ਸਾਰਾ ਆਪਣਾ ਜਗਤ-ਤਮਾਸ਼ਾ ਵਿਖਾਲਿਆ ਹੋਇਆ ਹੈ, ਉਹ ਹੋਰ ਕਿਸੇ ਭੀ ਤਰੀਕੇ ਨਾਲ ਨਹੀਂ ਮਿਲ ਸਕਦਾ। ਉਹ ਪ੍ਰਭੂ ਗੁਰੂ ਨੂੰ ਮਿਲ ਕੇ (ਹੀ) ਲੱਭ ਸਕੀਦਾ ਹੈ।੪।੬।

ਸਾਰਗ ਮਹਲਾ ੫ ॥ ਮੇਰੈ ਮਨਿ ਬਾਸਿਬੋ ਗੁਰ ਗੋਬਿੰਦ ॥ ਜਹਾਂ ਸਿਮਰਨੁ ਭਇਓ ਹੈ ਠਾਕੁਰ ਤਹਾਂ ਨਗਰ ਸੁਖ ਆਨੰਦ ॥ ੧ ॥ ਰਹਾਉ ॥

ਜਹਾਂ ਬੀਸਰੈ ਠਾਕੁਰੁ ਪਿਆਰੋ ਤਹਾਂ ਦੂਖ ਸਭ ਆਪਦ ॥ ਜਹਗੁਨ ਗਾਇ ਆਨੰਦ ਮੰਗਲ ਰੂਪ ਤਹਾਂ ਸਦਾ ਸੁਖ ਸੰਪਦ ॥ ੧ ॥ ਜਹਾ ਸ੍ਰਵਨ ਹਰਿ ਕਥਾ ਨ ਸੁਨੀਐ ਤਹ ਮਹਾ ਭਇਆਨ ਉਦਿਆਨਦ ॥ ਜਹਾਂ ਕੀਰਤਨੁ ਸਾਧ ਸੰਗਤਿ ਰਸੁ ਤਹ ਸਘਨ ਬਾਸ ਫਲਾਂਨਦ ॥ ੨ ॥ ਬਿਨੁ ਸਿਮਰਨ ਕੋਟਿ ਬਰਖ ਜੀਵੈ ਸਗਲੀ ਅਉਧ ਬ੍ਰਿਥਾਨਦ ॥ ਏਕ ਨਿਮਖ ਗੋਬਿੰਦ ਭਜਨੁ ਕਰਿ ਤਉ ਸਦਾ ਸਦਾ ਜੀਵਾਨਦ ॥ ੩ ॥ ਸਰਨਿ ਸਰਨਿ ਸਰਨਿ ਪ੍ਰਭ ਪਾਵਉ ਦੀਜੈ ਸਾਧ ਸੰਗਤਿ ਕਿਰਪਾਨਦ ॥ ਨਾਨਕ ਪੂਰਿ ਰਹਿਓ ਹੈ ਸਰਬ ਮੈ ਸਗਲ ਗੁਣਾ ਬਿਧਿ ਜਾਂਨਦ ॥ ੪ ॥ ੭ ॥

ਪਦ ਅਰਥ:—ਮਨਿ—ਮਨ ਵਿਚ । ਬਾਸਿਬੋ—ਵੱਸਦਾ ਹੈ। ਜਹਾਂ—ਜਿੱਥੇ । ਸਿਮਰਨੁ ਠਾਕੁਰ—ਠਾਕੁਰ ਦਾ ਸਿਮਰਨ । ਤਹਾਂ ਨਗਰ—ਉਹਨਾਂ (ਹਿਰਦੇ-) ਨਗਰਾਂ ਵਿਚ । ੧। ਰਹਾਉ ।

ਬੀਸਰੈ—ਵਿਸਰ ਜਾਂਦਾ ਹੈ। ਸਭ ਆਪਦ—ਸਾਰੀਆਂ ਬਿਪਤਾਂ । ਗਾਈ—ਗਾਂਦਾ ਹੈ। ਸੰਪਦ—ਐਸ਼੍ਵਰਜ । ੧ ।

ਸ੍ਰਵਨ—ਕੰਨਾਂ ਨਾਲ । ਨ ਸੁਨੀਐ—ਨਹੀਂ ਸੁਣੀ ਜਾਂਦੀ । ਤਹ—ਉਥੇ । ਭਇਆਨ—ਭਿਆਨਕ, ਡਰਾਉਣਾ ।ਉਦਿਆਨਦ—ਜੰਗਲ । ਕੀਰਤਨੁ—ਸਿਫ਼ਤਿ ਸਾਲਾਹ । ਰਸੁ—ਸੁਆਦ । ਸਘਨ ਬਾਸ—ਸੰਘਣੀ ਸੁਗੰਧੀ । ਫਲਾਂਨਦ—ਫਲਾਂ ਦਾ ਆਨੰਦ। ੨ ।

ਕੋਟਿ ਬਰਖ—ਕ੍ਰੋੜਾਂ ਵਰ੍ਹੇ । ਜੀਵੈ—ਜੇ ਜੀਉਂਦਾ ਰਹੇ। ਸਗਲੀ—ਸਾਰੀ । ਅਉਧ—ਉਮਰ। ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ । ਜੀਵਾਨਦ—ਆਤਮਕ ਜੀਊਣ ਜੀਊਂਦਾ ਹੈ। ੩ ।

.ਪ੍ਰਭ—ਹੇ ਪ੍ਰਭੂ ! ਪਾਵਉ—ਪਾਵਉਂ, ਮੈਂ ਹਾਸਲ ਕਰਾਂ । ਦੀਜੈ—ਦੇਹ । ਕਿਰਪਾਨਦ—ਕਿਰਪਾ ਨਾਲ। ਸਰਬ ਮੈ—ਸਭਨਾਂ ਵਿਚ, ਸਾਰੀ ਸ੍ਰਿਸ਼ਟੀ ਵਿਚ । ਬਿਧਿ—ਢੰਗ। ਜਾਨਦ—ਜਾਣਦਾ ਹੈ। ੪ ।

ਅਰਥ:—ਹੇ ਭਾਈ ! ਮੇਰੇ ਮਨ ਵਿਚ ਗੁਰੂ ਗੋਬਿੰਦ ਵੱਸ ਰਿਹਾ ਹੈ। (ਮੈਨੂੰ ਇਉਂ ਸਮਝ ਆ ਰਹੀ ਹੈ ਕਿ) ਜਿੱਥੇ ਠਾਕੁਰ-ਪ੍ਰਭੂ ਦਾ ਸਿਮਰਨ ਹੁੰਦਾ ਰਹਿੰਦਾ ਹੈ, ਉਹਨਾਂ (ਹਿਰਦੇ-) ਨਗਰਾਂ ਵਿਚ ਸੁਖ ਆਨੰਦ ਬਣੇ ਰਹਿੰਦੇ ਹਨ। ੧। ਰਹਾਉ ।

ਹੇ ਭਾਈ ! ਜਿਸ ਹਿਰਦੇ ਵਿਚ ਮਾਲਕ-ਪ੍ਰਭੂ (ਦੀ ਯਾਦ) ਭੁੱਲ ਜਾਂਦੀ ਹੈ, ਉਥੇ ਸਾਰੇ ਦੁੱਖ ਸਾਰੀਆਂ ਮੁਸੀਬਤਾਂ ਆਈਆਂ ਰਹਿੰਦੀਆਂ ਹਨ । ਜਿੱਥੇ (ਕੋਈ ਮਨੁੱਖ) ਆਨੰਦ ਅਤੇ ਖ਼ੁਸ਼ੀਆਂ ਦੇਣ ਵਾਲੇ ਹਰਿ-ਗੁਣ ਗਾਂਦਾ ਰਹਿੰਦਾ ਹੈ, ਉਸ ਹਿਰਦੇ ਵਿਚ

ਖ਼ੁਸ਼ੀਆਂ ਉਸ ਹਿਰਦੇ ਵਿਚ ਰੜ੍ਹਦੀ ਕਲਾ ਬਣੀ ਰਹਿੰਦੀ ਹੈ।੧।

ਹੇ ਭਾਈ! ਜਿੱਥੇ ਕੰਨਾਂ ਨਾਲ ਪਰਮਾਤਮਾ ਦੀ ਸਿਫ਼ਤਿ ਸਾਲਾਹ ਨਹੀਂ ਸੁਣੀ ਜਾਂਦੀ, ਉਸ ਹਿਰਦੇ ਵਿਚ (ਮਾਨੋ) ਭਾਰਾ ਭਿਆਨਕ ਜੰਗਲ ਬਣਿਆ ਪਿਆ ਹੈ; ਤੇ, ਜਿਥੇ ਸਿਫ਼ਤਿ ਸਾਲਾਹ ਹੋ ਰਹੀ ਹੈ, ਸਾਧ ਸੰਗਤਿ ਵਾਲਾ ਰੰਗ ਬਣਿਆ ਹੋਇਆ ਹੈ, ਉੱਥੇ (ਮਾਨੋ, ਐਸਾ ਬਾਗ਼ ਹੈ ਜਿੱਥੇ) ਸੰਘਣੀ ਸੁਗੰਧੀ ਹੈ ਤੇ ਫਲਾਂ ਦਾ ਆਨੰਦ ਹੈ।੨।

ਹੇ ਭਾਈ! ਪਰਮਾਤਮਾ ਦੇ ਸਿਮਰਨ ਤੋਂ ਬਿਨਾ ਜੇ ਕੋਈ ਮਨੁੱਖ ਕ੍ਰੋੜਾਂ ਵਰ੍ਹੇ ਭੀ ਜੀਊਂਦਾ ਰਹੇ, (ਤਾਂ ਭੀ ਉਸ ਦੀ) ਸਾਰੀ ਉਮਰ ਵਿਅਰਥ ਜਾਂਦੀ ਹੈ। ਪਰ ਜੇ ਮਨੁੱਖ ਗੋਬਿੰਦ ਦਾ ਭਜਨ ਅੱਖ ਝਮਕਣ ਜਿਤਨੇ ਸਮੇ ਲਈ ਭੀ ਕਰੇ, ਤਾਂ ਉਹ ਸਦਾ ਹੀ ਆਤਮਕ ਜੀਵਨ ਜੀਊਂਦਾ ਹੈ।੩।

ਹੇ ਪ੍ਰਭੂ! ਮਿਹਰ ਕਰ ਕੇ ਮੈਨੂੰ ਆਪਣੀ ਸਾਧ ਸੰਗਤਿ (ਦਾ ਮਿਲਾਪ) ਬਖ਼ਸ਼ (ਤਾ ਕਿ) ਮੈਂ ਸਦਾ ਲਈ ਤੇਰੀ ਸਰਨ ਪ੍ਰਾਪਤ ਕਰੀ ਰੱਖਾਂ। ਹੇ ਨਾਨਕ! ਉਹ ਪਰਮਾਤਮਾ ਸਭਨਾਂ ਵਿਚ ਵਿਆਪਕ ਹੈ (ਆਪਣੇ ਜੀਵਾਂ ਦੇ ਅੰਦਰ ਆਪਣੇ) ਸਾਰੇ ਗੁਣ ਪੈਦਾ ਕਰਨ ਦਾ ਢੰਗ ਉਹ ਆਪ ਹੀ ਜਾਣਦਾ ਹੈ।੪।੭।

ਸਾਰਗ ਮਹਲਾ ੫ ॥ ਅਬ ਮੋਹਿ ਰਾਮ ਭਰੋਸਉ ਪਾਏ ॥ ਜੋ ਜੋ ਸਰਣਿ ਪਰਿਓ ਕਰੁਣਾਨਿਧਿ ਤੇ ਤੇ ਭਵਹਿ ਤਰਾਏ ॥੧॥ ਰਹਾਉ ॥ ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ ॥ ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ ॥੧॥ ਹਿਰਦੈ ਜਪਉ ਨੇਤ੍ਰ ਧਿਆਨੁ ਲਾਵਉ ਸ੍ਰਵਨੀ ਕਥਾ ਸੁਨਾਏ ॥ ਚਰਣੀ ਚਲਉ ਮਾਰਗਿ ਠਾਕੁਰ ਕੈ ਰਸਨਾ ਹਰਿ ਗੁਣ ਗਾਏ ॥੨॥ ਦੇਖਿਓ ਦ੍ਰਿਸਟਿ ਸਰਬ ਮੰਗਲ ਰੂਪ ਉਲਟੀ ਸੰਤ ਕਰਾਏ ॥ ਪਾਇਓ ਲਾਲੁ ਅਮੋਲੁ ਨਾਮੁ ਹਰਿ ਛੋਡਿ ਨ ਕਤਹੂ ਜਾਏ ॥੩॥ ਕਵਨ ਉਪਮਾ ਕਉਨ ਬਡਾਈ ਕਿਆ ਗੁਨ ਕਹਉ ਰੀਝਾਏ ॥ ਹੋਤ ਕ੍ਰਿਪਾਲ ਦੀਨ ਦਇਆ ਪ੍ਰਭ ਜਨ ਨਾਨਕ ਦਾਸ ਦਸਾਏ ॥੪॥੮॥

ਪਦ ਅਰਥ:—ਅਬ—ਹੁਣ, ਪਰਮਾਤਮਾ ਦੀ ਸਰਨ ਪੈ ਕੇ। ਭਰੋਸਉ—ਭਰੋਸਾ, ਯਕੀਨ, ਨਿਸ਼ਚਾ। ਮੋਹਿ—ਮੈਂ। ਕਰੁਣਾ—ਤਰਸ। ਨਿਧਿ—ਖ਼ਜ਼ਾਨਾ, ਸੋਮਾ। ਕਰੁਣਾ ਨਿਧਿ ਸਰਣਿ—ਤਰਸ ਦੇ ਸਮੁੰਦਰ ਪ੍ਰਭੂ ਦੀ ਸਰਨ। ਤੇ—ਉਹ ਮਨੁੱਖ [ਬਹੁ ਵਚਨ]। ਭਵਹਿ—ਭਵ, ਭਵ-ਸਾਗਰ, ਸੰਸਾਰ-ਸਮੁੰਦਰ। ਤਰਾਏ—ਪਾਰ ਲੰਘਾ ਦਿੱਤੇ।੧। ਰਹਾਉ।

ਸੁਖਿ-ਸੁਖ ਵਿਚ, ਆਤਮਕ ਆਨੰਦ ਵਿਚ। ਸੋਇਓ-ਲੀਨ ਹੋ ਗਿਆ। ਅਰੁ-ਅਤੇ-[ਅਰਿ-ਵੈਰੀ]। ਸਹਜਿ-ਆਤਮਕ ਅਡੋਲਤਾ ਵਿਚ। ਸਹਸਾ-ਸਹਮ, ਚਿੰਤਾ-ਫ਼ਿਕਰ। ਗੁਰਹਿ-ਗੁਰੂ ਨੇ। ਮਨ-ਬਾਂਛਤ-ਮਨ-ਮੰਗੇ। ੧।

ਹਿਰਦੈ-ਹਿਰਦੇ ਵਿਚ। ਜਪਉ-ਜਪਉਂ, ਮੈਂ ਜਪਦਾ ਹਾਂ। ਨੇਤ੍ਰ-ਅੱਖਾਂ ਵਿਚ। ਧਿਆਨੁ-ਸੁਰਤਿ। ਲਾਵਉ-ਲਾਵਉਂ, ਮੈਂ ਲਾਂਦਾ ਹਾਂ। ਸ੍ਰਵਨੀ-ਕੰਨਾਂ ਨਾਲ। ਸੁਨਾਇ-ਸੁਣਦਾ ਹਾਂ। ਚਲਉ-ਚਲਉਂ, ਮੈਂ ਤੁਰਦਾ ਹਾਂ। ਮਾਰਗਿ ਠਾਕੁਰ ਕੈ-ਠਾਕੁਰ ਦੇ ਰਸਤੇ ਤੇ। ਰਸਨਾ-ਜੀਭ। ਗਾਏ-ਗਾਂਦਾ ਹੈ। ੨।

ਦੇਖਿਓ ਦ੍ਰਿਸਟਿ-ਨਿਗਾਹ ਨਾਲ ਵੇਖ ਲਿਆ ਹੈ। ਸਰਬ ਮੰਗਲ ਰੂਪ-ਸਾਰੀਆਂ ਖ਼ੁਸ਼ੀਆਂ ਦਾ ਸਰੂਪ ਪ੍ਰਭੂ। ਉਲਟੀ ਕਰਾਏ-(ਮੇਰੀ ਬ੍ਰਿਤੀ ਮਾਇਆ ਵਲੋਂ) ਉਲਟਾ ਦਿੱਤੀ ਹੈ। ਅਮੋਲੁ-ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਛੋਡਿ-ਛੱਡ ਕੇ। ਕਤਹੂ -ਕਿਸੇ ਹੋਰ ਥਾਂ। ੩।

ਉਪਮਾ-ਸੋਭਾ। ਕਹਉ-ਕਹਉਂ, ਮੈਂ ਆਖਾਂ। ਰੀਝਾਏ-ਪ੍ਰਸੰਨ ਕਰਨ ਲਈ। ਨਾਨਕ-ਹੇ ਨਾਨਕ! ੪।

ਅਰਥ:-ਹੇ ਭਾਈ! (ਪਰਮਾਤਮਾ ਦੀ ਸਰਨ ਪੈ ਕੇ) ਹੁਣ ਮੈਂ ਪਰਮਾਤਮਾ ਦੀ ਬਾਬਤ ਇਹ ਨਿਸ਼ਚਾ ਬਣਾ ਲਿਆ ਹੈ ਕਿ ਜਿਹੜਾ ਜਿਹੜਾ ਮਨੁੱਖ ਉਸ ਤਰਸ-ਦੇ-ਸਮੁੰਦਰ ਪ੍ਰਭੂ ਦੀ ਸਰਨ ਪੈਂਦਾ ਹੈ, ਉਹਨਾਂ ਸਭਨਾਂ ਨੂੰ ਪਰਮਾਤਮਾ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦਾ ਹੈ। ੧। ਰਹਾਉ।

ਹੇ ਭਾਈ! (ਪਰਮਾਤਮਾ ਦੀ ਸਰਨ ਪੈ ਕੇ ਹੁਣ ਮੈਂ ਇਹ ਨਿਸ਼ਚਾ ਬਣਾ ਲਿਆ ਹੈ ਕਿ ਜਿਹੜਾ ਮਨੁੱਖ ਪਰਮਾਤਮਾ ਦੀ ਸਰਨ ਪੈਂਦਾ ਹੈ ਉਹ) ਆਤਮਕ ਆਨੰਦ ਵਿਚ ਲੀਨ ਰਹਿੰਦਾ ਹੈ ਅਤੇ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ, ਗੁਰੂ ਉਸ ਦੇ ਸਾਰੇ ਚਿੰਤਾ-ਫ਼ਿਕਰ ਦੂਰ ਕਰ ਦੇਂਦਾ ਹੈ। ਉਹ ਜੋ ਕੁਝ ਚਾਹੁੰਦਾ ਹੈ ਪ੍ਰਭੂ (ਉਹੀ ਕੁਝ ਉਸ ਵਾਸਤੇ) ਕਰ ਦੇਂਦਾ ਹੈ, ਉਹ ਮਨੁੱਖ ਮਨ-ਮੰਗੀਆਂ ਮੁਰਾਦਾਂ ਹਾਸਲ ਕਰ ਲੈਂਦਾ ਹੈ। ੧।

ਹੇ ਭਾਈ! (ਜਦੋਂ ਦਾ ਮੈਂ ਪਰਮਾਤਮਾ ਦੀ ਸਰਨ ਪਿਆ ਹਾਂ, ਤਦੋਂ ਤੋਂ ਹੁਣ) ਮੈਂ ਆਪਣੇ ਹਿਰਦੇ ਵਿਚ (ਪਰਮਾਤਮਾ ਦਾ ਨਾਮ) ਜਪਦਾ ਹਾਂ, ਅੱਖਾਂ ਵਿਚ ਉਸ ਦਾ ਧਿਆਨ ਧਰਦਾ ਹਾਂ, ਕੰਨਾਂ ਨਾਲ ਉਸ ਦੀ ਸਿਫਤਿ ਸਾਲਾਹ ਸੁਣਦਾ ਹਾਂ, ਪੈਰਾਂ ਨਾਲ ਉਸ ਮਾਲਕ-ਪ੍ਰਭੂ ਦੇ ਰਸਤੇ ਤੇ ਤੁਰਦਾ ਹਾਂ, ਮੇਰੀ ਜੀਭ ਉਸ ਦੇ ਗੁਣ ਗਾਂਦੀ ਰਹਿੰਦੀ ਹੈ। ੨।

ਹੇ ਭਾਈ! ਜਦੋਂ ਤੋਂ ਸੰਤ ਜਨਾਂ ਨੇ ਮੇਰੀ ਬ੍ਰਿਤੀ ਮਾਇਆ ਵਲੋਂ ਪਰਤਾ ਦਿੱਤੀ

ਹੈ, ਮੈਂ ਆਪਣੀਆਂ ਅੱਖਾਂ ਨਾਲ ਉਸ ਸਾਰੀਆਂ ਖ਼ੁਸ਼ੀਆਂ ਦੇ ਮਾਲਕ-ਹਰੀ ਨੂੰ ਵੇਖ ਲਿਆ ਹੈ। ਮੈਂ ਪਰਮਾਤਮਾ ਦਾ ਕੀਮਤੀ ਅਮੋਲਕ ਨਾਮ ਲੱਭ ਲਿਆ ਹੈ, ਉਸ ਨੂੰ ਛੱਡ ਕੇ (ਮੇਰਾ ਮਨ ਹੁਣ) ਹੋਰ ਕਿਸੇ ਭੀ ਪਾਸੇ ਨਹੀਂ ਜਾਂਦਾ। ੩।

ਹੇ ਭਾਈ! ਮੈਂ ਉਸ ਪਰਮਾਤਮਾ ਦੀ ਕਿਹੜੀ ਸਿਫ਼ਤਿ ਕਰਾਂ? ਕਿਹੜੀ ਵਡਿਆਈ ਦੱਸਾਂ? ਕਿਹੜੇ ਗੁਣ ਬਿਆਨ ਕਰਾਂ? ਜਿਸ ਕਰਕੇ ਉਹ ਮੇਰੇ ਉੱਤੇ ਪ੍ਰਸੰਨ ਹੋ ਜਾਏ। ਹੇ ਦਾਸ ਨਾਨਕ! ਦੀਨਾਂ ਉੱਤੇ ਦਇਆ ਕਰਨ ਵਾਲਾ ਪ੍ਰਭੂ ਆਪ ਹੀ ਜਿਸ ਉੱਤੇ ਦਇਆਵਾਨ ਹੁੰਦਾ ਹੈ, ਉਸ ਨੂੰ ਆਪਣੇ ਦਾਸਾਂ ਦਾ ਦਾਸ ਬਣਾ ਲੈਂਦਾ ਹੈ।੪।੮।

ਸਾਰਗ ਮਹਲਾ ੫॥ ਉਇ ਸੁਖ ਕਾ ਸਿਉ ਬਰਨਿ ਸੁਨਾਵਤ॥ ਅਨਦ ਬਿਨੋਦ ਪੇਖਿ ਪ੍ਰਭ ਦਰਸਨ ਮਨਿ ਮੰਗਲ ਗੁਨ ਗਾਵਤ॥੧॥ ਰਹਾਉ॥ ਬਿਸਮ ਭਈ ਪੇਖਿ ਬਿਸਮਾਦੀ ਪੂਰਿ ਰਹੇ ਕਿਰਪਾਵਤ॥ ਪੀਓ ਅੰਮ੍ਰਿਤ ਨਾਮੁ ਅਮੋਲਕ ਜਿਉ ਚਾਖਿ ਗੂੰਗਾ ਮੁਸਕਾਵਤ॥੧॥ ਜੈਸੇ ਪਵਨੁ ਬੰਧ ਕਰਿ ਰਾਖਿਓ ਬੂਝ ਨ ਆਵਤ ਜਾਵਤ॥ ਜਾ ਕਉ ਰਿਦੈ ਪ੍ਰਗਾਸੁ ਭਇਓ ਹਰਿ, ਉਆ ਕੀ ਕਹੀ ਨ ਜਾਇ ਕਹਾਵਤ॥੨॥ ਆਨ ਉਪਾਵ ਜੇਤੇ ਕਿਛੁ ਕਹੀਅਹਿ ਤੇਤੇ ਸੀਖੇ ਪਾਵਤ॥ ਅਚਿੰਤ ਲਾਲੁ ਗ੍ਰਿਹ ਭੀਤਰਿ ਪ੍ਰਗਟਿਓ ਅਗਮ ਜੈਸੇ ਪਰਖਾਵਤ॥੩॥ ਨਿਰਗੁਣ ਨਿਰੰਕਾਰ ਅਬਿਨਾਸੀ ਅਤੁਲੋ ਤੁਲਿਓ ਨ ਜਾਵਤ॥ ਕਹੁ ਨਾਨਕ ਅਜਰੁ ਜਿਨਿ ਜਰਿਆ ਤਿਸ ਹੀ ਕਉ ਬਨਿ ਆਵਤ॥੪॥੯॥

ਪਦ ਅਰਥ :–ਉਇ–[ਲਫ਼ਜ਼ 'ਓਹੁ' ਤੋਂ ਬਹੁ ਵਚਨ। ਅੱਖਰ 'ੳ' ਦੇ ਨਾਲ ਦੋ ਲਗਾਂ ਹਨ–ੋ ਅਤੇ ੁ। ਅਸਲ ਲਫ਼ਜ਼ 'ਓਇ' ਹੈ। ਇੱਥੇ 'ਉਇ' ਪੜ੍ਹਨਾ ਹੈ]। ਕਾ ਸਿਉ–ਕਿਸ ਨਾਲ? ਕਿਸ ਅੱਗੇ? ਬਰਨਿ–ਬਿਆਨ ਕਰ ਕੇ। ਪੇਖਿ ਪ੍ਰਭ ਦਰਸਨ–ਪ੍ਰਭੂ ਦਾ ਦਰਸਨ ਵੇਖ ਕੇ। ਮਨਿ–ਮਨ ਵਿਚ। ਮੰਗਲ–ਖ਼ੁਸ਼ੀਆਂ।੧। ਰਹਾਉ।

ਬਿਸਮ–ਹੈਰਾਨ। ਪੇਖਿ–ਵੇਖ ਕੇ। ਬਿਸਮਾਦੀ–ਅਚਰਜ-ਰੂਪ ਪ੍ਰਭੂ। ਕਿਰਪਾਵਤ–ਕਿਰਪਾਲ ਹਰੀ। ਪੀਓ–ਪੀ ਲਿਆ। ਅੰਮ੍ਰਿਤ ਨਾਮੁ–ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਚਾਖਿ–ਚੱਖ ਕੇ।੧।

ਪਵਨੁ–ਹਵਾ, ਪ੍ਰਾਣ। ਬੰਧ ਕਰਿ–ਬੰਨ੍ਹ ਕੇ, ਰੋਕ ਕੇ। ਬੂਝ–ਸਮਝ। ਆਵਤ

ਜਾਵਤ-(ਪ੍ਰਾਣਾਂ ਦੇ) ਆਉਂਦਿਆਂ ਜਾਂਦਿਆਂ ਦੀ। ਜਾ ਕਉ ਰਿਦੈ-ਜਿਸ ਦੇ ਹਿਰਦੇ ਵਿਚ। ਉਆ ਕੀ ਕਹਾਵਤ-ਉਸ ਦੀ ਦਸ਼ਾ। ੨।

ਆਨ-[ਅਨ੍ਯ] ਹੋਰ। ਉਪਾਵ-[ਲਫ਼ਜ਼ 'ਉਪਾਉ' ਤੋਂ ਬਹੁ ਵਚਨ] ਹੀਲੇ, ਜਤਨ। ਜੇਤੇ-ਜਿਤਨੇ ਭੀ। ਕਹੀਅਹਿ-ਆਖੇ ਜਾਂਦੇ ਹਨ। ਤੇਤੇ-ਉਹ ਸਾਰੇ। ਸੀਖੇ-(ਕਿਸੇ ਪਾਸੋਂ) ਸਿੱਖਿਆਂ। ਪਾਵਤ-ਸਿੱਖੇ ਜਾਂਦੇ ਹਨ। ਅਚਿੰਤ-ਚਿੰਤਾ ਦੂਰ ਕਰਨ ਵਾਲਾ ਹਰੀ। ਗ੍ਰਿਹ ਭੀਤਰਿ-ਹਿਰਦੇ ਦੇ ਅੰਦਰ ਹੀ। ਅਗਮ ਜੈਸੇ-ਕਠਨ ਜਿਹਾ। ਪਰਖਾਵਤ-(ਉਸ ਦਾ) ਪਰਖਣਾ। ੩।

ਨਿਰਗੁਣ-ਮਾਇਆ ਦੇ ਤਿੰਨ ਗੁਣਾਂ ਤੋਂ ਪਰੇ। ਨਿਰੰਕਾਰ-ਜਿਸ ਦਾ ਕੋਈ ਖਾਸ ਸਰੂਪ ਦੱਸਿਆ ਨਹੀਂ ਜਾ ਸਕਦਾ। ਅਜਰੁ-[ਅ-ਜਰੁ] ਜਿਸ ਨੂੰ ਜਰਾ ਨਹੀਂ ਵਿਆਪ ਸਕਦਾ [ਜਰਾ-ਬੁਢੇਪਾ]। ਜਿਨਿ-ਜਿਸ (ਮਨੁੱਖ) ਨੇ। ਜਰਿਆ-ਜੜਿਆ, ਹਿਰਦੇ ਵਿਚ ਪ੍ਰੋ ਲਿਆ। ਤਿਸ ਹੀ-[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ]। ਬਨਿ ਆਵਤ-ਫਬਦਾ ਹੈ, ਜਾਣਦਾ ਹੈ। ੪।

ਅਰਥ :-ਹੇ ਭਾਈ! ਪ੍ਰਭੂ ਦਾ ਦਰਸਨ ਕਰਦਿਆਂ ਪ੍ਰਭੂ ਦੇ ਗੁਣ ਗਾਂਦਿਆਂ ਮਨ ਵਿਚ ਜਿਹੜੀਆਂ ਖ਼ੁਸ਼ੀਆਂ ਪੈਦਾ ਹੁੰਦੀਆਂ ਹਨ ਜਿਹੜੇ ਆਨੰਦ ਕੌਤਕ ਪੈਦਾ ਹੁੰਦੇ ਹਨ, ਉਹਨਾਂ ਸੁਖਾਂ ਦਾ ਬਿਆਨ ਕਿਸੇ ਪਾਸੋਂ ਭੀ ਨਹੀਂ ਕੀਤਾ ਜਾ ਸਕਦਾ। ੧। ਰਹਾਉ।

ਹੇ ਭਾਈ! ਉਸ ਅਚਰਜ-ਰੂਪ ਅਤੇ ਕਿਰਪਾ ਦੇ ਸੋਮੇ ਸਰਬ-ਵਿਆਪਕ ਪ੍ਰਭੂ ਦਾ ਦਰਸਨ ਕਰ ਕੇ ਮੈਂ ਹੈਰਾਨ ਹੋ ਗਈ ਹਾਂ। ਜਦੋਂ ਮੈਂ ਉਸ ਦਾ ਆਤਮਕ ਜੀਵਨ ਦੇਣ ਵਾਲਾ ਅਮੋਲਕ ਨਾਮ-ਜਲ ਪੀਤਾ (ਤਾਂ ਮੇਰੀ ਹਾਲਤ ਇਉਂ ਹੋ ਗਈ) ਜਿਵੇਂ ਕੋਈ ਗੂੰਗਾ ਮਨੁੱਖ (ਗੁੜ ਆਦਿਕ) ਚੱਖ ਕੇ (ਸਿਰਫ਼) ਮੁਸਕ੍ਰਾਉਂਦਾ ਹੀ ਹੈ (ਸੁਆਦ ਦੱਸ ਨਹੀਂ ਸਕਦਾ)। ੧।

ਹੇ ਭਾਈ! ਜਿਵੇਂ (ਕੋਈ ਜੋਗੀ) ਆਪਣੇ ਪ੍ਰਾਨ ਰੋਕ ਲੈਂਦਾ ਹੈ, ਉਹਨਾਂ ਦੇ ਆਉਣ ਜਾਣ ਦੀ (ਕਿਸੇ ਹੋਰ ਨੂੰ) ਸਮਝ ਨਹੀਂ ਪੈ ਸਕਦੀ (ਇਸੇ ਤਰ੍ਹਾਂ) ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਰਕਾਸ਼ ਹੋ ਜਾਂਦਾ ਹੈ, ਉਸ ਮਨੁੱਖ ਦੀ ਆਤਮਕ ਦਸ਼ਾ ਬਿਆਨ ਨਹੀਂ ਕੀਤੀ ਜਾ ਸਕਦੀ। ੨।

ਹੇ ਭਾਈ! (ਦੁਨੀਆ ਵਾਲੇ ਗੁਣ ਸਿੱਖਣ ਵਾਸਤੇ) ਹੋਰ ਜਿਤਨੇ ਭੀ ਜਤਨ ਦੱਸੇ ਜਾਂਦੇ ਹਨ, ਉਹ (ਹੋਰਨਾਂ ਪਾਸੋਂ) ਸਿੱਖਿਆਂ ਹੀ ਸਿੱਖੇ ਜਾ ਸਕਦੇ ਹਨ। ਪਰ ਚਿੰਤਾ ਦੂਰ ਕਰਨ ਵਾਲਾ ਸੋਹਣਾ ਪ੍ਰਭੂ ਮਨੁੱਖ ਦੇ ਹਿਰਦੇ-ਘਰ ਦੇ ਅੰਦਰ ਹੀ ਪਰਗਟ ਹੋ ਜਾਂਦਾ ਹੈ (ਜਿਸ ਦੇ ਹਿਰਦੇ ਵਿਚ ਪਰਗਟਦਾ ਹੈ, ਉਸ ਦੀ) ਪਰਖ ਕਰਨੀ ਕਠਨ

ਜਿਹਾ ਕੰਮ ਹੈ। ੩।

ਹੇ ਭਾਈ! ਪਰਮਾਤਮਾ ਮਾਇਆ ਦੇ ਤਿੰਨ ਗੁਣਾਂ ਦੀ ਪਹੁੰਚ ਤੋਂ ਪਰੇ ਹੈ, ਪਰਮਾਤਮਾ ਦਾ ਕੋਈ ਖ਼ਾਸ ਸਰੂਪ ਦੱਸਿਆ ਨਹੀਂ ਜਾ ਸਕਦਾ, ਪਰਮਾਤਮਾ ਨਾਸ-ਰਹਿਤ ਹੈ, ਉਹ ਅਤੋਲ ਹੈ, ਉਸ ਨੂੰ ਤੋਲਿਆ ਨਹੀਂ ਜਾ ਸਕਦਾ। ਹੇ ਨਾਨਕ! ਆਖ–ਜਿਸ ਮਨੁੱਖ ਨੇ ਉਸ ਸਦਾ ਜਵਾਨ ਰਹਿਣ ਵਾਲੇ (ਜਰਾ-ਰਹਿਤ) ਪਰਮਾਤਮਾ ਨੂੰ ਆਪਣੇ ਮਨ ਵਿਚ ਵਸਾ ਲਿਆ, ਉਸ ਦੀ ਆਤਮਕ ਦਸ਼ਾ ਉਹ ਆਪ ਹੀ ਜਾਣਦਾ ਹੈ (ਬਿਆਨ ਨਹੀਂ ਕੀਤੀ ਜਾ ਸਕਦੀ)। ੪। ੯।

ਸਾਰਗ ਮਹਲਾ ੫ ॥ ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥ ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥ ੧ ॥ ਰਹਾਉ ॥ ਨਾਮੁ ਅਮੋਲਾ ਪ੍ਰੀਤਿ ਨ ਤਿਸੁ ਸਿਉ ਪਰ ਨਿੰਦਾ ਹਿਤਕਾਰੈ ॥ ਛਾਪਰੁ ਬਾਧਿ ਸਵਾਰੈ ਤ੍ਰਿਣ ਕੋ ਦੁਆਰੈ ਪਾਵਕੁ ਜਾਰੈ ॥ ੧ ॥ ਕਾਲਰ ਪੋਟ ਉਠਾਵੈ ਮੂੰਡਹਿ ਅੰਮ੍ਰਿਤੁ ਮਨ ਤੇ ਡਾਰੈ॥ ਓਢੈ ਬਸਤ੍ਰ ਕਾਜਰ ਮਹਿ ਪਰਿਆ ਬਹੁਰਿ ਬਹੁਰਿ ਫਿਰਿ ਝਾਰੈ ॥ ੨ ॥ ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥ ਗਿਰਿਓ ਜਾਇ ਰਸਾਤਲਿ ਪਰਿਓ ਛਿਟੀ ਛਿਟੀ ਸਿਰ ਭਾਰੈ ॥ ੩ ॥ ਨਿਰਵੈਰੈ ਸੰਗਿ ਵੈਰੁ ਰਚਾਏ ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ ਰਾਖਾ ਪਾਰਬ੍ਰਹਮੁ ਨਿਰੰਕਾਰੈ ॥ ੪ ॥ ੧੦ ॥

ਪਦ ਅਰਥ :–ਬਿਖਈ–ਵਿਸ਼ਈ ਵਿਕਾਰੀ ਮਨੁੱਖ। ਰੈਨਿ–ਰਾਤ। ਇਵ ਹੀ –ਇਸੇ ਤਰ੍ਹਾਂ (ਵਿਕਾਰਾਂ ਵਿਚ) ਹੀ। ਗੁਦਾਰੈ–ਗੁਜ਼ਾਰਦਾ ਹੈ। ਨ ਭਜੈ–ਨਹੀਂ ਸਿਮਰਦਾ। ਅਹੰਬੁਧਿ–ਹਉਮੈ, ਅਹੰਕਾਰ। ਮਾਤਾ–ਮਸਤ। ਜੂਐ–ਜੂਏ ਵਿਚ। ਜਿਉ–(ਜੁਆਰੀਏ) ਵਾਂਗ। ੧। ਰਹਾਉ।

ਅਮੋਲਾ–ਜਿਹੜਾ ਕਿਸੇ ਮੁੱਲ ਤੋਂ ਨਹੀਂ ਮਿਲ ਸਕਦਾ। ਸਿਉ–ਨਾਲ। ਹਿਤਕਾਰੈ–ਪਿਆਰ ਕਰਦਾ ਹੈ। ਛਾਪਰੁ ਤ੍ਰਿਣ ਕੋ–ਕੱਖਾਂ ਦਾ ਛੱਪਰ। ਬਾਧਿ–ਬੰਨ੍ਹ ਕੇ, ਬਣਾ ਕੇ। ਦੁਆਰੈ–(ਛੱਪਰ ਦੇ) ਬੂਹੇ ਉੱਤੇ। ਪਾਵਕੁ–ਅੱਗ। ਜਾਰੈ–ਬਾਲਦਾ ਹੈ। ੧।

ਕਾਲਰ ਪੋਟ–ਕੱਲਰ ਦੀ ਪੋਟਲੀ। ਮੂੰਡਹਿ–ਸਿਰ ਉੱਤੇ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਤੇ–ਤੋਂ, ਵਿਚੋਂ। ਡਾਰੈ–ਸੁੱਟ ਦੇਂਦਾ ਹੈ। ਓਢੈ–ਪਹਿਨਦਾ ਹੈ। ਕਾਜਰ ਮਹਿ–ਕੱਜਲ ਵਿਚ, ਕਾਲਖ-ਭਰੇ ਕਮਰੇ ਵਿਚ। ਪਰਿਆ–ਬੈਠਾ ਹੋਇਆ। ਬਹੁਰਿ–ਮੁੜ। ਝਾਰੈ–ਝਾੜਦਾ ਹੈ। ੨।

ਪੇਡੁ—ਰੁੱਖ । ਡਾਲ—ਟਹਿਣੀ । ਪਰਿ—ਉੱਤੇ । ਠਾਢੋ—ਖਲੋਤਾ ਹੋਇਆ । ਮੁਸਕਾਰੈ—ਮੁਸਕ੍ਰਾਂਦਾ ਹੈ । ਜਾਇ—ਜਾ ਕੇ । ਰਸਾਤਲਿ—ਪਤਾਲ ਵਿਚ, ਡੂੰਘੇ ਥਾਂ ਵਿਚ । ਛਿਟੀ ਛਿਟੀ—ਟੋਟੇ ਟੋਟੇ, ਹੱਡੀ ਹੱਡੀ । ਪਰਿਓ ਸਿਰ ਭਾਰੈ—ਸਿਰ-ਭਾਰ ਜਾ ਪਿਆ । ੩ ।

ਸੰਗਿ—ਨਾਲ । ਗਵਾਰੈ—ਗਵਾਰ, ਮੂਰਖ । ਨਾਨਕ—ਹੇ ਨਾਨਕ ! ੪ ।

ਅਰਥ :—ਹੇ ਭਾਈ ! ਵਿਸ਼ਈ ਮਨੁੱਖ ਇਸੇ ਤਰ੍ਹਾਂ (ਵਿਕਾਰਾਂ ਵਿਚ) ਹੀ ਦਿਨ ਰਾਤ (ਆਪਣੀ ਉਮਰ) ਗੁਜ਼ਾਰਦਾ ਹੈ । (ਵਿਸ਼ਈ ਮਨੁੱਖ) ਪਰਮਾਤਮਾ ਦਾ ਭਜਨ ਨਹੀਂ ਕਰਦਾ, ਅਹੰਕਾਰ ਵਿਚ ਮੱਤਾ ਹੋਇਆ (ਆਪਣਾ ਮਨੁੱਖਾ) ਜਨਮ (ਇਉਂ) ਹਾਰ ਜਾਂਦਾ ਹੈ ਜਿਵੇਂ (ਜੁਆਰੀਆ) ਜੂਏ ਵਿਚ (ਬਾਜ਼ੀ ਹਾਰਦਾ ਹੈ) । ੧ । ਰਹਾਉ ।

ਹੇ ਭਾਈ ! ਪਰਮਾਤਮਾ ਦਾ ਨਾਮ ਬਹੁਤ ਹੀ ਕੀਮਤੀ ਹੈ (ਵਿਸ਼ਈ ਮਨੁੱਖ) ਉਸ ਨਾਲ ਪਿਆਰ ਨਹੀਂ ਪਾਂਦਾ, ਦੂਜਿਆਂ ਦੀ ਨਿੰਦਾ ਨਾਲ ਪਿਆਰ ਕਰਦਾ ਹੈ । (ਵਿਸ਼ਈ ਮਨੁੱਖ, ਮਾਨੋ) ਕੱਖਾਂ ਦਾ ਛੱਪਰ ਬਣਾ ਕੇ (ਉਸ ਨੂੰ) ਸਜਾਂਦਾ ਰਹਿੰਦਾ ਹੈ (ਪਰ ਉਸ ਦੇ) ਬੂਹੇ ਅੱਗੇ ਅੱਗ ਬਾਲ ਦੇਂਦਾ ਹੈ (ਜਿਸ ਕਰਕੇ ਹਰ ਵੇਲੇ ਉਸ ਦੇ ਸੜਨ ਦਾ ਖ਼ਤਰਾ ਰਹਿੰਦਾ ਹੈ) । ੧ ।

ਹੇ ਭਾਈ ! (ਵਿਕਾਰਾਂ ਵਿਚ ਫਸਿਆ ਮਨੁੱਖ, ਮਾਨੋ) ਕੱਲਰ ਦੀ ਪੰਡ (ਆਪਣੇ) ਸਿਰ ਉੱਤੇ ਚੁੱਕੀ ਫਿਰਦਾ ਹੈ, ਅਤੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ (ਆਪਣੇ) ਮਨ ਵਿਚੋਂ (ਬਾਹਰ) ਸੁੱਟ ਦੇਂਦਾ ਹੈ, ਕਾਲਖ (-ਭਰੇ ਕਮਰੇ) ਵਿਚ ਬੈਠਾ ਹੋਇਆ (ਚਿੱਟੇ) ਕੱਪੜੇ ਪਹਿਨਦਾ ਹੈ ਅਤੇ (ਕੱਪੜਿਆਂ ਉੱਤੇ ਪਈ ਕਾਲਖ ਨੂੰ) ਮੁੜ ਮੁੜ ਝਾੜਦਾ ਰਹਿੰਦਾ ਹੈ । ੨ ।

ਹੇ ਭਾਈ ! (ਵਿਕਾਰਾਂ ਵਿਚ ਫਸਿਆ ਹੋਇਆ ਮਨੁੱਖ, ਮਾਨੋ, ਰੁੱਖ ਦੇ ਹੀ) ਟਾਹਣ ਉੱਤੇ ਖਲੋਤਾ ਹੋਇਆ (ਉਸੇ) ਰੁੱਖ ਨੂੰ ਵੱਢ ਰਿਹਾ ਹੈ, (ਨਾਲ ਨਾਲ ਹੀ ਮਿਠਿਆਈ ਆਦਿਕ) ਖਾ ਖਾ ਕੇ ਮੁਸਕ੍ਰਾ ਰਿਹਾ ਹੈ । (ਪਰ ਰੁੱਖ ਵੱਢਿਆ ਜਾਣ ਤੇ ਉਹ ਮਨੁੱਖ) ਡੂੰਘੇ ਟੋਏ ਵਿਚ ਜਾ ਡਿੱਗਦਾ ਹੈ, ਸਿਰ-ਭਾਰ ਡਿੱਗ ਕੇ ਹੱਡੀ ਹੱਡੀ ਹੋ ਜਾਂਦਾ ਹੈ । ੩ ।

ਹੇ ਭਾਈ ! ਮੂਰਖ (ਵਿਕਾਰੀ) ਮਨੁੱਖ ਉਸ ਸੰਤ ਜਨ ਨਾਲ ਸਦਾ ਵੈਰ ਬਣਾਈ ਰੱਖਦਾ ਹੈ ਜੋ ਕਿਸੇ ਨਾਲ ਭੀ ਵੈਰ ਨਹੀਂ ਕਰਦਾ । (ਮੂਰਖ ਉਸ ਸੰਤ ਜਨ ਨਾਲ ਬਰਾਬਰੀ ਕਰਨ ਦਾ ਜਤਨ ਕਰਦਾ ਹੈ,ਪਰ) ਉਸ ਦੀ ਬਰਾਬਰੀ ਨਹੀਂ ਕਰ ਸਕਦਾ ।

ਹੇ ਨਾਨਕ ! ਆਖ—(ਵਿਕਾਰੀ ਮੂਰਖ ਮਨੁੱਖ ਸੰਤ ਜਨਾਂ ਦਾ ਕੁਝ ਵਿਗਾੜ

ਨਹੀਂ ਸਕਦਾ, ਕਿਉਂਕਿ) ਸੰਤ ਜਨਾਂ ਦਾ ਰਾਖਾ ਨਿਰੰਕਾਰ ਪਾਰਬ੍ਰਹਮ (ਸਦਾ ਆਪ) ਹੈ। ੪।੧੦।

ਸਾਰਗ ਮਹਲਾ ੫ ॥ ਅਵਰਿ ਸਭਿ ਭੂਲੇ ਭ੍ਰਮਤ ਨ ਜਾਨਿਆ ॥ ਏਕੁ ਸੁਧਾਖਰੁ ਜਾ ਕੈ ਹਿਰਦੈ ਵਸਿਆ, ਤਿਨਿ ਬੇਦਹਿ ਤਤੁ ਪਛਾਨਿਆ ॥ ੧ ॥ ਰਹਾਉ ॥ ਪਰਵਿਰਤਿ ਮਾਰਗੁ ਜੇਤਾ ਕਿਛੁ ਹੋਈਐ ਤੇਤਾ ਲੋਗ ਪਚਾਰਾ ॥ ਜਉ ਲਉ ਰਿਦੈ ਨਹੀ ਪਰਗਾਸਾ ਤਉ ਲਉ ਅੰਧ ਅੰਧਾਰਾ ॥ ੧ ॥ ਜੈਸੇ ਧਰਤੀ ਸਾਧੈ ਬਹੁ ਬਿਧਿ, ਬਿਨੁ ਬੀਜੈ ਨਹੀ ਜਾਂਮੈ ॥ ਰਾਮਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ ॥ ੨ ॥ ਨੀਰੁ ਬਿਲੋਵੈ ਅਤਿ ਸ੍ਰਮੁ ਪਾਵੈ ਨੈਨੂ ਕੈਸੇ ਰੀਸੈ ॥ ਬਿਨੁ ਗੁਰ ਭੇਟੇ ਮੁਕਤਿ ਨ ਕਾਹੂ ਮਿਲਤ ਨਹੀ ਜਗਦੀਸੈ ॥ ੩ ॥ ਖੋਜਤ ਖੋਜਤ ਇਹੈ ਬੀਚਾਰਿਓ ਸਰਬ ਸੁਖਾ ਹਰਿ ਨਾਮਾ ॥ ਕਹੁ ਨਾਨਕ ਤਿਸੁ ਭਇਓ ਪਰਾਪਤਿ ਜਾ ਕੈ ਲੇਖੁ ਮਥਾਮਾ ॥ ੪ ॥ ੧੧ ॥

ਪਦ ਅਰਥ :-ਅਵਰਿ—[ਲਫ਼ਜ਼ 'ਅਵਰ' ਤੋਂ ਬਹੁ ਵਚਨ] ਹੋਰ। ਸਭਿ—ਸਾਰੇ। ਭੂਲੇ—ਸਹੀ ਜੀਵਨ-ਰਾਹ ਤੋਂ ਖੁੰਝੇ ਹੋਏ। ਭ੍ਰਮਤ—ਭਟਕਦਿਆਂ। ਨ ਜਾਨਿਆ—ਆਤਮਕ ਜੀਵਨ ਦੀ ਸੂਝ ਨਹੀਂ ਪੈਂਦੀ। ਸੁਧਾਖਰੁ—ਸ਼ੁੱਧ ਅੱਖਰ, ਪਵਿੱਤਰ ਹਰਿ-ਨਾਮ। ਜਾ ਕੈ ਹਿਰਦੈ—ਜਿਸ ਮਨੁੱਖ ਦੇ ਹਿਰਦੇ ਵਿਚ। ਤਿਨਿ—ਉਸ (ਮਨੁੱਖ) ਨੇ। ਬੇਦਹਿ ਤਤੁ—ਵੇਦ (ਆਦਿਕ ਧਰਮ-ਪੁਸਤਕਾਂ) ਦੀ ਅਸਲੀਅਤ। ੧। ਰਹਾਉ।

ਪਰਵਿਰਤਿ ਮਾਰਗੁ—ਦੁਨੀਆ ਦੇ ਧੰਧਿਆਂ ਵਿਚ ਰੁੱਝੇ ਰਹਿਣ ਵਾਲਾ ਜੀਵਨ-ਰਾਹ। ਮਾਰਗੁ—ਰਸਤਾ। ਜੇਤਾ—ਜਿਤਨਾ ਹੀ। ਤੇਤਾ—ਉਹ ਸਾਰਾ ਹੀ। ਲੋਗ ਪਚਾਰਾ—ਜਗਤ ਨੂੰ ਪਰਚਾਉਣ ਵਾਲਾ, ਲੋਕਾਂ ਵਿਚ ਆਪਣੀ ਇੱਜ਼ਤ ਬਣਾਈ ਰੱਖਣ ਵਾਲਾ। ਜਉ ਲਉ—ਜਦੋਂ ਤਕ। ਪਰਗਾਸਾ—ਚਾਨਣ। ਅੰਧ ਅੰਧਾਰਾ—ਘੁੱਪ ਹਨੇਰਾ। ੧।

ਜੈਸੇ—ਜਿਵੇਂ। ਸਾਧੈ—ਸਾਧਦਾ ਹੈ, ਤਿਆਰ ਕਰਦਾ ਹੈ। ਬਹੁ ਬਿਧਿ—ਕਈ ਤਰੀਕਿਆਂ ਨਾਲ। ਜਾਂਮੈ—ਜੰਮਦਾ, ਉੱਗਦਾ। ਮੁਕਤਿ—ਵਿਕਾਰਾਂ ਤੋਂ ਖਲਾਸੀ। ੨।

ਨੀਰੁ—ਪਾਣੀ। ਬਿਲੋਵੈ—ਰਿੜਕਦਾ ਹੈ। ਸ੍ਰਮੁ—ਥਕੇਵਾਂ। ਨੈਨੂ—ਮੱਖਣ। ਕੈਸੇ ਰੀਸੈ—ਕਿਵੇਂ ਨਿਕਲ ਸਕਦਾ ਹੈ? ਬਿਨੁ ਭੇਟੇ—ਮਿਲਣ ਤੋਂ ਬਿਨਾ। ਕਾਹੂ—ਕਿਸੇ ਨੂੰ ਭੀ। ਜਗਦੀਸੈ—ਜਗਤ ਦੇ ਮਾਲਕ-ਹਰੀ ਨੂੰ। ੩।

ਖੋਜਤ—ਖੋਜ ਕਰਦਿਆਂ। ਇਹੈ—ਇਹ ਹੀ। ਸਰਬ—ਸਾਰੇ। ਜਾ ਕੈ ਮਥਾਮਾ—ਜਿਸ ਦੇ ਮੱਥੇ ਉੱਤੇ। ੪।

ਅਰਥ :–ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਪਵਿੱਤਰ ਨਾਮ ਵੱਸਦਾ ਹੈ, ਉਸ ਨੇ (ਸਮਝੋ) ਵੇਦ (ਆਦਿਕ ਧਰਮ-ਪੁਸਤਕਾਂ) ਦਾ ਤੱਤ ਸਮਝ ਲਿਆ। ਹੋਰ ਸਾਰੇ ਜੀਵ ਕੁਰਾਹੇ ਪਏ ਰਹਿੰਦੇ ਹਨ, (ਮਾਇਆ ਦੀ ਖ਼ਾਤਰ) ਭਟਕਦਿਆਂ ਉਹਨਾਂ ਨੂੰ (ਸਹੀ ਜੀਵਨ-ਰਾਹ ਦੀ) ਸੂਝ ਨਹੀਂ ਪੈਂਦੀ। ੧। ਰਹਾਉ।

ਹੇ ਭਾਈ ! ਦੁਨੀਆ ਦੇ ਧੰਧਿਆਂ ਵਿਚ ਰੁੱਝੇ ਰਹਿਣ ਵਾਲਾ ਜਿਤਨਾ ਭੀ ਜੀਵਨ-ਰਸਤਾ ਹੈ, ਇਹ ਸਾਰਾ ਲੋਕਾਂ ਵਿਚ ਆਪਣੀ ਇੱਜ਼ਤ ਬਣਾਈ ਰੱਖਣ ਵਾਲਾ ਰਸਤਾ ਹੈ। ਜਦੋਂ ਤਕ (ਮਨੁੱਖ ਦੇ) ਹਿਰਦੇ ਵਿਚ (ਹਰਿ-ਨਾਮ ਦਾ) ਚਾਨਣ ਨਹੀਂ ਹੁੰਦਾ, ਤਦ ਤਕ (ਆਤਮਕ ਜੀਵਨ ਵੱਲੋਂ) ਘੁੱਪ ਹਨੇਰਾ ਟਿਕਿਆ ਰਹਿੰਦਾ ਹੈ। ੧।

ਹੇ ਭਾਈ ! ਜਿਵੇਂ (ਕੋਈ ਕਿਸਾਨ ਆਪਣੀ) ਜ਼ਮੀਨ ਨੂੰ ਕਈ ਤਰੀਕਿਆਂ ਨਾਲ ਤਿਆਰ ਕਰਦਾ ਹੈ, ਪਰ ਉਸ ਵਿਚ ਬੀ ਬੀਜਣ ਤੋਂ ਬਿਨਾ ਕੁਝ ਭੀ ਨਹੀਂ ਉੱਗਦਾ। (ਇਸੇ ਤਰ੍ਹਾਂ) ਪਰਮਾਤਮਾ ਦਾ ਨਾਮ (ਹਿਰਦੇ ਵਿਚ ਬੀਜਣ) ਤੋਂ ਬਿਨਾ ਮਨੁੱਖ ਨੂੰ ਵਿਕਾਰਾਂ ਤੋਂ ਖ਼ਲਾਸੀ ਹਾਸਲ ਨਹੀਂ ਹੁੰਦੀ, ਉਸ ਦੇ ਅੰਦਰੋਂ ਅਹੰਕਾਰ ਨਹੀਂ ਮੁੱਕਦਾ। ੨।

ਹੇ ਭਾਈ ! ਜਿਹੜਾ ਮਨੁੱਖ ਪਾਣੀ ਨੂੰ ਹੀ ਰਿੜਕਦਾ ਰਹਿੰਦਾ ਹੈ ਉਹ ਨਿਰਾ ਬਹੁਤ ਥਕੇਵਾਂ ਹੀ ਖੱਟਦਾ ਹੈ, (ਪਾਣੀ ਰਿੜਕਣ ਨਾਲ ਉਸ ਵਿਚੋਂ) ਮੱਖਣ ਨਹੀਂ ਨਿਕਲ ਸਕਦਾ। (ਤਿਵੇਂ ਹੀ) ਗੁਰੂ ਨੂੰ ਮਿਲਣ ਤੋਂ ਬਿਨਾ ਕਿਸੇ ਨੂੰ ਭੀ ਮੁਕਤੀ (ਵਿਕਾਰਾਂ ਤੋਂ ਖ਼ਲਾਸੀ) ਪ੍ਰਾਪਤ ਨਹੀਂ ਹੁੰਦੀ, ਮਨੁੱਖ ਪਰਮਾਤਮਾ ਨੂੰ ਨਹੀਂ ਮਿਲ ਸਕਦਾ। ੩।

ਹੇ ਨਾਨਕ ! ਆਖ–ਖੋਜ ਕਰਦਿਆਂ ਕਰਦਿਆਂ (ਅਸਾਂ) ਇਹੀ ਵਿਚਾਰ ਕੀਤੀ ਹੈ ਕਿ ਪਰਮਾਤਮਾ ਦਾ ਨਾਮ (ਹੀ) ਸਾਰੇ ਸੁਖ ਦੇਣ ਵਾਲਾ ਹੈ। ਪਰ ਇਹ ਹਰਿ-ਨਾਮ ਉਸ ਮਨੁੱਖ ਨੂੰ ਮਿਲਦਾ ਹੈ ਜਿਸ ਦੇ ਮੱਥੇ ਉਤੇ (ਹਰਿ-ਨਾਮ ਦੀ ਪ੍ਰਾਪਤੀ ਦਾ) ਲੇਖ (ਜਾਗਦਾ) ਹੈ। ੪। ੧੧।

ਸਾਰਗ ਮਹਲਾ ੫ ॥ ਅਨਦਿਨ ਰਾਮ ਕੇ ਗੁਣ ਕਹੀਐ ॥ ਸਗਲ ਪਦਾਰਥ ਸਰਬ ਸੂਖ ਸਿਧਿ ਮਨ ਬਾਂਛਤ ਫਲ ਲਹੀਐ ॥ ੧ ॥ ਰਹਾਉ ॥ ਆਵਹੁ ਸੰਤ ਪ੍ਰਾਨ ਸੁਖਦਾਤੇ ਸਿਮਰਹ ਪ੍ਰਭੁ ਅਬਿਨਾਸੀ ॥ ਅਨਾਥਹ ਨਾਥੁ ਦੀਨ ਦੁਖ ਭੰਜਨ ਪੂਰਿ ਰਹਿਓ ਘਟ ਵਾਸੀ ॥ ੧ ॥ ਗਾਵਤ ਸੁਨਤ ਸੁਨਾਵਤ ਸਰਧਾ ਹਰਿ ਰਸੁ ਪੀ ਵਡਭਾਗੇ ॥ ਕਲਿ ਕਲੇਸ ਮਿਟੇ ਸਭਿ ਤਨ ਤੇ ਰਾਮਨਾਮ ਲਿਵ ਜਾਗੇ ॥੨॥ ਕਾਮੁ ਕ੍ਰੋਧੁ ਝੂਠੁ ਤਜਿ ਨਿੰਦਾ, ਹਰਿ ਸਿਮਰਨਿ ਬੰਧਨ ਤੂਟੇ ॥ ਮੋਹ ਮਗਨ ਅਹੰ ਅੰਧ ਮਮਤਾ, ਗੁਰ ਕਿਰਪਾ ਤੇ ਛੂਟੇ ॥ ੩ ॥

ਤੂ ਸਮਰਥੁ ਪਾਰਬ੍ਰਹਮ ਸੁਆਮੀ ਕਰਿ ਕਿਰਪਾ ਜਨੁ ਤੇਰਾ ॥ ਪੂਰਿ ਰਹਿਓ ਸਰਬ ਮਹਿ ਠਾਕੁਰੁ ਨਾਨਕ ਸੋ ਪ੍ਰਭੁ ਨੇਰਾ ॥ ੪ ॥ ੧੨ ॥

ਪਦ ਅਰਥ :—ਅਨਦਿਨੁ—[ਅਨੁਦਿਨੰ] ਹਰ ਰੋਜ਼ । ਕਹੀਐ—ਆਓ, ਭਾਈ ! ਆਖਿਆ ਕਰੀਏ । ਸਗਲ—ਸਾਰੇ । ਸਿਧਿ—ਸਿੱਧੀਆਂ । ਮਨ ਬਾਂਛਤ—ਮਨ-ਮੰਗੇ । ਲਹੀਐ—ਆਓ, ਭਾਈ ! ਪ੍ਰਾਪਤ ਕਰੀਏ । ੧ । ਰਹਾਉ ।

ਸੰਤ—ਹੇ ਸੰਤ ਜਨੋ ! ਸਿਮਰਹ—ਆਓ, ਅਸੀ ਸਿਮਰੀਏ । ਅਨਾਥਹ ਨਾਥੁ—ਨਿਖਸਮਿਆਂ ਦਾ ਖਸਮ । ਦੀਨ—ਗਰੀਬ । ਪੂਰਿ ਰਹਿਓ—ਵਿਆਪਕ ਹੈ । ਘਟ ਵਾਸੀ ਸਾਰੇ ਸਰੀਰਾਂ ਵਿਚ ਵੱਸਣ ਵਾਲਾ । ੧ ।

ਗਾਵਤ—ਗਾਂਦਿਆਂ । ਸਰਧਾ—ਸਰਧਾ ਨਾਲ । ਪੀ—ਪੀ ਕੇ । ਵਡ ਭਾਗੀ—ਵੱਡੇ ਭਾਗਾਂ ਵਾਲੇ । ਕਲਿ—ਝਗੜੇ । ਕਲੇਸ—ਦੁੱਖ । ਸਭਿ—ਸਾਰੇ । ਤੇ—ਤੋਂ । ਲਿਵ—ਲਗਨ । ਜਾਗੇ—ਸੁਚੇਤ ਹੋ ਗਏ । ੨ ।

ਤਜਿ—ਤਜ ਕੇ, ਤਿਆਗ ਕੇ । ਸਿਮਰਨਿ—ਸਿਮਰਨ ਦੀ ਰਾਹੀਂ । ਮੋਹ ਮਗਨ—ਮੋਹ (ਦੇ ਸਮੁੰਦਰ) ਵਿਚ ਡੁੱਬੇ ਰਹਿਣਾ । ਅਹੰ ਅੰਧ—ਹਉਮੈ ਵਿਚ ਅੰਨ੍ਹੇ ਹੋਏ ਰਹਿਣਾ । ਮਮਤਾ—ਅਪਣੱਤ । ਗੁਰ ਕਿਰਪਾ ਤੇ—ਗੁਰੂ ਦੀ ਕਿਰਪਾ ਨਾਲ । ੩ ।

ਸਮਰਥੁ—ਸਾਰੀਆਂ ਤਾਕਤਾਂ ਦਾ ਮਾਲਕ । ਪਾਰਬ੍ਰਹਮ—ਹੇ ਪਾਰਬ੍ਰਹਮ ! ਸੁਆਮੀ—ਹੇ ਸੁਆਮੀ ! ਜਨੁ—ਸੇਵਕ । ਸਰਬ ਮਹਿ—ਸਾਰੇ ਜੀਵਾਂ ਵਿਚ । ਨਾਨਕ—ਹੇ ਨਾਨਕ ! ਨੇਰਾ—(ਸਭ ਦੇ) ਨੇੜੇ । ੪ ।

ਅਰਥ :—ਹੇ ਭਾਈ ! ਆਓ, ਅਸੀ ਹਰ ਵੇਲੇ ਪਰਮਾਤਮਾ ਦੇ ਗੁਣ ਗਾਂਦੇ ਰਹੀਏ । (ਗੁਣ ਗਾਣ ਦੀ ਬਰਕਤਿ ਨਾਲ) ਹੇ ਭਾਈ ! ਆਓ, ਸਾਰੇ ਪਦਾਰਥ, ਸਾਰੇ ਸੁਖ, ਸਾਰੀਆਂ ਸਿੱਧੀਆਂ, ਸਾਰੇ ਮਨ-ਮੰਗੇ ਫਲ ਹਾਸਲ ਕਰੀਏ । ੧ । ਰਹਾਉ ।

ਹੇ ਸੰਤ ਜਨੋ ! ਆਓ, ਅਸੀ ਪ੍ਰਾਣ-ਦਾਤੇ ਸੁਖ-ਦਾਤੇ ਅਬਿਨਾਸੀ ਪ੍ਰਭੂ (ਦਾ ਨਾਮ) ਸਿਮਰੀਏ । ਉਹ ਪ੍ਰਭੂ ਨਿਖਸਮਿਆਂ ਦਾ ਖਸਮ ਹੈ, ਉਹ ਪ੍ਰਭੂ ਗ਼ਰੀਬਾਂ ਦੇ ਦੁੱਖ ਨਾਸ ਕਰਨ ਵਾਲਾ ਹੈ, ਉਹ ਪ੍ਰਭੂ ਸਭ ਥਾਈਂ ਵਿਆਪਕ ਹੈ, ਉਹ ਪ੍ਰਭੂ ਸਾਰੇ ਸਰੀਰਾਂ ਵਿਚ ਮੌਜੂਦ ਹੈ । ੧ ।

ਹੇ ਸੰਤ ਜਨੋ ! ਪਰਮਾਤਮਾ ਦੇ ਗੁਣ ਸਰਧਾ ਨਾਲ ਗਾਂਦਿਆਂ ਸੁਣਦਿਆਂ ਸੁਣਾਂ-ਦਿਆਂ ਪਰਮਾਤਮਾ ਦਾ ਨਾਮ-ਰਸ ਪੀ ਕੇ ਵੱਡੇ ਭਾਗਾਂ ਵਾਲਾ ਬਣ ਜਾਈਦਾ ਹੈ । ਹੇ ਸੰਤ ਜਨੋ ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਵਿਚ ਸੁਰਤਿ ਜੋੜ ਕੇ (ਵਿਕਾਰਾਂ ਦੇ ਹੱਲਿਆਂ ਵੱਲੋਂ ਸਦਾ) ਸੁਚੇਤ ਰਹਿੰਦੇ ਹਨ, ਉਹਨਾਂ ਦੇ ਸਰੀਰ ਵਿਚੋਂ ਸਾਰੇ ਝਗੜੇ ਸਾਰੇ ਦੁੱਖ ਮਿਟ ਜਾਂਦੇ ਹਨ । ੨ ।

ਹੇ ਸੰਤ ਜਨੋ ! ਕਾਮ ਕ੍ਰੋਧ ਝੂਠ ਨਿੰਦਿਆ ਛੱਡ ਕੇ ਪਰਮਾਤਮਾ ਦਾ ਨਾਮ ਸਿਮਰਨ ਦੀ ਰਾਹੀਂ (ਮਨੁੱਖ ਦੇ ਅੰਦਰੋਂ ਮਾਇਆ ਦੇ ਮੋਹ ਦੀਆਂ ਸਾਰੀਆਂ) ਫਾਹੀਆਂ ਟੁੱਟ ਜਾਂਦੀਆਂ ਹਨ । ਮੋਹ ਵਿਚ ਡੁੱਬੇ ਰਹਿਣਾ, ਹਉਮੈ ਵਿਚ ਅੰਨ੍ਹੇ ਹੋਏ ਰਹਿਣਾ, ਮਾਇਆ ਦੇ ਕਬਜ਼ੇ ਦੀ ਲਾਲਸਾ—ਇਹ ਸਾਰੇ ਗੁਰੂ ਦੀ ਕਿਰਪਾ ਨਾਲ (ਮਨੁੱਖ ਦੇ ਅੰਦਰੋਂ) ਖ਼ਤਮ ਹੋ ਜਾਂਦੇ ਹਨ । ੩ ।

ਹੇ ਪਾਰਬ੍ਰਹਮ ! ਹੇ ਸੁਆਮੀ ! ਤੂੰ ਸਭ ਤਾਕਤਾਂ ਦਾ ਮਾਲਕ ਹੈਂ (ਮੇਰੇ ਉਤੇ) ਮਿਹਰ ਕਰ (ਮੈਨੂੰ ਆਪਣਾ ਨਾਮ ਸਿਮਰਨ ਦਾ ਖ਼ੈਰ ਪਾ, ਮੈਂ) ਤੇਰਾ ਦਾਸ ਹਾਂ । ਹੇ ਨਾਨਕ ! (ਆਖ—ਹੇ ਭਾਈ !) ਮਾਲਕ-ਪ੍ਰਭੂ ਸਭ ਜੀਵਾਂ ਵਿਚ ਵਿਆਪਕ ਹੈ, ਉਹ ਪ੍ਰਭੂ ਸਭ ਦੇ ਨੇੜੇ ਵੱਸਦਾ ਹੈ । ੪ । ੧੨ ।

ਸਾਰਗ ਮਹਲਾ ੫ ॥ ਬਲਿਹਾਰੀ ਗੁਰਦੇਵ ਚਰਨ ॥ ਜਾ ਕੈ ਸੰਗਿ ਪਾਰਬ੍ਰਹਮੁ ਧਿਆਈਐ ਉਪਦੇਸੁ ਹਮਾਰੀ ਗਤਿ ਕਰਨ ॥ ੧ ॥ ਰਹਾਉ ॥ ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ ॥ ਆਪਿ ਜਪੈ ਅਵਰਹ ਨਾਮੁ ਜਪਾਵੈ ਵਡ ਸਮਰਥ ਤਾਰਨ ਤਰਨ ॥ ੧ ॥ ਜਾ ਕੋ ਮੰਤ੍ਰੁ ਉਤਾਰੈ ਸਹਸਾ ਊਣੇ ਕਉ ਸੁਭਰ ਭਰਨ ॥ ਹਰਿ ਦਾਸਨ ਕੀ ਆਗਿਆ ਮਾਨਤ ਤੇ ਨਾਹੀ ਫੁਨਿ ਗਰਭ ਪਰਨ ॥ ੨ ॥ ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ ॥ ਜਾ ਕਉ ਭਇਓ ਕ੍ਰਿਪਾਲੁ ਬੀਠੁਲਾ ਤਿਨਿ ਹਰਿ ਹਰਿ ਅਜਰ ਜਰਨ ॥ ੩ ॥ ਹਰਿ ਰਸਹਿ ਅਘਾਨੇ ਸਹਜਿ ਸਮਾਨੇ ਮੁਖ ਤੇ ਨਾਹੀ ਜਾਤ ਬਰਨ ॥ ਗੁਰ ਪ੍ਰਸਾਦਿ ਨਾਨਕ ਸੰਤੋਖੇ ਨਾਮੁ ਪ੍ਰਭੂ ਜਪਿ ਜਪਿ ਉਧਰਨ ॥ ੪ ॥ ੧੩ ॥

ਪਦ ਅਰਥ :—ਬਲਿਹਾਰੀ—ਸਦਕੇ, ਕੁਰਬਾਨ । ਜਾ ਕੈ ਸੰਗਿ—ਜਿਸ (ਗੁਰੂ) ਦੀ ਸੰਗਤਿ ਵਿਚ । ਧਿਆਈਐ—ਸਿਮਰਿਆ ਜਾ ਸਕਦਾ ਹੈ । ਗਤਿ—ਉੱਚੀ ਆਤਮਕ ਅਵਸਥਾ । ੧ । ਰਹਾਉ ।

ਭੈ ਸਗਲ—ਸਾਰੇ ਡਰ [ਲਫ਼ਜ਼ 'ਭਉ' ਤੋਂ ਬਹੁ ਵਚਨ 'ਭੈ'] । ਅਵਰਹ—ਹੋਰਨਾਂ ਨੂੰ । ਤਰਨ—ਬੇੜੀ । ੧ ।

ਜਾ ਕੋ ਮੰਤ੍ਰੁ—ਜਿਸ (ਗੁਰੂ) ਦਾ ਉਪਦੇਸ਼ । ਸਹਸਾ—ਸਹਮ । ਊਣ ਕਉ—ਆਤਮਕ ਜੀਵਨ ਤੋਂ ਸੱਖਣੇ ਨੂੰ । ਸੁਭਰ ਭਰਨ—ਨਕਾ-ਨਕ ਭਰ ਦੇਂਦਾ ਹੈ । ਤੇ—ਉਹ ਮਨੁੱਖ [ਬਹੁ

ਵਚਨ]। ਫੁਨਿ–ਮੁੜ। ੨।

ਤਾ ਕੇ–ਉਹਨਾਂ ਦੇ। ਜਾ ਕਉ–ਜਿਸ ਮਨੁੱਖ ਉੱਤੇ। ਬੀਠੁਲਾ–[ਵਿਸ਼੍ਠੁਲ] ਮਾਇਆ ਦੇ ਪ੍ਰਭਾਵ ਤੋਂ ਪਰੇ ਰਹਿਣ ਵਾਲਾ। ਤਿਨਿ–ਉਸ (ਮਨੁੱਖ) ਨੇ। ਹਰਿ ਅਜਰ–ਜਰਾ-ਰਹਿਤ ਹਰੀ ਨੂੰ। ਜਰਨ–(ਹਿਰਦੇ ਵਿਚ) ਪ੍ਰੋ ਲਿਆ। ੩।

ਹਰਿ ਰਸਹਿ–ਹਰੀ ਦੇ ਨਾਮ-ਰਸ ਨਾਲ। ਅਘਾਨੇ–ਰੱਜ ਗਏ। ਸਹਜਿ–ਆਤਮਕ ਅਡੋਲਤਾ ਵਿਚ। ਮੁਖ ਤੇ–ਮੂੰਹੋਂ। ਜਾਤ ਬਰਨ–ਬਿਆਨ ਕੀਤੇ ਜਾ ਸਕਦੇ। ਪ੍ਰਸਾਦਿ–ਕਿਰਪਾ ਨਾਲ। ਸੰਤੋਖੇ–ਸੰਤੋਖ ਵਾਲੇ ਹੋ ਗਏ। ਜਪਿ–ਜਪ ਕੇ। ਉਧਰਨ–ਸੰਸਾਰ-ਸਮੁੰਦਰ ਤੋਂ ਪਾਰ ਲੰਘ ਗਏ। ੪।

ਅਰਥ :–ਹੇ ਭਾਈ! (ਮੈਂ ਆਪਣੇ) ਗੁਰੂ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ, ਜਿਸ ਦਾ ਉਪਦੇਸ਼ ਅਸਾਂ ਜੀਵਾਂ ਦੀ ਉੱਚੀ ਆਤਮਕ ਦਸ਼ਾ ਬਣਾ ਦੇਂਦਾ ਹੈ। ੧। ਰਹਾਉ।

ਹੇ ਭਾਈ! ਜਿਹੜਾ ਮਨੁੱਖ ਹਰੀ ਦੇ ਸੰਤ ਗੁਰਦੇਵ ਦੀ ਸਰਨ ਪੈਂਦਾ ਹੈ, ਉਸ ਦੇ ਸਾਰੇ ਦੁੱਖ ਸਾਰੇ ਰੋਗ ਸਾਰੇ ਡਰ ਨਾਸ ਹੋ ਜਾਂਦੇ ਹਨ। ਉਹ ਮਨੁੱਖ ਵੱਡੀ ਸਮਰਥਾ ਵਾਲੇ ਹਰੀ ਦਾ ਸਭ ਨੂੰ ਸੰਸਾਰ-ਸਮੁੰਦਰ ਤੋਂ ਪਾਰ ਲੰਘਾਣ-ਜੋਗ ਹਰੀ ਦਾ ਨਾਮ ਆਪ ਜਪਦਾ ਹੈ ਅਤੇ ਹੋਰਨਾਂ ਪਾਸੋਂ ਜਪਾਂਦਾ ਹੈ। ੧।

ਹੇ ਭਾਈ! (ਮੈਂ ਆਪਣੇ ਗੁਰੂ ਦੇ ਚਰਨਾਂ ਤੋਂ ਸਦਕੇ ਜਾਂਦਾ ਹਾਂ) ਜਿਸ ਦਾ ਉਪ-ਦੇਸ਼ ਮਨੁੱਖ ਦਾ ਸਹਮ ਦੂਰ ਕਰ ਦੇਂਦਾ ਹੈ ਜਿਹੜਾ ਗੁਰੂ ਆਤਮਕ ਜੀਵਨ ਤੋਂ ਸੱਖਣੇ ਮਨੁੱਖਾਂ ਨੂੰ ਨਕਾ-ਨਕ ਭਰ ਦੇਂਦਾ ਹੈ। (ਹੇ ਭਾਈ!) ਜਿਹੜੇ ਮਨੁੱਖ ਹਰੀ ਦੇ ਦਾਸਾਂ ਦੀ ਰਜ਼ਾ ਵਿਚ ਤੁਰਦੇ ਹਨ, ਉਹ ਮੁੜ ਜਨਮ ਮਰਨ ਦੇ ਗੇੜ ਵਿਚ ਨਹੀਂ ਪੈਂਦੇ। ੨।

ਹੇ ਭਾਈ! ਸੰਤ ਜਨਾਂ ਦੀ ਸੇਵਾ ਕਰਦਿਆਂ ਪਰਮਾਤਮਾ ਦੇ ਗੁਣ ਗਾਂਦਿਆਂ (ਗੁਰੂ) ਉਹਨਾਂ ਦੇ ਜਨਮ ਮਰਨ ਦੇ ਸਾਰੇ ਦੁੱਖ ਕੱਟ ਦੇਂਦਾ ਹੈ। (ਗੁਰੂ ਦੀ ਮਿਹਰ ਨਾਲ) ਜਿਸ ਮਨੁੱਖ ਉੱਤੇ ਮਾਇਆ ਤੋਂ ਨਿਰਲੇਪ ਪ੍ਰਭੂ ਦਇਆਵਾਨ ਹੁੰਦਾ ਹੈ, ਉਸ ਮਨੁੱਖ ਨੇ ਸਦਾ ਜਵਾਨ ਰਹਿਣ ਆਲੇ (ਜਰਾ-ਰਹਿਤ) ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ। ੩।

ਹੇ ਨਾਨਕ! ਜਿਹੜੇ ਮਨੁੱਖ ਗੁਰੂ ਦੀ ਕਿਰਪਾ ਨਾਲ ਪਰਮਾਤਮਾ ਦੇ ਨਾਮ-ਰਸ ਨਾਲ ਰੱਜ ਜਾਂਦੇ ਹਨ, ਆਤਮਕ ਅਡੋਲਤਾ ਵਿਚ ਲੀਨ ਹੋ ਜਾਂਦੇ ਹਨ (ਉਹਨਾਂ ਦੀ ਉੱਚੀ ਆਤਮਕ ਅਵਸਥਾ) ਮੂੰਹੋਂ ਬਿਆਨ ਨਹੀਂ ਕੀਤੀ ਜਾ ਸਕਦੀ। ਉਹ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਸੰਤੋਖੀ ਜੀਵਨ ਵਾਲੇ ਹੋ ਜਾਂਦੇ ਹਨ, ਉਹ ਮਨੁੱਖ ਪ੍ਰਭੂ ਦਾ ਨਾਮ ਜਪ ਕੇ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ। ੪। ੧੩।

ਸਾਰਗ ਮਹਲਾ ੫ ॥ ਗਾਇਓ ਰੀ ਮੈ ਗੁਣਨਿਧਿ ਮੰਗਲ ਗਾਇਓ ॥ ਭਲੇ ਸੰਜੋਗ ਭਲੇ ਦਿਨ ਅਉਸਰ ਜਉ ਗੋਪਾਲੁ ਰੀਝਾਇਓ ॥ ੧ ॥ ਰਹਾਉ ॥ ਸੰਤਹ ਚਰਨ ਮੋਰਲੋ ਮਾਥਾ ॥ ਹਮਰੇ ਮਸਤਕਿ ਸੰਤ ਧਰੇ ਹਾਥਾ ॥ ੧ ॥ ਸਾਧਹ ਮੰਤ੍ਰੁ ਮੋਰਲੋ ਮਨੂਆ ॥ ਤਾ ਤੇ ਗਤੁ ਹੋਏ ਤ੍ਰੈ ਗੁਨੀਆ ॥ ੨ ॥ ਭਗਤਹ ਦਰਸੁ ਦੇਖਿ ਨੈਨ ਰੰਗਾ ॥ ਲੋਭ ਮੋਹ ਤੂਟੇ ਭ੍ਰਮ ਸੰਗਾ ॥ ੩ ॥ ਕਹੁ ਨਾਨਕ ਸੁਖ ਸਹਜ ਅਨੰਦਾ ॥ ਖੋਲ੍ਹਿ ਭੀਤਿ ਮਿਲੇ ਪਰਮਾਨੰਦਾ ॥ ੪ ॥ ੧੪ ॥

ਪਦ ਅਰਥ :-ਰੀ-ਹੇ ਭੈਣ ! [ਇਸਤ੍ਰੀ ਲਿੰਗ]। ਗੁਣਨਿਧਿ-ਗੁਣਾਂ ਦਾ ਖ਼ਜ਼ਾਨਾ ਪ੍ਰਭੂ। ਮੰਗਲ-ਸਿਫ਼ਤਿ ਸਾਲਾਹ ਦੇ ਗੀਤ, ਖ਼ੁਸ਼ੀ ਦੇ ਗੀਤ। ਸੰਜੋਗ-ਮਿਲਾਪ ਦੇ ਸਬਬ। ਅਉਸਰ-ਸਮਾ। ਜਉ-ਜਦੋਂ। ਗੋਪਾਲੁ-ਸ੍ਰਿਸ਼ਟੀ ਦਾ ਪਾਲਣਹਾਰ ਪ੍ਰਭੂ। ਰੀਝਾਇਓ-ਪ੍ਰਸੰਨ ਕਰ ਲਿਆ। ੧। ਰਹਾਉ।

ਮੋਰਲੋ-ਮੇਰਾ। ਮਸਤਿਕ-ਮੱਥੇ ਉਤੇ। ੧।

ਮੰਤ੍ਰੁ-ਉਪਦੇਸ਼। ਤਾ ਤੇ-ਉਸ (ਉਪਦੇਸ਼) ਨਾਲ। ਗਤੁ ਹੋਏ-ਦੂਰ ਹੋ ਗਏ। ਤ੍ਰੈ ਗੁਨੀਆ-ਮਾਇਆ ਦੇ ਤਿੰਨ ਗੁਣ। ੨।

ਦੇਖਿ-ਵੇਖ ਕੇ। ਨੈਨ-ਅੱਖਾਂ ਵਿਚ। ਰੰਗਾ-ਪ੍ਰੇਮ। ਸੰਗਾ-ਸਾਥ। ੩।

ਸਹਜ-ਆਤਮਕ ਅਡੋਲਤਾ। ਖੋਲ੍ਹਿ-ਖੋਲ੍ਹ ਕੇ। ਭੀਤਿ-ਕੰਧ, ਵਿੱਥ। ਪਰਮਾਨੰਦਾ-ਸਭ ਤੋਂ ਉੱਚੇ ਆਨੰਦ ਦਾ ਮਾਲਕ ਪ੍ਰਭੂ। ੪।

ਅਰਥ :-ਹੇ ਭੈਣ ! (ਜਿੰਦ ਵਾਸਤੇ ਉਹ) ਭਲੇ ਸਬਬ ਹੁੰਦੇ ਹਨ, ਭਾਗਾਂ ਵਾਲੇ ਦਿਨ ਹੁੰਦੇ ਹਨ, ਸੋਹਣੇ ਸਮੇ ਹੁੰਦੇ ਹਨ, ਜਦੋਂ (ਕੋਈ ਜਿੰਦ) ਸ੍ਰਿਸ਼ਟੀ ਦੇ ਪਾਲਣਹਾਰ ਪ੍ਰਭੂ ਨੂੰ ਖ਼ੁਸ਼ ਕਰ ਲਏ। ਹੇ ਭੈਣ ! ਮੈਂ ਭੀ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਸਿਫ਼ਤਿ ਸਾਲਾਹ ਦੇ ਗੀਤ ਗਾ ਰਹੀ ਹਾਂ। ੧। ਰਹਾਉ।

ਹੇ ਭੈਣ ! ਮੇਰਾ ਮੱਥਾ ਹੁਣ ਸੰਤਾਂ ਦੇ ਚਰਨਾਂ ਤੇ ਹੈ, ਮੇਰੇ ਮੱਥੇ ਉਤੇ ਸੰਤਾਂ ਨੇ ਆਪਣੇ ਹੱਥ ਰੱਖੇ ਹਨ-(ਮੇਰੇ ਵਾਸਤੇ ਇਹ ਬੜਾ ਹੀ ਸੁਭਾਗ ਸਮਾ ਹੈ)। ੧।

ਹੇ ਭੈਣ ! ਗੁਰੂ ਦਾ ਉਪਦੇਸ਼ ਮੇਰੇ ਅੰਞਾਣ ਮਨ ਵਿਚ ਆ ਵੱਸਿਆ ਹੈ, ਉਸ ਦੀ ਬਰਕਤ ਨਾਲ (ਮੇਰੇ ਅੰਦਰੋਂ) ਮਾਇਆ ਦੇ ਤਿੰਨਾਂ ਹੀ ਗੁਣਾਂ ਦਾ ਪ੍ਰਭਾਵ ਦੂਰ ਹੋ ਗਿਆ ਹੈ। ੨।

ਹੇ ਭੈਣ ! ਸੰਤ ਜਨਾਂ ਦਾ ਦਰਸਨ ਕਰ ਕੇ ਮੇਰੀਆਂ ਅੱਖਾਂ ਵਿਚ (ਅਜਿਹਾ) ਪ੍ਰੇਮ ਪੈਦਾ ਹੋ ਗਿਆ ਹੈ ਕਿ ਲੋਭ ਮੋਹ ਭਟਕਣਾ ਦਾ ਸਾਥ (ਮੇਰੇ ਅੰਦਰੋਂ) ਮੁੱਕ ਗਿਆ

ਹੈ । ੩ ।

ਹੇ ਨਾਨਕ ! ਆਖ—(ਹੇ ਭੈਣ ! ਮੇਰੇ ਅੰਦਰੋਂ ਹਉਮੈ ਦੀ) ਕੰਧ ਤੋੜ ਕੇ ਸਭ ਤੋਂ ਉੱਚੇ ਆਨੰਦ ਦੇ ਮਾਲਕ-ਪ੍ਰਭੂ ਜੀ ਮੈਨੂੰ ਮਿਲ ਪਏ ਹਨ (ਹੁਣ ਮੇਰੇ ਅੰਦਰ) ਆਤਮਕ ਅਡੋਲਤਾ ਦੇ ਸੁਖ ਆਨੰਦ ਬਣੇ ਪਏ ਹਨ । ੪ । ੧੪ ।

ਸਾਰਗ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ।। ਕੈਸੇ ਕਹਉ ਮੋਹਿ ਜੀਅ ਬੇਦਨਾਈ ।। ਦਰਸਨ ਪਿਆਸ ਪ੍ਰਿਅ ਪ੍ਰੀਤਿ ਮਨੋਹਰ ਮਨੁ ਨ ਰਹੈ ਬਹੁ ਬਿਧਿ ਉਮਕਾਈ ॥ ੧ ॥ ਰਹਾਉ ॥ ਚਿਤਵਨਿ ਚਿਤਵਉ ਪ੍ਰਿਅ ਪ੍ਰੀਤਿ ਬੈਰਾਗੀ ਕਦਿ ਪਾਵਉ ਹਰਿ ਦਰਸਾਈ ।। ਜਤਨ ਕਰਉ ਇਹੁ ਮਨੁ ਨਹੀ ਧੀਰੈ ਕੋਊ ਹੈ ਰੇ ਸੰਤੁ ਮਿਲਾਈ ॥ ੧ ॥ ਜਪ ਤਪ ਸੰਜਮ ਪੁੰਨ ਸਭਿ ਹੋਮਉ ਤਿਸੁ ਅਰਪਉ ਸਭਿ ਸੁਖ ਜਾਂਈ ।। ਏਕ ਨਿਮਖ ਪ੍ਰਿਅ ਦਰਸੁ ਦਿਖਾਵੈ ਤਿਸੁ ਸੰਤਨ ਕੈ ਬਲਿ ਜਾਂਈ ॥ ੨ ॥ ਕਰਉ ਨਿਹੋਰਾ ਬਹੁਤੁ ਬੇਨਤੀ ਸੇਵਉ ਦਿਨੁ ਰੈਨਾਈ ॥ ਮਾਨੁ ਅਭਿਮਾਨੁ ਹਉ ਸਗਲ ਤਿਆਗਉ ਜੋ ਪ੍ਰਿਅ ਬਾਤ ਸੁਨਾਈ ।। ੩ ।। ਦੇਖਿ ਚਰਿਤ੍ਰ ਭਈ ਹਉ ਬਿਸਮਨਿ ਗੁਰਿ ਸਤਿਗੁਰਿ ਪੁਰਖਿ ਮਿਲਾਈ ॥ ਪ੍ਰਭ ਰੰਗ ਦਇਆਲ ਮੋਹਿ ਗ੍ਰਿਹ ਮਹਿ ਪਾਇਆ ਜਨ ਨਾਨਕ ਤਪਤਿ ਬੁਝਾਈ ॥ ੪ ॥ ੧ ॥ ੧੫ ॥

ਪਦ ਅਰਥ :—ਜੀਅ ਬੇਦਨਾਈ—ਦਿਲ ਦੀ ਪੀੜ । ਮੋਹਿ—ਮੈਂ। ਪਿਆਸ—ਤਾਂਘ। ਮਨੋਹਰ—ਮਨ ਨੂੰ ਮੋਹ ਲੈਣ ਵਾਲਾ । ਪ੍ਰਿਅ ਮਨੋਹਰ ਪ੍ਰੀਤਿ—ਮਨ ਨੂੰ ਮੋਹ ਲੈਣ ਵਾਲੇ ਪਿਆਰੇ (ਹਰੀ) ਦੀ ਪ੍ਰੀਤ । ਨ ਰਹੈ—ਟਿਕਦਾ ਨਹੀਂ, ਧੀਰਜ ਨਹੀਂ ਫੜਦਾ । ਬਹੁ ਬਿਧਿ—ਕਈ ਤਰੀਕਿਆਂ ਨਾਲ । ਉਮਕਾਈ—ਉਮੰਗ ਵਿਚ ਆਉਂਦਾ ਹੈ ।੧। ਰਹਾਉ ।

ਚਿਤਵਨਿ—ਸੋਚ । ਚਿਤਵਉ—ਚਿਤਵਉਂ, ਮੈਂ ਸੋਚਦੀ ਹਾਂ । ਬੈਰਾਗੀ—ਵੈਰਾਗਣ ਹੋਈ ਹੋਈ । ਕਦਿ—ਕਦੋਂ ? ਪਾਵਉ—ਪਾਵਉਂ, ਮੈਂ ਪਾਵਾਂਗੀ । ਕਰਉ—ਕਰਉਂ, ਮੈਂ ਕਰਦੀ ਹਾਂ । ਨਹੀ ਧੀਰੈ—ਧੀਰਜ ਨਹੀਂ ਕਰਦਾ । ਰੇ—ਹੇ ਭਾਈ ! [ਪੁਲਿੰਗ] ।੧।

ਸੰਜਮ—ਇੰਦ੍ਰਿਆਂ ਨੂੰ ਵੱਸ ਕਰਨ ਦੇ ਸਾਧਨ । ਪੁੰਨ—ਮਿਥੇ ਹੋਏ ਧਾਰਮਿਕ ਕੰਮ । ਸਭਿ—ਸਾਰੇ । ਹੋਮਉ—ਹੋਮਉਂ, ਮੈਂ ਭੇਟ ਕਰ ਦਿਆਂਗੀ । ਅਰਪਉ—ਅਰਪਉਂ, ਮੈਂ ਦੇ ਦਿਆਂਗੀ । ਸੁਖ ਜਾਂਈ—ਸੁਖਾਂ ਦੇ ਥਾਂ । ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ । ਤਿਸੁ ਸੰਤਨ ਕੈ—ਉਸ (ਪ੍ਰਭੂ) ਦੇ ਸੰਤਾਂ ਤੋਂ । ਬਲਿ ਜਾਂਈ—ਮੈਂ ਸਦਕੇ ਜਾਂਦੀ ਹਾਂ । ੨ ।

ਨਿਹੋਰਾ—ਤਰਲਾ, ਮਿੰਨਤ। ਸੇਵਉ—ਸੇਵਉਂ, ਮੈਂ ਸੇਵਾ ਕਰਾਂਗੀ। ਰੈਨਾਈ—ਰਾਤ। ਹਉ—ਹਉਂ, ਮੈਂ। ਤਿਆਗਉ—ਤਿਆਗਉਂ, ਮੈਂ ਛੱਡ ਦਿਆਂਗੀ। ਸੁਨਾਈ—ਸੁਨਾਏ, ਸੁਣਾਇਗਾ। ੩।

ਦੇਖਿ—ਵੇਖ ਕੇ। ਚਰਿਤ੍ਰ—ਕੌਤਕ, ਤਮਾਸ਼ਾ। ਬਿਸਮਨਿ—ਹੈਰਾਨ। ਗੁਰਿ—ਗੁਰੂ ਨੇ। ਸਤਿਗੁਰਿ—ਸਤਿਗੁਰੂ ਨੇ। ਪੁਰਖਿ—ਪ੍ਰਭੂ ਵਿਚ। ਰੰਗ—ਪ੍ਰੇਮ-ਸਰੂਪ। ਮੋਹਿ—ਮੈਂ। ਗ੍ਰਿਹ ਮਹਿ—ਹਿਰਦੇ-ਘਰ ਵਿਚ। ਤਪਤਿ—ਸੜਨ, ਤਪਸ਼। ੪।

ਅਰਥ :—ਹੇ ਵੀਰ! ਮੈਂ ਆਪਣੇ ਦਿਲ ਦੀ ਪੀੜ ਕਿਵੇਂ ਬਿਆਨ ਕਰਾਂ? (ਬਿਆਨ ਕਰ ਨਹੀਂ ਸਕਦੀ)। ਮੇਰੇ ਅੰਦਰ ਮਨ ਨੂੰ ਮੋਹ ਲੈਣ ਵਾਲੇ ਪਿਆਰੇ ਪ੍ਰਭੂ ਦੀ ਪ੍ਰੀਤ ਹੈ ਉਸ ਦੇ ਦਰਸਨ ਦੀ ਤਾਂਘ ਹੈ (ਦਰਸਨ ਤੋਂ ਬਿਨਾ ਮੇਰਾ) ਮਨ ਧੀਰਜ ਨਹੀਂ ਕਰਦਾ, (ਮੇਰੇ ਅੰਦਰ) ਕਈ ਤਰੀਕਿਆਂ ਨਾਲ ਉਮੰਗ ਉਠ ਰਹੀ ਹੈ। ੧। ਰਹਾਉ।

ਹੇ ਵੀਰ! ਮੈਂ ਪਿਆਰੇ ਦੀ ਪ੍ਰੀਤ ਨਾਲ ਵੈਰਾਗਣ ਹੋਈ ਪਈ ਹਾਂ, ਮੈਂ (ਹਰ ਵੇਲੇ ਇਹ) ਸੋਚ ਸੋਚਦੀ ਰਹਿੰਦੀ ਹਾਂ ਕਿ ਮੈਂ ਹਰੀ ਦਾ ਦਰਸਨ ਕਦੋਂ ਕਰਾਂਗੀ। (ਇਸ ਮਨ ਨੂੰ ਧੀਰਜ ਦੇਣ ਲਈ) ਮੈਂ ਜਤਨ ਕਰਦੀ ਰਹਿੰਦੀ ਹਾਂ, ਪਰ ਇਹ ਮਨ ਧੀਰਜ ਨਹੀਂ ਕਰਦਾ। ਹੇ ਵੀਰ! ਕੋਈ ਅਜਿਹਾ ਭੀ ਸੰਤ ਹੈ ਜਿਹੜਾ ਮੈਨੂੰ ਪ੍ਰਭੂ ਮਿਲਾ ਦੇਵੇ? ੧।

ਹੇ ਵੀਰ! ਜੇ ਕੋਈ ਅੱਖ ਝਮਕਣ ਜਿਤਨੇ ਸਮੇ ਲਈ ਹੀ ਮੈਨੂੰ ਪਿਆਰੇ ਦਾ ਦਰਸਨ ਕਰਾ ਦੇਵੇ, ਤਾਂ ਮੈਂ ਉਸ ਪਿਆਰੇ ਦੇ ਉਹਨਾਂ ਸੰਤਾਂ ਤੋਂ ਸਦਕੇ ਕੁਰਬਾਨ ਜਾਵਾਂ। ਹੇ ਵੀਰ! ਮੈਂ ਸਾਰੇ ਜਪ ਸਾਰੇ ਤਪ ਸਾਰੇ ਸੰਜਮ ਸਾਰੇ ਪੁੰਨ ਕੁਰਬਾਨ ਕਰ ਦਿਆਂ, ਸਾਰੇ ਸੁਖਾਂ ਦੇ ਵਸੀਲੇ (ਪਿਆਰੇ ਪ੍ਰਭੂ ਨਾਲ ਮਿਲਣ ਵਾਲੇ ਸੰਤ ਅੱਗੇ) ਭੇਟਾ ਰੱਖ ਦਿਆਂਗੀ। ੨।

ਹੇ ਵੀਰ! ਜਿਹੜਾ ਕੋਈ ਸੰਤ ਮੈਨੂੰ ਪਿਆਰੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਗੱਲ ਸੁਣਾਵੇ, ਮੈਂ ਉਸ ਦੇ ਅੱਗੇ ਆਪਣਾ ਸਾਰਾ ਮਾਣ ਅਹੰਕਾਰ ਤਿਆਗ ਦਿਆਂਗੀ। ਮੈਂ ਉਸ ਦੇ ਅੱਗੇ ਬਹੁਤ ਤਰਲਾ ਕਰਾਂਗੀ, ਬੇਨਤੀ ਕਰਾਂਗੀ, ਮੈਂ ਦਿਨ ਰਾਤ ਉਸ ਦੀ ਸੇਵਾ ਕਰਾਂਗੀ। ੩।

ਹੇ ਦਾਸ ਨਾਨਕ!(ਆਖ—ਹੇ ਵੀਰ!) ਮੈਂ ਇਹ ਕੌਤਕ ਵੇਖ ਕੇ ਹੈਰਾਨ ਹੋ ਗਈ ਕਿ-ਗੁਰੂ ਨੇ ਸਤਿਗੁਰੂ ਨੇ ਮੈਨੂੰ ਅਕਾਲ ਪੁਰਖ (ਦੇ ਚਰਨਾਂ) ਵਿਚ ਜੋੜ ਦਿੱਤਾ। ਦਇਆ ਦਾ ਸੋਮਾ ਪਿਆਰ-ਸਰੂਪ ਪਰਮਾਤਮਾ ਮੈਂ ਆਪਣੇ ਹਿਰਦੇ-ਘਰ ਵਿਚ ਹੀ ਲੱਭ ਲਿਆ, (ਤੇ, ਮੇਰੇ ਅੰਦਰੋਂ ਮਾਇਆ ਵਾਲੀ ਸਾਰੀ) ਤਪਸ਼ ਮਿਟ ਗਈ। ੪। ੧। ੧੫।

ਸਾਰਗ ਮਹਲਾ ੫ ॥ ਰੇ ਮੂੜ੍ਹੇ ਤੂ ਕਿਉ ਸਿਮਰਤ ਅਬ ਨਾਹੀ ॥ ਨਰਕ ਘੋਰ ਮਹਿ ਉਰਧ ਤਪੁ ਕਰਤਾ ਨਿਮਖ ਨਿਮਖ ਗੁਣ ਗਾਂਹੀ ॥ ੧ ॥ ਰਹਾਉ ॥ ਅਨਿਕ ਜਨਮ ਭ੍ਰਮਤੌ ਹੀ ਆਇਓ ਮਾਨਸ ਜਨਮੁ ਦੁਲਭਾਹੀ ॥ ਗਰਭ ਜੋਨਿ ਛੋਡਿ ਜਉ ਨਿਕਸਿਓ ਤਉ ਲਾਗੋ ਅਨ ਠਾਂਹੀ ॥ ੧ ॥ ਕਰਹਿ ਬੁਰਾਈ ਠਗਾਈ ਦਿਨੁ ਰੈਨਿ ਨਿਹਫਲ ਕਰਮ ਕਮਾਹੀ ॥ ਕਣੁ ਨਾਹੀ ਤੁਹ ਗਾਹਣ ਲਾਗੇ ਧਾਇ ਧਾਇ ਦੁਖ ਪਾਂਹੀ ॥ ੨ ॥ ਮਿਥਿਆ ਸੰਗਿ ਕੂੜਿ ਲਪਟਾਇਓ ਉਰਝਿ ਪਰਿਓ ਕੁਸਮਾਂਹੀ ॥ ਧਰਮਰਾਇ ਜਬ ਪਕਰਸਿ ਬਵਰੇ ਤਉ ਕਾਲ ਮੁਖਾ ਉਠਿ ਜਾਹੀ ॥ ੩ ॥ ਸੋ ਮਿਲਿਆ ਜੋ ਪ੍ਰਭੂ ਮਿਲਾਇਆ ਜਿਸੁ ਮਸਤਕਿ ਲੇਖ ਲਿਖਾਂਹੀ ॥ ਕਹੁ ਨਾਨਕ ਤਿਨ੍ ਜਨ ਬਲਿਹਾਰੀ ਜੋ ਅਲਿਪ ਰਹੇ ਮਨ ਮਾਂਹੀ ॥ ੪ ॥ ੨ ॥ ੧੬ ॥

ਪਦ ਅਰਥ :–ਰੇ ਮੂੜ੍ਹੇ–ਹੇ ਮੂਰਖ ! ਅਬ–ਹੁਣ, ਇਸ ਮਨੁੱਖਾ ਜਨਮ ਵਿਚ। ਘੋਰ–ਭਿਆਨਕ। ਉਰਧ–ਉਲਟਾ, ਪੁੱਠਾ ਲਟਕ ਕੇ। ਨਿਮਖ–ਅੱਖ ਦੇ ਝਮਕਣ ਜਿਤਨਾ ਸਮਾ। ਨਿਮਖ ਨਿਮਖ–ਪਲ ਪਲ, ਹਰ ਵੇਲੇ। ਗਾਂਹੀ–ਗਾਂਹਿ, ਤੂੰ ਗਾਂਦਾ ਸੀ। ੧। ਰਹਾਉ।

ਭ੍ਰਮਤੌ–ਭਟਕਦਾ। ਦੁਲਭਾਹੀ–ਦੁਰਲੱਭ। ਛੋਡਿ–ਛੱਡ ਕੇ। ਜਉ–ਜਦੋਂ। ਨਿਕਸਿਓ–ਨਿਕਲਿਆ, ਜਗਤ ਵਿਚ ਆਇਆ। ਤਉ–ਤਦੋਂ। ਅਨ–[अन्य] ਹੋਰ ਹੋਰ। ਅਨ ਠਾਂਹੀ–ਹੋਰ ਹੋਰ ਥਾਈਂ। ੧।

ਕਰਹਿ–ਤੂੰ ਕਰਦਾ ਹੈਂ, ਕਰਹਿਂ। ਰੈਨਿ–ਰਾਤ। ਕਮਾਹੀ–ਕਮਾਹਿ, ਤੂੰ ਕਮਾਂਦਾ ਹੈਂ। ਨਿਹਫਲ–ਜਿੰਨ੍ਹਾਂ ਤੋਂ ਕੋਈ ਫਲ ਨਹੀਂ ਮਿਲਣਾ। ਕਣੁ–ਦਾਣੇ। ਤੁਹ–ਦਾਣਿਆਂ ਦੇ ਖ਼ਾਲੀ ਉਪਰਲੇ ਸਿੱਕੜ। ਧਾਇ ਧਾਇ–ਦੌੜ ਦੌੜ ਕੇ। ਪਾਂਹੀ–ਪਾਂਹਿ, ਪਾਂਦੇ ਹਨ। ੨।

ਮਿਥਿਆ–ਨਾਸਵੰਤ (ਮਾਇਆ)। ਸੰਗਿ–ਨਾਲ। ਕੂੜਿ–ਝੂਠ ਵਿਚ, ਨਾਸਵੰਤ ਜਗਤ ਵਿਚ। ਕੁਸਮਾਂਹੀ–ਫੁੱਲਾਂ ਵਿਚ, ਕੁਸੁੰਭੇ ਦੇ ਫੁੱਲਾਂ ਵਿਚ। ਜਬ–ਜਦੋਂ। ਪਕਰਸਿ–ਫੜੇਗਾ। ਬਵਰੇ–ਹੇ ਕਮਲੇ ! ਕਾਲ-ਮੁਖਾ–ਕਾਲੇ ਮੂੰਹ ਵਾਲਾ। ਉਠਿ–ਉੱਠ ਕੇ। ਜਾਹੀ–ਜਾਹਿ, ਤੂੰ ਜਾਹਿੰਗਾ। ੩।

ਸੋ–ਉਹ ਮਨੁੱਖ (ਹੀ)। ਜੋ–ਜਿਸ ਮਨੁੱਖ ਨੂੰ। ਜਿਸੁ ਮਸਤਕਿ–ਜਿਸ (ਮਨੁੱਖ) ਦੇ ਮੱਥੇ ਉੱਤੇ। ਨਾਨਕ–ਹੇ ਨਾਨਕ ! ਜੋ–ਜਿਹੜੇ ਮਨੁੱਖ। ਅਲਿਪ–ਅਲਿਪਤ, ਨਿਰਲੇਪ। ਮਾਂਹੀ–ਵਿਚ। ੪।

ਅਰਥ :–ਹੇ ਮੂਰਖ ! ਹੁਣ (ਜਨਮ ਲੈ ਕੇ) ਤੂੰ ਕਿਉਂ ਪਰਮਾਤਮਾ ਦਾ ਨਾਮ ਨਹੀਂ ਸਿਮਰਦਾ ? (ਜਦੋਂ) ਤੂੰ ਭਿਆਨਕ ਨਰਕ (ਵਰਗੇ ਮਾਂ ਦੇ ਪੇਟ) ਵਿਚ (ਸੀ ਤਦੋਂ ਤੂੰ) ਪੁੱਠਾ (ਲਟਕਿਆ ਹੋਇਆ) ਤਪ ਕਰਦਾ ਸੀ, (ਉਥੇ ਤੂੰ) ਹਰ ਵੇਲੇ ਪਰਮਾਤਮਾ ਦੇ ਗੁਣ ਗਾਂਦਾ ਸੀ । ੧ । ਰਹਾਉ ।

ਹੇ ਮੂਰਖ ! ਤੂੰ ਅਨੇਕਾਂ ਹੀ ਜਨਮਾਂ ਵਿਚ ਭਟਕਦਾ ਆਇਆ ਹੈਂ । ਹੁਣ ਤੈਨੂੰ ਦੁਰਲੱਭ ਮਨੁੱਖਾ ਜਨਮ ਮਿਲਿਆ ਹੈ । ਪਰ ਮਾਂ ਦਾ ਪੇਟ ਛੱਡ ਕੇ ਜਦੋਂ ਤੂੰ ਜਗਤ ਵਿਚ ਆ ਗਿਆ, ਤਦੋਂ ਤੂੰ (ਸਿਮਰਨ ਛੱਡ ਕੇ) ਹੋਰ ਹੋਰ ਥਾਈਂ ਰੁੱਝ ਗਿਆ । ੧ ।

ਹੇ ਮੂਰਖ ! ਤੂੰ ਦਿਨ ਰਾਤ ਬੁਰਾਈਆਂ ਕਰਦਾ ਹੈਂ, ਠੱਗੀਆਂ ਕਰਦਾ ਹੈਂ, ਤੂੰ ਸਦਾ ਉਹੀ ਕੰਮ ਕਰਦਾ ਰਹਿੰਦਾ ਹੈਂ ਜਿਨ੍ਹਾਂ ਤੋਂ ਕੁਝ ਭੀ ਹੱਥ ਨਹੀਂ ਆਉਣਾ । (ਵੇਖ,ਜਿਹੜੇ ਕਿਸਾਨ ਉਹਨਾਂ) ਤੁਹਾਂ ਨੂੰ ਹੀ ਗਾਂਹਦੇ ਰਹਿੰਦੇ ਹਨ ਜਿਨ੍ਹਾਂ ਵਿਚ ਦਾਣੇ ਨਹੀਂ ਹੁੰਦੇ, ਉਹ ਦੌੜ ਦੌੜ ਕੇ ਦੁੱਖ (ਹੀ) ਪਾਂਦੇ ਹਨ । ੨ ।

ਹੇ ਕਮਲੇ ! ਤੂੰ ਨਾਸਵੰਤ ਮਾਇਆ ਨਾਲ ਨਾਸਵੰਤ ਜਗਤ ਨਾਲ ਚੰਬੜਿਆ ਰਹਿੰਦਾ ਹੈਂ, ਤੂੰ ਕੁਸੁੰਭੇ ਦੇ ਫੁੱਲਾਂ ਨਾਲ ਹੀ ਪਿਆਰ ਪਾਈ ਬੈਠਾ ਹੈਂ । ਜਦੋਂ ਤੈਨੂੰ ਧਰਮ-ਰਾਜ ਆ ਫੜੇਗਾ (ਜਦੋਂ ਮੌਤ ਆ ਗਈ) ਤਦੋਂ (ਭੈੜੇ ਕੰਮਾਂ ਦੀ) ਕਾਲਖ ਹੀ ਮੂੰਹ ਤੇ ਲੈ ਕੇ (ਇਥੋਂ) ਚਲਾ ਜਾਹਿੰਗਾ । ੩ ।

(ਪਰ, ਹੇ ਭਾਈ ! ਜੀਵਾਂ ਦੇ ਭੀ ਕੀਹ ਵੱਸ ?) ਉਹ ਮਨੁੱਖ (ਹੀ ਪਰਮਾਤਮਾ ਨੂੰ) ਮਿਲਦਾ ਹੈ ਜਿਸ ਮਨੁੱਖ ਨੂੰ ਪਰਮਾਤਮਾ ਆਪ ਮਿਲਾਂਦਾ ਹੈ, ਜਿਸ ਮਨੁੱਖ ਦੇ ਮੱਥੇ ਉਤੇ (ਪ੍ਰਭੂ-ਮਿਲਾਪ ਦੇ) ਲੇਖ ਲਿਖੇ ਹੁੰਦੇ ਹਨ । ਹੇ ਨਾਨਕ ! ਆਖ–ਮੈਂ ਉਹਨਾਂ ਮਨੁੱਖਾਂ ਤੋਂ ਕੁਰਬਾਨ ਹਾਂ, ਜਿਹੜੇ (ਪ੍ਰਭੂ-ਮਿਲਾਪ ਦੀ ਬਰਕਤਿ ਨਾਲ) ਮਨ ਵਿਚ (ਮਾਇਆ ਤੋਂ) ਨਿਰਲੇਪ ਰਹਿੰਦੇ ਹਨ । ੪ । ੨ । ੧੬ ।

ਸਾਰਗ ਮਹਲਾ ੫ ॥ ਕਿਉ ਜੀਵਨੁ ਪ੍ਰੀਤਮ ਬਿਨੁ ਮਾਈ ॥ ਜਾ ਕੇ ਬਿਛੁਰਤ ਹੋਤ ਮਿਰਤਕਾ ਗ੍ਰਿਹ ਮਹਿ ਰਹਨੁ ਨ ਪਾਈ ॥ ੧ ॥ ਰਹਾਉ ॥ ਜੀਅ ਹੀਅ ਪ੍ਰਾਨ ਕੋ ਦਾਤਾ ਜਾ ਕੈ ਸੰਗਿ ਸੁਹਾਈ ॥ ਕਰਹੁ ਕ੍ਰਿਪਾ ਸੰਤਹੁ ਮੋਹਿ ਅਪੁਨੀ ਪ੍ਰਭ ਮੰਗਲ ਗੁਣ ਗਾਈ ॥ ੧ ॥ ਚਰਨ ਸੰਤਨ ਕੇ ਮਾਥੇ ਮੇਰੇ ਊਪਰਿ ਨੈਨਹੁ ਧੂਰਿ ਬਾਂਛਾਈ ॥ ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ ਬਲਿ ਬਲਿ ਤਾ ਕੈ ਹਉ ਜਾਈ ॥ ੨ ॥ ੩ ॥ ੧੭ ॥

ਪਦ ਅਰਥ :–ਕਿਉ–ਕਿਵੇਂ ? ਨਹੀਂ ਹੋ ਸਕਦਾ । ਜੀਵਨੁ–ਆਤਮਕ ਜੀਵਨ ।

ਪ੍ਰੀਤਮ ਬਿਨੁ–ਪਿਆਰੇ ਪ੍ਰਭੂ (ਦੀ ਯਾਦ) ਤੋਂ ਬਿਨਾ। ਮਾਈ–ਹੇ ਮਾਂ ! ਬਿਛੁਰਤ–ਵਿੱਛੁੜਿਆਂ। ਮਿਰਤਕਾ–ਮੁਰਦਾ। ਗ੍ਰਿਹ–ਘਰ। ੧। ਰਹਾਉ।

ਜੀਅ ਕੋ ਦਾਤਾ–ਜਿੰਦ ਦਾ ਦਾਤਾ। ਹੀਅ ਕੋ ਦਾਤਾ–ਹਿਰਦੇ ਦਾ ਦੇਣ ਵਾਲਾ। ਪ੍ਰਾਨ ਕੋ ਦਾਤਾ–ਪ੍ਰਾਣਾਂ ਦਾ ਦੇਣ ਵਾਲਾ। ਜਾ ਕੈ ਸੰਗਿ–ਜਿਸ ਦੇ ਨਾਲ, ਜਿਸ ਦੀ ਜੋਤਿ ਸਰੀਰ ਵਿਚ ਹੁੰਦਿਆਂ। ਸੁਹਾਈ–(ਸਰੀਰ) ਸੋਹਣਾ ਲੱਗਦਾ ਹੈ। ਸੰਤਹੁ –ਹੇ ਸੰਤ ਜਨੋ ! ਮੰਗਲ–ਸਿਫ਼ਤਿ ਸਾਲਾਹ ਦੇ ਗੀਤ। ਗਾਇ–ਗਾਈਂ, ਮੈਂ ਗਾਵਾਂ। ੧।

ਨੈਨਹੁ–ਅੱਖਾਂ ਵਿਚ। ਧੂਰਿ–(ਸੰਤਾਂ ਦੇ ਚਰਨਾਂ ਦੀ) ਧੂੜ। ਬਾਂਛਾਈ–ਮੈਂ (ਲਾਣੀ) ਚਾਹੁੰਦਾ ਹਾਂ। ਜਿਹ ਪ੍ਰਸਾਦਿ–ਜਿਸ (ਗੁਰੂ) ਦੀ ਕਿਰਪਾ ਨਾਲ। ਬਲਿ ਬਲਿ ਤਾ ਕੋ–ਉਸ ਤੋਂ ਸਦਾ ਕੁਰਬਾਨ। ਹਉ–ਮੈਂ। ਜਾਈ–ਜਾਈਂ, ਮੈਂ ਜਾਂਦਾ ਹਾਂ। ੨।

ਅਰਥ :–ਹੇ (ਮੇਰੀ) ਮਾਂ ! ਜਿਸ ਪਰਮਾਤਮਾ ਦੀ ਜੋਤਿ ਸਰੀਰ ਤੋਂ ਵਿੱਛੁੜਿਆਂ ਸਰੀਰ ਮੁਰਦਾ ਹੋ ਜਾਂਦਾ ਹੈ, (ਤੇ ਮੁਰਦਾ ਸਰੀਰ) ਘਰ ਵਿਚ ਟਿਕਿਆ ਨਹੀਂ ਰਹਿ ਸਕਦਾ, ਉਸ ਪ੍ਰੀਤਮ ਪ੍ਰਭੂ ਦੀ ਯਾਦ ਤੋਂ ਬਿਨਾ ਆਤਮਕ ਜੀਵਨ ਹਾਸਲ ਨਹੀਂ ਹੋ ਸਕਦਾ। ੧। ਰਹਾਉ।

ਹੇ ਸੰਤ ਜਨੋ ! ਮੇਰੇ ਉਤੇ ਆਪਣੀ ਮਿਹਰ ਕਰੋ, ਮੈਂ ਉਸ ਪਰਮਾਤਮਾ ਦੇ ਗੁਣ ਸਿਫ਼ਤਿ ਸਾਲਾਹ ਦੇ ਗੀਤ ਗਾਂਦਾ ਰਹਾਂ, ਜਿਹੜਾ (ਸਭ ਜੀਵਾਂ ਨੂੰ) ਜਿੰਦ ਦੇਣ ਵਾਲਾ ਹੈ ਹਿਰਦਾ ਦੇਣ ਵਾਲਾ ਹੈ ਪ੍ਰਾਣ ਦੇਣ ਵਾਲਾ ਹੈ, ਤੇ, ਜਿਸ ਦੀ ਸੰਗਤਿ ਵਿਚ ਹੀ (ਇਹ ਸਰੀਰ) ਸੋਹਣਾ ਲੱਗਦਾ ਹੈ। ੧।

ਹੇ ਮਾਂ ! ਮੇਰੀ ਤਾਂਘ ਹੈ ਕਿ ਸੰਤ ਜਨਾਂ ਦੇ ਚਰਨ ਮੇਰੇ ਮੱਥੇ ਉੱਤੇ ਟਿਕੇ ਰਹਿਣ, ਸੰਤ ਜਨਾਂ ਦੇ ਚਰਨਾਂ ਦੀ ਧੂੜ ਮੇਰੀਆਂ ਅੱਖਾਂ ਨੂੰ ਲੱਗਦੀ ਰਹੇ। ਹੇ ਨਾਨਕ ! (ਆਖ–) ਜਿਨ੍ਹਾਂ ਸੰਤ ਜਨਾਂ ਦੀ ਕਿਰਪਾ ਨਾਲ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ, ਮੈਂ ਉਹਨਾਂ ਤੋਂ ਸਦਾ ਸਦਕੇ ਜਾਂਦਾ ਹਾਂ। ੨। ੩। ੧੭।

ਸਾਰਗ ਮਹਲਾ ੫ ॥ ਉਆ ਅਉਸਰ ਕੈ ਹਉ ਬਲਿ ਜਾਈ ॥ ਆਠ ਪਹਰ ਅਪਨਾ ਪ੍ਰਭੁ ਸਿਮਰਨੁ ਵਡਭਾਗੀ ਹਰਿ ਪਾਂਈ ॥ ੧ ॥ ਰਹਾਉ ॥ ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥ ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥ ੧ ॥ ਜੀਉ ਪਿੰਡੁ ਤਨੁ ਧਨੁ ਸਾਧਨ ਕਾ ਇਹੁ ਮਨੁ ਸੰਤ ਰੇਨਾਈ ॥ ਸੰਤ ਪ੍ਰਤਾਪਿ ਭਰਮ ਸਭਿ ਨਾਸੇ ਨਾਨਕ ਮਿਲੇ ਗੁਸਾਈ ॥ ੨ ॥ ੪ ॥ ੧੮ ॥

ਪਦ ਅਰਥ :—ਅਉਸਰ—ਸਮਾ, ਮੌਕਾ। ਉਆ ਅਉਸਰ ਕੈ—ਉਸ ਸਮੇ ਤੋਂ। ਹਉ—ਮੈਂ। ਬਲਿ ਜਾਈ—ਬਲਿ ਜਾਈਂ, ਮੈਂ ਸਦਕੇ ਜਾਂਦਾ ਹਾਂ। ਵਡਭਾਗੀ—ਵੱਡੇ ਭਾਗਾਂ ਨਾਲ। ਪਾਂਈ—ਮੈਂ ਪਾ ਲਿਆ ਹੈ, ਮੈਂ ਲੱਭ ਲਿਆ ਹੈ।੧। ਰਹਾਉ।

ਭਲੋ—ਚੰਗਾ, ਸ੍ਰੇਸ਼ਟ। ਕੋ—ਦਾ। ਦਾਸੁ ਦਾਸਨ ਕੋ—ਦਾਸਨ ਕੋ ਦਾਸੁ, ਦਾਸਾਂ ਦਾ ਦਾਸ। ਜਨੁ—ਦਾਸ। ਤੇ—ਤੋਂ। ਸਮਦਰਸੀ—(ਸਭ ਨੂੰ)ਇਕੋ ਜਿਹਾ ਵੇਖਣ ਵਾਲਾ, ਸਭਨਾਂ ਵਿਚ ਇਕੋ ਜੋਤਿ ਵੇਖਣ ਵਾਲਾ। ਬਨਿ ਆਈ—ਪ੍ਰੀਤ ਬਣ ਗਈ।੧।

ਜੀਉ—ਜਿੰਦ। ਪਿੰਡੁ—ਸਰੀਰ। ਸਾਧਨ ਕਾ—ਸੰਤ ਜਨਾਂ ਦਾ। ਰੇਨਾਈ—ਚਰਨ-ਧੂੜ। ਸੰਤ ਪ੍ਰਤਾਪਿ—ਸੰਤਾਂ ਦੇ ਪ੍ਰਤਾਪ ਨਾਲ। ਸਭਿ—ਸਾਰੇ। ਗੁਸਾਈ—ਧਰਤੀ ਦਾ ਖਸਮ।੨।

ਅਰਥ :—ਹੇ ਭਾਈ! ਮੈਂ ਉਸ ਮੌਕੇ ਤੋਂ ਸਦਕੇ ਜਾਂਦਾ ਹਾਂ (ਜਦੋਂ ਮੈਨੂੰ ਸੰਤ ਜਨਾਂ ਦੀ ਸੰਗਤਿ ਪ੍ਰਾਪਤ ਹੋਈ)। (ਹੁਣ ਮੈਨੂੰ) ਅੱਠੇ ਪਹਰ ਆਪਣੇ ਪ੍ਰਭੂ ਦਾ ਸਿਮਰਨ (ਮਿਲ ਗਿਆ ਹੈ), ਤੇ, ਵੱਡੇ ਭਾਗਾਂ ਨਾਲ ਮੈਂ ਹਰੀ ਨੂੰ ਲੱਭ ਲਿਆ ਹੈ।੧। ਰਹਾਉ।

ਹੇ ਭਾਈ! ਕਬੀਰ (ਪਰਮਾਤਮਾ ਦੇ) ਦਾਸਾਂ ਦਾ ਦਾਸ ਬਣ ਕੇ ਭਲਾ ਬਣ ਗਿਆ, ਸੈਣ ਨਾਈ ਸੰਤ ਜਨਾਂ ਦਾ ਦਾਸ ਬਣ ਕੇ ਉੱਤਮ ਜੀਵਨ ਵਾਲਾ ਹੋ ਗਿਆ। (ਸੰਤ ਜਨਾਂ ਦੀ ਸੰਗਤਿ ਨਾਲ) ਨਾਮਦੇਵ ਉੱਚੇ ਤੋਂ ਉੱਚੇ ਜੀਵਨ ਵਾਲਾ ਬਣਿਆ, ਅਤੇ ਸਭ ਵਿਚ ਪਰਮਾਤਮਾ ਦੀ ਜੋਤ ਨੂੰ ਵੇਖਣ ਵਾਲਾ ਬਣ ਗਿਆ, (ਸੰਤ ਜਨਾਂ ਦੀ ਕਿਰਪਾ ਨਾਲ ਹੀ) ਰਵਿਦਾਸ ਦੀ ਪਰਮਾਤਮਾ ਨਾਲ ਪ੍ਰੀਤ ਬਣ ਗਈ।੧।

ਹੇ ਨਾਨਕ! (ਆਖ—ਹੇ ਭਾਈ!) ਮੇਰੀ ਇਹ ਜਿੰਦ, ਮੇਰਾ ਇਹ ਸਰੀਰ, ਇਹ ਤਨ, ਇਹ ਧਨ—ਸਭ ਕੁਝ ਸੰਤ ਜਨਾਂ ਦਾ ਹੋ ਚੁਕਿਆ ਹੈ, ਮੇਰਾ ਇਹ ਮਨ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹਿੰਦਾ ਹੈ। ਸੰਤ ਜਨਾਂ ਦੇ ਪ੍ਰਤਾਪ ਨਾਲ ਸਾਰੇ ਭਰਮ ਨਾਸ ਹੋ ਜਾਂਦੇ ਹਨ ਅਤੇ ਜਗਤ ਦਾ ਖਸਮ ਪ੍ਰਭੂ ਮਿਲ ਪੈਂਦਾ ਹੈ।੨।੪।੧੮।

ਸਾਰਗ ਮਹਲਾ ੫॥ ਮਨੋਰਥ ਪੂਰੇ ਸਤਿਗੁਰ ਆਪਿ॥ ਸਗਲ ਪਦਾਰਥ ਸਿਮਰਨਿ ਜਾ ਕੈ ਆਠ ਪਹਰ ਮੇਰੇ ਮਨ ਜਾਪਿ॥੧॥ ਰਹਾਉ॥ ਅੰਮ੍ਰਿਤ ਨਾਮੁ ਸੁਆਮੀ ਤੇਰਾ ਜੋ ਪੀਵੈ ਤਿਸ ਹੀ ਤ੍ਰਿਪਤਾਸ॥ ਜਨਮ ਜਨਮ ਕੇ ਕਿਲਬਿਖ ਨਾਸਹਿ ਆਗੈ ਦਰਗਹ ਹੋਇ ਖਲਾਸ॥੧॥ ਸਰਨਿ ਤੁਮਾਰੀ ਆਇਓ ਕਰਤੇ ਪਾਰਬ੍ਰਹਮ ਪੂਰਨ ਅਬਿਨਾਸ॥ ਕਰਿ ਕਿਰਪਾ ਤੇਰੇ ਚਰਨ ਧਿਆਵਉ ਨਾਨਕ ਮਨਿ ਤਨਿ ਦਰਸ ਪਿਆਸ॥੨॥

੫ ॥ ੧੯ ॥

ਪਦ ਅਰਥ :–ਮਨੋਰਥ–ਗਰਜ਼ਾਂ, ਲੋੜਾਂ । ਪੂਰੇ–ਪੂਰੀਆਂ ਕਰਦਾ ਹੈ । ਸਗਲ–ਸਾਰੇ । ਸਿਮਰਨਿ ਜਾ ਕੈ–ਜਿਸ ਦੇ ਸਿਮਰਨ ਦੀ ਰਾਹੀਂ । ਮਨ–ਹੇ ਮਨ ! ੧ । ਰਹਾਉ ।

ਅੰਮ੍ਰਿਤ ਨਾਮੁ–ਆਤਮਕ ਜੀਵਨ ਦੇਣ ਵਾਲਾ ਨਾਮ। ਪੀਵੈ–ਪੀਂਦਾ ਹੈ[ਇਕ ਵਚਨ]। ਤਿਸ ਹੀ–[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' ਦਾ ੁ ਉੱਡ ਗਿਆ ਹੈ] । ਤ੍ਰਿਪਤਾਸ–ਤ੍ਰਿਪਤੀ, ਸ਼ਾਂਤੀ । ਕਿਲਬਿਖ–ਪਾਪ । ਨਾਸਹਿ–[ਬਹੁ ਵਚਨ] ਨਾਸ ਹੋ ਜਾਂਦੇ ਹਨ । ਆਗੈ–ਪਰਲੋਕ ਵਿਚ । ਖਲਾਸ–ਸੁਰਖ਼ਰੋਈ । ੧ ।

ਕਰਤੇ–ਹੇ ਕਰਤਾਰ ! ਪੂਰਨ–ਹੇ ਸਰਬ-ਵਿਆਪਕ ! ਧਿਆਵਉ–ਧਿਆਵਉਂ, ਮੈਂ ਧਿਆਵਾਂ । ਨਾਨਕ ਮਨਿ ਤਨਿ–ਨਾਨਕ ਦੇ ਮਨ ਵਿਚ ਤਨ ਵਿਚ । ਪਿਆਸ–ਤਾਂਘ । ੨ ।

ਅਰਥ :–ਹੇ ਮੇਰੇ ਮਨ ! ਜਿਸ ਪਰਮਾਤਮਾ ਦੇ ਸਿਮਰਨ ਦੀ ਬਰਕਤਿ ਨਾਲ ਸਾਰੇ ਪਦਾਰਥ ਮਿਲਦੇ ਹਨ (ਗੁਰੂ ਦੀ ਸਰਨ ਪੈ ਕੇ) ਅੱਠੇ ਪਹਰ ਉਸ ਦਾ ਨਾਮ ਜਪਿਆ ਕਰ (ਸਰਨ ਪਏ ਮਨੁੱਖ ਦੀਆਂ) ਸਾਰੀਆਂ ਲੋੜਾਂ ਗੁਰੁ ਆਪ ਪੂਰੀਆਂ ਕਰਦਾ ਹੈ । ੧ । ਰਹਾਉ ।

ਹੇ ਮਾਲਕ-ਪ੍ਰਭੂ!ਤੇਰਾ ਨਾਮ ਆਤਮਕ ਜੀਵਨ ਦੇਣ ਵਾਲਾ ਜਲ ਹੈ,ਜਿਹੜਾ ਮਨੁੱਖ (ਇਹ ਨਾਮ ਜਲ) ਪੀਂਦਾ ਹੈ, ਉਸ ਨੂੰ ਸ਼ਾਂਤੀ ਮਿਲਦੀ ਹੈ, ਉਸ ਦੇ ਅਨੇਕਾਂ ਜਨਮਾਂ ਦੇ ਪਾਪ ਨਾਸ ਹੋ ਜਾਂਦੇ ਹਨ, ਅਗਾਂਹ (ਤੇਰੀ)ਹਜ਼ੂਰੀ ਵਿਚ ਉਸ ਨੂੰ ਸੁਰਖ਼ਰੋਈ ਹਾਸਲ ਹੁੰਦੀ ਹੈ। ੧ ।

ਹੇ ਕਰਤਾਰ ! ਹੇ ਪਾਰਬ੍ਰਹਮ ! ਹੇ ਸਰਬ-ਵਿਆਪਕ ! ਹੇ ਨਾਸ-ਰਹਿਤ ! ਮੈਂ ਤੇਰੀ ਸਰਨ ਆਇਆ ਹਾਂ । ਮਿਹਰ ਕਰ, ਮੈਂ (ਸਦਾ) ਤੇਰੇ ਚਰਨਾਂ ਦਾ ਧਿਆਨ ਧਰਦਾ ਰਹਾਂ, ਮੈਂ ਨਾਨਕ ਦੇ ਮਨ ਵਿਚ ਹਿਰਦੇ ਵਿਚ (ਤੇਰੇ) ਦਰਸਨ ਦੀ ਤਾਂਘ ਹੈ। ੨ । ੫ । ੧੯ ।

ਸਾਰਗ ਮਹਲਾ ੫ ਘਰੁ ੩

ੴ ਸਤਿਗੁਰ ਪ੍ਰਸਾਦਿ ॥ ਮਨ ਕਹਾ ਲੁਭਾਈਐ ਆਨ ਕਉ ॥ ਈਤ ਊਤ ਪ੍ਰਭੁ ਸਦਾ ਸਹਾਈ ਜੀਅ ਸੰਗਿ ਤੇਰੇ ਕਾਮ ਕਉ ॥ ੧ ॥ ਰਹਾਉ ॥ ਅੰਮ੍ਰਿਤ ਨਾਮੁ ਪ੍ਰਿਅ ਪ੍ਰੀਤਿ ਮਨੋਹਰ ਇਹੈ ਅਘਾਵਨ ਪਾਂਨ ਕਉ ॥ ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ

ਕਉ ॥ ੧ ॥ ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ ॥ ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ ॥ ੨ ॥ ੧ ॥ ੨੦ ॥

ਪਦ ਅਰਥ :—ਮਨ—ਹੇ ਮਨ ! ਕਹਾ ਲੁਭਾਈਐ—ਲੋਭ ਵਿਚ ਨਹੀਂ ਫਸਣਾ ਚਾਹੀਦਾ । ਆਨ ਕਉ—ਹੋਰ ਹੋਰ ਪਦਾਰਥਾਂ ਵਾਸਤੇ । ਈਤ—ਇਸ ਲੋਕ ਵਿਚ । ਊਤ—ਪਰਲੋਕ ਵਿਚ । ਸਹਾਈ—ਮਦਦ ਕਰਨ ਵਾਲਾ । ਜੀਅ ਸੰਗਿ—ਜਿੰਦ ਦੇ ਨਾਲ (ਰਹਿਣ ਵਾਲਾ) । ਕਾਮ ਕਉ—ਕੰਮ ਆਉਣ ਵਾਲਾ । ੧ । ਰਹਾਉ ।

ਅੰਮ੍ਰਿਤ—ਆਤਮਕ ਜੀਵਨ ਦੇਣ ਵਾਲਾ । ਪ੍ਰਿਅ ਪ੍ਰੀਤਿ ਮਨੋਹਰ—ਮਨ ਨੂੰ ਮੋਹਣ ਵਾਲੇ ਪਿਆਰੇ ਦੀ ਪ੍ਰੀਤ । ਇਹੈ—ਇਹ ਹੀ । ਅਘਾਵਨ ਕਉ—ਤ੍ਰਿਪਤੀ ਦੇਣ ਵਾਸਤੇ । ਪਾਂਨ—ਪੀਣਾ । ਠਾਹਰ—ਥਾਂ । ਨੀਕੀ—ਸੋਹਣੀ। ਅਕਾਲ ਮੂਰਤਿ ਧਿਆਨ ਕਉ—ਅਕਾਲ-ਮੂਰਤਿ ਪ੍ਰਭੂ ਦਾ ਧਿਆਨ ਧਰਨ ਵਾਸਤੇ । ੧ ।

ਮੰਤ੍ਰ—ਉਪਦੇਸ਼ । ਮਨਹਿ ਮਾਨ ਉਤਾਰਨ ਕਉ—ਮਨ ਦਾ ਮਾਣ ਦੂਰ ਕਰਨ ਲਈ । ਖੋਜਿ—ਖੋਜ ਕੇ । ਲਹਿਓ—ਲੱਭਾ ਹੈ । ਬਿਸ੍ਰਾਮ—ਟਿਕਾਣਾ । ੨ ।

ਅਰਥ :—ਹੇ ਮਨ ! ਹੋਰ ਹੋਰ ਪਦਾਰਥਾਂ ਦੀ ਖ਼ਾਤਰ ਲੋਭ ਵਿਚ ਨਹੀਂ ਫਸਣਾ ਚਾਹੀਦਾ । ਇਸ ਲੋਕ ਵਿਚ ਅਤੇ ਪਰਲੋਕ ਵਿਚ ਪਰਮਾਤਮਾ (ਹੀ) ਸਦਾ ਸਹਾਇਤਾ ਕਰਨ ਵਾਲਾ ਹੈ, ਤੇ, ਜਿੰਦ ਦੇ ਨਾਲ ਰਹਿਣ ਵਾਲਾ ਹੈ । ਹੇ ਮਨ ! ਉਹ ਪ੍ਰਭੂ ਹੀ ਤੇਰੇ ਕੰਮ ਆਉਣ ਵਾਲਾ ਹੈ । ੧ । ਰਹਾਉ ।

ਹੇ ਭਾਈ ! ਮਨ ਨੂੰ ਮੋਹਣ ਵਾਲੇ ਪਿਆਰੇ ਪ੍ਰਭੂ ਦੀ ਪ੍ਰੀਤਿ, ਪ੍ਰਭੂ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ—ਇਹ ਹੀ ਪੀਣਾ ਤ੍ਰਿਪਤੀ ਦੇਣ ਵਾਸਤੇ ਹੈ। ਹੇ ਭਾਈ ! ਅਕਾਲ-ਮੂਰਤਿ ਪ੍ਰਭੂ ਦਾ ਧਿਆਨ ਧਰਨ ਵਾਸਤੇ ਸਾਧ ਸੰਗਤਿ ਹੀ ਸੋਹਣੀ ਥਾਂ ਹੈ। ੧ ।

ਹੇ ਭਾਈ ! ਮਹਾਂ ਪੁਰਖਾਂ ਦੀ ਬਾਣੀ, ਮਹਾਂ ਪੁਰਖਾਂ ਦਾ ਉਪਦੇਸ਼ ਹੀ ਮਨ ਦਾ ਮਾਣ ਦੂਰ ਕਰਨ ਲਈ ਸਮਰਥ ਹੈ । ਹੇ ਨਾਨਕ ! (ਆਖ—ਹੇ ਭਾਈ !) ਆਤਮਕ ਸ਼ਾਂਤੀ ਵਾਸਤੇ ਪਰਮਾਤਮਾ ਦਾ ਨਾਮ ਹੀ ਸੁਖਾਂ ਦਾ ਥਾਂ ਹੈ (ਇਹ ਥਾਂ ਸਾਧ ਸੰਗਤਿ ਵਿਚ) ਖੋਜ ਕੀਤਿਆਂ ਲੱਭਦੀ ਹੈ । ੨ । ੧ । ੨੦ ।

ਸਾਰਗ ਮਹਲਾ ੫ ॥ ਮਨ ਸਦਾ ਮੰਗਲ ਗੋਬਿੰਦ ਗਾਇ ॥ ਰੋਗ ਸੋਗ ਤੇਰੇ ਮਿਟਹਿ ਸਗਲ ਅਘ, ਨਿਮਖ ਹੀਐ ਹਰਿ ਨਾਮੁ ਧਿਆਇ ॥ ੧ ॥

ਰਹਾਉ ॥ ਛੋਡਿ ਸਿਆਨਪ ਬਹੁ ਚਤੁਰਾਈ ਸਾਧੂ ਸਰਣੀ ਜਾਇ ਪਾਇ ॥ ਜਉ ਹੋਇ ਕ੍ਰਿਪਾਲੁ ਦੀਨ ਦੁਖ ਭੰਜਨ ਜਮ ਤੇ ਹੋਵੈ ਧਰਮਰਾਇ ॥੧॥ ਏਕਸ ਬਿਨੁ ਨਾਹੀ ਕੋ ਦੂਜਾ ਆਨ ਨ ਬੀਓ ਲਵੈ ਲਾਇ ॥ ਮਾਤ ਪਿਤਾ ਭਾਈ ਨਾਨਕ ਕੋ ਸੁਖਦਾਤਾ ਹਰਿ ਪ੍ਰਾਨ ਸਾਇ ॥ ੨ ॥ ੨ ॥ ੨੧ ॥

ਪਦ ਅਰਥ :–ਮਨ–ਹੇ ਮਨ ! ਮੰਗਲ–ਸਿਫ਼ਤਿ ਸਾਲਾਹ ਦੇ ਗੀਤ । ਗਾਇ–ਗਾਇਆ ਕਰ । ਸੋਗ–ਗ਼ਮ । ਅਘ–ਪਾਪ । ਨਿਮਖ–ਅੱਖ ਝਮਕਣ ਜਿਤਨਾ ਸਮਾ । ਹੀਐ–ਹਿਰਦੇ ਵਿਚ । ੧ । ਰਹਾਉ ।

ਸਾਧੂ–ਗੁਰੂ । ਜਾਇ ਪਾਇ–ਜਾ ਪੌ । ਜਉ–ਜਦੋਂ । ਦੀਨ–ਗਰੀਬ । ਭੰਜਨ–ਨਾਸ ਕਰਨ ਵਾਲਾ । ਤੇ–ਤੋਂ । ਧਰਮਰਾਇ–ਧਰਮਰਾਜ । ੧ ।

ਏਕਸ ਬਿਨੁ–ਇੱਕ ਪਰਮਾਤਮਾ ਤੋਂ ਬਿਨਾ । ਆਨ–[ਅਨ੍ਯ] ਹੋਰ । ਬੀਓ–ਦੂਜਾ । ਲਵੈ ਲਾਇ–ਬਰਾਬਰੀ ਕਰ ਸਕਦਾ । ਕੋ–ਦਾ । ਸੁਖ ਦਾਤਾ–ਸੁਖ ਦੇਣ ਵਾਲਾ । ਸਾਇ–ਉਹ (ਹਰੀ) ਹੀ । ੨ ।

ਅਰਥ :–ਹੇ (ਮੇਰੇ) ਮਨ ! ਸਦਾ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਇਆ ਕਰ । ਹੇ ਭਾਈ ! ਜੇ ਤੂੰ ਅੱਖ ਝਮਕਣ ਜਿਤਨੇ ਸਮੇ ਲਈ ਹਿਰਦੇ ਵਿਚ ਹਰੀ ਦਾ ਨਾਮ ਸਿਮਰੇਂ, ਤਾਂ ਤੇਰੇ ਸਾਰੇ ਰੋਗ ਸਾਰੇ ਚਿੰਤਾ-ਫ਼ਿਕਰ ਸਾਰੇ ਪਾਪ ਦੂਰ ਹੋ ਜਾਣ । ੧ । ਰਹਾਉ ।

ਹੇ ਭਾਈ ! ਅਪਣੀ ਬਹੁਤ ਸਿਆਣਪ ਚਤੁਰਾਈ ਛੱਡ ਕੇ (ਇਹ ਖ਼ਿਆਲ ਦੂਰ ਕਰ ਕੇ ਕਿ ਤੂੰ ਬੜਾ ਸਿਆਣਾ ਤੇ ਅਕਲ ਵਾਲਾ ਹੈਂ) ਗੁਰੂ ਦੀ ਸਰਨ ਜਾ ਪਉ । ਜਦੋਂ ਗਰੀਬਾਂ ਦੇ ਦੁੱਖ ਨਾਸ ਕਰਨ ਵਾਲਾ ਪ੍ਰਭੂ (ਕਿਸੇ ਉਤੇ) ਦਇਆਵਾਨ ਹੁੰਦਾ ਹੈ, ਤਾਂ (ਉਸ ਮਨੁੱਖ ਵਾਸਤੇ) ਜਮਰਾਜ ਤੋਂ ਧਰਮਰਾਜ ਬਣ ਜਾਂਦਾ ਹੈ (ਪਰਲੋਕ ਵਿਚ ਮਨੁੱਖ ਨੂੰ ਜਮਾਂ ਦਾ ਕੋਈ ਡਰ ਨਹੀਂ ਰਹਿ ਜਾਂਦਾ) । ੧ ।

ਹੇ ਭਾਈ ! ਇਕ ਪਰਮਾਤਮਾ ਤੋਂ ਬਿਨਾ ਕੋਈ ਹੋਰ (ਅਸਾਂ ਜੀਵਾਂ ਦਾ ਰਾਖਾ) ਨਹੀਂ ਹੈ, ਕੋਈ ਹੋਰ ਦੂਜਾ ਉਸ ਪਰਮਾਤਮਾ ਦੀ ਬਰਾਬਰੀ ਨਹੀਂ ਕਰ ਸਕਦਾ । ਨਾਨਕ ਦਾ ਤਾਂ ਉਹ ਪਰਮਾਤਮਾ ਹੀ ਮਾਂ ਪਿਉ ਭਰਾ ਤੇ ਪ੍ਰਾਣਾਂ ਨੂੰ ਸੁਖ ਦੇਣ ਵਾਲਾ ਹੈ । ੨ । ੨ । ੨੧ ।

ਸਾਰਗ ਮਹਲਾ ੫ ॥ ਹਰਿ ਜਨ ਸਗਲ ਉਧਾਰੇ ਸੰਗ ਕੇ ॥ ਭਏ ਪੁਨੀਤ ਪਵਿਤ੍ਰ ਮਨ ਜਨਮ ਜਨਮ ਕੇ ਦੁਖ ਹਰੇ ॥ ੧ ॥ ਰਹਾਉ ॥ ਮਾਰਗਿ ਚਲੇ ਤਿਨ੍ਹੀ ਸੁਖੁ ਪਾਇਆ ਜਿਨ੍ਹ ਸਿਉ ਗੋਸਟਿ ਸੇ ਤਰੇ ॥ ਬੂਡਤ ਘੋਰ ਅੰਧ

ਕੂਪ ਮਹਿ ਤੇ ਸਾਧੂ ਸੰਗਿ ਪਾਰਿ ਪਰੇ ॥ ੧ ॥ ਜਿਨ੍ ਕੇ ਭਾਗ ਬਡੇ ਹੈ ਭਾਈ ਤਿਨ੍ ਸਾਧੂ ਸੰਗਿ ਮੁਖ ਜੁਰੇ ॥ ਤਿਨ੍ ਕੀ ਧੂਰਿ ਬਾਂਛੈ ਨਿਤ ਨਾਨਕੁ ਪ੍ਰਭੁ ਮੇਰਾ ਕਿਰਪਾ ਕਰੇ ॥ ੨ ॥ ੩ ॥ ੨੨ ॥

ਪਦ ਅਰਥ :—ਹਰਿ ਜਨ—ਹਰੀ ਦੇ ਜਨ, ਪਰਮਾਤਮਾ ਦੇ ਸੰਤ ਜਨ। ਸਗਲ—ਸਾਰੇ। ਉਧਾਰੇ—ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦੇ ਹਨ। ਸੰਗ ਕੇ—ਆਪਣੇ ਨਾਲ ਦੇ। ਪੁਨੀਤ—ਸੁੱਚੇ ਜੀਵਨ ਵਾਲੇ। ਹਰੇ—ਦੂਰ ਹੋ ਜਾਂਦੇ ਹਨ। ੧। ਰਹਾਉ।

ਮਾਰਗਿ—ਰਸਤੇ ਉਤੇ। ਸਿਉ—ਨਾਲ। ਗੋਸਟਿ—ਬਹਿਣ-ਖਲੋਣ, ਵਿਚਾਰ-ਵਟਾਂਦਰਾ। ਸੇ—ਉਹ ਮਨੁੱਖ [ਬਹੁ ਬਚਨ]। ਤਰੇ—ਪਾਰ ਲੰਘ ਗਏ। ਘੋਰ ਅੰਧ ਕੂਪ ਮਹਿ—ਘੁੱਪ ਹਨੇਰੇ ਖੂਹ ਵਿਚ। ਤੇ—ਉਹ [ਬਹੁ ਵਚਨ]। ਸਾਧੂ ਸੰਗਿ—ਸਾਧ ਸੰਗਤਿ ਵਿਚ। ੧।

ਭਾਈ—ਹੇ ਭਾਈ! ਤਿਨ੍ ਮੁਖ—ਉਹਨਾਂ ਦੇ ਮੂੰਹ। ਜੁਰੇ—ਜੁੜਦੇ ਹਨ। ਧੂਰਿ—ਚਰਨ-ਧੂੜ। ਬਾਂਛੈ—ਮੰਗਦਾ ਹੈ। ੨।

ਅਰਥ :—ਹੇ ਭਾਈ! ਪਰਮਾਤਮਾ ਦੇ ਸੰਤ ਜਨ (ਆਪਣੇ) ਨਾਲ ਬੈਠਣ ਵਾਲੇ ਸਾਰਿਆਂ ਨੂੰ ਹੀ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈਂਦੇ ਹਨ। (ਸੰਤ ਜਨਾਂ ਦੇ ਨਾਲ ਸੰਗਤਿ ਕਰਨ ਵਾਲੇ ਮਨੁੱਖ) ਪਵਿੱਤਰ ਮਨ ਵਾਲੇ ਉੱਚੇ ਜੀਵਨ ਵਾਲੇ ਬਣ ਜਾਂਦੇ ਹਨ, ਉਹਨਾਂ ਦੇ ਅਨੇਕਾਂ ਜਨਮਾਂ ਦੇ ਦੁੱਖ ਦੂਰ ਹੋ ਜਾਂਦੇ ਹਨ। ੧। ਰਹਾਉ।

ਹੇ ਭਾਈ! ਜਿਹੜੇ ਮਨੁੱਖ (ਸਾਧ ਸੰਗਤਿ ਦੇ) ਰਸਤੇ ਉਤੇ ਤੁਰਦੇ ਹਨ, ਉਹ ਸੁਖ-ਆਨੰਦ ਮਾਣਦੇ ਹਨ, ਜਿਨ੍ਹਾਂ ਨਾਲ ਸੰਤ ਜਨਾਂ ਦਾ ਬਹਿਣ-ਖਲੋਣ ਹੋ ਜਾਂਦਾ ਹੈ ਉਹ (ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ। ਜਿਹੜੇ ਮਨੁੱਖ (ਮਾਇਆ ਦੇ ਮੋਹ ਦੇ) ਘੁੱਪ ਹਨੇਰੇ ਖੂਹ ਵਿਚ ਡੁੱਬੇ ਰਹਿੰਦੇ ਹਨ, ਉਹ ਭੀ ਸਾਧ ਸੰਗਤਿ ਦੀ ਬਰਕਤ ਨਾਲ ਪਾਰ ਲੰਘ ਜਾਂਦੇ ਹਨ। ੧।

ਹੇ ਭਾਈ! ਜਿਨ੍ਹਾਂ ਮਨੁੱਖਾਂ ਦੇ ਵੱਡੇ ਭਾਗ (ਜਾਗਦੇ) ਹਨ, ਉਹਨਾਂ ਦੇ ਮੂੰਹ ਸਾਧ ਸੰਗਤਿ ਵਿਚ ਜੁੜਦੇ ਹਨ (ਉਹ ਮਨੁੱਖ ਸਾਧ ਸੰਗਤਿ ਵਿਚ ਸਤਸੰਗੀਆਂ ਨਾਲ ਮਿਲਦੇ ਹਨ)। ਨਾਨਕ ਉਹਨਾਂ ਦੇ ਚਰਨਾਂ ਦੀ ਧੂੜ ਸਦਾ ਮੰਗਦਾ ਹੈ (ਪਰ ਇਹ ਤਦੋਂ ਹੀ ਮਿਲ ਸਕਦੀ ਹੈ, ਜੇ) ਮੇਰਾ ਪ੍ਰਭੂ ਮਿਹਰ ਕਰੇ। ੨। ੩। ੨੨।

ਸਾਰਗ ਮਹਲਾ ੫ ॥ ਹਰਿ ਜਨ ਰਾਮ ਰਾਮ ਰਾਮ ਧਿਆਂਏ ॥ ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥ ੧ ॥ ਰਹਾਉ ॥ ਦੁਲਭ ਦੇਹ ਜਪਿ ਹੋਤ ਪੁਨੀਤਾ ਜਮ ਕੀ ਤ੍ਰਾਸ ਨਿਵਾਰੈ ॥ ਮਹਾ ਪਤਿਤ ਕੇ ਪਾਤਿਕ

ਉਤਰਹਿ ਹਰਿਨਾਮਾ ਉਰਿ ਧਾਰੈ ॥ ੧ ॥ ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ ॥ ਕਹੁ ਨਾਨਕ ਪਾਈਐ ਵਡਭਾਗੀ ਮਨ ਤਨ ਹੋਇ ਬਿਗਾਸਾ ॥ ੨ ॥ ੪ ॥ ੨੩ ॥

ਪਦ ਅਰਥ :—ਹਰਿ ਜਨ—ਪਰਮਾਤਮਾ ਦੇ ਭਗਤ। ਧਿਆਂਏ—ਧਿਆਉਂਦੇ ਹਨ। ਸਮਾਗਮ—ਇਕੱਠ। ਕੋਟਿ—ਕ੍ਰੋੜਾਂ। ਪਾਂਏ—ਪਾ ਲੈਂਦੇ ਹਨ। ੧। ਰਹਾਉ।

ਜਪਿ—ਜਪ ਕੇ। ਪੁਨੀਤਾ—ਪਵਿਤ੍ਰ। ਤ੍ਰਾਸੁ—ਡਰ। ਨਿਵਾਰੈ—ਦੂਰ ਕਰਦਾ ਹੈ। ਪਤਿਤ—ਵਿਕਾਰੀ, ਪਾਪਾਂ ਵਿਚ ਡਿੱਗਾ ਹੋਇਆ। ਪਾਤਿਕ—ਪਾਪ। ਉਤਰਹਿ—ਲਹਿ ਜਾਂਦੇ ਹਨ। ਉਰਿ—ਹਿਰਦੇ ਵਿਚ। ਧਾਰੈ—ਵਸਾਂਦਾ ਹੈ। ਦੇਹ—ਸਰੀਰ। ੧।

ਜਸੁ—ਸਿਫ਼ਤਿ ਸਾਲਾਹ। ਤਾ ਕਾ—ਉਸ (ਮਨੁੱਖ) ਦਾ। ਨਾਸਾ—ਨਾਸ ਹੋ ਜਾਂਦਾ ਹੈ। ਬਿਗਾਸਾ—ਖਿੜਾਉ। ੨।

ਅਰਥ :—ਹੇ ਭਾਈ! ਪਰਮਾਤਮਾ ਦੇ ਭਗਤ ਸਦਾ ਹੀ ਪਰਮਾਤਮਾ ਦਾ ਨਾਮ ਸਿਮਰਦੇ ਹਨ। ਸਾਧ ਸੰਗਤਿ ਦੇ ਇਕ ਪਲ ਭਰ ਦੇ ਸੁਖ (ਨੂੰ ਉਹ ਇਉਂ ਸਮਝਦੇ ਹਨ ਕਿ) ਕ੍ਰੋੜਾਂ ਬੈਕੁੰਠ ਹਾਸਲ ਕਰ ਲਏ ਹਨ। ੧। ਰਹਾਉ।

ਹੇ ਭਾਈ! ਜਿਹੜਾ ਮਨੁੱਖ ਪਰਮਾਤਮਾ ਦਾ ਨਾਮ (ਆਪਣੇ) ਹਿਰਦੇ ਵਿਚ ਵਸਾਂਦਾ ਹੈ, ਨਾਮ ਜਪ ਕੇ ਉਸ ਦਾ ਦੁਰਲੱਭ ਮਨੁੱਖਾ ਸਰੀਰ ਪਵਿਤ੍ਰ ਹੋ ਜਾਂਦਾ ਹੈ, (ਨਾਮ ਉਸ ਦੇ ਅੰਦਰੋਂ) ਜਮਾਂ ਦਾ ਡਰ ਦੂਰ ਕਰ ਦੇਂਦਾ ਹੈ। ਹੇ ਭਾਈ! ਨਾਮ ਦੀ ਬਰਕਤ ਨਾਲ ਵਡੇ ਵਡੇ ਵਿਕਾਰੀਆਂ ਦੇ ਪਾਪ ਲਹਿ ਜਾਂਦੇ ਹਨ। ੧।

ਹੇ ਭਾਈ! ਜਿਹੜਾ ਜਿਹੜਾ ਮਨੁੱਖ ਪਰਮਾਤਮਾ ਦੀ ਪਵਿੱਤਰ ਸਿਫ਼ਤਿ ਸਾਲਾਹ ਸੁਣਦਾ ਹੈ, ਉਸ ਦਾ ਸਾਰੀ ਉਮਰ ਦਾ ਦੁੱਖ ਨਾਸ ਹੋ ਜਾਂਦਾ ਹੈ। ਹੇ ਨਾਨਕ! ਆਖ— (ਇਹ ਸਿਫ਼ਤਿ ਸਾਲਾਹ) ਵਡੇ ਭਾਗਾਂ ਨਾਲ ਮਿਲਦੀ ਹੈ (ਜਿੰਨ੍ਹਾਂ ਨੂੰ ਮਿਲਦੀ ਹੈ ਉਹਨਾਂ ਦੇ) ਮਨਾਂ ਵਿਚ ਤਨਾਂ ਵਿਚ ਖਿੜਾਉ ਪੈਦਾ ਹੋ ਜਾਂਦਾ ਹੈ। ੨। ੪। ੨੩।

ਸਾਰਗ ਮਹਲਾ ੫ ਦੁਪਦੇ ਘਰੁ ੪

ੴ ਸਤਿਗੁਰਪ੍ਰਸਾਦਿ ॥ ਮੋਹਨ ਘਰਿ ਆਵਹੁ ਕਰਉ ਜੋਦਰੀਆ ॥ ਮਾਨੁ ਕਰਉ ਅਭਿਮਾਨੈ ਬੋਲਉ ਭੂਲ ਚੂਕ ਤੇਰੀ ਪ੍ਰਿਅ ਚਿਰੀਆ ॥ ੧ ॥ ਰਹਾਉ ॥ ਨਿਕਟਿ ਸੁਨਉ ਅਰੁ ਪੇਖਉ ਨਾਹੀ ਭਰਮਿ ਭਰਮਿ ਦੁਖ ਭਰੀਆ ॥ ਹੋਇ ਕ੍ਰਿਪਾਲ ਗੁਰ ਲਾਹਿ ਪਾਰਦੋ ਮਿਲਉ ਲਾਲ ਮਨੁ ਹਰੀਆ ॥ ੧ ॥ ਏਕ ਨਿਮਖ ਜੇ ਬਿਸਰੈ ਸੁਆਮੀ ਜਾਨਉ ਕੋਟਿ ਦਿਨਸ ਲਖ ਬਰੀਆ ॥ ਸਾਧ ਸੰਗਤਿ ਕੀ ਭੀਰ ਜਉ ਪਾਈ ਤਉ ਨਾਨਕ ਹਰਿ ਸੰਗਿ ਮਿਰੀਆ ॥

੨ ॥ ੧ ॥ ੨੪ ॥

ਪਦ ਅਰਥ :—ਮੋਹਨ—ਹੇ ਮਨ ਨੂੰ ਮੋਹਣ ਵਾਲੇ ! ਘਰਿ—(ਮੇਰੇ ਹਿਰਦੇ-) ਘਰ ਵਿਚ । ਕਰਉ—ਕਰਉਂ, ਮੈਂ ਕਰਦੀ ਹਾਂ । ਜੋਦਰੀਆ—ਜੋਦੜੀ, ਮਿੰਨਤ । ਅਭਿਮਾਨੈ—ਅਹੰਕਾਰ ਨਾਲ । ਬੋਲਉ—ਬੋਲਉਂ, ਬੋਲਦੀ ਹਾਂ । ਭੂਲ ਚੂਕ—ਗਲਤੀਆਂ, ਉਕਾਈਆਂ । ਪ੍ਰਿਅ—ਹੇ ਪਿਆਰੇ ! ਤੇਰੀ ਚਿਰੀਆ—ਤੇਰੀ ਚੇਰੀ, ਤੇਰੀ ਦਾਸੀ । ੧ । ਰਹਾਉ ।

ਨਿਕਟਿ—ਨੇੜੇ । ਸੁਨਉ—ਸੁਨਉਂ, ਮੈਂ ਸੁਣਦੀ ਹਾਂ । ਅਰੁ—ਅਤੇ । ਪੇਖਉ—ਪੇਖਉਂ, ਮੈਂ ਵੇਖਦੀ ਹਾਂ । ਭਰਮਿ—ਭਟਕ ਕੇ । ਗੁਰ—ਹੇ ਗੁਰੂ ! ਹੋਇ—ਹੋ ਕੇ । ਲਾਹਿ—ਦੂਰ ਕਰ । ਪਾਰਦੋ—ਪਰਦਾ, ਵਿੱਥ । ਮਿਲਉ—ਮਿਲਉਂ, ਮੈਂ ਮਿਲ ਸਕਾਂ । ਹਰੀਆ—ਹਰਾ-ਭਰਾ । ੧ ।

ਨਿਮਖ—ਅੱਖ ਝਮਕਣ ਜਿਤਨਾ ਸਮਾ । ਜਾਨਉ—ਜਾਨਉਂ, ਮੈਂ ਜਾਣਦੀ ਹਾਂ । ਕੋਟਿ—ਕ੍ਰੋੜਾਂ । ਬਰੀਆ—ਵਰ੍ਹੇ । ਭੀਰ—ਭੀੜ, ਇਕੱਠ । ਜਉ—ਜਦੋਂ । ਤਉ—ਤਦੋਂ । ਨਾਨਕ—ਹੇ ਨਾਨਕ ! ਸੰਗਿ—ਨਾਲ । ਮਿਰੀਆ—ਮਿਲ ਗਈ । ੨ ।

ਅਰਥ :—ਹੇ ਮੋਹਨ-ਪ੍ਰਭੂ ! ਮੈਂ ਮਿੰਨਤ ਕਰਦੀ ਹਾਂ ਮੇਰੇ ਹਿਰਦੇ-ਘਰ ਵਿਚ ਆ ਵੱਸ । ਹੇ ਮੋਹਨ ! ਮੈਂ (ਸਦਾ) ਮਾਣ ਕਰਦੀ ਰਹਿੰਦੀ ਹਾਂ, ਮੈਂ (ਸਦਾ) ਅਹੰਕਾਰ ਨਾਲ ਗੱਲਾਂ ਕਰਦੀ ਹਾਂ, ਮੈਂ ਬਥੇਰੀਆਂ ਭੁੱਲਾਂ-ਚੁੱਕਾਂ ਕਰਦੀ ਹਾਂ, (ਫਿਰ ਭੀ) ਹੇ ਪਿਆਰੇ ! ਮੈਂ ਤੇਰੀ (ਹੀ) ਦਾਸੀ ਹਾਂ । ੧ । ਰਹਾਉ ।

ਹੇ ਮੋਹਨ ! ਮੈਂ ਸੁਣਦੀ ਹਾਂ (ਤੂੰ) ਨੇੜੇ (ਵੱਸਦਾ ਹੈਂ), ਪਰ ਮੈਂ (ਤੈਨੂੰ) ਵੇਖ ਨਹੀਂ ਸਕਦੀ । ਸਦਾ ਭਟਕ ਭਟਕ ਕੇ ਮੈਂ ਦੁੱਖਾਂ ਵਿਚ ਫਸੀ ਰਹਿੰਦੀ ਹਾਂ । ਹੇ ਗੁਰੂ ! ਜੇ ਤੂੰ ਦਇਆਵਾਨ ਹੋ ਕੇ (ਮੇਰੇ ਅੰਦਰੋਂ ਮਾਇਆ ਦੇ ਮੋਹ ਦਾ) ਪਰਦਾ ਦੂਰ ਕਰ ਦੇਵੇਂ, ਮੈਂ (ਸੋਹਣੇ) ਲਾਲ (ਪ੍ਰਭੂ) ਨੂੰ ਮਿਲ ਪਵਾਂ, ਤੇ, ਮੇਰਾ ਮਨ (ਆਤਮਕ ਜੀਵਨ ਨਾਲ) ਹਰਾ-ਭਰਾ ਹੋ ਜਾਏ । ੧ ।

ਹੇ ਭਾਈ ! ਜੇ ਅੱਖ ਝਮਕਣ ਜਿਤਨੇ ਸਮੇ ਲਈ ਭੀ ਮਾਲਕ-ਪ੍ਰਭੂ (ਮਨ ਤੋਂ) ਭੁੱਲ ਜਾਏ, ਤਾਂ ਮੈਂ ਇਉਂ ਸਮਝਦੀ ਹਾਂ ਕਿ ਕ੍ਰੋੜਾਂ ਦਿਨ ਲੱਖਾਂ ਵਰ੍ਹੇ ਲੰਘ ਗਏ ਹਨ । ਹੇ ਨਾਨਕ ! (ਆਖ—) ਜਦੋਂ ਮੈਨੂੰ ਸਾਧ ਸੰਗਤਿ ਦਾ ਸਮਾਗਮ ਪ੍ਰਾਪਤ ਹੋਇਆ, ਤਦੋਂ ਪਰਮਾਤਮਾ ਨਾਲ ਮੇਲ ਹੋ ਗਿਆ । ੨ । ੧ । ੨੪ ।

ਸਾਰਗ ਮਹਲਾ ੫ ॥ ਅਬ ਕਿਆ ਸੋਚਉ ਸੋਚ ਬਿਸਾਰੀ ॥ ਕਰਣਾ ਸਾ ਸੋਈ ਕਰਿ ਰਹਿਆ ਦੇਹਿ ਨਾਉ ਬਲਿਹਾਰੀ ॥ ੧ ॥ ਰਹਾਉ ॥ ਚਹੁਦਿਸ ਫੂਲਿ ਰਹੀ ਬਿਖਿਆ ਬਿਖੁ ਗੁਰਮੰਤ੍ਰੂ ਮੂਖਿ ਗਰੁੜਾਰੀ ॥ ਹਾਥ ਦੇਇ ਰਾਖਿਓ ਕਰਿ ਅਪੁਨਾ ਜਿਉ ਜਲ ਕਮਲਾ ਅਲਿਪਾਰੀ ॥ ੧ ॥

ਹਉ ਨਾਹੀ ਕਿਛੁ ਮੈ ਕਿਆ ਹੋਸਾ ਸਭ ਤੁਮ ਹੀ ਕਲ ਧਾਰੀ॥ ਨਾਨਕ ਭਾਗਿ ਪਰਿਓ ਹਰਿ ਪਾਛੈ ਰਾਖੁ ਸੰਤ ਸਦਕਾਰੀ ॥ ੨ ॥ ੨ ॥ ੨੫ ॥

ਪਦ ਅਰਥ :—ਸੋਚਉ—ਸੋਚਉਂ, ਮੈਂ ਸੋਚਾਂ । ਕਿਆ ਸੋਚਉ—ਮੈਂ ਕੀਹ ਸੋਚਾਂ ਕਰਾਂ ? ਬਿਸਾਰੀ—ਛੱਡ ਦਿੱਤੀ ਹੈ। ਸਾ—ਸੀ । ਬਲਿਹਾਰੀ—ਮੈਂ ਸਦਕੇ ਹਾਂ । ੧। ਰਹਾਉ ।

ਚਹੁ ਦਿਸ—ਚੌਹੀਂ ਪਾਸੀਂ, ਸਾਰੇ ਜਗਤ ਵਿਚ । ਬਿਖਿਆ—ਮਾਇਆ । ਬਿਖੁ—ਜ਼ਹਰ । ਮੁਖਿ—ਮੂੰਹ ਵਿਚ । ਗਰੁੜਾਰੀ—(ਸੱਪ ਦਾ ਜ਼ਹਰ ਕੱਟਣ ਵਾਲਾ) ਗਰੁੜ-ਮੰਤ੍ਰ । ਦੇਇ—ਦੇ ਕੇ ।ਰਾਖਿਓ—ਰੱਖਿਆ ਕੀਤੀ । ਕਰਿ—ਕਰ ਕੇ, ਬਣਾ ਕੇ । ਅਲਿਪਾਰੀ—ਅਲਿਪਤ, ਨਿਰਲੇਪ । ੧ ।

ਹਉ—ਮੈਂ । ਹੋਸਾ—ਹੋਸਾਂ, ਹੋਵਾਂਗਾ, ਹੋ ਸਕਦਾ ਹਾਂ । ਕਲ—ਸੱਤਿਆ । ਧਾਰੀ—ਟਿਕਾਈ ਹੋਈ ਹੈ। ਭਾਗਿ—ਭੱਜ ਕੇ । ਪਾਛੈ—ਸਰਨ । ਰਾਖੁ—ਰੱਖਿਆ ਕਰ । ਹਰਿ—ਹੇ ਹਰੀ ! ਸਦਕਾਰੀ—ਸਦਕਾ । ੨ ।

ਅਰਥ :—ਹੇ ਪ੍ਰਭੂ ! ਮੈਨੂੰ ਆਪਣਾ ਨਾਮ ਬਖ਼ਸ਼, ਮੈਂ ਤੈਥੋਂ ਕੁਰਬਾਨ ਜਾਂਦਾ ਹਾਂ । (ਤੇਰੇ ਨਾਮ ਦੀ ਬਰਕਤਿ ਨਾਲ) ਹੁਣ ਮੈਂ ਹੋਰ ਹੋਰ ਕਿਹੜੀਆਂ ਸੋਚਾਂ ਸੋਚਾਂ ? ਮੈਂ ਹਰੇਕ ਸੋਚ ਵਿਸਾਰ ਦਿੱਤੀ ਹੈ। (ਹੇ ਭਾਈ ! ਉਸ ਦੇ ਨਾਮ ਦਾ ਸਦਕਾ ਹੁਣ ਮੈਨੂੰ ਯਕੀਨ ਬਣ ਗਿਆ ਹੈ ਕਿ) ਜੋ ਕੁਝ ਉਹ ਕਰਨਾ ਚਾਹੁੰਦਾ ਹੈ ਉਹੀ ਕੁਝ ਉਹ ਕਰ ਰਿਹਾ ਹੈ। ੧ । ਰਹਾਉ ।

ਹੇ ਭਾਈ ! ਸਾਰੇ ਜਗਤ ਵਿਚ ਮਾਇਆ (ਸਪਣੀ) ਦੀ ਜ਼ਹਰ ਵਧ-ਫੁੱਲ ਰਹੀ ਹੈ (ਇਸ ਤੋਂ ਉਹੀ ਬਚਦਾ ਹੈ ਜਿਸ ਦੇ) ਮੂੰਹ ਵਿਚ ਗੁਰੂ ਦਾ ਉਪਦੇਸ਼ ਗਰੁੜ-ਮੰਤ੍ਰ ਹੈ। ਹੇ ਭਾਈ ! ਜਿਸ ਮਨੁੱਖ ਨੂੰ ਪ੍ਰਭੂ ਆਪਣੇ ਹੱਥ ਦੇ ਕੇ ਆਪਣਾ ਬਣਾ ਕੇ ਰੱਖਿਆ ਕਰਦਾ ਹੈ, ਉਹ ਜਗਤ ਵਿਚ ਇਉਂ ਨਿਰਲੇਪ ਰਹਿੰਦਾ ਹੈ ਜਿਵੇਂ ਪਾਣੀ ਵਿਚ ਕੌਲ ਫੁੱਲ ।੧।

ਹੇ ਨਾਨਕ ! (ਆਖ—ਹੇ ਪ੍ਰਭੂ !) ਨਾਹ ਹੁਣ ਹੀ ਮੇਰੀ ਕੋਈ ਪਾਂਇਆਂ ਹੈ, ਨਾਹ ਅਗਾਂਹ ਨੂੰ ਭੀ ਮੇਰੀ ਕੋਈ ਪਾਂਇਆਂ ਹੋ ਸਕਦੀ ਹੈ । ਹਰ ਥਾਂ ਤੂੰ ਹੀ ਆਪਣੀ ਸੱਤਿਆ ਟਿਕਾਈ ਹੋਈ ਹੈ । ਹੇ ਹਰੀ ! (ਮਾਇਆ ਸਪਣੀ ਤੋਂ ਬਚਣ ਲਈ) ਮੈਂ ਭੱਜ ਕੇ ਤੇਰੇ ਸੰਤਾਂ ਦੀ ਸਰਨ ਪਿਆ ਹਾਂ, ਸੰਤ-ਸਰਨ ਦਾ ਸਦਕਾ ਮੇਰੀ ਰੱਖਿਆ ਕਰ । ੨ । ੨ । ।੨੫।

ਸਾਰਗ ਮਹਲਾ ੫ ॥ ਅਬ ਮੋਹਿ ਸਰਬ ਉਪਾਵ ਬਿਰਕਾਤੇ ।। ਕਰਣ ਕਾਰਣ ਸਮਰਥ ਸੁਆਮੀ ਹਰਿ ਏਕਸੁ ਤੇ ਮੇਰੀ ਗਾਤੇ ।। ੧ ।। ਰਹਾਉ ।।

ਦੇਖੇ ਨਾਨਾ ਰੂਪ ਬਹੁ ਰੰਗਾ ਅਨ ਨਾਹੀ ਤੁਮ ਭਾਂਤੇ ॥ ਦੇਂਹਿ ਅਧਾਰੁ ਸਰਬ ਕਉ ਠਾਕੁਰ ਜੀਅ ਪ੍ਰਾਨ ਸੁਖਦਾਤੇ॥ ੧ ॥ ਭ੍ਰਮਤੌ ਭ੍ਰਮਤੌ ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ ॥ ਕਹੁ ਨਾਨਕ ਮੈ ਸਰਬ ਸੁਖੁ ਪਾਇਆ ਇਹ ਸੁਖਿ ਬਿਹਾਨੀ ਰਾਤੇ ॥ ੨ ॥ ੩ ॥ ੨੬ ॥

ਪਦ ਅਰਥ :–ਅਬ–ਹੁਣ (ਗੁਰ ਮਿਲਿ)। ਮੋਹਿ–ਮੈਂ। ਉਪਾਵ–[ਲਫ਼ਜ਼ 'ਉਪਾਉ' ਤੋਂ ਬਹੁ ਵਚਨ]। ਬਿਰਕਾਤੇ–ਛੱਡ ਦਿੱਤੇ ਹਨ। ਕਰਣ–ਜਗਤ। ਕਰਣ ਕਾਰਣ–ਹੇ ਜਗਤ ਦੇ ਮੂਲ! ਸਮਰਥ–ਹੇ ਸਾਰੀਆਂ ਤਾਕਤਾਂ ਦੇ ਮਾਲਕ! ਸੁਆਮੀ–ਹੇ ਮਾਲਕ! ਏਕਸੁ ਤੇ–ਇਕ ਤੈਥੋਂ ਹੀ। ਗਾਤੇ–ਗਤਿ, ਉੱਚੀ ਆਤਮਕ ਅਵਸਥਾ। ੧। ਰਹਾਉ।

ਨਾਨਾ–ਕਈ ਕਿਸਮਾਂ ਦੇ। ਬਹੁ–ਅਨੇਕਾਂ। ਅਨ–[अन्य] ਕੋਈ ਹੋਰ। ਭਾਂਤੇ–ਵਰਗਾ। ਦੇਂਹਿ–ਤੂੰ ਦੇਂਦਾ ਹੈਂ [ਇਹ 'ਂ' ਵਨਗੀ-ਮਾਤ੍ਰ ਹੈ ਰਾਹਬਰੀ ਵਾਸਤੇ। ਜਦੋਂ ਭੀ ਕਿਤੇ ਵਰਤਮਾਨ ਕਾਲ ਮੱਧਮ ਪੁਰਖ ਇਕ ਵਚਨ ਦੀ ਕ੍ਰਿਆ ਹੋਵੇ, ਤਦੋਂ ਉਸ ਦੇ 'ਹ' ਦੇ ਨਾਲ ਬਿੰਦੀ 'ਂ' ਦਾ ਉਚਾਰਨ ਕਰਨਾ ਹੈ]। ਅਧਾਰੁ–ਆਸਰਾ। ਠਾਕੁਰ–ਹੇ ਠਾਕੁਰ! ਜੀਅ ਦਾਤੇ–ਹੇ ਜਿੰਦ ਦੇ ਦੇਣ ਵਾਲੇ! ਪ੍ਰਾਨ ਦਾਤੇ–ਹੇ ਪ੍ਰਾਣ ਦੇਣ ਵਾਲੇ! ਸੁਖ ਦਾਤੇ–ਹੇ ਸੁਖ ਦੇਣ ਵਾਲੇ! ੧।

ਭ੍ਰਮਤੌ–ਭਟਕਦਿਆਂ। ਜਉ–ਜਦੋਂ। ਹਾਰਿ ਪਰਿਓ–ਥੱਕ ਗਿਆ। ਤਉ–ਤਦੋਂ। ਗੁਰ ਮਿਲਿ–ਗੁਰੂ ਨੂੰ ਮਿਲ ਕੇ। ਪਰਾਤੇ–ਪਛਾਣ ਲਏ, ਕਦਰ ਸਮਝ ਲਈ। ਸਰਬ ਸੁਖ–ਸਾਰੇ ਸੁਖ ਦੇਣ ਵਾਲਾ। ਸੁਖਿ–ਸੁਖ ਵਿਚ, ਆਨੰਦ ਵਿਚ। ਬਿਹਾਨੀ–ਬੀਤ ਰਹੀ ਹੈ। ਰਾਤੇ–ਜ਼ਿੰਦਗੀ ਦੀ ਰਾਤ। ੨।

ਅਰਥ :–ਹੇ ਜਗਤ ਦੇ ਮੂਲ ਹਰੀ! ਹੇ ਸਾਰੀਆਂ ਤਾਕਤਾਂ ਦੇ ਮਾਲਕ ਸੁਆਮੀ! (ਗੁਰੂ ਨੂੰ ਮਿਲ ਕੇ) ਹੁਣ ਮੈਂ ਹੋਰ ਸਾਰੇ ਹੀਲੇ ਛੱਡ ਦਿੱਤੇ ਹਨ, (ਮੈਨੂੰ ਨਿਸ਼ਚਾ ਹੋ ਗਿਆ ਹੈ ਕਿ) ਸਿਰਫ਼ ਤੇਰੇ ਦਰ ਤੋਂ ਹੀ ਮੇਰੀ ਉੱਚੀ ਆਤਮਕ ਅਵਸਥਾ ਬਣ ਸਕਦੀ ਹੈ।੧। ਰਹਾਉ।

ਹੇ ਪ੍ਰਭੂ! ਮੈਂ (ਜਗਤ ਦੇ) ਅਨੇਕਾਂ ਕਈ ਕਿਸਮਾਂ ਦੇ ਰੂਪ ਰੰਗ ਵੇਖ ਲਏ ਹਨ, ਤੇਰੇ ਵਰਗਾ (ਸੋਹਣਾ) ਹੋਰ ਕੋਈ ਨਹੀਂ ਹੈ। ਹੇ ਠਾਕੁਰ! ਹੇ ਜਿੰਦ ਦਾਤੇ! ਹੇ ਪ੍ਰਾਣ ਦਾਤੇ! ਹੇ ਸੁਖਦਾਤੇ! ਸਭ ਜੀਵਾਂ ਨੂੰ ਤੂੰ ਹੀ ਆਸਰਾ ਦੇਂਦਾ ਹੈਂ। ੧।

ਹੇ ਨਾਨਕ! ਆਖ–ਹੇ ਭਾਈ! ਭਟਕਦਿਆਂ ਭਟਕਦਿਆਂ ਜਦੋਂ ਮੈਂ ਥੱਕ ਗਿਆ, ਤਦੋਂ ਗੁਰੂ ਨੂੰ ਮਿਲ ਕੇ ਮੈਂ ਪਰਮਾਤਮਾ ਦੇ ਚਰਨਾਂ ਦੀ ਕਦਰ ਪਛਾਣ ਲਈ। ਹੁਣ ਮੈਂ ਸਾਰੇ ਸੁਖ ਦੇਣ ਵਾਲਾ ਪ੍ਰਭੂ ਲੱਭ ਲਿਆ ਹੈ, ਤੇ ਮੇਰੀ (ਜ਼ਿੰਦਗੀ ਦੀ) ਰਾਤ ਸੁਖ ਆਨੰਦ

ਵਿਚ ਬੀਤ ਰਹੀ ਹੈ । ੨ । ੩ । ੨੬ ।

ਸਾਰਗ ਮਹਲਾ ੫ ॥ ਅਬ ਮੋਹਿ ਲਬਧਿਓ ਹੈ ਹਰਿ ਟੇਕਾ ॥ ਗੁਰ ਦਇਆਲ ਭਏ ਸੁਖਦਾਈ ਅੰਧੁਲੈ ਮਾਣਿਕੁ ਦੇਖਾ ॥ ੧ ॥ ਰਹਾਉ ॥ ਕਾਟੇ ਅਗਿਆਨ ਤਿਮਰ ਨਿਰਮਲੀਆ ਬੁਧਿ ਬਿਗਾਸ ਬਿਬੇਕਾ ॥ ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ ॥ ੧ ॥ ਜਹ ਤੇ ਉਠਿਓ ਤਹ ਹੀ ਆਇਓ ਸਭ ਹੀ ਏਕੈ ਏਕਾ ॥ ਨਾਨਕ ਦ੍ਰਿਸਟਿ ਆਇਓ ਸ੍ਰਬ ਠਾਈ ਪ੍ਰਾਣ ਪਤੀ ਹਰਿ ਸਮਕਾ ॥ ੨ ॥ ੪ ॥ ੨੭ ॥

ਪਦ ਅਰਥ :—ਮੋਹਿ—ਮੈਂ । ਲਬਧਿਓ ਹੈ—ਲੱਭ ਲਿਆ ਹੈ । ਟੇਕਾ—ਆਸਰਾ । ਦਇਆਲ—ਦਇਆਵਾਨ । ਅੰਧੁਲੈ—ਮੈਂ ਅੰਨ੍ਹੇ ਨੇ । ਮਾਣਿਕੁ—ਨਾਮ-ਮੋਤੀ । ਦੇਖਾ—ਵੇਖ ਲਿਆ ਹੈ । ੧ । ਰਹਾਉ ।

ਅਗਿਆਨ—ਆਤਮਕ ਜੀਵਨ ਵਲੋਂ ਬੇ-ਸਮਝੀ । ਤਿਮਰ—ਹਨੇਰੇ । ਨਿਰ-ਮਲੀਆ—ਪਵਿੱਤਰ । ਬੁਧਿ—ਅਕਲ । ਬਿਗਾਸ—ਪਰਕਾਸ਼ । ਬਿਬੇਕਾ—(ਚੰਗੇ ਮੰਦੇ ਕੰਮ ਦੀ) ਪਰਖ ਦੀ ਸ਼ਕਤੀ । ਫੇਨੁ—ਝੱਗ । ਠਾਕੁਰ—ਮਾਲਕ-ਪ੍ਰਭੂ । ੧ ।

ਜਹ ਤੇ—ਜਿਸ ਥਾਂ ਤੋਂ । ਦ੍ਰਿਸਟਿ ਆਇਓ—ਦਿੱਸ ਪਿਆ ਹੈ । ਸ੍ਰਬ ਠਾਈ—ਸਭਨੀਂ ਥਾਈਂ । ਸਮਕਾ—ਇਕ-ਸਮਾਨ । ੨ ।

ਅਰਥ :—ਹੇ ਭਾਈ ! ਜਦੋਂ ਤੋਂ ਸਾਰੇ ਸੁਖ ਦੇਣ ਵਾਲੇ ਸਤਿਗੁਰੂ ਦੀ (ਮੇਰੇ ਉਤੇ) ਦਇਆਵਾਨ ਹੋਏ ਹਨ, ਮੈਂ ਅੰਨ੍ਹੇ ਨੇ ਨਾਮ-ਮੋਤੀ ਵੇਖ ਲਿਆ ਹੈ, ਤੇ, ਹੁਣ ਮੈਂ ਪਰ-ਮਾਤਮਾ ਦਾ ਆਸਰਾ ਲੱਭ ਲਿਆ ਹੈ । ੧ । ਰਹਾਉ ।

ਹੇ ਭਾਈ ! (ਗੁਰੂ ਦੀ ਕਿਰਪਾ ਨਾਲ ਮੇਰੇ ਅੰਦਰੋਂ) ਆਤਮਕ ਜੀਵਨ ਵਲੋਂ ਬੇ-ਸਮਝੀ ਦੇ ਹਨੇਰੇ ਕੱਟੇ ਗਏ ਹਨ, ਮੇਰੀ ਬੁੱਧੀ ਨਿਰਮਲ ਹੋ ਗਈ ਹੈ, ਮੇਰੇ ਅੰਦਰ ਚੰਗੇ ਮੰਦੇ ਕੰਮ ਦੀ ਪਰਖ ਦੀ ਸ਼ਕਤੀ ਦਾ ਪਰਕਾਸ਼ ਹੋ ਗਿਆ ਹੈ । (ਮੈਨੂੰ ਸਮਝ ਆ ਗਈ ਹੈ ਕਿ) ਜਿਵੇਂ ਪਾਣੀ ਦੀਆਂ ਲਹਰਾਂ ਤੇ ਝੱਗ ਸਭ ਕੁਝ ਪਾਣੀ ਹੀ ਹੋ ਜਾਂਦਾ ਹੈ, ਤਿਵੇਂ ਮਾਲਕ-ਪ੍ਰਭੂ ਅਤੇ ਉਸ ਦੇ ਸੇਵਕ ਇੱਕ-ਰੂਪ ਹੋ ਜਾਂਦੇ ਹਨ । ੧ ।

ਹੇ ਨਾਨਕ ! (ਆਖ—ਗੁਰੂ ਦੀ ਕਿਰਪਾ ਨਾਲ ਇਹ ਸਮਝ ਆ ਗਈ ਹੈ ਕਿ) ਜਿਸ ਪ੍ਰਭੂ ਤੋਂ ਇਹ ਜੀਵ ਉਪਜਦਾ ਹੈ ਉਸ ਵਿਚ ਹੀ ਲੀਨ ਹੁੰਦਾ ਹੈ, ਇਹ ਸਾਰੀ ਰਚਨਾ ਹੀ ਇਕ ਪਰਮਾਤਮਾ ਦਾ ਹੀ ਖੇਲ-ਪਸਾਰਾ ਹੈ । (ਗੁਰੂ ਦੀ ਕਿਰਪਾ ਨਾਲ) ਦਿੱਸ ਪਿਆ ਹੈ ਕਿ ਪ੍ਰਾਣਾਂ ਦਾ ਮਾਲਕ ਹਰੀ ਸਭਨੀਂ ਥਾਈਂ ਇਕ-ਸਮਾਨ ਵੱਸ ਰਿਹਾ ਹੈ । ੨ । ੪ । ੨੭ ।

ਸਾਰਗ ਮਹਲਾ ੫ ॥ ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥ ਪੇਖਿ

ਆਇਓ ਸਰਬ ਥਾਨ ਦੇਸ, ਪ੍ਰਿਅ ਰੋਮ ਨ ਸਮਸਰਿ ਲਾਗੈ ॥ ੧ ॥ ਰਹਾਉ ॥ ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥ ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥ ਗੁਣ ਨਿਧਾਨ ਮਨਮੋਹਨ ਲਾਲਨ ਸੁਖਦਾਈ ਸਰਬਾਂਗੈ ॥ ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੯॥

ਪਦ ਅਰਥ :–ਏਕੈ ਹੀ ਪ੍ਰਿਅ–ਏਕੈ ਪ੍ਰਿਅ ਹੀ, ਸਿਰਫ਼ ਪਿਆਰੇ ਪ੍ਰਭੂ ਦਾ (ਦਰਸਨ) ਹੀ । ਮਾਂਗੈ–ਮੰਗਦਾ ਹੈ [ਇਕ ਵਚਨ] । ਪੇਖਿ–ਵੇਖ ਕੇ । ਸਮਸਰਿ–ਬਰਾਬਰ । ੧ । ਰਹਾਉ ।

ਨੀਰੇ–ਪਰੋਸੇ, ਥਾਲ ਵਿਚ ਪਾ ਕੇ ਰੱਖੇ । ਬਿੰਜਨ–ਸੁਆਦਲੇ ਖਾਣੇ । ਦ੍ਰਿਸਟਿ –ਨਿਗਾਹ । ਰੁਚਾਂਗੈ–ਰੁਚੀ । ਰਸੁ–ਸੁਆਦ । ਪ੍ਰਿਅ–ਹੇ ਪਿਆਰੇ ! ਮੁਖਿ–ਮੂੰਹੋਂ । ਟੇਰੈ–ਬੋਲਦਾ ਹੈ । ਅਲਿ–ਭੌਰਾ । ਕਮਲਾ–ਕੌਲ-ਫੁੱਲ । ਲੋਭਾਂਗੈ–ਲਲਚਾਂਦਾ ਹੈ । ੧ ।

ਗੁਣ ਨਿਧਾਨ–ਹੇ ਗੁਣਾਂ ਦੇ ਖ਼ਜ਼ਾਨੇ ! ਲਾਲਨ–ਹੇ ਸੋਹਣੇ ਲਾਲ ! ਸਰਬਾਂਗੈ–ਹੇ ਸਭ ਜੀਵਾਂ ਵਿਚ ਵਿਆਪਕ ! ਗੁਰਿ–ਗੁਰੂ ਨੇ । ਨਾਨਕ–ਹੇ ਨਾਨਕ ! (ਆਖ) । ਪਾਹਿ–ਪਾਸ, ਕੋਲ । ਪਠਾਇਓ–ਭੇਜਿਆ ਹੈ । ਸਖਾ–ਹੇ ਮਿੱਤਰ ! ਗਲਿ ਲਾਗੈ–ਗਲ ਨਾਲ ਲੱਗ ਕੇ । ੨ ।

ਅਰਥ :–ਹੇ ਭਾਈ ! ਮੇਰਾ ਮਨ ਸਿਰਫ਼ ਪਿਆਰੇ ਪ੍ਰਭੂ ਦਾ ਹੀ ਦਰਸਨ ਮੰਗਦਾ ਹੈ । ਮੈਂ ਸਾਰੇ ਦੇਸ ਸਾਰੇ ਥਾਂ ਵੇਖ ਆਇਆ ਹਾਂ, (ਉਹਨਾਂ ਵਿਚੋਂ ਕੋਈ ਭੀ ਸੁੰਦਰਤਾ ਵਿਚ) ਪਿਆਰੇ (ਪ੍ਰਭੂ) ਦੇ ਇਕ ਰੋਮ ਦੀ ਭੀ ਬਰਾਬਰੀ ਨਹੀਂ ਕਰ ਸਕਦਾ । ੧ । ਰਹਾਉ ।

ਹੇ ਭਾਈ ! ਮੈਂ ਅਨੇਕਾਂ ਭੋਜਨ ਅਨੇਕਾਂ ਸੁਆਦਲੇ ਪਦਾਰਥ ਪਰੋਸ ਕੇ ਰੱਖਦਾ ਹਾਂ, (ਮੇਰਾ ਮਨ) ਉਹਨਾਂ ਵਲ ਨਿਗਾਹ ਭੀ ਨਹੀਂ ਕਰਦਾ, (ਇਸ ਦੀ) ਉਹਨਾਂ ਵਲ ਕੋਈ ਰੁਚੀ ਨਹੀਂ । ਹੇ ਭਾਈ ! ਜਿਵੇਂ ਭੌਰਾ ਕੌਲ ਫੁੱਲ ਵਾਸਤੇ ਲਲਚਾਂਦਾ ਹੈ, ਤਿਵੇਂ (ਮੇਰਾ ਮਨ) ਪਰਮਾਤਮਾ (ਦੇ ਨਾਮ) ਦਾ ਸੁਆਦ (ਹੀ) ਮੰਗਦਾ ਹੈ, ਮੂੰਹੋਂ 'ਹੇ ਪਿਆਰੇ ਪ੍ਰਭੂ ! ਹੇ ਪਿਆਰੇ ਪ੍ਰਭੂ !' ਹੀ ਬੋਲਦਾ ਰਹਿੰਦਾ ਹੈ । ੧ ।

ਹੇ ਨਾਨਕ ! (ਆਖ–) ਹੇ ਗੁਣਾਂ ਦੇ ਖ਼ਜ਼ਾਨੇ ! ਹੇ ਮਨ ਨੂੰ ਮੋਹਣ ਵਾਲੇ ! ਹੇ ਸੋਹਣੇ ਲਾਲ ! ਹੇ ਸਾਰੇ ਸੁਖ ਦੇਣ ਵਾਲੇ ! ਹੇ ਸਭ ਜੀਵਾਂ ਵਿਚ ਵਿਆਪਕ ! ਹੇ ਪ੍ਰਭੂ ! ਹੇ ਮਿੱਤਰ ਪ੍ਰਭੂ ! ਮੈਨੂੰ ਗੁਰੂ ਨੇ (ਤੇਰੇ) ਪਾਸ ਭੇਜਿਆ ਹੈ, ਮੈਨੂੰ ਗਲ ਲੱਗ ਕੇ ਮਿਲ । ੨ । ੫ । ੨੯ ।

ਸਾਰਗ ਮਹਲਾ ੫ ॥ ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥ ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥ ੧ ॥ ਰਹਾਉ ॥ ਤੁਮ ਹੀ ਸੁੰਦਰ ਤੁਮਹਿ ਸਿਆਨੇ ਤੁਮ ਹੀ ਸੁਘਰ ਸੁਜਾਨਾ ॥ ਸਗਲ ਜੋਗ ਅਰੁ ਗਿਆਨ ਧਿਆਨ ਇਕ ਨਿਮਖ ਨ ਕੀਮਤਿ ਜਾਨਾ ॥ ੧ ॥ ਤੁਮ ਹੀ ਨਾਇਕ ਤੁਮਹਿ ਛਤ੍ਰਪਤਿ ਤੁਮ ਪੂਰਿ ਰਹੇ ਭਗਵਾਨਾ ॥ ਪਾਵਉ ਦਾਨੁ ਸੰਤ ਸੇਵਾ ਹਰਿ ਨਾਨਕ ਸਦ ਕੁਰਬਾਨਾਂ ॥ ੨ ॥ ੬ ॥ ੨੯ ॥

ਪਦ ਅਰਥ :—ਮੋਰੋ ਮਨੁ—ਮੇਰਾ ਮਨ । ਸਿਉ—ਨਾਲ । ਮਾਨਾਂ—ਗਿੱਝ ਗਿਆ ਹੈ। ਛੇਦਿਓ—ਕੱਟ ਦਿੱਤਾ ਹੈ । ਦੁਸਟੁ—ਭੈੜਾ । ਬਿਗਾਨਾ—ਬਿਗਾਨਾ-ਪਨ, ਓਪਰਾ-ਪਨ । ੧ । ਰਹਾਉ ।

ਸੁਘਰ—ਸੋਹਣੀ ਆਤਮਕ ਘਾੜਤ ਵਾਲਾ । ਸੁਜਾਨਾ—ਸਿਆਣਾ । ਸਗਲ—ਸਾਰੇ । ਅਰੁ—ਅਤੇ । ਨਿਮਖ—ਅੱਖ ਝਮਕਣ ਜਿਤਨਾ ਸਮਾ । ਕੀਮਤਿ—ਮੁੱਲ, ਸਾਰ, ਕਦਰ । ੧ ।

ਨਾਇਕ—ਮਾਲਕ । ਛਤ੍ਰਪਤਿ—ਰਾਜਾ । ਪੂਰਿ ਰਹੇ—ਸਭ ਥਾਈਂ ਮੌਜੂਦ ਹੈ। ਪਾਵਉ—ਪਾਵਉਂ, ਮੈਂ ਹਾਸਲ ਕਰਾਂ । ਦਾਨੁ—ਖ਼ੈਰ । ਸਦ—ਸਦਾ । ੨ ।

ਅਰਥ:—ਹੇ ਭਾਈ! ਜਦੋਂ ਸੰਤ ਜਨ ਮੇਰੇ ਉੱਤੇ ਤ੍ਰੁੱਠ ਪਏ ਦਇਆਵਾਨ ਹੋਏ,(ਤਾਂ ਮੈਂ ਆਪਣੇ ਅੰਦਰੋਂ ਪਰਮਾਤਮਾ ਨਾਲੋਂ) ਇਹ ਭੈੜਾ ਓਪਰ-ਪਨ ਕੱਟ ਦਿੱਤਾ । ਹੁਣ ਮੇਰਾ ਮਨ ਮਾਲਕ-ਪ੍ਰਭੂ ਨਾਲ (ਸਦਾ) ਗਿੱਝਿਆ ਰਹਿੰਦਾ ਹੈ । ੧ । ਰਹਾਉ ।

ਹੁਣ, ਹੇ ਪ੍ਰਭੂ ! ਤੂੰ ਹੀ ਮੈਨੂੰ ਸੋਹਣਾ ਲੱਗਦਾ ਹੈਂ, ਤੂੰ ਹੀ ਸਿਆਣਾ ਜਾਪਦਾ ਹੈਂ, ਤੂੰ ਹੀ ਸੋਹਣੀ ਆਤਮਕ ਘਾੜਤ ਵਾਲਾ ਤੇ ਸੁਜਾਨ ਦਿੱਸਦਾ ਹੈਂ । ਜੋਗ-ਸਾਧਨ, ਗਿਆਨ-ਚਰਚਾ ਕਰਨ ਵਾਲੇ ਅਤੇ ਸਮਾਧੀਆਂ ਲਾਣ ਵਾਲੇ—ਇਹਨਾਂ ਸਭਨਾਂ ਨੇ, ਹੇ ਪ੍ਰਭੂ ! ਅੱਖ ਝਮਕਣ ਜਿਤਨੇ ਸਮੇ ਲਈ ਭੀ ਤੇਰੀ ਕਦਰ ਨਹੀਂ ਸਮਝੀ । ੧ ।

ਹੇ ਭਗਵਾਨ ! ਤੂੰ ਹੀ (ਸਭ ਜੀਵਾਂ ਦਾ) ਮਾਲਕ ਹੈਂ, ਤੂੰ ਹੀ (ਸਭ ਰਾਜਿਆਂ ਦਾ) ਰਾਜਾ ਹੈਂ, ਤੂੰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈਂ । ਹੇ ਨਾਨਕ ! (ਆਖ—) ਹੇ ਹਰੀ ! (ਮਿਹਰ ਕਰ, ਤੇਰੇ ਦਰ ਤੋਂ) ਮੈਂ ਸੰਤ ਜਨਾਂ ਦੀ ਸੇਵਾ ਦਾ ਖ਼ੈਰ ਹਾਸਲ ਕਰਾਂ, ਮੈਂ ਸੰਤ ਜਨਾਂ ਤੋਂ ਸਦਾ ਸਦਕੇ ਜਾਵਾਂ । ੨ । ੬ । ੨੯ ।

ਸਾਰਗ ਮਹਲਾ ੫ ॥ ਮੇਰੈ ਮਨਿ ਚੀਤਿ ਆਏ ਪ੍ਰਿਅ ਰੰਗਾ ॥ ਬਿਸਰਿਓ ਧੰਧੁ ਬੰਧੁ ਮਾਇਆ ਕੋ ਰਜਨਿ ਸਬਾਈ ਜੰਗਾ ॥ ੧ ॥

ਰਹਾਉ ॥ ਹਰਿ ਸੇਵਉ ਹਰਿ ਰਿਦੈ ਬਸਾਵਉ ਹਰਿ ਪਾਇਆ ਸਤਸੰਗਾ ॥
ਐਸੋ ਮਿਲਿਓ ਮਨੋਹਰੁ ਪ੍ਰੀਤਮੁ ਸੁਖ ਪਾਏ ਮੁਖ ਮੰਗਾ ॥ ੧ ॥
ਪ੍ਰਿਉ ਅਪਨਾ ਗੁਰਿ ਬਸਿ ਕਰਿ ਦੀਨਾ ਭੋਗਉ ਭੋਗ ਨਿਸੰਗਾ ॥
ਨਿਰਭਉ ਭਏ ਨਾਨਕ ਭਉ ਮਿਟਿਆ ਹਰਿ ਪਾਇਓ ਪਾਠੰਗਾ ॥ ੨ ॥
੭ ॥ ੩੦ ॥

ਪਦ ਅਰਥ :—ਮੇਰੈ ਮਨਿ—ਮੇਰੇ ਮਨ ਵਿਚ । ਮੇਰੈ ਚਿਤਿ—ਮੇਰੇ ਚਿੱਤ ਵਿਚ। ਪ੍ਰਿਅ ਰੰਗਾ—ਪਿਆਰੇ ਦੇ ਕੌਤਕ। ਮਾਇਆ ਕੋ ਧੰਧੁ—ਮਾਇਆ ਦਾ ਧੰਧਾ। ਮਾਇਆ ਕੋ ਬੰਧੁ—ਮਾਇਆ (ਦੇ ਮੋਹ)ਦਾ ਬੰਧਨ। ਰਜਨਿ—(ਉਮਰ ਦੀ) ਰਾਤ। ਸਬਾਈ—ਸਾਰੀ। ਜੰਗਾ—(ਕਾਮਾਦਿਕਾਂ ਨਾਲ) ਜੁੱਧ (ਕਰਦਿਆਂ) ।੧। ਰਹਾਉ ।

ਸੇਵਉ—ਸੇਵਉਂ, ਮੈਂ ਸਿਮਰਦਾ ਹਾਂ । ਰਿਦੈ—ਹਿਰਦੇ ਵਿਚ । ਬਸਾਵਉ—ਬਸਾਵਉਂ, ਮੈਂ ਵਸਾਂਦਾ ਹਾਂ। ਮਨੋਹਰੁ—ਮਨ ਨੂੰ ਮੋਹਣ ਵਾਲਾ। ਸੁਖ ਮੁਖ ਮੰਗਾ—ਮੂੰਹ-ਮੰਗੇ ਸੁਖ ।੧।

ਗੁਰਿ—ਗੁਰੂ ਨੇ। ਬਸਿ—ਵੱਸ ਵਿਚ । ਭੋਗਉ—ਭੋਗਉਂ, ਮੈਂ ਭੋਗਦਾ ਹਾਂ, ਮੈਂ ਮਾਣਦਾ ਹਾਂ। ਭੋਗ—ਪ੍ਰਭੂ-ਮਿਲਾਪ ਦੇ ਆਨੰਦ । ਨਿਸੰਗਾ—(ਕਾਮਾਦਿਕਾਂ ਦੀ) ਰੁਕਾਵਟ ਤੋਂ ਬਿਨਾ। ਪਾਠੰਗਾ—ਆਸਰਾ ।੨।

ਅਰਥ :—ਹੇ ਭਾਈ ! (ਜਦੋਂ ਤੋਂ ਸਾਧ ਸੰਗਤਿ ਦੀ ਬਰਕਤਿ ਨਾਲ) ਪਿਆਰੇ ਪ੍ਰਭੂ ਦੇ ਕੌਤਕ ਮੇਰੇ ਮਨ ਵਿਚ ਮੇਰੇ ਚਿੱਤ ਵਿਚ ਆ ਵੱਸੇ ਹਨ, ਮੈਨੂੰ ਮਾਇਆ ਵਾਲੀ ਭਟਕਣ ਭੁੱਲ ਗਈ ਹੈ, ਮਾਇਆ ਦੇ ਮੋਹ ਦੀ ਫਾਹੀ ਮੁੱਕ ਗਈ ਹੈ, ਮੇਰੀ ਸਾਰੀ ਉਮਰ-ਰਾਤ (ਵਿਕਾਰਾਂ ਨਾਲ) ਜੰਗ ਕਰਦਿਆਂ ਬੀਤ ਰਹੀ ਹੈ ।੧। ਰਹਾਉ ।

ਹੇ ਭਾਈ ! ਜਦੋਂ ਤੋਂ ਮੈਂ ਪ੍ਰਭੂ ਦੀ ਸਾਧ ਸੰਗਤਿ ਪ੍ਰਾਪਤ ਕੀਤੀ ਹੈ, ਮੈਂ ਪਰਮਾਤਮਾ ਦਾ ਸਿਮਰਨ ਕਰਦਾ ਰਹਿੰਦਾ ਹਾਂ, ਮੈਂ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹਾਂ। ਮਨ ਨੂੰ ਮੋਹਣ ਵਾਲਾ ਪ੍ਰੀਤਮ ਪ੍ਰਭੂ ਇਸ ਤਰ੍ਹਾਂ ਮੈਨੂੰ ਮਿਲ ਗਿਆ ਹੈ ਕਿ ਮੈਂ ਮੂੰਹ-ਮੰਗੇ ਸੁਖ ਹਾਸਲ ਕਰ ਲਏ ਹਨ ।੧।

ਹੇ ਭਾਈ ! ਗੁਰੂ ਨੇ ਪਿਆਰਾ ਪ੍ਰਭੂ ਮੇਰੇ (ਪਿਆਰ ਦੇ) ਵੱਸ ਵਿਚ ਕਰ ਦਿੱਤਾ ਹੈ, ਹੁਣ (ਕਾਮਾਦਿਕਾਂ ਦੀ) ਰੁਕਾਵਟ ਤੋਂ ਬਿਨਾ ਮੈਂ ਉਸ ਦੇ ਮਿਲਾਪ ਦਾ ਆਤਮਕ ਆਨੰਦ ਮਾਣਦਾ ਰਹਿੰਦਾ ਹਾਂ । ਹੇ ਨਾਨਕ ! (ਆਖ—) ਮੈਂ (ਜੀਵਨ ਦਾ) ਆਸਰਾ ਪ੍ਰਭੂ ਲੱਭ ਲਿਆ ਹੈ, ਮੇਰਾ ਹਰੇਕ ਡਰ ਮਿਟ ਗਿਆ ਹੈ, ਮੈਂ (ਕਾਮਾਦਿਕਾਂ ਦੇ ਹੱਲਿਆਂ ਦੇ ਖ਼ਤਰੇ ਤੋਂ) ਨਿਡਰ ਹੋ ਗਿਆ ਹਾਂ ।੨।੭।੩੦।

ਸਾਰਗ ਮਹਲਾ ੫ ॥ ਹਰਿ ਜੀਉ ਕੇ ਦਰਸਨ ਕਉ ਕੁਰਬਾਨੀ ॥ ਬਚਨ ਨਾਦ ਮੇਰੇ ਸ੍ਰਵਨਹੁ ਪੂਰੇ ਦੇਹਾ ਪ੍ਰਿਅ ਅੰਕਿ ਸਮਾਨੀ ॥ ੧ ॥ ਰਹਾਉ॥ ਛੂਟਰਿ ਤੇ ਗੁਰਿ ਕੀਈ ਸੋੁਹਾਗਨਿ ਹਰਿ ਪਾਇਓ ਸੁਘੜ ਸੁਜਾਨੀ ॥ ਜਿਹ ਘਰ ਮਹਿ ਬੈਸਨੁ ਨਹੀ ਪਾਵਤ ਸੋ ਥਾਨੁ ਮਿਲਿਓ ਬਾਸਾਨੀ ॥ ੧ ॥ ਉਨ ਕੈ ਬਸਿ ਆਇਓ ਭਗਤਿ ਬਛਲੁ ਜਿਨਿ ਰਾਖੀ ਆਨ ਸੰਤਾਨੀ ॥ ਕਹੁ ਨਾਨਕ ਹਰਿ ਸੰਗਿ ਮਨੁ ਮਾਨਿਆ ਸਭ ਚੂਕੀ ਕਾਣਿ ਲੋੁਕਾਨੀ ॥ ੨ ॥ ੮ ॥ ॥ ੩੧ ॥

ਪਦ ਅਰਥ :—ਕਉ—ਤੋਂ । ਕੁਰਬਾਨੀ—ਸਦਕੇ । ਬਚਨ ਨਾਦ—ਸਿਫਤਿ ਸਾਲਾਹ ਦੀ ਬਾਣੀ ਦੀਆਂ ਆਵਾਜ਼ਾਂ । ਸ੍ਰਵਨਹੁ—ਕੰਨਾਂ ਵਿਚ । ਪੂਰੇ—ਭਰੇ ਰਹਿੰਦੇ ਹਨ । ਦੇਹਾ—(ਮੇਰਾ) ਸਰੀਰ । ਪ੍ਰਿਅ ਅੰਕਿ—ਪਿਆਰੇ ਦੀ ਗੋਦ ਵਿਚ ।੧। ਰਹਾਉ ।

ਛੂਟਰਿ—ਛੁੱਟੜ । ਤੇ—ਤੋਂ । ਗੁਰਿ—ਗੁਰੂ ਨੇ । ਸੋੁਹਾਗਨਿ—[ਅੱਖਰ 'ਸ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ । ਅਸਲ ਲਫ਼ਜ਼ 'ਸੋਹਾਗਨਿ' ਹੈ, ਇਥੇ 'ਸੁਹਾਗਨਿ' ਪੜ੍ਹਨਾ ਹੈ] ਸੁਹਾਗ ਵਾਲੀ, ਖਸਮ ਵਾਲੀ । ਸੁਘੜ—ਸੋਹਣੀ ਆਤਮਕ ਘਾੜਤ ਵਾਲਾ । ਜਿਹ ਘਰ ਮਹਿ—ਜਿਸ ਘਰ ਵਿਚ, ਜਿਨ੍ਹਾਂ ਪ੍ਰਭੂ-ਚਰਨਾਂ ਵਿਚ । ਬੈਸਨੁ—ਬੈਠਣਾ । ਬਾਸਾਨੀ—ਵੱਸਣ ਲਈ । ੧ ।

ਉਨ ਕੈ ਬਸਿ—ਉਹਨਾਂ (ਸੰਤ ਜਨਾਂ) ਦੇ ਵੱਸ ਵਿਚ । ਭਗਤਿ ਬਛਲੁ—ਭਗਤੀ ਨਾਲ ਪਿਆਰ ਕਰਨ ਵਾਲਾ ਪ੍ਰਭੂ । ਜਿਨਿ—ਜਿਸ (ਪ੍ਰਭੂ) ਨੇ । ਆਨ—ਇੱਜ਼ਤ, ਲਾਜ । ਸੰਤਾਨੀ—ਸੰਤਾਂ ਦੀ । ਸੰਗਿ—ਨਾਲ । ਮਾਨਿਆ—ਗਿੱਝ ਗਿਆ ਹੈ । ਚੂਕੀ—ਮੁੱਕ ਗਈ ਹੈ । ਕਾਣਿ—ਮੁਥਾਜੀ । ਲੋੁਕਾਨੀ—ਲੋਕਾਂ ਦੀ [ਅਸਲ ਲਫ਼ਜ਼ ਹੈ 'ਲੋਕਾਨੀ', ਇਥੇ 'ਲੁਕਾਨੀ' ਪੜ੍ਹਨਾ ਹੈ] । ੨ ।

ਅਰਥ :—ਹੇ ਭਾਈ ! ਮੈਂ ਪ੍ਰਭੂ ਜੀ ਦੇ ਦਰਸਨ ਤੋਂ ਸਦਕੇ ਹਾਂ । ਉਸ ਦੀ ਸਿਫਤਿ ਸਾਲਾਹ ਦੇ ਗੀਤ ਮੇਰੇ ਕੰਨਾਂ ਵਿਚ ਭਰੇ ਰਹਿੰਦੇ ਹਨ, ਮੇਰਾ ਸਰੀਰ ਉਸ ਦੀ ਗੋਦ ਵਿਚ ਲੀਨ ਰਹਿੰਦਾ ਹੈ (ਇਹ ਸਾਰੀ ਗੁਰੂ ਦੀ ਹੀ ਕਿਰਪਾ ਹੈ) । ੧ । ਰਹਾਉ ।

ਹੇ ਭਾਈ ! ਗੁਰੂ ਨੇ ਮੈਨੂੰ ਛੁੱਟੜ ਤੋਂ ਸੁਹਾਗਣ ਬਣਾ ਦਿੱਤਾ ਹੈ, ਮੈਂ ਸੋਹਣੀ ਆਤਮਕ ਘਾੜਤ ਵਾਲੇ ਸੁਜਾਨ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ । (ਮੇਰੇ ਮਨ ਨੂੰ) ਉਹ (ਹਰਿ-ਚਰਨ-) ਥਾਂ ਵੱਸਣ ਲਈ ਮਿਲ ਗਿਆ ਹੈ, ਜਿਸ ਥਾਂ ਤੇ (ਅੱਗੇ ਇਹ ਕਦੇ) ਟਿਕਦਾ ਹੀ ਨਹੀਂ ਸੀ । ੧ ।

ਹੇ ਭਾਈ ! ਭਗਤੀ ਨਾਲ ਪਿਆਰ ਕਰਨ ਵਾਲਾ ਪਰਮਾਤਮਾ ਜਿਸ ਨੇ (ਸਦਾ

ਆਪਣੇ) ਸੰਤਾਂ ਦੀ ਲਾਜ ਰੱਖੀ ਹੈ ਉਹਨਾਂ ਸੰਤ ਜਨਾਂ ਦੇ ਪਿਆਰ ਦੇ ਵੱਸ ਵਿਚ ਆਇਆ ਰਹਿੰਦਾ ਹੈ। ਹੇ ਨਾਨਕ! ਆਖ-(ਸੰਤ ਜਨਾਂ ਦੀ ਕਿਰਪਾ ਨਾਲ) ਮੇਰਾ ਮਨ ਪਰਮਾਤਮਾ ਨਾਲ ਗਿੱਝ ਗਿਆ ਹੈ, (ਮੇਰੇ ਅੰਦਰੋਂ) ਲੋਕਾਂ ਦੀ ਮੁਥਾਜੀ ਮੁੱਕ ਗਈ ਹੈ। ੨।੮।੩੧।

ਸਾਰਗ ਮਹਲਾ ੫॥ ਅਬ ਮੋਰੋ ਪੰਚਾ ਤੇ ਸੰਗੁ ਤੂਟਾ॥ ਦਰਸਨੁ ਦੇਖਿ ਭਏ ਮਨਿ ਆਨਦ ਗੁਰ ਕਿਰਪਾ ਤੇ ਛੂਟਾ॥੧॥ ਰਹਾਉ॥ ਬਿਖਮ ਥਾਨ ਬਹੁਤ ਬਹੁ ਧਰੀਆ ਅਨਿਕ ਰਾਖ ਸੂਰੂਟਾ॥ ਬਿਖਮ ਗਾਰ੍ਹ ਕਰੁ ਪਹੁਚੈ ਨਾਹੀ ਸੰਤ ਸਾਨਥ ਭਏ ਲੂਟਾ॥੧॥ ਬਹੁਤੁ ਖਜਾਨੇ ਮੇਰੈ ਪਾਲੈ ਪਰਿਆ ਅਮੋਲ ਲਾਲ ਆਖੂਟਾ॥ ਜਨ ਨਾਨਕ ਪ੍ਰਭਿ ਕਿਰਪਾ ਧਾਰੀ ਤਉ ਮਨ ਮਹਿ ਹਰਿ ਰਸੁ ਘੂਟਾ॥੨॥੯॥੩੨॥

ਪਦ ਅਰਥ :—ਮੋਰੋ ਸੰਗੁ—ਮੇਰਾ ਸਾਥ। ਪੰਚਾ ਤੇ—ਕਾਮਾਦਿਕ ਪੰਜਾਂ ਨਾਲੋਂ। ਦੇਖਿ—ਵੇਖ ਕੇ। ਮਨਿ—ਮਨ ਵਿਚ। ਕਿਰਪਾ ਤੇ—ਕਿਰਪਾ ਨਾਲ। ਛੂਟਾ—ਸੁਤੰਤਰ ਹੋ ਗਿਆ ਹਾਂ। ੧। ਰਹਾਉ।

ਬਿਖਮ ਥਾਨ—ਉਹ ਥਾਂ ਜਿੱਥੇ ਪਹੁੰਚਣਾ ਬਹੁਤ ਔਖਾ ਹੈ। ਧਰੀਆ—(ਨਾਮ-ਖ਼ਜ਼ਾਨਾ) ਰੱਖਿਆ ਹੋਇਆ ਹੈ। ਰਾਖ—ਰਾਖੇ, ਕਾਮਾਦਿਕ ਰਾਖੇ। ਸੂਰੂਟਾ—ਸੂਰਮੇ। ਗਾਰ੍ਹ—ਟੋਆ, ਗੜ੍ਹਾ, ਖਾਈ। ਕਰੁ—ਹੱਥ। ਸਾਨਥ—ਸਾਥੀ। ੧।

ਮੇਰੈ ਪਾਲੈ—ਮੇਰੇ ਪੱਲੇ, ਮੇਰੇ ਕਾਬੂ। ਅਖੂਟਾ—ਅਖੁੱਟ। ਪ੍ਰਭਿ—ਪ੍ਰਭੂ ਨੇ। ਘੂਟਾ—ਘੁੱਟ ਘੁੱਟ ਕਰ ਕੇ ਪੀਤਾ। ੨।

ਅਰਥ :—ਹੇ ਭਾਈ! ਗੁਰੂ ਦੀ ਮਿਹਰ ਨਾਲ ਮੈਂ (ਕਾਮਾਦਿਕ ਦੀ ਮਾਰ ਤੋਂ) ਬਚ ਗਿਆ ਹਾਂ। ਹੁਣ (ਕਾਮਾਦਿਕ) ਪੰਜਾਂ ਨਾਲੋਂ ਮੇਰਾ ਸਾਥ ਮੁੱਕ ਗਿਆ ਹੈ (ਮੇਰੇ ਅੰਦਰ ਨਾਮ-ਖ਼ਜ਼ਾਨਾ ਲੁਕਿਆ ਪਿਆ ਸੀ, ਗੁਰੂ ਦੀ ਰਾਹੀਂ ਉਸ ਦਾ) ਦਰਸਨ ਕਰ ਕੇ ਮੇਰੇ ਮਨ ਵਿਚ ਖ਼ੁਸ਼ੀਆਂ ਹੀ ਖ਼ੁਸ਼ੀਆਂ ਬਣ ਗਈਆਂ ਹਨ। ੧। ਰਹਾਉ।

ਹੇ ਭਾਈ! ਜਿਸ ਥਾਂ ਨਾਮ-ਖ਼ਜ਼ਾਨੇ ਧਰੇ ਪਏ ਸਨ, ਉਥੇ ਅੱਪੜਨਾ ਬਹੁਤ ਹੀ ਔਖਾ ਸੀ (ਕਿਉਂਕਿ ਕਾਮਾਦਿਕ) ਅਨੇਕਾਂ ਸੂਰਮੇ (ਰਾਹ ਵਿਚ) ਰਾਖੇ ਬਣੇ ਪਏ ਸਨ। (ਉਸ ਦੇ ਦੁਆਲੇ ਮਾਇਆ ਦੇ ਮੋਹ ਦੀ) ਬੜੀ ਔਖੀ ਖਾਈ ਬਣੀ ਹੋਈ ਸੀ, (ਉਸ ਖ਼ਜ਼ਾਨੇ ਤਕ) ਹੱਥ ਨਹੀਂ ਸੀ ਪਹੁੰਚਦਾ। ਜਦੋਂ ਸੰਤ ਜਨ ਮੇਰੇ ਸਾਥੀ ਬਣ ਗਏ, (ਉਹ ਟਿਕਾਣਾ) ਲੁੱਟ ਲਿਆ। ੧।

(ਸੰਤ ਜਨਾਂ ਦੀ ਕਿਰਪਾ ਨਾਲ) ਹਰਿ-ਨਾਮ ਦੇ ਅਮੋਲਕ ਤੇ ਅਮੁੱਕ ਲਾਲਾਂ ਦੇ

ਬਹੁਤ ਖ਼ਜ਼ਾਨੇ ਮੈਨੂੰ ਮਿਲ ਗਏ। ਹੇ ਦਾਸ ਨਾਨਕ! (ਆਖ—) ਜਦੋਂ ਪ੍ਰਭੂ ਨੇ ਮੇਰੇ ਉਤੇ ਮਿਹਰ ਕੀਤੀ, ਤਦੋਂ ਮੈਂ ਆਪਣੇ ਮਨ ਵਿਚ ਹਰਿ-ਨਾਮ ਦਾ ਰਸ ਪੀਣ ਲੱਗ ਪਿਆ। ੨।੯।੩੨।

ਸਾਰਗ ਮਹਲਾ ੫ ॥ ਅਬ ਮੋਰੋ ਠਾਕੁਰ ਸਿਉ ਮਨੁ ਲੀਨਾ ॥ ਪ੍ਰਾਨ ਦਾਨੁ ਗੁਰਿ ਪੂਰੈ ਦੀਆ ਉਰਝਾਇਓ ਜਿਉ ਜਲ ਮੀਨਾ॥੧॥ਰਹਾਉ ॥ ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ ॥ ਮੰਤ੍ਰ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ ॥ ੧ ॥ ਗ੍ਰਿਹੁ ਤੇਰਾ ਤੂ ਠਾਕੁਰੁ ਮੇਰਾ ਗੁਰਿ ਹਉ ਖੋਈ ਪ੍ਰਭੁ ਦੀਨਾ ॥ ਕਹੁ ਨਾਨਕ ਮੈ ਸਹਜ ਘਰੁ ਪਾਇਆ ਹਰਿ ਭਗਤਿ ਭੰਡਾਰ ਖਜੀਨਾ ॥ ੨ ॥ ੧੦ ॥ ੩੩ ॥

ਪਦ ਅਰਥ :—ਠਾਕੁਰ ਸਿਉ—ਮਾਲਕ-ਪ੍ਰਭੂ ਨਾਲ। ਲੀਨਾ—ਇਕ-ਮਿਕ ਹੋ ਗਿਆ ਹੈ। ਪ੍ਰਾਨ ਦਾਨੁ—ਆਤਮਕ ਜੀਵਨ ਦਾ ਖ਼ੈਰ। ਗੁਰਿ ਪੂਰੈ—ਪੂਰੇ ਗੁਰੂ ਨੇ। ਉਰਝਾਇਓ—(ਗੁਰੂ ਨੇ ਠਾਕੁਰ ਨਾਲ) ਚੰਗੀ ਤਰ੍ਹਾਂ ਜੋੜ ਦਿੱਤਾ ਹੈ। ਮੀਨਾ—ਮੱਛੀ। ੧। ਰਹਾਉ।

ਮਦ—ਹਉਮੈ। ਮਤਸਰ—ਈਰਖਾ। ਅਰਪਿ—ਅਰਪ ਕੇ। ਅਰਪਿ ਦਾਨੁ ਕੀਨਾ—ਅਰਪ ਕੇ ਦਾਨ ਕਰ ਦਿੱਤੇ ਹਨ, ਸਦਾ ਲਈ ਛੱਡ ਦਿੱਤੇ ਹਨ। ਮੰਤ੍ਰ—ਉਪਦੇਸ਼। ਦ੍ਰਿੜਾਇ—(ਹਿਰਦੇ ਵਿਚ) ਪੱਕਾ ਕਰ ਕੇ। ਅਉਖਧੁ—ਦਵਾਈ, ਦਾਰੂ। ਗੁਰਿ—ਗੁਰੂ ਨੇ। ਤਉ—ਤਦੋਂ। ਸਗਲ ਪ੍ਰਬੀਨਾ—ਸਾਰੇ ਗੁਣਾਂ ਵਿਚ ਸਿਆਣਾ ਪ੍ਰਭੂ। ੧।

ਗ੍ਰਿਹੁ—ਹਿਰਦਾ-ਘਰ। ਠਾਕੁਰੁ—ਮਾਲਕ। ਗੁਰਿ—ਗੁਰੂ ਨੇ। ਹਉ—ਹਉਮੈ। ਖੋਈ—ਦੂਰ ਕਰ ਦਿੱਤੀ ਹੈ। ਸਹਜ ਘਰੁ—ਆਤਮਕ ਅਡੋਲਤਾ ਦਾ ਥਾਂ। ਪਾਇਆ—ਲੱਭ ਲਿਆ ਹੈ। ਖਜੀਨਾ—ਖ਼ਜ਼ਾਨੇ। ੨।

ਅਰਥ :—ਹੇ ਭਾਈ! ਪੂਰੇ ਗੁਰੂ ਨੇ ਮੈਨੂੰ ਆਤਮਕ ਜੀਵਨ ਦੀ ਦਾਤਿ ਬਖ਼ਸ਼ੀ ਹੈ, ਮੈਨੂੰ ਠਾਕੁਰ-ਪ੍ਰਭੂ ਨਾਲ ਇਉਂ ਜੋੜ ਦਿੱਤਾ ਹੈ ਜਿਵੇਂ ਮੱਛੀ ਪਾਣੀ ਨਾਲ। ਹੁਣ ਮੇਰਾ ਮਨ ਠਾਕੁਰ-ਪ੍ਰਭੂ ਨਾਲ ਇਕ-ਮਿਕ ਹੋਇਆ ਰਹਿੰਦਾ ਹੈ। ੧। ਰਹਾਉ।

ਹੇ ਭਾਈ! ਜਦੋਂ ਤੋਂ ਗੁਰੂ ਨੇ (ਆਪਣਾ) ਉਪਦੇਸ਼ ਮੇਰੇ ਹਿਰਦੇ ਵਿਚ ਪੱਕਾ ਕਰ ਕੇ ਮੈਨੂੰ ਹਰਿ-ਨਾਮ ਦੀ ਦਵਾਈ ਦਿੱਤੀ ਹੈ, ਤਦੋਂ ਤੋਂ ਮੈਨੂੰ ਸਾਰੇ ਗੁਣਾਂ ਵਿਚ ਸਿਆਣਾ ਪ੍ਰਭੂ ਮਿਲ ਪਿਆ ਹੈ, ਤੇ, ਮੈਂ (ਆਪਣੇ ਅੰਦਰੋਂ) ਕਾਮ ਕ੍ਰੋਧ ਲੋਭ ਹਉਮੈ ਈਰਖਾ (ਆਦਿਕ ਸਾਰੇ ਵਿਕਾਰ) ਸਦਾ ਲਈ ਕੱਢ ਦਿੱਤੇ ਹਨ। ੧।

ਹੇ ਪ੍ਰਭੂ ! (ਹੁਣ ਮੇਰਾ ਹਿਰਦਾ) ਤੇਰਾ ਘਰ ਬਣ ਗਿਆ ਹੈ, ਤੂੰ (ਸਚ-ਮੁਚ) ਮੇਰੇ (ਇਸ ਘਰ ਦਾ) ਮਾਲਕ ਬਣ ਗਿਆ ਹੈਂ। ਹੇ ਭਾਈ ! ਗੁਰੂ ਨੇ ਮੇਰੀ ਹਉਮੈ ਦੂਰ ਕਰ ਦਿੱਤੀ ਹੈ, ਮੈਨੂੰ ਪ੍ਰਭੂ ਮਿਲਾ ਦਿੱਤਾ ਹੈ। ਹੇ ਨਾਨਕ ! ਆਖ-(ਗੁਰੂ ਦੀ ਕਿਰਪਾ ਨਾਲ) ਮੈਂ ਆਤਮਕ ਅਡੋਲਤਾ ਦਾ ਸੋਮਾ ਲੱਭ ਲਿਆ ਹੈ। ਮੈਂ ਪਰਮਾਤਮਾ ਦੀ ਭਗਤੀ ਦੇ ਭੰਡਾਰੇ ਖ਼ਜ਼ਾਨੇ ਲੱਭ ਲਏ ਹਨ। ੨। ੧੦। ੩੩।

ਸਾਰਗ ਮਹਲਾ ੫ ॥ ਮੋਹਨ ਸਭਿ ਜੀਅ ਤੇਰੇ ਤੂ ਤਾਰਹਿ ॥ ਛੁਟਹਿ ਸੰਘਾਰ ਨਿਮਖ ਕਿਰਪਾ ਤੇ ਕੋਟਿ ਬ੍ਰਹਮੰਡ ਉਧਾਰਹਿ ॥ ੧ ॥ ਰਹਾਉ ॥ ਕਰਹਿ ਅਰਦਾਸਿ ਬਹੁਤੁ ਬੇਨੰਤੀ ਨਿਮਖ ਨਿਮਖ ਸਾਮ੍ਾਰਹਿ ॥ ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਹਾਥ ਦੇਇ ਨਿਸਤਾਰਹਿ ॥ ੧ ॥ ਕਿਆ ਏ ਭੂਪਤਿ ਬਪੁਰੇ ਕਹੀਅਹਿ ਕਹੁ ਏ ਕਿਸ ਨੋ ਮਾਰਹਿ ॥ ਰਾਖੁ ਰਾਖੁ ਰਾਖੁ ਸੁਖਦਾਤੇ ਸਭੁ ਨਾਨਕ ਜਗਤੁ ਤੁਮ੍ਾਰਹਿ ॥ ੨ ॥ ੧੧ ॥ ੩੪ ॥

ਪਦ ਅਰਥ :-ਮੋਹਨ-ਹੇ ਮੋਹਨ ! ਸਭਿ-ਸਾਰੇ। ਜੀਅ-[ਲਫ਼ਜ਼ 'ਜੀਉ' ਤੋਂ ਬਹੁ ਵਚਨ]। ਤਾਰਹਿ-ਪਾਰ ਲੰਘਾਂਦਾ ਹੈਂ। ਸੰਘਾਰ-ਮਾਰਨ ਵਾਲੇ, ਜ਼ਾਲਮ ਸੁਭਾਉ ਵਾਲੇ ਬੰਦੇ। ਛੁਟਹਿ-ਵਿਕਾਰਾਂ ਵਲੋਂ ਅੱਤਿਆਚਾਰ ਵਲੋਂ ਹਟ ਜਾਂਦੇ ਹਨ। ਨਿਮਖ-ਅੱਖ ਝਮਕਣ ਜਿਤਨਾ ਸਮਾ। ਤੇ-ਤੋਂ। ਕੋਟਿ-ਕ੍ਰੋੜਾਂ। ਉਧਾਰਹਿ-ਤੂੰ ਬਚਾਂਦਾ ਹੈਂ। ੧। ਰਹਾਉ।

ਕਰਹਿ-(ਜੀਵ) ਕਰਦੇ ਹਨ [ਬਹੁ ਵਚਨ]। ਸਾਮ੍ਾਰਹਿ-(ਤੈਨੂੰ ਹਿਰਦੇ ਵਿਚ) ਯਾਦ ਕਰਦੇ ਹਨ। ਹੋਹੁ-ਜਦੋਂ ਤੂੰ ਹੁੰਦਾ ਹੈਂ। ਦੀਨ ਦੁਖ ਭੰਜਨ-ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ ! ਦੇਇ-ਦੇ ਕੇ। ਨਿਸਤਾਰਹਿ-(ਦੁੱਖਾਂ ਕਲੇਸ਼ਾਂ ਤੋਂ) ਪਾਰ ਲੰਘਾਂਦਾ ਹੈਂ। ੧।

ਏ ਭੂਪਤਿ-ਇਹ ਰਾਜੇ [ਬਹੁ ਵਚਨ]। ਬਪੁਰੇ-ਵਿਚਾਰੇ। ਕਿਆ ਕਹੀਅਹਿ-ਕੀਹ ਕਹੇ ਜਾ ਸਕਦੇ ਹਨ ? ਇਹਨਾਂ ਦੀ ਕੀਹ ਪਾਂਇਆਂ ਕਹੀ ਜਾ ਸਕਦੀ ਹੈ ? ਏ-[ਬਹੁ ਵਚਨ]। ਕਿਸ ਨੋ-[ਸੰਬੰਧਕ 'ਨੋ' ਦੇ ਕਾਰਨ ਲਫ਼ਜ਼ 'ਕਿਸੁ' ਦਾ ੁ ਉੱਡ ਗਿਆ ਹੈ]। ਮਾਰਹਿ-ਮਾਰ ਸਕਦੇ ਹਨ। ਸੁਖਦਾਤੇ-ਹੇ ਸੁਖ ਦੇਣ ਵਾਲੇ ਪ੍ਰਭੂ ! ਸਭੁ-ਸਾਰਾ। ਤੁਮ੍ਾਰਹਿ-ਤੇਰਾ ਹੀ ਹੈ। ੨।

ਅਰਥ :-ਹੇ ਮੋਹਨ ਪ੍ਰਭੂ ! (ਜਗਤ ਦੇ) ਸਾਰੇ ਜੀਵ ਤੇਰੇ ਹੀ (ਪੈਦਾ ਕੀਤੇ ਹੋਏ ਹਨ), ਤੂੰ ਹੀ (ਇਹਨਾਂ ਨੂੰ ਦੁੱਖਾਂ ਕਲੇਸ਼ਾਂ ਆਦਿਕ ਤੋਂ) ਪਾਰ ਲੰਘਾਂਦਾ ਹੈਂ। ਤੇਰੀ ਰਤਾ

ਜਿਤਨੀ ਮਿਹਰ (ਦੀ ਨਿਗਾਹ) ਨਾਲ ਵੱਡੇ ਵੱਡੇ ਨਿਰਦਈ ਬੰਦੇ ਭੀ ਅੱਤਿਆਚਾਰਾਂ ਵਲੋਂ ਹਟ ਜਾਂਦੇ ਹਨ। ੧। ਰਹਾਉ।

ਹੇ ਮੋਹਨ! (ਤੇਰੇ ਪੈਦਾ ਕੀਤੇ ਜੀਵ ਤੇਰੇ ਹੀ ਦਰ ਤੇ) ਅਰਦਾਸ ਬੇਨਤੀ ਕਰਦੇ ਹਨ, (ਤੈਨੂੰ ਹੀ) ਪਲ ਪਲ ਹਿਰਦੇ ਵਿਚ ਵਸਾਂਦੇ ਹਨ। ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ ਮੋਹਨ! ਜਦੋਂ ਤੂੰ ਦਇਆਵਾਨ ਹੁੰਦਾ ਹੈਂ, ਤਾਂ ਆਪਣੇ ਹੱਥ ਦੇ ਕੇ (ਜੀਵਾਂ ਨੂੰ ਦੁੱਖਾਂ ਤੋਂ) ਪਾਰ ਲੰਘਾ ਲੈਂਦਾ ਹੈਂ। ੧।

ਹੇ ਨਾਨਕ! (ਆਖ—ਹੇ ਮੋਹਨ!) ਇਹਨਾਂ ਵਿਚਾਰੇ ਰਾਜਿਆਂ ਦੀ ਕੋਈ ਪਾਂਇਆਂ ਨਹੀਂ ਕਿ ਇਹ ਕਿਸੇ ਨੂੰ ਮਾਰ ਸਕਣ (ਸਭ ਤੇਰਾ ਹੀ ਖੇਲ-ਤਮਾਸ਼ਾ ਹੈ)। ਹੇ ਸੁਖਾਂ ਦੇ ਦੇਣ ਵਾਲੇ! (ਅਸਾਂ ਜੀਵਾਂ ਦੀ) ਰੱਖਿਆ ਕਰ, ਰੱਖਿਆ ਕਰ, ਰੱਖਿਆ ਕਰ। ਸਾਰਾ ਜਗਤ ਤੇਰਾ ਹੀ (ਰਚਿਆ ਹੋਇਆ) ਹੈ। ੨। ੧੧। ੩੪।

ਸਾਰਗ ਮਹਲਾ ੫॥ ਅਬ ਮੋਹਿ ਧਨੁ ਪਾਇਓ ਹਰਿਨਾਮਾ॥ ਭਏ ਅਚਿੰਤ ਤ੍ਰਿਸਨ ਸਭ ਬੁਝੀ ਹੈ ਇਹੁ ਲਿਖਿਓ ਲੇਖੁ ਮਥਾਮਾ॥ ੧॥ ਰਹਾਉ॥ ਖੋਜਤ ਖੋਜਤ ਭਇਓ ਬੈਰਾਗੀ ਫਿਰਿ ਆਇਓ ਦੇਹ ਗਿਰਾਮਾ॥ ਗੁਰਿ ਕ੍ਰਿਪਾਲਿ ਸਉਦਾ ਇਹ ਜੋਰਿਓ ਹਥਿ ਚਰਿਓ ਲਾਲੁ ਅਗਾਮਾ॥ ੧॥ ਆਨ ਬਾਪਾਰ ਬਨਜ ਜੋ ਕਰੀਅਹਿ ਤੇਤੇ ਦੂਖ ਸਹਾਮਾ॥ ਗੋਬਿਦ ਭਜਨ ਕੇ ਨਿਰਭੈ ਵਾਪਾਰੀ ਹਰਿ ਰਾਸਿ ਨਾਨਕ ਰਾਮਨਾਮਾ॥ ੨॥ ੧੨॥ ੩੫॥

ਪਦ ਅਰਥ :—ਮੋਹਿ—ਮੈਂ। ਪਾਇਓ—ਲੱਭ ਲਿਆ ਹੈ। ਅਚਿੰਤ—ਚਿੰਤਾ-ਰਹਿਤ, ਬੇ-ਫ਼ਿਕਰ। ਸਭ—ਸਾਰੀ। ਮਥਾਮਾ—ਮੱਥੇ ਉੱਤੇ। ੧। ਰਹਾਉ।

ਖੋਜਤ—ਢੂੰਢਦਿਆਂ। ਭਇਓ—ਹੋ ਗਿਆ। ਫਿਰਿ—ਫਿਰ ਫਿਰ ਕੇ। ਦੇਹ ਗਿਰਾਮਾ —ਸਰੀਰ-ਪਿੰਡ ਵਿਚ। ਗੁਰਿ—ਗੁਰੂ ਨੇ। ਕ੍ਰਿਪਾਲਿ—ਕਿਰਪਾਲ ਨੇ। ਜੋਰਿਓ—ਜੋੜ ਦਿੱਤਾ, ਕਰ ਦਿੱਤਾ। ਹਥਿ—ਹੱਥ ਵਿਚ। ਹਥਿ ਚਰਿਆ—ਮਿਲ ਗਿਆ। ਅਗਾਮਾ—ਅਪਹੁੰਚ, ਅਮੋਲਕ। ੧।

ਆਨ—[अन्य] ਹੋਰ ਹੋਰ। ਕਰੀਅਹਿ—ਕੀਤੇ ਜਾਂਦੇ ਹਨ। ਤੇਤੇ—ਉਹ ਸਾਰੇ। ਰਾਸਿ—ਪੂੰਜੀ, ਸਰਮਾਇਆ। ੨।

ਅਰਥ :—ਹੇ ਭਾਈ! (ਗੁਰੂ ਦੀ ਕਿਰਪਾ ਨਾਲ) ਹੁਣ ਮੈਂ ਪਰਮਾਤਮਾ ਦਾ ਨਾਮ-ਧਨ ਲੱਭ ਲਿਆ ਹੈ। (ਇਸ ਧਨ ਦੀ ਬਰਕਤਿ ਨਾਲ) ਮੈਂ ਬੇ-ਫ਼ਿਕਰ ਹੋ ਗਿਆ ਹਾਂ, (ਮੇਰੇ ਅੰਦਰੋਂ) ਸਾਰੀ (ਮਾਇਆ ਦੀ) ਤ੍ਰਿਸ਼ਨਾ ਮਿਟ ਗਈ ਹੈ (ਧੁਰ

ਦਰਗਾਹ ਤੋਂ ਹੀ) ਇਹ (ਪ੍ਰਾਪਤੀ ਦਾ) ਲੇਖ ਮੱਥੇ ਉੱਤੇ ਲਿਖਿਆ ਹੋਇਆ ਸੀ। ੧। ਰਹਾਉ।

ਹੇ ਭਾਈ! ਭਾਲ ਕਰਦਾ ਕਰਦਾ ਮੈਂ ਤਾਂ ਵੈਰਾਗੀ ਹੀ ਹੋ ਗਿਆ ਸਾਂ, ਆਖ਼ਿਰ ਭਟਕ ਭਟਕ ਕੇ (ਗੁਰੂ ਦੀ ਕਿਰਪਾ ਨਾਲ) ਮੈਂ ਸਰੀਰ-ਪਿੰਡ ਵਿਚ ਆ ਪਹੁੰਚਿਆ। ਕਿਰਪਾਲ ਗੁਰੂ ਨੇ ਇਹ ਵਣਜ ਕਰਾ ਦਿੱਤਾ ਕਿ(ਸਰੀਰ ਦੇ ਅੰਦਰੋਂ ਹੀ) ਮੈਨੂੰ ਪਰਮਾਤਮਾ ਦਾ ਨਾਮ ਅਮੋਲਕ ਲਾਲ ਮਿਲ ਗਿਆ। ੧।

ਹੇ ਭਾਈ! (ਪਰਮਾਤਮਾ ਦੇ ਨਾਮ ਤੋਂ ਬਿਨਾ) ਹੋਰ ਜਿਹੜੇ ਜਿਹੜੇ ਭੀ ਵਣਜ ਵਪਾਰ ਕਰੀਦੇ ਹਨ, ਉਹ ਸਾਰੇ ਦੁੱਖ ਸਹਾਰਨ (ਦਾ ਸਬਬ ਬਣਦੇ ਹਨ)। ਹੇ ਨਾਨਕ! (ਆਖ—ਹੇ ਭਾਈ!) ਪਰਮਾਤਮਾ ਦੇ ਭਜਨ ਦੇ ਵਪਾਰੀ ਬੰਦੇ (ਦੁਨੀਆ ਦੇ) ਡਰਾਂ ਤੋਂ ਬਚੇ ਰਹਿੰਦੇ ਹਨ, ਉਹਨਾਂ ਦੇ ਪਾਸ ਪਰਮਾਤਮਾ ਦੇ ਨਾਮ ਦਾ ਸਰਮਾਇਆ ਟਿਕਿਆ ਰਹਿੰਦਾ ਹੈ। ੨। ੧੨। ੩੫।

ਸਾਰਗ ਮਹਲਾ ੫ ॥ ਮੇਰੈ ਮਨਿ ਮਿਸਟ ਲਗੇ ਪ੍ਰਿਅ ਬੋਲਾ ॥ ਗੁਰਿ ਬਾਹ ਪਕਰਿ ਪ੍ਰਭ ਸੇਵਾ ਲਾਏ ਸਦ ਦਇਆਲੁ ਹਰਿ ਢੋਲਾ ॥ ੧ ॥ ਰਹਾਉ ॥ ਪ੍ਰਭ ਤੂ ਠਾਕੁਰੁ ਸਰਬ ਪ੍ਰਤਿਪਾਲਕੁ ਮੋਹਿ ਕਲਤ੍ਰ ਸਹਿਤ ਸਭਿ ਗੋਲਾ ॥ ਮਾਣੁ ਤਾਣੁ ਸਭੁ ਤੂਹੈ ਤੂਹੈ ਇਕੁ ਨਾਮੁ ਤੇਰਾ ਮੈ ਓਲ੍ਹਾ ॥ ੧ ॥ ਜੇ ਤਖਤਿ ਬੈਸਾਲਹਿ ਤਉ ਦਾਸ ਤੁਮ੍ਹਾਰੇ ਘਾਸੁ ਬਢਾਵਹਿ ਕੇਤਕ ਬੋਲਾ ॥ ਜਨ ਨਾਨਕ ਕੇ ਪ੍ਰਭ ਪੁਰਖ ਬਿਧਾਤੇ ਮੇਰੇ ਠਾਕੁਰ ਅਗਹ ਅਤੋਲਾ ॥ ੨ ॥ ੧੩ ॥ ੩੬ ॥

ਪਦ ਅਰਥ:—ਮੇਰੈ ਮਨਿ—ਮੇਰੇ ਮਨ ਵਿਚ। ਮਿਸਟ—ਮਿਸ਼ਟ, ਮਿੱਠੇ। ਪ੍ਰਿਅ ਬੋਲਾ—ਪਿਆਰੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਬਚਨ। ਗੁਰਿ—ਗੁਰੂ ਨੇ। ਪਕਰਿ—ਫੜ ਕੇ। ਸਦ—ਸਦਾ। ਢੋਲਾ—ਪਿਆਰਾ। ੧। ਰਹਾਉ।

ਪ੍ਰਭ—ਹੇ ਪ੍ਰਭੂ! ਠਾਕੁਰੁ—ਮਾਲਕ। ਪ੍ਰਤਿਪਾਲਕੁ—ਪਾਲਣ ਵਾਲਾ। ਮੋਹਿ—ਮੈਂ। ਕਲਤ੍ਰ—ਇਸਤ੍ਰੀ। ਸਹਿਤ—ਸਮੇਤ। ਸਭਿ—ਸਾਰੇ। ਗੋਲਾ—ਗ਼ੁਲਾਮ, ਸੇਵਕ। ਤਾਣੁ—ਆਸਰਾ, ਤਾਕਤ। ਓਲ੍ਹਾ—ਪਰਦਾ, ਆਸਰਾ। ੧।

ਤਖਤਿ—ਤਖ਼ਤ ਉੱਤੇ। ਬੈਸਾਲਹਿ—ਤੂੰ (ਮੈਨੂੰ) ਬਿਠਾਏਂ। ਤਉ—ਤਦੋਂ, ਤਾਂ ਭੀ। ਘਾਸੁ—ਘਾਹ। ਬਢਾਵਹਿ—ਤੂੰ ਵਢਾਏਂ। ਕੇਤਕ ਬੋਲਾ—ਕਿਤਨੇ ਬੋਲ (ਬੋਲ ਸਕਦਾ ਹਾਂ)? ਮੈਨੂੰ ਕੋਈ ਇਤਰਾਜ਼ ਨਹੀਂ। ਬਿਧਾਤੇ—ਹੇ ਰਚਨਹਾਰ! ਠਾਕੁਰ—ਹੇ ਮਾਲਕ! ਅਗਹ—ਹੇ ਅਥਾਹ! ੨।

ਅਰਥ :–ਹੇ ਭਾਈ ! ਜਦੋਂ ਤੋਂ ਗੁਰੂ ਨੇ (ਮੇਰੀ) ਬਾਂਹ ਫੜ ਕੇ (ਮੈਨੂੰ) ਪ੍ਰਭੂ ਦੀ ਸੇਵਾ-ਭਗਤੀ ਵਿਚ ਲਾਇਆ ਹੈ, ਤਦੋਂ ਤੋਂ ਮੇਰੇ ਮਨ ਵਿਚ ਪਿਆਰੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੇ ਬਚਨ ਮਿੱਠੇ ਲੱਗ ਰਹੇ ਹਨ। (ਹੁਣ ਮੈਨੂੰ ਇਉਂ ਸਮਝ ਆ ਗਈ ਹੈ ਕਿ) ਪਿਆਰਾ ਹਰੀ ਸਦਾ ਹੀ (ਮੇਰੇ ਉੱਤੇ) ਦਇਆਵਾਨ ਹੈ। ੧। ਰਹਾਉ।

ਹੇ ਪ੍ਰਭੂ ! (ਜਦ ਤੋਂ ਗੁਰੂ ਨੇ ਮੈਨੂੰ ਤੇਰੀ ਸੇਵਾ ਵਿਚ ਲਾਇਆ ਹੈ, ਮੈਨੂੰ ਯਕੀਨ ਹੋ ਗਿਆ ਹੈ ਕਿ) ਤੂੰ (ਸਾਡਾ) ਮਾਲਕ ਹੈਂ, ਤੂੰ ਸਭ ਜੀਵਾਂ ਦਾ ਪਾਲਣਹਾਰ ਹੈਂ। ਮੈਂ (ਆਪਣੀ) ਇਸਤ੍ਰੀ (ਪਰਵਾਰ) ਸਮੇਤ–ਅਸੀ ਸਾਰੇ ਤੇਰੇ ਗ਼ੁਲਾਮ ਹਾਂ। ਹੇ ਪ੍ਰਭੂ ! ਤੂੰ ਹੀ ਮੇਰਾ ਮਾਣ ਹੈਂ, ਤੂੰ ਹੀ ਮੇਰਾ ਤਾਣ ਹੈਂ। ਤੇਰਾ ਨਾਮ ਹੀ ਮੇਰਾ ਸਹਾਰਾ ਹੈ। ੧।

ਹੇ ਦਾਸ ਨਾਨਕ ਦੇ ਪ੍ਰਭੂ ! ਹੇ ਅਕਾਲ ਪੁਰਖ ! ਹੇ ਰਚਨਹਾਰ ! ਹੇ ਮੇਰੇ ਅਥਾਹ ਤੇ ਅਤੋਲ ਠਾਕੁਰ ! ਹੇ ਪ੍ਰਭੂ ! ਜੇ ਤੂੰ ਮੈਨੂੰ ਤਖ਼ਤ ਉੱਤੇ ਬਿਠਾ ਦੇਵੇਂ, ਤਾਂ ਭੀ ਮੈਂ ਤੇਰਾ ਦਾਸ ਹਾਂ, ਜੇ ਤੂੰ (ਮੈਨੂੰ ਘਾਹੀ ਬਣਾ ਕੇ ਮੈਥੋਂ) ਘਾਹ ਵਢਾਏਂ, ਤਾਂ ਭੀ ਮੈਨੂੰ ਕੋਈ ਇਤ-ਰਾਜ਼ ਨਹੀਂ। ੨। ੧੩। ੩੬।

ਸਾਰਗ ਮਹਲਾ ੫ ॥ ਰਸਨਾ ਰਾਮ ਕਹਤ ਗੁਣ ਸੋਹੰ ॥ ਏਕ ਨਿਮਖ ਓਪਾਇ ਸਮਾਵੈ ਦੇਖਿ ਚਰਿਤ ਮਨ ਮੋਹੰ ॥ ੧ ॥ ਰਹਾਉ ॥ ਜਿਸੁ ਸੁਣਿਐ ਮਨਿ ਹੋਇ ਰਹਸੁ ਅਤਿ ਰਿਦੈ ਮਾਨ ਦੁਖ ਜੋਹੰ ॥ ਸੁਖੁ ਪਾਇਓ ਦੁਖੁ ਦੂਰਿ ਪਰਾਇਓ ਬਣਿ ਆਈ ਪ੍ਰਭ ਤੋਹੰ ॥ ੧ ॥ ਕਿਲਵਿਖ ਗਏ ਮਨ ਨਿਰਮਲ ਹੋਈ ਹੈ ਗੁਰਿ ਕਾਢੇ ਮਾਇਆ ਦ੍ਰੋਹੰ ॥ ਕਹੁ ਨਾਨਕ ਮੈ ਸੋ ਪ੍ਰਭੁ ਪਾਇਆ ਕਰਣ ਕਾਰਣ ਸਮਰਥੋਹੰ ॥ ੨ ॥ ੧੪ ॥ ੩੭ ॥

ਪਦ ਅਰਥ :–ਰਸਨਾ–ਜੀਭ। ਰਾਮ ਕਹਤ ਗੁਣ–ਰਾਮ ਦੇ ਗੁਣ ਕਹਿੰਦਿਆਂ। ਸੋਹੰ–ਸੋਹਣੀ ਲੱਗਦੀ ਹੈ। ਨਿਮਖ–[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਓਪਾਇ–ਪੈਦਾ ਕਰ ਕੇ। ਸਮਾਵੈ–ਲੀਨ ਕਰ ਲੈਂਦਾ ਹੈ। ਦੇਖਿ–ਵੇਖ ਕੇ। ਚਰਿਤ–ਕੌਤਕ-ਤਮਾਸ਼ੇ। ਮੋਹੇ–ਮੋਹਿਆ ਜਾਂਦਾ ਹੈ। ੧। ਰਹਾਉ।

ਜਿਸੁ ਸੁਣਿਐ–ਜਿਸ ਦਾ (ਨਾਮ) ਸੁਣਿਆਂ। ਮਨਿ–ਮਨ ਵਿਚ। ਰਹਸੁ–ਖ਼ੁਸ਼ੀ। ਅਤਿ–ਬਹੁਤ। ਰਿਦੈ ਮਾਨ–(ਜਿਸ ਨੂੰ) ਹਿਰਦੇ ਵਿਚ ਮੰਨਿਆਂ। ਜੋਹੰ–ਤਾੜਨਾ। ਦੁਖ ਜੋਹੰ–ਦੁੱਖਾਂ ਨੂੰ ਤਾੜਨਾ, ਦੁੱਖਾਂ ਦਾ ਨਾਸ। ਦੂਰਿ ਪਰਾਇਓ–ਦੂਰ ਹੋ ਜਾਂਦਾ ਹੈ। ਪ੍ਰਭ–ਹੇ ਪ੍ਰਭੂ ! ਬਣਿ ਆਈ ਤੋਹੰ–ਤੇਰੇ ਨਾਲ (ਪ੍ਰੀਤ) ਬਣ ਜਾਂਦੀ ਹੈ। ੧।

ਕਿਲਵਿਖ–ਪਾਪ। ਨਿਰਮਲ–ਪਵਿੱਤਰ। ਗੁਰਿ–ਗੁਰੂ ਨੇ। ਦ੍ਰੋਹੰ–ਠੱਗੀ, ਛਲ।

ਕਰਣ–ਜਗਤ । ਕਰਣ ਕਾਰਣ–ਜਗਤ ਦਾ ਮੂਲ । ਸਮਰਥੋਹੇ–ਸਾਰੀਆਂ ਤਾਕਤਾਂ ਦਾ ਮਾਲਕ । ੨ ।

ਅਰਥ :–ਹੇ ਭਾਈ ! ਪਰਮਾਤਮਾ ਦੇ ਗੁਣ ਉਚਾਰਦਿਆਂ ਜੀਭ ਸੋਹਣੀ ਲੱਗਦੀ ਹੈ । ਉਹ ਪ੍ਰਭੂ ਅੱਖ ਝਮਕਣ ਜਿਤਨੇ ਸਮੇ ਵਿਚ ਪੈਦਾ ਕਰ ਕੇ (ਮੁੜ ਆਪਣੇ ਵਿਚ ਜਗਤ ਨੂੰ) ਲੀਨ ਕਰ ਸਕਦਾ ਹੈ । ਉਸ ਦੇ ਚੋਜ-ਤਮਾਸ਼ੇ ਵੇਖ ਕੇ ਮਨ ਮੋਹਿਆ ਜਾਂਦਾ ਹੈ । ੧ । ਰਹਾਉ ।

ਹੇ ਪ੍ਰਭੂ ! ਜਿਸ ਮਨੁੱਖ ਦੀ ਪ੍ਰੀਤ ਤੇਰੇ ਨਾਲ ਬਣ ਜਾਂਦੀ ਹੈ, ਉਸ ਦਾ ਸਾਰਾ ਦੁੱਖ ਦੂਰ ਹੋ ਜਾਂਦਾ ਹੈ, ਉਹ ਸਦਾ ਸੁਖ ਮਾਣਦਾ ਹੈ । (ਹੇ ਪ੍ਰਭੂ ! ਤੂੰ ਐਸਾ ਹੈਂ) ਜਿਸ ਦਾ ਨਾਮ ਸੁਣਿਆਂ ਮਨ ਵਿਚ ਬਹੁਤ ਖ਼ੁਸ਼ੀ ਪੈਦਾ ਹੁੰਦੀ ਹੈ, ਜਿਸ ਨੂੰ ਹਿਰਦੇ ਵਿਚ ਵਸਾਇਆਂ ਸਾਰੇ ਦੁੱਖਾਂ ਦਾ ਨਾਸ ਹੋ ਜਾਂਦਾ ਹੈ । ੧ ।

ਹੇ ਭਾਈ ! (ਜਿਸ ਮਨੁੱਖ ਨੇ ਜੀਭ ਨਾਲ ਰਾਮ-ਗੁਣ ਗਾਏ, ਉਸ ਦੇ ਅੰਦਰੋਂ) ਗੁਰੂ ਨੇ ਮਾਇਆ ਦੇ ਛਲ ਕੱਢ ਦਿੱਤੇ, ਉਸ ਦੇ ਸਾਰੇ ਪਾਪ ਦੂਰ ਹੋ ਗਏ, ਉਸ ਦਾ ਮਨ ਪਵਿੱਤਰ ਹੋ ਗਿਆ । ਹੇ ਨਾਨਕ ! ਆਖ–(ਹੇ ਭਾਈ ! ਗੁਰੂ ਦੀ ਕਿਰਪਾ ਨਾਲ) ਮੈਂ ਉਹ ਪਰਮਾਤਮਾ ਲੱਭ ਲਿਆ ਹੈ, ਜੋ ਜਗਤ ਦਾ ਮੂਲ ਹੈ ਜੋ ਸਾਰੀਆਂ ਤਾਕਤਾਂ ਦਾ ਮਾਲਕ ਹੈ । ੨ । ੧੪ । ੩੭ ।

ਸਾਰਗ ਮਹਲਾ ੫ ॥ ਨੈਨਹੁ ਦੇਖਿਓ ਚਲਤੁ ਤਮਾਸਾ । ਸਭ ਹੂ ਦੂਰਿ ਸਭ ਹੂ ਤੇ ਨੇਰੈ ਅਗਮ ਅਗਮ ਘਟ ਵਾਸਾ ॥ ੧ ॥ ਰਹਾਉ ॥ ਅਭੂਲੁ ਨ ਭੂਲੈ ਲਿਖਿਓ ਨ ਚਲਾਵੈ ਮਤਾ ਨ ਕਰੈ ਪਚਾਸਾ ॥ ਖਿਨ ਮਹਿ ਸਾਜਿ ਸਵਾਰਿ ਬਿਨਾਹੈ ਭਗਤਿ ਵਛਲ ਗੁਣਤਾਸਾ ॥ ੧ ॥ ਅੰਧ ਕੂਪ ਮਹਿ ਦੀਪਕੁ ਬਲਿਓ ਗੁਰਿ ਰਿਦੈ ਕੀਓ ਪਰਗਾਸਾ ॥ ਕਹੁ ਨਾਨਕ ਦਰਸੁ ਪੇਖਿ ਸੁਖੁ ਪਾਇਆ ਸਭ ਪੂਰਨ ਹੋਈ ਆਸਾ ॥ ੨ ॥ ੧੫ ॥ ੩੮ ॥

ਪਦ ਅਰਥ :–ਨੈਨਹੁ–ਅੱਖਾਂ ਨਾਲ । ਸਭ ਹੂ ਦੂਰਿ–ਸਭ ਤੋਂ ਦੂਰ (ਨਿਰਲੇਪ) । ਤੇ–ਤੋਂ । ਨੇਰੈ–ਨੇੜੇ । ਅਗਮ–ਅਪਹੁੰਚ । ਘਟ ਵਾਸਾ–ਸਭਨਾਂ ਸਰੀਰਾਂ ਵਿਚ ਨਿਵਾਸ । ੧ । ਰਹਾਉ ।

ਅਭੂਲੁ–ਭੁੱਲਾਂ ਤੋਂ ਰਹਿਤ । ਲਿਖਿਓ–ਲਿਖਿਆ ਹੋਇਆ (ਹੁਕਮ) । ਮਤਾ–ਸਲਾਹਾਂ । ਪਚਾਸਾ–ਪੰਜਾਹ, ਕਈ । ਸਾਜਿ–ਪੈਦਾ ਕਰ ਕੇ । ਸਵਾਰਿ–ਸੋਹਣਾ ਬਣਾ ਕੇ । ਬਿਨਾਹੈ–ਨਾਸ ਕਰ ਦੇਂਦਾ ਹੈ । ਭਗਤਿ ਵਛਲ–ਭਗਤੀ ਨੂੰ ਪਿਆਰ ਕਰਨ ਵਾਲਾ । ਗੁਣ ਤਾਸਾ–ਗੁਣਾਂ ਦਾ ਖ਼ਜ਼ਾਨਾ । ੧ ।

ਅੰਧ–ਅੰਨ੍ਹਾਂ, ਘੁੱਪ ਹਨੇਰੇ ਵਾਲਾ। ਕੂਪ–ਖੂਹ। ਦੀਪਕੁ–ਦੀਵਾ। ਗੁਰਿ–ਗੁਰੂ ਨੇ। ਰਿਦੈ–ਹਿਰਦੇ ਵਿਚ। ਪਰਗਾਸਾ–ਚਾਨਣ। ਪੇਖਿ–ਵੇਖ ਕੇ। ਸਭ–ਸਾਰੀ। ੨।

ਅਰਥ :–ਹੇ ਭਾਈ ! (ਮੈਂ ਆਪਣੀ) ਅੱਖੀਂ (ਪਰਮਾਤਮਾ ਦਾ ਅਜਬ) ਕੌਤਕ ਵੇਖਿਆ ਹੈ (ਅਜਬ) ਤਮਾਸ਼ਾ ਵੇਖਿਆ ਹੈ। ਉਹ ਪਰਮਾਤਮਾ(ਨਿਰਲੇਪ ਹੋਣ ਦੇ ਕਾਰਨ) ਸਭਨਾਂ ਜੀਵਾਂ ਤੋਂ ਦੂਰ (ਵੱਖਰਾ) ਹੈ, (ਸਰਬ-ਵਿਆਪਕ ਹੋਣ ਦੇ ਕਾਰਨ ਉਹ)ਸਭ ਜੀਵਾਂ ਤੋਂ ਨੇੜੇ, ਉਹ ਅਪਹੁੰਚ ਹੈ ਅਪਹੁੰਚ ਹੈ, ਪਰ ਉਂਞ ਸਭ ਸਰੀਰਾਂ ਵਿਚ ਉਸ ਦਾ ਨਿਵਾਸ ਹੈ। ੧। ਰਹਾਉ।

ਹੇ ਭਾਈ ! ਉਹ ਪਰਮਾਤਮਾ ਭੁੱਲਾਂ ਤੋਂ ਰਹਿਤ ਹੈ, ਉਹ ਕਦੇ ਕੋਈ ਗ਼ਲਤੀ ਨਹੀਂ ਕਰਦਾ, ਨਾਹ ਉਹ ਕੋਈ ਲਿਖਿਆ ਹੋਇਆ ਹੁਕਮ ਚਲਾਂਦਾ ਹੈ, ਨਾਹ ਉਹ ਬਹੁਤੀਆਂ ਸਲਾਹਾਂ ਹੀ ਕਰਦਾ ਹੈ। ਉਹ ਤਾਂ ਇਕ ਖਿਨ ਵਿਚ ਪੈਦਾ ਕਰ ਕੇ ਸੋਹਣਾ ਬਣਾ ਕੇ (ਖਿਨ ਵਿਚ ਹੀ) ਨਾਸ ਕਰ ਦੇਂਦਾ ਹੈ। ਉਹ ਪਰਮਾਤਮਾ ਭਗਤੀ ਨਾਲ ਪਿਆਰ ਕਰਨ ਵਾਲਾ ਹੈ, ਅਤੇ (ਬੇਅੰਤ) ਗੁਣਾਂ ਦਾ ਖ਼ਜ਼ਾਨਾ ਹੈ। ੧।

ਹੇ ਭਾਈ ! ਗੁਰੂ ਨੇ (ਜਿਸ ਮਨੁੱਖ ਦੇ) ਹਿਰਦੇ ਵਿਚ (ਪਰਮਾਤਮਾ ਦੇ ਨਾਮ ਦਾ) ਚਾਨਣ ਕਰ ਦਿੱਤਾ (ਉੱਥੇ, ਮਾਨੋ) ਘੁੱਪ ਹਨੇਰੇ ਵਾਲੇ ਖੂਹ ਵਿਚ ਦੀਵਾ ਬਲ ਪਿਆ। ਹੇ ਨਾਨਕ ! ਆਖ–(ਹੇ ਭਾਈ ! ਉਸ ਪਰਮਾਤਮਾ ਦਾ) ਦਰਸਨ ਕਰ ਕੇ ਮੈਂ ਆਤਮਕ ਆਨੰਦ ਪ੍ਰਾਪਤ ਕਰ ਲਿਆ ਹੈ, ਮੇਰੀ ਹਰੇਕ ਆਸ ਪੂਰੀ ਹੋ ਗਈ ਹੈ।੨।੧੫।੩੮।

ਸਾਰਗ ਮਹਲਾ ੫ ॥ ਚਰਨਹ ਗੋਬਿੰਦ ਮਾਰਗੁ ਸੁਹਾਵਾ ॥ ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ ॥ ੧ ॥ ਰਹਾਉ ॥ ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ ॥ ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ ॥ ੧ ॥ ਸਰਬ ਨਿਧਾਨ ਨਾਮਿ ਹਰਿ ਹਰਿ ਕੈ ਜਿਸੁ ਕਰਮਿ ਲਿਖਿਆ ਤਿਨਿ ਪਾਵਾ ॥ ਜਨ ਨਾਨਕ ਕਉ ਗੁਰੁ ਪੂਰਾ ਭੇਟਿਓ ਸੁਖਿ ਸਹਜੇ ਅਨਦ ਬਿਹਾਵਾ ॥ ੨ ॥ ੧੬ ॥ ੩੯ ॥

ਪਦ ਅਰਥ :–ਚਰਨਹ–ਪੈਰਾਂ ਨਾਲ। ਮਾਰਗੁ–ਰਸਤਾ। ਸੁਹਾਵਾ–ਸੋਹਣਾ, ਸੁਖਦਾਈ। ਆਨ–[अन्य] ਹੋਰ ਹੋਰ। ਮਾਰਗ–ਰਸਤੇ। ਜੇਤਾ–ਜਿਤਨਾ ਹੀ। ਧਾਈਐ–ਦੌੜ-ਭੱਜ ਕਰੀਦੀ ਹੈ। ਤੇਤੋ–ਉਤਨਾ ਹੀ। ਹਾਵਾ–ਹਾਹੁਕਾ। ੧। ਰਹਾਉ।

ਨੇਤ੍ਰ–ਅੱਖਾਂ। ਪੁਨੀਤ–ਪਵਿੱਤਰ। ਦਰਸੁ ਪੇਖੇ–ਦਰਸਨ ਕੀਤਿਆਂ। ਪੇਖੇ–ਵੇਖਿਆਂ। ਹਸਤ–[हस्त] ਹੱਥ। ਟਹਲਾਵਾ–ਟਹਲ, ਸੇਵਾ। ਰਿਦਾ–ਹਿਰਦਾ। ਰਿਦੈ–

ਹਿਰਦੇ ਵਿਚ। ਮਸਤ–ਮਸਤਕ, ਮੱਥਾ। ਧੂਰਾਵਾ–ਚਰਨਾਂ ਦੀ ਧੂੜ। ੧।

ਨਿਧਾਨ–ਖ਼ਜ਼ਾਨੇ। ਨਾਮਿ ਹਰਿ ਕੈ–ਹਰੀ ਦੇ ਨਾਮ ਵਿਚ। ਜਿਸੁ ਲਿਖਿਆ–ਜਿਸ ਦੇ (ਮੱਥੇ ਉਤੇ) ਲਿਖਿਆ ਗਿਆ। ਕਰਮਿ–(ਪਰਮਾਤਮਾ ਦੀ) ਮਿਹਰ ਨਾਲ [ਕਰਮੁ–ਮਿਹਰ, ਬਖ਼ਸ਼ਸ਼]। ਤਿਨਿ–ਉਸ (ਮਨੁੱਖ) ਨੇ। ਕਉ–ਨੂੰ। ਭੇਟਿਓ–ਮਿਲ ਪਿਆ। ਸੁਖਿ–ਆਨੰਦ ਵਿਚ। ਸਹਜੇ–ਆਤਮਕ ਅਡੋਲਤਾ ਵਿਚ। ਜਨ ਕਉ–ਜਿਸ ਮਨੁੱਖ ਨੂੰ। ੨।

ਅਰਥ :–ਹੇ ਭਾਈ! ਪੈਰਾਂ ਨਾਲ (ਨਿਰਾ) ਪਰਮਾਤਮਾ ਦਾ ਰਸਤਾ (ਹੀ ਤੁਰਨਾ) ਸੋਹਣਾ ਲੱਗਦਾ ਹੈ। ਹੋਰ ਅਨੇਕਾਂ ਰਸਤਿਆਂ ਉੱਤੇ ਜਿਤਨੀ ਭੀ ਦੌੜ-ਭੱਜ ਕਰੀਦੀ ਹੈ, ਉਤਨਾ ਹੀ ਦੁੱਖ ਲੱਗਦਾ ਹੈ, ਉਤਨਾ ਹੀ ਹਾਹੁਕਾ ਲੱਗਦਾ ਹੈ। ੧। ਰਹਾਉ।

ਹੇ ਭਾਈ! ਪਰਮਾਤਮਾ ਦਾ ਦਰਸਨ ਕੀਤਿਆਂ ਅੱਖਾਂ ਪਵਿੱਤਰ ਹੋ ਜਾਂਦੀਆਂ ਹਨ, (ਪਰਮਾਤਮਾ ਦੇ ਸੰਤ ਜਨਾਂ ਦੀ) ਟਹਲ ਕੀਤਿਆਂ ਹੱਥ ਪਵਿੱਤਰ ਹੋ ਜਾਂਦੇ ਹਨ। ਜਿਸ ਹਿਰਦੇ ਵਿਚ ਪਰਮਾਤਮਾ ਆ ਵੱਸਦਾ ਹੈ ਉਹ ਹਿਰਦਾ ਪਵਿੱਤਰ ਹੋ ਜਾਂਦਾ ਹੈ, ਉਹ ਮੱਥਾ ਪਵਿੱਤਰ ਹੋ ਜਾਂਦਾ ਹੈ ਜਿਸ ਉਤੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਲੱਗਦੀ ਹੈ। ੧।

ਹੇ ਭਾਈ! ਪਰਮਾਤਮਾ ਦੇ ਨਾਮ ਵਿਚ ਸਾਰੇ (ਹੀ) ਖ਼ਜ਼ਾਨੇ ਹਨ, ਜਿਸ ਮਨੁੱਖ ਦੇ ਮੱਥੇ ਉਤੇ (ਪਰਮਾਤਮਾ ਨੇ ਆਪਣੀ) ਮਿਹਰ ਨਾਲ (ਨਾਮ ਦੀ ਪ੍ਰਾਪਤੀ ਦਾ ਲੇਖ) ਲਿਖ ਦਿੱਤਾ, ਉਸ ਮਨੁਖ ਨੇ (ਨਾਮ) ਪ੍ਰਾਪਤ ਕਰ ਲਿਆ। ਹੇ ਨਾਨਕ! (ਆਖ–ਹੇ ਭਾਈ!) ਜਿਸ ਮਨੁੱਖ ਨੂੰ ਪੂਰਾ ਗੁਰੂ ਮਿਲ ਪਿਆ (ਉਸ ਨੂੰ ਪ੍ਰਭੂ ਦਾ ਨਾਮ ਮਿਲ ਗਿਆ, ਤੇ ਉਸ ਦੀ ਜ਼ਿੰਦਗੀ) ਸੁਖ ਵਿਚ ਆਤਮਕ ਅਡੋਲਤਾ ਵਿਚ ਆਨੰਦ ਵਿਚ ਗੁਜ਼ਰਨ ਲੱਗ ਪਈ। ੨। ੧੬। ੩੯।

ਸਾਰਗ ਮਹਲਾ ੫ ॥ ਧਿਆਇਓ ਅੰਤਿ ਬਾਰ ਨਾਮੁ ਸਖਾ ॥ ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ ॥ ੧ ॥ ਰਹਾਉ ॥ ਅੰਧ ਕੂਪ ਗ੍ਰਿਹ ਮਹਿ ਤਿਨਿ ਸਿਮਰਿਓ ਜਿਸੁ ਮਸਤਕਿ ਲੇਖੁ ਲਿਖਾ ॥ ਖੂਲੇ ਬੰਧਨ ਮੁਕਤਿ ਗੁਰਿ ਕੀਨੀ ਸਭ ਤੂਹੈ ਤੁਹੀ ਦਿਖਾ ॥ ੧ ॥ ਅੰਮ੍ਰਿਤ ਨਾਮੁ ਪੀਆ ਮਨੁ ਤ੍ਰਿਪਤਿਆ ਆਘਾਏ ਰਸਨ ਚਖਾ ॥ ਕਹੁ ਨਾਨਕ ਸੁਖ ਸਹਜੁ ਮੈ ਪਾਇਆ ਗੁਰਿ ਲਾਹੀ ਸਗਲ ਤਿਖਾ ॥ ੨ ॥ ੧੭ ॥ ੪੦ ॥

ਪਦ ਅਰਥ :–ਅੰਤਿ ਬਾਰ–ਅਖ਼ੀਰਲੇ ਸਮੇ। ਸਖਾ–ਸਾਥੀ, ਮਿੱਤਰ। ਜਹ–ਜਿੱਥੇ। ਸੁਤ–ਪੁੱਤਰ। ਤੂ–ਤੈਨੂੰ। ਰਖਾ–ਰੱਖਦਾ ਹੈ, ਸਹਾਇਤਾ ਕਰਦਾ ਹੈ। ੧। ਰਹਾਉ।

ਅੰਧ ਕੂਪ—ਘੁੱਪ ਹਨੇਰੇ ਖੂਹ। ਗ੍ਰਿਹ—ਹਿਰਦਾ-ਘਰ। ਤਿਨਿ—ਉਸ (ਮਨੁੱਖ) ਨੇ। ਮਸਤਕਿ—ਮੱਥੇ ਉਤੇ। ਬੰਧਨ—ਮੋਹ ਦੀਆਂ ਫਾਹੀਆਂ। ਗੁਰਿ—ਗੁਰੂ ਨੇ। ਮੁਕਤਿ—ਖਲਾਸੀ। ਦਿਖਾ—ਦਿੱਸ ਪਿਆ। ੧।

ਅੰਮ੍ਰਿਤ ਨਾਮੁ—ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਤ੍ਰਿਪਤਿਆ—ਰੱਜ ਗਿਆ। ਆਘਾਏ—ਰੱਜ ਗਏ। ਰਸਨ—ਜੀਭ। ਸੁਖ ਸਹਜ—ਸਾਰੇ ਸੁਖ ਦੇਣ ਵਾਲੀ ਆਤਮਕ ਅਡੋਲਤਾ। ਗੁਰਿ—ਗੁਰੂ ਨੇ। ਤਿਖਾ—ਤ੍ਰਿਹ, ਤ੍ਰਿਸ਼ਨਾ। ੨।

ਅਰਥ :—ਹੇ ਭਾਈ! (ਪਰਮਾਤਮਾ ਦਾ) ਨਾਮ ਹੀ (ਅਸਲ) ਸਾਥੀ ਹੈ। (ਜਿਸ ਮਨੁੱਖ ਨੇ) ਅੰਤ ਵੇਲੇ (ਇਸ ਨਾਮ ਨੂੰ) ਸਿਮਰਿਆ, (ਉਸ ਦਾ ਸਾਥੀ ਬਣਿਆ)। ਹੇ ਭਾਈ! ਜਿੱਥੇ ਮਾਂ, ਪਿਉ, ਪੁੱਤਰ, ਭਰਾ, ਕੋਈ ਭੀ ਪਹੁੰਚ ਨਹੀਂ ਸਕਦਾ, ਉੱਥੇ ਉੱਥੇ (ਇਹ ਹਰਿ-ਨਾਮ ਹੀ) ਤੈਨੂੰ ਰੱਖ ਸਕਦਾ ਹੈ (ਤੇਰੀ ਰਾਖੀ ਕਰਦਾ ਹੈ)। ੧। ਰਹਾਉ।

ਹੇ ਭਾਈ! (ਮਾਇਆ ਦੇ ਮੋਹ ਦੇ) ਅੰਨ੍ਹੇ ਖੂਹ ਹਿਰਦੇ-ਘਰ ਵਿਚ (ਸਿਰਫ਼) ਉਸ (ਮਨੁੱਖ) ਨੇ (ਹੀ ਹਰਿ-ਨਾਮ) ਸਿਮਰਿਆ ਹੈ ਜਿਸ ਦੇ ਮੱਥੇ ਉੱਤੇ (ਨਾਮ ਸਿਮਰਨ ਦਾ) ਲੇਖ (ਧੁਰੋਂ) ਲਿਖਿਆ ਗਿਆ। (ਉਸ ਮਨੁੱਖ ਦੀਆਂ) ਮਾਇਆ ਦੇ ਮੋਹ ਦੀਆਂ ਫਾਹੀਆਂ ਖੁਲ੍ਹ ਗਈਆਂ, ਗੁਰੂ ਨੇ ਉਸ ਨੂੰ (ਮੋਹ ਤੋਂ) ਖਲਾਸੀ ਦਿਵਾ ਦਿੱਤੀ, ਉਸ ਨੂੰ ਇਉਂ ਦਿੱਸ ਪਿਆ (ਕਿ ਹੇ ਪ੍ਰਭੂ!) ਸਭ ਥਾਈਂ ਤੂ ਹੀ ਹੈਂ ਤੂੰ ਹੀ ਹੈਂ। ੧।

ਹੇ ਭਾਈ! ਜਿਸ ਮਨੁੱਖ ਨੇ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀ ਲਿਆ, ਉਸ ਦਾ ਮਨ ਸ਼ਾਂਤ ਹੋ ਗਿਆ, ਉਸ ਦੀ ਜੀਭ ਨਾਮ-ਜਲ ਚੱਖ ਕੇ ਰੱਜ ਗਈ। ਹੇ ਨਾਨਕ! ਆਖ—(ਹੇ ਭਾਈ! ਹਰਿ-ਨਾਮ ਦੀ ਦਾਤਿ ਦੇ ਕੇ) ਗੁਰੂ ਨੇ ਮੇਰੀ ਸਾਰੀ ਤ੍ਰਿਸ਼ਨਾ ਦੂਰ ਕਰ ਦਿੱਤੀ ਹੈ, ਮੈਂ ਸਾਰੇ ਸੁਖ ਦੇਣ ਵਾਲੀ ਆਤਮਕ ਅਡੋਲਤਾ ਹਾਸਲ ਕਰ ਲਈ ਹੈ। ੨। ੧੭। ੪੦।

ਸਾਰਗ ਮਹਲਾ ੫ ॥ ਗੁਰ ਮਿਲਿ ਐਸੇ ਪ੍ਰਭੂ ਧਿਆਇਆ ॥ ਭਇਓ ਕ੍ਰਿਪਾਲੁ ਦਇਆਲੁ ਦੁਖ ਭੰਜਨੁ ਲਗੈ ਨ ਤਾਤੀ ਬਾਇਆ ॥ ੧ ॥ ਰਹਾਉ॥ ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ ॥ ਨਿਮਖ ਨ ਬਿਛੁਰੈ ਘਰੀ ਨ ਬਿਸਰੈ ਸਦ ਸੰਗੇ ਜਤ ਜਾਇਆ ॥ ੧ ॥ ਹਉ ਬਲਿ ਬਲਿ ਬਲਿ ਬਲਿ ਚਰਨ ਕਮਲ ਕਉ ਬਲਿ ਬਲਿ ਗੁਰ ਦਰਸਾਇਆ ॥ ਕਹੁ ਨਾਨਕ ਕਾਹੂ ਪਰਵਾਹਾ ਜਉ ਸੁਖ ਸਾਗਰੁ ਮੈ ਪਾਇਆ ॥ ੨ ॥ ੧੮ ॥ ੪੧ ॥

ਪਦ ਅਰਥ :—ਗੁਰ ਮਿਲਿ—ਗੁਰੂ ਨੂੰ ਮਿਲ ਕੇ। ਐਸੇ—ਇਸ ਤਰ੍ਹਾਂ (ਹਰੇਕ ਸਾਹ ਦੇ ਨਾਲ)। ਤਾਤੀ ਬਾਇਆ—ਤੱਤੀ ਹਵਾ। ੧। ਰਹਾਉ।

ਜੇਤੇ—ਜਿਤਨੇ ਭੀ। ਸਾਸ—ਸਾਹ। ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਘਰੀ—ਘੜੀ। ਸਦ—ਸਦਾ। ਜਤ—ਜਿੱਥੇ ਜਿੱਥੇ। ਜਾਇਆ—ਜਾਈਦਾ ਹੈ। ੧।

ਹਉ—ਮੈਂ। ਬਲਿ—ਸਦਕੇ। ਕਉ—ਨੂੰ, ਤੋਂ। ਦਰਸਾਇਆ—ਦਰਸਨ। ਕਾਹੂ—ਕਿਸ ਦੀ? ਸੁਖ ਸਾਗਰੁ—ਸੁਖਾਂ ਦਾ ਸਮੁੰਦਰ ਪ੍ਰਭੂ। ੨।

ਅਰਥ :—ਹੇ ਭਾਈ! (ਜਿਸ ਮਨੁੱਖ ਨੇ) ਗੁਰੂ ਨੂੰ ਮਿਲ ਕੇ ਇਉਂ (ਹਰੇਕ ਸਾਹ ਦੇ ਨਾਲ) ਪਰਮਾਤਮਾ ਦਾ ਸਿਮਰਨ ਕੀਤਾ, ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਪਰਮਾਤਮਾ ਉਸ ਉੱਤੇ ਦਇਆਵਾਨ ਹੋਇਆ, ਉਸ ਮਨੁੱਖ ਨੂੰ (ਸਾਰੀ ਉਮਰ) ਤੱਤੀ ਵਾ ਨਹੀਂ ਲੱਗਦੀ (ਕੋਈ ਦੁੱਖ-ਕਲੇਸ਼ ਨਹੀਂ ਪੋਂਹਦਾ)। ੧। ਰਹਾਉ।

ਹੇ ਭਾਈ! ਜਿਤਨੇ ਭੀ ਸਾਹ ਅਸੀਂ (ਜੀਵ) ਲੈਂਦੇ ਹਾਂ, ਜਿਹੜਾ ਮਨੁੱਖ ਉਹ ਸਾਰੇ ਹੀ ਸਾਹ (ਲੈਂਦਿਆਂ) ਪਰਮਾਤਮਾ ਦੇ ਗੁਣ ਗਾਂਦਾ ਹੈ, (ਜਿਹੜਾ ਮਨੁੱਖ ਪਰਮਾਤਮਾ ਤੋਂ) ਅੱਖ ਝਮਕਣ ਜਿਤਨੇ ਸਮੇ ਲਈ ਭੀ ਨਹੀਂ ਵਿੱਛੁੜਦਾ, (ਜਿਸ ਨੂੰ ਉਸ ਦੀ ਯਾਦ) ਇਕ ਘੜੀ ਭੀ ਨਹੀਂ ਭੁੱਲਦੀ, ਉਹ ਜਿੱਥੇ ਭੀ ਜਾਂਦਾ ਹੈ, ਪਰਮਾਤਮਾ ਉਸ ਨੂੰ ਸਦਾ ਆਪਣੇ ਨਾਲ ਦਿੱਸਦਾ ਹੈ। ੧।

ਹੇ ਨਾਨਕ! ਆਖ—(ਹੇ ਭਾਈ!) ਮੈਂ ਪਰਮਾਤਮਾ ਦੇ ਸੋਹਣੇ ਚਰਨਾਂ ਤੋਂ ਸਦਾ ਹੀ ਸਦਾ ਹੀ ਸਦਕੇ ਜਾਂਦਾ ਹਾਂ, ਗੁਰੂ ਦੇ ਦਰਸਨ ਤੋਂ ਕੁਰਬਾਨ ਜਾਂਦਾ ਹਾਂ। ਜਦੋਂ ਤੋਂ ਮੈਂ (ਗੁਰੂ ਦੀ ਕਿਰਪਾ ਨਾਲ) ਸਾਰੇ ਸੁਖਾਂ ਦਾ ਸਮੁੰਦਰ ਪ੍ਰਭੂ ਲੱਭਾ ਹੈ, ਮੈਨੂੰ ਕਿਸੇ ਦੀ ਮੁਥਾਜੀ ਨਹੀਂ ਰਹੀ। ੨। ੧੮। ੪੧।

ਸਾਰਗ ਮਹਲਾ ੫॥ ਮੇਰੈ ਮਨਿ ਸਬਦੁ ਲਗੋ ਗੁਰ ਮੀਠਾ॥ ਖੁਲ੍ਹਿਓ ਕਰਮੁ ਭਇਓ ਪਰਗਾਸਾ ਘਟਿ ਘਟਿ ਹਰਿ ਹਰਿ ਡੀਠਾ॥ ੧॥ ਰਹਾਉ॥ ਪਾਰਬ੍ਰਹਮ ਆਜੋਨੀ ਸੰਭਉ ਸਰਬ ਥਾਨ ਘਟ ਬੀਠਾ॥ ਭਇਓ ਪਰਾਪਤਿ ਅੰਮ੍ਰਿਤ ਨਾਮਾ ਬਲਿ ਬਲਿ ਪ੍ਰਭ ਚਰਣੀਠਾ॥ ੧॥ ਸਤ ਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ॥ ਕਹੁ ਨਾਨਕ ਰੰਗਿ ਚਲੂਲ ਭਏ ਹੈ ਹਰਿ ਰੰਗੁ ਨ ਲਹੈ ਮਜੀਠਾ॥ ੨॥ ॥੧੯॥ ੪੨॥

ਪਦ ਅਰਥ :—ਮੇਰੈ ਮਨਿ—ਮੇਰੇ ਮਨ ਵਿਚ। ਸਬਦੁ ਗੁਰ—ਗੁਰੂ ਦਾ ਸ਼ਬਦ। ਕਰਮੁ—ਬਖ਼ਸ਼ਸ਼ (ਦਾ ਦਰਵਾਜ਼ਾ)। ਪਰਗਾਸਾ—(ਆਤਮਕ ਜੀਵਨ ਦਾ) ਚਾਨਣ। ਘਟਿ ਘਟਿ—ਹਰੇਕ ਸਰੀਰ ਵਿਚ। ਡੀਠਾ—ਮੈਂ ਵੇਖ ਲਿਆ ਹੈ। ੧। ਰਹਾਉ।

ਆਜੋਨੀ—ਅਜੂਨੀ, ਜਿਹੜਾ ਜੂਨਾਂ ਵਿਚ ਨਹੀਂ ਆਉਂਦਾ। ਸੰਭਉ—[ਸ੍ਵਯੰਭੂ]

ਆਪਣੇ ਆਪ ਤੋਂ ਪਰਗਟ ਹੋਣ ਵਾਲਾ। ਘਟ–ਸਰੀਰ। ਬੀਠਾ–ਬੈਠਾ ਹੋਇਆ, ਵਿਆਪਕ। ਅੰਮ੍ਰਿਤ–ਆਮਤਕ ਜੀਵਨ ਦੇਣ ਵਾਲਾ। ਬਲਿ ਬਲਿ–ਕੁਰਬਾਨ, ਸਦਕੇ। ਚਰਣੀਠਾ–ਚਰਨ। ੧।

ਰੇਨੁ–ਚਰਨ-ਧੂੜ। ਮੁਖਿ–ਮੂੰਹ ਉੱਤੇ। ਸਗਲ–ਸਾਰੇ। ਮਜਨੀਠਾ- ਇਸ਼ਨਾਨ। ਰੰਗਿ–ਪ੍ਰੇਮ-ਰੰਗ ਨਾਲ। ਚਲੂਲ–ਗੂੜ੍ਹਾ ਲਾਲ। ਨ ਲਹੈ–ਨਹੀਂ ਉਤਰਦਾ। ਮਜੀਠਾ–ਮਜੀਠ (ਦੇ ਰੰਗ ਵਾਂਗ)। ੨।

ਅਰਥ :–ਹੇ ਭਾਈ! ਮੇਰੇ ਮਨ ਵਿਚ ਗੁਰੂ ਦਾ ਸ਼ਬਦ ਮਿੱਠਾ ਲੱਗ ਰਿਹਾ ਹੈ (ਸ਼ਬਦ ਦੀ ਬਰਕਤਿ ਨਾਲ ਮੇਰੇ ਵਾਸਤੇ) ਪਰਮਾਤਮਾ ਦੀ ਮਿਹਰ (ਦਾ ਦਰਵਾਜ਼ਾ) ਖੁਲ੍ਹ ਗਿਆ ਹੈ, (ਮੇਰੇ ਹਿਰਦੇ ਵਿਚ ਆਤਮਕ ਜੀਵਨ ਦਾ) ਚਾਨਣ ਹੋ ਗਿਆ ਹੈ, ਮੈਂ ਹਰੇਕ ਸਰੀਰ ਵਿਚ ਪਰਮਾਤਮਾ ਨੂੰ (ਵੱਸਦਾ) ਵੇਖ ਲਿਆ ਹੈ। ੧। ਰਹਾਉ।

ਹੇ ਭਾਈ! (ਗੁਰੂ ਦੇ ਸ਼ਬਦ ਦੀ ਬਰਕਤਿ ਨਾਲ ਮੈਨੂੰ ਇਉਂ ਦਿੱਸ ਪਿਆ ਹੈ ਕਿ) ਅਜੂਨੀ ਸੁਤੇ-ਪਰਕਾਸ਼ ਪਾਰਬ੍ਰਹਮ ਹਰੇਕ ਥਾਂ ਵਿਚ ਹਰੇਕ ਸਰੀਰ ਵਿਚ ਬੈਠਾ ਹੋਇਆ ਹੈ। (ਗੁਰ-ਸ਼ਬਦ ਦੀ ਰਾਹੀਂ ਮੈਨੂੰ) ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ ਮਿਲ ਗਿਆ ਹੈ, ਮੈਂ ਪਰਮਾਤਮਾ ਦੇ ਚਰਨਾਂ ਤੋਂ ਸਦਕੇ ਜਾ ਰਿਹਾ ਹਾਂ। ੧।

ਹੇ ਭਾਈ! (ਗੁਰੂ ਦੀ ਕਿਰਪਾ ਨਾਲ) ਸਾਧ ਸੰਗਤਿ ਦੇ ਚਰਨਾਂ ਦੀ ਧੂੜ ਮੇਰੇ ਮੱਥੇ ਉੱਤੇ ਲੱਗੀ ਹੈ (ਇਸ ਚਰਨ-ਧੂੜ ਦੀ ਬਰਕਤਿ ਨਾਲ ਮੈਂ ਤਾਂ, ਮਾਨੋ) ਸਾਰੇ ਹੀ ਤੀਰਥਾਂ ਦਾ ਇਸ਼ਨਾਨ ਕਰ ਲਿਆ ਹੈ। ਹੇ ਨਾਨਕ! ਆਖ–(ਹੇ ਭਾਈ!) ਮੈਂ ਪਰਮਾ-ਤਮਾ ਦੇ ਪ੍ਰੇਮ-ਰੰਗ ਨਾਲ ਗੂੜ੍ਹਾ ਰੰਗਿਆ ਗਿਆ ਹਾਂ। ਮਜੀਠ ਦੇ ਪੱਕੇ ਰੰਗ ਵਾਂਗ ਇਹ ਹਰਿ-ਪ੍ਰੇਮ ਦਾ ਰੰਗ (ਮੇਰੇ ਮਨ ਤੋਂ) ਉਤਰਦਾ ਨਹੀਂ ਹੈ। ੨। ੧੯। ੪੨।

ਸਾਰਗ ਮਹਲਾ ੫॥ ਹਰਿ ਹਰਿ ਨਾਮੁ ਦੀਓ ਗੁਰਿ ਸਾਥੇ॥ ਨਿਮਖ ਬਚਨੁ ਪ੍ਰਭ ਹੀਅਰੈ ਬਸਿਓ ਸਗਲ ਭੂਖ ਮੇਰੀ ਲਾਥੇ॥ ੧॥ ਰਹਾਉ॥ ਕ੍ਰਿਪਾ ਨਿਧਾਨ ਗੁਣ ਨਾਇਕ ਠਾਕੁਰ ਸੁਖ ਸਮੂਹ ਸਭ ਨਾਥੇ॥ ਏਕ ਆਸ ਮੋਹਿ ਤੇਰੀ ਸੁਆਮੀ ਅਉਰ ਦੁਤੀਆ ਆਸ ਬਿਰਾਥੇ॥ ੧॥ ਨੈਣ ਤ੍ਰਿਪਤਾਸੇ ਦੇਖਿ ਦਰਸਾਵਾ ਗੁਰਿ ਕਰ ਧਾਰੇ ਮੇਰੈ ਮਾਥੇ॥ ਕਹੁ ਨਾਨਕ ਮੈ ਅਤੁਲ ਸੁਖੁ ਪਾਇਆ ਜਨਮ ਮਰਣ ਭੈ ਲਾਥੇ॥ ੨॥ ੨੦॥ ੪੩॥

ਪਦ ਅਰਥ :–ਗੁਰਿ–ਗੁਰੂ ਨੇ। ਸਾਥੇ–ਨਾਲ। ਨਿਮਖ–ਅੱਖ ਝਮਕਣ ਜਿਤਨਾ ਸਮਾ। ਹੀਅਰੈ–ਹਿਰਦੇ ਵਿਚ। ਭੂਖ–ਮਾਇਆ ਦੀ ਭੁੱਖ। ਲਾਥੇ–ਲਹਿ ਗਈ ਹੈ।੧। ਰਹਾਉ।

ਕ੍ਰਿਪਾ ਨਿਧਾਨ--ਹੇ ਮਿਹਰ ਦੇ ਖ਼ਜ਼ਾਨੇ! ਗੁਣ ਨਾਇਕ–ਹੇ ਸਾਰੇ ਗੁਣਾਂ ਦੇ ਮਾਲਕ! ਠਾਕੁਰ–ਹੇ ਮਾਲਕ ! ਨਾਥੈ–ਹੇ ਨਾਥ ! ਮੋਹਿ–ਮੈਨੂੰ । ਸੁਆਮੀ–ਹੇ ਸੁਆਮੀ ! ਦੁਤੀਆ –ਦੂਜੀ । ਬਿਰਾਥੇ–ਵਿਅਰਥ ।੧।

ਨੈਣ--ਅੱਖਾਂ । ਤ੍ਰਿਪਤਾਸੇ–ਰੱਜ ਗਈਆਂ ਹਨ । ਦੇਖਿ–ਵੇਖ ਕੇ । ਗੁਰਿ–ਗੁਰੂ ਨੇ। ਕਰ–(ਅਪਣੇ)ਹੱਥ [ਬਹੁ ਵਚਨ] । ਮੇਰੈ ਮਾਥੈ–ਮੇਰੇ ਮੱਥੇ ਉੱਤੇ । ਅਤੁਲ–ਜਿਹੜਾ ਤੋਲਿਆ ਨਾਹ ਜਾ ਸਕੇ । ਭ੍ਰੈ–ਸਾਰੇ ਡਰ [ਬਹੁ ਵਚਨ] ।੨।

ਅਰਥ :–ਹੇ ਭਾਈ ! ਗੁਰੂ ਨੇ ਪਰਮਾਤਮਾ ਦਾ ਨਾਮ ਮੇਰੇ ਨਾਲ ਸਾਥੀ ਦੇ ਦਿੱਤਾ ਹੈ । ਹੁਣ ਪਰਮਾਤਮਾ ਦੀ ਸਿਫ਼ਤਿ ਸਾਲਾਹ ਦਾ ਸ਼ਬਦ ਹਰ ਵੇਲੇ ਮੇਰੇ ਹਿਰਦੇ ਵਿਚ ਟਿਕਿਆ ਰਹਿੰਦਾ ਹੈ (ਉਸ ਦੀ ਬਰਕਤਿ ਨਾਲ) ਮੇਰੀ ਮਾਇਆ ਦੀ ਸਾਰੀ ਭੁੱਖ ਲਹਿ ਗਈ ਹੈ ।੧। ਰਹਾਉ ।

ਹੇ ਕਿਰਪਾ ਦੇ ਖ਼ਜ਼ਾਨੇ ! ਹੇ ਸਾਰੇ ਗੁਣਾਂ ਦੇ ਮਾਲਕ ਠਾਕੁਰ ! ਹੇ ਸਾਰੇ ਸੁਖਾਂ ਦੇ ਨਾਥ ! ਹੇ ਸੁਆਮੀ ! (ਹੁਣ ਹਰੇਕ ਸੁਖ ਦੁਖ ਵਿਚ) ਮੈਨੂੰ ਸਿਰਫ਼ ਤੇਰੀ ਹੀ (ਸਹਾਇਤਾ ਦੀ) ਆਸ ਰਹਿੰਦੀ ਹੈ । ਕੋਈ ਹੋਰ ਦੂਜੀ ਆਸ ਮੈਨੂੰ ਵਿਅਰਥ ਜਾਪਦੀ ਹੈ ।੧।

ਹੇ ਨਾਨਕ ! ਆਖ–(ਹੇ ਭਾਈ !) ਜਦੋਂ ਤੋਂ ਗੁਰੂ ਨੇ ਮੇਰੇ ਮੱਥੇ ਉੱਤੇ ਆਪਣੇ ਹੱਥ ਰੱਖੇ ਹਨ, ਮੇਰੀਆਂ ਅੱਖਾਂ (ਪ੍ਰਭੂ ਦਾ) ਦਰਸਨ ਕਰ ਕੇ ਰੱਜ ਗਈਆਂ ਹਨ । ਮੈਂ ਇਤਨਾ ਸੁਖ ਪ੍ਰਾਪਤ ਕੀਤਾ ਹੈ ਕਿ ਉਹ ਤੋਲਿਆ-ਮਿਣਿਆ ਨਹੀਂ ਜਾ ਸਕਦਾ, ਮੇਰੇ ਜੰਮਣ ਮਰਨ ਦੇ ਭੀ ਸਾਰੇ ਡਰ ਲਹਿ ਗਏ ਹਨ । ੨ । ੨੦ । ੪੩ ।

ਸਾਰਗ ਮਹਲਾ ੫ ॥ ਰੇ ਮੂੜੇ ਆਨ ਕਾਹੇ ਕਤ ਜਾਈ ॥ ਸੰਗਿ ਮਨੋਹਰੁ ਅੰਮ੍ਰਿਤੁ ਹੈ ਰੇ ਭੂਲਿ ਭੂਲਿ ਬਿਖੁ ਖਾਈ ॥ ੧ ॥ ਰਹਾਉ ॥ ਪ੍ਰਭ ਸੁੰਦਰ ਚਤੁਰ ਅਨੂਪ ਬਿਧਾਤੇ ਤਿਸੁ ਸਿਉ ਰੁਚ ਨਹੀ ਰਾਈ ॥ ਮੋਹਨਿ ਸਿਉ ਬਾਵਰ ਮਨੁ ਮੋਹਿਓ ਝੂਠਿ ਠਗਉਰੀ ਪਾਈ ॥ ੧ ॥ ਭਇਓ ਦਇਆਲੁ ਕ੍ਰਿਪਾਲੁ ਦੁਖ ਹਰਤਾ ਸੰਤਨ ਸਿਉ ਬਨਿ ਆਈ ॥ ਸਗਲ ਨਿਧਾਨ ਘਰੈ ਮਹਿ ਪਾਏ ਕਹੁ ਨਾਨਕ ਜੋਤਿ ਸਮਾਈ ॥ ੨ ॥ ੨੧ ॥ ੪੪ ॥

ਪਦ ਅਰਥ:–ਰੇ ਮੂੜੇ–ਹੇ ਮੂਰਖ ! ਆਨ ਕਤ–ਹੋਰ ਕਿਤੇ । ਕਾਹੇ–ਕਿਉਂ ? ਸੰਗਿ–(ਤੇਰੇ) ਨਾਲ । ਮਨੋਹਰੁ–ਮਨ ਨੂੰ ਮੋਹਣ ਵਾਲਾ । ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਨਾਮ-ਜਲ । ਰੇ–ਹੇ (ਮੂਰਖ) ! ਭੂਲਿ ਭੂਲਿ–ਮੁੜ ਮੁੜ (ਇਸ ਨੂੰ) ਭੁੱਲ ਕੇ । ਬਿਖੁ–(ਆਤਮਕ ਮੌਤ ਲਿਆਉਣ ਵਾਲੀ) ਜ਼ਹਰ । ੧ । ਰਹਾਉ ।

ਚਤੁਰ–ਸਿਆਣੇ । ਅਨੂਪ–[ਅਨ-ਊਪ] ਉਪਮਾ-ਰਹਿਤ । ਬਿਧਾਤੇ–ਸਿਰਜਣ-

ਹਾਰ। ਤਿਸੁ ਸਿਉ—ਉਸ ਨਾਲ। ਰੁਚ—ਪ੍ਰੀਤ। ਰਾਈ—ਰਤਾ ਭੀ। ਮੋਹਨਿ—ਮਨ ਨੂੰ ਮੋਹਣ ਵਾਲੀ ਮਾਇਆ। ਬਾਵਰ—ਹੇ ਝੱਲੇ! ਝੂਠਿ—ਝੂਠ ਵਿਚ, ਨਾਸਵੰਤ ਵਿਚ। ਠਗਉਰੀ—ਠੱਗ-ਬੂਟੀ।੧।

ਦੁਖ ਹਰਤਾ—ਦੁੱਖਾਂ ਦਾ ਨਾਸ ਕਰਨ ਵਾਲਾ। ਸਿਉ—ਨਾਲ। ਬਨਿ ਆਈ—ਪ੍ਰੀਤ ਬਣੀ ਹੈ। ਨਿਧਾਨ—ਖ਼ਜ਼ਾਨੇ। ਘਰੈ ਮਹਿ—ਹਿਰਦੇ-ਘਰ ਵਿਚ ਹੀ। ਜੋਤਿ—ਪਰਮਾਤਮਾ ਦੀ ਜੋਤਿ ਵਿਚ। ਸਮਾਈ—ਲੀਨਤਾ ਹੋ ਗਈ ਹੈ।੨।

ਅਰਥ :—ਹੇ ਮੂਰਖ! ਤੂੰ ਹੋਰ ਕਿਤੇ ਕਿਉਂ ਭਟਕਦਾ ਫਿਰਦਾ ਹੈਂ? ਆਤਮਕ ਜੀਵਨ ਦੇਣ ਵਾਲਾ ਸੁੰਦਰ ਹਰਿ-ਨਾਮ-ਜਲ ਤੇਰੇ ਨਾਲ ਹੈ, ਤੂੰ ਉਸ ਤੋਂ ਖੁੰਝ ਖੁੰਝ ਕੇ (ਹੁਣ ਤਕ) ਆਤਮਕ ਮੌਤ ਲਿਆਉਣ ਵਾਲੀ ਜ਼ਹਰ ਹੀ ਖਾਧੀ ਹੈ।੧।ਰਹਾਉ।

ਹੇ ਝੱਲੇ! ਪਰਮਾਤਮਾ ਸੁੰਦਰ ਹੈ, ਸੁਜਾਨ ਹੈ, ਉਪਮਾ-ਰਹਿਤ ਹੈ, ਰਚਨਹਾਰ ਹੈ—ਉਸ ਨਾਲ ਤੇਰੀ ਰਤਾ ਭੀ ਪ੍ਰੀਤ ਨਹੀਂ। ਮਨ ਨੂੰ ਮੋਹ ਲੈਣ ਵਾਲੀ ਮਾਇਆ ਨਾਲ ਤੇਰਾ ਮਨ ਪਰਚਿਆ ਰਹਿੰਦਾ ਹੈ। ਨਾਸਵੰਤ ਜਗਤ ਵਿਚ ਫਸਾਣ ਵਾਲੀ ਇਹ ਠਗ-ਬੂਟੀ ਹੀ ਤੂੰ ਸਾਂਭ ਰੱਖੀ ਹੈ।੧।

ਹੇ ਨਾਨਕ! ਆਖ—(ਹੇ ਭਾਈ!) ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਉੱਤੇ ਦਇਆਵਾਨ ਹੋ ਗਿਆ, ਉਸ ਦੀ ਪ੍ਰੀਤ ਸੰਤ ਜਨਾਂ ਨਾਲ ਬਣ ਗਈ। ਉਸ ਨੇ ਸਾਰੇ ਖ਼ਜ਼ਾਨੇ ਹਿਰਦੇ-ਘਰ ਵਿਚ ਹੀ ਲੱਭ ਲਏ, ਪਰਮਾਤਮਾ ਦੀ ਜੋਤਿ ਵਿਚ ਉਸ ਦੀ (ਸਦਾ ਲਈ) ਲੀਨਤਾ ਹੋ ਗਈ।੨।੨੧।੪੪।

ਸਾਰਗ ਮਹਲਾ ੫ ॥ ਓਅੰ ਪ੍ਰਿਆ ਪ੍ਰੀਤਿ ਚੀਤਿ ਪਹਿਲਰੀਆ ॥ ਜੋ ਤਉ ਬਚਨੁ ਦੀਓ ਮੇਰੇ ਸਤਿਗੁਰ ਤਉ ਮੈ ਸਾਜ ਸੀਗਰੀਆ ॥੧॥ ਰਹਾਉ॥ ਹਮ ਭੂਲਹ ਤੁਮ ਸਦਾ ਅਭੂਲਾ ਹਮ ਪਤਿਤ ਤੁਮ ਪਤਿਤ ਉਧਰੀਆ ॥ ਹਮ ਨੀਚ ਬਿਰਖ ਤੁਮ ਮੈਲਾਗਰ ਲਾਜ ਸੰਗਿ ਸੰਗਿ ਬਸਰੀਆ ॥ ੧ ॥ ਤੁਮ ਗੰਭੀਰ ਧੀਰ ਉਪਕਾਰੀ ਹਮ ਕਿਆ ਬਪੁਰੇ ਜੰਤਰੀਆ ॥ ਗੁਰ ਕ੍ਰਿਪਾਲ ਨਾਨਕ ਹਰਿ ਮੇਲਿਓ ਤਉ ਮੇਰੀ ਸੂਖਿ ਸੇਜਰੀਆ ॥ ੨ ॥ ੨੨ ॥ ੪੫ ॥

ਪਦ ਅਰਥ :—ਓਅੰ ਪ੍ਰੀਤਿ—ਪਰਮਾਤਮਾ ਦੀ ਪ੍ਰੀਤ। ਪ੍ਰਿਆ ਪ੍ਰੀਤਿ—ਪਿਆਰੇ ਦੀ ਪ੍ਰੀਤ। ਚੀਤਿ—(ਮੇਰੇ) ਚਿੱਤ ਵਿਚ। ਪਹਿਲਰੀਆ—ਪਹਿਲਾਂ ਦੀ, ਮੁੱਢ-ਕਦੀਮਾਂ ਦੀ। ਜੋ ਬਚਨੁ—ਜਿਹੜਾ ਉਪਦੇਸ਼। ਤਉ—ਤੂੰ। ਸਤਿਗੁਰ—ਹੇ ਸਤਿਗੁਰੂ! ਤਉ—ਤਦੋਂ। ਸੀਗ-ਰੀਆ—ਸਿੰਗਾਰੀ ਗਈ।੧। ਰਹਾਉ।

ਹਮ—ਅਸੀ ਜੀਵ। ਭੂਲਹ—ਅਸੀ ਭੁੱਲਦੇ ਹਾਂ। ਪਤਿਤ—(ਵਿਕਾਰਾਂ ਵਿਚ) ਡਿੱਗੇ

ਹੋਏ। ਉਧਰੀਆ-(ਵਿਕਾਰਾਂ ਤੋਂ) ਬਚਾਣ ਵਾਲਾ। ਬਿਰਖ-ਰੁੱਖ। ਮੈਲਾਗਰ-ਮਲਯ ਪਰਬਤ ਉੱਤੇ ਉੱਗਣ ਵਾਲਾ ਚੰਦਨ। ਲਾਜ-ਇੱਜ਼ਤ। ਸੰਗਿ-ਨਾਲ। ਬਸਰੀਆ-ਵੱਸਣ ਵਾਲੇ।੧।

ਧੀਰ-ਧੀਰਜ ਵਾਲੇ। ਬਪੁਰੇ-ਨਿਮਾਣੇ, ਵਿਚਾਰੇ। ਜੰਤਰੀਆ-ਜੰਤ! ਗੁਰ-ਹੇ ਗੁਰੂ! ਸੁਖਿ-ਸੁਖ ਵਾਲੀ। ਸੇਜਰੀਆ-ਹਿਰਦਾ-ਸੇਜ।੨।

ਅਰਥ :-ਹੇ ਸਤਿਗੁਰੂ (ਉਂਞ ਤਾਂ ਮੇਰੇ) ਚਿੱਤ ਵਿਚ ਪਿਆਰੇ ਪਰਮਾਤਮਾ ਦੀ ਪ੍ਰੀਤ ਮੁੱਢ-ਕਦੀਮਾਂ ਦੀ (ਟਿਕੀ ਹੋਈ ਹੈ), ਪਰ ਜਦੋਂ ਤੂੰ ਉਪਦੇਸ਼ ਦਿੱਤਾ (ਉਹ ਪ੍ਰੀਤ ਜਾਗ ਪਈ, ਤੇ) ਮੇਰਾ ਆਤਮਕ ਜੀਵਨ ਸੋਹਣਾ ਬਣ ਗਿਆ।੧। ਰਹਾਉ।

ਹੇ ਗੁਰੂ! ਅਸੀ ਜੀਵ (ਸਦਾ) ਭੁੱਲਾਂ ਕਰਦੇ ਹਾਂ, ਤੂੰ ਸਦਾ ਅਭੁੱਲ ਹੈਂ, ਅਸੀ ਜੀਵ ਵਿਕਾਰਾਂ ਵਿਚ ਡਿੱਗੇ ਰਹਿੰਦੇ ਹਾਂ, ਤੂੰ ਵਿਕਾਰੀਆਂ ਨੂੰ ਬਚਾਣ ਵਾਲਾ ਹੈਂ। ਅਸੀ (ਅਰਿੰਡ ਵਰਗੇ) ਨੀਚ ਰੁੱਖ ਹਾਂ ਤੂੰ ਚੰਦਨ ਹੈਂ, ਜੋ ਨਾਲ ਵੱਸਣ ਵਾਲੇ ਰੁੱਖਾਂ ਨੂੰ ਸੁਗੰਧਿਤ ਕਰ ਦੇਂਦਾ ਹੈ। ਹੇ ਗੁਰੂ! ਤੂੰ ਆਪਣੇ ਚਰਨਾਂ ਵਿਚ ਰਹਿਣ ਵਾਲਿਆਂ ਦੀ ਇੱਜ਼ਤ ਰੱਖਣ ਵਾਲਾ ਹੈਂ।੧।

ਹੇ ਗੁਰੂ! ਤੂੰ ਜਿਗਰੇ ਵਾਲਾ ਹੈਂ, ਧੀਰਜ ਵਾਲਾ ਹੈਂ, ਉਪਕਾਰ ਕਰਨ ਵਾਲਾ ਹੈਂ, ਅਸਾਂ ਨਿਮਾਣੇ ਜੀਵਾਂ ਦੀ ਕੋਈ ਪਾਂਇਆਂ ਨਹੀਂ ਹੈ। ਹੇ ਨਾਨਕ! (ਆਖ-) ਹੇ ਕ੍ਰਿਪਾਲ ਗੁਰੂ! ਜਦੋਂ ਤੂੰ ਮੈਨੂੰ ਪ੍ਰਭੂ ਦਾ ਮੇਲ ਕਰਾਇਆ, ਤਦੋਂ ਤੋਂ ਮੇਰੀ ਹਿਰਦਾ-ਸੇਜ ਸੁਖ-ਭਰਪੂਰ ਹੋ ਗਈ ਹੈ।੨।੨੨।੪੫।

ਸਾਰਗ ਮਹਲਾ ੫ ॥ ਮਨ ਓਇ ਦਿਨਸ ਧੰਨਿ ਪਰਵਾਨਾਂ ॥ ਸਫਲ ਤੇ ਘਰੀ ਸੰਜੋਗ ਸੁਹਾਵੇ ਸਤਿਗੁਰ ਸੰਗਿ ਗਿਆਨਾਂ ॥ ੧ ॥ ਰਹਾਉ ॥ ਧੰਨਿ ਸੁਭਾਗ ਧੰਨਿ ਸੋਹਾਗਾ ਧੰਨਿ ਦੇਤ ਜਿਨ ਮਾਨਾ ॥ ਇਹੁ ਤਨੁ ਤੁਮ੍ਹਰਾ ਸਭੁ ਗ੍ਰਿਹੁ ਧਨੁ ਤੁਮਰਾ ਹੀਂਉ ਕੀਓ ਕੁਰਬਾਨਾਂ ॥ ੧ ॥ ਕੋਟਿ ਲਾਖ ਰਾਜ ਸੁਖ ਪਾਏ ਇਕ ਨਿਮਖ ਪੇਖਿ ਦ੍ਰਿਸਟਾਨਾ ॥ ਜਉ ਕਹਹੁ ਮੁਖਹੁ ਸੇਵਕ ਇਹ ਬੈਸੀਐ ਸੁਖ ਨਾਨਕ ਅੰਤੁ ਨ ਜਾਨਾਂ ॥ ੨ ॥ ੨੩ ॥ ॥ ੪੬ ॥

ਪਦ ਅਰਥ:-ਮਨ-ਹੇ ਮਨ! ਓਇ-[ਲਫ਼ਜ਼ 'ਓਹ' ਤੋਂ ਬਹੁ ਵਚਨ]। ਧੰਨਿ-ਭਾਗਾਂ ਵਾਲੇ। ਤੇ ਘਰੀ-ਉਹ ਘੜੀਆਂ। ਸੰਜੋਗ-ਮਿਲਾਪ ਦੇ ਸਮੇ। ਸੁਹਾਵੇ-ਸੋਹਣੇ। ਗਿਆਨਾਂ-ਆਤਮਕ ਜੀਵਨ ਦੀ ਸੂਝ।੧। ਰਹਾਉ।

ਜਿਨ-ਜਿੰਨ੍ਹਾਂ ਨੂੰ [ਬਹੁ ਵਚਨ]। ਮਾਨਾਂ-ਆਦਰ। ਸਭੁ-ਸਾਰਾ। ਗ੍ਰਿਹੁ-ਘਰ।

ਹੀਂਉ–ਹਿਰਦਾ [ਨੋਟ ! ਅੱਖਰ 'ੳ' ਦੇ ਨਾਲ ਦੋ ਲਗਾਂ ਹਨ–ੋ ਅਤੇ ੁ। ਅਸਲ ਲਫ਼ਜ਼ 'ਹੀਂਉ' ਹੈ ਇਥੇ 'ਹੀਂਓ' ਪੜ੍ਹਨਾ ਹੈ]। ੧।

ਕੋਟਿ–ਕ੍ਰੋੜਾਂ। ਨਿਮਖ–ਅੱਖ ਝਮਕਣ ਜਿਤਨਾ ਸਮਾ। ਪੇਖਿ–ਵੇਖ ਕੇ। ਦ੍ਰਿਸਟਾਨਾ–ਨਿਗਾਹ, ਦਰਸਨ। ਜਉ–ਜੇ। ਮੁਖਹੁ–ਮੂੰਹੋਂ। ਸੇਵਕ–ਹੇ ਸੇਵਕ ! ਇਹ–ਇਥੇ। ੨।

ਅਰਥ:–ਹੇ ਮਨ ! ਉਹ ਦਿਨ ਭਾਗਾਂ ਵਾਲੇ ਹੁੰਦੇ ਹਨ, (ਪ੍ਰਭੂ ਦੇ ਦਰ ਤੇ) ਕਬੂਲ ਹੁੰਦੇ ਹਨ। (ਜ਼ਿੰਦਗੀ ਦੀਆਂ) ਉਹ ਘੜੀਆਂ ਸਫਲ ਹਨ, (ਗੁਰੂ ਨਾਲ) ਮੇਲ ਦੇ ਉਹ ਸਮੇ ਸੋਹਣੇ ਹੁੰਦੇ ਹਨ, ਜਦੋਂ ਗੁਰੂ ਦੀ ਸੰਗਤਿ ਵਿਚ (ਰਹਿ ਕੇ) ਆਤਮਕ ਜੀਵਨ ਦੀ ਸੂਝ ਪ੍ਰਾਪਤ ਹੁੰਦੀ ਹੈ। ੧। ਰਹਾਉ।

ਹੇ ਪ੍ਰਭੂ ! ਜਿਨ੍ਹਾਂ ਮਨੁੱਖਾਂ ਨੂੰ ਤੂੰ (ਆਪਣੇ ਦਰ ਤੇ) ਆਦਰ ਦੇਂਦਾ ਹੈਂ, ਉਹ ਧੰਨ ਹਨ, ਸੁਭਾਗ ਹਨ, ਕਿਸਮਤ ਵਾਲੇ ਹਨ। ਹੇ ਪ੍ਰਭੂ ! ਮੇਰਾ ਇਹ ਸਰੀਰ ਤੇਰੇ ਹਵਾਲੇ ਹੈ, ਮੇਰਾ ਸਾਰਾ ਘਰ ਤੇ ਧਨ ਤੈਥੋਂ ਸਦਕੇ ਹੈ, ਮੈਂ ਆਪਣਾ ਹਿਰਦਾ (ਤੇਰੇ ਚਰਨਾਂ ਤੋਂ) ਸਦਕੇ ਕਰਦਾ ਹਾਂ। ੧।

ਹੇ ਨਾਨਕ ! (ਆਖ–ਹੇ ਪ੍ਰਭੂ !) ਅੱਖ ਝਮਕਣ ਜਿਤਨੇ ਸਮੇ ਲਈ ਤੇਰਾ ਦਰਸਨ ਕਰ ਕੇ (ਮਾਨੋ) ਰਾਜ ਦੇ ਲੱਖਾਂ ਕ੍ਰੋੜਾਂ ਸੁਖ ਪ੍ਰਾਪਤ ਹੋ ਜਾਂਦੇ ਹਨ। ਜੇ ਤੂੰ ਮੂੰਹੋਂ ਆਖੇਂ, ਹੇ ਸੇਵਕ ! ਇਥੇ ਬੈਠ, (ਮੈਨੂੰ ਇਤਨਾ ਆਨੰਦ ਆਉਂਦਾ ਹੈ ਕਿ ਉਸ) ਆਨੰਦ ਦਾ ਮੈਂ ਅੰਤ ਨਹੀਂ ਜਾਣ ਸਕਦਾ।੨।੨੩।੪੬।

ਸਾਰਗ ਮਹਲਾ ੫ ॥ ਅਬ ਮੋਰੋ ਸਹਸਾ ਦੂਖੁ ਗਇਆ ॥ ਅਉਰ ਉਪਾਵ ਸਗਲ ਤਿਆਗਿ ਛੋਡੇ ਸਤਿਗੁਰ ਸਰਣਿ ਪਇਆ ॥ ੧ ॥ ਰਹਾਉ ॥ਸ੍ਰਬ ਸਿਧਿ ਕਾਰਜ ਸਭਿ ਸਵਰੇ ਅਹੰ ਰੋਗ ਸਗਲ ਹੀ ਖਇਆ॥ ਕੋਟਿ ਪਰਾਧ ਖਿਨ ਮਹਿ ਖਉ ਭਈ ਹੈ ਗੁਰ ਮਿਲਿ ਹਰਿ ਹਰਿ ਕਹਿਆ ॥ ੧ ॥ ਪੰਚ ਦਾਸ ਗੁਰਿ ਵਸਗਤਿ ਕੀਨੇ ਮਨ ਨਿਹਚਲ ਨਿਰਭਇਆ ॥ ਆਇ ਨ ਜਾਵੈ ਨ ਕਤ ਹੀ ਡੋਲੈ ਥਿਰੁ ਨਾਨਕ ਰਾਜਇਆ ॥੨॥੨੪॥੪੭॥

ਪਦ ਅਰਥ :–ਮੋਰੋ–ਮੇਰਾ। ਸਹਸਾ–ਸਹਮ। ਉਪਾਵ–[ਲਫ਼ਜ਼ 'ਉਪਾਉ' ਤੋਂ ਬਹੁ ਵਚਨ] ਹੀਲੇ। ੧। ਰਹਾਉ।

ਕੋਟਿ–ਕ੍ਰੋੜਾਂ। ਪਰਾਧ–ਅਪਰਾਧ। ਖਉ–ਨਾਸ। ਭਈ ਹੈ–ਹੋ ਜਾਂਦਾ ਹੈ। ਸਿਧਿ –ਸਿੱਧੀਆਂ। ਅਹੰ–ਹਉਮੈ। ਖਇਆ–ਨਾਸ ਹੋ ਗਿਆ। ੧।

ਪੰਚ—(ਕਾਮਾਦਿਕ) ਪੰਜੇ। ਗੁਰਿ—ਗੁਰੂ ਨੇ। ਵਸਗਤਿ—ਵੱਸ ਵਿਚ। ਨਿਹਚਲ—ਅਡੋਲ। ਕਤ ਹੀ—ਕਿਤੇ ਭੀ। ਆਇ ਨ ਜਾਵੈ—ਨਾਹ ਆਉਂਦਾ ਹੈ ਨਾਹ ਜਾਂਦਾ ਹੈ, ਦੌੜ-ਭੱਜ ਨਹੀਂ ਕਰਦਾ। ਥਿਰੁ—ਸਦਾ ਕਾਇਮ ਰਹਿਣ ਵਾਲਾ। ੨।

ਅਰਥ :—ਹੇ ਭਾਈ! (ਜਦੋਂ ਦਾ) ਮੈਂ ਗੁਰੂ ਦੀ ਸਰਨ ਪਿਆ ਹਾਂ, (ਮੈਂ ਮਨ ਨੂੰ ਕਾਬੂ ਕਰਨ ਦੇ) ਹੋਰ ਸਾਰੇ ਹੀਲੇ ਛੱਡ ਦਿੱਤੇ ਹਨ। (ਗੁਰ ਸਰਨ ਦੀ ਬਰਕਤਿ ਨਾਲ) ਹੁਣ ਮੇਰਾ ਹਰੇਕ ਸਹਮ ਹਰੇਕ ਦੁੱਖ ਦੂਰ ਹੋ ਗਿਆ ਹੈ। ੧। ਰਹਾਉ।

ਹੇ ਭਾਈ! ਜਦੋਂ ਤੋਂ ਮੈਂ ਗੁਰੂ ਨੂੰ ਮਿਲ ਕੇ ਪਰਮਾਤਮਾ ਦਾ ਨਾਮ ਜਪਣਾ ਸ਼ੁਰੂ ਕੀਤਾ ਹੈ, ਇਕ ਖਿਨ ਵਿਚ ਹੀ ਮੇਰੇ ਕ੍ਰੋੜਾਂ ਹੀ ਅਪਰਾਧਾਂ ਦਾ ਨਾਸ ਹੋ ਗਿਆ ਹੈ, ਮੈਨੂੰ ਸਾਰੀਆਂ ਸਿੱਧੀਆਂ ਪ੍ਰਾਪਤ ਹੋ ਗਈਆਂ ਹਨ, ਮੇਰੇ ਸਾਰੇ ਕੰਮ ਸੰਵਰ ਗਏ ਹਨ, ਮੇਰੇ ਅੰਦਰੋਂ ਹਉਮੈ ਦਾ ਰੋਗ ਸਾਰਾ ਹੀ ਮਿਟ ਗਿਆ ਹੈ। ੧।

ਹੇ ਭਾਈ! ਗੁਰੂ ਨੇ (ਕਾਮਾਦਿਕ) ਪੰਜਾਂ ਨੂੰ ਮੇਰੇ ਦਾਸ ਬਣਾ ਦਿੱਤਾ ਹੈ, ਮੇਰੇ ਵੱਸ ਵਿਚ ਕਰ ਦਿੱਤਾ ਹੈ, (ਇਹਨਾਂ ਦੇ ਟਾਕਰੇ ਤੇ) ਮੇਰਾ ਮਨ ਅਹਿੱਲ ਹੋ ਗਿਆ ਹੈ ਨਿਡਰ ਹੋ ਗਿਆ ਹੈ। ਹੇ ਨਾਨਕ! (ਆਖ—ਗੁਰੂ ਦੀ ਕਿਰਪਾ ਨਾਲ ਮੇਰਾ ਮਨ) ਕਿਤੇ ਦੌੜ ਭੱਜ ਨਹੀਂ ਕਰਦਾ, ਕਿਤੇ ਨਹੀਂ ਡੋਲਦਾ (ਇਸ ਨੂੰ, ਮਾਨੋ) ਸਦਾ ਕਾਇਮ ਰਹਿਣ ਵਾਲਾ ਰਾਜ ਮਿਲ ਗਿਆ ਹੈ। ੨। ੨੪। ੪੭।

ਸਾਰਗ ਮਹਲਾ ੫॥ ਪ੍ਰਭੁ ਮੇਰੋ ਇਤ ਉਤ ਸਦਾ ਸਹਾਈ॥ ਮਨ ਮੋਹਨੁ ਮੇਰੇ ਜੀਅ ਕੋ ਪਿਆਰੋ ਕਵਨ ਕਹਾ ਗੁਨ ਗਾਈ॥ ੧॥ ਰਹਾਉ॥ ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ॥ ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ॥ ੧॥ ਤਿਸੁ ਬਿਨੁ ਨਿਮਖ ਨਹੀ ਰਹਿ ਸਕੀਐ ਬਿਸਰਿ ਨ ਕਬਹੂ ਜਾਈ॥ ਕਹੁ ਨਾਨਕ ਮਿਲਿ ਸੰਤ ਸੰਗਤਿ ਤੇ ਮਗਨ ਭਏ ਲਿਵ ਲਾਈ॥ ੨॥ ੨੫॥ ੪੮॥

ਪਦ ਅਰਥ :—ਇਤ—ਇਸ ਲੋਕ ਵਿਚ। ਉਤ—ਪਰਲੋਕ ਵਿਚ। ਸਹਾਈ—ਸਹਾਇਤਾ ਕਰਨ ਵਾਲਾ। ਜੀਅ ਕੋ—ਜਿੰਦ ਦਾ। ਗਾਈ—ਗਾਇ, ਗਾ ਕੇ। ਕਵਨ ਗੁਨ—ਕਿਹੜੇ ਕਿਹੜੇ ਗੁਣ? ਕਹਾ—ਕਹਾਂ, ਮੈਂ ਦੱਸਾਂ। ੧। ਰਹਾਉ।

ਖੇਲਿ—ਖੇਲ ਵਿਚ। ਖਿਲਾਇ—ਖਿਡਾ ਕੇ। ਅਨਦਾਈ—ਆਨੰਦ ਦੇਣ ਵਾਲਾ। ਨਿਆਈ—ਵਾਂਗ। ਪਿਤਾਈ—ਪਿਤਾ। ੧।

ਨਿਮਖ—ਅੱਖ ਝਮਕਣ ਜਿਤਨਾ ਸਮਾ। ਮਿਲਿ—ਮਿਲੇ, ਜੋ ਮਿਲੇ। ਤੇ—ਉਹ [ਬਹੁ

ਵਚਨ]। ਲਿਵ--ਲਗਨ। ਲਾਈ--ਲਾਇ, ਲਾ ਕੇ। ੨।

ਅਰਥ :-ਹੇ ਭਾਈ! ਮੇਰਾ ਪ੍ਰਭੂ ਇਸ ਲੋਕ ਵਿਚ ਪਰਲੋਕ ਵਿਚ ਸਦਾ ਸਹਾਇਤਾ ਕਰਨ ਵਾਲਾ ਹੈ। ਮੇਰੇ ਮਨ ਨੂੰ ਮੋਹਣ ਵਾਲਾ ਉਹ ਮੇਰਾ ਪ੍ਰਭੂ ਮੇਰੀ ਜਿੰਦ ਦਾ ਪਿਆਰਾ ਹੈ। ਮੈਂ ਉਸ ਦੇ ਕਿਹੜੇ ਕਿਹੜੇ ਗੁਣ ਗਾ ਕੇ ਦੱਸਾਂ ? ੧। ਰਹਾਉ।

ਹੇ ਭਾਈ ! ਜਿਵੇਂ ਮਾਂ ਪਿਉ ਆਪਣੇ ਬੱਚੇ ਦੀ ਪਾਲਣਾ ਕਰਦੇ ਹਨ, ਤਿਵੇਂ ਉਹ ਸਾਡੀ ਪਾਲਣਾ ਕਰਦਾ ਹੈ, ਉਹ ਸਾਨੂੰ (ਜਗਤ-) ਤਮਾਸ਼ੇ ਵਿਚ ਖਿਡਾਂਦਾ ਹੈ, ਲਾਡ ਲਡਾਂਦਾ ਹੈ, ਉਹ ਸਦਾ ਹੀ ਸਦਾ ਹੀ ਸੁਖ ਦੇਣ ਵਾਲਾ ਹੈ। ੧।

ਹੇ ਭਾਈ ! ਉਸ (ਪਰਮਾਤਮਾ ਦੀ ਯਾਦ) ਤੋਂ ਬਿਨਾ ਅੱਖ ਝਮਕਣ ਜਿਤਨੇ ਸਮੇ ਲਈ ਭੀ ਰਿਹਾ ਨਹੀਂ ਜਾ ਸਕਦਾ, ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਹੇ ਨਾਨਕ! ਆਖ-ਜਿਹੜੇ ਮਨੁੱਖ ਸਾਧ ਸੰਗਤਿ ਵਿਚ ਮਿਲਦੇ ਹਨ,ਉਹ ਮਨੁੱਖ ਪਰਮਾਤਮਾ ਵਿਚ ਸੁਰਤਿ ਜੋੜ ਕੇ ਮਸਤ ਰਹਿੰਦੇ ਹਨ। ੨। ੨੫। ੪੮।

ਸਾਰਗ ਮਹਲਾ ੫ ॥ ਅਪਨਾ ਮੀਤੁ ਸੁਆਮੀ ਗਾਈਐ ॥ ਆਸ ਨ ਅਵਰ ਕਾਹੂ ਕੀ ਕੀਜੈ ਸੁਖਦਾਤਾ ਪ੍ਰਭੁ ਧਿਆਈਐ ॥ ੧ ॥ ਰਹਾਉ॥ਸੂਖ ਮੰਗਲ ਕਲਿਆਣ ਜਿਸਹਿ ਘਰਿ ਤਿਸ ਹੀ ਸਰਣੀ ਪਾਈਐ॥ ਤਿਸਹਿ ਤਿਆਗਿ ਮਾਨੁਖੁ ਜੇ ਸੇਵਹੁ ਤਉ ਲਾਜ ਲੋਨੁ ਹੋਇ ਜਾਈਐ ॥ ੧ ॥ ਏਕ ਓਟ ਪਕਰੀ ਠਾਕੁਰ ਕੀ ਗੁਰ ਮਿਲਿ ਮਤਿ ਬੁਧਿ ਪਾਈਐ ॥ ਗੁਣ ਨਿਧਾਨ ਨਾਨਕ ਪ੍ਰਭੁ ਮਿਲਿਆ ਸਗਲ ਚੁਕੀ ਮੁਹਤਾਈਐ ॥ ੨ ॥ ੨੬ ॥ ੪੯ ॥

ਪਦ ਅਰਥ :-ਮੀਤੁ-ਮਿੱਤਰ। ਸੁਆਮੀ-ਮਾਲਕ। ਗਾਈਐ-ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ। ਅਵਰ ਕਾਹੂ ਕੀ-ਕਿਸੇ ਭੀ ਹੋਰ ਦੀ। ਕੀਜੈ-ਕਰਨੀ ਚਾਹੀਦੀ। ਧਿਆਈਐ-ਸਿਮਰਨਾ ਚਾਹੀਦਾ ਹੈ। ੧। ਰਹਾਉ।

ਮੰਗਲ-ਖ਼ੁਸ਼ੀਆਂ। ਕਲਿਆਣ-ਸੁਖ। ਜਿਸਹਿ ਘਰਿ-ਜਿਸ (ਪ੍ਰਭੂ) ਦੇ ਹੀ ਘਰ ਵਿਚ। ਤਿਸ ਹੀ-[ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਤਿਸੁ' 'ਜਿਸੁ' ਦਾ ੁ ਉੱਡ ਗਿਆ ਹੈ]। ਪਾਈਐ-ਪੈਣਾ ਚਾਹੀਦਾ ਹੈ। ਤਿਆਗਿ-ਛੱਡ ਕੇ। ਸੇਵਹੁ-ਖ਼ੁਸ਼ਾਮਦ ਕਰੋਗੇ। ਲਾਜ-ਸ਼ਰਮ। ਲੋਨੁ-[ਲੋਇਣ]। ਲਾਜ ਲੋਨੁ-ਸ਼ਰਮਸਾਰ ਅੱਖਾਂ ਵਾਲਾ। ੧।

ਓਟ-ਆਸਰਾ। ਪਕਰੀ-ਫੜੀ ਹੈ। ਗੁਰ ਮਿਲਿ-ਗੁਰੂ ਨੂੰ ਮਿਲ ਕੇ। ਗੁਣ ਨਿਧਾਨ-ਗੁਣਾਂ ਦਾ ਖ਼ਜ਼ਾਨਾ। ਚੁਕੀ-ਮੁੱਕ ਗਈ। ਮੁਹਤਾਈਐ-ਮੁਥਾਜੀ।੨।

ਅਰਥ :–ਹੇ ਭਾਈ ! ਮਾਲਕ-ਪ੍ਰਭੂ ਹੀ ਆਪਣਾ ਅਸਲ ਮਿੱਤਰ ਹੈ। ਉਸ ਦੀ ਸਿਫ਼ਤਿ ਸਾਲਾਹ ਕਰਨੀ ਚਾਹੀਦੀ ਹੈ। (ਪਰਮਾਤਮਾ ਤੋਂ ਬਿਨਾ) ਕਿਸੇ ਭੀ ਹੋਰ ਦੀ ਆਸ ਨਹੀਂ ਕਰਨੀ ਚਾਹੀਦੀ, ਉਹ ਪ੍ਰਭੂ ਹੀ ਸਾਰੇ ਸੁਖ ਦੇਣ ਵਾਲਾ ਹੈ, ਉਸੇ ਦਾ ਸਿਮਰਨ ਕਰਨਾ ਚਾਹੀਦਾ ਹੈ। ੧। ਰਹਾਉ।

ਹੇ ਭਾਈ ! ਜਿਸ ਪਰਮਾਤਮਾ ਦੇ ਹੀ ਘਰ ਵਿਚ ਸਾਰੇ ਸੁਖ ਹਨ ਖ਼ੁਸ਼ੀਆਂ ਤੇ ਆਨੰਦ ਹਨ, ਉਸ ਦੀ ਹੀ ਸਰਨ ਪਏ ਰਹਿਣਾ ਚਾਹੀਦਾ ਹੈ। ਹੇ ਭਾਈ ! ਜੇ ਤੁਸੀ ਉਸ ਪ੍ਰਭੂ ਨੂੰ ਛੱਡ ਕੇ ਮਨੁੱਖ ਦੀ ਖ਼ੁਸ਼ਾਮਦ ਕਰਦੇ ਫਿਰੋਗੇ, ਤਾਂ ਸ਼ਰਮਸਾਰ ਹੋਣਾ ਪੈਂਦਾ ਹੈ। ੧।

ਹੇ ਭਾਈ! ਗੁਰੂ ਨੂੰ ਮਿਲ ਕੇ ਜਿਸ ਮਨੁੱਖ ਨੇ ਉੱਚੀ ਮਤਿ ਉੱਚੀ ਬੁੱਧੀ ਪ੍ਰਾਪਤ ਕਰ ਲਈ, ਉਸ ਨੇ ਸਿਰਫ਼ ਮਾਲਕ-ਪ੍ਰਭੂ ਦਾ ਹੀ ਆਸਰਾ ਲਿਆ। ਹੇ ਨਾਨਕ ! ਸਾਰੇ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਜਿਸ ਮਨੁੱਖ ਨੂੰ ਮਿਲ ਪਿਆ, ਉਸ ਦੀ ਸਾਰੀ ਮੁਥਾਜੀ ਮੁੱਕ ਗਈ। ੨। ੨੬। ੪੯।

ਸਾਰਗ ਮਹਲਾ ੫ ॥ ਓਟ ਸਤਾਣੀ ਪ੍ਰਭ ਜੀਉ ਮੇਰੈ ॥ ਦ੍ਰਿਸਟਿ ਨ ਲਿਆਵਉ ਅਵਰ ਕਾਹੂ ਕਉ ਮਾਣਿ ਮਹਤਿ ਪ੍ਰਭ ਤੇਰੈ ॥ ੧ ॥ ਰਹਾਉ ॥ ਅੰਗੀਕਾਰੁ ਕੀਓ ਪ੍ਰਭਿ ਅਪੁਨੈ ਕਾਢਿ ਲੀਆ ਬਿਖੁ ਘੇਰੈ ॥ ਅੰਮ੍ਰਿਤ ਨਾਮੁ ਅਉਖਧੁ ਮੁਖਿ ਦੀਨੋ ਜਾਇ ਪਇਆ ਗੁਰ ਪੈਰੈ ॥ ੧ ॥ ਕਵਨ ਉਪਮਾ ਕਹਉ ਏਕ ਮੁਖ ਨਿਰਗੁਣ ਕੇ ਦਾਤੇਰੈ ॥ ਕਾਟਿ ਸਿਲਕ ਜਉ ਅਪੁਨਾ ਕੀਨੋ ਨਾਨਕ ਸੂਖ ਘਨੇਰੈ ॥ ੨ ॥ ੨੭ ॥ ੫੦ ॥

ਪਦ ਅਰਥ :–ਓਟ–ਆਸਰਾ। ਸਤਾਣੀ–ਤਾਣ ਵਾਲੀ, ਤਕੜੀ। ਮੇਰੈ–ਮੇਰੇ ਅੰਦਰ। ਦ੍ਰਿਸਟਿ ਨ ਲਿਆਵਉ–ਮੈਂ ਨਿਗਾਹ ਵਿਚ ਨਹੀਂ ਲਿਆਉਂਦਾ। ਤੇਰੈ ਮਾਣਿ–ਤੇਰੇ ਮਾਣ ਦੇ ਆਸਰੇ। ਤੇਰੈ ਮਹਤਿ–ਤੇਰੇ ਵਡੱਪਣ ਦੇ ਆਸਰੇ। ਪ੍ਰਭ–ਹੇ ਪ੍ਰਭੂ ! ੧। ਰਹਾਉ।

ਅੰਗੀਕਾਰੁ–ਪੱਖ। ਪ੍ਰਭਿ–ਪ੍ਰਭੂ ਨੇ। ਬਿਖੁ–ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ। ਘੇਰੈ–ਘੇਰੇ ਵਿਚੋਂ। ਅੰਮ੍ਰਿਤ ਨਾਮੁ–ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਅਉਖਧੁ–ਦਵਾਈ। ਮੁਖਿ–ਮੂੰਹ ਵਿਚ। ਗੁਰ ਪੈਰੈ–ਗੁਰੂ ਦੇ ਚਰਨਾਂ ਉੱਤੇ। ੧।

ਕਵਨ ਉਪਮਾ–ਕਿਹੜੀ ਕਿਹੜੀ ਵਡਿਆਈ ? ਕਹਉ–ਕਹਉਂ, ਮੈਂ ਆਖਾਂ।

ਨਿਰਗੁਣ—ਗੁਣ-ਹੀਨ। ਦਾਤੇਰੈ—ਦਾਤੇ ਦੇ। ਕਾਟਿ—ਕੱਟ ਕੇ। ਸਿਲਕ—ਫਾਹੀ। ਜਉ—ਜਦੋਂ। ਘਨੇਰੈ—ਬਹੁਤ। ੨।

ਅਰਥ :—ਹੇ ਪ੍ਰਭੂ ਜੀ! ਮੇਰੇ ਹਿਰਦੇ ਵਿਚ ਤੇਰਾ ਹੀ ਤਕੜਾ ਸਹਾਰਾ ਹੈ। ਹੇ ਪ੍ਰਭੂ! ਤੇਰੇ ਮਾਣ ਦੇ ਆਸਰੇ ਤੇਰੇ ਵਡੱਪਣ ਦੇ ਆਸਰੇ ਮੈਂ ਹੋਰ ਕਿਸੇ ਨੂੰ ਨਿਗਾਹ ਵਿਚ ਨਹੀਂ ਲਿਆਉਂਦਾ (ਮੈਂ ਕਿਸੇ ਹੋਰ ਨੂੰ ਤੇਰੇ ਬਰਾਬਰ ਦਾ ਨਹੀਂ ਸਮਝਦਾ)। ੧। ਰਹਾਉ।

ਹੇ ਭਾਈ! ਪਿਆਰੇ ਪ੍ਰਭੂ ਨੇ ਜਿਸ ਮਨੁੱਖ ਦਾ ਪੱਖ ਕੀਤਾ, ਉਸ ਨੂੰ ਉਸ (ਪ੍ਰਭੂ) ਨੇ ਆਤਮਕ ਮੌਤ ਲਿਆਉਣ ਵਾਲੀ ਮਾਇਆ-ਜ਼ਹਰ ਦੇ ਘੇਰੇ ਵਿਚੋਂ ਕੱਢ ਲਿਆ। ਉਹ ਮਨੁੱਖ ਗੁਰੂ ਦੇ ਚਰਨਾਂ ਉੱਤੇ ਜਾ ਡਿੱਗਾ, ਤੇ, (ਗੁਰੂ ਨੇ ਉਸ ਦੇ) ਮੂੰਹ ਵਿਚ ਆਤਮਕ ਜੀਵਨ ਦੇਣ ਵਾਲੀ ਨਾਮ-ਦਵਾਈ ਦਿੱਤੀ। ੧।

ਹੇ ਭਾਈ! ਗੁਣ-ਹੀਨਾਂ ਨੂੰ ਗੁਣ ਦੇਣ ਵਾਲੇ ਪ੍ਰਭੂ ਦੀਆਂ ਮੈਂ ਆਪਣੇ ਇੱਕ ਮੂੰਹ ਨਾਲ ਕਿਹੜੀਆਂ ਕਿਹੜੀਆਂ ਵਡਿਆਈਆਂ ਬਿਆਨ ਕਰਾਂ? ਹੇ ਨਾਨਕ! ਜਦੋਂ ਉਸ ਨੇ ਕਿਸੇ ਭਾਗਾਂ ਵਾਲੇ ਨੂੰ ਉਸ ਦੀ ਮਾਇਆ ਦੀ ਫਾਹੀ ਕੱਟ ਕੇ ਆਪਣਾ ਬਣਾ ਲਿਆ, ਉਸ ਨੂੰ ਬੇਅੰਤ ਸੁਖ ਪ੍ਰਾਪਤ ਹੋ ਗਏ। ੨। ੨੭। ੫੦।

ਸਾਰਗ ਮਹਲਾ ੫ ॥ ਪ੍ਰਭ ਸਿਮਰਤ ਦੂਖ ਬਿਨਾਸੀ ॥ ਭਇਓ ਕ੍ਰਿਪਾਲੁ ਜੀਅ ਸੁਖਦਾਤਾ ਹੋਈ ਸਗਲ ਖਲਾਸੀ ॥ ੧ ॥ ਰਹਾਉ ॥ ਅਵਰੁ ਨ ਕੋਊ ਸੂਝੈ ਪ੍ਰਭ ਬਿਨੁ ਕਹੁ ਕੋ ਕਿਸੁ ਪਹਿ ਜਾਸੀ ॥ ਜਿਉ ਜਾਣਹੁ ਤਿਉ ਰਾਖਹੁ ਠਾਕੁਰ ਸਭੁ ਕਿਛੁ ਤੁਮ ਹੀ ਪਾਸੀ ॥ ੧ ॥ ਹਾਥ ਦੇਇ ਰਾਖੇ ਪ੍ਰਭਿ ਅਪੁਨੇ ਸਦ ਜੀਵਨ ਅਬਿਨਾਸੀ ॥ ਕਹੁ ਨਾਨਕ ਮਨਿ ਅਨਦੁ ਭਇਆ ਹੈ ਕਾਟੀ ਜਮ ਕੀ ਫਾਸੀ ॥ ੨ ॥ ੨੯ ॥ ੫੧ ॥

ਪਦ ਅਰਥ :—ਦੂਖ ਬਿਨਾਸੀ—ਸਾਰੇ ਦੁੱਖਾਂ ਦਾ ਨਾਸ ਕਰਨ ਵਾਲਾ। ਜੀਅ ਦਾਤਾ—ਜਿੰਦ ਦੇਣ ਵਾਲਾ। ੧। ਰਹਾਉ।

ਕਹੁ—ਦੱਸੋ। ਕੋ—ਕੌਣ? ਕਿਸੁ ਪਹਿ—ਕਿਸ ਕੋਲ? ਜਾਸੀ—ਜਾਵੇਗਾ। ਠਾਕੁਰ—ਹੇ ਠਾਕੁਰ! ਤੁਮ ਹੀ ਪਾਸੀ—ਤੇਰੇ ਹੀ ਕੋਲ, ਤੇਰੇ ਹੀ ਵੱਸ ਵਿਚ। ੧।

ਦੇਇ—ਦੇ ਕੇ। ਪ੍ਰਭਿ—ਪ੍ਰਭੂ ਨੇ। ਸਦ ਜੀਵਨ—ਅਟੱਲ ਜੀਵਨ ਵਾਲੇ। ਅਬਿਨਾਸੀ—ਆਤਮਕ ਮੌਤ ਤੋਂ ਰਹਿਤ। ਮਨਿ—ਮਨ ਵਿਚ। ਫਾਸੀ—ਫਾਹੀ। ੨।

ਅਰਥ :—ਹੇ ਭਾਈ! ਸਾਰੇ ਦੁੱਖਾਂ ਦੇ ਨਾਸ ਕਰਨ ਵਾਲੇ ਪ੍ਰਭੂ ਦਾ ਨਾਮ ਸਿਮਰਦਿਆਂ ਜਿੰਦ ਦੇਣ ਵਾਲਾ ਅਤੇ ਸੁਖ ਦੇਣ ਵਾਲਾ ਪ੍ਰਭੂ ਜਿਸ ਮਨੁੱਖ ਉੱਤੇ

ਦਇਆਵਾਨ ਹੁੰਦਾ ਹੈ, ਸਾਰੇ ਹੀ ਵਿਕਾਰਾਂ ਤੋਂ ਉਸ ਦੀ ਖਲਾਸੀ ਹੋ ਜਾਂਦੀ ਹੈ। ੧। ਰਹਾਉ।

ਹੇ ਭਾਈ! (ਹਰਿ-ਨਾਮ ਸਿਮਰਨ ਵਾਲੇ ਮਨੁੱਖ ਨੂੰ) ਪਰਮਾਤਮਾ ਤੋਂ ਬਿਨਾ (ਉਸ ਵਰਗਾ) ਹੋਰ ਕੋਈ ਨਹੀਂ ਸੁੱਝਦਾ (ਉਹ ਸਦਾ ਇਹੀ ਆਖਦਾ ਹੈ–) ਦੱਸ, (ਹੇ ਭਾਈ! ਪ੍ਰਭੂ ਨੂੰ ਛੱਡ ਕੇ) ਕੌਣ ਕਿਸ ਕੋਲ ਜਾ ਸਕਦਾ ਹੈ? (ਉਹ ਸਦਾ ਅਰਦਾਸ ਕਰਦਾ ਹੈ–) ਹੇ ਠਾਕੁਰ! ਜਿਵੇਂ ਹੋ ਸਕੇ ਤਿਵੇਂ ਮੇਰੀ ਰੱਖਿਆ ਕਰ, ਹਰੇਕ ਚੀਜ਼ ਤੇਰੇ ਹੀ ਕੋਲ ਹੈ। ੧।

ਹੇ ਨਾਨਕ! ਆਖ–(ਹੇ ਭਾਈ!) ਪਿਆਰੇ ਪ੍ਰਭੂ ਨੇ ਜਿੰਨ੍ਹਾਂ ਮਨੁੱਖਾਂ ਨੂੰ ਹੱਥ ਦੇ ਕੇ ਰੱਖ ਲਿਆ, ਉਹ ਅਟੱਲ ਆਤਮਕ ਜੀਵਨ ਵਾਲੇ ਬਣ ਗਏ, ਆਤਮਕ ਮੌਤ ਉਹਨਾਂ ਦੇ ਨੇੜੇ ਨਹੀਂ ਢੁਕਦੀ। ਉਹਨਾਂ ਦੇ ਮਨ ਵਿਚ ਆਨੰਦ ਬਣਿਆ ਰਹਿੰਦਾ ਹੈ, ਉਹਨਾਂ ਦੀ ਜਮਾਂ ਵਾਲੀ ਫਾਹੀ ਕੱਟੀ ਜਾਂਦੀ ਹੈ। ੨। ੨੮। ੫੧।

ਸਾਰਗ ਮਹਲਾ ੫ ॥ ਮੇਰੋ ਮਨੁ ਜਤ ਕਤ ਤੁਝਹਿ ਸਮ੍ਾਰੈ ॥ ਹਮ ਬਾਰਿਕ ਦੀਨ ਪਿਤਾ ਪ੍ਰਭ ਮੇਰੇ ਜਿਉ ਜਾਨਹਿ ਤਿਉ ਪਾਰੈ ॥ ੧ ॥ ਰਹਾਉ ॥ ਜਬ ਭੂਖੋ ਤਬ ਭੋਜਨੁ ਮਾਂਗੈ ਅਘਾਏ ਸੂਖ ਸਘਾਰੈ ॥ ਤਬ ਅਰੋਗ ਜਬ ਤੁਮ ਸੰਗਿ ਬਸਤੌ ਛੁਟਕਤ ਹੋਇ ਰਵਾਰੈ ॥ ੧ ॥ ਕਵਨ ਬਸੇਰੋ ਦਾਸ ਦਾਸਨ ਕੋ ਥਾਪਿ ਉਥਾਪਨਹਾਰੈ ॥ ਨਾਮੁ ਨ ਬਿਸਰੈ ਤਬ ਜੀਵਨੁ ਪਾਈਐ ਬਿਨਤੀ ਨਾਨਕ ਇਹ ਸਾਰੈ ॥ ੨ ॥ ੨੯ ॥ ੫੨ ॥

ਪਦ ਅਰਥ :–ਜਤ ਕਤ–ਜਿੱਥੇ ਕਿੱਥੇ, ਹਰ ਥਾਂ। ਤੁਝਹਿ–ਤੈਨੂੰ ਹੀ। ਸਮ੍ਾਰੈ–ਯਾਦ ਕਰਦਾ ਹੈ। ਦੀਨ–ਗਰੀਬ। ਪ੍ਰਭ–ਹੇ ਪ੍ਰਭੂ! ਜਿਉ ਜਾਨਹਿ–ਜਿਵੇਂ ਤੂੰ ਜਾਣਦਾ ਹੈਂ। ਪਾਰੈ–ਪਾਰ ਉਤਾਰ। ੧। ਰਹਾਉ।

ਮਾਂਗੈ–(ਬਾਲਕ) ਮੰਗਦਾ ਹੈ। ਅਘਾਏ–(ਜਦੋਂ) ਰੱਜ ਜਾਂਦਾ ਹੈ। ਸਘਾਰੈ–ਸਗਲੇ, ਸਾਰੇ। ਤੁਮ ਸੰਗਿ–ਤੇਰੇ ਨਾਲ। ਛੁਟਕਤ–(ਤੈਥੋਂ) ਵਿਛੁੜਿਆ ਹੋਇਆ। ਰਵਾਰੈ–ਧੂੜ, ਮਿੱਟੀ। ੧।

ਬਸੇਰੋ–ਵੱਸ, ਜੋਰ। ਕੋ–ਦਾ। ਥਾਪਿ–ਥਾਪ ਕੇ, ਪੈਦਾ ਕਰ ਕੇ। ਉਥਾਪਨਹਾਰੈ–ਨਾਸ ਕਰਨ ਵਾਲਾ ਹੈਂ। ਪਾਈਐ–ਹਾਸਲ ਕਰੀਦਾ ਹੈ। ਬਿਨਤੀ ਸਾਰੈ–ਬੇਨਤੀ ਕਰਦਾ ਹੈ। ੨।

ਅਰਥ :–ਹੇ ਪ੍ਰਭੂ! ਮੇਰਾ ਮਨ ਹਰ ਥਾਂ ਤੈਨੂੰ ਹੀ ਯਾਦ ਕਰਦਾ ਹੈ। ਹੇ ਮੇਰੇ ਪ੍ਰਭੂ-

ਪਿਤਾ ! ਅਸੀ (ਤੇਰੇ) ਗਰੀਬ ਬੱਚੇ ਹਾਂ, ਜਿਵੇਂ ਹੋ ਸਕੇ ਤਿਵੇਂ (ਸਾਨੂੰ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈ । ੧ । ਰਹਾਉ ।

ਹੇ ਪ੍ਰਭੂ ! ਜਦੋਂ (ਬੱਚਾ) ਭੁੱਖਾ ਹੁੰਦਾ ਹੈ ਤਦੋਂ (ਖਾਣ ਨੂੰ) ਭੋਜਨ ਮੰਗਦਾ ਹੈ, ਜਦੋਂ ਰੱਜ ਜਾਂਦਾ ਹੈ, ਤਦੋਂ ਉਸ ਨੂੰ ਸਾਰੇ ਸੁਖ (ਪ੍ਰਤੀਤ ਹੁੰਦੇ ਹਨ) । (ਇਸੇ ਤਰ੍ਹਾਂ ਇਹ ਜੀਵ) ਜਦੋਂ ਤੇਰੇ ਨਾਲ (ਤੇਰੇ ਚਰਨਾਂ ਵਿਚ) ਵੱਸਦਾ ਹੈ, ਤਦੋਂ ਇਸ ਨੂੰ ਕੋਈ ਰੋਗ ਨਹੀਂ ਸਤਾਂਦਾ, (ਤੈਥੋਂ) ਵਿਛੁੜਿਆ ਹੋਇਆ (ਇਹ) ਮਿੱਟੀ ਹੋ ਜਾਂਦਾ ਹੈ । ੧ ।

ਹੇ ਪ੍ਰਭੂ ! ਤੇਰੇ ਦਾਸਾਂ ਦੇ ਦਾਸ ਦਾ ਕੀਹ ਜ਼ੋਰ ਚੱਲ ਸਕਦਾ ਹੈ ? ਤੂੰ ਆਪ ਹੀ ਪੈਦਾ ਕਰ ਕੇ ਨਾਸ ਕਰਨ ਵਾਲਾ ਹੈਂ । (ਤੇਰਾ ਦਾਸ) ਨਾਨਕ ਇਹ (ਹੀ) ਬੇਨਤੀ ਕਰਦਾ ਹੈ—ਜਦੋਂ ਤੇਰਾ ਨਾਮ ਨਹੀਂ ਭੁੱਲਦਾ, ਤਦੋਂ (ਆਤਮਕ) ਜੀਵਨ ਹਾਸਲ ਕਰੀਦਾ ਹੈ। ੨ । ੨੯ । ੫੨ ।

ਸਾਰਗ ਮਹਲਾ ੫ ॥ ਮਨ ਤੇ ਭੈ ਭਉ ਦੂਰਿ ਪਰਾਇਓ ॥ ਲਾਲ ਦਇਆਲ ਗੁਲਾਲ ਲਾਡਿਲੇ ਸਹਜਿ ਸਹਜਿ ਗੁਨ ਗਾਇਓ ॥ ੧ ॥ ਰਹਾਉ ॥ ਗੁਰ ਬਚਨਾਤਿ ਕਮਾਤ ਕ੍ਰਿਪਾ ਤੇ ਬਹੁਰਿ ਨ ਕਤ ਹੂ ਧਾਇਓ ॥ ਰਹਤ ਉਪਾਧਿ ਸਮਾਧਿ ਸੁਖ ਆਸਨ ਭਗਤਿ ਵਛਲੁ ਗ੍ਰਿਹਿ ਪਾਇਓ ॥ ੧ ॥ ਨਾਦ ਬਿਨੋਦ ਕੋਡ ਆਨੰਦਾ ਸਹਜੇ ਸਹਜਿ ਸਮਾਇਓ ॥ ਕਰਨਾ ਆਪਿ ਕਰਾਵਨ ਆਪੇ ਕਹੁ ਨਾਨਕ ਆਪਿ ਆਪਾਇਓ ॥ ੨ ॥ ੩੦ ॥ ੫੩ ॥

ਪਦ ਅਰਥ :—ਤੇ—ਤੋਂ । ਭੈ ਭਉ—ਡਰਾਂ ਦਾ ਡਰ, ਦੁਨੀਆ ਦੇ ਡਰਾਂ ਦਾ ਸਹਮ । ਦੂਰਿ ਪਰਾਇਓ—ਦੂਰ ਚਲਾ ਗਿਆ । ਸਹਜਿ—ਆਤਮਕ ਅਡੋਲਤਾ ਵਿਚ (ਟਿਕ ਕੇ) । ਲਾਡਿਲੇ ਗੁਨ—ਪਿਆਰੇ ਦੇ ਗੁਣ । ੧ । ਰਹਾਉ ।

ਕਮਾਤ—ਕਮਾਂਦਿਆਂ । ਕ੍ਰਿਪਾ ਤੇ—(ਉਸ ਦੀ) ਮਿਹਰ ਨਾਲ । ਬਹੁਰਿ—ਮੁੜ । ਕਤ ਹੂ—ਹੋਰ ਕਿਤੇ ਭੀ । ਨ ਧਾਇਓ—ਨਹੀਂ ਭਟਕਦਾ । ਉਪਾਧਿ—ਵਿਕਾਰ । ਆਸਨ—ਟਿਕਾਉ । ਭਗਤਿ ਵਛਲੁ—ਭਗਤੀ ਨਾਲ ਪਿਆਰ ਕਰਨ ਵਾਲਾ । ਗ੍ਰਿਹਿ—ਹਿਰਦੇ-ਘਰ ਵਿਚ । ੧ ।

ਨਾਦ—ਰਾਗ । ਬਿਨੋਦ—ਕੌਤਕ-ਤਮਾਸ਼ੇ । ਕੋਡ—ਕ੍ਰੋੜਾਂ । ਸਹਜੇ—ਸਹਜਿ, ਆਤਮਕ ਅਡੋਲਤਾ ਵਿਚ । ਆਪੇ—ਆਪ ਹੀ । ਆਪਿ ਆਪਾਇਓ—ਆਪ ਹੀ ਆਪ । ੨ ।

ਅਰਥ :—ਹੇ ਭਾਈ ! (ਜਦੋਂ) ਹਰ ਵੇਲੇ ਆਤਮਕ ਅਡੋਲਤਾ ਵਿਚ ਟਿਕ ਕੇ

ਸੋਹਣੇ ਦਿਆਲ ਪ੍ਰੇਮ-ਰਸ ਵਿਚ ਭਿੱਜੇ ਹੋਏ ਪਿਆਰੇ ਪ੍ਰਭੂ ਦੇ ਗੁਣ ਮੈਂ ਗਾਣੇ ਸ਼ੁਰੂ ਕੀਤੇ, ਤਾਂ ਮੇਰੇ ਮਨ ਤੋਂ ਦੁਨੀਆ ਦੇ ਖ਼ਤਰਿਆਂ ਦਾ ਸਹਮ ਦੂਰ ਹੋ ਗਿਆ। ੧। ਰਹਾਉ।

ਹੇ ਭਾਈ! ਗੁਰੂ ਦੇ ਬਚਨਾਂ ਨੂੰ (ਪ੍ਰਭੂ ਦੀ) ਕਿਰਪਾ ਨਾਲ ਕਮਾਂਦਿਆਂ (ਗੁਰੂ ਦੇ ਦੱਸੇ ਰਸਤੇ ਉੱਤੇ ਤੁਰਦਿਆਂ ਹੁਣ ਮੇਰਾ ਮਨ) ਹੋਰ ਕਿਸੇ ਭੀ ਪਾਸੇ ਨਹੀਂ ਭਟਕਦਾ, (ਮੇਰਾ ਮਨ) ਵਿਕਾਰਾਂ ਤੋਂ ਬਚ ਗਿਆ ਹੈ, ਪ੍ਰਭੂ-ਚਰਨਾਂ ਵਿਚ ਲੀਨਤਾ ਦੇ ਸੁਖਾਂ ਵਿਚ ਟਿਕ ਗਿਆ ਹੈ, ਮੈਂ ਭਗਤੀ ਨਾਲ ਪਿਆਰ ਕਰਨ ਵਾਲੇ ਪ੍ਰਭੂ ਨੂੰ ਹਿਰਦੇ-ਘਰ ਵਿਚ ਲੱਭ ਲਿਆ ਹੈ। ੧।

ਹੇ ਨਾਨਕ! ਆਖ-(ਹੇ ਭਾਈ! ਹੁਣ ਮੇਰਾ ਮਨ) ਸਦਾ ਹੀ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ,-(ਮਾਨੋ) ਸਾਰੇ ਰਾਗਾਂ ਅਤੇ ਤਮਾਸ਼ਿਆਂ ਦੇ ਕ੍ਰੋੜਾਂ ਹੀ ਆਨੰਦ ਪ੍ਰਾਪਤ ਹੋ ਗਏ ਹਨ, (ਹੁਣ ਇਉਂ ਨਿਸ਼ਚਾ ਹੋ ਗਿਆ ਹੈ ਕਿ) ਪਰਮਾਤਮਾ ਆਪ ਹੀ ਸਭ ਕੁਝ ਕਰਨ ਵਾਲਾ ਹੈ ਆਪ ਹੀ (ਜੀਵਾਂ ਪਾਸੋਂ) ਕਰਾਣ ਵਾਲਾ ਹੈ, ਸਭ ਥਾਂ ਆਪ ਹੀ ਆਪ ਹੈ। ੨। ੩੦। ੫੩।

ਸਾਰਗ ਮਹਲਾ ੫ ॥ ਅੰਮ੍ਰਿਤ ਨਾਮੁ ਮਨਹਿ ਆਧਾਰੋ ॥ ਜਿਨਿ ਦੀਆ ਤਿਸ ਕੈ ਕੁਰਬਾਨੈ ਗੁਰ ਪੂਰੇ ਨਮਸਕਾਰੋ ॥ ੧ ॥ ਰਹਾਉ ॥ ਬੂਝੀ ਤ੍ਰਿਸਨਾ ਸਹਜਿ ਸੁਹੇਲਾ ਕਾਮੁ ਕ੍ਰੋਧੁ ਬਿਖੁ ਜਾਰੋ ॥ ਆਇ ਨ ਜਾਇ ਬਸੈ ਇਹ ਠਾਹਰ ਜਹ ਆਸਨੁ ਨਿਰੰਕਾਰੋ ॥ ੧ ॥ ਏਕੈ ਪਰਗਟੁ ਏਕੈ ਗੁਪਤਾ ਏਕੈ ਧੁੰਧੂਕਾਰੋ ॥ ਆਦਿ ਮਧਿ ਅੰਤਿ ਪ੍ਰਭੁ ਸੋਈ ਕਹੁ ਨਾਨਕ ਸਾਚੁ ਬੀਚਾਰੋ ॥ ੨ ॥ ੩੧ ॥ ੫੪॥

ਪਦ ਅਰਥ :-ਅੰਮ੍ਰਿਤ--ਆਤਮਕ ਜੀਵਨ ਦੇਣ ਵਾਲਾ। ਮਨਹਿ ਆਧਾਰੋ-ਮਨ ਦਾ ਆਸਰਾ। ਜਿਨਿ-ਜਿਸ (ਗੁਰੂ) ਨੇ। ਤਿਸ ਕੈ-[ਸੰਬੰਧਕ 'ਕੈ' ਦੇ ਕਾਰਨ ਲਫ਼ਜ਼ 'ਤਿਸੁ' ਦਾ _ ਉੱਡ ਗਿਆ ਹੈ]। ੧। ਰਹਾਉ।

ਸਹਜਿ-ਆਤਮਕ ਅਡੋਲਤਾ ਵਿਚ। ਸੁਹੇਲਾ-ਸੁਖੀ। ਬਿਖੁ-ਆਤਮਕ ਮੌਤ ਲਿਆਉਣ ਵਾਲਾ ਜ਼ਹਰ। ਜਾਰੋ-ਸਾੜ ਦਿੱਤਾ ਹੈ। ਆਇ ਨ ਜਾਇ-ਕਿਸੇ ਪਾਸੇ ਭਟਕਦਾ ਨਹੀਂ। ਠਾਹਰ-ਥਾਂ। ਜਹ-ਜਿੱਥੇ। ੧।

ਏਕੈ-(ਪਰਮਾਤਮਾ) ਆਪ ਹੀ। ਗੁਪਤਾ-ਲੁਕਿਆ ਹੋਇਆ। ਧੁੰਧੂਕਾਰੋ-ਘੁੱਪ ਹਨੇਰਾ। ਆਦਿ-(ਜਗਤ ਦੇ) ਸ਼ੁਰੂ ਵਿਚ। ਮਧਿ-ਵਿਚਕਾਰਲੇ ਸਮੇ, ਹੁਣ। ਅੰਤਿ-(ਜਗਤ ਦੇ) ਅਖ਼ੀਰ ਵਿਚ। ਸਾਚੁ-ਅਟੱਲ, ਸਦਾ ਕਾਇਮ ਰਹਿਣ ਵਾਲਾ। ੨।

ਅਰਥ :-ਹੇ ਭਾਈ! ਆਤਮਕ ਜੀਵਨ ਦੇਣ ਵਾਲਾ ਹਰਿ-ਨਾਮ (ਹੁਣ ਮੇਰੇ)

ਮਨ ਦਾ ਆਸਰਾ (ਬਣ ਗਿਆ) ਹੈ। ਜਿਸ (ਗੁਰੂ) ਨੇ (ਇਹ ਹਰਿ-ਨਾਮ ਮੈਨੂੰ) ਦਿੱਤਾ ਹੈ, ਮੈਂ ਉਸ ਤੋਂ ਸਦਕੇ ਜਾਂਦਾ ਹਾਂ, ਉਸ ਪੂਰੇ ਗੁਰੂ ਅੱਗੇ ਸਿਰ ਨਿਵਾਂਦਾ ਹਾਂ। ੧। ਰਹਾਉ।

ਹੇ ਭਾਈ! (ਅੰਮ੍ਰਿਤ ਨਾਮ ਦੀ ਬਰਕਤਿ ਨਾਲ) ਮੇਰੀ ਤ੍ਰਿਸ਼ਨਾ ਮਿਟ ਗਈ ਹੈ, ਮੈਂ ਆਤਮਕ ਅਡੋਲਤਾ ਵਿਚ (ਟਿਕ ਕੇ) ਸੁਖੀ (ਹੋ ਗਿਆ) ਹਾਂ, ਆਤਮਕ ਮੌਤ ਲਿਆਉਣ ਵਾਲੇ ਕਾਮ ਕ੍ਰੋਧ ਜ਼ਹਰ ਨੂੰ (ਆਪਣੇ ਅੰਦਰੋਂ) ਸਾੜ ਦਿੱਤਾ ਹੈ। (ਹੁਣ ਮੇਰਾ ਮਨ) ਕਿਸੇ ਪਾਸੇ ਭਟਕਦਾ ਨਹੀਂ, ਉਸ ਟਿਕਾਣੇ ਤੇ ਟਿਕਿਆ ਰਹਿੰਦਾ ਹੈ ਜਿਥੇ ਪਰਮਾ-ਤਮਾ ਦਾ ਨਿਵਾਸ ਹੈ। ੧।

ਹੇ ਨਾਨਕ! ਆਖ–(ਹੇ ਭਾਈ! ਹੁਣ ਮੇਰੇ ਅੰਦਰ ਇਹ) ਅਟੱਲ ਵਿਸ਼ਵਾਸ਼ (ਬਣ ਗਿਆ) ਹੈ ਕਿ ਜਗਤ ਦੇ ਆਰੰਭ ਵਿਚ, ਹੁਣ ਵਿਚਕਾਰਲੇ ਸਮੇ, ਜਗਤ ਦੇ ਅਖ਼ੀਰ ਵਿਚ ਉਹ ਪਰਮਾਤਮਾ ਆਪ ਹੀ ਆਪ ਹੈ। ਇਹ ਪਰਤੱਖ ਦਿੱਸਦਾ ਜਗਤ ਉਹ ਆਪ ਹੀ ਹੈ, (ਇਸ ਜਗਤ ਵਿਚ) ਲੁਕਿਆ ਹੋਇਆ (ਆਤਮਾ ਭੀ) ਉਹ ਆਪ ਹੀ ਹੈ, ਘੁੱਪ ਹਨੇਰਾ ਭੀ (ਜਦੋਂ ਕੋਈ ਜਗਤ-ਰਚਨਾ ਨਹੀਂ ਸੀ) ਉਹ ਆਪ ਹੀ ਹੈ। ੨। ੩੧। ੫੪।

ਸਾਰਗ ਮਹਲਾ ੫ ॥ ਬਿਨੁ ਪ੍ਰਭ ਰਹਨੁ ਨ ਜਾਇ ਘਰੀ ॥ ਸਰਬ ਸੂਖ ਤਾ ਹੂ ਕੈ ਪੂਰਨ ਜਾ ਕੈ ਸੁਖੁ ਹੈ ਹਰੀ ॥ ੧ ॥ ਰਹਾਉ ॥ ਮੰਗਲ ਰੂਪ ਪ੍ਰਾਨ ਜੀਵਨ ਧਨ ਸਿਮਰਤ ਅਨਦ ਘਨਾ ॥ ਵਡ ਸਮਰਥੁ ਸਦਾ ਸਦ ਸੰਗੇ ਗੁਨ ਰਸਨਾ ਕਵਨ ਭਨਾ ॥ ੧ ॥ ਥਾਨ ਪਵਿਤ੍ਰਾ ਮਾਨ ਪਵਿਤ੍ਰਾ ਪਵਿਤ੍ਰ ਸੁਨਨ ਕਹਨਹਾਰੇ ॥ ਕਹੁ ਨਾਨਕ ਤੇ ਭਵਨ ਪਵਿਤ੍ਰਾ ਜਾ ਮਹਿ ਸੰਤ ਤੁਮ੍ਹਾਰੇ ॥ ੨ ॥ ੩੨ ॥ ੫੫ ॥

ਪਦ ਅਰਥ :–ਘਰੀ–(ਇੱਕ) ਘੜੀ। ਸਰਬ–ਸਾਰੇ। ਤਾ ਹੂ ਕੈ–ਉਸ ਦੇ ਹਿਰਦੇ ਵਿਚ ਹੀ। ਜਾ ਕੈ–ਜਿਸ ਦੇ ਹਿਰਦੇ ਵਿਚ। ਹਰੀ–ਪਰਮਾਤਮਾ। ੧। ਰਹਾਉ।

ਮੰਗਲ–ਖ਼ੁਸ਼ੀਆਂ। ਸਿਮਰਤ–ਸਿਮਰਦਿਆਂ। ਘਨਾ–ਬਹੁਤ। ਸਮਰਥੁ–ਤਾਕਤ ਵਾਲਾ। ਸਦ–ਸਦਾ। ਸੰਗੇ–ਨਾਲ। ਰਸਨਾ–ਜੀਭ ਨਾਲ। ਗੁਨ ਕਵਨ–ਕਿਹੜੇ ਕਿਹੜੇ ਗੁਣ? ਭਨਾ–ਭਨਾਂ, ਮੈਂ ਉਚਾਰਾਂ। ੧। ਰਹਾਉ।

ਥਾਨ–ਥਾਂ [ਬਹੁ ਵਚਨ]। ਮਾਨ–ਮੰਨਣ ਵਾਲੇ। ਸੁਨਨਹਾਰੇ–ਸੁਣਨ ਵਾਲੇ। ਕਹਨਹਾਰੇ–ਕਹਣ ਵਾਲੇ। ਤੇ ਭਵਨ–ਉਹ ਘਰ [ਬਹੁ ਵਚਨ]। ਜਾ ਮਹਿ–ਜਿੰਨ੍ਹਾਂ (ਘਰਾਂ) ਵਿਚ। ੨।

ਅਰਥ :–ਹੇ ਭਾਈ! ਜਿਸ (ਮਨੁੱਖ) ਦੇ ਹਿਰਦੇ ਵਿਚ ਸੁਖਾਂ ਦਾ ਮੂਲ ਪਰਮਾਤਮਾ ਆ ਵੱਸਦਾ ਹੈ, ਉਸ ਮਨੁੱਖ ਦੇ ਹੀ (ਹਿਰਦੇ ਵਿਚ ਸਾਰੇ ਸੁਖ ਆ ਵੱਸਦੇ ਹਨ। ਉਹ

ਮਨੁੱਖ ਪਰਮਾਤਮਾ ਦੀ ਯਾਦ ਤੋਂ ਬਿਨਾ ਇਕ ਘੜੀ ਭੀ ਨਹੀਂ ਰਹਿ ਸਕਦਾ ।੧।ਰਹਾਉ।

ਹੇ ਭਾਈ ! ਉਹ ਪ੍ਰਭੂ ਖ਼ੁਸ਼ੀਆਂ ਦਾ ਰੂਪ ਹੈ, ਪ੍ਰਾਣਾਂ ਦਾ ਜੀਵਨ ਦਾ ਆਸਰਾ ਹੈ, ਉਸ ਨੂੰ ਸਿਮਰਦਿਆਂ ਬਹੁਤ ਆਨੰਦ ਪ੍ਰਾਪਤ ਹੁੰਦੇ ਹਨ। ਹੇ ਭਾਈ ! ਉਹ ਪ੍ਰਭੂ ਵੱਡੀਆਂ ਤਾਕਤਾਂ ਦਾ ਮਾਲਕ ਹੈ, ਸਦਾ ਹੀ ਸਦਾ ਹੀ (ਸਾਡੇ) ਨਾਲ ਰਹਿੰਦਾ ਹੈ। ਮੈਂ ਆਪਣੀ ਜੀਭ ਨਾਲ ਉਸ ਦੇ ਕਿਹੜੇ ਕਿਹੜੇ ਗੁਣ ਬਿਆਨ ਕਰਾਂ ? ੧ ।

ਹੇ ਨਾਨਕ ! ਆਖ–ਹੇ ਪ੍ਰਭੂ! (ਜਿਥੇ ਤੇਰਾ ਨਾਮ ਉਚਾਰਿਆ ਜਾਂਦਾ ਹੈ) ਉਹ ਥਾਂ ਪਵਿੱਤਰ ਹੋ ਜਾਂਦੇ ਹਨ, ਤੇਰੇ ਨਾਮ ਨੂੰ ਮੰਨਣ ਵਾਲੇ (ਸਰਧਾ ਨਾਲ ਮਨ ਵਿਚ ਵਸਾਣ ਵਾਲੇ) ਪਵਿੱਤਰ ਹੋ ਜਾਂਦੇ ਹਨ, ਤੇਰੇ ਨਾਮ ਨੂੰ ਸੁਣਨ ਵਾਲੇ ਤੇ ਜਪਣ ਵਾਲੇ ਪਵਿੱਤਰ ਹੋ ਜਾਂਦੇ ਹਨ। ਜਿਨ੍ਹਾਂ ਘਰਾਂ ਵਿਚ ਤੇਰੇ ਸੰਤ ਵੱਸਦੇ ਹਨ ਉਹ ਘਰ ਪਵਿੱਤਰ ਹੋ ਜਾਂਦੇ ਹਨ। ੨ । ੩੨ । ੫੫ ।

ਸਾਰਗ ਮਹਲਾ ੫ ॥ ਰਸਨਾ ਜਪਤੀ ਤੂਹੀ ਤੂਹੀ ॥ ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ ॥ ੧ ॥ ਰਹਾਉ ॥ ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤੁਮਹਿ ਮੀਤ ਹਿਤ ਭ੍ਰਾਤਾ॥ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨ ਦਾਤਾ ॥ ੧ ॥ ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ ॥ ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ ॥ ੨ ॥ ੩੩ ॥ ੫੬ ॥

ਪਦ ਅਰਥ :–ਰਸਨਾ–ਜੀਭ। ਗਰਭ–ਪੇਟ। ਪ੍ਰਤਿਪਾਲਕ–ਪਾਲਣ ਵਾਲਾ। ਮ੍ਰਿਤ ਮੰਡਲ–ਜਗਤ। ਇਕ–ਸਿਰਫ਼। ੧। ਰਹਾਉ।

ਤੁਮਹਿ–ਤੁਮ ਹੀ । ਫੁਨਿ–ਭੀ । ਮੀਤ–ਮਿੱਤਰ। ਹਿਤ–ਹਿਤੂ। ਆਧਾਰਾ–ਆਸਰਾ। ਜੀਅ ਦਾਤਾ–ਜਿੰਦ ਦੇਣ ਵਾਲਾ। ੧ ।

ਖਜੀਨਾ–ਖ਼ਜ਼ਾਨਾ । ਜਰੀਨਾ–ਜ਼ਰੀਨਾ, ਜ਼ਰ । ਮਾਣਿਕ–ਮੋਤੀ। ਪਾਰਜਾਤ–ਸੁਵਰਗ ਦਾ ਉਹ ਰੁੱਖ ਜੋ ਸਾਰੀਆਂ ਮਨੋ-ਕਾਮਨਾਂ ਪੂਰੀਆਂ ਕਰਨ ਵਾਲਾ ਮੰਨਿਆ ਜਾਂਦਾ ਹੈ। ਗੁਰ ਤੇ– ਗੁਰੂ ਪਾਸੋਂ । ਤਉ–ਤਦੋਂ। ੨ ।

ਅਰਥ :–ਹੇ ਪ੍ਰਭੂ ! ਮੇਰੀ ਜੀਭ ਸਦਾ ਤੇਰਾ ਜਾਪ ਹੀ ਜਪਦੀ ਹੈ। ਮਾਂ ਦੇ ਪੇਟ ਵਿਚ ਤੂੰ ਹੀ (ਜੀਵਾਂ ਦੀ) ਪਾਲਣਾ ਕਰਨ ਵਾਲਾ ਹੈਂ, ਜਗਤ ਵਿਚ ਭੀ ਸਿਰਫ਼ ਤੂੰ ਹੀ ਪਾਲਣਹਾਰ ਹੈਂ । ੧ । ਰਹਾਉ ।

ਹੇ ਪ੍ਰਭੂ ! ਤੂੰ ਹੀ ਸਾਡਾ ਪਿਉ ਹੈਂ, ਤੂੰ ਹੀ ਸਾਡੀ ਮਾਂ ਭੀ ਹੈਂ, ਤੂੰ ਹੀ ਮਿੱਤਰ ਹੈਂ ਤੂੰ ਹੀ ਹਿਤੂ ਹੈਂ ਤੂੰ ਹੀ ਭਰਾ ਹੈਂ । ਤੂੰ ਹੀ ਸਾਡਾ ਪਰਵਾਰ ਹੈਂ, ਤੂੰ ਹੀ ਆਸਰਾ ਹੈਂ, ਤੂੰ

ਹੀ ਜਿੰਦ ਦੇਣ ਵਾਲਾ ਹੈਂ ਤੂੰ ਹੀ ਪ੍ਰਾਣ ਦੇਣ ਵਾਲਾ ਹੈਂ ।੧।

ਹੇ ਪ੍ਰਭੂ ! ਤੂੰ ਹੀ (ਮੇਰੇ ਵਾਸਤੇ) ਖ਼ਜ਼ਾਨਾ ਹੈਂ, ਤੂੰ ਹੀ ਮੇਰਾ ਧਨ-ਦੌਲਤ ਹੈਂ, ਤੂੰ ਹੀ (ਮੇਰੇ ਲਈ) ਮੋਤੀ ਹੀਰੇ ਹੈਂ। ਤੂੰ ਹੀ (ਸੁਵਰਗ ਦਾ) ਪਾਰਜਾਤ ਰੁੱਖ ਹੈਂ । ਹੇ ਨਾਨਕ ! (ਆਖ–ਹੇ ਪ੍ਰਭੂ !) ਜਦੋਂ ਤੂੰ ਗੁਰੂ ਦੀ ਰਾਹੀਂ ਮਿਲ ਪੈਂਦਾ ਹੈਂ, ਤਦੋਂ ਪ੍ਰਸੰਨ-ਚਿੱਤ ਹੋ ਜਾਈਦਾ ਹੈ।੨।੩੩।੫੬।

ਸਾਰਗ ਮਹਲਾ ੫ ॥ ਜਾਹੂ ਕਾਹੂ ਅਪੁਨੋ ਹੀ ਚਿਤਿ ਆਵੈ ॥ ਜੋ ਕਾਹੂ ਕੋ ਚੇਰੋ ਹੋਵਤ ਠਾਕੁਰ ਹੀ ਪਹਿ ਜਾਵੈ ॥੧॥ ਰਹਾਉ ॥ ਅਪਨੇ ਪਹਿ ਦੂਖ ਅਪਨੇ ਪਹਿ ਸੂਖਾ ਅਪੁਨੇ ਹੀ ਪਹਿ ਬਿਰਥਾ ॥ ਅਪੁਨੇ ਪਹਿ ਮਾਨੁ ਅਪੁਨੇ ਪਹਿ ਤਾਨਾ ਅਪਨੇ ਹੀ ਪਹਿ ਅਰਥਾ ॥੧॥ ਕਿਨ ਹੀ ਰਾਜ ਜੋਬਨੁ ਧਨ ਮਿਲਖਾ ਕਿਨ ਹੀ ਬਾਪ ਮਹਤਾਰੀ ॥ ਸਰਬ ਥੋਕ ਨਾਨਕ ਗੁਰ ਪਾਏ ਪੂਰਨ ਆਸ ਹਮਾਰੀ ॥੨॥੩੪॥੫੭॥

ਪਦ ਅਰਥ :–ਜਾਹੂ ਕਾਹੂ–ਹਰ ਕਿਸੇ ਨੂੰ । ਚਿਤਿ–ਚਿੱਤ ਵਿਚ । ਆਵੈ–ਯਾਦ ਆਉਂਦਾ ਹੈ । ਕਾਹੂ ਕੋ–ਕਿਸੇ ਦਾ । ਚੇਰੋ–ਸੇਵਕ, ਨੌਕਰ । ਠਾਕੁਰ–ਮਾਲਕ । ਪਹਿ–ਪਾਸ, ਕੋਲ ।੧। ਰਹਾਉ ।

ਬਿਰਥਾ–[व्यथा] ਦਿਲ ਦਾ ਦੁੱਖ । ਤਾਨਾ–ਤਾਕਤ, ਆਸਰਾ । ਅਰਥਾ–ਲੋੜਾਂ ।੧।

ਕਿਨ ਹੀ–ਕਿਨਿ ਹੀ, ਕਿਸੇ ਨੇ [ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਕਿਨਿ' ਦੀ ਿ ਉਡ ਗਈ ਹੈ] । ਜੋਬਨੁ–ਜਵਾਨੀ । ਮਿਲਖਾ–ਜ਼ਮੀਨ । ਮਹਤਾਰੀ–ਮਾਂ । ਗੁਰ–ਹੇ ਗੁਰੂ ! ੨ ।

ਅਰਥ :–ਹੇ ਭਾਈ ! ਹਰ ਕਿਸੇ ਨੂੰ (ਕੋਈ) ਆਪਣਾ ਹੀ (ਪਿਆਰਾ) ਚਿੱਤ ਵਿਚ ਯਾਦ ਆਉਂਦਾ ਹੈ । ਜਿਹੜਾ ਮਨੁੱਖ ਕਿਸੇ ਦਾ ਸੇਵਕ ਹੁੰਦਾ ਹੈ, (ਉਹ ਸੇਵਕ ਆਪਣੇ) ਮਾਲਕ ਪਾਸ ਹੀ (ਲੋੜ ਪਿਆਂ) ਜਾਂਦਾ ਹੈ ।੧। ਰਹਾਉ ।

ਹੇ ਭਾਈ ! ਆਪਣੇ ਸਨੇਹੀ ਕੋਲ ਦੁੱਖ ਫੋਲੀਦੇ ਹਨ, ਆਪਣੇ ਸਨੇਹੀ ਪਾਸ ਸੁਖ ਦੀਆਂ ਗੱਲਾਂ ਕਰੀਦੀਆਂ ਹਨ, ਆਪਣੇ ਹੀ ਸਨੇਹੀ ਕੋਲ ਦਿਲ ਦਾ ਦੁੱਖ ਦੱਸੀਦਾ ਹੈ। ਆਪਣੇ ਸਨੇਹੀ ਉਤੇ ਹੀ ਮਾਣ ਕਰੀਦਾ ਹੈ, ਆਪਣੇ ਸਨੇਹੀ ਦਾ ਹੀ ਆਸਰਾ ਤੱਕੀਦਾ ਹੈ, ਆਪਣੇ ਸਨੇਹੀ ਨੂੰ ਹੀ ਆਪਣੀਆਂ ਲੋੜਾਂ ਦੱਸੀਦੀਆਂ ਹਨ ।੧।

ਹੇ ਭਾਈ ! ਕਿਸੇ ਨੇ ਰਾਜ ਦਾ ਮਾਣ ਕੀਤਾ, ਕਿਸੇ ਨੇ ਜਵਾਨੀ ਨੂੰ (ਆਪਣੀ ਸਮਝਿਆ), ਕਿਸੇ ਨੇ ਧਨ ਧਰਤੀ ਦਾ ਮਾਣ ਕੀਤਾ, ਕਿਸੇ ਨੇ ਪਿਉ ਮਾਂ ਦਾ ਆਸਰਾ

ਤੱਕਿਆ। ਹੇ ਨਾਨਕ ! (ਆਖ–) ਹੇ ਗੁਰੂ ! ਮੈਂ ਸਾਰੇ ਪਦਾਰਥ ਤੈਥੋਂ ਪ੍ਰਾਪਤ ਕਰ ਲਏ ਹਨ, ਮੇਰੀ ਹਰੇਕ ਆਸ (ਤੇਰੇ ਦਰ ਤੋਂ) ਪੂਰੀ ਹੁੰਦੀ ਹੈ। ੨। ੩੪। ੫੭।

ਸਾਰਗ ਮਹਲਾ ੫ ॥ ਝੂਠੋ ਮਾਇਆ ਕੋ ਮਦ ਮਾਨੁ ॥ ਧ੍ਰੋਹ ਮੋਹ ਦੂਰਿ ਕਰਿ ਬਪੁਰੇ ਸੰਗਿ ਗੋਪਾਲਹਿ ਜਾਨੁ ॥ ੧ ॥ ਰਹਾਉ ॥ ਮਿਥਿਆ ਰਾਜ ਜੋਬਨ ਅਰੁ ਉਮਰੇ ਮੀਰ ਮਲਕ ਅਰੁ ਖਾਨ ॥ ਮਿਥਿਆ ਕਾਪਰ ਸੁਗੰਧ ਚਤੁਰਾਈ ਮਿਥਿਆ ਭੋਜਨ ਪਾਨ ॥ ੧ ॥ ਦੀਨ ਬੰਧਰੋ ਦਾਸ ਦਾਸਰੋ ਸੰਤਹ ਕੀ ਸਾਰਾਨ॥ਮਾਂਗਨਿ ਮਾਂਗਉ ਹੋਇ ਅਚਿੰਤਾ ਮਿਲੁ ਨਾਨਕ ਕੇ ਹਰਿ ਪ੍ਰਾਨ॥ ੨ ॥ ੩੫ ॥ ੫੯ ॥

ਪਦ ਅਰਥ :– ਝੂਠੋ–ਸਦਾ ਨਾਲ ਨਾਹ ਨਿਭਣ ਵਾਲਾ। ਕੋ–ਦਾ। ਮਦ–ਨਸ਼ਾ। ਧ੍ਰੋਹ–ਠੱਗੀ। ਬਪੁਰੇ–ਹੇ ਵਿਚਾਰੇ ! ਹੇ ਨਿਮਾਣੇ ! ਸੰਗਿ–ਨਾਲ। ੧। ਰਹਾਉ।

ਮਿਥਿਆ–ਨਾਸਵੰਤ। ਅਰੁ–ਅਉਰ, ਅਤੇ। ਉਮਰੇ–ਅਮੀਰ ਲੋਕ। ਮੀਰ–ਪਾਤਿਸ਼ਾਹ। ਕਾਪਰ–ਕੱਪੜੇ। ਸੁਗੰਧ–ਸੁਗੰਧੀਆਂ। ਭੋਜਨ ਪਾਨ–ਖਾਣ ਪੀਣ ਦੇ ਪਦਾ-ਰਥ। ੧।

ਦੀਨ ਬੰਧਰੋ–ਹੇ ਦੀਨ-ਬੰਧੂ ! ਹੇ ਗਰੀਬਾਂ ਦੇ ਸਹਾਈ ! ਸਾਰਾਨ–ਸਰਨ। ਮਾਂਗਉ–ਮਾਂਗਉਂ, ਮੈਂ ਮੰਗਦਾ ਹਾਂ। ਹੋਇ ਅਚਿੰਤਾ–ਅਚਿੰਤ ਹੋ ਕੇ, ਬੇ-ਫ਼ਿਕਰ ਹੋ ਕੇ, ਪੂਰੀ ਸਰਧਾ ਨਾਲ। ਮਾਂਗਨਿ–ਮੰਗ [Noun]। ੨।

ਅਰਥ :– ਹੇ ਅੰਞਾਣ ! ਮਾਇਆ ਦਾ ਨਸ਼ਾ ਮਾਇਆ ਦਾ ਅਹੰਕਾਰ ਝੂਠਾ ਹੈ (ਸਦਾ ਕਾਇਮ ਰਹਿਣ ਵਾਲਾ ਨਹੀਂ)। (ਮਾਇਆ ਦਾ) ਮੋਹ (ਆਪਣੇ ਅੰਦਰੋਂ) ਦੂਰ ਕਰ, (ਮਾਇਆ ਦੀ ਖ਼ਾਤਰ)ਠੱਗੀ ਕਰਨੀ ਦੂਰ ਕਰ,ਪਰਮਾਤਮਾ ਨੂੰ ਸਦਾ ਆਪਣੇ ਨਾਲ ਵੱਸਦਾ ਸਮਝ। ੧। ਰਹਾਉ।

ਹੇ ਭਾਈ ! ਰਾਜ ਨਾਸਵੰਤ ਹੈ ਜਵਾਨੀ ਨਾਸਵੰਤ ਹੈ। ਅਮੀਰ ਪਾਤਿਸ਼ਾਹ ਮਾਲਕ ਖ਼ਾਨ ਸਭ ਨਾਸਵੰਤ ਹਨ (ਇਹਨਾਂ ਹਕੂਮਤਾਂ ਦਾ ਨਸ਼ਾ ਸਦਾ ਕਾਇਮ ਨਹੀਂ ਰਹੇਗਾ)। ਇਹ ਕੱਪੜੇ ਤੇ ਸੁਗੰਧੀਆਂ ਸਭ ਨਾਸਵੰਤ ਹਨ, (ਇਹਨਾਂ ਦੇ ਆਸਰੇ) ਚਤੁਰਾਈ ਕਰਨੀ ਝੂਠਾ ਕੰਮ ਹੈ। ਖਾਣ ਪੀਣ ਦੇ (ਵਧੀਆ) ਪਦਾਰਥ ਸਭ ਨਾਸਵੰਤ ਹਨ। ੧।

ਹੇ ਗਰੀਬਾਂ ਦੇ ਸਹਾਈ ! ਮੈਂ ਤੇਰੇ ਦਾਸਾਂ ਦਾ ਦਾਸ ਹਾਂ, ਮੈਂ ਤੇਰੇ ਸੰਤਾਂ ਦੀ ਸਰਨ ਹਾਂ। ਹੇ ਨਾਨਕ ਦੀ ਜ਼ਿੰਦ-ਜਾਨ ਹਰੀ ! ਹੋਰ ਆਸਰੇ ਛੱਡ ਕੇ ਮੈਂ (ਤੇਰੇ ਦਰ ਤੋਂ) ਮੰਗ ਮੰਗਦਾ ਹਾਂ ਕਿ ਮੈਨੂੰ ਦਰਸਨ ਦੇਹ। ੨। ੩੫। ੫੯।

ਸਾਰਗ ਮਹਲਾ ੫ ॥ ਅਪੁਨੀ ਇਤਨੀ ਕਛੂ ਨ ਸਾਰੀ ॥ ਅਨਿਕ ਕਾਜ ਅਨਿਕ ਧਾਵਰਤਾ ਉਰਝਿਓ ਆਨ ਜੰਜਾਰੀ ॥ ੧ ॥ ਰਹਾਉ ॥ ਦਿਉਸ ਚਾਰਿ ਕੇ ਦੀਸਹਿ ਸੰਗੀ ਊਹਾਂ ਨਾਹੀ ਜਹ ਭਾਰੀ ॥ ਤਿਨ ਸਿਉ ਰਾਚਿ ਮਾਚਿ ਹਿਤੁ ਲਾਇਓ ਜੋ ਕਾਮਿ ਨਹੀ ਗਾਵਾਰੀ ॥ ੧ ॥ ਹਉ ਨਾਹੀ ਨਾਹੀ ਕਿਛੁ ਮੇਰਾ ਨਾ ਹਮਰੋ ਬਸੁ ਚਾਰੀ ॥ ਕਰਨ ਕਰਾਵਨ ਨਾਨਕ ਕੇ ਪ੍ਰਭ, ਸੰਤਨ ਸੰਗਿ ਉਧਾਰੀ ॥ ੨ ॥ ੩੬ ॥ ੫੯ ॥

ਪਦ ਅਰਥ :–ਇਤਨੀ ਕਛੂ–ਰਤਾ ਭਰ ਭੀ । ਸਾਰੀ–ਸੰਭਾਲੀ, ਸੰਭਾਲ ਕੀਤੀ । ਧਾਵਰਤਾ–ਭੱਜ-ਦੌੜ । ਉਰਝਿਓ–ਫਸਿਆ ਰਿਹਾ । ਆਨ ਜੰਜਾਰੀ–ਹੋਰ ਹੋਰ ਜੰਜਾਲਾਂ ਵਿਚ । ੧ । ਰਹਾਉ ।

ਦਿਉਸ–ਦਿਵਸ, ਦਿਨ । ਚਾਰਿ–[ਲਫ਼ਜ਼ 'ਚਾਰ' ਅਤੇ 'ਚਾਰਿ' ਦਾ ਫ਼ਰਕ ਚੇਤੇ ਰੱਖੋ । ਚਾਰ–ਸੁੰਦਰ] । ਦੀਸਹਿ–ਦਿੱਸਦੇ ਹਨ । ਸੰਗੀ–ਸਾਥੀ । ਊਹਾਂ–ਉਸ ਥਾਂ । ਜਹ–ਜਿੱਥੇ । ਭਾਰੀ–ਬਿਪਤਾ, ਔਖਿਆਈ । ਰਾਚਿ ਮਾਚਿ–ਰਚ ਮਿਚ ਕੇ । ਹਿਤੁ–ਪਿਆਰ । ਕਾਮਿ ਨਹੀ–ਕੰਮ ਨਹੀਂ ਆਉਂਦਾ । ਗਾਵਾਰੀ–ਹੇ ਗਾਵਾਰ ! ੧ ।

ਹਉ–ਮੈਂ । ਬਸੁ–ਵੱਸ । ਚਾਰੀ–ਚਾਰਾ, ਜੋਰ । ਪ੍ਰਭ–ਹੇ ਪ੍ਰਭੂ ! ਸੰਗਿ–ਨਾਲ । ਉਧਾਰੀ–ਉਧਾਰਿ, ਬਚਾ ਲੈ । ੨ ।

ਅਰਥ :–ਹੇ ਗਵਾਰ ! (ਜਿਹੜੀ ਆਤਮਕ ਜਾਇਦਾਦ) ਆਪਣੀ (ਬਣਨੀ ਸੀ, ਉਸ ਦੀ) ਰਤਾ ਭਰ ਭੀ ਸੰਭਾਲ ਨਾਹ ਕੀਤੀ । (ਤੂੰ ਸਾਰੀ ਉਮਰ) ਅਨੇਕਾਂ ਕੰਮਾਂ ਵਿਚ, ਅਨੇਕਾਂ ਦੌੜ-ਭੱਜਾਂ ਵਿਚ ਅਤੇ ਹੋਰ ਹੋਰ ਜੰਜਾਲਾਂ ਵਿਚ ਹੀ ਫਸਿਆ ਰਿਹਾ ।੧।ਰਹਾਉ।

ਹੇ ਗਵਾਰ ! (ਦੁਨੀਆ ਵਾਲੇ ਇਹ) ਸਾਥੀ ਚਾਰ ਦਿਨਾਂ ਦੇ ਹੀ (ਸਾਥੀ) ਦਿੱਸਦੇ ਹਨ, ਜਿੱਥੇ ਬਿਪਤਾ ਪੈਂਦੀ ਹੈ, ਉਥੇ ਇਹ (ਸਹਾਇਤਾ) ਨਹੀਂ (ਕਰ ਸਕਦੇ) । ਹੇ ਗਵਾਰ ! ਤੂੰ ਉਹਨਾਂ ਨਾਲ ਪਰਚ ਕੇ ਪਿਆਰ ਪਾਇਆ ਹੋਇਆ ਹੈ ਜੋ (ਆਖ਼ਿਰ)ਤੇਰੇ ਕੰਮ ਨਹੀਂ ਆ ਸਕਦੇ । ੧ ।

ਹੇ ਸਭ ਕੁਝ ਕਰਨ ਦੀ ਸਮਰਥਾ ਵਾਲੇ ! ਹੇ ਸਭ ਕੁਝ ਕਰਾ ਸਕਣ ਵਾਲੇ ! ਹੇ ਨਾਨਕ ਦੇ ਪ੍ਰਭੂ ! ਮੇਰੀ ਕੋਈ ਪਾਂਇਆਂ ਨਹੀਂ, ਮੇਰੀ ਕੋਈ ਸਮਰਥਾ ਨਹੀਂ, (ਮਾਇਆ ਦੇ ਟਾਕਰੇ ਤੇ) ਮੇਰਾ ਕੋਈ ਵੱਸ ਨਹੀਂ ਚੱਲਦਾ ਮੇਰਾ ਕੋਈ ਜ਼ੋਰ ਨਹੀਂ ਪੈਂਦਾ, ਮੈਨੂੰ ਆਪਣੇ ਸੰਤਾਂ ਦੀ ਸੰਗਤਿ ਵਿਚ ਰੱਖ ਕੇ (ਇਸ ਸੰਸਾਰ-ਸਮੁੰਦਰ ਤੋਂ) ਮੇਰਾ ਪਾਰ-ਉਤਾਰਾ ਕਰ । ੨ । ੩੬ । ੫੯ ।

ਸਾਰਗ ਮਹਲਾ ੫ ॥ ਮੋਹਨੀ ਮੋਹਤ, ਰਹੈ ਨ ਹੋਰੀ ॥ ਸਾਧਿਕ ਸਿਧ

ਸਗਲ ਕੀ ਪਿਆਰੀ ਤੁਟੈ ਨ ਕਾਹੂ ਤੋਰੀ ॥ ੧ ॥ ਰਹਾਉ ॥ ਖਟੁ ਸਾਸਤ੍ਰ ਉਚਰਤ ਰਸਨਾਗਰ ਤੀਰਥ ਗਵਨ ਨ ਥੋਰੀ ॥ ਪੂਜਾ ਚਕ੍ਰ ਬਰਤ ਨੇਮ ਤਪੀਆ ਊਹਾ ਗੈਲਿ ਨ ਛੋਰੀ ॥ ੧ ॥ ਅੰਧ ਕੂਪ ਮਹਿ ਪਤਿਤ ਹੋਤ ਜਗੁ ਸੰਤਹੁ ਕਰਹੁ ਪਰਮ ਗਤਿ ਮੋਰੀ ॥ ਸਾਧ ਸੰਗਤਿ ਨਾਨਕ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥ ੨ ॥ ੩੭ ॥ ੬੦ ॥

ਪਦ ਅਰਥ :—ਮੋਹਨੀ—ਮਾਇਆ। ਹੋਰੀ—ਰੋਕੀ ਹੋਈ। ਰਹੈ ਨ—ਰੁਕਦੀ ਨਹੀਂ। ਸਾਧਿਕ—ਜੋਗ-ਸਾਧਨ ਕਰਨ ਵਾਲੇ। ਸਿਧ—ਸਿੱਧ,ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਕਾਹੂ—ਕਿਸੇ ਪਾਸੋਂ। ਤੋਰੀ—ਤੋੜੀ ਹੋਈ। ੧। ਰਹਾਉ।

ਖਟੁ—ਛੇ। ਰਸਨਾਗਰ—ਰਸਨਾ-ਅੱਗ੍ਰ, ਮੂੰਹ-ਜ਼ਬਾਨੀ। ਨ ਥੋਰੀ—ਘਟਦੀ ਨਹੀਂ। ਚਕ੍ਰ—ਪਿੰਡੇ ਉਤੇ ਗਣੇਸ਼ ਆਦਿਕ ਦੇ ਨਿਸ਼ਾਨ। ਊਹਾ—ਉਥੇ ਭੀ। ਗੈਲਿ—ਪਿੱਛਾ। ਨ ਛੋਰੀ—ਨਹੀਂ ਛੱਡਦੀ। ੧।

ਅੰਧ ਕੂਪ ਮਹਿ—(ਮਾਇਆ ਦੇ ਮੋਹ ਦੇ) ਅੰਨ੍ਹੇ ਖੂਹ ਵਿਚ। ਪਤਿਤ ਹੋਤ—ਡਿੱਗਦਾ ਹੈ। ਸੰਤਹੁ—ਹੇ ਸੰਤ ਜਨੋ! ਪਰਮ ਗਤਿ—ਸਭ ਤੋਂ ਉੱਚੀ ਆਤਮਕ ਅਵਸਥਾ। ਮੋਰੀ—ਮੇਰੀ। ਮੁਕਤਾ—(ਮਾਇਆ ਦੇ ਪੰਜੇ ਤੋਂ) ਆਜ਼ਾਦ। ਭੋਰੀ—ਥੋੜਾ ਕੁ ਹੀ। ੨।

ਅਰਥ :—ਹੇ ਭਾਈ! ਮੋਹਨੀ ਮਾਇਆ (ਜੀਵਾਂ ਨੂੰ) ਆਪਣੇ ਮੋਹ ਵਿਚ ਫਸਾਂਦੀ ਰਹਿੰਦੀ ਹੈ, ਕਿਸੇ ਪਾਸੋਂ ਰੋਕਿਆਂ ਰੁਕਦੀ ਨਹੀਂ। ਜੋਗ-ਸਾਧਨਾ ਕਰਨ ਵਾਲੇ ਸਾਧੂ, ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ—(ਮਾਇਆ ਇਹਨਾਂ) ਸਭਨਾਂ ਦੀ ਹੀ ਪਿਆਰੀ ਹੈ। ਕਿਸੇ ਪਾਸੋਂ (ਉਸ ਦਾ ਪਿਆਰ) ਤੋੜਿਆਂ ਟੁੱਟਦਾ ਨਹੀਂ। ੧। ਰਹਾਉ।

ਹੇ ਭਾਈ! ਛੇ ਸ਼ਾਸਤ੍ਰ ਮੂੰਹ-ਜ਼ਬਾਨੀਂ ਉਚਾਰਿਆਂ, ਤੀਰਥਾਂ ਦਾ ਰਟਨ ਕੀਤਿਆਂ ਭੀ (ਮਾਇਆ ਵਾਲੀ ਪ੍ਰੀਤ) ਘਟਦੀ ਨਹੀਂ ਹੈ। ਅਨੇਕਾਂ ਲੋਕ ਹਨ ਦੇਵ-ਪੂਜਾ ਕਰਨ ਵਾਲੇ, (ਆਪਣੇ ਸਰੀਰ ਉੱਤੇ ਗਣੇਸ਼ ਆਦਿਕ ਦੇ) ਨਿਸ਼ਾਨ ਲਾਣ ਵਾਲੇ, ਵਰਤ ਆਦਿਕਾਂ ਦੇ ਨੇਮ ਨਿਬਾਹੁਣ ਵਾਲੇ, ਤਪ ਕਰਨ ਵਾਲੇ। ਪਰ ਮਾਇਆ ਉਥੇ ਭੀ ਪਿੱਛਾ ਨਹੀਂ ਛੱਡਦੀ (ਖਲਾਸੀ ਨਹੀਂ ਕਰਦੀ)। ੧।

ਹੇ ਸੰਤ ਜਨੋ! ਜਗਤ ਮਾਇਆ ਦੇ ਮੋਹ ਦੇ ਅੰਨ੍ਹੇ ਖੂਹ ਵਿਚ ਡਿੱਗ ਰਿਹਾ ਹੈ (ਤੁਸੀ ਮਿਹਰ ਕਰੋ) ਮੇਰੀ ਉੱਚੀ ਆਤਮਕ ਅਵਸਥਾ ਬਣਾਓ (ਅਤੇ ਮੈਨੂੰ ਮਾਇਆ ਦੇ ਪੰਜੇ ਵਿਚੋਂ ਬਚਾਓ)। ਹੇ ਨਾਨਕ! ਜਿਹੜਾ ਮਨੁੱਖ ਸਾਧ ਸੰਗਤਿ ਵਿਚ (ਪਰਮਾਤਮਾ ਦਾ) ਥੋੜਾ ਜਿਤਨਾ ਭੀ ਦਰਸਨ ਕਰਦਾ ਹੈ, (ਉਹ ਮਾਇਆ ਦੇ ਪੰਜੇ ਤੋਂ) ਆਜ਼ਾਦ ਹੋ ਜਾਂਦਾ ਹੈ। ੨ ੩੭। ੬੦।

ਸਾਰਗ ਮਹਲਾ ੫ ॥ ਕਹਾ ਕਰਹਿ ਰੇ ਖਾਟਿ ਖਾਟੁਲੀ ॥ ਪਵਨਿ ਅਫਾਰ ਤੋਰ ਚਾਮਰੋ ਅਤਿ ਜਜਰੀ ਤੇਰੀ ਰੇ ਮਾਟੁਲੀ ॥ ੧ ॥ ਰਹਾਉ ॥ ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ ॥ ਦੇਵਨਹਾਰੁ ਬਿਸਾਰਿਓ ਅੰਧੁਲੇ ਜਿਉ ਸਫਰੀ ਉਦਰੁ ਭਰੈ ਬਹਿ ਹਾਟੁਲੀ ॥ ੧ ॥ ਸਾਦ ਬਿਕਾਰ ਬਿਕਾਰ ਝੂਠ ਰਸ ਜਹ ਜਾਨੋ ਤਹ ਭੀਰ ਬਾਟੁਲੀ ॥ ਕਹੁ ਨਾਨਕ ਸਮਝੁ ਰੇ ਇਆਨੇ ਆਜੁ ਕਾਲਿ ਖੁਲ੍ਹੈ ਤੇਰੀ ਗਾਂਠੁਲੀ॥ ੨ ॥ ੩੯ ॥ ॥ ੬੧ ॥

ਪਦ ਅਰਥ :—ਕਹਾ ਕਰਹਿ—ਤੂੰ ਕੀਹ ਕਰਦਾ ਹੈਂ ? ਰੇ—ਹੇ ਭਾਈ ! ਖਾਟਿ—ਖੱਟ ਕੇ । ਖਾਟੁਲੀ—(ਮਾਇਆ ਦੀ) ਕੋਝੀ ਖੱਟੀ । ਪਵਨਿ—ਹਵਾ ਨਾਲ । ਅਫਾਰ—ਆਫਰਿਆ ਹੋਇਆ, ਫੁੱਲਿਆ ਹੋਇਆ । ਤੋਰ ਚਾਮਰੋ—ਤੇਰਾ ਚਮੜਾ, ਤੇਰਾ ਸਰੀਰ । ਅਤਿ—ਬਹੁਤ । ਜਜਰੀ—ਜਰਜਰੀ, ਪੁਰਾਣੀ । ਮਾਟੁਲੀ—ਤੇਰੀ ਕਾਂਇਆਂ । ੧ । ਰਹਾਉ।

ਊਹੀ ਤੇ—ਉਥੋਂ ਹੀ, ਧਰਤੀ ਤੋਂ ਹੀ । ਹਰਿਓ—ਚੁਰਾਇਆ ਹੈ । ਊਹਾ—ਉਥੇ ਧਰਤੀ ਵਿਚ ਹੀ । ਬਾਸਾ—ਬਾਸ਼ਾ, ਸ਼ਿਕਾਰੀ ਪੰਛੀ। ਝਾਟੁਲੀ—ਝਪਟ। ਅੰਧੁਲੇ—ਹੇ ਅੰਨ੍ਹੇ! ਸਫਰੀ—ਰਾਹੀ । ਉਦਰੁ—ਪੇਟ । ਬਹਿ—ਬਹਿ ਕੇ । ਹਾਟੁਲੀ—ਕਿਸੇ ਹੱਟੀ ਉੱਤੇ ।੧।

ਸਾਦ—ਸੁਆਦ । ਜਹ—ਜਿੱਥੇ । ਭੀਰ—ਭੀੜੀ । ਬਾਟੁਲੀ—ਪਗਡੰਡੀ, ਵਾਟ । ਆਜੁ ਕਾਲਿ—ਅੱਜ ਭਲਕ, ਛੇਤੀ ਹੀ । ਗਾਂਠੁਲੀ—ਗੰਢ, ਪ੍ਰਾਣਾਂ ਦੀ ਗੰਢ । ੨ ।

ਅਰਥ:—ਹੇ (ਮੂਰਖ) ! (ਮਾਇਆ ਵਾਲੀ) ਕੋਝੀ ਖੱਟੀ ਖੱਟ ਕੇ ਤੂੰ ਕੀਹ ਕਰਦਾ ਰਹਿੰਦਾ ਹੈ ? ਹੇ ਮੂਰਖ ! (ਤੂੰ ਧਿਆਨ ਹੀ ਨਹੀਂ ਦੇਂਦਾ ਕਿ) ਹਵਾ ਨਾਲ ਤੇਰੀ ਚਮੜੀ ਫੁੱਲੀ ਹੋਈ ਹੈ, ਤੇ, ਤੇਰਾ ਸਰੀਰ ਬਹੁਤ ਜਰਜਰਾ ਹੁੰਦਾ ਜਾ ਰਿਹਾ ਹੈ । ੧ । ਰਹਾਉ ।

ਹੇ ਮੂਰਖ ! ਜਿਵੇਂ ਬਾਸ਼ਾ ਮਾਸ ਵਾਸਤੇ ਝਪਟ ਮਾਰਦਾ ਹੈ, ਤਿਵੇਂ ਤੂੰ ਭੀ ਧਰਤੀ ਤੋਂ ਹੀ (ਧਨ ਝਪਟ ਮਾਰ ਕੇ) ਖੋਂਹਦਾ ਹੈਂ, ਤੇ, ਧਰਤੀ ਵਿਚ ਹੀ ਸਾਂਭ ਰੱਖਦਾ ਹੈਂ । ਹੇ (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋਏ ਮਨੁੱਖ ! ਤੂੰ ਸਾਰੇ ਪਦਾਰਥ ਦੇਣ ਵਾਲੇ ਪ੍ਰਭੂ ਨੂੰ ਭੁਲਾ ਦਿੱਤਾ ਹੈ, ਜਿਵੇਂ ਕੋਈ ਰਾਹੀ ਕਿਸੇ ਹੱਟੀ ਤੇ ਬੈਠ ਕੇ ਆਪਣਾ ਪੇਟ ਭਰੀ ਜਾਂਦਾ ਹੈ (ਤੇ, ਇਹ ਚੇਤਾ ਹੀ ਭੁਲਾ ਦੇਂਦਾ ਹੈ ਕਿ ਮੇਰਾ ਪੈਂਡਾ ਖੋਟਾ ਹੋ ਰਿਹਾ ਹੈ)। ੧ ।

ਹੇ ਮੂਰਖ ! ਤੂੰ ਵਿਕਾਰਾਂ ਦੇ ਸੁਆਦਾਂ ਵਿਚ ਨਾਸਵੰਤ ਪਦਾਰਥਾਂ ਦੇ ਰਸਾਂ ਵਿਚ (ਮਸਤ ਹੈਂ) ਜਿੱਥੇ ਤੂੰ ਜਾਣਾ ਹੈ, ਉਹ ਰਸਤਾ (ਇਹਨਾਂ ਰਸਾਂ ਤੇ ਸੁਆਦਾਂ ਦੇ ਕਾਰਨ) ਔਖਾ ਹੁੰਦਾ ਜਾ ਰਿਹਾ ਹੈ। ਹੇ ਨਾਨਕ ! ਆਖ—ਹੇ ਮੂਰਖ ! ਝਬਦੇ ਹੀ ਤੇਰੇ ਪ੍ਰਾਣਾਂ ਦੀ ਗੰਢ ਖੁਲ੍ਹ ਜਾਣੀ ਹੈ । ੨ । ੩੯ । ੬੧ ।

ਸਾਰਗ ਮਹਲਾ ੫ ॥ ਗੁਰ ਜੀਉ ਸੰਗਿ ਤੁਹਾਰੈ ਜਾਨਿਓ ॥ ਕੋਟਿ ਜੋਧ

ਉਆ ਕੀ ਬਾਤ ਨ ਪੁਛੀਐ ਤਾਂ ਦਰਗਹ ਭੀ ਮਾਨਿਓ ॥ ੧ ॥ ਰਹਾਉ ॥ ਕਵਨ ਮੂਲੁ ਪ੍ਰਾਨੀ ਕਾ ਕਹੀਐ ਕਵਨ ਰੂਪੁ ਦ੍ਰਿਸਟਾਨਿਓ ॥ ਜੋਤਿ ਪ੍ਰਗਾਸ ਭਈ ਮਾਟੀ ਸੰਗਿ ਦੁਲਭ ਦੇਹ ਬਖਾਨਿਓ ॥ ੧ ॥ ਤੁਮ ਤੇ ਸੇਵ ਤੁਮ ਤੇ ਜਪ ਤਾਪਾ ਤੁਮ ਤੇ ਤਤੁ ਪਛਾਨਿਓ ॥ ਕਰੁ ਮਸਤਕਿ ਧਰਿ ਕਟੀ ਜੇਵਰੀ ਨਾਨਕ ਦਾਸ ਦਸਾਨਿਓ ॥ ੨ ॥ ੩੯ ॥ ੬੨ ॥

ਪਦ ਅਰਥ:—ਗੁਰ—ਹੇ ਗੁਰੂ ! ਸੰਗਿ ਤੁਹਾਰੈ—ਤੇਰੀ ਸੰਗਤਿ ਵਿਚ । ਜਾਨਿਓ—ਸਮਝ ਆਈ ਹੈ । ਜੋਧ—ਜੋਧੇ ।ਉਆ ਕੀ—ਉਹਨਾਂ (ਜੋਧਿਆਂ) ਦੀ । ਨ ਪੁਛੀਐ—ਨਹੀਂ ਪੁੱਛੀ ਜਾਣੀ । ਤਾਂ—(ਜੇ ਤੇਰੀ ਸੰਗਤਿ ਵਿਚ ਰਹੀਏ) ਤਾਂ । ਮਾਨਿਓ—ਆਦਰ ਮਿਲਦਾ ਹੈ । ੧ । ਰਹਾਉ ।

ਕਵਨ ਮੂਲੁ—(ਰਕਤ ਬਿੰਦ ਦਾ) ਗੰਦਾ ਜਿਹਾ ਹੀ ਅਸਲਾ । ਕਹੀਐ—ਆਖਿਆ ਜਾ ਸਕਦਾ ਹੈ । ਕਵਨ ਰੂਪੁ—ਕੈਸੀ ਸੋਹਣੀ ਸ਼ਕਲ । ਦ੍ਰਿਸਟਾਨਿਓ—ਦਿੱਸ ਪੈਂਦੀ ਹੈ । ਸੰਗਿ—ਨਾਲ । ਦੇਹ—ਸਰੀਰ । ਬਖਾਨਿਓ—ਆਖੀਦਾ ਹੈ । ੧ ।

ਤੁਮ ਤੇ—ਤੈਥੋਂ ਹੀ (ਹੇ ਗੁਰੂ!)। ਤਤੁ—ਅਸਲੀਅਤ, ਸਹੀ ਜੀਵਨ ਰਸਤਾ । ਕਰੁ—ਹੱਥ । ਮਸਤਕਿ—ਮੱਥੇ ਉਤੇ । ਧਰਿ—ਧਰ ਕੇ । ਦਾਸ ਦਸਾਨਿਓ—ਦਾਸਾਂ ਦਾ ਦਾਸ ।੨।

ਅਰਥ :—ਹੇ ਸਤਿਗੁਰੂ ਜੀ ! ਤੇਰੀ ਸੰਗਤਿ ਵਿਚ (ਰਹਿ ਕੇ) ਇਹ ਸਮਝ ਆਈ ਹੈ ਕਿ (ਜਿਹੜੇ ਜਗਤ ਵਿਚ) ਕ੍ਰੋੜਾਂ ਸੂਰਮੇ (ਅਖਵਾਂਦੇ ਸਨ) ਉਹਨਾਂ ਦੀ ਜਿੱਥੇ ਵਾਤ ਭੀ ਨਹੀਂ ਪੁੱਛੀ ਜਾਂਦੀ (ਜੇ ਤੇਰੀ ਸੰਗਤਿ ਵਿਚ ਟਿਕੇ ਰਹੀਏ) ਤਾਂ ਉਸ ਦਰਗਾਹ ਵਿਚ ਭੀ ਆਦਰ ਮਿਲਦਾ ਹੈ । ੧ । ਰਹਾਉ ।

(ਰਕਤ ਬਿੰਦ ਦਾ) ਜੀਵ ਦਾ ਗੰਦਾ ਜਿਹਾ ਹੀ ਮੁੱਢ ਆਖਿਆ ਜਾਂਦਾ ਹੈ (ਪਰ ਇਸ ਗੰਦੇ ਮੂਲ ਤੋਂ ਭੀ) ਕੈਸੀ ਸੋਹਣੀ ਸ਼ਕਲ ਦਿੱਸ ਪੈਂਦੀ ਹੈ । ਜਦੋਂ ਮਿੱਟੀ ਦੇ ਅੰਦਰ (ਪ੍ਰਭੂ ਦੀ) ਜੋਤਿ ਦਾ ਪ੍ਰਕਾਸ਼ ਹੁੰਦਾ ਹੈ, ਤਾਂ ਇਸ ਨੂੰ ਦੁਰਲੱਭ (ਮਨੁੱਖਾ) ਸਰੀਰ ਆਖੀਦਾ ਹੈ ।੧।

ਹੇ ਨਾਨਕ ! (ਆਖ—ਹੇ ਸਤਿਗੁਰੂ !) ਤੈਥੋਂ ਹੀ (ਮੈਂ) ਸੇਵਾ-ਭਗਤੀ ਦੀ ਜਾਚ ਸਿੱਖੀ,ਤੈਥੋਂ ਹੀ ਜਪ ਤਪ ਦੀ ਸਮਝ ਆਈ,ਤੈਥੋਂ ਹੀ ਸਹੀ ਜੀਵਨ-ਰਸਤਾ ਸਮਝਿਆ।ਹੇ ਗੁਰੂ ! ਮੇਰੇ ਮੱਥੇ ਉੱਤੇ ਤੂੰ ਆਪਣਾ ਹੱਥ ਰੱਖ ਕੇ ਮੇਰੀ ਮਾਇਆ ਦੇ ਮੋਹ ਦੀ ਫਾਹੀ ਕੱਟ ਦਿੱਤੀ ਹੈ, ਮੈਂ ਤੇਰੇ ਦਾਸਾਂ ਦਾ ਦਾਸ ਹਾਂ ।੨।੩੯।੬੨।

ਸਾਰਗ ਮਹਲਾ ੫ ॥ ਹਰਿ ਹਰਿ ਦੀਓ ਸੇਵਕ ਕਉ ਨਾਮ ॥ ਮਾਨਸੁ ਕਾ ਕੋ ਬਪੁਰੋ ਭਾਈ ਜਾ ਕੋ ਰਾਖਾ ਰਾਮ ॥ ੧ ॥ ਰਹਾਉ ॥ ਆਪਿ

ਮਹਾ ਜਨੁ ਆਪੇ ਪੰਚਾ ਆਪਿ ਸੇਵਕ ਕੈ ਕਾਮ॥ ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ ॥ ੧ ॥ ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ ਬੰਧਾਨ ॥ ਆਦਿ ਜੁਗਾਦਿ ਸੇਵਕ ਕੀ ਰਾਖੈ ਨਾਨਕ ਕੋ ਪ੍ਰਭੁ ਜਾਨ ॥ ੨ ॥ ੪੦ ॥ ੬੩ ॥

ਪਦ ਅਰਥ :–ਕਉ–ਨੂੰ । ਕਾ ਕੋ ਬਪੁਰੋ–ਕਿਸ ਦਾ ਵਿਚਾਰਾ ਹੈ ? ਭਾਈ–ਹੇ ਭਾਈ ! ਜਾ ਕੋ–ਜਿਸ (ਮਨੁੱਖ) ਦਾ ।੧। ਰਹਾਉ ।

ਮਹਾ ਜਨੁ–ਮੁਖੀਆ । ਪੰਚਾ–ਮੁਖੀਆ । ਕੈ ਕਾਮ–ਦੇ ਕੰਮਾਂ ਵਿਚ (ਸਹਾਈ ਹੁੰਦਾ ਹੈ) । ਦੂਤ–ਵੈਰੀ । ਬਿਦਾਰੇ–ਤਬਾਹ ਕਰਦਾ ਹੈ । ਅੰਤਰਜਾਮ–ਸਭ ਦੇ ਦਿਲ ਦੀ ਜਾਣਨ ਵਾਲਾ ।੧।

ਆਪੇ–ਆਪ ਹੀ । ਪਤਿ–ਇੱਜ਼ਤ । ਬੰਧਾਨ–ਬਾਂਧ, ਪੱਕਾ ਨਿਯਮ । ਆਦਿ–ਸ਼ੁਰੂ ਤੋਂ । ਜੁਗਾਦਿ–ਜੁਗਾਂ ਦੇ ਮੁੱਢ ਤੋਂ । ਜਾਨ–ਸੁਜਾਨ, ਜਾਣੀਜਾਣ ।੨।

ਅਰਥ :–ਹੇ ਭਾਈ ! ਆਪਣੇ ਸੇਵਕ ਨੂੰ ਪਰਮਾਤਮਾ ਆਪਣਾ ਨਾਮ ਆਪ ਦੇਂਦਾ ਹੈ । ਹੇ ਭਾਈ ! ਜਿਸ ਮਨੁੱਖ ਦਾ ਰਖਵਾਲਾ ਪਰਮਾਤਮਾ ਆਪ ਬਣਦਾ ਹੈ, ਮਨੁੱਖ ਕਿਸ ਦਾ ਵਿਚਾਰਾ ਹੈ (ਕਿ ਉਸ ਦਾ ਕੁਝ ਵਿਗਾੜ ਸਕੇ ?)।੧। ਰਹਾਉ ।

ਹੇ ਭਾਈ ! ਪਰਮਾਤਮਾ ਆਪ ਹੀ ਆਪਣੇ ਸੇਵਕ ਦੇ ਕੰਮ ਆਉਂਦਾ ਹੈ, ਆਪ ਹੀ (ਉਸ ਦੇ ਵਾਸਤੇ) ਮੁਖੀਆ ਹੈ । ਅੰਤਰਜਾਮੀ ਮਾਲਕ-ਪ੍ਰਭੂ ਆਪ ਹੀ (ਆਪਣੇ ਸੇਵਕ ਦੇ) ਸਾਰੇ ਵੈਰੀ ਮੁਕਾ ਦੇਂਦਾ ਹੈ ।੧।

ਹੇ ਭਾਈ ! ਪਰਮਾਤਮਾ ਆਪ ਹੀ ਆਪਣੇ ਸੇਵਕ ਦੀ ਇੱਜ਼ਤ ਰੱਖਦਾ ਹੈ, (ਉਸ ਦੀ ਇੱਜ਼ਤ ਬਚਾਣ ਲਈ) ਆਪ ਹੀ ਪੱਕੇ ਨਿਯਮ ਥਾਪ ਦੇਂਦਾ ਹੈ । ਹੇ ਭਾਈ ! ਨਾਨਕ ਦਾ ਜਾਣੀਜਾਣ ਪ੍ਰਭੂ ਆਦਿ ਤੋਂ ਜੁਗਾਂ ਦੇ ਆਦਿ ਤੋਂ ਆਪਣੇ ਸੇਵਕ ਦੀ ਇੱਜ਼ਤ ਰੱਖਦਾ ਆਇਆ ਹੈ ।੨।੪੦।੬੩।

ਸਾਰਗ ਮਹਲਾ ੫ ॥ ਤੂ ਮੇਰੇ ਮੀਤ ਸਖਾ ਹਰਿ ਪ੍ਰਾਨ ॥ ਮਨੁ ਧਨੁ ਜੀਉ ਪਿੰਡੁ ਸਭੁ ਤੁਮਰਾ ਇਹੁ ਤਨੁ ਸੀਤੋ ਤੁਮਰੈ ਧਾਨ ॥੧॥ ਰਹਾਉ॥ ਤੁਮ ਹੀ ਦੀਏ ਅਨਿਕ ਪ੍ਰਕਾਰਾ ਤੁਮ ਹੀ ਦੀਏ ਮਾਨ ॥ ਸਦਾ ਸਦਾ ਤੁਮ ਹੀ ਪਤਿ ਰਾਖਹੁ ਅੰਤਰਜਾਮੀ ਜਾਨ ॥ ੧ ॥ ਜਿਨ ਸੰਤਨ ਜਾਨਿਆ ਤੂ ਠਾਕੁਰ ਤੇ ਆਏ ਪਰਵਾਨ ॥ ਜਨ ਕਾ ਸੰਗੁ ਪਾਈਐ ਵਡਭਾਗੀ ਨਾਨਕ ਸੰਤਨ ਕੈ ਕੁਰਬਾਨ ॥੨॥੪੧॥੬੪॥

ਪਦ ਅਰਥ :–ਮੀਤ–ਮਿੱਤਰ। ਸਖਾ–ਸਹਾਈ। ਜੀਉ–ਜਿੰਦ। ਪਿੰਡੁ–ਸਰੀਰ। ਸੀਤੋ–ਬਣਿਆ ਹੈ, ਪਲਿਆ ਹੈ। ਤੁਮਰੈ ਧਾਨ–ਤੇਰੀ ਬਖ਼ਸ਼ੀ ਖ਼ੁਰਾਕ ਨਾਲ। ੧। ਰਹਾਉ।

ਦੀਏ–ਦਿੱਤੇ। ਅਨਿਕ ਪ੍ਰਕਾਰਾ–ਕਈ ਕਿਸਮਾਂ ਦੇ ਪਦਾਰਥ। ਮਾਨ–ਆਦਰ। ਪਤਿ–ਇੱਜ਼ਤ। ਜਾਨ–ਜਾਣੀਜਾਣ।੧।

ਤੂ–ਤੈਨੂੰ। ਠਾਕੁਰ–ਹੇ ਮਾਲਕ ! ਤੇ–ਉਹ [ਬਹੁ ਵਚਨ]। ਆਏ–(ਜਗਤ ਵਿਚ) ਆਏ ਹੋਏ। ਸੰਗੁ–ਸਾਥ। ਵਡਭਾਗੀ–ਵਡੇ ਭਾਗਾਂ ਨਾਲ। ਕੈ–ਤੋਂ। ਕੁਰਬਾਨ–ਸਦਕੇ। ੨।

ਅਰਥ :–ਹੇ ਹਰੀ ! ਤੂੰ ਹੀ ਮੇਰਾ ਮਿੱਤਰ ਹੈਂ, ਤੂੰ ਹੀ ਮੇਰੇ ਪ੍ਰਾਣਾਂ ਦਾ ਸਹਾਈ ਹੈਂ। ਮੇਰਾ ਇਹ ਮਨ ਧਨ ਇਹ ਜਿੰਦ ਇਹ ਸਰੀਰ–ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ। ਮੇਰਾ ਇਹ ਸਰੀਰ ਤੇਰੀ ਹੀ ਬਖ਼ਸ਼ੀ ਖ਼ੁਰਾਕ ਨਾਲ ਪਲਿਆ ਹੈ।੧। ਰਹਾਉ।

ਹੇ ਪ੍ਰਭੂ ! ਹੇ ਦਿਲ ਦੀ ਜਾਣਨ ਵਾਲੇ ! ਹੇ ਜਾਣੀਜਾਣ ! ਮੈਨੂੰ ਤੂੰ ਹੀ ਅਨੇਕਾਂ ਕਿਸਮਾਂ ਦੇ ਪਦਾਰਥ ਦੇਂਦਾ ਹੈਂ, ਤੂੰ ਹੀ ਸਦਾ ਸਦਾ ਮੇਰੀ ਇੱਜ਼ਤ ਰੱਖਦਾ ਹੈਂ।੧।

ਹੇ (ਮੇਰੇ) ਮਾਲਕ ! ਜਿਨ੍ਹਾਂ ਸੰਤ ਜਨਾਂ ਨੇ ਤੈਨੂੰ ਜਾਣ ਲਿਆ (ਤੇਰੇ ਨਾਲ ਡੂੰਘੀ ਸਾਂਝ ਪਾ ਲਈ), ਉਹਨਾਂ ਦਾ ਹੀ ਜਗਤ ਵਿਚ ਆਉਣਾ ਸਫਲ ਹੈ। ਹੇ ਨਾਨਕ ! (ਆਖ–) ਸੰਤ ਜਨਾਂ ਦੀ ਸੰਗਤਿ ਵਡੇ ਭਾਗਾਂ ਨਾਲ ਮਿਲਦੀ ਹੈ। ਮੈਂ ਤਾਂ ਸੰਤ ਜਨਾਂ ਤੋਂ ਸਦਕੇ ਜਾਂਦਾ ਹਾਂ। ੨। ੪੧। ੬੪।

ਸਾਰਗ ਮਹਲਾ ੫ ॥ ਕਰਹੁ ਗਤਿ ਦਇਆਲ ਸੰਤਹੁ ਮੋਰੀ ॥ ਤੁਮ ਸਮਰਥ ਕਾਰਨ ਕਰਨਾ ਤੂਟੀ ਤੁਮ ਹੀ ਜੋਰੀ ॥ ੧ ॥ ਰਹਾਉ ॥ ਜਨਮ ਜਨਮ ਕੇ ਬਿਖਈ ਤੁਮ ਤਾਰੇ ਸੁਮਤਿ ਸੰਗਿ ਤੁਮਾਰੈ ਪਾਈ ॥ ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ ਸਾਸਿ ਸਾਸਿ ਹਰਿ ਗਾਈ ॥ ੧ ॥ ਜੋ ਜੋ ਸੰਗਿ ਮਿਲੇ ਸਾਧੂ ਕੈ ਤੇ ਤੇ ਪਤਿਤ ਪੁਨੀਤਾ ॥ ਕਹੁ ਨਾਨਕ ਜਾ ਕੇ ਵਡਭਾਗਾ ਤਿਨ ਜਨਮੁ ਪਦਾਰਥੁ ਜੀਤਾ ॥ ੨ ॥ ੪੨ ॥ ੬੫ ॥

ਪਦ ਅਰਥ:–ਗਤਿ–ਉੱਚੀ ਆਤਮਕ ਅਵਸਥਾ। ਦਇਆਲ–ਹੇ ਦਇਆ ਦੇ ਸੋਮੇ ! ਸੰਤਹੁ–ਹੇ ਸੰਤ ਜਨੋ ! ਮੋਰੀ–ਮੇਰੀ। ਸਮਰਥ–ਸਭ ਤਾਕਤਾਂ ਦਾ ਮਾਲਕ। ਕਾਰਨ ਕਰਨਾ–ਜਗਤ ਦਾ ਮੂਲ। ਕਰਨਾ–ਕਰਣ, ਜਗਤ। ਜੋਰੀ–ਜੋੜੀ। ੧। ਰਹਾਉ।

ਬਿਖਈ–ਵਿਸ਼ਈ, ਵਿਕਾਰੀ। ਸੁਮਤਿ–ਸ੍ਰੇਸ਼ਟ ਅਕਲ। ਸੰਗਿ–ਸੰਗਤਿ ਵਿਚ।

ਭ੍ਰਮਤੇ—ਭਟਕਦੇ। ਬਿਸਰਤ—ਵਿਸਾਰਦਿਆਂ। ਸਾਸਿ ਸਾਸਿ—ਹਰੇਕ ਸਾਹ ਦੇ ਨਾਲ। ਗਾਈ—ਗਾਇਆ।੧।

ਸੰਗਿ—ਨਾਲ। ਸਾਧੂ ਕ ਸੰਗਿ—ਗੁਰੂ ਦੀ ਸੰਗਤਿ ਵਿਚ। ਤੇ ਤੇ—ਉਹ ਸਾਰੇ। ਪਤਿਤ—ਵਿਕਾਰਾਂ ਵਿਚ ਡਿੱਗੇ ਹੋਏ। ਪੁਨੀਤਾ—ਪਵਿੱਤਰ, ਸੁੱਚੇ ਜੀਵਨ ਵਾਲੇ। ਜਾ ਕੇ—ਜਿਸ (ਮਨੁੱਖ) ਦੇ। ਤਿਨਿ—ਉਸ (ਮਨੁੱਖ) ਨੇ। ਜਨਮੁ ਪਦਾਰਥੁ—ਕੀਮਤੀ ਮਨੁੱਖਾ ਜਨਮ।੨।

ਅਰਥ :—ਹੇ ਦਇਆ ਦੇ ਸੋਮੇ ਸੰਤ ਜਨੋ! (ਮਿਹਰ ਕਰ ਕੇ) ਮੇਰੀ ਉੱਚੀ ਆਤਮਕ ਅਵਸਥਾ ਕਰ ਦਿਉ। ਤੁਸੀ ਸਭ ਤਾਕਤਾਂ ਦੇ ਮਾਲਕ ਅਤੇ ਜਗਤ ਦੇ ਮੂਲ ਪਰਮਾਤਮਾ ਦਾ ਰੂਪ ਹੋ। ਪਰਮਾਤਮਾ ਨਾਲੋਂ ਟੁੱਟੀ ਹੋਈ ਸੁਰਤਿ ਤੁਸੀ ਹੀ ਜੋੜਨ ਵਾਲੇ ਹੋ।੧। ਰਹਾਉ।

ਹੇ ਸੰਤ ਜਨੋ! ਅਨੇਕਾਂ ਜਨਮਾਂ ਦੇ ਵਿਕਾਰੀਆਂ ਨੂੰ ਤੁਸੀ (ਵਿਕਾਰਾਂ ਤੋਂ) ਬਚਾ ਲੈਂਦੇ ਹੋ, ਤੁਹਾਡੀ ਸੰਗਤਿ ਵਿਚ ਰਿਹਾਂ ਸ੍ਰੇਸ਼ਟ ਅਕਲ ਪ੍ਰਾਪਤ ਹੋ ਜਾਂਦੀ ਹੈ। ਪਰਮਾਤਮਾ ਨੂੰ ਭੁਲਾ ਕੇ ਅਨੇਕਾਂ ਜੂਨਾਂ ਵਿਚ ਭਟਕਦਿਆਂ ਨੇ ਭੀ (ਤੁਹਾਡੀ ਸੰਗਤਿ ਵਿਚ) ਹਰੇਕ ਸਾਹ ਦੇ ਨਾਲ ਪ੍ਰਭੂ ਦੀ ਸਿਫ਼ਤਿ ਸਾਲਾਹ ਸ਼ੁਰੂ ਕਰ ਦਿੱਤੀ।੧।

ਹੇ ਭਾਈ! ਜਿਹੜੇ ਜਿਹੜੇ ਮਨੁੱਖ ਗੁਰੂ ਦੀ ਸੰਗਤਿ ਵਿਚ ਮਿਲਦੇ ਹਨ, ਉਹ ਸਾਰੇ ਵਿਕਾਰੀਆਂ ਤੋਂ ਸੁੱਚੇ ਜੀਵਨ ਵਾਲੇ ਬਣ ਜਾਂਦੇ ਹਨ। ਹੇ ਨਾਨਕ! ਆਖ—ਜਿਸ ਮਨੁੱਖ ਦੇ ਵੱਡੇ ਭਾਗ ਜਾਗ ਪਏ, ਉਸ ਨੇ (ਸੰਤ ਜਨਾਂ ਦੀ ਸੰਗਤਿ ਵਿਚ ਰਹਿ ਕੇ) ਇਹ ਕੀਮਤੀ ਮਨੁੱਖਾ ਜਨਮ (ਵਿਕਾਰਾਂ ਅੱਗੇ) ਹਾਰਨ ਤੋਂ ਬਚਾ ਲਿਆ।੨।੪੨।੬੫।

ਸਾਰਗ ਮਹਲਾ ੫॥ ਠਾਕੁਰ ਬਿਨਤੀ ਕਰਨ ਜਨੁ ਆਇਓ॥ ਸਰਬ ਸੂਖ ਆਨੰਦ ਸਹਜ ਰਸ ਸੁਨਤ ਤੁਹਾਰੋ ਨਾਇਓ॥੧॥ ਰਹਾਉ॥ ਕ੍ਰਿਪਾ ਨਿਧਾਨ ਸੂਖ ਕੇ ਸਾਗਰ ਜਸੁ ਸਭ ਮਹਿ ਜਾ ਕੋ ਛਾਇਓ॥ ਸੰਤ ਸੰਗਿ ਰੰਗ ਤੁਮ ਕੀਏ ਅਪਨਾ ਆਪੁ ਦ੍ਰਿਸਟਾਇਓ॥੧॥ ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ॥ ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ॥੨॥੪੩॥੬੬॥

ਪਦ ਅਰਥ :—ਠਾਕੁਰ—ਹੇ ਮਾਲਕ-ਪ੍ਰਭੂ! ਜਨੁ—(ਤੇਰਾ) ਦਾਸ। ਸਰਬ—ਸਾਰੇ। ਸਹਜ—ਆਤਮਕ ਅਡੋਲਤਾ। ਸੁਨਤ—ਸੁਣਦਿਆਂ। ਤੁਹਾਰੋ ਨਾਇਓ—ਤੇਰਾ ਨਾਮ।੧। ਰਹਾਉ।

ਕ੍ਰਿਪਾ ਨਿਧਾਨ—ਹੇ ਮਿਹਰ ਦੇ ਖ਼ਜ਼ਾਨੇ ! ਸਾਗਰ—ਹੇ ਸਮੁੰਦਰ ! ਜਸੁ—ਸੋਭਾ । ਜਾ ਕੋ—ਜਿਸ ਦਾ । ਛਾਇਓ—ਖਿਲਰਿਆ ਹੋਇਆ । ਰੰਗ—ਆਨੰਦ-ਕੌਤਕ । ਆਪੁ—ਆਪਣੇ ਆਪ ਨੂੰ । ਦ੍ਰਿਸਟਾਇਓ—ਪਰਗਟ ਕਰਦਾ ਹੈ । ੧ ।

ਨੈਨਹੁ ਸੰਗਿ—ਅੱਖਾਂ ਨਾਲ । ਝਾਰੀ—ਝਾਰੀਂ, ਮੈਂ ਝਾੜਦਾ ਹਾਂ । ਕੇਸਾਇਓ—ਕੇਸਾਂ ਨਾਲ । ੨ ।

ਅਰਥ :—ਹੇ (ਮੇਰੇ) ਮਾਲਕ-ਪ੍ਰਭੂ ! (ਤੇਰਾ) ਦਾਸ (ਤੇਰੇ ਦਰ ਤੇ) ਬੇਨਤੀ ਕਰਨ ਆਇਆ ਹੈ । ਤੇਰਾ ਨਾਮ ਸੁਣਦਿਆਂ ਆਤਮਕ ਅਡੋਲਤਾ ਦੇ ਸਾਰੇ ਸੁਖ ਸਾਰੇ ਆਨੰਦ ਸਾਰੇ ਰਸ (ਮਿਲ ਜਾਂਦੇ ਹਨ) । ੧ । ਰਹਾਉ ।

ਹੇ ਦਇਆ ਦੇ ਖ਼ਜ਼ਾਨੇ ! ਹੇ ਸੁਖਾਂ ਦੇ ਸਮੁੰਦਰ ! (ਤੂੰ ਐਸਾ ਹੈਂ) ਜਿਸ ਦੀ ਸੋਭਾ ਸਾਰੀ ਸ੍ਰਿਸ਼ਟੀ ਵਿਚ ਆਪਣਾ ਪ੍ਰਭਾਵ ਪਾਂਦੀ ਹੈ । ਸੰਤਾਂ ਦੀ ਸੰਗਤਿ ਵਿਚ ਤੂੰ ਅਨੇਕਾਂ ਆਨੰਦ-ਚੋਜ ਕਰਦਾ ਹੈਂ, ਤੇ, ਆਪਣੇ ਆਪ ਨੂੰ ਪਰਗਟ ਕਰਦਾ ਹੈਂ ।੧।

ਹੇ ਨਾਨਕ ! (ਆਖ—ਹੇ ਪ੍ਰਭੂ ! ਮਿਹਰ ਕਰ) ਅੱਖਾਂ ਨਾਲ (ਦਰਸਨ ਕਰ ਕੇ) ਮੈਂ ਸੰਤ ਜਨਾਂ ਦੀ ਸੇਵਾ ਕਰਦਾ ਰਹਾਂ, ਉਹਨਾਂ ਦੇ ਚਰਨ ਆਪਣੇ ਕੇਸਾਂ ਨਾਲ ਝਾੜਦਾ ਰਹਾਂ । ਮੈਂ ਅੱਠੇ ਪਹਰ ਸੰਤ ਜਨਾਂ ਦਾ ਦਰਸਨ ਕਰਦਾ ਰਹਾਂ, ਮੈਨੂੰ ਇਹ ਸੁਖ ਮਿਲਿਆ ਰਹੇ । ੨ । ੪੩ । ੬੬ ।

ਸਾਰਗ ਮਹਲਾ ੫ ॥ ਜਾ ਕੀ ਰਾਮ ਨਾਮ ਲਿਵ ਲਾਗੀ ॥ ਸਜਨੁ ਸੁਰਿਦਾ ਸੁਹੇਲਾ ਸਹਜੇ ਸੋ ਕਹੀਐ ਬਡਭਾਗੀ ॥ ੧ ॥ ਰਹਾਉ ॥ ਰਹਿਤ ਬਿਕਾਰ ਅਲਪ ਮਾਇਆ ਤੇ ਅਹੰਬੁਧਿ ਬਿਖੁ ਤਿਆਗੀ ॥ ਦਰਸ ਪਿਆਸ ਆਸ ਏਕਹਿ ਕੀ ਟੇਕ ਹੀਐਂ ਪ੍ਰਿਅ ਪਾਗੀ ॥ ੧ ॥ ਅਚਿੰਤ ਸੋਇ ਜਾਗਨੁ ਉਠਿ ਬੈਸਨੁ ਅਚਿੰਤ ਹਸਤ ਬੈਰਾਗੀ ॥ ਕਹੁ ਨਾਨਕ ਜਿਨਿ ਜਗਤੁ ਠਗਾਨਾ ਸੁ ਮਾਇਆ ਹਰਿ ਜਨ ਠਾਗੀ ॥ ੨ ॥ ੪੪ ॥ ੬੭ ॥

ਪਦ ਅਰਥ :—ਜਾ ਕੀ ਲਿਵ—ਜਿਸ ਮਨੁੱਖ ਦੀ ਲਗਨ । ਸਜਨੁ—ਭਲਾ ਮਨੁੱਖ । ਸੁਰਿਦਾ—ਸੋਹਣੇ ਹਿਰਦੇ ਵਾਲਾ । ਸੁਹੇਲਾ—ਸੁਖੀ । ਸਹਜੇ—ਆਤਮਕ ਅਡੋਲਤਾ ਵਿਚ ਟਿਕਿਆ ਹੋਇਆ । ਕਹੀਐ—ਕਿਹਾ ਜਾ ਸਕਦਾ ਹੈ । ੧ । ਰਹਾਉ ।

ਰਹਿਤ—ਬਚਿਆ ਹੋਇਆ । ਅਲਪ—ਅਲਿਪ, ਨਿਰਲੇਪ । ਤੇ—ਤੋਂ । ਅਹੰਬੁਧਿ—ਹਉਮੈਂ ਵਾਲੀ ਬੁੱਧੀ । ਬਿਖੁ—ਆਤਮਕ ਮੌਤ ਲਿਆਉਣ ਵਾਲੀ ਜ਼ਹਰ । ਪਿਆਸ—ਤਾਂਘ । ਆਸ—ਉਡੀਕ । ਏਕਹਿ ਕੀ—ਇਕ ਪਰਮਾਤਮਾ ਦੀ ਹੀ ਟੇਕ—

ਆਸਰਾ । ਹੀਐਂ—ਹਿਰਦੇ ਵਿਚ । ਪ੍ਰਿਅ ਪਾਗੀ—ਪਿਆਰੇ ਦੇ ਪਗਾਂ ਦੀ, ਪਿਆਰੇ ਦੇ ਚਰਨਾਂ ਦੀ । ੧ ।

ਅਚਿੰਤ—ਚਿੰਤਾ-ਰਹਿਤ । ਸੋਇ ਜਾਗਨੁ—ਸੌਂ ਕੇ ਜਾਗਣਾ । ਉਠਿ ਬੈਸਨੁ—ਉੱਠ ਕੇ ਬੈਠਣਾ । ਸੋਇ......ਬੈਸਨੁ—ਸੁੱਤਿਆਂ ਜਾਗਦਿਆਂ ਉੱਠਦਿਆਂ ਬੈਠਦਿਆਂ । ਹਸਤ—ਹੱਸਦਿਆਂ । ਬੈਰਾਗੀ—ਵੈਰਾਗ ਕਰਦਿਆਂ । ਜਿਨਿ—ਜਿਸ (ਮਾਇਆ) ਨੇ । ਹਰਿ ਜਨ—ਹਰੀ ਦੇ ਜਨਾਂ ਨੇ । ੨ ।

ਅਰਥ :—ਹੇ ਭਾਈ ! ਜਿਸ ਮਨੁੱਖ ਦੀ ਲਗਨ ਪਰਮਾਤਮਾ ਦੇ ਨਾਮ ਨਾਲ ਲੱਗ ਜਾਂਦੀ ਹੈ, ਉਹ ਭਲਾ ਮਨੁੱਖ ਬਣ ਜਾਂਦਾ ਹੈ, ਉਹ ਸੋਹਣੇ ਹਿਰਦੇ ਵਾਲਾ ਹੋ ਜਾਂਦਾ ਹੈ, ਉਹ ਸੁਖੀ ਹੋ ਜਾਂਦਾ ਹੈ, ਉਹ ਆਤਮਕ ਅਡੋਲਤਾ ਵਿਚ ਟਿਕਿਆ ਰਹਿੰਦਾ ਹੈ । ਉਸ ਨੂੰ ਵੱਡੇ ਭਾਗਾਂ ਵਾਲਾ ਆਖਣਾ ਚਾਹੀਦਾ ਹੈ । ੧ । ਰਹਾਉ ।

ਹੇ ਭਾਈ ! (ਜਿਸ ਮਨੁੱਖ ਦੀ ਸੁਰਤਿ ਪਰਮਾਤਮਾ ਦੇ ਨਾਮ ਵਿਚ ਜੁੜਦੀ ਹੈ,ਉਹ) ਵਿਕਾਰਾਂ ਤੋਂ ਬਚਿਆ ਰਹਿੰਦਾ ਹੈ, ਮਾਇਆ ਤੋਂ ਨਿਰਲੇਪ ਰਹਿੰਦਾ ਹੈ, ਆਤਮਕ ਮੌਤ ਲਿਆਉਣ ਵਾਲੀ ਹਉਮੈ-ਜ਼ਹਰ ਉਹ ਤਿਆਗ ਦੇਂਦਾ ਹੈ । ਉਸ ਨੂੰ ਸਿਰਫ਼ ਪਰਮਾਤਮਾ ਦੇ ਦਰਸਨ ਦੀ ਤਾਂਘ ਤੇ ਉਡੀਕ ਲੱਗੀ ਰਹਿੰਦੀ ਹੈ, ਉਹ ਮਨੁੱਖ ਆਪਣੇ ਹਿਰਦੇ ਵਿਚ ਪਿਆਰੇ ਪ੍ਰਭੂ ਦੇ ਚਰਨਾਂ ਦਾ ਆਸਰਾ ਬਣਾਈ ਰੱਖਦਾ ਹੈ । ੧ ।

ਹੇ ਭਾਈ ! (ਪਰਮਾਤਮਾ ਦੇ ਨਾਮ ਵਿਚ ਸੁਰਤਿ ਜੋੜੀ ਰੱਖਣ ਵਾਲਾ ਮਨੁੱਖ) ਸੁੱਤਾ ਜਾਗਦਾ ਉੱਠਦਾ ਬੈਠਦਾ, ਹੱਸਦਾ, ਵੈਰਾਗ ਕਰਦਾ—ਹਰ ਵੇਲੇ ਹੀ ਚਿੰਤਾ ਤੋਂ ਰਹਿਤ ਰਹਿੰਦਾ ਹੈ । ਹੇ ਨਾਨਕ ! ਆਖ—ਜਿਸ ਮਾਇਆ ਨੇ ਸਾਰੇ ਜਗਤ ਨੂੰ ਭਰਮਾਇਆ ਹੋਇਆ ਹੈ, ਸੰਤ ਜਨਾਂ ਨੇ ਉਸ ਮਾਇਆ ਨੂੰ ਆਪਣੇ ਵੱਸ ਵਿਚ ਰੱਖਿਆ ਹੋਇਆ ਹੈ । ੨ । ੪੪ । ੬੭ ।

ਸਾਰਗ ਮਹਲਾ ੫ ॥ ਅਬ ਜਨ ਊਪਰਿ ਕੋ ਨ ਪੁਕਾਰੈ ॥ ਪੂਕਾਰਨ ਕਉ ਜੋ ਉਦਮੁ ਕਰਤਾ ਗੁਰੁ ਪਰਮੇਸਰੁ ਤਾ ਕਉ ਮਾਰੈ ॥ ੧ ॥ ਰਹਾਉ ॥ ਨਿਰਵੈਰੈ ਸੰਗਿ ਵੈਰੁ ਰਚਾਵੈ ਹਰਿ ਦਰਗਹ ਓਹੁ ਹਾਰੈ ॥ ਆਦਿ ਜੁਗਾਦਿ ਪ੍ਰਭ ਕੀ ਵਡਿਆਈ ਜਨ ਕੀ ਪੈਜ ਸਵਾਰੈ ॥ ੧ ॥ ਨਿਰਭਉ ਭਏ ਸਗਲ ਭਉ ਮਿਟਿਆ ਚਰਨ ਕਮਲ ਆਧਾਰੈ ॥ ਗੁਰ ਕੈ ਬਚਨਿ ਜਪਿਓ ਨਾਉ ਨਾਨਕ ਪ੍ਰਗਟ ਭਇਓ ਸੰਸਾਰੈ ॥ ੨ ॥ ੪੫ ॥ ੬੮ ॥

ਪਦ ਅਰਥ :—ਕੋ—ਕੋਈ (ਮਨੁੱਖ) । ਪੁਕਾਰੈ—ਦੂਸ਼ਣ ਲਾਂਦਾ, ਉਂਗਲ ਕਰਦਾ ।

ਪੁਕਾਰਨ ਕਉ—ਦੂਸ਼ਣ ਲਾਣ ਲਈ। ਤਾ ਕਉ—ਉਸ (ਮਨੁੱਖ) ਨੂੰ। ਮਾਰੈ—(ਆਤਮਕ ਮੌਤੇ) ਮਾਰਦਾ ਹੈ, ਆਤਮਕ ਜੀਵਨ ਨੀਵਾਂ ਕਰ ਦੇਂਦਾ ਹੈ।੧। ਰਹਾਉ।

ਸੰਗਿ—ਨਾਲ। ਰਚਾਵੈ—ਸਹੇੜਦਾ ਹੈ। ਹਾਰੈ—ਹਾਰ ਜਾਂਦਾ ਹੈ, ਜੀਵਨ-ਬਾਜ਼ੀ ਹਾਰ ਜਾਂਦਾ ਹੈ, ਆਤਮਕ ਜੀਵਨ ਦੇ ਤੋਲ ਵਿਚ ਪੂਰਾ ਨਹੀਂ ਉਤਰਦਾ। ਜੁਗਾਦਿ—ਜੁਗਾਂ ਦੇ ਸ਼ੁਰੂ ਤੋਂ। ਵਡਿਆਈ—ਬਿਰਦ। ਪੈਜ—ਇੱਜ਼ਤ। ੧।

ਸਗਲ—ਸਾਰਾ। ਆਧਾਰੈ—ਆਸਰੇ, ਆਸਰਾ ਲਿਆਂ। ਕੈ ਬਚਨਿ—ਦੇ ਬਚਨ ਦੀ ਰਾਹੀਂ, ਦੇ ਬਚਨ ਉਤੇ ਤੁਰਿਆਂ। ਸੰਸਾਰੈ—ਸੰਸਾਰ ਵਿਚ। ੨।

ਅਰਥ :—ਹੇ ਭਾਈ! (ਜਦੋਂ ਮਨੁੱਖ ਗੁਰੂ ਦੇ ਬਚਨ ਉੱਤੇ ਤੁਰ ਕੇ ਹਰਿ-ਨਾਮ ਜਪਦਾ ਹੈ) ਤਦੋਂ ਉਸ ਸੇਵਕ ਉੱਤੇ ਕੋਈ ਮਨੁੱਖ ਕੋਈ ਦੂਸ਼ਣ ਨਹੀਂ ਲਾ ਸਕਦਾ। ਜਿਹੜਾ ਮਨੁੱਖ ਪ੍ਰਭੂ ਦੇ ਸੇਵਕ ਉੱਤੇ ਦੂਸ਼ਣ ਥੱਪਣ ਦਾ ਜਤਨ ਕਰਦਾ ਹੈ, ਗੁਰੂ ਪਰਮਾਤਮਾ ਉਸ ਦਾ ਆਤਮਕ ਜੀਵਨ ਨੀਵਾਂ ਕਰ ਦੇਂਦਾ ਹੈ। ੧। ਰਹਾਉ।

ਹੇ ਭਾਈ! ਜਿਹੜਾ ਮਨੁੱਖ ਕਦੇ ਕਿਸੇ ਨਾਲ ਵੈਰ ਨਹੀਂ ਕਰਦਾ, ਉਸ ਨਾਲ ਜਿਹੜਾ ਵੈਰ ਕਮਾਂਦਾ ਹੈ, ਉਹ ਮਨੁੱਖ ਪਰਮਾਤਮਾ ਦੀ ਦਰਗਾਹ ਵਿਚ ਆਤਮਕ ਜੀਵਨ ਦੇ ਤੋਲ ਵਿਚ ਪੂਰਾ ਨਹੀਂ ਉਤਰਦਾ। ਹੇ ਭਾਈ! ਜਗਤ ਦੇ ਸ਼ੁਰੂ ਤੋਂ, ਜੁਗਾਂ ਦੇ ਮੁੱਢ ਤੋਂ ਹੀ ਪਰਮਾਤਮਾ ਦਾ ਇਹ ਗੁਣ ਚਲਿਆ ਆ ਰਿਹਾ ਹੈ ਕਿ ਉਹ ਆਪਣੇ ਸੇਵਕ ਦੀ ਲਾਜ ਰੱਖਦਾ ਹੈ। ੧।

ਹੇ ਭਾਈ! ਪਰਮਾਤਮਾ ਦੇ ਸੋਹਣੇ ਚਰਨਾਂ ਦਾ ਆਸਰਾ ਲਿਆਂ ਪ੍ਰਭੂ ਦਾ ਸੇਵਕ ਨਿਰਭਉ ਹੋ ਜਾਂਦਾ ਹੈ, ਉਸ ਦਾ (ਦੁਨੀਆ ਵਾਲਾ) ਹਰੇਕ ਡਰ ਮਿਟ ਜਾਂਦਾ ਹੈ। ਹੇ ਨਾਨਕ! (ਆਖ—) ਗੁਰੂ ਦੇ ਉਪਦੇਸ਼ ਤੇ ਤੁਰ ਕੇ ਜਿਸ ਨੇ ਭੀ ਪਰਮਾਤਮਾ ਦਾ ਨਾਮ ਜਪਿਆ, ਉਹ ਜਗਤ ਵਿਚ ਨਾਮਣੇ ਵਾਲਾ ਹੋ ਗਿਆ। ੨। ੪੫। ੬੮।

ਸਾਰਗ ਮਹਲਾ ੫ ॥ ਹਰਿ ਜਨ ਛੋਡਿਆ ਸਗਲਾ ਆਪੁ ॥ ਜਿਉ ਜਾਨਹੁ ਤਿਉ ਰਖਹੁ ਗੁਸਾਈ ਪੇਖਿ ਜੀਵਾਂ ਪਰਤਾਪੁ ॥ ੧ ॥ ਰਹਾਉ ॥ ਗੁਰ ਉਪਦੇਸਿ ਸਾਧ ਕੀ ਸੰਗਤਿ ਬਿਨਸਿਓ ਸਗਲ ਸੰਤਾਪੁ ॥ ਮਿਤ੍ਰ ਸਤ੍ਰ ਪੇਖਿ ਸਮਤੁ ਬੀਚਾਰਿਓ ਸਗਲ ਸੰਭਾਖਨ ਜਾਪੁ ॥ ੧ ॥ ਤਪਤਿ ਬੁਝੀ ਸੀਤਲ ਆਘਾਨੇ ਸੁਨਿ ਅਨਹਦ ਬਿਸਮ ਭਏ ਬਿਸਮਾਦ ॥ ਅਨਦੁ ਭਇਆ ਨਾਨਕ ਮਨਿ ਸਾਚਾ ਪੂਰਨ ਪੂਰੇ ਨਾਦ ॥ ੨ ॥ ੪੬ ॥ ੬੯ ॥

ਪਦ ਅਰਥ :—ਹਰਿ ਜਨ—ਪ੍ਰਭੂ ਦੇ ਸੇਵਕਾਂ ਨੇ। ਆਪੁ—ਆਪਾ-ਭਾਵ, ਹਉਮੈ।

ਗੁਸਾਈ—ਹੇ ਜਗਤ ਦੇ ਸਾਈਂ । ਪੇਖਿ—ਵੇਖ ਕੇ । ਜੀਵਾਂ—ਮੈਂ ਜੀਊਂਦਾ ਹਾਂ, ਮੈਨੂੰ ਆਤਮਕ ਜੀਵਨ ਪ੍ਰਾਪਤ ਹੁੰਦਾ ਹੈ। ੧ । ਰਹਾਉ ।

ਗੁਰ ਉਪਦੇਸਿ—ਗੁਰੂ ਦੇ ਉਪਦੇਸ਼ ਦੀ ਰਾਹੀਂ । ਸੰਤਾਪੁ—ਦੁੱਖ-ਕਲੇਸ਼ । ਸਤ੍ਰ—ਵੈਰੀ । ਸਮਤੁ—ਇੱਕ-ਸਮਾਨ । ਸੰਭਾਖਨ—ਬੋਲ-ਚਾਲ । ੧ ।

ਤਪਤਿ—ਸੜਨ । ਆਘਾਨੇ—ਰੱਜ ਗਏ । ਸੁਨਿ—ਸੁਣ ਕੇ । ਅਨਹਦ—ਇਕ-ਰਸ ਨਾਮ ਦੀ ਧੁਨਿ । ਬਿਸਮ—ਹੈਰਾਨ, ਅਸਚਰਜ । ਮਨਿ—ਮਨ ਵਿਚ । ਸਾਚਾ—ਸਦਾ ਕਾਇਮ ਰਹਿਣ ਵਾਲਾ । ਪੂਰਨ—ਪੂਰੇ ਤੌਰ ਤੇ । ਪੂਰੇ ਨਾਦ—ਨਾਦ ਪੂਰੇ ਜਾਂਦੇ ਹਨ, ਨਾਦ ਵੱਜਦੇ ਹਨ, ਸਿਫ਼ਤਿ ਸਾਲਾਹ ਦੀ ਘਨਘੋਰ ਹੁੰਦੀ ਹੈ [ਜਿਵੇਂ, ਸੰਖ ਪੂਰਨਾ—ਸੰਖ ਵਜਾਣਾ] । ੨ ।

ਅਰਥ :—ਹੇ ਪ੍ਰਭੂ ! (ਜਿਵੇਂ) ਤੇਰੇ ਭਗਤਾਂ ਨੇ ਆਪਾ-ਭਾਵ ਤਿਆਗਿਆ ਹੁੰਦਾ ਹੈ (ਤੇ, ਤੇਰੇ ਦਰ ਤੇ ਅਰਜ਼ੋਈ ਕਰਦੇ ਹਨ ਤਿਵੇਂ ਮੈਂ ਭੀ ਆਪਾ-ਭਾਵ ਛੱਡ ਕੇ ਬੇਨਤੀ ਕਰਦਾ ਹਾਂ—) ਹੇ ਜਗਤ ਦੇ ਖਸਮ ! ਜਿਵੇਂ ਹੋ ਸਕੇ ਤਿਵੇਂ (ਇਸ ਮਾਇਆ ਦੇ ਹੱਥੋਂ) ਮੇਰੀ ਰੱਖਿਆ ਕਰ । ਤੇਰਾ ਪਰਤਾਪ ਵੇਖ ਕੇ ਮੈਂ ਆਤਮਕ ਜੀਵਨ ਹਾਸਲ ਕਰਦਾ ਰਹਾਂ । ੧ । ਰਹਾਉ ।

ਹੇ ਭਾਈ ! ਗੁਰੂ ਦੇ ਉਪਦੇਸ਼ ਦੀ ਰਾਹੀਂ, ਸਾਧ ਸੰਗਤਿ ਦੀ ਬਰਕਤਿ ਨਾਲ (ਜਿਸ ਮਨੁੱਖ ਦੇ ਅੰਦਰੋਂ) ਸਾਰਾ ਦੁੱਖ-ਕਲੇਸ਼ ਨਾਸ਼ ਹੋ ਜਾਂਦਾ ਹੈ, ਉਹ ਆਪਣੇ ਮਿੱਤਰਾਂ ਤੇ ਵੈਰੀਆਂ ਨੂੰ ਵੇਖ ਕੇ (ਸਭਨਾਂ ਵਿਚ ਪ੍ਰਭੂ ਦੀ ਹੀ ਜੋਤਿ) ਇੱਕ-ਸਮਾਨ ਸਮਝਦਾ ਹੈ, ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਉਸ ਦਾ ਹਰ ਵੇਲੇ ਦਾ ਬੋਲ-ਚਾਲ ਹੈ । ੧ ।

ਹੇ ਨਾਨਕ ! (ਜਿਨ੍ਹਾਂ ਮਨੁੱਖਾਂ ਦੇ) ਮਨ ਵਿਚ ਸਦਾ-ਥਿਰ ਪ੍ਰਭੂ ਆ ਵੱਸਦਾ ਹੈ, (ਉਹਨਾਂ ਦੇ ਅੰਦਰ ਦੀ) ਸੜਨ ਬੁੱਝ ਜਾਂਦੀ ਹੈ, (ਉਹਨਾਂ ਦਾ ਹਿਰਦਾ) ਸ਼ਾਂਤ ਹੋ ਜਾਂਦਾ ਹੈ, ਉਹ (ਮਾਇਆ ਦੀ ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ; ਇੱਕ-ਰਸ ਨਾਮ ਦੀ ਧੁਨਿ ਸੁਣ ਕੇ ਉਹ ਅਸਚਰਜ ਹੀ ਅਸਚਰਜ ਹੋਏ ਰਹਿੰਦੇ ਹਨ, ਉਹਨਾਂ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ (ਜਿਵੇਂ ਕਿ ਉਹਨਾਂ ਦੇ ਅੰਦਰ) ਪੂਰੇ ਤੌਰ ਤੇ ਸੰਖ ਆਦਿਕ ਨਾਦ ਵੱਜ ਰਹੇ ਹਨ । ੨ । ੪੬ । ੬੯ ।

ਸਾਰਗ ਮਹਲਾ ੫ ॥ ਮੇਰੈ ਗੁਰਿ ਮੋਰੋ ਸਹਸਾ ਉਤਾਰਿਆ ॥

ਤਿਸੁ ਗੁਰ ਕੈ ਜਾਈਐ ਬਲਿਹਾਰੀ ਸਦਾ ਸਦਾ ਹਉ ਵਾਰਿਆ ॥੧॥ਰਹਾਉ ॥

ਗੁਰ ਕਾ ਨਾਮੁ ਜਪਿਓ ਦਿਨੁ ਰਾਤੀ ਗੁਰ ਕੇ ਚਰਨ ਮਨਿ ਧਾਰਿਆ ॥

ਗੁਰ ਕੀ ਧੂਰਿ ਕਰਉ ਨਿਤ ਮਜਨੁ ਕਿਲਵਿਖ ਮੈਲੁ ਉਤਾਰਿਆ ॥ ੧ ॥ ਗੁਰ ਪੂਰੇ ਕੀ ਕਰਉ ਨਿਤ ਸੇਵਾ ਗੁਰੁ ਅਪਨਾ ਨਮਸਕਾਰਿਆ ॥ ਸਰਬ ਫਲਾ ਦੀਨੑੇ ਗੁਰਿ ਪੂਰੈ ਨਾਨਕ ਗੁਰਿ ਨਿਸਤਾਰਿਆ॥ ੨ ॥ ੪੭ ॥ ੭੦ ॥

ਪਦ ਅਰਥ :—ਮੇਰੈ ਗੁਰਿ—ਮੇਰੇ ਗੁਰੂ ਨੇ । ਮੋਰੋ—ਮੇਰਾ । ਸਹਸਾ—ਸਹਮ, ਦੁ-ਚਿੱਤਾ-ਪਨ । ਕੈ—ਤੋਂ । ਹਉ—ਮੈਂ । ਵਾਰਿਆ—ਸਦਕੇ, ਕੁਰਬਾਨ ।੧। ਰਹਾਉ ।

ਮਨਿ—ਮਨ ਵਿਚ । ਕਰਉ—ਕਰਉਂ, ਮੈਂ ਕਰਦਾ ਹਾਂ । ਮਜਨੁ—ਇਸ਼ਨਾਨ । ਕਿਲਵਿਖ—ਪਾਪ । ੧ ।

ਸਰਬ—ਸਾਰੇ । ਗੁਰਿ—ਗੁਰੂ ਨੇ । ਨਿਸਤਾਰਿਓ—ਪਾਰ ਲੰਘਾ ਦਿੱਤਾ ਹੈ ।੨।

ਅਰਥ :—ਹੇ ਭਾਈ ! ਮੇਰੇ ਗੁਰੂ ਨੇ (ਮੇਰੇ ਅੰਦਰੋਂ ਹਰ ਵੇਲੇ ਦਾ) ਸਹਮ ਦੂਰ ਕਰ ਦਿੱਤਾ ਹੈ । ਹੇ ਭਾਈ ! ਉਸ ਗੁਰੂ ਤੋਂ ਸਦਕੇ ਜਾਣਾ ਚਾਹੀਦਾ ਹੈ । ਹੇ ਭਾਈ ! ਮੈਂ (ਉਸ ਗੁਰੂ ਤੋਂ) ਸਦਾ ਹੀ ਸਦਾ ਹੀ ਕੁਰਬਾਨ ਜਾਂਦਾ ਹਾਂ । ੧ । ਰਹਾਉ ।

ਹੇ ਭਾਈ! ਮੈਂ ਦਿਨ ਰਾਤ (ਆਪਣੇ) ਗੁਰੂ ਦਾ ਨਾਮ ਚੇਤੇ ਰੱਖਦਾ ਹਾਂ, ਮੈਂ ਆਪਣੇ ਮਨ ਵਿਚ ਗੁਰੂ ਦੇ ਚਰਨ ਟਿਕਾਈ ਰੱਖਦਾ ਹਾਂ (ਭਾਵ, ਅਦਬ-ਸਤਕਾਰ ਨਾਲ ਗੁਰੂ ਦੀ ਯਾਦ ਹਿਰਦੇ ਵਿਚ ਵਸਾਈ ਰੱਖਦਾ ਹਾਂ) । ਮੈਂ ਸਦਾ ਗੁਰੂ ਦੇ ਚਰਨਾਂ ਦੀ ਧੂੜ ਵਿਚ ਇਸ਼ਨਾਨ ਕਰਦਾ ਰਹਿੰਦਾ ਹਾਂ, (ਇਸ ਇਸ਼ਨਾਨ ਨੇ ਮੇਰੇ ਮਨ ਤੋਂ) ਪਾਪਾਂ ਦੀ ਮੈਲ ਲਾਹ ਦਿੱਤੀ ਹੈ । ੧ ।

ਹੇ ਭਾਈ ! ਮੈਂ ਸਦਾ ਪੂਰੇ ਗੁਰੂ ਦੀ (ਦੱਸੀ) ਸੇਵਾ ਕਰਦਾ ਹਾਂ, ਗੁਰੂ ਅੱਗੇ ਸਿਰ ਨਿਵਾਈ ਰੱਖਦਾ ਹਾਂ ।ਹੇ ਨਾਨਕ! (ਆਖ—ਹੇ ਭਾਈ !) ਪੂਰੇ ਗੁਰੂ ਨੇ ਮੈਨੂੰ (ਦੁਨੀਆ ਦੇ) ਸਾਰੇ (ਮੂੰਹ-ਮੰਗੇ) ਫਲ ਦਿੱਤੇ ਹਨ; ਗੁਰੂ ਨੇ (ਮੈਨੂੰ ਜਗਤ ਦੇ ਵਿਕਾਰਾਂ ਤੋਂ) ਪਾਰ ਲੰਘਾ ਲਿਆ ਹੈ । ੨ । ੪੭ । ੭੦ ।

ਸਾਰਗ ਮਹਲਾ ੫ ॥ ਸਿਮਰਤ ਨਾਮੁ ਪ੍ਰਾਨ ਗਤਿ ਪਾਵੈ ॥ ਮਿਟਹਿ ਕਲੇਸ ਤ੍ਰਾਸ ਸਭ ਨਾਸੈ ਸਾਧ ਸੰਗਿ ਹਿਤੁ ਲਾਵੈ ॥ ੧ ॥ ਰਹਾਉ ॥ ਹਰਿ ਹਰਿ ਹਰਿ ਹਰਿ ਮਨਿ ਆਰਾਧੇ ਰਸਨਾ ਹਰਿ ਜਸੁ ਗਾਵੈ ॥ ਤਜਿ ਅਭਿਮਾਨੁ ਕਾਮ ਕ੍ਰੋਧੁ ਨਿੰਦਾ ਬਾਸੁਦੇਵ ਰੰਗੁ ਲਾਵੈ ॥ ੧ ॥ ਦਾਮੋਦਰ ਦਇਆਲ ਆਰਾਧਹੁ ਗੋਬਿੰਦ ਕਰਤ ਸੋੁਹਾਵੈ ॥ ਕਹੁ ਨਾਨਕ ਸਭ ਕੀ ਹੋਇ ਰੇਨਾ ਹਰਿ ਹਰਿ ਦਰਸਿ ਸਮਾਵੈ ॥ ੨ ॥ ੪੮ ॥ ੭੧ ॥

ਪਦ ਅਰਥ :—ਸਿਮਰਤ—ਸਿਮਰਦਿਆਂ । ਗਤਿ—ਉੱਚੀ ਆਤਮਕ ਅਵਸਥਾ ।

ਮਿਟਹਿ—ਮਿਟ ਜਾਂਦੇ ਹਨ [ਬਹੁ ਵਚਨ]। ਤ੍ਰਾਸ—ਡਰ। ਸਭ—ਸਾਰਾ। ਹਿਤੁ—ਪਿਆਰ। ੧। ਰਹਾਉ।

ਮਨਿ—ਮਨ ਵਿਚ। ਆਰਾਧੇ—ਆਰਾਧਦਾ ਹੈ, ਸਿਮਰਦਾ ਹੈ। ਰਸਨਾ—ਜੀਭ ਨਾਲ। ਤਜਿ—ਤਿਆਗ ਕੇ। ਵਾਸੁਦੇਵ ਰੰਗੁ—ਪਰਮਾਤਮਾ ਦਾ ਪਿਆਰ। ੧।

ਦਾਮੋਦਰ—[ਦਾਮ-ਉਦਰ] ਪਰਮਾਤਮਾ। ਆਰਾਧਹੁ—ਸਿਮਰਿਆ ਕਰੋ। ਸੁੋਹਾਵੈ—[ਅੱਖਰ 'ਸ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਸੋਹਾਵੈ' ਇਥੇ 'ਸੁਹਾਵੈ' ਪੜ੍ਹਨਾ ਹੈ] ਸੋਹਣਾ ਲੱਗਦਾ ਹੈ। ਰੇਨਾ—ਚਰਨਾਂ ਦੀ ਧੂੜ। ਦਰਸਿ—ਦਰਸਨ ਵਿਚ। ੨।

ਅਰਥ :—ਹੇ ਭਾਈ! ਪਰਮਾਤਮਾ ਦਾ ਨਾਮ ਸਿਮਰਦਿਆਂ ਮਨੁੱਖ ਜੀਵਨ ਦੀ ਉੱਚੀ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ। ਜਿਹੜਾ ਮਨੁੱਖ ਸਾਧ ਸੰਗਤਿ ਵਿਚ ਪਿਆਰ ਪਾਂਦਾ ਹੈ, ਉਸ ਦੇ ਸਾਰੇ ਕਲੇਸ਼ ਮਿਟ ਜਾਂਦੇ ਹਨ, ਉਸ ਦਾ ਹਰੇਕ ਡਰ ਦੂਰ ਹੋ ਜਾਂਦਾ ਹੈ। ੧। ਰਹਾਉ।

ਹੇ ਭਾਈ! (ਜਿਹੜਾ ਮਨੁੱਖ) ਸਦਾ (ਆਪਣੇ) ਮਨ ਵਿਚ ਪਰਮਾਤਮਾ ਦਾ ਆਰਾਧਨ ਕਰਦਾ ਰਹਿੰਦਾ ਹੈ, ਜਿਹੜਾ ਆਪਣੀ ਜੀਭ ਨਾਲ ਪ੍ਰਭੂ ਦੀ ਸਿਫ਼ਤਿ ਸਾਲਾਹ ਗਾਂਦਾ ਰਹਿੰਦਾ ਹੈ, ਉਹ ਮਨੁੱਖ (ਆਪਣੇ ਅੰਦਰੋਂ) ਕਾਮ ਕ੍ਰੋਧ ਅਹੰਕਾਰ ਨਿੰਦਾ (ਆਦਿਕ ਵਿਕਾਰ) ਦੂਰ ਕਰ ਕੇ (ਆਪਣੇ ਅੰਦਰ) ਪਰਮਾਤਮਾ ਦਾ ਪ੍ਰੇਮ ਪੈਦਾ ਕਰ ਲੈਂਦਾ ਹੈ।੧।

ਹੇ ਭਾਈ! ਦਇਆ ਦੇ ਸੋਮੇ ਪਰਮਾਤਮਾ ਦਾ ਨਾਮ ਸਿਮਰਦੇ ਰਿਹਾ ਕਰੋ। ਗੋਬਿੰਦ (ਦਾ ਨਾਮ) ਸਿਮਰਦਿਆਂ ਹੀ ਜੀਵਨ ਸੋਹਣਾ ਬਣਦਾ ਹੈ। ਹੇ ਨਾਨਕ! ਆਖ—ਸਭਨਾਂ ਦੀ ਚਰਨ-ਧੂੜ ਹੋ ਕੇ ਮਨੁੱਖ ਪਰਮਾਤਮਾ ਦੇ ਦਰਸਨ ਵਿਚ ਲੀਨ ਹੋਇਆ ਰਹਿੰਦਾ ਹੈ। ੨। ੪੮। ੭੧।

ਸਾਰਗ ਮਹਲਾ ੫ ॥ ਅਪੁਨੇ ਗੁਰ ਪੂਰੇ ਬਲਿਹਾਰੈ ॥ ਪ੍ਰਗਟ ਪ੍ਰਤਾਪੁ ਕੀਓ ਨਾਮ ਕੋ ਰਾਖੇ ਰਾਖਨਹਾਰੈ ॥ ੧ ॥ ਰਹਾਉ ॥ ਨਿਰਭਉ ਕੀਏ ਸੇਵਕ ਦਾਸ ਅਪਨੇ ਸਗਲੇ ਦੂਖ ਬਿਦਾਰੈ ॥ ਆਨ ਉਪਾਵ ਤਿਆਗਿ ਜਨ ਸਗਲੇ ਚਰਨ ਕਮਲ ਰਿਦ ਧਾਰੈ ॥ ੧ ॥ ਪ੍ਰਾਨ ਅਧਾਰ ਮੀਤ ਸਾਜਨ ਪ੍ਰਭ ਏਕੈ ਏਕੰਕਾਰੈ ॥ ਸਭ ਤੇ ਊਚ ਠਾਕੁਰੁ ਨਾਨਕ ਕਾ ਬਾਰ ਬਾਰ ਨਮਸਕਾਰੈ॥ ੨ ॥ ੪੯ ॥ ੭੨ ॥

ਪਦ ਅਰਥ :—ਬਲਿਹਾਰੈ—ਸਦਕੇ, ਕੁਰਬਾਨ। ਕੋ—ਦਾ। ਰਾਖਨਹਾਰੈ—ਰੱਖਿਆ ਕਰ ਸਕਣ ਵਾਲੇ ਨੇ। ੧। ਰਹਾਉ।

ਬਿਦਾਰੈ–ਨਾਸ ਕਰ ਦੇਂਦਾ ਹੈ। ਆਨ–[ਅਨ੍ਯ] ਹੋਰ ਹੋਰ। ਉਪਾਵ–[ਲਫ਼ਜ਼ 'ਉਪਾਉ' ਤੋਂ ਬਹੁ ਵਚਨ] ਹੀਲੇ, ਜਤਨ। ਤਿਆਗਿ–ਛੱਡ ਕੇ। ਧਾਰੈ–ਟਿਕਾਂਦਾ ਹੈ। ਰਿਦ–ਹਿਰਦੇ ਵਿਚ। ਸਗਲੇ ਉਪਾਵ–ਸਾਰੇ ਹੀਲੇ। ੧।

ਅਧਾਰ–ਆਸਰਾ। ਏਕੰਕਾਰੈ–ਪਰਮਾਤਮਾ (ਹੀ)। ਤੇ–ਤੋਂ। ਠਾਕੁਰੁ–ਮਾਲਕ-ਪ੍ਰਭੂ। ਬਾਰ ਬਾਰ–ਮੁੜ ਮੁੜ। ੨।

ਅਰਥ :–ਹੇ ਭਾਈ! ਮੈਂ ਆਪਣੇ ਪੂਰੇ ਗੁਰੂ ਤੋਂ ਕੁਰਬਾਨ ਜਾਂਦਾ ਹਾਂ। (ਗੁਰੂ ਪਰਮਾਤਮਾ ਦੇ) ਨਾਮ ਦਾ ਪਰਤਾਪ (ਜਗਤ ਵਿਚ) ਪ੍ਰਸਿੱਧ ਕਰਦਾ ਹੈ। ਰੱਖਿਆ ਕਰਨ ਦੀ ਸਮਰਥਾ ਵਾਲਾ ਪ੍ਰਭੂ (ਨਾਮ ਜਪਣ ਵਾਲਿਆਂ ਨੂੰ ਅਨੇਕਾਂ ਦੁੱਖਾਂ ਤੋਂ) ਬਚਾਂਦਾ ਹੈ। ੧। ਰਹਾਉ।

ਹੇ ਭਾਈ! (ਗੁਰੂ ਦੀ ਕਿਰਪਾ ਨਾਲ ਹੀ) ਪ੍ਰਭੂ ਆਪਣੇ ਸੇਵਕਾਂ ਦਾਸਾਂ ਨੂੰ (ਦੁੱਖਾਂ ਵਿਕਾਰਾਂ ਦੇ ਟਾਕਰੇ ਤੇ) ਦਲੇਰ ਕਰ ਦੇਂਦਾ ਹੈ, (ਸੇਵਕਾਂ ਦੇ) ਸਾਰੇ ਦੁੱਖ ਨਾਸ ਕਰਦਾ ਹੈ। (ਪ੍ਰਭੂ ਦਾ) ਸੇਵਕ (ਭੀ) ਹੋਰ ਸਾਰੇ ਹੀਲੇ ਛੱਡ ਕੇ ਪਰਮਾਤਮਾ ਦੇ ਸੋਹਣੇ ਚਰਨ (ਆਪਣੇ) ਹਿਰਦੇ ਵਿਚ ਵਸਾਈ ਰੱਖਦਾ ਹੈ। ੧।

ਹੇ ਭਾਈ! (ਜਿਹੜੇ ਮਨੁੱਖ ਗੁਰੂ ਦੀ ਮਿਹਰ ਨਾਲ ਨਾਮ ਜਪਦੇ ਹਨ, ਉਹਨਾਂ ਨੂੰ ਇਹ ਨਿਸ਼ਚਾ ਹੋ ਜਾਂਦਾ ਹੈ ਕਿ) ਸਿਰਫ਼ ਪਰਮਾਤਮਾ ਹੀ ਸਿਰਫ਼ ਪ੍ਰਭੂ ਹੀ ਪ੍ਰਾਣਾਂ ਦਾ ਆਸਰਾ ਹੈ ਤੇ ਸੱਜਣ ਮਿੱਤਰ ਹੈ। ਹੇ ਭਾਈ! (ਦਾਸ) ਨਾਨਕ ਦਾ (ਤਾਂ ਪਰਮਾਤਮਾ ਹੀ) ਸਭ ਤੋਂ ਉੱਚਾ ਮਾਲਕ ਹੈ। (ਨਾਨਕ) ਸਦਾ ਮੁੜ ਮੁੜ (ਪਰਮਾਤਮਾ ਨੂੰ ਹੀ) ਸਿਰ ਨਿਵਾਂਦਾ ਹੈ। ੨। ੪੯। ੭੨।

ਸਾਰਗ ਮਹਲਾ ੫ ॥ ਬਿਨੁ ਹਰਿ ਹੈ ਕੋ ਕਹਾ ਬਤਾਵਹੁ ॥ ਸੁਖ ਸਮੂਹ ਕਰੁਣਾਮੈ ਕਰਤਾ ਤਿਸੁ ਪ੍ਰਭ ਸਦਾ ਧਿਆਵਹ ॥ ੧ ॥ ਰਹਾਉ ॥ ਜਾ ਕੈ ਸੂਤਿ ਪਰੋਏ ਜੰਤਾ ਤਿਸੁ ਪ੍ਰਭ ਕਾ ਜਸੁ ਗਾਵਹੁ ॥ ਸਿਮਰਿ ਠਾਕੁਰੁ ਜਿਨਿ ਸਭੁ ਕਿਛੁ ਦੀਨਾ ਆਨ ਕਹਾ ਪਹਿ ਜਾਵਹੁ ॥ ੧ ॥ ਸਫਲ ਸੇਵਾ ਸੁਆਮੀ ਮੇਰੇ ਕੀ ਮਨ ਬਾਂਛਤ ਫਲ ਪਾਵਹੁ ॥ ਕਹੁ ਨਾਨਕ ਲਾਭੁ ਲਾਹਾ ਲੈ ਚਾਲਹੁ ਸੁਖ ਸੇਤੀ ਘਰਿ ਜਾਵਹੁ ॥ ੨ ॥ ੫੦ ॥ ੭੩ ॥

ਪਦ ਅਰਥ :–ਕੋ–ਕੌਣ ? ਕਹਾ–ਕਿੱਥੇ ? ਕਹਾਂ ? ਬਤਾਵਹੁ–ਦੱਸੋ। ਸੁਖ ਸਮੂਹ–ਸਾਰੇ ਸੁਖਾਂ ਦਾ ਮੂਲ। ਕਰੁਣਾ–ਤਰਸ। ਕਰੁਣਾ-ਮੈ–ਤਰਸ-ਰੂਪ। ਕਰਤਾ–ਕਰਤਾਰ। ੧। ਰਹਾਉ।

ਸੂਤਿ–ਸੂਤਰ ਵਿਚ। ਜਾ ਕੈ ਸੂਤਿ–ਜਿਸ ਦੇ ਹੁਕਮ ਰੂਪ ਧਾਗੇ ਵਿਚ। ਜਸੁ–

ਸਿਫ਼ਤਿ ਸਾਲਾਹ ਦਾ ਗੀਤ। ਸਿਮਰਿ–ਸਿਮਰਿਆ ਕਰੋ। ਜਿਨਿ–ਜਿਸ (ਠਾਕੁਰ) ਨੇ। ਕਹਾ–ਕਿੱਥੇ ? ਆਨ ਪਹਿ–ਕਿਸੇ ਹੋਰ ਪਾਸ। ੧।

ਸਫਲ–ਫਲ ਦੇਣ ਵਾਲੀ। ਸੇਵਾ–ਭਗਤੀ। ਮਨ ਬਾਂਛਤ–ਮਨ-ਮੰਗੇ। ਲਾਹਾ–ਲਾਭ। ਲੈ–ਲੈ ਕੇ। ਸੇਤੀ–ਨਾਲ। ਘਰਿ–ਘਰ ਵਿਚ, ਪ੍ਰਭੂ ਦੇ ਚਰਨਾਂ ਵਿਚ। ੨।

ਅਰਥ :–ਹੇ ਭਾਈ ! ਦੱਸੋ, ਪਰਮਾਤਮਾ ਤੋਂ ਬਿਨਾ ਹੋਰ ਕੌਣ (ਸਹਾਈ) ਹੈ ਤੇ ਕਿੱਥੇ ਹੈ ? ਉਹ ਸਿਰਜਣਹਾਰ ਸਾਰੇ ਸੁਖਾਂ ਦਾ ਸੋਮਾ ਹੈ, ਉਹ ਪ੍ਰਭੂ ਤਰਸ-ਸਰੂਪ ਹੈ। ਹੇ ਭਾਈ ! ਸਦਾ ਉਸ ਦਾ ਸਿਮਰਨ ਕਰਦੇ ਰਹੋ। ੧। ਰਹਾਉ।

ਹੇ ਭਾਈ ! ਜਿਸ ਪਰਮਾਤਮਾ ਦੇ (ਹੁਕਮ-ਰੂਪ) ਧਾਗੇ ਵਿਚ ਸਾਰੇ ਜੀਵ ਪ੍ਰੋਤੇ ਹੋਏ ਹਨ, ਉਸ ਦੀ ਸਿਫ਼ਤਿ ਸਾਲਾਹ ਦਾ ਗੀਤ ਗਾਂਦੇ ਰਿਹਾ ਕਰੋ। ਜਿਸ (ਮਾਲਕ-ਪ੍ਰਭੂ) ਨੇ ਹਰੇਕ ਚੀਜ਼ ਦਿੱਤੀ ਹੋਈ ਹੈ ਉਸ ਦਾ ਸਿਮਰਨ ਕਰਿਆ ਕਰੋ। (ਉਸ ਦਾ ਆਸਰਾ ਛੱਡ ਕੇ) ਹੋਰ ਕਿੱਥੇ ਕਿਸੇ ਪਾਸ ਜਾਂਦੇ ਹੋ ? ੧।

ਹੇ ਭਾਈ ! ਮੇਰੇ ਮਾਲਕ-ਪ੍ਰਭੂ ਦੀ ਹੀ ਭਗਤੀ ਸਾਰੇ ਫਲ ਦੇਣ ਵਾਲੀ ਹੈ (ਉਸੇ ਦੇ ਦਰ ਤੋਂ ਹੀ) ਮਨ-ਮੰਗੇ ਫਲ ਪ੍ਰਾਪਤ ਕਰ ਸਕਦੇ ਹੋ। ਹੇ ਨਾਨਕ ! ਆਖ–ਹੇ ਭਾਈ ! (ਜਗਤ ਤੋਂ ਪਰਮਾਤਮਾ ਦੀ ਭਗਤੀ ਦਾ) ਲਾਭ ਖੱਟ ਕੇ ਤੁਰੋ, ਬੜੇ ਆਨੰਦ ਨਾਲ ਪ੍ਰਭੂ ਦੇ ਚਰਨਾਂ ਵਿਚ ਪਹੁੰਚੋਗੇ। ੨। ੫੦। ੭੩।

ਸਾਰਗ ਮਹਲਾ ੫ ॥ ਠਾਕੁਰ ਤੁਮ੍ ਸਰਣਾਈ ਆਇਆ ॥ ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥ ਅਨ ਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥ ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥ ੧ ॥ ਬਾਹ ਪਕਰਿ ਕਢਿ ਲੀਨੇ ਅਪੁਨੇ, ਗ੍ਰਿਹ ਅੰਧ ਕੂਪ ਤੇ ਮਾਇਆ ॥ ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥

ਪਦ ਅਰਥ :–ਠਾਕੁਰ–ਹੇ ਮਾਲਕ-ਪ੍ਰਭੂ ! ਸੰਸਾ–ਸਹਮ। ਜਬ ਤੇ–ਜਦੋਂ ਤੋਂ। ੧। ਰਹਾਉ।

ਅਨ ਬੋਲਤ–ਬਿਨਾ ਬੋਲਣ ਦੇ। ਬਿਰਥਾ–[व्यथा] ਪੀੜ, ਦੁੱਖ। ਜਾਨੀ–ਤੂੰ ਜਾਣ ਲਈ ਹੈ। ਨਾਠੇ–ਨੱਸ ਗਏ ਹਨ। ਸਹਜਿ–ਆਤਮਕ ਅਡੋਲਤਾ ਵਿਚ। ਅਨਦ–ਆਨੰਦ। ੧।

ਪਕਰਿ–ਫੜ ਕੇ। ਗ੍ਰਿਹ ਅੰਧ ਕੂਪ ਤੇ ਮਾਇਆ–ਮਾਇਆ (ਦੇ) ਅੰਧ ਕੂਪ ਗ੍ਰਿਹ ਤੇ, ਮਾਇਆ ਦੇ ਅੰਨ੍ਹੇ ਖੂਹ ਘਰ ਤੋਂ। ਗੁਰਿ–ਗੁਰੂ ਨੇ। ਆਨਿ–ਲਿਆ ਕੇ। ੨।

ਅਰਥ :-ਹੇ (ਮੇਰੇ) ਮਾਲਕ-ਪ੍ਰਭੂ ! (ਮੈਂ) ਤੇਰੀ ਸਰਨ ਆਇਆ ਹਾਂ। ਜਦੋਂ ਤੋਂ ਮੈਂ ਤੇਰਾ ਦਰਸ਼ਨ ਕੀਤਾ ਹੈ (ਤਦੋਂ ਤੋਂ ਹੀ) ਮੇਰੇ ਮਨ ਤੋਂ (ਹਰੇਕ) ਸਹਮ ਲਹਿ ਗਿਆ ਹੈ।੧।ਰਹਾਉ।

ਹੇ (ਮੇਰੇ) ਮਾਲਕ-ਪ੍ਰਭੂ ! ਤੂੰ (ਸਦਾ ਹੀ ਮੇਰੇ) ਬਿਨਾ ਬੋਲਣ ਦੇ ਮੇਰਾ ਦੁੱਖ ਸਮਝ ਲਿਆ ਹੈ, ਤੂੰ ਆਪ ਹੀ ਮੈਥੋਂ ਆਪਣਾ ਨਾਮ ਜਪਾਇਆ ਹੈ। ਜਦੋਂ ਤੋਂ ਬੜੇ ਆਨੰਦ ਨਾਲ ਮੈਂ ਤੇਰੇ ਗੁਣ ਗਾਂਦਾ ਹਾਂ, ਮੇਰੇ (ਸਾਰੇ)ਦੁੱਖ ਦੂਰ ਹੋ ਗਏ ਹਨ,ਸੁਖਾਂ ਵਿਚ ਆਤਮਕ ਅਡੋਲਤਾ ਵਿਚ ਮੈਂ ਮਗਨ ਰਹਿੰਦਾ ਹਾਂ।੧।

ਹੇ ਭਾਈ ! (ਪਰਮਾਤਮਾ) ਆਪਣੇ (ਸੇਵਕਾਂ) ਦੀ ਬਾਂਹ ਫੜ ਕੇ ਉਹਨਾਂ ਨੂੰ ਮਾਇਆ ਦੇ (ਮੋਹ ਦੇ) ਅੰਨ੍ਹੇ ਖੂਹ ਵਿਚੋਂ ਅੰਨ੍ਹੇ ਘਰ ਵਿਚੋਂ ਕੱਢ ਲੈਂਦਾ ਹੈ। ਹੇ ਨਾਨਕ ! ਆਖ-ਗੁਰੂ ਨੇ (ਜਿਸ ਮਨੁੱਖ ਦੀਆਂ ਮਾਇਆ ਦੇ ਮੋਹ ਦੀਆਂ)ਫਾਹੀਆਂ ਕੱਟ ਦਿੱਤੀਆਂ, (ਪ੍ਰਭੂ-ਚਰਨਾਂ ਤੋਂ) ਵਿਛੁੜਦੇ ਉਸ ਨੂੰ ਲਿਆ ਕੇ (ਪ੍ਰਭੂ ਦੇ ਚਰਨਾਂ ਵਿਚ) ਮੇਲ ਦਿੱਤਾ। ੨।੫੧।੭੪।

ਸਾਰਗ ਮਹਲਾ ੫ ॥ ਹਰਿ ਕੇ ਨਾਮ ਕੀ ਗਤਿ ਠਾਂਢੀ ॥ ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਖੋਜਤ ਖੋਜਤ ਕਾਢੀ ॥ ੧ ॥ ਰਹਾਉ ॥ ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥ ਸਿਮਰਿ ਸਿਮਰਿ ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥ ੧ ॥ ਜੋ ਜੋ ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥ ਨਾਨਕ ਕੀ ਬੇਨੰਤੀ ਪ੍ਰਭ ਜੀਉ ਮਿਲੈ ਸੰਤ ਜਨ ਸੇਵਾ ॥ ੨ ॥ ਪ੨ ॥ ੭੫ ॥

ਪਦ ਅਰਥ :-ਗਤਿ-ਹਾਲਤ, ਤਾਸੀਰ, ਪ੍ਰਭਾਵ। ਠਾਂਢੀ-ਠੰਢ ਪਾਣ ਵਾਲੀ, ਸ਼ਾਂਤੀ ਦੇਣ ਵਾਲੀ। ਖੋਜਤ-ਖੋਜ ਕਰਦਿਆਂ। ਕਾਢੀ-ਕਹੀ ਹੈ, ਦੱਸੀ ਹੈ।੧।ਰਹਾਉ।

ਸ਼ਿਵ-ਸ਼ਿਵ (-ਲੋਕ)। ਬਿਰੰਚ-ਬ੍ਰਹਮਾ, ਬ੍ਰਹਮ (-ਲੋਕ)। ਅਰੁ-ਅਤੇ [ਅਰਿ-ਵੈਰੀ]। ਤਾ ਮਹਿ-ਉਹਨਾਂ (ਲੋਕਾਂ) ਵਿਚ। ਜਲਤੌ-(ਤ੍ਰਿਸ਼ਨਾ-ਅੱਗ ਨਾਲ) ਸੜਦਾ ਹੀ। ਸਿਮਰਿ-ਸਿਮਰ ਕੇ। ਸੀਤਲ-ਸ਼ਾਂਤ, ਠੰਢਾ-ਠਾਰ। ਹਿਰਿਆ-ਦੂਰ ਕਰ ਲਿਆ। ੧।

ਜੋ ਜੋ-ਜਿਹੜਾ ਜਿਹੜਾ (ਭਗਤ)। ਪੁਰਾਤਨੁ-ਪੁਰਾਣੇ ਸਮੇ ਦਾ। ਨਵਤਨੁ-ਨਵੇਂ ਸਮੇ ਦਾ, ਨਵਾਂ। ਭਾਇ-ਪ੍ਰੇਮ ਦੀ ਰਾਹੀਂ [ਭਾਉ-ਪ੍ਰੇਮ]। ਪ੍ਰਭ ਜੀਉ-ਹੇ ਪ੍ਰਭੂ ਜੀ ! ਮਿਲੈ-ਮਿਲ ਜਾਏ।੨।

ਅਰਥ :-ਹੇ ਭਾਈ ! ਪਰਮਾਤਮਾ ਦੇ ਨਾਮ ਦਾ ਸ਼ਾਂਤੀ ਦੇਣ ਵਾਲਾ ਪ੍ਰਭਾਵ ਹੈ-

ਇਹੀ ਗੱਲ ਵੇਦਾਂ ਪੁਰਾਣਾਂ ਸਿਮ੍ਰਿਤੀਆਂ ਅਤੇ ਸਾਧੂ ਜਨਾਂ ਨੇ ਖੋਜ ਖੋਜ ਕੇ ਦੱਸੀ ਹੈ। ੧। ਰਹਾਉ।

ਹੇ ਭਾਈ! ਸ਼ਿਵ-ਲੋਕ, ਬ੍ਰਹਮ-ਲੋਕ, ਇੰਦ੍ਰ-ਲੋਕ–ਇਹਨਾਂ (ਲੋਕਾਂ) ਵਿਚ ਪਹੁੰਚਿਆ ਹੋਇਆ ਭੀ ਤ੍ਰਿਸ਼ਨਾ ਦੀ ਅੱਗ ਵਿਚ ਸੜਦਾ ਹੀ ਫਿਰਦਾ ਹੈ। ਸੁਆਮੀ-ਪ੍ਰਭੂ ਦਾ ਨਾਮ ਸਿਮਰ ਸਿਮਰ ਕੇ ਜੀਵ ਸ਼ਾਂਤ-ਮਨ ਹੋ ਜਾਂਦੇ ਹਨ। (ਸਿਮਰਨ ਦੀ ਬਰਕਤਿ ਨਾਲ) ਸਾਰਾ ਦੁੱਖ ਦਰਦ ਅਤੇ ਭਟਕਣ ਦੂਰ ਹੋ ਜਾਂਦਾ ਹੈ। ੧।

ਹੇ ਭਾਈ! ਪੁਰਾਣੇ ਸਮੇ ਦਾ ਚਾਹੇ ਨਵੇਂ ਸਮੇ ਦਾ ਜਿਹੜਾ ਜਿਹੜਾ ਭੀ (ਭਗਤ) ਸੰਸਾਰ-ਸਮੁੰਦਰ ਤੋਂ ਪਾਰ ਲੰਘਿਆ ਹੈ, ਉਹ ਪ੍ਰਭੂ-ਦੇਵ ਦੀ ਭਗਤੀ ਦੀ ਬਰਕਤਿ ਨਾਲ ਪ੍ਰੇਮ ਦੀ ਬਰਕਤਿ ਨਾਲ ਹੀ ਲੰਘਿਆ ਹੈ। ਹੇ ਪ੍ਰਭੂ ਜੀ! (ਤੇਰੇ ਦਾਸ) ਨਾਨਕ ਦੀ (ਤੇਰੇ ਦਰ ਤੇ ਇਹੀ) ਬੇਨਤੀ ਹੈ ਕਿ (ਮੈਨੂੰ ਤੇਰੇ) ਸੰਤ ਜਨਾਂ ਦੀ (ਸਰਨ ਵਿਚ ਰਹਿ ਕੇ) ਸੇਵਾ ਕਰਨ ਦਾ ਮੌਕਾ ਮਿਲ ਜਾਇ। ੨। ੫੨। ੭੫।

ਸਾਰਗ ਮਹਲਾ ੫ ॥ ਜਿਹਵੇ ਅੰਮ੍ਰਿਤ ਗੁਣ ਹਰਿ ਗਾਉ ॥ ਹਰਿ ਹਰਿ ਬੋਲਿ ਕਥਾ ਸੁਨਿ ਹਰਿ ਕੀ ਉਚਰਹੁ ਪ੍ਰਭ ਕੋ ਨਾਉ ॥ ੧ ॥ ਰਹਾਉ ॥ ਰਾਮਨਾਮੁ ਰਤਨ ਧਨੁ ਸੰਚਹੁ ਮਨਿ ਤਨਿ ਲਾਵਹੁ ਭਾਉ ॥ ਆਨ ਬਿਭੂਤ ਮਿਥਿਆ ਕਰਿ ਮਾਨਹੁ ਸਾਚਾ ਇਹੈ ਸੁਆਉ ॥ ੧ ॥ ਜੀਅ ਪ੍ਰਾਨ ਮੁਕਤਿ ਕੋ ਦਾਤਾ ਏਕਸ ਸਿਉ ਲਿਵ ਲਾਉ ॥ ਕਹੁ ਨਾਨਕ ਤਾ ਕੀ ਸਰਣਾਈ ਦੇਤ ਸਗਲ ਅਪਿਆਉ ॥ ੨ ॥ ੫੩ ॥ ੭੬ ॥

ਪਦ ਅਰਥ :–ਜਿਹਵੇ–ਹੇ (ਮੇਰੀ) ਜੀਭ! ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੇ। ਗਾਉ–ਗਾਇਆ ਕਰ। ਕੋ–ਦਾ। ੧। ਰਹਾਉ।

ਰਤਨ ਧਨੁ–ਕੀਮਤੀ ਧਨ। ਸੰਚਹੁ–ਇਕੱਠਾ ਕਰਿਆ ਕਰੋ। ਮਨਿ–ਮਨ ਵਿਚ। ਤਨਿ–ਤਨ ਵਿਚ। ਭਾਉ–ਪ੍ਰੇਮ। ਆਨ–ਹੋਰ ਹੋਰ। ਬਿਭੂਤ–ਐਸ਼੍ਵਰਜ, ਧਨ-ਪਦਾਰਥ। ਮਿਥਿਆ–ਨਾਸਵੰਤ। ਸਾਚਾ–ਸਦਾ ਕਾਇਮ ਰਹਿਣ ਵਾਲਾ। ਸੁਆਉ–ਮਨੋਰਥ। ੧।

ਕੋ–ਦਾ। ਜੀਅ–ਜਿੰਦ। ਏਕਸ ਸਿਉ–ਇਕ (ਪਰਮਾਤਮਾ) ਨਾਲ ਹੀ। ਲਿਵ–ਲਗਨ। ਤਾ ਕੀ–ਉਸ (ਪਰਮਾਤਮਾ) ਦੀ। ਸਗਲ–ਸਾਰੇ। ਅਪਿਆਉ–ਭੋਜਨ, ਖਾਣੇ। ੨।

ਅਰਥ :–ਹੇ (ਮੇਰੀ) ਜੀਭ! ਪਰਮਾਤਮਾ ਦੇ ਆਤਮਕ ਜੀਵਨ ਦੇਣ ਵਾਲੇ ਗੁਣ ਗਾਇਆ ਕਰ। ਹੇ ਭਾਈ! ਪਰਮਾਤਮਾ ਦਾ ਨਾਮ ਉਚਾਰਿਆ ਕਰ, ਪ੍ਰਭੂ ਦੀ ਸਿਫ਼ਤਿ ਸਾਲਾਹ ਸੁਣਿਆ ਕਰ, ਪ੍ਰਭੂ ਦਾ ਨਾਮ ਉਚਾਰਿਆ ਕਰ। ੧। ਰਹਾਉ।

ਹੇ ਭਾਈ ! ਪਰਮਾਤਮਾ ਦਾ ਨਾਮ ਹੀ ਕੀਮਤੀ ਧਨ ਹੈ, ਇਹ ਧਨ ਇਕੱਠਾ ਕਰਿਆ ਕਰ । ਆਪਣੇ ਮਨ ਵਿਚ ਆਪਣੇ ਹਿਰਦੇ ਵਿਚ ਪ੍ਰਭੂ ਦਾ ਪਿਆਰ ਬਣਾਇਆ ਕਰ। ਹੇ ਭਾਈ ! (ਨਾਮ ਤੋਂ ਬਿਨਾ) ਹੋਰ ਹੋਰ ਧਨ-ਪਦਾਰਥ ਨੂੰ ਨਾਸਵੰਤ ਸਮਝ । (ਪਰ-ਮਾਤਮਾ ਦਾ ਨਾਮ ਹੀ) ਸਦਾ ਕਾਇਮ ਰਹਿਣ ਵਾਲਾ ਜੀਵਨ-ਮਨੋਰਥ ਹੈ । ੧ ।

ਹੇ ਭਾਈ ! ਸਿਰਫ਼ ਪਰਮਾਤਮਾ (ਦੇ ਨਾਮ) ਨਾਲ ਲਗਨ ਪੈਦਾ ਕਰ, ਪਰਮਾਤਮਾ ਹੀ ਜਿੰਦ ਦੇਣ ਵਾਲਾ ਹੈ ਪ੍ਰਾਣ ਦੇਣ ਵਾਲਾ ਹੈ, ਮੁਕਤੀ (ਉੱਚੀ ਆਤਮਕ ਦਸ਼ਾ) ਦੇਣ ਵਾਲਾ ਹੈ । ਹੇ ਨਾਨਕ ! ਆਖ–(ਹੇ ਭਾਈ !) ਉਸ ਪਰਮਾਤਮਾ ਦੀ ਸਰਨ ਪਿਆ ਰਹੁ ਜੋ ਸਾਰੇ ਖਾਣ ਪੀਣ ਦੇ ਪਦਾਰਥ ਦੇਂਦਾ ਹੈ । ੨ । ੫੩ । ੭੬ ।

ਸਾਰਗ ਮਹਲਾ ੫ ॥ ਹੋਤੀ ਨਹੀ ਕਵਨ ਕਛੁ ਕਰਣੀ ॥ ਇਹੈ ਓਟ ਪਾਈ ਮਿਲਿ ਸੰਤਹ ਗੋਪਾਲ ਏਕ ਕੀ ਸਰਣੀ ॥ ੧ ॥ ਰਹਾਉ ॥ ਪੰਚ ਦੋਖ ਛਿਦ੍ਰ ਇਆ ਤਨ ਮਹਿ ਬਿਖੈ ਬਿਆਧਿ ਕੀ ਕਰਣੀ ॥ ਆਸ ਅਪਾਰ ਦਿਨਸ ਗਣਿ ਰਾਖੇ ਗ੍ਰਸਤ ਜਾਤ ਬਲੁ ਜਰਣੀ ॥ ੧ ॥ ਅਨਾਥਹ ਨਾਥ ਦਇਆਲ ਸੁਖ ਸਾਗਰ ਸਰਬ ਦੋਖ ਭੈ ਹਰਣੀ ॥ ਮਨਿ ਬਾਂਛਤ ਚਿਤਵਤ ਨਾਨਕ ਦਾਸ ਪੇਖਿ ਜੀਵਾ ਪ੍ਰਭ ਚਰਣੀ ॥ ੨ ॥ ੫੪ ॥ ੭੭ ॥

ਪਦ ਅਰਥ:–ਹੋਤੀ ਨਹੀ–ਨਹੀਂ ਹੋ ਸਕਦੀ । ਕਰਣੀ–ਚੰਗੀ ਕਾਰ, ਚੰਗਾ ਕਰਤੱਬ । ਮਿਲਿ–ਮਿਲ ਕੇ । ਓਟ–ਆਸਰਾ । ੧ । ਰਹਾਉ ।

ਪੰਚ ਦੋਖ–(ਕਾਮਾਦਿਕ) ਪੰਜ ਵਿਕਾਰ । ਛਿਦ੍ਰ–ਐਬ । ਇਆ ਤਨ ਮਹਿ–ਇਸ ਸਰੀਰ ਵਿਚ । ਬਿਖੈ–ਵਿਸ਼ੇ-ਵਿਕਾਰ । ਬਿਆਧਿ–ਵਿਕਾਰ । ਬਿਆਧਿ ਕੀ ਕਰਣੀ–ਵਿਕਾਰਾਂ ਵਾਲੀ ਹੀ ਕਰਤੂਤ । ਅਪਾਰ–ਅ-ਪਾਰ, ਬੇਅੰਤ । ਗਣਿ ਰਾਖੇ–ਗਿਣ ਕੇ ਰੱਖੇ ਹੋਏ, ਥੋੜੇ । ਗ੍ਰਸਤ ਜਾਤ–ਗ੍ਰਸੀ ਜਾ ਰਿਹਾ ਹੈ । ਬਲੁ–ਤਾਕਤ ਨੂੰ । ਜਰਣੀ–ਜਰਾ, ਬੁਢੇਪਾ । ੧ ।

ਅਨਾਥਹ ਨਾਥ–ਹੇ ਅਨਾਥਾਂ ਦੇ ਨਾਥ ! ਸੁਖ ਸਾਗਰ–ਹੇ ਸੁਖਾਂ ਦੇ ਸਮੁੰਦਰ ! ਸਰਬ ਦੋਖ ਭੈ ਹਰਣੀ–ਹੇ ਸਾਰੇ ਐਬ ਤੇ ਡਰ ਦੂਰ ਕਰਨ ਵਾਲੇ ! ਮਨਿ ਬਾਂਛਤ–ਮਨ-ਮੰਗੀ ਮੁਰਾਦ । ਚਿਤਵਤ–ਚਿਤਾਰਦਾ ਰਹਿੰਦਾ ਹੈ । ਪੇਖਿ–ਵੇਖ ਕੇ । ਜੀਵਾ–ਜੀਵਾਂ, ਜੀਊਂਦਾ ਰਹਾਂ, ਆਤਮਕ ਜੀਵਨ ਹਾਸਲ ਕਰਦਾ ਰਹਾਂ । ੨ ।

ਅਰਥ :–ਹੇ ਭਾਈ ! ਮੈਥੋਂ ਕੋਈ ਸੁਚੱਜਾ ਕਰਤੱਬ ਨਹੀਂ ਹੋ ਸਕਿਆ । ਸੰਤ ਜਨਾਂ ਨੂੰ ਮਿਲ ਕੇ ਸਿਰਫ਼ ਪਰਮਾਤਮਾ ਦੀ ਸਰਨ ਪਏ ਰਹਿਣਾ–ਸਿਰਫ਼ ਇਹੀ ਆਸਰਾ ਮੈਂ ਲੱਭਾ ਹੈ । ੧ । ਰਹਾਉ ।

ਹੇ ਭਾਈ! (ਕਾਮਾਦਿਕ) ਪੰਜੇ ਵਿਕਾਰ ਅਤੇ ਹੋਰ ਐਬ (ਜੀਵ ਦੇ) ਇਸ ਸਰੀਰ ਵਿਚ ਟਿਕੇ ਰਹਿੰਦੇ ਹਨ, ਵਿਸ਼ੇ-ਵਿਕਾਰਾਂ ਵਾਲੀ ਕਰਣੀ (ਜੀਵ ਦੀ) ਬਣੀ ਰਹਿੰਦੀ ਹੈ। (ਜੀਵ ਦੀਆਂ) ਆਸਾਂ ਬੇਅੰਤ ਹੁੰਦੀਆਂ ਹਨ, ਪਰ ਜ਼ਿੰਦਗੀ ਦੇ ਦਿਨ ਗਿਣੇ-ਮਿੱਥੇ ਹੁੰਦੇ ਹਨ। ਬੁਢੇਪਾ (ਜੀਵ ਦੇ ਸਰੀਰਕ) ਬਲ ਨੂੰ ਖਾਈ ਜਾਂਦਾ ਹੈ। ੧।

ਹੇ ਦਾਸ ਨਾਨਕ! (ਆਖ–) ਹੇ ਅਨਾਥਾਂ ਦੇ ਨਾਥ ਪ੍ਰਭੂ! ਹੇ ਦਇਆ ਦੇ ਸੋਮੇ ਪ੍ਰਭੂ! ਹੇ ਸੁਖਾਂ ਦੇ ਸਮੁੰਦਰ! ਹੇ (ਜੀਵਾਂ ਦੇ) ਸਾਰੇ ਵਿਕਾਰ ਤੇ ਡਰ ਦੂਰ ਕਰਨ ਵਾਲੇ! (ਤੇਰਾ ਦਾਸ ਤੇਰੇ ਦਰ ਤੋਂ ਇਹ) ਮਨ-ਮੰਗੀ ਮੁਰਾਦ ਚਾਹੁੰਦਾ ਹੈ ਕਿ ਹੇ ਪ੍ਰਭੂ! ਤੇਰੇ ਚਰਨਾਂ ਦਾ ਦਰਸਨ ਕਰ ਕੇ ਮੈਂ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ। ੨। ੫੪। ।੭੭।

ਸਾਰਗ ਮਹਲਾ ੫ ॥ ਫੀਕੇ ਹਰਿ ਕੇ ਨਾਮ ਬਿਨੁ ਸਾਦ ॥ ਅੰਮ੍ਰਿਤ ਰਸੁ ਕੀਰਤਨੁ ਹਰਿ ਗਾਈਐ ਅਹਿਨਿਸਿ ਪੂਰਨ ਨਾਦ ॥ ੧ ॥ ਰਹਾਉ ॥ ਸਿਮਰਤ ਸਾਂਤਿ ਮਹਾ ਸੁਖੁ ਪਾਈਐ ਮਿਟਿ ਜਾਹਿ ਸਗਲ ਬਿਖਾਦ ॥ ਹਰਿ ਹਰਿ ਲਾਭੁ ਸਾਧ ਸੰਗਿ ਪਾਈਐ ਘਰਿ ਲੈ ਆਵਹਿ ਲਾਦਿ ॥ ੧ ॥ ਸਭ ਤੇ ਊਚ ਊਚ ਤੇ ਊਚੋ ਅੰਤੁ ਨਹੀ ਮਰਜਾਦ ॥ ਬਰਨਿ ਨ ਸਾਕਉ ਨਾਨਕ ਮਹਿਮਾ ਪੇਖਿ ਰਹੇ ਬਿਸਮਾਦੁ ॥ ੨ ॥ ੫੫ ॥ ੭੮ ॥

ਪਦ ਅਰਥ:–ਫੀਕੇ–ਫਿੱਕੇ, ਬੇ-ਸੁਆਦੇ। ਸਾਦ–(ਮਾਇਕ ਪਦਾਰਥਾਂ ਦੇ) ਸੁਆਦ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲਾ। ਗਾਈਐ–ਗਾਣਾ ਚਾਹੀਦਾ ਹੈ। ਅਹਿ–ਦਿਨ। ਨਿਸਿ–ਰਾਤ। ਪੂਰਨ ਨਾਦ–ਨਾਦ ਪੂਰੇ ਜਾਣਗੇ, (ਆਤਮਕ ਆਨੰਦ ਦੇ) ਵਾਜੇ ਵੱਜਣਗੇ। ੧। ਰਹਾਉ।

ਸਿਮਰਤ–ਸਿਮਰਦਿਆਂ। ਪਾਈਐ–ਪ੍ਰਾਪਤ ਕਰੀਦਾ ਹੈ। ਬਿਖਾਦ–ਦੁੱਖ-ਕਲੇਸ਼, ਝਗੜੇ। ਸਾਧ ਸੰਗਿ–ਗੁਰੂ ਦੀ ਸੰਗਤਿ ਵਿਚ। ਘਰਿ–ਹਿਰਦੇ-ਘਰ ਵਿਚ। ਲਾਦਿ–ਲੱਦ ਕੇ। ੧।

ਮਰਜਾਦ–ਮਰਯਾਦਾ (ਦਾ)। ਸਾਕਉ–ਸਾਕਉਂ। ਬਰਨਿ ਨ ਸਾਕਉ–ਮੈਂ ਬਿਆਨ ਨਹੀਂ ਕਰ ਸਕਦਾ। ਮਹਿਮਾ–ਵਡਿਆਈ। ਪੇਖਿ–ਵੇਖ ਕੇ। ਬਿਸਮਾਦੁ–ਹੈਰਾਨ। ੨।

ਅਰਥ :–ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ (ਮਾਇਕ ਪਦਾਰਥਾਂ ਦੇ) ਸੁਆਦ ਫਿੱਕੇ ਹਨ। ਹੇ ਭਾਈ! ਪ੍ਰਭੂ ਦਾ ਕੀਰਤਨ ਹੀ ਆਤਮਕ ਜੀਵਨ ਦੇਣ ਵਾਲਾ ਰਸ ਹੈ, ਹਰੀ ਦਾ ਕੀਰਤਨ ਹੀ ਗਾਣਾ ਚਾਹੀਦਾ ਹੈ (ਜਿਹੜਾ ਮਨੁੱਖ ਗਾਂਦਾ ਹੈ, ਉਸ

ਦੇ ਅੰਦਰ) ਦਿਨ ਰਾਤ ਆਤਮਕ ਆਨੰਦ ਦੇ ਵਾਜੇ ਵੱਜਦੇ ਰਹਿੰਦੇ ਹਨ ।੧। ਰਹਾਉ ।

ਹੇ ਭਾਈ ! ਪਰਮਾਤਮਾ ਦਾ ਨਾਮ ਸਿਮਰਦਿਆਂ ਆਤਮਕ ਸ਼ਾਂਤੀ ਮਿਲਦੀ ਹੈ ਬੜਾ ਸੁਖ ਪ੍ਰਾਪਤ ਕਰੀਦਾ ਹੈ, (ਅੰਦਰੋਂ) ਸਾਰੇ ਦੁੱਖ-ਕਲੇਸ਼ ਮਿਟ ਜਾਂਦੇ ਹਨ । ਪਰ ਪਰਮਾਤਮਾ ਦਾ ਨਾਮ ਸਿਮਰਨ ਦਾ ਇਹ ਲਾਭ ਸਾਧ ਸੰਗਤਿ ਵਿਚ ਹੀਮਿਲਦਾ ਹੈ।(ਜਿਹੜੇ ਮਨੁੱਖ ਗੁਰੂ ਦੀ ਸੰਗਤਿ ਵਿਚ ਮਿਲ ਬੈਠਦੇ ਹਨ ਉਹ) ਆਪਣੇ ਹਿਰਦੇ-ਘਰ ਵਿਚ ਇਹ ਖੱਟੀ ਲੱਦ ਕੇ ਲੈ ਆਉਂਦੇ ਹਨ ।੧।

ਹੇ ਨਾਨਕ ! (ਆਖ–ਹੇ ਭਾਈ !) ਪਰਮਾਤਮਾ ਸਭਨਾਂ ਨਾਲੋਂ ਉੱਚਾ ਹੈ, ਉੱਚਿਆਂ ਤੋਂ ਉੱਚਾ ਹੈ, ਉਸ ਦੇ ਹੱਦ-ਬੰਨੇ ਦਾ ਅੰਤ ਨਹੀਂ ਪਾਇਆ ਜਾ ਸਕਦਾ । ਮੈਂ ਉਸ ਦੀ ਵਡਿਆਈ ਬਿਆਨ ਨਹੀਂ ਕਰ ਸਕਦਾ, ਵੇਖ ਕੇ ਹੀ ਹੈਰਾਨ ਰਹਿ ਜਾਈਦਾ ਹੈ। ੨।੫੫।੭੮।

ਸਾਰਗ ਮਹਲਾ ੫ ॥ ਆਇਓ ਸੁਨਨ ਪੜਨ ਕਉ ਬਾਣੀ ॥ ਨਾਮੁ ਵਿਸਾਰਿ ਲਗਹਿ ਅਨ ਲਾਲਚਿ ਬਿਰਥਾ ਜਨਮੁ ਪਰਾਣੀ ॥ ੧ ॥ ਰਹਾਉ ॥ ਸਮਝੁ ਅਚੇਤ ਚੇਤਿ ਮਨ ਮੇਰੇ ਕਥੀ ਸੰਤਨ ਅਕਥ ਕਹਾਣੀ ॥ ਲਾਭੁ ਲੈਹੁ ਹਰਿ ਰਿਦੈ ਅਰਾਧਹੁ ਛੁਟਕੈ ਆਵਣ ਜਾਣੀ ॥ ੧ ॥ ਉਦਮੁ ਸਕਤਿ ਸਿਆਣਪ ਤੁਮ੍ਹਰੀ ਦੇਹਿ ਤ ਨਾਮੁ ਵਖਾਣੀ ॥ ਸੇਈ ਭਗਤ ਭਗਤਿ ਸੇ ਲਾਗੇ ਨਾਨਕ ਜੋ ਪ੍ਰਭ ਭਾਣੀ ॥੨॥੫੬॥੭੯॥

ਪਦ ਅਰਥ :–ਬਾਣੀ–ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਬਾਨੀ । ਵਿਸਾਰਿ–ਭੁਲਾ ਕੇ । ਲਗਹਿ–(ਜਿਹੜੇ) ਲੱਗਦੇ ਹਨ [ਬਹੁ ਵਚਨ] । ਅਨ ਲਾਲਚਿ–ਹੋਰ ਲਾਲਚ ਵਿਚ [अन्य–ਹੋਰ] । ਜਨਮੁ ਪਰਾਣੀ–ਉਹਨਾਂ ਪ੍ਰਾਣੀਆਂ ਦਾ ਜਨਮ ।੧। ਰਹਾਉ ।

ਅਚੇਤ ਮਨ-ਹੇ ਗ਼ਾਫ਼ਿਲ ਮਨ ! ਕਥੀ–ਬਿਆਨ ਕੀਤੀ ਹੈ । ਸੰਤਨ–ਸੰਤਾਂ ਨੇ । ਅਕਥ ਕਹਾਣੀ–ਅਕੱਥ ਪ੍ਰਭੂ ਦੀ ਸਿਫ਼ਤਿ ਸਾਲਾਹ । ਅਕਥ–ਅ-ਕੱਥ, ਜਿਸ ਦਾ ਸਰੂਪ ਬਿਆਨ ਨਾਹ ਕੀਤਾ ਜਾ ਸਕੇ । ਰਿਦੈ–ਹਿਰਦੇ ਵਿਚ । ਛੁਟਕੈ–ਮੁੱਕ ਜਾਂਦੀ ਹੈ ।੧।

ਸਕਤਿ–ਸ਼ਕਤੀ, ਤਾਕਤਿ ।ਦੇਹਿ–ਜੇ ਤੂੰ ਦੇਵੇਂ । ਤ–ਤਾਂ। ਵਖਾਣੀ–ਵਖਾਣੀਂ, ਮੈਂ ਉਚਾਰਾਂ । ਸੇਈ–ਉਹ ਹੀ [ਬਹੁ ਵਚਨ] । ਪ੍ਰਭ ਭਾਣੀ–ਪ੍ਰਭੂ ਨੂੰ ਭਾ ਗਏ ।੨।

ਅਰਥ :–ਹੇ ਭਾਈ ! (ਜਗਤ ਵਿਚ ਜੀਵ) ਪਰਮਾਤਮਾ ਦੀ ਸਿਫ਼ਤਿ ਸਾਲਾਹ ਸੁਣਨ ਪੜ੍ਹਨ ਵਾਸਤੇ ਆਇਆ ਹੈ (ਇਹੀ ਹੈ ਇਸ ਦਾ ਅਸਲ ਜਨਮ-ਮਨੋਰਥ) । ਪਰ ਜਿਹੜੇ ਪ੍ਰਾਣੀ (ਪਰਮਾਤਮਾ ਦਾ) ਨਾਮ ਭੁਲਾ ਕੇ ਹੋਰ ਲਾਲਚ ਵਿਚ ਲੱਗੇ ਰਹਿੰਦੇ ਹਨ,

ਉਹਨਾਂ ਦਾ ਮਨੁੱਖਾ ਜਨਮ ਵਿਅਰਥ ਚਲਾ ਜਾਂਦਾ ਹੈ ।੧। ਰਹਾਉ ।

ਹੇ ਮੇਰੇ ਗ਼ਾਫ਼ਿਲ ਮਨ! ਹੋਸ਼ ਕਰ, ਅਕੱਥ ਪ੍ਰਭੂ ਦੀ ਜਿਹੜੀ ਸਿਫ਼ਤਿ ਸਾਲਾਹ ਸੰਤ ਜਨਾਂ ਨੇ ਦੱਸੀ ਹੈ, ਉਸ ਨੂੰ ਚੇਤੇ ਕਰਿਆ ਕਰ । ਹੇ ਭਾਈ ! ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਓ, ਇਹ ਲਾਭ ਖੱਟੋ । (ਇਸ ਖੱਟੀ ਨਾਲ) ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ । ੧ ।

ਹੇ ਨਾਨਕ ! (ਆਖ–) ਹੇ ਪ੍ਰਭੂ ! ਤੇਰਾ ਹੀ ਦਿੱਤਾ ਉੱਦਮ ਤੇਰੀ ਹੀ ਦਿੱਤੀ ਸ਼ਕਤੀ ਤੇ ਸਿਆਣਪ (ਅਸੀ ਜੀਵ ਵਰਤ ਸਕਦੇ ਹਾਂ), ਜੇ ਤੂੰ(ਉੱਦਮ ਸ਼ਕਤੀ ਸਿਆਣਪ) ਦੇਵੇਂ, ਤਾਂ ਹੀ ਮੈਂ ਤੇਰਾ ਨਾਮ ਜਪ ਸਕਦਾ ਹਾਂ। ਹੇ ਭਾਈ ! ਉਹੀ ਮਨੁੱਖ ਭਗਤ (ਬਣ ਸਕਦੇ ਹਨ) ਉਹੀ ਪਰਮਾਤਮਾ ਦੀ ਭਗਤੀ ਵਿਚ ਲੱਗ ਸਕਦੇ ਹਨ, ਜਿਹੜੇ ਪ੍ਰਭੂ ਨੂੰ ਪਸੰਦ ਆ ਜਾਂਦੇ ਹਨ । ੨ । ੫੬ । ੭੯ ।

ਸਾਰਗ ਮਹਲਾ ੫ ।। ਧਨਵੰਤ ਨਾਮ ਕੇ ਵਣਜਾਰੇ ॥ ਸਾਂਝੀ ਕਰਹੁ ਨਾਮੁ ਧਨੁ ਖਾਟਹੁ ਗੁਰ ਕਾ ਸਬਦੁ ਵੀਚਾਰੇ ॥ ੧ ॥ ਰਹਾਉ ॥ ਛੋਡਹੁ ਕਪਟੁ, ਹੋਇ ਨਿਰਵੈਰਾ ਸੋ ਪ੍ਰਭੁ ਸੰਗਿ ਨਿਹਾਰੇ ॥ ਸਚੁ ਧਨੁ ਵਣਜਹੁ ਸਚੁ ਧਨੁ ਸੰਚਹੁ ਕਬਹੂ ਨ ਆਵਹੁ ਹਾਰੇ ॥ ੧ ॥ ਖਾਤ ਖਰਚਤ ਕਿਛੁ ਨਿਖੁਟਤ ਨਾਹੀ ਅਗਨਤ ਭਰੇ ਭੰਡਾਰੇ ।। ਕਹੁ ਨਾਨਕ ਸੋਭਾ ਸੰਗਿ ਜਾਵਹੁ ਪਾਰਬ੍ਰਹਮ ਕੈ ਦੁਆਰੇ ॥ ੨ ॥ ੫੭ ॥ ੮੦ "

ਪਦ ਅਰਥ :–ਧਨਵੰਤ–ਧਨਾਢ, ਅਮੀਰ । ਵਣਜਾਰੇ–ਵਣਜ ਕਰਨ ਵਾਲੇ, ਵਪਾਰੀ। ਸਾਂਝੀ–ਭਾਈਵਾਲੀ । ਸਾਂਝੀ ਕਰਹੁ–ਸਾਂਝ ਪਾਓ । ਵੀਚਾਰੇ–ਵੀਚਾਰਿ, ਵਿਚਾਰ ਕੇ, ਮਨ ਵਿਚ ਵਸਾ ਕੇ। ੧। ਰਹਾਉ ।

ਕਪਟੁ–ਠੱਗੀ, ਫ਼ਰੇਬ। ਹੋਇ–ਹੋ ਕੇ। ਸੋ ਪ੍ਰਭੁ–ਉਹ ਪ੍ਰਭੂ। ਸੰਗਿ–(ਸਭ ਜੀਵਾਂ ਦੇ) ਨਾਲ। ਨਿਹਾਰੇ–ਵੇਖਦਾ ਹੈ। ਸਚੁ–ਸਦਾ ਕਾਇਮ ਰਹਿਣ ਵਾਲਾ। ਵਣਜਹੁ–ਵਣਜ ਕਰੋ। ਸੰਚਹੁ–ਇਕੱਠਾ ਕਰੋ। ਹਾਰੇ–ਹਾਰਿ, ਹਾਰ ਕੇ । ੧ ।

ਖਾਤ–ਖਾਂਦਿਆਂ। ਖਰਚਤ–ਖਰਚਦਿਆਂ, ਹੋਰਨਾਂ ਨੂੰ ਵੰਡਦਿਆਂ । ਨਿਖੁਟਤ ਨਾਹੀ–ਮੁੱਕਦਾ ਨਹੀਂ। ਸੰਗਿ–ਨਾਲ। ਕੈ ਦੁਆਰੇ–ਦੇ ਦਰ ਤੇ। ੨ ।

ਅਰਥ :–ਹੇ ਭਾਈ ! ਅਸਲ ਧਨਾਢ ਮਨੁੱਖ ਉਹ ਹਨ ਜਿਹੜੇ ਪਰਮਾਤਮਾ ਦੇ ਨਾਮ ਦਾ ਵਣਜ ਕਰਦੇ ਹਨ। ਉਹਨਾਂ ਨਾਲ ਸਾਂਝ ਬਣਾਓ, ਅਤੇ ਗੁਰੂ ਦਾ ਸ਼ਬਦ ਆਪਣੇ ਮਨ ਵਿਚ ਵਸਾ ਕੇ ਪਰਮਾਤਮਾ ਦਾ ਨਾਮ-ਧਨ ਖੱਟੋ । ੧ । ਰਹਾਉ ।

ਹੇ ਭਾਈ ! (ਆਪਣੇ ਅੰਦਰੋਂ) ਨਿਰਵੈਰ ਹੋ ਕੇ (ਦੂਜਿਆਂ ਨਾਲ) ਠੱਗੀ ਕਰਨੀ

ਛੱਡੋ, ਉਹ ਪਰਮਾਤਮਾ (ਤੁਹਾਡੇ) ਨਾਲ (ਵੱਸਦਾ ਹੋਇਆ, ਤੁਹਾਡੇ ਹਰੇਕ ਕੰਮ ਨੂੰ) ਵੇਖ ਰਿਹਾ ਹੈ। ਸਦਾ ਕਾਇਮ ਰਹਿਣ ਵਾਲੇ ਧਨ ਦਾ ਵਣਜ ਕਰੋ, ਸਦਾ ਕਾਇਮ ਰਹਿਣ ਵਾਲਾ ਧਨ ਇਕੱਠਾ ਕਰੋ। ਕਦੇ ਭੀ ਜੀਵਨ-ਬਾਜ਼ੀ ਹਾਰ ਕੇ ਨਹੀਂ ਆਉਗੇ ।੧।

ਹੇ ਭਾਈ ! (ਪ੍ਰਭੂ ਦੇ ਦਰ ਤੇ ਨਾਮ-ਧਨ ਦੇ) ਅਣ-ਗਿਣਤ ਖ਼ਜ਼ਾਨੇ ਭਰੇ ਪਏ ਹਨ, ਇਸ ਨੂੰ ਆਪ ਵਰਤਦਿਆਂ ਹੋਰਨਾਂ ਨੂੰ ਵਰਤਾਂਦਿਆਂ ਕੋਈ ਘਾਟ ਨਹੀਂ ਪੈਂਦੀ। ਹੇ ਨਾਨਕ ! ਆਖ-(ਹੇ ਭਾਈ !) (ਨਾਮ-ਧਨ ਖੱਟ ਕੇ) ਪਰਮਾਤਮਾ ਦੇ ਦਰ ਤੇ ਇੱਜ਼ਤ ਨਾਲ ਜਾਉਗੇ।੫।੫੭।੮੦।

ਸਾਰਗ ਮਹਲਾ ੫ ॥ ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥ ਕਵਨ ਮੂਲ ਤੇ ਮਾਨੁਖੁ ਕਰਿਆ ਇਹੁ ਪਰਤਾਪੁ ਤੁਹਾਰਾ ॥ ੧ ॥ ਰਹਾਉ ॥ ਜੀਅ ਪ੍ਰਾਣ ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ ॥ ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ ਸਰਬ ਘਟਾਂ ਆਧਾਰਾ ॥ ੧ ॥ ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ ॥ ਸਾਧ ਨਾਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ ॥ ੨ ॥ ੫੮ ॥ ੮੧ ॥

ਪਦ ਅਰਥ :-ਪ੍ਰਭ-ਹੇ ਪ੍ਰਭੂ ! ਮੋਹਿ-ਮੈਂ। ਮੋਹਿ ਕਵਨੁ-ਮੈਂ ਕੌਣ ਹਾਂ ? ਮੇਰੀ ਕੋਈ ਪਾਂਇਆਂ ਨਹੀਂ । ਅਨਾਥੁ-ਯਤੀਮ । ਤੇ-ਤੋਂ । ਮੂਲ-ਮੁੱਢ। ਕਰਿਆ-ਬਣਾਇਆ। ਤੁਹਾਰਾ-ਤੁਹਾਡਾ।੧। ਰਹਾਉ।

ਜੀਅ-ਜਿੰਦ। ਦਾਤੇ-ਹੇ ਦੇਣ ਵਾਲੇ ! ਅਪਾਰਾ-ਅ-ਪਾਰ, ਬੇਅੰਤ। ਪ੍ਰੀਤਮ-ਹੇ ਪ੍ਰੀਤਮ ! ਸ੍ਰਬ ਪ੍ਰਤਿਪਾਲਕ-ਹੇ ਸਭਨਾਂ ਦੇ ਪਾਲਣ ਵਾਲੇ ! ਘਟਾਂ-ਸਰੀਰ ਦਾ। ਆਧਾਰਾ-ਆਸਰਾ।੧।

ਗਤਿ-ਉੱਚੀ ਆਤਮਕ ਅਵਸਥਾ । ਮਿਤਿ-ਮਾਪ । ਤੁਮਰੀ ਗਤਿ ਮਿਤਿ-ਤੂੰ ਕਿਹੋ ਜਿਹਾ ਹੈਂ ਅਤੇ ਕੇਡਾ ਵੱਡਾ ਹੈਂ-ਇਹ ਗੱਲ। ਆਪਹਿ-ਤੂੰ ਆਪ ਹੀ। ਪਸਾਰਾ -ਜਗਤ-ਖਿਲਾਰਾ। ਨਾਂਵ-ਬੇੜੀ। ਭਵ ਸਾਗਰੁ-ਸੰਸਾਰ-ਸਮੁੰਦਰ ।੨।

ਅਰਥ :-ਹੇ ਪ੍ਰਭੂ ਜੀ ! (ਤੇਰੀ ਮਿਹਰ ਤੋਂ ਬਿਨਾ) ਮੇਰੀ ਕੋਈ ਪਾਂਇਆਂ ਨਹੀਂ, ਮੈਂ ਤਾਂ ਵਿਚਾਰਾ ਅਨਾਥ ਹੀ ਹਾਂ। ਕਿਸ ਮੁੱਢ ਤੋਂ (ਇਕ ਬੂੰਦ ਤੋਂ) ਤੂੰ ਮੈਨੂੰ ਮਨੁੱਖ ਬਣਾ ਦਿੱਤਾ, ਇਹ ਤੇਰਾ ਹੀ ਪਰਤਾਪ ਹੈ।੧। ਰਹਾਉ ।

ਹੇ ਜਿੰਦ ਦੇਣ ਵਾਲੇ ! ਹੇ ਪ੍ਰਾਣ ਦਾਤੇ ! ਹੇ ਸਭ ਪਦਾਰਥ ਦੇਣ ਵਾਲੇ ! ਤੇਰੇ ਗੁਣ ਬੇਅੰਤ ਹਨ, ਬਿਆਨ ਨਹੀਂ ਕੀਤੇ ਜਾ ਸਕਦੇ। ਹੇ ਸਭ ਜੀਵਾਂ ਦੇ ਪਿਆਰੇ ! ਹੇ ਸਭਨਾਂ

ਦੇ ਪਾਲਣਹਾਰ ! ਤੂੰ ਸਭ ਸਰੀਰਾਂ ਨੂੰ ਆਸਰਾ ਦੇਂਦਾ ਹੈਂ । ੧ ।

ਹੇ ਪ੍ਰਭੂ ! ਤੂੰ ਕਿਹੋ ਜਿਹਾ ਹੈਂ ਅਤੇ ਕੇਡਾ ਵੱਡਾ ਹੈਂ—ਕੋਈ ਜੀਵ ਇਹ ਨਹੀਂ ਜਾਣ ਸਕਦਾ । ਤੂੰ ਆਪ ਇਸ ਜਗਤ-ਖਿਲਾਰੇ ਦਾ ਖਿਲਾਰਨ ਵਾਲਾ ਹੈਂ । ਹੇ ਨਾਨਕ ! (ਆਖ—ਹੇ ਪ੍ਰਭੂ !) ਮੈਨੂੰ ਸਾਧ ਸੰਗਤਿ ਦੀ ਬੇੜੀ ਵਿਚ ਬਿਠਾਲ ਅਤੇ ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਦੇਹ । ੨ । ੫੮ । ੮੧ ।

ਸਾਰਗ ਮਹਲਾ ੫ ॥ ਆਵੈ ਰਾਮ ਸਰਣਿ ਵਡਭਾਗੀ ॥ ਏਕਸ ਬਿਨੁ ਕਿਛੁ ਹੋਰੁ ਨ ਜਾਣੈ ਅਵਰਿ ਉਪਾਵ ਤਿਆਗੀ ॥ ੧ ॥ ਰਹਾਉ ॥ ਮਨ ਬਚ ਕ੍ਰਮ ਆਰਾਧੈ ਹਰਿ ਹਰਿ ਸਾਧ ਸੰਗਿ ਸੁਖੁ ਪਾਇਆ ॥ ਅਨਦ ਬਿਨੋਦ ਅਕਥ ਕਥਾ ਰਸੁ ਸਾਚੈ ਸਹਜਿ ਸਮਾਇਆ ॥ ੧ ॥ ਕਰਿ ਕਿਰਪਾ ਜੋ ਅਪੁਨਾ ਕੀਨੋ ਤਾ ਕੀ ਊਤਮ ਬਾਣੀ ॥ ਸਾਧ ਸੰਗਿ ਨਾਨਕ ਨਿਸਤਰੀਐ ਜੋ ਰਾਤੇ ਪ੍ਰਭ ਨਿਰਬਾਣੀ ॥ ੨ ॥ ੫੯ ॥ ੮੨ ॥

ਪਦ ਅਰਥ :—ਵਡਭਾਗੀ—ਵੱਡੇ ਭਾਗਾਂ ਵਾਲਾ ਮਨੁੱਖ (ਹੀ) । ਕਿਛੁ ਹੋਰੁ—ਕੋਈ ਹੋਰ (ਉਪਾਉ) । ਅਵਰਿ—ਹੋਰ [ਬਹੁ ਵਚਨ] । ਉਪਾਵ—[ਲਫ਼ਜ਼ 'ਉਪਾਉ' ਤੋਂ ਬਹੁ ਵਚਨ] ਹੀਲੇ, ਜਤਨ । ਅਵਰਿ ਉਪਾਵ—ਹੋਰ ਹੀਲੇ । ਤਿਆਗੀ—ਛੱਡ ਦੇਂਦਾ ਹੈ । ੧ । ਰਹਾਉ ।

ਬਚ—ਬਚਨ । ਕ੍ਰਮ—ਕਰਮ, ਕੰਮ । ਸਾਧ ਸੰਗਿ—ਗੁਰੂ ਦੀ ਸੰਗਤਿ ਵਿਚ । ਅਨਦ ਬਿਨੋਦ—ਆਤਮਕ ਆਨੰਦ ਤੇ ਖ਼ੁਸ਼ੀਆਂ । ਅਕਥ—ਅਕੱਥ, ਜਿਸ ਦਾ ਸਰੂਪ ਬਿਆਨ ਨਾਹ ਕੀਤਾ ਜਾ ਸਕੇ । ਅਕਥ ਕਥਾ ਰਸੁ—ਅਕੱਥ ਪ੍ਰਭੂ ਦੀ ਸਿਫ਼ਤਿ ਸਾਲਾਹ ਦਾ ਸੁਆਦ । ਸਾਚੈ—ਸਦਾ-ਥਿਰ ਪ੍ਰਭੂ ਵਿਚ । ਸਹਜਿ—ਆਤਮਕ ਅਡੋਲਤਾ ਵਿਚ । ੧ ।

ਕਰਿ—ਕਰ ਕੇ । ਜੋ—ਜਿਸ ਮਨੁੱਖ ਨੂੰ । ਤਾ ਕੀ—ਉਸ ਮਨੁੱਖ ਦੀ । ਊਤਮ ਬਾਣੀ—ਉੱਚੀ ਸੋਭਾ । ਨਿਸਤਰੀਐ—ਪਾਰ ਲੰਘ ਜਾਈਦਾ ਹੈ । ਜੋ—ਜਿਹੜੇ (ਸੰਤ ਜਨ) । ਨਿਰਬਾਣੀ—ਵਾਸਨਾ-ਰਹਿਤ, ਨਿਰਲੇਪ । ਰਾਤੇ—ਰੰਗੇ ਹੋਏ । ੨ ।

ਅਰਥ :—ਹੇ ਭਾਈ ! ਕੋਈ ਵੱਡੇ ਭਾਗਾਂ ਵਾਲਾ ਮਨੁੱਖ ਹੀ ਪਰਮਾਤਮਾ ਦੀ ਸਰਨ ਆਉਂਦਾ ਹੈ । ਇਕ ਪਰਮਾਤਮਾ ਦੀ ਸਰਨ ਤੋਂ ਬਿਨਾ ਉਹ ਮਨੁੱਖ ਕੋਈ ਹੋਰ ਹੀਲਾ ਨਹੀਂ ਜਾਣਦਾ । ਉਹ ਹੋਰ ਸਾਰੇ ਹੀਲੇ ਛੱਡ ਦੇਂਦਾ ਹੈ । ੧ । ਰਹਾਉ ।

ਹੇ ਭਾਈ ! (ਪ੍ਰਭੂ ਦੀ ਸਰਨ ਆਉਣ (ਵਾਲਾ ਮਨੁੱਖ) ਆਪਣੇ ਮਨ ਦੀ ਰਾਹੀਂ ਬਚਨ ਦੀ ਰਾਹੀਂ ਕੰਮ ਦੀ ਰਾਹੀਂ ਪਰਮਾਤਮਾ ਦਾ ਹੀ ਆਰਾਧਨ ਕਰਦਾ ਹੈ । ਉਹ

ਗੁਰੂ ਦੀ ਸੰਗਤਿ ਵਿਚ ਟਿਕ ਕੇ ਆਤਮਕ ਆਨੰਦ ਮਾਣਦਾ ਹੈ। (ਉਸ ਦੇ ਹਿਰਦੇ ਵਿਚ) ਆਤਮਕ ਆਨੰਦ ਤੇ ਖ਼ੁਸ਼ੀਆਂ ਬਣੀਆਂ ਰਹਿੰਦੀਆਂ ਹਨ। ਉਹ ਅਕੱਥ ਪ੍ਰਭੂ ਦੀ ਸਿਫ਼ਤਿ ਸਾਲਾਹ ਦਾ ਸੁਆਦ (ਮਾਣਦਾ ਰਹਿੰਦਾ ਹੈ)। ਉਹ ਮਨੁੱਖ ਸਦਾ ਕਾਇਮ ਰਹਿਣ ਵਾਲੇ ਪ੍ਰਭੂ ਵਿਚ ਅਤੇ ਆਤਮਕ ਅਡੋਲਤਾ ਵਿਚ ਲੀਨ ਰਹਿੰਦਾ ਹੈ। ੧।

ਹੇ ਭਾਈ! (ਪ੍ਰਭੂ) ਮਿਹਰ ਕਰ ਕੇ ਜਿਸ ਮਨੁੱਖ ਨੂੰ ਆਪਣਾ (ਸੇਵਕ)ਬਣਾ ਲੈਂਦਾ ਹੈ, ਉਸ ਦੀ ਉੱਚੀ ਸੋਭਾ ਹੁੰਦੀ ਹੈ। ਹੇ ਨਾਨਕ! ਜਿਹੜੇ ਸਾਧ ਜਨ ਨਿਰਲੇਪ ਪ੍ਰਭੂ (ਦੇ ਪ੍ਰੇਮ-ਰੰਗ)ਵਿਚ ਰੰਗੇ ਰਹਿੰਦੇ ਹਨ ਉਹਨਾਂ ਦੀ ਸੰਗਤਿ ਵਿਚ (ਰਿਹਾਂ ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਈਦਾ ਹੈ। ੨। ੫੯। ੮੨।

ਸਾਰਗ ਮਹਲਾ ੫ ॥ ਜਾ ਤੇ ਸਾਧੂ ਸਰਣਿ ਗਹੀ ॥ ਸਾਂਤਿ ਸਹਜੁ ਮਨਿ ਭਇਓ ਪ੍ਰਗਾਸਾ ਬਿਰਥਾ ਕਛੁ ਨ ਰਹੀ ॥ ੧ ॥ ਰਹਾਉ ॥ ਹੋਹੁ ਕ੍ਰਿਪਾਲੁ ਨਾਮੁ ਦੇਹੁ ਅਪੁਨਾ ਬਿਨਤੀ ਏਹ ਕਹੀ ॥ ਆਨ ਬਿਉਹਾਰ ਬਿਸਰੇ ਪ੍ਰਭ ਸਿਮਰਤ ਪਾਇਓ ਲਾਭੁ ਸਹੀ ॥ ੧ ॥ ਜਹ ਤੇ ਉਪਜਿਓ ਤਹੀ ਸਮਾਨੋ ਸਾਈ ਬਸਤੁ ਅਹੀ ॥ ਕਹੁ ਨਾਨਕ ਭਰਮੁ ਗੁਰਿ ਖੋਇਓ ਜੋਤੀ ਜੋਤਿ ਸਮਹੀ ॥ ੨॥ ੬੦ ॥ ੮੩ ॥

ਪਦ ਅਰਥ :—ਜਾ ਤੇ—ਜਾਂ ਤੇ, ਜਦੋਂ ਤੋਂ। ਸਾਧੂ—ਗੁਰੂ। ਗਹੀ—(ਮੈਂ) ਫੜੀ ਹੈ। ਸਹਜੁ—ਆਤਮਕ ਅਡੋਲਤਾ। ਮਨਿ—ਮਨ ਵਿਚ। ਪ੍ਰਗਾਸਾ—(ਆਤਮਕ ਜੀਵਨ ਦਾ) ਚਾਨਣ। ਬਿਰਥਾ—ਪੀੜਾ, ਦੁੱਖ-ਦਰਦ। ੧। ਰਹਾਉ।

ਕ੍ਰਿਪਾਲ—ਦਇਆਵਾਨ। ਕਹੀ—ਆਖੀ ਹੈ। ਆਨ—[अन्य] ਹੋਰ ਹੋਰ। ਬਿਸਰੇ—ਭੁੱਲ ਗਏ ਹਨ। ਸਿਮਰਤ—ਸਿਮਰਦਿਆਂ। ਸਹੀ—ਠੀਕ, ਅਸਲ। ੧।

ਜਹ ਤੇ—ਜਿਥੋਂ, ਜਿਸ ਪ੍ਰਭੂ ਤੋਂ। ਤਹੀ—ਉਸੇ ਵਿਚ, ਉੱਥੇ ਹੀ। ਸਮਾਨੋ—ਲੀਨ ਹੋ ਗਿਆ। ਸਾਈ—ਉਹੀ [ਇਸਤ੍ਰੀ ਲਿੰਗ]। ਬਸਤੁ—ਚੀਜ਼, ਨਾਮ-ਪਦਾਰਥ। ਅਹੀ—ਚਾਹੀ ਹੈ, ਤਾਂਘ ਰੱਖੀ ਹੋਈ ਹੈ। ਗੁਰਿ—ਗੁਰੂ ਨੇ। ਭਰਮੁ—ਭਟਕਣਾ। ਖੋਇਓ—ਦੂਰ ਕਰ ਦਿੱਤੀ ਹੈ। ਜੋਤਿ—(ਮੇਰੀ) ਜਿੰਦ। ਜੋਤੀ—ਪ੍ਰਭੂ ਦੀ ਜੋਤਿ ਵਿਚ। ਸਮਹੀ—ਲੀਨ ਰਹਿੰਦੀ ਹੈ। ੨।

ਅਰਥ :—ਹੇ ਭਾਈ! ਜਦੋਂ ਤੋਂ (ਮੈਂ) ਗੁਰੂ ਦਾ ਪੱਲਾ ਫੜਿਆ ਹੈ, (ਮੇਰੇ) ਮਨ ਵਿਚ ਸ਼ਾਂਤੀ ਅਤੇ ਆਤਮਕ ਅਡੋਲਤਾ ਪੈਦਾ ਹੋ ਗਈ ਹੈ, (ਮੇਰੇ) ਮਨ ਵਿਚ ਆਤਮਕ ਜੀਵਨ ਦਾ ਚਾਨਣ ਹੋ ਗਿਆ ਹੈ, (ਮੇਰੇ ਮਨ ਵਿਚ) ਕੋਈ ਦੁੱਖ-ਦਰਦ ਨਹੀਂ ਰਹਿ ਗਿਆ। ੧। ਰਹਾਉ।

ਹੇ ਭਾਈ ! (ਜਦੋਂ ਤੋਂ ਮੈਂ ਗੁਰੂ ਦਾ ਦਰ ਮੱਲਿਆ ਹੈ ਤਦੋਂ ਤੋਂ ਪ੍ਰਭੂ-ਦਰ ਤੇ) ਇਹ ਅਰਦਾਸ ਕਰਦਾ ਰਹਿੰਦਾ ਹਾਂ–'ਹੇ ਪ੍ਰਭੂ ! ਦਇਆਵਾਨ ਹੋ, ਮੈਨੂੰ ਆਪਣਾ ਨਾਮ ਬਖ਼ਸ਼' । ਹੇ ਭਾਈ ! ਪ੍ਰਭੂ ਦਾ ਨਾਮ ਸਿਮਰਦਿਆਂ ਹੋਰ ਹੋਰ ਵਿਹਾਰਾਂ ਵਿਚ ਮੇਰਾ ਮਨ ਖਚਿਤ ਨਹੀਂ ਹੁੰਦਾ (ਹੋਰ ਹੋਰ ਵਿਹਾਰ ਮੈਨੂੰ ਭੁੱਲ ਗਏ ਹਨ) । ਮੈਂ ਅਸਲ ਖੱਟੀ ਖੱਟ ਲਈ ਹੈ । ੧ ।

ਹੇ ਨਾਨਕ ! ਆਖ–ਹੇ ਭਾਈ ! ਗੁਰੂ ਨੇ (ਮੇਰੇ ਮਨ ਦੀ) ਭਟਕਣਾ ਦੂਰ ਕਰ ਦਿੱਤੀ ਹੈ, ਮੇਰੀ ਜਿੰਦ ਪ੍ਰਭੂ ਦੀ ਜੋਤਿ ਵਿਚ ਲੀਨ ਰਹਿੰਦੀ ਹੈ । ਜਿਸ ਪ੍ਰਭੂ ਤੋਂ ਇਹ ਜਿੰਦੜੀ ਪੈਦਾ ਹੋਈ ਸੀ ਉਸੇ ਵਿਚ ਟਿਕੀ ਰਹਿੰਦੀ ਹੈ, ਮੈਨੂੰ ਹੁਣ ਇਹ (ਨਾਮ-) ਵਸਤੂ ਹੀ ਚੰਗੀ ਲੱਗਦੀ ਹੈ । ੨ । ੯੦ । ੮੩ ।

ਸਾਰਗ ਮਹਲਾ ੫ ॥ ਰਸਨਾ ਰਾਮ ਕੋ ਜਸੁ ਗਾਉ ॥ ਆਨ ਸੁਆਦ ਬਿਸਾਰਿ ਸਗਲੇ ਭਲੋ ਨਾਮ ਸੁਆਉ ॥ ੧ ॥ ਰਹਾਉ ॥ ਚਰਨ ਕਮਲ ਬਸਾਇ ਹਿਰਦੈ ਏਕ ਸਿਉ ਲਿਵ ਲਾਉ ॥ ਸਾਧ ਸੰਗਤਿ ਹੋਹਿ ਨਿਰਮਲੁ ਬਹੁੜਿ ਜੋਨਿ ਨ ਆਉ ॥ ੧ ॥ ਜੀਉ ਪ੍ਰਾਣ ਅਧਾਰੁ ਤੇਰਾ ਤੂ ਨਿਥਾਵੇ ਥਾਉ ॥ ਸਾਸਿ ਸਾਸਿ ਸਮ੍ਹਾਲਿ ਹਰਿ ਹਰਿ ਨਾਨਕ ਸਦ ਬਲਿ ਜਾਉ ॥ ੨ ॥ ੯੧ ॥ ੮੪ ॥

ਪਦ ਅਰਥ :–ਰਸਨਾ–ਜੀਭ ਨਾਲ । ਕੋ–ਦਾ । ਜਸੁ–ਸਿਫ਼ਤਿ ਸਾਲਾਹ । ਗਾਉ –ਗਾਇਆ ਕਰੋ । ਆਨ–[अन्य] ਹੋਰ ਹੋਰ । ਬਿਸਾਰਿ–ਭੁਲਾ ਦੇ । ਨਾਮ ਸੁਆਉ– ਨਾਮ ਦਾ ਸੁਆਦ । ੧ । ਰਹਾਉ ।

ਬਸਾਇ–ਟਿਕਾਈ ਰੱਖ । ਹਿਰਦੈ–ਹਿਰਦੇ ਵਿਚ । ਸਿਉ–ਨਾਲ । ਲਿਵ– ਲਗਨ । ਹੋਹਿ–ਤੂੰ ਹੋ ਜਾਹਿੰਗਾ । ਨਿਰਮਲੁ–ਪਵਿੱਤਰ ਜੀਵਨ ਵਾਲਾ । ਬਹੁੜਿ–ਮੁੜ ਮੁੜ । ੧ ।

ਜੀਉ–ਜਿੰਦ । ਅਧਾਰੁ–ਆਸਰਾ । ਥਾਉ–ਥਾਂ, ਸਹਾਰਾ । ਸਾਸਿ ਸਾਸਿ–ਹਰੇਕ ਸਾਹ ਦੇ ਨਾਲ । ਸਮ੍ਹਾਲਿ–ਸੰਭਾਲ ਕੇ, ਯਾਦ ਕਰ ਕੇ । ਸਦ–ਸਦਾ। ਬਲਿ ਜਾਉ–ਬਲਿ ਜਾਉਂ, ਮੈਂ ਸਦਕੇ ਜਾਂਦਾ ਹਾਂ । ੨ ।

ਅਰਥ :–ਹੇ ਭਾਈ ! (ਆਪਣੀ) ਜੀਭ ਨਾਲ ਪਰਮਾਤਮਾ ਦੀ ਸਿਫ਼ਤਿ ਸਾਲਾਹ ਗਾਇਆ ਕਰ । (ਨਾਮ ਤੋਂ ਬਿਨਾ) ਹੋਰ ਸਾਰੇ ਸੁਆਦ ਭੁਲਾ ਦੇ,(ਪਰਮਾਤਮਾ ਦੇ) ਨਾਮ ਦਾ ਸੁਆਦ (ਸਭ ਸੁਆਦਾਂ ਨਾਲੋਂ) ਚੰਗਾ ਹੈ । ੧ । ਰਹਾਉ ।

ਹੇ ਭਾਈ ! ਪਰਮਾਤਮਾ ਦੇ ਸੋਹਣੇ ਚਰਨ (ਆਪਣੇ) ਹਿਰਦੇ ਵਿਚ ਟਿਕਾਈ

ਰੱਖ, ਸਿਰਫ਼ ਪਰਮਾਤਮਾ ਨਾਲ ਸੁਰਤਿ ਜੋੜੀ ਰੱਖ। ਸਾਧ ਸੰਗਤਿ ਵਿਚ ਰਹਿ ਕੇ ਤੂੰ ਸੁੱਚੇ ਜੀਵਨ ਵਾਲਾ ਹੋ ਜਾਹਿੰਗਾ, ਮੁੜ ਮੁੜ ਜੂਨਾਂ ਵਿਚ ਨਹੀਂ ਆਵੇਂਗਾ ।੧।

ਹੇ ਨਾਨਕ ! (ਆਖ–) ਹੇ ਹਰੀ ! ਮੇਰੀ ਜਿੰਦ ਅਤੇ ਪ੍ਰਾਣਾਂ ਨੂੰ ਤੇਰਾ ਹੀ ਆਸਰਾ ਹੈ, ਜਿਸ ਦਾ ਹੋਰ ਕੋਈ ਸਹਾਰਾ ਨਾਹ ਹੋਵੇ, ਤੂੰ ਉਸ ਦਾ ਸਹਾਰਾ ਹੈਂ। ਹੇ ਹਰੀ ! ਮੈਂ ਤਾਂ ਆਪਣੇ ਹਰੇਕ ਸਾਹ ਦੇ ਨਾਲ ਤੈਨੂੰ ਯਾਦ ਕਰਦਾ ਹਾਂ, ਅਤੇ ਤੈਥੋਂ ਸਦਕੇ ਜਾਂਦਾ ਹਾਂ। ੨।੬੧।੮੪।

ਸਾਰਗ ਮਹਲਾ ੫॥ ਬੈਕੁੰਠ ਗੋਬਿੰਦ ਚਰਨ ਨਿਤ ਧਿਆਉ ॥ ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥ ੧ ॥ ਰਹਾਉ ॥ ਊਤਮ ਕਥਾ ਸੁਣੀਜੈ ਸ੍ਰਵਣੀ ਮਇਆ ਕਰਹੁ ਭਗਵਾਨ ॥ ਆਵਤ ਜਾਤ ਦੋਊ ਪਖ ਪੂਰਨ ਪਾਈਐ ਸੁਖ ਬਿਸ੍ਰਾਮ ॥੧॥ ਸੋਧਤ ਸੋਧਤ ਤਤੁ ਬੀਚਾਰਿਓ ਭਗਤਿ ਸਰੇਸਟ ਪੂਰੀ॥ ਕਹੁ ਨਾਨਕ ਇਕ ਰਾਮ ਨਾਮ ਬਿਨੁ ਅਵਰ ਸਗਲ ਬਿਧਿ ਊਰੀ ॥ ੨ ॥ ੬੨ ॥ ੮੫ ॥

ਪਦ ਅਰਥ :–ਨਿਤ–ਸਦਾ। ਧਿਆਉ–ਧਿਆਉਂ, ਮੈਂ ਧਿਆਨ ਧਰਦਾ ਹਾਂ। ਸਾਧੂ ਸੰਗਤਿ–ਗੁਰੂ ਦੀ ਸੰਗਤਿ। ਅੰਮ੍ਰਿਤੁ–ਆਤਮਕ ਜੀਵਨ ਦੇਣ ਵਾਲਾ ਜਲ।੧। ਰਹਾਉ।

ਸੁਣੀਜੈ–ਸੁਣ ਸਕੀਏ। ਸ੍ਰਵਣੀ–ਕੰਨਾਂ ਨਾਲ। ਮਇਆ–ਦਇਆ, ਮਿਹਰ। ਭਗਵਾਨ–ਹੇ ਭਗਵਾਨ ! ਆਵਤ ਜਾਤ ਦੋਊ ਪਖ–ਜੰਮਣ ਅਤੇ ਮਰਨ–ਇਹ ਦੋਵੇ ਪਾਸੇ। ਪੂਰਨ–ਪੂਰੇ ਹੋ ਜਾਂਦੇ ਹਨ, ਮੁੱਕ ਜਾਂਦੇ ਹਨ। ਸੁਖ ਬਿਸ੍ਰਾਮ–ਸੁਖਾਂ ਦਾ ਟਿਕਾਣਾ ।੧।

ਸੋਧਤ ਸੋਧਤ–ਵਿਚਾਰ ਕਰਦਿਆਂ ਕਰਦਿਆਂ। ਤਤੁ–ਅਸਲੀਅਤ। ਸਰੇਸਟ ਪੂਰੀ –ਪੂਰਨ ਤੌਰ ਤੇ ਚੰਗੀ। ਊਰੀ–ਊਣੀ।੨।

ਅਰਥ :–ਹੇ ਭਾਈ ! ਮੈਂ ਤਾਂ ਸਦਾ ਪਰਮਾਤਮਾ ਦੇ ਚਰਨਾਂ ਦਾ ਧਿਆਨ ਧਰਦਾ ਹਾਂ–(ਇਹੀ ਮੇਰੇ ਲਈ) ਬੈਕੁੰਠ ਹੈ। ਗੁਰੂ ਦੀ ਸੰਗਤਿ ਵਿਚ ਟਿਕੇ ਰਹਿਣਾ–(ਮੇਰੇ ਵਾਸਤੇ ਚੌਹਾਂ ਪਦਾਰਥਾਂ ਵਿਚੋਂ ਸ੍ਰੇਸ਼ਟ) ਮੁਕਤੀ ਪਦਾਰਥ ਹੈ। ਪਰਮਾਤਮਾ ਦਾ ਨਾਮ ਹੀ (ਮੇਰੇ ਲਈ) ਆਤਮਕ ਜੀਵਨ ਦੇਣ ਵਾਲਾ ਜਲ ਹੈ।੧। ਰਹਾਉ।

ਹੇ ਭਗਵਾਨ ! (ਮੇਰੇ ਉੱਤੇ) ਮਿਹਰ ਕਰ, (ਤਾ ਕਿ) ਤੇਰੀ ਉੱਤਮ ਸਿਫ਼ਤਿ ਸਾਲਾਹ ਕੰਨਾਂ ਨਾਲ ਸੁਣੀ ਜਾ ਸਕੇ। ਹੇ ਭਾਈ !(ਸਿਫ਼ਤਿ ਸਾਲਾਹ ਦੀ ਬਰਕਤਿ ਨਾਲ)

ਜੰਮਣਾ ਤੇ ਮਰਨਾ—ਇਹ ਦੋਵੇ ਪੱਖ ਮੁੱਕ ਜਾਂਦੇ ਹਨ। ਸੁਖਾਂ ਦੇ ਮੂਲ ਪਰਮਾਤਮਾ ਨਾਲ ਮਿਲਾਪ ਹੋ ਜਾਂਦਾ ਹੈ।੧।

ਹੇ ਨਾਨਕ ! ਆਖ—ਹੇ ਭਾਈ ! ਵਿਚਾਰ ਕਰਦਿਆਂ ਕਰਦਿਆਂ ਇਹ ਅਸਲੀਅਤ ਲੱਭੀ ਹੈ ਕਿ ਪਰਮਾਤਮਾ ਦੀ ਭਗਤੀ ਹੀ ਪੂਰਨ ਤੌਰ ਤੇ ਹੀ ਚੰਗੀ (ਕ੍ਰਿਆ) ਹੈ। ਪਰਮਾਤਮਾ ਦੇ ਨਾਮ ਤੋਂ ਬਿਨਾ ਹੋਰ ਹਰੇਕ (ਜੀਵਨ-) ਢੰਗ ਅਧੂਰਾ ਹੈ।੨।੬੨।੯੫।

ਸਾਰਗ ਮਹਲਾ ੫ ॥ ਸਾਚੇ ਸਤਿਗੁਰੂ ਦਾਤਾਰਾ ॥ ਦਰਸਨੁ ਦੇਖਿ ਸਗਲ ਦੁਖ ਨਾਸਹਿ ਚਰਨ ਕਮਲ ਬਲਿਹਾਰਾ ॥੧॥ ਰਹਾਉ ॥ ਸਤਿ ਪਰਮੇਸਰੁ ਸਤਿ ਸਾਧ ਜਨ ਨਿਹਚਲੁ ਹਰਿ ਕਾ ਨਾਉ ॥ ਭਗਤਿ ਭਾਵਨੀ ਪਾਰਬ੍ਰਹਮ ਕੀ ਅਬਿਨਾਸੀ ਗੁਣ ਗਾਉ ॥੧॥ ਅਗਮੁ ਅਗੋਚਰੁ ਮਿਤਿ ਨਹੀ ਪਾਈਐ ਸਗਲ ਘਟਾ ਆਧਾਰੁ ॥ ਨਾਨਕ ਵਾਹੁ ਵਾਹੁ ਕਹੁ ਤਾ ਕਉ ਜਾ ਕਾ ਅੰਤੁ ਨ ਪਾਰੁ ॥੨॥੬੩॥੯੬॥

ਪਦ ਅਰਥ :—ਸਾਚੇ—ਹੇ ਸਦਾ ਕਾਇਮ ਰਹਿਣ ਵਾਲੇ ! ਦਾਤਾਰਾ—ਹੇ ਸਭ ਦਾਤਾਂ ਦੇਣ ਵਾਲੇ ! ਦੇਖਿ—ਵੇਖ ਕੇ। ਸਗਲ—ਸਾਰੇ। ਨਾਸਹਿ—ਨਾਸ ਹੋ ਜਾਂਦੇ ਹਨ। ਬਲਿਹਾਰ—ਸਦਕੇ।੧। ਰਹਾਉ।

ਸਤਿ—ਸਦਾ-ਥਿਰ। ਸਤਿ—ਅਟੱਲ ਆਤਮਕ ਜੀਵਨ ਵਾਲੇ। ਸਾਧ ਜਨ—ਸੰਤ ਜਨ। ਨਿਹਚਲੁ—ਕਦੇ ਨਾਹ ਡੋਲਣ ਵਾਲਾ। ਭਾਵਨੀ—ਸਰਧਾ (ਨਾਲ)। ਅਬਿਨਾਸੀ ਗੁਣ—ਕਦੇ ਨਾਹ ਨਾਸ ਹੋਣ ਵਾਲੇ ਪ੍ਰਭੂ ਦੇ ਗੁਣ। ਗਾਉ—ਗਾਇਆ ਕਰੋ।੧।

ਅਗਮੁ—ਅਪਹੁੰਚ। ਅਗੋਚਰੁ—[ਅ-ਗੋ-ਚਰੁ। ਗੋ-ਗਿਆਨ-ਇੰਦ੍ਰੇ। ਚਰੁ-ਪਹੁੰਚ] ਜਿਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਮਿਤਿ—ਮਾਪ, ਵਡੱਪਣ ਦਾ ਅੰਦਾਜ਼ਾ। ਘਟ—ਸਰੀਰ। ਆਧਾਰੁ—ਆਸਰਾ। ਵਾਹੁ ਵਾਹੁ ਕਹੁ—ਸਿਫ਼ਤਿ ਸਾਲਾਹ ਕਰੋ। ਤਾ ਕਉ—ਉਸ ਪ੍ਰਭੂ ਨੂੰ। ਜਾ ਕਾ—ਜਿਸ ਪ੍ਰਭੂ ਦਾ। ਪਾਰੁ—ਪਾਰਲਾ ਬੰਨਾ। ਵਾਹੁ ਵਾਹੁ—ਧੰਨ ਧੰਨ।੨।

ਅਰਥ :—ਹੇ ਸਦਾ ਕਾਇਮ ਰਹਿਣ ਵਾਲੇ ! ਹੇ ਸਤਿਗੁਰੂ ! ਹੇ ਸਭ ਦਾਤਾਂ ਦੇਣ ਵਾਲੇ ਪ੍ਰਭੂ ! ਤੇਰਾ ਦਰਸਨ ਕਰ ਕੇ (ਜੀਵ ਦੇ) ਸਾਰੇ ਦੁੱਖ ਨਾਸ ਹੋ ਜਾਂਦੇ ਹਨ। ਮੈਂ ਤੇਰੇ ਸੋਹਣੇ ਚਰਨਾਂ ਤੋਂ ਸਦਕੇ ਜਾਂਦਾ ਹਾਂ।੧। ਰਹਾਉ।

ਹੇ ਭਾਈ ! ਪਰਮੇਸਰ ਸਦਾ ਕਾਇਮ ਰਹਿਣ ਵਾਲਾ ਹੈ, (ਉਸ ਦੇ) ਸੰਤ ਜਨ ਅਟੱਲ ਜੀਵਨ ਵਾਲੇ ਹੁੰਦੇ ਹਨ। ਹੇ ਭਾਈ ! ਪਰਮਾਤਮਾ ਦਾ ਨਾਮ ਅਟੱਲ ਰਹਿਣ

ਵਾਲਾ ਹੈ। ਹੇ ਭਾਈ! (ਪੂਰੀ) ਸਰਧਾ ਨਾਲ ਉਸ ਪਰਮਾਤਮਾ ਦੀ ਭਗਤੀ ਕਰਨੀ ਚਾਹੀਦੀ ਹੈ, ਉਸ ਕਦੇ ਨਾਹ ਨਾਸ ਹੋਣ ਵਾਲੇ ਪ੍ਰਭੂ ਦੇ ਗੁਣ ਗਾਇਆ ਕਰੋ ।੧।

ਹੇ ਨਾਨਕ! ਪਰਮਾਤਮਾ ਅਪਹੁੰਚ ਹੈ, ਉਸ ਤਕ ਗਿਆਨ-ਇੰਦ੍ਰਿਆਂ ਦੀ ਪਹੁੰਚ ਨਹੀਂ ਹੋ ਸਕਦੀ। ਉਹ ਕੇਡਾ ਵੱਡਾ ਹੈ—ਇਹ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਉਹ ਪਰਮਾਤਮਾ ਸਾਰੇ ਸਰੀਰਾਂ ਦਾ ਆਸਰਾ ਹੈ। ਹੇ ਭਾਈ! ਉਸ ਪ੍ਰਭੂ ਦੀ ਸਿਫ਼ਤਿ ਸਾਲਾਹ ਕਰਿਆ ਕਰੋ, ਜਿਸ ਦੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ, ਜਿਸ ਦੇ ਗੁਣਾਂ ਦਾ ਪਾਰਲਾ ਬੰਨਾ ਨਹੀਂ ਲੱਭ ਸਕਦਾ।੨।੬੩।੮੬।

ਸਾਰਗ ਮਹਲਾ ੫ ॥ ਗੁਰ ਕੇ ਚਰਨ ਬਸੇ ਮਨ ਮੇਰੈ ॥ ਪੂਰਿ ਰਹਿਓ ਠਾਕੁਰੁ ਸਭ ਥਾਈ ਨਿਕਟਿ ਬਸੈ ਸਭ ਨੇਰੈ ॥ ੧ ॥ ਰਹਾਉ ॥ ਬੰਧਨ ਤੋਰਿ ਰਾਮ ਲਿਵ ਲਾਈ ਸੰਤ ਸੰਗਿ ਬਨਿ ਆਈ ॥ ਜਨਮੁ ਪਦਾਰਥੁ ਭਇਓ ਪੁਨੀਤਾ ਇਛਾ ਸਗਲ ਪੁਜਾਈ ॥ ੧ ॥ ਜਾ ਕਉ ਕ੍ਰਿਪਾ ਕਰਹੁ ਪ੍ਰਭ ਮੇਰੇ ਸੋ ਹਰਿ ਕਾ ਜਸੁ ਗਾਵੈ ॥ ਆਠ ਪਹਰ ਗੋਬਿੰਦ ਗੁਨ ਗਾਵੈ ਜਨੁ ਨਾਨਕੁ ਸਦ ਬਲਿ ਜਾਵੈ ॥ ੨ ॥ ੬੪ ॥ ੮੭ ॥

ਪਦ ਅਰਥ :—ਮਨ ਮੇਰੈ—ਮਨਿ ਮੇਰੈ, ਮੇਰੇ ਮਨ ਵਿਚ। ਪੂਰਿ ਰਹਿਓ—ਵਿਆਪਕ ਹੈ। ਠਾਕੁਰੁ—ਮਾਲਕ-ਪ੍ਰਭੂ। ਨਿਕਟਿ—ਨੇੜੇ। ਸਭ ਨੇਰੈ—ਸਭਨਾਂ ਦੇ ਨੇੜੇ। ੧।ਰਹਾਉ।

ਬੰਧਨ—ਮਾਇਆ ਦੇ ਮੋਹ ਦੀਆਂ ਫਾਹੀਆਂ। ਤੋਰਿ—ਤੋੜ ਕੇ। ਸੰਤ ਸੰਗਿ—ਗੁਰੂ ਨਾਲ। ਬਨਿ ਆਈ—ਪ੍ਰੀਤ ਬਣੀ ਹੈ। ਜਨਮੁ ਪਦਾਰਥੁ—ਕੀਮਤੀ ਮਨੁੱਖਾ ਜਨਮ। ਪੁਨੀਤਾ—ਪਵਿੱਤਰ। ਇਛਾ ਸਗਲ—ਸਾਰੀਆਂ ਮਨੋ-ਕਾਮਨਾਂ। ਪੁਜਾਈ—(ਗੁਰੂ ਨੇ) ਪੂਰੀਆਂ ਕਰ ਦਿੱਤੀਆਂ।੧।

ਜਾ ਕਉ—ਜਿਸ (ਮਨੁੱਖ) ਉੱਤੇ। ਪ੍ਰਭ—ਹੇ ਪ੍ਰਭੂ! ਜਸੁ—ਸਿਫ਼ਤਿ ਸਾਲਾਹ। ਸਦ—ਸਦਾ। ਬਲਿ ਜਾਵੈ—ਸਦਕੇ ਹੁੰਦਾ ਹੈ।੨।

ਅਰਥ :—ਹੇ ਭਾਈ! (ਜਦੋਂ ਦੇ) ਗੁਰੂ ਦੇ ਚਰਨ ਮੇਰੇ ਮਨ ਵਿਚ ਵੱਸ ਪਏ ਹਨ, (ਮੈਨੂੰ ਨਿਸਚਾ ਹੋ ਗਿਆ ਹੈ ਕਿ) ਮਾਲਕ-ਪ੍ਰਭੂ ਸਭਨੀਂ ਥਾਈਂ ਵਿਆਪਕ ਹੈ, (ਮੇਰੇ) ਨੇੜੇ ਵੱਸ ਰਿਹਾ ਹੈ, ਸਭਨਾਂ ਦੇ ਨੇੜੇ ਵੱਸ ਰਿਹਾ ਹੈ।੧।ਰਹਾਉ।

ਹੇ ਭਾਈ! (ਜਦੋਂ ਤੋਂ) ਗੁਰੂ ਨਾਲ ਮੇਰਾ ਪਿਆਰ ਪਿਆ ਹੈ (ਉਸ ਨੇ ਮੇਰੇ ਮਾਇਆ ਦੇ ਮੋਹ ਦੇ) ਬੰਧਨ ਤੋੜ ਕੇ ਮੇਰੀ ਸੁਰਤਿ ਪਰਮਾਤਮਾ ਨਾਲ ਜੋੜ ਦਿੱਤੀ ਹੈ,

ਮੇਰਾ ਕੀਮਤੀ ਮਨੁੱਖਾ ਜਨਮ ਪਵਿੱਤਰ ਹੋ ਗਿਆ ਹੈ। (ਗੁਰੂ ਨੇ) ਮੇਰੀਆਂ ਸਾਰੀਆਂ ਮਨੋ-ਕਾਮਨਾਂ ਪੂਰੀਆਂ ਕਰ ਦਿੱਤੀਆਂ ਹਨ। ੧।

ਹੇ ਮੇਰੇ ਪ੍ਰਭੂ ! ਤੂੰ ਜਿਸ ਮਨੁੱਖ ਉਤੇ ਮਿਹਰ ਕਰਦਾ ਹੈਂ, ਉਹ, ਹੇ ਹਰੀ ! ਤੇਰੀ ਸਿਫ਼ਤਿ ਸਾਲਾਹ ਦਾ ਗੀਤ ਗਾਂਦਾ ਰਹਿੰਦਾ ਹੈ। ਹੇ ਭਾਈ ! ਜਿਹੜਾ ਮਨੁੱਖ ਅੱਠੇ ਪਹਰ (ਹਰ ਵੇਲੇ) ਪਰਮਾਤਮਾ ਦੇ ਗੁਣ ਗਾਂਦਾ ਹੈ, ਦਾਸ ਨਾਨਕ ਉਸ ਤੋਂ ਸਦਾ ਕੁਰਬਾਨ ਜਾਂਦਾ ਹੈ। ੨। ੬੪। ੮੭।

ਸਾਰਗ ਮਹਲਾ ੫ ॥ ਜੀਵਨੁ ਤਉ ਗਨੀਐ ਹਰਿ ਪੇਖਾ ॥ ਕਰਹੁ ਕ੍ਰਿਪਾ ਪ੍ਰੀਤਮ ਮਨਮੋਹਨ ਫੋਰਿ ਭਰਮ ਕੀ ਰੇਖਾ ॥ ੧ ॥ ਰਹਾਉ ॥ ਕਹਤ ਸੁਨਤ ਕਿਛੁ ਸਾਂਤਿ ਨ ਉਪਜਤ ਬਿਨੁ ਬਿਸਾਸ ਕਿਆ ਸੇਖਾਂ ॥ ਪ੍ਰਭੂ ਤਿਆਗਿ ਆਨ ਜੋ ਚਾਹਤ ਤਾ ਕੈ ਮੁਖਿ ਲਾਗੈ ਕਾਲੇਖਾ ॥ ੧ ॥ ਜਾ ਕੈ ਰਾਸਿ ਸਰਬ ਸੁਖ ਸੁਆਮੀ ਆਨ ਨ ਮਾਨਤ ਭੇਖਾ ॥ ਨਾਨਕ ਦਰਸ ਮਗਨ ਮਨੁ ਮੋਹਿਓ ਪੂਰਨ ਅਰਥ ਬਿਸੇਖਾ ॥ ੨ ॥ ੬੫ ॥ ੮੮ ॥

ਪਦ ਅਰਥ :—ਜੀਵਨੁ—(ਅਸਲ) ਜ਼ਿੰਦਗੀ । ਤਉ—ਤਦੋਂ (ਹੀ) । ਗਨੀਐ—ਸਮਝੀ ਜਾਣੀ ਚਾਹੀਦੀ ਹੈ। ਪੇਖਾ—ਪੇਖਾਂ, (ਜੇ) ਮੈਂ ਵੇਖ ਲਵਾਂ। ਪ੍ਰੀਤਮ—ਹੇ ਪ੍ਰੀਤਮ ! ਫੋਰਿ—ਤੋੜ । ਭਰਮ—ਭਟਕਣਾ। ਰੇਖਾ—(ਮਨ ਉਤੇ) ਲਕੀਰ, ਪਿਛਲੇ ਸੰਸਕਾਰ। ੧। ਰਹਾਉ ।

ਕਹਤ ਸੁਨਤ—ਕਹਿੰਦਿਆਂ ਸੁਣਦਿਆਂ। ਬਿਸਾਸ—ਸਰਧਾ। ਸੇਖਾਂ—ਵਿਸ਼ੇਸ਼ਤਾ, ਲਾਭ, ਗੁਣ। ਤਿਆਗਿ—ਛੱਡ ਕੇ। ਆਨ—ਹੋਰ ਹੋਰ (ਪਦਾਰਥ)। ਤਾ ਕੈ ਮੁਖਿ—ਉਸ ਦੇ ਮੂੰਹ ਉਤੇ। ਕਾਲੇਖਾ—ਕਾਲਖ। ੧।

ਜਾ ਕੈ—ਜਿਸ ਦੇ ਪੱਲੇ, ਜਿਸ ਦੇ ਹਿਰਦੇ ਵਿਚ। ਰਾਸਿ—ਪੂੰਜੀ, ਸਰਮਾਇਆ। ਸਰਬ ਸੁਖ—ਸਾਰੇ ਸੁਖ ਦੇਣ ਵਾਲਾ। ਆਨ ਭੇਖਾ—ਹੋਰ ਹੋਰ ਭੇਖ, ਹੋਰ (ਵਿਖਾਵੇ ਦੇ) ਧਾਰਮਿਕ ਪਹਿਰਾਵੇ। ਨ ਮਾਨਤ—ਨਹੀਂ ਮੰਨਦਾ । ਮਗਨ—ਮਸਤ । ਅਰਥ—ਲੋੜਾਂ । ਬਿਸੇਖਾ—ਉਚੇਚੀਆਂ। ੨।

ਅਰਥ :—ਹੇ ਭਾਈ ! ਜੇ ਮੈਂ (ਇਸੇ ਮਨੁੱਖਾ ਜਨਮ ਵਿਚ) ਪਰਮਾਤਮਾ ਦਾ ਦਰਸ਼ਨ ਕਰ ਸਕਾਂ, ਤਦੋਂ ਹੀ (ਮੇਰਾ ਇਹ ਅਸਲ ਮਨੁੱਖਾ) ਜੀਵਨ ਸਮਝਿਆ ਜਾ ਸਕਦਾ ਹੈ। ਹੇ ਪ੍ਰੀਤਮ ਪ੍ਰਭੂ ! ਹੇ ਮਨ ਨੂੰ ਮੋਹ ਲੈਣ ਵਾਲੇ ਪ੍ਰਭੂ ! (ਮੇਰੇ ਮਨ ਵਿਚੋਂ ਪਿਛਲੇ ਜਨਮਾਂ ਦੇ) ਭਟਕਣਾ ਦੇ ਸੰਸਕਾਰ ਦੂਰ ਕਰ। ੧। ਰਹਾਉ ।

ਹੇ ਭਾਈ ! ਨਿਰੇ ਅਖਣ ਸੁਣਨ ਨਾਲ (ਮਨੁੱਖ ਦੇ ਮਨ ਵਿਚ) ਕੋਈ ਸ਼ਾਂਤੀ ਪੈਦਾ ਨਹੀਂ ਹੁੰਦੀ। ਸਰਧਾ ਤੋਂ ਬਿਨਾ (ਜ਼ਬਾਨੀ ਆਖਣ ਸੁਣਨ ਦਾ) ਕੋਈ ਲਾਭ ਨਹੀਂ ਹੁੰਦਾ। ਜਿਹੜਾ ਮਨੁੱਖ (ਜ਼ਬਾਨੀ ਤਾਂ ਗਿਆਨ ਦੀਆਂ ਬਥੇਰੀਆਂ ਗੱਲਾਂ ਕਰਦਾ ਹੈ, ਪਰ) ਪ੍ਰਭੂ ਨੂੰ ਭੁਲਾ ਕੇ ਹੋਰ ਹੋਰ (ਪਦਾਰਥ) ਲੋੜਦਾ ਰਹਿੰਦਾ ਹੈ, ਉਸ ਦੇ ਮੱਥੇ ਉਤੇ (ਮਾਇਆ ਦੇ ਮੋਹ ਦੀ) ਕਾਲਖ ਲੱਗੀ ਰਹਿੰਦੀ ਹੈ। ੧।

ਹੇ ਨਾਨਕ!(ਆਖ–ਹੇ ਭਾਈ!)ਜਿਸ ਮਨੁੱਖ ਦੇ ਹਿਰਦੇ ਵਿਚ ਸਾਰੇ ਸੁਖ ਦੇਣ ਵਾਲੇ ਪ੍ਰਭੂ ਦੇ ਨਾਮ ਦਾ ਸਰਮਾਇਆ ਹੈ, ਉਹ ਹੋਰ (ਵਿਖਾਵੇ ਦੇ) ਧਾਰਮਿਕ ਭੇਖਾਂ ਨੂੰ ਨਹੀਂ ਮੰਨਦਾ ਫਿਰਦਾ। ਉਹ ਤਾਂ (ਪ੍ਰਭੂ ਦੇ) ਦਰਸਨ ਵਿਚ ਮਸਤ ਰਹਿੰਦਾ ਹੈ, ਉਸ ਦਾ ਮਨ (ਪ੍ਰਭੂ ਦੇ ਦਰਸਨ ਨਾਲ) ਮੋਹਿਆ ਜਾਂਦਾ ਹੈ। (ਪ੍ਰਭੂ ਦੀ ਕਿਰਪਾ ਨਾਲ) ਉਸ ਦੀਆਂ ਸਾਰੀਆਂ ਲੋੜਾਂ ਉਚੇਚੀਆਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ। ੨। ੬੫। ੮੮।

ਸਾਰਗ ਮਹਲਾ ੫ ॥ ਸਿਮਰਨ ਰਾਮ ਕੋ ਇਕੁ ਨਾਮ ॥ ਕਲਮਲ ਦਗਧ ਹੋਹਿ ਖਿਨ ਅੰਤਰਿ ਕੋਟਿ ਦਾਨ ਇਸਨਾਨ ॥ ੧ ॥ ਰਹਾਉ ॥ ਆਨ ਜੰਜਾਰ ਬ੍ਰਿਥਾ ਸ੍ਰਮੁ ਘਾਲਤ ਬਿਨੁ ਹਰਿ ਫੋਕਟ ਗਿਆਨ ॥ ਜਨਮ ਮਰਨ ਸੰਕਟ ਤੇ ਛੂਟੈ ਜਗਦੀਸ ਭਜਨ ਸੁਖ ਧਿਆਨ ॥ ੧ ॥ ਤੇਰੀ ਸਰਨਿ ਪੂਰਨ ਸੁਖ ਸਾਗਰ ਕਰਿ ਕਿਰਪਾ ਦੇਵਹੁ ਦਾਨ ॥ ਸਿਮਰਿ ਸਿਮਰਿ ਨਾਨਕ ਪ੍ਰਭ ਜੀਵੈ ਬਿਨਸਿ ਜਾਇ ਅਭਿਮਾਨ ॥ ੨ ॥ ੬੬ ॥ ੮੯ ॥

ਪਦ ਅਰਥ :–ਇਕੁ–ਸਿਰਫ਼। ਕੋ–ਦਾ। ਕਲਮਲ–ਪਾਪ। ਦਗਧ ਹੋਹਿ–ਸੜ ਜਾਂਦੇ ਹਨ [ਬਹੁ ਵਚਨ]। ਕੋਟਿ–ਕ੍ਰੋੜਾਂ। ੧। ਰਹਾਉ।

ਆਨ ਜੰਜਾਰ–ਹੋਰ ਹੋਰ (ਮਾਇਕ) ਜੰਜਾਲਾਂ ਵਾਸਤੇ। ਬ੍ਰਿਥਾ–ਵਿਅਰਥ। ਸ੍ਰਮੁ–ਮਿਹਨਤ, ਖੇਚਲ। ਫੋਕਟ–ਫੋਕੇ। ਸੰਕਟ ਤੇ–ਕਸ਼ਟ ਤੋਂ। ਜਗਦੀਸ–ਜਗਤ ਦਾ ਮਾਲਕ [ਜਗਤ-ਈਸ਼]। ਧਿਆਨ–ਸੁਰਤਿ।੧।

ਸੁਖ ਸਾਗਰ–ਹੇ ਸੁਖਾਂ ਦੇ ਸਮੁੰਦਰ ! ਕਰਿ–ਕਰ ਕੇ। ਸਿਮਰਿ–ਸਿਮਰ ਕੇ। ਪ੍ਰਭ–ਹੇ ਪ੍ਰਭੂ ! ਜੀਵੈ–ਆਤਮਕ ਜੀਵਨ ਹਾਸਲ ਕਰੇ। ੨।

ਅਰਥ :–ਹੇ ਭਾਈ ! ਜੇ ਸਿਰਫ਼ ਪਰਮਾਤਮਾ ਦੇ ਨਾਮ ਦਾ ਸਿਮਰਨ ਹੀ ਕੀਤਾ ਜਾਏ, ਤਾਂ ਇਕ ਖਿਨ ਵਿਚ (ਜੀਵ ਦੇ ਸਾਰੇ) ਪਾਪ ਸੜ ਜਾਂਦੇ ਹਨ (ਉਸ ਨੂੰ, ਮਾਨੋ) ਕ੍ਰੋੜਾਂ ਦਾਨ ਤੇ ਤੀਰਥ-ਇਸ਼ਨਾਨ (ਕਰਨ ਦਾ ਫਲ ਮਿਲ ਗਿਆ)। ੧। ਰਹਾਉ।

ਹੇ ਭਾਈ ! (ਜੇ ਮਨੁੱਖ ਮਾਇਆ ਦੇ ਹੀ) ਹੋਰ ਹੋਰ ਜੰਜਾਲਾਂ ਵਾਸਤੇ ਵਿਅਰਥ ਭੱਜ-ਦੌੜ ਕਰਦਾ ਰਹਿੰਦਾ ਹੈ (ਅਤੇ ਹਰਿ-ਨਾਮ ਨਹੀਂ ਸਿਮਰਦਾ, ਤਾਂ) ਪਰਮਾਤਮਾ ਦੇ

ਨਾਮ ਤੋਂ ਬਿਨਾ (ਨਿਰੀਆਂ) ਗਿਆਨ ਦੀਆਂ ਗੱਲਾਂ ਸਭ ਫੋਕੀਆਂ ਹੀ ਹਨ। ਜਦੋਂ ਮਨੁੱਖ ਪਰਮਾਤਮਾ ਦੇ ਭਜਨ ਦੇ ਆਨੰਦ ਵਿਚ ਸੁਰਤਿ ਜੋੜਦਾ ਹੈ, ਤਦੋਂ ਹੀ ਉਹ ਜਨਮ ਮਰਨ ਦੇ ਗੇੜ ਦੇ ਕਸ਼ਟ ਤੋਂ ਬਚਦਾ ਹੈ।੧।

ਹੇ ਨਾਨਕ ! (ਆਖ–) ਹੇ ਸੁਖਾਂ ਦੇ ਸਮੁੰਦਰ ਪ੍ਰਭੂ ! ਹੇ ਪੂਰਨ ਪ੍ਰਭੂ ! ਮੈਂ ਤੇਰੀ ਸਰਨ ਆਇਆ ਹਾਂ, ਮਿਹਰ ਕਰ ਕੇ ਮੈਨੂੰ ਆਪਣੇ ਨਾਮ ਦੀ ਦਾਤਿ ਦੇਹ। ਤੇਰਾ ਨਾਮ ਸਿਮਰ ਸਿਮਰ ਕੇ ਆਤਮਕ ਜੀਵਨ ਮਿਲਦਾ ਹੈ, ਅਤੇ (ਮਨ ਵਿਚੋਂ) ਅਹੰਕਾਰ ਨਾਸ ਹੋ ਜਾਂਦਾ ਹੈ।੨।੬੬।੮੯।

ਸਾਰਗ ਮਹਲਾ ੫ ॥ ਧੂਰਤੁ ਸੋਈ ਜਿ ਧੁਰ ਕਉ ਲਾਗੈ ॥ ਸੋਈ ਧੁਰੰਧਰੁ ਸੋਈ ਬਸੁੰਧਰੁ ਹਰਿ ਏਕ ਪ੍ਰੇਮ ਰਸ ਪਾਗੈ ॥ ੧ ॥ ਰਹਾਉ ॥ ਬਲਬੰਚ ਕਰੈ, ਨ ਜਾਨੈ ਲਾਭੈ, ਸੋ ਧੂਰਤੁ ਨਹੀ, ਮੂੜ੍ਹਾ ॥ ਸੁਆਰਥੁ ਤਿਆਗਿ ਅਸਾਰਥਿ ਰਚਿਓ ਨਹ ਸਿਮਰੈ ਪ੍ਰਭੁ ਰੂੜਾ ॥ ੧ ॥ ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ ॥ ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ ॥੨॥੬੭॥੯੦॥

ਪਦ ਅਰਥ :–ਧੂਰਤੁ–[ਧੂਰ੍ਤ] ਚਤੁਰ। ਸੋਈ–ਉਹੀ ਮਨੁੱਖ। ਜਿ–ਜਿਹੜਾ। ਧੁਰ ਕਉ–ਸਭ ਦੇ ਮੂਲ ਦੀ ਚਰਨੀਂ। ਧੁਰੰਧਰੁ–ਭਾਰ ਚੁੱਕਣ ਵਾਲਾ, ਮੁਖੀ। ਬਸੁੰਧਰੁ –[ਵਸੁ–ਧਨ] ਧਨ ਧਾਰਨ ਕਰਨ ਵਾਲਾ, ਧਨੀ। ਪਾਗੈ–ਮਸਤ ਰਹਿੰਦਾ ਹੈ।੧। ਰਹਾਉ।

ਬਲਬੰਚ–ਠੱਗੀਆਂ। ਧੂਰਤੁ–ਚਤੁਰ। ਮੂੜ੍ਹਾ–ਮੂਰਖ। ਸੁਆਰਥੁ–ਆਪਣੀ (ਅਸਲ) ਗ਼ਰਜ਼। ਅਸਾਰਥ–ਘਾਟੇ ਵਾਲੇ ਕੰਮ ਵਿਚ। ਰੂੜਾ–ਸੁੰਦਰ।੧।

ਸੂਰਾ–ਸੂਰਮਾ। ਦਾਨਾਂ–ਸਿਆਣਾ (wise)। ਜਿਨਿ–ਜਿਸ (ਮਨੁੱਖ) ਨੇ। ਪਰਵਾਨਾ–ਕਬੂਲ।੨।

ਅਰਥ :–ਹੇ ਭਾਈ ! ਉਹੀ ਮਨੁੱਖ (ਅਸਲ) ਚਤੁਰ ਹੈ ਜਿਹੜਾ ਜਗਤ ਦੇ ਮੂਲ-ਪ੍ਰਭੂ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ। ਉਹੀ ਮਨੁੱਖ ਮੁਖੀ ਹੈ ਉਹੀ ਮਨੁੱਖ ਧਨੀ ਹੈ, ਜਿਹੜਾ ਸਿਰਫ਼ ਪਰਮਾਤਮਾ ਦੇ ਪਿਆਰ-ਰਸ ਵਿਚ ਮਸਤ ਰਹਿੰਦਾ ਹੈ।੧। ਰਹਾਉ।

ਪਰ, ਹੇ ਭਾਈ ! ਜਿਹੜਾ ਮਨੁੱਖ (ਹੋਰਨਾਂ ਨਾਲ) ਠੱਗੀਆਂ ਕਰਦਾ ਹੈ (ਉਹ ਆਪਣਾ ਅਸਲ) ਲਾਭ ਨਹੀਂ ਸਮਝਦਾ, ਉਹ ਚਤੁਰ ਨਹੀਂ ਉਹ ਮੂਰਖ ਹੈ। ਉਹ ਆਪਣੀ ਅਸਲ ਗ਼ਰਜ਼ ਛੱਡ ਕੇ ਘਾਟੇ ਵਾਲੇ ਕੰਮ ਵਿਚ ਰੁੱਝਾ ਰਹਿੰਦਾ ਹੈ, (ਕਿਉਂਕਿ)

ਉਹ ਸੁੰਦਰ ਪ੍ਰਭੂ ਦਾ ਨਾਮ ਨਹੀਂ ਸਿਮਰਦਾ। ੧।

ਹੇ ਭਾਈ! ਉਹੀ ਮਨੁੱਖ ਚਤੁਰ ਤੇ ਸਿਆਣਾ ਹੈ, ਉਹੀ ਮਨੁੱਖ ਪੰਡਿਤ ਸੂਰਮਾ ਤੇ ਦੱਾਨਾ ਹੈ, ਜਿਸ ਨੇ ਸਾਧ ਸੰਗਤਿ ਵਿਚ ਟਿਕ ਕੇ ਹਰਿ-ਨਾਮ ਜਪਿਆ ਹੈ। ਹੇ ਨਾਨਕ! ਉਹੀ ਮਨੁੱਖ (ਪਰਮਾਤਮਾ ਦੀ ਹਜ਼ੂਰੀ ਵਿਚ) ਕਬੂਲ ਹੁੰਦਾ ਹੈ। ੨। ੬੭। ੯੦।

ਸਾਰਗ ਮਹਲਾ ੫ ॥ ਹਰਿ ਹਰਿ ਸੰਤ ਜਨਾ ਕੀ ਜੀਵਨਿ ॥ ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮਨਾਮ ਰਸੁ ਪੀਵਨਿ ॥ ੧ ॥ ਰਹਾਉ ॥ ਸੰਚਨਿ ਰਾਮਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥ ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮਨਾਮ ਰਸ ਖੀਵਨਿ ॥ ੧ ॥ ਜਿਉ ਮੀਨਾ ਜਲ ਸਿਉ ਉਰਝਾਨੋ ਰਾਮਨਾਮ ਸੰਗਿ ਲੀਵਨਿ ॥ ਨਾਨਕ ਸੰਤ ਚਾਤ੍ਰਿਕ ਕੀ ਨਿਆਈ ਹਰਿ ਬੂੰਦ ਪਾਨ ਸੁਖ ਥੀਵਨਿ ॥ ੨ ॥ ੬੮ ॥ ੯੧ ॥

ਪਦ ਅਰਥ :—ਜੀਵਨਿ—ਜੀਵਨੀ, ਜੀਵਨ-ਰਹਿਤ। ਬਿਖੈ ਭੋਗ—ਵਿਸ਼ਿਆਂ ਦੇ ਭੋਗ। ਅੰਮ੍ਰਿਤ—ਆਤਮਕ ਜੀਵਨ ਦੇਣ ਵਾਲੇ। ਪੀਵਨਿ—ਪੀਂਦੇ ਹਨ [ਵਰਤਮਾਨ ਕਾਲ, ਅੱਨ ਪੁਰਖ, ਬਹੁ ਵਚਨ]। ੧।

ਸੰਚਨਿ—ਇਕੱਠਾ ਕਰਦੇ ਹਨ। ਸੀਵਨਿ—ਪ੍ਰੋਂਦੇ ਹਨ। ਰਾਂਗ ਭਏ—ਰੰਗੇ ਜਾਂਦੇ ਹਨ। ਖੀਵਨਿ—ਮਸਤ ਹੋਏ ਰਹਿੰਦੇ ਹਨ। ੧।

ਮੀਨਾ—ਮੱਛੀ। ਸਿਉ—ਨਾਲ। ਉਰਝਾਨੋ—ਲਪਟੀ ਰਹਿੰਦੀ ਹੈ। ਸੰਗਿ—ਨਾਲ। ਲੀਵਨਿ—ਲਿਵ ਜੋੜੀ ਰੱਖਦੇ ਹਨ। ਚਾਤ੍ਰਿਕ—ਪਪੀਹਾ। ਨਿਆਈ—ਵਾਂਗ। ਪਾਨ—ਪਾਨ ਕਰ ਕੇ, ਪੀ ਕੇ। ਥੀਵਨਿ—ਹੁੰਦੇ ਹਨ। ੨।

ਅਰਥ :—ਹੇ ਭਾਈ! ਪਰਮਾਤਮਾ ਦੇ ਭਗਤ ਆਤਮਕ ਜੀਵਣ ਦੇਣ ਵਾਲੇ ਸੁਖਾਂ ਦੇ ਸਮੁੰਦਰ ਹਰਿ-ਨਾਮ ਦਾ ਰਸ (ਸਦਾ) ਪੀਂਦੇ ਰਹਿੰਦੇ ਹਨ, ਇਹੀ ਉਹਨਾਂ ਵਾਸਤੇ ਦੁਨੀਆ ਵਾਲੇ ਵਿਸ਼ੇ ਭੋਗਾਂ ਦਾ ਸੁਆਦ ਹੈ—ਇਹ ਹੈ ਜ਼ਿੰਦਗੀ ਸੰਤ ਜਨਾਂ ਦੀ। ੧। ਰਹਾਉ।

ਹੇ ਭਾਈ! ਸੰਤ ਜਨ ਪਰਮਾਤਮਾ ਦਾ ਨਾਮ-ਧਨ ਇਕੱਠਾ ਕਰਦੇ ਹਨ, ਨਾਮ-ਰਤਨ ਇਕੱਠੇ ਕਰਦੇ ਹਨ, ਅਤੇ ਆਪਣੇ ਮਨ ਵਿਚ ਹਿਰਦੇ ਵਿਚ (ਉਹਨਾਂ ਨੂੰ) ਪ੍ਰੋ ਰੱਖਦੇ ਹਨ। ਪਰਮਾਤਮਾ ਦੇ ਨਾਮ-ਰੰਗ ਨਾਲ ਰੰਗੀਜ ਕੇ ਉਹਨਾਂ ਦਾ ਮਨ ਗੂੜ੍ਹੇ ਰੰਗ ਵਾਲਾ ਹੋਇਆ ਰਹਿੰਦਾ ਹੈ, ਉਹ ਹਰਿ-ਨਾਮ ਦੇ ਰਸ ਨਾਲ ਮਸਤ ਰਹਿੰਦੇ ਹਨ। ੧।

ਹੇ ਭਾਈ! ਜਿਵੇਂ ਮੱਛੀ ਪਾਣੀ ਨਾਲ ਲਪਟੀ ਰਹਿੰਦੀ ਹੈ (ਪਾਣੀ ਤੋਂ ਬਿਨਾ ਜੀਊ ਨਹੀਂ ਸਕਦੀ) ਤਿਵੇਂ ਸੰਤ ਜਨ ਹਰਿ-ਨਾਮ ਵਿਚ ਲੀਨ ਰਹਿੰਦੇ ਹਨ। ਹੇ ਨਾਨਕ!

ਸੰਤ ਜਨ ਪਪੀਹੇ ਵਾਂਗ ਹਨ (ਜਿਵੇਂ ਪਪੀਹਾ ਸ੍ਵਾਂਤੀ ਨਛੱਤ੍ਰ ਦੀ ਵਰਖਾ ਦੀ ਬੂੰਦ ਪੀ ਕੇ ਤ੍ਰਿਪਤ ਹੁੰਦਾ ਹੈ, ਤਿਵੇਂ ਸੰਤ ਜਨ) ਪਰਮਾਤਮਾ ਦੇ ਨਾਮ ਦੀ ਬੂੰਦ ਪੀ ਕੇ ਸੁਖੀ ਹੁੰਦੇ ਹਨ। ੨। ੬੮। ੯੧।

ਸਾਰਗ ਮਹਲਾ ੫ ॥ ਹਰਿ ਕੇ ਨਾਮ ਹੀਨ ਬੇਤਾਲ ॥ ਜੇਤਾ ਕਰਨ ਕਰਾਵਨ ਤੇਤਾ ਸਭਿ ਬੰਧਨ ਜੰਜਾਲ ॥ ੧ ॥ ਰਹਾਉ ॥ ਬਿਨੁ ਪ੍ਰਭ ਸੇਵ ਕਰਤ ਅਨ ਸੇਵਾ ਬਿਰਥਾ ਕਾਟੈ ਕਾਲ ॥ ਜਬ ਜਮੁ ਆਇ ਸੰਘਾਰੈ ਪ੍ਰਾਨੀ ਤਬ ਤੁਮਰੋ ਕਉਨੁ ਹਵਾਲ ॥ ੧ ॥ ਰਾਖਿ ਲੇਹੁ ਦਾਸ ਅਪਨੇ ਕਉ ਸਦਾ ਸਦਾ ਕਿਰਪਾਲ ॥ ਸੁਖ ਨਿਧਾਨ ਨਾਨਕ ਪ੍ਰਭੁ ਮੇਰਾ ਸਾਧ ਸੰਗਿ ਧਨ ਮਾਲ ॥ ੨ ॥ ੬੯ ॥ ੯੨ ॥

ਪਦ ਅਰਥ:—ਹੀਨ—ਸੱਖਣੇ। ਬੇਤਾਲ—ਭੂਤਨੇ, ਭੂਤ ਪ੍ਰੇਤ। ਜੇਤਾ—ਜਿਤਨਾ ਕੁਝ। ਸਭਿ—ਸਾਰੇ। ੧। ਰਹਾਉ।

ਅਨ—[अन्य] ਹੋਰ (ਦੀ)। ਕਾਟੈ—ਗੁਜ਼ਾਰਦਾ ਹੈ। ਕਾਲ—(ਜ਼ਿੰਦਗੀ ਦਾ) ਸਮਾ। ਸੰਘਾਰੈ—(ਜਾਨੋਂ) ਮਾਰਦਾ ਹੈ। ਪ੍ਰਾਨੀ—ਹੇ ਪ੍ਰਾਣੀ! ਕਉਨੁ ਹਵਾਲ—ਕੀਹ ਹਾਲ ?੧।

ਕਿਰਪਾਲ—ਹੇ ਕਿਰਪਾਲ! ਸੁਖ ਨਿਧਾਨ—ਸੁਖਾਂ ਦਾ ਖ਼ਜ਼ਾਨਾ।ਸਾਧ ਸੰਗਿ—ਸਾਧ ਸੰਗਤਿ ਵਿਚ। ੨।

ਅਰਥ:—ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਜੋ ਮਨੁੱਖ ਸੱਖਣੇ ਰਹਿੰਦੇ ਹਨ (ਆਤਮਕ ਜੀਵਨ ਦੀ ਕਸਵੱਟੀ ਅਨੁਸਾਰ) ਉਹ ਭੂਤ-ਪ੍ਰੇਤ ਹੀ ਹਨ। (ਅਜਿਹੇ ਮਨੁੱਖ) ਜਿਤਨਾ ਕੁਝ ਕਰਦੇ ਹਨ ਜਾਂ ਕਰਾਂਦੇ ਹਨ, ਉਹਨਾਂ ਦੇ ਉਹ ਸਾਰੇ ਹੀ ਕੰਮ ਮਾਇਆ ਦੀਆਂ ਫਾਹੀਆਂ ਮਾਇਆ ਦੇ ਜੰਜਾਲ (ਵਧਾਂਦੇ ਹਨ)। ੧। ਰਹਾਉ।

ਹੇ ਭਾਈ! ਪਰਮਾਤਮਾ ਦੀ ਭਗਤੀ ਤੋਂ ਬਿਨਾ ਹੋਰ ਹੋਰ ਦੀ ਸੇਵਾ ਕਰਦਿਆਂ (ਮਨੁੱਖ ਆਪਣੀ ਜ਼ਿੰਦਗੀ ਦਾ) ਸਮਾ ਵਿਅਰਥ ਬਿਤਾਂਦਾ ਹੈ। ਹੇ ਪ੍ਰਾਣੀ! (ਜੇ ਤੂੰ ਹਰਿ-ਨਾਮ ਤੋਂ ਬਿਨਾ ਹੀ ਰਿਹਾ, ਤਾਂ) ਜਦੋਂ ਜਮਰਾਜ ਆ ਕੇ ਮਾਰਦਾ ਹੈ, ਤਦੋਂ (ਸੋਚ) ਤੇਰਾ ਕੀਹ ਹਾਲ ਹੋਵੇਗਾ ? ੧।

ਹੇ ਸਦਾ ਹੀ ਦਇਆ ਦੇ ਸੋਮੇ! ਆਪਣੇ ਦਾਸ (ਨਾਨਕ) ਦੀ ਆਪ ਰੱਖਿਆ ਕਰ (ਤੇ, ਆਪਣਾ ਨਾਮ ਬਖ਼ਸ਼)। ਹੇ ਨਾਨਕ! (ਆਖ—ਹੇ ਭਾਈ!) ਮੇਰਾ ਪ੍ਰਭੂ ਸਾਰੇ ਸੁਖਾਂ ਦਾ ਖ਼ਜ਼ਾਨਾ ਹੈ, ਉਸ ਦਾ ਨਾਮ-ਧਨ ਸਾਧ ਸੰਗਤਿ ਵਿਚ ਹੀ ਮਿਲਦਾ ਹੈ। ੨। ੬੯। ੯੨।

ਸਾਰਗ ਮਹਲਾ ੫ ॥ ਮਨਿ ਤਨਿ ਰਾਮ ਕੋ ਬਿਉਹਾਰੁ ॥ ਪ੍ਰੇਮ ਭਗਤਿ ਗੁਨ ਗਾਵਨ ਗੀਧੇ ਪੋਹਤ ਨਹ ਸੰਸਾਰੁ ॥ ੧ ॥ ਰਹਾਉ ॥ ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ ॥ ਚਰਨ ਕਮਲ ਅਸਥਿਤਿ ਰਿਦ ਅੰਤਰਿ, ਪੂਜਾ ਪ੍ਰਾਨ ਕੋ ਆਧਾਰੁ ॥ ੧ ॥ ਪ੍ਰਭ ਦੀਨ ਦਇਆਲ ਸੁਨਹੁ ਬੇਨੰਤੀ ਕਿਰਪਾ ਅਪਨੀ ਧਾਰੁ ॥ ਨਾਮੁ ਨਿਧਾਨੁ ਉਚਰਉ ਨਿਤ ਰਸਨਾ ਨਾਨਕ ਸਦ ਬਲਿਹਾਰੁ ॥ ੨ ॥ ੭੦ ॥ ੯੩ ॥

ਪਦ ਅਰਥ :—ਮਨਿ-ਮਨ ਵਿਚ। ਤਨਿ—ਤਨ ਵਿਚ। ਕੋ—ਦਾ। ਬਿਉਹਾਰੁ—ਆਹਰ। ਗੀਧੇ—ਗਿੱਝੇ ਹੋਏ। ਸੰਸਾਰੁ—ਜਗਤ (ਦਾ ਮੋਹ)। ੧। ਰਹਾਉ।

ਸ੍ਰਵਣੀ—ਕੰਨਾਂ ਨਾਲ। ਕੋ—ਦਾ। ਆਚਾਰੁ—ਨਿੱਤ ਦੀ ਕਾਰ। ਅਸਥਿਤਿ—ਟਿਕਾਉ। ਰਿਦ—ਹਿਰਦਾ। ਆਧਾਰੁ—ਆਸਰਾ। ੧।

ਪ੍ਰਭ—ਹੇ ਪ੍ਰਭੂ ! ਨਿਧਾਨੁ—ਖ਼ਜ਼ਾਨਾ। ਉਚਰਉ—ਉਚਰਉਂ, ਮੈਂ ਉਚਾਰਦਾ ਰਹਾਂ। ਨਿਤ—ਸਦਾ। ਰਸਨਾ—ਜੀਭ ਨਾਲ। ਸਦ—ਸਦਾ। ੨।

ਅਰਥ:—ਹੇ ਭਾਈ ! ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਹਿਰਦੇ ਵਿਚ (ਸਦਾ) ਪਰਮਾਤਮਾ ਦਾ (ਨਾਮ ਸਿਮਰਨ ਦਾ ਹੀ) ਆਹਰ ਹੈ, ਜਿਹੜੇ ਮਨੁੱਖ ਪ੍ਰਭੂ-ਪ੍ਰੇਮ ਅਤੇ ਹਰਿ-ਭਗਤੀ (ਦੇ ਮਤਵਾਲੇ ਹਨ) ਜੋ ਪ੍ਰਭੂ ਦੇ ਗੁਣ ਗਾਣ ਵਿਚ ਗਿੱਝੇ ਹੋਏ ਹਨ, ਉਹਨਾਂ ਨੂੰ ਜਗਤ (ਦਾ ਮੋਹ) ਪੋਹ ਨਹੀਂ ਸਕਦਾ। ੧। ਰਹਾਉ।

ਹੇ ਭਾਈ ! ਕੰਨਾਂ ਨਾਲ ਮਾਲਕ-ਪ੍ਰਭੂ ਦੀ ਸਿਫ਼ਤਿ ਸਾਲਾਹ ਸੁਣਨੀ, (ਜੀਭ ਨਾਲ ਮਾਲਕ ਦਾ ਨਾਮ) ਸਿਮਰਨਾ—ਸੰਤ ਜਨਾਂ ਦੀ ਇਹ ਨਿੱਤ ਦੀ ਕਾਰ ਹੋਇਆ ਕਰਦੀ ਹੈ। ਉਹਨਾਂ ਦੇ ਹਿਰਦੇ ਵਿਚ ਪਰਮਾਤਮਾ ਦੇ ਸੋਹਣੇ ਚਰਨਾਂ ਦਾ ਸਦਾ ਟਿਕਾਉ ਬਣਿਆ ਰਹਿੰਦਾ ਹੈ, ਪ੍ਰਭੂ ਦੀ ਪੂਜਾ-ਭਗਤੀ ਉਹਨਾਂ ਦੇ ਪ੍ਰਾਣਾਂ ਦਾ ਆਸਰਾ ਹੁੰਦਾ ਹੈ। ੧।

ਹੇ ਨਾਨਕ (ਆਖ—) ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ ! (ਮੇਰੀ) ਬੇਨਤੀ ਸੁਣ, (ਮੇਰੇ ਉਤੇ) ਆਪਣੀ ਮਿਹਰ ਕਰ। ਤੇਰਾ ਨਾਮ ਹੀ (ਮੇਰੇ ਵਾਸਤੇ ਸਭ ਪਦਾਰਥਾਂ ਦਾ) ਖ਼ਜ਼ਾਨਾ ਹੈ (ਮਿਹਰ ਕਰ, ਮੈਂ ਇਹ ਨਾਮ) ਜੀਭ ਨਾਲ ਸਦਾ ਉਚਾਰਦਾ ਰਹਾਂ, ਅਤੇ ਤੈਥੋਂ ਸਦਾ ਸਦਕੇ ਹੁੰਦਾ ਰਹਾਂ। ੨। ੭੦। ੯੩।

ਸਾਰਗ ਮਹਲਾ ੫ ॥ ਹਰਿ ਕੇ ਨਾਮ ਹੀਨ ਮਤਿ ਥੋਰੀ ॥ ਸਿਮਰਤ ਨਾਹਿ ਸਿਰੀਧਰ ਠਾਕੁਰ ਮਿਲਤ ਅੰਧ ਦੁਖ ਘੋਰੀ ॥ ੧ ॥ ਰਹਾਉ ॥ ਹਰਿ ਕੇ ਨਾਮ ਸਿਉ ਪ੍ਰੀਤਿ ਨ ਲਾਗੀ ਅਨਿਕ ਭੇਖ ਬਹੁ ਜੋਰੀ ॥ ਤੂਟਤ ਬਾਰ ਨ

ਲਾਗੈ ਤਾ ਕਉ ਜਿਉ ਗਾਗਰਿ ਜਲ ਫੋਰੀ ॥ ੧ ॥ ਕਰਿ ਕਿਰਪਾ ਭਗਤਿ ਰਸੁ ਦੀਜੈ ਮਨੁ ਖਚਿਤ ਪ੍ਰੇਮ ਰਸ ਖੋਰੀ ॥ ਨਾਨਕ ਦਾਸ ਤੇਰੀ ਸਰਣਾਈ ਪ੍ਰਭ ਬਿਨੁ ਆਨ ਨ ਹੋਰੀ ॥ ੨ ॥ ੭੧ ॥ ੯੪ ॥

ਪਦ ਅਰਥ :–ਹੀਨ–ਸੱਖਣੇ । ਥੋਰੀ–ਥੋੜੀ, ਹੋਛੀ । ਸਿਰੀਧਰ–ਲੱਛਮੀ ਦਾ ਆਸਰਾ ਪ੍ਰਭੂ । ਅੰਧ–(ਮਾਇਆ ਦੇ ਮੋਹ ਵਿਚ) ਅੰਨ੍ਹੇ ਹੋ ਚੁਕੇ ਮਨੁੱਖਾਂ ਨੂੰ । ਘੋਰੀ–ਘੋਰ, ਭਿਆਨਕ ।੧। ਰਹਾਉ ।

ਸਿਉ–ਨਾਲ । ਭੇਖ–(ਵਿਖਾਵੇ-ਮਾਤ੍ਰ) ਧਾਰਮਿਕ ਪਹਿਰਾਵੇ । ਜੋਰੀ–ਜੋੜੀ (ਪ੍ਰੀਤ) । ਬਾਰ–ਚਿਰ । ਤਾ ਕਉ ਤੂਟਤ–ਉਸ (ਪ੍ਰੀਤ) ਨੂੰ ਟੁੱਟਦਿਆਂ । ਫੋਰੀ–ਟੁੱਟੀ ਹੋਈ । ੧ ।

ਦੀਜੈ–ਦੇਹ । ਖਚਿਤ–ਮਸਤ ਰਹੇ । ਖੋਰੀ–ਖੁਮਾਰੀ ਵਿਚ । ਆਨ–[अन्य] ਹੋਰ ਦੂਜਾ ।੨।

ਅਰਥ :–ਹੇ ਭਾਈ ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਤੋਂ ਵਾਂਜੇ ਰਹਿੰਦੇ ਹਨ, ਉਹਨਾਂ ਦੀ ਮਤਿ ਹੋਛੀ ਜਿਹੀ ਹੀ ਬਣ ਜਾਂਦੀ ਹੈ । ਉਹ ਲੱਖਮੀ-ਪਤੀ ਮਾਲਕ-ਪ੍ਰਭੂ ਦਾ ਨਾਮ ਨਹੀਂ ਸਿਮਰਦੇ । ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਉਹਨਾਂ ਮਨੁੱਖਾਂ ਨੂੰ ਭਿਆ-ਨਕ (ਆਤਮਕ) ਦੁੱਖ-ਕਲੇਸ਼ ਵਾਪਰਦੇ ਰਹਿੰਦੇ ਹਨ ।੧। ਰਹਾਉ ।

ਹੇ ਭਾਈ ! ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਨਾਲ ਪਿਆਰ ਨਹੀਂ ਪਾਂਦੇ, ਪਰ ਅਨੇਕਾਂ ਧਾਰਮਿਕ ਭੇਖਾਂ ਨਾਲ ਪ੍ਰੀਤ ਜੋੜੀ ਰੱਖਦੇ ਹਨ, ਉਹਨਾਂ ਦੀ ਇਸ ਪ੍ਰੀਤ ਦੇ ਟੁੱਟਦਿਆਂ ਚਿਰ ਨਹੀਂ ਲੱਗਦਾ, ਜਿਵੇਂ ਟੁੱਟੀ ਹੋਈ ਗਾਗਰ ਵਿਚ ਪਾਣੀ ਨਹੀਂ ਠਹਿਰ ਸਕਦਾ । ੧ ।

ਹੇ ਨਾਨਕ ! (ਆਖ–ਹੇ ਪ੍ਰਭੂ !) ਮਿਹਰ ਕਰ, ਮੈਨੂੰ ਆਪਣੀ ਭਗਤੀ ਦਾ ਸੁਆਦ ਬਖ਼ਸ਼, ਮੇਰਾ ਮਨ ਤੇਰੇ ਪ੍ਰੇਮ-ਰਸ ਦੀ ਖੁਮਾਰੀ ਵਿਚ ਮਸਤ ਰਹੇ । ਹੇ ਪ੍ਰਭੂ ! (ਤੇਰਾ) ਦਾਸ ਨਾਨਕ ਤੇਰੀ ਸਰਨ ਆਇਆ ਹੈ । ਹੇ ਪ੍ਰਭੂ ! ਤੈਥੋਂ ਬਿਨਾ ਮੇਰਾ ਕੋਈ ਹੋਰ ਦੂਜਾ ਸਹਾਰਾ ਨਹੀਂ ਹੈ । ੨ । ੭੧ । ੯੪ ।

ਸਾਰਗ ਮਹਲਾ ੫ ॥ ਚਿਤਵਉ ਵਾ ਅਉਸਰ ਮਨ ਮਾਹਿ ॥ ਹੋਇ ਇਕਤ੍ਰ ਮਿਲਉ ਸੰਤ ਸਾਜਨ ਗੁਣ ਗੋਬਿੰਦ ਨਿਤ ਗਾਹਿ ॥ ੧ ॥ ਰਹਾਉ ॥ ਬਿਨੁ ਹਰਿ ਭਜਨ ਜੇਤੇ ਕਾਮ ਕਰੀਅਹਿ ਤੇਤੇ ਬਿਰਥੇ ਜਾਂਹਿ ॥ ਪੂਰਨ ਪਰਮਾਨੰਦ ਮਨਿ ਮੀਠੋ ਤਿਸੁ ਬਿਨੁ ਦੂਸਰ ਨਾਹਿ ॥ ੧ ॥ ਜਪ ਤਪ ਸੰਜਮ ਕਰਮ ਸੁਖ ਸਾਧਨ ਤੁਲਿ ਨ ਕਛੂਐ ਲਾਹਿ ॥ ਚਰਨ ਕਮਲ ਨਾਨਕ

ਮਨੁ ਬੇਧਿਓ ਚਰਨਹ ਸੰਗਿ ਸਮਾਹਿ ॥ ੨ ॥ ੭੨ ॥ ੯੫ ॥

ਪਦ ਅਰਥ :—ਚਿਤਵਉ—ਚਿਤਵਉਂ, ਮੈਂ ਚਿਤਾਰਦਾ ਰਹਿੰਦਾ ਹਾਂ । ਵਾ ਅਉਸਰ—ਉਹ ਸਮਾ, ਉਹ ਮੌਕਾ । ਮਿਲਉ—ਮਿਲਉਂ, ਮੈਂ ਮਿਲਾਂ । ਨਿਤ—ਸਦਾ। ਗਾਹਿ—ਗਾਂਦੇ ਹਨ । ੧ । ਰਹਾਉ ।

ਜੇਤੇ—ਜਿਤਨੇ ਹੀ । ਕਰੀਅਹਿ—ਕੀਤੇ ਜਾਂਦੇ ਹਨ । ਤੇਤੇ—ਉਹ ਸਾਰੇ । ਬਿਰਥੇ—ਵਿਅਰਥ, ਨਿਸਫਲ । ਜਾਹਿ—ਜਾਂਦੇ ਹਨ । ਮਨਿ—ਮਨ ਵਿਚ । ਮੀਠੋ—ਮਿੱਠਾ ।੧ ।

ਸੰਜਮ—ਇੰਦ੍ਰਿਆਂ ਨੂੰ ਵਿਕਾਰਾਂ ਵਲੋਂ ਰੋਕਣ ਦੇ ਸਾਧਨ । ਸੁਖ ਸਾਧਨ—ਸੁਖ ਪ੍ਰਾਪਤ ਕਰਨ ਦੇ ਸਾਧਨ । ਕਛੂਐ—ਕੁਝ ਭੀ । ਤੁਲਿ—(ਗੁਣ ਗਾਵਣ ਦੇ)ਬਰਾਬਰ। ਲਾਹਿ—ਲੈਂਦੇ, ਲਹਹਿ, ਸਮਝਦੇ । ਬੇਧਿਓ—ਵਿੱਝ ਗਿਆ । ਸੰਗਿ—ਨਾਲ । ਸਮਾਹਿ—ਲੀਨ ਰਹਿੰਦੇ ਹਨ । ੨ ।

ਅਰਥ :—ਹੇ ਭਾਈ ! ਮੈਂ ਤਾਂ ਆਪਣੇ ਮਨ ਵਿਚ ਉਸ ਮੌਕੇ ਨੂੰ ਉਡੀਕਦਾ ਰਹਿੰਦਾ ਹਾਂ, ਜਦੋਂ ਮੈਂ ਸੰਤਾਂ ਸੱਜਣਾਂ ਨੂੰ ਮਿਲਾਂ ਜਿਹੜੇ ਨਿੱਤ ਇਕੱਠੇ ਹੋ ਕੇ ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ । ੧ । ਰਹਾਉ ।

ਹੇ ਭਾਈ ! ਪਰਮਾਤਮਾ ਦੇ ਭਜਨ ਤੋਂ ਬਿਨਾ ਹੋਰ ਜਿਤਨੇ ਭੀ ਕੰਮ ਕੀਤੇ ਜਾਂਦੇ ਹਨ, ਉਹ ਸਾਰੇ (ਜਿੰਦ ਦੇ ਭਾ ਦੇ) ਵਿਅਰਥ ਚਲੇ ਜਾਂਦੇ ਹਨ । ਸਰਬ-ਵਿਆਪਕ ਅਤੇ ਸਭ ਤੋਂ ਉੱਚੇ ਆਨੰਦ ਦੇ ਮਾਲਕ ਦਾ ਨਾਮ ਮਨ ਵਿਚ ਮਿੱਠਾ ਲੱਗਣਾ—ਇਹੀ ਹੈ ਅਸਲ ਲਾਹੇਵੰਦਾ ਕੰਮ, (ਕਿਉਂਕਿ) ਉਸ ਪਰਮਾਤਮਾ ਤੋਂ ਬਿਨਾ ਹੋਰ ਕੋਈ (ਸਾਥੀ) ਨਹੀਂ ਹੈ। ੧ ।

ਹੇ ਨਾਨਕ ! (ਆਖ—) ਜਪ ਤਪ ਸੰਜਮ ਆਦਿਕ ਹਠ-ਕਰਮ ਅਤੇ ਸੁਖ ਦੀ ਭਾਲ ਦੇ ਹੋਰ ਸਾਧਨ—ਪਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ ਤੇ ਸੰਤ ਜਨ ਇਹਨਾਂ ਨੂੰ ਕੁਝ ਭੀ ਨਹੀਂ ਸਮਝਦੇ(ਤੁੱਛ ਸਮਝਦੇ ਹਨ)।ਸੰਤ ਜਨਾਂ ਦਾ ਮਨ ਪਰਮਾਤਮਾ ਦੇ ਸੋਹਣੇ ਚਰਨਾਂ ਵਿਚ ਵਿੱਝਿਆ ਰਹਿੰਦਾ ਹੈ, ਸੰਤ ਜਨ ਪਰਮਾਤਮਾ ਦੇ ਚਰਨਾਂ ਵਿਚ ਹੀ ਲੀਨ ਰਹਿੰਦੇ ਹਨ । ੨ । ੭੨ । ੯੫ ।

ਸਾਰਗ ਮਹਲਾ ੫ ॥ ਮੇਰਾ ਪ੍ਰਭੁ ਸੰਗੇ ਅੰਤਰਜਾਮੀ ॥ ਆਗੈ ਕੁਸਲ ਪਾਛੈ ਖੇਮ ਸੂਖਾ ਸਿਮਰਤ ਨਾਮੁ ਸੁਆਮੀ ॥ ੧ ॥ ਰਹਾਉ ॥ ਸਾਜਨ ਮੀਤ ਸਖਾ ਹਰਿ ਮੇਰੇ ਗੁਨ ਗੁੋਪਾਲ ਹਰਿ ਰਾਇਆ ॥ ਬਿਸਰਿ ਨ ਜਾਈ ਨਿਮਖ ਹਿਰਦੈ ਤੇ ਪੂਰੇ ਗੁਰੂ ਮਿਲਾਇਆ ॥ ੧ ॥ ਕਰਿ ਕਿਰਪਾ ਰਾਖੇ ਦਾਸ

ਅਪਨੇ ਜੀਅ ਜੰਤ ਵਸਿ ਜਾ ਕੈ ॥ ਏਕਾ ਲਿਵ ਪੂਰਨ ਪਰਮੇਸੁਰ ਭਉ ਨਹੀ ਨਾਨਕ ਤਾ ਕੈ ॥ ੨ ॥ ੭੩ ॥ ੯੬ ॥

ਪਦ ਅਰਥ : ਸੰਗੇ—ਨਾਲ ਹੀ । ਅੰਤਰਜਾਮੀ—(ਹਰੇਕ ਦੇ) ਦਿਲ ਦੀ ਜਾਣਨ ਵਾਲਾ । ਆਗੈ—ਅਗਾਂਹ ਆਉਣ ਵਾਲੇ ਸਮੇ ਵਿਚ, ਪਰਲੋਕ ਵਿਚ । ਪਾਛੈ—ਗੁਜ਼ਰ ਚੁਕੇ ਸਮੇ ਵਿਚ, ਇਸ ਲੋਕ ਵਿਚ । ਕੁਸਲ, ਖੇਮ—ਸੁਖ-ਸਾਂਦ । ੧ । ਰਹਾਉ ।

ਮੇਰੈ—ਮੇਰੇ ਵਾਸਤੇ, ਮੇਰੇ ਭਾ ਦਾ, ਮੇਰੇ ਮਨ ਵਿਚ । ਗੋੁਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ । ਅਸਲ ਲਫ਼ਜ਼ ਹੈ 'ਗੋਪਾਲ' । ਇਥੇ 'ਗੋਪਾਲ' ਪੜ੍ਹਨਾ ਹੈ] । ਰਾਇਆ—ਰਾਜਾ, ਪਾਤਿਸ਼ਾਹ । ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ । ਤੇ—ਤੋਂ । ਪੂਰੈ ਗੁਰੁ—ਪੂਰੇ ਗੁਰੂ ਨੇ ।੧।

ਕਰਿ—ਕਰ ਕੇ । ਰਾਖੇ—ਰੱਖਿਆ ਕਰਦਾ ਆਇਆ ਹੈ । ਵਸਿ ਜਾ ਕੈ—ਜਿਸ ਦੇ ਵੱਸ ਵਿਚ । ਲਿਵ—ਲਗਨ । ਪੂਰਨ—ਸਰਬ-ਵਿਆਪਕ । ਤਾ ਕੈ—ਉਸ ਦੇ ਮਨ ਵਿਚ ।੨ ।

ਅਰਥ :—ਹੇ ਭਾਈ ! ਸਭ ਦੇ ਦਿਲ ਦੀ ਜਾਣਨ ਵਾਲਾ ਮੇਰਾ ਪ੍ਰਭੂ (ਹਰ ਵੇਲੇ ਮੇਰੇ) ਨਾਲ ਹੈ—(ਜਿਸ ਮਨੁੱਖ ਨੂੰ ਇਹ ਨਿਸਚਾ ਬਣ ਜਾਂਦਾ ਹੈ, ਉਸ ਨੂੰ)-ਮਾਲਕ-ਪ੍ਰਭੂ ਦਾ ਨਾਮ ਸਿਮਰਦਿਆਂ ਪਰਲੋਕ ਤੇ ਇਸ ਲੋਕ ਵਿਚ ਸਦਾ ਸੁਖ-ਆਨੰਦ ਬਣਿਆ ਰਹਿੰਦਾ ਹੈ । ੧ । ਰਹਾਉ ।

ਹੇ ਭਾਈ ! ਜਿਸ ਮਨੁੱਖ ਨੂੰ ਪੂਰੇ ਗੁਰੂ ਨੇ ਪਰਮਾਤਮਾ ਨਾਲ ਮਿਲਾ ਦਿੱਤਾ, ਉਸ ਦੇ ਹਿਰਦੇ ਤੋਂ ਪਰਮਾਤਮਾ ਦੀ ਯਾਦ ਅੱਖ ਝਮਕਣ ਜਿਤਨੇ ਸਮੇ ਲਈ ਭੀ ਨਹੀਂ ਭੁੱਲਦੀ (ਉਸ ਨੂੰ ਇਹ ਨਿਸ਼ਚਾ ਰਹਿੰਦਾ ਹੈ ਕਿ) ਪ੍ਰਭੂ ਹੀ ਮੇਰੇ ਵਾਸਤੇ ਸੱਜਣ ਮਿੱਤਰ ਹੈ, ਗੋਪਾਲ ਪ੍ਰਭੂ ਪਾਤਿਸ਼ਾਹ ਦੇ ਗੁਣ ਹੀ ਮੇਰੇ ਸਾਥੀ ਹਨ । ੧ ।

ਹੇ ਨਾਨਕ ! (ਆਖ—ਹੇ ਭਾਈ !) ਜਿਸ ਪਰਮਾਤਮਾ ਦੇ ਵੱਸ ਵਿਚ ਸਾਰੇ ਜੀਅ ਜੰਤ ਹਨ, ਉਹ ਮਿਹਰ ਕਰ ਕੇ ਆਪਣੇ ਦਾਸਾਂ ਦੀ ਰੱਖਿਆ ਆਪ ਕਰਦਾ ਆਇਆ ਹੈ । ਜਿਸ ਮਨੁੱਖ ਦੇ ਅੰਦਰ ਸਰਬ-ਵਿਆਪਕ ਪਰਮਾਤਮਾ ਦੀ ਹੀ ਹਰ ਵੇਲੇ ਪ੍ਰੀਤ ਹੈ, ਉਸ ਦੇ ਮਨ ਵਿਚ (ਕਿਸੇ ਤਰ੍ਹਾਂ ਦਾ ਕੋਈ) ਡਰ ਨਹੀਂ ਰਹਿੰਦਾ । ੨ । ੭੩ । ੯੬ ।

ਸਾਰਗ ਮਹਲਾ ੫ ॥ ਜਾ ਕੈ ਰਾਮ ਕੋ ਬਲੁ ਹੋਇ ॥ ਸਗਲ ਮਨੋਰਥ ਪੂਰਨ ਤਾਹੂ ਕੇ ਦੂਖੁ ਨ ਬਿਆਪੈ ਕੋਇ ॥ ੧ ॥ ਰਹਾਉ ॥ ਜੋ ਜਨੁ ਭਗਤੁ ਦਾਸੁ ਨਿਜੁ ਪ੍ਰਭ ਕਾ ਸੁਣਿ ਜੀਵਾਂ ਤਿਸੁ ਸੋਇ ॥ ਉਦਮੁ ਕਰਉ ਦਰਸਨੁ ਪੇਖਨ ਕੌ ਕਰਮਿ ਪਰਾਪਤਿ ਹੋਇ ॥੧॥ ਗੁਰ ਪਰਸਾਦੀ ਦ੍ਰਿਸਟਿ ਨਿਹਾਰਉ

ਦੂਸਰ ਨਾਹੀ ਕੋਇ ॥ ਦਾਨੁ ਦੇਹਿ ਨਾਨਕ ਅਪਨੇ ਕਉ ਚਰਨ ਜੀਵਾਂ ਸੰਤ ਧੋਇ ॥ ੨ ॥ ੭੪ ॥ ੯੭ ॥

ਪਦ ਅਰਥ :—ਜਾ ਕੈ—ਜਿਸ ਮਨੁੱਖ ਦੇ ਹਿਰਦੇ ਵਿਚ । ਕੋ—ਦਾ । ਤਾਹੂ—ਉਸ (ਮਨੁੱਖ) ਦੇ । ਨ ਬਿਆਪੈ—ਆਪਣਾ ਜ਼ੋਰ ਨਹੀਂ ਪਾ ਸਕਦਾ । ੧ । ਰਹਾਉ ।

ਨਿਜੁ—ਖਾਸ ਆਪਣਾ । ਸੁਨਿ—ਸੁਣ ਕੇ । ਜੀਵਾਂ—ਮੈਂ ਆਤਮਕ ਜੀਵਨ ਹਾਸਲ ਕਰਦਾ ਹਾਂ । ਸੋਇ—ਸੋਭਾ । ਕਰਉ—ਕਰਉਂ, ਮੈਂ ਕਰਦਾ ਹਾਂ । ਕੌ—ਵਾਸਤੇ । ਕਰਮਿ—ਕਰਮ ਦੀ ਰਾਹੀਂ, ਬਖ਼ਸ਼ਸ਼ ਦੀ ਰਾਹੀਂ, (ਪਰਮਾਤਮਾ ਦੀ) ਮਿਹਰ ਨਾਲ । ੧ ।

ਪਰਸਾਦੀ—ਪਰਸਾਦਿ, ਕਿਰਪਾ ਨਾਲ । ਨਿਹਾਰਉ—ਨਿਹਾਰਉਂ, ਮੈਂ ਵੇਖਦਾ ਹਾਂ। ਕਉ—ਨੂੰ । ਧੋਇ—ਧੋ ਕੇ । ੨ ।

ਅਰਥ :—ਹੇ ਭਾਈ ! ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੀ ਮਿਹਰ ਦਾ ਸਹਾਰਾ ਹੁੰਦਾ ਹੈ, ਉਸ ਮਨੁੱਖ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ, ਉਸ ਉੱਤੇ ਕੋਈ ਦੁੱਖ ਆਪਣਾ ਜ਼ੋਰ ਨਹੀਂ ਪਾ ਸਕਦਾ । ੧ । ਰਹਾਉ ।

ਹੇ ਭਾਈ ! ਜਿਹੜਾ ਮਨੁੱਖ ਪਰਮਾਤਮਾ ਦਾ ਖ਼ਾਸ ਆਪਣਾ ਦਾਸ ਭਗਤ ਬਣ ਜਾਂਦਾ ਹੈ, ਮੈਂ ਉਸ ਦੀ ਸੋਭਾ ਸੁਣ ਕੇ ਆਤਮਕ ਜੀਵਨ ਹਾਸਲ ਕਰਦਾ ਹਾਂ । ਮੈਂ ਉਸ ਦਾ ਦਰਸਨ ਕਰਨ ਵਾਸਤੇ ਜਤਨ ਕਰਦਾ ਹਾਂ । ਪਰ (ਸੰਤ ਜਨ ਦਾ ਦਰਸਨ ਭੀ ਪਰਮਾਤਮਾ ਦੀ) ਮਿਹਰ ਨਾਲ ਹੀ ਹੁੰਦਾ ਹੈ । ੧ ।

ਹੇ ਭਾਈ ! ਗੁਰੂ ਦੀ ਮਿਹਰ ਦਾ ਸਦਕਾ ਮੈਂ ਆਪਣੀ ਅੱਖੀਂ ਵੇਖ ਰਿਹਾ ਹਾਂ ਕਿ (ਪਰਮਾਤਮਾ ਦੇ ਬਰਾਬਰ ਦਾ) ਕੋਈ ਹੋਰ ਦੂਜਾ ਨਹੀਂ ਹੈ । ਹੇ ਨਾਨਕ ! (ਆਖ—ਹੇ ਪ੍ਰਭੂ !) ਮੈਨੂੰ ਆਪਣੇ ਦਾਸ ਨੂੰ ਇਹ ਖ਼ੈਰ ਪਾ ਕਿ ਮੈਂ ਸੰਤ ਜਨਾਂ ਦੇ ਚਰਨ ਧੋ ਧੋ ਕੇ ਆਤਮਕ ਜੀਵਨ ਪ੍ਰਾਪਤ ਕਰਦਾ ਰਹਾਂ । ੨ । ੭੪ । ੯੭ ।

ਸਾਰਗ ਮਹਲਾ ੫ ॥ ਜੀਵਤੁ ਰਾਮ ਕੇ ਗੁਣ ਗਾਇ ॥ ਕਰਹੁ ਕ੍ਰਿਪਾ ਗੋਪਾਲ ਬੀਠੁਲੇ ਬਿਸਰਿ ਨ ਕਬ ਹੀ ਜਾਇ ॥ ੧ ॥ ਰਹਾਉ ॥ ਮਨੁ ਤਨੁ ਧਨੁ ਸਭੁ ਤੁਮਰਾ ਸੁਆਮੀ ਆਨ ਨ ਦੂਜੀ ਜਾਇ ॥ ਜਿਉ ਤੂੰ ਰਾਖਹਿ ਤਿਵ ਹੀ ਰਹਣਾ ਤੁਮ੍ਹਰਾ ਪੈਨ੍ਹੈ ਖਾਇ ॥ ੧ ॥ ਸਾਧ ਸੰਗਤਿ ਕੈ ਬਲਿ ਬਲਿ ਜਾਈ ਬਹੁੜਿ ਨ ਜਨਮਾ ਧਾਇ ॥ ਨਾਨਕ ਦਾਸ ਤੇਰੀ ਸਰਣਾਈ ਜਿਉ ਭਾਵੈ ਤਿਵੈ ਚਲਾਇ ॥ ੨ ॥ ੭੫ ॥ ੯੮ ॥

ਪਦ ਅਰਥ :—ਜੀਵਤੁ—ਆਤਮਕ ਜੀਵਨ ਪ੍ਰਾਪਤ ਕਰਦਾ ਹੈ । ਗਾਇ—ਗਾ ਕੇ । ਗੋਪਾਲ—ਹੇ ਗੋਪਾਲ ! ਬੀਠੁਲੇ—ਹੇ ਬੀਠਲ ! [ਵਿ-ਸਥਲ—ਮਾਇਆ ਦੇ ਪ੍ਰਭਾਵ ਤੋਂ ਪਰੇ ਟਿਕਿਆ ਹੋਇਆ] ਹੇ ਨਿਰਲੇਪ ਪ੍ਰਭੂ ! ਕਬ ਹੀ—ਕਦੇ ਭੀ । ੧ । ਰਹਾਉ ।

ਸੁਆਮੀ—ਹੇ ਸੁਆਮੀ ! ਆਨ—[ਅਨ੍ਯ] ਹੋਰ । ਜਾਇ—ਥਾਂ, ਆਸਰਾ । ਪੰਨ੍ਹੈ—(ਜੀਵ) ਪਹਿਨਦਾ ਹੈ । ਖਾਇ—ਖਾਂਦਾ ਹੈ । ੧ ।

ਕੈ—ਤੋਂ । ਬਲਿ ਜਾਈ—ਬਲਿ ਜਾਈਂ, ਮੈਂ ਸਦਕੇ ਜਾਂਦਾ ਹਾਂ । ਜਨਮਾ—ਜਨਮਾਂ ਵਿਚ । ਧਾਇ—ਦੌੜਦਾ, ਭਟਕਦਾ । ਜਿਉ ਭਾਵੈ—ਜਿਵੇਂ ਤੈਨੂੰ ਚੰਗਾ ਲੱਗੇ । ਚਲਾਇ—ਜੀਵਨ-ਰਾਹ ਉਤੇ ਤੋਰ । ੨ ।

ਅਰਥ :—ਹੇ ਭਾਈ ! ਪਰਮਾਤਮਾ ਦੇ ਗੁਣ ਗਾ ਗਾ ਕੇ (ਮਨੁੱਖ) ਆਤਮਕ ਜੀਵਨ ਹਾਸਲ ਕਰ ਲੈਂਦਾ ਹੈ । ਹੇ ਸ੍ਰਿਸ਼ਟੀ ਦੇ ਪਾਲਕ ! ਹੇ ਨਿਰਲੇਪ ਪ੍ਰਭੂ ! (ਮੇਰੇ ਉੱਤੇ) ਮਿਹਰ ਕਰ, (ਮੈਨੂੰ ਤੇਰਾ ਨਾਮ) ਕਦੇ ਭੀ ਨਾਹ ਭੁੱਲੇ ।੧। ਰਹਾਉ ।

ਹੇ (ਮੇਰੇ) ਮਾਲਕ ! ਮੇਰਾ ਮਨ ਮੇਰਾ ਸਰੀਰ ਮੇਰਾ ਧਨ—ਇਹ ਸਭ ਕੁਝ ਤੇਰਾ ਹੀ ਦਿੱਤਾ ਹੋਇਆ ਹੈ । (ਤੈਥੋਂ ਬਿਨਾ) ਮੇਰਾ ਕੋਈ ਹੋਰ ਆਸਰਾ ਨਹੀਂ ਹੈ । ਜਿਵੇਂ ਤੂੰ ਰੱਖਦਾ ਹੈਂ, ਤਿਵੇਂ ਹੀ (ਜੀਵ) ਰਹਿ ਸਕਦੇ ਹਨ । (ਹਰੇਕ ਜੀਵ) ਤੇਰਾ ਹੀ ਦਿੱਤਾ ਪਹਿਨਦਾ ਹੈ ਤੇਰਾ ਹੀ ਦਿੱਤਾ ਖਾਂਦਾ ਹੈ । ੧ ।

ਹੇ ਨਾਨਕ ! (ਆਖ—) ਮੈਂ ਸਾਧ ਸੰਗਤਿ ਤੋਂ ਸਦਾ ਸਦਕੇ ਜਾਂਦਾ ਹਾਂ, (ਸਾਧ ਸੰਗਤਿ ਦੀ ਬਰਕਤਿ ਨਾਲ ਜੀਵ) ਮੁੜ ਜਨਮਾਂ ਵਿਚ ਨਹੀਂ ਭਟਕਦਾ । ਹੇ ਪ੍ਰਭੂ ! ਤੇਰਾ ਦਾਸ (ਨਾਨਕ) ਤੇਰੀ ਸ਼ਰਨ ਆਇਆ ਹੈ, ਜਿਵੇਂ ਤੈਨੂੰ ਚੰਗਾ ਲੱਗੇ, ਉਸੇ ਤਰ੍ਹਾਂ (ਮੈਨੂੰ) ਜੀਵਨ-ਰਾਹ ਉੱਤੇ ਤੋਰ । ੨ । ੭੫ । ੯੮ ।

ਸਾਰਗ ਮਹਲਾ ੫ ॥ ਮਨ ਰੇ ਨਾਮ ਕੋ ਸੁਖ ਸਾਰ ॥ ਆਨ ਕਾਮ ਬਿਕਾਰ ਮਾਇਆ ਸਗਲ ਦੀਸਹਿ ਛਾਰ ॥ ੧ ॥ ਰਹਾਉ ॥ ਗ੍ਰਿਹਿ ਅੰਧ ਕੂਪ ਪਤਿਤ ਪ੍ਰਾਣੀ ਨਰਕ ਘੋਰ ਗੁਬਾਰ ॥ ਅਨਿਕ ਜੋਨੀ ਭ੍ਰਮਤ ਹਾਰਿਓ ਭ੍ਰਮਤ ਬਾਰੰ ਬਾਰ ॥ ੧ ॥ ਪਤਿਤ ਪਾਵਨ ਭਗਤਿ ਬਛਲ ਦੀਨ ਕਿਰਪਾ ਧਾਰ ॥ ਕਰ ਜੋੜਿ ਨਾਨਕ ਦਾਨੁ ਮਾਂਗੈ ਸਾਧ ਸੰਗਿ ਉਧਾਰ ॥ ੨ ॥ ੭੬ ॥ ੯੯ ॥

ਪਦ ਅਰਥ :—ਮਨ ਰੇ—ਹੇ ਮਨ ! ਕੋ—ਦਾ । ਸਾਰ—ਸ੍ਰੇਸ਼ਟ । ਆਨ—[ਅਨ੍ਯ] ਹੋਰ ਹੋਰ । ਬਿਕਾਰ—ਬੇ-ਕਾਰ, ਵਿਅਰਥ । ਦੀਸਹਿ—ਦਿੱਸਦੇ ਹਨ [ਬਹੁ ਵਚਨ] । ਛਾਰ—ਸੁਆਹ, ਨਿਕੰਮੇ । ੧ । ਰਹਾਉ ।

ਗ੍ਰਿਹਿ—ਘਰ ਵਿਚ । ਅੰਧ ਕੂਪ—ਅੰਨ੍ਹਾ ਖੂਹ । ਪਤਿਤ—ਡਿੱਗੇ ਹੋਏ । ਘੋਰ ਗੁਬਾਰ—ਘੁੱਪ ਹਨੇਰਾ । ਹਾਰਿਓ—ਥੱਕ ਜਾਂਦਾ ਹੈ । ਭ੍ਰਮਤ—ਭਟਕਦਿਆਂ । ਬਾਰੰ ਬਾਰ—ਮੁੜ ਮੁੜ । ੧ ।

ਪਤਿਤ ਪਾਵਨ—ਹੇ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲੇ ! ਭਗਤਿ ਬਛਲ—ਹੇ ਭਗਤੀ ਨਾਲ ਪਿਆਰ ਕਰਨ ਵਾਲੇ ! ਦੀਨ—ਗਰੀਬ । ਕਰ—ਹੱਥ [ਬਹੁ ਵਚਨ] । ਜੋੜਿ—ਜੋੜ ਕੇ । ਮਾਂਗੈ—ਮੰਗਦਾ ਹੈ । ਸਾਧ ਸੰਗਿ—ਸਾਧ ਸੰਗਤਿ ਵਿਚ (ਰੱਖ ਕੇ) । ਉਧਾਰ—ਸੰਸਾਰ-ਸਮੁੰਦਰ ਤੋਂ ਪਾਰ ਲੰਘਾ ਲੈ । ੨ ।

ਅਰਥ :—ਹੇ (ਮੇਰੇ) ਮਨ ! ਪਰਮਾਤਮਾ ਦਾ ਨਾਮ ਸਿਮਰਨ ਦਾ ਸੁਖ (ਹੋਰ ਸੁਖਾਂ ਨਾਲੋਂ) ਸ੍ਰੇਸ਼ਟ ਹੈ । ਹੇ ਮਨ ! (ਨਿਰੀ) ਮਾਇਆ ਦੀ ਖ਼ਾਤਰ ਹੀ ਹੋਰ ਹੋਰ ਕੰਮ (ਆਤਮਕ ਜੀਵਨ ਵਾਸਤੇ) ਵਿਅਰਥ ਹਨ, ਉਹ ਸਾਰੇ ਸੁਆਹ (ਸਮਾਨ ਹੀ) ਦਿੱਸਦੇ ਹਨ । ੧ । ਰਹਾਉ ।

ਹੇ ਭਾਈ ! (ਨਿਰੀ ਮਾਇਆ ਦੀ ਖ਼ਾਤਰ ਦੌੜ-ਭੱਜ ਕਰਨ ਵਾਲਾ) ਪ੍ਰਾਣੀ ਘੁੱਪ ਹਨੇਰੇ ਨਰਕ-ਸਮਾਨ ਗ੍ਰਿਹਸਤ ਦੇ ਅੰਨ੍ਹੇ ਖੂਹ ਵਿਚ ਡਿੱਗਾ ਰਹਿੰਦਾ ਹੈ । ਉਹ ਅਨੇਕਾਂ ਜੂਨਾਂ ਵਿਚ ਭਟਕਦਾ ਮੁੜ ਮੁੜ ਭਟਕਦਾ ਥੱਕ ਜਾਂਦਾ ਹੈ (ਜੀਵਨ-ਸੱਤਿਆ ਗਵਾ ਬੈਠਦਾ ਹੈ) । ੧ ।

ਹੇ ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲੇ! ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਹੇ ਗਰੀਬਾਂ ਉੱਤੇ ਮਿਹਰ ਕਰਨ ਵਾਲੇ ! (ਤੇਰਾ ਦਾਸ) ਨਾਨਕ ਦੋਵੇ ਹੱਥ ਜੋੜ ਕੇ ਇਹ ਦਾਨ ਮੰਗਦਾ ਹੈ ਕਿ ਸਾਧ ਸੰਗਤਿ ਵਿਚ ਰੱਖ ਕੇ(ਮੈਨੂੰ ਮਾਇਆ-ਵੇੜ੍ਹੇ ਅੰਨ੍ਹੇ ਖੂਹ ਵਿਚੋਂ) ਬਚਾ ਲੈ । ੨ । ੭੬ । ੯੯ ।

ਸਾਰਗ ਮਹਲਾ ੫ ।। ਬਿਰਾਜਿਤ ਰਾਮ ਕੋ ਪਰਤਾਪ ॥ ਆਧਿ ਬਿਆਧਿ ਉਪਾਧਿ ਸਭ ਨਾਸੀ ਬਿਨਸੇ ਤੀਨੈ ਤਾਪ ॥ ੧ ॥ ਰਹਾਉ॥ ਤ੍ਰਿਸਨਾ ਬੁਝੀ ਪੂਰਨ ਸਭ ਆਸਾ ਚੂਕੇ ਸੋਗ ਸੰਤਾਪ ।। ਗੁਣ ਗਾਵਤ ਅਚੁਤ ਅਬਿਨਾਸੀ ਮਨ ਤਨ ਆਤਮ ਧ੍ਰਾਪ ॥ ੧ ॥ ਕਾਮ ਕ੍ਰੋਧ ਲੋਭ ਮਦ ਮਤਸਰ ਸਾਧੂ ਕੈ ਸੰਗਿ ਖਾਪ ।। ਭਗਤਿ ਵਛਲ ਭੈ ਕਾਟਨ ਹਾਰੇ ਨਾਨਕ ਕੇ ਮਾਈ ਬਾਪ ॥ ੨ ॥ ੭੭ ॥ ੧੦੦ ॥

ਪਦ ਅਰਥ :—ਬਿਰਾਜਿਤ—ਟਿਕਿਆ ਹੋਇਆ । ਕੋ—ਦਾ । ਪਰਤਾਪ—ਬਲ । ਆਧਿ—ਮਾਨਸਕ ਰੋਗ । ਬਿਆਧਿ—ਸਰੀਰਕ ਰੋਗ । ਉਪਾਧਿ—ਝਗੜੇ-ਬਖੇੜੇ । ਤੀਨੈ—

ਇਹ ਤਿੰਨੇ ਹੀ। ੧। ਰਹਾਉ।

ਸੋਗ—ਗ਼ਮ। ਸੰਤਾਪ—ਕਲੇਸ਼। ਅਚੁਤ—ਅੱਚੁਤ, [ਅ-ਚ੍ਯੁਤ—ਨਾਹ ਨਾਸ ਹੋਣ ਵਾਲਾ] ਅਬਿਨਾਸੀ। ਆਤਮ—ਜਿੰਦ। ਧ੍ਰਾਪ—ਰੱਜ ਜਾਂਦੇ ਹਨ।੧।

ਮਦ—ਨਸ਼ਾ, ਮਸਤੀ। ਮਤਸਰ—ਈਰਖਾ। ਕੈ ਸੰਗਿ—ਦੀ ਸੰਗਤਿ ਵਿਚ(ਰੱਖ ਕੇ)। ਖਾਪ—ਨਾਸ ਕਰ। ਭੈ—ਡਰ [ਲਫ਼ਜ਼ 'ਭਉ' ਤੋਂ ਬਹੁ ਵਚਨ] ।੨।

ਅਰਥ :—ਹੇ ਭਾਈ! (ਜਿਸ ਮਨੁੱਖ ਦੇ ਹਿਰਦੇ ਵਿਚ) ਪਰਮਾਤਮਾ ਦੇ ਨਾਮ ਦਾ ਬਲ ਆ ਟਿਕਦਾ ਹੈ, ਉਸ ਦੇ ਅੰਦਰੋਂ ਆਧੀ ਬਿਆਧੀ ਉਪਾਧੀ—ਇਹ ਤਿੰਨੇ ਹੀ ਤਾਪ ਬਿਲਕੁਲ ਮੁੱਕ ਜਾਂਦੇ ਹਨ। ੧। ਰਹਾਉ।

ਹੇ ਭਾਈ! (ਜਿਸ ਮਨੁੱਖ ਦੇ ਅੰਦਰ ਹਰਿ-ਨਾਮ ਦਾ ਬਲ ਹੈ, ਉਸ ਦੀ) ਤ੍ਰਿਸ਼ਨਾ ਮਿਟ ਜਾਂਦੀ ਹੈ, ਉਸ ਦੀ ਹਰੇਕ ਆਸ ਪੂਰੀ ਹੋ ਜਾਂਦੀ ਹੈ, ਉਸ ਦੇ ਅੰਦਰੋਂ ਗ਼ਮ ਕਲੇਸ਼ ਮੁੱਕ ਜਾਂਦੇ ਹਨ। ਅਬਿਨਾਸ਼ੀ ਅਤੇ ਨਾਸ-ਰਹਿਤ ਪ੍ਰਭੂ ਦੇ ਗੁਣ ਗਾਂਦਿਆਂ ਗਾਂਦਿਆਂ ਉਸ ਦਾ ਮਨ ਉਸ ਦਾ ਤਨ ਉਸ ਦੀ ਜਿੰਦ (ਤ੍ਰਿਸ਼ਨਾ ਵਲੋਂ) ਰੱਜ ਜਾਂਦੇ ਹਨ। ੧।

ਹੇ ਭਗਤੀ ਨਾਲ ਪਿਆਰ ਕਰਨ ਵਾਲੇ! ਹੇ ਸਾਰੇ ਡਰ ਦੂਰ ਕਰਨ ਵਾਲੇ! ਹੇ ਨਾਨਕ ਦੇ ਮਾਂ-ਪਿਉ (ਵਾਂਗ ਪਾਲਣਾ ਕਰਨ ਵਾਲੇ)! ਮੈਨੂੰ ਸਾਧ ਸੰਗਤਿ ਵਿਚ ਰੱਖ ਕੇ (ਮੇਰੇ ਅੰਦਰੋਂ) ਕਾਮ ਕ੍ਰੋਧ ਲੋਭ ਹਉਮੈ ਅਤੇ ਈਰਖਾ (ਆਦਿਕ ਵਿਕਾਰ) ਨਾਸ ਕਰ। ੨। ੭੭। ੧੦੦।

ਸਾਰਗ ਮਹਲਾ ੫ ॥ ਆਤੁਰੁ ਨਾਮ ਬਿਨੁ ਸੰਸਾਰ ॥ ਤ੍ਰਿਪਤਿ ਨ ਹੋਵਤ ਕੂਕਰੀ ਆਸਾ ਇਤੁ ਲਾਗੋ ਬਿਖਿਆ ਛਾਰ ॥ ੧ ॥ ਰਹਾਉ ॥ ਪਾਇ ਠਗਉਰੀ ਆਪਿ ਭੁਲਾਇਓ ਜਨਮਤ ਬਾਰੋ ਬਾਰ ॥ ਹਰਿ ਕਾ ਸਿਮਰਨੁ ਨਿਮਖ ਨ ਸਿਮਰਿਓ ਜਮ ਕੰਕਰ ਕਰਤ ਖੁਆਰ ॥ ੧ ॥ ਹੋਹੁ ਕ੍ਰਿਪਾਲ ਦੀਨ ਦੁਖ ਭੰਜਨ ਤੇਰਿਆ ਸੰਤਹ ਕੀ ਰਾਵਾਰ ॥ ਨਾਨਕ ਦਾਸੁ ਦਰਸੁ ਪ੍ਰਭ ਜਾਚੈ ਮਨ ਤਨ ਕੋ ਆਧਾਰ ॥ ੨ ॥ ੭੮ ॥ ੧੦੧ ॥

ਪਦ ਅਰਥ :—ਆਤੁਰੁ—ਦੁਖੀ, ਵਿਆਕੁਲ। ਤ੍ਰਿਪਤਿ—ਰਜੇਵਾਂ, ਤਸੱਲੀ, ਸ਼ਾਂਤੀ। ਕੂਕਰੀ—ਕੁੱਤੀ (ਦੇ ਸੁਭਾਵ ਵਾਲੀ)। ਇਤੁ—ਇਸ ਵਿਚ। ਲਾਗੋ—(ਜਗਤ) ਲੱਗਾ ਰਹਿੰਦਾ ਹੈ। ਬਿਖਿਆ—ਮਾਇਆ। ਛਾਰ—ਸੁਆਹ, ਨਿਕੰਮੀ। ੧। ਰਹਾਉ।

ਪਾਇ—ਪਾ ਕੇ। ਠਗਉਰੀ—ਠਗ-ਬੂਟੀ। ਭੁਲਾਇਓ—ਕੁਰਾਹੇ ਪਾ ਰੱਖਿਆ ਹੈ।

ਬਾਰੋ ਬਾਰ—ਮੁੜ ਮੁੜ। ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਕੰਕਰ—[ਕਿੰਕਰ] ਨੌਕਰ। ਜਮ ਕੰਕਰ—ਜਮਦੂਤ।੧।

ਦੀਨ ਦੁਖ ਭੰਜਨ—ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ ! ਰਾਵਾਰ—ਰਵਾਰ, ਚਰਨ-ਧੂੜ। ਜਾਚੈ—ਮੰਗਦਾ ਹੈ [ਇਕ ਵਚਨ]। ਕੋ—ਦਾ। ਆਧਾਰ—ਆਸਰਾ।੨।

ਅਰਥ :—ਹੇ ਭਾਈ ! (ਪਰਮਾਤਮਾ ਦੇ) ਨਾਮ ਨੂੰ ਭੁਲਾ ਕੇ ਜਗਤ ਵਿਆਕੁਲ ਹੋਇਆ ਰਹਿੰਦਾ ਹੈ, ਇਸ ਸੁਆਹ-ਸਮਾਨ ਮਾਇਆ ਵਿਚ ਹੀ ਲੱਗਾ ਰਹਿੰਦਾ ਹੈ (ਚੰਬੜਿਆ ਰਹਿੰਦਾ ਹੈ) ਕੁੱਤੀ ਦੇ ਸੁਭਾਵ ਵਾਲੀ (ਜਗਤ ਦੀ) ਲਾਲਸਾ ਕਦੇ ਰੱਜਦੀ ਨਹੀਂ।੧।ਰਹਾਉ।

(ਪਰ, ਹੇ ਭਾਈ ! ਜੀਵ ਦੇ ਭੀ ਕੀਹ ਵੱਸ ? ਪਰਮਾਤਮਾ ਨੇ ਮਾਇਆ ਦੀ) ਠਗ-ਬੂਟੀ ਪਾ ਕੇ ਆਪ ਹੀ (ਜਗਤ ਨੂੰ) ਕੁਰਾਹੇ ਪਾ ਰੱਖਿਆ ਹੈ, (ਕੁਰਾਹੇ ਪੈ ਕੇ ਜੀਵ) ਮੁੜ ਮੁੜ ਜੂਨਾਂ ਵਿਚ ਰਹਿੰਦਾ ਹੈ, ਅੱਖ ਝਮਕਣ ਜਿਤਨੇ ਸਮੇ ਲਈ ਭੀ (ਜੀਵ) ਪਰਮਾਤਮਾ (ਦੇ ਨਾਮ) ਦਾ ਸਿਮਰਨ ਨਹੀਂ ਕਰਦਾ, ਜਮਦੂਤ ਇਸ ਨੂੰ ਖ਼ੁਆਰ ਕਰਦੇ ਰਹਿੰਦੇ ਹਨ।੧।

ਹੇ ਪ੍ਰਭੂ ! ਹੇ ਗਰੀਬਾਂ ਦੇ ਦੁੱਖ ਨਾਸ ਕਰਨ ਵਾਲੇ ! (ਦਾਸ ਨਾਨਕ ਉੱਤੇ) ਦਇਆਵਾਨ ਹੋ, (ਤੇਰਾ ਦਾਸ) ਤੇਰੇ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆ ਰਹੇ। (ਤੇਰਾ) ਦਾਸ ਨਾਨਕ ਤੇਰਾ ਦਰਸਨ ਮੰਗਦਾ ਹੈ, ਇਹੀ (ਇਸ ਦੇ) ਮਨ ਦਾ ਤਨ ਦਾ ਆਸਰਾ ਹੈ।੨।੧੮।੧੦੧।

ਸਾਰਗ ਮਹਲਾ ੫ ॥ ਮੈਲਾ ਹਰਿ ਕੇ ਨਾਮ ਬਿਨੁ ਜੀਉ ॥ ਤਿਨਿ ਪ੍ਰਭਿ ਸਾਚੈ ਆਪਿ ਭੁਲਾਇਆ ਬਿਖੈ ਠਗਉਰੀ ਪੀਉ ॥ ੧ ॥ ਰਹਾਉ॥ ਕੋਟਿ ਜਨਮ ਭ੍ਰਮਤੌ ਬਹੁ ਭਾਂਤੀ ਥਿਤਿ ਨਹੀ ਕਤਹੂ ਪਾਈ॥ ਪੂਰਾ ਸਤਿਗੁਰੁ ਸਹਜਿ ਨ ਭੇਟਿਆ ਸਾਕਤੁ ਆਵੈ ਜਾਈ ॥ ੧ ॥ ਰਾਖਿ ਲੇਹੁ ਪ੍ਰਭ ਸੰਮ੍ਰਿਥ ਦਾਤੇ ਤੁਮ ਪ੍ਰਭ ਅਗਮ ਅਪਾਰ॥ ਨਾਨਕ ਦਾਸ ਤੇਰੀ ਸਰਣਾਈ ਭਵਜਲੁ ਉਤਰਿਓ ਪਾਰ ॥ ੨ ॥ ੧੯ ॥ ੧੦੨ ॥

ਪਦ ਅਰਥ :—ਮੈਲਾ—ਵਿਕਾਰਾਂ ਨਾਲ ਭਰਿਆ ਹੋਇਆ। ਜੀਉ—ਜੀਵ। ਤਿਨਿ ਪ੍ਰਭਿ—ਉਸ ਪ੍ਰਭੂ ਨੇ। ਸਾਚੈ—ਸਦਾ ਕਾਇਮ ਰਹਿਣ ਵਾਲੇ ਨੇ। ਭੁਲਾਇਆ—ਕੁਰਾਹੇ ਪਾ ਦਿੱਤਾ ਹੈ। ਬਿਖੈ ਠਗਉਰੀ—ਵਿਸ਼ਿਆਂ ਦੀ ਠਗ-ਬੂਟੀ। ਪੀਉ—ਪੀਂਦਾ ਰਹੁ।੧।ਰਹਾਉ।

ਕੋਟਿ–ਕ੍ਰੋੜਾਂ। ਭ੍ਰਮਤੌ–ਭਟਕਦਾ। ਬਹੁ ਭਾਂਤੀ–ਕਈ ਤਰੀਕਿਆਂ ਨਾਲ। ਥਿਤਿ–ਟਿਕਾਉ। ਕਤ ਹੂ–ਕਿਤੇ ਭੀ। ਸਹਜਿ–ਆਤਮਕ ਅਡੋਲਤਾ ਵਿਚ। ਭੇਟਿਆ–ਮਿਲਿਆ। ਸਾਕਤੁ–ਪ੍ਰਭੂ ਨਾਲੋਂ ਟੁੱਟਾ ਹੋਇਆ ਮਨੁੱਖ। ਆਵੈ ਜਾਈ–ਜੰਮਦਾ ਮਰਦਾ ਰਹਿੰਦਾ ਹੈ।੧।

ਪ੍ਰਭ–ਹੇ ਪ੍ਰਭੂ! ਸੰਮ੍ਰਿਥ–ਹੇ ਸਾਰੀਆਂ ਤਾਕਤਾਂ ਦੇ ਮਾਲਕ! ਦਾਤੇ–ਹੇ ਦਾਤਾਰ! ਅਗਮ–ਅਪਹੁੰਚ। ਅਪਾਰ–ਬੇਅੰਤ। ਭਵਜਲੁ–ਸੰਸਾਰ-ਸਮੁੰਦਰ।੨।

ਅਰਥ :–ਹੇ ਭਾਈ! ਪਰਮਾਤਮਾ ਦੇ ਨਾਮ ਤੋਂ ਬਿਨਾ ਜੀਵ ਵਿਕਾਰਾਂ ਨਾਲ ਭਰਿਆ ਰਹਿੰਦਾ ਹੈ। (ਪਰ ਜੀਵ ਦੇ ਭੀ ਕੀਹ ਵੱਸ?) ਉਸ ਸਦਾ-ਥਿਰ ਪ੍ਰਭੂ ਨੇ ਆਪ ਹੀ ਇਸ ਨੂੰ ਕੁਰਾਹੇ ਪਾਇਆ ਹੋਇਆ ਹੈ ਕਿ ਵਿਸ਼ਿਆਂ ਦੀ ਠਗ-ਬੂਟੀ (ਘੋਟ ਘੋਟ ਕੇ) ਪੀਂਦਾ ਰਹੁ।੧। ਰਹਾਉ।

ਹੇ ਭਾਈ! ਪਰਮਾਤਮਾ ਨਾਲੋਂ ਟੁੱਟਾ ਹੋਇਆ ਮਨੁੱਖ ਕਈ ਤਰੀਕਿਆਂ ਨਾਲ ਕ੍ਰੋੜਾਂ ਜਨਮਾਂ ਵਿਚ ਭਟਕਦਾ ਰਹਿੰਦਾ ਹੈ, ਕਿਤੇ ਭੀ (ਇਸ ਗੇੜ ਵਿਚੋਂ ਇਸ ਨੂੰ) ਖ਼ਲਾਸੀ ਨਹੀਂ ਮਿਲਦੀ। ਆਤਮਕ ਅਡੋਲਤਾ ਵਿਚ (ਅਪੜਾਣ ਵਾਲਾ) ਪੂਰਾ ਗੁਰੂ ਇਸ ਨੂੰ ਨਹੀਂ ਮਿਲਦਾ (ਇਸ ਵਾਸਤੇ ਸਦਾ) ਜੰਮਦਾ ਮਰਦਾ ਰਹਿੰਦਾ ਹੈ।੧।

ਹੇ ਸਭ ਤਾਕਤਾਂ ਦੇ ਮਾਲਕ ਪ੍ਰਭੂ! ਹੇ ਸਭ ਦਾਤਾਂ ਦੇਣ ਵਾਲੇ! ਅਸਾਂ ਜੀਵਾਂ ਵਾਸਤੇ ਤੂੰ ਅਪਹੁੰਚ ਹੈਂ ਬੇਅੰਤ ਹੈਂ, ਤੂੰ ਆਪ ਹੀ ਰੱਖਿਆ ਕਰ। ਹੇ ਨਾਨਕ! (ਆਖ–ਹੇ ਪ੍ਰਭੂ! ਜਿਹੜਾ ਤੇਰਾ) ਦਾਸ ਤੇਰੀ ਸਰਨ ਆਉਂਦਾ ਹੈ, ਉਹ ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ।੨।੭੯।੧੦੨।

ਸਾਰਗ ਮਹਲਾ ੫ ॥ ਰਮਣ ਕਉ ਰਾਮ ਕੇ ਗੁਣ ਬਾਦ ॥ ਸਾਧਸੰਗਿ ਧਿਆਈਐ ਪਰਮੇਸੁਰ ਅੰਮ੍ਰਿਤ ਜਾ ਕੇ ਸੁਆਦ ॥ ੧ ॥ ਰਹਾਉ ॥ ਸਿਮਰਤ ਏਕੁ ਅਚੁਤ ਅਬਿਨਾਸੀ ਬਿਨਸੇ ਮਾਇਆ ਮਾਦ ॥ ਸਹਜ ਅਨਦ ਅਨਹਦ ਧੁਨਿ ਬਾਣੀ ਬਹੁਰਿ ਨ ਭਏ ਬਿਖਾਦ ॥ ੧ ॥ ਸਨਕਾਦਿਕ ਬ੍ਰਹਮਾਦਿਕ ਗਾਵਤ ਗਾਵਤ ਸੁਕ ਪ੍ਰਹਿਲਾਦ ॥ ਪੀਵਤ ਅਮਿਉ ਮਨੋਹਰ ਹਰਿ ਰਸੁ ਜਪਿ ਨਾਨਕ ਹਰਿ ਬਿਸਮਾਦ ॥ ੨ ॥ ੮੦ ॥ ੧੦੩ ॥

ਪਦ ਅਰਥ :–ਰਮਣ ਕਉ–ਸਿਮਰਨ ਵਾਸਤੇ। ਗੁਣ ਬਾਦ–ਗੁਣਾਨਵਾਦ, ਗੁਣਾਂ ਦਾ ਉਚਾਰਨ। ਸੰਗਿ–ਸੰਗਤਿ ਵਿਚ। ਧਿਆਈਐ–ਸਿਮਰਿਆ ਜਾ ਸਕਦਾ ਹੈ। ਅੰਮ੍ਰਿਤ–ਆਤਮਕ ਜੀਵਨ ਦੇਣ ਵਾਲੇ। ਜਾ ਕੇ–ਜਿਸ (ਪਰਮਾਤਮਾ) ਦੇ।੧। ਰਹਾਉ।

ਅਚੁਤ–[ਅਚ੍ਯੁਤ] ਨਾਸ ਰਹਿਤ। ਮਾਦ–ਮਸਤੀਆਂ। ਸਹਜ ਆਨਦ–ਆਤਮਕ

ਅਡੋਲਤਾ ਦੇ ਆਨੰਦ। ਅਨਹਦ ਧੁਨਿ—ਇਕ-ਰਸ ਟਿਕੀ ਰਹਿਣ ਵਾਲੀ ਰੌ। ਬਹੁਰਿ—ਮੁੜ। ਬਿਖਾਦ—ਦੁੱਖ-ਕਲੇਸ਼। ੧।

ਸਨਕਾਦਿਕ—(ਬ੍ਰਹਮਾ ਦੇ ਚਾਰ ਪੁੱਤਰ) ਸਨਕ, ਸਨਾਤਨ, ਸਨੰਦਨ, ਸਨਤਕੁਮਾਰ। ਗਾਵਤ—ਗਾਂਦੇ। ਸੁਕ—ਸੁਕਦੇਵ ਰਿਸ਼ੀ। ਪੀਵਤ—ਪੀਂਦਿਆਂ। ਅਮਿਉ—ਅੰਮ੍ਰਿਤ, ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਜਪਿ—ਜਪ ਕੇ। ਬਿਸਮਾਦ—ਵਿਸਮਾਦ-ਅਵਸਥਾ, ਬੇ-ਖ਼ੁਦੀ ਦੀ ਅਵਸਥਾ, ਆਤਮਕ ਮਸਤੀ। ੨।

ਅਰਥ :—ਹੇ ਭਾਈ! ਪਰਮਾਤਮਾ ਦੇ ਗੁਣਾਂ ਦਾ ਉਚਾਰਨ—ਇਹ ਹੀ ਸਿਮਰਨ ਵਾਸਤੇ (ਸ੍ਰੇਸ਼ਟ ਦਾਤਿ ਹੈ)। ਹੇ ਭਾਈ! ਜਿਸ ਪਰਮੇਸਰ ਦੇ (ਨਾਮ ਜਪਣ ਦੇ) ਰਸ ਆਤਮਕ ਜੀਵਨ ਦੇਣ ਵਾਲੇ ਹਨ, ਉਸ ਦਾ ਧਿਆਨ ਸਾਧ ਸੰਗਤਿ ਵਿਚ ਟਿਕ ਕੇ ਧਰਨਾ ਚਾਹੀਦਾ ਹੈ। ੧। ਰਹਾਉ।

ਹੇ ਭਾਈ! ਅਬਿਨਾਸੀ ਨਾਸ-ਰਹਿਤ ਪ੍ਰਭੂ ਦਾ ਨਾਮ ਸਿਮਰਦਿਆਂ ਮਾਇਆ ਦੇ ਸਾਰੇ ਨਸ਼ੇ ਨਾਸ ਹੋ ਜਾਂਦੇ ਹਨ। (ਸਿਮਰਨ ਵਾਲੇ ਦੇ ਅੰਦਰ) ਆਤਮਕ ਅਡੋਲਤਾ ਦੇ ਆਨੰਦ ਬਣੇ ਰਹਿੰਦੇ ਹਨ, ਸਿਫਤਿ ਸਾਲਾਹ ਦੀ ਬਾਣੀ ਦੀ ਇਕ-ਰਸ ਰੌ ਜਾਰੀ ਹੋ ਜਾਂਦੀ ਹੈ, ਉਸ ਦੇ ਮਨ ਵਿਚ ਦੁੱਖ-ਕਲੇਸ਼ ਨਹੀਂ ਰਹਿ ਜਾਂਦੇ। ੧।

ਹੇ ਭਾਈ! ਸਨਕ ਆਦਿਕ ਬ੍ਰਹਮਾ ਦੇ ਚਾਰੇ ਪੁੱਤਰ, ਬ੍ਰਹਮਾ ਆਦਿਕ ਦੇਵਤੇ (ਉਸ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੀਤ) ਗਾਂਦੇ ਰਹਿੰਦੇ ਹਨ। ਸੁਕਦੇਵ ਰਿਸ਼ੀ ਪ੍ਰਹਿਲਾਦ ਭਗਤ ਆਦਿਕ ਉਸ ਦੇ ਗੁਣ ਗਾਂਦੇ ਹਨ। ਹੇ ਨਾਨਕ! ਮਨ ਨੂੰ ਮੋਹਣ ਵਾਲੇ ਹਰੀ ਦਾ ਆਤਮਕ ਜੀਵਨ ਦੇਣ ਵਾਲਾ ਨਾਮ ਰਸ ਪੀਂਦਿਆਂ, ਹਰੀ ਦਾ ਨਾਮ ਜਪ ਜਪ ਕੇ ਮਨੁੱਖ ਦੇ ਅੰਦਰ ਉਹ ਅਵਸਥਾ ਪੈਦਾ ਹੋ ਜਾਂਦੀ ਹੈ ਜਿਥੇ ਇਹ ਸਦਾ ਵਾਹ-ਵਾਹ ਦੀ ਮਸਤੀ ਵਿਚ ਟਿਕਿਆ ਰਹਿੰਦਾ ਹੈ। ੨। ੯੦। ੧੦੩।

ਸਾਰਗ ਮਹਲਾ ੫ ॥ ਕੀਨੇ੍ ਪਾਪ ਕੇ ਬਹੁ ਕੋਟ ॥ ਦਿਨਸੁ ਰੈਨੀ ਥਕਤ ਨਾਹੀ ਕਤਹਿ ਨਾਹੀ ਛੋਟ ॥ ੧ ॥ ਰਹਾਉ ॥ ਮਹਾ ਬਜਰ ਬਿਖ ਬਿਆਧੀ ਸਿਰਿ ਉਠਾਈ ਪੋਟ ॥ ਉਘਰਿ ਗਈਆਂ ਖਿਨਹਿ ਭੀਤਰਿ ਜਮਹਿ ਗ੍ਰਾਸੇ ਝੋਟ ॥ ੧ ॥ ਪਸੂ ਪਰੇਤ ਉਸਟ ਗਰਧਭ ਅਨਿਕ ਜੋਨੀ ਲੇਟ ॥ ਭਜੁ ਸਾਧ ਸੰਗਿ ਗੋਬਿੰਦ ਨਾਨਕ ਕਛੁ ਨ ਲਾਗੈ ਫੇਟ ॥ ੨ ॥ ੯੧ ॥ ੧੦੪ ॥

ਪਦ ਅਰਥ :—ਬਹੁ—ਅਨੇਕਾਂ। ਕੋਟ—ਕਿਲ੍ਹੇ, ਵਲਗਣਾਂ। ਰੈਨੀ—ਰਾਤ। ਦਿਨਸੁ—ਦਿਨ। ਕਤਹਿ—ਕਿਤੇ ਭੀ। ਛੋਟ—ਖਲਾਸੀ। ੧। ਰਹਾਉ।

ਬਜਰ—ਬੱਜਰ, ਕਰੜੇ । ਬਿਖ—ਆਤਮਕ ਮੌਤ ਲਿਆਉਣ ਵਾਲੀ ਜ਼ਹਰ । ਬਿਆਧੀ—ਰੋਗ । ਸਿਰਿ—ਸਿਰ ਉੱਤੇ । ਪੋਟ—ਪੋਟਲੀ । ਜਮਹਿ—ਜਮਾਂ ਨੇ । ਗ੍ਰਾਸਿ—ਫੜ ਲਏ । ਝੋਟ—ਕੇਸ, ਝਾਟਾ । ੧ ।

ਪਰੇਤ—ਪ੍ਰੇਤ ਜੂਨ । ਉਸਟ—ਉਸ਼ਟ, ਊੱਠ । ਗਰਧਭ—ਖੋਤਾ । ਲੇਟ—ਲੇਟਦਾ, ਰੁਲਦਾ । ਭਜੁ—ਭਜਨ ਕਰ । ਸਾਧ ਸੰਗਿ—ਸਾਧ ਸੰਗਤਿ ਵਿਚ । ਫੇਟ—ਸੱਟ । ੨ ।

ਅਰਥ :—ਹੇ ਭਾਈ ! (ਹਰਿ-ਨਾਮ ਤੋਂ ਖੁੰਝ ਕੇ) ਮਨੁੱਖ ਪਾਪਾਂ ਦੀਆਂ ਅਨੇਕਾਂ ਵਲਗਣਾਂ (ਆਪਣੀ ਜਿੰਦ ਦੇ ਦੁਆਲੇ) ਖੜੀਆਂ ਕਰਦਾ ਜਾਂਦਾ ਹੈ । ਦਿਨ ਰਾਤ (ਪਾਪ ਕਰਦਿਆਂ) ਥੱਕਦਾ ਨਹੀਂ (ਸਾਧ ਸੰਗਤਿ ਤੋਂ ਬਿਨਾ ਹੋਰ) ਕਿਤੇ ਭੀ (ਪਾਪਾਂ ਤੋਂ) ਇਸ ਦੀ ਖਲਾਸੀ ਨਹੀਂ ਹੋ ਸਕਦੀ । ੧ । ਰਹਾਉ ।

ਹੇ ਭਾਈ ! (ਹਰਿ-ਨਾਮ ਤੋਂ ਖੁੰਝ ਕੇ) ਮਨੁੱਖ ਬੜੇ ਕਰੜੇ ਅਤੇ ਆਤਮਕ ਮੌਤ ਲਿਆਉਣ ਵਾਲੇ ਰੋਗਾਂ ਦੀ ਪੋਟਲੀ (ਆਪਣੇ) ਸਿਰ ਉਤੇ ਚੁੱਕੀ ਰੱਖਦਾ ਹੈ । ਜਦੋਂ ਜਮਾਂ ਨੇ (ਆ ਕੇ) ਕੇਸਾਂ ਤੋਂ ਫੜ ਲਿਆ, ਤਦੋਂ ਇਕ ਖਿਨ ਵਿਚ ਹੀ (ਇਸ ਦੀਆਂ) ਅੱਖਾਂ ਉਘੜ ਆਉਂਦੀਆਂ ਹਨ (ਪਰ ਤਦੋਂ ਕੀਹ ਲਾਭ ?) । ੧ ।

ਹੇ ਭਾਈ ! (ਪਾਪਾਂ ਦੀਆਂ ਪੰਡਾਂ ਦੇ ਕਾਰਨ) ਜੀਵ ਪਸ਼ੂ, ਪ੍ਰੇਤ, ਊਠ, ਖੋਤਾ ਆਦਿਕ ਅਨੇਕਾਂ ਜੂਨਾਂ ਵਿਚ ਰੁਲਦਾ ਫਿਰਦਾ ਹੈ । ਹੇ ਨਾਨਕ ! (ਆਖ—ਹੇ ਭਾਈ !) ਸਾਧ ਸੰਗਤਿ ਵਿਚ ਟਿਕ ਕੇ ਪਰਮਾਤਮਾ ਦਾ ਭਜਨ ਕਰਿਆ ਕਰ, ਫਿਰ (ਜਮਾਂ ਦੀ) ਰਤਾ ਭਰ ਭੀ ਚੋਟ ਨਹੀਂ ਲੱਗੇਗੀ । ੨ । ੯੧ । ੧੦੪ ।

ਸਾਰਗ ਮਹਲਾ ੫ ॥ ਅੰਧੇ ਖਾਵਹਿ ਬਿਸੂ ਕੇ ਗਟਾਕ ॥ ਨੈਨ ਸ੍ਰਵਨ ਸਰੀਰੁ ਸਭੁ ਹੁਟਿਓ ਸਾਸੁ ਗਇਓ ਤਤ ਘਾਟ ॥ ੧ ॥ ਰਹਾਉ ॥ ਅਨਾਥ ਰਞਾਣਿ ਉਦਰੁ ਲੇ ਪੋਖਹਿ ਮਾਇਆ ਗਈਆ ਹਾਟਿ ॥ ਕਿਲਬਿਖ ਕਰਤ ਕਰਤ ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ ॥ ੧ ॥ ਨਿੰਦਕੁ ਜਮਦੂਤੀ ਆਇ ਸੰਘਾਰਿਓ ਦੇਵਹਿ ਮੂੰਡ ਊਪਰਿ ਮਟਾਕ ॥ ਨਾਨਕ ਆਪਨ ਕਟਾਰੀ ਆਪਸ ਕਉ ਲਾਈ ਮਨੁ ਅਪਨਾ ਕੀਨੋ ਫਾਟ ॥ ੨ ॥ ੯੨ ॥ ੧੦੫ ॥

ਪਦ ਅਰਥ :—ਅੰਧੇ—(ਮਾਇਆ ਦੇ ਮੋਹ ਵਿਚ) ਅੰਨ੍ਹੇ ਹੋ ਚੁਕੇ ਮਨੁੱਖ । ਖਾਵਹਿ—ਖਾਂਦੇ ਰਹਿੰਦੇ ਹਨ । ਬਿਸੂ—ਆਤਮਕ ਮੌਤ ਲਿਆਉਣ ਵਾਲੀ ਜ਼ਹਰ । ਗਟਾਕ—ਗੱਫੇ । ਨੈਨ—ਅੱਖਾਂ । ਸ੍ਰਵਨ—ਕੰਨ । ਹੁਟਿਓ—ਥੱਕ ਜਾਂਦਾ ਹੈ, ਕੰਮ ਕਰਨੋਂ ਰਹਿ ਜਾਂਦਾ ਹੈ । ਸਾਸੁ—ਸਾਹ । ਗਇਓ—ਚਲਾ ਜਾਂਦਾ ਹੈ, ਰੁਕ ਜਾਂਦਾ ਹੈ । ਤਤ ਘਾਟ—ਤਤ ਘਟਿਕਾ, ਉਸ ਘੜੀ । ੧ । ਰਹਾਉ ।

ਅਨਾਥ—ਗਰੀਬ, ਕਮਜ਼ੋਰ। ਰਞਾਣਿ—ਦੁੱਖੀ ਕਰ ਕੇ। ਉਦਰੁ—ਪੇਟ। ਪੋਖਹਿ—ਪਾਲਦੇ ਹਨ। ਗਈਆ ਹਾਟਿ—ਹਟ ਜਾਂਦੀ ਹੈ, ਛੱਡ ਜਾਂਦੀ ਹੈ। ਕਿਲਬਿਖ—ਪਾਪ। ਕਰਤ—ਕਰਦਿਆਂ। ਨ ਸਾਕਹਿ ਛਾਂਟਿ—ਛੱਡ ਨਹੀਂ ਸਕਦੇ। ੧।

ਜਮਦੂਤੀ—ਜਮਦੂਤੀਂ, ਜਮਦੂਤਾਂ ਨੇ। ਦੇਵਹਿ—ਦੇਂਦੇ ਹਨ। ਮੂੰਡ—ਸਿਰ। ਮਟਾਕ—ਸੱਟ। ਆਪਸ ਕਉ—ਆਪਣੇ ਆਪ ਨੂੰ। ਫਾਟ—ਜ਼ਖ਼ਮੀ। ੨।

ਅਰਥ :—ਹੇ ਭਾਈ! (ਮਾਇਆ ਦੇ ਮੋਹ ਵਿਚ) ਅੰਨ੍ਹੇ ਹੋ ਚੁਕੇ ਮਨੁੱਖ ਆਤਮਕ ਮੌਤ ਲਿਆਉਣ ਵਾਲੇ ਪਦਾਰਥ ਹੀ ਖ਼ੁਸ਼ ਹੋ ਹੋ ਕੇ ਖਾਂਦੇ ਰਹਿੰਦੇ ਹਨ (ਆਖ਼ਿਰ ਮੌਤ ਸਿਰ ਤੇ ਆ ਜਾਂਦੀ ਹੈ), ਅੱਖਾਂ, ਕੰਨ, ਸਰੀਰ—ਹਰੇਕ ਅੰਗ ਕੰਮ ਕਰਨੋਂ ਰਹਿ ਜਾਂਦਾ ਹੈ, ਤੇ, ਸਾਹ ਭੀ ਖ਼ਤਮ ਹੋ ਜਾਂਦਾ ਹੈ। ੧। ਰਹਾਉ।

ਹੇ ਭਾਈ! (ਮਾਇਆ ਦੇ ਮੋਹ ਵਿਚ ਅੰਨ੍ਹੇ ਹੋ ਚੁਕੇ ਮਨੁੱਖ) ਕਮਜ਼ੋਰਾਂ ਨੂੰ ਦੁੱਖ ਦੇ ਦੇ ਕੇ ਆਪਣਾ ਪੇਟ ਪਾਲਦੇ ਰਹਿੰਦੇ ਹਨ (ਪਰ ਮੌਤ ਆਉਣ ਤੇ) ਉਹ ਮਾਇਆ ਭੀ ਸਾਥ ਛੱਡ ਦੇਂਦੀ ਹੈ। ਅਜਿਹੇ ਮਨੁੱਖ ਪਾਪ ਕਰਦਿਆਂ ਕਰਦਿਆਂ ਪਛਤਾਂਦੇ ਭੀ ਹਨ, (ਪਰ ਇਹਨਾਂ ਪਾਪਾਂ ਨੂੰ) ਛੱਡ ਨਹੀਂ ਸਕਦੇ। ੧।

ਹੇ ਭਾਈ! (ਇਹੀ ਹਾਲ ਹੁੰਦਾ ਹੈ ਨਿੰਦਕ ਮਨੁੱਖ ਦਾ। ਨਿੰਦਕ ਸਾਰੀ ਉਮਰ ਸੰਤ ਜਨਾਂ ਉਤੇ ਦੂਸ਼ਣ ਲਾਂਦਾ ਰਹਿੰਦਾ ਹੈ, ਆਖ਼ਿਰ ਜਦੋਂ) ਜਮਦੂਤ ਨਿੰਦਕ ਨੂੰ ਆ ਫੜਦੇ ਹਨ, ਉਸ ਦੇ ਸਿਰ ਉੱਤੇ (ਮੌਤ ਦੀ) ਚੋਟ ਆ ਚਲਾਂਦੇ ਹਨ। ਹੇ ਨਾਨਕ! (ਸਾਰੀ ਉਮਰ) ਨਿੰਦਕ ਆਪਣੀ ਛੁਰੀ ਆਪਣੇ ਉੱਤੇ ਹੀ ਚਲਾਂਦਾ ਰਹਿੰਦਾ ਹੈ, ਆਪਣੇ ਹੀ ਮਨ ਨੂੰ ਨਿੰਦਾ ਦੇ ਜ਼ਖ਼ਮ ਲਾਂਦਾ ਰਹਿੰਦਾ ਹੈ। ੨। ੯੨। ੧੦੫।

ਸਾਰਗ ਮਹਲਾ ੫ ॥ ਟੂਟੀ ਨਿੰਦਕ ਕੀ ਅਧ ਬੀਚ ॥ ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ ॥ ੧ ॥ ਰਹਾਉ ॥ ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ ॥ ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥ ੧ ॥ ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਆਪਣਾ ਪਾਇਆ ॥ ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥ ੨ ॥ ੯੩ ॥ ੧੦੬ ॥

ਪਦ ਅਰਥ :—ਅਧ ਬੀਚ—ਅੱਧ ਵਿਚ ਹੀ। ਟੂਟੀ ਅਧ ਬੀਚ—ਅੱਧ ਵਿਚ ਹੀ ਟੁੱਟ ਜਾਂਦੀ ਹੈ, ਜ਼ਿੰਦਗੀ ਅਸਫਲ ਹੋ ਜਾਂਦੀ ਹੈ। ਬੇਮੁਖ—(ਪ੍ਰਭੂ ਦੇ ਸੇਵਕ ਵਲੋਂ) ਜਿਸ ਨੇ ਆਪਣਾ ਮੂੰਹ ਮੋੜਿਆ ਹੋਇਆ ਹੈ। ਮੀਚ—ਮੌਤ, ਆਤਮਕ ਮੌਤ। ੧। ਰਹਾਉ।

ਉਸ ਕਾ—[ਸੰਬੰਧਕ 'ਕਾ' ਦੇ ਕਾਰਨ ਲਫ਼ਜ਼ 'ਉਸੁ' ਦਾ ੁ ਉੱਡ ਗਿਆ ਹੈ]

ਉਸ(ਨਿੰਦਕ) ਦਾ ਨ ਸੁਣਈ–ਨ ਸੁਣੈ, ਨਹੀਂ ਸੁਣਦਾ। ਕਹੀ–ਕਿਤੇ ਭੀ। ਬੈਸਣੁ–ਥਾਂ, ਆਦਰ ਦੀ ਥਾਂ। ਈਹਾ–ਇਸ ਲੋਕ ਵਿਚ। ਆਗੈ–ਪਰ ਲੋਕ ਵਿਚ। ਭੁੰਚੈ–ਭੋਗਦਾ ਹੈ। ਭਰਮਾਵੈ–ਭਟਕਦਾ ਹੈ। ੧।

ਪ੍ਰਗਟੁ ਭਇਆ–ਨਸ਼ਰ ਹੁੰਦਾ ਹੈ, ਬਦਨਾਮੀ ਖੱਟਦਾ ਹੈ। ਖੰਡੀ ਬ੍ਰਹਮੰਡੀ–ਜਗਤ ਵਿਚ। ਕਰਤੇ ਕੀ–ਕਰਤਾਰ ਦੀ। ਮੰਗਲ–ਖ਼ੁਸ਼ੀਆਂ। ੨।

ਅਰਥ :–ਹੇ ਭਾਈ ! ਸੰਤ ਜਨਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੀ ਜ਼ਿੰਦਗੀ ਨਿਸਫਲ ਜਾਂਦੀ ਹੈ। ਮਾਲਕ-ਪ੍ਰਭੂ ਆਪ ਆਪਣੇ ਸੇਵਕ ਦੀ ਰੱਖਿਆ ਕਰਨ ਵਾਲਾ ਹੈ, ਪਰ ਜਿਹੜਾ ਮਨੁੱਖ ਸੰਤ ਜਨਾਂ ਤੋਂ ਮੂੰਹ ਮੋੜੀ ਰੱਖਦਾ ਹੈ, ਉਹ ਆਤਮਕ ਮੌਤ ਸਹੇੜ ਲੈਂਦਾ ਹੈ। ੧। ਰਹਾਉ।

ਹੇ ਭਾਈ ! ਸੰਤ ਜਨਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੀ ਗੱਲ ਉੱਤੇ ਕੋਈ ਇਤਬਾਰ ਨਹੀਂ ਕਰਦਾ, ਉਸ ਨੂੰ ਕਿਤੇ ਭੀ ਇੱਜ਼ਤ ਵਾਲੀ ਥਾਂ ਨਹੀਂ ਮਿਲਦੀ। ਨਿੰਦਕ ਇਸ ਲੋਕ ਵਿਚ ਦੁੱਖ ਪਾਂਦਾ ਹੈ, (ਕਿਉਂਕਿ ਕੋਈ ਉਸ ਦੀ ਇੱਜ਼ਤ ਨਹੀਂ ਕਰਦਾ), ਪਰ-ਲੋਕ ਵਿਚ ਉਹ ਨਰਕ ਭੋਗਦਾ ਹੈ, ਅਨੇਕਾਂ ਜੂਨਾਂ ਵਿਚ ਭਟਕਦਾ ਹੈ। ੧।

ਹੇ ਭਾਈ ! ਸੰਤ ਜਨਾਂ ਦੀ ਨਿੰਦਾ ਕਰਨ ਵਾਲਾ ਮਨੁੱਖ ਆਪਣੇ (ਇਸ) ਕੀਤੇ ਦਾ (ਇਹ) ਫਲ ਪਾਂਦਾ ਹੈ ਕਿ ਸਾਰੇ ਜਗਤ ਵਿਚ ਬਦਨਾਮ ਹੋ ਜਾਂਦਾ ਹੈ। ਹੇ ਨਾਨਕ ! (ਪ੍ਰਭੂ ਦਾ ਸੇਵਕ) ਨਿਰਭਉ ਕਰਤਾਰ ਦੀ ਸਰਨ ਪਿਆ ਰਹਿੰਦਾ ਹੈ, ਪ੍ਰਭੂ ਦੇ ਗੁਣ ਗਾਂਦਾ ਹੈ, ਉਸ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ, ਆਤਮਕ ਖ਼ੁਸ਼ੀਆਂ ਬਣੀਆਂ ਰਹਿੰਦੀਆਂ ਹਨ। ੨। ੮੩। ੧੦੬।

ਸਾਰਗ ਮਹਲਾ ੫ ॥ ਤ੍ਰਿਸਨਾ ਚਲਤ ਬਹੁ ਪਰਕਾਰਿ ॥ ਪੂਰਨ ਹੋਤ ਨ ਕਤਹੁ ਬਾਤਹਿ ਅੰਤਿ ਪਰਤੀ ਹਾਰਿ ॥ ੧ ॥ ਰਹਾਉ ॥ ਸਾਂਤਿ ਸੂਖ ਨ ਸਹਜੁ ਉਪਜੈ ਇਹੈ ਇਸੁ ਬਿਉਹਾਰਿ ॥ ਆਪ ਪਰ ਕਾ ਕਛੁ ਨ ਜਾਨੈ ਕਾਮ ਕ੍ਰੋਧਹਿ ਜਾਰਿ ॥ ੧ ॥ ਸੰਸਾਰ ਸਾਗਰੁ ਦੁਖਿ ਬਿਆਪਿਓ ਦਾਸ ਲੇਵਹੁ ਤਾਰਿ ॥ ਚਰਨ ਕਮਲ ਸਰਣਾਇ ਨਾਨਕ ਸਦ ਸਦਾ ਬਲਿਹਾਰਿ ॥ ੨ ॥ ੮੪ ॥ ੧੦੭ ॥

ਪਦ ਅਰਥ :–ਤ੍ਰਿਸਨਾ–ਮਾਇਆ ਦਾ ਲਾਲਚ। ਚਲਤ–ਤੁਰਦੀ ਹੈ, ਦੌੜ-ਭੱਜ ਕਰਦੀ ਹੈ। ਬਹੁ ਪਰਕਾਰਿ–ਕਈ ਤਰੀਕਿਆਂ ਨਾਲ। ਕਤਹੁ ਬਾਤਹਿ–ਕਿਸੇ ਭੀ ਗੱਲ ਨਾਲ। ਅੰਤਿ–ਆਖ਼ਿਰ। ਪਰਤੀ ਹਾਰਿ–ਹਾਰ ਜਾਂਦੀ ਹੈ, ਸਿਰੇ ਨਹੀਂ ਚੜ੍ਹਦੀ। ੧। ਰਹਾਉ।

ਸਹਜੁ—ਆਤਮਕ ਅਡੋਲਤਾ। ਇਹੈ—ਇਹ ਹੀ। ਇਸੁ ਬਿਉਹਾਰਿ—ਇਸ ਤ੍ਰਿਸ਼ਨਾ ਦਾ ਵਿਹਾਰ ਹੈ'। ਜਾਨੈ—ਜਾਣਦੀ। ਕ੍ਰੋਧਹਿ—ਕ੍ਰੋਧ ਨਾਲ। ਜਾਰਿ—ਜਾਰੇ, ਸਾੜ ਦੇਂਦੀ ਹੈ। ਆਪ—ਆਪਣਾ। ਪਰ ਕਾ—ਪਰਾਇਆ। ੧।

ਸਾਗਰੁ—ਸਮੁੰਦਰ। ਦੁਖਿ—ਦੁੱਖ ਵਿਚ। ਬਿਆਪਿਓ—ਫਸਿਆ ਰਹਿੰਦਾ ਹੈ। ਲੇਵਹੁ ਤਾਰਿ—ਤੂੰ ਤਾਰ ਲੈਂਦਾ ਹੈ। ਸਦ—ਸਦਾ। ਬਲਿਹਾਰਿ—ਮੈਂ ਸਦਕੇ ਜਾਂਦਾ ਹਾਂ।੨।

ਅਰਥ :—ਹੇ ਭਾਈ! (ਮਨੁੱਖ ਦੇ ਅੰਦਰ) ਤ੍ਰਿਸ਼ਨਾ ਕਈ ਤਰੀਕਿਆਂ ਨਾਲ ਦੌੜ-ਭੱਜ ਕਰਦੀ ਰਹਿੰਦੀ ਹੈ। ਕਿਸੇ ਭੀ ਗੱਲ ਨਾਲ (ਇਹ ਤ੍ਰਿਸ਼ਨਾ) ਰੱਜਦੀ ਨਹੀਂ, (ਜ਼ਿੰਦਗੀ ਦੇ ਅਖ਼ੀਰ ਤਕ) ਇਹ ਸਿਰੇ ਨਹੀਂ ਚੜ੍ਹਦੀ (ਹੋਰ ਹੋਰ ਵਧਦੀ ਹੀ ਰਹਿੰਦੀ ਹੈ)। ੧। ਰਹਾਉ।

ਹੇ ਭਾਈ! (ਤ੍ਰਿਸ਼ਨਾ ਦੇ ਕਾਰਨ ਮਨੁੱਖ ਦੇ ਮਨ ਵਿਚ ਕਦੇ) ਸ਼ਾਂਤੀ ਨਹੀਂ ਪੈਦਾ ਹੁੰਦੀ, ਆਨੰਦ ਨਹੀਂ ਬਣਦਾ, ਆਤਮਕ ਅਡੋਲਤਾ ਨਹੀਂ ਉਪਜਦੀ। ਬੱਸ! ਇਸ ਤ੍ਰਿਸ਼ਨਾ ਦਾ (ਸਦਾ) ਇਹੀ ਵਿਹਾਰ ਹੈ। ਕਾਮ ਅਤੇ ਕ੍ਰੋਧ ਨਾਲ (ਇਹ ਤ੍ਰਿਸ਼ਨਾ ਮਨੁੱਖ ਦਾ ਅੰਦਰਲਾ) ਸਾੜ ਦੇਂਦੀ ਹੈ, ਕਿਸੇ ਦਾ ਲਿਹਾਜ਼ ਨਹੀਂ ਕਰਦੀ। ੧।

ਹੇ ਭਾਈ! ਤ੍ਰਿਸ਼ਨਾ ਦੇ ਕਾਰਨ ਜੀਵ ਉਤੇ ਸੰਸਾਰ-ਸਮੁੰਦਰ ਆਪਣਾ ਜ਼ੋਰ ਪਾਈ ਰੱਖਦਾ ਹੈ, (ਜੀਵ) ਦੁੱਖ ਵਿਚ ਫਸਿਆ ਰਹਿੰਦਾ ਹੈ। (ਪਰ, ਹੇ ਪ੍ਰਭੂ!) ਤੂੰ ਆਪਣੇ ਸੇਵਕਾਂ ਨੂੰ (ਇਸ ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈਂ। ਹੇ ਨਾਨਕ! ਆਖ—(ਹੇ ਪ੍ਰਭੂ!) ਮੈਂ (ਭੀ) ਤੇਰੇ ਸੋਹਣੇ ਚਰਨਾਂ ਦੀ ਸਰਨ ਆਇਆ ਹਾਂ, ਮੈਂ ਤੈਥੋਂ ਸਦਾ ਸਦਾ ਸਦਕੇ ਜਾਂਦਾ ਹਾਂ। ੨। ੯੪। ੧੦੭।

ਸਾਰਗ ਮਹਲਾ ੫ ॥ ਰੇ ਪਾਪੀ ਤੈ ਕਵਨ ਕੀ ਮਤਿ ਲੀਨ ॥ ਨਿਮਖ ਘਰੀ ਨ ਸਿਮਰਿ ਸੁਆਮੀ ਜੀਉ ਪਿੰਡੁ ਜਿਨਿ ਦੀਨ ॥ ੧ ॥ ਰਹਾਉ॥ ਖਾਤ ਪੀਵਤ ਸਵੰਤ ਸੁਖੀਆ ਨਾਮੁ ਸਿਮਰਤ ਖੀਨ ॥ ਗਰਭ ਉਦਰ ਬਿਲਲਾਟ ਕਰਤਾ ਤਹਾਂ ਹੋਵਤ ਦੀਨ ॥ ੧ ॥ ਮਹਾ ਮਾਦ ਬਿਕਾਰ ਬਾਧਾ ਅਨਿਕ ਜੋਨਿ ਭ੍ਰਮੀਨ ॥ ਗੋਬਿੰਦ ਬਿਸਰੇ ਕਵਨ ਦੁਖ ਗਨੀਅਹਿ ਸੁਖੁ ਨਾਨਕ ਹਰਿ ਪਦ ਚੀਨ੍ ॥ ੨ ॥ ੯੫ ॥ ੧੦੮ ॥

ਪਦ ਅਰਥ :—ਰੇ ਪਾਪੀ—ਹੇ ਪਾਪੀ! [ਰੇ—ਪੁਲਿੰਗ]।ਤੈ—ਤੂੰ। ਕਵਨ ਕੀ—ਕਿਸ (ਭੇੜੇ) ਦੀ? ਨਿਮਖ—[ਨਿਮੇਸ਼] ਅੱਖ ਝਮਕਣ ਜਿਤਨਾ ਸਮਾ। ਜੀਉ—ਜਿੰਦ। ਪਿੰਡੁ—ਸਰੀਰ। ਜਿਨਿ—ਜਿਸ (ਪ੍ਰਭੂ) ਨੇ। ੧। ਰਹਾਉ।

ਸਵੰਤ—ਸੌਂਦਾ। ਖੀਨ—ਕਮਜ਼ੋਰ, ਆਲਸੀ। ਗਰਭ—ਮਾਂ ਦਾ ਪੇਟ। ਉਦਰ—

ਪੇਟ। ਦੀਨ–ਨਿਮਾਣਾ। ੧।

ਮਾਦ–ਮਦ, ਮਸਤੀ। ਬਾਧਾ–ਬੱਝਾ ਹੋਇਆ। ਕਵਨ ਦੂਖ–ਕਿਹੜੇ ਕਿਹੜੇ ਦੁੱਖ? ਗਨੀਅਹਿ–ਗਿਣੇ ਜਾਣ। ਚੀਨ੍–ਪਛਾਣ ਕੀਤਿਆਂ, ਸਾਂਝ ਪਾਇਆਂ। ੨।

ਅਰਥ:–ਹੇ ਪਾਪੀ! ਤੂੰ ਕਿਸ ਦੀ (ਭੈੜੀ) ਮਤਿ ਲੈ ਲਈ ਹੈ? ਜਿਸ ਮਾਲਕ-ਪ੍ਰਭੂ ਨੇ ਤੈਨੂੰ ਇਹ ਜਿੰਦ ਦਿੱਤੀ, ਇਹ ਸਰੀਰ ਦਿੱਤਾ, ਉਸ ਨੂੰ ਤੂੰ ਘੜੀ ਭਰ ਭੀ ਅੱਖ ਝਮਕਣ ਜਿਤਨੇ ਸਮੇ ਲਈ ਭੀ ਯਾਦ ਨਹੀਂ ਕਰਦਾ। ੧। ਰਹਾਉ।

ਹੇ ਪਾਪੀ! ਖਾਂਦਾ ਪੀਂਦਾ ਸੌਂਦਾ ਤਾਂ ਤੂੰ ਖ਼ੁਸ਼ ਰਹਿੰਦਾ ਹੈਂ, ਪਰ ਪ੍ਰਭੂ ਦਾ ਨਾਮ ਸਿਮਰਦਿਆਂ ਤੂੰ ਆਲਸੀ ਹੋ ਜਾਂਦਾ ਹੈਂ। ਜਦੋਂ ਤੂੰ ਮਾਂ ਦੇ ਪੇਟ ਵਿਚ ਸੀ, ਤਦੋਂ ਵਿਲਕਦਾ ਸੀ, ਤਦੋਂ ਤੂੰ ਗਰੀਬੜਾ ਜਿਹਾ ਬਣਿਆ ਰਹਿੰਦਾ ਸੀ। ੧।

ਹੇ ਪਾਪੀ! ਵੱਡੇ ਵੱਡੇ ਵਿਕਾਰਾਂ ਦੀ ਮਸਤੀ ਵਿਚ ਬੱਝਾ ਹੋਇਆ ਤੂੰ ਅਨੇਕਾਂ ਜੂਨਾਂ ਵਿਚ ਭਟਕਦਾ ਆ ਰਿਹਾ ਹੈਂ। ਹੇ ਨਾਨਕ! (ਆਖ–ਹੇ ਭਾਈ!) ਪਰਮਾਤਮਾ ਦਾ ਨਾਮ ਭੁੱਲਿਆਂ ਇਤਨੇ ਦੁੱਖ ਵਾਪਰਦੇ ਹਨ ਕਿ ਗਿਣੇ ਨਹੀਂ ਜਾ ਸਕਦੇ। ਪਰਮਾਤਮਾ ਦੇ ਚਰਨਾਂ ਨਾਲ ਸਾਂਝ ਪਾਇਆਂ ਹੀ ਸੁਖ ਮਿਲਦਾ ਹੈ। ੨। ੯੫। ੧੦੮।

ਸਾਰਗ ਮਹਲਾ ੫॥ ਮਾਈ ਰੀ ਚਰਨਹ ਓਟ ਗਹੀ॥ ਦਰਸਨੁ ਪੇਖਿ ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ॥ ੧॥ ਰਹਾਉ॥ ਅਗਹ ਅਗਾਧਿ ਊਚ ਅਬਿਨਾਸੀ ਕੀਮਤਿ ਜਾਤ ਨ ਕਹੀ॥ ਜਲਿ ਥਲਿ ਪੇਖਿ ਪੇਖਿ ਮਨੁ ਬਿਗਸਿਓ ਪੂਰਿ ਰਹਿਓ ਸ੍ਰਬ ਮਹੀ॥ ੧॥ ਦੀਨ ਦਇਆਲ ਪ੍ਰੀਤਮ ਮਨ ਮੋਹਨ ਮਿਲਿ ਸਾਧਹ ਕੀਨੋ ਸਹੀ॥ ਸਿਮਰਿ ਸਿਮਰਿ ਜੀਵਤ ਹਰਿ ਨਾਨਕ ਜਮ ਕੀ ਭੀਰ ਨ ਫਹੀ॥ ੨॥ ੯੬॥ ੧੦੯॥

ਪਦ ਅਰਥ:–ਮਾਈ ਰੀ–ਹੇ ਮਾਂ ['ਰੀ' ਇਸਤ੍ਰੀ ਲਿੰਗ। 'ਕਹਤ ਕਬੀਰ ਸੁਨਹੁ ਰੀ ਲੋਈ']। ਓਟ–ਆਸਰਾ। ਗਹੀ–ਫੜੀ। ਪੇਖਿ–ਵੇਖ ਕੇ। ਜਾਤ ਬਹੀ–ਰੁੜ੍ਹ ਗਈ ਹੈ। ੧। ਰਹਾਉ।

ਅਗਹ–ਅਥਾਹ। ਅਗਾਧਿ–ਬੇਅੰਤ ਡੂੰਘਾ। ਜਲਿ–ਜਲ ਵਿਚ। ਥਲਿ–ਧਰਤੀ ਵਿਚ। ਪੇਖਿ–ਵੇਖ ਕੇ। ਬਿਗਸਿਓ–ਪ੍ਰਸੰਨ ਹੋ ਰਿਹਾ ਹੈ। ਪੂਰਿ ਰਹਿਓ–ਵਿਆਪਕ ਹੈ। ਸ੍ਰਬ ਮਹੀ–ਸਰਬ ਮਹੀ, ਸਾਰੀ ਧਰਤੀ ਵਿਚ। ੧।

ਮਿਲਿ ਸਾਧਹ–ਸਾਧ ਜਨਾਂ ਨੂੰ ਮਿਲ ਕੇ। ਕੀਨੋ ਸਹੀ–ਸਹੀ ਕੀਤਾ ਹੈ, ਵੇਖਿਆ

ਹੈ। ਭੀਰ-ਭੀੜ (ਵਿਚ)। ਨ ਫਹੀ-ਨਹੀਂ ਫਸੀਦਾ। ੨।

ਅਰਥ:-ਹੇ ਮਾਂ! ਮੈਂ (ਜਦੋਂ ਦਾ) ਪਰਮਾਤਮਾ ਦੇ ਚਰਨਾਂ ਦਾ ਆਸਰਾ ਲਿਆ ਹੈ, (ਉਸ ਦਾ) ਦਰਸਨ ਕਰ ਕੇ ਮੇਰਾ ਮਨ ਮੋਹਿਆ ਗਿਆ ਹੈ, (ਮੇਰੇ ਅੰਦਰੋਂ) ਭੈੜੀ ਮਤਿ ਰੁੜ੍ਹ ਗਈ ਹੈ। ੧। ਰਹਾਉ।

ਹੇ ਮਾਂ! ਉਹ ਪਰਮਾਤਮਾ ਅਥਾਹ ਹੈ ਬੇਅੰਤ ਡੂੰਘਾ ਹੈ, ਬਹੁਤ ਉੱਚਾ ਹੈ, ਕਦੇ ਨਹੀਂ ਮਰਦਾ, ਉਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਜਲ ਵਿਚ ਧਰਤੀ ਵਿਚ (ਹਰ ਥਾਂ ਉਸ ਨੂੰ) ਵੇਖ ਕੇ ਮੇਰਾ ਮਨ ਖਿੜਿਆ ਰਹਿੰਦਾ ਹੈ। ਹੇ ਮਾਂ! ਉਹ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ੧।

ਹੇ ਮਾਂ! ਸਾਧ ਸੰਗਤਿ ਵਿਚ ਮਿਲ ਕੇ ਗਰੀਬਾਂ ਉਤੇ ਦਇਆ ਕਰਨ ਵਾਲੇ ਅਤੇ ਮਨ ਨੂੰ ਮੋਹ ਲੈਣ ਵਾਲੇ ਪ੍ਰੀਤਮ ਦਾ ਮੈਂ ਦਰਸਨ ਕੀਤਾ ਹੈ। ਹੇ ਨਾਨਕ! (ਆਖ-ਹੇ ਮਾਂ!) ਪਰਮਾਤਮਾ ਦਾ ਨਾਮ ਸਿਮਰ ਸਿਮਰ ਕੇ ਆਤਮਕ ਜੀਵਨ ਮਿਲਦਾ ਹੈ, ਅਤੇ ਜਮਾਂ ਦੀ ਭੀੜ ਵਿਚ ਨਹੀਂ ਫਸੀਦਾ। ੨। ੯੬। ੧੦੯।

ਸਾਰਗ ਮਹਲਾ ੫॥ ਮਾਈ ਰੀ ਮਨੁ ਮੇਰੋ ਮਤਵਾਰੋ ॥ ਪੇਖਿ ਦਇਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ ॥੧॥ ਰਹਾਉ॥ ਨਿਰਮਲ ਭਏ ਊਜਲ ਜਸੁ ਗਾਵਤ ਬਹੁਰਿ ਨ ਹੋਵਤ ਕਾਰੋ ॥ ਚਰਨ ਕਮਲ ਸਿਉ ਡੋਰੀ ਰਾਚੀ ਭੇਟਿਓ ਪੁਰਖ ਅਪਾਰੋ ॥੧॥ ਕਰੁ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਓ ਉਜਾਰੋ ॥ ਨਾਨਕ ਨਾਮਿ ਰਸਿਕ ਬੈਰਾਗੀ ਕੁਲਹ ਸਮੂਹਾਂ ਤਾਰੋ ॥੨॥੯੭॥੧੧੦॥

ਪਦ ਅਰਥ:-ਮਤਵਾਰੋ-ਮਤਵਾਲਾ, ਮਸਤ। ਪੇਖਿ-ਵੇਖ ਕੇ। ਰਸਿ-ਰਸ ਨਾਲ। ਰਪਿਓ-ਰੰਗਿਆ ਗਿਆ ਹੈ। ਖੁਮਾਰੋ-ਮਸਤੀ। ੧। ਰਹਾਉ।

ਜਸੁ-ਸਿਫਤਿ ਸਾਲਾਹ ਦਾ ਗੀਤ। ਬਹੁਰਿ-ਮੁੜ, ਫਿਰ। ਕਾਰੋ-ਕਾਲਾ। ਸਿਉ -ਨਾਲ। ਡੋਰੀ ਰਾਚੀ-ਸੁਰਤਿ ਜੁੜੀ ਰਹਿੰਦੀ ਹੈ। ਭੇਟਿਓ-ਮਿਲ ਪੈਂਦਾ ਹੈ। ੧।

ਕਰੁ-ਹੱਥ [ਇਕ ਵਚਨ]। ਗਹਿ-ਫੜ ਕੇ। ਸਰਬਸੁ-[ਸਰਵੱਸ੍ਵ] ਸਾਰਾ ਧਨ-ਪਦਾਰਥ ਸਭ ਕੁਝ। ਦੀਪਕ-ਦੀਵਾ। ਨਾਮਿ-ਨਾਮ ਦੀ ਰਾਹੀਂ। ਰਸਿਕ-ਰਸੀਆ, ਪ੍ਰੇਮੀ। ਬੈਰਾਗੀ-ਵੈਰਾਗਵਾਨ, ਪ੍ਰੇਮੀ। ੨।

ਅਰਥ:-ਹੇ ਮਾਂ! ਮੇਰਾ ਮਨ (ਪ੍ਰਭੂ ਦੇ ਦੀਦਾਰ ਵਿਚ) ਮਸਤ ਹੋ ਰਿਹਾ ਹੈ। ਉਸ ਦਇਆ ਦੇ ਸੋਮੇ ਪ੍ਰਭੂ ਦਾ ਦਰਸਨ ਕਰ ਕੇ ਮੇਰੇ ਅੰਦਰ ਪੂਰਨ ਤੌਰ ਤੇ ਆਤਮਕ ਆਨੰਦ

ਸੁਖ ਬਣਿਆ ਹੋਇਆ ਹੈ, ਮੇਰਾ ਮਨ ਪ੍ਰੇਮ-ਰਸ ਨਾਲ ਰੰਗਿਆ ਗਿਆ ਹੈ ਤੇ ਮਸਤ ਹੈ। ੧। ਰਹਾਉ।

ਹੇ ਮਾਂ! ਪਰਮਾਤਮਾ ਦਾ ਜਸ ਗਾਂਦਿਆਂ ਜਿਸ ਮਨੁੱਖ ਦਾ ਮਨ ਨਿਰਮਲ ਉੱਜਲ ਹੋ ਜਾਂਦਾ ਹੈ, ਉਹ ਮੁੜ (ਵਿਕਾਰਾਂ ਨਾਲ) ਕਾਲਾ ਨਹੀਂ ਹੁੰਦਾ। (ਸਿਫ਼ਤਿ ਸਾਲਾਹ ਦੀ ਬਰਕਤਿ ਨਾਲ) ਜਿਸ ਮਨੁੱਖ ਦੇ ਮਨ ਦੀ ਡੋਰ ਪ੍ਰਭੂ ਦੇ ਸੋਹਣੇ ਚਰਨਾਂ ਨਾਲ ਜੁੜਦੀ ਹੈ, ਉਸ ਨੂੰ ਬੇਅੰਤ ਪ੍ਰਭੂ ਮਿਲ ਪੈਂਦਾ ਹੈ। ੧।

ਹੇ ਮਾਂ! ਜਿਸ ਮਨੁੱਖ ਦਾ ਹੱਥ ਫੜ ਕੇ ਪ੍ਰਭੂ ਉਸ ਨੂੰ ਆਪਣਾ ਬਣਾ ਲੈਂਦਾ ਹੈ, ਉਸ ਨੂੰ ਸਭ ਕੁਝ ਬਖ਼ਸ਼ਦਾ ਹੈ, ਉਸ ਦੇ ਅੰਦਰ (ਨਾਮ ਦੇ) ਦੀਵੇ ਦਾ ਚਾਨਣ ਹੋ ਜਾਂਦਾ ਹੈ। ਹੇ ਨਾਨਕ! ਪਰਮਾਤਮਾ ਦੇ ਨਾਮ ਵਿਚ ਪ੍ਰੀਤ ਪ੍ਰੇਮ ਜੋੜਨ ਵਾਲਾ ਮਨੁੱਖ ਆਪਣੀਆਂ ਸਾਰੀਆਂ ਕੁਲਾਂ ਨੂੰ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ। ੨। ੯੭। ੧੧੦।

ਸਾਰਗ ਮਹਲਾ ੫ ॥ ਮਾਈ ਰੀ ਆਨ ਸਿਮਰਿ ਮਰਿ ਜਾਂਹਿ ॥ ਤਿਆਗਿ ਗੋਬਿਦੁ ਜੀਅਨ ਕੋ ਦਾਤਾ ਮਾਇਆ ਸੰਗਿ ਲਪਟਾਹਿ ॥ ੧ ॥ ਰਹਾਉ ॥ ਨਾਮੁ ਬਿਸਾਰਿ ਚਲਹਿ ਅਨ ਮਾਰਗਿ ਨਰਕ ਘੋਰ ਮਹਿ ਪਾਹਿ ॥ ਅਨਿਕ ਸਜਾਂਈ ਗਣਤ ਨ ਆਵੈ ਗਰਭੈ ਗਰਭਿ ਭ੍ਰਮਾਹਿ ॥ ੧ ॥ ਸੇ ਧਨਵੰਤੇ ਸੇ ਪਤਿਵੰਤੇ ਹਰਿ ਕੀ ਸਰਣਿ ਸਮਾਹਿ ॥ ਗੁਰ ਪ੍ਰਸਾਦਿ ਨਾਨਕ ਜਗੁ ਜੀਤਿਓ ਬਹੁਰਿ ਨ ਆਵਹਿ ਜਾਂਹਿ ॥੨॥੯੮॥੧੧੧॥

ਪਦ ਅਰਥ :–ਆਨ[अन्य] (ਪ੍ਰਭੂ ਤੋਂ ਬਿਨਾ) ਕੋਈ ਹੋਰ। ਸਿਮਰਿ–ਸਿਮਰ ਕੇ। ਮਰਿ ਜਾਂਹਿ–ਮਰ ਜਾਂਦੇ ਹਨ, ਆਤਮਕ ਮੌਤ ਸਹੇੜ ਲੈਂਦੇ ਹਨ। ਤਿਆਗਿ–ਛੱਡ ਕੇ, ਭੁਲਾ ਕੇ। ਜੀਅਨ ਕੋ–ਸਾਰੇ ਜੀਵਾਂ ਦਾ। ਸੰਗਿ–ਨਾਲ। ਲਪਟਾਹਿ–ਚੰਬੜੇ ਰਹਿੰਦੇ ਹਨ।੧। ਰਹਾਉ।

ਬਿਸਾਰਿ–ਵਿਸਾਰ ਕੇ। ਚਲਹਿ–ਤੁਰਦੇ ਹਨ [ਬਹੁ ਵਚਨ]। ਅਨ ਮਾਰਗਿ–ਹੋਰ ਰਸਤੇ ਉੱਤੇ। ਪਾਹਿ–ਪੈਂਦੇ ਹਨ। ਗਣਤ–ਗਿਣਤੀ। ਗਰਭੈ ਗਰਭਿ–ਹਰੇਕ ਜੂਨ ਵਿਚ। ਭ੍ਰਮਾਹਿ–ਭਟਕਦੇ ਹਨ।੧।

ਸੇ–ਉਹ[ਬਹੁ ਵਚਨ]। ਪਤਿਵੰਤੇ–ਇੱਜ਼ਤ ਵਾਲੇ। ਸਮਾਹਿ–ਲੀਨ ਰਹਿੰਦੇ ਹਨ। ਗੁਰ ਪ੍ਰਸਾਦਿ–ਗੁਰੂ ਦੀ ਕਿਰਪਾ ਨਾਲ। ਬਹੁਰਿ–ਮੁੜ, ਫਿਰ। ਆਵਹਿ–ਜੰਮਦੇ ਹਨ। ਜਾਂਹਿ–ਮਰਦੇ ਹਨ।੨।

ਅਰਥ :–ਹੇ ਮਾਂ! ਸਾਰੇ ਜੀਵਾਂ ਨੂੰ ਦਾਤਾਂ ਦੇਣ ਵਾਲੇ ਪਰਮਾਤਮਾ ਨੂੰ ਛੱਡ ਕੇ

ਜਿਹੜੇ ਮਨੁੱਖ (ਸਦਾ) ਮਾਇਆ ਨਾਲ ਚੰਬੜੇ ਰਹਿੰਦੇ ਹਨ, ਉਹ (ਪ੍ਰਭੂ ਤੋਂ ਬਿਨਾ) ਹੋਰ ਨੂੰ ਮਨ ਵਿਚ ਵਸਾਈ ਰੱਖ ਕੇ ਆਤਮਕ ਮੌਤ ਸਹੇੜ ਲੈਂਦੇ ਹਨ ।੧। ਰਹਾਉ ।

ਹੇ ਮਾਂ ! ਜਿਹੜੇ ਮਨੁੱਖ ਪਰਮਾਤਮਾ ਦਾ ਨਾਮ ਭੁਲਾ ਕੇ ਹੋਰ (ਜੀਵਨ-) ਰਾਹ ਉਤੇ ਤੁਰਦੇ ਹਨ, ਉਹ ਭਿਆਨਕ ਨਰਕ ਵਿਚ ਪਏ ਰਹਿੰਦੇ ਹਨ । ਉਹਨਾਂ ਨੂੰ ਇਤ-ਨੀਆਂ ਸਜ਼ਾਵਾਂ ਮਿਲਦੀਆਂ ਰਹਿੰਦੀਆਂ ਹਨ ਕਿ ਉਹਨਾਂ ਦੀ ਗਿਣਤੀ ਨਹੀਂ ਹੋ ਸਕਦੀ। ਉਹ ਹਰੇਕ ਜੂਨ ਵਿਚ ਭਟਕਦੇ ਫਿਰਦੇ ਹਨ ।੧।

ਹੇ ਮਾਂ ! ਜਿਹੜੇ ਮਨੁੱਖ ਪਰਮਾਤਮਾ ਦੀ ਸਰਨ ਵਿਚ ਟਿਕੇ ਰਹਿੰਦੇ ਹਨ, ਉਹ ਧਨ ਵਾਲੇ ਹਨ, ਉਹ ਇੱਜ਼ਤ ਵਾਲੇ ਹਨ । ਹੇ ਨਾਨਕ ! (ਆਖ—ਹੇ ਮਾਂ !) ਗੁਰੂ ਦੀ ਮਿਹਰ ਨਾਲ ਉਹਨਾਂ ਨੇ ਜਗਤ (ਦੇ ਮੋਹ) ਨੂੰ ਜਿੱਤ ਲਿਆ ਹੈ, ਉਹ ਮੁੜ ਮੁੜ ਨਾਹ ਜੰਮਦੇ ਹਨ ਨਾਹ ਮਰਦੇ ਹਨ ।੨।੯੮।੧੧੧।

ਸਾਰਗ ਮਹਲਾ ੫ ॥ ਹਰਿ ਕਾਟੀ ਕੁਟਿਲਤਾ ਕੁਠਾਰਿ ॥ ਭ੍ਰਮ ਬਨ ਦਹਨ ਭਏ ਖਿਨ ਭੀਤਰਿ ਰਾਮ ਨਾਮ ਪਰਹਾਰਿ ॥ ੧ ॥ ਰਹਾਉ ॥ ਕਾਮ ਕ੍ਰੋਧ ਨਿੰਦਾ ਪਰਹਰੀਆ ਕਾਢੇ ਸਾਧੂ ਕੈ ਸੰਗਿ ਮਾਰਿ ॥ ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ ਨ ਜੂਐ ਹਾਰਿ ॥ ੧ ॥ ਆਠ ਪਹਰ ਪ੍ਰਭ ਕੇ ਗੁਣ ਗਾਵਹ ਪੂਰਨ ਸਬਦਿ ਬੀਚਾਰਿ ॥ ਨਾਨਕ ਦਾਸਨਿ ਦਾਸੁ ਜਨੁ ਤੇਰਾ ਪੁਨਹ ਪੁਨਹ ਨਮਸਕਾਰਿ ॥੨॥੯੯॥ ੧੧੨॥

ਪਦ ਅਰਥ:—ਕੁਟਿਲ—ਵਿੰਗੀਆਂ ਚਾਲਾਂ ਚੱਲਣ ਵਾਲਾ; ਖੋਟਾ। ਕੁਟਿਲਤਾ—ਮਨ ਦਾ ਵਿੰਗ, ਖੋਟ। ਕੁਠਾਰਿ—ਕੁਹਾੜੇ ਨਾਲ। ਭ੍ਰਮ—ਭਟਕਣਾ। ਭ੍ਰਮ ਬਨ—ਭਟਕਣਾਂ ਦੇ ਜੰਗਲ। ਦਹਨ ਭਏ—ਸੜ ਗਏ। ਪਰਹਾਰਿ—ਚੋਟ ਨਾਲ। ੧। ਰਹਾਉ।

ਪਰਹਰੀਆ—ਦੂਰ ਕਰ ਦਿੱਤੀ। ਸਾਧੂ ਕੈ ਸੰਗਿ—ਗੁਰੂ ਦੀ ਸੰਗਤਿ ਵਿਚ। ਮਾਰਿ—ਮਾਰ ਕੇ। ਗੁਰਮੁਖਿ—ਗੁਰੂ ਦੇ ਸਨਮੁਖ ਰਹਿਣ ਵਾਲਾ ਮਨੁੱਖ ।ਬਹੁਰਿ—ਮੁੜ ।ਜੂਐ—ਜੂਏ ਵਿਚ। ਹਾਰਿ—ਹਾਰ ਕੇ। ੧।

ਗਾਵਹ—ਆਓ, ਭਾਈ ! ਅਸੀ ਗਾਵੀਏ—[ਵਰਤਮਾਨ ਕਾਲ, ਉੱਤਮ ਪੁਰਖ, ਬਹੁ ਵਚਨ]। ਸਬਦਿ—ਸ਼ਬਦ ਦੀ ਰਾਹੀਂ। ਬੀਚਾਰਿ—ਵਿਚਾਰ ਕੇ, ਮਨ ਵਿਚ ਵਸਾ ਕੇ। ਦਾਸਨਿ ਦਾਸੁ—ਦਾਸਾਂ ਦਾ ਦਾਸ। ਪੁਨਹ ਪੁਨਹ—ਮੁੜ ਮੁੜ। ੨।

ਅਰਥ :—ਹੇ ਭਾਈ ! ਪਰਮਾਤਮਾ ਨੇ (ਜਿਸ ਮਨੁੱਖ ਦੇ) ਮਨ ਦਾ ਖੋਟ (ਮਾਨੋ) ਕੁਹਾੜੇ ਨਾਲ ਕੱਟ ਦਿੱਤਾ, ਉਸ ਦੇ ਅੰਦਰੋਂ ਪ੍ਰਭੂ ਦੇ ਨਾਮ ਦੀ ਚੋਟ ਨਾਲ ਇਕ ਖਿਨ ਵਿਚ ਹੀ ਭਟਕਣਾ ਦੇ ਜੰਗਲਾਂ ਦੇ ਜੰਗਲ ਹੀ ਸੜ (ਕੇ ਸੁਆਹ ਹੋ) ਗਏ। ੧।

ਰਹਾਉ ।

ਹੇ ਭਾਈ ! ਗੁਰੂ ਦੇ ਸਨਮੁਖ ਰਹਿਣ ਵਾਲੇ ਮਨੁੱਖ ਗੁਰੂ ਦੀ ਸੰਗਤਿ ਵਿਚ ਰਹਿ ਕੇ ਕਾਮ ਕ੍ਰੋਧ ਨਿੰਦਾ ਆਦਿਕ ਵਿਕਾਰਾਂ ਨੂੰ (ਆਪਣੇ ਅੰਦਰੋਂ) ਦੂਰ ਕਰ ਦੇਂਦਾ ਹੈ ਮਾਰ ਮਾਰ ਕੇ ਕੱਢ ਦੇਂਦਾ ਹੈ ਗੁਰਮੁਖ ਇਸ ਕੀਮਤੀ ਮਨੁੱਖਾ ਜਨਮ ਨੂੰ (ਵਿਕਾਰਾਂ ਦੇ ਟਾਕਰੇ ਤੇ) ਕਾਮਯਾਬ ਬਣਾ ਲੈਂਦਾ ਹੈ, ਫਿਰ ਕਦੇ ਇਸ ਨੂੰ ਜੂਏ ਵਿਚ ਹਾਰ ਕੇ ਨਹੀਂ ਜਾਂਦਾ।੧।

ਹੇ ਭਾਈ ! ਆਓ, ਰਲ ਕੇ ਸਰਬ-ਵਿਆਪਕ ਪ੍ਰਭੂ ਦੇ ਗੁਣਾਂ ਨੂੰ ਗੁਰ-ਸ਼ਬਦ ਦੀ ਰਾਹੀਂ ਮਨ ਵਿਚ ਵਸਾ ਕੇ ਅੱਠੇ ਪਹਰ ਉਸ ਦੇ ਗੁਣ ਗਾਂਦੇ ਰਹੀਏ। ਹੇ ਨਾਨਕ ! (ਆਖ–) ਹੇ ਪ੍ਰਭੂ ! ਮੈਂ ਤੇਰੇ ਦਾਸਾਂ ਦਾ ਦਾਸ ਹਾਂ, (ਤੇਰੇ ਦਰ ਤੇ ਹੀ) ਮੁੜ ਮੁੜ ਨਮਸਕਾਰ ਕਰਦਾ ਹਾਂ। ੨। ੮੯। ੧੧੨।

ਸਾਰਗ ਮਹਲਾ ੫ ॥ ਪੋਥੀ ਪਰਮੇਸਰ ਕਾ ਥਾਨੁ ॥ ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ੧ ॥ ਰਹਾਉ ॥ ਸਾਧਿਕ ਸਿਧ ਸਗਲ ਮੁਨਿ ਲੋਚਹਿ ਬਿਰਲੇ ਲਾਗੈ ਧਿਆਨੁ ॥ ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ ਪੂਰਨ ਤਾ ਕੋ ਕਾਮੁ ॥ ੧ ॥ ਜਾ ਕੈ ਰਿਦੈ ਵਸੈ ਭੈ ਭੰਜਨੁ ਤਿਸੁ ਜਾਨੈ ਸਗਲ ਜਹਾਨੁ ॥ ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ ਇਹੁ ਨਾਨਕੁ ਮਾਂਗੈ ਦਾਨੁ ॥ ੨ ॥ ੯੦ ॥ ੧੧੩ ॥

ਪਦ ਅਰਥ:–ਪੋਥੀ–ਉਹ ਪੁਸਤਕ ਜਿਸ ਵਿਚ ਪਰਮਾਤਮਾ ਦੀ ਸਿਫ਼ਤਿ ਸਾਲਾਹ ਲਿਖੀ ਪਈ ਹੈ, ਗੁਰਬਾਣੀ। ਥਾਨੁ–ਮਿਲਣ ਦਾ ਥਾਂ। ਸਾਧ ਸੰਗਿ–ਗੁਰੂ ਦੀ ਸੰਗਤਿ ਵਿਚ। ਗਾਵਹਿ–(ਜਿਹੜੇ) ਗਾਂਦੇ ਹਨ। ਪੂਰਨ–ਸਰਬ-ਵਿਆਪਕ। ਗਿਆਨੁ–ਡੂੰਘੀ ਸਾਂਝ। ੧। ਰਹਾਉ।

ਸਾਧਿਕ–ਜੋਗ-ਸਾਧਨ ਕਰਨ ਵਾਲੇ। ਸਿਧ–ਸਿੱਧ, ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ। ਲੋਚਹਿ–ਤਾਂਘ ਕਰਦੇ ਆਏ ਹਨ। ਲਾਗੈ ਧਿਆਨੁ–ਸੁਰਤਿ ਜੁੜਦੀ ਹੈ। ਜਿਸਹਿ–ਜਿਸ (ਮਨੁੱਖ) ਉੱਤੇ [ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਜਿਸੁ' ਦਾ ੁ ਉੱਡ ਗਿਆ ਹੈ]। ਤਾ ਕੋ–ਉਸ ਦਾ। ਕਾਮੁ–(ਹਰੇਕ) ਕੰਮ। ੧।

ਜਾ ਕੈ ਰਿਦੈ–ਜਿਸ (ਮਨੁੱਖ) ਦੇ ਹਿਰਦੇ ਵਿਚ। ਭੈ ਭੰਜਨੁ–ਸਾਰੇ ਡਰ ਦੂਰ ਕਰਨ ਵਾਲਾ। ਬਿਸਰੁ ਨਹੀ–ਨਾਹ ਭੁੱਲ। ਕਰਤੇ–ਹੇ ਕਰਤਾਰ ! ਨਾਨਕੁ ਮਾਂਗੈ–ਨਾਨਕ ਮੰਗਦਾ ਹੈ। ੨।

ਅਰਥ :–ਹੇ ਭਾਈ ! ਗੁਰਬਾਣੀ (ਹੀ) ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਜਿਹੜੇ ਮਨੁੱਖ ਗੁਰੂ ਦੀ ਸੰਗਤਿ ਵਿਚ ਰਹਿ ਕੇ ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ

ਹਨ, ਉਹ ਮਨੁੱਖ ਸਰਬ-ਵਿਆਪਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ ।੧। ਰਹਾਉ ।

ਹੇ ਭਾਈ ! ਜੋਗ-ਸਾਧਨ ਕਰਨ ਵਾਲੇ ਮਨੁੱਖ, ਜੋਗ-ਸਾਧਨਾਂ ਵਿਚ ਪੁੱਗੇ ਹੋਏ ਜੋਗੀ, ਸਾਰੇ ਰਿਸ਼ੀ-ਮੁਨੀ (ਪਰਮਾਤਮਾ ਨਾਲ ਮਿਲਾਪ ਦੀ) ਤਾਂਘ ਕਰਦੇ ਆ ਰਹੇ ਹਨ, ਪਰ ਕਿਸੇ ਵਿਰਲੇ ਦੀ ਸੁਰਤਿ (ਉਸ ਵਿਚ) ਜੁੜਦੀ ਹੈ । ਜਿਸ ਮਨੁੱਖ ਉਤੇ ਮੇਰਾ ਮਾਲਕ-ਪ੍ਰਭੂ ਆਪ ਦਇਆਵਾਨ ਹੁੰਦਾ ਹੈ, ਉਸ ਦਾ (ਇਹ) ਕੰਮ ਸਿਰੇ ਚੜ੍ਹ ਜਾਂਦਾ ਹੈ । ੧ ।

ਹੇ ਭਾਈ ! ਸਾਰੇ ਡਰਾਂ ਦਾ ਨਾਸ ਕਰਨ ਵਾਲਾ ਪਰਮਾਤਮਾ ਜਿਸ ਮਨੁੱਖ ਦੇ ਹਿਰਦੇ ਵਿਚ ਆ ਵੱਸਦਾ ਹੈ, ਉਸ ਨੂੰ ਸਾਰਾ ਜਗਤ ਜਾਣ ਲੈਂਦਾ ਹੈ (ਸਾਰੇ ਜਗਤ ਵਿਚ ਉਸ ਦੀ ਸੋਭਾ ਖਿਲਰ ਜਾਂਦੀ ਹੈ) । (ਉਸ ਪਰਮਾਤਮਾ ਦੇ ਦਰ ਤੋਂ) ਨਾਨਕ ਇਹ ਦਾਨ ਮੰਗਦਾ ਹੈ (ਕਿ) ਹੇ ਮੇਰੇ ਕਰਤਾਰ ! (ਮੇਰੇ ਮਨ ਤੋਂ ਕਦੇ) ਇਕ ਖਿਨ ਵਾਸਤੇ ਇਕ ਪਲ ਵਾਸਤੇ ਭੀ ਨਾਹ ਵਿਸਰ । ੨ । ੯੦ । ੧੧੩ ।

ਸਾਰਗ ਮਹਲਾ ੫ ।। ਵੂਠਾ ਸਰਬ ਥਾਈ ਮੇਹੁ ।। ਅਨਦ ਮੰਗਲ ਗਾਉ ਹਰਿ ਜਸੁ ਪੂਰਨ ਪ੍ਰਗਟਿਓ ਨੇਹੁ ॥ ੧ ॥ ਰਹਾਉ ।। ਚਾਰਿ ਕੁੰਟ ਦਹਦਿਸਿ ਜਲਨਿਧਿ ਊਨ ਥਾਉ ਨ ਕੇਹੁ ।। ਕ੍ਰਿਪਾ ਨਿਧਿ ਗੋਬਿੰਦ ਪੂਰਨ ਜੀਅ ਦਾਨੁ ਸਭ ਦੇਹੁ ।। ੧ ।।ਸਤਿ ਸਤਿ ਹਰਿ ਸਤਿ ਸੁਆਮੀ ਸਤਿ ਸਾਧ ਸੰਗੇਹੁ ॥ ਸਤਿ ਤੇ ਜਨ ਪਰਤੀਤਿ ਉਪਜੀ ਨਾਨਕ ਨਹ ਭਰਮੇਹੁ ॥ ੨ ॥ ੯੧ ॥ ੧੧੪ ॥

ਪਦ ਅਰਥ :–ਵੂਠਾ–ਵੱਸ ਪਿਆ, ਵੱਸਦਾ ਹੈ । ਥਾਈ–ਥਾਈਂ, ਥਾਵਾਂ ਵਿਚ । ਮੇਹੁ–ਮੀਂਹ, ਆਤਮਕ ਆਨੰਦ ਦੀ ਵਰਖਾ । ਮੰਗਲ–ਖ਼ੁਸ਼ੀਆਂ । ਗਾਉ–ਗਾਇਆ ਕਰੋ । ਪੂਰਨ ਨੇਹੁ–ਸਰਬ-ਵਿਆਪਕ ਪ੍ਰਭੂ ਦਾ ਪਿਆਰ । ਪ੍ਰਗਟਿਓ–ਪੈਦਾ ਹੋ ਜਾਂਦਾ ਹੈ । ੧ । ਰਹਾਉ ।

ਕੁੰਟ–ਕੂਟ, ਪਾਸਾ । ਦਹ ਦਿਸਿ–ਦਸੀਂ ਪਾਸੀਂ । ਜਲ ਨਿਧਿ–(ਜੀਵਨ-) ਜਲ ਦਾ ਖ਼ਜ਼ਾਨਾ ਪ੍ਰਭੂ । ਊਨ–ਖ਼ਾਲੀ । ਕੇਹੁ–ਕੋਈ ਭੀ । ਕ੍ਰਿਪਾ ਨਿਧਿ–ਹੇ ਦਇਆ ਦੇ ਖ਼ਜ਼ਾਨੇ ਪ੍ਰਭੂ ! ਪੂਰਨ–ਹੇ ਸਰਬ-ਵਿਆਪਕ ! ਜੀਅ ਦਾਨੁ–ਜੀਵਨ-ਦਾਤਿ । ਦੇਹੁ–ਤੂੰ ਦੇਂਦਾ ਹੈਂ । ੧ ।

ਸਤਿ–ਸਦਾ ਕਾਇਮ ਰਹਿਣ ਵਾਲਾ । ਸਾਧ ਸੰਗੇਹੁ–ਸਾਧ ਸੰਗਤਿ । ਤੇ ਜਨ–ਉਹ ਮਨੁੱਖ [ਬਹੁ ਵਚਨ] । ਪਰਤੀਤਿ–ਸਰਧਾ । ਭਰਮੇਹੁ–ਭਟਕਣਾ ।੨।

ਅਰਥ :–ਹੇ ਭਾਈ ! ਪਰਮਾਤਮਾ ਦਾ ਜਸ ਗਾਇਆ ਕਰੋ, (ਜਿਵੇਂ,) ਮੀਂਹ (ਟੋਏ ਟਿੱਬੇ) ਸਭਨੀਂ ਹੀ ਥਾਈਂ ਵਰ੍ਹਦਾ ਹੈ(ਤਿਵੇਂ ਜਸ ਗਾਣ ਵਾਲਿਆਂ ਦੇ ਹਿਰਦਿਆਂ ਵਿਚ) ਆਨੰਦ ਤੇ ਖ਼ੁਸ਼ੀਆਂ ਦੀ ਵਰਖਾ ਹੁੰਦੀ ਹੈ, ਸਰਬ-ਵਿਆਪਕ ਪਰਮਾਤਮਾ ਦਾ ਪਿਆਰ (ਹਿਰਦੇ ਵਿਚ) ਪੈਦਾ ਹੋ ਜਾਂਦਾ ਹੈ । ੧ । ਰਹਾਉ ।

ਹੇ ਭਾਈ ! (ਜੀਵਨ-) ਜਲ ਦਾ ਖ਼ਜ਼ਾਨਾ ਪ੍ਰਭੂ ਚੌਹਾਂ ਕੂਟਾਂ ਵਿਚ ਦਸੀਂ ਪਾਸੀਂ (ਹਰ ਥਾਂ ਮੌਜੂਦ ਹੈ) ਕੋਈ ਭੀ ਥਾਂ (ਉਸ ਦੀ ਹੋਂਦ ਤੋਂ) ਖ਼ਾਲੀ ਨਹੀਂ ਹੈ । (ਉਸ ਦਾ ਇਉਂ ਜਸ ਗਾਇਆ ਕਰੋ–) ਹੇ ਦਇਆ ਦੇ ਖ਼ਜ਼ਾਨੇ ! ਹੇ ਗੋਬਿੰਦ ! ਹੇ ਸਰਬ-ਵਿਆ-ਪਕ ! ਤੂੰ ਸਭ ਜੀਵਾਂ ਨੂੰ ਹੀ ਜੀਵਨ-ਦਾਤਿ ਦੇਂਦਾ ਹੈਂ । ੧ ।

ਹੇ ਨਾਨਕ ! (ਆਖ–ਹੇ ਭਾਈ !) ਪਰਮਾਤਮਾ ਸਦਾ ਹੀ ਅਟੱਲ ਰਹਿਣ ਵਾਲਾ ਹੈ (ਜਿੱਥੇ ਉਹ ਮਿਲਦਾ ਹੈ, ਉਹ) ਸਾਧ ਸੰਗਤਿ ਭੀ ਧੁਰ ਤੋਂ ਚਲੀ ਆ ਰਹੀ ਹੈ । ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਪਰਮਾਤਮਾ ਵਾਸਤੇ ਸਰਧਾ ਪੈਦਾ ਹੋ ਜਾਂਦੀ ਹੈ, ਉਹ ਭੀ ਅਟੱਲ ਆਤਮਕ ਜੀਵਨ ਵਾਲੇ ਹੋ ਜਾਂਦੇ ਹਨ, ਉਹਨਾਂ ਨੂੰ ਕੋਈ ਭਟਕਣਾ ਨਹੀਂ ਰਹਿ ਜਾਂਦੀ । ੨ । ੯੧ । ੧੧੪ ।

ਸਾਰਗ ਮਹਲਾ ੫ ॥ ਗੋਬਿਦ ਜੀਉ ਤੂ ਮੇਰੇ ਪ੍ਰਾਨ ਅਧਾਰ ॥ ਸਾਜਨ ਮੀਤ ਸਹਾਈ ਤੁਮ ਹੀ ਤੂ ਮੇਰੋ ਪਰਵਾਰ ॥ ੧ ॥ ਰਹਾਉ ॥ ਕਰੁ ਮਸਤਕਿ ਧਾਰਿਓ ਮੇਰੈ ਮਾਥੈ ਸਾਧ ਸੰਗਿ ਗੁਣ ਗਾਏ ॥ ਤੁਮਰੀ ਕ੍ਰਿਪਾ ਤੇ ਸਭ ਫਲ ਪਾਏ ਰਸਕਿ ਰਾਮ ਨਾਮ ਧਿਆਏ ॥੧॥ ਅਬਿਚਲ ਨੀਵ ਧਰਾਈ ਸਤਿਗੁਰਿ ਕਬ ਹੂ ਡੋਲਤ ਨਾਹੀ ॥ ਗੁਰ ਨਾਨਕ ਜਬ ਭਏ ਦਇਆਰਾ ਸਰਬ ਸੁਖਾ ਨਿਧਿ ਪਾਹੀ ॥ ੨ ॥ ੯੨ ॥ ੧੧੫ ॥

ਪਦ ਅਰਥ :–ਗੋਬਿੰਦ ਜੀਉ–ਹੇ ਗੋਬਿੰਦ ਜੀ ! ਅਧਾਰ–ਆਸਰਾ । ੧ । ਰਹਾਉ ।

ਕਰੁ–ਹੱਥ । ਮਸਤਕਿ–ਮੱਥੇ ਉਤੇ । ਮੇਰੈ ਮਾਥੈ–ਮੇਰੇ ਮੱਥੇ ਉੱਤੇ । ਸਾਧ ਸੰਗਿ–ਸਾਧ ਸੰਗਤਿ ਵਿਚ । ਤੇ–ਤੋਂ, ਨਾਲ । ਰਸਕਿ–ਪਿਆਰ ਨਾਲ । ੧ ।

ਅਬਿਚਲ–ਨਾਹ ਹਿੱਲਣ ਵਾਲੀ, ਅਟੱਲ । ਨੀਵ–(ਸਿਮਰਨ ਦੀ) ਨੀਂਹ । ਸਤਿਗੁਰਿ–ਸਤਿਗੁਰੂ ਨੇ । ਕਬ ਹੂ–ਕਦੇ ਭੀ । ਦਇਆਰਾ–ਦਇਆਵਾਨ । ਨਿਧਿ–ਖ਼ਜ਼ਾਨਾ । ਸਰਬ ਸੁਖਾ ਨਿਧਿ–ਸਾਰੇ ਸੁਖਾਂ ਦਾ ਖ਼ਜ਼ਾਨਾ ਪ੍ਰਭੂ । ਪਾਹੀ–ਪਾਹਿ, ਪ੍ਰਾਪਤ ਕਰ ਲੈਂਦੇ ਹਨ [ਬਹੁ ਵਚਨ] । ੨ ।

ਅਰਥ :–ਹੇ ਪ੍ਰਭੂ ਜੀ ! ਤੂੰ ਮੇਰੇ ਪ੍ਰਾਣਾਂ ਦਾ ਆਸਰਾ ਹੈਂ । ਤੂੰ ਹੀ ਮੇਰਾ ਸੱਜਣ

ਹੈਂ, ਤੂੰ ਹੀ ਮੇਰਾ ਮਿੱਤਰ ਹੈਂ, ਤੂੰ ਹੀ ਮੇਰੀ ਮਦਦ ਕਰਨ ਵਾਲਾ ਹੈਂ, ਤੂੰ ਹੀ ਮੇਰਾ ਪਰਵਾਰ ਹੈਂ ।੧। ਰਹਾਉ ।

ਹੇ ਪ੍ਰਭੂ ! ਜਦੋਂ ਤੂੰ ਮੇਰੇ ਮੱਥੇ ਉੱਤੇ ਮੇਰੇ ਮਸਤਕ ਉੱਤੇ (ਆਪਣੀ ਮਿਹਰ ਦਾ) ਹੱਥ ਰੱਖਿਆ, ਤਦੋਂ ਮੈਂ ਸਾਧ ਸੰਗਤਿ ਵਿਚ (ਟਿਕ ਕੇ ਤੇਰੀ) ਸਿਫ਼ਤਿ ਸਾਲਾਹ ਦੇ ਗੀਤ ਗਾਏ ਹਨ। ਹੇ ਪ੍ਰਭੂ ! ਤੇਰੀ ਮਿਹਰ ਨਾਲ ਮੈਂ ਸਾਰੇ ਫਲ ਹਾਸਲ ਕੀਤੇ ਹਨ, ਅਤੇ ਪਿਆਰ ਨਾਲ ਤੇਰਾ ਨਾਮ ਸਿਮਰਿਆ ਹੈ ।੧।

ਹੇ ਭਾਈ ! ਸਤਿਗੁਰੂ ਨੇ (ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿਚ ਹਰਿ-ਨਾਮ ਸਿਮਰਨ ਦੀ) ਅਟੱਲ ਨੀਂਹ ਰੱਖ ਦਿੱਤੀ, ਉਹ ਕਦੇ (ਮਾਇਆ ਵਿਚ) ਡੋਲਦੇ ਨਹੀਂ ਹਨ। ਹੇ ਨਾਨਕ ! (ਆਖ–) ਜਦੋਂ ਸਤਿਗੁਰੁ ਜੀ ਦਇਆਵਾਨ ਹੁੰਦੇ ਹਨ, ਉਹ ਸਾਰੇ ਸੁਖਾਂ ਦੇ ਖ਼ਜ਼ਾਨੇ ਪਰਮਾਤਮਾ ਦਾ ਮਿਲਾਪ ਹਾਸਲ ਕਰ ਲੈਂਦੇ ਹਨ ।੨।੯੨। ੧੧੫।

ਸਾਰਗ ਮਹਲਾ ੫ ॥ ਨਿਬਹੀ ਨਾਮ ਕੀ ਸਚੁ ਖੇਪ ॥ ਲਾਭੁ ਹਰਿ ਗੁਣ ਗਾਇ ਨਿਧਿ ਧਨੁ ਬਿਖੈ ਮਾਹਿ ਅਲੇਪ ॥ ੧ ॥ ਰਹਾਉ ॥ ਜੀਅ ਜੰਤ ਸਗਲ ਸੰਤੋਖੇ ਆਪਨਾ ਪ੍ਰਭੁ ਧਿਆਇ ॥ ਰਤਨ ਜਨਮੁ ਅਪਾਰ ਜੀਤਿਓ ਬਹੁੜਿ ਜੋਨਿ ਨ ਪਾਇ ॥ ੧ ॥ ਭਏ ਕ੍ਰਿਪਾਲ ਦਇਆਲ ਗੋਬਿਦ ਭਇਆ ਸਾਧੂ ਸੰਗੁ ॥ ਹਰਿ ਚਰਨ ਰਾਸਿ ਨਾਨਕ ਪਾਈ ਲਗਾ ਪ੍ਰਭ ਸਿਉ ਰੰਗੁ ॥ ੨ ॥ ੯੩ ॥ ੧੧੬ ॥

ਪਦ ਅਰਥ :–ਨਿਬਹੀ–ਸਦਾ ਲਈ ਸਾਥ ਬਣਿਆ ਰਹਿੰਦਾ ਹੈ। ਸਚੁ–ਸਦਾ ਕਾਇਮ ਰਹਿਣ ਵਾਲਾ। ਖੇਪ–ਵਪਾਰ ਵਾਸਤੇ ਲੱਦਿਆ ਹੋਇਆ ਮਾਲ। ਲਾਭੁ–ਖੱਟੀ। ਨਿਧਿ–(ਸਾਰੇ ਸੁਖਾਂ ਦਾ) ਖ਼ਜ਼ਾਨਾ। ਬਿਖੈ ਮਾਹਿ–ਪਦਾਰਥਾਂ ਵਿਚ। ਅਲੇਪ–ਨਿਰਲੇਪ ।੧। ਰਹਾਉ ।

ਸਗਲ–ਸਾਰੇ। ਸੰਤੋਖੇ–ਸੰਤੋਖ ਵਾਲਾ ਜੀਵਨ ਪ੍ਰਾਪਤ ਕਰ ਲੈਂਦੇ ਹਨ। ਧਿਆਇ –ਸਿਮਰ ਕੇ। ਅਪਾਰ ਰਤਨ–ਬੇਅੰਤ ਕੀਮਤੀ । ਜੀਤਿਓ–ਜਿੱਤ ਲਿਆ, ਵਿਕਾਰਾਂ ਦੇ ਟਾਕਰੇ ਤੇ ਬਚਾ ਲਿਆ। ਬਹੁੜਿ–ਮੁੜ ਕੇ। ਨ ਪਾਇ–ਨਹੀਂ ਪੈਂਦਾ ।੧।

ਸਾਧੂ ਸੰਗੁ–ਗੁਰੂ ਦਾ ਸਾਥ, ਗੁਰੂ ਦਾ ਮਿਲਾਪ । ਰਾਸਿ–ਪੂੰਜੀ, ਸਰਮਾਇਆ। ਸਿਉ–ਨਾਲ। ਰੰਗੁ–ਪਿਆਰ ।੨।

ਅਰਥ:–ਹੇ ਭਾਈ! ਪਰਮਾਤਮਾ ਦੇ ਨਾਮ ਦਾ ਸਦਾ ਕਾਇਮ ਰਹਿਣ ਵਾਲਾ ਵਪਾਰ ਦਾ ਲੱਦਿਆ ਮਾਲ ਜਿਸ ਜੀਵ-ਵਣਜਾਰੇ ਦੇ ਨਾਲ ਸਦਾ ਦਾ ਸਾਥ ਬਣਾ ਲੈਂਦਾ

ਹੈ, ਉਹ ਜੀਵ-ਵਣਜਾਰਾ (ਸਦਾ) ਪਰਮਾਤਮਾ ਦੇ ਗੁਣ ਗਾਂਦਾ ਰਹਿੰਦਾ ਹੈ, ਇਹੀ ਅਸਲ ਖੱਟੀ ਹੈ, ਇਹੀ ਅਸਲ ਖ਼ਜ਼ਾਨਾ ਹੈ ਇਹੀ ਅਸਲ ਧਨ ਹੈ, (ਇਸ ਦੀ ਬਰਕਤਿ ਨਾਲ) ਉਹ ਜੀਵ-ਵਣਜਾਰਾ (ਮਾਇਕ) ਪਦਾਰਥਾਂ ਵਿਚ ਨਿਰਲੇਪ ਰਹਿੰਦਾ ਹੈ। ੧। ਰਹਾਉ।

ਹੇ ਭਾਈ! ਆਪਣੇ ਪ੍ਰਭੂ ਦਾ ਧਿਆਨ ਧਰ ਕੇ ਸਾਰੇ ਜੀਵ ਸੰਤੋਖ ਵਾਲਾ ਜੀਵਨ ਹਾਸਲ ਕਰ ਲੈਂਦੇ ਹਨ। ਜਿਸ ਭੀ ਮਨੁੱਖ ਨੇ ਇਹ ਬੇਅੰਤ ਕੀਮਤੀ ਮਨੁੱਖਾ ਜਨਮ ਵਿਕਾਰਾਂ ਦੇ ਹੱਲਿਆਂ ਤੋਂ ਬਚਾ ਲਿਆ, ਉਹ ਮੁੜ ਮੁੜ ਜੂਨਾਂ ਵਿਚ ਨਹੀਂ ਪੈਂਦਾ। ੧।

ਹੇ ਨਾਨਕ! (ਆਖ–ਹੇ ਭਾਈ!) ਜਿਸ ਮਨੁੱਖ ਉੱਤੇ ਪ੍ਰਭੂ ਜੀ ਦਇਆਵਾਨ ਹੁੰਦੇ ਹਨ, ਉਸ ਨੂੰ ਗੁਰੂ ਦਾ ਮਿਲਾਪ ਹਾਸਲ ਹੁੰਦਾ ਹੈ। ਉਹ ਮਨੁੱਖ ਪ੍ਰਭੂ ਦੇ ਚਰਨਾਂ ਦੀ ਪ੍ਰੀਤ ਦਾ ਸਰਮਾਇਆ ਪ੍ਰਾਪਤ ਕਰ ਲੈਂਦਾ ਹੈ, ਉਸ ਦਾ ਪ੍ਰਭੂ ਨਾਲ ਪਿਆਰ ਬਣ ਜਾਂਦਾ ਹੈ। ੨। ੯੩। ੧੧੬।

ਸਾਰਗ ਮਹਲਾ ੫ ।। ਮਾਈ ਰੀ ਪੇਖਿ ਰਹੀ ਬਿਸਮਾਦ ॥ ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ।। ੧ ।। ਰਹਾਉ ॥ ਮਾਤ ਪਿਤਾ ਬੰਧਪ ਹੈ ਸੋਈ ਮਨਿ ਹਰਿ ਕੋ ਅਹਿਲਾਦ ।। ਸਾਧ ਸੰਗਿ ਗਾਏ ਗੁਨ ਗੋਬਿੰਦ ਬਿਨਸਿਓ ਸਭੁ ਪਰਮਾਦ ॥ ੧ ॥ਡੋਰੀ ਲਪਟਿ ਰਹੀ ਚਰਨਹ ਸੰਗਿ ਭ੍ਰਮ ਭੈ ਸਗਲੇ ਖਾਦ ॥ ਏਕੁ ਅਧਾਰੁ ਨਾਨਕ ਜਨ ਕੀਆ ਬਹੁਰਿ ਨ ਜੋਨਿ ਭ੍ਰਮਾਦ ॥ ੨ ॥ ੯੪ ॥ ੧੧੭ ॥

ਪਦ ਅਰਥ :–ਰੀ ਮਾਈ–ਹੇ ਮਾਂ! ਪੇਖਿ–ਵੇਖ ਕੇ। ਬਿਸਮਾਦ–ਹੈਰਾਨ। ਅਨਹਦ ਧੁਨੀ–ਜਿਸ ਦੀ ਜੀਵਨ-ਰੌ ਇਕ-ਰਸ ਵਿਆਪ ਰਹੀ ਹੈ। ੧। ਰਹਾਉ।

ਬੰਧਪ–ਸਨਬੰਧੀ। ਮਨਿ–ਮਨ ਵਿਚ। ਕੋ–ਦਾ। ਅਹਿਲਾਦ–ਖ਼ੁਸ਼ੀ, ਹੁਲਾਰਾ। ਸਾਧ ਸੰਗਿ–ਸਾਧ ਸੰਗਤਿ ਵਿਚ। ਸਭੁ–ਸਾਰਾ। ਪਰਮਾਦ–[ਪ੍ਰਸਾਦ] ਭੁਲੇਖਾ, ਗ਼ਲਤੀ। ੧।

ਭੈ–ਡਰ [ਬਹੁ ਵਚਨ]। ਖਾਦ–ਖਾਧੇ ਜਾਂਦੇ ਹਨ, ਮੁੱਕ ਜਾਂਦੇ ਹਨ। ਅਧਾਰੁ–ਆਸਰਾ। ਭ੍ਰਮਾਦ–ਭਟਕਦੇ। ੨।

ਅਰਥ :–ਹੇ (ਮੇਰੀ) ਮਾਂ! (ਪ੍ਰਭੂ ਦੇ ਕੌਤਕ) ਵੇਖ ਕੇ ਮੈਂ ਹੈਰਾਨ ਹੋ ਰਹੀ ਹਾਂ। ਜਿਸ ਪ੍ਰਭੂ ਦੀ ਜੀਵਨ-ਰੌ ਇਕ-ਰਸ (ਸਾਰੇ ਜਗਤ ਵਿਚ) ਰੁਮਕ ਰਹੀ ਹੈ ਉਸ ਨੇ ਮੇਰਾ ਮਨ ਮੋਹ ਲਿਆ ਹੈ, ਉਸ ਦੇ (ਮਿਲਾਪ ਦੇ) ਆਨੰਦ ਭੀ ਹੈਰਾਨ ਕਰਨ ਵਾਲੇ ਹਨ

।੧। ਰਹਾਉ।

ਹੇ ਮਾਂ! (ਸਭ ਜੀਵਾਂ ਦਾ) ਮਾਂ ਪਿਉ ਸਨਬੰਧੀ ਉਹ ਪ੍ਰਭੂ ਹੀ ਹੈ। (ਮੇਰੇ) ਮਨ ਵਿਚ ਉਸ ਪ੍ਰਭੂ (ਦੇ ਮਿਲਾਪ) ਦਾ ਹੁਲਾਰਾ ਆ ਰਿਹਾ ਹੈ। ਹੇ ਮਾਂ! ਜਿਸ ਮਨੁੱਖ ਨੇ ਸਾਧ ਸੰਗਤਿ ਵਿਚ (ਟਿਕ ਕੇ) ਉਸ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਏ ਹਨ, ਉਸ ਦਾ ਸਾਰਾ ਭਰਮ-ਭੁਲੇਖਾ ਦੂਰ ਹੋ ਗਿਆ।੧।

ਹੇ ਦਾਸ ਨਾਨਕ! ਜਿਸ ਮਨੁੱਖ ਦੇ ਚਿੱਤ ਦੀ ਡੋਰ ਪ੍ਰਭੂ ਦੇ ਚਰਨਾਂ ਨਾਲ ਜੁੜੀ ਰਹਿੰਦੀ ਹੈ, ਉਸ ਦੇ ਸਾਰੇ ਭਰਮ ਸਾਰੇ ਡਰ ਮੁੱਕ ਜਾਂਦੇ ਹਨ। ਜਿਸ ਨੇ ਸਿਰਫ਼ ਹਰਿ-ਨਾਮ ਨੂੰ ਆਪਣੀ ਜ਼ਿੰਦਗੀ ਦਾ ਆਸਰਾ ਬਣਾ ਲਿਆ, ਉਹ ਮੁੜ ਮੁੜ ਜੂਨਾਂ ਵਿਚ ਨਹੀਂ ਭਟਕਦਾ।੨।੯੪।੧੧੭।

ਸਾਰਗ ਮਹਲਾ ੫ ॥ ਮਾਈ ਰੀ ਮਾਤੀ ਚਰਣ ਸਮੂਹ॥ ਏਕਸੁ ਬਿਨੁ ਹਉ ਆਨ ਨ ਜਾਨਉ ਦੁਤੀਆ ਭਾਉ ਸਭ ਲੂਹ ॥ ੧ ॥ ਰਹਾਉ ॥ ਤਿਆਗਿ ਗੋੁਪਾਲ ਅਵਰ ਜੋ ਕਰਣਾ ਤੇ ਬਿਖਿਆ ਕੇ ਖੂਹ ॥ ਦਰਸ ਪਿਆਸ ਮੇਰਾ ਮਨੁ ਮੋਹਿਓ ਕਾਢੀ ਨਰਕ ਤੇ ਧੂਹ ॥੧॥ ਸੰਤ ਪ੍ਰਸਾਦਿ ਮਿਲਿਓ ਸੁਖਦਾਤਾ ਬਿਨਸੀ ਹਉਮੈ ਹੂਹ ॥ ਰਾਮ ਰੰਗਿ ਰਾਤੇ ਦਾਸ ਨਾਨਕ ਮਉਲਿਓ ਮਨੁ ਤਨੁ ਜੂਹ ॥ ੨ ॥ ੯੫ ॥ ੧੧੮ ॥

ਪਦ ਅਰਥ :—ਮਾਤੀ—ਮਸਤ ਰਹਿੰਦੀ ਹਾਂ। ਸਮੂਹ—ਪੂਰਨ ਤੌਰ ਤੇ, ਸਾਰੀ ਦੀ ਸਾਰੀ। ਆਨ—[अन्य] ਹੋਰ। ਜਾਨਉ—ਜਾਨਉਂ, ਮੈਂ ਜਾਣਦੀ। ਭਾਉ—ਪਿਆਰ। ਦੁਤੀਆ—ਦੂਜਾ, ਕਿਸੇ ਹੋਰ ਦਾ। ਲੂਹ—ਸਾੜ ਦਿੱਤਾ ਹੈ।੧। ਰਹਾਉ।

ਤਿਆਗਿ—ਤਿਆਗ ਕੇ। ਗੋੁਪਾਲ—[ਅੱਖਰ 'ਗ' ਦੇ ਨਾਲ ਦੋ ਲਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਗੋਪਾਲ' ਇਥੇ 'ਗੁਪਾਲ' ਪੜ੍ਹਨਾ ਹੈ]। ਤੇ—ਉਹ [ਬਹੁ ਵਚਨ]। ਬਿਖਿਆ—ਮਾਇਆ। ਪਿਆਸ—ਤਾਂਘ। ਤੇ—ਤੋਂ। ਧੂਹ—ਖਿੱਚ ਕੇ।੧।

ਸੰਤ ਪ੍ਰਸਾਦਿ—ਗੁਰੂ ਦੀ ਕਿਰਪਾ ਨਾਲ। ਹੂਹ—ਰੌਲਾ, ਸ਼ੋਰ। ਰੰਗਿ—ਪ੍ਰੇਮ ਵਿਚ। ਰਾਤੇ—ਰੰਗੇ ਗਏ। ਮਉਲਿਓ—ਹਰਾ-ਭਰਾ ਹੋ ਜਾਂਦਾ ਹੈ, ਖਿੜ ਪੈਂਦਾ ਹੈ। ਜੂਹ—ਖੁਲ੍ਹੀ ਧਰਤੀ ਜਿਸ ਵਿਚ ਪਸ਼ੂ ਆਦਿਕ ਚਰਦੇ ਹਨ।੨।

ਅਰਥ :-ਹੇ (ਮੇਰੀ) ਮਾਂ! ਮੈਂ ਤਾਂ ਪ੍ਰਭੂ ਦੇ ਚਰਨਾਂ ਵਿਚ ਪੂਰਨ ਤੌਰ ਤੇ ਮਸਤ ਰਹਿੰਦੀ ਹਾਂ। ਉਸ ਇੱਕ ਤੋਂ ਬਿਨਾ ਮੈਂ ਕਿਸੇ ਹੋਰ ਨੂੰ ਜਾਣਦੀ-ਪਛਾਣਦੀ ਹੀ ਨਹੀਂ, (ਆਪਣੇ ਅੰਦਰੋਂ) ਹੋਰ ਦਾ ਪਿਆਰ ਮੈਂ ਸਾਰਾ ਸਾੜ ਚੁਕੀ ਹਾਂ।੧। ਰਹਾਉ।

ਹੇ ਮਾਂ! ਪ੍ਰਭੂ ਨੂੰ ਭੁਲਾ ਕੇ ਹੋਰ ਜਿਹੜੇ ਜਿਹੜੇ ਕੰਮ ਕਰੀਦੇ ਹਨ, ਉਹ ਸਾਰੇ ਮਾਇਆ (ਦੇ ਮੋਹ) ਦੇ ਖੂਹ ਵਿਚ ਸੁੱਟਦੇ ਹਨ। ਹੇ ਮਾਂ! ਮੇਰਾ ਮਨ ਤਾਂ ਗੋਪਾਲ ਦੇ ਦਰਸਨ ਦੀ ਤਾਂਘ ਵਿਚ ਮਗਨ ਰਹਿੰਦਾ ਹੈ। ਮੈਨੂੰ ਉਸ ਨੇ ਨਰਕਾਂ ਤੋਂ ਖਿੱਚ ਕੇ ਕੱਢ ਲਿਆ ਹੈ।੧।

ਹੇ ਦਾਸ ਨਾਨਕ! ਜਿਸ ਮਨੁੱਖ ਨੂੰ ਗੁਰੂ ਦੀ ਕਿਰਪਾ ਨਾਲ ਸਾਰੇ ਸੁਖਾਂ ਦਾ ਦੇਣ ਵਾਲਾ ਪ੍ਰਭੂ ਮਿਲ ਪੈਂਦਾ ਹੈ, (ਉਸ ਦੇ ਅੰਦਰੋਂ) ਹਉਮੈ ਦਾ ਰੌਲਾ ਮੁੱਕ ਜਾਂਦਾ ਹੈ। ਜਿਹੜੇ ਮਨੁੱਖ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਰੰਗੇ ਰਹਿੰਦੇ ਹਨ, ਉਹਨਾਂ ਦਾ ਮਨ ਉਹਨਾਂ ਦਾ ਤਨ (ਇਉਂ) ਹਰਾ-ਭਰਾ ਹੋ ਜਾਂਦਾ ਹੈ (ਜਿਵੇਂ ਮੀਂਹ ਪੈਣ ਨਾਲ) ਜੂਹ (ਘਾਹ ਨਾਲ ਹਰੀ ਹੋ ਜਾਂਦੀ ਹੈ)।੨।੯੫।੧੧੮।

ਸਾਰਗ ਮਹਲਾ ੫ ॥ ਬਿਨਸੇ ਕਾਚ ਕੇ ਬਿਉਹਾਰ ॥ ਰਾਮ ਭਜੁ ਮਿਲਿ ਸਾਧ ਸੰਗਤਿ ਇਹੈ ਜਗ ਮਹਿ ਸਾਰ ॥ ੧ ॥ ਰਹਾਉ ॥ ਈਤ ਊਤ ਨ ਡੋਲਿ ਕਤ ਹੂ ਨਾਮੁ ਹਿਰਦੈ ਧਾਰਿ ॥ ਗੁਰ ਚਰਨ ਬੋਹਿਥ ਮਿਲਿਓ ਭਾਗੀ ਉਤਰਿਓ ਸੰਸਾਰ ॥ ੧ ॥ ਜਲਿ ਥਲਿ ਮਹੀਅਲਿ ਪੂਰਿ ਰਹਿਓ ਸਰਬ ਨਾਥ ਅਪਾਰ ॥ ਹਰਿਨਾਮੁ ਅੰਮ੍ਰਿਤੁ ਪੀਉ ਨਾਨਕ ਆਨ ਰਸ ਸਭਿ ਖਾਰ ॥ ੨ ॥ ੯੬ ॥ ੧੧੯ ॥

ਪਦ ਅਰਥ :-ਕਾਚ ਕੇ-ਕੱਚ ਦੇ, ਤੁੱਛ ਮਾਇਆ ਦੇ (ਜਿਸ ਨੇ ਸਾਥ ਜ਼ਰੂਰ ਛੱਡਣਾ ਹੁੰਦਾ ਹੈ)। ਮਿਲਿ-ਮਿਲ ਕੇ। ਸਾਰ-ਸ੍ਰੇਸ਼ਟ।੧। ਰਹਾਉ।

ਈਤ-ਇਸ ਲੋਕ ਵਿਚ। ਊਤ-ਉਸ ਲੋਕ ਵਿਚ। ਕਤ ਹੂ-ਕਿਤੇ ਭੀ। ਹਿਰਦੈ-ਹਿਰਦੇ ਵਿਚ। ਬੋਹਿਥ-ਜਹਾਜ਼। ਭਾਗੀ-ਕਿਸਮਤ ਨਾਲ।੧।

ਜਲਿ-ਜਲ ਵਿਚ। ਥਲਿ-ਧਰਤੀ ਵਿਚ। ਮਹੀਅਲਿ-ਮਹੀ ਤਲਿ, ਧਰਤੀ ਦੇ ਤਲ ਉੱਤੇ, ਪੁਲਾੜ ਵਿਚ, ਆਕਾਸ਼ ਵਿਚ। ਪੂਰਿ ਰਹਿਓ-ਵਿਆਪਕ ਹੈ। ਅੰਮ੍ਰਿਤ-ਆਤਮਕ ਜੀਵਨ ਦੇਣ ਵਾਲਾ ਨਾਮ-ਜਲ। ਆਨ ਰਸ-ਹੋਰ (ਸਾਰੇ) ਰਸ। ਸਭਿ-ਸਾਰੇ। ਖਾਰ-ਖਾਰੇ, ਕੌੜੇ।੨।

ਅਰਥ :-ਹੇ ਭਾਈ! ਕੱਚ (-ਸਮਾਨ ਮਾਇਆ ਦੀ ਖ਼ਾਤਰ) ਸਾਰੀਆਂ ਦੌੜਾਂ-ਭੱਜਾਂ ਵਿਅਰਥ ਜਾਂਦੀਆਂ ਹਨ। ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ ਦਾ ਭਜਨ ਕਰਿਆ ਕਰ। ਜਗਤ ਵਿਚ ਇਹੀ ਕੰਮ ਸ੍ਰੇਸ਼ਟ ਹੈ।੧। ਰਹਾਉ।

ਹੇ ਭਾਈ! ਪਰਮਾਤਮਾ ਦਾ ਨਾਮ (ਆਪਣੇ) ਹਿਰਦੇ ਵਿਚ ਵਸਾਈ ਰੱਖ (ਇਸ ਦੀ ਬਰਕਤਿ ਨਾਲ) ਨਾਹ ਇਸ ਲੋਕ ਵਿਚ ਨਾਹ ਪਰਲੋਕ ਵਿਚ ਕਿਤੇ ਭੀ ਨਹੀਂ

ਡੋਲੇਂਗਾ। ਜਿਸ ਮਨੁੱਖ ਨੂੰ ਕਿਸਮਤ ਨਾਲ ਗੁਰੂ ਦੇ ਚਰਨਾਂ ਦਾ ਜਹਾਜ਼ ਮਿਲ ਜਾਂਦਾ ਹੈ, ਉਹ ਸੰਸਾਰ(-ਸਮੁੰਦਰ) ਤੋਂ ਪਾਰ ਲੰਘ ਜਾਂਦਾ ਹੈ। ੧।

ਹੇ ਨਾਨਕ! ਜਿਹੜਾ ਪ੍ਰਭੂ ਜਲ ਵਿਚ ਥਲ ਵਿਚ ਆਕਾਸ਼ ਵਿਚ ਭਰਪੂਰ ਹੈ, ਜੋ ਸਭ ਜੀਵਾਂ ਦਾ ਖਸਮ ਹੈ, ਜੋ, ਬੇਅੰਤ ਹੈ, ਉਸ ਦਾ ਆਤਮਕ ਜੀਵਨ ਦੇਣ ਵਾਲਾ ਨਾਮ-ਜਲ ਪੀਂਦਾ ਰਿਹਾ ਕਰ, (ਹਰਿ-ਨਾਮ-ਜਲ ਦੇ ਟਾਕਰੇ ਤੇ) ਹੋਰ ਸਾਰੇ ਰਸ ਕੌੜੇ ਹਨ। ੨। ੯੬। ੧੧੯।

ਸਾਰਗ ਮਹਲਾ ੫ ॥ ਤਾ ਤੇ ਕਰਣ ਪਲਾਹ ਕਰੇ ॥ ਮਹਾ ਬਿਕਾਰ ਮੋਹ ਮਦ ਮਾਤੌ ਸਿਮਰਤ ਨਾਹਿ ਹਰੇ ॥ ੧ ॥ ਰਹਾਉ ॥ ਸਾਧ ਸੰਗਿ ਜਪਤੇ ਨਾਰਾਇਣ ਤਿਨ੍ ਕੇ ਦੋਖ ਜਰੇ ॥ ਸਫਲ ਦੇਹ ਧੰਨਿ ਓਇ ਜਨਮੇ ਪ੍ਰਭ ਕੈ ਸੰਗਿ ਰਲੇ ॥ ੧ ॥ ਚਾਰਿ ਪਦਾਰਥ ਅਸਟ ਦਸਾ ਸਿਧਿ ਸਭ ਊਪਰਿ ਸਾਧ ਭਲੇ ॥ ਨਾਨਕ ਦਾਸ ਧੂਰਿ ਜਨ ਬਾਂਛੈ ਉਧਰਹਿ ਲਾਗਿ ਪਲੇ ॥ ੨ ॥ ੯੭ ॥ ੧੨੦ ॥

ਪਦ ਅਰਥ :-ਤਾ ਤੇ-ਤਾਂ ਤੇ, ਇਸ ਵਾਸਤੇ। ਕਰਣ ਪਲਾਹ-[ਕਰੁਣਾ ਪ੍ਰਲਾਪ] ਤਰਸ-ਭਰੇ ਕੀਰਨੇ, ਤਰਲੇ। ਕਰੇ-ਕਰਦਾ ਹੈ। ਮਦ-ਹਉਮੈ। ਮਾਤੌ-ਮਸਤ। ੧। ਰਹਾਉ।

ਸਾਧ ਸੰਗਿ-ਸਾਧ ਸੰਗਤਿ ਵਿਚ। ਦੋਖ-ਪਾਪ। ਜਰੇ-ਸੜ ਜਾਂਦੇ ਹਨ। ਦੇਹ-ਸਰੀਰ। ਓਇ-[ਲਫ਼ਜ਼ 'ਓਹ' ਤੋਂ ਬਹੁ ਵਚਨ] ਧੰਨਿ-ਭਾਗਾਂ ਵਾਲੇ। ਕੈ ਸੰਗਿ-ਦੇ ਨਾਲ। ੧।

ਚਾਰਿ ਪਦਾਰਥ-ਧਰਮ ਅਰਥ ਕਾਮ ਮੋਖ। ਅਸਟ ਦਸਾ-ਅਠਾਰਾਂ। ਸਿਧਿ-ਸਿੱਧੀਆਂ। ਭਲੇ-ਗੁਰਮੁਖ। ਧੂਰਿ-ਚਰਨਾਂ ਦੀ ਧੂੜ। ਬਾਂਛੈ-ਮੰਗਦਾ ਹੈ। ਉਧਰਹਿ-ਪਾਰ ਲੰਘ ਜਾਂਦੇ ਹਨ। ਲਾਗਿ-ਲੱਗ ਕੇ। ਪਲੇ-ਪੱਲੇ। ੨।

ਅਰਥ :-ਹੇ ਭਾਈ! ਮਨੁੱਖ ਮੋਹ ਹਉਮੈ (ਆਦਿਕ) ਵੱਡੇ ਵੱਡੇ ਵਿਕਾਰਾਂ ਵਿਚ ਮਗਨ ਰਹਿੰਦਾ ਹੈ, ਪਰਮਾਤਮਾ ਦਾ ਨਾਮ ਨਹੀਂ ਸਿਮਰਦਾ, ਇਸ ਵਾਸਤੇ (ਸਦਾ) ਤਰਸ-ਭਰੇ ਕੀਰਨੇ ਕਰਦਾ ਰਹਿੰਦਾ ਹੈ। ੧। ਰਹਾਉ।

ਹੇ ਭਾਈ! ਜਿਹੜੇ ਮਨੁੱਖ ਸਾਧ ਸੰਗਤਿ ਵਿਚ (ਟਿਕ ਕੇ) ਪਰਮਾਤਮਾ ਦਾ ਨਾਮ ਜਪਦੇ ਰਹਿੰਦੇ ਹਨ, ਉਹਨਾਂ ਦੇ (ਅੰਦਰੋਂ ਸਾਰੇ) ਪਾਪ ਸੜ ਜਾਂਦੇ ਹਨ। ਜਿਹੜੇ ਮਨੁੱਖ ਪ੍ਰਭੂ ਦੇ ਨਾਲ (ਦੇ ਚਰਨਾਂ ਵਿਚ) ਜੁੜੇ ਰਹਿੰਦੇ ਹਨ, ਉਹ ਭਾਗਾਂ ਵਾਲੇ ਹਨ, ਉਹਨਾਂ ਦਾ ਜਨਮ ਉਹਨਾਂ ਦਾ ਸਰੀਰ ਸਫਲ ਹੋ ਜਾਂਦਾ ਹੈ। ੧।

ਹੇ ਭਾਈ ! (ਧਰਮ, ਅਰਥ, ਕਾਮ, ਮੋਖ–ਇਹ) ਚਾਰ ਪਦਾਰਥ ਅਤੇ ਅਠਾਰਾਂ ਸਿੱਧੀਆਂ (ਲੋਕ ਇਹਨਾਂ ਦੀ ਖ਼ਾਤਰ ਤਰਲੋ ਲੈਂਦੇ ਹਨ, ਪਰ ਇਹਨਾਂ) ਸਭਨਾਂ ਤੋਂ ਸੰਤ ਜਨ ਸ੍ਰੇਸ਼ਟ ਹਨ। ਦਾਸ ਨਾਨਕ ਤਾਂ ਸੰਤ ਜਨਾਂ ਦੇ ਚਰਨਾਂ ਦੀ ਧੂੜ (ਨਿੱਤ) ਮੰਗਦਾ ਹੈ। (ਸੰਤ ਜਨਾਂ ਦੇ) ਲੜ ਲੱਗ ਕੇ (ਅਨੇਕਾਂ ਜੀਵ ਸੰਸਾਰ-ਸਮੁੰਦਰ ਤੋਂ) ਪਾਰ ਲੰਘ ਜਾਂਦੇ ਹਨ। ੨। ੬੭। ੧੨੦।

ਸਾਰਗ ਮਹਲਾ ੫ ॥ ਹਰਿ ਕੇ ਨਾਮ ਕੇ ਜਨ ਕਾਂਖੀ ॥ ਮਨਿ ਤਨਿ ਬਚਨਿ ਏਹੀ ਸੁਖੁ ਚਾਹਤ ਪ੍ਰਭ ਦਰਸੁ ਦੇਖਹਿ ਕਬ ਆਖੀ ॥ ੧ ॥ਰਹਾਉ॥ ਤੂ ਬੇਅੰਤੁ ਪਾਰਬ੍ਰਹਮ ਸੁਆਮੀ ਗਤਿ ਤੇਰੀ ਜਾਇ ਨ ਲਾਖੀ ॥ ਚਰਨ ਕਮਲ ਪ੍ਰੀਤਿ ਮਨੁ ਬੇਧਿਆ ਕਰਿ ਸਰਬਸੁ ਅੰਤਰਿ ਰਾਖੀ ॥੧॥ ਬੇਦ ਪੁਰਾਨ ਸਿਮ੍ਰਿਤਿ ਸਾਧੂ ਜਨ ਇਹ ਬਾਣੀ ਰਸਨਾ ਭਾਖੀ ॥ ਜਪਿ ਰਾਮ ਨਾਮੁ ਨਾਨਕ ਨਿਸਤਰੀਐ ਹੋਰ ਦੁਤੀਆ ਬਿਰਥੀ ਸਾਖੀ ॥ ੨ ॥ ੬੮ ॥ ੧੨੧ ॥

ਪਦ ਅਰਥ :–ਜਨ–ਸੰਤ ਜਨ। ਕਾਂਖੀ–ਚਾਹਵਾਨ। ਮਨਿ–ਮਨ ਦੀ ਰਾਹੀਂ। ਤਨਿ–ਤਨ ਦੀ ਰਾਹੀਂ। ਬਚਨਿ–ਬਚਨ ਦੀ ਰਾਹੀਂ। ਦੇਖਹਿ–ਵੇਖ ਸਕੀਏ। ਆਖੀ–ਅੱਖੀਂ, ਅੱਖਾਂ ਨਾਲ। ੧। ਰਹਾਉ।

ਗਤਿ–ਉੱਚੀ ਆਤਮਕ ਅਵਸਥਾ ! ਜਾਇ ਨ ਲਾਖੀ–ਲਖੀ ਨਹੀਂ ਜਾ ਸਕਦੀ। ਬੇਧਿਆ–ਵਿੱਝ ਗਿਆ। ਸਰਬਸੁ–[ਸਰ੍ਵਸ੍ਵ] [ਸ੍ਵ-ਧਨ] ਸਾਰਾ ਧਨ,ਸਭ ਕੁਝ। ਕਰਿ–ਸਮਝ ਕੇ, ਮੰਨ ਕੇ। ਰਾਖੀ–ਰੱਖੀ। ੧।

ਰਸਨਾ–ਜੀਭ ਨਾਲ। ਭਾਖੀ–ਉਚਾਰੀ। ਜਪਿ–ਜਪ ਕੇ। ਨਿਸਤਰੀਐ–ਪਾਰ ਲੰਘ ਜਾਈਦਾ ਹੈ। ਹੋਰ ਸਾਖੀ–ਹੋਰ ਗੱਲ, ਹੋਰ ਸਿੱਖਿਆ। ਦੁਤੀਆ–ਦੂਜੀ। ੨।

ਅਰਥ :–ਹੇ ਭਾਈ ! ਪਰਮਾਤਮਾ ਦੇ ਸੇਵਕ ਪਰਮਾਤਮਾ ਦੇ ਨਾਮ ਦੇ ਚਾਹਵਾਨ ਰਹਿੰਦੇ ਹਨ। ਆਪਣੇ ਮਨ ਦੀ ਰਾਹੀਂ, ਤਨ ਦੀ ਰਾਹੀਂ ਬਚਨ ਦੀ ਰਾਹੀਂ ਉਹ ਸਦਾ ਇਹੀ ਸੁਖ ਲੋੜਦੇ ਹਨ ਕਿ ਕਦੋਂ ਆਪਣੀਆਂ ਅੱਖਾਂ ਨਾਲ ਪਰਮਾਤਮਾ ਦਾ ਦਰਸਨ ਕਰਾਂਗੇ। ੧। ਰਹਾਉ।

ਹੇ ਪਾਰਬ੍ਰਹਮ ! ਹੇ ਮਾਲਕ-ਪ੍ਰਭੂ ! ਤੇਰਾ ਅੰਤ ਨਹੀਂ ਪਾਇਆ ਜਾ ਸਕਦਾ, ਤੂੰ ਕਿਹੋ ਜਿਹਾ ਹੈਂ–ਇਹ ਗੱਲ ਬਿਆਨ ਨਹੀਂ ਕੀਤੀ ਜਾ ਸਕਦੀ। (ਪਰ ਤੇਰੇ ਸੰਤ ਜਨਾਂ ਦਾ) ਮਨ ਤੇਰੇ ਸੋਹਣੇ ਚਰਨਾਂ ਦੀ ਪ੍ਰੀਤਿ ਵਿਚ ਪ੍ਰੋਇਆ ਰਹਿੰਦਾ ਹੈ। ਇਸ ਪ੍ਰੀਤ ਨੂੰ ਹੀ ਉਹ (ਜਗਤ ਦਾ) ਸਾਰਾ ਧਨ-ਪਦਾਰਥ ਸਮਝ ਕੇ ਆਪਣੇ ਅੰਦਰ ਟਿਕਾਈ ਰੱਖਦੇ ਹਨ। ੧।

ਹੇ ਨਾਨਕ ! ਵੇਦ ਪੁਰਾਣ ਸਿੰਮ੍ਰਿਤੀਆਂ (ਆਦਿਕ ਧਰਮ-ਪੁਸਤਕਾਂ ਦਾ ਪਾਠ) ਸੰਤ ਜਨ, ਆਪਣੀ ਜੀਭ ਨਾਲ ਇਹੀ ਸਿਫ਼ਤਿ ਸਾਲਾਹ ਦੀ ਬਾਣੀ ਹੀ ਉਚਾਰਦੇ ਹਨ, ਇਹੀ ਉਹਨਾਂ ਵਾਸਤੇ ਪਰਮਾਤਮਾ ਦਾ ਨਾਮ ਸਿਮਰ ਕੇ (ਹੀ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ। ਇਸ ਤੋਂ ਬਿਨਾ ਕੋਈ ਹੋਰ ਦੂਜੀ ਗੱਲ ਵਿਅਰਥ ਹੈ। ੨। ੯੮। ੧੨੧।

ਸਾਰਗ ਮਹਲਾ ੫ ॥ ਮਾਖੀ ਰਾਮ ਕੀ ਤੂ ਮਾਖੀ ॥ ਜਹ ਦੁਰਗੰਧ ਤਹਾ ਤੂ ਬੈਸਹਿ ਮਹਾ ਬਿਖਿਆ ਮਦ ਚਾਖੀ ॥ ੧ ॥ ਰਹਾਉ ॥ ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ ਇਹ ਬਿਧਿ ਦੇਖੀ ਆਖੀ ॥ ਸੰਤਾ ਬਿਨੁ ਤੈ ਕੋਇ ਨ ਛਾਡਿਆ ਸੰਤ ਪਰੇ ਗੋਬਿਦ ਕੀ ਪਾਖੀ ॥ ੧ ॥ ਜੀਅ ਜੰਤ ਸਗਰੇ ਤੈ ਮੋਹੇ ਬਿਨੁ ਸੰਤਾ ਕਿਨੈ ਨ ਲਾਖੀ ॥ ਨਾਨਕ ਦਾਸੁ ਹਰਿ ਕੀਰ-ਤਨਿ ਰਾਤਾ ਸਬਦੁ ਸੁਰਤਿ ਸਚੁ ਸਾਖੀ ॥ ੨ ॥ ੯੯ ॥ ੧੨੨ ॥

ਪਦ ਅਰਥ :-ਮਾਖੀ—ਮੱਖੀ। ਰਾਮ ਕੀ—ਪਰਮਾਤਮਾ ਦੀ (ਪੈਦਾ ਕੀਤੀ ਹੋਈ)। ਜਹ—ਜਿੱਥੇ। ਦੁਰਗੰਧ—ਬੋ, (ਗੰਦ ਦੀ ਬੋ), (ਵਿਕਾਰਾਂ ਦੀ ਬੋ)। ਬੈਸਹਿ—ਬੈਠਦੀ ਹੈ। ਬਿਖਿਆ—ਹੇ ਮਾਇਆ ! ਮਹਾ ਮਦ ਚਾਖੀ—ਤੂ ਵੱਡਾ ਨਸ਼ਾ ਚੱਖਦੀ ਹੈਂ। ੧। ਰਹਾਉ।

ਤੈ—ਤੂੰ। ਪਾਖੀ—ਪੱਖ ਵਾਲ, ਪਾਸੇ, ਸਰਨ। ਅਸਥਾਨਿ—ਥਾਂ ਵਿਚ। ਇਹ ਬਿਧਿ—ਇਹ ਹਾਲਤ। ਆਖੀ—ਅੱਖੀਂ, ਅੱਖਾਂ ਨਾਲ। ੧।

ਤੈ ਮੋਹੇ—ਤੂੰ ਆਪਣੇ ਵੱਸ ਵਿਚ ਕੀਤੇ ਹੋਏ ਹਨ। ਕਿਨੈ—ਕਿਸੇ ਨੇ ਭੀ। ਨ ਲਾਖੀ—ਨ ਲਖੀ, ਨਹੀਂ ਸਮਝੀ। ਕੀਰਤਨਿ—ਕੀਰਤਨ ਵਿਚ। ਰਾਤਾ—ਰੰਗਿਆ ਹੋਇਆ। ਸਚੁ—ਸਦਾ-ਥਿਰ ਪ੍ਰਭੂ ਨੂੰ। ਸਾਖੀ—ਸਾਖਿਆਤ ਕਰਦਾ ਹੈ, ਵੇਖਦਾ ਹੈ। ੨।

ਅਰਥ :—ਹੇ ਮਾਇਆ ! ਤੂੰ ਮੱਖੀ ਹੈਂ, ਪਰਮਾਤਮਾ ਦੀ ਪੈਦਾ ਕੀਤੀ ਹੋਈ ਮੱਖੀ (ਦੇ ਸੁਭਾਵ ਵਾਲੀ)। (ਜਿਵੇਂ ਮੱਖੀ ਸਦਾ ਗੰਦ ਉਤੇ ਬੈਠਦੀ ਹੈ, ਤਿਵੇਂ) ਜਿੱਥੇ ਵਿਕਾਰਾਂ ਦੀ ਬੋ ਹੁੰਦੀ ਹੈ ਤੂੰ ਉਥੇ ਬੈਠਦੀ ਹੈਂ, ਤੂੰ ਸਦਾ ਵਿਕਾਰਾਂ ਦਾ ਨਸ਼ਾ ਹੀ ਚੱਖਦੀ ਰਹਿੰਦੀ ਹੈਂ। ੧। ਰਹਾਉ।

ਹੇ ਮਾਇਆ ! ਅਸਾਂ ਆਪਣੀ ਅੱਖੀਂ ਤੇਰਾ ਇਹ ਹਾਲ ਵੇਖਿਆ ਹੈ ਕਿ ਤੂੰ ਕਿਸੇ ਭੀ ਇੱਕ ਥਾਂ ਤੇ ਟਿਕਦੀ ਨਹੀਂ ਹੈਂ। ਸੰਤਾਂ ਤੋਂ ਬਿਨਾ ਤੂੰ ਕਿਸੇ ਨੂੰ (ਖ਼ੁਆਰ ਕਰਨੋਂ) ਛੱਡਿਆ ਨਹੀਂ (ਉਹ ਭੀ ਇਸ ਵਾਸਤੇ ਬਚਦੇ ਹਨ ਕਿ) ਸੰਤ ਪਰਮਾਤਮਾ ਦੀ ਸਰਨ ਪਏ ਰਹਿੰਦੇ ਹਨ। ੧।

ਹੇ ਮਾਇਆ ! (ਜਗਤ ਦੇ ਸਾਰੇ ਹੀ) ਜੀਵ ਤੂੰ ਆਪਣੇ ਵੱਸ ਵਿਚ ਕੀਤੇ ਹੋਏ

ਹਨ, ਸੰਤਾਂ ਤੋਂ ਬਿਨਾ ਕਿਸੇ ਭੀ ਹੋਰ ਨੇ ਇਹ ਗੱਲ ਨਹੀਂ ਸਮਝੀ। ਹੇ ਨਾਨਕ! ਪਰਮਾਤਮਾ ਦਾ ਸੰਤ ਪਰਮਾਤਮਾ ਦੀ ਸਿਫ਼ਤਿ ਸਾਲਾਹ (ਦੇ ਰੰਗ) ਵਿਚ ਰੰਗਿਆ ਰਹਿੰਦਾ ਹੈ, ਸੰਤ (ਗੁਰੂ ਦੇ) ਸ਼ਬਦ ਨੂੰ ਆਪਣੀ ਸੁਰਤਿ ਵਿਚ ਟਿਕਾ ਕੇ ਸਦਾ-ਥਿਰ ਪ੍ਰਭੂ ਦਾ ਦਰਸ਼ਨ ਕਰਦਾ ਰਹਿੰਦਾ ਹੈ। ੨। ੯੯। ੧੨੨।

ਸਾਰਗ ਮਹਲਾ ੫ ॥ ਮਾਈ ਰੀ ਕਾਟੀ ਜਮ ਕੀ ਫਾਸ ॥ ਹਰਿ ਹਰਿ ਜਪਤ ਸਰਬ ਸੁਖ ਪਾਏ ਬੀਚੇ ਗ੍ਰਸਤ ਉਦਾਸ ॥ ੧ ॥ ਰਹਾਉ ॥ ਕਰਿ ਕਿਰਪਾ ਲੀਨੇ ਕਰਿ ਅਪੁਨੇ ਉਪਜੀ ਦਰਸ ਪਿਆਸ ॥ ਸੰਤ ਸੰਗਿ ਮਿਲਿ ਹਰਿ ਗੁਣ ਗਾਏ ਬਿਨਸੀ ਦੁਤੀਆ ਆਸ ॥ ੧ ॥ ਮਹਾ ਉਦਿਆਨ ਅਟਵੀ ਤੇ ਕਾਢੇ ਮਾਰਗੁ ਸੰਤ ਕਹਿਓ ॥ ਦੇਖਤ ਦਰਸੁ ਪਾਪ ਸਭਿ ਨਾਸੇ ਹਰਿ ਨਾਨਕ ਰਤਨੁ ਲਹਿਓ ॥ ੨ ॥ ੧੦੦ ॥ ੧੨੩ ॥

ਪਦ ਅਰਥ :-ਮਾਈ ਰੀ-ਹੇ ਮਾਂ! ਕਾਟੀ-ਕੱਟੀ ਗਈ। ਫਾਸ-ਫਾਹੀ। ਜਮ ਕੀ ਫਾਸੀ-ਜਮਾਂ ਦੀ ਫਾਹੀ, ਆਤਮਕ ਮੌਤ ਲਿਆਉਣ ਵਾਲੀ ਮਾਇਆ ਦੇ ਮੋਹ ਦੀ ਫਾਹੀ। ਜਪਤ-ਜਪਦਿਆਂ। ਸਰਬ-ਸਾਰੇ। ਬੀਚੇ ਗ੍ਰਸਤ-ਗ੍ਰਿਹਸਤ ਦੇ ਵਿਚ ਹੀ (ਰਹਿੰਦਿਆਂ)। ੧। ਰਹਾਉ।

ਕਰਿ-ਕਰ ਕੇ। ਲੀਨੇ ਕਰਿ-ਬਣਾ ਲਏ। ਪਿਆਸ-ਤਾਂਘ। ਸੰਗਿ-ਨਾਲ। ਦੁਤੀਆ-ਦੂਜੀ। ੧।

ਉਦਿਆਨ-ਜੰਗਲ। ਅਟਵੀ-ਜੰਗਲ। ਤੇ-ਤੋਂ। ਮਾਰਗੁ-ਰਸਤਾ। ਸੰਤ-ਸੰਤਾਂ ਨੇ। ਸਭਿ-ਸਾਰੇ। ਲਹਿਓ-ਲੱਭ ਲਿਆ। ੨।

ਅਰਥ :-ਹੇ ਮਾਂ! ਪਰਮਾਤਮਾ ਦਾ ਨਾਮ ਜਪਦਿਆਂ (ਜਿਨ੍ਹਾਂ ਵਡ-ਭਾਗੀਆਂ ਦੀ) ਆਤਮਕ ਮੌਤ ਲਿਆਉਣ ਵਾਲੀ ਮਾਇਆ ਦੇ ਮੋਹ ਦੀ ਫਾਹੀ ਕੱਟੀ ਗਈ, ਉਹਨਾਂ ਸਾਰੇ ਸੁਖ ਮਾਣ ਲਏ, ਉਹ ਗ੍ਰਿਹਸਤ ਵਿਚ ਰਹਿੰਦਿਆਂ ਹੀ (ਮਾਇਆ ਦੇ ਮੋਹ ਤੋਂ) ਉਪਰਾਮ ਰਹਿੰਦੇ ਹਨ। ੧। ਰਹਾਉ।

ਹੇ ਮਾਂ! ਮਿਹਰ ਕਰ ਕੇ (ਜਿੰਨ੍ਹਾਂ ਨੂੰ ਪਰਮਾਤਮਾ ਨੇ) ਆਪਣੇ ਬਣਾ ਲਿਆ ਉਹਨਾਂ ਦੇ ਅੰਦਰ ਪ੍ਰਭੂ ਦੇ ਦਰਸਨ ਦੀ ਤਾਂਘ ਪੈਦਾ ਹੋ ਜਾਂਦੀ ਹੈ. ਉਹ ਮਨੁੱਖ ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ ਦੀ ਸਿਫ਼ਤਿ ਸਾਲਾਹ ਦੇ ਗੀਤ ਗਾਂਦੇ ਹਨ, (ਉਹਨਾਂ ਦੇ ਅੰਦਰੋਂ ਪਰਮਾਤਮਾ ਤੋਂ ਬਿਨਾ) ਕੋਈ ਹੋਰ ਦੂਜੀ ਟੇਕ ਮੁੱਕ ਜਾਂਦੀ ਹੈ।੧।

ਹੇ ਨਾਨਕ! ਜਿੰਨ੍ਹਾਂ ਨੂੰ ਸੰਤ ਜਨਾਂ ਨੇ (ਸਹੀ ਜੀਵਨ-)ਰਾਹ ਦੱਸ ਦਿੱਤਾ, ਉਹਨਾਂ ਨੂੰ ਉਹਨਾਂ ਨੇ ਵਡੇ ਸੰਘਣੇ ਜੰਗਲ (ਵਰਗੇ ਸੰਸਾਰ-ਬਨ) ਤੋਂ ਬਾਹਰ ਕੱਢ ਲਿਆ।

(ਪਰਮਾਤਮਾ ਦਾ) ਦਰਸਨ ਕਰ ਕੇ ਉਹਨਾਂ ਮਨੁੱਖਾਂ ਦੇ ਸਾਰੇ ਹੀ ਪਾਪ ਨਾਸ ਹੋ ਗਏ, ਉਹਨਾਂ ਨੇ ਪ੍ਰਭੂ ਦਾ ਨਾਮ-ਰਤਨ ਲੱਭ ਲਿਆ ।੨।੧੦੦।੧੨੩।

ਮਾਈ ਰੀ ਅਰਿਓ ਪ੍ਰੇਮ ਕੀ ਖੋਰਿ ॥ ਦਰਸਨ ਰੁਚਿਤ ਪਿਆਸ ਮਨਿ ਸੁੰਦਰ ਸਕਤ ਨ ਕੋਈ ਤੋਰਿ ॥ ੧ ॥ ਰਹਾਉ ॥ ਪ੍ਰਾਨ ਮਾਨ ਪਿਤ ਸੁਤ ਬੰਧਪ ਹਰਿ ਸਰਬਸੁ ਧਨ ਮੋਰ ॥ ਧ੍ਰਿਗੁ ਸਰੀਰੁ ਅਸਤ ਬਿਸਟਾ ਕ੍ਰਿਮ ਬਿਨੁ ਹਰਿ ਜਾਨਤ ਹੋਰ ॥ ੧ ॥ ਭਇਓ ਕ੍ਰਿਪਾਲ ਦੀਨ ਦੁਖਭੰਜਨੁ ਪਰਾ ਪੂਰਬਲਾ ਜੋਰ ॥ ਨਾਨਕ ਸਰਣਿ ਕ੍ਰਿਪਾਨਿਧਿ ਸਾਗਰ ਬਿਨਸਿਓ ਆਨ ਨਿਹੋਰ ॥੨॥੧੦੧॥੧੨੪॥

ਪਦ ਅਰਥ :—ਅਰਿਓ—ਅੜ ਗਿਆ ਹੈ, ਮਸਤ ਹੋ ਗਿਆ ਹੈ । ਖੋਰਿ—ਖੁਮਾਰੀ ਵਿਚ, ਮਸਤੀ ਵਿਚ । ਰੁਚਿਤ—ਲਗਨ ਲੱਗੀ ਹੋਈ ਹੈ । ਪਿਆਸ—ਤਾਂਘ । ਮਨਿ—ਮਨ ਵਿਚ । ਤੋਰਿ—ਤੋੜਿ । ਤੋਰਿ ਨ ਸਕਤ—ਤੋੜ ਨਹੀਂ ਸਕਦਾ । ੧ । ਰਹਾਉ ।

ਪ੍ਰਾਨ—ਜਿੰਦ-ਜਾਨ । ਮਾਨ—ਸਹਾਰਾ, ਮਾਣ । ਪਤਿ—ਇੱਜ਼ਤ । ਸੁਤ—ਪੁੱਤਰ । ਪਿਤ—ਪਿਤਾ । ਬੰਧਪ—ਸਨਬੰਧੀ । ਸਰਬਸੁ—[सर्वस्व । स्व-धन] ਸਾਰਾ ਧਨ, ਸਭ ਕੁਝ । ਮੋਰ—ਮੇਰਾ । ਧ੍ਰਿਗੁ—ਫਿਟਕਾਰ-ਜੋਗ । ਅਸਤ—ਹੱਡੀਆਂ [अस्थि] । ਕ੍ਰਿਮ—ਕਿਰਮ । ੧ ।

ਦੀਨ ਦੁਖ ਭੰਜਨੁ—ਗਰੀਬਾਂ ਦੇ ਦੁੱਖ ਦੂਰ ਕਰਨ ਵਾਲਾ । ਪਰਾ ਪੂਰਬਲਾ—ਮੁੱਢ-ਕਦੀਮਾਂ ਦਾ । ਜੋਰ—ਸਹਾਰਾ । ਕ੍ਰਿਪਾਨਿਧਿ—ਕਿਰਪਾ ਦਾ ਖ਼ਜ਼ਾਨਾ । ਕ੍ਰਿਪਾ ਸਾਗਰ—ਕਿਰਪਾ ਦਾ ਸਮੁੰਦਰ । ਆਨ—ਹੋਰ । ਨਿਹੋਰ—ਮੁਥਾਜੀ । ੨ ।

ਅਰਥ :—ਹੇ ਮਾਂ ! (ਮੇਰਾ ਮਨ ਪ੍ਰੀਤਮ ਪ੍ਰਭੂ ਦੇ) ਪਿਆਰ ਦੇ ਨਸ਼ੇ ਵਿਚ ਮਸਤ ਰਹਿੰਦਾ ਹੈ । ਮੇਰੇ ਮਨ ਵਿਚ ਉਸ ਦੇ ਦਰਸਨ ਦੀ ਲਗਨ ਲੱਗੀ ਰਹਿੰਦੀ ਹੈ, ਉਸ ਸੋਹਣੇ (ਦੇ ਦਰਸਨ) ਦੀ ਤਾਂਘ ਬਣੀ ਰਹਿੰਦੀ ਹੈ (ਇਹ ਲਗਨ ਇਹ ਤਾਂਘ ਐਸੀ ਹੈ ਕਿ ਇਸ ਨੂੰ) ਕੋਈ ਤੋੜ ਨਹੀਂ ਸਕਦਾ । ੧ । ਰਹਾਉ ।

ਹੇ ਮਾਂ ! ਹੁਣ ਮੇਰੇ ਵਾਸਤੇ ਪ੍ਰਭੂ ਪ੍ਰੀਤਮ ਹੀ ਜਿੰਦ ਹੈ, ਆਸਰਾ ਹੈ, ਇੱਜ਼ਤ ਹੈ, ਪਿਤਾ ਹੈ, ਪੁੱਤਰ ਹੈ, ਸੰਨਬੰਧੀ ਹੈ, ਧਨ ਹੈ, ਮੇਰਾ ਸਭ ਕੁਝ ਉਹੀ ਉਹੀ ਹੈ । ਜਿਹੜਾ ਮਨੁੱਖ ਪਰਮਾਤਮਾ ਤੋਂ ਬਿਨਾ ਹੋਰ ਹੋਰ ਨਾਲ ਸਾਂਝ ਬਣਾਈ ਰੱਖਦਾ ਹੈ, ਉਸ ਦਾ ਸਰੀਰ ਫਿਟਕਾਰ-ਜੋਗ ਹੋ ਜਾਂਦਾ ਹੈ (ਕਿਉਂਕਿ ਫਿਰ ਇਹ ਮਨੁੱਖਾ ਸਰੀਰ ਨਿਰਾ) ਹੱਡੀਆਂ ਗੰਦ ਅਤੇ ਕਿਰਮ ਹੀ ਹੈ । ੧ ।

ਹੇ ਨਾਨਕ ! (ਆਖ—ਹੇ ਮਾਂ) ਜਿਸ ਨਾਲ ਕੋਈ ਮੁੱਢ-ਕਦੀਮਾਂ ਦਾ ਜੋੜ ਹੁੰਦਾ ਹੈ,

ਗਰੀਬਾਂ ਦੇ ਦੁੱਖ ਦੂਰ ਕਰਨ ਵਾਲਾ ਪ੍ਰਭੂ ਉਸ ਉਤੇ ਦਇਆਵਾਨ ਹੁੰਦਾ ਹੈ, ਉਹ ਮਨੁੱਖ ਦਇਆ ਦੇ ਖ਼ਜ਼ਾਨੇ ਮਿਹਰ ਦੇ ਸਮੁੰਦਰ ਪ੍ਰਭੂ ਦੀ ਸਰਨ ਪੈਂਦਾ ਹੈ, ਤੇ, ਉਸ ਦੀ ਹੋਰ (ਸਾਰੀ) ਮੁਥਾਜੀ ਮੁੱਕ ਜਾਂਦੀ ਹੈ। ੨। ੧੦੧। ੧੨੪।

ਸਾਰਗ ਮਹਲਾ ੫ ॥ ਨੀਕੀ ਰਾਮ ਕੀ ਧੁਨਿ ਸੋਇ ॥ ਚਰਨ ਕਮਲ ਅਨੂਪ ਸੁਆਮੀ ਜਪਤ ਸਾਧੂ ਹੋਇ ॥ ੧ ॥ ਰਹਾਉ ॥ ਚਿਤਵਤਾ ਗੋਪਾਲ ਦਰਸਨ ਕਲਮਲਾ ਕਢੁ ਧੋਇ ॥ ਜਨਮ ਮਰਨ ਬਿਕਾਰ ਅੰਕੁਰ ਹਰਿ ਕਾਟਿ ਛਾਡੇ ਖੋਇ ॥ ੧ ॥ ਪਰਾ ਪੂਰਬਿ ਜਿਸਹਿ ਲਿਖਿਆ ਬਿਰਲਾ ਪਾਏ ਕੋਇ ॥ ਰਵਣ ਗੁਣ ਗੋਪਾਲ ਕਰਤੇ ਨਾਨਕਾ ਸਚੁ ਜੋਇ ॥ ੨ ॥ ੧੦੨ ॥ ੧੨੫ ॥

ਪਦ ਅਰਥ :—ਨੀਕੀ—ਚੰਗੀ (ਕਾਰ), ਸੋਹਣੀ (ਕਾਰ)। ਧੁਨਿ—(ਹਿਰਦੇ ਵਿਚ) ਲਗਨ। ਸੋਇ—(ਪਰਮਾਤਮਾ ਦੀ) ਸੋਭਾ, ਸਿਫ਼ਤਿ ਸਾਲਾਹ। ਅਨੂਪ—[ਅਨ-ਊਪ। ਉਪਮਾ-ਰਹਿਤ] ਬਹੁਤ ਸੋਹਣੇ। ਜਪਤ—ਜਪਦਿਆਂ। ਸਾਧੂ—ਗੁਰਮੁਖ, ਭਲਾ। ਹੋਇ—ਹੋ ਜਾਂਦਾ ਹੈ। ੧। ਰਹਾਉ।

ਚਿਤਵਤਾ—ਚਿਤਵਦਾ ਹੋਇਆ, ਚਿਤਾਰਦਾ ਹੋਇਆ, ਮਨ ਵਿਚ ਵਸਾਂਦਾ ਹੋਇਆ। ਕਲਮਲਾ—ਪਾਪ। ਧੋਇ ਧੋ ਕੇ। ਕਢੁ—(ਆਪਣੇ ਅੰਦਰੋਂ) ਦੂਰ ਕਰ ਲੈ। ਬਿਕਾਰ ਅੰਕੁਰ—ਵਿਕਾਰਾਂ ਦਾ ਅੰਗੂਰ। ਛਾਡੇ ਖੋਇ—ਨਾਸ ਕਰ ਦੇਂਦਾ ਹੈ। ੧।

ਪਰਾ ਪੂਰਬਿ—ਪੂਰਬਲੇ ਭਾਗਾਂ ਅਨੁਸਾਰ। ਪੂਰਬਿ—ਪੂਰਬਲੇ ਸਮੇ ਵਿਚ। ਜਿਸਹਿ—ਜਿਸ ਦੇ ਮੱਥੇ ਉੱਤੇ [ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਲਫ਼ਜ਼ 'ਜਿਸੁ' ਦਾ _ ਉੱਡ ਗਿਆ ਹੈ]। ਰਵਣ—ਯਾਦ ਕਰਨੇ, ਸਿਮਰਨੇ। ਕਰਤੇ—ਕਰਤਾਰ ਦੇ। ਸਚੁ—ਸਦਾ ਕਾਇਮ ਰਹਿਣ ਵਾਲਾ। ਜੋਇ—ਜਿਹੜਾ ਪ੍ਰਭੂ। ੨।

ਅਰਥ:—ਹੇ ਭਾਈ! ਪਰਮਾਤਮਾ ਦੀ ਲਗਨ (ਹਿਰਦੇ ਵਿਚ ਬਣਾ), ਪਰਮਾਤਮਾ ਦੀ ਸਿਫ਼ਤਿ ਸਾਲਾਹ ਕਰਨੀ—ਇਹ ਇਕ ਸੋਹਣੀ (ਕਾਰ) ਹੈ। ਹੇ ਭਾਈ! ਸੋਹਣੇ ਮਾਲਕ-ਪ੍ਰਭੂ ਦੇ ਸੋਹਣੇ ਚਰਨ ਜਪਦਿਆਂ ਮਨੁੱਖ ਭਲਾ ਨੇਕ ਬਣ ਜਾਂਦਾ ਹੈ। ੧। ਰਹਾਉ।

ਹੇ ਭਾਈ! ਜਗਤ ਦੇ ਪਾਲਣਹਾਰ ਪ੍ਰਭੂ ਦੇ ਦਰਸਨ ਦੀ ਤਾਂਘ ਮਨ ਵਿਚ ਵਸਾਂਦਾ ਹੋਇਆ (ਭਾਵ, ਵਸਾ ਕੇ) (ਆਪਣੇ ਅੰਦਰੋਂ ਸਾਰੇ) ਪਾਪ ਧੋ ਕੇ ਦੂਰ ਕਰ ਲੈ। (ਜੇ ਤੂੰ ਹਰਿ-ਦਰਸਨ ਦੀ ਤਾਂਘ ਆਪਣੇ ਅੰਦਰ ਪੈਦਾ ਕਰੇਂਗਾ ਤਾਂ) ਪਰਮਾਤਮਾ (ਤੇਰੇ ਅੰਦਰੋਂ) ਜਨਮ ਮਰਨ ਦੇ (ਸਾਰੀ ਉਮਰ ਦੇ) ਵਿਕਾਰਾਂ ਦੇ ਫੁੱਟ ਰਹੇ ਬੀਜ ਕੱਟ ਕੇ ਨਾਸ ਕਰ ਦੇਵੇਗਾ। ੧।

ਹੇ ਨਾਨਕ ! ਜਿਹੜਾ ਪਰਮਾਤਮਾ ਸਦਾ ਕਾਇਮ ਰਹਿਣ ਵਾਲਾ ਹੈ ਉਸ ਕਰਤਾਰ ਗੋਪਾਲ ਦੇ ਗੁਣ ਗਾਣੇ—ਇਹ ਦਾਤਿ ਕੋਈ ਉਹ ਵਿਰਲਾ ਮਨੁੱਖ ਹਾਸਲ ਕਰਦਾ ਹੈ ਜਿਸ ਦੇ ਮੱਥੇ ਉੱਤੇ ਪੂਰਬਲੇ ਸਮੇ ਤੋਂ (ਇਹ ਲੇਖ) ਲਿਖਿਆ ਹੁੰਦਾ ਹੈ। ੨। ੧੦੨। ।੧੨੫।

ਸਾਰਗ ਮਹਲਾ ੫॥ ਹਰਿ ਕੇ ਨਾਮ ਕੀ ਮਤਿ ਸਾਰ॥ ਹਰਿ ਬਿਸਾਰਿ ਜੁ ਆਨ ਰਾਚਹਿ ਮਿਥਨ ਸਭ ਬਿਸਥਾਰ ॥ ੧ ॥ ਰਹਾਉ ॥ ਸਾਧ ਸੰਗਮਿ ਭਜੁ ਸੁਆਮੀ ਪਾਪ ਹੋਵਤ ਖਾਰ ॥ ਚਰਨਾਰਬਿੰਦ ਬਸਾਇ ਹਿਰਦੈ ਬਹੁਰਿ ਜਨਮ ਨ ਮਾਰ ॥ ੧ ॥ ਕਰਿ ਅਨੁਗ੍ਰਹ ਰਾਖਿ ਲੀਨੇ ਏਕ ਨਾਮ ਅਧਾਰ॥ ਦਿਨ ਰੈਨਿ ਸਿਮਰਤ ਸਦਾ ਨਾਨਕ ਮੁਖ ਊਜਲ ਦਰਬਾਰਿ ॥ ੨ ॥ ॥ ੧੦੩ ॥ ੧੨੬ ॥

ਪਦ ਅਰਥ:—ਨਾਮ ਕੀ ਮਤਿ—ਨਾਮ ਸਿਮਰਨ ਵਾਲੀ ਅਕਲ। ਸਾਰ—ਸ੍ਰੇਸ਼ਟ। ਬਿਸਾਰਿ—ਭੁਲਾ ਕੇ। ਜੁ—ਜਿਹੜੇ ਮਨੁੱਖ। ਆਨ—ਹੋਰ ਹੋਰ (ਕੰਮਾਂ) ਵਿਚ। ਰਾਚਹਿ—ਮਸਤ ਰਹਿੰਦੇ ਹਨ। ਮਿਥਨ—ਨਾਸਵੰਤ, ਵਿਅਰਥ। ਬਿਸਥਾਰ—ਖਿਲਾਰੇ, ਖਲਜਗਨ। ।੧। ਰਹਾਉ।

ਸਾਧ ਸੰਗਮਿ—ਸਾਧ ਸੰਗਤਿ ਵਿਚ। ਭਜੁ—ਭਜਨ ਕਰਿਆ ਕਰ। ਖਾਰ—ਖ਼ੁਆਰ, ਨਾਸ। ਚਰਨਾਰਬਿੰਦ—[ਚਰਨ-ਅਰਬਿੰਦ। ਅਰਬਿੰਦ—ਕੌਲ ਫੁੱਲ] ਕੌਲ ਫੁੱਲਾਂ ਵਰਗੇ ਸੋਹਣੇ ਚਰਨ। ਬਸਾਇ—ਵਸਾਈ ਰੱਖ। ਹਿਰਦੈ—ਹਿਰਦੇ ਵਿਚ। ਬਹੁਰਿ—ਮੁੜ। ਜਨਮ ਨ ਮਾਰ—ਨਾਹ ਜਨਮ ਨਾਹ ਮਰਨ। ੧।

ਕਰਿ—ਕਰ ਕੇ। ਅਨੁਗ੍ਰਹ—ਕਿਰਪਾ। ਅਧਾਰ—ਆਸਰਾ। ਰੈਨਿ—ਰਾਤ। ਸਿਮਰਤ—ਸਿਮਰਦਿਆਂ। ਦਰਬਾਰਿ—ਪ੍ਰਭੂ ਦੀ ਹਜ਼ੂਰੀ ਵਿਚ। ੨।

ਅਰਥ:—ਹੇ ਭਾਈ ! ਪਰਮਾਤਮਾ ਦਾ ਨਾਮ ਸਿਮਰਨ (ਵਲ ਪ੍ਰੇਰਨ) ਵਾਲੀ ਅਕਲ (ਹੋਰ ਹੋਰ ਕੰਮਾਂ ਵਲ ਪ੍ਰੇਰਨ ਵਾਲੀਆਂ ਅਕਲਾਂ ਨਾਲੋਂ) ਸ੍ਰੇਸ਼ਟ ਹੈ। ਜਿਹੜੇ ਮਨੁੱਖ ਪਰਮਾਤਮਾ ਨੂੰ ਭੁਲਾ ਕੇ ਹੋਰ ਹੋਰ ਆਹਰਾਂ ਵਿਚ ਸਦਾ ਰੁੱਝੇ ਰਹਿੰਦੇ ਹਨ ਉਹਨਾਂ ਦੇ ਸਾਰੇ ਖਿਲਾਰੇ (ਆਖ਼ਿਰ) ਵਿਅਰਥ ਜਾਂਦੇ ਹਨ। ੧। ਰਹਾਉ।

ਹੇ ਭਾਈ ! ਸਾਧ ਸੰਗਤਿ ਵਿਚ (ਟਿਕ ਕੇ) ਮਾਲਕ-ਪ੍ਰਭੂ ਦਾ ਭਜਨ ਕਰਿਆ ਕਰ (ਸਿਮਰਨ ਦੀ ਬਰਕਤਿ ਨਾਲ) ਸਾਰੇ ਪਾਪ ਨਾਸ ਹੋ ਜਾਂਦੇ ਹਨ। ਹੇ ਭਾਈ ! ਪਰਮਾ-ਤਮਾ ਦੇ ਸੋਹਣੇ ਚਰਨ ਆਪਣੇ ਹਿਰਦੇ ਵਿਚ ਵਸਾਈ ਰੱਖ, ਮੁੜ ਜਨਮ ਮਰਨ ਦਾ ਗੇੜ ਨਹੀਂ ਹੋਵੇਗਾ। ੧।

ਹੇ ਨਾਨਕ ! ਮਿਹਰ ਕਰ ਕੇ ਜਿਨ੍ਹਾਂ ਮਨੁੱਖਾਂ ਦੀ ਪ੍ਰਭੂ ਰੱਖਿਆ ਕਰਦਾ ਹੈ, ਉਹਨਾਂ ਨੂੰ ਆਪਣੇ ਨਾਮ ਦਾ ਹੀ ਸਹਾਰਾ ਦੇਂਦਾ ਹੈ। ਦਿਨ ਰਾਤ ਸਦਾ ਸਿਮਰਨ ਕਰਦਿਆਂ ਉਹਨਾਂ ਦੇ ਮੂੰਹ ਪ੍ਰਭੂ ਦੇ ਦਰਬਾਰ ਵਿਚ ਉਜਲੇ ਹੋ ਜਾਂਦੇ ਹਨ। ੨। ੧੦੩। ੧੨੬।

ਸਾਰਗ ਮਹਲਾ ੫ ॥ ਮਾਨੀ ਤੂੰ ਰਾਮ ਕੈ ਦਰਿ ਮਾਨੀ ॥ ਸਾਧ ਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥ ੧ ॥ ਰਹਾਉ ॥ ਧਾਰਿ ਅਨੁਗ੍ਰਹੁ ਅਪੁਨੀ ਕਰਿ ਲੀਨੀ ਗੁਰਮੁਖਿ ਪੂਰ ਗਿਆਨੀ ॥ ਸਰਬ ਸੂਖ ਆਨੰਦ ਘਨੇਰੇ ਠਾਕੁਰ ਦਰਸ ਧਿਆਨੀ ॥ ੧ ॥ ਨਿਕਟ ਵਰਤਨਿ ਸਾ ਸਦਾ ਸੁਹਾਗਨਿ ਦਹ ਦਿਸ ਸਾਈ ਜਾਨੀ ॥ ਪ੍ਰਿਅ ਰੰਗ ਰੰਗਿ ਰਤੀ ਨਾਰਾਇਨ ਨਾਨਕ ਤਿਸੁ ਕੁਰਬਾਨੀ ॥ ੨ ॥ ੧੦੪ ॥ ੧੨੭ ॥

ਪਦ ਅਰਥ :—ਮਾਨ—ਆਦਰ, ਸਤਕਾਰ। ਮਾਨੀ—ਸਤਕਾਰ ਵਾਲੀ, ਆਦਰ ਵਾਲੀ। ਕੈ ਦਰਿ—ਦੇ ਦਰ ਤੇ। ਸਾਧ ਸੰਗਿ—ਸਾਧ ਸੰਗਤਿ ਵਿਚ। ਮਿਲਿ—ਮਿਲ ਕੇ। ਗਾਏ—(ਜਿਸ ਨੇ) ਗਾਏ। ਅਭਿਮਾਨੀ—ਹਉਮੈ ਵਾਲੀ ਮਤਿ। ੧। ਰਹਾਉ।

ਧਾਰਿ—ਧਾਰ ਕੇ; ਕਰ ਕੇ। ਅਨੁਗ੍ਰਹੁ—ਕਿਰਪਾ। ਕਰਿ ਲੀਨੀ—ਬਣਾ ਲਈ। ਗੁਰਮੁਖਿ—ਗੁਰੂ ਦੇ ਸਨਮੁਖ ਰਹਿ ਕੇ। ਗਿਆਨੀ—ਗਿਆਨ ਵਾਲੀ। ਘਨੇਰੇ—ਬਹੁਤ। ਧਿਆਨੀ—ਸੁਰਤਿ ਜੋੜਨ ਵਾਲੀ। ੧।

ਨਿਕਟਿ—ਨੇੜੇ। ਨਿਕਟਿ ਵਰਤਨਿ—ਨੇੜੇ ਟਿਕੀ ਰਹਿਣ ਵਾਲੀ। ਸਾ—ਉਹੀ ਜੀਵ-ਇਸਤ੍ਰੀ। ਸੁਹਾਗਨਿ—ਸੁਹਾਗ-ਭਾਗ ਵਾਲੀ। ਦਹ ਦਿਸ—ਦਸੀਂ ਪਾਸੀਂ। ਜਾਨੀ—ਪਰਗਟ ਹੋ ਜਾਂਦੀ ਹੈ। ਸਾਈ—ਉਹੀ। ਰੰਗ ਰੰਗਿ—ਕੌਤਕਾਂ ਦੇ ਰੰਗ ਵਿਚ। ਪ੍ਰਿਅ ਰੰਗ ਰੰਗਿ—ਪਿਆਰੇ ਦੇ ਕੌਤਕਾਂ ਦੇ ਰੰਗ ਵਿਚ। ਰਤੀ—ਰੰਗੀ ਹੋਈ। ੨।

ਅਰਥ:—(ਹੇ ਜਿੰਦੇ ! ਜਿਸ ਜੀਵ-ਇਸਤ੍ਰੀ ਨੇ) ਸਾਧ ਸੰਗਤਿ ਵਿਚ ਮਿਲ ਕੇ ਪਰਮਾਤਮਾ ਦੇ ਗੁਣ ਗਾਣੇ ਸ਼ੁਰੂ ਕਰ ਦਿੱਤੇ, ਉਸ ਦੇ ਅੰਦਰੋਂ ਹਉਮੈ ਵਾਲੀ ਮਤਿ ਸਾਰੀ ਮੁੱਕ ਗਈ। (ਹੇ ਜਿੰਦੇ ! ਜੇ ਤੂੰ ਭੀ ਇਹ ਉੱਦਮ ਕਰੇਂ, ਤਾਂ) ਤੂੰ ਪਰਮਾਤਮਾ ਦੇ ਦਰ ਤੇ ਜ਼ਰੂਰ ਸਤਕਾਰ ਹਾਸਲ ਕਰੇਂਗੀ। ੧। ਰਹਾਉ।

ਹੇ ਜਿੰਦੇ ! ਪ੍ਰਭੂ ਨੇ ਮਿਹਰ ਕਰ ਕੇ (ਜਿਸ ਜੀਵ-ਇਸਤ੍ਰੀ ਨੂੰ) ਆਪਣੀ ਬਣਾ ਲਿਆ, ਉਹ ਗੁਰੂ ਦੇ ਸਨਮੁਖ ਰਹਿ ਕੇ ਆਤਮਕ ਜੀਵਨ ਦੀ ਪੂਰੀ ਸੂਝ ਵਾਲੀ ਹੋ ਗਈ। ਉਸ ਦੇ ਹਿਰਦੇ ਵਿਚ ਸਾਰੇ ਸੁਖ ਅਨੇਕਾਂ ਆਨੰਦ ਪੈਦਾ ਹੋ ਗਏ, ਉਸ ਦੀ ਸੁਰਤਿ ਮਾਲਕ-ਪ੍ਰਭੂ ਦੇ ਦਰਸਨ ਵਿਚ ਜੁੜਨ ਲੱਗ ਪਈ। ੧।

ਹੇ ਜਿੰਦੇ ! ਜਿਹੜੀ ਜੀਵ-ਇਸਤ੍ਰੀ ਸਦਾ ਪ੍ਰਭੂ-ਚਰਨਾਂ ਵਿਚ ਟਿਕਣ ਲੱਗ ਪਈ,

ਉਹ ਸਦਾ ਲਈ ਸੁਹਾਗ-ਭਾਗ ਵਾਲੀ ਹੋ ਗਈ, ਉਹੀ ਸਾਰੇ ਜਗਤ ਵਿਚ ਪਰਗਟ ਹੋ ਗਈ। ਹੇ ਨਾਨਕ ! (ਆਖ-)ਮੈਂ ਉਸ ਜੀਵ-ਇਸਤ੍ਰੀ ਤੋਂ ਸਦਕੇ ਹਾਂ ਜਿਹੜੀ ਪਿਆਰੇ ਪ੍ਰਭੂ ਦੇ ਕੌਤਕਾਂ ਦੇ ਰੰਗ ਵਿਚ ਰੰਗੀ ਰਹਿੰਦੀ ਹੈ। ੨। ੧੦੪। ੧੨੭।

ਸਾਰਗ ਮਹਲਾ ੫ ॥ ਤੁਅ ਚਰਨ ਆਸਰੋ ਈਸ ॥ ਤੁਮਹਿ ਪਛਾਨੂ ਸਾਕੁ ਤੁਮਹਿ ਸੰਗਿ ਰਾਖਨਹਾਰੁ ਤੁਮੈ ਜਗਦੀਸ ॥ ਰਹਾਉ ॥ ਤੂ ਹਮਰੋ ਹਮ ਤੁਮਰੇ ਕਹੀਐ ਇਤ ਉਤ ਤੁਮਹੀ ਰਾਖੇ ॥ ਤੂ ਬੇਅੰਤੁ ਅਪਰੰਪਰੁ ਸੁਆਮੀ ਗੁਰ ਕਿਰਪਾ ਕੋਈ ਲਾਖੈ ॥ ੧ ॥ ਬਿਨੁ ਬਕਨੇ ਬਿਨੁ ਕਹਨ ਕਹਾਵਨ ਅੰਤਰਜਾਮੀ ਜਾਨੈ ॥ ਜਾ ਕਉ ਮੇਲਿ ਲਏ ਪ੍ਰਭੁ ਨਾਨਕੁ ਸੇ ਜਨ ਦਰਗਹ ਮਾਨੇ ॥ ੨ ॥ ੧੦੫ ॥ ੧੨੮ ॥

ਪਦ ਅਰਥ:-ਤੁਅ ਚਰਨ ਆਸਰੋ-ਤੇਰੇ ਚਰਨਾਂ ਦਾ ਆਸਰਾ। ਈਸ-ਈਸ਼, ਹੇ ਈਸ਼੍ਵਰ ! ਤੁਮਹਿ-ਤੂੰ ਹੀ। ਪਛਾਨੂ-ਜਾਣੂ-ਪਛਾਣੂ। ਸਾਕੁ-ਰਿਸ਼ਤਾ, ਸੰਬੰਧ। ਸੰਗਿ-ਨਾਲ। ਜਗਦੀਸ-ਹੇ ਜਗਤ ਦੇ ਈਸ਼੍ਵਰ ! ਤੁਮੈ-ਤੂੰ ਹੀ। ੧। ਰਹਾਉ।

ਕਹੀਐ-(ਇਹ) ਆਖਿਆ ਜਾਂਦਾ ਹੈ, ਹਰ ਕੋਈ ਇਹੀ ਆਖਦਾ ਹੈ। ਇਤ ਉਤ -ਲੋਕ ਪਰਲੋਕ ਵਿਚ। ਅਪਰੰਪਰੁ-ਪਰੇ ਤੋਂ ਪਰੇ। ਸੁਆਮੀ-ਹੇ ਮਾਲਕ-ਪ੍ਰਭੂ ! ਕੋਈ-ਕੋਈ ਵਿਰਲਾ। ਲਾਖੈ-ਲਖਦਾ ਹੈ, ਸਮਝਦਾ ਹੈ। ੧।

ਬਿਨੁ ਬਕਨੇ-ਬੋਲਣ ਤੋਂ ਬਿਨਾ। ਅੰਤਰਜਾਮੀ-ਹਰੇਕ ਦੇ ਦਿਲ ਦੀ ਜਾਣਨ ਵਾਲਾ। ਜਾਨੈ-ਜਾਣਦਾ ਹੈ। ਜਾ ਕਉ-ਜਿਨ੍ਹਾਂ (ਮਨੁੱਖਾਂ) ਨੂੰ। ਨਾਨਕੁ-ਨਾਨਕ (ਆਖਦਾ ਹੈ)। ਸੇ-ਉਹ [ਬਹੁ ਵਚਨ]। ਮਾਨੇ-ਆਦਰ ਪਾਂਦੇ ਹਨ। ੨।

ਅਰਥ:-ਹੇ ਈਸ਼੍ਵਰ ! (ਅਸਾਂ ਜੀਵ ਨੂੰ) ਤੇਰੇ ਚਰਨਾਂ ਦਾ (ਹੀ) ਆਸਰਾ ਹੈ। ਤੂੰ ਹੀ (ਸਾਡਾ) ਜਾਣੂ-ਪਛਾਣੂ ਹੈਂ, ਤੇਰੇ ਨਾਲ ਹੀ ਸਾਡਾ ਮੇਲ-ਮਿਲਾਪ ਹੈ। ਹੇ ਜਗਤ ਦੇ ਈਸ਼੍ਵਰ ! ਤੂੰ ਹੀ (ਸਾਡੀ) ਰੱਖਿਆ ਕਰ ਸਕਣ ਵਾਲਾ ਹੈਂ। ੧। ਰਹਾਉ।

ਹੇ ਪ੍ਰਭੂ ! ਹਰੇਕ ਜੀਵ ਇਹੀ ਆਖਦਾ ਹੈ ਕਿ ਤੂੰ ਸਾਡਾ ਹੈਂ ਅਸੀ ਤੇਰੇ ਹਾਂ, ਤੂੰ ਹੀ ਇਸ ਲੋਕ ਤੇ ਪਰਲੋਕ ਵਿਚ ਸਾਡਾ ਰਾਖਾ ਹੈਂ। ਹੇ ਮਾਲਕ-ਪ੍ਰਭੂ ! ਤੂੰ ਹੀ ਬੇਅੰਤ ਹੈਂ, ਪਰੇ ਤੋਂ ਪਰੇ ਹੈਂ। ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਮਿਹਰ ਨਾਲ ਇਹ ਗੱਲ ਸਮਝੀ ਹੈ। ੧।

ਨਾਨਕ (ਆਖਦਾ ਹੈ-ਹੇ ਭਾਈ !) ਪ੍ਰਭੂ ਹਰੇਕ ਦੇ ਦਿਲ ਦੀ ਜਾਣਨ ਵਾਲਾ ਹੈ, ਸਾਡੇ ਬੋਲਣ ਤੋਂ ਬਿਨਾ, ਸਾਡੇ ਆਖਣ ਅਖਾਣ ਤੋਂ ਬਿਨਾ (ਸਾਡੀ ਲੋੜ) ਜਾਣ ਲੈਂਦਾ ਹੈ। ਉਹ ਪ੍ਰਭੂ ! ਜਿਨ੍ਹਾਂ ਨੂੰ (ਆਪਣੇ ਚਰਨਾਂ ਵਿਚ)ਜੋੜ ਲੈਂਦਾ ਹੈ, ਉਹ ਮਨੁੱਖ ਉਸ ਦੀ

ਹਜ਼ੂਰੀ ਵਿਚ ਆਦਰ-ਸਤਕਾਰ ਪ੍ਰਾਪਤ ਕਰਦੇ ਹਨ। ੨। ੧੦੫। ੧੨੮।

ਸਾਰੰਗ ਮਹਲਾ ੫ ਚਉਪਦੇ ਘਰੁ ੫

ੴ ਸਤਿਗੁਰ ਪ੍ਰਸਾਦਿ ॥ ਹਰਿ ਭਜਿ ਆਨ ਕਰਮ ਬਿਕਾਰ ॥ ਮਾਨ ਮੋਹੁ ਨ ਬੁਝਤ ਤ੍ਰਿਸਨਾ ਕਾਲ ਗ੍ਰਸ ਸੰਸਾਰ ॥ ੧ ॥ ਰਹਾਉ ॥ ਖਾਤ ਪੀਵਤ ਹਸਤ ਸੋਵਤ ਅਉਧ ਬਿਤੀ ਅਸਾਰ ॥ ਨਰਕ ਉਦਰਿ ਭ੍ਰਮੰਤ ਜਲਤੋ ਜਮਹਿ ਕੀਨੀ ਸਾਰ ॥ ੧ ॥ ਪਰ ਦ੍ਰੋਹ ਕਰਤ ਬਿਕਾਰ ਨਿੰਦਾ ਪਾਪ ਰਤ ਕਰ ਝਾਰ ॥ ਬਿਨਾ ਸਤਿਗੁਰ ਬੂਝ ਨਾਹੀ ਤਮ ਮੋਹ ਮਹਾਂ ਅੰਧਾਰ ॥ ੨ ॥ ਬਿਖੁ ਠਗਉਰੀ ਖਾਇ ਮੂਠੋ ਚਿਤਿ ਨ ਸਿਰਜਨਹਾਰ ॥ ਗੋਬਿੰਦ ਗੁਪਤ ਹੋਇ ਰਹਿਓ ਨਿਆਰੋ ਮਾਤੰਗ ਮਤਿ ਅਹੰਕਾਰ ॥ ੩ ॥ ਕਰਿ ਕ੍ਰਿਪਾ ਸੰਤ ਪ੍ਰਭ ਰਾਖੇ ਚਰਨ ਕਮਲ ਅਧਾਰ ॥ ਕਰ ਜੋਰਿ ਨਾਨਕੁ ਸਰਨਿ ਆਇਓ ਗੁੋਪਾਲ ਪੁਰਖ ਅਪਾਰ ॥ ੪ ॥ ੧ ॥ ੧੨੯ ॥

ਪਦ ਅਰਥ :—ਭਜਿ—ਭਜਨ ਕਰਿਆ ਕਰ। ਆਨ ਕਰਮ—ਹੋਰ ਹੋਰ ਕੰਮ। ਬਿਕਾਰ—ਬੇ-ਕਾਰ, ਵਿਅਰਥ। ਕਾਲ—ਆਤਮਕ ਮੌਤ। ਕਾਲ ਗ੍ਰਸਤ—ਆਤਮਕ ਮੌਤ ਦਾ ਗ੍ਰਸਿਆ ਹੋਇਆ। ੧। ਰਹਾਉ।

ਸੋਵਤ—ਸੁੱਤਿਆਂ। ਅਉਧ—ਉਮਰ। ਬਿਤੀ—ਬੀਤ ਜਾਂਦੀ ਹੈ। ਅਸਾਰ—ਬੇ-ਸਮਝੀ ਵਿਚ। ਉਦਰਿ—ਪੇਟ ਵਿਚ। ਜਲਤੋ—ਸੜਦਾ, ਦੁਖੀ ਹੁੰਦਾ। ਜਮਹਿ—ਜਮਾਂ ਨੇ। ਸਾਰ—ਸੰਭਾਲ। ੧।

ਪਰ ਦ੍ਰੋਹ—ਦੂਜਿਆਂ ਨਾਲ ਠੱਗੀ। ਪਾਪ ਰਤ—ਪਾਪਾਂ ਵਿਚ ਮਸਤ। ਕਰ ਝਾਰ—ਹੱਥ ਝਾੜ ਕੇ, ਹੱਥ ਧੋ ਕੇ। ਬੂਝ—ਆਤਮਕ ਜੀਵਨ ਦੀ ਸਮਝ। ਤਮ ਮੋਹ—ਮੋਹ ਦਾ ਹਨੇਰਾ। ਅੰਧਾਰ—ਹਨੇਰਾ। ੧।

ਬਿਖੁ—ਆਤਮਕ ਮੌਤ ਲਿਆਉਣ ਵਾਲੀ ਜ਼ਹਰ। ਠਗਉਰੀ—ਠਗ-ਬੂਟੀ ਮਾਇਆ। ਮੂਠੋ—ਲੁੱਟਿਆ ਜਾਂਦਾ ਹੈ। ਚਿਤਿ—ਚਿੱਤ ਵਿਚ। ਗੁਪਤ—ਲੁਕਿਆ ਹੋਇਆ। ਨਿਆਰੋ—ਵੱਖਰਾ। ਮਾਤੰਗ—ਹਾਥੀ। ੩।

ਕਰਿ—ਕਰ ਕੇ। ਅਧਾਰ—ਆਸਰਾ। ਕਰ—ਹੱਥ [ਬਹੁ ਵਚਨ]। ਜੋਰਿ—ਜੋੜ ਕੇ। ਗੁੋਪਾਲ—[ਇਥੇ ਪਾਠ 'ਗੁਪਾਲ' ਕਰਨਾ ਹੈ। ਅਸਲ ਲਫ਼ਜ਼ ਹੈ 'ਗੋਪਾਲ']। ਅਪਾਰ—ਹੇ ਬੇਅੰਤ। ੪।

ਅਰਥ :—ਹੇ ਭਾਈ! ਪਰਮਾਤਮਾ ਦਾ ਭਜਨ ਕਰਿਆ ਕਰ, (ਭਜਨ ਤੋਂ ਬਿਨਾ)

ਹੋਰ ਹੋਰ ਕੰਮ (ਜਿੰਦ ਲਈ) ਵਿਅਰਥ ਹਨ। (ਹੋਰ ਹੋਰ ਕੰਮਾਂ ਨਾਲ) ਅਹੰਕਾਰ ਤੇ ਮੋਹ (ਪੈਦਾ ਹੁੰਦਾ ਹੈ), ਤ੍ਰਿਸ਼ਨਾ ਨਹੀਂ ਮਿਟਦੀ, ਦੁਨੀਆ ਆਤਮਕ ਮੌਤ ਵਿਚ ਫਸੀ ਰਹਿੰਦੀ ਹੈ।੧। ਰਹਾਉ।

ਹੇ ਭਾਈ! ਖਾਂਦਿਆਂ ਪੀਂਦਿਆਂ ਹੱਸਦਿਆਂ ਸੁੱਤਿਆਂ (ਇਸੇ ਤਰ੍ਹਾਂ ਮਨੁੱਖ ਦੀ) ਉਮਰ ਬੇ-ਸਮਝੀ ਵਿਚ ਬੀਤਦੀ ਜਾਂਦੀ ਹੈ। ਨਰਕ ਸਮਾਨ ਹਰੇਕ ਜੂਨ ਵਿਚ (ਜੀਵ) ਭਟਕਦਾ ਹੈ ਦੁੱਖੀ ਹੁੰਦਾ ਹੈ, ਜਮਾਂ ਦੇ ਵੱਸ ਪਿਆ ਰਹਿੰਦਾ ਹੈ।੧।

ਹੇ ਭਾਈ! (ਭਜਨ ਤੋਂ ਖੁੰਝ ਕੇ) ਮਨੁੱਖ ਦੂਜਿਆਂ ਨਾਲ ਠੱਗੀ ਕਰਦਾ ਹੈ, ਨਿੰਦਾ ਆਦਿਕ ਕੁਕਰਮ ਕਰਦਾ ਹੈ, ਬੇ-ਪਰਵਾਹ ਹੋ ਕੇ ਪਾਪਾਂ ਵਿਚ ਮਸਤ ਰਹਿੰਦਾ ਹੈ। ਗੁਰੂ ਦੀ ਸਰਨ ਤੋਂ ਬਿਨਾ (ਮਨੁੱਖ ਨੂੰ) ਆਤਮਕ ਜੀਵਨ ਦੀ ਸਮਝ ਨਹੀਂ ਪੈਂਦੀ, ਮੋਹ ਦੇ ਬੜੇ ਘੁੱਪ ਹਨੇਰੇ ਵਿਚ ਪਿਆ ਰਹਿੰਦਾ ਹੈ।੨।

ਹੇ ਭਾਈ! ਆਤਮਕ ਮੌਤ ਲਿਆਉਣ ਵਾਲੀ ਮਾਇਆ-ਠਗ-ਬੂਟੀ ਖਾ ਕੇ ਮਨੁੱਖ (ਆਤਮਕ ਸਰਮਾਏ ਵਲੋਂ) ਲੁੱਟਿਆ ਜਾਂਦਾ ਹੈ, ਇਸ ਦੇ ਮਨ ਵਿਚ ਪਰਮਾਤਮਾ ਦੀ ਯਾਦ ਨਹੀਂ ਹੁੰਦੀ, ਹਉਮੈ ਦੀ ਮਤਿ ਦੇ ਕਾਰਨ ਹਾਥੀ ਵਾਂਗ (ਫੁੱਲਿਆ ਰਹਿੰਦਾ ਹੈ, ਇਸ ਦੇ ਅੰਦਰ ਹੀ) ਪਰਮਾਤਮਾ ਛੁਪਿਆ ਬੈਠਾ ਹੈ, ਪਰ ਉਸ ਤੋਂ ਵੱਖਰਾ ਹੀ ਰਹਿੰਦਾ ਹੈ।੩।

ਹੇ ਭਾਈ! ਪ੍ਰਭੂ ਜੀ ਨੇ ਮਿਹਰ ਕਰ ਕੇ ਆਪਣੇ ਸੰਤਾਂ ਨੂੰ ਆਪਣੇ ਸੋਹਣੇ ਚਰਨਾਂ ਦੇ ਆਸਰੇ (ਇਸ 'ਬਿਖੁ ਠਗਉਰੀ' ਤੋਂ) ਬਚਾਈ ਰੱਖਿਆ ਹੈ।

ਹੇ ਗੋਪਾਲ! ਹੇ ਅਕਾਲ ਪੁਰਖ! ਹੇ ਬੇਅੰਤ! ਦੋਵੇ ਹੱਥ ਜੋੜ ਕੇ ਨਾਨਕ (ਤੇਰੀ) ਸਰਨ ਆਇਆ ਹੈ (ਇਸ ਦੀ ਭੀ ਰੱਖਿਆ ਕਰ)।੪।੧।੧੨੯।

ਸਾਰਗ ਮਹਲਾ ੫ ॥ ਘਰੁ ੬ ਪੜਤਾਲ

੧ਓ ਸਤਿਗੁਰਪ੍ਰਸਾਦਿ ॥ ਸੁਭ ਬਚਨ ਬੋਲਿ ਗੁਨ ਅਮੋਲ ॥ ਕਿੰਕਰੀ ਬਿਕਾਰ ॥ ਦੇਖੁ ਰੀ ਬੀਚਾਰ ॥ ਗੁਰ ਸਬਦੁ ਧਿਆਇ ਮਹਲੁ ਪਾਇ ॥ ਹਰਿ ਸੰਗਿ ਰੰਗ ਕਰਤੀ ਮਹਾ ਕੇਲ ॥ ੧ ॥ ਰਹਾਉ ॥ ਸੁਪਨ ਰੀ ਸੰਸਾਰੁ ॥ ਮਿਥਨੀ ਬਿਸਥਾਰੁ ॥ ਸਖੀ ਕਾਇ ਮੋਹਿ ਮੋਹਿਲੀ ਪ੍ਰਿਅ ਪ੍ਰੀਤਿ ਰਿਦੈ ਮੇਲ ॥ ੧ ॥ ਸਰਬ ਰੀ ਪ੍ਰੀਤਿ ਪਿਆਰੁ ॥ ਪ੍ਰਭੁ ਸਦਾ ਰੀ ਦਇਆਰੁ ॥ ਕਾਂਏਂ ਆਨ ਆਨ ਰੁਚੀਐ ॥ ਹਰਿ ਸੰਗਿ ਸੰਗਿ ਖਚੀਐ ॥ ਜਉ ਸਾਧ ਸੰਗ ਪਾਏ ॥ ਕਹੁ ਨਾਨਕ ਹਰਿ ਧਿਆਏ ॥ ਅਬ ਰਹੇ ਜਮਹਿ ਮੇਲ ॥ ੨ ॥

੧ ॥ ੧੩੦ ॥

ਪਦ ਅਰਥ :—ਬੋਲਿ—ਉਚਾਰਿਆ ਕਰ । ਕਿੰਕਰੀ—ਦਾਸੀ [ਕਿੰਕਰ—ਦਾਸ] । ਕਿੰਕਰੀ ਬਿਕਾਰ—ਹੇ ਵਿਕਾਰਾਂ ਦੀ ਦਾਸੀ ! ਰੀ—ਹੇ ਜੀਵ-ਇਸਤ੍ਰੀ ! ਮਹਲੁ—ਪ੍ਰਭੂ-ਚਰਨਾਂ ਵਿਚ ਥਾਂ । ਸੰਗਿ—ਨਾਲ । ਰੰਗ ਕਰਤੀ—ਆਨੰਦ ਮਾਣਦੀ । ਕੇਲ—ਆਨੰਦ । ੧ । ਰਹਾਉ ।

ਮਿਥਨੀ—ਨਾਸਵੰਤ । ਸਖੀ—ਹੇ ਸਖੀ ! ਕਾਇ—ਕਿਉਂ ? ਮੋਹਿ—ਮੋਹ ਵਿਚ । ਮੋਹਿਲੀ—ਮੋਹ ਵਿਚ ਫਸੀ ਹੈਂ । ਪ੍ਰਿਅ ਪ੍ਰੀਤਿ—ਪਿਆਰੇ ਦੀ ਪ੍ਰੀਤ । ਰਿਦੈ—ਹਿਰਦੇ ਵਿਚ ।੧।

ਦਇਆਰੁ—ਦਇਆਲ । ਕਾਂਏਂ—ਕਿਉਂ ? ਆਨ ਆਨ—ਹੋਰ ਹੋਰ (ਪਦਾਰਥਾਂ ਵਿਚ) । ਰੁਚੀਐ—ਪ੍ਰੀਤ ਬਣਾਈ ਹੋਈ ਹੈ । ਸੰਗਿ—ਨਾਲ । ਖਚੀਐ—ਮਸਤ ਰਹਿਣਾ ਚਾਹੀਦਾ ਹੈ । ਜਉ—ਜਦੋਂ । ਰਹੇ—ਮੁੱਕ ਜਾਂਦਾ ਹੈ । ਜਮਹਿ ਮੇਲ—ਜਮਾਂ ਨਾਲ ਵਾਹ ।੨।

ਅਰਥ :—ਹੇ ਵਿਕਾਰਾਂ ਦੀ ਦਾਸੀ (ਹੋ ਚੁਕੀ ਜੀਵ-ਇਸਤ੍ਰੀ) ! ਹੋਸ਼ ਕਰ (ਵਿਚਾਰ ਕੇ ਵੇਖ) । ਪਰਮਾਤਮਾ ਦੇ ਅਮੋਲਕ ਗੁਣ (ਸਭ ਬਚਨਾਂ ਨਾਲੋਂ) ਸੁਭ ਬਚਨ ਹਨ—ਇਹਨਾਂ ਦਾ ਉਚਾਰਨ ਕਰਿਆ ਕਰ । (ਹੇ ਜੀਵ-ਇਸਤ੍ਰੀ !) ਗੁਰੂ ਦਾ ਸ਼ਬਦ ਆਪਣੇ ਮਨ ਵਿਚ ਟਿਕਾਈ ਰੱਖ (ਤੇ, ਸ਼ਬਦ ਦੀ ਬਰਕਤਿ ਨਾਲ) ਪ੍ਰਭੂ-ਚਰਨਾਂ ਵਿਚ ਟਿਕਾਣਾ ਪ੍ਰਾਪਤ ਕਰ । (ਜਿਹੜੀ ਜੀਵ-ਇਸਤ੍ਰੀ ਪ੍ਰਭੂ-ਚਰਨਾਂ ਵਿਚ ਟਿਕਦੀ ਹੈ, ਉਹ) ਪਰਮਾਤਮਾ ਵਿਚ ਜੁੜ ਕੇ ਬੜੇ ਆਤਮਕ ਆਨੰਦ ਮਾਣਦੀ ਹੈ । ੧ । ਰਹਾਉ ।

ਹੇ ਸਖੀ ! ਇਹ ਜਗਤ ਸੁਪਨੇ ਵਰਗਾ ਹੈ, (ਇਸ ਦਾ ਸਾਰਾ) ਖਿਲਾਰਾ ਨਾਸਵੰਤ ਹੈ । ਤੂੰ ਇਸ ਦੇ ਮੋਹ ਵਿਚ ਕਿਉਂ ਫਸੀ ਹੋਈ ਹੈਂ ? ਪ੍ਰੀਤਮ ਪ੍ਰਭੂ ਦੀ ਪ੍ਰੀਤ ਆਪਣੇ ਹਿਰਦੇ ਵਿਚ ਵਸਾਈ ਰੱਖ । ੧ ।

ਹੇ ਸਖੀ ! ਪ੍ਰਭੂ ਸਦਾ ਹੀ ਦਇਆ ਦਾ ਘਰ ਹੈ, ਉਹ ਸਭ ਜੀਵਾਂ ਨਾਲ ਪ੍ਰੀਤ ਕਰਦਾ ਹੈ ਪਿਆਰ ਕਰਦਾ ਹੈ । ਹੇ ਸਖੀ ! (ਉਸ ਨੂੰ ਭੁਲਾ ਕੇ) ਹੋਰ ਹੋਰ ਪਦਾਰਥਾਂ ਵਿਚ ਪਿਆਰ ਨਹੀਂ ਪਾਣਾ ਚਾਹੀਦਾ । ਸਦਾ ਪਰਮਾਤਮਾ ਦੇ ਪਿਆਰ ਵਿਚ ਹੀ ਮਸਤ ਰਹਿਣਾ ਚਾਹੀਦਾ ਹੈ । ਹੇ ਨਾਨਕ ! ਆਖ—ਜਦੋਂ (ਕੋਈ ਵਡ-ਭਾਗੀ ਮਨੁੱਖ) ਸਾਧ ਸੰਗਤਿ ਦਾ ਮਿਲਾਪ ਹਾਸਲ ਕਰਦਾ ਹੈ ਅਤੇ ਪਰਮਾਤਮਾ ਦਾ ਧਿਆਨ ਧਰਦਾ ਹੈ, ਤਦੋਂ ਜਮਾਂ ਨਾਲ ਉਸ ਦਾ ਵਾਹ ਨਹੀਂ ਪੈਂਦਾ । ੨ । ੧ । ੧੩੦ ।

ਸਾਰਗ ਮਹਲਾ ੫ ॥ ਕੰਚਨਾ ਬਹੁ ਦਤ ਕਰਾ ॥ ਭੂਮਿ ਦਾਨੁ ਅਰਪਿ ਧਰਾ ॥ ਮਨ ਅਨਿਕ ਸੋਚ ਪਵਿਤ੍ਰ ਕਰਤ ॥ ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥ ੧ ॥ ਰਹਾਉ ॥ ਚਾਰਿ ਬੇਦ ਜਿਹਵ ਭਨੇ ॥ ਦਸ

ਅਸਟ ਖਸਟ ਸ੍ਰਵਨ ਸੁਨੇ ॥ ਨਹੀ ਤੁਲਿ ਗੋਬਿੰਦ ਨਾਮ ਧੁਨੇ ॥ ਮਨ ਚਰਨ ਕਮਲ ਲਾਗੇ ॥ ੧ ॥ ਬਰਤ ਸੰਧਿ ਸੋਚ ਚਾਰ ॥ ਕ੍ਰਿਆ ਕੁੰਟ ਨਿਰਾਹਾਰ ॥ ਅਪਰਸ ਕਰਤ ਪਾਕਸਾਰ ॥ ਨਿਵਲੀ ਕਰਮ ਬਹੁ ਬਿਸਥਾਰ॥ ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥ ਰਾਮ ਦਇਆਰ ਸੁਨਿ ਦੀਨ ਬੇਨਤੀ ॥ ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥ ੨ ॥ ੨ ॥ ੧੩੧ ॥

ਪਦ ਅਰਥ :—ਕੰਚਨਾ—ਸੋਨਾ । ਦਤ ਕਰਾ—ਦਾਨ ਕੀਤਾ । ਭੂਮਿ—ਜ਼ਮੀਨ, ਭੁਇੰ । ਅਰਪਿ—ਅਰਪ ਕੇ, ਮਣਸ ਕੇ । ਧਰਾ—ਧਰ ਦਿੱਤੀ, ਦੇ ਦਿੱਤੀ । ਸੋਚ—ਸੁੱਚ । ਕਰਤ—ਕਰਦਾ । ਰੇ ਮਨ—ਹੇ ਮਨ ! ਤੁਲਿ—ਬਰਾਬਰ । ਲਾਗੇ—ਲਾਗਿ, ਲੱਗਾ ਰਹੁ । । ੧ । ਰਹਾਉ ।

ਜਿਹਵ ਭਨੇ—ਜੀਭ ਨਾਲ ਉਚਾਰਦਾ ਹੈ । ਦਸ ਅਸਟ—ਅਠਾਰਾਂ ਪੁਰਾਣ । ਖਸਟ—ਛੇ ਸਾਸਤ੍ਰ । ਸ੍ਰਵਨ—ਕੰਨਾਂ ਨਾਲ । ਨਾਮ ਧੁਨੇ—ਨਾਮ ਦੀ ਧੁਨਿ । ਮਨ—ਹੇ ਮਨ ! ੧ ।

ਸੰਧਿ—ਸੰਧਿਆ । ਸੋਚ ਚਾਰ—ਪਵਿਤ੍ਰਤਾ (ਸਰੀਰਕ) । ਕ੍ਰਿਆ ਕੁੰਟ—ਚਾਰ ਕੁੰਟਾਂ ਵਿਚ ਭੌਣਾ । ਨਿਰਾਹਾਰ—ਨਿਰ ਆਹਾਰ, ਭੁੱਖੇ ਰਹਿ ਕੇ । ਪਾਕਸਾਰ—ਪਾਕਸਾਲ,ਰਸੋਈ। ਅਪਰਸ—ਅ-ਪਰਸ, ਕਿਸੇ ਨਾਲ ਨਾਲ ਨਾਹ ਛੁਹਣਾ । ਨਿਵਲੀ ਕਰਮ—(ਕਬਜ਼ ਤੋਂ ਬਚਣ ਲਈ) ਪੇਟ ਦੀਆਂ ਆਂਦਰਾਂ ਨੂੰ ਚੱਕਰ ਦੇਣਾ । ਨ ਲਾਗੇ—ਨਹੀਂ ਅੱਪੜਦੇ । ਰਾਮ ਦਇਆਰ—ਹੇ ਦਇਆਲ ਹਰੀ ! ਦੀਨ ਬੇਨਤੀ—ਗਰੀਬ ਦੀ ਬੇਨਤੀ । ਪੇਖਉ—ਪੇਖਉਂ, ਮੈਂ ਵੇਖਾਂ । ਮਿਸਟ—ਮਿੱਠਾ । ੨ ।

ਅਰਥ :—ਹੇ ਮਨ ! ਜੇ ਕੋਈ ਮਨੁੱਖ ਬਹੁਤ ਸੋਨਾ ਦਾਨ ਕਰਦਾ ਹੈ, ਭੁਇੰ ਮਣਸ ਕੇ ਦਾਨ ਕਰਦਾ ਹੈ, ਕਈ ਸੁੱਚਾਂ ਨਾਲ (ਸਰੀਰ ਨੂੰ) ਪਵਿੱਤਰ ਕਰਦਾ ਹੈ,(ਇਹ ਉੱਦਮ) ਪਰਮਾਤਮਾ ਦੇ ਨਾਮ ਦੇ ਬਰਾਬਰ ਨਹੀਂ ਹਨ । ਹੇ ਮਨ ! ਪਰਮਾਤਮਾ ਦੇ ਸੋਹਣੇ ਚਰਨਾਂ ਵਿਚ ਜੁੜਿਆ ਰਹੁ । ੧ । ਰਹਾਉ ।

ਹੇ ਮਨ ! ਜੇ ਕੋਈ ਮਨੁੱਖ ਚਾਰੇ ਵੇਦ ਆਪਣੀ ਜੀਭ ਨਾਲ ਉਚਾਰਦਾ ਰਹਿੰਦਾ ਹੈ, ਅਠਾਰਾਂ ਪੁਰਾਣ ਅਤੇ ਛੇ ਸ਼ਾਸਤ੍ਰ ਕੰਨਾਂ ਨਾਲ ਸੁਣਦਾ ਰਹਿੰਦਾ ਹੈ (ਇਹ ਕੰਮ) ਪਰ-ਮਾਤਮਾ ਦੇ ਨਾਮ ਦੀ ਲਗਨ ਦੇ ਬਰਾਬਰ ਨਹੀਂ ਹਨ । ਹੇ ਮਨ ! ਪ੍ਰਭੂ ਦੇ ਸੋਹਣੇ ਚਰਨਾਂ ਵਿਚ ਪ੍ਰੀਤ ਬਣਾਈ ਰੱਖ । ੧ ।

ਹੇ ਮਨ ! ਵਰਤ, ਸੰਧਿਆ, ਸਰੀਰਕ ਪਵਿੱਤ੍ਰਤਾ, (ਤੀਰਥ-ਜਾਤ੍ਰਾ ਆਦਿਕ

ਲਈ) ਚਾਰ ਕੂਟਾਂ ਵਿਚ ਭੁੱਖੇ ਰਹਿ ਕੇ ਭੌਂਦੇ ਫਿਰਨਾ, ਕਿਸੇ ਨਾਲ ਛੁਹਣ ਤੋਂ ਬਿਨਾ ਆਪਣੀ ਰਸੋਈ ਤਿਆਰ ਕਰਨੀ, (ਆਂਦਰਾਂ ਦਾ ਅੱਭਿਆਸ) ਨਿਵਲੀ ਕਰਮ ਕਰਨਾ, ਹੋਰ ਅਜਿਹੇ ਕਈ ਖਿਲਾਰੇ ਖਿਲਾਰਨੇ, (ਦੇਵ-ਪੂਜਾ ਲਈ) ਧੂਪ ਧੁਖਾਣੇ ਦੀਵੇ ਜਗਾਣੇ—ਇਹ ਸਾਰੇ ਹੀ ਉੱਦਮ ਪਰਮਾਤਮਾ ਦੇ ਨਾਮ ਦੀ ਬਰਾਬਰੀ ਨਹੀਂ ਕਰਦੇ ।

ਹੇ ਦਾਸ ਨਾਨਕ ! (ਆਖ—) ਹੇ ਦਇਆ ਦੇ ਸੋਮੇ ਪ੍ਰਭੂ ! ਮੇਰੀ ਗਰੀਬ ਦੀ ਬੇਨਤੀ ਸੁਣ । ਆਪਣਾ ਦਰਸਨ ਦੇਹ,ਮੈਂ ਤੈਨੂੰ ਆਪਣੀਆਂ ਅੱਖਾਂ ਨਾਲ (ਸਦਾ) ਵੇਖਦਾ ਰਹਾਂ, ਤੇਰਾ ਨਾਮ ਮੈਨੂੰ ਮਿੱਠਾ ਲੱਗਦਾ ਰਹੇ । ੨ । ੨ । ੧੩੧ ।

ਸਾਰਗ ਮਹਲਾ ੫ ॥ ਰਾਮ ਰਾਮ ਰਾਮ ਜਾਪਿ, ਰਮਤ ਰਾਮ ਸਹਾਈ॥ ੧ ॥ ਰਹਾਉ ॥ ਸੰਤਨ ਕੈ ਚਰਨ ਲਾਗੇ, ਕਾਮ ਕ੍ਰੋਧ ਲੋਭ ਤਿਆਗੇ, ਗੁਰ ਗੋਪਾਲ ਭਏ ਕ੍ਰਿਪਾਲ ਲਬਧਿ ਅਪਨੀ ਪਾਈ ॥ ੧ ॥ ਬਿਨਸੇ ਭ੍ਰਮ ਮੋਹ ਅੰਧ, ਟੂਟੇ ਮਾਇਆ ਕੇ ਬੰਧ, ਪੂਰਨ ਸਰਬਤ੍ਰ ਠਾਕੁਰ ਨਹ ਕੋਊ ਬੈਰਾਈ ॥ ਸੁਆਮੀ ਸੁਪ੍ਰਸੰਨ ਭਏ ਜਨਮ ਮਰਨ ਦੋਖ ਗਏ ਸੰਤਨ ਕੈ ਚਰਨ ਲਾਗਿ ਨਾਨਕ ਗੁਨ ਗਾਈ ॥ ੨ ॥ ੩ ॥ ੧੩੨ ॥

ਪਦ ਅਰਥ:—ਜਾਪਿ—ਜਪਿਆ ਕਰ । ਰਮਤ—ਜਪਦਿਆਂ । ਸਹਾਈ-ਮਦਦਗਾਰ। । ੧ । ਰਹਾਉ ।

ਕੈ ਚਰਨ—ਦੇ ਚਰਨਾਂ ਵਿਚ । ਤਿਆਗੇ—ਤਿਆਗਿ, ਤਿਆਗ ਕੇ । ਲਬਧਿ—ਜਿਸ ਵਸਤੂ ਨੂੰ ਲੱਭਦੇ ਸਾਂ । ੧ ।

ਅੰਧ—ਅੰਨ੍ਹੇ (ਕਰਨ ਵਾਲੇ) । ਬੰਧ—ਬੰਧਨ, ਫਾਹੀਆਂ । ਪੂਰਨ—ਵਿਆਪਕ । ਸਰਬਤ੍ਰ—ਸਭਨੀਂ ਥਾਈਂ । ਬੈਰਾਈ—ਵੈਰੀ । ਸੁਪ੍ਰਸੰਨ—ਦਇਆਵਾਨ । ਦੋਖ—ਪਾਪ । ਲਾਗਿ—ਲੱਗ ਕੇ । ਗਾਈ—ਗਾਂਦੀ ਹੈ । ੨ ।

ਅਰਥ:—ਹੇ ਭਾਈ ! ਸਦਾ ਸਦਾ ਪਰਮਾਤਮਾ (ਦੇ ਨਾਮ ਦਾ ਜਾਪ) ਜਪਿਆ ਕਰ, (ਨਾਮ) ਜਪਦਿਆਂ (ਉਹ) ਪਰਮਾਤਮਾ (ਹਰ ਥਾਂ) ਸਹਾਇਤਾ ਕਰਨ ਵਾਲਾ ਹੈ । ੧ ।

ਹੇ ਭਾਈ ! ਜਿਹੜੇ ਮਨੁੱਖ ਸੰਤ ਜਨਾਂ ਦੀ ਚਰਨੀਂ ਲੱਗਦੇ ਹਨ, ਕਾਮ ਕ੍ਰੋਧ ਲੋਭ (ਆਦਿਕ ਵਿਕਾਰ) ਛੱਡਦੇ ਹਨ, ਉਹਨਾਂ ਉੱਤੇ ਗੁਰੂ-ਗੋਪਾਲ ਮਿਹਰਵਾਨ ਹੁੰਦਾ ਹੈ, ਉਹਨਾਂ ਨੂੰ ਆਪਣੀ ਉਹ ਨਾਮ-ਵਸਤੂ ਮਿਲ ਜਾਂਦੀ ਹੈ ਜਿਸਦੀ (ਅਨੇਕਾਂ ਜਨਮਾਂ ਤੋਂ) ਭਾਲ ਕਰਦੇ ਆ ਰਹੇ ਸਨ । ੧ ।

ਹੇ ਨਾਨਕ ! ਜਿਹੜੇ ਮਨੁੱਖ ਸੰਤ ਜਨਾਂ ਦੀ ਚਰਨੀਂ ਲੱਗ ਕੇ ਪਰਮਾਤਮਾ ਦੇ ਗੁਣ

ਗਾਂਦ ਰਹਿੰਦੇ ਹਨ, ਉਹਨਾਂ ਉੱਤੇ ਮਾਲਕ-ਪ੍ਰਭੂ ਜੀ ਤ੍ਰੁੱਠ ਪੈਂਦੇ ਹਨ, ਉਹਨਾਂ ਦੇ ਜਨਮ ਮਰਨ ਦੇ ਗੇੜ ਅਤੇ ਪਾਪ ਸਭ ਮੁੱਕ ਜਾਂਦੇ ਹਨ। ਉਹਨਾਂ ਦੇ ਅੰਦਰੋਂ ਭਰਮ ਅਤੇ ਮੋਹ ਦੇ ਹਨੇਰੇ ਨਾਸ ਹੋ ਜਾਂਦੇ ਹਨ, ਮਾਇਆ ਦੇ ਮੋਹ ਦੀਆਂ ਫਾਹੀਆਂ ਟੁੱਟ ਜਾਂਦੀਆਂ ਹਨ, ਮਾਲਕ-ਪ੍ਰਭੂ ਉਹਨਾਂ ਨੂੰ ਸਭਨੀਂ ਥਾਈਂ ਵਿਆਪਕ ਦਿੱਸਦਾ ਹੈ, ਕੋਈ ਭੀ ਉਹਨਾਂ ਨੂੰ ਵੈਰੀ ਨਹੀਂ ਜਾਪਦਾ ।੨।੩।੧੩੨।

ਸਾਰਗ ਮਹਲਾ ੫ ॥ ਹਰਿ ਹਰੇ ਹਰਿ ਮੁਖਹੁ ਬੋਲਿ ਹਰਿ ਹਰੇ ਮਨਿ ਧਾਰੇ ॥ ੧ ॥ ਰਹਾਉ ॥ ਸ੍ਰਵਨ ਸੁਨਨ ਭਗਤਿ ਕਰਨ ਅਨਿਕ ਪਾਤਿਕ ਪੁਨਹਚਰਨ ॥ ਸਰਨ ਪਰਨ ਸਾਧੂ ਆਨ ਬਾਨਿ ਬਿਸਾਰੇ ॥ ੧ ॥ ਹਰਿ ਚਰਨ ਪ੍ਰੀਤਿ ਨੀਤਿ ਪਾਵਨਾ ਮਹਿ ਮਹਾ ਪੁਨੀਤ ॥ ਸੇਵਕ ਭੈ ਦੂਰਿ ਕਰਨ ਕਲਿਮਲ ਦੋਖ ਜਾਰੇ ॥ ਕਹਤ ਮੁਕਤ ਸੁਨਤ ਮੁਕਤ ਰਹਤ ਜਨਮ ਰਹਤੇ ॥ ਰਾਮ ਰਾਮ ਸਾਰ ਭੂਤ ਨਾਨਕ ਤਤੁ ਬੀਚਾਰੇ ॥੨॥੪॥੧੩੩॥

ਪਦ ਅਰਥ :—ਮੁਖਹੁ—ਮੂੰਹ ਤੋਂ । ਬੋਲਿ—ਉਚਾਰਿਆ ਕਰ । ਮਨਿ—ਮਨ ਵਿਚ । ਧਾਰੇ—ਧਾਰਿ, ਵਸਾਈ ਰੱਖ ।੧। ਰਹਾਉ ।

ਸ੍ਰਵਨ—ਕੰਨਾਂ ਨਾਲ । ਪਾਤਿਕ—ਪਾਪ । ਪੁਨਹਚਰਨ—(ਪਾਪਾਂ ਦੀ ਨਿਵਿਰਤੀ ਵਾਸਤੇ ਕੀਤੇ ਹੋਏ) ਪਛਤਾਵੇ ਦੇ ਕਰਮ । ਸਾਧੂ—ਗੁਰੂ । ਆਨ—ਹੋਰ ਹੋਰ । ਬਾਨਿ—ਆਦਤ ।੧।

ਨੀਤਿ ਨੀਤਿ—ਸਦਾ ਸਦਾ । ਪਾਵਨ—ਪਵਿੱਤਰ । ਭੈ—ਡਰ [ਲਫ਼ਜ਼ 'ਭਉ' ਤੋਂ ਬਹੁ ਵਚਨ] । ਕਲਿਮਲ—ਪਾਪ । ਦੋਖ—ਪਾਪ । ਜਾਰੇ—ਸਾੜ ਦੇਂਦਾ ਹੈ । ਮੁਕਤ—ਵਿਕਾਰਾਂ ਤੋਂ ਬਚਿਆ ਹੋਇਆ । ਰਹਤ—ਸੁਚੱਜੀ ਜੀਵਨ-ਮਰਯਾਦਾ ਰੱਖਦਿਆਂ । ਰਹਤੇ—ਬਚ ਜਾਂਦੇ ਹਨ । ਸਾਰ ਭੂਤ—ਸਭ ਤੋਂ ਸ੍ਰੇਸ਼ਟ ਪਦਾਰਥ । ਤਤੁ—ਅਸਲੀਅਤ ।੨।

ਅਰਥ :—ਹੇ ਭਾਈ ! ਸਦਾ ਸਦਾ ਹੀ ਪਰਮਾਤਮਾ ਦਾ ਨਾਮ ਆਪਣੇ ਮੂੰਹੋਂ ਉਚਾਰਿਆ ਕਰ ਅਤੇ ਆਪਣੇ ਮਨ ਵਿਚ ਵਸਾਈ ਰੱਖ । ੧ । ਰਹਾਉ ।

ਹੇ ਭਾਈ ! ਪਰਮਾਤਮਾ ਦਾ ਨਾਮ ਕੰਨੀਂ ਸੁਣਨਾ ਪ੍ਰਭੂ ਦੀ ਭਗਤੀ ਕਰਨੀ—ਇਹੀ ਹੈ ਅਨੇਕਾਂ ਪਾਪਾਂ ਨੂੰ ਦੂਰ ਕਰਨ ਲਈ ਕੀਤੇ ਹੋਏ ਪਛੁਤਾਵੇ-ਮਾਤ੍ਰ ਧਾਰਮਿਕ ਕਰਮ । ਹੇ ਭਾਈ ! ਗੁਰੂ ਦੀ ਸਰਨੀ ਪਏ ਰਹਿਣਾ—ਇਹ ਉੱਦਮ ਹੋਰ ਹੋਰ (ਭੈੜੀਆਂ) ਆਦਤਾਂ (ਮਨ ਵਿਚੋਂ) ਦੂਰ ਕਰ ਦੇਂਦਾ ਹੈ । ੧ ।

ਹੇ ਭਾਈ ! ਸਦਾ ਸਦਾ ਪ੍ਰਭੂ-ਚਰਨਾਂ ਨਾਲ ਪਿਆਰ ਪਾਈ ਰੱਖਣਾ—ਇਹ ਜੀਵਨ

ਨੂੰ ਬਹੁਤ ਹੀ ਪਵਿੱਤਰ ਬਣਾ ਦੇਂਦਾ ਹੈ। ਪ੍ਰਭੂ-ਚਰਨਾਂ ਦੀ ਪ੍ਰੀਤ ਸੇਵਕ ਦੇ ਸਾਰੇ ਡਰ ਦੂਰ ਕਰਨ ਵਾਲੀ ਹੈ, ਸੇਵਕ ਦੇ ਸਾਰੇ ਪਾਪ ਵਿਕਾਰ ਸਾੜ ਦੇਂਦੀ ਹੈ।

ਹੇ ਭਾਈ! ਪ੍ਰਭੂ ਦਾ ਨਾਮ ਸਿਮਰਨ ਵਾਲੇ ਅਤੇ ਸੁਣਨ ਵਾਲੇ ਵਿਕਾਰਾਂ ਤੋਂ ਬਚੇ ਰਹਿੰਦੇ ਹਨ, ਸੁਚੱਜੀ ਰਹਿਣੀ ਰੱਖਣ ਵਾਲੇ ਜੂਨਾਂ ਤੋਂ ਬਚ ਜਾਂਦੇ ਹਨ। ਹੇ ਭਾਈ! ਨਾਨਕ (ਸਾਰੀਆਂ ਵਿਚਾਰਾਂ ਦਾ ਇਹ) ਨਿਚੋੜ ਦੱਸਦਾ ਹੈ ਕਿ ਪਰਮਾਤਮਾ ਦਾ ਨਾਮ ਸਭ ਤੋਂ ਸ੍ਰੇਸ਼ਟ ਪਦਾਰਥ ਹੈ।੨।੪।੧੩੩।

ਸਾਰਗ ਮਹਲਾ ੫ ॥ ਨਾਮ ਭਗਤਿ ਮਾਗੁ ਸੰਤ, ਤਿਆਗਿ ਸਗਲ ਕਾਮੀ ॥ ੧ ॥ ਰਹਾਉ ॥ ਪ੍ਰੀਤਿ ਲਾਇ ਹਰਿ ਧਿਆਇ. ਗੁਨ ਗੋੁਬਿੰਦ ਸਦਾ ਗਾਇ ॥ ਹਰਿ ਜਨ ਕੀ ਰੇਨ ਬਾਂਛੁ, ਦੈਨਹਾਰ ਸੁਆਮੀ ॥ ੧ ॥ ਸਰਬ ਕੁਸਲ ਸੁਖ ਬਿਸ੍ਰਾਮ, ਆਨਦਾ ਆਨੰਦ ਨਾਮ ॥ ਜਮ ਕੀ ਕਛੁ ਨਾਹਿ ਤ੍ਰਾਸ, ਸਿਮਰਿ ਅੰਤਰਜਾਮੀ ॥ ਏਕ ਸਰਨ ਗੋਬਿੰਦ ਚਰਨ. ਸੰਸਾਰ ਸਗਲ ਤਾਪ ਹਰਨ ॥ ਨਾਵ ਰੂਪ ਸਾਧ ਸੰਗਿ, ਨਾਨਕ ਪਾਰਗਰਾਮੀ ॥ ੨ ॥ ੫ ॥ ॥ ੧੩੪ ॥

ਪਦ ਅਰਥ—ਮਾਗੁ—ਮੰਗਦਾ ਰਹੁ। ਕਾਮੀ—ਕੰਮ।੧।ਰਹਾਉ।

ਲਾਇ—ਲਾ ਕੇ। ਗੋੁਬਿੰਦ—[ਅੱਖਰ 'ਗ' ਦੇ ਨਾਲ ਦੋ ਲਾਗਾਂ ਹਨ—ੋ ਅਤੇ ੁ। ਅਸਲ ਲਫ਼ਜ਼ ਹੈ 'ਗੋਬਿੰਦ'। ਇਥੇ 'ਗੁਬਿੰਦ' ਪੜ੍ਹਨਾ ਹੈ]। ਗਾਇ—ਗਾਇਆ ਕਰ। ਰੇਨ—ਚਰਨ-ਧੂੜ। ਬਾਂਛੁ—ਲੋੜਦਾ ਰਹੁ। ਦੇਨਹਾਰ—ਦੇਣ ਦੀ ਸਮਰਥਾ ਵਾਲੇ ਤੋਂ।੧।

ਸਰਬ—ਸਾਰੇ। ਕੁਸਲ—ਸੁਖ। ਬਿਸ੍ਰਾਮ—ਟਿਕਾਣਾ, ਸੋਮਾ। ਤ੍ਰਾਸ—ਡਰ। ਅੰਤਰਜਾਮੀ—ਹਰੇਕ ਦੇ ਦਿਲ ਦੀ ਜਾਣਨ ਵਾਲਾ। ਤਾਪ—ਹਰਨ—ਦੁੱਖ ਦੂਰ ਕਰਨ ਵਾਲਾ। ਨਾਵ—ਬੇੜੀ। ਨਾਵ ਰੂਪ—ਬੇੜੀ ਵਰਗਾ ਹੈ। ਪਾਰਗਰਾਮੀ—(ਸੰਸਾਰ-ਸਮੁੰਦਰ ਤੋਂ) ਪਾਰ ਲੰਘਾਣ ਵਾਲਾ।੨।

ਅਰਥ:—ਹੇ ਭਾਈ! ਹੋਰ ਸਾਰੇ ਆਹਰ ਛੱਡ ਕੇ (ਭੀ) ਸੰਤ ਜਨਾਂ ਪਾਸੋਂ ਪਰਮਾਤਮਾ ਦਾ ਨਾਮ ਪਰਮਾਤਮਾ ਦੀ ਭਗਤੀ ਮੰਗਦਾ ਰਿਹਾ ਕਰ।੧।ਰਹਾਉ।

ਹੇ ਭਾਈ! ਪਿਆਰ ਨਾਲ ਪਰਮਾਤਮਾ ਦਾ ਧਿਆਨ ਧਰਿਆ ਕਰ, ਸਦਾ ਗੋਬਿੰਦ ਦੇ ਗੁਣ ਗਾਂਦਾ ਰਿਹਾ ਕਰ। ਉਸ ਸਭ ਕੁਝ ਦੇ ਸਕਣ ਵਾਲੇ ਮਾਲਕ-ਪ੍ਰਭੂ ਤੋਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਰਿਹਾ ਕਰ।੧।

ਹੇ ਭਾਈ! ਪਰਮਾਤਮਾ ਦਾ ਨਾਮ ਸਾਰੇ ਸੁਖਾਂ ਦਾ ਸਾਰੀਆਂ ਖ਼ੁਸ਼ੀਆਂ ਦਾ, ਸਾਰੇ

ਆਨੰਦਾਂ ਦਾ ਸੋਮਾ ਹੈ। ਹਰੇਕ ਦੇ ਦਿਲ ਦੀ ਜਾਣਨ ਵਾਲੇ ਪ੍ਰਭੂ ਦਾ ਨਾਮ ਸਿਮਰਿਆ ਕਰ, ਜਮਾਂ ਦਾ (ਭੀ) ਕੋਈ ਡਰ ਨਹੀਂ ਰਹਿ ਜਾਂਦਾ।

ਹੇ ਨਾਨਕ ! ਇਕ ਪਰਮਾਤਮਾ ਦੇ ਚਰਨਾਂ ਦੀ ਸਰਨ ਜਗਤ ਦੇ ਸਾਰੇ ਦੁੱਖ-ਕਲੇਸ਼ ਦੂਰ ਕਰਨ ਜੋਗੀ ਹੈ। (ਇਹ ਸਰਨ ਸਾਧ ਸੰਗਤਿ ਵਿਚ ਹੀ ਮਿਲਦੀ ਹੈ, ਤੇ) ਸਾਧ ਸੰਗਤਿ ਬੇੜੀ ਵਾਂਗ (ਸੰਸਾਰ-ਸਮੁੰਦਰ ਤੋਂ) ਪਾਰ ਲੰਘਾਣ ਵਾਲੀ ਹੈ।੨।੫। ੧੩੪।

ਸਾਰਗ ਮਹਲਾ ੫ ॥ ਗੁਨ ਲਾਲ ਗਾਵਉ ਗੁਰ ਦੇਖੇ ॥ ਪੰਚਾ ਤੇ ਏਕੁ ਛੂਟਾ ਜਉ ਸਾਧ ਸੰਗਿ ਪਗਰਉ ॥ ੧ ॥ ਰਹਾਉ ॥ ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗਿ ਮੋਹਾ ॥ ਏਕੈ ਹਰਿ ਪ੍ਰੀਤਿ ਲਾਇ ਮਿਲਿ ਸਾਧ ਸੰਗਿ ਸੋਹਾ ॥ ੧ ॥ ਪਾਇਓ ਹੈ ਗੁਣ ਨਿਧਾਨੁ ਸਗਲ ਆਸ ਪੂਰੀ ॥ ਨਾਨਕ ਮਨਿ ਅਨੰਦ ਭਏ ਗੁਰਿ ਬਿਖਮ ਗਾਰ੍ਹ ਤੋਰੀ ॥ ੨ ॥ ੬ ॥ ੧੩੫ ॥

ਪਦ ਅਰਥ :—ਗੁਨ ਲਾਲ—ਸੋਹਣੇ ਪ੍ਰਭੂ ਦੇ ਗੁਣ। ਗਾਵਉ—ਗਾਵਉਂ, ਮੈਂ ਗਾਂਦਾ ਹਾਂ। ਗੁਰ ਦੇਖੇ—ਗੁਰ ਦੇਖਿ, ਗੁਰੂ ਦਾ ਦਰਸਨ ਕਰ ਕੇ। ਪੰਚਾ ਤੇ—(ਕਾਮਾਦਿਕ) ਪੰਜਾਂ ਤੋਂ। ਏਕੁ—ਮਨ। ਜਉ—ਜਦੋਂ। ਸਾਧ ਸੰਗਿ—ਸਾਧ ਸੰਗਤਿ ਵਿਚ। ਪਗਰਉ—ਮੈਂ ਫੜਾਂ (ਹਰੀ ਦੇ ਚਰਨ)।੧। ਰਹਾਉ।

ਦਿਸਟਉ—ਦ੍ਰਿਸ਼ਟਮਾਨ, ਦਿੱਸਦਾ ਜਗਤ। ਸੰਗਿ—ਨਾਲ। ਜਾਇ—ਜਾਂਦਾ। ਮਾਨੁ—ਅਹੰਕਾਰ। ਮਿਲਿ—ਮਿਲ ਕੇ। ਸੋਹਾ—ਜੀਵਨ ਸੋਹਣਾ ਬਣ ਜਾਂਦਾ ਹੈ।੧।

ਗੁਣ ਨਿਧਾਨ-ਗੁਣਾਂ ਦਾ ਖ਼ਜ਼ਾਨਾ ਹਰੀ। ਮਨਿ—ਮਨ ਵਿਚ। ਗੁਰਿ—ਗੁਰੂ ਨੇ। ਬਿਖਮ—ਔਖੀ। ਗਾਰ੍ਹ—ਗੰਢ। ਤੋਰੀ—ਤੋੜ ਦਿੱਤੀ ਹੈ।੨।

ਅਰਥ :—ਹੇ ਭਾਈ ! ਜਦੋਂ ਗੁਰੂ ਦਾ ਦਰਸਨ ਕਰ ਕੇ ਮੈਂ ਸੋਹਣੇ ਹਰੀ ਦੇ ਗੁਣ ਗਾਂਦਾ ਹਾਂ, ਜਦੋਂ ਗੁਰੂ ਦੀ ਸੰਗਤਿ ਵਿਚ ਟਿਕ ਕੇ ਮੈਂ (ਪ੍ਰਭੂ ਦੇ ਚਰਨ) ਫੜਦਾ ਹਾਂ, ਤਾਂ (ਮੇਰਾ ਇਹ) ਮਨ (ਕਾਮਾਦਿਕ) ਪੰਜਾਂ (ਦੇ ਪੰਜੇ) ਤੋਂ ਨਿਕਲ ਜਾਂਦਾ ਹੈ।੧। ਰਹਾਉ।

ਹੇ ਭਾਈ ! (ਇਹ ਜੋ) ਦਿੱਸਦਾ ਜਗਤ (ਹੈ, ਇਸ ਵਿਚੋਂ) ਕੁਝ ਭੀ (ਕਿਸੇ ਦੇ) ਨਾਲ ਨਹੀਂ ਜਾਂਦਾ (ਇਸ ਵਾਸਤੇ ਇਸ ਦਾ) ਮਾਣ ਤੇ ਮੋਹ ਛੱਡ ਦੇਹ। ਸਾਧ ਸੰਗਤਿ ਵਿਚ ਮਿਲ ਕੇ ਇਕ ਪਰਮਾਤਮਾ ਦੇ ਚਰਨਾਂ ਨਾਲ ਪ੍ਰੀਤ ਜੋੜ (ਇਸ ਤਰ੍ਹਾਂ ਜੀਵਨ)

ਸੋਹਣਾ ਬਣ ਜਾਂਦਾ ਹੈ। ੧।

ਹੇ ਨਾਨਕ! (ਆਖ—ਹੇ ਭਾਈ!) ਮੈਂ ਗੁਣਾਂ ਦਾ ਖ਼ਜ਼ਾਨਾ ਪ੍ਰਭੂ ਲੱਭ ਲਿਆ ਹੈ, ਮੇਰੀ ਸਾਰੀ ਆਸ ਪੂਰੀ ਹੋ ਗਈ ਹੈ। ਗੁਰੂ ਨੇ (ਮੇਰੇ ਅੰਦਰੋਂ ਮਾਇਆ ਦੇ ਮੋਹ ਦੀ) ਕਰੜੀ ਗੰਢ ਖੋਹਲ ਦਿੱਤੀ ਹੈ, ਹੁਣ ਮੇਰੇ ਮਨ ਵਿਚ ਆਨੰਦ ਹੀ ਆਨੰਦ ਬਣ ਗਏ ਹਨ। ੨। ੬। ੧੩੫।

ਸਾਰਗ ਮਹਲਾ ੫ ॥ ਮਨਿ ਬਿਰਾਗੈਗੀ ॥ ਖੋਜਤੀ ਦਰਸਾਰ ॥ ੧ ॥ ਰਹਾਉ ॥ ਸਾਧੂ ਸੰਤਨ ਸੇਵਿ ਕੈ ਪ੍ਰਿਉ ਹੀਅਰੈ ਧਿਆਇਓ ॥ ਆਨੰਦ ਰੂਪੀ ਪੇਖਿ ਕੈ ਹਉ ਮਹਲੁ ਪਾਵਉਗੀ ॥ ੧ ॥ ਕਾਮ ਕਰੀ ਸਭ ਤਿਆਗਿ ਕੈ ਹਉ ਸਰਣਿ ਪਰਉਗੀ ॥ ਨਾਨਕ ਸੁਆਮੀ ਗਰਿ ਮਿਲੇ ਹਉ ਗੁਰ ਮਨਾਵਉਗੀ ॥ ੨ ॥ ੭ ॥ ੧੩੬ ॥

ਪਦ ਅਰਥ :—ਮਨਿ—ਮਨ ਵਿਚ। ਬਿਰਾਗੈਗੀ—ਵੈਰਾਗਵਾਨ ਹੋਵੇਗੀ (ਮੇਰੀ ਜਿੰਦ), (ਮੇਰੀ ਜਿੰਦ) ਵੈਰਾਗਵਾਨ ਹੁੰਦੀ ਹੈ। ਖੋਜਤੀ—ਖੋਜ ਕਰਦੀ ਕਰਦੀ। ਦਰਸਾਰ—ਦਰਸ਼ਨ। ੧। ਰਹਾਉ।

ਸੇਵਿ ਕੈ—ਸੇਵਾ ਕਰ ਕੇ। ਪ੍ਰਿਉ—ਪਿਆਰਾ ਪ੍ਰਭੂ। ਹੀਅਰੈ—ਹਿਰਦੇ ਵਿਚ। ਪੇਖਿ ਕੈ—ਵੇਖ ਕੇ, ਦਰਸਨ ਕਰ ਕੇ। ਹਉ—ਹਉਂ, ਮੈਂ। ਮਹਲੁ—(ਪ੍ਰਭੂ-ਚਰਨਾਂ ਵਿਚ) ਟਿਕਾਣਾ। ਪਾਵਉਗੀ—ਮੈਂ ਪ੍ਰਾਪਤ ਕਰਾਂਗੀ। ੧।

ਕਾਮ ਕਰੀ—ਕੰਮ-ਕਾਰ, ਕੰਮ-ਧੰਧੇ। ਗਰਿ—ਗਲ ਨਾਲ। ਗੁਰ ਮਨਾਵਉਗੀ—ਮੈਂ ਗੁਰੂ ਦੀ ਪ੍ਰਸੰਨਤਾ ਹਾਸਲ ਕਰਾਂਗੀ। ੨।

ਅਰਥ :—ਹੇ ਸਖੀ! (ਪ੍ਰਭੂ ਦਾ) ਦਰਸਨ ਕਰਨ ਦਾ ਜਤਨ ਕਰਦੀ ਕਰਦੀ ਮੇਰੀ ਜਿੰਦ ਮਨ ਵਿਚ ਵੈਰਾਗ ਵਾਲੀ ਹੁੰਦੀ ਜਾਂਦੀ ਹੈ। ੧। ਰਹਾਉ।

ਹੇ ਸਖੀ! ਸੰਤ ਜਨਾਂ ਦੀ ਸੇਵਾ ਕਰ ਕੇ (ਸਾਧ ਸੰਗਤਿ ਦੀ ਬਰਕਤਿ ਨਾਲ) ਮੈਂ ਪਿਆਰੇ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਤੇ, ਉਸ ਆਨੰਦ-ਸਰੂਪ ਦਾ ਦਰਸਨ ਕਰ ਕੇ ਮੈਂ ਉਸ ਦੇ ਚਰਨਾਂ ਵਿਚ ਟਿਕਾਣਾ ਪ੍ਰਾਪਤ ਕਰ ਲਿਆ ਹੈ। ੧।

ਹੇ ਸਖੀ! (ਜਗਤ ਦੇ) ਕੰਮ-ਧੰਧਿਆਂ ਦਾ ਸਾਰਾ ਮੋਹ ਛੱਡ ਕੇ ਮੈਂ ਪ੍ਰਭੂ ਦੀ ਸਰਨ ਪਈ ਰਹਿੰਦੀ ਹਾਂ। ਹੇ ਨਾਨਕ! (ਆਖ—ਹੇ ਸਖੀ! ਜਿਸ ਗੁਰੂ ਦੀ ਕਿਰਪਾ ਨਾਲ) ਮਾਲਕ-ਪ੍ਰਭੂ ਜੀ (ਮੇਰੇ) ਗਲ ਨਾਲ ਆ ਲੱਗੇ ਹਨ, ਮੈਂ (ਉਸ) ਗੁਰੂ ਦੀ ਪ੍ਰਸੰਨਤਾ

ਪ੍ਰਾਪਤ ਕਰਦੀ ਰਹਿੰਦੀ ਹਾਂ । ੨ । ੭ । ੧੩੬ ।

ਸਾਰਗ ਮਹਲਾ ੫ ॥ ਐਸੀ ਹੋਇ ਪਰੀ ॥ ਜਾਨਤੇ ਦਇਆਰ ॥ ੧ ॥ ਰਹਾਉ ॥ ਮਾਤਰ ਪਿਤਰ ਤਿਆਗਿ ਕੈ ਮਨੁ ਸੰਤਨ ਪਾਹਿ ਬੇਚਾਇਓ ॥ ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ ॥ ੧ ॥ ਲੋਕ ਕੁਟੰਬ ਤੇ ਟੂਟੀਐ ਪ੍ਰਭ ਕਿਰਤਿ ਕਿਰਤਿ ਕਰੀ ॥ ਗੁਰਿ ਮੋ ਕਉ ਉਪਦੇਸਿਆ ਨਾਨਕ ਸੇਵਿ ਏਕ ਹਰੀ ॥ ੨ ॥ ੮ ॥ ੧੩੭ ॥

ਪਦ ਅਰਥ :—ਐਸੀ—ਇਹੋ ਜਿਹੀ ਹਾਲਤ । ਹੋਇ ਪਰੀ—ਹੋ ਗਈ ਹੈ । ਜਾਨਤੇ—ਜਾਣਦਾ ਹੈ । ਦਇਆਰ—ਦਇਆਲ ਪ੍ਰਭੂ । ੧ । ਰਹਾਉ ।

ਮਾਤਰ—ਮਾਂ । ਪਿਤਰ—ਪਿਤਾ । ਤਿਆਗਿ ਕੈ—(ਮੋਹ) ਛੱਡ ਕੇ । ਪਾਹਿ—ਪਾਸ, ਕੋਲ । ਬੇਚਾਇਓ—ਵੇਚ ਦਿੱਤਾ ਹੈ । ਖੋਈਐ—ਗਵਾ ਦਿੱਤੀ ਹੈ । ਹਉ—ਹਉਂ, ਮੈਂ । ਗਾਵਉ—ਗਾਵਉਂ, ਗਾਂਦਾ ਰਹਿੰਦਾ ਹਾਂ । ੧ ।

ਤੇ—ਤੋਂ । ਟੂਟੀਐ—ਟੁੱਟ ਗਈ ਹੈ । ਕਿਰਤਿ—ਕ੍ਰਿਤਜ, ਨਿਹਾਲ । ਕਰੀ—ਕਰ ਦਿੱਤਾ ਹੈ । ਗੁਰਿ—ਗੁਰੂ ਨੇ । ਮੋ ਕਉ—ਮੈਨੂੰ । ਨਾਨਕ—ਹੇ ਨਾਨਕ ! ਸੇਵਿ—ਸੇਵਾ ਕਰ, ਸਰਨ ਪਿਆ ਰਹੁ । ੨ ।

ਅਰਥ :—ਹੇ ਭਾਈ ! (ਮੇਰੇ ਮਨ ਦੀ ਹਾਲਤ) ਇਹੋ ਜਿਹੀ ਹੋ ਗਈ ਹੈ(ਤੇ, ਇਸ ਹਾਲਤ ਨੂੰ) ਦਇਆਲ ਪ੍ਰਭੂ (ਆਪ) ਜਾਣਦਾ ਹੈ । ੧ । ਰਹਾਉ ।

ਹੇ ਭਾਈ ! (ਗੁਰੂ ਦੇ ਉਪਦੇਸ਼ ਦੀ ਬਰਕਤਿ ਨਾਲ) ਮਾਤਾ ਪਿਤਾ (ਆਦਿਕ ਸੰਬੰਧੀਆਂ ਦਾ ਮੋਹ) ਛੱਡ ਕੇ ਮੈਂ ਆਪਣਾ ਮਨ ਸੰਤ ਜਨਾਂ ਦੇ ਹਵਾਲੇ ਕਰ ਦਿੱਤਾ ਹੈ, ਮੈਂ (ਉੱਚੀ) ਜਾਤਿ ਕੁਲ ਜਨਮ (ਦਾ ਮਾਣ) ਛੱਡ ਦਿੱਤਾ ਹੈ, ਅਤੇ ਮੈਂ (ਹਰ ਵੇਲੇ) ਪਰਮਾਤਮਾ ਦੀ ਸਿਫ਼ਤਿ ਸਾਲਾਹ ਹੀ ਕਰਦਾ ਹਾਂ (ਆਪਣੀ ਕੁਲ ਆਦਿਕ ਨੂੰ ਸਾਲਾਹਣ ਦੇ ਥਾਂ) । ੧ ।

ਹੇ ਨਾਨਕ ! (ਆਖ—ਹੇ ਭਾਈ ! ਗੁਰੂ ਦੇ ਉਪਦੇਸ਼ ਦੀ ਬਰਕਤਿ ਨਾਲ ਮੇਰੀ ਪ੍ਰੀਤ) ਲੋਕਾਂ ਨਾਲੋਂ ਕੁਟੰਬ ਨਾਲੋਂ ਟੁੱਟ ਗਈ ਹੈ, ਪ੍ਰਭੂ ਨੇ ਮੈਨੂੰ ਨਿਹਾਲ ਨਿਹਾਲ ਕਰ ਦਿੱਤਾ ਹੈ । ਗੁਰੂ ਨੇ ਮੈਨੂੰ ਸਿੱਖਿਆ ਦਿੱਤੀ ਹੈ ਕਿ ਸਦਾ ਇਕ ਪਰਮਾਤਮਾ ਦੀ ਸਰਨ ਪਿਆ ਰਹੁ । ੨ । ੮ । ੧੩੭ ।

ਸਾਰਗ ਮਹਲਾ ੫ ॥ ਲਾਲ ਲਾਲ ਮੋਹਨ ਗੋਪਾਲ ਤੂ ॥ ਕੀਟ ਹਸਤਿ ਪਾਖਾਣ ਜੰਤ ਸਰਬ ਮੈ ਪ੍ਰਤਿਪਾਲ ਤੂ ॥ ੧ ॥ ਰਹਾਉ ॥

ਨਹ ਦੂਰਿ, ਪੂਰਿ ਹਜੂਰਿ ਸੰਗੇ ॥ ਸੁੰਦਰ ਰਸਾਲ ਤੂ ॥ ੧ ॥ ਨਹ ਬਰਨ ਬਰਨ ਨਹ ਕੁਲਹ ਕੁਲ ॥ ਨਾਨਕ ਪ੍ਰਭ ਕਿਰਪਾਲ ਤੂ ॥ ੨ ॥ ੯ ॥ ੧੩੮ ॥

ਪਦ ਅਰਥ :—ਲਾਲ—ਸੋਹਣਾ। ਮੋਹਨ—ਮੋਹ ਲੈਣ ਵਾਲਾ। ਗੋਪਾਲ—ਹੇ ਜਗਤ-ਰੱਖਿਅਕ! ਕੀਟ—ਕੀੜੇ। ਹਸਤਿ—ਹਾਥੀ। ਪਾਖਾਣ—ਪੱਥਰ। ਸਰਬ ਮੈ—ਸਭਨਾਂ ਵਿਚ ਵਿਆਪਕ। ਪ੍ਰਤਿਪਾਲ—ਪਾਲਣ ਵਾਲਾ। ੧। ਰਹਾਉ।

ਪੂਰਿ—ਵਿਆਪਕ। ਹਜੂਰਿ—ਹਾਜ਼ਰ-ਨਾਜ਼ਰ, ਪ੍ਰਤੱਖ। ਸੰਗੇ—ਨਾਲ। ਰਸਾਲ—ਸਭ ਰਸਾਂ ਦਾ ਘਰ [ਆਲਯ]। ੧।

ਪ੍ਰਭ—ਹੇ ਪ੍ਰਭੂ! ਕਿਰਪਾਲ—ਦਇਆਵਾਨ। ੨।

ਅਰਥ :—ਹੇ ਜਗਤ-ਰੱਖਿਅਕ ਪ੍ਰਭੂ! ਤੂੰ ਸੋਹਣਾ ਹੈਂ, ਤੂੰ ਸੋਹਣਾ ਹੈਂ, ਤੂੰ ਮਨ ਨੂੰ ਮੋਹ ਲੈਣ ਵਾਲਾ ਹੈਂ। ਹੇ ਸਭ ਦੇ ਪਾਲਣਹਾਰ! ਕੀੜੇ, ਹਾਥੀ, ਪੱਥਰਾਂ ਦੇ (ਵਿਚ ਵੱਸਦੇ) ਜੰਤ—ਇਹਨਾਂ ਸਭਨਾਂ ਵਿਚ ਹੀ ਤੂੰ ਮੌਜੂਦ ਹੈਂ। ੧। ਰਹਾਉ।

ਹੇ ਪ੍ਰਭੂ! ਤੂੰ (ਕਿਸੇ ਜੀਵ ਤੋਂ) ਦੂਰ ਨਹੀਂ ਹੈਂ, ਤੂੰ ਸਭ ਵਿਚ ਵਿਆਪਕ ਹੈਂ, ਤੂੰ ਪ੍ਰਤੱਖ ਦਿੱਸਦਾ ਹੈਂ, ਤੂੰ (ਸਭ ਜੀਵਾਂ ਦੇ) ਨਾਲ ਹੈਂ। ਤੂੰ ਸੋਹਣਾ ਹੈਂ, ਤੂੰ ਸਭ ਰਸਾਂ ਦਾ ਸੋਮਾ ਹੈਂ। ੧।

ਹੇ ਨਾਨਕ! (ਆਖ—ਹੇ ਪ੍ਰਭੂ! ਲੋਕਾਂ ਦੇ ਮਿਥੇ ਹੋਏ) ਵਰਨਾਂ ਵਿਚੋਂ ਤੇਰਾ ਕੋਈ ਵਰਨ ਨਹੀਂ ਹੈ (ਲੋਕਾਂ ਦੀਆਂ ਮਿਥੀਆਂ) ਕੁਲਾਂ ਵਿਚੋਂ ਤੇਰੀ ਕੋਈ ਕੁਲ ਨਹੀਂ (ਤੂੰ ਕਿਸੇ ਖਾਸ ਕੁਲ ਖਾਸ ਵਰਣ ਦਾ ਪੱਖ ਨਹੀਂ ਕਰਦਾ) ਤੂੰ (ਸਭਨਾਂ ਉਤੇ ਸਦਾ) ਦਇਆ-ਵਾਨ ਰਹਿੰਦਾ ਹੈਂ। ੨। ੯। ੧੩੮।

ਸਾਰਗ ਮਃ ੫ ॥ ਕਰਤ ਕੇਲ ਬਿਖੈ ਮੇਲ ਚੰਦ੍ਰ ਸੂਰ ਮੋਹੇ ॥ ਉਪਜਤਾ ਬਿਕਾਰ ਦੁੰਦਰ, ਨਉਪਰੀ ਝੁਨੰਤਕਾਰ ਸੁੰਦਰ, ਅਨਿਗ ਭਾਉ ਕਰਤ ਫਿਰਤ, ਬਿਨੁ ਗੋਪਾਲ ਧੋਹੇ ॥ ਰਹਾਉ ॥ ਤੀਨਿ ਭਉਨੇ ਲਪਟਾਇ ਰਹੀ, ਕਾਚ ਕਰਮਿ ਨ ਜਾਤ ਸਹੀ, ਉਨਮਤ ਅੰਧ ਧੰਧ ਰਚਿਤ ਜੈਸੇ ਮਹਾ ਸਾਗਰ ਹੋਹੇ ॥ ੧ ॥ ਉਧਰੇ ਹਰਿ ਸੰਤ ਦਾਸ, ਕਾਟਿ ਦੀਨੀ ਜਮ ਕੀ ਫਾਸ, ਪਤਿਤ ਪਾਵਨ ਨਾਮੁ ਜਾ ਕੋ, ਸਿਮਰਿ ਨਾਨਕ ਓਹੇ ॥ ੨ ॥ ੧੦ ॥ ੧੩੯ ॥ ੩ ॥ ॥ ੧੩ ॥ ੧੫੫ ॥

ਪਦ ਅਰਥ:—ਕੇਲ—ਚੋਜ-ਤਮਾਸ਼ੇ। ਬਿਖੈ—ਵਿਸ਼ੇ-ਵਿਕਾਰ। ਸੂਰ—ਸੂਰਜ (ਦੇਵਤਾ)।

ਦੁੰਦਰ–ਝਗੜਾਲੂ, ਖਰੂਦੀ। ਨਉਪਰੀ–[ਨੂਪੁਰ] ਝਾਂਜਰਾਂ। ਝੁਨੰਤਕਾਰ–ਛਣਕਾਰ। ਅਨਿਗ–ਅਨੇਕਾਂ। ਭਾਉ–ਹਾਵ-ਭਾਵ। ਧੋਹੇ–ਠੱਗ ਲੈਂਦੀ ਹੈ। ਰਹਾਉ।

ਭਉਨੇ–ਭਵਨਾਂ ਵਿਚ। ਲਪਟਾਇ ਰਹੀ–ਚੰਬੜੀ ਰਹਿੰਦੀ ਹੈ। ਕਾਚ ਕਰਮਿ–ਕੱਚੇ ਕਰਮ ਨਾਲ। ਨ ਜਾਤ ਸਹੀ–ਸਹਾਰੀ ਨਹੀਂ ਜਾਂਦੀ। ਉਨਮਤ–ਮਸਤ। ਅੰਧ–ਅੰਨ੍ਹੇ। ਧੰਧ ਰਚਿਤ–ਧੰਧਿਆਂ ਵਿਚ ਰੁੱਝੇ ਹੋਇ। ਹੋਹੇ–ਧੱਕੇ। ੧।

ਉਧਰੇ–ਬਚ ਗਏ। ਫਾਸ–ਫਾਹੀ। ਪਤਿਤ ਪਾਵਨ–ਵਿਕਾਰੀਆਂ ਨੂੰ ਪਵਿੱਤਰ ਕਰਨ ਵਾਲਾ। ਜਾ ਕੋ–ਜਿਸ (ਪ੍ਰਭੂ) ਦਾ। ਓਹੇ–ਉਸੇ ਪ੍ਰਭੂ ਨੂੰ। ੨।

ਹੇ ਭਾਈ! (ਮਾਇਆ ਅਨੇਕਾਂ) ਕਲੋਲ ਕਰਦੀ ਹੈ, (ਜੀਵਾਂ ਨੂੰ) ਵਿਸ਼ੇ-ਵਿਕਾਰਾਂ ਨਾਲ ਜੋੜਦੀ ਹੈ, ਚੰਦ੍ਰਮਾ ਸੂਰਜ ਆਦਿਕ ਸਭ ਦੇਵਤੇ ਇਸ ਨੇ ਆਪਣੇ ਜਾਲ ਵਿਚ ਫਸਾ ਰੱਖੇ ਹਨ। ਹੇ ਭਾਈ! (ਮਾਇਆ ਦੇ ਪ੍ਰਭਾਵ ਹੇਠ ਜੀਵਾਂ ਦੇ ਅੰਦਰ) ਖਰੂਦੀ ਵਿਕਾਰ ਪੈਦਾ ਹੋ ਜਾਂਦੇ ਹਨ, ਝਾਂਜਰਾਂ ਦੀ ਛਣਕਾਰ ਵਾਂਗ ਮਾਇਆ ਜੀਵਾਂ ਨੂੰ ਪਿਆਰੀ ਲੱਗਦੀ ਹੈ, ਇਹ ਮਾਇਆ ਅਨੇਕਾਂ ਹਾਵ-ਭਾਵ ਕਰਦੀ ਫਿਰਦੀ ਹੈ। ਜਗਤ-ਰੱਖਿਅਕ ਪ੍ਰਭੂ ਤੋਂ ਬਿਨਾ ਮਾਇਆ ਨੇ ਸਭ ਜੀਵਾਂ ਨੂੰ ਠੱਗ ਲਿਆ ਹੈ। ਰਹਾਉ।

ਹੇ ਭਾਈ! ਮਾਇਆ ਤਿੰਨਾਂ ਭਵਨਾਂ (ਦੇ ਜੀਵਾਂ) ਨੂੰ ਚੰਬੜੀ ਰਹਿੰਦੀ ਹੈ, (ਪੁੰਨ ਦਾਨ ਤੀਰਥ ਆਦਿਕ) ਕੱਚੇ ਕਰਮ ਦੀ (ਇਸ ਮਾਇਆ ਦੀ ਸੱਟ) ਸਹਾਰੀ ਨਹੀਂ ਜਾ ਸਕਦੀ। ਜੀਵ ਮਾਇਆ ਦੇ ਮੋਹ ਵਿਚ ਮਸਤ ਤੇ ਅੰਨ੍ਹੇ ਹੋਏ ਰਹਿੰਦੇ ਹਨ, ਜਗਤ ਦੇ ਧੰਧਿਆਂ ਵਿਚ ਰੁੱਝੇ ਰਹਿੰਦੇ ਹਨ (ਇਉਂ ਧੱਕੇ ਖਾਂਦੇ ਹਨ) ਜਿਵੇਂ ਵੱਡੇ ਸਮੁੰਦਰ ਵਿਚ ਧੱਕੇ ਲੱਗਦੇ ਹਨ। ੧।

ਹੇ ਭਾਈ! (ਮਾਇਆ ਦੇ ਅਸਰ ਤੋਂ) ਪਰਮਾਤਮਾ ਦੇ ਸੰਤ ਪ੍ਰਭੂ ਦੇ ਦਾਸ (ਹੀ) ਬਚਦੇ ਹਨ, ਪ੍ਰਭੂ ਨੇ ਉਹਨਾਂ ਦੀ ਜਮਾਂ ਵਾਲੀ (ਆਤਮਕ ਮੌਤ ਦੀ) ਫਾਹੀ ਕੱਟ ਦਿੱਤੀ ਹੁੰਦੀ ਹੈ। ਹੇ ਨਾਨਕ! ਜਿਸ ਪ੍ਰਭੂ ਦਾ ਨਾਮ 'ਪਤਿਤ ਪਾਵਨ' (-ਪਾਪੀਆਂ ਨੂੰ ਪਵਿੱਤਰ ਕਰਨ ਵਾਲਾ) ਹੈ, ਉਸੇ ਦਾ ਨਾਮ ਸਿਮਰਿਆ ਕਰ। ੨। ੧੦। ੧੩੯। ੧੫੫।

ੴ ਸਤਿਗੁਰਪ੍ਰਸਾਦਿ ॥ ਰਾਗੁ ਸਾਰੰਗ ਮਹਲਾ ੯ ॥ ਹਰਿ ਬਿਨੁ ਤੇਰੋ ਕੋ ਨ ਸਹਾਈ ॥ ਕਾਂ ਕੀ ਮਾਤ ਪਿਤਾ ਸੁਤ ਬਨਿਤਾ ਕੋ ਕਾਹੂ ਕੋ ਭਾਈ ॥ ੧ ॥ ਰਹਾਉ ॥ ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥ ਤਨ ਛੂਟੈ ਕਛੁ ਸੰਗਿ ਨ ਚਾਲੈ ਕਹਾ ਤਾਹਿ ਲਪਟਾਈ ॥

੧ ॥ ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚ ਨ ਬਢਾਈ ॥ ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥ ੨ ॥ ੧ ॥

ਪਦ ਅਰਥ:—ਤਰੋ—ਤੇਰਾ। ਕੋ—ਕੋਈ (ਵਿਅਕਤੀ)। ਸਹਾਈ—ਮਦਦ ਕਰਨ ਵਾਲਾ। ਕਾਂ ਕੀ—ਕਿਸ ਦੀ? ਮਾਤ—ਮਾਂ। ਸੁਤ—ਪੁੱਤਰ। ਬਨਿਤਾ—ਇਸਤ੍ਰੀ। ਕੌ—ਕੌਣ? ਕਾਹੂ ਕੋ—ਕਿਸੇ ਦਾ। ਭਾਈ—ਭਰਾ। ੧। ਰਹਾਉ।

ਧਰਨੀ—ਧਰਤੀ। ਅਰੁ—ਅਤੇ [ਅਰਿ—ਵੈਰੀ]। ਸੰਪਤਿ—ਪਦਾਰਥ। ਸਗਰੀ—ਸਾਰੀ। ਅਪਨਾਈ—ਆਪਣਾ। ਛੂਟੈ—ਖੁੱਸ ਜਾਂਦਾ ਹੈ, ਸਾਥ ਛੁੱਟ ਜਾਂਦਾ ਹੈ। ਸੰਗਿ—(ਜੀਵ ਦੇ) ਨਾਲ। ਕਹਾ—ਕਿਉ? ਲਪਟਾਈ—ਚੰਬੜਿਆ ਰਹਿੰਦਾ ਹੈ। ੧।

ਦੀਨ—ਗਰੀਬ। ਦੁਖ ਭੰਜਨ—ਦੁੱਖਾਂ ਦਾ ਨਾਸ ਕਰਨ ਵਾਲਾ। ਤਾ ਸਿਉ—ਉਸ (ਪ੍ਰਭੂ) ਨਾਲ। ਰੁਚ—ਪਿਆਰ। ਨ ਬਢਾਈ—ਨਹੀਂ ਵਧਾਂਦਾ। ਮਿਥਿਆ—ਨਾਸਵੰਤ। ਰੈਨਾਈ—ਰਾਤ ਦਾ। ੨।

ਅਰਥ:— ਹੇ ਭਾਈ! ਪਰਮਾਤਮਾ ਤੋਂ ਬਿਨਾ ਤੇਰਾ (ਹੋਰ) ਕੋਈ ਭੀ ਸਹਾਇਤਾ ਕਰਨ ਵਾਲਿ ਨਹੀਂ ਹੈ। ਹੇ ਭਾਈ! ਕੌਣ ਕਿਸੇ ਦੀ ਮਾਂ? ਕੌਣ ਕਿਸੇ ਦਾ ਪਿਉ? ਕੌਣ ਕਿਸੇ ਦਾ ਪੁੱਤਰ? ਕੌਣ ਕਿਸੇ ਦੀ ਵਹੁਟੀ? (ਜਦੋਂ ਸਰੀਰ ਨਾਲੋਂ ਸਾਥ ਮੁੱਕ ਜਾਂਦਾ ਹੈ ਤਦੋਂ) ਕੌਣ ਕਿਸੇ ਦਾ ਭਰਾ ਬਣਦਾ ਹੈ? (ਕੋਈ ਨਹੀਂ)। ੧। ਰਹਾਉ।

ਹੇ ਭਾਈ! ਇਹ ਧਨ ਧਰਤੀ ਸਾਰੀ ਮਾਇਆ ਜਿੰਨ੍ਹਾਂ ਨੂੰ ਆਪਣੇ ਸਮਝੀ ਬੈਠਾ ਹੈ, ਜਦੋਂ ਸਰੀਰ ਨਾਲੋਂ ਸਾਥ ਮੁੱਕਦਾ ਹੈ, ਕੋਈ ਚੀਜ਼ ਭੀ (ਜੀਵ ਦੇ) ਨਾਲ ਨਹੀਂ ਤੁਰਦੀ। ਫਿਰ ਜੀਵ ਕਿਉਂ ਇਹਨਾਂ ਨਾਲ ਚੰਬੜਿਆ ਰਹਿੰਦਾ ਹੈ? ੧।

ਹੇ ਭਾਈ! ਜਿਹੜਾ ਪ੍ਰਭੂ ਗਰੀਬਾਂ ਉਤੇ ਦਇਆ ਕਰਨ ਵਾਲਾ ਹੈ, ਜੋ ਸਦਾ (ਜੀਵਾਂ ਦੇ) ਦੁੱਖਾਂ ਦਾ ਨਾਸ ਕਰਨ ਵਾਲਾ ਹੈ, ਤੂੰ ਉਸ ਨਾਲ ਪਿਆਰ ਨਹੀਂ ਵਧਾਂਦਾ। ਨਾਨਕ ਆਖਦਾ ਹੈ—ਹੇ ਭਾਈ! ਜਿਵੇਂ ਰਾਤ ਦਾ ਸੁਪਨਾ ਹੁੰਦਾ ਹੈ ਤਿਵੇਂ ਸਾਰਾ ਜਗਤ ਨਾਸਵੰਤ ਹੈ। ੨। ੧।

ਸਾਰੰਗ ਮਹਲਾ ੯ ॥ ਕਹਾ ਮਨ ਬਿਖਿਆ ਸਿਉ ਲਪਟਾਹੀ ॥ ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ ॥੧॥ਰਹਾਉ॥ ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ, ਕਾ ਸਿਉ ਨੇਹੁ ਲਗਾਹੀ ॥ ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥ ੧ ॥ ਤਜਿ ਅਭਿਮਾਨੁ ਸਰਣਿ ਸੰਤਨ ਗਹੁ ਮੁਕਤਿ ਹੋਹਿ ਛਿਨ ਮਾਹੀ ॥ ਜਨ ਨਾਨਕ ਭਗਵੰਤ ਭਜਨ ਬਿਨੁ

ਸੁਖੁ ਸੁਪਨੈ ਭੀ ਨਾਹੀ ॥ ੨ ॥ ੨ ॥

ਪਦ ਅਰਥ :–ਕਹਾ–ਕਿਉਂ ? ਮਨ–ਹੇ ਮਨ ! ਬਿਖਿਆ–ਮਾਇਆ। ਸਿਉ–ਨਾਲ। ਲਪਟਾਹੀ–ਚੰਬੜਿਆ ਹੋਇਆ ਹੈਂ। ਯਾ ਜਗ ਮਹਿ–ਇਸ ਜਗਤ ਵਿਚ। ਇਕਿ–[ਲਫ਼ਜ਼ 'ਇਕ' ਤੋਂ ਬਹੁ ਵਚਨ]। ਆਵਹਿ–ਆਉਂਦੇ ਹਨ, ਜੰਮਦੇ ਹਨ। ਜਾਹੀ–ਜਾਂਦੇ ਹਨ, ਮਰਦੇ ਹਨ। ੧। ਰਹਾਉ।

ਕਾਂ ਕੋ–ਕਿਸ ਦਾ ? ਸੰਪਤਿ–ਮਾਇਆ। ਕਾ ਸਿਉ–ਕਿਸ ਨਾਲ ? ਨੇਹੁ–ਪਿਆਰ। ਲਗਾਹੀ–ਤੂੰ ਲਾ ਰਿਹਾ ਹੈਂ। ਸਗਲ–ਸਾਰਾ। ਬਿਨਾਸੈ–ਨਾਸ ਹੋ ਜਾਣ ਵਾਲਾ ਹੈ। ਬਦਰ–ਬੱਦਲ। ਛਾਹੀ–ਛਾਂ। ੧।

ਤਜਿ–ਛੱਡ। ਗਹੁ–ਫੜ। ਹੋਹਿ–ਤੂੰ ਹੋ ਜਾਹਿੰਗਾ। ਸੁਪਨੈ–ਸੁਪਨੇ ਵਿਚ। ੨।

ਅਰਥ :–ਹੇ ਮਨ ! ਤੂੰ ਕਿਉਂ ਮਾਇਆ ਨਾਲ (ਹੀ) ਚੰਬੜਿਆ ਰਹਿੰਦਾ ਹੈ ? (ਵੇਖ) ਇਸ ਦੁਨੀਆ ਵਿਚ (ਸਦਾ ਲਈ) ਕੋਈ ਭੀ ਟਿਕਿਆ ਨਹੀਂ ਰਹਿ ਸਕਦਾ। ਅਨੇਕਾਂ ਜੰਮਦੇ ਰਹਿੰਦੇ ਹਨ, ਅਨੇਕਾਂ ਹੀ ਮਰਦੇ ਰਹਿੰਦੇ ਹਨ। ੧। ਰਹਾਉ।

ਹੇ ਮਨ !(ਵੇਖ)ਸਦਾ ਲਈ ਨਾਹ ਕਿਸੇ ਦਾ ਸਰੀਰ ਰਹਿੰਦਾ ਹੈ,ਨਾਹ ਧਨ ਰਹਿੰਦਾ ਹੈ, ਨਾਹ ਮਾਇਆ ਰਹਿੰਦੀ ਹੈ। ਤੂੰ ਕਿਸ ਨਾਲ ਪਿਆਰ ਬਣਾਈ ਬੈਠਾ ਹੈਂ ? ਜਿਵੇਂ ਬੱਦਲਾਂ ਦੀ ਛਾਂ ਹੈ, ਤਿਵੇਂ ਜੋ ਕੁਝ ਦਿੱਸ ਰਿਹਾ ਹੈ ਸਭ ਨਾਸਵੰਤ ਹੈ। ੧।

ਹੇ ਮਨ ! ਅਹੰਕਾਰ ਛੱਡ, ਤੇ, ਸੰਤ ਜਨਾ ਦੀ ਸਰਨ ਫੜ। (ਇਸ ਤਰ੍ਹਾਂ) ਇਕ ਛਿਨ ਵਿਚ ਤੂੰ (ਮਾਇਆ ਦੇ ਬੰਧਨਾਂ ਤੋਂ) ਸੁਤੰਤਰ ਹੋ ਜਾਹਿੰਗਾ। ਹੇ ਦਾਸ ਨਾਨਕ ! (ਆਖ–ਹੇ ਮਨ !) ਪਰਮਾਤਮਾ ਦੇ ਭਜਨ ਤੋਂ ਬਿਨਾ ਕਦੇ ਸੁਪਨੇ ਭੀ ਸੁਖ ਨਹੀਂ ਮਿਲਦਾ। ੨। ੨।

ਸਾਰੰਗ ਮਹਲਾ ੯ ॥ ਕਹਾ ਨਰ ਅਪਨੋ ਜਨਮੁ ਗਵਾਵੈ ॥ ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥ ੧ ॥ ਰਹਾਉ ॥ ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ ॥ ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ ੧ ॥ ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥ ਜਨ ਨਾਨਕ ਸੋਊ ਜਨੁ ਮੁਕਤਾ ਰਾਮ ਭਜਨ ਚਿਤੁ ਲਾਵੈ ॥ ੨ ॥ ੩ ॥

ਪਦ ਅਰਥ :–ਕਹਾ–ਕਿਉਂ ? ਗਵਾਵੈ–ਗਵਾਂਦਾ ਹੈ। ਮਦਿ–ਨਸ਼ੇ ਵਿਚ। ਬਿਖਿਆ ਰਸਿ–ਮਾਇਆ ਦੇ ਰਸ ਵਿਚ। ਰਚਿਓ–ਰੁੱਝਾ ਰਹਿੰਦਾ ਹੈ। ੧। ਰਹਾਉ।

ਸਗਲ–ਸਾਰਾ। ਦੇਖਿ–ਵੇਖ ਕੇ। ਕਹਾ–ਕਿਉਂ ? ਲੋਭਾਵੈ–ਲੋਭ ਵਿਚ ਫਸਦਾ ਹੈ। ਉਪਜੈ–ਜੰਮਦਾ ਹੈ। ਬਿਨਾਸੈ–ਨਾਸ ਹੋ ਜਾਂਦਾ ਹੈ। ਕੋਊ–ਕੋਈ ਭੀ ਜੀਵ। ਰਹਨੁ ਨ ਪਾਵੈ–ਸਦਾ ਲਈ ਟਿਕ ਨਹੀਂ ਸਕਦਾ। ੧।

ਮਿਥਿਆ–ਨਾਸਵੰਤ। ਸਾਚੋ–ਸਦਾ ਕਾਇਮ ਰਹਿਣ ਵਾਲਾ। ਕਰਿ–ਕਰ ਕੇ, ਖ਼ਿਆਲ ਕਰ ਕੇ। ਇਹ ਬਿਧਿ–ਇਸ ਤਰ੍ਹਾਂ। ਆਪੁ–ਆਪਣੇ ਆਪ ਨੂੰ। ਬੰਧਾਵੈ–ਫਸਾਂਦਾ ਹੈ। ਸੋਊ ਜਨੁ–ਉਹੀ ਮਨੁੱਖ। ਮੁਕਤਾ–ਮੋਹ ਦੇ ਬੰਧਨਾਂ ਤੋਂ ਸੁਤੰਤਰ। ਚਿਤੁ ਲਾਵੈ–ਚਿੱਤ ਜੋੜਦਾ ਹੈ। ੨।

ਅਰਥ :–ਹੇ ਭਾਈ ! ਪਤਾ ਨਹੀਂ ਮਨੁੱਖ ਕਿਉਂ ਆਪਣਾ ਜੀਵਨ ਅਜਾਈਂ ਬਰਬਾਦ ਕਰਦਾ ਹੈ। ਮਾਇਆ ਦੀ ਮਸਤੀ ਵਿਚ ਮਾਇਆ ਦੇ ਸੁਆਦ ਵਿਚ ਰੁੱਝਾ ਰਹਿੰਦਾ ਹੈ, ਤੇ, ਪਰਮਾਤਮਾ ਦੀ ਸਰਨ ਨਹੀਂ ਪੈਂਦਾ। ੧। ਰਹਾਉ।

ਹੇ ਭਾਈ ! ਇਹ ਸਾਰਾ ਜਗਤ ਸੁਪਨੇ ਵਾਂਗ ਹੈ, ਇਸ ਨੂੰ ਵੇਖ ਕੇ, ਪਤਾ ਨਹੀਂ, ਮਨੁੱਖ ਕਿਉਂ ਲੋਭ ਵਿਚ ਫਸਦਾ ਹੈ। ਇੱਥੇ ਤਾਂ ਜੋ ਕੋਈ ਜੰਮਦਾ ਹੈ ਉਹ ਹਰੇਕ ਹੀ ਨਾਸ ਹੋ ਜਾਂਦਾ ਹੈ। ਇਥੇ ਸਦਾ ਲਈ ਕੋਈ ਨਹੀਂ ਟਿਕ ਸਕਦਾ।੧।

ਹੇ ਭਾਈ ! ਇਹ ਸਰੀਰ ਨਾਸਵੰਤ ਹੈ, ਪਰ ਜੀਵ ਇਸ ਨੂੰ ਸਦਾ ਕਾਇਮ ਰਹਿਣ ਵਾਲਾ ਸਮਝੀ ਰੱਖਦਾ ਹੈ, ਇਸ ਤਰ੍ਹਾਂ ਆਪਣੇ ਆਪ ਨੂੰ (ਮੋਹ ਦੀਆਂ ਫਾਹੀਆਂ ਵਿਚ) ਫਸਾਈ ਰੱਖਦਾ ਹੈ। ਹੇ ਦਾਸ ਨਾਨਕ ! ਉਹੀ ਮਨੁੱਖ ਮੋਹ ਦੇ ਬੰਧਨਾਂ ਤੋਂ ਸੁਤੰਤਰ ਰਹਿੰਦਾ ਹੈ, ਜਿਹੜਾ ਪਰਮਾਤਮਾ ਦੇ ਭਜਨ ਵਿਚ ਆਪਣਾ ਚਿੱਤ ਜੋੜੀ ਰੱਖਦਾ ਹੈ।੨।੩।

ਸਾਰੰਗ ਮਹਲਾ ੯ ॥ ਮਨ ਕਰਿ ਕਬ ਹੂ ਨ ਹਰਿ ਗੁਨ ਗਾਇਓ ॥ ਬਿਖਿਆਸਕਤ ਰਹਿਓ ਨਿਸ ਬਾਸੁਰ ਕੀਨੋ ਅਪਨੋ ਭਾਇਓ ॥ ੧ ॥ ਰਹਾਉ ॥ ਗੁਰ ਉਪਦੇਸੁ ਸੁਨਿਓ ਨਹਿ ਕਾਨਨਿ ਪਰ ਦਾਰਾ ਲਪਟਾਇਓ ॥ ਪਰ ਨਿੰਦਾ ਕਾਰਨਿ ਬਹੁ ਧਾਵਤ ਸਮਝਿਓ ਨਹ ਸਮਝਾਇਓ ॥ ੧ ॥ ਕਹਾ ਕਹਉ ਮੈ ਅਪੁਨੀ ਕਰਨੀ, ਜਿਹ ਬਿਧਿ ਜਨਮੁ ਗਵਾਇਓ ॥ ਕਹਿ ਨਾਨਕ ਸਭ ਅਉਗਨ ਮੋ ਮਹਿ ਰਾਖਿ ਲੇਹੁ ਸਰਨਾਇਓ ॥ ੨ ॥ ੪ ॥ ੩ ॥ ੧੩ ॥ ੧੩੯ ॥ ੪ ॥ ੧੫੯ ॥

ਪਦ ਅਰਥ :–ਮਨ ਕਰਿ–ਮਨ ਦੀ ਰਾਹੀਂ, ਮਨ ਲਾ ਕੇ। ਕਬ ਹੂ–ਕਦੇ ਭੀ। ਬਿਖਿਆਸਕਤ–[ਬਿਖਿਆ-ਆਸਕਤ। ਬਿਖਿਆ–ਮਾਇਆ। ਆਸਕਤ(आसक्त) ਲੰਪਟ] ਮਾਇਆ ਨਾਲ ਚੰਬੜਿਆ ਹੋਇਆ। ਨਿਸ–ਰਾਤ। ਬਾਸੁਰ-ਦਿਨ। ਅਪਨੋ

ਭਾਇਓ—ਜੋ ਆਪ ਨੂੰ ਚੰਗਾ ਲੱਗਦਾ ਸੀ ।੧।ਰਹਾਉ ।

ਕਾਨਨਿ—ਕੰਨਾਂ ਨਾਲ । ਦਾਰਾ—ਇਸਤ੍ਰੀ । ਕਾਰਨਿ—ਵਾਸਤੇ । ਧਾਵਤ—ਦੌੜ-ਭੱਜ ਕਰਦਾ ।੧।

ਕਹਾ—ਕੀਹ ? ਕਹਾਉ—ਕਹਾਉਂ, ਮੈਂ ਕਹਾਂ । ਕਟਨੀ—ਆਚਰਨ । ਜਿਹ ਬਿਧਿ—ਜਿਸ ਤਰੀਕੇ ਨਾਲ । ਕਹਿ—ਕਹੇ, ਆਖਦਾ ਹੈ । ਮੋ ਮਹਿ—ਮੇਰੇ ਅੰਦਰ ।੨।

ਅਰਥ :—ਹੇ ਪ੍ਰਭੂ ! ਮੈਂ ਮਨ ਲਾ ਕੇ ਕਦੇ ਭੀ ਤੇਰੇ ਗੁਣ ਨਹੀਂ ਗਾਂਦਾ ਰਿਹਾ । ਮੈਂ ਦਿਨ ਰਾਤ ਮਾਇਆ ਵਿਚ ਹੀ ਮਗਨ ਰਿਹਾ, ਉਹੀ ਕੁਝ ਕਰਦਾ ਰਿਹਾ, ਜੋ ਮੈਨੂੰ ਆਪ ਨੂੰ ਚੰਗਾ ਲੱਗਦਾ ਸੀ ।੧।ਰਹਾਉ ।

ਹੇ ਹਰੀ ! ਮੈਂ ਕੰਨਾਂ ਨਾਲ ਗੁਰੂ ਦੀ ਸਿੱਖਿਆ (ਕਦੇ) ਨਾਹ ਸੁਣੀ, ਪਰਾਈ ਇਸਤ੍ਰੀ ਵਾਸਤੇ ਕਾਮ-ਵਾਸਨਾ ਰੱਖਦਾ ਰਿਹਾ । ਦੂਜਿਆਂ ਦੀ ਨਿੰਦਾ ਕਰਨ ਵਾਸਤੇ ਬਹੁਤ ਦੌੜ-ਭੱਜ ਕਰਦਾ ਰਿਹਾ । ਸਮਝਾਦਿਆਂ ਭੀ ਮੈਂ (ਕਦੇ) ਨਾਹ ਸਮਝਿਆ (ਕਿ ਇਹ ਕੰਮ ਮਾੜਾ ਹੈ) ।੧।

ਹੇ ਹਰੀ ! ਜਿਸ ਤਰ੍ਹਾਂ ਮੈਂ ਆਪਣਾ ਜੀਵਨ ਅਜਾਈਂ ਗਵਾ ਲਿਆ, ਉਹ ਮੈਂ ਕਿੱਥੋਂ ਤਕ ਆਪਣੀ ਕਰਤੂਤ ਦੱਸਾਂ ? ਨਾਨਕ ਆਖਦਾ ਹੈ—ਹੇ ਪ੍ਰਭੂ ! ਮੇਰੇ ਅੰਦਰ ਸਾਰੇ ਔਗਣ ਹੀ ਹਨ । ਮੈਨੂੰ ਆਪਣੀ ਸਰਨ ਵਿਚ ਰੱਖ ।੨।੪।੩।੧੩।੧੩੯। ੪।੧੫੯।

ਸ਼ਬਦਾਂ ਦਾ ਵੇਰਵਾ :—

ਗੁਰੂ ਨਾਨਕ ਦੇਵ ਜੀ	— ੩
ਗੁਰੂ ਰਾਮਦਾਸ ਜੀ	— ੧੩
ਗੁਰੂ ਅਰਜਨ ਸਾਹਿਬ	—੧੩੯
ਗੁਰੂ ਤੇਗ ਬਹਾਦਰ ਜੀ	— ੪
ਜੋੜ	—੧੫੯